

ਸਿੱਖ ਇਤਿਹਾਸ ਵਿਚ ਅੱਜ ਦਾ ਦਿਨ

(ਜੁਲਾਈ ਤੋਂ ਦਸੰਬਰ)

ਡਾ. ਹਰਜਿੰਦਰ ਸਿੰਘ ਦਿਲਗੀਰ



SIKH ITIHAAS VICH AJJ DA DIN

(The day today in Sikh History, Volume 2, July to December)

By

Dr Harjinder Singh Dilgeer

© Author

ISBN 2-930-247-56-8

First Edition: January 2015

Published by:
The Sikh University Press

Distributors:
SINGH BROTHERS
City Centre, (Opposite Main Bus Stand), Amritsar.
singhbro@vsnl.com

Printed at:
PRINTWELL, Focal Point, Industrial Area, Amritsar

Price: Rs 500

ਆਮ ਆਦਮੀ ਪਾਰਟੀ ਦੇ

ਅਰਵਿੰਦ ਕੇਜਰੀਵਾਲ ਤੇ ਯੋਗਿੰਦਰ ਯਾਦਵ ਦੀ ਸਿੱਖ ਕੌਮ ਨਾਲ ਦੋਸਤੀ

ਦੇ ਨਾਂ

ਪੇਸ਼ਕਾਰੀ

'ਸਿੱਖ ਤਵਾਰੀਖ਼ ਵਿਚ ਅਜ ਦਾ ਦਿਨ' ਰੋਜ਼ਾਨਾ ਸਪੋਕਸਮੈਨ ਵਿਚ ਪਿਛਲੇ ਤਿੰਨ ਸਾਲ ਤੋਂ ਛਪ ਰਹੀ ਹੈ। ਕਨੇਡਾ, ਇੰਗਲੈਂਡ ਤੇ ਅਮਰੀਕਾ ਦੇ ਕਈ ਰੇਡੀਓਜ਼ ਤੋਂ ਵੀ ਇਸ ਨੂੰ ਪੜ੍ਹ ਕੇ ਸੁਣਾਇਆ ਜਾਂਦਾ ਹੈ। ਇਸ ਨੂੰ ਪੜ੍ਹ ਸੁਣ ਕੇ ਸੈਂਕੜੇ ਪਾਠਕਾਂ ਦੇ ਫ਼ੋਨ ਆਉਂਦੇ ਰਹਿੰਦੇ ਹਨ। ਬਹੁਤ ਸਾਰੇ ਟੀਚਰ, ਪਰਚਾਰਕ ਤੇ ਕਥਾਕਾਰ ਇਸ ਤੋਂ ਬਹੁਤ ਫ਼ਾਇਦਾ ਉਠਾਉਂਦੇ ਹਨ। ਉਹ ਇਸ ਨੂੰ ਪੜ੍ਹ ਕੇ ਉਸ ਦਿਨ ਆਪਣੇ ਵਿਦਿਆਰਥੀਆਂ ਅਤੇ ਸਰੋਤਿਆਂ ਨੂੰ ਨਵੀਂ ਨਵੀਂ ਜਾਣਕਾਰੀ ਨਾਲ ਸਰੋਬਰ ਕਰਦੇ ਰਹਿੰਦੇ ਹਨ। ਉਨ੍ਹਾਂ ਵਿਚੋਂ ਕਈਆਂ ਨੇ ਮੰਗ ਕੀਤੀ ਸੀ ਕਿ ਇਸ ਨੂੰ ਕਿਤਾਬੀ ਰੂਪ ਵਿਚ ਚਾਪਿਆ ਜਾਏ। ਉਸ ਨੂੰ ਕਬੂਲ ਕਰਦਿਆਂ ਇਹ ਸਮੱਗਰੀ ਕਿਤਾਬੀ ਰੂਪ ਵਿਚ ਪੇਸ਼ ਕਰਦਿਆਂ ਮੈਨੂੰ ਬਹੁਤ ਖ਼ੁਸ਼ੀ ਹੋ ਰਹੀ ਹੈ।

ਇਸ ਵਿਚਲੀ ਜਾਣਕਾਰੀ ਸੰਖੇਪ ਹੈ; ਪਰ ਇਸ ਦੇ ਨਾਲ-ਨਾਲ ਮੁਕੰਮਲ 'ਸਿੱਖ ਤਵਾਰੀਖ਼' ਅਤੇ 'ਸਿੱਖ ਫ਼ਿਲਾਸਫ਼ੀ ਦੀ ਡਿਕਸ਼ਨਰੀ' ਪੜ੍ਹਨ ਨਾਲ ਤਕਰੀਬਨ ਸਾਰਾ ਮਸਲਾ ਹੱਲ ਹੋ ਜਾਂਦਾ ਹੈ।

ਇਨ੍ਹਾਂ ਸਾਲਾਂ ਵਿਚ ਅਤੇ ਇਸ ਨਵੇਂ ਐਡੀਸ਼ਨ ਦੀ ਤਿਆਰੀ ਦੌਰਾਨ ਬਹੁਤ ਸਾਰੇ ਸੱਜਣਾਂ ਨੇ ਆਪਣੀ ਮੁਹੱਬਤ ਨਾਲ ਮੇਰੀ ਜ਼ਿੰਦਗੀ ਨੂੰ ਸਰਸ਼ਾਰ ਕੀਤਾ ਹੈ; ਮੈਂ ਉਨ੍ਹਾਂ ਦੀ ਮੁਹੱਬਤ ਦੇ ਰਤਨਾਂ ਅਤੇ ਹੀਰਿਆਂ ਦੇ ਖ਼ਜ਼ਾਨੇ ਦਾ ਕਰਜ਼ਾ ਨਹੀਂ ਉਤਾਰ ਸਕਦਾ। ਮੈਂ ਇਸ 'ਕਬੂਲਨਾਮੇ' ਵਿਚ ਸਿਰਫ਼ ਉਨ੍ਹਾਂ ਨੂੰ ਯਾਦ ਹੀ ਕਰ ਸਕਦਾ ਹਾਂ:

ਡਾ: ਦਰਸ਼ਨ ਸਿੰਘ ਤੇ ਪ੍ਰੋ: ਪ੍ਰਕਾਸ਼ ਕੌਰ (ਚੰਡੀਗੜ੍ਹ), ਸ: ਗੁਰਵਿੰਦਰ ਸਿੰਘ ਸ਼ਾਮਪੁਰਾ (ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਜੋਗਿੰਦਰ ਸਿੰਘ, ਬੀਬੀ ਜਗਜੀਤ ਕੌਰ ਤੇ ਨਿਮਰਤ ਕੌਰ (ਤਿੰਨੇ ਸਪੋਕਸਮੈਨ), ਸ. ਗੁਰਿੰਦਰਪਾਲ ਸਿੰਘ ਧਨੋਲਾ; ਬੈਲਜੀਅਮ ਤੋਂ: ਸ. ਸੁਰਜੀਤ ਸਿੰਘ ਛਦੌੜੀ; ਸਪੇਨ ਤੋਂ: ਸ. ਕੁਲਵਿੰਦਰ ਸਿੰਘ ਜਾਡਲਾ; ਕਨੇਡਾ ਤੋਂ: ਡਾ: ਅਵਤਾਰ ਸਿੰਘ ਸੇਖੋਂ ਐਡਮੰਟਨ, ਸ: ਜੋਗਿੰਦਰ ਸਿੰਘ ਵਿਨੀਪੈੱਗ, ਸ: ਗੁਰਪ੍ਰੀਤ ਸਿੰਘ ਟਰਾਂਟੋ, ਸ. ਜਗਤਾਰ ਸਿੰਘ ਸੰਧੂ, ਸ: ਸੁਖਮਿੰਦਰ ਸਿੰਘ ਚੀਮਾ, ਸ, ਦਲਜੀਤ ਸਿੰਘ ਸੰਧੂ, ਸ ਸੁੱਚਾ ਸਿੰਘ ਪੁਰੇਵਾਲ, ਸ. ਸਤਨਾਮ ਸਿੰਘ ਜੌਹਲ, ਡਾ: ਪੂਰਨ ਸਿੰਘ (ਸਾਰੇ ਸਰੀ-ਵੈਨਕੂਵਰ), ਮਨਦੀਪ ਸਿੰਘ ਵਰਨਨ, 'ਜੱਸੀ ਸਿੰਘ' ਐਬਟਸਫ਼ੋਰਡ; ਅਮਰੀਕਾ ਤੋਂ: ਸ. ਕੁਲਵੰਤ ਸਿੰਘ ਸੈਨ ਹੋਜ਼ੇ; ਅਸਟਰੇਲੀਆ ਤੋਂ: ਸ. ਗੁਰਮੀਤ ਸਿੰਘ ਤੇ ਸ. ਹਿਰਦੇਪਾਲ ਸਿੰਘ ਪਰਮਾਰ ਬੱਡੋਂ; ਉਤਰਾਖੰਡ ਤੋਂ ਸ. ਅਮਰਜੀਤ ਸਿੰਘ ਚੰਦੀ; ਮੋਹਾਲੀ ਤੋਂ ਸ. ਸਤਨਾਮ ਸਿੰਘ ਪਾਉਂਟਾ ਸਾਹਿਬ, ਡਾ: ਤਰਲੋਚਨ ਸਿੰਘ, ਸ. ਜਸਬਿੰਦਰ ਸਿੰਘ ਡੂਬਈ, ਸ. ਰਵਿੰਦਰ ਸਿੰਘ ਖਾਲਸਾ ਪੰਚਾਇਤ, ਕਰਨਲ ਗੁਰਦੀਪ ਸਿੰਘ, ਸ. ਸੁਖਦੇਵ ਸਿੰਘ ਮੋਹਾਲੀ ਤੇ ਗਿਆਨੀ ਅਮਰੀਕ ਸਿੰਘ ਸੋਲਖੀਆਂ; ਚੰਡੀਗੜ੍ਹ ਤੋਂ ਭੈਣ ਬੀਬੀ ਪਰਮਿੰਦਰ ਕੌਰ ਸੰਧੂ (ਪੰਮੀ ਸਿੱਧੂ), ਸ. ਰਸਿੰਦਰ ਸਿੰਘ ਖਾਲਸਾ ਪੰਚਾਇਤ ਤੇ ਸ: ਅਮਰਜੀਤ ਸਿੰਘ ਧਵਨ (ਐਲ.ਆਈ.ਸੀ), ਬਟਾਲਾ ਤੋਂ ਡਾ: ਕੁਲਵਿੰਦਰ ਸਿੰਘ ਬਾਜਵਾ, ਦਿੱਲੀ ਤੋਂ ਸ: ਤਰਸੇਮ ਸਿੰਘ ਚੇਅਰਮੈਨ ਤੇ ਸ. ਕੁਲਮੋਹਨ ਸਿੰਘ; ਅਤੇ, ਮੇਰੇ ਪਿਆਰੇ ਵਿਦਿਆਰਥੀ ਤੇ ਦੋਸਤ: ਸ. ਪ੍ਰੀਤਮ ਸਿੰਘ ਮਟਵਾਣੀ (ਮੋਗਾ), ਸ. ਕੰਵਲਜੀਤ ਸਿੰਘ ਕੁੰਡਲ, ਬੱਸੀ ਪਠਾਣਾਂ ਤੋਂ ਬੀਬਾ ਜਗਮੋਹਣ ਕੌਰ ਤੇ ਬੀਬਾ ਸਰਬਜੀਤ ਕੌਰ। ਇਸ ਤੋਂ ਇਲਾਵਾ ਸ. ਗੁਰਸਾਗਰ ਸਿੰਘ (ਸਿੰਘ ਬਰਦਰਜ਼), ਸ. ਗੁਰਿੰਦਰ ਸਿੰਘ (ਪ੍ਰਿੰਟਵੈੱਲ), ਡਾ. ਦਵਿੰਦਰਪਾਲ ਸਿੰਘ (ਸਿੱਖ ਬੁੱਕ ਕੰਪਨੀ, ਅੰਮ੍ਰਿਤਸਰ) ਤੇ ਉਨ੍ਹਾਂ ਸਾਰਿਆਂ ਦਾ ਵੀ ਸ਼ੁਕਰੀਆ ਜਿਨ੍ਹਾਂ ਦੇ ਨਾਂ ਇੱਥੇ ਲਿਖਣੇ ਭੁੱਲ ਗਿਆ ਹੋਵਾਂਗਾ।

ਅੰਬੈਸਡਰ ਆਫ਼ ਸਿੱਖਇਜ਼ਮ ਸ. ਖ਼ਜ਼ਾਨ ਸਿੰਘ (ਕਲਕੱਤਾ), ਪੰਥ ਰਤਨ ਸ. ਮਹਿੰਦਰ ਸਿੰਘ ਜੋਸ਼ (ਮੋਹਾਲੀ), ਫ਼ਖ਼ਰ-ਏ-ਕੌਮ ਸ. ਜਗਮੋਹਣ ਸਿੰਘ ਗਿਆਨੀ (ਲੁਧਿਆਣਾ), ਸ: ਰਘਬੀਰ ਸਿੰਘ ਸਮੱਘ (ਟਰਾਂਟੋ, ਕਨੇਡਾ), ਗਿਆਨੀ ਸੁਰਿੰਦਰ ਸਿੰਘ (ਫ਼ੇਜ਼ ਫ਼ੇਜ਼ ਮੋਹਾਲੀ), ਜੋ ਹੁਣ ਸਾਡੇ ਵਿਚ ਨਹੀਂ ਰਹੇ, ਨੇ ਬੜਾ ਨਿੱਘਾ ਪਿਆਰ ਦਿੱਤਾ, ਉਨ੍ਹਾਂ ਦੀ ਯਾਦ ਇਸ ਦਿਲ ਵਿਚ ਹਮੇਸ਼ਾ ਕਾਇਮ ਰਹੇਗੀ

22 ਅਕਤੂਬਰ 2014, ਇੰਗਲੈਂਡ

(ਡਾ:ਹਰਜਿੰਦਰ ਸਿੰਘ ਦਿਲਗੀਰ)

hsdilgeer@yahoo.com

ਦੂਜਾ ਹਿੱਸਾ

(ਜੁਲਾਈ ਤੋਂ ਦਸੰਬਰ)

1 ਜੁਲਾਈ

1635: ਨੰਗਲ ਸਰਸਾ ਦੀ ਲੜਾਈ ਵਿਚ ਸਿੱਖਾਂ ਨੇ ਮੁਗ਼ਲ ਫ਼ੌਜਾਂ ਨੂੰ ਹਰਾਇਆ

ਕਰਤਾਰਪੁਰ ਦੀ ਤਿੰਨ ਦਿਨਾ ਜੰਗ (26-26 ਅਪ੍ਰੈਲ 1935) ਮਗਰੋਂ ਨਿਤ ਦੇ ਮੁਗ਼ਲ ਹਮਲਿਆਂ ਨੂੰ ਸਾਹਵੇਂ ਰੱਖ ਕੇ ਗੁਰੂ ਹਰਗੋਬਿੰਦ ਸਾਹਿਬ ਕੀਰਤਪੁਰ ਚਲੇ ਗਏ ਸਨ ਅਤੇ ਤਿੰਨ ਮਈ 1635 ਤੋਂ ਮਗਰੋਂ ਉੱਥੇ ਹੀ ਰਹਿਣ ਲਗ ਪਏ ਸਨ। ਕੀਰਤਪੁਰ ਸਾਹਿਬ ਵਿਚ ਗੁਰੂ ਸਾਹਿਬ ਕੋਲ ਬਿਲਾਸਪੁਰ, ਨਾਹਨ, ਗੁਲੇਰ, ਨਦੌਣ, ਹੰਡੂਰ (ਹੁਣ ਨਾਲਾਗੜ੍ਹ) ਅਤੇ ਕਈ ਹੋਰ ਰਿਆਸਤਾਂ ਦੇ ਰਾਜੇ ਆਉਣ ਲਗ ਪਏ। ਇਨ੍ਹਾਂ ਦਿਨਾਂ ਵਿਚ ਹੀ ਰੂਪੜ (ਹੁਣ ਰੋਪੜ) ਦੇ ਨਵਾਬ ਨੇ ਹੰਡੂਰ 'ਤੇ ਹਮਲਾ ਕਰਨ ਦੀ ਧਮਕੀ ਦਿਤੀ ਤਾਂ ਉਥੋਂ ਦਾ ਰਾਜਾ ਹਰੀ ਚੰਦ ਗੁਰੂ ਸਾਹਿਬ ਕੋਲ ਅਰਜ਼ ਕਰਨ ਆ ਪੁੱਜਾ। ਗੁਰੂ ਸਾਹਿਬ ਨੇ ਉਸ ਦੀ ਮਦਦ ਕਰਨ ਵਾਸਤੇ ਆਪਣੇ ਵੱਡੇ ਬੇਟੇ ਗੁਰਦਿੱਤਾ ਦੀ ਅਗਵਾਈ ਵਿਚ ਸਿੱਖਾਂ ਦਾ ਇਕ ਜੱਥਾ ਭੇਜ ਦਿਤਾ। ਪਹਿਲੀ ਜੁਲਾਈ 1635 ਦੇ ਦਿਨ ਨੰਗਲ ਗੁਜਰਾਂ (ਹੁਣ ਨੰਗਲ ਸਰਸਾ) ਪਿੰਡ ਵਿਚ ਦੋਹਾਂ ਫ਼ੌਜਾਂ ਵਿਚ ਜ਼ਬਰਦਸਤ ਲੜਾਈ ਹੋਈ ਜਿਸ ਵਿਚ ਰੋਪੜ ਦੀਆਂ ਫ਼ੌਜਾਂ ਦਾ ਬੜਾ ਨੁਕਸਾਨ ਹੋਇਆ ਅਤੇ ਉਹ ਬੁਰੀ ਤਰ੍ਹਾਂ ਸ਼ਿਕਸਤ ਖਾ ਕੇ ਭੱਜ ਗਏ।

1745: ਭਾਈ ਤਾਰੂ ਸਿੰਘ ਤੇ ਮਹਿਤਾਬ ਸਿੰਘ ਮੀਰਾਂ ਕੋਟ ਦੀ ਸ਼ਹੀਦੀ ਹੋਈ

ਸਿੱਖਾਂ 'ਤੇ ਜ਼ਕਰੀਆ ਖ਼ਾਨ ਦੇ ਜ਼ੁਲਮ ਦੀ ਕਾਲੀ-ਬੋਲੀ ਰਾਤ ਲਗਾਤਾਰ ਇਕ ਦਹਾਕੇ ਤੋਂ ਵੀ ਵੱਧ (1734 ਤੋਂ 1745 ਤਕ) ਜਾਰੀ ਰਹੀ। ਜ਼ਕਰੀਏ ਦੇ ਜ਼ੁਲਮਾਂ ਤੋਂ ਲੋਕ ਤਰਾਹ-ਤਰਾਹ ਕਰ ਉੱਠੇ। ਜ਼ਕਰੀਆ ਖ਼ਾਨ ਨੇ ਆਪਣੇ ਅਹਿਦ ਵਿਚ ਤਕਰੀਬਨ 10 ਹਜ਼ਾਰ ਸਿੱਖਾਂ ਨੂੰ ਸ਼ਹੀਦ ਕੀਤਾ। ਉਸ ਨੇ ਤਾਂ ਇਹ ਵੀ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਸਿੱਖ ਖ਼ਤਮ ਹੋ ਗਏ ਹਨ।

ਜ਼ਕਰੀਆ ਖ਼ਾਨ ਦੀ ਜ਼ਿੰਦਗੀ ਦਾ ਆਖ਼ਰੀ ਸਿੱਖ-ਕਤਲ ਪੂਹਲਾ ਪਿੰਡ ਦੇ ਭਾਈ ਤਾਰੂ ਸਿੰਘ ਦਾ ਸੀ। 25 ਸਾਲ ਉਮਰ ਦਾ ਨੌਜਵਾਨ, ਭਾਈ ਤਾਰੂ ਸਿੰਘ ਇਕ ਬਹੁਤ ਸ਼ਰੀਫ਼ ਕਿਰਤੀ ਸਿੱਖ ਸੀ। ਉਹ ਆਏ-ਗਏ ਸਿੱਖਾਂ ਦੀ ਲੰਗਰ-ਪਾਣੀ ਨਾਲ ਸੇਵਾ ਕਰਿਆ ਕਰਦਾ ਸੀ। ਉਹ ਕਦੇ-ਕਦੇ ਸਿੱਖਾਂ ਨੂੰ ਉਨ੍ਹਾਂ ਦੀਆਂ ਪਨਾਹਗਾਹਾਂ ਵਿਚ ਰਸਦ ਵੀ ਪਹੁੰਚਾ ਆਇਆ ਕਰਦਾ ਸੀ। ਜੰਡਿਆਲੇ ਦੇ ਹੰਦਾਲੀਏ ਹਰਭਗਤ ਨਿਰੰਜਨੀਆ ਦੀ ਸ਼ਿਕਾਇਤ 'ਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜ਼ਕਰੀਆ ਖ਼ਾਨ ਨੇ ਜਦ ਉਸ ਦੇ ਕੇਸ ਕਤਲ ਕਰਨ ਦਾ ਹੁਕਮ ਦਿਤਾ ਤਾਂ ਉਸ ਨੇ ਕਿਹਾ ਕਿ 'ਮੇਰੀ ਖੋਪਰੀ ਭਾਵੇਂ ਲਾਹ ਲਓ ਪਰ ਮੇਰੇ ਕੇਸ ਕਤਲ ਨਾ ਕਰੋ।' ਇਸ 'ਤੇ 25 ਜੂਨ 1745 ਦੇ ਦਿਨ ਭਾਈ ਤਾਰੂ ਸਿੰਘ ਦੀ ਖੋਪਰੀ ਇਕ ਰੰਬੀ ਨਾਲ ਲਾਹੀ ਗਈ ਸੀ ਤੇ ਉਹ ਪਹਿਲੀ ਜੁਲਾਈ 1745 ਦੇ ਦਿਨ ਸ਼ਹੀਦ ਹੋਇਆ ਸੀ। ਉਹ ਆਪਣੀ ਸਿੱਖੀ 'ਕੇਸਾਂ ਸੁਆਸਾਂ ਨਾਲ' ਨਿਭਾ ਗਿਆ। ਜਿਸ ਦਿਨ ਉਸ ਦੀ ਸ਼ਹੀਦੀ ਹੋਣੀ ਉਸੇ ਦਿਨ ਹੀ ਉਸ ਦੀ ਖੋਪਰੀ ਲਾਹੁਣ ਦਾ ਹੁਕਮ ਕਰਨ ਵਾਲਾ ਜ਼ਕਰੀਆ ਖ਼ਾਨ ਵੀ ਮਰ ਗਿਆ। ਇਸ ਸ਼ਹੀਦ ਦਾ ਨਾਂ ਤਵਾਰੀਖ਼ ਵਿਚ ਸ਼ਰਧਾ ਤੇ ਅਦਬ ਨਾਲ ਲਿਆ ਜਾਂਦਾ ਹੈ ਤੇ ਜ਼ਾਲਮ ਹਾਕਮ ਦਾ ਨਫ਼ਰਤ ਤੇ ਬੇਅਦਬੀ ਨਾਲ। ਇਸੇ ਦਿਨ ਹੀ (ਮੱਸਾ ਰੰਘੜ ਨੂੰ ਸਜ਼ਾ ਦੇਣ ਵਾਲੇ) ਭਾਈ ਮਹਿਤਾਬ ਸਿੰਘ

ਮੀਰਾਂਕੋਟ, ਜਿਸ ਨੂੰ ਜੂਨ 1745 ਦੇ ਆਖ਼ਰੀ ਦਿਨਾਂ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਵੀ ਸ਼ਹੀਦ ਕੀਤਾ ਗਿਆ ਸੀ।

1844: ਮੁਲਤਾਨ ਵਿਚ ਗਵਰਨਰ ਮੂਲ ਰਾਜ ਦੀ ਬਗ਼ਾਵਤ ਮਗਰੋਂ ਅੰਗਰੇਜ਼ ਫ਼ੌਜਾਂ ਨਾਲ ਲੜਾਈ ਹੋਈ

ਸਤੰਬਰ 1844 ਵਿਚ ਆਪਣੇ ਪਿਤਾ ਦੀ ਮੌਤ ਮਗਰੋਂ ਦੀਵਾਨ ਮੂਲ ਰਾਜ ਨੂੰ ਮੁਲਤਾਨ ਦਾ ਗਵਰਨਰ ਬਣਾਇਆ ਗਿਆ ਸੀ। 1846 ਵਿਚ ਅੰਗਰੇਜ਼ਾਂ ਦੇ ਲਾਹੌਰ ਦਰਬਾਰ 'ਤੇ ਕਬਜ਼ੇ ਮਗਰੋਂ, ਮਿਸਰ ਲਾਲ ਸਿੰਘ (ਪ੍ਰਾਈਮ ਮਨਿਸਟਰ) ਦੀਆਂ ਸਾਜ਼ਿਸ਼ਾਂ ਹੇਠ, ਉਸ ਦਾ ਮਾਮਲਾ 25% ਵਧਾ ਦਿਤਾ ਗਿਆ। ਉਸ ਨੇ ਬਿਨਾਂ ਕਿਸੇ ਸ਼ਿਕਾਇਤ ਤੋਂ ਇਸ ਨੂੰ ਮਨਜ਼ੂਰ ਕਰ ਲਿਆ। ਇਹ ਗਲ 29 ਅਕਤੂਬਰ 1846 ਦੀ ਹੈ। ਲਾਲ ਸਿੰਘ ਨੇ ਏਥੇ ਹੀ ਬਸ ਨਹੀਂ ਕੀਤੀ। ਹੁਣ ਉਸ ਨੇ ਮੂਲ ਰਾਜ ਦੇ ਕਈ ਹੱਕ ਖੋਹ ਲਏ ਪਰ ਉਸ ਦਾ ਇਜਾਰਾ ਨਾ ਘਟਾਇਆ। ਮੂਲ ਰਾਜ ਦੀਆਂ ਅਦਾਲਤੀ ਤਾਕਤਾਂ ਵੀ ਘਟਾ ਦਿਤੀਆਂ ਗਈਆਂ। ਇਸ ਦਾ ਨਤੀਜਾ ਇਹ ਨਿਕਲਿਆ ਕਿ ਉਹ ਮਾਮਲਾ ਨਾ ਦੇਣ ਵਾਲਿਆਂ ਦੇ ਖ਼ਿਲਾਫ਼ ਕੋਈ ਐਕਸ਼ਨ ਨਹੀਂ ਸੀ ਲੈ ਸਕਦਾ। ਅਖ਼ੀਰ ਤੰਗ ਆ ਕੇ ਉਸ ਨੇ ਦਸੰਬਰ 1847 ਵਿਚ ਅਸਤੀਫ਼ਾ ਦੇ ਦਿਤਾ। ਰੈਜ਼ੀਡੈਂਟ ਨੇ ਉਸ ਦਾ ਅਸਤੀਫ਼ਾ ਮਨਜ਼ੂਰ ਕਰ ਲਿਆ ਅਤੇ ਨਵੇਂ ਸੂਬੇਦਾਰ ਦੇ ਆਉਣ ਤਕ ਸੇਵਾ ਨਿਭਾਉਣ ਅਤੇ ਮਾਰਚ 1848 ਤਕ ਮੁਲਤਾਨ ਰੁਕਣ ਵਾਸਤੇ ਆਖ ਦਿਤਾ। ਹੁਣ ਫ਼ਰੈਡਰਿਕ ਕੱਰੀ ਲਾਹੌਰ ਵਿਚ ਨਵਾਂ ਰੈਜ਼ੀਡੈਂਟ ਬਣ ਕੇ ਆ ਗਿਆ ਸੀ। ਉਸ ਨੇ ਕਾਹਨ ਸਿੰਘ ਮਾਨ ਨੂੰ ਮੁਲਤਾਨ ਦਾ ਨਵਾਂ ਸੂਬੇਦਾਰ ਲਾ ਦਿਤਾ ਅਤੇ ਵੈਨਸ ਐਗਨਿਊ ਨੂੰ ਉਸ ਦਾ ਸਿਆਸੀ ਸਲਾਹਕਾਰ ਤੇ ਲੈਫ਼ਟੀਨੈਂਟ ਐਂਡਰਸਨ ਨੂੰ ਉਸ ਦਾ ਅਸਿਸਟੈਂਟ ਬਣਾ ਦਿਤਾ। 19 ਅਪਰੈਲ 1848 ਦੇ ਦਿਨ ਕਾਹਨ ਸਿੰਘ ਮਾਨ ਮੁਲਤਾਨ ਪੁੱਜਾ। ਦੀਵਾਨ ਮੂਲਰਾਜ ਨੇ ਸੂਬੇਦਾਰੀ ਦਾ ਚਾਰਜ ਉਸ ਨੂੰ ਸੰਭਾਲ ਦਿਤਾ।

ਜਦੋਂ ਚਾਰਜ ਲੈ ਕੇ ਕਾਹਨ ਸਿੰਘ ਤੇ ਦੋਵੇਂ ਅੰਗਰੇਜ਼ ਬਾਹਰ ਨਿਕਲ ਰਹੇ ਸਨ ਤਾਂ ਇਕ ਮਜ਼ਹਬੀ ਫ਼ੌਜੀ ਅਫ਼ਸਰ ਗੋਦੜ ਸਿੰਘ ਨੇ ਐਂਡਰਸਨ ਅਤੇ ਐਗਨਿਊ 'ਤੇ ਹਮਲਾ ਕਰ ਕੇ ਉਨ੍ਹਾਂ ਨੂੰ ਕਤਲ ਕਰ ਦਿਤਾ। ਇਹ ਕੋਈ ਅਚਾਨਕ ਘਟੀ ਘਟਨਾ ਨਹੀਂ ਸੀ। ਸਿੱਖ ਫ਼ੌਜਾਂ ਵਿਚ ਅੰਗਰੇਜ਼ਾਂ ਵੱਲੋਂ ਪੰਜਾਬ 'ਤੇ ਕਬਜ਼ਾ, ਰਾਣੀ ਜਿੰਦਾਂ ਦੀ ਬੇਇਜ਼ਤੀ ਅਤੇ ਕੈਦ, ਸਿੱਖ ਜਰਨੈਲਾਂ ਤੇ ਅਫ਼ਸਰਾਂ ਦੀਆਂ ਤਾਕਤਾਂ ਖੋਹਣਾ, ਜ਼ਾਦਾਂ ਨੂੰ ਅਹੁਦੇ ਅਤੇ ਸਨਮਾਨ ਬਖ਼ਸ਼ਣਾ ਬਾਰੇ ਖ਼ਬਰਾਂ ਪੁਜਦੀਆਂ ਰਹਿੰਦੀਆਂ ਸਨ ਤੇ ਉਹ ਅੰਦਰੋਂ-ਅੰਦਰੀ ਗੁੱਸੇ ਨਾਲ ਭਰੇ ਪੀਤੇ ਬੈਠੇ ਸਨ। ਦੀਵਾਨ ਮੂਲ ਰਾਜ ਦੀ ਥਾਂ ਕਾਹਨ ਸਿੰਘ ਮਾਨ, ਤੇ ਉਹ ਵੀ ਦੋ ਅੰਗਰੇਜ਼ ਅਫਸਰਾਂ ਦੀ ਨਿਗਰਾਨੀ ਹੇਠ, ਲਾਇਆ ਜਾਣਾ ਤਾਂ ਵਕਤੀ ਐਕਸ਼ਨ ਦਾ ਕਾਰਨ ਬਣਿਆ।

ਜਦੋਂ ਦੋ ਅੰਗਰੇਜ਼ ਅਫ਼ਸਰਾਂ ਦੇ ਮਰਨ ਦੀ ਖ਼ਬਰ ਫ਼ਰੈਡਰਿਕ ਕੱਰੀ ਰੈਜ਼ੀਡੈਂਟ ਕੋਲ ਪੁੱਜੀ ਤਾਂ ਪਹਿਲਾਂ ਤਾਂ ਉਸ ਨੇ ਫ਼ੌਜ ਨੂੰ ਮੁਲਤਾਨ ਜਾਣ ਦਾ ਹੁਕਮ ਦੇ ਦਿਤਾ ਪਰ ਮਗਰੋਂ ਉਸ ਨੇ ਇਰਾਦਾ ਬਦਲ ਲਿਆ ਤੇ ਇਸ ਨੂੰ ਸਿੱਖਾਂ ਤੇ ਥੋਪਣ ਦੀ ਤਰਕੀਬ ਘੜਨੀ ਸ਼ੁਰੂ ਕਰ ਦਿਤੀ। ਇਹ ਸੋਚ ਕੇ ਉਸ ਨੇ ਹਰਬਰਟ ਐਡਵਾਰਡੇਜ਼ ਨੂੰ ਬੰਨੂ ਵਿਚ ਖ਼ਤ ਭੇਜ ਕੇ ਆਖਿਆ ਕਿ ਉਹ ਕਾਹਨ ਸਿੰਘ ਮਾਨ ਨੂੰ ਕਹੇ ਕਿ ਉਹ ਦੀਵਾਨ ਮੂਲ ਰਾਜ ਨੂੰ ਹੀ ਸੂਬੇਦਾਰ ਰਹਿਣ ਦੇਵੇ। ਮਈ 1848 ਵਿਚ ਰੈਜ਼ੀਡੈਂਟ ਨੇ ਐਡਵਾਰਡੇਜ਼ ਨੂੰ ਫ਼ੌਜ ਲੈ ਕੇ ਮੁਲਤਾਨ ਜਾਣ ਵਾਸਤੇ ਆਖ ਦਿਤਾ। ਇਸ ਵੇਲੇ ਤਕ (ਹੀਰਾ ਸਿੰਘ ਡੋਗਰਾ ਵੱਲੋਂ 1845 ਵਿਚ ਸ਼ਹੀਦ ਕੀਤੇ ਬਾਬਾ ਬੀਰ ਸਿੰਘ ਨੌਰੰਗਾਬਾਦ ਦੇ ਵਾਰਿਸ) ਭਾਈ ਮਹਾਰਾਜ ਸਿੰਘ ਵੀ ਮੁਲਤਾਨ ਪੁਜ ਚੁਕੇ ਸਨ। ਉਨ੍ਹਾਂ ਨੇ ਉੱਥੇ ਪਹੁੰਚ ਕੇ ਸਿੱਖ ਫ਼ੌਜਾਂ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿਤਾ।

ਉਧਰ ਜਦ ਮੂਲ ਰਾਜ ਨੂੰ ਐਡਵਾਰਡੇਜ਼ ਦੇ ਆਉਣ ਦਾ ਪਤਾ ਲਗਾ ਤਾਂ ਉਸ ਨੇ ਅਮਨ ਸਮਝੌਤੇ ਦੀ ਪੇਸ਼ਕਸ਼ ਕੀਤੀ। ਐਡਵਾਰਡੇਜ਼ ਨੇ ਇਹ ਪੇਸ਼ਕਸ਼ ਠੁਕਰਾ ਦਿਤੀ ਅਤੇ ਮੁਲਤਾਨ 'ਤੇ ਹਮਲਾ ਕਰ ਦਿਤਾ। ਪਹਿਲਾਂ ਤਾਂ ਨਿੱਕੀਆਂ ਮੋਟੀਆਂ ਝੜਪਾਂ ਹੋਈਆਂ ਪਰ 18 ਜੂਨ 1848 ਨੂੰ ਇਕ ਵੱਡੀ ਲੜਾਈ ਹੋਈ ਜਿਸ ਵਿਚ ਐਡਵਾਰਡੇਜ਼ ਨੂੰ ਜਿੱਤ ਹਾਸਿਲ ਹੋਈ। ਆਖ਼ਰੀ ਲੜਾਈ **ਪਹਿਲੀ ਜੁਲਾਈ 1848** ਦੇ ਦਿਨ ਹੋਈ ਜਿਸ ਵਿਚ ਦੀਵਾਨ ਮੂਲ ਰਾਜ ਦਾ ਹਾਥੀ ਮਾਰਿਆ ਗਿਆ ਤੇ ਇਸ ਦੇ ਨਾਲ ਹੀ ਉਸ ਦੀ ਮੌਤ ਦੀ ਅਫ਼ਵਾਹ ਵੀ ਫ਼ੈਲ ਗਈ। ਇਸ ਨਾਲ ਉਸ ਦੇ ਸਾਥੀਆਂ ਦੇ ਹੌਸਲੇ ਡਿਗ ਪਏ। ਉਸ ਨੇ ਆਪਣੇ ਆਪ ਨੂੰ ਕਿਲ੍ਹੇ ਵਿਚ ਬੰਦ ਕਰ ਲਿਆ। ਅੰਗਰੇਜ਼ੀ ਫ਼ੌਜਾਂ ਨੇ ਕਿਲ੍ਹੇ ਨੂੰ ਸਾਰੇ ਪਾਸਿਓਂ ਘੇਰ ਲਿਆ। ਇਹ ਘੇਰਾ ਚਾਰ ਹਫ਼ਤੇ ਜਾਰੀ ਰਿਹਾ। ਦੀਵਾਨ ਮੂਲ ਰਾਜ ਕਾਬਲ ਤੋਂ ਦੋਸਤ ਮੁਹੰਮਦ ਖ਼ਾਨ ਦੀ ਮਦਦ ਦੀ ਆਸ ਵੀ ਰਖ ਰਿਹਾ ਸੀ। ਪਰ ਨਾ ਤਾਂ ਕਾਬਲ ਤੋਂ ਅਤੇ ਨਾ ਅਟਾਰੀ ਵਾਲਿਆਂ ਤੋਂ ਕੋਈ ਮਦਦ ਪੁੱਜ ਸਕੀ। 17 ਦਸੰਬਰ 1848 ਨੂੰ ਅੰਗਰੇਜ਼ ਫ਼ੌਜਾਂ ਨੇ ਕਿਲ੍ਹੇ 'ਤੇ ਇਕ ਜ਼ਬਰਦਸਤ ਹਮਲਾ ਕੀਤਾ ਤੇ ਅੰਦਰ ਦਾਖ਼ਿਲ ਹੋ ਗਈਆਂ। ਅਖ਼ੀਰ ਮੂਲ ਰਾਜ ਨੇ ਹਥਿਆਰ ਸੁੱਟ ਦਿਤੇ। ਦੀਵਾਨ ਮੂਲ ਰਾਜ 'ਤੇ ਕਤਲ, ਜੰਗ ਕਰਨ ਅਤੇ ਗ਼ਦਾਰੀ ਦਾ ਮੁਕਦਮਾ ਚਲਾ ਕੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ (ਜੋ ਗਵਰਨਰ ਜਨਰਲ ਨੇ ਉਮਰ ਕੈਦ ਵਿਚ ਬਦਲ ਦਿਤੀ)। ਜਨਵਰੀ 1850 ਤੱਕ ਉਸ ਨੂੰ ਲਾਹੌਰ ਕਿਲੇ ਵਿਚ ਰਖ ਕੇ ਮਗਰੋਂ ਫ਼ੋਰਟ ਵਿਲੀਅਮਜ਼ (ਕਲਕਤਾ) ਭੇਜ ਦਿਤਾ ਗਿਆ। ਪਰ ਖ਼ਰਾਬ ਸਿਹਤ ਕਾਰਨ ਉਸ ਨੂੰ ਬਨਾਰਸ ਲੈ ਆਂਦਾ ਗਿਆ ਅਤੇ ਖਾਣੇ ਵਿਚ ਹਲਕੀ ਜ਼ਹਿਰ ਦੇ ਕੇ ਉਸ ਨੂੰ ਮੌਤ ਦੇ ਮੂੰਹ ਵਿਚ ਧੱਕ ਦਿਤਾ ਗਿਆ। ਅਖ਼ੀਰ 11 ਅਗਸਤ 1851 ਦੇ ਦਿਨ, 36 ਸਾਲ ਦੀ ਉਮਰ ਵਿਚ ਉਹ ਚੜ੍ਹਾਈ ਕਰ ਗਿਆ। ਦੀਵਾਨ ਮੂਲ ਰਾਜ ਬਾਰੇ ਮਗਰੋਂ ਲਾਰਡ ਡਲਹੌਜ਼ੀ ਨੇ ਮੰਨਿਆ ਸੀ ਕਿ "ਮੂਲ ਰਾਜ ਕੋਲ ਬਗ਼ਾਵਤ ਦੀ ਅਗਵਾਈ ਕਰਨ ਵਾਸਤੇ ਨਾ ਤਾਂ ਜਿਗਰਾ ਸੀ ਤੇ ਨਾ ਹੀ ਖ਼ਾਹਿਸ਼। ਇਹ ਤਾਂ ਐਡਵਾਰਡੇਜ਼ ਦੀਆਂ ਜ਼ਿਆਦਤੀਆਂ ਸਨ ਜਿਸ ਨੇ ਸਿੱਖਾਂ ਦੇ ਕੌਮੀ ਜਜ਼ਬਾਤ ਉਸ ਦੇ ਹੱਕ ਵਿਚ ਕਰ ਦਿੱਤੇ ਸਨ।"

1909: ਮਦਨ ਲਾਲ ਢੀਂਗਰਾ ਨੇ ਲੰਡਨ ਵਿਚ ਸਰ ਵਿਲੀਅਮ ਕਰਜ਼ਨ ਨੂੰ ਮਾਰਿਆ

ਜੂਨ 1909 ਵਿਚ ਲੰਡਨ ਵਿਚ ਹਿੰਦੂ ਮੂਲਵਾਦੀ ਆਗੂ ਗਣੇਸ਼ ਵੀਰ ਸਾਵਰਕਰ ਨੇ ਇੰਜਨੀਅਰਿੰਗ ਦਾ ਕੋਰਸ ਮੁਕਾ ਕੇ ਪੰਜਾਬ ਪਰਤਣ ਵਾਲੇ ਇਕ ਨੌਜਵਾਨ ਮਦਨ ਲਾਲ ਢੀਂਗਰਾ ਨੂੰ ਭੜਕਾ ਕੇ ਅੰਗਰੇਜ਼ਾਂ ਤੋਂ ਬਦਲਾ ਲੈਣ ਵਾਸਤੇ ਤਿਆਰ ਕੀਤਾ। ਮਦਨ ਲਾਲ ਢੀਂਗਰਾ ਨੇ ਇੰਡੀਆ ਆਫ਼ਿਸ ਦੇ ਸੀਨੀਅਰ ਅਫ਼ਸਰ ਸਰ ਵਿਲੀਅਮ ਕਰਜ਼ਨ ਵਾਹਿਲੀ ਨੂੰ ਪਹਿਲੀ ਜੁਲਾਈ 1909 ਦੇ ਦਿਨ ਗੋਲੀ ਮਾਰ ਕੇ ਮਾਰ ਦਿਤਾ (ਤੇ ਇਸ ਦੋਸ਼ ਵਿਚ, 17 ਅਗਸਤ 1909 ਦੇ ਦਿਨ, ਉਸ ਨੂੰ ਫ਼ਾਂਸੀ ਦੀ ਸਜ਼ਾ ਦਿਤੀ ਗਈ; ਪਰਦੇਸਾਂ ਵਿਚ ਫ਼ਾਂਸੀ 'ਤੇ ਚੜ੍ਹਨ ਵਾਲਾ ਉਹ ਪਹਿਲਾ ਪੰਜਾਬੀ ਸੀ)। ਉਸ ਵੇਲੇ ਮਦਨ ਲਾਲ ਢੀਂਗਰਾ ਦੇ ਐਕਸ਼ਨ ਦੀ ਨਿੰਦਾ ਕਰਨ ਵਾਲਿਆਂ ਵਿਚ ਸਰ ਆਗ਼ਾ ਖ਼ਾਨ, ਬਿਪਨ ਚੰਦਰ ਪਾਲ, ਗੋਪਾਲ ਕ੍ਰਿਸ਼ਨ ਗੋਖਲੇ, ਸਰ ਸੁਰਿੰਦਰ ਨਾਥ ਬੈਨਰਜੀ, ਐਨ.ਸੀ. ਕੇਲਕਰ ਵੀ ਸਨ।

1983: ਦਰਬਾਰਾ ਸਰਕਾਰ ਵੱਲੋਂ ਸਿੱਖਾਂ ਦੇ ਕਾਤਲ ਪੁਲਸੀਆਂ ਨੂੰ ਐਵਾਰਡ

ਪਹਿਲੀ ਜੁਲਾਈ 1983 ਦੇ ਦਿਨ ਦਰਬਾਰਾ ਸਿੰਘ ਸਰਕਾਰ ਨੇ 1978 ਤੋਂ 1983 ਤਕ ਖਾੜਕੂ ਸਿੱਖਾਂ ਨੂੰ ਕਤਲ ਕਰਨ ਅਤੇ ਉਨ੍ਹਾਂ ਨੂੰ ਕੈਦ ਦੌਰਾਨ ਤਸੀਹੇ ਦੇਣ ਵਾਲੇ 50 ਪੁਲਸੀਆਂ ਨੂੰ "ਬਹਾਦਰੀ" ਦੇ ਐਵਾਰਡ ਦਿੱਤੇ।

1986: ਸੁਖਦੇਵ ਸਿੰਘ ਉਰਫ਼ ਹੀਰਾ ਨਕਲੀ ਮੁਕਾਬਲੇ ਵਿਚ ਸ਼ਹੀਦ

ਜੁਲਾਈ 1986 ਵਿਚ ਸੀ.ਆਰ.ਪੀ.ਐਫ਼., ਬੀ.ਐਸ.ਐਫ਼. ਅਤੇ ਪੰਜਾਬ ਵਿਚ ਬਰਨਾਲਾ ਸਰਕਾਰ ਦੀ ਪੁਲੀਸ ਨੇ ਦਰਜਨਾਂ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ; ਇਨ੍ਹਾਂ ਵਿਚੋਂ ਸੁਖਦੇਵ ਸਿੰਘ ਉਰਫ਼ ਹੀਰਾ ਨੂੰ ਪਹਿਲੀ ਜੁਲਾਈ 1986 ਦੇ ਦਿਨ ਬਿਆਸ ਕੋਲ ਸ਼ਹੀਦ ਕੀਤਾ ਗਿਆ ਸੀ।

1987: ਹਰਜੀਤ ਸਿੰਘ ਉਰਫ਼ ਮਥਰਾ ਸਿੰਘ, ਜਸਵੰਤ ਸਿੰਘ ਪਾਲਾ, ਬਲਬੀਰ ਸਿੰਘ ਤੇ ਅਜੀਤਪਾਲ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਬਰਨਾਲਾ ਸਰਕਾਰ ਬਰਖਾਸਤ ਹੋਣ ਮਗਰੋਂ ਪੰਜਾਬ ਪੁਲਸ ਦੇ ਮੁਖੀ ਰਬੈਰੋ ਨੇ ਆਪਣੇ ਕਾਲ ਵਿਚ ਜੁਲਾਈ 1987 ਵਿਚ ਵੀ ਬਹੁਤ ਸਾਰੇ ਸਿੱਖਾਂ ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕੀਤਾ। ਪਹਿਲੀ ਜੁਲਾਈ ਦੇ ਦਿਨ ਝੋਲੇ ਪਿੰਡ (ਨੇੜੇ ਜੰਡਿਆਲਾ) ਵਿਚ ਹਰਜੀਤ ਸਿੰਘ ਉਰਫ਼ ਮਥਰਾ ਸਿੰਘ (ਵਾਸੀ ਚੌੜਾ ਮਧਰਾ, ਗੁਰਦਾਸਪੁਰ) ਨੂੰ ਸ਼ਹੀਦ ਕਰ ਦਿਤਾ ਗਿਆ। ਉਸ ਨੂੰ ਕੁਝ ਹੀ ਦਿਨ ਪਹਿਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਪਹਿਲੀ ਜੁਲਾਈ 1987 ਨੂੰ ਹੀ ਇਕ ਹੋਰ ਸਿੱਖ ਜਸਵੰਤ ਸਿੰਘ ਉਰਫ਼ ਪਾਲਾ (ਪੁਤਰ ਦਲੀਪ ਸਿੰਘ, ਵਾਸੀ ਕਿਸ਼ਨ ਕੋਟ) ਨੂੰ ਵੀ ਗੜ੍ਹਸ਼ੰਕਰ ਕੋਲ ਪੋਸੀਂ ਪਿੰਡ ਵਿਚ ਸ਼ਹੀਦ ਕੀਤਾ ਗਿਆ। ਇਸੇ ਦਿਨ ਬਲਬੀਰ ਸਿੰਘ ਅਤੇ ਅਜੀਤਪਾਲ ਸਿੰਘ, ਰਾਏਪੁਰ ਹੁਸ਼ਿਆਰਪੁਰ ਨੂੰ ਵੀ ਸ਼ਹੀਦ ਕੀਤਾ ਗਿਆ।

2 ਜੁਲਾਈ

1978: ਭਾਈ ਅਮਰੀਕ ਸਿੰਘ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਪ੍ਰਧਾਨ ਬਣਿਆ

1943 ਵਿਚ ਬਣੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ 1943 ਤੋਂ 1958 ਤਕ ਅਹਿਮ ਰੋਲ ਅਦਾ ਕਰਦੀ ਰਹੀ ਸੀ। ਪਰ 1959 ਵਿਚ ਸੁਰਜੀਤ ਸਿੰਘ ਮਿਨਹਾਸ ਦੀ ਪ੍ਰਧਾਨਗੀ ਦੇ ਵੇਲੇ ਤੋਂ ਇਹ ਸਿਰਫ਼ ਕਾਗ਼ਜ਼ੀ ਜਮਾਤ ਬਣ ਕੇ ਰਹਿ ਗਈ ਸੀ। 1962 ਵਿਚ ਅਕਾਲੀ ਦਲ ਵਿਚ ਫੁੱਟ ਪੈਣ ਮਗਰੋਂ ਇਸ ਦੇ ਦੋ ਧੜੇ ਬਣ ਗਏ। ਮਾਸਟਰ ਧੜੇ ਦਾ ਪ੍ਰਧਾਨ ਅਮਰੀਕ ਸਿੰਘ ਜਲੰਧਰ ਤੇ ਫਤਹਿ ਸਿੰਘ ਧੜੇ ਦਾ ਪ੍ਰਧਾਨ ਮੱਖਣ ਸਿੰਘ ਦਿੱਲੀ ਸੀ। ਪਰ ਇਹ ਦੋਵੇਂ ਕੋਈ ਰੋਲ ਅਦਾ ਨਾ ਕਰ ਸਕੇ ਤੇ ਹੌਲੀ-ਹੌਲੀ ਇਹ ਜਮਾਤ ਕਮਜ਼ੋਰ ਹੋਣ ਲਗ ਪਈ। 1968 ਵਿਚ ਕੁਝ ਚਿਰ ਵਾਸਤੇ ਸੁਰਜੀਤ ਸਿੰਘ ਸੰਧੂ (ਖਾਲਸਾ ਕਾਲਜ ਜਲੰਧਰ) ਨੇ ਇਸ ਵਿਚ ਜਾਨ ਪਾਈ ਪਰ ਉਹ ਜਲਦੀ ਹੀ ਚੜ੍ਹਾਈ ਕਰ ਗਿਆ। ਇਸ ਮਗਰੋਂ ਜਸਵੰਤ ਸਿੰਘ ਮਾਨ ਪ੍ਰਧਾਨ ਬਣਿਆ। ਉਸ ਦੇ ਅਹਿਦ ਵਿਚ ਦਰਸ਼ਨ ਸਿੰਘ ਫੇਰੂਮਾਨ ਦਾ ਮਰਨ ਵਰਤ ਆਇਆ। ਜਸਵੰਤ ਸਿੰਘ ਮਾਨ, ਸੁਰਜੀਤ ਸਿੰਘ ਨਾਰੰਗ, ਗੁਰਬਚਨ ਸਿੰਘ ਕਲਸੀ, ਹਰਜਿੰਦਰ ਸਿੰਘ ਦਿਲਗੀਰ, ਹਰਦੀਪ ਸਿੰਘ ਬਾਜਵਾ, ਹਰਜੀਤ ਸਿੰਘ ਸੰਧੂ, ਸੁਰਿੰਦਰ ਸਿੰਘ ਹੋਠੀ ਨੇ ਇਸ ਮੌਕੇ 'ਤੇ ਸੰਜੀਦਗੀ ਨਾਲ ਕੰਮ ਕੀਤਾ। ਦਿਲਗੀਰ ਤੇ ਹੋਠੀ ਨੂੰ ਤਾਂ ਜੇਲ੍ਹ ਵੀ ਜਾਣਾ ਪਿਆ। ਮਾਨ ਤੋਂ ਬਾਅਦ ਜਸਵੰਤ ਸਿੰਘ ਗਰੇਵਾਲ, ਹਰੀ ਸਿੰਘ, ਪ੍ਰੋ. ਜਾਗੀਰ ਸਿੰਘ ਪ੍ਰਧਾਨ ਬਣੇ। ਪਰ ਇਹ ਸਭ ਕਾਗ਼ਜ਼ੀ ਪ੍ਰਧਾਨ ਹੀ ਸਨ। ਇਸ ਦੌਰਾਨ ਹਰਸਿਮਰਨ ਸਿੰਘ, ਹਰਜਿੰਦਰ ਸਿੰਘ ਦਿਲਗੀਰ, ਮਨਜੀਤ ਸਿੰਘ ਨਾਭਾ, ਬਲਵੰਤ ਸਿੰਘ ਰਾਮੂਵਾਲੀਆ (ਸਿੱਖ ਸਟੂਡੈਂਟਸ ਐਂਡ ਯੂਥ ਫ਼ੈਡਰੇਸ਼ਨ) ਵੀ ਆਪੋ-ਆਪਣੇ ਫੱਟੇ ਲਾ ਕੇ ਆਪੋ ਆਪਣੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਕਾਗ਼ਜ਼ੀ ਪ੍ਰਧਾਨ ਬਣੇ ਰਹੇ। 13 ਅਪ੍ਰੈਲ 1978 ਦੇ ਦਿਨ ਨਿਰੰਕਾਰੀਆਂ ਵੱਲੋਂ ਸਿੱਖਾਂ ਦੇ ਕਤਲਾਂ ਮਗਰੋਂ ਸਿੱਖ ਹੋਮਲੈਂਡ ਵਿਚ ਖਾੜਕੂ ਲਹਿਰ ਸ਼ੁਰੂ ਹੋ ਗਈ ਸੀ। ਇਸ ਨੂੰ ਸਾਹਵੇਂ ਰੱਖ ਕੇ ਸਿੱਖ ਸਟੂਡੈਂਟ

ਆਗੂਆਂ ਨੇ ਬਜ਼ੁਰਗ ਆਗੂਆਂ ਨੇ ਇਸ ਜਥੇਬੰਦੀ ਨੂੰ ਦੋਬਾਰਾ ਜ਼ਿੰਦਾ ਕਰਨ ਵਾਸਤੇ 2 ਜੁਲਾਈ 1978 ਦੇ ਦਿਨ ਟੈਗੋਰ ਥੀਏਟਰ ਚੰਡੀਗੜ੍ਹ ਵਿਚ ਇਕ ਇਕੱਠ ਬੁਲਾ ਲਿਆ। ਇਸ ਇਕੱਠ ਵਿਚ ਭਾਈ ਅਮਰੀਕ ਸਿੰਘ (ਪੁੱਤਰ ਗਿਆਨੀ ਕਰਤਾਰ ਸਿੰਘ ਭਿੰਡਰਾਂਵਾਲਾ ਸਾਬਕਾ ਮੁਖੀ ਭਿੰਡਰਾਂ-ਮਹਿਤਾ ਜਥਾ,) ਨੂੰ ਪ੍ਰਧਾਨ ਬਣਾ ਦਿੱਤਾ ਗਿਆ। ਭਾਈ ਅਮਰੀਕ ਸਿੰਘ ਦੇ ਪ੍ਰਧਾਨ ਬਣਨ ਨਾਲ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਨਕਸ਼ਾ ਵੀ ਬਦਲ ਗਿਆ ਤੇ ਇਹ ਬਹੁਤ ਤਾਕਤਵਰ ਜਥੇਬੰਦੀ ਬਣ ਗਈ। 1978 ਤੋਂ 1996 ਤਕ ਇਸ ਜਥੇਬੰਦੀ ਨੇ ਬਹੁਤ ਸ਼ਹੀਦੀਆਂ ਦਿੱਤੀਆਂ ਤੇ ਪੰਜਾਬ ਦੀ ਸਿਆਸਤ ਵਿਚ ਵੀ ਇਸ ਦਾ ਬੋਲ ਬਾਲਾ ਰਿਹਾ।

1983: ਬਾਬਾ ਬਕਾਲਾ ਵਿਚ ਸੀ.ਆਰ.ਪੀ.ਐਫ਼. ਨੇ ਨਿਹੰਗ ਮਾਰੇ

ਜੁਲਾਈ 1982 ਮਗਰੋਂ ਜਦੋਂ ਸਰਕਾਰ ਨੇ ਭਾਈ ਅਮਰੀਕ ਸਿੰਘ ਦੀ ਗ੍ਰਿਫ਼ਤਾਰੀ ਮਗਰੋਂ ਭਿੰਡਰਾਂ-ਮਹਿਤਾ ਜਥਾ, ਅਖੰਡ ਕੀਰਤਨੀ ਜੱਥਾ, ਦਲ ਖਾਲਸਾ ਤੇ ਬਬਰ ਖਾਲਸਾ ਨੂੰ ਹੱਥ ਪਾ ਲਿਆ ਤਾਂ ਪਿੱਛੇ ਸਿਰਫ਼ ਨਿਹੰਗਾਂ ਦੇ ਜੱਥੇ ਰਹਿ ਜਾਂਦੇ ਸਨ। ਹਾਲਾਂ ਕਿ ਪਿਛਲੇ ਕਈ ਦਹਾਕਿਆਂ ਤੋਂ ਪੰਥਕ ਜਦੋਜਹਿਦ ਵਿਚ ਇਨ੍ਹਾਂ ਦਾ ਰੋਲ ਜ਼ੀਰੋ ਸੀ ਪਰ ਸਰਕਾਰ ਇਨ੍ਹਾਂ ਨੂੰ ਵੀ ਜ਼ਲੀਲ ਕਰਨਾ ਚਾਹੁੰਦੀ ਸੀ। ਇਸੇ ਸਾਜ਼ਿਸ਼ ਹੇਠ 2 ਜੁਲਾਈ ਨੂੰ ਬਾਬਾ ਬਕਾਲਾ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਸੈਂਟਰਲ ਰੀਜ਼ਰਵ ਪੁਲੀਸ ਫ਼ੋਰਸ (ਸੀ.ਆਰ.ਪੀ.ਐਫ਼.) ਨੇ ਨਿਹੰਗਾਂ ਦੇ ਡੇਰੇ 'ਤੇ ਹਮਲਾ ਕਰ ਕੇ ਦੋ ਨਿਹੰਗ ਸਿੰਘ ਮਾਰ ਦਿੱਤੇ ਤੇ 8 ਜ਼ਖ਼ਮੀ ਕਰ ਦਿੱਤੇ ਅਤੇ ਡੇਰੇ ਦਾ ਕਾਫ਼ੀ ਸਾਮਾਨ ਵੀ ਲੁੱਟ ਲਿਆ।

1984: ਭਾਰਤੀ ਫ਼ੌਜ ਦੀ 9ਵੀਂ ਸਿੱਖ ਰਜਮੈਂਟ ਤੋੜ ਦਿੱਤੀ ਗਈ

ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਰੋਸ ਵਜੋਂ ਸਿੱਖ ਫ਼ੌਜੀਆਂ ਵੱਲੋਂ ਅੰਮ੍ਰਿਤਸਰ ਨੂੰ ਮਾਰਚ ਕਰਨ ਕਾਰਨ, ਸਜ਼ਾ ਵਜੋਂ ਭਾਰਤ ਸਰਕਾਰ ਨੇ ਫ਼ੌਜ ਦੀ 9ਵੀਂ ਸਿੱਖ ਰਜੈਮਟ, ਜੋ ਕਿ ਸਿਰਫ਼ ਸਿੱਖਾਂ ਦੀ ਹੀ ਸੀ, ਤੋੜ ਦਿੱਤੀ।

1986: ਕੁਲਦੀਪ ਸਿੰਘ, ਸੁਖਦੇਵ ਸਿੰਘ ਤੇ ਸ਼ੀਰਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਦੋ ਜੁਲਾਈ 1986 ਦੇ ਦਿਨ ਗੁਰਦਾਸਪੁਰ ਪੁਲੀਸ ਨੇ ਕੁਲਦੀਪ ਸਿੰਘ, ਸੁਖਦੇਵ ਸਿੰਘ ਤੇ ਸ਼ੀਰਾ ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਨਿਸ਼ਾਨ ਸਿੰਘ ਏਰੀਆ ਕਮਾਂਡਰ, ਰੁਪਿੰਦਰ ਸਿੰਘ ਬਬਲਾ ਤੇ ਗੁਰਦੀਪ ਸਿੰਘ ਦੀਪਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

2 ਜੁਲਾਈ 1988 ਦੇ ਦਿਨ ਪੰਜਾਬ ਪੁਲੀਸ ਨੇ ਚੋਟੀ ਦੇ ਖਾੜਕੂ ਨਿਸ਼ਾਨ ਸਿੰਘ ਏਰੀਆ ਕਮਾਂਡਰ (ਵਾਸੀ ਭੋਲੇਕੇ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸ ਸਮੇਂ ਦੌਰਾਨ ਰੁਪਿੰਦਰ ਸਿੰਘ ਬਬਲਾ ਤੇ ਗੁਰਦੀਪ ਸਿੰਘ ਦੀਪਾ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਗਏ ਸਨ।

1989: ਗੁਰਬੀਰ ਸਿੰਘ ਰਾਜੂ ਝਬਾਲ ਨਕਲੀ ਮੁਕਾਬਲੇ ਵਿਚ ਸ਼ਹੀਦ

2 ਜੁਲਾਈ 1989 ਦੇ ਦਿਨ ਪੰਜਾਬ ਪੁਲੀਸ ਨੇ ਗੁਰਬੀਰ ਸਿੰਘ ਰਾਜੂ (ਪੁੱਤਰ ਜੋਗਿੰਦਰ ਸਿੰਘ ਫੋਰਮੈਨ, ਵਾਸੀ ਝਬਾਲ, ਤਰਨ ਤਾਰਨ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸੁਖਜਿੰਦਰ ਸਿੰਘ ਸੁੱਖਾ ਸੁਲਤਾਨਵਿੰਡ, ਗੁਰਮੀਤ ਸਿੰਘ ਮੂਣਕ ਨਕਲੀ ਮੁਕਾਬਲੇ ਵਿਚ ਸ਼ਹੀਦ

2 ਜੁਲਾਈ 1990 ਦੇ ਦਿਨ ਪੰਜਾਬ ਪੁਲੀਸ ਨੇ ਸੁਖਜਿੰਦਰ ਸਿੰਘ ਸੁੱਖਾ (ਵਾਸੀ ਸੁਲਤਾਨਵਿੰਡ, ਅੰਮ੍ਰਿਤਸਰ) ਅਤੇ ਗੁਰਮੀਤ ਸਿੰਘ ਉਰਫ ਟੀ.ਟੀ. (ਪੁੱਤਰ ਭਗਵਾਨ ਸਿੰਘ ਮਿਸਤਰੀ, ਵਾਸੀ ਮੂਣਕ, ਸੰਗਰੂਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸੁਖਜਿੰਦਰ ਸਿੰਘ ਸੁੱਖਾ ਸੁਲਤਾਨਵਿੰਡ, ਗੁਰਮੀਤ ਸਿੰਘ ਮੂਣਕ ਨਕਲੀ ਮੁਕਾਬਲੇ ਵਿਚ ਸ਼ਹੀਦ

2 ਜੁਲਾਈ 1990 ਦੇ ਦਿਨ ਪੰਜਾਬ ਪੁਲੀਸ ਨੇ ਸੁਖਜਿੰਦਰ ਸਿੰਘ ਸੁੱਖਾ (ਵਾਸੀ ਸੁਲਤਾਨਵਿੰਡ, ਅੰਮ੍ਰਿਤਸਰ) ਅਤੇ ਗੁਰਮੀਤ ਸਿੰਘ ਉਰਫ ਟੀ.ਟੀ. (ਪੁੱਤਰ ਭਗਵਾਨ ਸਿੰਘ ਮਿਸਤਰੀ, ਵਾਸੀ ਮੂਣਕ, ਸੰਗਰੂਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਦਰਜਨਾਂ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

2 ਜੁਲਾਈ 1991 ਦੇ ਦਿਨ ਪੰਜਾਬ ਪੁਲੀਸ ਨੇ ਫੂਲਤਾਰ ਸਿੰਘ, ਫ਼ੀਰੋਜਪੁਰ, ਸੁਖਦੇਵ ਸਿੰਘ ਸੁੱਖਾ (ਵਾਸੀ ਮਹੇਸ਼ਪੁਰਾ, ਲੁਧਿਆਣਾ), ਅਮਰਜੀਤ ਸਿੰਘ ਬਿੱਟੂ (ਵਾਸੀ ਸੁਲਤਾਨਵਿੰਡ, ਅੰਮ੍ਰਿਤਸਰ), ਨਿਰਮਲ ਸਿੰਘ ਬੰਬ (ਵਾਸੀ ਭੈਲ), ਨਿਰਮਲ ਸਿੰਘ ਨਿੰਮਾ ਛੋਟੂ, ਖੁਸ਼ਕਰਨਜੋਤ ਸਿੰਘ ਹਨੀ (ਵਾਸੀ ਪੂਨਾ), ਬੇਅੰਤ ਸਿੰਘ ਨਿਹੰਗ (ਵਾਸੀ ਸੁੱਖਾ ਚਿੜਾ), ਰਣਜੀਤ ਸਿੰਘ ਰੋਮੀ (ਵਾਸੀ ਚੰਨਣਕੇ), ਮੇਜਰ ਸਿੰਘ (ਵਾਸੀ ਨਿੰਬਰਵਿੰਡ), ਮੱਸਾ ਸਿੰਘ (ਵਾਸੀ ਕਰਾਹੇਵਾਲਾ, ਫ਼ੀਰੋਜਪੁਰ),ਸਤਨਾਮ ਸਿੰਘ ਚਗਿਆੜਾ, ਮਨਜੀਤ ਸਿੰਘ ਲਾਲੀ ਉਰਫ਼ ਦਿਲਸ਼ਾਰ ਸਿੰਘ ਸ਼ੇਰਾ (ਵਾਸੀ ਕਰਮਪੁਰਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਕੁਲਵੰਤ ਸਿੰਘ ਕੰਤਾ, ਬਲਜੀਤ ਸਿੰਘ ਤੇ ਹੋਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਦੋ ਜੁਲਾਈ 1992 ਦੇ ਦਿਨ ਪੁਲਸ ਨੇ ਕੁਲਵੈਤ ਸਿੰਘ ਕੰਤਾ, ਬਲਜੀਤ ਸਿੰਘ ਤੇ ਇਕ ਹੋਰ ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਸੁਰਜੀਤ ਸਿੰਘ ਠਰੂ ਨਕਲੀ ਪੁਲਸ ਮੁਕਾਬਲੇ ਵਿਚ ਸਿੱਖ ਸ਼ਹੀਦ

2 ਜੁਲਾਈ 1993 ਦੇ ਦਿਨ ਪੁਲਸ ਨੇ ਸੁਰਜੀਤ ਸਿੰਘ (ਪੁੱਤਰ ਇੰਦਰ ਸਿੰਘ, ਵਾਸੀ ਪਿੰਡ ਠਰੂ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2013: ਥਾਣੇਦਾਰ ਸੁਰਜੀਤ ਸਿੰਘ ਨੇ ਮੀਡੀਆ ਵਿਚ 24 ਸਿੱਖ ਨੌਜਵਾਨਾਂ ਨੂੰ ਨਕਲੀ ਮੁਕਾਬਲੇ ਵਿਚ ਮਾਰਨ ਦਾ ਇਕਬਾਲ ਕੀਤਾ

2 ਜੁਲਾਈ 2013 ਦੇ ਦਿਨ ਪੰਜਾਬ ਪੁਲਸ ਦੇ ਇਕ ਥਾਣੇਦਾਰ ਸੁਰਜੀਤ ਸਿੰਘ ਨੇ ਸ਼ਰੇਆਮ ਮੀਡੀਆ ਵਿਚ ਇਕਬਾਲ ਕੀਤਾ ਕਿ ਉਸ ਨੇ 1990 ਵਿਆਂ ਵਿਚ ਸੀਨੀਅਰ ਪੁਲਸ ਅਫ਼ਸਰਾਂ ਦੇ ਕਹਿਣ 'ਤੇ 83 ਬੇਗੁਨਾਹ ਸਿੱਖ ਨੌਜਵਾਨਾਂ ਨੂੰ ਨਕਲੀ ਪੁਲਸ ਮੁਕਾਬਲੇ ਵਿਚ ਮਾਰਿਆ ਸੀ। ਉਸ ਨੇ ਹੇਠ ਲਿਖੇ ਸਿੱਖਾਂ ਦੇ ਨਾਂਵਾਂ ਦੀ ਲਿਸਟ ਵੀ ਪੇਸ਼ ਕੀਤੀ: ਜੋਗਿੰਦਰ ਸਿੰਘ (ਪੁੱਤਰ ਕੁਲਵੰਤ ਸਿੰਘ, ਵਾਸੀ ਬਾਘਾ), ਕੁਲਵੰਤ ਸਿੰਘ ਸਿਆਲਕਾ (ਖਾਲਿਸਤਾਨ ਕਮਾਂਡੋ ਫ਼ੋਰਸ) ਤੇ ਉਸ ਦੇ ਸਾਥੀ, ਮੰਗਲ ਸਿੰਘ ਮਾਂਗਾ (ਪੁੱਤਰ ਮੋਹਨ ਸਿੰਘ, ਵਾਸੀ ਅਰਜਨ ਮਾਂਗਾ),

ਗੁਰਚਰਨ ਸਿੰਘ ਬਿਸ਼ਨੰਦੀ (ਵਾਸੀ ਜੈਤੋ), ਪ੍ਰੇਮ ਸਿੰਘ ਬਿੱਟੂ (ਪੁੱਤਰ ਦਲੀਪ ਸਿੰਘ, ਵਾਸੀ ਬੋਪਾਰਾਏ), ਨਿਰਵੈਲ ਸਿੰਘ ਗੱਗੋਬੂਹਾ, ਕੇਵਲ ਸਿੰਘ ਢਿੱਲੋਂ, ਬਲਕਾਰ ਸਿੰਘ ਬੱਲੀ (ਵਾਸੀ ਕੋਟ ਖਾਲਸਾ), ਹਰਭੇਜ ਸਿੰਘ ਭੇਜਾ (ਵਾਸੀ ਨਵਾਂ ਪਿੰਡ), ਕਾਬਲ ਸਿੰਘ (ਵਾਸੀ ਛੋਟੇਪੁਰ), ਹਰਨੇਕ ਸਿੰਘ, ਬਲਰਾਜ ਸਿੰਘ ਬੱਬੀ (ਪੁੱਤਰ ਗੁਰਦਿਆਲ ਸਿੰਘ, ਵਾਸੀ ਸਾਰਗੜ੍ਹ ਡੇਹਰਾਦੂਨ), ਗੁਰਮੀਤ ਸਿੰਘ ਮੀਤਾ (ਪੁੱਤਰ ਗਾਂਧਾ ਸਿੰਘ, ਵਾਸੀ ਕਾਲੇਕੇ), ਸੁਰਜੀਤ ਸਿੰਘ ਸ਼ੱਗਾ (ਵਾਸੀ ਚੀਚੋਵਾਲੀ) ਤੇ ਉਸ ਦੇ 4 ਸਾਥੀ, ਭੂਪਿੰਦਰ ਸਿੰਘ ਭਿੰਦਾ, ਹਰਜਿੰਦਰ ਸਿੰਘ ਜਿੰਦਾ (ਵਾਸੀ ਉਦੋਕੇ), ਬੀਰ ਸਿੰਘ (ਸਾਬਕਾ ਸਰਪੰਚ, ਵਾਸੀ ਉਦੋਕੇ), ਹਰਜਿੰਦਰ ਸਿੰਘ ਉਰਫ਼ ਬਾਬਾ ਰਣਜੀਤ ਸਿੰਘ ਅਤੇ ਉਸ ਦੀ ਪਤਨੀ ਕੁਲਵਿੰਦਰ ਕੌਰ (ਵਾਸੀ ਖੱਬੇ ਰਾਜਪੂਤਾਂ)। ਸੁਰਜੀਤ ਸਿੰਘ ਦਾ ਇਹ ਇਕਬਾਲ ਡੇਅ ਐਂਡ ਨਾਈਟ ਟੀ.ਵੀ. ਤੋਂ ਤਾਂ ਨਸ਼ਰ ਹੋਇਆ ਪਰ ਭਾਰਤ ਦੇ ਮੀਡੀਆ ਨੇ ਇਨ੍ਹਾਂ ਨਕਲੀ ਮੁਕਾਬਲਿਆਂ ਦੀ ਖ਼ਬਰ ਤਕ ਨਾ ਦਿੱਤੀ ਕਿਉਂ ਕਿ ਮਾਰੇ ਜਾਣ ਵਾਲੇ ਸਿੱਖ ਸਨ। ਸੁਰਜੀਤ ਸਿੰਘ ਨੂੰ ਇਨਸਾਨੀ ਹਕੂਕ ਦੀ ਜਥੇਬੰਦੀ ਪੰਜਾਬ ਹਿਊਮਨ ਰਾਈਟਜ਼ ਦੇ ਆਗੂ ਕਿਰਪਾਲ ਸਿੰਘ ਰੰਧਾਵਾ ਨੇ ਮੀਡੀਆ ਅੱਗੇ ਪੇਸ਼ ਕੀਤਾ ਸੀ। ਇਸ ਮਗਰੋਂ ਉਸ ਨੇ ਆਪਣੀ ਜਾਨ ਨੂੰ ਖ਼ਤਰਾ ਕਹਿ ਕੇ ਪੰਜਾਬ ਹਾਈ ਕੋਰਟ ਵਿਚ ਦਰਖ਼ਾਸਤ ਵੀ ਦਿੱਤੀ, ਪਰ 8 ਜੁਲਾਈ ਨੂੰ ਹਾਈ ਕੋਰਟ ਨੇ ਵੀ ਉਸ ਦੀ ਦਰਖ਼ਾਸਤ ਰਦ ਕਰ ਦਿੱਤੀ। ਹਾਈ ਕੋਰਟ ਨੇ ਏਨੇ ਕਤਲਾਂ ਦਾ ਨੋਟਿਸ ਵੀ ਨਹੀਂ ਲਿਆ ਕਿਉਂ ਕਿ ਇਹ ਸਿੱਖਾਂ ਦੇ ਕਤਲ ਸਨ।

3 ਜੁਲਾਈ

1922: ਬਬਰ ਅਕਾਲੀਆਂ ਨੇ ਸਰਕਾਰੀ ਮਾਮਲਾ ਖੋਹਿਆ

1922 ਵਿਚ ਜਦ ਬਬਰ ਅਕਾਲੀਆਂ ਨੇ ਅੰਗਰੇਜ਼ ਅਫ਼ਸਰਾਂ ਅਤੇ ਮੁਖ਼ਬਰਾਂ ਨੂੰ ਸੋਧਣ ਦਾ ਮਤਾ ਪਾਸ ਕੀਤਾ ਤਾਂ ਉਨ੍ਹਾਂ ਕੋਲ ਹਥਿਆਰਾਂ ਵਜ਼ੀਰਾ ਦੀ ਬਹੁਤ ਕਮੀ ਸੀ। ਇਸ ਕਰ ਕੇ ਉਨ੍ਹਾਂ ਨੇ ਸਰਕਾਰੀ ਮਾਮਲਾ ਲਿਜਾਣ ਵਾਲੇ ਅਹਿਲਕਾਰਾਂ ਨੂੰ ਹੱਥ ਪਾਉਣ ਦੀ ਸੋਚੀ। ਇਸ ਸਿਲਸਿਲੇ ਵਿਚ ਸਭ ਤੋਂ ਪਹਿਲੇ ਐਕਸ਼ਨਾਂ ਵਿਚ ਸ਼ਾਮਿਲ ਸੀ ਬਿਛੋਤੀ ਪਿੰਡ ਦੇ ਨੰਬਰਦਾਰ 'ਕਾਕਾ' 'ਤੇ ਹਮਲਾ। 3 ਜੁਲਾਈ 1922 ਦੇ ਦਿਨ ਗੜ੍ਹਸ਼ੰਕਰ ਮਾਮਲਾ ਲਿਜਾਂਦਿਆਂ ਉਸ ਤੋਂ ਮਾਮਲੇ ਦੀ ਰਕਮ ਖੋਹ ਲਈ ਗਈ। ਇਸ ਐਕਸ਼ਨ ਵਿਚ ਸ਼ਾਮਿਲ ਸਨ: ਬਬਰ ਕਰਮ ਸਿੰਘ ਦੌਲਤਪੁਰ, ਉਦੈ ਸਿੰਘ ਰਾਮਪੁਰ ਝੰਗੀਆਂ, ਹਰਨਾਮ ਸਿੰਘ ਰੁੜਕਾ ਤੇ ਪ੍ਰੇਮ ਸਿੰਘ ਮਾਜੇ। ਖੋਹੀ ਗਈ ਇਸ 575 ਰੁਪੈ ਦੀ ਰਕਮ ਨਾਲ ਬਬਰਾਂ ਨੇ ਇਕ ਸਾਈਕਲੋਸਟਾਈਲ ਮਸ਼ੀਨ ਅਤੇ ਕੁਝ ਹਥਿਆਰ ਖਰੀਦੇ। ਮਗਰੋਂ ਇਸੇ ਮਸ਼ੀਨ 'ਤੇ 'ਬਬਰ ਅਕਾਲੀ' ਅਖ਼ਬਾਰ ਛਾਪਿਆ ਜਾਂਦਾ ਸੀ।

1955: ਪੁਲਸ ਨੇ ਦਰਬਾਰ ਸਹਿਬ ਨੂੰ ਘੇਰਾ ਪਾ ਲਿਆ

10 ਮਈ 1955 ਤੋਂ ਚਲ ਰਹੇ 'ਪੰਜਾਬੀ ਸੂਬਾ ਜ਼ਿੰਦਾਬਾਦ ਮੋਰਚਾ' ਵਿਚ 30 ਜੂਨ 1955 ਤਕ 8164 ਸਿੱਖ ਗਿਫ਼ਤਾਰ ਹੋ ਚੁੱਕੇ ਸਨ। ਸ਼੍ਰੋਮਣੀ ਅਕਾਲੀ ਦਲ ਦੇ ਇਸ ਮੋਰਚੇ ਨੂੰ ਸਾਰੀ ਸਿੱਖ ਕੌਮ ਵਿਚ ਏਕਾ ਕਰਵਾ ਦਿੱਤਾ ਸੀ। ਸੈਂਕੜੇ ਸਿੱਖ ਰੋਜ਼ ਅੰਮ੍ਰਿਤਸਰ ਪਹੁੰਚ ਰਹੇ ਸਨ। ਜੇਲ੍ਹਾਂ ਭਰ ਚੁੱਕੀਆਂ ਸਨ। ਇਸ ਹਾਲਤ ਵਿਚ ਸਰਕਾਰ ਘਬਰਾਈ ਹੋਈ ਸੀ। ਸੱਚਰ ਸਰਕਾਰ ਨੂੰ ਮੁਸ਼ਕਿਲ ਵਿਚ ਫਸਿਆ ਵੇਖ ਕੇ ਜਲੰਧਰ ਡਵੀਜ਼ਨ ਦੇ ਡੀ.ਆਈ.ਜੀ. ਮਹਾਸ਼ਾ ਅਸ਼ਵਨੀ ਕੁਮਾਰ ਸ਼ਰਮਾ ਨੇ ਸਰਕਾਰ ਨੂੰ ਆਖਿਆ ਕਿ ਤੁਸੀਂ ਮੈਨੂੰ ਪੰਜ ਦਿਨ ਐਕਸ਼ਨ ਕਰਨ ਦੀ ਪੂਰੀ ਛੁੱਟੀ ਦਿਓ ਤਾਂ ਮੈਂ ਇਸ ਮੋਰਚੇ ਨੂੰ ਕੁਚਲ ਦੇਵਾਂਗਾ। ਜਦ ਅਸ਼ਵਨੀ ਕੁਮਾਰ ਨੂੰ ਇਜਾਜ਼ਤ ਮਿਲ ਗਈ ਤਾਂ ਉਸ ਨੇ 4 ਤੋਂ 9 ਜੁਲਾਈ ਤਕ ਦੇ ਪੰਜ ਦਿਨ ਚੁਣੇ। ਇਸ ਐਕਸ਼ਨ

ਦੇ ਸ਼ੁਰੂ ਹੋਣ ਤੋਂ ਪਹਿਲਾਂ ਪੁਲਿਸ ਨੇ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦੀਆਂ 24 ਬੰਦੂਕਾਂ ਦੇ ਲਾਇਸੈਂਸ 27 ਜੂਨ ਨੂੰ ਹੀ ਜ਼ਬਤ ਕਰ ਲਏ ਹੋਏ ਸਨ। ਸਾਰੇ ਅਕਾਲੀ ਵਰਕਰਾਂ ਦੀਆਂ ਬੰਦੂਕਾਂ ਤੇ ਪਿਸਤੌਲ ਵੀ ਪੁਲਿਸ ਨੇ ਜ਼ਬਤ ਕਰ ਲਏ ਸਨ। ਹੋਰ ਤਾਂ ਹੋਰ ਪੁਲਿਸ ਮਾਸਟਰ ਤਾਰਾ ਸਿੰਘ (ਜੋ ਉਦੋਂ ਜੇਲ੍ਹ ਵਿਚ ਸੀ) ਦੇ ਘਰੋਂ ਉਸ ਦੀ ਬੰਦੂਕ ਅਤੇ ਪਿਸਤੌਲ ਵੀ ਚੁੱਕ ਕੇ ਲੈ ਗਈ ਸੀ। ਪੁਲਿਸ ਨੂੰ ਡਰ ਸੀ ਕਿ ਦਰਬਾਰ ਸਾਹਿਬ 'ਤੇ ਪੁਲਿਸ ਵੱਲੋਂ ਹਮਲਾ ਕਰਨ ਦੀ ਸੂਰਤ ਵਿਚ ਕਿਤੇ ਸਿੱਖ ਮੁਕਾਬਲਾ ਹੀ ਨਾ ਸ਼ੁਰੂ ਕਰ ਦੇਣ। 3 ਜੁਲਾਈ 1955 ਦੇ ਦਿਨ ਪੰਜਾਬ ਪੁਲੀਸ ਨੇ ਦਰਬਾਰ ਸਹਿਬ ਨੂੰ ਘੇਰਾ ਪਾ ਲਿਆ।

1986: ਕੁਲਦੀਪ ਸਿੰਘ, ਸੁਖਦੇਵ ਸਿੰਘ ਤੇ ਸ਼ੀਰਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

2 ਜੁਲਾਈ 1986 ਦੇ ਦਿਨ ਪੁਲਸ ਨੇ ਗੁਰਦਾਸਪੁਰ ਵਿਚ ਕੁਲਦੀਪ ਸਿੰਘ, ਸੁਖਦੇਵ ਸਿੰਘ ਤੇ ਸ਼ੀਰਾ ਨਾਂ ਦੇ ਇਕ ਸਿੱਖ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1986: ਦਲਬੀਰ ਸਿੰਘ ਬਿੱਲਾ ਅਸਲ ਮੁਕਾਬਲੇ ਵਿਚ ਸ਼ਹੀਦ

3 ਜੁਲਾਈ 1986 ਦੇ ਦਲਬੀਰ ਸਿੰਘ ਬਿੱਲਾ (ਪੁੱਤਰ ਸਰਦੂਲ ਸਿੰਘ, ਵਾਸੀ ਵਰਪਾਲ) ਇਕ ਅਸਲ ਮੁਕਾਬਲੇ ਵਿਚ ਸ਼ਹੀਦ ਹੋ ਗਿਆ। ਦਲਬੀਰ ਸਿੰਘ ਨੂੰ ਪਹਿਲਾਂ ਪੁਲਸ ਨੇ 1985 ਦੇ ਸ਼ੁਰੂ ਵਿਚ ਗ੍ਰਿਫ਼ਤਾਰ ਕੀਤਾ ਸੀ ਤੇ ਉਹ ਨਵੰਬਰ 1985 ਵਿਚ, ਆਪਣੇ ਸਾਥੀਆਂ ਜੋਗਾ ਸਿੰਘ ਬਿਸ਼ਨੰਦੀ, ਰੌਸ਼ਨ ਲਾਲ (ਸਿੰਘ) ਬੈਰਾਗੀ, ਜਸਵਿੰਦਰ ਸਿੰਘ ਕਾਕਾ ਤੇ ਰਣਜੀਤ ਸਿੰਘ ਦਿਆਲਗੜ੍ਹ ਨਾਲ, ਜੇਲ੍ਹ ਵਿਚੋਂ ਫਰਾਰ ਹੋ ਗਿਆ ਸੀ। 24 ਜੂਨ 1986 ਦੇ ਦਿਨ ਰਣਜੀਤ ਸਿੰਘ ਦਿਆਲਗੜ੍ਹ, ਗੁਰਮੇਜ ਸਿੰਘ ਢਿਲਵਾਂ ਅਤੇ ਮੱਖਣ ਸਿੰਘ ਸਿੱਧ ਇਕ ਅਸਲ ਮੁਕਾਬਲੇ ਵਿਚ ਪਿੰਡ ਕਾਲੀ ਬਾਹਮਣੀ ਵਿਚ ਸ਼ਹੀਦ ਹੋ ਗਏ। 3 ਜੁਲਾਈ ਦੇ ਦਿਨ ਦਲਬੀਰ ਸਿੰਘ ਆਪਣੇ ਸਾਥੀਆਂ (ਹਰੀ ਸਿੰਘ ਕਮਾਲਪੁਰਾ, ਸੁਖਬੰਸ ਸਿੰਘ ਤੇ ਬਲਦੇਵ ਸਿੰਘ ਵੱਲਾ) ਸਣੇ ਮਾਲੂਵਾਲ ਪਿੰਡ ਦੇ ਇਕ ਸਾਧ ਦੀ ਬਹਿਕ 'ਤੇ ਸੌਂ ਰਹੇ ਸਨ। ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਸਾਧ ਪੁਲਸ ਨਾਲ ਮਿਲ ਚੁਕਾ ਹੈ। ਉਸ ਦਿਨ ਭਾਰੀ ਸੀ.ਆਰ.ਪੀ. ਫ਼ੋਰਸ ਨੇ ਘੇਰਾ ਪਾ ਲਿਆ। ਜਦ ਉਨ੍ਹਾਂ ਵੇਖਿਆ ਕਿ ਘੇਰਾ ਤੰਗ ਹੋ ਰਿਹਾ ਹੈ ਤਾਂ ਉਨ੍ਹਾਂ ਨੇ ਮੁਕਾਬਲਾ ਸ਼ੁਰੂ ਕਰ ਦਿੱਤਾ। ਉਨ੍ਹਾਂ ਵਿਚੋਂ ਕੁਝ ਨੇ ਇਕ ਕਾਰ ਵਿਚ ਭੱਜਣ ਦੀ ਕੋਸ਼ਿਸ਼ ਕੀਤੀ ਪਰ ਛੁਪ ਕੇ ਬੈਠੀ ਸੀ.ਆਰ.ਪੀ. ਨੇ ਕਾਰ 'ਤੇ ਗੋਲੀਆਂ ਚਲਾ ਕੇ ਇਸ ਦੇ ਟਾਇਰ ਪੰਚਰ ਕਰ ਦਿੱਤੇ। ਇਸ 'ਤੇ ਉਨ੍ਹਾਂ ਕਾਰ ਵਿਚੋਂ ਨਿਕਲ ਕੇ ਮੁਕਾਬਲਾ ਸ਼ੁਰੂ ਕਰ ਦਿੱਤਾ ਤੇ ਅਖ਼ੀਰ ਉਹ ਸਾਰੇ ਸ਼ਹੀਦੀਆਂ ਪਾ ਗਏ।

1987: ਗੁਰਦੇਵ ਸਿੰਘ ਦੇਬੂ ਨੂੰ ਕੜਾਹੇ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ; ਸੋਹਨ ਸਿੰਘ ਸੋਨੀ ਤੇ ਹੋਰ ਨਕਲੀ ਮੁਕਾਬਲਿਆਂ ਵਿਚ ਸਿੱਖ ਸ਼ਹੀਦ

ਤਿੰਨ ਜੁਲਾਈ 1987 ਦੇ ਦਿਨ ਪੁਲਸ ਨੇ ਅਰਬਨ ਅਸਟੇਟ, ਵਸੰਤ ਵਿਹਾਰ, ਜਲੰਧਰ ਕੋਲ ਗੁਰਦੇਵ ਸਿੰਘ ਦੇਬੂ (ਪੁੱਤਰ ਗੁਰਬਚਨ ਸਿੰਘ, ਵਾਸੀ ਧੀਰਪੁਰ, ਕਰਤਾਰਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਦੇਬੂ ਨੂੰ ਪਹਿਲੀ ਜੁਲਾਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਜ਼ਾਲਮ ਪੁਲਸੀਆਂ ਨੇ ਉਸ 'ਤੇ ਬੇਪਨਾਹ ਤਸ਼ੱਦਦ ਕੀਤਾ। ਫਿਰ ਉਸ ਨੂੰ ਗੁੜ ਬਣਾਉਣ ਵਾਸਤੇ ਗੰਨੇ ਦੀ ਰਸ ਨੂੰ ਉਬਾਲਣ ਵਾਲੇ ਕੜਾਹੇ ਵਿਚ ਪਾ ਕੇ ਉਬਾਲਿਆ ਗਿਆ। (ਚੇਤੇ ਰਹੇ ਕਿ 1606 ਵਿਚ ਗੁਰੂ ਅਰਜਨ ਸਾਹਿਬ ਅਤੇ 1675 ਵਿਚ ਭਾਈ ਦਿਆਲ ਦਾਸ ਨੂੰ ਵੀ ਦੇਗਾਂ ਵਿਚ ਉਬਾਲਿਆ ਸੀ)। ਗੁਰਦੇਵ ਸਿੰਘ ਜਿੰਨਾ ਚਿਰ ਸਾਹ ਰਹੇ ਪਾਠ ਕਰਦਾ ਰਿਹਾ ਤੇ ਅਖ਼ੀਰ ਸ਼ਹੀਦ ਹੋ ਗਿਆ। ਮਗਰੋਂ, ਜਦ ਉਸ ਦਾ ਨਕਲੀ ਮੁਕਾਬਲਾ ਦਿਖਾਉਣ ਦੀ

ਤਿਆਰੀ ਕੀਤੀ ਜਾ ਰਹੀ ਸੀ, ਤਾਂ ਇੱਤਫ਼ਾਕਨ ਉਸ ਦਾ ਪਰਵਾਰ ਠਾਣੇ ਪਹੁੰਚ ਗਿਆ ਅਤੇ ਉਸ ਦੀ ਦੇਹ ਹਾਸਿਲ ਕਰਨ ਵਿਚ ਕਾਮਯਾਬ ਹੋ ਗਿਆ ਜਿਸ ਤੋਂ ਲੋਕਾਂ ਨੂੰ ਇਸ ਜ਼ੁਲਮ ਦਾ ਪਤਾ ਲੱਗਾ। ਇਸੇ ਦਿਨ ਨਵਾਂਸ਼ਹਿਰ ਕੋਲ ਸੋਹਨ ਸਿੰਘ ਉਰਫ਼ ਸੋਨੀ (ਵਾਸੀ ਦਿਆਲਪੁਰ, ਜਲੰਧਰ) ਤੇ ਇਕ ਹੋਰ ਸਿੱਖ ਵੀ ਸ਼ਹੀਦ ਕੀਤੇ ਗਏ।

1987: ਪ੍ਰੋ: ਦਰਸ਼ਨ ਸਿੰਘ ਨੇ ਕਿਹਾ: ਪੰਜਾਬ ਮਸਲੇ ਦਾ ਹੱਲ ਬੰਦੂਕਾਂ ਨਹੀਂ

ਹਰਿਆਣੇ 'ਚ 17 ਜੂਨ 1987 ਦੇ ਦਿਨ ਅਸੈਂਬਲੀ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਚੌਧਰੀ ਦੇਵੀ ਲਾਲ ਦੀ ਪਾਰਟੀ 85 ਵਿਚੋਂ 58 ਸੀਟਾਂ ਲੈ ਗਈ ਤੇ ਕਾਂਗਰਸ ਨੂੰ ਸਿਰਫ਼ 5 ਸੀਟਾਂ ਮਿਲੀਆਂ। ਅਕਾਲੀਆਂ ਅਤੇ (ਪ੍ਰੋ) ਦਰਸ਼ਨ ਸਿੰਘ ਨੇ ਦੇਵੀ ਲਾਲ ਨੂੰ ਜਿੱਤ ਦੀ ਵਧਾਈ ਦਿੱਤੀ। (ਮਗਰੋਂ ਦੇਵੀ ਲਾਲ ਨੇ ਪ੍ਰੋ ਦਰਸ਼ਨ ਸਿੰਘ 'ਤੇ ਚਲ ਰਹੇ ਝੂਠੇ ਮੁਕੱਦਮੇ ਵਾਪਿਸ ਲੈ ਲਏ)। ਇਸ ਮਗਰੋਂ (ਪ੍ਰੋ) ਦਰਸ਼ਨ ਸਿੰਘ ਨੇ 3 ਜੁਲਾਈ 1987 ਦੇ ਦਿਨ ਇਕ ਬਿਆਨ ਵਿਚ ਕਿਹਾ ਕਿ ''ਪੰਜਾਬ ਮਸਲੇ ਦਾ ਹੱਲ ਬੰਦੂਕਾਂ ਨਹੀਂ ਹੈ। ਇਹ ਮਸਲਾ ਗਲਬਾਤ ਨਾਲ ਹੱਲ ਹੋਵੇਗਾ। ਅਜ ਤਰਕ (ਦਲੀਲ) ਦਾ ਜ਼ਮਾਨਾ ਹੈ। ਅਜੇ ਅਸੀਂ ਖਾਲਿਸਤਾਨ ਨਹੀਂ ਮੰਗਦੇ।'' ਇਸ ਦੇ ਨਾਲ ਹੀ ਪ੍ਰੋ: ਨੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸਾਰੇ ਖਾੜਕੂ ਧੜਿਆਂ, ਅਕਾਲੀ ਦਲਾਂ, ਨੌਜਵਾਨ ਜਥੇਬੰਦੀਆਂ ਤੇ ਹੋਰ ਪੰਥ-ਦਰਦੀਆਂ ਦੀ ਇਕ ਕਨਵੈਨਸ਼ਨ ਬੁਲਾ ਲਈ। ਕਨਵੈਨਸ਼ਨ ਦੇ ਅਜੰਡੇ ਵਿਚ 'ਜੋਧਪੁਰ ਦੇ ਕੈਦੀ ਸਿੰਘਾਂ ਦੀ ਰਿਹਾਈ, ਧਰਮੀ ਫ਼ੌਜੀਆਂ ਦੀ ਬਹਾਲੀ, ਬੇਗੁਨਾਹ ਸਿੱਖਾਂ ਦੇ ਕਤਲ ਬੰਦ ਕਰਨ' ਦੇ ਨੁਕਤਿਆਂ ਨੂੰ ਸ਼ਾਮਿਲ ਕੀਤਾ ਗਿਆ ਸੀ। ਪ੍ਰੋ: ਵਲੋਂ ਐਲਾਨੀ ਕਨਵੈਨਸ਼ਨ ਦੇ ਬਾਵਜੂਦ ਪੁਲਸ ਅਤੇ ਸਰਕਾਰ ਦੇ ਵਤੀਰੇ ਵਿਚ ਕੋਈ ਫ਼ਰਕ ਨਾ ਪਿਆ। ਕਨਵੈਨਸ਼ਨ ਵਿਚ ਅਜੇ ਇਕ ਮਹੀਨਾ ਅਜੇ ਬਾਕੀ ਸੀ। ਇਸ ਇਕ ਮਹੀਨੇ ਵਿਚ ਰਬੈਰੋ ਨੇ ਘੱਟੋ-ਘੱਟ 500 ਨੌਜਵਾਨ ਫੜ ਕੇ ਜੇਲ੍ਹਾਂ ਵਿਚ ਸੁੱਟ ਦਿੱਤੇ। ਇਸ ਤੋਂ ਇਲਾਵਾ ਕਈ ਨੌਜਵਾਨ ਘਰੋਂ ਫੜ ਕੇ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਕਤਲ ਵੀ ਕੀਤੇ ਗਏ। ਸੈਂਟਰ ਦੇ ਵਜ਼ੀਰ ਬੂਟਾ ਸਿੰਘ ਨੇ ਅਗਸਤ ਦੇ ਪਹਿਲੇ ਹਫ਼ਤੇ ਲੋਕ ਸਭਾ 'ਚ ਮੰਨਿਆ ਕਿ 1 ਜਨਵਰੀ ਤੋਂ 31 ਜੁਲਾਈ 1987 ਤਕ ਪੰਜਾਬ ਪੁਲੀਸ ਨੇ 235 ਸਿੱਖ ਨੌਜਵਾਨ ਕਤਲ ਕੀਤੇ ਹਨ। ਉਂਵ ਅਸਲ ਗਿਣਤੀ ਇਸ ਤੋਂ ਕਿਤੇ ਵੱਧ ਸੀ।

1989: ਸਰਬਜੀਤ ਸਿੰਘ ਨਾਗੋਕੇ ਤੇ ਗੁਰਬੀਰ ਸਿੰਘ ਰਾਜੂ ਝਬਾਲ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

3 ਜੁਲਾਈ 1989 ਦੇ ਦਿਨ ਪੁਲਸ ਨੇ ਸਰਬਜੀਤ ਸਿੰਘ (ਪੁੱਤਰ ਤੀਰਥ ਸਿੰਘ, ਵਾਸੀ ਨਾਗੋਕੇ) ਤੇ ਗੁਰਬੀਰ ਸਿੰਘ ਰਾਜੂ (ਪੁੱਤਰ ਜੋਗਿੰਦਰ ਸਿੰਘ, ਵਾਸੀ ਝਬਾਲ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਅਮਰਜੀਤ ਸਿੰਘ ਬਿੱਟੂ ਮਨਸੂਰ ਬਲਾਗਾਂ, ਸੁਖਦੇਵ ਸਿੰਘ ਸੁੱਖਾ ਬੋਹਲੀਆਂ, ਹਰਦੀਪ ਸਿੰਘ ਵਿੱਕੀ, ਗੁਰਮੀਤ ਸਿੰਘ ਤਰਸਿੱਕਾ, ਸਤਨਾਮ ਸਿੰਘ, ਭਾਗਪੁਰ, ਸੁਖਵਿੰਦਰ ਸਿੰਘ ਸੇਵੇਵਾਲ, ਸਾਧਾ ਸਿੰਘ ਸਰਪੰਚ ਦੇਲਨਵਾਲ, ਦਯਾਦੀਪਕ ਸਿੰਘ ਤੇ ਹਰਬੰਸ ਸਿੰਘ ਫੌਜੀ ਭੈਣੀ ਮਹਿਰਾਜ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

3 ਜੁਲਾਈ 1991 ਦੇ ਦਿਨ ਪੁਲਸ ਨੇ ਅਮਰਜੀਤ ਸਿੰਘ ਉਰਫ਼ ਬਿੱਟੂ (ਪੁੱਤਰ ਪਰਗਟ ਸਿੰਘ, ਵਾਸੀ ਬਸਤੀ ਮਨਸੂਰ ਬਲਾਗਾਂ), ਸੁਖਦੇਵ ਸਿੰਘ ਉਰਫ਼ ਸੁੱਖਾ (ਪੁੱਤਰ ਅਮਰੀਕ ਸਿੰਘ, ਵਾਸੀ ਬੋਹਲੀਆਂ, ਨੇੜੇ ਅਜਨਾਲਾ) ਹਰਦੀਪ ਸਿੰਘ ਵਿੱਕੀ ਉਰਫ਼ ਛੋਟਾ

ਗਿੱਲ, ਗੁਰਮੀਤ ਸਿੰਘ (ਵਾਸੀ ਤਰਸਿੱਕਾ), ਸਤਨਾਮ ਸਿੰਘ, ਭਾਗਪੁਰ, ਸੁਖਵਿੰਦਰ ਸਿੰਘ ਉਰਫ਼ ਭਿੰਡਰ (ਵਾਸੀ ਸੇਵੇਵਾਲ), ਸਾਧਾ ਸਿੰਘ ਸਰਪੰਚ (ਵਾਸੀ ਦੇਲਨਵਾਲ),ਦਯਾਦੀਪਕ ਸਿੰਘ ਬਬਰ ਤੇ ਹਰਬੰਸ ਸਿੰਘ ਫੌਜੀ (ਦੋਵੇਂ ਵਾਸੀ ਭੈਣੀ ਮਹਿਰਾਜ, ਸੰਗਰੂਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਸ਼ਮਸ਼ੇਰ ਸਿੰਘ ਸ਼ੇਰਾ ਛੱਜਲਵੱਢੀ, ਕੁਲਵੰਤ ਸਿੰਘ ਕਾਕਾ ਤੇ 6 ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

ਤਿੰਨ ਜੁਲਾਈ 1992 ਦੇ ਦਿਨ ਪੁਲਸ ਨੇ ਸ਼ਮਸ਼ੇਰ ਸਿੰਘ ਸ਼ੇਰਾ (ਪੁੱਤਰ ਗ਼ਰੀਬ ਸਿੰਘ, ਵਾਸੀ ਛੱਜਲਵੱਢੀ), ਕੁਲਵੰਤ ਸਿੰਘ ਕਾਕਾ ਤੇ ਛੇ ਹੋਰ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਕਤਲ ਕਰ ਦਿੱਤਾ।

1993: ਸਤਿੰਦਰ ਸਿੰਘ ਲੱਕੀ ਨਕਲੀ ਮੁਕਾਬਲੇ ਵਿਚ ਸ਼ਹੀਦ

ਸਤਿੰਦਰ ਸਿੰਘ ਉਰਫ਼ ਲੱਕੀ (ਪੁੱਤਰ ਅਜਮੇਰ ਸਿੰਘ, ਵਾਸੀ ਸਰਾਭਾ, ਲੁਧਿਆਣਾ), ਜੋ ਪਹਿਲਾਂ ਫ਼ੌਜ ਵਿਚ ਸੀ ਅਤੇ 1982 ਵਿਚ ਨੌਕਰੀ ਛੱਡ ਦਿੱਤੀ ਸੀ ਤੇ ਪਿੰਡ ਵਿਚ ਦਵਾਈਆਂ ਦੀ ਸੁਕਾਨ ਖੋਲ੍ਹੀ ਹੋਈ ਸੀ, ਉਹ ਪਰਮਜੀਤ ਸਿੰਘ ਪੰਜਵੜ ਦੀ ਖਾਲਿਸਤਾਨ ਕਮਾਂਡੋ ਫ਼ੋਰਸ ਨਾਲ ਸਬੰਧਿਤ ਹੋ ਗਿਆ ਸੀ। 1992 ਵਿਚ ਉਸ ਦਾ ਨਾਂ ਇਕ ਬੈਂਕ ਲੁੱਟਣ ਵਿਚ ਸ਼ਾਮਿਲ ਹੋ ਗਿਆ ਤਾਂ ਉਹ ਰੂਪੋਸ਼ ਹੋ ਗਿਆ ਅਤੇ ਹਰਕੇਵਲ ਸਿੰਘ ਤੇ ਕੁਲਜੀਤ ਸਿੰਘ ਮੋਗਾ ਨਾਲ ਰਲ ਕੇ ਐਕਸ਼ਨ ਕਰਨ ਲਗ ਪਿਆ। ਜਦ ਪੁਲਸ ਨੂੰ ਉਸ ਦਾ ਰਾਜ਼ ਮਿਲ ਗਿਆ ਤਾਂ ਉਹ ਸਾਥੀਆਂ ਸਣੇ ਕਲਕੱਤਾ ਚਲਾ ਗਿਆ। ਅਖ਼ੀਰ ਪੰਜਾਬ ਪੁਲਸ ਨੇ ਉਸ ਦਾ ਪਿੱਛਾ ਕਤਿਾ ਅਤੇ ਕਲਕੱਤਾ ਵਿਚ ਹੀ ਉਨ੍ਹਾਂ ਨੂੰ ਘੇਰ ਲਿਆ। ਜਦ ਉਨ੍ਹਾਂ ਨੂੰ ਪੁਲਸ ਦੇ ਆਉਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪਣਾ ਬਚਾਅ ਕਰਨ ਦੀ ਕੋਸ਼ਿਸ਼ ਕੀਤੀ। ਹਰਕੇਵਲ ਸਿੰਘ ਇਸ ਜੱਦੋਜਹਿਦ ਵਿਚ ਸ਼ਹੀਦ ਹੋ ਗਿਆ ਤੇ ਸਤਿੰਦਰ ਸਿੰਘ ਫੜਿਆ ਗਿਆ। ਪੁਲਸ ਉਸ ਨੂੰ ਪੰਜਾਬ ਲੈ ਆਈ ਤੇ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ। ਜਦ ਉਸ ਤੋਂ ਕੁਝ ਵੀ ਹਾਲਿਸ ਨਾ ਹੋ ਸਕਿਆ ਤਾਂ 3 ਜੁਲਾਈ 1993 ਦੇ ਦਿਨ ਉਸ ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

4 ਜੁਲਾਈ

1955: ਪੁਲਸ ਨੇ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਹਮਲਾ ਕੀਤਾ

ਪੰਜਾਬੀ ਸੂਬਾ ਜ਼ਿੰਦਾਬਾਦ ਮੋਰਚੇ ਦੌਰਾਨ 3 ਤੇ 4 ਜੁਲਾਈ 1955 ਦੀ ਅੱਧੀ ਰਾਤ ਨੂੰ ਪੁਲਿਸ ਨੇ ਦਰਬਾਰ ਸਾਹਿਬ ਦੇ ਦੁਆਲੇ ਘੇਰਾ ਪਾ ਕੇ ਨਾਕਾਬੰਦੀ ਕਰ ਲਈ। ਇਸ ਦੇ ਨਾਲ ਹੀ ਪੁਲਿਸ ਨੇ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਜ: ਅੱਛਰ ਸਿੰਘ, ਦਰਬਾਰ ਸਾਹਿਬ ਦਾ ਮੈਨੇਜਰ ਗੁਰਦਿਆਲ ਸਿੰਘ ਅਤੇ ਸ਼੍ਰੋਮਣੀ ਕਮੇਟੀ ਦਾ ਸਕੱਤਰ ਤੇ ਐਕਟਿੰਗ ਸਕੱਤਰ ਵੀ ਗ੍ਰਿਫ਼ਤਾਰ ਕਰ ਲਏ। 3 ਜੁਲਾਈ ਦੇ ਦਿਨ ਸ਼ਾਮ ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿਚ ਪੁਲਿਸ ਅਸ਼ਵਨੀ ਕੁਮਾਰ ਸ਼ਰਮਾ ਤੇ ਨੌਰੰਗ ਸਿੰਘ ਐਸ.ਐਸ.ਪੀ. ਦੀ ਅਗਵਾਈ ਵਿਚ ਦਰਬਾਰ ਸਾਹਿਬ ਦੇ ਚਾਰੇ ਪਾਸੇ ਫੈਲ ਗਈ। ਸਵੇਰ ਹੁੰਦਿਆਂ ਹੀ ਪੁਲਿਸ ਅੱਗੇ ਵਧੀ ਅਤੇ ਅਕਾਲੀ ਦਲ ਦੇ ਦਫ਼ਤਰ 'ਤੇ ਹਮਲਾ ਕਰ ਦਿੱਤਾ। ਦਰਜਨਾਂ ਟਰੱਕ ਪੁਲਿਸ ਪਹਿਲੋਂ ਹੀ ਲੈ ਕੇ ਆਈ ਹੋਈ ਸੀ। ਸਰਾਂ ਵਿਚ ਠਹਿਰੇ ਹੋਏ ਸਾਰੇ 5-6 ਸੌ ਸਿੱਖ ਗ੍ਰਿਫ਼ਤਾਰ ਕਰ ਕੇ ਟਰੱਕਾਂ ਵਿਚ ਬਿਠਾ ਲਏ ਗਏ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿੱਚੋਂ ਹਰਨਾਮ ਸਿੰਘ ਗੁਜਰਖਾਨੀ, ਮਾਸਟਰ ਤਾਰਾ ਸਿੰਘ ਦੇ ਕੁੜਮ ਬਖ਼ਸ਼ੀਸ਼ ਸਿੰਘ ਭੁਮੱਦੀ ਅਤੇ ਹੋਰ ਬਹੁਤ ਸਾਰੇ ਵਰਕਰ ਵੀ

ਗ੍ਰਿਫ਼ਤਾਰ ਕਰ ਲਏ ਗਏ। ਪੁਲਿਸ ਨੇ ਦਫ਼ਤਰ ਦੀਆਂ ਸਾਰੀਆਂ ਅਲਮਾਰੀਆਂ ਹੀ ਨਹੀਂ ਬਲਕਿ ਸੇਫ਼ ਦਾ ਤਾਲਾ ਵੀ ਤੋੜ ਕੇ ਸਾਰਾ ਸਾਮਾਨ ਕੱਢ ਲਿਆ। ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਬਾਵਾ ਹਰਕ੍ਰਿਸ਼ਨ ਸਿੰਘ ਅਤੇ ਅਕਾਲੀ ਦਲ ਦਾ ਪ੍ਰਧਾਨ ਹੁਕਮ ਸਿੰਘ ਵੀ ਉੱਥੇ ਸਨ ਪਰ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਨਾ ਕੀਤਾ (ਮਗਰੋਂ 6 ਜੁਲਾਈ ਨੂੰ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ)। ਇਸ ਦੇ ਨਾਲ ਹੀ ਪੁਲਿਸ ਨੇ ਮੰਜੀ ਸਾਹਿਬ ਦੀਵਾਨ ਅਸਥਾਨ 'ਤੇ ਵੀ ਕਬਜ਼ਾ ਕਰ ਲਿਆ। ਉਸ ਵੇਲੇ ਤਕ ਬਹੁਤ ਸਾਰੇ ਸਿੱਖ ਦਰਬਾਰ ਸਾਹਿਬ ਪਹੁੰਚ ਚੁੱਕੇ ਸਨ। ਸਿੱਖਾਂ ਦੀ ਏਨੀ ਵੱਡੀ ਗਿਣਤੀ ਵੇਖ ਕੇ ਪੁਲਿਸ ਬੌਖ਼ਲਾ ਗਈ। ਪੁਲਿਸ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਵੀ ਜਾਣਾ ਚਾਹੁੰਦੀ ਸੀ ਪਰ ਸਿੱਖਾਂ ਦੇ ਜੋਸ਼ ਨੂੰ ਵੇਖ ਕੇ ਪੁਲਿਸ ਚੀਫ਼ ਨੇ ਇਰਾਦਾ ਬਦਲ ਲਿਆ। ਏਨੇ ਵਿਚ ਭਾਰਤੀ ਫ਼ੌਜ ਦੀ ਇਕ ਟੁਕੜੀ ਵੀ ਉੱਥੇ ਪਹੁੰਚ ਗਈ। ਫ਼ੌਜ ਨੇ ਗੁਰੂ ਰਾਮ ਦਾਸ ਸਰਾਂ ਦੇ ਬਾਹਰ ਦੀ ਸੜਕ ਉੱਤੇ ਫ਼ਲੈਗ ਮਾਰਚ ਕਰਨਾ ਸ਼ੁਰੂ ਕਰ ਦਿੱਤਾ। ਫ਼ੌਜ ਨੂੰ ਵੇਖ ਕੇ ਸੰਗਤਾਂ ਵਿਚ ਜੋਸ਼ ਅਤੇ ਗੁੱਸਾ ਵਧ ਗਿਆ। ਸਾਰੇ ਪਾਸੇ ਜੈਕਾਰੇ ਲੱਗਣੇ ਸ਼ੁਰੂ ਹੋ ਗਏ। ਅਜਿਹਾ ਜਾਪਦਾ ਸੀ ਕਿ ਲੋਕ ਬੇਕਾਬੂ ਹੋ ਜਾਣਗੇ। ਪੁਲਿਸ ਨੇ ਇਹ ਹਾਲਤ ਵੇਖ ਕੇ ਫ਼ੌਜ ਨੂੰ ਵਾਪਸ ਭੇਜ ਦਿੱਤਾ।

ਫ਼ੌਜ ਦੇ ਜਾਣ ਤੋਂ ਬਾਅਦ ਪੁਲਿਸ ਨੇ ਮੰਜੀ ਸਾਹਿਬ ਦੇ ਹਾਲ ਵਿਚ ਗੈਸ ਅਤੇ ਡਾਂਗਾਂ ਦੀ ਵਰਤੋਂ ਸ਼ੁਰੂ ਕਰ ਦਿੱਤੀ। ਪੁਲਿਸ ਨੇ ਅੰਨ੍ਹੇਵਾਹ ਲਾਠੀਚਾਰਜ ਕਰਨਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਲੋਕ ਮੰਜੀ ਸਾਹਿਬ ਤੋਂ ਦਰਬਾਰ ਸਾਹਿਬ ਦੀ ਪ੍ਰਕਰਮਾ ਵਲ ਚਲੇ ਗਏ। ਕੁਝ ਚਿਰ ਮਗਰੋਂ ਪੁਲਿਸ ਨੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਟੀਅਰ ਗੈਸ ਦੇ ਗੋਲੇ ਸੁੱਟਣੇ ਸ਼ੁਰੂ ਕਰ ਦਿੱਤੇ। ਪੁਲਿਸ ਲੰਗਰ ਅਤੇ ਪ੍ਰਕਰਮਾ ਤੋਂ ਇਲਾਵਾ ਦਰਬਾਰ ਸਾਹਿਬ ਦੇ ਨਾਲ ਦੇ ਮਕਾਨਾਂ ਦੀਆਂ ਛੱਤਾਂ 'ਤੇ ਵੀ ਚੜ੍ਹ ਗਈ। ਪੁਲਿਸ ਨੇ ਲੰਗਰ, ਪ੍ਰਕਾਸ਼ ਅਸਥਾਨ ਤੇ ਭਾਈ ਚੇਤ ਸਿੰਘ ਦੇ ਮਕਾਨ ਤੋਂ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਟੀਅਰ ਗੈਸ ਦੇ ਗੋਲੇ ਸੁੱਟੇ ਅਤੇ ਗੋਲੀਆਂ ਚਲਾਈਆਂ। ਪੁਲਿਸ ਨੇ ਇੱਟਾਂ-ਪੱਥਰ ਵੀ ਮਾਰੇ। ਪੁਲਿਸ ਦੀ ਅਥਰੂ-ਗੈਸ ਦਰਬਾਰ ਸਾਹਿਬ ਦੇ ਅੰਦਰ ਤਕ ਵੀ ਪਹੁੰਚ ਗਈ। ਪੁਲਿਸ ਦੀਆਂ ਗੋਲੀਆਂ ਦੇ ਨਿਸ਼ਾਨ ਅਕਾਲ ਤਖ਼ਤ ਸਾਹਿਬ 'ਤੇ ਲਗੇ ਹੋਏ ਸਾਫ਼ ਨਜ਼ਰ ਆਉਂਦੇ ਸਨ।

ਪੁਲਿਸ ਚਾਹੁੰਦੀ ਸੀ ਕਿ ਘੱਟੋ-ਘੱਟ 4 ਜੁਲਾਈ ਨੂੰ ਤਾਂ ਜਥਾ ਗ੍ਰਿਫ਼ਤਾਰੀ ਨਾ ਦੇ ਸਕੇ ਤਾਂ ਜੋ ਉਹ ਇਹ ਆਖ ਸਕਣ ਕਿ ਮੋਰਚਾ ਫੇਲ੍ਹ ਹੋ ਗਿਆ ਹੈ। ਦਰਬਾਰ ਸਾਹਿਬ 'ਤੇ ਕਬਜ਼ਾ ਕਰਨ ਤੋਂ ਬਾਅਦ ਪੁਲਿਸ ਨੂੰ ਯਕੀਨ ਹੋ ਗਿਆ ਸੀ ਕਿ ਘੱਟੋ-ਘੱਟ ਇਸ ਦਿਨ ਤਾਂ ਜਥਾ ਜੇਲ੍ਹ ਨਹੀਂ ਜਾ ਸਕੇਗਾ। ਪਰ, ਸਿੱਖਾਂ ਨੇ ਮੰਜੀ ਸਾਹਿਬ ਦੀ ਬਜਾਏ ਅਕਾਲ ਤਖ਼ਤ ਸਾਹਿਬ 'ਤੇ ਦੀਵਾਨ ਸਜਾਇਆ। ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਤਾਰਾ ਸਿੰਘ ਠੇਠਰ ਅਤੇ ਜਥੇਦਾਰ ਬੂਟਾ ਸਿੰਘ ਨੇ ਤਕਰੀਰਾਂ ਕੀਤੀਆਂ। ਉੱਥੇ 63 ਨੌਜਵਾਨ ਗ੍ਰਿਫ਼ਤਾਰੀ ਦੇਣ ਲਈ ਅਰਦਾਸ ਕਰ ਕੇ ਟੁਰੇ ਅਤੇ ਉਨਾਂ ਨੇ ਪੁਲਿਸ ਦੀਆਂ ਡਾਂਗਾਂ ਖਾਂਦਿਆਂ ਹੋਇਆਂ ਗ੍ਰਿਫ਼ਤਾਰੀਆਂ ਦਿੱਤੀਆਂ। ਪੁਲਿਸ ਦੀਆਂ ਲਾਠੀਆਂ ਨਾਲ ਅਗਸਤ-ਸਤੰਬਰ 1922 ਵਿਚ ਗੁਰੂ ਦਾ ਬਾਗ਼ ਵਿਚ ਬੀਟੀ ਦੀਆਂ ਡਾਂਗਾਂ ਦੀ ਯਾਦ ਤਾਜ਼ਾ ਹੋ ਗਈ।

ਪੁਲਿਸ ਨੇ ਸਿਰਫ਼ ਦਰਬਾਰ ਸਾਹਿਬ ਕੰਪਲੈਕਸ 'ਤੇ ਹੀ ਨਹੀਂ ਬਲਕਿ ਬਾਬਾ ਅਟੱਲ ਅਤੇ ਕੌਲਸਰ 'ਤੇ ਵੀ ਧਾਵਾ ਬੋਲਿਆ। ਪੁਲਿਸ ਨੇ ਬਾਬਾ ਅਟੱਲ ਦੀ ਸਭ ਤੋਂ ਉਪਰਲੀ ਛੱਤ 'ਤੇ ਮੋਰਚੇ ਗੱਡ ਲਏ ਤੇ ਕੌਲਸਰ ਸਰੋਵਰ ਦੀਆਂ ਪਰਕਰਮਾ ਵਿਚ ਪਰੇਡ ਕੀਤੀ। ਪੁਲਿਸ ਨੇ ਸਭ ਤੋਂ ਘਟੀਆ ਹਰਕਤ ਇਹ ਕੀਤੀ ਕਿ ਦਰਬਾਰ ਸਾਹਿਬ ਵਿਚ ਕੜਾਹ ਪ੍ਰਸ਼ਾਦ ਅਤੇ ਰੋਟੀਆਂ ਲੈ ਜਾਣ ਦੀ ਵੀ ਮਨਾਹੀ ਕਰ ਦਿੱਤੀ। ਪੁਲਿਸ ਨੇ ਕਈ ਬੀਬੀਆਂ ਤੋਂ ਰੋਟੀਆਂ ਖੋਹੀਆਂ, ਉਨ੍ਹਾਂ ਦੀ ਬੇਇਜ਼ਤੀ ਕੀਤੀ ਤੇ ਕਈ ਬੀਬੀਆਂ ਨੂੰ ਗ੍ਰਿਫ਼ਤਾਰ ਵੀ ਕਰ ਲਿਆ। ਪਰ

ਇਸ ਦੇ ਬਾਵਜੂਦ ਅਕਾਲ ਤਖ਼ਤ ਸਾਹਿਬ 'ਤੇ ਸੰਗਤਾਂ ਵੱਲੋਂ ਲਿਆਂਦੇ ਗਏ ਲੰਗਰ ਦਾ ਢੇਰ ਲੱਗ ਗਿਆ ਅਤੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕਰਨੀ ਪਈ ਕਿ ਉਹ ਹੋਰ ਪ੍ਰਸ਼ਾਦੇ ਨਾ ਲਿਆਉਣ।

1965: ਲੁਧਿਆਣਾ ਵਿਚ ਨਲਵਾ ਕਾਨਫ਼ਰੰਸ ਨੇ ਸਿੱਖ ਕੌਮ ਦੇ 'ਆਤਮ ਨਿਰਣੈ' ਦਾ ਮਤਾ ਪਾਸ ਕੀਤਾ

12 ਮਾਰਚ 1965 ਨੂੰ ਸ਼ਰੋਮਣੀ ਕਮੇਟੀ ਦੀ ਸਾਲਾਨਾ ਚੋਣ ਵਿਚ ਚੰਨਣ ਸਿੰਘ ਨੂੰ ਫੇਰ ਪ੍ਰਧਾਨ ਚੁਣ ਲਿਆ ਗਿਆ। ਫਤਹਿ ਸਿੰਘ ਅਕਾਲੀ ਦਲ ਨੇ ਪੰਜਾਬੀ ਸੂਬੇ ਸਬੰਧੀ ਕੋਈ ਵੀ ਸਵਾਲ ਨਾ ਛੇੜਿਆ। ਇਸ ਤਰ੍ਹਾਂ ਕਈ ਮਹੀਨੇ ਪੰਜਾਬ ਦਾ ਮਾਹੌਲ ਪੰਜਾਬੀ ਸੂਬੇ ਦੇ ਚਰਚੇ ਤੋਂ ਖ਼ਾਲੀ ਰਿਹਾ। 2 ਜੂਨ 1965 ਨੂੰ ਇੰਡੀਅਨ ਕਾਂਗਰਸ ਦੀ ਐਗਜ਼ੈਕਟਿਵ ਨੇ ਸਕੂਲਾਂ ਵਿਚ ਤਿੰਨ ਜ਼ਬਾਨਾਂ ਦੀ ਪੜ੍ਹਾਈ ਕਰਵਾਉਣ ਦੇ ਫ਼ਾਰਮੂਲੇ ਦਾ ਮਤਾ ਪਾਸ ਕੀਤਾ। ਹੁਣ ਮਾਸਟਰ ਅਕਾਲੀ ਦਲ ਨੇ ਪੰਜਾਬੀ ਸੂਬੇ ਦਾ ਮਸਲਾ ਫਿਰ ਛੇੜਿਆ। ਇਸ 'ਤੇ ਫਤਹਿ ਸਿੰਘ ਅਕਾਲੀ ਦਲ ਨੇ ਵੀ ਪੰਜਾਬੀ ਸੂਬੇ ਲਈ ਜੱਦੋ-ਜਹਿਦ ਕਰਨ ਬਾਰੇ ਐਲਾਨ ਕਰਨੇ ਸ਼ੁਰੂ ਕਰ ਦਿੱਤੇ ਪਰ ਕਿਸੇ ਠੋਸ ਪ੍ਰੋਗਰਾਮ ਦਾ ਐਲਾਨ ਨਾ ਕੀਤਾ।

ਜੂਨ 1965 ਦੇ ਸ਼ੁਰੂ ਵਿਚ ਦੋਹਾਂ ਅਕਾਲੀ ਦਲਾਂ ਵਿਚ ਏਕਤਾ ਵਾਸਤੇ ਫਿਰ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ। ਪਰ 24 ਜੂਨ 1965 ਨੂੰ ਹੀ ਏਕਤਾ ਦੀਆਂ ਗੱਲਾਂ ਖ਼ਤਮ ਹੋ ਗਈਆਂ ਅਤੇ ਗੱਲਬਾਤ ਫੇਲ੍ਹ ਹੋ ਗਈ। ਪਰ ਅਗਲੇ ਦਿਨ ਹੀ 25 ਜੂਨ ਨੂੰ ਫਤਹਿ ਸਿੰਘ ਤੇ ਗਿਆਨੀ ਭੂਪਿੰਦਰ ਸਿੰਘ ਨੇ ਸਾਂਝਾ ਬਿਆਨ ਦੇ ਕੇ ਸਰਕਾਰ ਨੂੰ 15 ਦਿਨ ਦਾ ਨੋਟਿਸ ਦੇ ਕੇ ਮੰਗ ਕੀਤੀ ਕਿ ਗੁਰਦੁਆਰਿਆਂ ਦੀ ਬੇਹੁਰਮਤੀ ਕਰਨ ਦੀਆਂ ਘਟਨਾਵਾਂ 'ਤੇ ਐਕਸ਼ਨ ਲਿਆ ਜਾਵੇ ਨਹੀਂ ਤਾਂ ਜੱਦੋਜਹਿਦ ਕੀਤੀ ਜਾਵੇਗੀ। 26 ਜੂਨ ਨੂੰ ਅਸੈਂਬਲੀ ਵਿਚ ਦੋਵੇਂ ਅਕਾਲੀ ਗਰੁਪ ਫਿਰ ਇਕ ਹੋ ਗਏ। ਇਸ ਤਰ੍ਹਾਂ ਸਮਝੌਤੇ ਦੀਆਂ ਆਸਾਂ ਇਕ ਵਾਰ ਫੇਰ ਬੱਝ ਗਈਆਂ। ਗਿਆਨੀ ਭੂਪਿੰਦਰ ਸਿੰਘ ਤੇ ਜਸਟਿਸ ਗੁਰਨਾਮ ਸਿੰਘ ਦੋਹਾਂ ਦਲਾਂ ਦੇ ਏਕੇ ਵਾਸਤੇ ਫੇਰ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਦੋਵੇਂ ਆਗੂ ਸਿੱਖ ਸੈਂਟਰਲ ਬੋਰਡ ਵੱਲੋਂ 4 ਜੁਲਾਈ 1965 ਦੇ ਦਿਨ ਲੁਧਿਆਣੇ ਵਿਖੇ ਕੀਤੀ ਗਈ 'ਨਲਵਾ ਕਾਨਫ਼ਰੰਸ' 'ਤੇ ਇਕੱਠੇ ਹੋਏ। ਇਸ ਕਾਨਫ਼ਰੰਸ ਵਿਚ ਗੁਰਨਾਮ ਸਿੰਘ ਨੇ ਇਕ ਮਤਾ ਪੇਸ਼ ਕੀਤਾ ਜਿਸ ਦੀ ਤਾਈਦ ਗਿਆਨੀ ਭੂਪਿੰਦਰ ਸਿੰਘ ਨੇ ਕੀਤੀ। ਇਸ ਮਤੇ ਨੂੰ ਬਾਅਦ ਵਿਚ '**ਆਤਮ ਨਿਰਣੇ**' ਦੇ ਮਤੇ ਨਾਲ ਯਾਦ ਕੀਤਾ ਜਾਂਦਾ ਰਿਹਾ। ਮਤੇ ਦੇ ਲਫ਼ਜ਼ ਸਨ: **"ਇਹ ਕਾਨਫ਼ਰੰਸ ਵਿਚਾਰਾਂ ਮਗਰੋਂ ਇਸ ਸਿੱਟੇ 'ਤੇ ਪੁਜੀ ਹੈ ਕਿ ਸਿੱਖਾਂ ਕੋਲ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਭਾਰਤੀ ਰੀਪਬਲਿਕ ਅੰਦਰ ਆਪ ਫ਼ੈਸਲਾ ਕਰਨ (ਆਤਮ ਨਿਰਣੈ) ਦਾ ਸਿਆਸੀ ਦਰਜਾ ਹਾਸਿਲ ਕਰਨ ਤੋਂ ਬਿਨਾਂ ਹੋਰ ਕੋਈ ਬਦਲ ਨਹੀਂ।"** ਇਸ ਮਤੇ ਦੀ ਹਿਮਾਇਤ ਮਾਸਟਰ ਅਕਾਲੀ ਦਲ ਨੇ ਕੀਤੀ। ਹੋਰ ਵੀ ਕਈ ਪਾਸਿਆਂ ਤੋਂ ਹਿਮਾਇਤ ਹੋਈ ਪਰ ਫਤਹਿ ਸਿੰਘ ਅਕਾਲੀ ਦਲ ਦੇ ਲਛਮਣ ਸਿੰਘ ਗਿੱਲ ਨੇ ਇਸ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਸਿੱਖ ਸਟੇਟ ਦੀ ਮੰਗ ਹੈ।

1986: ਗੱਜਣ ਸਿੰਘ ਹਰਸਾ ਛੀਨਾ, ਦਲਬੀਰ ਸਿੰਘ ਬਿੱਲਾ ਤੇ ਰੇਸ਼ਮ ਸਿੰਘ ਮਲਮੋਰੀ ਨਕਲੀ ਮੁਕਾਬਲੇ ਵਿਚ ਸ਼ਹੀਦ

ਚਾਰ ਜੁਲਾਈ 1986 ਦੇ ਦਿਨ ਪੁਲਸ ਨੇ ਹਰਸਾ ਛੀਨਾ (ਅੰਮ੍ਰਿਤਸਰ) ਦਾ ਗੱਜਣ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਝਬਾਲ ਕੋਲ ਪਿੰਡ ਮਲੂਵਾਲ ਵਿਚ ਮਸ਼ਹੂਰ ਖਾੜਕੂ ਦਲਬੀਰ ਸਿੰਘ ਬਿੱਲਾ (ਪੁੱਤਰ ਸਰਦੂਲ ਸਿੰਘ, ਵਾਸੀ ਵਰਪਾਲ) ਤੇ

ਰੇਸ਼ਮ ਸਿੰਘ (ਵਾਸੀ ਪਿੰਡ ਮਲਮੋਰੀ) ਨੂੰ ਵੀ ਸ਼ਹੀਦ ਕੀਤਾ ਗਿਆ। ਪੁਲਸ ਨੇ ਦਲਬੀਰ ਸਿੰਘ ਉੱਤੇ 100 ਕਤਲ ਕੇਸ ਪਾਏ ਹੋਏ ਸਨ।

1987: ਸੁਖਵੰਤ ਸਿੰਘ ਵਲਟੋਹਾ ਤੇ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

ਚਾਰ ਜੁਲਾਈ 1987 ਦੇ ਦਿਨ ਪੁਲਸ ਨੇ ਸੁਖਵੰਤ ਸਿੰਘ ਨੂੰ ਵਲਟੋਹੇ ਨੇੜੇ ਜੋਧੇ ਵਾਲਾ ਪਿੰਡ ਵਿਚ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਲੋਪੋਕੇ ਕੋਲ ਕੋਟਲਾ ਬਠਾਣਾ ਵਿਚ ਇਕ ਤੇ ਕਾਉਂਕੇ ਪਿੰਡ (ਜ਼ਿਲ੍ਹਾ ਲੁਧਿਆਣਾ) ਵਿਚ ਵੀ ਇਕ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

1990: ਵਜ਼ੀਰ ਸਿੰਘ ਵਜ਼ੀਰਾ ਸੈਦੋਲੇਲ ਨਕਲੀ ਮੁਕਾਬਲੇ ਵਿਚ ਸ਼ਹੀਦ

4 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਵਜ਼ੀਰ ਸਿੰਘ ਵਜ਼ੀਰਾ (ਵਾਸੀ ਸੈਦੋਲੇਲ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਮਨਜੀਤ ਸਿੰਘ ਫੱਤੂਬਿੱਲਾ, ਸੰਤੋਖ ਸਿੰਘ ਸਾਰੋਂ, ਕੁਲਵੰਤ ਸਿੰਘ ਫੌਜੀ ਛੋਟੇ ਬਾਂਦੇ ਤੇ ਸੁਖਬੀਰ ਸਿੰਘ ਅਮਰੀਕਨ ਨਕਲੀ ਮੁਕਾਬਲੇ ਵਿਚ ਸ਼ਹੀਦ

4 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਮਨਜੀਤ ਸਿੰਘ ਮੰਨੀ ਉਰਫ਼ ਲਾਟੀ (ਪੁੱਤਰ ਦੀਦਾਰ ਸਿੰਘ, ਵਾਸੀ ਫੱਤੂਬਿੱਲਾ, ਕੱਥੂਨੰਗਲ) ਤੇ ਸੰਤੋਖ ਸਿੰਘ (ਪੁੱਤਰ ਸ਼ੇਰ ਸਿੰਘ, ਵਾਸੀ ਸਾਰੋਂ, ਸੰਗਰੂਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਕੁਲਵੰਤ ਸਿੰਘ ਫੌਜੀ (ਵਾਸੀ ਛੋਟੇ ਬਾਂਦੇ) ਤੇ ਸੁਖਬੀਰ ਸਿੰਘ (ਵਾਸੀ ਅਮਰੀਕਾ) ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਜਗਤਾਰ ਸਿੰਘ ਜੱਗੂ ਵੈਰੋਵਾਲ, ਬਿੰਦਰ ਸਿੰਘ, ਮੁਖਤਿਆਰ ਸਿੰਘ ਮੁੱਖਾ ਜਮਸਪੁਰ, ਕਮਲਜੀਤ ਸਿੰਘ ਹਰਗਨਾ, ਬਲਦੇਵ ਸਿੰਘ ਭੰਗਣਾ, ਜੱਸਾ ਸਿੰਘ ਲੱਖੜ, ਬੇਕਾਰ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਚਾਰ ਜੁਲਾਈ 1992 ਦੇ ਦਿਨ ਪੁਲਸ ਨੇ ਜਗਤਾਰ ਸਿੰਘ ਜੱਗੂ (ਪੁੱਤਰ ਬੰਤਾ ਸਿੰਘ, ਵਾਸੀ ਵੈਰੋਵਾਲ), ਬਿੰਦਰ ਸਿੰਘ, ਮੁਖਤਿਆਰ ਸਿੰਘ ਮੁੱਖਾ (ਪੁੱਤਰ ਜਰਨੈਲ ਸਿੰਘ, ਵਾਸੀ ਜਮਸਪੁਰ), ਕਮਲਜੀਤ ਸਿੰਘ ਹਰਗਨਾ, ਬਲਦੇਵ ਸਿੰਘ ਭੰਗਣਾ, ਜੱਸਾ ਸਿੰਘ (ਪੁੱਤਰ ਸੁੱਧ ਸਿੰਘ, ਵਾਸੀ ਲੱਖੜ ਸਿੰਘ), ਬੇਕਾਰ ਸਿੰਘ (ਪੁੱਤਰ ਸੱਜਣ ਸਿੰਘ, ਵਾਸੀ ਧੂਤ) ਤੇ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

2012: ਸਾਇੰਸਦਾਨਾਂ ਨੇ ਕੁਦਰਤ ਦੀ ਰਚਨਾ ਦਾ 12ਵਾਂ ਤੱਤ 'ਹਿਗਸ ਬੋਸਨ' (ਗੱਡ ਪਾਰਟੀਕਲ) ਲੱਭ ਲੈਣ ਦਾ ਐਲਾਨ ਕੀਤਾ।

4 ਜੁਲਾਈ 2012 ਦੇ ਦਿਨ ਸਵਿਟਰਜ਼ਰਲੈਂਡ ਵਿਚ ਸਾਇੰਸਦਾਨਾਂ ਨੇ 'ਹਿਗਸ ਬੋਸਨ' (Higgs Bosun) ਨਾਂ ਦਾ ਇਕ ਤੱਤ (ਜਿਸ ਨੂੰ God Particle ਵੀ ਕਿਹਾ ਗਿਆ) ਲੱਭ ਲੈਣ ਦਾ ਐਲਾਨ ਕੀਤਾ। ਖੋਜ ਕਰਨ ਵਾਲੀ ਇਸ ਇੰਸਟੀਚਿਊਟ ਵਿਚ 3000 ਸਾਇੰਸਦਾਨ ਤੇ ਅਸਿਸਟੈਂਟ ਕੰਮ ਕਰਦੇ ਹਨ ਤੇ ਡਾ: ਗਿਆਨੋਟੀ ਇਸ ਦਾ ਮੁਖੀ ਹੈ। ਇਸ ਤੱਤ ਦਾ ਨਾਂ 83 ਸਾਲਾ ਸਾਇੰਸਦਾਨ ਪੀਟਰ ਹਿਗਸ (ਜਿਸ ਨੇ ਇਸ ਤੱਤ ਦੀ ਖੋਜ ਦਾ ਮੁਢਲਾ ਕੰਮ ਕੀਤਾ ਸੀ) ਦੇ ਨਾਂ 'ਤੇ ਰੱਖਿਆ ਗਿਆ ਹੈ। ਕੁਦਰਤ ਵਿਚ ਕੁਲ 12 ਤੱਤ ਮੰਨੇ ਗਏ ਹਨ

ਜਿਨ੍ਹਾਂ ਵਿਚੋਂ ਸਾਇੰਸਦਾਨਾਂ ਨੇ 11 ਪਹਿਲਾਂ ਹੀ ਲੱਭ ਲਏ ਸੀ ਤੇ ਹੁਣ ਇਹ ਆਖ਼ਰੀ ਲੱਭਣ ਮਗਰੋਂ ਉਨ੍ਹਾਂ ਨੇ ਕੁਦਰਤ ਦੀ ਰਚਨਾ ਦਾ ਸਾਰਾ ਰਾਜ਼ ਪਤਾ ਕਰ ਲੈਣ ਦਾ ਦਾਅਵਾ ਕੀਤਾ ਹੈ। ਚੇਤੇ ਰਹੇ ਕਿ ਬਹੁਤਿਆਂ ਧਾਰਮਿਕ ਫ਼ਲਸਫ਼ਿਆਂ ਵਿਚ ਪੰਜ ਤੱਤਾਂ (ਧਰਤੀ/ਮਿੱਟੀ, ਹਵਾ, ਪਾਣੀ, ਅੱਗ, ਆਕਾਸ਼) ਦੀ ਰਚਨਾ ਮੰਨੀ ਗਈ ਹੈ।

2014: ਰਘਬੀਰ ਸਿੰਘ ਸਮੱਖ ਚੜ੍ਹਾਈ ਕਰ ਗਏ

ਸ. ਰਘਬੀਰ ਸਿੰਘ ਸਮੱਖ, ਡਾਇਰੈਕਟਰ 'ਗੁਰਬਾਣੀ ਟੀ.ਵੀ.' ਕਨੇਡਾ 4 ਜੁਲਾਈ 2014 ਦੇ ਦਿਨ ਚੜ੍ਹਾਈ ਕਰ ਗਏ। ਉਨ੍ਹਾਂ ਨੇ 24 ਸਾਲ ਇਸ ਪ੍ਰੋਗਰਾਮ ਨੂੰ ਚਲਾਇਆ ਸੀ ਤੇ ਇਸ ਪ੍ਰੋਗਰਾਮ ਨੇ ਸਿੱਖੀ ਦੀ ਬਹੁਤ ਚੱਡੀ ਸੇਵਾ ਕੀਤੀ ਸੀ। ਉਨ੍ਹਾਂ ਦੇ ਜਾਣ ਨਾਲ ਸਿੱਖ ਮਿਸ਼ਨਰੀ ਲਹਿਰ ਨੂੰ ਬਹੁਤ ਵੱਡਾ ਘਾਟਾ ਪਿਆ।

5 ਜੁਲਾਈ

1799: ਰਣਜੀਤ ਸਿੰਘ ਤੇ ਸਦਾ ਕੌਰ ਫ਼ੌਜਾਂ ਲੈ ਕੇ ਲਾਹੌਰ 'ਤੇ ਕਬਜ਼ਾ ਕਰਨ ਵਾਸਤੇ ਪੁੱਜੇ

1799 ਵਿਚ ਲਾਹੌਰ ਉੱਤੇ ਭੰਗੀ ਮਿਸਲ ਦਾ ਕਬਜ਼ਾ ਸੀ। ਚੇਤ ਸਿੰਘ ਭੰਗੀ ਸ਼ਹਿਰ ਦਾ ਨਾਜ਼ਮ ਸੀ। ਉਹ ਤਾਕਤ ਦੇ ਮਾਹੌਲ ਵਿਚ ਜੰਮਿਆ ਸੀ। ਸਿੱਖ ਧਰਮ ਦੀ ਸਿਖਿਆ ਉਸ ਦੇ ਨੇੜਿਓਂ ਵੀ ਨਹੀਂ ਸੀ ਲੰਘੀ। ਹਾਕਮ ਹੋਣ ਦੀ ਸੋਚ ਨਾਲ ਉਹ ਮੁਗਲਾਂ ਵਾਲੇ ਰਸਤੇ 'ਤੇ ਹੀ ਚਲ ਪਿਆ ਸੀ। ਉਹ ਆਕੜ-ਖੋਰ, ਨਸ਼ੱਈ, ਧੱਕੇ-ਖੋਰ ਵੀ ਬਣ ਗਿਆ ਸੀ। ਜੂਨ 1799 ਵਿਚ ਉਸ ਨੇ ਇਕ ਅਜਿਹੀ ਹਰਕਤ ਕੀਤੀ ਜਿਸ ਨੇ ਸ਼ਹਿਰ ਦੇ ਸਾਰੇ ਅਮੀਰਾਂ-ਵਜ਼ੀਰਾਂ ਨੂੰ ਉਸ ਦਾ ਮੁਖਾਲਿਫ਼ ਬਣਾ ਦਿਤਾ। ਉਸ ਨੇ ਸ਼ਹਿਰ ਦੇ ਇਕ ਸ਼ਰੀਫ਼, ਦਾਨੇ ਅਤੇ ਮੋਹਤਬਰ ਆਦਮੀ ਮੀਆਂ ਬਦਾ-ਉਦ-ਦੀਨ ਨੂੰ ਐਵੇਂ ਇਕ ਨਿੱਕੀ ਜਹੀ ਗੱਲ ਤੋਂ ਗੁੱਸੇ ਹੋ ਕੇ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਸੁੱਟ ਦਿਤਾ। ਸ਼ਹਿਰ ਦੇ ਬਹੁਤ ਸਾਰੇ ਸਿਰਕਰਦਾ ਆਗੂਆਂ ਨੇ ਮੀਆਂ ਨੂੰ ਰਿਹਾ ਕਰਨ ਵਾਸਤੇ ਅਪੀਲ ਕੀਤੀ। ਪਰ ਚੇਤ ਸਿੰਘ ਨੇ ਇਨ੍ਹਾਂ ਦੀ ਜ਼ਰਾ ਵੀ ਪਰਵਾਹ ਨਾ ਕੀਤੀ। ਅਖ਼ੀਰ ਕੁਝ ਸੀਨੀਅਰ ਸ਼ਹਿਰੀ, ਜਿਨ੍ਹਾਂ ਵਿਚ ਹਕੀਮ ਹਾਕਮ ਗਏ, ਮੀਆਂ ਆਸ਼ਿਕ ਮੁਹੰਮਦ, ਮੀਆਂ ਮੁਹਕਮ ਦੀਨ, ਮੁਹੰਮਦ ਬਾਕਿਰ, ਮੁਫ਼ਤੀ ਮੁਕੱਰਮ, ਸੀਰ ਸ਼ਾਅਦੀ, ਭਾਈ ਗੁਰਬਖਸ਼ ਸਿੰਘ ਅਤੇ ਕੁਝ ਹੋਰਨਾਂ ਨੇ ਇਕੱਠੇ ਬੈਠ ਕੇ ਫ਼ੈਸਲਾ ਕੀਤਾ ਕਿ ਚੇਤ ਸਿੰਘ ਭੰਗੀ ਦੀ ਥਾਂ ਕਿਸੇ ਹੋਰ ਨੂੰ ਲਾਹੌਰ ਸ਼ਹਿਰ ਦਾ ਨਿਜ਼ਾਮ ਚਲਾਉਣ ਵਾਸਤੇ ਆਖਿਆ ਜਾਵੇ। ਸੋਚ-ਵਿਚਾਰ ਕਰਨ ਮਗਰੋਂ ਇਨ੍ਹਾਂ ਨੇ ਇਕ ਖ਼ਤ ਲਿਖ ਕੇ, ਸ਼ੁਕਰਚਕੀਆ ਮਿਸਲ ਦੇ 19 ਸਾਲਾ ਨੌਜਵਾਨ ਮੁਖੀ, ਰਣਜੀਤ ਸਿੰਘ ਗੁਜਰਾਂਵਾਲਾ, ਨੂੰ ਭੇਜਿਆ ਅਤੇ ਲਾਹੌਰ 'ਤੇ ਕਬਜ਼ਾ ਕਰ ਕੇ ਇਥੋਂ ਦੀ ਹਕੂਮਤ ਸੰਭਾਲਣ ਦੀ ਅਰਜ਼ ਕੀਤੀ। ਉਨ੍ਹਾਂ ਨੇ ਰਣਜੀਤ ਸਿੰਘ ਨੂੰ ਯਕੀਨ ਦਿਵਾਇਆ ਕਿ ਸਾਰੇ ਸਿਰਕਰਦਾ ਸ਼ਹਿਰੀ, ਅਮੀਰ-ਵਜ਼ੀਰ ਤੇ ਹੋਰ ਆਗੂ ਉਸ ਦਾ ਸਾਥ ਦੇਣਗੇ। ਰਣਜੀਤ ਸਿੰਘ ਨੇ ਇਸ ਚਿੱਠੀ ਬਾਰੇ ਆਪਣੀ ਸੱਸ ਸਦਾ ਕੌਰ (ਮੁਖੀ ਨੱਕਈ ਮਿਸਲ) ਨਾਲ ਗੱਲਬਾਤ ਕੀਤੀ। ਉਸ ਨੇ ਆਪਣੇ ਜੁਆਈ ਦੀ ਪੂਰੀ ਮਦਦ ਕਰਨ ਦਾ ਵਾਅਦਾ ਕੀਤਾ (ਤੇ ਲੋੜ ਪੈਣ 'ਤੇ ਫ਼ੌਜ ਦੀ ਆਪ ਅਗਵਾਈ ਕਰ ਕੇ ਮੁਹਿੰਮ ਵਿਚ ਸ਼ਾਮਿਲ ਵੀ ਹੋਈ)। 5 ਜੁਲਾਈ 1799 ਦੇ ਦਿਨ ਰਣਜੀਤ ਸਿੰਘ ਤੇ ਸਦਾ ਕੌਰ 5 ਹਜ਼ਾਰ ਦੇ ਕਰੀਬ ਫ਼ੌਜਾਂ ਲੈ ਕੇ ਲਾਹੌਰ ਦੀਆ ਹੱਦਾਂ ਤੋਂ ਕੁਝ ਦੂਰ ਪਹੁੰਚ ਗਏ।

ਇਸ ਵੇਲੇ ਤਕ 'ਸਰਬੱਤ ਖ਼ਾਲਸਾ', ਸਿੱਖ ਮਿਸਲਾਂ ਜਾਂ ਆਗੂਆਂ ਦਾ ਸਾਂਝਾ ਇਕੱਠ ਤਕਰੀਬਨ ਆਖਰੀ ਸਾਹਾਂ 'ਤੇ ਸੀ। ਸੰਨ 1783 ਵਿਚ ਜੱਸਾ ਸਿੰਘ ਆਹਲੂਵਾਲੀਆ ਦੀ ਮੌਤ ਮਗਰੋਂ ਸਿੱਖ ਮਿਸਲਾਂ ਆਪਣਾ ਇਕ ਆਗੂ ਨਹੀਂ ਸਨ ਚੁਣ ਸਕੀਆਂ। ਦਰਅਸਲ ਉਹ 1783

ਤੋਂ ਪਹਿਲਾਂ ਹੀ ਆਪਸ ਵਿਚ ਤਾਕਤ ਖੋਹਣ ਦੀ ਜੰਗ ਵਲ ਟੁਰ ਚੁਕੀਆਂ ਸਨ ਤੇ ਉਨ੍ਹਾਂ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ ਵੀ ਨਜ਼ਰ-ਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ ਸੀ। ਸਿੱਖ ਕੌਮ ਵਿਚਲੇ ਇਤਹਾਦ, ਭਾਈਚਾਰਕ ਸੋਚ ਤੇ ਪੰਥਕ ਲਹਿਰ ਦਾ ਇਹ ਇਕ ਤਰ੍ਹਾਂ ਨਾਲ ਨਿਘਾਰ ਸੀ। ਇਸ ਨੂੰ ਉਸ ਵੇਲੇ ਸ਼ਾਇਦ ਰੋਕਿਆ ਜਾ ਸਕਦਾ ਸੀ ਪਰ ਕਿਉਂਕਿ ਬੇਲਾਗ, ਸੱਚੇ-ਸੁੱਚੇ ਪਹਿਲੀ ਕਤਾਰ ਦੇ ਸਾਰੇ ਆਗੂ ਚੜ੍ਹਾਈ ਕਰ ਚੁਕੇ ਸਨ। ਉਨ੍ਹਾਂ ਦੇ ਜਿੱਤੇ ਇਲਾਕਿਆਂ ਦੇ ਨਾਮ/ਮਾਲਿਕ ਯਾਨਿ ਵਾਰਿਸ ਉਹ ਸਨ ਜੋ ਸਿੱਖ ਫ਼ਲਸਫ਼ੇ ਤੋਂ ਬਹੁਤਾ ਕਰ ਕੇ ਅਣਜਾਣ ਸਨ। ਉਹ ਸਿੱਖ ਰਾਜ ਨੂੰ ਨਿਜੀ ਰਾਜ ਸਮਝਦੇ ਹੋਏ ਪਲੇ ਤੇ ਵੱਡੇ ਹੋਏ ਸਨ।
ਇਸ ਕਰ ਕੇ ਇਕ ਵਾਰ ਸ਼ੁਰੂ ਹੋਏ ਪੁੱਠੇ-ਗੇੜ ਨੂੰ ਕੋਈ ਠਲ੍ਹ ਨਾ ਪਈ। ਨੌਜਵਾਨ ਰਣਜੀਤ ਸਿੰਘ ਨੂੰ ਲਾਹੌਰ 'ਤੇ ਕਬਜ਼ਾ ਕਰਨ ਦਾ ਸੱਦਾ ਦੇਣਾ, ਭਰਾ-ਮਾਰੂ ਜੰਗ ਅਤੇ ਵਧ ਤੋਂ ਵਧ ਤਾਕਤ ਇਕੱਠੀ ਕਰਨ ਦੀ ਅ-ਸਿੱਖ ਸੋਚ ਦੀ ਸ਼ੁਰੂਆਤ ਸੀ। ਹਿੰਦੂ ਮਿਥਹਾਸ ਵਿਚ ਆਪਣੀ ਹਕੂਮਤ ਦੇ ਆਲੇ ਦੁਆਲੇ ਦੇ ਦੇਸ਼ਾਂ ਵਿਚ ਘੋੜਾ ਫੇਰ ਕੇ 'ਚਕਰਵਰਤੀ ਰਾਜ' ਕਾਇਮ ਕਰ ਕੇ ਲੋਕਾਂ ਨੂੰ ਆਪਣੇ ਗ਼ੁਲਾਮ ਬਣਾਉਣ ਵਾਲਾ ਤਰੀਕਾ, ਰਣਜੀਤ ਸਿੰਘ ਵੱਲੋਂ ਲਾਹੌਰ 'ਤੇ ਕਬਜ਼ਾ ਕਰਨ ਨਾਲ, ਸਿੱਖ ਤਵਾਰੀਖ਼ ਵਿਚ ਵੀ ਸ਼ੁਰੂ ਹੋ ਗਿਆ ਸੀ।

1856: ਸਿੰਘਾਪੁਰ ਦੀ ਜੇਲ੍ਹ ਵਿਚ ਪੰਥ ਰਤਨ ਭਾਈ ਮਹਾਰਾਜ ਸਿੰਘ ਨੌਰੰਗਾਬਦੀ ਦੀ ਸ਼ਹੀਦੀ

ਗੁਜਰਾਤ ਵਿਚ ਅੰਗਰੇਜ਼ਾਂ ਨਾਲ ਜੰਗ ਵਿਚ ਸਿੱਖਾਂ ਦੀ ਹਾਰ ਮਗਰੋਂ ਚਤਰ ਸਿੰਘ ਅਤੇ ਸ਼ੇਰ ਸਿੰਘ ਅਟਾਰੀਵਾਲਿਆਂ ਰਾਜਿਆਂ ਨੇ ਹਥਿਆਰ ਸੁੱਟ ਦਿੱਤੇ, ਪਰ, ਭਾਈ ਮਹਾਰਾਜ ਸਿੰਘ ਨੌਰੰਗਾਬਾਦੀ ਇਸ ਦੇ ਹੱਕ ਵਿਚ ਨਹੀਂ ਸਨ। ਉਹ ਅਜੇ ਘਟੋ-ਘਟ ਇਕ ਹੋਰ ਲੜਾਈ ਜ਼ਰੂਰ ਲੜਨਾ ਚਾਹੁੰਦੇ ਸਨ। ਪਰ ਕਰਨਲ ਰਛਪਾਲ ਸਿੰਘ ਤੋਂ ਸਿਵਾ ਹੋਰ ਕੋਈ ਵੀ ਭਾਈ ਮਹਾਰਾਜ ਸਿੰਘ ਦਾ ਸਾਥ ਦੇਣ ਵਾਸਤੇ ਤਿਆਰ ਨਹੀਂ ਸੀ।

ਰਾਵਲਪਿੰਡੀ ਵਿਚ ਅਟਾਰੀਵਾਲਿਆਂ ਅਤੇ ਹੋਰਨਾਂ ਵੱਲੋਂ ਹਥਿਆਰ ਸੁੱਟਣ ਦੀ ਰਸਮ ਵੇਲੇ ਭਾਈ ਮਹਾਰਾਜ ਸਿੰਘ ਇਨ੍ਹਾਂ ਦੇ ਨਾਲ ਸ਼ਾਮਿਲ ਨਹੀਂ ਹੋਇਆ। ਉਹ ਉੱਥੋਂ ਨਿਕਲ ਕੇ ਕਸ਼ਮੀਰ ਵਲ ਨੂੰ ਚਲਾ ਗਿਆ। ਉਹ ਕੁਝ ਚਿਰ ਪਿੰਡ ਦੇਵੀ ਬਟਾਲਾ ਵਿਚ ਠਹਿਰਿਆ। ਇੱਥੇ ਉਸ ਨੇ ਕੁਝ ਸਾਥੀਆਂ ਨਾਲ ਰਾਬਤਾ ਬਣਾਇਆ। ਛੇਤੀ ਉਸ ਦੇ ਕੁਝ ਸਾਥੀ ਉਸ ਨਾਲ ਸ਼ਾਮਿਲ ਹੋ ਗਏ। ਹੁਣ ਉਸ ਨੇ ਚੰਬੀ ਵਿਚ ਡੇਰੇ ਲਾ ਲਏ। ਇੱਥੋਂ ਉਹ ਵੱਖ-ਵੱਖ ਥਾਂਵਾਂ 'ਤੇ ਜਾਂਦਾ ਰਿਹਾ ਅਤੇ ਬਹੁਤ ਸਾਰੇ ਸਿੱਖਾਂ ਨੂੰ ਮਿਲਦਾ ਰਿਹਾ। ਇੱਥੇ ਉਸ ਨੂੰ ਪਤਾ ਲੱਗਾ ਕਿ ਦਲੀਪ ਸਿੰਘ ਨੂੰ ਗੱਦੀ ਤੋਂ ਲਾਹ ਕੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਇਆ ਜਾ ਚੁਕਾ ਹੈ। ਹੁਣ ਭਾਈ ਮਹਾਰਾਜ ਸਿੰਘ ਨੇ ਦਲੀਪ ਸਿੰਘ ਨੂੰ ਅਗਵਾ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਜਿਨ੍ਹਾਂ ਨੂੰ ਇਹ ਡਿਊਟੀ ਸੌਂਪੀ ਗਈ ਸੀ ਉਹ ਬਿਨਾਂ ਕੁਝ ਹਾਸਿਲ ਕੀਤਿਆਂ ਹੀ ਗ੍ਰਿਫ਼ਤਾਰ ਹੋ ਗਏ। ਇਸ ਨਾਲ ਅੰਗਰੇਜ਼ਾਂ ਨੇ ਦਲੀਪ ਸਿੰਘ ਦੀ ਸਕਿਉਰਿਟੀ ਵਧਾ ਦਿੱਤੀ ਤੇ ਉਹ ਇਕ ਤਰ੍ਹਾਂ ਨਾਲ ਕੈਦੀ ਹੀ ਬਣਾ ਲਿਆ ਗਿਆ। ਇਸ ਦੇ ਨਾਲ ਹੀ ਅੰਗਰੇਜ਼ਾਂ ਨੇ ਦਲੀਪ ਸਿੰਘ ਨੂੰ ਪੰਜਾਬ ਵਿਚੋਂ ਕੱਢਣ ਦਾ ਫ਼ੈਸਲਾ ਕਰ ਲਿਆ।

ਜੂਨ ਤੋਂ ਅਕਤੂਬਰ 1849 ਤਕ ਭਾਈ ਮਹਾਰਾਜ ਸਿੰਘ ਸੁਜੋਵਾਲ (ਬਟਾਲਾ ਨੇੜੇ) ਰਿਹਾ। ਕਿਉਂਕਿ ਉਸ ਕੋਲ ਤੇ ਉਸ ਦੇ ਸਾਥੀਆਂ ਕੋਲ ਪੈਸੇ ਦੀ ਕਮੀ ਸੀ, ਇਸ ਕਰ ਕੇ ਉਸ ਨੇ ਆਪਣੇ ਸਾਥੀਆਂ ਨੂੰ ਹਥਿਆਰਾਂ ਅਤੇ ਪੈਸਿਆਂ ਦਾ ਇੰਤਜ਼ਾਮ ਕਰਨ ਵਾਸਤੇ ਵੱਖ-ਵੱਖ ਇਲਾਕਿਆਂ ਵਿਚ ਭੇਜਿਆ। ਬਹੁਤ ਸਾਰੇ ਸਿੱਖਾਂ ਨੇ ਉਨ੍ਹਾਂ ਨੂੰ ਮਦਦ ਦਾ ਯਕੀਨ ਦਿਵਾਇਆ। ਭਾਈ ਮਹਾਰਾਜ ਸਿੰਘ ਨੇ ਕਾਬਲ ਦੇ ਅਮੀਰ ਦੋਸਤ ਮੁਹੰਮਦ ਖ਼ਾਨ ਨਾਲ ਵੀ ਰਾਬਤਾ ਕੀਤਾ। ਉਸ ਨੇ ਮਦਦ ਕਰਨ ਦਾ 'ਵਾਅਦਾ' ਕੀਤਾ (ਦਰਅਸਲ ਲਾਰਾ ਲਾਇਆ)।

ਇਧਰ ਭਾਈ ਮਹਾਰਾਜ ਸਿੰਘ ਨੇ ਲੋਕਾਂ ਨੂੰ ਜਗਾਉਣ ਵਾਸਤੇ ਗ੍ਰੰਥੀਆਂ ਤੇ ਪ੍ਰਚਾਰਕਾਂ ਦੀ ਡਿਊਟੀ ਲਾਈ। ਇਸ ਮਗਰੋਂ ਉਹ ਆਪ ਸੁਜੋਵਾਲ ਤੋਂ ਗੁਲੇਰਾਂ, ਕਿਸ਼ਨਪੁਰ, ਕੁਰਾਲਾ, ਜਲੰਧਰ, ਹੁਸ਼ਿਆਰਪੁਰ ਤੇ ਕਈ ਹੋਰ ਜਗਹ ਵੀ ਗਿਆ। ਸਾਰਾ ਹਾਲ ਜਾਣਨ ਮਗਰੋਂ ਉਸ ਨੇ ਹਥਿਆਰ ਹਾਸਿਲ ਕਰਨ ਵਾਸਤੇ ਜਲੰਧਰ ਤੇ ਹੁਸ਼ਿਆਰਪੁਰ ਦੀਆਂ ਛਾਵਣੀਆਂ 'ਤੇ ਹਮਲਾ ਕਰਨ ਦੀ ਪਲਾਨ ਬਣਾਈ। ਇਸ ਨਿਸ਼ਾਨੇ ਨੂੰ ਹਾਸਿਲ ਕਰਨ ਵਾਸਤੇ ਉਸ ਨੇ ਇਨ੍ਹਾਂ ਛਾਵਣੀਆਂ ਵਿਚ ਕਈ ਸਿੱਖ ਫ਼ੌਜੀਆਂ ਨਾਲ ਗੱਲਬਾਤ ਵੀ ਕੀਤੀ।

ਭਾਈ ਮਹਾਰਾਜ ਸਿੰਘ ਦੀਆਂ ਕਾਰਵਾਈਆਂ ਬਾਰੇ ਅੰਗਰੇਜ਼ ਹਾਕਮਾਂ ਨੂੰ ਵੀ ਥੋੜ੍ਹੀ-ਬਹੁਤ ਖ਼ਬਰ ਮਿਲ ਚੁਕੀ ਸੀ। ਪਰ, ਉਹ ਸਾਰਾ ਜ਼ੋਰ ਲਾ ਸਕਣ ਦੇ ਬਾਵਜੂਦ ਉਸ ਤੱਕ ਨਹੀਂ ਸਨ ਪਹੁੰਚ ਸਕੇ। ਬਹੁਤ ਸਾਰੀ ਬ੍ਰਿਟਿਸ਼ ਸੂਹੀਆ ਪੁਲੀਸ ਉਸ ਦੇ ਪਿੱਛੇ ਲੱਗੀ ਹੋਈ ਸੀ। ਇਕ ਵਾਰ ਮੁਲਤਾਨ ਦੇ ਨੇੜੇ ਉਹ ਮਸਾਂ ਹੀ ਫੜੇ ਜਾਣ ਤੋਂ ਬਚਿਆ। ਇਕ ਵਾਰ ਅੰਗਰੇਜ਼ਾਂ ਨੂੰ ਇਹ ਵੀ ਖ਼ਬਰ ਮਿਲੀ ਕਿ ਉਹ ਡੁੱਬ ਗਿਆ ਹੈ। ਇਸ ਖ਼ਬਰ 'ਤੇ ਉਨ੍ਹਾਂ ਨੇ ਬੜੀ ਖ਼ੁਸ਼ੀ ਮਨਾਈ। ਪਰ ਇਹ ਖ਼ੁਸ਼ੀ ਥੋੜ੍ਹਾ ਚਿਰ ਹੀ ਕਾਇਮ ਰਹੀ ਜਦ ਇਹ ਪਤਾ ਲੱਗਾ ਕਿ ਇਹ ਸਿਰਫ਼ ਅਫ਼ਵਾਹ ਹੀ ਸੀ।

ਹੁਣ ਅੰਗਰੇਜ਼ਾਂ ਨੇ ਇਸ ਸਿੱਖ ਜਰਨੈਲ ਭਾਈ ਮਹਾਰਾਜ ਸਿੰਘ ਦੀ ਗ੍ਰਿਫ਼ਤਾਰੀ ਵਾਸਤੇ ਦਸ ਹਜ਼ਾਰ ਰੁਪੈ ਦਾ ਈਨਾਮ ਐਲਾਨ ਕਰ ਦਿੱਤਾ। ਦੁਨੀਆਂ ਭਰ ਦੀ ਤਵਾਰੀਖ਼ ਵਿਚ (2001 ਵਿਚ ਬਿਨ ਲਾਦਨ ਦੀ ਗਿਫ਼ਫ਼ਤਾਰੀ ਵਾਸਤੇ ਰੱਖੇ ਈਨਾਮ ਤੋਂ ਪਹਿਲਾਂ) ਏਡਾ ਵੱਡਾ ਈਨਾਮ ਕਿਸੇ ਦਾ ਨਹੀਂ ਸੀ ਰੱਖਿਆ ਗਿਆ। 1849 ਦੇ ਦਸ ਹਜ਼ਾਰ ਰੁਪੈ ਅੱਜ ਦੇ ਕਰੋੜ ਰੁਪੈ ਦੇ ਬਰਾਬਰ ਸਨ।

ਭਾਈ ਮਹਾਰਾਜ ਸਿੰਘ ਤੋਂ ਸਾਰੇ ਅੰਗਰੇਜ਼, ਸਣੇ ਲਾਰਡ ਡਲਹੌਜ਼ੀ ਦੇ, ਏਨਾ ਡਰਦੇ ਸਨ ਕਿ ਇਕ ਵਾਰ ਲਾਰਡ ਡਲਹੌਜ਼ੀ ਨੇ ਲਿਖਿਆ ਸੀ ਕਿ "..ਜੇ ਉਹ ਮੇਰੇ ਹੱਥ ਆ ਗਿਆ ਤਾਂ ਮੈਂ ਉਸ ਨੂੰ ਫ਼ਾਂਸੀ ਲਾ ਦਿਆਂਗਾ।" ਭਾਈ ਮਹਾਰਾਜ ਸਿੰਘ ਬਾਰੇ ਬਰਾਊਟਨ ਦੇ ਲਫ਼ਜ਼ ਸਨ: "ਇਸ ਮੌਕੇ 'ਤੇ ਇਕ ਸਿੱਖ ਮਹਾਰਾਜ ਸਿੰਘ ਉਠਿਆ। ਉਸ ਨੇ ਖਾਲਸੇ ਦੀ ਤਲਵਾਰ ਮਿਆਨ ਚੋਂ ਕੱਢੀ ਅਤੇ ਬ੍ਰਿਟਿਸ਼ (ਜਿਹੜੇ ਸਿੱਖਾਂ ਨੂੰ ਖ਼ਤਮ ਕਰਨ ਵਾਸਤੇ ਮੁਸਲਮਾਨਾਂ ਨਾਲ ਮਿਲੇ ਹੋਏ ਸਨ) ਦੇ ਖ਼ਿਲਾਫ਼ ਬਗ਼ਾਵਤ ਦਾ ਝੰਡਾ ਖੜਾ ਕੀਤਾ। ਮਹਾਰਾਜ ਸਿੰਘ ਨੇ ਆਮ ਸਿੱਖਾਂ, ਸੂਬਾਈ ਅਹਿਲਕਾਰਾਂ ਅਤੇ ਸੂਬੇ ਦੀਆਂ ਸਿਰਕਰਦਾ ਹਸਤੀਆਂ ਨਾਲ ਰਾਬਤਾ ਬਣਾਇਆ। ਉਸ ਨੇ ਉਨ੍ਹਾਂ ਤੋਂ ਫ਼ੰਡ ਲਏ ਤੇ ਪਿੰਡਾਂ ਵਿਚ ਲੋਕਾਂ ਵਿਚ ਅਸੰਤੋਸ਼ ਦੀ ਲਹਿਰ ਚਲਾਈ। ਲੋਕ ਉਸ ਦੀ ਫ਼ੌਜ ਨੂੰ ਰੋਟੀ ਦੇਂਦੇ ਸਨ; ਪੇਂਡੂ ਕਿਸਾਨ ਉਸ ਦੇ ਨਾਲ ਰਲ ਗਏ ਸਨ; ਛੋਟੇ ਅਫ਼ਸਰ, ਕਾਰਦਾਰ, ਪੁਲੀਸ ਤੇ ਫ਼ੌਜ ਨੇ ਉਸ ਨੂੰ ਖਾਲਸੇ ਦਾ ਮੁਹਾਫ਼ਿਜ਼ ਆਖ ਕੇ ਸਤਿਕਾਰ ਦੇਂਦੇ ਸਨ।" ਜਲੰਧਰ ਦੇ, ਉਦੋਂ ਦੇ ਡਿਪਟੀ ਕਮਿਸ਼ਨਰ, ਵੰਸਿਤਾਰਤ ਮੁਤਾਬਿਕ, **"ਭਾਈ ਇਕ ਆਮ ਆਦਮੀ ਨਹੀਂ ਹੈ। ਉਹ ਮੁਕਾਮੀ ਲੋਕਾਂ ਵਾਸਤੇ ਉਵੇਂ ਹੀ ਹੈ ਜਿਵੇਂ ਕੱਟੜ ਈਸਾਈਆਂ ਵਾਸਤੇ ਜੀਸਸ ਕਰਾਈਸਟ ਹੈ।"**

ਇਹੀ ਕਾਰਨ ਸਨ ਕਿ ਅੰਗਰੇਜ਼ ਹਾਕਮ ਭਾਈ ਮਹਾਰਾਜ ਸਿੰਘ ਤੋਂ ਬੜਾ ਡਰਦੇ ਸਨ ਤੇ ਉਸ ਦੀ ਭਾਲ ਵਿਚ ਸਾਰੀ ਮਸ਼ੀਨਰੀ ਲੱਗੀ ਹੋਈ ਸੀ। ਅੰਗਰੇਜ਼ਾਂ ਨੇ ਮੁਸਲਮਾਨਾਂ ਅਤੇ ਹਿੰਦੂਆਂ ਵਿਚ ਇਹ ਪਰਚਾਰ ਕੀਤਾ ਹੋਇਆ ਸੀ ਕਿ ਭਾਈ ਮਹਾਰਾਜ ਸਿੰਘ ਨਿਰੋਲ ਖਾਲਸਾ ਰਾਜ ਕਾਇਮ ਕਰਨਾ ਚਾਹੰਦਾ ਹੈ। ਅੰਗਰੇਜ਼ਾਂ ਦੇ ਇਸ ਪ੍ਰਚਾਰ ਕਾਰਨ ਦਸ ਹਜ਼ਾਰ ਰੁਪੈ ਦੇ ਈਨਾਮ ਦੇ ਲਾਲਚ ਨੇ ਕਈ ਮੁਸਲਮਾਨਾਂ ਤੇ ਹਿੰਦੂਆਂ ਵਿਚ ਅਮੀਰ ਬਣਨ ਦੀ ਖ਼ਾਹਿਸ਼ ਪੈਦਾ ਕਰ ਦਿੱਤੀ ਤੇ ਉਹ ਅੰਗਰੇਜ਼ਾਂ ਦੇ ਮੁਖ਼ਬਰ ਬਣਨ ਵਾਸਤੇ ਤਿਆਰ ਹੋ ਗਏ।

28 ਦਸੰਬਰ 1849 ਦੇ ਦਿਨ, ਜਲੰਧਰ ਤੇ ਹੁਸ਼ਿਆਰਪਰ ਛਾਉਣੀਆਂ 'ਤੇ ਹਮਲੇ ਤੋਂ ਸਿਰਫ਼ 6 ਦਿਨ ਪਹਿਲਾਂ, ਭਾਈ ਮਹਾਰਾਜ ਸਿੰਘ ਆਦਮਪੁਰ ਨੇੜੇ ਇਕ ਗੰਨੇ ਦੇ ਖੇਤ ਵਿਚ ਆਪਣੇ 21 ਸਾਥੀਆਂ ਸਣੇ ਲੁਕੇ ਹੋਏ ਸਨ ਕਿ ਉਨ੍ਹਾਂ ਨੂੰ ਇਕ ਮੁਸਲਮਾਨ ਨੇ ਵੇਖ ਲਿਆ। ਉਸ ਨੇ ਜਲੰਧਰ ਜਾ ਕੇ ਡਿਪਟੀ ਕਮਿਸ਼ਨਰ ਨੂੰ ਇਸ ਦੀ ਇਤਲਾਹ ਦੇ ਦਿੱਤੀ। ਡਿਪਟੀ ਕਮਿਸ਼ਨਰ ਇਕ ਦਮ ਭਾਰੀ ਫ਼ੋਰਸ ਲੈ ਕੇ ਆਦਮਪੁਰ ਆ ਪੁੱਜਾ। ਫ਼ੌਜ ਨੇ ਉਸ ਖੇਤ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। ਏਨੀ ਵੱਡੀ ਫ਼ੌਜ ਵੇਖ ਕੇ ਭਾਈ ਮਹਾਰਾਜ ਸਿੰਘ ਨੇ ਮਹਿਸੂਸ ਕੀਤਾ ਕਿ ਉਹ ਭੱਜ ਵੀ ਨਹੀਂ ਸਕਣਗੇ। ਭਾਈ ਮਹਾਰਾਜ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਉਸੇ ਵਕਤ ਸੰਗਲਾਂ ਤੇ ਬੇੜੀਆਂ ਵਿਚ ਜਕੜ ਦਿੱਤਾ ਗਿਆ। ਭਾਈ ਮਹਾਰਾਜ ਸਿੰਘ ਨੂੰ ਜਲੰਧਰ ਜੇਲ੍ਹ ਵਿਚ ਪਹੁੰਚਾਇਆ ਗਿਆ। ਜਦ ਉਹ ਉਥੇ ਪੁੱਜੇ ਤਾਂ ਉਥੇ ਤਾਇਨਾਤ ਪਹਿਰੇਦਾਰਾਂ ਨੇ ਭਾਈ ਮਹਾਰਾਜ ਸਿੰਘ ਨੂੰ ਵੇਖ ਕੇ ਸਿਰ ਝੁਕਾ ਕੇ ਸਤਿਕਾਰ ਜ਼ਾਹਿਰ ਕੀਤਾ। ਇਸ ਤੋਂ ਡਿਪਟੀ ਕਮਿਸ਼ਨਰ ਹੋਰ ਡਰ ਗਿਆ ਤੇ ਉਸ ਨੂੰ ਜਲੰਧਰ ਰੱਖਣ ਦੀ ਬਜਾਇ ਕਲਕੱਤਾ ਭੇਜ ਦਿੱਤਾ। ਅੰਗਰੇਜ਼ ਅਜੇ ਵੀ ਉਸ ਤੋਂ ਬਹੁਤ ਡਰਦੇ ਸੀ ਇਸ ਕਰ ਕੇ ਉਨ੍ਹਾਂ ਨੇ ਉਸ ਨੂੰ ਜਲਾਵਤਨ ਕਰ ਕੇ ਸਿੰਗਾਪੁਰ ਭੇਜ ਦਿੱਤਾ।

ਸਿੰਗਾਪੁਰ ਵਿਚ ਉਸ ਨੂੰ ਇਕ ਨਿੱਕੀ ਜਿਹੀ ਕੋਠੜੀ ਵਿਚ ਰੱਖਿਆ ਗਿਆ ਜਿੱਥੇ ਸਿਲ੍ਹ ਤੇ ਹਨੇਰਾ ਸੀ। ਇਸ ਨਿੱਕੀ ਜਿਹੀ ਕੋਠੜੀ ਵਿਚ ਵੀ ਉਸ ਨੂੰ ਬੇੜੀਆਂ ਪਾਈਆਂ ਹੋਈਆਂ ਸਨ। ਨਤੀਜੇ ਦੇ ਤੌਰ 'ਤੇ ਭਾਈ ਮਹਾਰਾਜ ਸਿੰਘ ਨੂੰ ਪੱਠਿਆਂ ਦੀਆਂ ਦਰਦਾਂ ਸ਼ੁਰੂ ਹੋ ਗਈਆਂ। ਹਨੇਰੀ ਕੋਠੜੀ ਦੀ ਕੈਦ ਕਾਰਨ ਉਸ ਦੀਆਂ ਅੱਖਾਂ ਦੀ ਰੌਸ਼ਨੀ ਵੀ ਜਾਂਦੀ ਰਹੀ। ਥੋੜ੍ਹੇ ਚਿਰ ਵਿਚ ਹੀ ਉਹ ਹੱਡੀਆਂ ਦੀ ਮੁੱਠ ਬਣ ਕੇ ਰਹਿ ਗਿਆ (ਇਹ ਸੀ ਅੰਗਰੇਜ਼ਾਂ ਦਾ ਇਕ ਸਿਆਸੀ ਕੈਦੀ ਨਾਲ ਸਲੂਕ। ਅੰਗਰੇਜ਼ਾਂ ਨੂੰ ਜੰਗੀ ਕਨਵੈਨਸ਼ਨਜ਼, ਇਨਸਾਨੀਅਤ, ਇਨਸਾਫ਼ ਸਭ ਭੁੱਲ ਚੁਕੇ ਸਨ ਤੇ ਉਨ੍ਹਾਂ 'ਤੇ ਸਿਰਫ਼ ਇਕ ਜ਼ਾਲਮ ਵਹਿਸ਼ੀ ਸੋਚ ਹਾਵੀ ਸੀ। ਅਖ਼ੀਰ ਇਸ 'ਨਰਕ' ਵਿਚ ਕੈਦ ਕੱਟਦਿਆਂ ਉਹ 5 ਜੁਲਾਈ 1856 ਦੇ ਦਿਨ ਚੜ੍ਹਾਈ ਕਰ ਗਿਆ। (ਭਾਈ ਮਹਾਰਾਜ ਸਿੰਘ ਸਬੰਧੀ ਐਮ.ਐਲ. ਆਹਲੂਵਾਲੀਆ ਦੀ ਕਿਤਾਬ ਬਹੁਤ ਕੀਮਤੀ ਜਾਣਕਾਰੀ ਨਾਲ ਭਰੀ ਹੋਈ ਹੈ)।

1955: ਚੀਫ਼ ਖਾਲਸਾ ਦੀਵਾਨ ਵੱਲੋਂ ਦਰਬਾਰ ਸਾਹਿਬ 'ਤੇ ਹਮਲੇ ਦੇ ਵਿਰੋਧ ਦੇ ਵਿਰੋਧ ਵਿਚ ਮਤਾ ਪਾਸ ਕਰਨ 'ਤੇ ਉਜਲ ਸਿੰਘ ਨੇ ਅਸਤੀਫ਼ਾ ਦਿੱਤਾ

4 ਜੁਲਾਈ 1955 ਦੇ ਦਿਨ ਪੁਲਿਸ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ। ਇਸ ਹਮਲੇ ਦੇ ਖ਼ਿਲਾਫ਼ ਅੰਮ੍ਰਿਤਸਰ ਦੇ ਦੁਕਾਨਦਾਰਾਂ ਨੇ ਉਸੇ ਦਿਨ ਮੁਕੰਮਲ ਹੜਤਾਲ ਕਰ ਦਿੱਤੀ। ਅਗਲੇ ਦਿਨ ਸਾਰੇ ਪੰਜਾਬ ਦੇ ਸਿੱਖ ਦੁਕਾਨਦਾਰਾਂ ਨੇ ਹੜਤਾਲ ਕੀਤੀ। (ਬਾਬਾ) ਖੜਕ ਸਿੰਘ, ਸਾਬਕਾ ਕਾਂਗਰਸੀ ਵਜ਼ੀਰ ਈਸ਼ਰ ਸਿੰਘ ਮਝੈਲ, ਸੰਤ ਸਿੰਘ ਸਾਬਕਾ ਰਾਜਦੂਤ ਤੇ ਬਹੁਤ ਸਾਰੇ ਕਾਂਗਰਸੀਆਂ ਨੇ ਵੀ ਇਸ ਹਮਲੇ ਦੀ ਜ਼ਬਰਦਸਤ ਨਿੰਦਾ ਕੀਤੀ। ਦੂਜੇ ਪਾਸੇ ਪ੍ਰਤਾਪ ਸਿੰਘ ਕੈਰੋਂ, ਗੁਰਬਚਨ ਸਿੰਘ ਬਾਜਵਾ ਤੇ ਦਰਸ਼ਨ ਸਿੰਘ ਫੇਰੂਮਾਨ ਨੇ ਇਸ ਹਮਲੇ ਦੀ ਹਮਾਇਤ ਕੀਤੀ। ਚੀਫ਼ ਖਾਲਸਾ ਦੀਵਾਨ ਨੇ ਵੀ ਦਰਬਾਰ ਸਾਹਿਬ 'ਤੇ ਹਮਲੇ ਦੀ ਕਾਰਵਾਈ ਦੇ ਖ਼ਿਲਾਫ਼ ਇਕ ਸਖ਼ਤ ਮਤਾ ਪਾਸ ਕੀਤਾ। ਪਰ ਉੱਜਲ ਸਿੰਘ ਨੇ ਇਸ ਮਤੇ ਦੇ ਖ਼ਿਲਾਫ਼ ਵੋਟ ਦਿੱਤਾ ਅਤੇ ਪ੍ਰੋਟੈਸਟ ਵਜੋਂ ਚੀਫ਼ ਖਾਲਸਾ ਦੀਵਾਨ ਤੋਂ ਅਸਤੀਫ਼ਾ ਦੇ ਦਿੱਤਾ। ਉੱਜਲ ਸਿੰਘ ਦੀ ਇਸ ਵਫ਼ਾਦਾਰੀ ਦੇ ਈਨਾਮ ਵਜੋਂ ਭਾਰਤ ਸਰਕਾਰ ਨੇ ਉਸ ਨੇ ਮਰਨ ਤਕ ਗਵਰਨਰੀ ਦਾ ਅਹੁਦਾ ਦਿੱਤੀ ਰੱਖਿਆ; ਉੱਜਲ ਸਿੰਘ ਨੇ ਇਸ ਤੋਂ ਮਗਰੋਂ ਵੀ ਸਿੱਖਾਂ ਦੀ ਹਰ ਮੰਗ ਦੀ ਵਿਰੋਧਤਾ

ਕੀਤੀ ਤੇ ਸਰਕਾਰ ਤੋਂ ਈਨਾਮ ਲਏ। (ਉੱਜਲ ਸਿੰਘ ਮਸ਼ਹੂਰ ਲਿਖਾਰੀ ਖ਼ੁਸ਼ਵੰਤ ਸਿੰਘ ਦਾ ਸੱਕਾ ਚਾਚਾ ਸੀ)।

1989: ਸੁਖਦੇਵ ਸਿੰਘ ਲੋਹਾਨ ਨਕਲੀ ਮੁਕਾਬਲੇ ਵਿਚ ਸ਼ਹੀਦ

5 ਜੁਲਾਈ 1989 ਦੇ ਦਿਨ ਪੰਜਾਬ ਪੁਲਸ ਨੇ ਸੁਖਦੇਵ ਸਿੰਘ (ਪੁੱਤਰ ਸੁਰਜੀਤ ਸਿੰਘ, ਵਾਸੀ ਲੋਹਾਨ, ਜ਼ਿਲ੍ਹਾ ਫ਼ੀਰੋਜ਼ਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਦੁਬਲੀ ਦੇ ਪ੍ਰਤਾਪ ਸਿੰਘ ਬਿੱਟੂ ਤੇ ਰਣਜੀਤ ਸਿੰਘ ਬਿੱਟੂ ਨਕਲੀ ਮੁਕਾਬਲੇ 'ਚ ਸ਼ਹੀਦ

5 ਜੁਲਾਈ 1990 ਦੇ ਦਿਨ ਪੰਜਾਬ ਪੁਲਸ ਨੇ ਪਰਤਾਪ ਸਿੰਘ ਬਿੱਟੂ ਤੇ ਰਣਜੀਤ ਸਿੰਘ ਬਿੱਟੂ (ਦੋਵੇਂ ਵਾਸੀ ਦੁਬਲੀ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਨਿਰਵੈਲ ਸਿੰਘ ਜਗਤਪੁਰ, ਸੁਖਬੀਰ ਸਿੰਘ ਠਾਕੇ, ਜਗਦੀਸ਼ ਸਿੰਘ ਖਾਪੜਖੇੜੀ, ਸਵਿੰਦਰ ਸਿੰਘ ਸਿੰਘਾਪੁਰ ਤੇ ਗੁਰਨਾਮ ਸਿੰਘ ਕੈਰੋ ਨਕਲੀ ਮੁਕਾਬਲੇ ਵਿਚ ਸ਼ਹੀਦ

5 ਜੁਲਾਈ 1991 ਦੇ ਦਿਨ ਪੁਲਸ ਨੇ ਨਿਰਵੈਲ ਸਿੰਘ (ਪੁੱਤਰ ਦਰਬਾਰ ਸਿੰਘ, ਵਾਸੀ ਜਗਤਪੁਰ), ਸੁਖਬੀਰ ਸਿੰਘ (ਪੁੱਤਰ ਆਤਮ ਸਿੰਘ, ਵਾਸੀ ਠਾਕੇ) ਤੇ ਜਗਦੀਸ਼ ਸਿੰਘ (ਪੁਤਰ ਗੁਰਦਿਆਲ ਮਸੀਹ, ਵਾਸੀ ਤੁਰਦੀ ਟੀ.ਟੀ., ਖਾਪੜਖੇੜੀ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਸਵਿੰਦਰ ਸਿੰਘ ਸਿੰਘਾਪੁਰ ਤੇ ਗੁਰਨਾਮ ਸਿੰਘ ਕੈਰੋ ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਸੁਖਵਿੰਦਰ ਸਿੰਘ ਮਾਨੋਵਾਲਾ, ਅੰਗਰੇਜ਼ ਸਿੰਘ ਲਾਡੀ, ਬਲਦੇਵ ਸਿੰਘ ਦੇਬਾ, ਸੁੱਚਾ ਸਿੰਘ ਮੰਡੀਆਂਵਾਲਾ, ਸੁਖਵਿੰਦਰ ਸਿੰਘ, ਜਸਕਰਨ ਸਿੰਘ ਜੱਸਾ, ਹਰਬੰਤ ਸਿੰਘ ਬੰਤਾ ਤੇ ਕਈ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਜ ਜੁਲਾਈ 1992 ਦੇ ਦਿਨ ਪੁਲਸ ਨੇ ਸੁਖਵਿੰਦਰ ਸਿੰਘ ਮਾਨੋਵਾਲਾ, ਅੰਗਰੇਜ਼ ਸਿੰਘ ਲਾਡੀ ਤੇ ਬਲਦੇਵ ਸਿੰਘ ਦੇਬਾ (ਗਗੜੇਵਾਲ, ਕਪੂਰਥਲਾ ਨੇੜੇ), ਸੁੱਚਾ ਸਿੰਘ ਮੰਡੀਆਂਵਾਲਾ ਤੇ ਸੁਖਵਿੰਦਰ ਸਿੰਘ ਚੁਚਕਵਾਲ ਵਿਚ, ਜਸਕਰਨ ਸਿੰਘ ਜੱਸਾ ਤੇ ਹਰਬੰਤ ਸਿੰਘ ਬੰਤਾ (ਬਗਸਰ, ਡਰੀਏਕੇਟ ਵਿਚ) ਤੇ ਅੱਠ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

6 ਜੁਲਾਈ

1946: ਪੰਡਤ ਨਹਿਰੂ ਨੇ ਸਿੱਖਾਂ ਨੂੰ ਖ਼ਾਸ ਹੱਕਾਂ ਵਾਲ ਖਿੱਤਾ ਦੇਣ ਦਾ ਵਾਅਦਾ ਕਰ ਕੇ ਧੋਖੇ ਦੇ ਜਾਲ ਵਿਚ ਫਸਾਇਆ

ਭਾਵੇਂ ਮੁਸਲਮਾਨਾਂ ਵੱਲੋਂ 23 ਮਾਰਚ 1940 ਦੇ ਦਿਨ ਆਜ਼ਾਦ ਮੁਲਕ ਪਾਕਿਸਤਾਨ ਦੀ ਮੰਗ ਸ਼ੁਰੂ ਕੀਤੀ ਗਈ ਸੀ ਮਗਰ ਅਗਲੇ ਪੰਜ ਸਾਲ ਇਸ ਲਹਿਰ ਵਿਚ ਕੋਈ ਵੱਡੀ ਜਾਨ ਨਹੀਂ ਸੀ ਪੈ ਸਕੀ। ਪਰ 1946 ਵਿਚ ਇਹ ਲਹਿਰ ਐਨੀ ਫੈਲ ਚੁਕੀ ਸੀ ਕਿ ਇਹ ਯਕੀਨੀ ਹੋ ਗਿਆ ਸੀ ਕਿ ਪਾਕਿਸਤਾਨ ਨੂੰ ਰੋਕਿਆ ਨਹੀਂ ਜਾ ਸਕੇਗਾ। ਇਸ ਨੂੰ ਸਾਹਵੇਂ ਰੱਖ ਕੇ ਸ਼੍ਰੋਮਣੀ ਕਮੇਟੀ ਨੇ ਵੀ 10 ਮਾਰਚ 1946 ਦੀ ਆਪਣੀ ਮੀਟਿੰਗ ਵਿਚ ਸਿੱਖਾਂ ਵਾਸਤੇ ਅਲਗ ਸਿੱਖ ਸਟੇਟ ਦੀ ਮੰਗ ਦਾ ਮਤਾ ਪਾਸ ਕੀਤਾ। 15 ਮਾਰਚ ਨੂੰ ਲਾਰਡ ਐਟਲੀ ਨੇ ਬਿਆਨ ਦਿੱਤਾ ਕਿ ਘਟ ਗਿਣਤੀਆਂ ਨੂੰ ਵੀਟੋ ਦਾ ਹੱਕ ਨਹੀਂ ਦਿੱਤਾ ਜਾਵੇਗਾ। ਇਸ 'ਤੇ ਅਕਾਲੀ ਦਲ ਨੇ

ਰੋਸ ਜ਼ਾਹਿਰ ਕੀਤਾ। 21 ਮਾਰਚ ਨੂੰ ਅਸੈਂਬਲੀ ਚੈਂਬਰ ਲਾਹੌਰ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ ਹੋਈ ਜਿਸ ਵਿਚ ਮਾਸਟਰ ਤਾਰਾ ਸਿੰਘ ਤੇ ਬਲਦੇਵ ਸਿੰਘ ਵੀ ਹਾਜ਼ਰ ਸਨ। ਇਸ ਮੀਟਿੰਗ ਨੇ ਵੀ ਸਿੱਖ ਸਟੇਟ ਦੀ ਮੰਗ ਦੇ ਹੱਕ ਵਿਚ ਮਤਾ ਪਾਸ ਕੀਤਾ। ਪਰ ਦੂਜੇ ਪਾਸੇ 25 ਮਾਰਚ ਨੂੰ ਰਾਵਲਪਿੰਡੀ ਵਿਚ ਸਿੱਖ ਨੈਸ਼ਨਲਿਸਟਾਂ ਦੀ ਮੀਟਿੰਗ ਨੇ ਸਿੱਖ ਸਟੇਟ ਦੇ ਖ਼ਿਲਾਫ਼ ਮਤਾ ਪਾਸ ਕੀਤਾ। 27 ਮਾਰਚ ਨੂੰ ਫਿਰ ਅਜਿਹਾ ਮਤਾ ਪਾਸ ਕੀਤਾ ਗਿਆ। ਇਸ ਜਥੇਬੰਦੀ ਦੇ ਪ੍ਰਧਾਨ ਸਰਦੂਲ ਸਿੰਘ ਕਵੀਸ਼ਰ, ਜਨਰਲ ਸਕੱਤਰ ਪ੍ਰਤਾਪ ਸਿੰਘ ਕੈਰੋਂ ਤੋਂ ਬਿਨਾਂ ਗੋਪਾਲ ਸਿੰਘ ਕੌਮੀ, ਗੁਰਮੁਖ ਸਿੰਘ ਮੁਸਾਫ਼ਿਰ ਤੇ ਨਿਧਾਨ ਸਿੰਘ ਆਲਮ ਵੀ ਇਸ ਮੀਟਿੰਗ ਵਿਚ ਹਾਜ਼ਰ ਸਨ। ਸੈਂਟਰਲ ਅਕਾਲੀ ਦਲ ਨੇ ਪਹਿਲੀ ਅਪ੍ਰੈਲ 1946 ਨੂੰ ਖੜਕ ਸਿੰਘ ਦੀ ਪ੍ਰਧਾਨਗੀ ਹੇਠ 'ਪੰਜਾਬ ਦੀ ਵੰਡ ਬਰਦਾਸ਼ਤ ਨਹੀਂ ਕਰਾਂਗੇ, ਜੇ ਭਾਰਤ ਦੀ ਵੰਡ ਕਰਨੀ ਹੈ ਤਾਂ ਪੰਜਾਬ ਸਿੱਖਾਂ ਨੂੰ ਦਿੱਤਾ ਜਾਵੇ ਕਿਉਂਕਿ ਪੰਜਾਬ ਸਿੱਖਾਂ ਦਾ ਹੋਮਲੈਂਡ ਹੈ।' ਦਾ ਮਤਾ ਪਾਸ ਕੀਤਾ। ਇਸ ਧੜੇ ਦੇ ਹੋਰ ਵੀ ਅਜੀਬੋ-ਗ਼ਰੀਬ ਬਿਆਨ ਆਉਂਦੇ ਰਹੇ।

4 ਅਪ੍ਰੈਲ 1946 ਨੂੰ ਮਾਸਟਰ ਤਾਰਾ ਸਿੰਘ ਤੇ ਜਿਨਾਹ ਦਿੱਲੀ ਵਿਚ ਤੇਜਾ ਸਿੰਘ ਮਲਿਕ ਦੀ ਕੋਠੀ ਤੇ ਇਕੱਠੇ ਹੋਏ। ਉਨ੍ਹਾਂ ਨਾਲ ਮਹਾਰਾਜਾ ਪਟਿਆਲਾ ਅਤੇ ਗਿਆਨੀ ਕਰਤਾਰ ਸਿੰਘ ਵੀ ਹਾਜ਼ਰ ਸਨ। ਤਕਰੀਬਨ 90 ਮਿੰਟ ਗਲਬਾਤ ਹੋਈ। ਪਰ ਕੋਈ ਨਤੀਜਾ ਨਾ ਨਿਕਲਿਆ। ਇਕ ਦਿਨ ਪਹਿਲਾਂ ਮਾਸਟਰ ਤਾਰਾ ਸਿੰਘ ਨੇ ਪਟੇਲ ਨਾਲ ਗਲਬਾਤ ਕੀਤੀ ਸੀ ਪਰ ਪਟੇਲ ਨੇ ਕਿਹਾ, ''ਤਾਕਤ ਭਾਰਤੀਆਂ ਹਥ ਆਉਣ ਮਗਰੋਂ ਆਈਨੀ ਕਮੇਟੀ ਦੀ ਮੀਟਿੰਗ ਵਿਚ ਸਿੱਖਸਤਾਨ ਬਾਰੇ ਗਲਬਾਤ ਕੀਤੀ ਜਾਵੇਗੀ।'' ਮਾਸਟਰ ਤਾਰਾ ਸਿੰਘ ਨੇ ਇਕ ਬਿਆਨ ਵਿਚ ਕਿਹਾ ''ਸਿੱਖ, ਪੰਜਾਬ ਨੂੰ ਪਾਕਿਸਤਾਨ ਵਿਚ ਸ਼ਾਮਿਲ ਕਰਨ ਦੀ ਮੁਖ਼ਾਲਫ਼ਤ ਕਰਨਗੇ। ਅਸੀਂ ਸਾਂਝੇ ਭਾਰਤ ਵਿਚ ਸਿੱਖ ਸਟੇਟ ਤੇ ਸੰਤੁਸ਼ਟ ਹੋਵਾਂਗੇ ਪਰ ਜੇ ਪਾਕਿਸਤਾਨ ਬਣਨਾ ਹੈ ਤਾਂ ਖਾਲਿਸਤਾਨ ਵੀ ਬਣਾਇਆ ਜਾਵੇ। ਜਿਨਾਹ ਦੀ ਖਾਲਿਸਤਾਨ ਦੀ ਪੇਸ਼ਕਸ਼ ਬਾਰੇ ਮਾਸਟਰ ਜੀ ਨੇ ਕਿਹਾ ਕਿ ਜੇ ਜਿਨਾਹ ਅਸਲ ਵਿਚ ਖਾਲਿਸਤਾਨ ਦੀ ਗੱਲ ਕਰਨ ਵਾਸਤੇ ਤਿਆਰ ਹੈ ਤਾਂ ਮੈਂ ਵੀ ਤਿਆਰ ਹਾਂ ਤੇ ਗਲਬਾਤ ਹੋ ਸਕਦੀ ਹੈ।''

ਉਧਰ ਕੈਬਨਟ ਮਿਸ਼ਨ ਦੇ ਆਉਣ 'ਤੇ ਗਲਬਾਤਾਂ ਸ਼ੁਰੂ ਹੋ ਚੁਕੀਆਂ ਸਨ। ਮਾਸਟਰ ਤਾਰਾ ਸਿੰਘ ਨੇ ਅੰਮ੍ਰਿਤਸਰ ਵਿਚ 15 ਅਪ੍ਰੈਲ ਦੇ ਬਿਆਨ ਵਿਚ ਕਿਹਾ ਕਿ 'ਸਿੱਖ ਹਿੰਦੂ ਜਾਂ ਮੁਸਲਮਾਨ ਕਿਸੇ ਇਕ ਦੀ ਹਕੂਮਤ ਨਹੀਂ ਮੰਨਣਗੇ। ਅਸੀਂ ਕਿਸੇ ਕੌਮ ਦੇ ਗ਼ਲਬੇ ਹੇਠਾਂ ਨਹੀਂ ਰਹਿ ਸਕਦੇ।'

ਇਨ੍ਹਾਂ ਦਿਨਾਂ ਵਿਚ ਗਿਆਨੀ ਕਰਤਾਰ ਸਿੰਘ ਦਾ ਮੁਸਲਮਾਨ ਆਗੂਆਂ ਨਾਲ ਡੂੰਘਾ ਸਬੰਧ ਬਣ ਚੁਕਿਆ ਸੀ। ਜਦ ਮੁਸਲਮਾਨ ਆਗੂ ਸਿੱਖਾਂ ਨੂੰ ਪਾਕਿਸਤਾਨ ਨਾਲ ਮਿਲਣ ਵਾਸਤੇ ਲਾਲਚ ਦੇ ਰਹੇ ਸਨ ਤਾਂ ਪੰਡਤ ਜਵਾਹਰ ਲਾਲ ਨਹਿਰੂ ਨੇ ਵੀ ਇਕ ਮੋਮੋਠੱਗਣਾ ਜਿਹਾ ਬਿਆਨ ਦੇ ਕੇ ਸਿੱਖਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ 6 ਜੁਲਾਈ 1946 ਦੇ ਦਿਨ ਕਲਕੱਤਾ ਵਿਚ ਕਿਹਾ: **"ਪੰਜਾਬ ਦੇ ਬਹਾਦਰ ਸਿੱਖ ਖ਼ਾਸ ਸਲੂਕ ਦੇ ਹਕਦਾਰ ਹਨ। ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਦਿਸਦਾ ਕਿ ਹਿੰਦੂਸਤਾਨ ਦੇ ਉੱਤਰ ਵਿਚ ਇਕ ਅਜੇਹਾ ਇਲਾਕਾ ਵਖਰਾ ਕਰ ਦਿੱਤਾ ਜਾਵੇ ਜਿਸ ਵਿਚ ਆਜ਼ਾਦੀ ਦਾ ਨਿਅ ਸਿੱਖਾਂ ਦੇ ਲਹੂ ਨੂੰ ਵੀ ਗਰਮਾਵੇ।"**

1987: ਲਾਲਰੂ ਅਤੇ ਫਤਹਿਬਾਦ ਵਿਚ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ 75 ਭਾਰਤੀ ਫ਼ੌਜੀ ਕਤਲ

ਖਾਲਿਸਤਾਨ ਕਮਾਂਡੋ ਫੋਰਸ ਨੇ 6 ਜੁਲਾਈ 1987 ਦੇ ਦਿਨ ਪੰਜਾਬ ਅਤੇ ਹਰਿਆਣਾ ਦੀ ਸਰਹੱਦ 'ਤੇ ਲਾਲਰੂ ਅਤੇ ਫਤਹਿਬਾਦ ਵਿਚ ਦੋ ਬਸਾਂ ਰੋਕ ਕੇ 75 ਭਾਰਤੀ ਫ਼ੌਜੀ ਕਤਲ

ਕੀਤੇ। ਇਨ੍ਹਾਂ ਵਿਚੋਂ ਬਹੁਤੇ ਉਹ ਲੋਕ ਸਨ ਜੋ ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੀ ਫ਼ੌਜ ਵਿਚ ਸ਼ਾਮਿਲ ਸਨ ਤੇ ਉਹ ਸਪੈਸ਼ਲ ਛੁੱਟੀਆਂ ਦੇ ਪ੍ਰੋਗਰਾਮ ਹੇਠ ਸਰਕਾਰੀ ਜਸ਼ਨ ਮਨਾ ਕੇ ਵਾਪਿਸ ਘਰਾਂ ਨੂੰ ਜਾ ਰਹੇ ਸਨ। ਇਸ ਐਕਸ਼ਨ ਵਿਚ ਇਕ ਸਿੱਖ ਵੀ ਮਾਰਿਆ ਗਿਆ।

1988: ਮਹਿੰਦਰ ਸਿੰਘ ਸਰੂਪਵਾਲੀ ਸਾਬਕਾ ਐਮ.ਐਲ.ਏ. ਕਤਲ

1989: ਨਿਸ਼ਾਨ ਸਿੰਘ ਰਾਣੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

6 ਜੁਲਾਈ 1989 ਦੇ ਦਿਨ ਪੁਲਸ ਨੇ ਨਿਸ਼ਾਨ ਸਿੰਘ (ਪੁੱਤਰ ਬਹਾਲ ਸਿੰਘ, ਵਾਸੀ ਰਾਣੀਆਂ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਬਾਲੇ ਵਿਚ ਸ਼ਹੀਦ ਕਰ ਦਿੱਤਾ।

1991: ਅਮਰ ਸਿੰਘ ਕਾਲਾ ਸਤਾਤਰਾ, ਬਲਦੇਵ ਸਿੰਘ ਸਖੀਰਾ, ਰਣਜੀਤ ਸਿੰਘ ਰਾਣਾ ਬਿਰਜਾ, ਜਗਦੀਸ਼ ਸਿੰਘ ਜੱਗੀ ਲੁਧਿਆਣਾ, ਮਨੋਹਰ ਸਿੰਘ ਮੇਹਲ ਖੁਰਦ, ਨਿਰਵੈਲ ਸਿੰਘ ਵਲੀਪੁਰ, ਸਵਿੰਦਰ ਸਿੰਘ ਸਿੰਘਾਪੁਰ, ਹਰਦਿਆਲ ਸਿੰਘ ਦਾਲਾ ਤਲਵੰਡੀ ਭਿੰਡਰ, ਜਸਪਾਲ ਸਿੰਘ ਜੱਸਾ ਤੇ ਨੰਦ ਸਿੰਘ ਸੱਤੂਵਾਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

6 ਜੁਲਾਈ 1991 ਦੇ ਦਿਨ ਪੁਲਸ ਨੇ ਅਮਰ ਸਿੰਘ ਉਰਫ਼ ਪਿਆਰਾ ਸਿੰਘ (ਪੁੱਤਰ ਅਜੀਤ ਸਿੰਘ, ਵਾਸੀ ਕਾਲਾ ਸਤਾਤਰਾ), ਬਲਦੇਵ ਸਿੰਘ (ਪੁੱਤਰ ਸੱਜਣ ਸਿੰਘ, ਵਾਸੀ ਸਖੀਰਾ) ਤੇ ਰਣਜੀਤ ਸਿੰਘ ਰਾਣਾ (ਪੁੱਤਰ ਹਰਭਜਨ ਸਿੰਘ, ਵਾਸੀ ਬਿਰਜਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਿਸ ਨੇ ਜਗਦੀਸ਼ ਸਿੰਘ ਜੱਗੀ (ਵਾਸੀ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ), ਮਨੋਹਰ ਸਿੰਘ (ਵਾਸੀ ਮੇਹਲ ਖੁਰਦ, ਸੰਗਰੂਰ), ਨਿਰਵੈਲ ਸਿੰਘ ਉਰਫ਼ ਬਚਿੱਤਰ ਸਿੰਘ ਅਣਖੀ (ਵਾਸੀ ਵਲੀਪੁਰ), ਸਵਿੰਦਰ ਸਿੰਘ (ਵਾਸੀ ਸਿੰਘਾਪੁਰ), ਹਰਦਿਆਲ ਸਿੰਘ ਦਾਲਾ (ਵਾਸੀ ਤਲਵੰਡੀ ਭਿੰਡਰ), ਜਸਪਾਲ ਸਿੰਘ ਜੱਸਾ ਤੇ ਨੰਦ ਸਿੰਘ (ਦੋਵੇਂ ਵਾਸੀ ਸੱਤੂਵਾਲਾ, ਫ਼ੀਰੋਜਪੁਰ) ਨੂੰ ਵੀ ਵੱਖ-ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ ਗਿਆ।

1992: ਕੁਲਦੀਪ ਸਿੰਘ ਫ਼ਤਹਿਪੁਰ ਬਦੇਸ਼ੇ, ਊਧਮ ਸਿੰਘ ਠੱਟਗੜ੍ਹ, ਪਰਮਜੀਤ ਸਿੰਘ ਸਹਿੰਸਰਾ, ਹਰਭਜਨ ਸਿੰਘ ਭਜਨਾ, ਬੱਗਾ ਸਿੰਘ ਬੱਗੀ, ਵਰਿਆਮ ਸਿੰਘ ਬਬਰ, ਕਰਮਜੀਤ ਸਿੰਘ ਕਾਲਾ ਬੂਰੇ ਨੰਗਲ, ਸੁਖਦੇਵ ਸਿੰਘ ਧਰਮਕੋਟ ਤੇ ਹੋਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

6 ਜੁਲਾਈ 1992 ਦੇ ਦਿਨ ਪੁਲਸ ਨੇ ਕੁਲਦੀਪ ਸਿੰਘ (ਪੁੱਤਰ ਜਗੀਰ ਸਿੰਘ, ਵਾਸੀ ਫ਼ਤਹਿਪੁਰ ਬਦੇਸ਼ੇ), ਊਧਮ ਸਿੰਘ (ਪੁੱਤਰ ਗੱਜਣ ਸਿੰਘ, ਵਾਸੀ ਠੱਟਗੜ੍ਹ), ਪਰਮਜੀਤ ਸਿੰਘ ਸਹਿੰਸਰਾ, ਹਰਭਜਨ ਸਿੰਘ ਭਜਨਾ, ਬੱਗਾ ਸਿੰਘ ਬੱਗੀ (ਵਾਸੀ ਮੇਲੀਆਂ ਅੱਕਾਂਵਾਲੀ), ਵਰਿਆਮ ਸਿੰਘ ਬਬਰ, ਕਰਮਜੀਤ ਸਿੰਘ ਕਾਲਾ ਬੂਰੇ ਨੰਗਲ, ਸੁਖਦੇਵ ਸਿੰਘ ਧਰਮਕੋਟ ਤੇ 3 ਹੋਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1993: ਜੁਝਾਰ ਸਿੰਘ ਨੀਤੂ ਅੰਮ੍ਰਿਤਸਰ ਨਕਲੀ ਮੁਕਾਬਲੇ ਵਿਚ ਸ਼ਹੀਦ

ਛੇ ਜੁਲਾਈ 1993 ਦੇ ਦਿਨ ਪੁਲਸ ਨੇ ਜੁਝਾਰ ਸਿੰਘ ਉਰਫ਼ ਨੀਤੂ (ਪੁੱਤਰ ਹੀਰਾ ਸਿੰਘ, ਵਾਸੀ ਅੰਤਰਯਾਮੀ ਕਲੋਨੀ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2012: ਰਾਧਾ ਸੁਆਮੀਆਂ ਨੇ ਪਿੰਡ ਵੜੈਚ ਵਿਚਲੇ ਗੁਰਦੁਆਰੇ ਦੀ ਇਮਾਰਤ ਢਾਹ ਦਿੱਤੀ

ਰਾਧਾ ਸੁਆਮੀ ਡੇਰਾ ਬਿਆਸ, ਜਿਸ ਨੇ ਪਿਛਲੇ ਕੁਝ ਸਾਲਾਂ ਵਿਚ, ਡੇਰੇ ਦੇ ਆਲੇ ਦੁਆਲੇ ਦੇ ਬਹੁਤ ਸਾਰੇ ਪਿੰਡਾਂ ਦੀ ਜ਼ਮੀਨ ਹਾਸਿਲ ਕਰ ਲਈ ਹੋਈ ਸੀ, ਨੇ ਜੁਲਾਈ 2012 ਵਿਚ ਵੜੈਚ ਪਿੰਡ ਦੀ ਜ਼ਮੀਨ ਵੀ ਖ਼ਰੀਦ ਲਈ; ਇਸ ਵਿਚ ਇਕ ਗੁਰਦੁਆਰਾ ਦੀ ਜ਼ਮੀਨ ਵੀ ਸ਼ਾਮਿਲ ਸੀ।ਦੋ ਸਾਲ ਤੋਂ ਇਸ ਗੁਰਦੁਆਰੇ ਦੀ ਬੱਤੀ ਵੀ ਬੰਦ ਕਰ ਦਿੱਤੀ ਹੋਈ ਸੀ। 6 ਜੁਲਾਈ 2012 ਦੇ ਦਿਨ ਰਾਧਾ ਸੁਆਮੀਆਂ ਨੇ ਬਿਆਸ ਦੇ ਨੇੜੇ ਦੇ ਪਿੰਡ ਵੜੈਚ ਵਿਚਲੇ ਗੁਰਦੁਆਰੇ ਦੀ ਇਮਾਰਤ ਨੂੰ ਢਾਹ ਦਿੱਤਾ।ਜਦ ਇਸ ਦੀ ਖ਼ਬਰ ਬਾਹਰ ਫੈਲੀ ਤਾਂ ਕੁਝ ਸਿੱਖ ਜਥੇਬੰਦੀਆਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਅਤੇ ਗੁਰਦੁਆਰੇ ਦੀ ਕੰਧ ਦੋਬਾਰਾ ਉਸਾਰਨ ਵਾਸਤੇ ਜੱਦੋਜਹਿਦ ਦਾ ਐਲਾਨ ਕਰ ਦਿੱਤਾ। ਹਾਲਾਂ ਕਿ ਇਹ ਗੁਰਦੁਆਰਾ ਤਵਾਰੀਖ਼ੀ ਨਹੀਂ ਸੀ ਅਤੇ ਨਾ ਹੀ ਇਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ; ਪਰ, ਗਰਮ ਖਿਆਲੀ ਜਾਣੀਆਂ ਜਾਂਦੀਆਂ ਜਥੇਬੰਦੀਆਂ ਨੇ ਇਸ ਮਸਲੇ ਨੂੰ ਚੁੱਕਣ ਦਾ ਫ਼ੈਸਲਾ ਕਰ ਲਿਆ। ਪਹਿਲਾਂ ਤਾਂ ਉਨ੍ਹਾਂ ਨੇ ਅਕਾਲ ਤਖ਼ਤ ਦੇ ਪੁਜਾਰੀਆਂ ਨੂੰ ਵਰਤਣ ਦੀ ਕੋਸ਼ਿਸ਼ ਕੀਤੀ ਪਰ ਉਹ ਤਾਂ ਬਾਦਲ ਦੇ ਵਫ਼ਾਦਾਰ ਸਨ ਤੇ ਬਾਦਲ ਰਾਧਾਸੁਆਮੀਆਂ ਨਾਲ ਦੋਸਤੀ ਰਖਦਾ ਸੀ; ਇਸ ਕਰ ਕੇ ਇਹ ਡਰਾਮਾ ਫ਼ਲਾਪ ਹੋਣਾ ਹੀ ਸੀ। ਫਿਰ 21 ਅਗਸਤ ਦੇ ਦਿਨ ਇਨ੍ਹਾਂ ਜਥੇਬੰਦੀਆਂ ਨੇ ਇਕ ਐਕਸ਼ਨ ਕਮੇਟੀ ਕਾਇਮ ਕਰ ਲਈ ਜਿਸ ਵਿਚ ਸਿਮਰਨਜੀਤ ਸਿੰਘ ਮਾਨ, ਭਾਈ ਮੋਹਕਮ ਸਿੰਘ, ਦਾਦੂਵਾਲ ਦਾ ਸਾਧ ਬਲਜੀਤ ਸਿੰਘ, ਸਿੰਘ ਮੰਡ (ਅੰਮ੍ਰਿਤਸਰ ਅਕਾਲੀ ਦਲ- ਮਾਨ), ਗੁਰਤੇਜ ਸਿੰਘ ਸਾਬਕਾ ਆਈ.ਏ.ਐਸ., ਕੁਲਬੀਰ ਸਿੰਘ ਬੜਾਪਿੰਡ (ਅਕਾਲੀ ਦਲ- ਪੰਚ ਪ੍ਰਧਾਨੀ), ਅਮਰੀਕ ਸਿੰਘ ਅਜਨਾਲਾ (ਭਿੰਡਰਾਂ ਮਹਿਤਾ ਜਥਾ), ਦਲ ਖਾਲਸਾ ਦਾ ਕੰਵਰਪਾਲ ਸਿੰਘ ਬਿੱਟੂ ਤੇ ਸਰਬਜੀਤ ਸਿੰਘ ਸੋਹਲ, ਬਲਜੀਤ ਸਿੰਘ (ਐਡੀਟਰ ਵੰਗਾਰ), ਸਤਿਕਾਰ ਕਮੇਟੀ ਨਾਂ ਦੀ ਇਕ ਆਪੇ ਬਣੀ ਕਮੇਟੀ ਵਗ਼ੈਰਾ ਵੀ ਸ਼ਾਮਿਲ ਸਨ। ਇਸ ਕਮੇਟੀ ਨੇ ਗੁਰਦੁਆਰੇ ਦੀ ਇਮਾਰਤ ਨੂੰ ਦੋਬਾਰਾ ਉਸਾਰਨ ਦਾ ਐਲਾਨ ਕਰ ਦਿੱਤਾ ਅਤੇ ਇਸ ਵਾਸਤੇ 2 ਸਤੰਬਰ ਨੂੰ ਵੜੈਚ ਪਿੰਡ ਵਿਚ ਜਾ ਕੇ ਅਰਦਾਸ ਦਿਨ ਮਨਾ ਕੇ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਦੌਰਾਨ ਹੀ ਰਾਧਾ ਸੁਆਮੀ ਡੇਰੇ ਦੇ ਮੁਖੀ ਗੁਰਿੰਦਰ ਢਿੱਲੋਂ ਨੇ ਵਿਚੋਲਿਆਂ ਰਾਹੀਂ ਇਸ ਕਮੇਟੀ ਦੇ ਕੁਝ ਆਗੂਆਂ ਨਾਲ ਰਾਬਤਾ ਬਣਾਉਣਾ ਸ਼ੁਰੂ ਕਰ ਦਿੱਤਾ। ਉਹ ਸਿਮਰਨਜੀਤ ਸਿੰਘ ਮਾਨ ਤੇ ਬਲਜੀਤ ਸਿੰਘ ਦਾਦੂਵਾਲ ਨਾਲ ਗਲਬਾਤ ਕਰਨ ਵਿਚ ਕਾਮਯਾਬ ਹੋ ਗਿਆ।ਗੁਰਿੰਦਰ ਢਿੱਲੋਂ ਨੇ ਸਿਮਰਨਜੀਤ ਸਿੰਘ ਮਾਨ ਅਤੇ ਬਲਜੀਤ ਸਿੰਘ ਦਾਦੂਵਾਲ ਤਕ ਪਹੁੰਚ ਕੀਤੀ ਅਤੇ ਉਨ੍ਹਾਂ ਨੂੰ ਐਜੀਟੇਸ਼ਨ ਨਾ ਕਰਨ ਵਾਸਤੇ ਅਰਜ਼ ਕੀਤੀ। ਸਿਮਰਨਜੀਤ ਸਿੰਘ ਮਾਨ ਨੇ ਸ਼ਰਤ ਰੱਖੀ ਕਿ ਕਿ ਢਿੱਲੋਂ ਪਹਿਲਾਂ ਦਰਬਾਰ ਸਾਹਿਬ ਮੱਥਾ ਟੇਕ ਕੇ ਆਪਣੇ ਆਪ ਨੂੰ ਗੁਰੂ ਅਖਵਾਉਣ ਦੀ ਮੁਆਫ਼ੀ ਮੰਗੇ। ਇਸ 'ਤੇ ਰਾਧਾ ਸੁਆਮੀ ਡੇਰੇ ਦਾ ਮੁਖੀ ਗੁਰਿੰਦਰ ਢਿੱਲੋਂ 25 ਸਤੰਬਰ 2012 ਦੇ ਦਿਨ ਦਰਬਾਰ ਸਾਹਿਬ ਅੰਮ੍ਰਿਤਸਰ ਗਿਆ ਅਤੇ ਉਥੇ ਮੱਥਾ ਟੇਕਿਆ, ਜਿਸ ਦਾ ਮਤਲਬ ਉਸ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਅਧੀਨਗੀ ਮੰਨਣਾ ਸੀ। ਇਸ ਮਗਰੋਂ 9 ਨਵੰਬਰ ਦੇ ਦਿਨ ਗੁਰਿੰਦਰ ਢਿੱਲੋਂ ਨੇ ਸਿਮਰਨਜੀਤ ਸਿੰਘ ਮਾਨ ਅਤੇ ਬਲਜੀਤ ਸਿੰਘ ਦਾਦੂਵਾਲ ਨਾਲ ਵੱਖ-ਵੱਖ ਮੁਢੀਆ ਮੁਲਾਕਾਤ ਵੀ ਕੀਤੀ ਅਤੇ ਉਨ੍ਹਾਂ ਦੀਆਂ ਕੁਝ ਸ਼ਰਤਾਂ ਮੰਨ ਕੇ ਉਨ੍ਹਾਂ ਨੂੰ ਐਜੀਟੇਸ਼ਨ ਨਾ ਕਰਨ ਵਾਸਤੇ ਮਨਾ ਲਿਆ।ਗੁਰਿੰਦਰ ਢਿੱਲੋਂ ਦਾ ਇਹ ਕਦਮ ਉਸ ਵੱਲੋਂ ਪੰਥ ਅੱਗੇ ਸਿਰ ਝੁਕਾਉਣਾ ਮੰਨਿਆ ਗਿਆ।(ਮਗਰੋਂ 7 ਜੂਨ 2013 ਦੇ ਦਿਨ ਗੁਰਿੰਦਰ ਢਿੱਲੋਂ ਸਿਮਰਨਜੀਤ ਸਿੰਘ ਮਾਨ ਦੇ ਘਰ ਫ਼ਤਹਿਗੜ੍ਹ ਸਾਹਿਬ ਵੀ ਗਿਆ)। ਸਿਮਰਨਜੀਤ ਸਿੰਘ ਮਾਨ ਤੇ ਦਾਦੂਵਾਲ ਤਕ ਤਾਂ ਰਾਧਾਸੁਆਮੀ ਡੇਰੇ ਦੇ ਮੁਖੀ ਨੇ ਨਿਜੀ ਪਹੁੰਚ ਕੀਤੀ ਸੀ ਪਰ ਬਾਕੀ ਦੇ ਸਾਰੇ ਕਿਉਂ ਮੋਅਕ ਮਾਰ ਗਏ, ਇਸ ਦਾ ਪਤਾ ਨਹੀਂ ਲਗ ਸਕਿਆ। ਮਗਰੋਂ 30 ਮਈ 2014

ਦੇ ਦਿਨ ਇਸ ਡੇਰੇ ਦੇ ਮੁਖੀ ਨੇ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਨਾਲ, ਮਾਨਸਾ ਵਿਚ ਖੁਫ਼ੀਆ ਗਲਬਾਤ ਕਰ ਕੇ, ਹਿੰਦੂ ਮੁਖ ਧਾਰਾ ਵਿਚ ਸ਼ਾਮਿਲ ਹੋਣ ਦਾ ਵਾਅਦਾ ਵੀ ਕੀਤਾ।

7 ਜੁਲਾਈ

1799: ਮਹਾਰਾਜਾ ਰਣਜੀਤ ਸਿੰਘ ਤੇ ਸਦਾ ਕੌਰ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ

5 ਜੁਲਾਈ 1799 ਦੇ ਦਿਨ ਰਣਜੀਤ ਸਿੰਘ ਤੇ ਸਦਾ ਕੌਰ ਦੀਆਂ ਫ਼ੌਜਾਂ ਲਾਹੌਰ ਪੁਜ ਚੁਕੀਆਂ ਸਨ। ਪਲਾਨ ਮੁਤਾਬਿਕ ਰਣਜੀਤ ਸਿੰਘ 7 ਜੁਲਾਈ 1799 ਦੀ ਸਵੇਰ ਨੂੰ ਸ਼ਹਿਰ ਵਿਚ ਦਾਖ਼ਿਲ ਹੋ ਕੇ ਕਾਬਜ਼ ਹੋ ਗਿਆ। ਕਿਲ੍ਹੇ 'ਤੇ ਕਬਜ਼ਾ ਕਰਨ ਵਾਸਤੇ ਚੇਤ ਸਿੰਘ ਦੀ ਵਫ਼ਾਦਾਰ ਫੌਜ ਨੇ ਕੁਝ ਚਿਰ ਲੜਾਈ ਕੀਤੀ ਪਰ ਉਨ੍ਹਾਂ ਦੀ ਗਿਣਤੀ ਥੋੜ੍ਹੀ ਹੋਣ ਕਰ ਕੇ, ਰਣਜੀਤ ਸਿੰਘ ਤੇ ਸਦਾ ਕੌਰ ਦਾ ਪਲੜਾ ਭਾਰਾ ਰਿਹਾ। ਅਖੀਰ ਚੇਤ ਸਿੰਘ ਨੇ ਹਥਿਆਰ ਸੁੱਟ ਦਿਤੇ ਤੇ ਉਸ ਨੂੰ ਇਕ ਜਾਗੀਰ ਦੇ ਕੇ 'ਬਾਇੱਜ਼ਤ' ਲਾਹੌਰ ਤੋਂ ਭੇਜ ਦਿੱਤਾ ਗਿਆ (ਜਾਗੀਰ ਦਾ ਇਹ ਪੈਟਰਨ ਸਿੱਖ ਫ਼ਲਸਫ਼ੇ ਵਿਚ ਮਨਜ਼ੂਰ ਨਹੀਂ ਕੀਤਾ ਜਾ ਸਕਦਾ। ਜਦ ਬਾਬਾ ਬੰਦਾ ਸਿੰਘ ਨੇ ਨੂੰ ਆਜ਼ਾਦ ਕਰਵਾਇਆ ਤਾਂ ਉਸ ਨੇ ਜਾਗੀਰਦਾਰੀ ਨੂੰ ਬਿਲਕੁਲ ਖ਼ਤਮ ਕਰ ਦਿੱਤਾ ਸੀ। ਹੁਣ ਰਣਜੀਤ ਸਿੰਘ ਨੇ ਫੇਰ ਪੁੱਠਾ ਗੇੜ ਚਲਾ ਦਿੱਤਾ ਸੀ)।

ਭਾਵੇਂ ਇਕ ਵਾਰ ਤਾਂ ਚੇਤ ਸਿੰਘ ਚਲਾ ਗਿਆ ਪਰ ਉਸ ਦੇ ਸਾਥੀਆਂ ਨੇ ਇਸ ਹਾਰ ਨੂੰ ਕਬੂਲ ਨਾ ਕੀਤਾ। ਗੁਲਾਬ ਸਿੰਘ ਭੰਗੀ, ਸਾਹਿਬ ਸਿੰਘ ਭੰਗੀ (ਗੁਜਰਾਤ) ਤੇ ਜੋਧ ਸਿੰਘ ਰਾਮਗੜ੍ਹੀਆ ਨੇ, ਕਸੂਰ ਦੇ ਅਫ਼ਗਾਨ ਚੀਫ਼ ਨੂੰ ਨਾਲ ਰਲਾ ਕੇ, ਰਣਜੀਤ ਸਿੰਘ ਤੋਂ ਲਾਹੌਰ ਵਾਪਿਸ ਖੋਹਣ ਦੀ ਪਲਾਨ ਬਣਾਈ। ਉਨ੍ਹਾਂ ਨੇ ਫ਼ਰਵਰੀ 1801 ਦੇ ਦੂਜੇ ਅੱਧ ਵਿਚ ਲਾਹੌਰ ਵਲ ਕੂਚ ਕਰ ਦਿਤਾ। ਇਹ ਚਾਰੇ ਫੌਜਾਂ ਪਿੰਡ ਭਸੀਨ ਦੀ ਜੂਹ ਵਿਚ ਪਹੁੰਚ ਗਈਆਂ। ਉਧਰ ਰਣਜੀਤ ਸਿੰਘ ਅਤੇ ਸਦਾ ਕੌਰ ਦੀਆਂ ਫੌਜਾਂ ਦੇ ਨਾਲ-ਨਾਲ ਲਾਹੌਰ ਵਾਸੀ ਵੀ ਹਮਲਾਵਰਾਂ ਦਾ ਟਾਕਰਾ ਕਰਨ ਵਾਸਤੇ ਤਿਆਰ ਬੈਠੇ ਸਨ। ਦੋਵੇਂ ਧਿਰਾਂ ਕੁਝ ਦਿਨ ਤਾਂ ਚੁਪ ਰਹੀਆਂ ਪਰ ਫਿਰ ਛੋਟੀਆਂ-ਮੋਟੀਆਂ ਝੜਪਾਂ ਸ਼ੁਰੂ ਹੋ ਗਈਆਂ, ਪਰ ਵੱਡੀ ਲੜਾਈ ਸ਼ੁਰੂ ਨਾ ਹੋ ਸਕੀ। ਫ਼ਰਵਰੀ ਦੇ ਆਖ਼ਰੀ ਹਫ਼ਤੇ ਵਿਚ ਭੰਗੀ ਆਗੂਆਂ ਨੇ ਮਹਿਸੂਸ ਕੀਤਾ ਕਿ ਵੱਡੀ ਜੰਗ ਤੋਂ ਬਿਨਾਂ ਉਨ੍ਹਾਂ ਨੂੰ ਕਾਮਯਾਬੀ ਹਰਗਿਜ਼ ਨਹੀਂ ਮਿਲ ਸਕਣੀ। ਇਸ ਦੁਬਿਧਾ ਵਿਚ ਦੋ-ਤਿੰਨ ਦਿਨ ਹੋਰ ਬੀਤ ਗਏ। ਭੰਗੀ ਆਗੂਆਂ ਨੇ ਇਸ ਉਦਾਸੀ ਦੇ ਮਾਹੌਲ ਵਿਚ ਸ਼ਰਾਬ ਦਾ ਸਹਾਰਾ ਲੈਣਾ ਸ਼ੁਰੂ ਕਰ ਦਿਤਾ। ਗੁਲਾਬ ਸਿੰਘ ਬੁਰੀ ਤਰ੍ਹਾਂ ਸ਼ਰਾਬੀ ਹੋਣ ਲਗ ਪਿਆ। ਉਸ ਨੇ ਕਈ ਦਿਨ ਲਗਾਤਾਰ ਸ਼ਰਾਬ ਪੀਣੀ ਜਾਰੀ ਰੱਖੀ ਜਿਸ ਨਾਲ ਉਹ 28 ਫ਼ਰਵਰੀ 1801 ਦੇ ਦਿਨ ਕਟਾਣੀ ਪਿੰਡ ਵਿਚ ਮਰ ਗਿਆ। ਉਸ ਦੀ ਮੌਤ ਮਗਰੋਂ ਉਸ ਦੀ ਸਾਰੀ ਫ਼ੌਜ ਤਿੱਤਰ-ਬਿੱਤਰ ਹੋ ਗਈ ਤੇ ਬਾਕੀ ਫੌਜਾਂ ਵੀ ਬੇਦਿਲ ਹੋ ਕੇ ਉੱਥੋਂ ਚਲੀਆਂ ਗਈਆਂ। ਉੱਵ ਜੇ ਕਰ ਦੋਹਾਂ ਧਿਰਾਂ ਵਿਚ ਵੱਡੀ ਲੜਾਈ ਹੁੰਦੀ ਤਾਂ ਇਨ੍ਹਾਂ ਚੌਧਰੀਆਂ ਕਾਰਨ ਘਾਣ ਤਾਂ ਦੋਹੀਂ ਪਾਸੀਂ ਸਿੱਖ ਫ਼ੌਜੀਆਂ ਦਾ ਹੀ ਹੋਣਾ ਸੀ।

1866: ਕੂਕਿਆਂ ਨੇ ਹਿੰਦੂਆਂ ਦੀਆਂ ਸਮਾਧਾਂ ਢਾਹੀਆਂ

1865 ਤਕ ਕੂਕਾ ਆਗੂ ਰਾਮ ਸਿੰਘ ਕੋਲ ਕਾਫ਼ੀ ਚੇਲੇ ਆ ਚੁਕੇ ਸਨ। ਉਹ ਉਨ੍ਹਾਂ ਵਿਚ ਨਿਰੋਲ ਸਿੱਖੀ ਦਾ ਪਰਚਾਰ ਕਰਿਆ ਕਰਦਾ ਸੀ ਤੇ ਸਿੱਖੀ ਵਿਚ ਆ ਚੁਕੀਆਂ ਬ੍ਰਾਹਮਣੀ ਰਿਵਾਇਤਾਂ ਨੂੰ ਛੱਡਣ ਵਾਸਤੇ ਸਿੱਖਿਆ ਦੇਂਦਾ ਰਹਿੰਦਾ ਸੀ। ਇਸੇ ਪ੍ਰਚਾਰ ਹੇਠ ਉਸ ਨੇ ਆਪਣੇ ਚੇਲਿਆਂ ਨੂੰ ਸਮਾਧਾਂ ਬਣਾਉਣ ਦੇ ਖ਼ਿਲਾਫ਼ ਭੜਕਾਇਆ; ਉਸ ਨੇ ਸਮਾਧਾਂ ਬਣਾਉਣਾ ਸਿੱਖੀ ਦੇ ਮੂਲੋਂ ਉਲਟ ਦੱਸਿਆ। ਉਸ ਨੇ ਬੁਤ ਪ੍ਰਸਤੀ ਦੇ ਖ਼ਿਲਾਫ਼ ਪਰਚਾਰ ਵੀ ਕੀਤਾ। ਉਸ ਦੇ ਅਜਿਹੇ ਬੋਲਾਂ ਦਾ ਅਸਰ ਕੁਝ ਤੱਤੇ ਨੌਜਵਾਨਾਂ 'ਤੇ ਹੋਇਆ ਅਤੇ ਉਨ੍ਹਾਂ ਨੇ ਪੰਜਾਬ ਦੇ ਕੁਝ ਹਿੱਸਿਆਂ ਵਿਚ ਸਮਾਧਾਂ ਢਾਹੁਣੀਆਂ ਸ਼ੁਰੂ ਕਰ ਦਿਤੀਆਂ। ਸਮਾਧਾਂ ਢਾਹੁਣ ਦੀ ਸਭ ਤੋਂ ਪਹਿਲਾ ਐਕਸ਼ਨ

7 ਜੁਲਾਈ 1866 ਦੇ ਦਿਨ ਲੁਧਿਆਣਾ ਵਿਚ ਹੋਇਆ। ਪਰ ਕਿਉਂ ਕਿ ਇਹ ਕਾਰਵਾਈ ਐਨੀ ਵੱਡੀ ਪੱਧਰ 'ਤੇ ਨਹੀਂ ਸੀ ਹੋਈ ਇਸ ਕਰ ਕੇ ਅੰਗਰੇਜ਼ਾਂ ਨੇ ਇਸ ਦਾ ਕੋਈ ਨੋਟਿਸ ਨਾ ਲਿਆ। 1920 ਤੋਂ ਕੂਕੇ ਆਪਣੇ ਆਪ ਨੂੰ ਨਾਮਧਾਰੀ ਕਹਿਣ ਲਗ ਪਏ ਸਨ।

1955: ਗਿਆਨ ਸਿੰਘ ਰਾੜੇਵਾਲਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣਿਆ

1955 ਦੇ ਮੋਰਚੇ ਦੇ ਦੌਰਾਨ ਜਦ ਪੁਲਸ ਨੇ ਦਰਬਾਰ ਸਾਹਿਬ ਤੇ ਐਕਸ਼ਨ ਕੀਤਾ ਤਾਂ ਸ਼੍ਰੋਮਣੀ ਕਮੇਟੀ ਦੇ ਉਦੋਂ ਦੇ ਐਕਟਿੰਗ ਪ੍ਰਧਾਨ ਬਾਵਾ ਹਰਕਿਸ਼ਨ ਸਿੰਘ ਨੂੰ 6 ਜੁਲਾਈ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਦੀ ਥਾਂ ਤੇ 7 ਜੁਲਾਈ 1955 ਦੇ ਦਿਨ ਗਿਆਨ ਸਿੰਘ ਰਾਤੇਵਾਲਾ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਬਣਾਇਆ ਗਿਆ।

1987: ਹਿਮਾਂਚਲ ਵਿਚ ਸਿੱਖਾਂ ਦਾ ਕਤਲੇਆਮ: ਸਿੱਖ ਜੰਗਲਾਂ ਨੂੰ ਦੌੜ ਗਏ

ਲਾਲਤੂ ਤੇ ਫ਼ਤਹਿਬਾਦ ਵਿਚ ਬਸ ਕਤਲ ਕਾਂਡਾਂ ਤੋਂ ਬਾਅਦ ਭਾਰਤ ਵਿਚ ਕਾਂਗਰਸ ਦੀ ਹਕੂਮਤ ਵਾਲੇ ਜ਼ੋਨ ਵਿਚ ਸਿਖਾਂ ਉੱਤੇ ਬਹੁਤ ਹਮਲੇ ਕੀਤੇ ਗਏ ਜਿਸ ਨਾਲ 12 ਸਿੱਖ ਮਾਰੇ ਗਏ ਤੇ ਦਰਜਨਾਂ ਜ਼ਖ਼ਮੀ ਹੋਏ। ਹਰਿਆਣਾ ਵਿਚ ਸਿਰਸਾ, ਯਮਨਾਨਗਰ, ਕਾਲਕਾ, ਹਿਮਾਂਚਲ ਵਿਚ ਕੁੱਲੂ, ਮਨਾਲੀ, ਨਾਹਨ, ਨੂਰਪੁਰ, ਨੈਣਾਦੇਵੀ, ਨਾਲਾਗੜ ਤੋਂ ਇਲਾਵਾ ਦਿੱਲੀ ਅਤੇ ਰਿਸ਼ੀਕੇਸ਼ ਵਿਚ ਸਿੱਖਾਂ 'ਤੇ ਬਹੁਤ ਹਮਲੇ ਹੋਏ। ਸਭ ਤੋਂ ਵਧ ਜ਼ੁਲਮ ਕੁਲੂ ਤੇ ਮਨਾਲੀ (ਹਿਮਾਂਚਲ) , ਕਾਲਕਾ ਤੇ ਸਿਰਸਾ (ਹਰਿਆਣਾ), ਰਿਸ਼ੀਕੇਸ਼ (ਉਦੋਂ ਯੂ.ਪੀ., ਹੁਣ ਉਤਰਾਂਚਲ) ਵਗ਼ੈਰਾ ਵਿਚ ਕੀਤਾ ਗਿਆ। ਕੁੱਲੂ ਤੇ ਮਨਾਲੀ ਵਿਚ ਸਿੱਖਾਂ ਦੇ ਘਰ, ਗੁਰਦੁਆਰੇ ਅਤੇ ਸਾਰੇ ਬਿਜ਼ਨਸ ਅਦਾਰੇ ਲੁਹ ਦਿਤੇ ਗਏ। ਮਨਾਲੀ ਵਿਚ ਤਾਂ ਇਹ ਹਾਲ ਹੋਇਆ ਕਿ ਸਿੱਖ ਜੰਗਲਾਂ ਵਲ ਦੌੜ ਗਏ ਤੇ ਉੱਥੇ 8-10 ਦਿਨ ਲੁਕੇ ਰਹੇ।

ਹਿਮਾਂਚਲ ਦਾ ਕਾਂਗਰਸੀ ਚੀਫ਼ ਮਨਿਸਟਰ ਵੀਰ ਭੱਦਰ ਸਿੰਹ ਕਾਤਲਾਂ ਦੀ ਪਿੱਠ 'ਤੇ ਸੀ। ਹਾਲਾਤ ਕੁਝ ਨਰਮ ਹੋਣ ਮਗਰੋਂ ਕੁਝ ਕਾਂਗਰਸੀ ਸਿੱਖ ਵੀਰ ਭੱਦਰ ਸਿੰਹ ਨੂੰ ਮਿਲਣ ਗਏ ਤੇ ਉਨ੍ਹਾਂ (ਸਿੱਖਾਂ) ਨੇ ਆਪਣੇ ਘਰਾਂ ਤੇ ਦੁਕਾਨਾਂ ਦੀਆਂ ਚਾਬੀਆਂ ਉਸ ਦੀ ਮੇਜ਼ 'ਤੇ ਰਖਦਿਆਂ ਕਿਹਾ ਕਿ ਜਾਂ ਤਾਂ ਸਾਨੂੰ ਹਿਫਾਜ਼ਤ ਦਿਓ ਤੇ ਜਾਂ ਅਸੀਂ ਚਾਬੀਆਂ ਤੁਹਾਡੀ ਮੇਜ਼ 'ਤੇ ਰਖ ਚਲੇ ਹਾਂ। ਇਸ 'ਤੇ ਉਸ ਨੇ ਕਿਹਾ **'ਆਪ ਕੀ ਮਰਜ਼ੀ ਹੈ ਛੋਡ ਜਾਓ ਚਾਬੀਆਂ ਔਰ ਜਾਓ। ਆਪ ਕੋ ਜਾਣੇ ਸੇ ਕੌਣ ਰੋਕਤਾ ਹੈ।' {ਵੀਰ ਭੱਦਰ ਸਿੰਹ ਕਈ ਵਾਰ ਫੇਰ ਹਿਮਾਂਚਲ ਦਾ ਚੀਫ਼ ਮਨਿਸਟਰ ਬਣਿਆ}।**

ਇੰਵ ਹੀ ਸਿਰਸਾ (ਹਰਿਆਣਾ) ਵਿਚ ਸਿੱਖਾਂ ਦੇ ਅਦਾਰਿਆਂ 'ਤੇ ਹਮਲਿਆਂ ਦੌਰਾਨ ਵਿਚੋਂ ਦੇ ਕਰੋੜ ਦਾ ਸਾਮਾਨ ਲੁਟਿਆ ਗਿਆ। ਇਸ ਵਿਚੋਂ 30-35 ਲਖ ਦਾ ਸਾਮਾਨ ਬਰਾਮਦ ਵੀ ਹੋਇਆ। ਹਰਿਆਣੇ ਵਿਚ ਕੁਝ ਹਿੰਦੂ ਇਸ ਕਾਂਡ ਵਿਚ ਫੜੇ ਵੀ ਗਏ ਪਰ ਇਹ ਕਾਰਵਾਈ ਸਿਰਫ਼ ਦਿਖਾਵੇ ਹੀ ਸੀ। ਉਨ੍ਹਾਂ ਨੂੰ ਕਦੇ ਵੀ ਕੋਈ ਸਜ਼ਾ ਨਾ ਹੋਈ। 9 ਜੁਲਾਈ ਨੂੰ ਹਰਿਆਣਾ ਅਸੈਂਬਲੀ 'ਚ ਇਨ੍ਹਾਂ ਦੋਹਾਂ ਵਾਰਦਾਤਾਂ ਤੇ ਰੋਸ ਦਾ ਇਜ਼ਹਾਰ ਕੀਤਾ ਗਿਆ। ਪਰ ਸਿੱਖਾਂ 'ਤੇ ਹਮਲਿਆਂ ਬਾਰੇ ਧੀਰਪਾਲ (ਐਮ.ਐਲ.ਏ. ਲੋਕ ਦਲ) ਤੋਂ ਇਲਾਵਾ ਕਿਸੇ ਨੇ ਵੀ ਕੁਝ ਨਾ ਆਖਿਆ। ਹੋਰ ਤਾਂ ਹੋਰ ਅੱਧੀ ਦਰਜਨ 'ਸਿੱਖ' ਐਮ.ਐਲ.ਏ. ਵੀ ਚੁਪ ਕਰ ਕੇ ਬੈਠੇ ਰਹੇ।

1988: ਸੁਰਜੀਤ ਬਰਨਾਲਾ ਅਕਾਲ ਤਖ਼ਤ ਸਾਹਿਬ 'ਤੇ ਫੇਰ ਪੇਸ਼ ਹੋਇਆ

ਆਪਣੀ ਹਕੂਮਤ ਵੇਲੇ ਸੁਰਜੀਤ ਬਰਨਾਲਾ ਨੇ ਅਕਾਲ ਤਖ਼ਤ ਦੇ ਪੁਜਾਰੀਆਂ ਵੱਲੋਂ ਸੰਮਨ ਭੇਜੇ ਜਾਣ ਤੇ ਸਖ਼ਤ ਲਫ਼ਜ਼ਾਂ ਵਿਚ ਉਨ੍ਹਾਂ ਨੂੰ ਰੱਦ ਕੀਤਾ ਸੀ। ਪਰ ਹੁਣ ਕਿਉਂ ਕਿ ਰਾਜੀਵ ਗਾਂਧੀ ਨੇ ਉਸ ਨੂੰ ਵਰਤ ਕੇ ਰੱਦ ਕਰ ਦਿੱਤਾ ਸੀ ਤੇ ਚੂਪੇ ਅੰਬ ਦੀ ਗਿਟਕ ਵਾਂਗ ਸੁੱਟ

ਦਿੱਤਾ ਸੀ ਤਾਂ ਉਹ 7 ਜੁਲਾਈ 1988 ਨੂੰ ਅਕਾਲ ਤਖਤ ਸਾਹਿਬ 'ਤੇ ਫੇਰ ਮੁਆਫ਼ੀ ਮੰਗਣ ਦਾ ਡਰਾਮਾ ਕਰਨ ਵਾਸਤੇ 'ਪੇਸ਼' ਹੋਇਆ। ਇਸ ਮੌਕੇ 'ਤੇ ਸਾਰੇ ਪੰਜੇ ਨਵੇਂ ਗ੍ਰੰਥੀ ਤੇ ਪੁਜਾਰੀ (ਸੋਹਣ ਸਿੰਘ, ਪ੍ਰੀਤਮ ਸਿੰਘ, ਬਲਬੀਰ ਸਿੰਘ, ਮੋਹਣ ਸਿੰਘ, ਜਗੀਰ ਸਿੰਘ ਪੂਹਲਾ) ਆਪੇ ਅੰਮ੍ਰਿਤਸਰ ਪਹੁੰਚੇ ਹੋਏ ਸਨ। ਉਸ ਨੂੰ ਸੁਣ ਕੇ 'ਫ਼ੈਸਲਾ' ਤਾਂ ਕੋਈ ਨਾ ਦਿਤਾ ਗਿਆ ਪਰ ਸਿਖਾਂ 'ਚ ਇਸ ਦੇ ਖ਼ਿਲਾਫ਼ ਚੋਖਾ ਗੁੱਸਾ ਪਾਇਆ ਗਿਆ।

1989: ਚਰਨਜੀਤ ਸਿੰਘ ਚੰਨੀ ਸਾਨੀਆਂ, ਭੁਪਿੰਦਰ ਸਿੰਘ ਤੇ ਸੁਖਦੇਵ ਸਿੰਘ ਬਬਰ ਨੰਗਲ ਏਕਲ ਗੱਡਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਸੱਤ ਜੁਲਾਈ 1989 ਦੇ ਦਿਨ ਪੰਜਾਬ ਪੁਲਸ ਨੇ ਚਰਨਜੀਤ ਸਿੰਘ ਚੰਨੀ (ਪੁੱਤਰ ਗੁਰਨਾਮ ਸਿੰਘ, ਵਾਸੀ ਸਾਨੀਆਂ, ਅੰਮ੍ਰਿਤਸਰ), ਭੁਪਿੰਦਰ ਸਿੰਘ ਭੋਲਾ ਉਰਫ਼ ਫਤਹਿ ਸਿੰਘ ਅਤੇ ਸੁਖਦੇਵ ਸਿੰਘ ਬਬਰ (ਦੋਵੇਂ ਵਾਸੀ ਨੰਗਲ ਏਕਲ ਗੱਡਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਸੁਖਰਾਜ ਸਿੰਘ ਰਾਜੂ ਕੱਦ ਗਿਲ ਤੇ ਬਲਵਿੰਦਰ ਸਿੰਘ ਫੱਤੂ ਭੀਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਸੱਤ ਜੁਲਾਈ 1990 ਦੇ ਦਿਨ ਪੰਜਾਬ ਪੁਲਸ ਨੇ ਸੁਖਰਾਜ ਸਿੰਘ ਰਾਜੂ (ਵਾਸੀ ਕੱਦ ਗਿਲ) ਤੇ ਬਲਵਿੰਦਰ ਸਿੰਘ ਰਾਣਾ (ਵਾਸੀ ਫੱਤੂ ਭੀਲਾ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਹਰਜੀਤ ਸਿੰਘ ਸੁਖਵਾਲਾ, ਪਰਮਜੀਤ ਸਿੰਘ ਫ਼ੌਜੀ ਸਹਿੰਸਰਾ, ਭੁਪਿੰਦਰ ਸਿੰਘ ਤੇ ਰਣਜੀਤ ਸਿੰਘ, ਜਰਨੈਲ ਸਿੰਘ, ਕੁੰਦਨ ਸਿੰਘ ਕੁੰਦੀ, ਬਲਕਾਰ ਸਿੰਘ ਹਰਕੇਵਲ ਸਿੰਘ ਸਰਾਭਾ ਤੇ ਹੋਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਸੱਤ ਜੁਲਾਈ 1992 ਦੇ ਦਿਨ ਪੰਜਾਬ ਪੁਲਸ ਨੇ ਹਰਜੀਤ ਸਿੰਘ (ਪੁੱਤਰ ਅਮਰੀਕ ਸਿੰਘ, ਵਾਸੀ ਸੁਖਵਾਲਾ), ਪਰਮਜੀਤ ਸਿੰਘ ਫ਼ੌਜੀ (ਪੁੱਤਰ ਰੂੜ ਸਿੰਘ, ਵਾਸੀ ਸਹਿੰਸਰਾ), ਭੁਪਿੰਦਰ ਸਿੰਘ ਤੇ ਰਣਜੀਤ ਸਿੰਘ (ਜਲਾਲਾਬਾਦ, ਤਰਨਤਾਰਨ ਕੋਲ), ਜਰਨੈਲ ਸਿੰਘ ਤੇ ਕੁੰਦਨ ਸਿੰਘ ਕੁੰਦੀ (ਸ਼ਾਹਪੁਰਾ ਫ਼ੀਰੋਜ਼ਪੁਰ ਕੋਲ), ਬਲਕਾਰ ਸਿੰਘ (ਦੀਵਾਲੀਵਾਲ, ਬਟਾਲਾ ਕੋਲ), ਹਰਕੇਵਲ ਸਿੰਘ ਸਰਾਭਾ ਤੇ ਕਈ ਹੋਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1993: ਦਲਜੀਤ ਸਿੰਘ ਤੇ ਬਖ਼ਤਾਵਰ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ

7 ਜੁਲਾਈ 1993 ਦੇ ਦਿਨ ਪੁਲਸ ਨੇ ਦਲਜੀਤ ਸਿੰਘ (ਪੁੱਤਰ ਸੁਖਵੰਤ ਸਿੰਘ, ਵਾਸੀ ਗੋਹਲੂਵਾਲ, ਨੇੜੇ ਬਟਾਲਾ) ਤੇ ਬਖ਼ਤਾਵਰ ਸਿੰਘ (ਪੁੱਤਰ ਬੰਤਾ ਸਿੰਘ, ਵਾਸੀ ਮੂਲੋਵਾਲੀ, ਗੁਰਦਾਸਪੁਰ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

8 ਜੁਲਾਈ

1951:ਪੰਜਾਬੀ ਹਿੰਦੂਆਂ ਨੇ ਮਾਂ ਬੋਲੀ ਨਾਲ ਦਗਾ ਕਮਾਇਆ ਤੇ ਆਪਣੀ ਬੋਲੀ ਹਿੰਦੀ ਲਿਖਵਾਈ

ਜੁਲਾਈ 1951 ਵਿਚ ਭਾਰਤ ਵਿਚ ਮਰਦਮ ਸ਼ੁਮਾਰੀ ਦਾ ਕੰਮ ਜ਼ੋਰਾਂ ਨਾਲ ਚਲ ਰਿਹਾ ਸੀ। ਇਸ ਸਮੇਂ ਪੰਜਾਬ ਦਾ ਦਹਿਸ਼ਤਗਰਦੀ ਦੀ ਸੋਚ ਵਾਲਾ ਮਹਾਸ਼ਾ ਪਰੈੱਸ ਫ਼ਿਰਕਾਪ੍ਰਸਤੀ ਦੀ ਸੋਚ ਨਾਲ, ਅਪਣੀ ਜ਼ਹਿਰੀਲੀ ਕਲਮ ਨਾਲ, ਪੰਜਾਬੀ ਹਿੰਦੂ ਦੀ ਮਾਂ ਬੋਲੀ ਬਦਲਣ ਲਈ ਸਾਰਾ ਟਿਲ ਲਾ ਰਿਹਾ ਸੀ ਅਤੇ ਪੰਜਾਬ ਦਾ ਮਾਹੌਲ ਖ਼ਰਾਬ ਕਰ ਰਿਹਾ ਸੀ। ਹਿੰਦੂ ਸਿੱਖਾਂ ਵਿਚ ਪਈ

ਵੰਡ ਦੀ ਲਕੀਰ ਨੂੰ ਕਾਲੇ ਰੰਗ ਨਾਲ ਭਰਨ ਲਈ ਮਹਾਸ਼ਾ ਪਰੈੱਸ ਨੇ ਪੂਰੀ ਕੋਸ਼ਿਸ਼ ਕੀਤੀ ਅਤੇ ਕਾਮਯਾਬੀ ਵੀ ਹਾਸਿਲ ਕੀਤੀ। ਇਸ ਵੇਲੇ ਤਕ ਅਕਾਲੀ ਦਲ ਦਾ ਅਪਣਾ ਕੋਈ ਅਖ਼ਬਾਰ ਨਹੀਂ ਸੀ। ਇਸ ਵਾਸਤੇ ਹਿੰਦੂਆਂ ਤੇ ਹਰੀਜਨਾਂ ਨੂੰ ਮਹਾਸ਼ਾ ਪਰੈੱਸ ਨੇ ਅਪਣੀ ਫ਼ਿਰਕਾਪ੍ਰਸਤੀ ਦੀ ਛੂਤ ਦਾ ਨਿਸ਼ਾਨਾ ਸੋਖਿਆਂ ਹੀ ਬਣਾ ਲਿਆ। ਨਤੀਜੇ ਵਜੋਂ ਹਰ ਸਿੱਖ ਨੇ ਪੰਜਾਬੀ ਨੂੰ ਅਤੇ ਹਰ ਹਿੰਦੂ ਨੇ ਹਿੰਦੀ ਨੂੰ ਅਪਣੀ ਬੋਲੀ ਲਿਖਾਇਆ। ਟਾਈਮਜ਼ ਆਫ਼ ਇੰਡੀਆ ਵਿਚ ਉਨ੍ਹਾਂ ਦੇ ਨਾਮਾਨਿਗਾਰ ਨੇ ਵੀ ਇਹ ਲਿਖਿਆ ਕਿ "ਪੰਜਾਬ ਦੇ ਸਿੱਖ ਕਾਂਗਰਸ ਦੇ ਵਿਰੁਧ ਹਨ ਕਿਉਂ ਕਿ ਸਿੱਖਾਂ ਦੀ ਹਰ ਗੱਲ ਦਾ ਵਿਰੋਧ ਕੀਤਾ ਜਾਂਦਾ ਹੈ। ਇਸ ਵਿਚ ਪੰਜਾਬੀ ਬੋਲੀ ਵਿਰੋਧੀ ਵਤੀਰੇ ਦਾ ਸਭ ਤੋਂ ਵਧ ਹਿੱਸਾ ਹੈ। ਕਿਸੇ ਵੀ ਕਾਂਗਰਸੀ (ਹਿੰਦੂ) ਨੇ ਕਦੇ ਇਹ ਨਹੀਂ ਸੋਚਿਆ ਕਿ ਸਿੱਖਾਂ ਦਾ ਕੀ ਕਰਨਾ ਹੈ। ਕਾਂਗਰਸੀ ਤਾਂ ਸਿੱਖਾਂ ਨੂੰ ਹਰ ਹਥਿਆਰ ਨਾਲ ਭੰਡਦੇ ਹਨ। ਇਸੇ ਕਰ ਕੇ ਸਿੱਖ ਪੰਜਾਬੀ ਸੂਬਾ ਮੰਗਦੇ ਹਨ। ਇਹੀ ਸਿੱਖਾਂ ਦੇ ਮਸਲੇ ਦਾ ਇਕ ਹੱਲ ਹੈ।"

ਅਪਰੈਲ 1951 ਵਿਚ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ''ਪੰਜਾਬੀ ਸੂਬਾ ਨਾ ਬਣਾਉਣ ਦਾ ਕਾਰਨ ਸਿੱਖਾਂ ਤੇ ਬੇਵਿਸਾਹੀ ਹੈ। ਕੁਝ ਜਨਸੰਘੀ ਆਗੂਆਂ ਨੇ ਕੁਝ ਦਿਨ ਪਹਿਲਾ ਜਲੰਧਰ ਵਿਚ ਬਿਆਨ ਦੇਂਦਿਆਂ ਕਿਹਾ ਸੀ ਕਿ ''ਸਿੱਖਾਂ ਹੱਥ ਤਾਕਤ ਸੌਂਪਣਾ ਸਾਡੇ ਲਈ ਖ਼ਤਰਨਾਕ ਹੈ ਕਿਉਂ ਕਿ ਸਿੱਖ ਭਾਰਤ ਦੀ ਸਰਹਦ 'ਤੇ ਬੈਠੇ ਹਨ। ਨਹਿਰੂ ਨੂੰ ਬੋਲੀ ਦੀ ਬਿਨਾਅ ਤੇ ਸੂਬੇ ਉੱਤੇ ਕੋਈ ਇਤਰਾਜ਼ ਨਹੀਂ ਜੇ ਕਰ ਸਿੱਖਾਂ ਨੂੰ ਇਸ ਨਾਲ ਫ਼ਾਇਦਾ ਨਾ ਹੋਵੇ ਤਾਂ।" ਇਸ 'ਤੇ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਇਹ ਮਹਾਸ਼ੇ ਉਨ੍ਹਾਂ ਹਿੰਦੂ ਪਹਾੜੀ ਰਾਜਿਆਂ ਵਾਂਗ ਹਨ ਜਿਨ੍ਹਾਂ ਨੇ ਮੁਗ਼ਲਾਂ ਨਾਲ ਰਲ ਕੇ ਕਈ ਵਾਰ ਸਿੱਖਾਂ ਉਪਰ ਹਮਲੇ ਕੀਤੇ ਸਨ।

1951 ਵਿਚ ਕੁਝ ਸਿੱਖ ਵਕੀਲਾਂ ਤੇ ਵਿਦਵਾਨਾਂ ਨੇ ਇਕ ਖੁਲ੍ਹੀ ਚਿਠੀ ਨਹਿਰੂ ਦੇ ਨਾਂ ਲਿਖੀ ਜਿਸ ਵਿਚ ਉਨ੍ਹਾਂ ਕਿਹਾ ਕਿ ''ਸਿੱਖਾਂ ਦੀ ਹੋਂਦ ਨੂੰ ਵਰਤਮਾਨ ਮਾਹੌਲ ਵਿਚ ਖਤਰਾ ਹੈ। ਸਾਨੂੰ ਬਹੁ-ਗਿਣਤੀ ਦੀ ਫ਼ਿਰਕਾਪ੍ਰਸਤੀ ਤੋਂ ਬਚਾਓ"; ਇਸ ਚਿੱਠੀ ਉਪਰ ਅਜਮੇਰ ਸਿੰਘ (ਪਿਛੋਂ ਕੈਰੋਂ ਵੇਲੇ ਵਜ਼ੀਰ), ਦਸੌਂਧਾ ਸਿੰਘ, ਗੋਪਾਲ ਸਿੰਘ ਖਾਲਸਾ, ਜਸਵੰਤ ਸਿੰਘ ਨੇਕੀ, ਭਾਨ ਸਿੰਘ (ਸਿੱਖ ਸਟੂਡੈਂਟਜ਼ ਫ਼ੈਡਰਸ਼ਨ) ਵਗ਼ੈਰਾ ਦੇ ਦਸਤਖ਼ਤ ਸਨ। ਹੈਰਾਨੀ ਦੀ ਗੱਲ ਤਾਂ ਇਹ ਸੀ ਕਿ ਸਿੱਖ ਵਿਦਵਾਨਾਂ ਵਲੋਂ ਇਕ ਫ਼ਿਰਕੂ ਆਗੂ ਤੋਂ ਫ਼ਿਰਕਾਪ੍ਰਸਤੀ ਦੇ ਖ਼ਿਲਾਫ਼ ਮਦਦ ਮੰਗੀ ਜਾ ਰਹੀ ਸੀ। ਨਹਿਰੂ ਨੇ ਸਿੱਖਾਂ ਦੀ ਮਦਦ ਤਾਂ ਕੀਹ ਕਰਨੀ ਸੀ, ਉਲਟਾ ਉਸ ਨੇ ਮਾਸਟਰ ਤਾਰਾ ਸਿੰਘ ਨੂੰ ਡੇਗਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਉਸ ਨੇ ਤਾਂ ਬਾਬਾ ਖੜਕ ਸਿੰਘ (ਜੋ ਹਮੇਸ਼ਾ ਕਾਂਗਰਸ ਦਾ ਵੱਡਾ ਮੁਖ਼ਾਲਿਫ਼ ਹੋਇਆ ਕਰਦਾ ਸੀ) ਨੂੰ ਮੁੜ ਉਭਾਰਨ ਦੀ ਕੋਸ਼ਿਸ਼ ਵੀ ਕੀਤੀ। ਖੜਕ ਸਿੰਘ ਦਾ ਜਨਮ ਦਿਨ 20 ਜੂਨ 1951 ਦੇ ਦਿਨ ਮਨਾਉਣ ਦੇ ਮੌਕੇ 'ਤੇ ਨਹਿਰੂ ਉਚੇਚੇ ਤੌਰ 'ਤੇ ਉੱਥੇ ਪੁੱਜਾ ਤੇ ਖੜਕ ਸਿੰਘ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੇ।

ਇਸ ਮਗਰੋਂ ਚਰਚਾ ਚੱਲਿਆ ਕਿ ਅਕਾਲੀ ਦਲ ਨੂੰ ਕਾਂਗਰਸ ਵਿਚ ਸ਼ਾਮਿਲ ਕਰ ਦਿੱਤਾ ਜਾਵੇਗਾ ਅਤੇ ਸਿੱਖਾਂ ਦੀ ਅਜ਼ਾਦ ਹਸਤੀ ਦੀ ਗੱਲ ਕਰਨ ਵਾਲੀ ਜਥਬੰਦੀ ਖ਼ਤਮ ਹੋ ਜਾਵੇਗੀ ਜਿਸ ਮਗਰੋਂ ਹੌਲੀ ਹੌਲੀ ਸਿੱਖਾਂ ਦੀ ਨਿਆਰੀ ਹਸਤੀ ਖ਼ਤਮ ਹੋ ਜਾਵੇਗੀ। ਅਕਾਲੀ ਦਲ ਨੇ ਇਸ ਨੂੰ ਤਾੜਦਿਆਂ 8 ਜੁਲਾਈ 1951 ਦੇ ਦਿਨ ਸਿੱਖਾਂ ਦੀ ਨਿਆਰੀ ਹਸਤੀ ਕਾਇਮ ਰੱਖਣ ਅਤੇ ਪੰਜਾਬ ਸੂਬਾ ਬਣਾਉਣ ਵਾਸਤੇ ਮਤਾ ਪਾਸ ਕੀਤਾ।

1989: ਚਰਨਜੀਤ ਸਿੰਘ ਚੰਨੀ ਝੱਲੀਆਂ, ਪਲਤੇਜ ਸਿੰਘ ਰੁਮਾਣਾ ਚੱਕ ਤੇ ਗੁਰਕੀਰਤ ਸਿੰਘ ਜਲਾਲ ਭਾਈ ਨਕਲੀ ਮੁਕਾਬਲਿਆਂ ਵਿਚ ਸ਼ਹੀਦ

8 ਜੁਲਾਈ 1989 ਦੇ ਦਿਨ ਪੁਲਸ ਨੇ ਚਰਨਜੀਤ ਸਿੰਘ ਚੰਨੀ (ਪੁੱਤਰ ਗੁਰਨਾਮ ਸਿੰਘ, ਵਾਸੀ ਝੱਲੀਆਂ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ

ਪੰਜਾਬ ਪੁਲਸ ਨੇ ਪਲਤੇਜ ਸਿੰਘ ਐਮ.ਏ ਉਰਫ਼ ਹਰਿੰਦਰ ਸਿੰਘ (ਵਾਸੀ ਰੁਮਾਣਾ ਚੱਕ, ਅੰਮ੍ਰਿਤਸਰ) ਤੇ ਗੁਰਕੀਰਤ ਸਿੰਘ ਉਰਫ਼ ਰਾਣਾ (ਵਾਸੀ ਜਲਾਲਭਾਈ, ਜਲੰਧਰ) ਨੂੰ ਵੀ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਮਨਦੀਪ ਸਿੰਘ ਹਲਵਾਰਾ ਨਕਲੀ ਮੁਕਾਬਲੇ ਵਿਚ ਸ਼ਹੀਦ

8 ਜੁਲਾਈ 1991 ਦੇ ਦਿਨ ਪੁਲਸ ਨੇ ਮਨਦੀਪ ਸਿੰਘ (ਪੁੱਤਰ ਸੁਰਜੀਤ ਸਿੰਘ, ਵਾਸੀ ਹਲਵਾਰਾ, ਜ਼ਿਲ੍ਹਾ ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਨਰਿੰਦਰ ਸਿੰਘ ਵਿੱਕੀ, ਗੁਰਿੰਦਰ ਸਿੰਘ ਲੋਹੀਆਂ ਅਤੇ ਗੁਰਦੀਪ ਸਿੰਘ ਫ਼ੀਰੋਜ਼ਪੁਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

8 ਜੁਲਾਈ 1992 ਦੇ ਦਿਨ ਪੁਲਸ ਨੇ ਨਰਿੰਦਰ ਸਿੰਘ ਉਰਫ਼ ਵਿੱਕੀ, ਗੁਰਿੰਦਰ ਸਿੰਘ ਲੋਹੀਆਂ ਅਤੇ ਗੁਰਦੀਪ ਸਿੰਘ ਫ਼ੀਰੋਜ਼ਪੁਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਸੁਖਵਿੰਦਰ ਸਿੰਘ ਨੰਬਰਦਾਰ ਨਕਲੀ ਮੁਕਾਬਲੇ ਵਿਚ ਸ਼ਹੀਦ

8 ਜੁਲਾਈ 1993 ਦੇ ਦਿਨ ਪੁਲਸ ਨੇ ਸੁਖਵਿੰਦਰ ਸਿੰਘ (ਪੱਤਰ ਗਿਆਨ ਸਿੰਘ, ਵਾਸੀ ਵਜੀਦਪੁਰ ਬਦੇਸ਼ਾਂ, ਨੇੜੇ ਮਹਿਸਮਪੁਰ, ਜ਼ਿਲ੍ਹਾ ਸੰਗਰੂਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1994: ਕਨੇਡਾ ਵਿਚ ਪੰਜਾਬੀ ਨੂੰ ਦੂਜੀ ਜ਼ਬਾਨ ਦਾ ਦਰਜਾ ਮਿਲਿਆ

8 ਜੁਲਾਈ 1994 ਦੇ ਦਿਨ ਕਨੇਡਾ ਦੇ ਸੂਬੇ ਬ੍ਰਿਟਿਸ਼ ਕਲੰਬੀਆ ਵਿਚ ਪੰਜਾਬੀ ਜ਼ਬਾਨ ਨੂੰ ਦੂਜਾ ਦਰਜਾ ਦਿੱਤਾ ਗਿਆ ਅਤੇ ਸਰਕਾਰੀ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਵੀ ਸ਼ੁਰੂ ਹੋਈ ਅਤੇ ਦਫ਼ਤਰਾਂ ਵਿਚ ਵੀ ਇਸ ਦੀ ਵਰਤੋਂ ਦੀ ਖੁਲ੍ਹ ਵੀ ਦੇ ਦਿੱਤੀ ਗਈ।

9 ਜੁਲਾਈ

1923: ਮਹਾਰਾਜਾ ਨਾਭਾ ਰਿਪੁਦਮਨ ਸਿੰਘ ਨੂੰ ਗੱਦੀਓਂ ਲਾਹਿਆ ਗਿਆ

ਜਿਸ ਵੇਲੇ ਗੁਰਦੁਆਰਾ ਲਹਿਰ ਸ਼ੁਰੂ ਹੋਈ ਤਾਂ ਅੰਗਰੇਜ਼ੀ ਸਰਕਾਰ ਨੇ ਮਹੰਤਾਂ ਦਾ ਸਾਥ ਦਿੱਤਾ ਪਰ ਦੂਜੇ ਪਾਸੇ ਸਿੱਖ ਰਾਜਿਆਂ ਨੇ ਵੀ ਅਕਾਲੀਆਂ ਦਾ ਬਿਲਕੁਲ ਸਾਥ ਨਾ ਦਿੱਤਾ। ਸਿਰਫ਼ ਨਾਭਾ ਦੇ ਮਹਾਰਾਜੇ ਰਿਪੁਦਮਨ ਸਿੰਘ ਨੇ ਅਕਾਲੀ ਲਹਿਰ ਦੀ ਪੁਰਜ਼ੋਰ ਹਮਾਇਤ ਕੀਤੀ। ਜਦੋਂ ਨਾਨਕਾਣਾ ਸਾਹਿਬ ਕਤਲੋਆਮ ਦੇ ਖ਼ਿਲਾਫ਼ ਸ਼੍ਰੋਮਣੀ ਕਮੇਟੀ ਨੇ ਰੋਸ ਦਿਨ ਮਨਾਉਣ ਹਿਤ ਕਾਲੇ ਦਸਤਾਰੇ ਸਜਾਉਣ ਦੀ ਅਪੀਲ ਜਾਰੀ ਕੀਤੀ ਤਾਂ ਮਹਾਰਾਜਾ ਨਾਭਾ ਨੇ ਤਾਂ ਆਪ ਵੀ ਕਾਲੀ ਦਸਤਾਰ ਸਜਾਈ ਅਤੇ ਨਾਨਕਾਣਾ ਸਾਹਿਬ ਸਬੰਧੀ 'ਅਰਦਾਸ ਦਿਨ' ਦੇ ਮੌਕੇ 'ਤੇ ਸਰਕਾਰੀ ਛੁੱਟੀ ਵੀ ਕੀਤੀ। ਅੰਗਰੇਜ਼ੀ ਸਰਕਾਰ ਨੂੰ ਇਸ ਨਾਲ ਬੜੀ ਤਕਲੀਫ਼ ਹੋਈ ਕਿਉਂ ਕਿ ਸਰਕਾਰ ਤਾਂ ਕਾਲਾ ਦਸਤਾਰਾ ਸਜਾਉਣ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਕੇ ਸਜ਼ਾਵਾਂ ਦੇ ਰਹੀ ਸੀ। ਹਾਲਾਂ ਕਿ ਨਵੰਬਰ 1920 ਵਿਚ ਜਦੋਂ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਢੱਠੀ ਦੀਵਾਰ ਮੁੜ ਉਸਾਰਨ ਵਾਸਤੇ 'ਸ਼ਹੀਦੀ ਜਥਾ' ਦਿੱਲੀ ਲਿਜਾਣ ਦੀ ਤਾਰੀਖ਼ ਦਾ ਐਲਾਨ ਹੋਇਆ ਤਾਂ ਇਸ ਮਹਾਰਾਜਾ ਨਾਭਾ ਨੇ ਵਿਚੋਲਾ ਬਣ ਕੇ ਦੀਵਾਰ ਉਸਰਵਾ ਕੇ ਸਰਕਾਰ ਨੂੰ ਮੁਸ਼ਕਲ 'ਚੋਂ ਕੱਢ ਲਿਆ ਸੀ। ਪਰ ਫਿਰ ਵੀ ਸਰਕਾਰ ਨੂੰ ਨਾਭੇ ਦਾ ਮਹਾਰਾਜਾ ਚੁਭਦਾ ਹੀ ਰਿਹਾ।

ਪਟਿਆਲੇ ਦੇ ਮਹਾਰਾਜੇ ਭੂਪਿੰਦਰ ਸਿੰਘ ਦੇ ਸਬੰਧ ਅੰਗਰੇਜ਼ਾਂ ਨਾਲ ਬੜੇ ਡੂੰਘੇ ਸਨ। ਉਨ੍ਹੀਂ ਦਿਨੀਂ ਦੋਹਾਂ ਰਿਆਸਤਾਂ ਵਿਚ ਝਗੜੇ ਵਾਲੇ ਨੁਕਤਿਆਂ ਬਾਰੇ ਪੜਤਾਲ ਕਰਨ ਵਾਸਤੇ ਬਰਤਾਨਵੀ ਹਕੂਮਤ ਨੇ ਅਲਾਹਬਾਦ ਹਾਈ ਕੋਰਟ ਦੇ ਇਕ ਜੱਜ ਨੂੰ ਤਾਇਨਾਤ ਕੀਤਾ ਹੋਇਆ ਸੀ। ਇਸ ਜੱਜ ਨੇ ਚਾਰ ਮਹੀਨੇ (ਜਨਵਰੀ ਤੋਂ ਅਪ੍ਰੈਲ 1923) ਪੜਤਾਲ ਕੀਤੀ ਅਤੇ ਜੂਨ ਦੇ ਪਹਿਲੇ ਹਫ਼ਤੇ ਆਪਣੀ ਰਿਪੋਰਟ ਗਵਰਨਰ ਜਨਰਲ ਕੋਲ ਪੇਸ਼ ਕਰ ਦਿੱਤੀ। ਮਗਰੋਂ ਸਰਕਾਰ ਦੇ ਪੋਲੀਟੀਕਲ ਏਜੰਟ ਕਰਨਲ ਮਿੰਚਨ ਨੇ ਇਸ 'ਤੇ ਵਿਚਾਰ ਕਰਨ ਵਾਸਤੇ ਮਹਾਰਾਜਾ ਨਾਭਾ ਨੂੰ ਕਸੌਲੀ ਬੁਲਾਇਆ। ਦੋਵੇਂ ਜਣੇ 5 ਜੂਨ 1923 ਦੇ ਦਿਨ ਕਸੌਲੀ ਵਿਚ ਮਿਲੇ। ਕਰਨਲ ਮਿੰਚਨ ਨੇ ਮਹਾਰਾਜਾ ਨਾਭਾ ਨੂੰ ਸਲਾਹ ਦਿੱਤੀ ਕਿ ਰਿਪੋਰਟ ਨੂੰ ਮੱਦੇ-ਨਜ਼ਰ ਰੱਖਦਿਆਂ ਉਸ ਨੂੰ ਚਾਹੀਦਾ ਹੈ ਕਿ ਉਹ ਆਪ ਹੀ ਤਖ਼ਤ ਛੱਡ ਕੇ ਰਿਆਸਤ ਨੂੰ ਆਪਣੇ ਨਾਬਾਲਗ ਪੁੱਤਰ ਦੇ ਹਵਾਲੇ ਕਰ ਦੇਵੇ। ਕਸੌਲੀ ਤੋਂ ਮੁੜਨ ਮਗਰੋਂ ਮਹਾਰਾਜਾ ਨਾਭਾ ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਨੂੰ ਮਿਲੇ ਅਤੇ ਸਾਰੀ ਹਾਲਤ ਦੱਸੀ। ਉਨ੍ਹਾਂ ਦੋਹਾਂ ਨੇ ਮਹਾਰਾਜੇ ਨੂੰ ਅਸਤੀਫ਼ਾ ਦੇਣ ਤੋਂ ਰੋਕਿਆ ਅਤੇ ਸ਼੍ਰੋਮਣੀ ਕਮੇਟੀ ਵਲੋਂ ਪੂਰੀ ਮਦਦ ਦਾ ਵਾਅਦਾ ਕੀਤਾ। ਪਰ ਕਰਨਲ ਮਿੰਚਨ ਬਹੁਤ ਚਾਲਾਕ ਸ਼ਖ਼ਸ ਸੀ। ਉਸ ਨੇ ਫੇਰ ਮਹਾਰਾਜੇ ਨੂੰ ਬੁਲਾ ਕੇ ਉਸ ਨਾਲ ਮੀਟਿੰਗ ਕੀਤੀ ਅਤੇ ਅਖ਼ੀਰ 7 ਜੁਲਾਈ 1923 ਦੇ ਦਿਨ ਮਹਾਰਾਜੇ ਕੋਲੋਂ ਤਖ਼ਤ ਛੱਡਣ ਦੇ ਕਾਗਜ਼ 'ਤੇ ਦਸਤਖ਼ਤ ਕਰਵਾ ਲਏ। ਅਗਲੇ ਦਿਨ ਹੀ ਮਿੰਚਨ ਅੰਗਰੇਜ਼ ਫੌਜਾਂ ਅਤੇ ਪੂਰਾ ਫ਼ੌਜੀ ਅਮਲਾ ਅਤੇ ਗੱਡੀਆਂ ਲੈ ਕੇ ਨਾਭੇ ਪਹੁੰਚ ਗਿਆ ਤੇ ਰਿਆਸਤ ਦਾ ਨਿਜ਼ਾਮ ਸੰਭਾਲ ਲਿਆ। ਮਹਾਰਾਜਾ ਰਿਪੁਦਮਨ ਸਿੰਘ ਨੂੰ ਦੇਹਰਾਦੂਨ ਭੇਜ ਦਿੱਤਾ ਗਿਆ।

ਦੋਹਾਂ ਰਾਜਿਆਂ ਦੇ ਝਗੜੇ ਸਬੰਧੀ ਸ਼੍ਰੋਮਣੀ ਕਮੇਟੀ ਨੇ ਇਕ ਡੈਪੂਟੇਸ਼ਨ ਵੀ ਭੇਜਿਆ ਸੀ ਜਿਸ ਨੇ ਮਹਾਰਾਜਾ ਪਟਿਆਲਾ ਨਾਲ ਮੁਲਾਕਾਤ ਕੀਤੀ ਪਰ ਨਾਭਾ ਰਾਜੇ ਨੇ 'ਬੀਮਾਰ' ਹੋਣ ਕਾਰਨ ਮਿਲਣ ਤੋਂ ਇਨਕਾਰ ਕਰ ਦਿੱਤਾ (ਹਫ਼ਤਾਵਾਰ ਅਖ਼ਬਾਰ 'ਪੰਜਾਬ ਦਰਪਣ', ਤਾਰੀਖ਼ 22-29 ਜੂਨ 1923 ਮੁਤਾਬਿਕ, ਐਸ.ਐਸ. ਚਰਨ ਸਿੰਘ 'ਸ਼ਹੀਦ' ਨੇ ਪੈਸੇ ਲੈ ਕੇ, ਨਾਭਾ ਦੇ ਸਾਰੇ ਰਾਜ਼ ਪਟਿਆਲਾ ਰਾਜਾ ਨੂੰ ਦੱਸ ਕੇ, ਗ਼ਦਾਰੀ ਕੀਤੀ ਸੀ)। ਇਸ ਦੀ ਖ਼ਬਰ 9 ਜੁਲਾਈ 1923 ਦੇ ਦਿਨ ਅੰਮਿਤਸਰ ਪੁੱਜੀ ਸੀ ਜਿਸ ਨਾਲ ਸਾਰੇ ਪਾਸੇ ਜ਼ਬਰਦਸਤ ਰੋਸ ਫੈਲ ਗਿਆ।

1925: ਗੁਰਦੁਆਰਾ ਐਕਟ ਬਣਾਉਣ ਵਾਸਤੇ ਅਸੈਂਬਲੀ ਵਿਚ ਬਿਲ ਪੇਸ਼ ਕੀਤਾ ਗਿਆ

1920 ਤੋਂ 1924 ਤਕ ਜ਼ਬਰਦਸਤ ਗੁਰਦੁਆਰਾ ਸੁਧਾਰ ਲਹਿਰ ਚੱਲਣ ਮਗਰੋਂ ਸਰਕਾਰ ਨੇ ਹਥਿਆਰ ਸੁੱਟਣ ਦਾ ਫੈਸਲਾ ਕਰ ਲਿਆ। ਇਸ ਸਿਲਸਿਲੇ ਵਿਚ ਗੁਰਦੁਆਰਾ ਐਕਟ ਬਣਾਉਣ ਦੀ ਕੋਸ਼ਿਸ਼ ਸ਼ੁਰੂ ਹੋਈ। 25 ਨਵੰਬਰ 1924 ਦੇ ਦਿਨ ਪੰਜਾਬ ਕੌਂਸਲ ਦੇ ਸਿੱਖ ਮੈਂਬਰਾਂ: ਜੋਧ ਸਿੰਘ, ਨਰਾਇਣ ਸਿੰਘ ਵਕੀਲ, ਤਾਰਾ ਸਿੰਘ ਮੋਗਾ, ਮੰਗਲ ਸਿੰਘ ਤੇ ਗੁਰਬਖ਼ਸ਼ ਸਿੰਘ ਅੰਬਾਲਾ ਦੀ ਇਕ ਕਮੇਟੀ ਬਣਾਈ ਗਈ ਜੋ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਪੌਕਲ ਅਤੇ ਲਾਹੌਰ ਦੇ ਡਿਪਟੀ ਕਮਿਸ਼ਨਰ ਐਮਰਸਨ ਨਾਲ ਮਿਲ ਕੇ ਗੁਰਦੁਆਰਾ ਐਕਟ ਬਣਾਵੇ। ਇਨ੍ਹਾਂ ਨੂੰ ਮਦਦ ਲਈ ਦੋ ਕਾਨੂੰਨਦਾਨ ਕੰਵਰ ਦਲੀਪ ਸਿੰਘ ਬੈਰਿਸਟਰ ਤੇ ਮਿਸਟਰ ਬੀਜ਼ਲੇ ਦਿੱਤੇ ਗਏ।

ਇਸ ਗੁਰਦੁਆਰੇ ਬਿੱਲ ਦੇ ਅਹਿਮ ਨੁਕਤੇ ਇਹ ਸਨ: (1) ਸਿੱਖ ਗੁਰਦੁਆਰੇ ਕਿਹੜੇ ਹਨ? (2) ਉਨ੍ਹਾਂ ਦੀ ਜਾਇਦਾਦ ਕਿਹੜੀ ਹੈ? (3) ਇਸ ਇੰਤਜ਼ਾਮ ਦੀ ਤਬਦੀਲੀ ਨਾਲ ਜਿਨ੍ਹਾਂ ਨੂੰ ਨੁਕਸਾਨ ਹੋਣਾ ਹੈ ਉਨ੍ਹਾਂ ਨੂੰ ਮੁਆਵਜ਼ਾ ਕਿੰਨਾ ਤੇ ਕਿਵੇਂ ਦੇਣਾ ਹੈ? (4) ਇਨ੍ਹਾਂ ਗੁਰਦਵਾਰਿਆਂ ਦਾ ਇੰਤਜ਼ਾਮ ਕਿਵੇਂ ਕੀਤਾ ਜਾਵੇਗਾ ਤੇ ਕੌਣ ਕਰੇਗਾ?

29 ਨਵੰਬਰ 1924 ਤੋਂ 6 ਦਸੰਬਰ 1924 ਤਕ ਇਸ ਕਮੇਟੀ ਦੀਆਂ ਕਈ ਮੀਟਿੰਗਾਂ ਹੋਈਆਂ। 12 ਤੇ 14 ਦਸੰਬਰ 1924 ਨੂੰ ਫੇਰ ਮੀਟਿੰਗ ਹੋਈ 21 ਜਨਵਰੀ 1925 ਨੂੰ ਇਸ ਬਿਲ ਦਾ ਖਰੜਾ ਛਾਪ ਦਿੱਤਾ ਗਿਆ। ਇਸ ਬਿਲ ਸਬੰਧੀ ਜੋ ਵੀ ਖਰੜਾ ਬਣਦਾ ਸੀ ਲਾਹੌਰ ਕਿਲ੍ਹੇ ਵਿਚ ਕੈਦ ਅਕਾਲੀ ਆਗੂਆਂ ਨੂੰ ਉਸ ਦੀਆਂ ਕਾਪੀਆਂ ਪਹੁੰਚ ਜਾਂਦੀਆਂ ਸਨ। ਉਨ੍ਹਾਂ ਦੀ ਮਰਜ਼ੀ ਨਾਲ ਬਿਲ ਤਿਆਰ ਹੋ ਰਿਹਾ ਸੀ। ਇਨ੍ਹਾਂ ਮੀਟਿੰਗਾਂ ਵਿਚ ਉਪਰਲੇ ਨੁਕਤਿਆਂ ਸਬੰਧੀ ਬਹੁਤ ਵਿਚਾਰਾਂ ਹੋਈਆਂ।

ਇਸ ਐਕਟ ਹੇਠ ਪਹਿਲੀ ਲਿਸਟ ਵਿਚ 241 ਗੁਰਦੁਆਰੇ ਸਨ ਜਿਨ੍ਹਾਂ ਵਿਚੋਂ 64 ਪੂਰਬੀ ਪੰਜਾਬ (ਹੁਣ ਭਾਰਤ ਹੇਠ) ਅਤੇ 177 ਪੱਛਮੀ ਪੰਜਾਬ (ਹੁਣ ਪਾਕਿਸਤਾਨ ਹੇਠ) ਦੇ ਸਨ। ਇਸ ਤੋਂ ਬਿਨਾਂ 116 ਅਖਾੜੇ ਤੇ ਡੇਰੇ ਵਗ਼ੈਰਾ ਵੀ ਦੂਜੀ ਸੂਚੀ ਵਿਚ ਸਨ; ਇਨ੍ਹਾਂ ਨੂੰ ਗੁਰਦੁਆਰੇ ਨਹੀਂ ਮੰਨਿਆ ਗਿਆ ਸੀ। ਇਸ ਤੋਂ ਇਲਾਵਾ ਇਹ ਮਦ ਵੀ ਸੀ ਕਿ ਕੋਈ ਵੀ 50 ਸਿੱਖ ਕਿਸੇ ਗੁਰਦੁਆਰੇ ਨੂੰ ਇਸ ਕਮੇਟੀ ਨੂੰ ਦੇਣ ਦਾ ਮਤਾ ਪੇਸ਼ ਕਰ ਸਕਦੇ ਸਨ। ਇਸ ਐਕਟ ਦੀ ਸਭ ਤੋਂ ਵੱਡੀ ਖੂਬੀ ਇਹ ਸੀ ਸਿੱਖ ਬੀਬੀਆਂ ਨੂੰ ਵੋਟ ਦਾ ਹੱਕ ਹਾਸਿਲ ਹੋ ਗਿਆ ਸੀ। ਭਾਰਤ ਵਿਚ ਇਹ ਹੱਕ ਸਭ ਤੋਂ ਪਹਿਲਾਂ ਸਿੱਖ ਬੀਬੀਆਂ ਨੂੰ ਹੀ ਮਿਲਿਆ। ਐਕਟ ਵਿਚ ਇਹ ਵੀ ਖੁਲ੍ਹ ਸੀ ਕਿ ਇਹ 'ਸੈਂਟਰਲ ਬੋਰਡ' ਚਾਹਵੇ ਤਾਂ ਆਪਣਾ ਕੋਈ ਵੀ ਨਾਂ ਰਖ ਸਕਦਾ ਹੈ। ਇਹ ਇਸੇ ਕਾਰਨ ਮੰਨਿਆ ਗਿਆ ਸੀ ਕਿਉਂਕਿ ਅਕਾਲੀ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਨਾਂ ਹੀ ਰੱਖਣਾ ਚਾਹੁੰਦੇ ਸਨ।

21 ਜਨਵਰੀ 1925 ਨੂੰ ਇਸ ਬਿਲ ਦੇ ਖਰੜੇ ਦੇ ਛਾਇਆ ਹੋਣ 'ਤੇ ਸ਼੍ਰੋਮਣੀ ਕਮੇਟੀ ਨੇ 1 ਮਾਰਚ 1925 ਨੂੰ ਕਮੇਟੀ ਦੀ ਮੀਟਿੰਗ ਸੱਦ ਲਈ ਪਰ ਸਰਕਾਰ ਨੇ ਸਾਰੀ ਡਾਕ ਰੋਕ ਲਈ। ਇਸ ਕਾਰਨ ਇਹ ਬਿੱਲ 27 ਅਪ੍ਰੈਲ 1925 ਨੂੰ ਅਕਾਲ ਤਖ਼ਤ 'ਤੇ ਕਮੇਟੀ ਦੇ ਜਨਰਲ ਸਮਾਗਮ ਵਿਚ ਰਖਿਆ ਗਿਆ। ਇਸ ਦਿਨ ਸ਼੍ਰੋ: ਗੁ: ਪ੍ਰ: ਕਮੇਟੀ ਨੇ ਬਿੱਲ ਪਾਸ ਕਰ ਦਿੱਤਾ। ਸ਼੍ਰੋਮਣੀ ਕਮੇਟੀ ਨੇ ਮਤਾ ਪਾਸ ਕੀਤਾ ਕਿ 'ਗੁ: ਬਿੱਲ 1925 ਸਬੰਧੀ ਡੂੰਘੀ ਵਿਚਾਰ ਦੇ ਬਾਅਦ ਇਹ ਰਾਇ ਕੀਤੀ ਹੈ ਕਿ ਇਹ ਬਿੱਲ ਗੁਰਦੁਆਰਾ ਸੁਧਾਰ ਲਹਿਰ ਦੀਆਂ ਬਹੁਤ ਸਾਰੀਆਂ ਲੋੜਾਂ ਨੂੰ ਪੂਰਾ ਕਰਦਾ ਹੈ।' ਸ਼੍ਰੋਮਣੀ ਕਮੇਟੀ ਨੇ ਹੇਠ ਲਿਖੀਆਂ ਤਰਮੀਮਾਂ ਪੇਸ਼ ਕੀਤੀਆਂ: 1. ਅਕਾਲ ਤਖ਼ਤ ਤੇ ਕੇਸਗੜ੍ਹ ਵੀ ਸ਼੍ਰੋਮਣੀ ਕਮੇਟੀ ਕੋਲ ਹੋਣ। 2. ਔਰਤਾਂ ਨੂੰ ਵੀ ਵੋਟ ਦਾ ਹੱਕ ਹੋਵੇ। 3. ਗੁਰਦੁਆਰਾ ਆਮਦਨ, ਧਰਮ, ਵਿਦਿਆ ਤੇ ਦਾਨ ਲਈ ਖਰਚ ਹੋਵੇ।

ਇੰਞ ਸ਼੍ਰੋਮਣੀ ਕਮੇਟੀ ਨੇ ਇਕ ਤਰ੍ਹਾਂ ਨਾਲ ਇਹ ਬਿੱਲ ਮਨਜ਼ੂਰ ਕਰ ਲਿਆ। 7 ਮਈ 1925 ਨੂੰ ਇਹ ਬਿੱਲ ਸਿਲੈਕਟ ਕਮੇਟੀ ਨੂੰ ਦਿੱਤਾ ਗਿਆ ਤੇ 2 ਮਹੀਨੇ ਪਿਛੋਂ 9 ਜੁਲਾਈ 1925 ਨੂੰ ਤਾਰਾ ਸਿੰਘ (ਮੈਂਬਰ ਕੌਂਸਲ) ਵਲੋਂ ਪੇਸ਼ ਕੀਤਾ ਇਹ ਬਿਲ ਸ਼ਿਮਲਾ ਇਜਲਾਸ ਵਿਚ ਪਾਸ ਕਰ ਦਿੱਤਾ ਗਿਆ। ਮਗਰੋਂ ਗਵਰਨਰ ਵਲੋਂ ਮਨਜ਼ੂਰੀ ਦੇਣ 'ਤੇ ਇਹ ਬਿੱਲ ਐਕਟ ਬਣ ਗਿਆ। (ਇਹ ਐਕਟ 1 ਨਵੰਬਰ 1925 ਤੋਂ ਲਾਗੂ ਹੋ ਗਿਆ। ਉਸ ਤੋਂ ਬਾਅਦ ਅੱਜ ਤਕ ਇਸ ਬਿੱਲ ਵਿਚ ਬਹੁਤ ਤਰਮੀਮਾਂ ਅਤੇ ਤਬਦੀਲੀਆਂ ਹੋਈਆਂ ਹਨ)।

1955: ਪੰਜਾਬੀ ਸੂਬਾ ਮੋਰਚਾ ਦੌਰਾਨ 139 ਸਿੱਖ ਬੀਬੀਆਂ ਦੇ ਜਥੇ ਨੇ ਗ੍ਰਿਫ਼ਤਾਰੀ ਦਿੱਤੀ

1955 ਵਿਚ ਜਦ 'ਪੰਜਾਬੀ ਸੂਬਾ ਜ਼ਿੰਦਾਬਾਦ' ਮੋਰਚਾ ਲੱਗਾ ਤਾਂ ਬਹੁਤ ਸਾਰੀਆਂ ਬੀਬੀਆਂ ਵੀ ਜੇਲ੍ਹ ਗਈਆਂ। ਸਭ ਤੋਂ ਵੱਡਾ 139 ਬੀਬੀਆਂ ਜਥਾ 9 ਜੁਲਾਈ 1955 ਦੇ ਦਿਨ ਬੀਬੀ ਗੁਰਦਿਆਲ ਕੌਰ ਦੀ ਜਥੇਦਾਰੀ ਗਿਆ ਸੀ। ਇਸ ਵੱਡੇ ਜਥੇ ਵਿਚ ਗੰਗਾ ਨਗਰ ਤੋਂ ਬੀਬੀ ਜਵਾਲਾ ਕੌਰ, ਕਾਨਪੁਰ ਤੋਂ ਬੀਬੀ ਹੁਕਮ ਕੌਰ, ਫ਼ਿਰੋਜ਼ਪੁਰ ਤੋਂ ਬੀਬੀ ਪ੍ਰਤਾਪ ਕੌਰ, ਸੰਗਰੂਰ ਤੋਂ ਬੀਬੀ ਸ਼ਾਮ ਕੌਰ ਅਤੇ ਅੰਮ੍ਰਿਤਸਰ ਤੋਂ ਬੀਬੀ ਇੰਦਰ ਕੌਰ ਤੇ ਬੀਬੀ ਹਰਨਾਮ ਕੌਰ

ਆਪਣੇ-ਆਪਣੇ ਜਥਿਆਂ ਸਮੇਤ ਸ਼ਾਮਿਲ ਹੋਈਆਂ। ਇਕ ਬੀਬੀ ਸੁਰਜੀਤ ਕੌਰ ਆਪਣੇ ਚਾਰ ਬੱਚਿਆਂ ਸਮੇਤ ਜਥੇ ਵਿਚ ਸ਼ਾਮਿਲ ਹੋਈ।

1975: ਅਕਾਲੀਆਂ ਨੇ ਅੰਦਰੂਨੀ ਐਮਰਜੰਸੀ ਖ਼ਿਲਾਫ਼ ਮੋਰਚੇ ਵਿਚ ਗ੍ਰਿਫ਼ਤਾਰੀਆਂ ਦਿੱਤੀਆਂ

1974 ਵਿਚ ਭਾਰਤ ਵਿਚ ਅਪੋਜ਼ੀਸ਼ਨ ਪਾਰਟੀਆਂ ਵਲੋਂ ਇੰਦਰਾ ਗਾਂਧੀ ਦੀ ਸਰਕਾਰ ਦੇ ਖ਼ਿਲਾਫ਼ ਜੱਦੋਜਹਿਦ ਸ਼ੁਰੂ ਹੋ ਗਈ। ਇਸ ਜੱਦੋਜਹਿਦ ਦਾ ਸਿਖਰ ਅਕਤੂਬਰ 1974 ਤਕ ਆ ਚੁੱਕਾ ਸੀ। 28 ਅਕਤੂਬਰ 1974 ਦੇ ਦਿਨ ਇਸ ਲਹਿਰ ਦਾ ਆਗੂ ਜੈ ਪ੍ਰਕਾਸ਼ ਨਾਰਾਇਣ ਲੁਧਿਆਣਾ ਵਿਚ ਆਇਆ। 7-8 ਲੱਖ ਨੀਲੀਆਂ ਪੱਗਾਂ ਦੇ ਜਲੂਸ ਨੇ ਸ਼੍ਰੋਮਣੀ ਅਕਾਲੀ ਦਲ ਦੀ 1929 ਦੇ ਲਾਹੌਰ ਵਾਲੇ ਤੇ 1956 ਦੇ ਅੰਮ੍ਰਿਤਸਰ ਵਾਲੇ ਜਲੂਸਾਂ ਵਾਲੀ ਸ਼ਾਨ ਦਾ ਜਲਵਾ ਇਕ ਵਾਰ ਫੇਰ ਪੇਸ਼ ਕਰ ਦਿੱਤਾ। ਉਦੋਂ ਅਕਾਲੀ ਦਲ ਦੇ ਪ੍ਰਧਾਨ ਤਰਤੀਬਵਾਰ ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਸਨ ਤੇ ਇਸ ਸਾਲ ਜਗਦੇਵ ਸਿੰਘ ਤਲਵੰਡੀ ਸੀ। ਅਗਲੇ 6-7 ਮਹੀਨਿਆਂ ਵਿਚ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਵਾਲੀ ਜੱਦੋਜਹਿਦ ਭਾਰਤ ਭਰ ਵਿਚ ਇਕ ਜ਼ਬਰਦਸਤ ਲਹਿਰ ਬਣ ਚੁੱਕੀ ਸੀ।

ਇੱਤਫ਼ਾਕਨ ਇੰਦਰਾ ਗਾਂਧੀ ਦੇ ਖ਼ਿਲਾਫ਼ ਰਾਜ ਨਾਰਾਇਣ ਵਲੋਂ ਦਾਇਰ ਕੀਤੀ ਚੋਣ ਰਿਟ ਦਾ ਫ਼ੈਸਲਾ ਅਲਾਹਾਬਾਦ ਹਾਈ ਕੋਰਟ ਵਲੋਂ 12 ਜੂਨ 1975 ਦੇ ਦਿਨ ਸੁਣਾਇਆ ਗਿਆ ਤੇ ਇੰਦਰਾ ਦੀ ਚੋਣ ਰੱਦ ਕਰ ਦਿੱਤੀ ਗਈ। ਇੰਦਰਾ ਨੇ ਅਸਤੀਫ਼ਾ ਦੇਣ ਦੀ ਬਜਾਏ ਮੁਲਕ ਵਿਚ ਅੰਦਰੂਨੀ ਐਮਰਜੰਸੀ ਲਾਉਣ ਦਾ ਐਲਾਨ ਕਰ ਦਿੱਤਾ। 25 ਜੂਨ ਨੂੰ ਇੰਦਰਾ ਨੇ ਆਈਨ (ਸੰਵਿਧਾਨ) ਮੁਅੱਤਲ ਕਰ ਕੇ ਸਾਰੀ ਅਪੋਜ਼ੀਸ਼ਨ ਲੀਡਰਸ਼ਿਪ ਜੇਲ੍ਹਾਂ ਵਿਚ ਸੁੱਟ ਦਿੱਤੀ। ਗ੍ਰਿਫ਼ਤਾਰ ਕੀਤੇ ਇਨ੍ਹਾਂ ਆਗੂਆਂ ਵਿਚ ਕੋਈ ਵੀ ਅਕਾਲੀ ਨਹੀਂ ਸੀ। ਇਨ੍ਹਾਂ ਦਿਨਾਂ ਵਿਚ ਇੰਦਰਾ ਨੇ ਅਕਾਲੀਆਂ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਵੀ ਕੀਤੀ। ਕੁਝ ਆਗੂ (ਟੌਹੜਾ ਵਗ਼ੈਰਾ) ਉਸ ਨਾਲ ਮਿਲਵਰਤਣ ਵਾਸਤੇ ਤਿਆਰ ਹੋ ਗਏ ਪਰ ਦੂਜੇ ਪਾਸੇ ਕੁਝ ਆਗੂ (ਬਾਦਲ ਵਗ਼ੈਰਾ) ਇੰਦਰਾ ਦੇ ਮੁਖ਼ਾਲਿਫ਼ ਪਾਰਟੀਆਂ ਨਾਲ ਸਾਂਝ ਪਾਉਣਾ ਚਾਹੁੰਦੇ ਸਨ। 7 ਜੁਲਾਈ 1975 ਨੂੰ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਅੰਮ੍ਰਿਤਸਰ ਵਿਚ ਹੋਈ। ਇਸ ਮੀਟਿੰਗ ਵਿਚ ਇੰਦਰਾ ਦੀ ਮੁਖ਼ਾਲਿਫ਼ ਲੌਬੀ ਕਾਮਯਾਬ ਹੋ ਗਈ ਤੇ ਦਲ ਨੇ ਐਮਰਜੰਸੀ ਦੇ ਖ਼ਿਲਾਫ਼ ਮੋਰਚਾ ਲਾਉਣ ਦਾ ਮਤਾ ਪਾਸ ਕਰ ਦਿੱਤਾ।

9 ਜੁਲਾਈ 1975 ਦੇ ਦਿਨ ਅਕਾਲੀ ਦਲ ਦੇ ਪ੍ਰਧਾਨ ਜਗਦੇਵ ਸਿੰਘ ਤਲਵੰਡੀ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ, ਸਾਬਕ ਚੀਫ਼ ਮਨਿਸਟਰ ਪ੍ਰਕਾਸ਼ ਸਿੰਘ ਬਾਦਲ, ਸੀਨੀਅਰ ਆਗੂ ਬਸੰਤ ਸਿੰਘ ਖਾਲਸਾ ਵਗ਼ੈਰਾ ਨੇ ਪਹਿਲਾ ਜਥਾ ਲੈ ਕੇ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਗ੍ਰਿਫ਼ਤਾਰੀ ਦਿੱਤੀ।

1986: ਰੋਹਤਕ ਵਿਚ ਹਿੰਦੂਆਂ ਨੇ ਸਿੱਖਾਂ ਦੇ ਘਰ ਅਤੇ ਦੁਕਾਨਾਂ ਫੂਕੇ

ਨੌਂ ਜੁਲਾਈ 1986 ਦੇ ਦਿਨ ਰੋਹਤਕ ਵਿਚ ਹਿੰਦੂ ਦਹਿਸ਼ਤਗਰਦਾਂ ਨੇ ਸਿੱਖਾਂ ਦੇ ਘਰਾਂ ਅਤੇ ਦੁਕਾਨਾਂ ਨੂੰ ਅੱਗਾਂ ਲਾਈਆਂ ਅਤੇ ਉਦੋਂ ਦੇ ਲੱਖਾਂ ਰੁਪਿਆਂ ਦਾ ਨੁਕਸਾਨ ਕੀਤਾ।

1989: ਜਗਬੀਰ ਸਿੰਘ ਤੇ ਰਣਜੀਤ ਸਿੰਘ ਖੁਰਦ ਹੁਸ਼ਿਆਰਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

9 ਜੁਲਾਈ 1989 ਦੇ ਦਿਨ ਪੰਜਾਬ ਪੁਲਸ ਨੇ ਜਗਬੀਰ ਸਿੰਘ (ਪੁੱਤਰ ਅਮਰ ਸਿੰਘ) ਤੇ ਰਣਜੀਤ ਸਿੰਘ (ਪੁੱਤਰ ਸਵਰਨ ਸਿੰਘ), ਦੋਵੇਂ ਵਾਸੀ ਖੁਰਦ, ਹੁਸ਼ਿਆਰਪੁਰ, ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਦਰਬਾਰਾ ਸਿੰਘ ਸੰਧੂ ਲਿਟੇ, ਉਸ ਦੇ ਪੁੱਤਰਾਂ ਸੁਰਜੀਤ ਸਿੰਘ ਤੇ ਬਲਬੀਰ ਸਿੰਘ, ਮਹਿੰਗਾ ਸਿੰਘ ਬੋਪਾ ਰਾਏ, ਸੁਖਵਿੰਦਰ ਸਿੰਘ, ਬਲਵਿੰਦਰ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

9 ਜੁਲਾਈ 1990 ਦੇ ਦਿਨ ਪੰਜਾਬ ਪੁਲਸ ਨੇ ਦਰਬਾਰਾ ਸਿੰਘ ਸੰਧੂ (ਵਾਸੀ ਲਿਟਾਂ, ਜ਼ਿਲ੍ਹਾ ਕਪੂਰਥਲਾ) ਅਤੇ ਉਸ ਦੇ ਪੁੱਤਰਾਂ ਸੁਰਜੀਤ ਸਿੰਘ ਸੰਧੂ ਤੇ ਬਲਬੀਰ ਸਿੰਘ, ਦਾਮਾਦ ਮਹਿੰਗਾ ਸਿੰਘ (ਪੁੱਤਰ ਧੀਰ ਸਿੰਘ, ਵਾਸੀ ਬੋਪਾ ਰਾਏ), ਦੋਹਤਾ ਸੁਖਵਿੰਦਰ ਸਿੰਘ (ਵਾਸੀ ਬੋਪਾ ਰਾਏ), ਬਲਵਿੰਦਰ ਸਿੰਘ (ਵਾਸੀ ਲਿਟੇ) ਤੇ ਇਕ ਹੋਰ ਸਿੱਖ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990 ਗੁਰਦੀਪ ਸਿੰਘ ਭੋਲਾ ਹਲਵਾਰਾ ਨਕਲੀ ਮੁਕਾਬਲੇ ਵਿਚ ਸ਼ਹੀਦ

9 ਜੁਲਾਈ 1990 ਦੇ ਦਿਨ ਪੁਲਸ ਨੇ ਗੁਰਦੀਪ ਸਿੰਘ ਉਰਫ਼ ਭੋਲਾ (ਪੁੱਤਰ ਸੁਰਜੀਤ ਸਿੰਘ, ਵਾਸੀ ਹਲਵਾਰਾ, ਜ਼ਿਲ੍ਹਾ ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਅਮਰਜੀਤ ਸਿੰਘ ਅੰਬਾ, ਜੱਸਾ ਸਿੰਘ ਬਬਰ ਤੇ ਵਿਜੇਪਾਲ ਸਿੰਘ ਲਿਧੜ ਨਕਲੀ ਮੁਕਾਬਲੇ ਵਿਚ ਸ਼ਹੀਦ

9 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਅਮਰਜੀਤ ਸਿੰਘ ਉਰਫ਼ ਅੰਬਾ (ਪੁੱਤਰ ਕਸ਼ਮੀਰ ਸਿੰਘ, ਵਾਸੀ ਰਣਸਿੰਘਵਾਲਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਜੱਸਾ ਸਿੰਘ ਬਬਰ ਤੇ ਵਿਜੇਪਾਲ ਸਿੰਘ ਉਰਫ਼ ਬਿਕਰਮ ਸਿੰਘ (ਵਾਸੀ ਲਿਧੜ, ਅੰਮ੍ਰਿਤਸਰ) ਨੂੰ ਵੀ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਕੁਲਵੰਤ ਸਿੰਘ ਕੰਤਾ, ਲੱਖਾ ਸਿੰਘ ਤੇ ਹੋਰ ਸਿੱਖ ਨਕਲੀ ਪੁਲਸ ਮੁਕਾਬਲੇ 'ਚ ਸ਼ਹੀਦ

ਨੌਂ ਜੁਲਾਈ 1992 ਦੇ ਦਿਨ ਕੁਲਵੰਤ ਸਿੰਘ ਕੰਤਾ, ਲੱਖਾ ਸਿੰਘ ਅਤੇ ਦਸ ਹੋਰ ਸਿੱਖਾਂ ਨੂੰ ਪੁਲਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤਾ।

1994: ਪੰਜਾਬ ਦੇ ਗਵਰਨਰ ਸੁਰਿੰਦਰ ਨਾਥ ਦੇ ਘਰੋਂ ਕਰੋੜਾਂ ਗ਼ੈਰ ਕਾਨੂੰਨੀ ਰੁਪੈ ਨਿਕਲੇ; ਹਾਈ ਕੋਰਟ ਨੇ ਰਿਕਾਰਡ ਸਮਨ ਕੀਤੇ

9 ਜੁਲਾਈ 1994 ਦੇ ਦਿਨ ਪੰਜਾਬ ਦਾ ਗਵਰਨਰ ਸੁਰਿੰਦਰ ਨਾਥ ਆਪਣੀ ਇਕ ਹਵਾਈ ਹਾਦਸੇ ਵਿਚ ਪਰਵਾਰ ਸਣੇ ਮਾਰਿਆ ਗਿਆ (ਇਸ ਹਾਦਸੇ ਵਿਚ 14 ਜਣੇ ਮਰੇ ਸਨ)। ਜਦ ਉਸ ਦਾ ਸਾਮਾਨ ਪੜਤਾਲਿਆ ਗਿਆ ਤਾਂ ਉਸ ਦੀਆਂ ਸੇਫ਼ਾਂ ਵਿਚੋਂ ਕਰੋੜਾਂ ਰੁਪੈ ਨਕਦੀ ਮਿਲੀ। ਮਗਰੋਂ ਪਤਾ ਲੱਗਾ ਕਿ ਇਹ ਰਕਮ ਵਿਚ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਮਾਰਨ ਵਾਲੇ ਪੁਲਸੀਆਂ ਨੂੰ ਈਨਾਮ ਦਿੱਤੇ ਜਾਂਦੇ ਸਨ। ਇਸ ਸਬੰਧੀ ਹਾਈ ਕੋਰਟ ਵਿਚ ਰਿਟ ਕੀਤੀ ਗਈ ਤਾਂ ਹਾਈ ਕੋਰਟ ਨੇ ਸਰਕਾਰ ਨੂੰ ਸੰਮਨ ਜਾਰੀ ਕਰ ਕੇ ਇਸ ਦੇ ਰਿਕਾਰਡ ਤਲਬ ਕੀਤੇ ਪਰ ਸਰਕਾਰ ਨੇ ਨੈਸ਼ਨਲ ਸਕਿਉਰਿਟੀ ਦੇ ਬਹਾਨੇ ਨਾਲ ਇਸ ਨੂੰ ਗੁਪਤ ਰੱਖਣ ਦੇ ਨਾਂ 'ਤੇ ਮਾਮਲਾ ਖ਼ਤਮ ਕਰ ਦਿੱਤਾ।

10 ਜੁਲਾਈ

1620: ਗੁਰੂ ਹਰਗੋਬਿੰਦ ਜੀ ਦਾ ਵਿਆਹ ਮਹਾਂਦੇਵੀ ਨਾਲ ਹੋਇਆ

10 ਜੁਲਾਈ 1620 ਦੇ ਦਿਨ ਗੁਰੂ ਹਰਗੋਬਿੰਦ ਸਾਹਿਬ ਦਾ ਵਿਆਹ ਪਿੰਡ ਮੰਡਿਆਲਾ (ਜ਼ਿਲ੍ਹਾ ਲਾਹੌਰ) ਵਾਸੀ ਭਾਈ ਦਯਾ ਰਾਮ ਮਰਵਾਹਾ ਅਤੇ ਮਾਤਾ ਭਾਗਾਂ ਦੀ ਪੁਤਰੀ ਮਹਾਂਦੇਵੀ (ਆਪ ਨੂੰ ਮਾਤਾ ਮਰਵਾਹੀ ਵੀ ਕਹਿੰਦੇ ਸਨ) ਨਾਲ ਹੋਇਆ। ਮਾਤਾ ਮਰਵਾਹੀ ਨੇ 5 ਸਤੰਬਰ 1623 ਦੇ ਦਿਨ ਸੂਰਜ ਮੱਲ ਨੂੰ ਜਨਮ ਦਿੱਤਾ। ਆਪ ਦੀ ਮੌਤ 1645 ਵਿਚ ਕੀਰਤਪੁਰ ਵਿਚ ਹੋਈ ਸੀ। ਗੁਰੂ ਹਰਗੋਬਿੰਦ ਸਾਹਿਬ ਦਾ ਪਹਿਲਾ ਵਿਆਹ ਬੀਬੀ ਦਮੋਦਰੀ (ਪੁਤਰੀ ਭਾਈ ਨਾਰਾਇਣ ਦਾਸ ਜੁਲਕਾ, ਵਾਸੀ ਪਿੰਡ ਡੱਲਾ, ਜ਼ਿਲ੍ਹਾ ਕਪੂਰਥਲਾ, ਨਾਲ 21 ਅਗਸਤ 1604 ਦੇ ਦਿਨ ਹੋਇਆ ਸੀ)।

1985: ਜ਼ੈਲ ਸਿੰਘ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਫ਼ੌਜੀਆਂ ਨੂੰ ਸਨਮਾਨਿਆ

ਭਾਵੇਂ 1984 ਦੀ ਜੂਨ ਅਤੇ ਫਿਰ ਸਤੰਬਰ ਵਿਚ ਅਕਾਲ ਤਖ਼ਤ 'ਤੇ ਆ ਕੇ ਗਿਆਨੀ ਜ਼ੈਲ ਸਿੰਘ ਨੇ ਦਾਅਵਾ ਕੀਤਾ ਸੀ ਕਿ ਦਰਬਾਰ ਸਾਹਿਬ ਤੇ ਹਮਲੇ ਵਿਚ ਉਸ ਦਾ ਕੋਈ ਹੱਥ ਨਹੀਂ ਸੀ ਤੇ ਉਸ ਨੂੰ ਇਸ ਐਕਸ਼ਨ ਦੇ ਕੀਤੇ ਜਾਣ ਬਾਰੇ ਕੋਈ ਅਗਾਊਂ ਜਾਣਕਾਰੀ ਨਹੀਂ ਸੀ ਪਰ ਅਸਲੀਅਤ ਇਸ ਤੋਂ ਬਿਲਕੁਲ ਉਲਟ ਸੀ। ਉਸ ਨੇ ਤਾਂ ਦਰਬਾਰ ਸਾਹਿਬ ਤੇ ਹਮਲਾ ਕਰਨ ਵਾਲੇ ਫ਼ੌਜੀਆਂ ਨੂੰ 10 ਜੁਲਾਈ 1985 ਦੇ ਦਿਨ ਸਨਮਾਨ ਤੇ ਤਗ਼ਮੇ ਵੀ ਦਿੱਤੇ ਸਨ। ਚੇਤੇ ਰਹੇ ਕਿ ਚੀਨ ਤੇ ਪਾਕਿਸਤਾਨ ਦੇ ਖ਼ਿਲਾਫ਼ 1962, 1965 ਤੇ 1971 ਦੀਆਂ ਜੰਗਾਂ ਵਿਚ ਬਹਾਦਰੀ ਦਿਖਾਉਣ ਵਾਲਿਆਂ ਨੂੰ ਕਦੇ ਵੀ ਤਗ਼ਮੇ ਨਹੀਂ ਸਨ ਦਿੱਤੇ ਗਏ; ਯਾਨਿ ਇੰਦਰਾ ਗਾਂਧੀ, ਰਾਜੀਵ ਅਤੇ ਜ਼ੈਲ ਸਿੰਘ ਵਾਸਤੇ ਦਰਬਾਰ ਸਾਹਿਬ 'ਤੇ ਹਮਲਾ ਉਨ੍ਹਾਂ ਜੰਗਾਂ ਤੋਂ ਵੀ ਵੱਡਾ ਕਾਰਨਾਮਾ ਸੀ। ਜ਼ੈਲ ਸਿੰਘ ਦੀ ਇਹ ਹਰਕਤ ਦਰਬਾਰ ਸਾਹਿਬ ਤੇ ਹਮਲਾ ਕਰਨ ਤੋਂ ਵੀ ਵੱਡਾ ਪਾਪ ਸੀ।

1990: ਸਾਬਕਾ ਵਜ਼ੀਰ ਬਲਵੰਤ ਸਿੰਘ ਨੂੰ ਕਤਲ ਕੀਤਾ ਗਿਆ

10 ਜੁਲਾਈ 1990 ਦੇ ਦਿਨ ਖਾੜਕੂਆਂ ਨੇ 1990: ਸਾਬਕਾ ਵਜ਼ੀਰ ਬਲਵੰਤ ਸਿੰਘ ਨੂੰ ਕਤਲ ਕਰ ਦਿੱਤਾ। ਉਸ ਦਾ ਕਤਲ ਉਦੋਂ ਹੋਇਆ ਜਦੋਂ ਉਹ ਚੰਡੀਗੜ੍ਹ ਵਿਚ ਆਪਣੀ ਕਾਰ ਵਿਚ ਸੈਕਟਰ 20 ਅਤੇ 30 ਦੇ ਵਿਚਕਾਰਲੀ ਸੜਕ ਤੋਂ ਲੰਘ ਰਿਹਾ ਸੀ। ਇਕ ਸੋਮੇ ਮੁਤਾਬਿਕ ਇਸ ਕਤਲ ਵਿਚ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਪ੍ਰੀਤਮ ਸਿੰਘ ਸੇਖੋਂ ਤੇ ਉਸ ਦੇ ਤਿੰਨ ਸਾਥੀਆਂ ਦਾ ਹੱਥ ਸੀ।

1991: ਰਣਜੀਤ ਸਿੰਘ ਭਾਂਬਰੀ, ਵਿਜੈਪਾਲ ਸਿੰਘ ਲਿੱਦੜ ਤੇ ਗੁਰਦਿਆਲ ਸਿੰਘ ਲਾਲਪੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

10 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਰਣਜੀਤ ਸਿੰਘ (ਪੁੱਤਰ ਸਵਰਨ ਸਿੰਘ, ਵਾਸੀ ਭਾਂਬਰੀ, ਨੇੜੇ ਖਮਾਣੋਂ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ), ਵਿਜੈਪਾਲ ਸਿੰਘ (ਪੁੱਤਰ ਗੁਰਬਚਨ ਸਿੰਘ, ਵਾਸੀ ਲਿੱਦੜ) ਤੇ ਗੁਰਦਿਆਲ ਸਿੰਘ (ਪੁੱਤਰ ਮਹਿੰਦਰ ਸਿੰਘ, ਵਾਸੀ ਲਾਲਪੁਰਾ, ਤਰਨਤਾਰਨ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਬਲਜੀਤ ਸਿੰਘ ਗੁਨੋਪੁਰ, ਹਰਭਜਨ ਸਿੰਘ ਲਾਲਪੁਰਾ, ਕੁਲਵਿੰਦਰ ਸਿੰਘ ਜੰਡਿਆਲਾ, ਦਲਬੀਰ ਸਿੰਘ ਚੀਮੇ ਬਾਠ, ਸਰਬਜੀਤ ਸਿੰਘ ਪੰਜਵੜ, ਬਾਜ ਸਿੰਘ ਤੇ ਮੇਜਰ ਸਿੰਘ ਖਤਰਾਏ ਕਲਾਂ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

10 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਬਲਜੀਤ ਸਿੰਘ ਬੰਟੀ (ਵਾਸੀ ਗੁਨੋਪੁਰ ਸੈਦੋਵਾਲ, ਗੁਰਦਾਸਪੁਰ), ਹਰਭਜਨ ਸਿੰਘ (ਵਾਸੀ ਲਾਲਪੁਰਾ, ਤਰਨ ਤਾਰਨ), ਕੁਲਵਿੰਦਰ ਸਿੰਘ ਕਾਲਾ (ਵਾਸੀ ਜੰਡਿਆਲਾ, ਅੰਮ੍ਰਿਤਸਰ), ਦਲਬੀਰ ਸਿੰਘ ਉਰਫ਼ ਮਾਧਾ ਸਿੰਘ (ਵਾਸੀ ਚੀਮੇ ਬਾਠ, ਅੰਮ੍ਰਿਤਸਰ), ਸਰਬਜੀਤ ਸਿੰਘ, (ਵਾਸੀ ਪੰਜਵੜ, ਤਰਨ ਤਾਰਨ), ਬਾਜ ਸਿੰਘ ਤੇ ਉਸ ਦੇ ਭਰਾ ਮੇਜਰ ਸਿੰਘ (ਵਾਸੀ ਖਤਰਾਏ ਕਲਾਂ, ਅੰਮ੍ਰਿਤਸਰ) ਨੂੰ ਨਕਲੀ ਪੁਲਸ ਮੁਕਾਬਲਿਆਂ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1992: ਅਵਤਾਰ ਸਿੰਘ ਤਰਸਿੱਕਾ, ਬਲਰਾਜ ਸਿੰਘ ਬਿਸਸੋਹਾ, ਸਵਰਨ ਸਿੰਘ ਸੈਮਾ ਸਰਹਾਲੀ, ਗੁਰਦਰਸ਼ਨ ਸਿੰਘ ਬਿੱਟਾ, ਸੁਖਦੇਵ ਸਿੰਘ ਕੁੱਕੂ, ਅਵਤਾਰ ਸਿੰਘ, ਬਲਰਾਜ ਸਿੰਘ ਤੇ ਹੋਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਦਸ ਜੁਲਾਈ 1992 ਦੇ ਦਿਨ ਪੁਲਸ ਨੇ ਅਵਤਾਰ ਸਿੰਘ (ਪੁੱਤਰ ਸਾਧੂ ਸਿੰਘ, ਵਾਸੀ ਤਰਸਿੱਕਾ), ਬਲਰਾਜ ਸਿੰਘ (ਪੁੱਤਰ ਨਰਿੰਦਰ ਸਿੰਘ, ਵਾਸੀ ਬਿਸਸੋਹਾ) ਸਵਰਨ ਸਿੰਘ ਸੈਮਾ ਸਰਹਾਲੀ, ਗੁਰਦਰਸ਼ਨ ਸਿੰਘ ਬਿੱਟਾ, ਸੁਖਦੇਵ ਸਿੰਘ ਕੁੱਕੂ, ਅਵਤਾਰ ਸਿੰਘ, ਬਲਰਾਜ ਸਿੰਘ ਅਤੇ ਹੋਰ ਕਈ ਸਿੱਖ ਵੱਖ-ਵੱਖ ਥਾਂਵਾਂ 'ਤੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1993: ਸਰਬਜੀਤ ਸਿੰਘ ਭੱਦਰਵਾਹ ਨਕਲੀ ਮੁਕਾਬਲੇ ਵਿਚ ਸ਼ਹੀਦ

10 ਜੁਲਾਈ 1993 ਦੇ ਦਿਨ ਪੁਲਸ ਨੇ ਸਰਬਜੀਤ ਸਿੰਘ (ਪੁੱਤਰ ਬਲਬੀਰ ਸਿੰਘ, ਵਾਸੀ ਭੱਦਰਵਾਹ, ਜ਼ਿਲ੍ਹਾ ਸੰਗਰੂਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2003: ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੂੰ ਪੁਜਾਰੀਆਂ ਨੇ ਅਖੌਤੀ ਤੌਰ ਤੇ 'ਖਾਰਜ' ਕੀਤਾ

ਸ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਇਕ ਸਾਬਕ ਪੁਲਿਸ ਅਫ਼ਸਰ ਸੀ। ਉਹ ਪੰਜ ਕੁ ਸਾਲ ਤੋਂ ਕੈਨੇਡਾ ਵਿਚ ਬੈਠ ਕੇ ਕਿਤਾਬਾਂ ਲਿਖ ਅਤੇ ਛਾਪ ਰਿਹਾ ਸੀ। ਇਹ ਲੜੀ 'ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ' ਦਸ ਜਿਲਦਾਂ ਵਿਚ ਛਪੀ ਸੀ। ਉਸ ਨੇ ਭਿੰਡਰਾਂ ਮਹਿਤਾ ਜਥਾ ਅਤੇ ਅਖੰਡ ਕੀਰਤਨੀ ਜਥਾ ਦੇ ਕੁਝ ਨੁਕਤਿਆਂ ਨੂੰ ਸਖਤ ਲਫ਼ਜ਼ਾਂ ਵਿਚ ਰੱਦ ਕੀਤਾ ਸੀ। ਇਸ ਕਰ ਕੇ ਇਹ ਦੋਵੇਂ ਜਥੇ ਉਸ ਤੋਂ ਔਖੇ ਹੋ ਗਏ ਸਨ। ਇਨ੍ਹਾਂ ਜਥਿਆਂ ਨੇ ਇਹ ਚਰਚਾ ਚਲਾ ਦਿੱਤੀ ਕਿ ਉਸ ਦੀਆਂ ਕਿਤਾਬਾਂ ਵਿਚ ਜਿਥੇ ਕਰਮ-ਕਾਂਡ ਅਤੇ ਪਾਖੰਡ ਦੇ ਖ਼ਿਲਾਫ਼ ਦਲੀਲਾਂ ਦਿੱਤੀਆਂ ਹੋਈਆਂ ਸਨ, ਉੱਥੇ ਇਨ੍ਹਾਂ ਵਿਚ ਸਿੱਖ ਪੰਥ ਦੀਆਂ ਮੁੱਢਲੀਆਂ ਇੰਸਟੀਚਿਊਸ਼ਨਜ਼ 'ਤੇ ਹਮਲੇ ਵੀ ਕੀਤੇ ਹੋਏ ਸਨ।

ਕਾਲਾ ਅਫ਼ਗਾਨਾ ਦੀਆਂ ਲਿਖਤਾਂ 'ਤੇ ਸਭ ਤੋਂ ਪਹਿਲਾ ਇਤਰਾਜ਼ 3 ਜੂਨ 2002 ਦੇ ਦਿਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਮਹਿਤਾ ਚਾਵਲਾ) ਵੱਲੋਂ ਉਠਾਇਆ ਗਿਆ। ਕਈ ਸਿੱਖ ਵਿਦਵਾਨਾਂ ਤੇ ਲੇਖਕਾਂ ਨੇ ਇਸ 'ਤੇ ਇਤਰਾਜ਼ ਕੀਤਾ ਤਾਂ ਇਹ ਕੇਸ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦੇ ਹਵਾਲੇ ਕਰ ਦਿੱਤਾ ਗਿਆ। (ਗਿਆਨੀ) ਜੋਗਿੰਦਰ ਸਿੰਘ ਨੇ ਕਾਲਾ ਅਫ਼ਗਾਨਾ ਨੂੰ ਅਕਾਲ ਤਖ਼ਤ ਸਾਹਿਬ 'ਤੇ "ਤਲਬ" ਕਰ ਲਿਆ। ਕਾਲਾ ਅਫ਼ਗਾਨਾ ਨੇ ਬਹਾਨਾ ਲਾਇਆ ਕਿ 'ਇਕ ਤਾਂ ਮੈਂ ਬਜ਼ੁਰਗ ਹਾਂ ਤੇ ਦੂਜਾ ਮੇਰੇ 'ਤੇ ਕਈ ਮੁਕੱਦਮੇ ਦਰਜ ਹਨ

ਤੇ ਮੈਨੂੰ ਭਾਰਤ ਆਉਂਦਿਆਂ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।' (ਗਿਆਨੀ) ਜੋਗਿੰਦਰ ਸਿੰਘ ਨੇ ਸਿੱਧੀ ਪੇਸ਼ੀ ਦੀ ਬਜਾਇ ਕਾਲਾ ਅਫ਼ਗਾਨਾ ਨੂੰ ਵੀਡੀਓ-ਕਾਨਫ਼ਰੰਸਿੰਗ ਰਾਹੀਂ ਉਸ ਦੀ ਜਾਵਬ ਤਲਬੀ ਕਰਨ ਦੀ ਸਹੂਲਤ ਦੇਣ ਦਾ ਐਲਾਨ ਕਰ ਦਿੱਤਾ। ਪਰ ਇਹ ਵੀਡੀਓ ਕਾਨਫ਼ਰੰਸਿੰਗ 18 ਫ਼ਰਵਰੀ 2003 ਦੇ ਦਿਨ ਹੋਣ ਤੋਂ ਇਕ ਦਿਨ ਪਹਿਲਾਂ ਹੀ ਬਿਨਾਂ ਕਾਰਨ 'ਕੈਂਸਲ' ਕਰ ਦਿੱਤੀ ਗਈ ਅਤੇ ਕਾਲਾ ਅਫ਼ਗਾਨਾ ਨੂੰ ਖ਼ੁਦ ਪੇਸ਼ ਹੋਣ ਵਾਸਤੇ 'ਹੁਕਮ' ਜਾਰੀ ਕੀਤਾ ਗਿਆ। ਇਸ ਤੋਂ ਪਹਿਲਾਂ ਕਿ ਉਹ ਪੇਸ਼ ਹੁੰਦਾ 5 ਅਪ੍ਰੈਲ 2003 ਦੇ ਦਿਨ ਕਾਲਾ ਅਫ਼ਗਾਨਾ ਦੀਆਂ ਕਿਤਾਬਾਂ ਦੀ ਛਪਾਈ ਅਤੇ ਵੇਚ 'ਤੇ ਪਾਬੰਦੀ ਵੀ ਲਾ ਦਿੱਤੀ ਗਈ। ਇਸ ਮਗਰੋਂ 10 ਜੁਲਾਈ 2003 ਦੇ ਦਿਨ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੂੰ ਪੰਥ ਚੋਂ ਅਖੌਤੀ ਤੌਰ 'ਤੇ "ਖ਼ਾਰਜ" ਕਰ ਦਿੱਤਾ ਗਿਆ।

ਭਾਵੇਂ ਕੁਝ ਸਿੱਖ ਵਿਦਵਾਨਾਂ ਨੂੰ ਵੀ ਕਾਲਾ ਅਫ਼ਗਾਨਾ ਦੀਆਂ ਲਿਖਤਾਂ ਦੇ ਕੁਝ ਨੁਕਤਿਆਂ 'ਤੇ ਇਤਰਾਜ਼ ਸਨ, ਪਰ ਜਿਸ ਤਰੀਕੇ ਨਾਲ ਉਸ ਨੂੰ ਅਖੌਤੀ ਤੌਰ 'ਤੇ 'ਖ਼ਾਰਜ' ਕੀਤਾ ਗਿਆ ਸੀ, ਉਸ ਨਾਲ ਕੋਈ ਵੀ ਰਾਜ਼ੀ (ਸਹਿਮਤ) ਨਹੀਂ ਸੀ। ਪਹਿਲਾਂ ਧਰਮ ਪ੍ਰਚਾਰ ਕਮੇਟੀ ਵਿਚ (ਜਥੇਦਾਰ ਤਲਵੰਡੀ ਦੀ ਪ੍ਰਧਾਨਗੀ ਵੇਲੇ) ਵੀ ਕਾਲਾ ਅਫ਼ਗਾਨਾ ਦੇ ਖ਼ਿਲਾਫ਼ ਮਤਾ ਪਾਸ ਹੋਣ ਲੱਗਾ ਸੀ, ਪਰ ਸ. ਜਗਮੋਹਣ ਸਿੰਘ ਗਿਆਨੀ ਲੁਧਿਆਣਾ ਤੇ ਕੁਝ ਹੋਰ ਮਿਸ਼ਨਰੀਆਂ ਨੇ ਇਸ ਐਲਾਨ ਨੂੰ ਰੁਕਵਾ ਲਿਆ ਸੀ। ਦੂਜਾ, 18 ਫ਼ਰਵਰੀ 2003 ਦੇ ਦਿਨ ਵੀਡੀਓ ਕਾਨਫ਼ਰੰਸਿੰਗ ਰੱਖ ਕੇ ਇਸ ਨੂੰ ਮੁਤਲਵੀ ਹੀ ਨਹੀਂ, ਬਲਕਿ ਕੈਂਸਲ ਕਰਨਾ ਗ਼ਲਤ ਸੀ। ਤੀਜਾ, 2002-03 ਵਿਚ ਕਾਲਾ ਅਫ਼ਗਾਨਾ ਨੇ ਬਹੁਤ ਸਾਰੇ ਲੇਖ ਲਿਖ ਕੇ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਵੱਲੋਂ ਐਡਿਟ ਕੀਤੀ ਕਿਤਾਬ ''ਗੁਰ ਬਿਲਾਸ ਪਾਤਸ਼ਾਹੀ ਛੇਵੀਂ'' ਵਿਚਲੀ ਪੰਥ-ਘਾਤਕ ਸਮੱਗਰੀ ਦਾ ਪਾਜ ਉਘਾੜਿਆ ਸੀ। ਸਾਫ਼ ਨਜ਼ਰ ਆ ਰਿਹਾ ਸੀ ਕਿ (ਗਿਆਨੀ) ਜੋਗਿੰਦਰ ਸਿੰਘ ਆਪ ਵੀ ਨਿੱਜੀ ਗ਼ੁੱਸਾ ਕੱਢਣ ਵਾਸਤੇ ਕਾਲਾ ਅਫ਼ਗਾਨਾ ਨੂੰ 'ਪੰਥ 'ਚੋਂ ਖ਼ਾਰਜ' ਕਰਨਾ ਚਾਹੁੰਦਾ ਸੀ। ਕਾਲਾ ਅਫ਼ਗਾਨਾ ਦੇ ਮਸਲੇ 'ਤੇ ਵਰਤਿਆ ਗਿਆ ਪੈਂਤੜਾ ਕੇਸ ਗੜ੍ਹ ਦੇ ਗ੍ਰੰਥੀ ਮਨਜੀਤ ਸਿੰਘ ਵੱਲੋਂ ਪਿਸ਼ੌਰਾ ਸਿੰਘ ਅਤੇ ਅਮਰਜੀਤ ਗਰੇਵਾਲ ਦੇ ਮਾਮਲੇ ਨਾਲੋਂ ਬਿਲਕੁਲ ਵੱਖਰਾ ਸੀ। ਇਸ ਕਾਰਨ ਦਾਲ ਵਿਚ ਕੁਝ ਕਾਲਾ-ਕਾਲਾ ਨਜ਼ਰ ਆਉਂਦਾ ਸੀ।

ਕਾਲਾ ਅਫ਼ਗਾਨਾ ਨੇ ਇਸ 'ਖ਼ਾਰਜ' ਕਰਨ ਦੇ 'ਹੁਕਮ' ਦੀ ਕੋਈ ਪਰਵਾਹ ਨਾ ਕੀਤੀ। ਉਨ੍ਹੀਂ ਦਿਨੀਂ ਸਿੱਖ ਵਿਦਵਾਨ ਵੀ ਇਸ ਮਸਲੇ 'ਤੇ ਦੋ ਧੜਿਆਂ ਵਿਚ ਵੰਡੇ ਗਏ। ਕਾਲਾ ਅਫ਼ਗਾਨਾ ਦੇ ਹਿਮਾਇਤੀ ਜੋਗਿੰਦਰ ਸਿੰਘ (ਵੇਦਾਂਤੀ) ਦੇ ਖ਼ਿਲਾਫ਼ ਸ਼ਰੇਆਮ ਉਠ ਪਏ।

11 ਜੁਲਾਈ

1626: ਬੀਬੀ ਵੀਰੋ ਦਾ ਜਨਮ ਹੋਇਆ

ਗੁਰੂ ਹਰ ਗੋਬਿੰਦ ਸਾਹਿਬ ਦੀ ਬੇਟੀ ਬੀਬੀ ਵੀਰੋ ਦਾ ਜਨਮ 11 ਜੁਲਾਈ 1626 ਦੇ ਦਿਨ ਹੋਇਆ ਸੀ। ਬੀਬੀ ਵੀਰੋ ਦਾ ਵਿਆਹ 14 ਅਪ੍ਰੈਲ 1634 ਦੇ ਦਿਨ ਭਾਈ ਸਾਧੂ ਖੇਸਲਾ ਨਾਲ ਹੋਇਆ ਸੀ। ਬੀਬੀ ਵੀਰੋ ਦੇ ਪੰਜ ਬੇਟੇ ਸਨ ਜਿਨ੍ਹਾਂ ਵਿਚੋਂ 2 ਭੰਗਾਣੀ ਦੀ ਜੰਗ (18 ਸਤੰਬਰ 1688) ਵਿਚ ਸ਼ਹੀਦ ਹੋਏ ਸਨ।

1675: ਗੁਰੂ ਤੇਗ਼ ਬਹਾਦਰ ਸਾਹਿਬ ਦਿੱਲੀ ਜਾਣ ਵਾਸਤੇ ਚੱਕ ਨਾਨਕੀ (ਅਨੰਦਪੁਰ ਸਾਹਿਬ) ਤੋਂ ਰਵਾਨਾ ਹੋਏ

25 ਮਈ 1675 ਦੇ ਦਿਨ ਕਸ਼ਮੀਰੀ ਬ੍ਰਾਹਮਣਾਂ ਦੀ ਅਰਜ਼ ਸੁਣਨ ਮਗਰੋਂ ਗੁਰੂ ਤੇਗ਼ ਬਹਾਦਰ ਸਾਹਿਬ ਨੇ ਸਾਰੇ ਪ੍ਰਮੁਖ ਸਿੱਖਾਂ ਨੂੰ ਹੁਕਮਨਾਮੇ ਭੇਜ ਕੇ ਚੱਕ ਨਾਨਕੀ (ਹੁਣ ਅਨੰਦਪੁਰ

ਸਾਹਿਬ ਦਾ ਇਕ ਹਿੱਸਾ) ਬੁਲਾ ਲਿਆ। ਗੁਰੂ ਜੀ ਨੇ ਸਿੱਖਾਂ ਨੂੰ ਕਸ਼ਮੀਰੀ ਬ੍ਰਾਹਮਣਾਂ ਦੇ ਮਸਲੇ ਬਾਰੇ ਦਸਿਆ ਤੇ ਕਿਹਾ ਕਿ "ਮੈਂ ਔਰੰਗਜ਼ੇਬ ਨੂੰ ਜਾ ਕੇ ਮਿਲਾਂਗਾ। ਮੈਨੂੰ ਪਤਾ ਹੈ ਕਿ ਮੈਨੂੰ ਸ਼ਹੀਦੀ ਦੇਣੀ ਪੈਣੀ ਹੈ। ਮੇਰੇ ਮਗਰੋਂ ਗੁਰਗੱਦੀ ਦੀ ਸੇਵਾ (ਗੁਰੂ) ਗੋਬਿੰਦ ਦਾਸ ਸੰਭਾਲਣਗੇ; ਤੁਸੀਂ ਸਾਰਿਆਂ ਨੇ ਇਨ੍ਹਾਂ ਦਾ ਸਾਥ ਦੇਣਾ ਹੈ **(ਗੁਰੂ ਤੇਗ਼ ਬਹਾਦਰ ਸਾਹਿਬ ਦੇ ਹੁਕਨਾਮਿਆਂ ਵਿਚ ਉਨ੍ਹਾਂ ਦੇ ਬੇਟੇ ਦਾ ਨਾਂ ਗੋਬਿੰਦ ਦਾਸ ਲਿਖਿਆ ਮਿਲਦਾ ਹੈ)**। ਇਹ ਯਕੀਨੀ ਹੈ ਕਿ ਇਸ ਮਗਰੋਂ ਜ਼ੁਲਮ ਨੂੰ ਰੋਕਣ ਵਾਸਤੇ ਹਥਿਆਰ ਵੀ ਚੁਕਣੇ ਪੈਣੇ ਹਨ। ਪਰ ਬਿਨਾ ਪੂਰੀ ਤਿਆਰੀ ਦੇ ਹਥਿਆਰਬੰਦ ਕਾਰਵਾਈ ਨਹੀਂ ਕਰਨੀ ਹੈ।" ਇਸ ਮਗਰੋਂ ਆਪ ਨੇ (ਗੁਰੂ) ਗੋਬਿੰਦ ਦਾਸ ਨੂੰ ਗੁਰਗੱਦੀ ਸੌਂਪਣ ਦੀ ਅਰਦਾਸ ਕੀਤੀ। 11 ਜੁਲਾਈ ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਦਿੱਲੀ ਜਾਣ ਵਾਸਤੇ ਚੱਕ ਨਾਨਕੀ ਤੋਂ ਰਵਾਨਾ ਹੋਏ। ਉਨ੍ਹਾਂ ਦੇ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲ ਦਾਸ ਵੀ ਸਨ।

1710: ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਸਿੱਖ ਫ਼ੌਜਾਂ ਦਾ ਨਨੌਤਾ 'ਤੇ ਹਮਲਾ ਕੀਤਾ

ਸਮਾਣਾ, ਘੜਾਮ, ਥਾਨੇਸਰ, ਕਪੂਰੀ, ਸ਼ਾਹਬਾਦ, ਸਰਹੰਦ, ਸਹਾਰਨਪੁਰ, ਦਿਓਬੰਦ, ਅੰਬੇਟਾ, ਬੂੜੀਆ ਅਤੇ ਹੋਰ ਬਹੁਤ ਸਾਰੇ ਇਲ਼ਾਕੇ ਜਿਤਣ ਮਗਰੋਂ 11 ਜੁਲਾਈ 1710 ਦੇ ਦਿਨ, ਸਿੱਖ ਫ਼ੌਜਾਂ ਨੇ ਨਨੌਤਾ 'ਤੇ ਹਮਲਾ ਕਰ ਦਿਤਾ ਅਤੇ ਇਸ ਨਗਰ ਦੇ ਅਮੀਰਾਂ ਨੂੰ ਖ਼ੂਬ ਲੁਟਿਆ। ਇੱਕੋ ਦਿਨ ਵਿਚ ਹੀ ਨਨੌਤਾ ਬੁਰੀ ਤਰ੍ਹਾਂ ਤਬਾਹ ਹੋ ਚੁਕਾ ਸੀ। (ਇਸ ਦੀ ਹਾਲਤ ਨੂੰ ਵੇਖ ਕੇ ਲੋਕ ਇਸ ਨੂੰ "ਛੁਟਾ ਸ਼ਹਿਰ" ਕਹਿਣ ਲਗ ਪਏ ਸਨ)। ਇਸ ਲੜਾਈ ਦੌਰਾਨ ਮੁਕਾਮੀ ਗੁੱਜਰ ਤੇ ਹਿੰਦੂ ਵੀ ਸਿੱਖਾਂ ਦੇ ਨਾਲ ਆ ਰਲੇ ਸਨ। ਇਨ੍ਹਾਂ ਦਾ ਦਾਅਵਾ ਸੀ ਕਿ ਉਹ ਗੁਰੂ ਨਾਨਕ ਸਾਹਿਬ-ਗੁਰੂ ਤੇਗ਼ ਬਹਾਦਰ ਸਾਹਿਬ ਦੇ ਵੇਲੇ ਤੋਂ ਹੀ ਸਿੱਖ ਸਜੇ ਹੋਏ ਸਨ ਪਰ ਕਈ ਦਹਾਕਿਆਂ ਤੋਂ ਉਨ੍ਹਾਂ ਦਾ ਰਾਬਤਾ ਅਨੰਦਪੁਰ ਸਾਹਿਬ ਨਾਲ ਨਹੀਂ ਸੀ ਹੋ ਸਕਿਆ।

ਖ਼ਾਫ਼ੀ ਖ਼ਾਨ ਲਿਖਦਾ ਹੈ ਕਿ ਨਨੌਤਾ ਦੀ ਲੜਾਈ ਵਿਚ ਜਲਾਲ ਖ਼ਾਨ ਨੇ ਆਪਣੇ ਪੁੱਤਰ ਦੀਨਦਾਰ ਖ਼ਾਨ, ਭਣੇਵੇਂ ਗੁਲਾਮ ਮੁਹੰਮਦ ਖ਼ਾਨ ਤੇ ਭਤੀਜੇ ਹਜਬਰ ਖ਼ਾਨ ਨੂੰ ਫ਼ੌਜ ਦੀ ਅਗਵਾਈ ਕਰਨ ਵਾਸਤੇ ਭੇਜਿਆ ਸੀ। ਹਜਬਰ ਖ਼ਾਨ ਇਸ ਲੜਾਈ ਵਿਚ ਮਾਰਿਆ ਗਿਆ ਸੀ। ਇਸ ਮਗਰੋਂ ਵੀ ਦੀਨਦਾਰ ਖ਼ਾਨ ਡਟ ਕੇ ਲੜਿਆ ਸੀ ਪਰ ਅਖ਼ੀਰ ਜਿਤ ਸਿੱਖਾਂ ਦੀ ਹੀ ਹੋਈ ਸੀ। ਅਖ਼ੀਰ ਦੀਨਦਾਰ ਖ਼ਾਨ ਸਾਥੀਆਂ ਦੀਆਂ ਲਾਸ਼ਾਂ ਲੈ ਕੇ ਜਲਾਲਾਬਾਦ ਮੁੜ ਅਇਆ। ਸਹਾਰਨਪੁਰ ਦੇ ਫ਼ੌਜਦਾਰ ਮੁਹੰਮਦ ਅਲੀ ਖ਼ਾਨ ਦੇ ਦੋ ਭਤੀਜੇ ਪੀਰ ਖ਼ਾਨ ਅਤੇ ਜਮਾਲ ਖ਼ਾਨ ਵੀ ਇਸ ਲੜਾਈ ਵਿਚ ਮਾਰੇ ਗਏ ਸਨ। ਇਨ੍ਹਾਂ ਦੋਹਾਂ ਦੀਆਂ ਕਬਰਾਂ ਅੱਜ ਵੀ ਸਹਾਰਨਪੁਰ-ਦਿੱਲੀ ਰੋਡ 'ਤੇ ਕਾਲੇਸ਼ਾਹ ਦੇ ਤਕੀਏ ਕੋਲ ਮੌਜੂਦ ਹਨ। ਜਦ ਸਹਾਰਨਪੁਰ ਦੇ ਫ਼ੌਜਦਾਰ ਅਲੀ ਮੁਹੰਮਦ ਖ਼ਾਨ ਦੇ ਸ਼ਹਿਰ ਛੱਡ ਕੇ ਭੱਜਣ ਦੀ ਖ਼ਬਰ ਦਿੱਲੀ ਦੇ ਫ਼ੌਜਦਾਰ ਨੂੰ ਮਿਲੀ ਤਾਂ ਉਸ ਨੇ ਉਸ ਨੂੰ 'ਬੁਜ਼ਦਿਲ' ਗਰਦਾਨ ਕੇ ਉਸ ਤੋਂ ਫ਼ੌਜਦਾਰੀ ਖੋਹ ਲਈ ਅਤੇ ਜਲਾਲ ਖ਼ਾਨ ਨੂੰ ਸੌਂਪ ਦਿੱਤੀ।

1920: ਬਰਤਾਨਵੀ ਸਰਕਾਰ ਦੇ ਅਫ਼ਸਰਾਂ ਨੂੰ ਸਿੱਖ ਹੱਕਾਂ ਵਾਸਤੇ ਮਿਲਣ ਲਈ ਸਿੱਖ ਲੀਗ ਦਾ ਡੈਪੂਟੇਸ਼ਨ ਲੰਡਨ ਪੁੱਜਾ

ਸਿੱਖਾਂ ਦੇ ਸਿਆਸੀ ਹੱਕਾਂ ਵਾਸਤੇ ਜੱਦੋਜਹਿਦ ਕਰਨ ਵਾਸਤੇ ਬਣੀ ਜਥੇਬੰਦੀ ਸਿੱਖ ਲੀਗ ਦਾ ਪਹਿਲਾ ਇਜਲਾਸ 27 ਦਸੰਬਰ 1919 ਦੇ ਦਿਨ ਅੰਮ੍ਰਿਤਸਰ ਵਿਚ ਹੋਇਆ ਸੀ। ਇਸ ਵਿਚ ਤਕਰੀਬਨ ਬਾਰ੍ਹਾਂ ਸੌ ਸਿੱਖ ਸ਼ਾਮਿਲ ਹੋਏ ਸਨ। ਇਸ ਸਮਾਗਮ ਵਿਚ ਸਰਦਾਰ ਬਹਾਦਰ ਗੱਜਣ ਸਿੰਘ ਲੁਧਿਆਣਾ ਇਕੱਠ ਦੇ ਪ੍ਰਧਾਨ ਚੁਣੇ ਗਏ। ਪ੍ਰੋ: ਤੇਜਾ ਸਿੰਘ ਮਸਤੂਆਣਾ

(ਲੈਕਚਰਾਰ ਹਿੰਦੂ ਯੂਨੀਵਰਸਿਟੀ) ਨੇ ਅਰਦਾਸ ਕਰ ਕੇ ਕਾਰਵਾਈ ਸ਼ੁਰੂ ਕਰਵਾਈ। ਗੱਜਣ ਸਿੰਘ ਨੇ ਪ੍ਰਧਾਨਗੀ ਐਡਰੈਸ ਵਿਚ ਕਿਹਾ, "ਪੰਜਾਬ ਵਿਚ ਸਿੱਖਾਂ ਦਾ ਹੱਕ ਘਟੋ ਘਟ ਇਕ ਤਿਹਾਈ ਹੈ। ਕੌਂਸਲ ਦੀਆਂ ਸੀਟਾਂ, ਜੁਡੀਸ਼ੀਅਰੀ ਦੀਆਂ ਅਸਾਮੀਆਂ, ਸ਼ਾਹੀ ਕਮਿਸ਼ਨਾਂ ਅਤੇ ਹਰ ਮਹਿਕਮੇ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੇ ਬਰਾਬਰ ਹੈ, ਕਿਉਂਕਿ ਮੁਆਮਲਾ, ਰੰਗਰੂਟ (ਫ਼ੌਜੀ ਭਰਤੀ), ਜੰਗਾਂ ਵਿਚ ਸਿੱਖ ਤਿਹਾਈ ਤੋਂ ਵੀ ਵਧ ਹਿੱਸਾ ਪਾਉਂਦੇ ਹਨ। ...ਦਰਬਾਰ ਸਾਹਿਬ ਦਾ ਪ੍ਰਬੰਧ ਅਤੇ ਧਾਰਮਿਕ ਜਗੀਰਾਂ ਸਿੱਖ ਕੌਮ ਦੇ ਪ੍ਰਬੰਧ ਵਿਚ ਹੋਣ।..." ਇਸ ਮਗਰੋਂ ਹੋਰ ਲਿਖੇ 15 ਮਤੇ ਪਾਸ ਕੀਤੇ ਗਏ ਜਿਸ ਵਿਚ ਇਕ ਇਹ ਵੀ ਸੀ ਕਿ ਸਿੱਖਾਂ ਨੂੰ ਸਰਕਾਰ ਵਿਚ ਨੁਮਾਇੰਦਗੀ ਦਿਤੀ ਜਾਵੇ। ਆਪਣੀਆਂ ਮੰਗਾਂ ਪੇਸ਼ ਕਰਨ ਵਾਸਤੇ ਸਿੱਖ ਲੀਗ ਵੱਲੋਂ 11 ਜੁਲਾਈ 1920 ਦੇ ਦਿਨ ਸੇਵਾ ਰਾਮ ਸਿੰਘ, ਸ਼ਿਵਦੇਵ ਸਿੰਘ, ਸੋਹਨ ਸਿੰਘ, ਉੱਜਲ ਸਿੰਘ ਇਕ ਡੈਪੂਟੇਸ਼ਨ ਵਜੋਂ ਲੰਡਨ ਪੁੱਜੇ ਅਤੇ ਬਰਤਾਨਵੀ ਸੈਕਟਰੀ ਆਫ਼ ਸਟੇਟ ਨੂੰ ਮਿਲ ਕੇ ਪੰਜਾਬ ਕੌਂਸਲ ਵਿਚ ਸਿੱਖਾਂ ਵਾਸਤੇ 33% ਨੁਮਾਇੰਦਗੀ ਦੀ ਮੰਗ ਕੀਤੀ।

1984: ਦਰਬਾਰ ਸਾਹਿਬ 'ਤੇ ਹਮਲੇ ਮਗਰੋਂ ਸਰਕਾਰ ਦਾ ਪੰਜਾਬ ਬਾਰੇ 'ਵ੍ਹਾਈਟ ਪੇਪਰ' ਜਾਰੀ ਹੋਇਆ

11 ਜੁਲਾਈ 1984 ਦੇ ਦਿਨ ਭਾਰਤ ਸਰਕਾਰ ਨੇ ਪੰਜਾਬ ਬਾਰੇ ਵਾਈਟ ਪੇਪਰ ਜਾਰੀ ਕਰ ਦਿੱਤਾ ਤਾਂ ਜੋ ਸਿੱਖਾਂ ਨੂੰ ਦੋਸ਼ੀ ਠਹਿਰਾਇਆ ਜਾ ਸਕੇ ਅਤੇ ਫ਼ੌਜ ਦੇ ਹਮਲੇ ਨੂੰ ਵਾਜਬ ਕਰਾਰ ਦਿੱਤਾ ਜਾ ਸਕੇ। ਪਰ ਵਾਈਟ ਪੇਪਰ ਇੱਕ ਕੁਫ਼ਰ ਦਾ ਪੁਲੰਦਾ ਸੀ, ਇਸ ਤੋਂ ਨਾ ਤਾਂ ਦਰਬਾਰ ਸਾਹਿਬ ਉੱਤੇ ਹਮਲੇ ਨੂੰ ਹੱਕ-ਬਜਾਨਿਬ ਠਹਿਰਾਇਆ ਜਾ ਸਕਦਾ ਸੀ ਅਤੇ ਨਾ ਹੀ ਸਰਕਾਰ ਦੇ ਜ਼ੁਲਮ ਤੇ ਪਰਦਾ ਪੈਂਦਾ ਸੀ। ਉਂਵ ਇਸ ਵਿਚ ਇਹ ਰਾਜ਼ ਜ਼ਰੂਰ ਫ਼ਾਸ਼ ਹੋ ਗਿਆ ਕਿ ਕੁਝ ਅਕਾਲੀ ਚੌਧਰੀ ਸੈਂਟਰ ਨਾਲ ਖ਼ੁਫ਼ੀਆ ਮੁਲਾਕਾਤਾਂ ਕਰਦੇ ਰਹੇ ਸਨ। ਲੋਕ ਸਭਾ ਵਿਚ ਵ੍ਹਾਈਟ ਪੇਪਰ 'ਤੇ ਬੋਲਦਿਆਂ ਅਟਲ ਬਿਹਾਰੀ ਵਾਜਪਾਈ ਨੇ ਇੰਦਰਾ ਗਾਂਧੀ ਅਤੇ ਭਾਰਤੀ ਫ਼ੌਜੀਆਂ ਦੀ ਰੱਜ ਕੇ ਸਿਫ਼ਤ ਕੀਤੀ ਸੀ।

1986: ਬਲਬੀਰ ਸਿੰਘ ਹੁਸ਼ਿਆਰਪੁਰ ਤੇ ਅਜੀਤਪਾਲ ਸਿੰਘ ਰਾਇਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

11 ਜੁਲਾਈ 1986 ਦੇ ਦਿਨ ਪੁਲਸ ਨੇ ਬਲਬੀਰ ਸਿੰਘ (ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਹੁਸ਼ਿਆਰਪੁਰ), ਅਜੀਤਪਾਲ ਸਿੰਘ (ਵਾਸੀ ਰਾਇਪੁਰ, ਨੇੜੇ ਸ਼ਾਮ ਚੁਰਾਸੀ, ਜ਼ਿਲ੍ਹਾ ਹੁਸ਼ਿਆਰਪੁਰ) ਤੇ ਕਈ ਹੋਰ ਸਿੱਖਾਂ ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

1989: ਸੁਰ ਸਿੰਘ ਪਿੰਡ ਦਾ ਮੇਜਰ ਸਿੰਘ, ਗੁਰਮੀਤ ਸਿੰਘ ਮਚਾਕੀ ਤੇ ਅਮਰਜੀਤ ਸਿੰਘ ਭੋਲਾ ਮਾੜ੍ਹੀ ਉਦੀਕੀ ਨਕਲੀ ਮੁਕਾਬਲੇ ਵਿਚ ਸ਼ਹੀਦ

11 ਜੁਲਾਈ 1989 ਦੇ ਦਿਨ ਪੰਜਾਬ ਪੁਲਸ ਨੇ ਮੇਜਰ ਸਿੰਘ (ਪੁੱਤਰ ਜਸਵੰਤ ਸਿੰਘ, ਵਾਸੀ ਸੁਰਸਿੰਘ, ਤਰਨਤਾਰਨ ਜ਼ਿਲ੍ਹਾ) ਨੂੰ ਇਕ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਗੁਰਮੀਤ ਸਿੰਘ (ਵਾਸੀ ਮਚਾਕੀ, ਫਰੀਦਕੋਟ) ਤੇ ਅਮਰਜੀਤ ਸਿੰਘ ਭੋਲਾ (ਪੁੱਤਰ ਬਲਕਾਰ ਸਿੰਘ ਸੰਧੂ, ਵਾਸੀ ਮਾੜ੍ਹੀ ਉਦੀਕੀ, ਅੰਮ੍ਰਿਤਸਰ) ਨੂੰ ਵੀ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

1992: ਗੁਰਤੇਜ ਸਿੰਘ ਘੁੰਮਣ ਕਲਾਂ, ਮੁਖਤਾਰ ਸਿੰਘ ਕੰਮੇ, ਦਲਬੀਰ ਸਿੰਘ ਬੀਰਾ ਉੱਬੋਕੇ, ਲੀਲ੍ਹਾ ਸਿੰਘ ਠੁੱਲੀਵਾਲ, ਸੁਖਵਿੰਦਰ ਸਿੰਘ ਬੱਗੋ, ਕਾਲਾ ਸਿੰਘ 'ਦੈਂਤ' ਗਾਂਧਰ ਪੱਤੀ ਤੇ ਹਰਭਜਨ ਸਿੰਘ ਡੇਲਿਆਂਵਾਲੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਯਾਰਾਂ ਜੁਲਾਈ 1992 ਦੇ ਦਿਨ ਪੁਲਸ ਨੇ ਗੁਰਤੇਜ ਸਿੰਘ (ਪੁੱਤਰ ਹਮੀਰ ਸਿੰਘ, ਵਾਸੀ ਘੁੰਮਣ ਕਲਾਂ, ਜ਼ਿਲ੍ਹਾ ਬਠਿੰਡਾ), ਮੁਖਤਾਰ ਸਿੰਘ (ਪੁੱਤਰ ਪ੍ਰੀਤਮ ਸਿੰਘ, ਵਾਸੀ ਕੰਮੇ), ਦਲਬੀਰ ਸਿੰਘ ਬੀਰਾ ਉੱਬੋਕੇ, ਲੀਲ੍ਹਾ ਸਿੰਘ ਠੁੱਲੀਵਾਲ, ਸੁਖਵਿੰਦਰ ਸਿੰਘ ਉਰਫ਼ ਬੱਗੋ, ਕਾਲਾ ਸਿੰਘ ਉਰਫ਼ ਦੈਂਤ ਗਾਂਧਰ ਪੱਤੀ, ਹਰਭਜਨ ਸਿੰਘ ਬਬਰ ਡੇਲਿਆਂਵਾਲੀ (ਪੁੱਤਰ ਅਜਾਇਬ ਸਿੰਘ, ਵਾਸੀ ਡੇਲਿਆਂਵਾਲੀ, ਜ਼ਿਲ੍ਹਾ ਬਠਿੰਡਾ) ਤੇ ਪੰਜ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1992: ਪਰਮਜੀਤ ਸਿੰਘ ਬਠਿੰਡਾ ਨੂੰ ਗ੍ਰਿਫ਼ਤਾਰ ਕਰ ਕੇ ਨਕਲੀ ਮੁਕਾਬਲੇ ਵਿਚ ਸ਼ਹੀਦ ਕੀਤਾ

11 ਜੁਲਾਈ 1992 ਦੇ ਦਿਨ ਪੰਜਾਬ ਪੁਲਸ ਨੇ ਬਠਿੰਡਾ ਦੇ ਬੀਬੀਵਾਲਾ ਚੌਕ ਵਿਚ ਇਕ ਆਟਾ ਚੱਕੀ ਤੋਂ ਇਕ ਸਿੱਖ ਨੌਜਵਾਨ ਪਰਮਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਮਗਰੋਂ ਉਸ ਦਾ ਨਕਲੀ ਮੁਕਾਬਲਾ ਬਣਾ ਕੇ ਉਸ ਨੂੰ ਸ਼ਹੀਦ ਕਰ ਦਿੱਤਾ। ਮਗਰੋਂ ਉਸ ਦਾ ਨਕਲੀ ਮੁਕਾਬਲਾ ਬਣਾਉਣ ਵਾਲੇ ਪੁਲਸੀਆਂ 'ਤੇ ਮੁਕੱਦਮਾ ਚਲਾਇਆ ਗਿਆ। 17 ਜਨਵਰੀ 2014 ਦੇ ਦਿਨ ਅਦਾਲਤ ਨੇ ਇੰਸਪੈਕਟਰ ਬਲਜਿੰਦਰ ਸ਼ਰਮਾ, ਗੁਰਬਚਨ ਸਿੰਘ ਏ. ਐਸ. ਆਈ., ਮੱਲ ਸਿੰਘ ਹਵਾਲਦਾਰ, ਹਰਿੰਦਰ ਸਿੰਘ, ਕਮਲਜੀਤ ਸਿੰਘ, ਤਰਲੋਕ ਸਿੰਘ ਤੇ ਜਰਨੈਲ ਸਿੰਘ (ਹੋਮ ਗਾਰਡ ਸਿਪਾਹੀਆਂ) ਅਤੇ ਡੀ.ਐਸ.ਪੀ. ਗੁਰਜੀਤ ਸਿੰਘ, 8 ਪੁਲਸੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਇਨ੍ਹਾਂ ਵਿਚਚੋਂ ਡੀ.ਐਸ.ਪੀ. ਗੁਰਜੀਤ ਸਿੰਘ ਅਜੇ ਵੀ ਭਗੌੜਾ ਸੀ।

2014: ਸ਼੍ਰੋਮਣੀ ਕਮੇਟੀ ਨੇ ਕੋਹਲੀ ਨੂੰ 8 ਲੱਖ ਰੁਪੈ ਮਹੀਨਾ 'ਤੇ ਫੇਰ ਰੱਖਿਆ

11 ਜੁਲਾਈ 2014 ਦੇ ਦਿਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਨੇ ਚਾਰਟਰ ਅਕਾਊਟੈਂਟ ਸਤਿੰਦਰ ਕੋਹਲੀ, ਜਿਸ ਨੂੰ 8 ਲੱਖ ਰੁਪੈ ਮਹੀਨਾ 'ਤੇ ਰੱਖਿਆ ਸੀ, ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ। 16 ਜੁਲਾਈ ਨੂੰ ਇਸ ਸਬੰਧੀ ਚਿੱਠੀ ਜਾਰੀ ਕਰ ਦਿੱਤੀ ਗਈ ਪਰ ਅਗਲੇ ਦਿਨ ਹੀ 17 ਜੁਲਾਈ ਨੂੰ ਸੁਖਬੀਰ ਬਾਦਲ ਦੇ ਹੁਕਮ 'ਤੇ ਪ੍ਰਧਾਨ ਨੇ ਉਸ ਨੂੰ ਦੋਬਾਰਾ ਰੱਖ ਲਿਆ)ਐਗਜ਼ੈਕਟਿਵ ਦਾ ਫ਼ੈਸਲਾ ਪ੍ਰਧਾਨ ਬਦਲ ਨਹੀਂ ਸੀ ਸਕਦਾ)। ਫਿਰ 23 ਅਗਸਤ 2014 ਕੋਹਲੀ ਨੂੰ ਦੋਬਾਰਾ ਰੱਖੇ ਜਾਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਨੇ ਮੁਤ ਮੁਹਰ ਲਾ ਦਿੱਤੀ। ਇਕ ਮੈਂਬਰ ਵੀ ਗੁਰੂ ਦੀ ਗੋਲਕ ਦੀ ਇਸ ਮਹਾਨ ਠੱਗੀ ਦੇ ਖ਼ਿਲਾਫ਼ ਨਹੀਂ ਬੋਲਿਆ। ਕਰਨੈਲ ਸਿੰਘ ਪੰਜੌਲੀ ਨੇ ਵੀ ਚੁਪਚਾਪ ਦਸਤਖ਼ਤ ਕਰ ਦਿੱਤੇ। (ਪਿਛੋਕੜ): ਸਤਿੰਦਰ ਕੋਹਲੀ ਨੂੰ 15 ਜਨਵਰੀ 2009 ਦੇ ਦਿਨ ਸਾਢੇ ਤਿੰਨ ਲੱਖ ਰੁਪੈ ਮਹੀਨਾ 'ਤੇ ਰੱਖਿਆ ਗਿਆ ਸੀ। 11 ਮਈ ਨੂੰ ਇਸ ਦੇ ਖ਼ਿਲਾਫ਼ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਕੋਲ ਪਟੀਸ਼ਨ ਕੀਤੀ ਗਈ। ਉਸ ਨੇ 20 ਅਕਤੂਬਰ 2009 ਦੇ ਦਿਨ ਇਹ ਨਿਯੁਕਤੀ ਰੱਦ ਕਰ ਦਿੱਤੀ। ਪਰ ਸ਼੍ਰੋਮਣੀ ਕਮੇਟੀ ਨੇ 6 ਦਿਨ ਵਿਚ ਹੀ 26 ਅਕਤੂਬਰ ਨੂੰ ਮੀਟਿੰਗ ਕਰ ਕੇ 10 ਨਵੰਬਰ ਨੂੰ ਇਸ਼ਤਿਹਾਰ ਦੇ ਕੇ 7 ਦਿਨ ਵਿਚ ਦਰਖ਼ਾਸਤਾਂ ਮੰਗ ਲਈਆਂ ਤੇ ਉਸ ਨੂੰ ਸਾਢੇ ਤਿੰਨ ਲੱਖ ਰੁਪੈ ਮਹੀਨਾ ਦੀ ਜਗਹ 7 ਲੱਖ 96 ਹਜ਼ਾਰ 437 ਰੁਪੈ ਮਹੀਨਾ 'ਤੇ ਰੱਖ ਲਿਆ ਗਿਆ। ਉਸ ਨੂੰ ਸਾਰੇ ਕੰਮਾਂ ਦਾ ਕੰਪਿਊਟਰੀਕਰਨ, ਅੰਦਰੂਨੀ

ਆਡਿਟ ਤੇ ਸਾਰੇ ਸਿਸਟਮ ਨੂੰ ਇੰਟਰ-ਕੁਨੈਕਟ ਕਰਨ ਦੇ ਹੱਕ ਦੇ ਦਿੱਤੇ। ਉਸ ਨੇ ਕਾਰ ਸੇਵਾ ਰਾਹੀਂ ਹੋਣ ਵਾਲੇ ਕੰਮ ਵੀ ਠੇਕੇ 'ਤੇ ਕਰਵਾਉਣੇ ਸ਼ੁਰੂ ਕਰ ਦਿੱਤੇ ਤੇ ਇੰਞ ਕਰੋੜਾਂ ਰੁਪੈ ਦਾ ਹੋਰ ਬੋਝ ਪਾ ਦਿੱਤਾ। ਉਸ ਨੇ ਆਪਣੀ ਮਰਜ਼ੀ ਨਾਲ ਮੁਲਾਜ਼ਮ ਰੱਖਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਦੀ ਤਨਖ਼ਾਹ ਸ਼੍ਰੋਮਣੀ ਕਮੇਟੀ ਦੇਂਦੀ ਹੈ।

2014: ਹਰਿਆਣਾ ਵਿਚ ਵਖਰੀ ਗੁਰਦੁਆਰਾ ਕਮੇਟੀ ਬਣਾਉਣ ਵਾਸਤੇ ਕਾਨੂੰਨ ਪਾਸ ਕੀਤਾ ਗਿਆ

11 ਜੁਲਾਈ 2004 ਦੇ ਦਿਨ ਹਰਿਆਣਾ ਅਸੈਂਬਲੀ ਦੇ ਇਕ ਸਪੈਸ਼ਲ ਸੈਸ਼ਨ ਨੇ "ਹਰਿਆਣਾ ਸਿੱਖ ਗੁਰਦੁਆਰਿਆਂ (ਮੈਨੇਜਮੈਂਟ) ਬਿਲ 2014" ਪਾਸ ਕਰ ਦਿੱਤਾ। ਅਸੈਂਬਲੀ ਵਿਚ (ਚੌਧਰੀ ਦੇਵੀ ਲਾਲ – ਓਮ ਪ੍ਰਕਾਸ਼ ਚੌਟਾਲਾ ਦੀ ਪਾਰਟੀ) ਇਨੈਲੋ ਦੇ ਵਿਧਾਇਕ ਦਲ ਦੇ ਮੁਖੀ ਅਸ਼ੋਕ ਅਰੋੜਾ ਤੇ ਭਾਜਪਾ ਦੇ ਵਿਧਾਇਕ ਦਲ ਦੇ ਮੁਖੀ ਅਨਿਲ ਵਿਜ ਨੇ ਬਿਲ ਦਾ ਵਿਰੋਧ ਕੀਤਾ। ਭਾਜਪਾ (ਜਿਸ ਦੇ 4 ਐਮ.ਐਲ.ਏ. ਹਨ) ਨੇ ਸੰਕੇਤਕ ਵਾਕ ਆਊਟ ਵੀ ਕੀਤਾ। ਪਰ, ਅਸੈਂਬਲੀ ਨੇ 48 ਸਫ਼ੇ ਦਾ ਇਹ ਡਰਾਫ਼ਟ ਪਾਸ ਕਰ ਦਿੱਤਾ। ਚੀਫ਼ ਮਨਿਸਟਰ ਨੇ 18 ਮਹੀਨੇ ਵਿਚ ਬਾਕਾਇਦਾ ਚੋਣ ਕਰਵਾਉਣ ਦਾ ਐਲਾਨ ਕੀਤਾ। ਇਸ ਐਕਟ ਮੁਤਾਬਿਕ ਵੋਟਰ ਦੀ ਉਮਰ 18 ਸਾਲ, ਤੇ ਗੁਰਦੁਆਰਾ ਕਮੇਟੀ ਦਾ ਮੈਂਬਰ ਬਣਨ ਵਾਸਤੇ ਉਮਰ 25 ਸਾਲ, ਰੱਖੀ ਹੈ ਤੇ ਪਤਿਤ ਤੇ ਅਖੌਤੀ ਸਹਜਧਾਰੀ ਵੋਟਰ ਨਹੀਂ ਬਣ ਸਕਦਾ। 25 ਹਲਕਿਆਂ ਵਿਚ ਇਕ-ਇਕ ਮੈਂਬਰ ਚੁਣਿਆ ਜਾਵੇਗਾ, 4 ਇਨ੍ਹਾਂ ਚੁਣੇ ਮੈਂਬਰਾਂ ਵੱਲੋਂ ਤੇ ਬਾਕੀ ਵੱਖ-ਵੱਖ ਜਮਾਤਾਂ ਵੱਲੋਂ ਨਾਮਜ਼ਦ ਕੀਤੇ ਜਾਣਗੇ। ਰੀਜ਼ਰਵ ਸੀਟ ਕੋਈ ਨਹੀਂ ਹੋਵੇਗੀ। ਬੀਬੀਆਂ ਵਾਸਤੇ 2 ਸੀਟਾਂ ਨਾਮਜ਼ਦਗੀ ਵਾਲੀਆਂ ਹੋਣਗੀਆਂ। **14 ਜੁਲਾਈ ਨੂੰ ਗਵਰਨਰ ਨੇ ਇਸ 'ਤੇ ਦਸਤਖ਼ਤ ਕਰ ਕੇ ਇਸ ਨੂੰ ਐਕਟ ਬਣਾ ਦਿੱਤਾ।**

(ਪਿਛੋਕੜ: ਹਰਿਆਣਾ ਗੁਰਦੁਆਰਾ ਕਮੇਟੀ ਵਾਸਤੇ ਲਹਿਰ ਦਸੰਬਰ 2000 ਵਿਚ ਦੀਦਾਰ ਸਿੰਘ ਨਲਵੀ ਤੇ ਹਰਬੰਸ ਸਿੰਘ ਦਾਚਰ ਨੇ ਸ਼ੁਰੂ ਕੀਤੀ ਸੀ। 2004 ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਹਰਿਆਣਾ ਦੀ ਵੱਖਰੀ ਕਮੇਟੀ ਦੇ ਹਿਮਾਇਤੀਆਂ ਨੇ ਹਰਿਆਣਾ ਦੀਆਂ 11 ਵਿਚੋਂ 7 ਸੀਟਾਂ 'ਤੇ ਜਿੱਤ ਹਾਸਿਲ ਕੀਤੀ। 2005 ਵਿਚ ਹਰਿਆਣਾ ਦੇ ਗੁਰਦੁਆਰਿਆਂ ਦੀ ਵਖਰੀ ਕਮੇਟੀ ਬਣਾਉਣ ਦਾ ਵਾਅਦਾ ਹਰਿਆਣਾ ਦੀ ਕਾਂਗਰਸ ਕਮੇਟੀ ਨੇ ਆਪਣੇ ਚੋਣ ਮੈਨੀਫ਼ੈਸਟੋ ਵਿਚ ਸ਼ਾਮਿਲ ਕੀਤਾ। 22 ਅਗਸਤ 2005 ਦੇ ਦਿਨ ਹਰਿਆਣਾ ਸਰਕਾਰ ਨੇ ਹਰਮਿੰਦਰ ਸਿੰਘ ਚੱਠਾ ਦੀ ਪ੍ਰਧਾਨਗੀ ਹੇਠ 10 ਮੈਂਬਰੀ ਕਮੇਟੀ ਕਾਇਮ ਕੀਤੀ। ਵਖਰੀ ਕਮੇਟੀ ਦੇ ਹਿਮਾਇਤੀਆਂ ਨੇ ਡੇਢ ਲੱਖ ਸਿੱਖਾਂ ਦੇ ਦਸਤਖ਼ਤ ਕਰਵਾ ਕੇ ਇਸ ਕਮੇਟੀ ਨੂੰ ਮੈਮੋਰੰਡਮ ਪੇਸ਼ ਕੀਤਾ। ਮਗਰੋਂ, 2009 ਵਿਚ, ਵਖਰੀ ਕਮੇਟੀ ਦੇ ਆਗੂਆਂ ਜਗਦੀਸ਼ ਸਿੰਘ ਝੀਂਡਾ ਤੇ ਦੀਦਾਰ ਸਿੰਘ ਨਲਵੀ ਵਿਚ ਆਪਸੀ ਫ਼ਰਕ ਆ ਗਏ ਤੇ ਦੋਵੇਂ ਵੱਖ ਵੱਖ ਹੋ ਗਏ। 2011 ਵਿਚ ਹੋਈਆਂ ਚੋਣਾਂ ਵਿਚ ਦੋਵੇਂ ਇਕ ਦੂਜੇ ਦੇ ਖ਼ਿਲਾਫ਼ ਖੜ੍ਹ ਗਏ ਤੇ ਦੋਵੇਂ ਹਾਰ ਗਏ। 2014 ਵਿਚ ਦੋਵੇਂ ਫਿਰ ਇਕੱਠੇ ਹੋ ਗਏ। 6 ਜੁਲਾਈ 2014 ਦੇ ਦਿਨ ਗੁਰੂ ਗੋਬਿੰਦ ਸਿੰਘ ਸਪੋਰਟਸ ਸਟੇਡੀਅਮ ਕੈਥਲ ਵਿਚ ਹੋਏ ਵੱਡੇ ਇਕੱਠ ਵਿਚ ਹਰਿਆਣਾ ਦੇ ਚੀਫ਼ ਮਨਿਸਟਰ ਨੇ ਹਰਿਆਣਾ ਗੁਰਦੁਆਰਿਆਂ ਦੀ ਵਖਰੀ ਕਮੇਟੀ ਬਣਾਉਣ ਦਾ ਵਾਅਦਾ ਕੀਤਾ। ਪਰ, ਪਹਿਲਾਂ ਉਸ ਨੇ ਸਮਾਗਮ ਵਿਚ ਹਾਜ਼ਰ ਇਕ ਲੱਖ ਤੋਂ ਵਧ ਲੋਕਾਂ ਦੇ ਹੱਥ ਖੜ੍ਹੇ ਕਰਵਾਏ ਫਿਰ ਕਾਨੂੰਨ ਬਣਾਉਣ ਦਾ ਵਾਅਦਾ ਕੀਤਾ।

12 ਜੁਲਾਈ

1675: ਗੁਰੂ ਤੇਗ ਬਹਾਦਰ ਸਾਹਿਬ ਦੀ ਗ੍ਰਿਫ਼ਤਾਰੀ ਹੋਈ

25 ਮਈ 1675 ਦੇ ਦਿਨ ਕਸ਼ਮੀਰੀ ਬ੍ਰਾਹਮਣ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਮਿਲ ਆਏ ਸਨ ਤੇ ਉਨ੍ਹਾਂ (ਗੁਰੂ ਸਾਹਿਬ) ਨੇ ਐਲਾਨ ਕੀਤਾ ਸੀ ਕਿ 'ਜੇ ਮੁਗਲ ਸਰਕਾਰ ਮੈਨੂੰ (ਗੁਰੂ ਜੀ ਨੂੰ) ਮੁਸਲਮਾਨ ਬਣਾ ਲਵੇ ਤਾਂ ਸਾਰੇ ਕਸ਼ਮੀਰੀ ਬ੍ਰਾਹਮਣ ਆਪਣੇ ਆਪ ਮੁਸਲਮਾਨ ਬਣ ਜਾਣਗੇ।' 1675 ਵਿਚ ਔਰੰਗਜ਼ੇਬ ਦਿੱਲੀ ਵਿਚ ਨਹੀਂ ਸੀ ਤੇ ਹਸਨ ਅਬਦਾਲ ਗਿਆ ਹੋਇਆ ਸੀ। ਔਰੰਗਜ਼ੇਬ 7 ਅਪਰੈਲ 1674 ਨੂੰ ਦਿੱਲੀ ਤੋਂ ਹਸਨ ਅਬਦਾਲ ਰਵਾਨਾ ਹੋਇਆ ਸੀ (ਤੇ 27 ਮਾਰਚ 1676 ਨੂੰ ਤਕਰੀਬਨ ਦੋ ਸਾਲ ਮਗਰੋਂ ਵਾਪਿਸ ਆਇਆ ਸੀ)। ਕਸ਼ਮੀਰੀ ਬ੍ਰਾਹਮਣਾਂ ਨੂੰ ਗੁਰੂ ਤੇਗ ਬਹਾਦਰ ਸਾਹਿਬ) ਨੇ ਐਲਾਨ ਕਿਹਾ ਸੀ, ਉਹ ਕਸ਼ਮੀਰ ਦੇ ਸੂਬੇਦਾਰ ਨੇ ਔਰੰਗਜ਼ੇਬ ਨੂੰ ਦੱਸ ਦਿਤਾ ਸੀ। ਇਹ ਸੁਣਦਿਆਂ ਔਰੰਗਜ਼ੇਬ ਨੇ ਸਰਹੰਦ ਦੇ ਸੂਬੇਦਾਰ ਅਬਦਲ ਅਜ਼ੀਜ਼ ਦਿਲਾਵਰ ਖ਼ਾਨ ਨੂੰ ਖ਼ਤ ਲਿਖ ਕੇ ਹਦਾਇਤ ਦਿਤੀ ਸੀ ਕਿ ਗੁਰੂ ਤੇਗ਼ ਬਹਾਦਰ ਨੂੰ ਗ੍ਰਿਫ਼ਤਾਰ ਕਰ ਕੇ ਉਸ ਕੋਲ ਪੇਸ਼ ਕੀਤਾ ਜਾਵੇ। ਔਰੰਗਜ਼ੇਬ ਦਾ ਹੁਕਮ ਮਿਲਦਿਆਂ ਹੀ ਸਰਹੰਦ ਦੇ ਸੂਬੇਦਾਰ ਨੇ ਇਕ ਫ਼ੌਜੀ ਦਸਤਾ, ਰੂਪੜ (ਹੁਣ ਰੋਪੜ) ਦੇ ਥਾਣੇਦਾਰ ਮਿਰਜ਼ਾ ਨੂਰ ਮੁਹੰਮਦ ਖ਼ਾਨ ਦੀ ਕਮਾਨ ਹੇਠ, ਚੱਕ ਨਾਨਕੀ (ਹੁਣ ਅਨੰਦਪੁਰ ਸਾਹਿਬ ਦਾ ਇਕ ਹਿੱਸਾ) ਨੂੰ ਰਵਾਨਾ ਕਰ ਦਿਤਾ ਸੀ। ਇਹ ਦਸਤਾ 11 ਨਵੰਬਰ ਨੂੰ ਚੱਕ ਨਾਨਕੀ ਪੁਜਾ ਤਾਂ ਉਨ੍ਹਾਂ ਨੂੰ ਪਤਾ ਲਗਾ ਕਿ ਗੁਰੂ ਸਾਹਿਬ ਤਾਂ ਦਿੱਲੀ ਵਾਸਤੇ ਰਵਾਨਾ ਹੋ ਚੁਕੇ ਹਨ। ਮਿਰਜ਼ਾ ਨੂਰ ਮੁਹੰਮਦ ਨਹੀਂ ਸੀ ਚਾਹੁੰਦਾ ਕਿ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦਾ ਈਨਾਮ ਉਸ ਦੇ ਹੱਥੋਂ ਚਲਾ ਜਾਵੇ ਇਸ ਕਰ ਕੇ ਉਹ ਗੁਰੂ ਜੀ ਦੀ ਭਾਲ ਵਿਚ ਪੁੱਠੇ ਪੈਰੀਂ ਉੱਥੋਂ ਵਾਪਿਸ ਮੁੜ ਪਿਆ। ਉਸ ਨੇ ਕੀਰਤਪੁਰ ਆ ਕੇ ਗੁਰੂ ਸਾਹਿਬ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਪਰ ਉਸ ਨੂੰ ਪਤਾ ਲਗਾ ਕਿ ਗੁਰੂ ਜੀ ਉੱਥੋਂ ਵੀ ਨਿਕਲ ਚੁਕੇ ਸਨ। ਹੁਣ ਉਹ ਮਜਬੂਰ ਹੋ ਕੇ ਰੋਪੜ ਨੂੰ ਪਰਤ ਪਿਆ।

ਉਧਰ 11 ਜੁਲਾਈ ਦੀ ਰਾਤ ਗੁਰੂ ਸਾਹਿਬ ਪਿੰਡ ਮਲਿਕਪੁਰ ਰੰਘੜਾਂ (ਹੁਣ ਸਿਰਫ਼ ਮਲਕਪੁਰ) ਵਿਚ ਭਾਈ ਨਗਾਹੀਆ ਦੇ ਘਰ ਠਹਿਰੇ ਸਨ। ਅਗਲੇ ਦਿਨ ਤੜਕੇ ਭਾਈ ਮਤੀ ਦਾਸ ਨਹਾਉਣ ਵਾਸਤੇ ਖੂਹ ਤੋਂ ਪਾਣੀ ਭਰਨ ਗਿਆ ਤਾਂ ਉਹ ਤਿਲਕ ਕੇ ਖੂਹ ਵਿਚ ਡਿਗ ਪਿਆ। ਰੌਲਾ ਪੈਣ 'ਤੇ ਲੋਕ ਇਕੱਠੇ ਹੋ ਗਏ। ਹੁਣ ਪਿੰਡ ਦੇ ਰੰਘੜਾਂ ਨੂੰ ਇਹ ਵੀ ਪਤਾ ਲਗ ਗਿਆ ਕਿ ਗੁਰੂ ਤੇਗ਼ ਬਹਾਦਰ ਵੀ ਮਲਿਕਪੁਰ ਵਿਚ ਹਨ। ਉਨ੍ਹਾਂ ਨੇ ਰੂਪੜ ਚੌਂਕੀ ਵਿਚ ਖ਼ਬਰ ਭੇਜ ਕੇ ਫ਼ੌਜ ਮੰਗਵਾ ਲਈ। ਜਦ ਰੂਪੜ ਦੇ ਥਾਣੇਦਾਰ ਮਿਰਜ਼ਾ ਨੂਰ ਮੁਹੰਮਦ ਖ਼ਾਨ ਨੂੰ ਇਹ ਖ਼ਬਰ ਮਿਲੀ ਤਾਂ ਉਹ ਖ਼ੁਸ਼ੀ ਵਿਚ ਨੱਚ ਉਠਿਆ। ਜਿਸ ਨੂੰ ਉਹ ਗ੍ਰਿਫ਼ਤਾਰ ਕਰਨ ਨਿਕਲਿਆ ਸੀ, ਉਹ ਉਸ ਨੂੰ ਅਖੀਰ ਲੱਭ ਹੀ ਪਿਆ ਸੀ। ਨੂਰ ਮੁਹੰਮਦ ਖ਼ਾਨ ਨੇ ਗੁਰੂ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲ ਦਾਸ ਨੂੰ ਗ੍ਰਿਫ਼ਤਾਰ ਕੀਤਾ ਅਤੇ ਰੋਪੜ ਲੈ ਗਿਆ। ਉਥੋਂ ਉਸ ਨੇ ਸਰਹੰਦ ਖ਼ਬਰ ਭੇਜ ਦਿੱਤੀ।ਸਰਹੰਦ ਦੇ ਸੂਬੇਦਾਰ ਨੇ ਲੋਹੇ ਦਾ ਇਕ ਵੱਡਾ ਪਿੰਜਰਾ ਭੇਜ ਗੁਰੂ ਸਾਹਿਬ ਨੂੰ ਇਸ ਵਿਚ ਪਾ ਕੇ ਸਰਹੰਦ ਮੰਗਵਾ ਲਿਆ। ਉਸ ਨੇ ਗੁਰੂ ਜੀ ਨੂੰ ਬੱਸੀ ਪਠਾਣਾਂ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ ਅਤੇ ਔਰੰਗਜ਼ੇਬ ਨੂੰ ਇਸ ਦੀ ਇਤਲਾਹ ਹਸਨ ਅਬਦਾਲ ਨੂੰ ਭੇਜ ਦਿਤੀ।

1698: ਗੁਰੂ ਗੋਬਿੰਦ ਸਿੰਘ ਸਾਹਿਬ 'ਤੇ ਕਾਂਗੜੇ ਦੇ ਰਾਜੇ ਨੇ ਹਮਲਾ ਕੀਤਾ

1689 ਵਿਚ ਅਨੰਦਪੁਰ ਵਿਚ ਕਿਲ੍ਹੇ ਬਣਾਉਣੇ ਸ਼ੁਰੂ ਕਰਨ ਮਗਰੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਦੇ ਲੋਹਗੜ੍ਹ ਕਿਲ੍ਹੇ 'ਚ ਹਥਿਆਰ ਬਣਾਉਣ ਦਾ ਕਾਰਖ਼ਾਨਾ ਵੀ ਲਾ ਲਿਆ ਸੀ। ਭਾਈ ਰਾਮ ਸਿੰਘ ਸਿਕਲੀਗਰ ਇਸ ਕਾਰਖ਼ਾਨੇ ਦਾ ਇੰਚਾਰਜ ਸੀ। ਇਸ

ਕਾਰਖਾਨੇ 'ਚ ਬੜੇ ਵਧੀਆ ਹਥਿਆਰ ਬਣਾਏ ਗਏ। ਇਸ ਦਾ ਚਰਚਾ ਸਾਰੇ ਪਾਸੇ ਹੋਣ ਲੱਗ ਪਿਆ। ਬਿਲਾਸਪੁਰ ਰਿਆਸਤ ਦੇ ਰਾਜੇ ਅਜਮੇਰ ਚੰਦ ਦਾ ਪੁਰੋਹਤ ਪਰਮਾ ਨੰਦ ਪਹਿਲੋਂ ਹੀ ਸਿੱਖਾਂ ਨਾਲ ਖਾਰ ਖਾਂਦਾ ਸੀ। ਉਸ ਨੇ ਆਲੇ-ਦੁਆਲੇ ਦੇ ਰਜਵਾੜਿਆਂ ਨੂੰ ਵੀ ਭੜਕਾਇਆ ਤੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਪਹਾੜੀ ਰਿਆਸਤਾਂ 'ਤੇ ਕਬਜ਼ਾ ਕਰਨ ਵਾਸਤੇ ਤਿਆਰੀਆਂ ਕਰ ਰਹੇ ਹਨ। ਕੁਝ ਚੌਧਰੀ ਤੇ ਰਜਵਾੜੇ ਉਸ ਦੀ ਚੁੱਕ ਵਿਚ ਆ ਗਏ। ਇਸ ਮਗਰੋਂ ਉਹ ਬਹਾਨੇ ਘੜਨ ਲਗ ਪਏ ਕਿ ਕਿਸੇ ਤਰੀਕੇ ਨਾਲ ਅਨੰਦਪੁਰ ਸਾਹਿਬ 'ਤੇ ਹਮਲਾ ਕੀਤਾ ਜਾਏ। ਇਨ੍ਹੀਂ ਦਿਨੀਂ 12 ਜੁਲਾਈ 1698 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਕੁਝ ਸਿੰਘਾਂ ਨੂੰ ਨਾਲ ਲੈ ਕੇ ਨੇੜੇ ਦੇ ਪਹਾੜੀ ਜੰਗਲ ਵਿਚ ਸ਼ਿਕਾਰ ਕਰਨ ਗਏ। ਇਸ ਮੌਕੇ 'ਤੇ ਉਨ੍ਹਾ ਦਾ ਟਾਕਰਾ ਕਾਂਗੜੇ ਦੇ ਰਾਜੇ ਆਲਮ ਚੰਦ ਕਟੋਚ ਅਤੇ ਉਸ ਦੇ ਜਰਨੈਲ ਬਲੀਆ ਚੰਦ ਕਟੋਚ ਨਾਲ ਹੋ ਗਿਆ। ਕਟੋਚਾਂ ਵੱਲੋਂ ਗੁਰੂ ਸਾਹਿਬ 'ਤੇ ਹਮਲਾ ਕੀਤੇ ਜਾਣ 'ਤੇ ਭਾਈ ਉਦੈ ਸਿੰਘ, ਤੇ ਭਾਈ ਆਲਮ ਸਿੰਘ ਨੇ ਵੀ ਤਲਵਾਰਾਂ ਸੂਤ ਲਈਆਂ। ਦੋਹਾਂ ਪਾਸਿਓਂ ਜ਼ਬਰਦਸਤ ਲੜਾਈ ਸ਼ੁਰੂ ਹੋ ਗਈ। ਇਨ੍ਹਾਂ ਝੜਪਾਂ ਦੌਰਾਨ ਭਾਈ ਉਦੈ ਸਿੰਘ ਹੱਥੋਂ ਬਲੀਆ ਚੰਦ ਦੀ ਇਕ ਬਾਂਹ ਵੱਢੀ ਗਈ। ਰਾਜਾ ਆਲਮ ਚੰਦ ਕਟੋਚ ਵੀ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਮਗਰੋਂ ਇਨ੍ਹਾਂ ਜ਼ਖਮਾਂ ਕਾਰਨ ਬਲੀਆ ਚੰਦ ਦੀ ਮੌਤ ਹੋ ਗਈ।

1955: ਪੰਜਾਬੀ ਸੂਬੇ ਦੇ ਨਾਅਰੇ'ਤੇ ਲੱਗੀ ਪਾਬੰਦੀ ਵਾਪਿਸ ਲੈ ਲਈ ਗਈ

ਅਪ੍ਰੈਲ 1955 ਵਿਚ ਪੰਜਾਬ ਸਰਕਾਰ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦਾ ਨਾਅਰਾ ਲਾਉਣ 'ਤੇ ਪਾਬੰਦੀ ਲਾ ਦਿੱਤੀ ਜਿਸ ਦੇ ਖ਼ਿਲਾਫ਼ ਅਕਾਲੀ ਦਲ ਨੇ 10 ਮਈ ਤੋਂ ਮੋਰਚਾ ਲਾਉਣ ਲਾ ਦਿੱਤਾ। ਜਦ ਇਹ ਮੋਰਚਾ ਜੋਬਨ 'ਤੇ ਸੀ ਤਾਂ ਪੰਜਾਬ ਸਰਕਾਰ ਨੇ 4 ਜੁਲਾਈ 1955 ਦੇ ਦਿਨ ਦਰਬਾਰ ਸਾਹਿਬ ਵਿਚ ਪੁਲਸ ਭੇਜ ਦਿੱਤੀ। ਸਰਕਾਰ ਦਾ ਖਿਆਲ ਸੀ ਕਿ ਹੁਣ ਅਕਾਲੀ ਮੋਰਚਾ ਬੰਦ ਕਰ ਦੇਣਗੇ। ਪਰ ਅਜਿਹਾ ਕੁਝ ਨਾ ਹੋਇਆ ਤੇ ਮੋਰਚਾ ਫਿਰ ਵੀ ਚਲਦਾ ਰਿਹਾ। 12 ਜੁਲਾਈ 1955 ਦੇ ਦਿਨ ਗੁਰਬਚਨ ਸਿੰਘ ਫ਼ਤਹਿਗੜ੍ਹ ਦੀ ਕਮਾਨ ਹੇਠ 250 ਸਿੱਖਾਂ ਦਾ ਜਥਾ ਜੇਲ੍ਹ ਜਾਣ ਲਈ ਤਿਆਰ ਹੋ ਕੇ ਮੰਜੀ ਸਾਹਿਬ ਪਹੁੰਚ ਗਿਆ ਅਜੇ ਜਥਾ ਤੁਰਿਆ ਨਹੀਂ ਸੀ ਕਿ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਚ ਆਏ ਅਤੇ ਸਰਕਾਰ ਵੱਲੋਂ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ 'ਤੇ ਲੱਗੀ ਪਾਬੰਦੀ ਦੇ ਵਾਪਿਸ ਲੈਣ ਦੀ ਖ਼ਬਰ ਦਿੱਤੀ। ਉਨ੍ਹਾਂ ਨੇ ਅਕਾਲੀ ਆਗੂਆਂ ਨੂੰ ਜਥਾ ਰੋਕਣ ਲਈ ਆਖਿਆ ਤਾਂ ਅਕਾਲੀ ਆਗੂਆਂ ਨੇ ਐਲਾਨ ਕੀਤਾ ਕਿਉਂਕਿ ਜਥੇ ਨੇ ਅਰਦਾਸ ਕਰ ਲਈ ਹੈ ਇਸ ਲਈ ਇਹ ਜਥਾ ਜ਼ਰੂਰ ਟੁਰੇਗਾ। ਇਹ ਜਥਾ ਨਾਅਰੇ ਲਾਉਂਦਾ ਬਜ਼ਾਰਾਂ ਵਿਚੋਂ ਚੱਕਰ ਕੱਟ ਕੇ ਵਾਪਿਸ ਮੰਜੀ ਸਾਹਿਬ ਆ ਗਿਆ।

ਇੰਞ 12 ਜੁਲਾਈ 1955 ਦੇ ਦਿਨ ਪੰਜਾਬੀ ਸੂਬੇ ਦੇ ਨਾਅਰੇ 'ਤੇ ਲੱਗੀ ਪਾਬੰਦੀ ਦੇ ਖ਼ਿਲਾਫ਼ 64 ਰੋਜ਼ਾ ਮੋਰਚਾ ਜਿੱਤਿਆ ਗਿਆ। ਇਸ ਮਗਰੋਂ ਵੀ ਪਹਿਲਾਂ ਤਾਂ ਚੀਫ਼ ਮਨਿਸਟਰ ਭੀਮ ਸੈਨ ਸੱਚਰ ਨੇ ਮੋਰਚੇ ਵਿਚ ਗ੍ਰਿਫ਼ਤਾਰ ਸਿੱਖਾਂ ਨੂੰ ਰਿਹਾ ਕਰਨ ਤੋਂ ਨਾਂਹ ਕਰ ਦਿੱਤੀ ਪਰ ਨਵੇਂ ਮੋਰਚੇ ਤੋਂ ਡਰ ਕੇ ਸਾਰੇ ਕੈਦੀ ਰਿਹਾ ਕਰ ਦਿੱਤੇ। ਸਭ ਤੋਂ ਅਖ਼ੀਰ 'ਤੇ ਮਾਸਟਰ ਤਾਰਾ ਸਿੰਘ ਨੂੰ 8 ਸਤੰਬਰ ਨੂੰ ਰਿਹਾ ਕੀਤਾ ਗਿਆ। 10 ਅਕਤੂਬਰ 1955 ਦੇ ਦਿਨ ਪੰਜਾਬ ਦੇ ਚੀਫ਼ ਮਨਿਸਟਰ ਭੀਮ ਸੈਨ ਸੱਚਰ ਨੇ ਮੰਜੀ ਸਾਹਿਬ ਪੇਸ਼ ਹੋ ਕੇ 4 ਜੁਲਾਈ ਨੂੰ ਦਰਬਾਰ ਸਾਹਿਬ 'ਤੇ ਪੁਲਿਸ ਦੇ ਹਮਲੇ ਦੀ ਮੁਆਫ਼ੀ ਮੰਗੀ (ਉਵ ਉਸ ਦੀ ਇਸ ਕਾਰਵਾਈ ਕਾਰਨ ਫ਼ਿਰਕੂ ਹਿੰਦੂ ਕਾਂਗਰਸੀ ਉਸ ਦੇ ਖ਼ਿਲਾਫ਼ ਹੋ ਗਏ ਤੇ ਉਸ ਦੀ ਚੀਫ਼ ਮਨਿਸਟਰੀ ਖੁਸ ਗਈ)।

1959: ਪ੍ਰੇਮ ਸਿੰਘ ਲਾਲਪੁਰਾ ਨੇ 'ਪੰਥ ਸੇਵਕ ਦਲ' ਜਥੇਬੰਦੀ ਬਣਾਈ

1958 ਵਿਚ ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸੀ। 16 ਨਵੰਬਰ 1958 ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਹੋਣੀ ਸੀ। ਪ੍ਰਤਾਪ ਸਿੰਘ ਕੈਰੋਂ ਨੇ ਗਿਆਨੀ ਕਰਤਾਰ ਸਿੰਘ ਨੂੰ ਪੂਰੀ ਤਾਕਤ ਦੇ ਕੇ ਮਾਸਟਰ ਤਾਰਾ ਸਿੰਘ ਨੂੰ ਹਰਾਉਣ ਲਈ ਤਿਆਰ ਕੀਤਾ। ਗਿਆਨੀ ਕਰਤਾਰ ਸਿੰਘ ਅਜੇ ਅਕਾਲੀ ਦਲ ਦਾ ਮੈਂਬਰ ਵੀ ਸੀ। ਉਸ ਨੇ 10 ਨਵੰਬਰ ਨੂੰ ਵਜ਼ਾਰਤ ਤੋਂ ਅਸਤੀਫ਼ਾ ਦੇ ਕੇ ਮਾਸਟਰ ਤਾਰਾ ਸਿੰਘ ਹਰਾਉਣ ਵਾਸਤੇ ਸਾਰੀ ਸਰਕਾਰੀ ਤਾਕਤ ਵਰਤ ਦਿੱਤੀ। ਦਰਜਨਾਂ ਮੈਂਬਰਾਂ ਨੂੰ ਪੈਸੇ ਅਤੇ ਅਹੁਦੇ ਦੇ ਕੇ ਖ਼ਰੀਦ ਲਿਆ ਗਿਆ। ਇੰਝ ਉਹ 16 ਨਵੰਬਰ 1958 ਨੂੰ ਮਾਸਟਰ ਤਾਰਾ ਸਿੰਘ ਦੀਆਂ 74 ਵੋਟਾਂ ਦੇ ਮੁਕਾਬਲੇ ਪ੍ਰੇਮ ਸਿੰਘ ਲਾਲਪੁਰਾ ਨੂੰ 77 ਵੋਟਾਂ ਤੇ ਜਿਤਾਉਣ ਵਿਚ ਕਾਮਯਾਬ ਹੋ ਗਿਆ ਤੇ ਪ੍ਰਤਾਪ ਸਿੰਘ ਕੈਰੋਂ ਤੋਂ ਸ਼ਾਬਾਸ਼ ਹਾਸਿਲ ਕੀਤੀ। ਇਸ ਮੌਕੇ 'ਤੇ ਸ਼੍ਰੋਮਣੀ ਕਮੇਟੀ ਦੇ ਸਾਰੇ ਕਮਿਊਨਿਸਟ ਮੈਂਬਰਾਂ (ਜੋ 'ਦੇਸ਼ ਭਗਤ ਪਾਰਟੀ' ਬਣਾ ਕੇ) ਮਾਸਟਰ ਤਾਰਾ ਸਿੰਘ ਦੀ ਮਦਦ ਨਾਲ ਜਿੱਤੇ ਸਨ) ਨੇ ਵੀ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਵੋਟਾਂ ਪਾਈਆਂ ਸਨ। ਪ੍ਰੇਮ ਸਿੰਘ ਲਾਲਪੁਰਾ ਨੇ ਆਪਣਾ ਪਹਿਲਾ ਬਿਆਨ ਪੰਜਾਬੀ ਸੂਬੇ ਦਾ ਵਿਰੋਧ ਕਰ ਕੇ ਅਤੇ ਮਾਸਟਰ ਤਾਰਾ ਸਿੰਘ ਨੂੰ ਫ਼ਿਰਕਾਪ੍ਰਸਤ ਆਖ ਕੇ ਦਿੱਤਾ।

ਸ਼੍ਰੋਮਣੀ ਕਮੇਟੀ ਦੀਆਂ ਅਗਲੀਆਂ ਚੋਣਾਂ ਲੜਨ ਵਾਸਤੇ ਪ੍ਰੇਮ ਸਿੰਘ ਲਾਲਪੁਰਾ ਨੇ 12 ਜੁਲਾਈ 1959 ਨੂੰ ਅੰਮ੍ਰਿਤਸਰ ਵਿਚ **'ਪੰਥ ਸੇਵਕ ਦਲ'** ਨਾਂ ਦੀ ਇਕ ਜਥੇਬੰਦੀ ਬਣਾਈ। ਇਸ ਮੌਕੇ 'ਤੇ ਇਕ ਹਜ਼ਾਰ ਬੰਦੇ ਸ਼ਾਮਿਲ ਹੋਏ। ਇਨ੍ਹਾਂ ਵਿਚ ਅਮਰ ਸਿੰਘ ਦੁਸਾਂਝ ਤੇ ਸੰਪੂਰਨ ਸਿੰਘ ਰਾਮਾ ਵਗ਼ੈਰਾ ਵੀ ਸ਼ਾਮਿਲ ਸਨ। ਇਹ ਪਾਰਟੀ ਅਕਾਲੀ ਦਲ ਦੇ ਖ਼ਿਲਾਫ਼ ਗੁਰਦੁਆਰਾ ਚੋਣਾਂ ਲੜਨ ਵਾਸਤੇ ਬਣਾਈ ਗਈ। ਪਾਰਟੀ ਦੇ ਮੁਖ ਸਰਪਰਸਤ ਕੈਰੋਂ, ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ ਅਤੇ ਰਾੜੇਵਾਲਾ ਸਨ।

1985: ਦਰਬਾਰ ਸਾਹਿਬ 'ਤੇ ਹਮਲੇ ਦੇ ਵਿਰੋਧ ਵਿਚ ਬੈਰਕਾਂ ਛੱਡਣ ਵਾਲੇ ਧਰਮੀ ਫ਼ੌਜੀਆਂ ਨੂੰ ਫ਼ੌਜੀ ਅਦਾਲਤ ਵੱਲੋਂ ਸਜ਼ਾਵਾਂ ਦਿੱਤੀਆਂ ਗਈਆਂ

ਸਰਕਾਰੀ ਅੰਕੜਿਆਂ ਮੁਤਾਬਿਕ ਜੂਨ 1984 ਵਿਚ ਦਰਬਾਰ ਸਾਹਿਬ ਤੇ ਭਾਰਤੀ ਫ਼ੌਜ ਦੇ ਹਮਲੇ ਦੇ ਖ਼ਿਲਾਫ਼ ਰੋਸ ਵਜੋਂ 2334 ਸਿੱਖ ਫ਼ੌਜੀਆਂ ਨੇ ਅੰਮ੍ਰਿਤਸਰ ਵੱਲ ਚਾਲੇ ਪਾਏ ਸਨ। ਇਨ੍ਹਾਂ ਵਿੱਚੋਂ 67 ਸਿੱਖ ਰਾਹ ਵਿਚ ਮਾਰੇ ਗਏ ਸਨ, 31 ਲਾਪਤਾ ਐਲਾਨੇ ਗਏ ਸਨ, 172 ਨੂੰ ਬਾਕਾਇਦਾ ਮੁਕੱਦਮਾ ਚਲਾ ਕੇ ਸਜ਼ਾ ਦਿੱਤੀ ਗਈ ਸੀ ਅਤੇ ਬਾਕੀ ਫ਼ੌਜੀਆਂ ਦੇ ਸਮਰੀ ਟਰਾਇਲ ਕੀਤੇ ਗਏ ਸਨ। 12 ਜੁਲਾਈ 1985 ਦੇ ਦਿਨ ਕੋਰਟ ਮਾਰਸ਼ਲ ਸਮਰੀ-ਟਰਾਇਲ ਮਗਰੋਂ ਉਨ੍ਹਾਂ ਨੂੰ ਕੈਦਾਂ ਦੀਆਂ ਸਜ਼ਾਵਾਂ ਦਿੱਤੀਆਂ ਤੇ ਨਾਲ ਹੀ ਨੌਕਰੀ ਤੋਂ ਵੀ ਬਰਤਰਫ਼ ਕਰ ਦਿੱਤਾ।

1986: ਬਲਦੇਵ ਸਿੰਘ ਭਿੱਖੀ ਵਿੰਡ ਤੇ ਧੰਨਾ ਸਿੰਘ ਬਰਿਆਰ ਨਕਲੀ ਮੁਕਾਬਲੇ ਵਿਚ ਸ਼ਹੀਦ

12 ਜੁਲਾਈ 1986 ਦੇ ਦਿਨ ਪੁਲਸ ਨੇ ਬਲਦੇਵ ਸਿੰਘ (ਪੁੱਤਰ ਕਰਨੈਲ ਸਿੰਘ, ਵਾਸੀ ਭਿੱਖੀ ਵਿੰਡ, ਜ਼ਿਲ੍ਹਾ ਤਰਨ ਤਾਰਨ) ਤੇ ਧੰਨਾ ਸਿੰਘ (ਪੁੱਤਰ ਪਿਆਰਾ ਸਿੰਘ, ਵਾਸੀ ਬਰਿਆਰ, ਜ਼ਿਲ੍ਹਾ ਕਪੂਰਥਲਾ) ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਖਾਲਿਸਤਾਨ ਕਮਾਂਡੋ ਫੋਰਸ ਦਾ ਮੁਖੀ ਜਨਰਲ ਲਾਭ ਸਿੰਘ (ਸੁਖਦੇਵ ਸਿੰਘ ਮੁੱਖਾ) ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

12 ਜੁਲਾਈ 1988 ਦੇ ਦਿਨ ਜਨਰਲ ਲਾਭ ਸਿੰਘ ਉਰਫ਼ ਸੁਖਦੇਵ ਸਿੰਘ ਉਰਫ਼ ਮੁੱਖਾ ਸਿਪਾਹੀ ਉਰਫ਼ ਲਾਭ ਸਿੰਘ ਮੁਖੀ ਖਾਲਿਸਤਾਨ ਕਮਾਂਡੋ ਫੋਰਸ ਨੂੰ ਉਸ ਦੇ ਇਕ ਸਾਥੀ ਸਣੇ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ। ਜਨਰਲ ਲਾਭ ਸਿੰਘ ਉਰਫ਼ ਸੁਖਦੇਵ ਸਿੰਘ ਇਕ ਸਾਬਕਾ ਸਿਪਾਹੀ ਸੀ। ਉਹ ਲਾਲਾ ਜਗਤ ਨਾਰਾਇਣ ਦੇ ਪੁੱਤਰ ਰਮੇਸ਼ ਦੇ ਕਤਲ (12 ਮਈ 1984) ਵਿਚ ਵੀ ਸ਼ਾਮਿਲ ਸੀ। ਜੂਨ 1984 ਵਿਚ ਜਦ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਤੇ ਹਮਲਾ ਕੀਤਾ ਤਾਂ ਉਹ ਉਸ ਵੇਲੇ ਦਰਬਾਰ ਸਾਹਿਬ ਦੇ ਅੰਦਰ ਹੀ ਮੌਜੂਦ ਸੀ ਜਿੱਥੋਂ ਗ੍ਰਿਫ਼ਤਾਰ ਕਰ ਕੇ ਉਸ ਨੂੰ ਜੋਧਪੁਰ ਜੇਲ੍ਹ ਵਿਚ ਰੱਖਿਆ ਗਿਆ ਸੀ। ਉਥੋਂ 5 ਅਪਰੈਲ 1986 ਦੇ ਦਿਨ ਉਸ ਨੂੰ ਤਿੰਨ ਹੋਰ ਸਾਥੀਆਂ ਸਣੇ ਰਮੇਸ਼ ਕਤਲ ਕਾਂਡ ਵਿਚ ਪੇਸ਼ ਕਰਨ ਵਾਸਤੇ ਜਲੰਧਰ ਲਿਆਂਦਾ ਗਿਆ ਤਾਂ ਉਸ ਦੇ ਸਾਥੀਆਂ ਨੇ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਮਨਬੀਰ ਸਿੰਘ ਚਹੇੜੂ ਦੀ ਅਗਵਾਈ ਵਿਚ ਐਕਸ਼ਨ ਕਰ ਕੇ ਉਸ ਨੂੰ ਦੋ ਹੋਰਾਂ ਸਾਥੀਆਂ (ਗੁਰਿੰਦਰ ਸਿੰਘ ਭੋਲਾ ਅਤੇ ਸਵਰਨਜੀਤ ਸਿੰਘ ਅਲਾਦੀਨਪੁਰ) ਸਮੇਤ ਛੁਡਾ ਲਿਆ ਸੀ; ਇਸ ਐਕਸ਼ਨ ਦੌਰਾਨ 6 ਸਿਪਾਹੀ ਵੀ ਮਾਰੇ ਗਏ ਸਨ (ਮਗਰੋਂ ਭੋਲਾ ਨੂੰ ਇਸੇ ਗਰੁੱਪ ਨੇ ਕਤਲ ਵੀ ਕੀਤਾ ਸੀ)। ਜਰਨੈਲ ਮਨਬੀਰ ਸਿੰਘ ਚਹੇੜੂ ਦੀ ਗ੍ਰਿਫ਼ਤਾਰੀ ਮਗਰੋਂ ਜਨਰਲ ਲਾਭ ਸਿੰਘ ਨੂੰ ਖਾਲਿਸਤਾਨ ਕਮਾਂਡੋ ਫੋਰਸ ਦਾ ਮੁਖੀ ਬਣਾਇਆ ਗਿਆ ਸੀ। ਉਸ ਨੇ ਬਹੁਤ ਅਹਿਮ ਐਕਸ਼ਨ ਕੀਤੇ ਸਨ ਜਿਨ੍ਹਾਂ ਵਿਚ ਲੁਧਿਆਣਾ ਦੇ ਪੰਜਾਬ ਨੈਸ਼ਨਲ ਬੈਂਕ ਵਿਚ 5 ਕਰੋੜ 70 ਲੱਖ ਰੁਪੈ ਦਾ ਡਾਕਾ ਅਤੇ ਪੁਲਸ ਚੀਫ਼ ਰਬੈਰੋ ਤੇ ਹਮਲਾ ਵੀ ਸ਼ਾਮਿਲ ਸਨ।ਜ: ਲਾਭ ਸਿੰਘ ਦੀ ਸ਼ਹੀਦੀ ਨਾਲ ਇਸ ਲਹਿਰ ਨੂੰ ਬੜਾ ਵੱਡਾ ਘਾਟਾ ਪਿਆ। ਜਨਰਲ ਲਾਭ ਸਿੰਘ ਦੀ ਸ਼ਹੀਦੀ ਮਗਰੋਂ ਉਸ ਵਾਸਤੇ 18 ਜੁਲਾਈ ਦੇ ਦਿਨ ਉਸ ਦੇ ਸਹੁਰੇ ਚਰਨ ਸਿੰਘ ਦੇ ਪਿੰਡ ਸਮਾਧਾਂ ਵਾਲ ਖੁਹ ਵਿਚ ਸਮਾਗਮ ਕੀਤਾ ਗਿਆ। ਇਸ ਮੌਕੇ ਤੇ ਪੁਲਸ ਨੇ ਸਾਰਾ ਇਲਾਕਾ ਘੇਰ ਲਿਆ ਹੋਇਆ ਸੀ ਪਰ ਇਸ ਦੇ ਬਾਵਜੂਦ ਬਹੁਤ ਵੱਡੀ ਗਿਣਤੀ ਵਿਚ ਲੋਕ ਸ਼ਾਮਿਲ ਹੋਏ।

1989: ਹਰਦੀਪ ਸਿੰਘ ਹੀਰਾ ਕੋਟਲਾ ਸੁਲਤਾਨ ਸਿੰਘ ਤੇ ਹਰਜੀਤ ਸਿੰਘ ਭਗਵਾਨਪੁਰ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

12 ਜੁਲਾਈ 1989 ਦੇ ਦਿਨ ਪੰਜਾਬ ਪੁਲਸ ਨੇ ਹਰਦੀਪ ਸਿੰਘ ਹੀਰਾ (ਵਾਸੀ ਕੋਟਲਾ ਸੁਲਤਾਨ ਸਿੰਘ ਅੰਮ੍ਰਿਤਸਰ), ਹਰਜੀਤ ਸਿੰਘ (ਪੁੱਤਰ ਬਖਸੀਸ ਸਿੰਘ, ਵਾਸੀ ਭਗਵਾਨਪੁਰ, ਕਪੂਰਥਲਾ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਰਵਿੰਦਰ ਸਿੰਘ ਤੁਗਲਵਾਲ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

12 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ 1991 ਰਵਿੰਦਰ ਸਿੰਘ (ਪੁੱਤਰ ਬੇਲਾ ਸਿੰਘ, ਵਾਸੀ ਤੁਗਲਵਾਲ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਮਨਜੀਤ ਸਿੰਘ, ਬਲਵਿੰਦਰ ਸਿੰਘ ਖੱਸਣ, ਗੁਰਮੀਤ ਸਿੰਘ ਜੀਤਾ ਤੇ ਹੋਰ ਨਕਲੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ

ਬਾਰਾਂ ਜੁਲਾਈ 1992 ਦੇ ਦਿਨ ਪੁਲਸ ਨੇ ਮਨਜੀਤ ਸਿੰਘ ਉਰਫ਼ ਪਵਿੱਤਰ ਸਿੰਘ, ਬਲਵਿੰਦਰ ਸਿੰਘ ਖੱਸਣ, ਗੁਰਮੀਤ ਸਿੰਘ ਜੀਤਾ (ਪੁੱਤਰ ਮਿਹਤਾਰ ਸਿੰਘ, ਵਾਸੀ ਤਲਵੰਡੀ ਸੂਬੇ ਸਿੰਘ) ਅਤੇ ਯਾਰਾਂ ਹੋਰ ਸਿੱਖ ਨਕਲੀ ਮੁਕਾਬਲਿਆਂ ਦੇ ਨਾਂ 'ਤੇ ਸ਼ਹੀਦ ਕਰ ਦਿੱਤੇ ਗਏ।

1992: ਹਰਿਆਣਾ ਵਿਚ ਕਾਰ ਤੋਂ ਲਾਹ ਕੇ ਤਿੰਨ ਸਿੱਖ ਸ਼ਹੀਦ ਕੀਤੇ

ਬਾਰਾਂ ਜੁਲਾਈ 1992 ਦੇ ਦਿਨ ਧੂਲਕੋਟ ਹਰਿਆਣਾ ਵਿਚ ਤਿੰਨ ਸਿੱਖ ਜਸਬੀਰ ਸਿੰਘ, ਜਸਵਿੰਦਰ ਸਿੰਘ ਤੇ ਤਿੰਨ ਸਾਲ ਦਾ ਬੱਚਾ ਹਰਵਿੰਦਰ ਸਿੰਘ ਇਕ ਕਾਰ ਵਿਚ ਜਾ ਰਹੇ ਸਨ। ਦਹਿਸ਼ਤਗਰਦ ਹਰਿਆਣਵੀ ਪੁਲੀਸ ਨੇ ਕਾਰ ਰੋਕ ਕੇ ਉਨ੍ਹਾਂ ਨੂੰ ਕਾਰ 'ਚੋਂ ਕੱਢ ਕੇ ਬੇਵਜਹ ਸ਼ਹੀਦ ਕਰ ਦਿੱਤਾ।

1993: ਰਾਵੀਵਾਲਾ ਪਿੰਡ ਦੇ ਦੇਸਾ ਸਿੰਘ, ਸ਼ਿੰਦਾ ਸਿੰਘ, ਬਲਕਾਰ ਸਿੰਘ ਕਾਲਾ, ਮੰਗਲ ਸਿੰਘ ਮਾਂਗਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਬਾਰਾਂ ਜੁਲਾਈ 1993 ਦੇ ਦਿਨ ਪੁਲਸ ਨੇ ਦੇਸਾ ਸਿੰਘ (ਪੁੱਤਰ ਅਮਰ ਸਿੰਘ), ਸ਼ਿੰਦਾ ਸਿੰਘ (ਪੁੱਤਰ ਬਚਨ ਸਿੰਘ), ਬਲਕਾਰ ਸਿੰਘ ਉਰਫ਼ ਕਾਲਾ (ਪੁੱਤਰ ਸ਼ਿੰਗਾਰਾ ਸਿੰਘ), ਮੰਗਲ ਸਿੰਘ ਮਾਂਗਾ (ਪੁੱਤਰ ਕਰਨੈਲ ਸਿੰਘ), ਚਾਰੇ ਵਾਸੀ ਪਿੰਡ ਰਾਵੀ ਵਾਲਾ ਨਕਲੀ ਪੁਲਸ ਮੁਕਾਬਲਿਆਂ ਦੇ ਨਾਂ 'ਤੇ ਸ਼ਹੀਦ ਕਰ ਦਿੱਤੇ ਗਏ।

2004: ਪੰਜਾਬ ਵੱਲੋਂ ਦਰਿਆਈ ਪਾਣੀਆਂ ਦੇ ਸਾਰੇ ਸਮਝੌਤੇ ਰੱਦ ਕਰਨ ਦਾ ਕਾਨੂੰਨ ਪਾਸ ਕੀਤਾ ਗਿਆ

1966 ਤੋਂ ਹੀ ਸੈਂਟਰ ਸਰਕਾਰ ਅਤੇ ਹਰਿਆਣੇ ਨੇ ਪੰਜਾਬ ਦੇ ਪਾਣੀ ਖੋਹਣ ਵਾਸਤੇ ਚਾਲਾਕੀ ਵਾਲੀਆਂ ਕਾਨੂੰਨੀ ਕਾਰਵਾਈਆਂ ਸ਼ੁਰੂ ਕੀਤੀਆਂ ਹੋਈਆਂ ਸਨ। ਇਹ ਉਨ੍ਹਾਂ ਸਮਝੌਤਿਆਂ ਦੇ ਅਧਾਰ 'ਤੇ ਸਨ ਜਿਹੜੇ ਪੰਜਾਬ ਦੇ ਕਾਂਗਰਸੀ ਚੀਫ਼ ਮਨਿਸਟਰਾਂ (ਕੈਰੋਂ, ਦਰਬਾਰਾ, ਸੁਰਜੀਤ ਬਰਨਾਲਾ) ਅਤੇ ਅਕਾਲੀ ਚੀਫ਼ ਮਨਿਸਟਰ ਬਾਦਲ ਵਗ਼ੈਰਾ ਨੇ ਪੰਜਾਬ ਨਾਲ ਗ਼ਦਾਰੀ ਕਰ ਕੇ ਕੀਤੇ ਹੋਏ ਸਨ ਤੇ ਜਾਂ ਫਿਰ ਰਾਜੀਵ ਲੌਂਗੋਵਾਲ ਸਮਝੌਤੇ ਹੇਠ ਕੀਤੇ ਗਏ ਸਨ। ਜਦ 4 ਜੂਨ 2004 ਨੂੰ ਸੁਪਰੀਮ ਕੋਰਟ ਵੀ ਹਰਿਆਣੇ ਦੇ ਹੱਕ ਵਿਚ ਭੁਗਤ ਗਈ ਅਤੇ ਪੰਜਾਬ ਨੂੰ ਸਤਲੁਜ-ਜਮਨਾ ਨਹਿਰ ਬਣਾ ਕੇ ਦੇਣ ਦਾ ਹੁਕਮ ਜਾਰੀ ਕੀਤਾ ਤਾਂ ਚੀਫ਼ ਮਨਿਸਟਰ ਕੈਪਟਨ ਅਮਰਿੰਦਰ ਸਿੰਘ ਨੇ ਬੜੇ ਖ਼ੁਫ਼ੀਆ ਤਰੀਕੇ ਨਾਲ ਰਾਤੋ-ਰਾਤ ਇਕ ਕਾਨੂੰਨ ਦਾ ਮਸੌਦਾ ਤਿਆਰ ਕਰਵਾ ਕੇ 12 ਜੁਲਾਈ 2004 ਦੇ ਦਿਨ ਪੰਜਾਬ ਦੇ ਦਰਿਆਈ ਪਾਣੀਆਂ ਦੇ ਸਾਰੇ ਸਮਝੌਤੇ ਰੱਦ ਕਰਨ ਦਾ ਬਿੱਲ ਪਾਸ ਕਰ ਦਿੱਤਾ ਤੇ ਉਸੇ ਦਿਨ ਗਵਰਨਰ ਦੇ ਦਸਤਖ਼ਤ ਕਰਵਾ ਕੇ ਕਾਨੂੰਨ ਬਣਾ ਦਿੱਤਾ। ਇਸ ਕਾਨੂੰਨ ਦੇ ਖ਼ਿਲਾਫ਼ ਹਰਿਆਣਾ ਨੇ ਤਾਂ ਰੌਲਾ ਪਾਉਣਾ ਹੀ ਸੀ, ਪਰ ਬਾਦਲ ਅਕਾਲੀ ਦਲ ਦੇ ਭਾਈਵਾਲਾਂ ਦੀ ਪਾਰਟੀ ਭਾਜਪਾ ਦੇ ਮੁਖ ਆਗੂਆਂ (ਲਾਲ ਕਿਸ਼ਨ ਅਡਵਾਨੀ, ਸੁਸ਼ਮਾ ਸਵਰਾਜ ਵਗ਼ੈਰਾ) ਨੇ ਤਾਂ ਪਾਰਲੀਮੈਂਟ ਵਿਚ ਬਹੁਤ ਸ਼ੋਰ ਪਾਇਆ। ਉਹ ਚਾਹੁੰਦੇ ਸਨ ਕਿ ਕਾਨੂੰਨ ਨੂੰ ਛਿੱਕੇ ਟੰਗ ਕੇ ਪੰਜਾਬ ਨੂੰ ਮਿਲਦਾ (25% ਤੋਂ ਘਟ) ਪਾਣੀ ਵੀ ਖੋਹ ਲਿਆ ਜਾਵੇ। 1960 ਵਿਚ ਜਿਸ 15.8 ਮਿਲੀਅਨ ਏਕੜ ਫ਼ੀਲਡ (ਐਮ.ਏ.ਐਫ਼.) ਪਾਣੀ 'ਤੇ ਪੰਜਾਬ ਦਾ ਹੱਕ ਸੀ ਉਸ ਵਿਚੋਂ 8 ਐਮ.ਏ.ਐਫ਼. ਰਾਸਿਥਾਨ ਅਤੇ 1966 ਵਿਚ 3.5 ਐਮ.ਏ.ਐਫ਼. ਹਰਿਆਣੇ ਨੂੰ, ਕੁਝ ਚੰਡੀਗੜ੍ਹ ਨੂੰ ਤੇ ਪੰਜਾਬ ਨੂੰ ਸਿਰਫ਼ 3.5 ਐਮ.ਏ.ਐਫ਼. ਰਹਿ ਗਿਆ ਸੀ। ਹਰਿਆਣਾ ਜਮਨਾ ਦਾ ਸਾਰਾ ਪਾਣੀ ਵੀ ਲੈ ਰਿਹਾ ਸੀ ਤੇ ਪੰਜਾਬ ਦੇ ਦਰਿਆਵਾਂ ਤੋਂ ਪੰਜਾਬ ਦੇ ਬਰਾਬਰ ਦਾ ਪਾਣੀ ਵੀ ਲੈ ਰਿਹਾ ਸੀ; ਅਤੇ ਰਾਜਿਸਥਾਨ ਵੀ ਬਿਨਾਂ ਹੱਕ ਤੋਂ

ਅੱਧੇ ਤੋਂ ਵਧ ਪਾਣੀ ਮੁਫ਼ਤ ਲੈ ਰਿਹਾ ਸੀ। ਅਮਰਿੰਦਰ ਸਿੰਘ ਦੇ ਇਸ ਐਕਸ਼ਨ ਨਾਲ 9 ਲੱਖ ਏਕੜ ਜ਼ਮੀਨ ਬੰਜਰ ਹੋਣੋਂ ਬਚ ਗਈ ਤੇ 16 ਲੱਖ ਕਿਸਾਨ ਭੁੱਖੇ ਮਰਨ ਤੋਂ ਬਚ ਗਏ। ਕੈਪਟਨ ਅਮਰਿੰਦਰ ਸਿੰਘ ਦੇ ਇਸ ਐਕਸ਼ਨ ਨੇ ਉਸ ਨੂੰ ਬੜਾ ਮਾਣ ਦਿਵਾਇਆ। ਜੇ ਉਸ ਦੀ ਥਾਂ 'ਤੇ ਪਰਕਾਸ਼ ਸਿੰਘ ਬਾਦਲ ਚੀਫ਼ ਮਨਿਸਟਰ ਹੁੰਦਾ ਤਾਂ ਇਹ ਕਾਨੂੰਨ ਹਰਗਿਜ਼ ਪਾਸ ਨਾ ਹੋ ਸਕਦਾ।

2014: ਏਸ਼ੀਆ ਬਾਸਕਟਬਾਲ ਮੈਚ ਵਿਚ ਦੋ ਸਿੱਖ ਖਿਡਾਰੀਆਂ ਨੂੰ ਪਟਕੇ ਸਣੇ ਖੇਡਣ ਤੋਂ ਰੋਕਿਆ

12 ਜੁਲਾਈ 2014 ਦੇ ਦਿਨ ਚੀਨ ਵਿਚ ਖੇਡੇ ਜਾ ਰਹੇ ਏਸ਼ੀਆ ਕੱਪ ਬਾਸਕਟਬਾਲ ਮੈਚ ਵਿਚ ਦੋ ਸਿੱਖ ਖਿਡਾਰੀਆਂ (ਅੰਮ੍ਰਿਤਪਾਲ ਸਿੰਘ ਫੱਤੂਵਾਲ ਤੇ ਅਮੀਜੋਤ ਸਿੰਘ) ਨੂੰ ਪਟਕੇ ਸਣੇ ਖੇਡਣ ਤੋਂ ਰੋਕਿਆ ਗਿਆ। ਇਹ ਕਿਹਾ ਗਿਆ ਕਿ ਫੀਬਾ ਦੇ ਕਾਨੂੰਨ ਮੁਤਾਬਿਕ 'ਪਟਕਾ ਕਿਸੇ ਖਿਡਾਰੀ ਨੂੰ ਚੋਟ ਪਹੁੰਚਾ ਸਕਦਾ ਹੈ।'

16 ਸਤੰਬਰ 2014 ਦੇ ਦਿਨ ਇੰਟਰਨੈਸ਼ਨਲ ਬਾਸਕਟਬਾਲ ਆਰਗੇਨਾਈਜ਼ੇਸ਼ਨ (ਫ਼ੀਫ਼ਾ) ਨੇ ਦੋ ਸਾਲ ਤਜਰਬੇ ਦੇ ਤੌਰ 'ਤੇ, ਖਿਡਾਰੀਆਂ ਨੂੰ ਪਟਕੇ ਨਾਲ ਖੇਡਣ ਦੀ ਇਜਾਜ਼ਤ ਦੇਣ ਦਾ ਐਲਾਨ ਕੀਤਾ। ਕੁਝ ਹਫ਼ਤੇ ਪਹਿਲਾਂ ਇਨ੍ਹਾਂ ਖਿਡਾਰੀਆਂ ਨੂੰ ਪਟਕੇ ਸਣੇ ਖੇਡਣ ਨਹੀਂ ਦਿੱਤਾ ਗਿਆ ਸੀ। ਇਸ ਦੇ ਖ਼ਿਲਾਫ਼ ਅਮਰੀਕਾ ਦੇ ਦਰਜਨਾਂ ਸੈਨੇਟਰਾਂ ਤੇ ਕਾਂਗਰਸਮੈਨਾਂ ਨੇ ਵੀ ਆਵਾਜ਼ ਉਠਾਈ ਸੀ। ਪਰ ਇਸ ਤੋਂ ਇਕ ਦਿਨ ਪਹਿਲਾਂ ਹੀ 15 ਸਤੰਬਰ ਦੇ ਦਿਨ ਉਨ੍ਹਾਂ ਨਾਮੁਰਾਦਾਂ ਨੇ ਕੇਸ ਮੁੰਨਵਾ ਕੇ ਸਿੱਖੀ ਤਿਆਗ ਦਿੱਤੀ।

13 ਜੁਲਾਈ

1631: ਗੁਰੂ ਹਰਗੋਬਿੰਦ ਸਾਹਿਬ ਦੀ ਪਤਨੀ ਮਾਤਾ ਦਮੋਦਰੀ ਦੀ ਮੌਤ ਹੋਈ

18 ਮਾਰਚ 1631 ਦੇ ਦਿਨ ਗੁਰੂ ਹਰਗੋਬਿੰਦ ਸਾਹਿਬ ਮਾਲਵੇ ਦੇ ਦੌਰੇ 'ਤੇ ਗਏ। ਸਭ ਤੋਂ ਪਹਿਲਾਂ ਆਪ ਡਰੋਲੀ ਭਾਈ (ਨੇੜੇ ਮੋਗਾ) ਗਏ ਤੇ ਪ੍ਰਵਾਰ ਨੂੰ ਆਪਣੇ ਸਾਂਢੂ ਭਾਈ ਸਾਂਈਂ ਦਾਸ ਕੋਲ ਛੱਡਿਆ। ਇੱਥੋਂ ਆਪ ਪ੍ਰਚਾਰ ਵਾਸਤੇ ਵੱਖ-ਵੱਖ ਪਿੰਡਾਂ ਵਿਚ ਜਾਂਦੇ ਰਹੇ। ਇੱਥੇ ਹੀ 13 ਜੁਲਾਈ 1631 ਦੇ ਦਿਨ (ਆਪ ਦੀ ਪਹਿਲੀ ਪਤਨੀ) ਮਾਤਾ ਦਮੋਦਰੀ ਦੀ ਮੌਤ ਹੋ ਗਈ। ਉਨ੍ਹਾਂ ਦਿਨਾਂ ਵਿਚ ਕਿ ਅਜਿਹੀ ਬੀਮਾਰੀ ਫ਼ੈਲੀ ਕਿ ਕੁਝ ਹੀ ਹਫ਼ਤਿਆਂ ਵਿਚ ਹੀ ਇਸੇ ਹੀ ਥਾਂ ਆਪ ਦੀ ਸੱਸ, ਸਹੁਰਾ, ਸਾਲੀ ਤੇ ਸਾਂਢੂ ਵੀ ਚੜ੍ਹਾਈ ਕਰ ਗਏ। ਇਸ ਲਾਇਲਾਜ ਬੀਮਾਰੀ ਨੇ ਉਨ੍ਹਾਂ ਦਿਨਾਂ ਵਿਚ ਇਸ ਇਲਾਕੇ ਦੇ ਸੈਂਕੜੇ ਲੋਕਾਂ ਦੀਆਂ ਜਾਨਾਂ ਲਈਆਂ ਸਨ। ਇਨ੍ਹਾਂ ਸਾਰਿਆਂ ਦੇ ਸਸਕਾਰ ਮਗਰੋਂ ਆਪ ਕਰਤਾਰਪੁਰ (ਜਲੰਧਰ) ਚਲੇ ਗਏ ਤੇ ਇਸ ਦੇ ਨਾਲ ਹੀ (ਗੁਰੂ) ਗ੍ਰੰਥ ਸਾਹਿਬ ਦਾ ਪਹਿਲਾ ਸਰੂਪ (ਜੋ 1664 ਵਿਚ ਤਿਆਰ ਹੋਇਆ ਸੀ) ਵੀ ਇੱਥੇ ਹੀ ਪਹੁੰਚ ਗਿਆ।

1696: ਔਰੰਗਜ਼ੇਬ ਦਾ ਪੁਤਰ ਮੁਅੱਜ਼ਮ (ਮਗਰੋਂ ਬਹਾਦਰ ਸ਼ਾਹ) ਅਨੰਦਪੁਰ ਪੁੱਜਾ

ਅਗਸਤ 1695 ਵਿਚ ਲਾਹੌਰ ਦੇ ਡਿਪਟੀ ਗਵਰਨਰ ਦਿਲਾਵਰ ਖ਼ਾਨ ਨੇ ਪਹਾੜੀ ਰਾਜਿਆਂ ਨੂੰ ਸਬਕ ਸਿਖਾਉਣ ਵਾਸਤੇ, ਪਹਾੜਾਂ ਵਲ ਕੂਚ ਕਰਨ ਵਾਸਤੇ, ਆਪਣੇ ਪੁੱਤਰ ਰੁਸਤਮ ਖ਼ਾਨ ਨੂੰ ਫ਼ੌਜ ਦੇ ਕੇ ਤੋਰਿਆ ਸੀ। ਦਿਲਾਵਰ ਖ਼ਾਨ ਨੂੰ ਪਤਾ ਸੀ ਕਿ ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਮਦਦ ਨਾਲ ਹੀ ਜਿੱਤ ਸਕਦੇ ਹਨ ਇਸ ਕਰ ਕੇ ਉਸ ਨੇ ਆਪਣੇ ਪੁੱਤਰ ਨੂੰ ਪਹਿਲਾਂ ਅਨੰਦਪੁਰ 'ਤੇ ਹਮਲਾ ਕਰਨ ਵਾਸਤੇ ਹਦਾਇਤ ਕੀਤੀ। 19

ਅਗਸਤ 1695 ਦੇ ਦਿਨ ਰੁਸਤਮ ਖ਼ਾਨ ਦੀ ਫ਼ੌਜ ਅਨੰਦਪੁਰ ਦੇ ਨਾਲੇ (ਚੋਅ) ਦੇ ਕੰਢੇ ਆ ਲੱਗੀ। ਬਰਸਾਤਾਂ ਕਰ ਕੇ ਉਨ੍ਹੀਂ ਦਿਨੀਂ ਨਾਲੇ 'ਚ ਹੜ੍ਹ ਆਇਆ ਹੋਇਆ ਸੀ। ਨਾਲੇ ਵਿਚ ਹੜ੍ਹ ਆਏ ਹੋਣ ਕਾਰਨ ਰੁਸਤਮ ਖ਼ਾਨ ਦੀ ਫ਼ੌਜ ਦੇ ਕਿਸੇ ਵੀ ਜਵਾਨ ਦਾ ਹੀਆ ਨਾ ਪਿਆ ਕਿ ਉਹ ਨਾਲਾ ਪਾਰ ਕੇ ਅਨੰਦਪੁਰ 'ਚ ਦਾਖ਼ਿਲ ਹੋ ਸਕੇ। ਦੂਜਾ, ਕਿਲ੍ਹਾ ਅਨੰਦਗੜ੍ਹ 'ਚ ਨਗਾਰੇ ਦੀ ਧੌਂਸ ਅਤੇ ਜੈਕਾਰਿਆਂ ਦੀ ਗੂੰਜ ਨੂੰ ਸੁਣ ਕੇ ਵੀ ਮੁਗ਼ਲਾਂ 'ਚ ਡਰ ਅਤੇ ਦਹਿਸ਼ਤ ਫੈਲ ਗਈ। ਰੁਸਤਮ ਖ਼ਾਨ ਦੀ ਫ਼ੌਜ ਹਮਲਾ ਕਰਨ ਤੋਂ ਬਿਨਾਂ ਹੀ ਵਾਪਿਸ ਮੁੜ ਗਈ।

ਜਦੋਂ ਰੁਸਤਮ ਖ਼ਾਨ ਅਨੰਦਪੁਰ ਤੋਂ ਖ਼ਾਲੀ ਮੁੜਿਆ ਤਾਂ ਲਾਹੌਰ ਦੇ ਡਿਪਟੀ ਗਵਰਨਰ ਦਿਲਾਵਰ ਖ਼ਾਨ ਨੇ ਕਾਂਗੜੇ ਦੇ ਕਿਲ੍ਹੇਦਾਰ ਹੁਸੈਨ ਖ਼ਾਨ ਨੂੰ ਫ਼ੌਜ ਦੇ ਕੇ ਪਹਾੜਾਂ ਵੱਲ ਭੇਜਿਆ। ਹੁਸੈਨ ਖ਼ਾਨ ਨੇ ਅਨੰਦਪੁਰ ਵੱਲ ਮੂੰਹ ਕਰਨ ਦੀ ਬਜਾਇ ਸਿੱਧੀ ਪਹਾੜੀ ਰਾਜਿਆਂ 'ਤੇ ਚੜ੍ਹਾਈ ਕਰ ਦਿੱਤੀ। ਡਢਵਾਲੀਏ ਤੇ ਬਿਲਾਸਪੁਰੀਏ ਰਾਜਿਆਂ ਨੇ ਪਹਿਲੋਂ ਤਾਂ ਹੁਸੈਨੀ ਦਾ ਟਾਕਰਾ ਕੀਤਾ ਪਰ ਅਖ਼ੀਰ ਹਥਿਆਰ ਸੁੱਟ ਦਿੱਤੇ। ਹੁਸੈਨ ਖ਼ਾਨ ਨੇ ਉਨ੍ਹਾਂ ਨੂੰ ਇਸ ਸ਼ਰਤ 'ਤੇ ਮੁਆਫ਼ ਕਰ ਦਿੱਤਾ ਕਿ ਉਹ ਆਪਣੀਆਂ ਫ਼ੌਜਾਂ ਸਣੇ ਉਸ ਦੀ ਮੁਹਿੰਮ 'ਚ ਸ਼ਾਮਿਲ ਹੋ ਕੇ ਬਾਕੀ ਪਹਾੜੀ ਰਾਜਿਆਂ 'ਤੇ ਹਮਲਾ ਕਰਨਗੇ। ਇਸ ਮੁਹਿੰਮ ਦੌਰਾਨ ਮੁਗ਼ਲ ਫ਼ੌਜਾਂ ਨੇ ਗੁਲੇਰ ਰਿਆਸਤ 'ਤੇ ਵੀ ਹਮਲਾ ਕੀਤਾ। ਗੁਲੇਰ ਦੇ ਰਾਜੇ ਗੋਪਾਲ ਨੇ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ ਪਰ ਹੁਸੈਨੀ ਨੇ ਪੂਰੇ ਦਾ ਪੂਰਾ ਮਾਮਲਾ ਇਕ-ਦਮ ਲੈਣ ਦੀ ਸ਼ਰਤ ਰੱਖ ਦਿੱਤੀ, ਜਿਹੜੀ ਪੂਰੀ ਕਰਨੋਂ ਰਾਜਾ ਗੋਪਾਲ ਨੇ ਮਜਬੂਰੀ ਜ਼ਾਹਿਰ ਕੀਤੀ। ਅਖ਼ੀਰ ਰਾਜਾ ਗੋਪਾਲ ਨੇ ਗੁਰੂ ਸਾਹਿਬ ਦੀ ਮਦਦ ਮੰਗੀ। ਗੁਰੂ ਸਾਹਿਬ ਨੇ ਭਾਈ ਬਚਿਤਰ ਦਾਸ, ਭਾਈ ਸੰਗਤ ਰਾਇ, ਭਾਈ ਹਨੂੰਮੰਤ ਰਾਇ, ਭਾਈ ਲਹਿਨੂ, ਭਾਈ ਦੱਗੋ ਵਗ਼ੈਰਾ ਵਰਗੇ ਮੰਨੇ ਪ੍ਰਮੰਨੇ ਜਰਨੈਲਾਂ ਦੀ ਅਗਵਾਈ 'ਚ ਸਿੱਖ ਫ਼ੌਜਾਂ ਨੂੰ ਰਾਜਾ ਗੋਪਾਲ ਦੀ ਮਦਦ ਵਾਸਤੇ ਭੇਜਿਆ। ਇਸ ਲੜਾਈ ਵਿਚ ਇਨ੍ਹਾਂ ਸਿੱਖ ਜਰਨੈਲਾਂ ਦੇ ਤੀਰਾਂ ਦੀ ਵਾਛੜ ਨੇ ਮੁਗ਼ਲਾਂ, ਅਤੇ ਉਨ੍ਹਾਂ ਤੋਂ ਹਾਰ ਕੇ ਗ਼ੁਲਾਮੀ ਕਬੂਲ ਕਰਨ ਵਾਲੇ ਪਹਾੜੀ ਰਜਵਾੜਿਆਂ ਦੀਆਂ ਫ਼ੌਜਾਂ ਦੇ ਛੱਕੇ ਛੁਡਾ ਦਿੱਤੇ। ਕਾਂਗੜੇ ਦਾ ਕਿਲ੍ਹੇਦਾਰ ਹੁਸੈਨ ਖ਼ਾਨ ਤੇ ਉਸ ਦੀ ਕਈ ਪਹਾੜੀ ਸਾਥੀ ਮਾਰੇ ਗਏ। ਸਿੱਖਾਂ ਵਿੱਚੋਂ ਵੀ ਭਾਈ ਲਹਿਨੂ, ਭਾਈ ਸੰਗਤ, ਭਾਈ ਹਨੂੰਮੰਤ, ਭਾਈ ਦਰਸੋ ਤੇ ਤਿੰਨ ਹੋਰ ਸਿੱਖ ਸ਼ਹੀਦ ਹੋ ਗਏ। ਇਸ ਲੜਾਈ ਵਿਚ ਅਜਮੇਰ ਚੰਦ ਬਿਲਾਸਪੁਰੀਆ ਮੁਗ਼ਲਾਂ ਦਾ ਗ਼ੁਲਾਮ ਬਣ ਕੇ ਲੜਿਆ ਸੀ। ਇਸ ਕਰ ਕੇ ਹੁਣ ਉਹ ਮੁਗ਼ਲਾਂ ਦਾ ਹੱਥ-ਠੋਕਾ ਬਣਾ ਗਿਆ ਤੇ ਉਨ੍ਹਾਂ ਦੇ ਕੈਂਪ ਵਿਚ ਸ਼ਾਮਿਲ ਹੋ ਕੇ ਬਾਕੀ ਪਹਾੜੀ ਰਾਜਿਆਂ ਦੇ ਨਾਲ-ਨਾਲ ਸਿੱਖਾਂ ਦਾ ਵੀ ਦੁਸ਼ਮਣ ਬਣ ਗਿਆ। ਇਸ ਮਗਰੋਂ ਬਿਲਾਸਪੁਰ ਤੇ ਅਨੰਦਪੁਰ ਵਿਚ ਸਬੰਧ ਬਿਲਕੁਲ ਖ਼ਤਮ ਹੋ ਗਏ ਤੇ ਅਜਮੇਰ ਚੰਦ ਨੇ ਸਿੱਖਾਂ ਦੇ ਖ਼ਿਲਾਫ਼ ਸਾਜ਼ਿਸ਼ਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ। ਗੁਲੇਰ 'ਚ ਮੁਗ਼ਲ ਫ਼ੌਜਾਂ ਦੀ ਹਾਰ ਮਗਰੋਂ ਲਾਹੌਰ ਦੇ ਗਵਰਨਰ ਨੇ ਪਹਾੜੀ ਰਾਜਿਆਂ ਨੂੰ ਸਰ ਕਰਨ ਵਾਸਤੇ ਜੁਝਾਰ ਸਿੰਘ ਹਾਡੇ ਨੂੰ ਤਿੰਨ ਹਜ਼ਾਰ ਫ਼ੌਜ ਦੇ ਕੇ ਭੇਜਿਆ। ਜੁਝਾਰ ਸਿੰਘ ਹਾਡਾ ਇਕ ਹਠੀ ਤੇ ਤਗੜਾ ਜਰਨੈਲ ਸੀ। ਉਸ ਨੇ ਭਲਾਨ ਪਿੰਡ ਵਿਚ ਹੋਈ ਲੜਾਈ ਵਿਚ ਬਹੁਤ ਜ਼ਬਰਦਸਤ ਮੁਕਾਬਲਾ ਕੀਤਾ ਪਰ ਅਖ਼ੀਰ ਮਾਰਿਆ ਗਿਆ। ਲਾਹੌਰ ਦਾ ਡਿਪਟੀ ਗਵਰਨਰ ਇਸ 'ਤੇ ਹੋਰ ਵੀ ਅੱਗ ਬਗ਼ੂਲਾ ਹੋਇਆ। ਇਸ ਦੀ ਖ਼ਬਰ ਔਰੰਗਜ਼ੇਬ ਨੂੰ ਪੁੱਜੀ। ਉਸ ਨੇ ਆਪਣੇ ਪੁੱਤਰ ਅਤੇ ਲਾਹੌਰ ਦੇ ਸੂਬੇਦਾਰ ਸ਼ਹਿਜ਼ਾਦਾ ਮੁਅੱਜ਼ਮ (ਜੋ ਮਗਰੋਂ ਬਾਦਸ਼ਾਹ ਬਹਾਦਰ ਸ਼ਾਹ ਅਖਵਾਇਆ) ਨੂੰ ਖ਼ਬਰ ਲੈਣ ਵਾਸਤੇ ਭੇਜਿਆ। ਸ਼ਹਿਜ਼ਾਦਾ ਮੁਅੱਜ਼ਮ ਫ਼ੌਜ ਲੈ ਕੇ ਆਗਰੇ ਤੋਂ ਲਾਹੌਰ ਵੱਲ ਚੱਲ ਪਿਆ। ਇਧਰ ਸਿੱਖ ਸੂਹੀਆਂ ਨੇ ਗੁਰੂ ਸਾਹਿਬ ਨੂੰ ਸ਼ਾਹੀ ਫ਼ੌਜ ਦੇ ਆਉਣ ਦੀ ਖ਼ਬਰ ਵੀ ਦੇ ਦਿੱਤੀ ਸੀ। ਮੁਅੱਜ਼ਮ ਭਾਈ ਨੰਦ ਲਾਲ ਦਾ ਸ਼ਾਗਿਰਦ ਸੀ; ਉਹ 13 ਜੁਲਾਈ 1696 ਦੇ ਦਿਨ ਅਨੰਦਪੁਰ ਪੁੱਜਾ। ਭਾਈ ਨੰਦ ਲਾਲ ਉਸ ਨੂੰ ਮਿਲਿਆ ਤੇ ਉਸ ਦੀ ਮੁਲਾਕਾਤ ਗੁਰੂ ਸਾਹਿਬ ਨਾਲ ਕਰਵਾਈ। ਮੁਅੱਜ਼ਮ ਗੁਰੂ

ਜੀ ਤੋਂ ਬੜਾ ਮੁਤਾਸਿਰ (ਪ੍ਰਭਾਵਿਤ) ਹੋਇਆ। ਉਸ ਨੇ ਵਾਪਿਸ ਜਾ ਕੇ ਔਰਗੰਜ਼ੇਬ ਨੂੰ ਖ਼ਬਰ ਕੀਤੀ ਕਿ ਪੰਜਾਬ ਦੇਸ਼ ਵਿਚ ਕੋਈ ਮਸਲਾ ਨਹੀਂ ਤੇ ਅਨੰਦਪੁਰ 'ਤੇ ਹਮਲਾ ਕਰਨਾ ਮੁਗ਼ਲ ਸਰਕਾਰ ਦੇ ਮੁਫ਼ਾਦ ਵਿਚ ਨਹੀਂ।

1813: ਮਹਾਰਾਜਾ ਰਣਜੀਤ ਸਿੰਘ ਨੇ ਅਟਕ ਦਾ ਕਿਲ੍ਹਾ ਫ਼ਤਹਿ ਕੀਤਾ

13 ਜੁਲਾਈ 1813 ਦੇ ਦਿਨ ਅਟਕ ਤੋਂ 5 ਮੀਲ ਦੂਰ ਹੈਦਰੂ ਪਿੰਡ ਦੇ ਬਾਹਰ, ਦਰਿਆ ਕੰਢੇ, ਕਾਬਲ ਦੇ ਹਾਕਮ ਦੋਸਤ ਮੁਹੰਮਦ ਖ਼ਾਨ ਦੀ ਫ਼ੌਜ ਅਤੇ ਲਾਹੌਰ ਦਰਬਾਰ ਦੀ ਫ਼ੌਜ, ਜਿਸ ਦੀ ਅਗਾਵਈ ਕੰਵਰ ਖਿਸ਼ੈਰਾ ਸਿੰਘ ਅਤੇ ਮੋਹਕਮ ਚੰਦ ਕਰ ਰਹੇ ਸਨ, ਵਿਚ ਜ਼ਬਰਦਸਤ ਲੜਾਈ ਹੋਈ। ਇਸ ਲੜਾਈ ਦੌਰਾਨ ਜੀਵੰਤ ਸਿੰਘ ਨੇ ਦੋਸਤ ਮੁਹੰਮਦ ਖ਼ਾਨ ਤੇ ਹਮਲਾ ਕੀਤਾ; ਜਿਸ ਨਾਲ ਉਹ ਖ਼ਾਨ) ਘੋੜੇ ਤੋਂ ਡਿਗ ਪਿਆ। ਉਸ ਦੀ ਫ਼ੌਜ ਨੇ ਉਸ ਨੂੰ ਮਰਿਆ ਸਮਝ ਲਿਆ ਅਤੇ ਭੱਜ ਉਠੀ; ਪਰ ਉਹ ਮਰਿਆ ਨਹੀਂ ਸੀ ਤੇ ਸਿਰਫ਼ ਜ਼ਖ਼ਮੀ ਹੋਇਆ ਸੀ ਇਸ ਕਰ ਕੇ ਉਹ ਭੱਜਦੀ ਫ਼ੌਜ ਵਿਚ ਹੀ ਲੁਕ ਕੇ ਖਿਸਕ ਗਿਆ। ਇੰਜ ਅਟਕ ਦੇ ਕਿਲ੍ਹੇ 'ਤੇ ਰਣਜੀਤ ਸਿੰਘ ਦਾ ਕਬਜ਼ਾ ਹੋ ਗਿਆ।

1940: ਸਰਗੋਧਾ ਵਿਚ ਬੈਰਿਸਟਰ ਅਵਤਾਰ ਸਿੰਘ ਨੂੰ ਇਕ ਜਨੂੰਨੀ ਮੁਸਲਮਾਨ ਨੇ ਬੇਵਜਹ ਕਤਲ ਕਰ ਦਿੱਤਾ

13 ਜੁਲਾਈ 1940 ਦੇ ਦਿਨ, ਗੁਜਰਾਂਵਾਲਾ ਦੇ ਸੀਨੀਅਰ ਅਕਾਲੀ ਆਗੂ, ਬੈਰਿਸਟਰ ਅਵਤਾਰ ਸਿੰਘ ਨੂੰ ਕਿਸੇ ਮੁਸਲਮਾਨ ਨੇ ਛੁਰਾ ਕੇ ਮਾਰ ਕੇ ਕਤਲ ਕਰ ਦਿੱਤਾ; ਪਾਕਿਸਤਾਨ ਦੀ ਲਹਿਰ ਵਿਚ ਕਿਸੇ ਸਿੱਖ ਦਾ ਇਹ ਪਹਿਲਾ ਕਤਲ ਸੀ। ਇਸ ਮਗਰੋਂ ਮੁਸਲਮਾਨਾਂ ਤੇ ਗ਼ੈਰ ਮੁਸਲਮਾਨਾਂ ਵਿਚ ਕਤਲੋ ਗਾਰਤ ਆਮ ਗੱਲ ਬਣ ਗਈ।

1986: ਸੁਖਵਿੰਦਰ ਸਿੰਘ ਨਿੱਕੂ ਬਾਗਲੀਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

13 ਜੁਲਾਈ 1986 ਦੇ ਦਿਨ ਪੁਲਸ ਨੇ ਸੁਖਵਿੰਦਰ ਸਿੰਘ ਨਿੱਕੂ (ਪੁੱਤਰ ਦਰਬਾਰਾ ਸਿੰਘ, ਵਾਸੀ ਪਿੰਡ ਬਾਗਲੀਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਕੰਵਲਜੀਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

13 ਜੁਲਾਈ 1989 ਦੇ ਦਿਨ ਪੰਜਾਬ ਪੁਲਸ ਨੇ ਕੰਵਲਜੀਤ ਸਿੰਘ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਗੁਰਪਰਗਟ ਸਿੰਘ ਕਮਾਲਪੁਰ ਤੇ ਕੁਲਵੰਤ ਸਿੰਘ ਰਿਖੀ ਨਾਭਾ ਮੁਕਾਬਲੇ ਵਿਚ ਸ਼ਹੀਦ

13 ਜੁਲਾਈ 1990 ਦੇ ਦਿਨ ਪੰਜਾਬ ਪੁਲਸ ਨੇ ਗੁਰਪਰਗਟ ਸਿੰਘ (ਵਾਸੀ ਕਮਾਲਪੁਰ, ਦਾਦੂ ਜੋਧ, ਗੁਰਦਾਸਪੁਰ) ਤੇ ਕੁਲਵੰਤ ਸਿੰਘ (ਵਾਸੀ ਰਿਖੀ ਨਾਭਾ, ਨੇੜੇ ਹਰਗੋਬਿੰਦਪੁਰ, ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਜਸਪਾਲ ਸਿੰਘ ਭੈਣੀ ਭਜਨ ਸਿੰਘ, ਜਸਵੰਤ ਸਿੰਘ ਭੈਣੀ ਭਜਨ ਸਿੰਘ, ਲਖਵਿੰਦਰ ਸਿੰਘ ਸਠਿਆਲਾ ਕਾਨੂੰਵਾਲ, ਰਾਮ ਸਿੰਘ ਮਨਿਆਲਾ, ਬਲਜੀਤ ਸਿੰਘ ਅਰਜਨਪੁਰਾ, ਤਰਸੇਮ ਸਿੰਘ ਬਿੱਟੂ ਮਾਨੇਪੁਰ, ਹਰਮਿੰਦਰ ਸਿੰਘ ਸਤੋਖਾ, ਕਰਤਾਰ ਸਿੰਘ

ਤ ਉਸ ਦਾ ਭਰਾ ਜਸਵੰਤ ਸਿੰਘ ਫੌਜੀ ਰੋੜ ਖੇੜੀ, ਨਰਿੰਦਰ ਸਿੰਘ ਤੇ ਕੁਲਵਿੰਦਰ ਸਿੰਘ ਅਕਾਲਗੜ੍ਹ ਨਕਲੀ ਮੁਕਾਬਲੇ ਵਿਚ ਸ਼ਹੀਦ

13 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਜਸਪਾਲ ਸਿੰਘ ਵਾਸੀ ਘਰਾਲੀ (ਨੇੜੇ ਪੱਟੀ, ਜ਼ਿਲ੍ਹਾ ਤਰਨਤਾਰਨ), ਜਸਵੰਤ ਸਿੰਘ ਬਾਠ (ਪੁਤਰ ਈਸ਼ਰ ਸਿੰਘ ਵਾਸੀ ਭੈਣੀ ਭਜਨ ਸਿੰਘ), ਲਖਵਿੰਦਰ ਸਿੰਘ (ਪੁੱਤਰ ਬਲਵਿੰਦਰ ਸਿੰਘ, ਵਾਸੀ ਸਠਿਆਲਾ ਕਾਨੂੰਵਾਲ), ਰਾਮ ਸਿੰਘ (ਵਾਸੀ ਮਨਿਆਲਾ), ਬਲਜੀਤ ਸਿੰਘ (ਵਾਸੀ ਅਰਜਨਪੁਰਾ), ਤਰਸੇਮ ਸਿੰਘ ਬਿੱਟੂ (ਵਾਸੀ ਮਾਨੇਪੁਰ), ਹਰਮਿੰਦਰ ਸਿੰਘ ਸਤੋਖਾ, ਕਰਤਾਰ ਸਿੰਘ ਤੇ ਉਸ ਦਾ ਭਰਾ ਜਸਵੰਤ ਸਿੰਘ, ਫੌਜੀ (ਵਾਸੀ ਰੋੜ ਖੇੜੀ), ਨਰਿੰਦਰ ਸਿੰਘ ਤੇ ਕੁਲਵਿੰਦਰ ਸਿੰਘ ਮੰਗਤ ਉਰਫ਼ ਕਾਕਾ (ਵਾਸੀ ਅਕਾਲਗੜ੍ਹ, ਸੰਗਰੂਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਬਲਬੀਰ ਸਿੰਘ ਖਾਸਾਰ, ਅੰਗਰੇਜ਼ ਸਿੰਘ ਅੰਮ੍ਰਿਤਸਰ ਤੇ ਮਨਜੀਤ ਸਿੰਘ ਸਠਿਆਲਾ ਨਕਲੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ

ਤੇਰ੍ਹਾਂ ਜੁਲਾਈ 1992 ਦੇ ਦਿਨ ਪੁਲਸ ਨੇ ਬਲਬੀਰ ਸਿੰਘ ਖਾਸਾਰ, ਅੰਗਰੇਜ਼ ਸਿੰਘ (ਪੁੱਤਰ ਸੇਵਾ ਸਿੰਘ, ਵਾਸੀ ਚੀਰੇਵਾਲਾ ਚੌਕ, ਅੰਮ੍ਰਿਤਸਰ) ਤੇ ਮਨਜੀਤ ਸਿੰਘ ਉਰਫ਼ ਗੁਰੀਲਾ (ਪੁੱਤਰ ਪਿਆਰਾ ਸਿੰਘ, ਵਾਸੀ ਸਠਿਆਲਾ) ਨੂੰ ਨਕਲੀ ਮੁਕਾਬਲਿਆਂ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

14 ਜੁਲਾਈ

1848: ਅੰਗਰੇਜ਼ਾਂ ਨੇ ਮਹਾਰਾਣੀ ਜਿੰਦਾਂ ਦੇ ਸਾਰੇ ਕਪੜੇ ਉਤਰਵਾ ਕੇ ਜਾਮਾ-ਤਲਾਸ਼ੀ ਲਈ ਅਤੇ ਸਾਰੇ ਗਹਿਣੇ ਅਤੇ ਪੈਸੇ ਜ਼ਬਤ ਕਰ ਲਏ

ਫ਼ਰਵਰੀ 1846 ਵਿਚ ਲਾਹੌਰ ਦੀ ਅਸਲ ਤਾਕਤ ਆਪਣੇ ਹੱਥ ਵਿਚ ਲੈਣ ਮਗਰੋਂ ਅੰਗਰੇਜ਼ਾਂ ਨੇ ਪੰਜਾਬ 'ਤੇ ਪੂਰੀ ਤਰ੍ਹਾਂ ਕਬਜ਼ਾ ਕਰਨ ਦੇ ਪਲਾਨ ਹੇਠ, ਸਭ ਤੋਂ ਪਹਿਲਾ ਵਾਰ ਰਾਣੀ ਜਿੰਦਾਂ 'ਤੇ ਕਰਨ ਦੀ ਤਰਕੀਬ ਬਣਾਉਣੀ ਸ਼ੁਰੂ ਕੀਤੀ। ਅੰਗਰੇਜ਼ ਰੈਜ਼ੀਡੈਂਟ ਫ਼ਰੈਡਰਿਕ ਕੱਰੀ ਚਾਹੁੰਦਾ ਸੀ ਕਿ ਰਾਣੀ ਨੂੰ ਲਾਹੌਰ ਚੋਂ ਬਾਹਰ ਭੇਜਿਆ ਜਾਵੇ ਕਿਉਂਕਿ ਇਕ ਉਹੀ ਸੀ ਜਿਹੜੀ ਅੰਗਰੇਜ਼ਾਂ ਦੇ ਰਾਹ ਦਾ ਰੋੜਾ ਸੀ ਕਿਉਂ ਕਿ ਲੋਕ ਉਸ ਦੀ ਇੱਜ਼ਤ ਵੀ ਕਰਦੇ ਸਨ ਤੇ ਉਸ ਦਾ ਕਿਹਾ ਵੀ ਮੰਨਦੇ ਸਨ। ਪਰ ਗਵਰਨਰ ਜਨਰਲ ਇਸ ਦੇ ਹੱਕ ਵਿਚ ਨਹੀਂ ਸੀ ਕਿ ਉਸ ਨੂੰ ਉਸ ਦੇ ਨਾਬਾਲਗ਼ ਪੁਤਰ ਤੋਂ ਵਖਰਾ ਕਰ ਦਿਤਾ ਜਾਵੇ, ਕਿਉਂ ਕਿ ਇਸ ਕਾਰਵਾਈ ਨਾਲ ਸਿੱਖਾਂ ਵਿਚ ਰੋਸ ਫ਼ੈਲ ਜਾਣ ਦਾ ਡਰ ਸੀ।

ਇਨ੍ਹੀਂ ਦਿਨੀਂ ਇਕ ਹੋਰ ਘਟਨਾ ਵਾਪਰ ਗਈ। ਫ਼ਰਵਰੀ 1847 ਵਿਚ ਲਾਹੌਰ ਦਰਬਾਰ ਦੇ ਇਕ ਵਫ਼ਾਦਾਰ ਭਾਈ ਪਰੇਮਾ ਸਿੰਘ ਨੇ ਪਲਾਨ ਬਣਾਈ ਕਿ ਗ਼ਦਾਰ ਤੇਜਾ ਸਿੰਹ ਬ੍ਰਾਹਮਣ ਅਤੇ ਅੰਗਰੇਜ਼ ਰੈਜ਼ੀਡੈਂਟ ਨੂੰ, ਉਨ੍ਹੀਂ ਦਿਨੀ ਸ਼ਾਲੀਮਾਰ ਬਾਗ਼ ਵਿਚ ਹੋਣ ਵਾਲੇ ਇਕ ਸਮਾਗਮ ਵਿਚ, ਕਤਲ ਕਰ ਕੇ ਮਹਾਰਾਜਾ ਦਲੀਪ ਸਿੰਘ ਨੂੰ ਅਗਵਾ ਕਰ ਕੇ, ਅੰਗਰੇਜ਼ਾਂ ਨੂੰ ਕੱਢਣ ਵਾਸਤੇ ਮੁਹਿੰਮ ਚਲਾਈ ਜਾਏ। ਪਰ ਅੰਜਾਮ ਹੋਣ ਤੋਂ ਪਹਿਲਾਂ ਹੀ ਇਸ ਪਲਾਨ ਦੀ ਸੂਹ ਅੰਗਰੇਜ਼ਾਂ ਨੂੰ ਮਿਲ ਗਈ ਅਤੇ ਭਾਈ ਪਰੇਮਾ ਸਿੰਘ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਾਜ਼ਿਸ਼ ਨੂੰ ਅਧਾਰ ਬਣਾ ਕੇ ਰਾਣੀ 'ਤੇ ਵੀ ਮੁਕੱਦਮਾ ਚਲਾਉਣ ਦੀ ਸੋਚੀ ਗਈ। ਅੰਗਰੇਜ਼ਾਂ ਦਾ ਇਲਜ਼ਾਮ ਸੀ ਕਿ ਭਾਈ ਪਰੇਮਾ ਸਿੰਘ ਨੂੰ ਭਾਈ ਮਹਾਰਾਜ ਸਿੰਘ (ਨੌਰੰਗਾਬਾਦੀ) ਅਤੇ ਰਾਣੀ ਦੀ ਹਿਮਾਇਤ ਹਾਸਿਲ ਸੀ। ਪਰ ਮਹਾਰਾਣੀ ਖ਼ਿਲਾਫ਼ ਕੋਈ ਸਬੂਤ ਨਹੀਂ ਸੀ, ਸਿਵਾਏ ਇਸ ਦੇ ਕਿ ਉਸ ਦਾ ਮੁਨਸ਼ੀ ਬੂਟਾ ਸਿੰਘ (ਜੋ ਮਗਰੋਂ ਸਿੰਘ ਸਭਾ ਲਹਿਰ ਦਾ ਆਗੂ ਬਣਿਆ ਸੀ) ਭਾਈ ਪਰੇਮਾ ਸਿੰਘ ਨੂੰ ਦੋ ਵਾਰ ਮਿਲਿਆ ਸੀ। ਅੰਗਰੇਜ਼ ਰੈਜ਼ੀਡੈਂਟ

ਦੀ ਰਾਣੀ ਜਿੰਦਾਂ 'ਤੇ ਕੇਸ ਚਲਾਉਣ ਦੀ ਸਿਫ਼ਾਰਸ਼ ਨੂੰ ਗਵਰਨਰ ਜਨਰਲ ਨੇ ਰੱਦ ਕਰ ਦਿਤਾ ਕਿਉਂਕਿ ਬੂਟਾ ਸਿੰਘ ਵਾਲਾ ਸਬੂਤ ਕਮਜ਼ੋਰ-ਜਹੀ ਗੱਲ ਸੀ ਜੋ ਲੋਕਾਂ ਨੂੰ ਹਜ਼ਮ ਨਹੀਂ ਹੋਣੀ ਸੀ।

ਇਸ ਮਗਰੋਂ 7 ਅਗਸਤ 1847 ਦੇ ਦਿਨ ਰੈਜ਼ੀਡੈਂਟ ਨੇ ਅੰਗਰੇਜ਼ਾਂ ਦੇ ਮਦਦਗਾਰਾਂ, ਪਰ ਲਾਹੌਰ ਦਰਬਾਰ ਦੇ ਗ਼ਦਾਰਾਂ, ਦੇ ਸਨਮਾਨ ਵਿਚ ਇਕ ਸਮਾਗਮ ਰੱਖਿਆ। ਇਸ ਸਮਾਗਮ ਵਿਚ ਗ਼ਦਾਰ ਤੇਜਾ ਸਿੰਹ ਮਿਸਰ ਬ੍ਰਾਹਮਣ ਨੂੰ ਰਾਜਾ ਦਾ ਤਿਲਕ ਲਾਇਆ ਜਾਣਾ ਸੀ। ਬਾਲ ਮਹਾਰਾਜਾ ਦਲੀਪ ਸਿੰਘ ਨੇ ਐਨ ਮੌਕੇ 'ਤੇ ਹੱਥ ਪਿੱਛੇ ਕਰ ਕੇ ਤਿਲਕ ਲਾਉਣ ਤੋਂ ਨਾਂਹ ਕਰ ਦਿਤੀ। ਇਸ 'ਤੇ ਅੰਗਰੇਜ਼ਾਂ ਨੇ ਇਕ ਪੁਜਾਰੀ ਕੋਲੋਂ ਤਿਲਕ ਲੁਆ ਦਿਤਾ। ਲਾਰਡ ਹਾਰਡਿੰਗ ਨੇ ਇਸ ਦਾ ਜ਼ਿੰਮੇਦਾਰ ਰਾਣੀ ਨੂੰ ਠਹਿਰਾਉਂਦਿਆਂ ਕਿਹਾ ਕਿ ਉਹ ਆਪਣੇ ਦੁਸ਼ਮਣਾਂ ਦੇ ਸਨਮਾਨ ਤੋਂ ਔਖੀ ਸੀ ਇਸੇ ਕਰ ਕੇ ਉਸ ਨੇ ਮੁੰਡੇ (ਦਲੀਪ ਸਿੰਘ) ਨੂੰ ਅਜਿਹਾ ਕਰਨੋਂ ਰੋਕਿਆ ਸੀ। ਹਾਲਾਂਕਿ ਦਲੀਪ ਸਿੰਘ ਨੇ ਕੇਸਰ ਵਿਚ ਉਂਗਲ ਪਾ ਵੀ ਦਿਤੀ ਸੀ ਪਰ (ਰਾਣੀ ਦੇ ਇਸ਼ਾਰਾ ਕਰਨ 'ਤੇ) ਉਸ ਨੇ ਹੱਥ ਪਿੱਛੇ ਕਰ ਲਏ ਤੇ ਕੁਰਸੀ 'ਤੇ ਚੋਅ ਲਾ ਕੇ ਬੈਠ ਗਿਆ। ਇਸ ਘਟਨਾ ਮਗਰੋਂ ਰਾਣੀ ਦੇ ਪੰਜ ਵਫ਼ਾਦਾਰ ਸੇਵਾਦਾਰ (ਮੰਗਲਾ, ਜੀਵਨ ਸਿੰਘ, ਹੀਰਾ ਸਿੰਘ, ਅਮੀਰ ਬਖ਼ਸ਼ ਤੇ ਹਰਦਿਆਲ) ਨੂੰ ਨੌਕਰੀ ਤੋਂ ਕੱਢ ਕੇ ਲਾਹੌਰ ਤੋਂ ਬਾਹਰ ਭੇਜ ਦਿਤਾ ਗਿਆ। ਰਾਣੀ ਨੂੰ ਵੀ ਕਿਲ੍ਹੇ ਦੀਆਂ ਦੀਵਾਰਾਂ ਦੇ ਅੰਦਰ ਮਹਿਦੂਦ ਕਰ ਦਿਤਾ ਗਿਆ। ਉਸ ਨੂੰ ਆਪਣੀ ਮਰਜ਼ੀ ਦੇ ਲੋਕਾਂ ਨਾਲ ਮਿਲਣੋਂ ਵੀ ਰੋਕ ਦਿਤਾ ਗਿਆ। ਇਸ ਤੋਂ ਕੁਝ ਦਿਨ ਮਗਰੋਂ, 19 ਅਗਸਤ 1847 ਨੂੰ, ਉਸ ਨੂੰ ਲਾਹੌਰ ਤੋਂ ਸ਼ੇਖੂਪੁਰਾ ਭੇਜ ਦਿਤਾ ਗਿਆ। ਉਸ ਦੀ ਪੈਨਸ਼ਨ ਵੀ ਡੇਢ ਲਖ ਤੋਂ ਘਟਾ ਕੇ ਸਿਰਫ਼ 48 ਹਜ਼ਾਰ ਰੁਪੈ (ਤੀਜਾ ਹਿੱਸਾ ਤੋਂ ਵੀ ਘਟ) ਕਰ ਦਿਤੀ ਗਈ। ਮਈ 1848 ਵਿਚ ਰਾਣੀ ਜਿੰਦਾਂ ਨੂੰ ਪੰਜਾਬ ਤੋਂ ਹਿੰਦੁਸਤਾਨ ਵਿਚ ਭੇਜ ਦਿਤਾ ਗਿਆ; ਉਸ ਨੂੰ ਸ਼ੇਖੂਪੁਰਾ ਤੋਂ ਬਨਾਰਸ ਲਿਜਾਇਆ ਗਿਆ। 15 ਮਈ 1848 ਦਾ ਦਿਨ ਉਸ ਦਾ ਪੰਜਾਬ ਵਿਚ ਆਖ਼ਰੀ ਦਿਨ ਸੀ। ਹੁਣ ਉਸ ਦੀ ਪੈਨਸ਼ਨ, ਜੋ ਪਹਿਲਾਂ ਡੇਢ ਲੱਖ ਤੋਂ 48 ਹਜ਼ਾਰ ਕਰ ਦਿਤੀ ਗਈ ਸੀ, ਹੁਣ ਉਹ ਹੋਰ ਘਟਾ ਕੇ ਸਿਰਫ਼ 12 ਹਜ਼ਾਰ ਸਾਲਾਨਾ ਕਰ ਦਿਤੀ ਗਈ ਸੀ।

ਰਾਣੀ ਜਿੰਦਾਂ ਦੀ ਹੋਰ ਬੇਇਜ਼ਤੀ ਕਰਨ ਵਾਸਤੇ ਇਕ ਦਿਨ 14 ਜੁਲਾਈ 1848 ਨੂੰ ਉਸ ਦੇ ਸਾਰੇ ਕਪੜੇ ਉਤਰਵਾ ਕੇ ਉਸ ਦੀ ਜਾਮਾ-ਤਲਾਸ਼ੀ ਲਈ ਗਈ। ਉਸ ਦੇ 50 ਲਖ ਰੁਪੈ ਦੇ ਗਹਿਣੇ ਅਤੇ ਦੋ ਲਖ ਨਕਦ ਰੁਪੈ ਜ਼ਬਤ ਕਰ ਲਏ ਗਏ।

1986: ਅਮਰ ਸਿੰਘ, ਮਨਜੀਤ ਸਿੰਘ, ਸੰਤੋਖ ਸਿੰਘ, ਸੁਖਦੇਵ ਸਿੰਘ, ਗੁਰਦੀਪ ਸਿੰਘ, ਕੁਲਵੰਤ ਸਿੰਘ ਤੇ ਹੋਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਚੌਦਾਂ ਜੁਲਾਈ 1986 ਦੇ ਦਿਨ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਦੇ ਨਾਂ 'ਤੇ ਪੁਲਸ ਨੇ ਅਮਰ ਸਿੰਘ ਤੇ ਮਨਜੀਤ ਸਿੰਘ ਸ਼ਹੀਦ ਕਰ ਦਿੱਤੇ। ਇਸੇ ਦਿਨ ਸੰਤੋਖ ਸਿੰਘ, ਸੁਖਦੇਵ ਸਿੰਘ, ਗੁਰਦੀਪ ਸਿੰਘ, ਕੁਲਵੰਤ ਸਿੰਘ ਵੀ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤੇ ਗਏ। ਇਨ੍ਹੀਂ ਦਿਨੀਂ ਸਰਹੱਦ ਦੇ ਆਲੇ-ਦੁਆਲੇ ਤਕਰੀਬਨ 20 ਤੋਂ 30 ਤਕ ਸਿੱਖ ਬਾਰਡਰ ਪਾਰ ਕਰਨ ਜਾਂ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕੀਤੇ ਗਏ ਸਨ।

1987: ਹਰਪਾਲ ਸਿੰਘ ਕੰਡਕਟਰ ਸ਼ਹੀਦ

ਚੌਦਾਂ ਜੁਲਾਈ 1987 ਦੇ ਦਿਨ ਸੀ.ਆਰ.ਪੀ.ਐਫ਼. ਨੇ ਅੰਮ੍ਰਿਤਸਰ ਬਸ ਸਟੈਂਡ 'ਤੇ ਇਕ ਬਸ ਕੰਡਕਟਰ ਹਰਪਾਲ ਸਿੰਘ ਨੂੰ ਬੇਵਜਹ ਗੋਲੀ ਮਾਰ ਕੇ ਸ਼ਹੀਦ ਕਰ ਦਿਤਾ।

1989: ਬਲਦੇਵ ਸਿੰਘ ਭਿੱਖੀਵਿੰਡ ਨਕਲੀ ਮੁਕਬਾਲੇ ਵਿਚ ਸ਼ਹੀਦ

14 ਜੁਲਾਈ 1989 ਦੇ ਦਿਨ ਪੁਲਸ ਨੇ ਬਲਦੇਵ ਸਿੰਘ (ਪੁੱਤਰ ਜਗਮੋਹਣ ਸਿੰਘ, ਵਾਸੀ ਭਿੱਖੀਵਿੰਡ, ਜ਼ਿਲ੍ਹਾ ਤਰਨਤਾਰਨ) ਨੂੰ ਇਕ ਨਕਲੀ ਮੁਕਬਾਲੇ ਵਿਚ ਸ਼ਹੀਦ ਕਰ ਦਿੱਤਾ।

1990: ਬਲਵਿੰਦਰ ਸਿੰਘ ਹੋਠੀਆਂ ਤੇ ਵੱਸਣ ਸਿੰਘ ਬੁਲੇ ਨੰਗਲ ਨਕਲੀ ਮੁਕਬਾਲੇ ਵਿਚ ਸ਼ਹੀਦ

14 ਜੁਲਾਈ 1990 ਦੇ ਦਿਨ ਪੰਜਾਬ ਪੁਲਸ ਨੇ ਬਲਵਿੰਦਰ ਸਿੰਘ (ਵਾਸੀ ਹੋਠੀਆਂ, ਅੰਮ੍ਰਿਤਸਰ) ਤੇ ਵੱਸਣ ਸਿੰਘ (ਵਾਸੀ ਬੁਲੇ ਨੰਗਲ, ਅੰਮ੍ਰਿਤਸਰ) ਨੂੰ ਨਕਲੀ ਮੁਕਬਾਲੇ ਵਿਚ ਸ਼ਹੀਦ ਕਰ ਦਿੱਤਾ।

1991: ਗੁਰਦੀਪ ਸਿੰਘ ਰੁਮਾਣਾ ਚੱਕ, ਬਗੀਚਾ ਸਿੰਘ ਚੰਗਿਆੜਾ ਤੇ ਹਰਪਾਲ ਸਿੰਘ ਬਲੇਰ, ਜਗਦੀਸ਼ ਸਿੰਘ ਬੱਬੂ ਲੀਲ ਕਲਾਂ, ਬਲਜੀਤ ਸਿੰਘ ਨੰਗਲੀ, ਛਿੰਦਰ ਸਿੰਘ ਨਵਾਂ ਵਰਿਆਮ, ਗੁਰਭੇਜ ਸਿੰਘ ਸੋਢੀ, ਗੁਰਦਿਆਲ ਸਿੰਘ ਮਿੰਟੂ ਤੇ ਸਰਬਜੀਤ ਸਿੰਘ ਲਾਲਪੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

14 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਗੁਰਦੀਪ ਸਿੰਘ (ਪੁੱਤਰ ਚਮੇਲ ਸਿੰਘ, ਵਾਸੀ ਰੁਮਾਣਾ ਚੱਕ) ਨੂੰ ਇਕ ਨਕਲੀ ਮੁਕਬਾਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਬ ਪੁਲਸ ਨੇ ਬਗੀਚਾ ਸਿੰਘ ਉਰਫ਼ ਚੰਗਿਆੜਾ ਤੇ ਹਰਪਾਲ ਸਿੰਘ (ਦੋਵੇਂ ਵਾਸੀ ਬਲੇਰ), ਜਗਦੀਸ਼ ਸਿੰਘ ਬੱਬੂ ਬਬਰ (ਵਾਸੀ ਲੀਲ ਕਲਾਂ), ਬਲਜੀਤ ਸਿੰਘ ਉਰਫ਼ ਛੋਟਾ ਭੁਝੰਗੀ ਉਰਫ਼ ਸੁਬੇਗ ਸਿੰਘ ਉਰਫ਼ ਪੈਂਟਾ (ਵਾਸੀ ਨੰਗਲੀ, ਅੰਮ੍ਰਿਤਸਰ), ਛਿੰਦਰ ਸਿੰਘ ਉਰਫ਼ ਛਿੰਦਾ (ਵਾਸੀ ਨਵਾਂ ਵਰਿਆਮ, ਅੰਮ੍ਰਿਤਸਰ), ਗੁਰਭੇਜ ਸਿੰਘ ਸੋਢੀ, ਗੁਰਦਿਆਲ ਸਿੰਘ ਮਿੰਟੂ ਤੇ ਸਰਬਜੀਤ ਸਿੰਘ (ਤਿੰਨੇ ਵਾਸੀ ਲਾਲਪੁਰਾ, ਅੰਮ੍ਰਿਤਸਰ) ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਸੁਖਵਿੰਦਰ ਸਿੰਘ ਨਦੋਹਰ, ਬਲਵਿੰਦਰ ਸਿੰਘ ਖਾਸਾ, ਰਣਜੀਤ ਸਿੰਘ ਡੋਲਪੁਰ, ਸੁਬੇਗ ਸਿੰਘ, ਪ੍ਰਿਥੀਪਾਲ ਸਿੰਘ ਕਾਉਂਕੇ, ਪ੍ਰਕਾਸ਼ ਸਿੰਘ ਪਾਸੀ, ਅਮਰਜੀਤ ਸਿੰਘ, ਦਰਸ਼ਨ ਸਿੰਘ ਵਾਸੀ ਕੁੱਤਿਆਂਵਾਲੀ ਅਤੇ ਵੀਹ ਹੋਰ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਚੌਦਾਂ ਜੁਲਾਈ 1992 ਦੇ ਦਿਨ ਪੁਲਸ ਨੇ ਸੁਖਵਿੰਦਰ ਸਿੰਘ (ਪੁੱਤਰ ਸਰਦੂਲ ਸਿੰਘ, ਵਾਸੀ ਨਦੋਹਰ) ਬਲਵਿੰਦਰ ਸਿੰਘ (ਪੁੱਤਰ ਦਲਬੀਰ ਸਿੰਘ, ਵਾਸੀ ਖਾਸਾ, ਨੇੜੇ ਸਠਿਆਲਾ), ਰਣਜੀਤ ਸਿੰਘ (ਪੁੱਤਰ ਜਗੀਰ ਸਿੰਘ, ਵਾਸੀ ਡੋਲਪੁਰ, ਨੇੜੇ ਬਟਾਲਾ) ਸੁਬੇਗ ਸਿੰਘ, ਪ੍ਰਿਥੀਪਾਲ ਸਿੰਘ ਕਾਉਂਕੇ ਅਤੇ ਵੀਹ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਮਾਰ ਦਿੱਤੇ। ਇਸੇ ਦਿਨ ਪ੍ਰਕਾਸ਼ ਸਿੰਘ ਪਾਸੀ, ਅਮਰਜੀਤ ਸਿੰਘ, ਦਰਸ਼ਨ ਸਿੰਘ ਵਾਸੀ ਕੁੱਤਿਆਂਵਾਲੀ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ ਗਏ।

2013: ਸਿਪਾਹੀ ਕੁਲਵੰਤ ਸਿੰਘ ਮਾਣਕ ਨੇ ਨਕਲੀ ਮੁਕਾਬਲਿਆਂ ਦ ਨਾਂ 'ਤੇ 15 ਸਿੱਖਾਂ ਦੇ ਕਤਲੇਆਮ ਦਾ ਇੰਕਸ਼ਾਫ਼ ਕੀਤਾ

14 ਜੁਲਾਈ 2013 ਦੇ ਦਿਨ ਪੰਜਾਬ ਪੁਲਸ ਦੇ ਇਕ ਥਾਣੇਦਾਰ ਸਤਵੰਤ ਸਿੰਘ ਮਾਣਕ ਨੇ ਸ਼ਰੇਆਮ ਮੀਡੀਆ ਵਿਚ ਇਕਬਾਲ ਕੀਤਾ ਕਿ 1991 ਤੋਂ 1993 ਵਿਚਕਾਰ ਮੋਗਾ ਪੁਲਸ ਵੱਲੋਂ ਨਕਲੀ ਪੁਲਸ ਮੁਕਾਬਲੇ ਵਿਚ ਮਾਰੇ ਬੇਗੁਨਾਹ ਸਿੱਖਾਂ ਵਿਚੋਂ 15 ਕਤਲਾਂ ਦਾ ਉਹ

ਖੁਦ ਗਵਾਹ ਸੀ। 12 ਦਿਨ ਪਹਿਲਾਂ ਸੁਰਜੀਤ ਸਿੰਘ ਵੱਲੋਂ 83 ਕਤਲਾਂ ਦੇ ਇਨਕਸ਼ਾਫ਼ ਵਾਂਙ ਇਸ ਬਿਆਨ ਦਾ ਨਾ ਤਾਂ ਗ਼ੈਰ ਸਿੱਖ (ਯਾਨਿ ਭਾਰਤੀ) ਮੀਡੀਆ ਅਤੇ ਨਾ ਹੀ ਕਿਸੇ ਅਦਾਲਤ ਨੇ ਨੋਟਿਸ ਹੀ ਲਿਆ। ਇਹ ਸੀ ਹਾਲ ਇਕ ਗ਼ੁਲਾਮ ਕੌਮ ਦੇ ਕਤਲੇਆਮ ਸਬੰਧੀ ਹਿੰਦੂ ਮੀਡੀਆ ਦੇ ਰੋਲ ਦਾ। ਸੁਰਜੀਤ ਸਿੰਘ ਵੱਲੋਂ ਜ਼ਾਹਿਰ ਕੀਤੇ ਗਏ ਨਕਲੀ ਮੁਕਾਬਲਿਆਂ ਵਿਚ ਹੇਠ ਲਿਖੇ ਨਾਂ ਸ਼ਾਮਿਲ ਸਨ: ਕੁਲਵੰਤ ਸਿੰਘ ਕੰਤਾ (ਵਾਸੀ ਘੁਮਿਆਰਾ, ਫ਼ਰੀਦਕੋਟ), ਬਲਦੇਵ ਸਿੰਘ ਕ੍ਰਿਮਤੀ, ਬਲਵਿੰਦਰ ਸਿੰਘ ਬਿਜਲੀਵਾਲਾ, ਨਿਰਮਲ ਸਿੰਘ ਨਿੰਮਾ ਰਾਜੇਆਣਾ ਵਗ਼ੈਰਾ।

15 ਜੁਲਾਈ

1775: ਸਿੱਖ ਫ਼ੌਜਾਂ ਨੇ ਦਿੱਲੀ 'ਤੇ ਹਮਲਾ ਕੀਤਾ

15 ਜੁਲਾਈ 1775 ਦੇ ਦਿਨ ਸਿੱਖ ਫ਼ੌਜਾਂ ਨੇ ਜੈ ਸਿੰਘ, ਮੁਖੀ ਕਨੱਈਆ ਮਿਸਲ, ਦੀ ਅਗਵਾਈ ਹੇਠ ਦਿੱਲੀ ਤੇ ਹਮਲਾ ਕੀਤਾ ਅਤੇ ਪਹਾੜ ਗੰਜ ਅਤੇ ਜੈ ਸਿੰਘ ਪੁਰਾ (ਮੌਜੂਦਾ ਬੰਗਲਾ ਸਾਹਿਬ ਦਾ ਦੁਆਲਾ) 'ਤੇ ਕਬਜ਼ਾ ਕਰ ਲਿਆ। ਇਸ ਮੌਕੇ 'ਤੇ ਮੁਗ਼ਲ ਫ਼ੌਜ ਉਨ੍ਹਾਂ ਦਾ ਮੁਕਾਬਲਾ ਨਾ ਕਰ ਸਕੀਆਂ ਅਤੇ ਲਾਲ ਕਿਲ੍ਹੇ ਵੱਲ ਨੂੰ ਦੌੜ ਗਈਆਂ।

1932: ਬਬਰ ਅਕਾਲੀ ਰਤਨ ਸਿੰਘ ਰੱਕੜਾਂ ਬੇਟ ਸ਼ਹੀਦ ਹੋਇਆ

20 ਫ਼ਰਵਰੀ 1921 ਦੇ ਨਾਨਕਾਣਾ ਸਾਹਿਬ ਦੇ ਸਾਕੇ ਮਗਰੋਂ ਕੁਝ ਖਾੜਕੂ ਨੌਜਵਾਨ ਆਪਸ ਵਿਚ ਮਿਲੇ ਅਤੇ ਸਾਕੇ ਦੇ ਇਨ੍ਹਾਂ ਜ਼ਿੰਮੇਦਾਰ ਸ਼ਖ਼ਸਾਂ ਨੂੰ ਸੋਧਣ ਦਾ ਮਤਾ ਪਾਸ ਕੀਤਾ। ਇਸ ਮੁਹਿੰਮ ਵਿਚ ਮਾਸਟਰ ਮੋਤਾ ਸਿੰਘ, ਦਲੀਪ ਸਿੰਘ (ਸਾਧੜਾ), ਕਿਸ਼ਨ ਸਿੰਘ ਗੜਗਜ (ਬੜਿੰਗ), ਤਾਰਾ ਸਿੰਘ (ਠੇਠਰ), ਬੇਲਾ ਸਿੰਘ (ਘੋਲੀਆ), ਤੋਤਾ ਸਿੰਘ (ਪਿਸ਼ਾਵਰ), ਨਰੈਣ ਸਿੰਘ (ਚਾਟੀਵਿੰਡ), ਵਤਨ ਸਿੰਘ (ਕਨੇਡੀਅਨ) ਸ਼ਾਮਿਲ ਸਨ। ਮਗਰੋਂ ਇਸ ਜਥੇ ਨੂੰ ਬਬਰ ਅਕਾਲੀ ਵਜੋਂ ਜਾਣਿਆ ਜਾਣ ਲਗ ਪਿਆ। ਬਬਰਾਂ ਨੇ ਅਗਲੇ 3-4 ਸਾਲ ਬਹੁਤ ਜ਼ਬਰਦਸਤ ਲਹਿਰ ਚਲਾਈ ਅਤੇ ਬਹੁਤ ਮਾਅਰਕੇ ਵਾਲੇ ਕਾਰਨਾਮੇ ਕੀਤੇ। ਅਖ਼ੀਰ ਬਹੁਤ ਸਾਰੇ ਸ਼ਹੀਦ ਹੋ ਗਏ ਜਾਂ ਫੜੇ ਗਏ। ਭਾਵੇਂ 1925 ਵਿਚ ਇਹ ਲਹਿਰ ਖ਼ਤਮ ਹੋ ਗਈ ਸੀ ਪਰ ਫਿਰ ਵੀ ਇਸ ਸੋਚ ਨੇ ਸਿੱਖਾਂ ਵਿਚ ਥਾਂ ਬਣਾਈ ਰੱਖੀ। ਇਸੇ ਲਹਿਰ ਦਾ ਇਕ ਹਿੱਸਾ ਰਤਨ ਸਿੰਘ ਰੱਕੜਾਂ ਬੇਟ (22.3.1893 - 15.7.1932) ਸੀ ਜੋ ਅਗਲੇ ਸੱਤ ਸਾਲ ਕੁਝ ਕੁਝ ਐਕਸ਼ਨ ਕਰਦਾ ਰਿਹਾ। ਰਤਨ ਸਿੰਘ (ਪੁੱਤਰ ਨੰਬਰਦਾਰ ਜਵਾਹਰ ਸਿੰਘ ਤੇ ਬੀਬੀ ਗੋਖੀ) 1912 ਵਿਚ ਬ੍ਰਿਟਿਸ਼ ਫ਼ੌਜ ਵਿਚ ਭਰਤੀ ਹੋ ਗਿਆ ਤੇ ਤਕਰੀਬਨ 7 ਸਾਲ ਨੌਕਰੀ ਕਰਦਾ ਰਿਹਾ ਸੀ ਪਰ ਉਸ ਨੇ ਫ਼ਰਵਰੀ 1919 ਵਿਚ ਡਿਸਚਾਰਜ ਲੈ ਲਿਆ। ਇਸ ਮਗਰੋਂ ਉਹ ਬਬਰ ਲਹਿਰ ਵਿਚ ਸ਼ਾਮਿਲ ਹੋ ਗਿਆ। ਅਖ਼ੀਰ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। 23 ਅਪ੍ਰੈਲ 1932 ਦੇ ਦਿਨ ਜਦ ਉਸ ਨੂੰ ਰੇਲ ਗਡੀ ਰਾਹੀਂ ਲਿਜਾਇਆ ਜਾ ਰਿਹਾ ਸੀ ਤਾਂ ਉਹ ਗਾਰਦ ਦੇ ਗੋਰੇ ਇੰਚਾਰਜ ਨੂੰ ਮਾਰ ਕੇ ਫਰਾਰ ਹੋ ਗਿਆ। ਸਰਕਾਰ ਨੇ ਉਸ ਦੀ ਗ੍ਰਿਫ਼ਤਾਰੀ ਵਾਸਤੇ ਵੱਡੇ ਇਨਾਮ ਦਾ ਐਲਾਣ ਕਰ ਦਿੱਤਾ। ਜੁਲਾਈ ਵਿਚ ਉਹ ਰੁੜਕੀ ਖਾਸ (ਪਹਿਲਾਂ ਜ਼ਿਲ੍ਹਾ ਹੁਸ਼ਿਆਰਪੁਰ, ਹੁਣ ਨਵਾਂਸ਼ਹਿਰ) ਵਿਚ ਆਪਣੇ ਇਕ ਦੋਸਤ ਗੋਂਦਾ ਸਿੰਘ ਬਬਰ ਦੇ ਘਰ ਵਿਚ ਪਨਾਹ ਲਈ ਬੈਠਾ ਸੀ ਤਾਂ ਗੜ੍ਹੀ ਕਾਨੂੰਗੋਆਂ ਦੇ ਮੀਹਾਂ ਸਿੰਘ ਨੇ ਈਨਾਮ ਦੇ ਲਾਲਚ ਵਿਚ ਪੁਲਸ ਨੂੰ ਖ਼ਬਰ ਦੇ ਦਿੱਤੀ। ਇਸ 'ਤੇ ਪੁਲਸ ਅਤੇ ਫ਼ੌਜ ਨੇ 200 ਦੀ ਗਿਣਤੀ ਵਿਚ ਗੋਂਦਾ ਸਿੰਘ ਦੇ ਘਰ ਨੂੰ ਘੇਰਾ ਪਾ ਲਿਆ ਤੇ ਮਕਾਨ 'ਤੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਕਾਫ਼ੀ ਚਿਰ ਤਕ ਉਹ ਇਕੱਲਾ ਹੀ ਮੁਕਾਬਲਾ ਕਰਦਾ ਰਿਹਾ ਪਰ ਅਖ਼ੀਰ ਫ਼ੌਜ ਨੇ ਉਸ ਘਰ ਨੂੰ ਚਹੁੰਆਂ ਪਾਸਿਆਂ ਤੋਂ ਅੱਗ ਲਾ ਦਿੱਤੀ ਤੇ ਉਹ ਸ਼ਹੀਦ ਹੋ ਗਿਆ।

1945: ਮਾਸਟਰ ਤਾਰਾ ਸਿੰਘ ਨੇ ਇਸਰਾਈਲ ਦੀ ਤਰਜ਼ 'ਤੇ ਸਿੱਖਾਂ ਦਾ ਦੇਸ਼ 'ਸਿੱਖ ਹੋਮਲੈਂਡ' ਕਾਇਮ ਕਰਨ ਦੀ ਮੰਗ ਕੀਤੀ

ਪਾਕਿਸਤਾਨ ਦੀ ਮੰਗ ਦੇ ਜਵਾਬ ਵਿਚ ਜਦ ਸਿੱਖ ਆਗੂਆਂ ਨੇ 'ਸਿੱਖ ਹੋਮਲੈਂਡ' ਦੀ ਮੰਗ ਸ਼ੁਰੂ ਕੀਤੀ ਤਾਂ ਅੰਗਰੇਜ਼ਾਂ ਨੇ ਬਹਾਨਾ ਬਣਇਆ ਕਿ ਸਿੱਖ ਕਿਸੇ ਇਕ ਜ਼ਿਲ੍ਹੇ ਵਿਚ ਵੀ ਅਕਸਰੀਅਤ (ਬਹੁਸੰਮਤੀ) ਨਹੀਂ ਹਨ; ਇਸ ਦੇ ਜਵਾਬ ਵਿਚ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ''ਇਹ ਗੱਲ ਕਿ ਸਿੱਖ ਕਿਸੇ ਇਲਾਕੇ ਵਿਚ ਵੀ ਬਹੁ-ਗਿਣਤੀ ਵਿਚ ਨਹੀਂ ਹਨ ਗ਼ਲਤ ਹੈ। ਜੇ ਕਰ ਫ਼ਿਲਸਤੀਨ ਇਲਾਕੇ ਵਿਚ 10 ਫ਼ੀ ਸਦੀ ਆਬਾਦੀ ਵਾਲੇ ਯਹੂਦੀਆਂ ਵਾਸਤੇ ਯਹੂਦੀ ਹੋਮਲੈਂਡ ਬਣਾਇਆ ਜਾ ਸਕਦਾ ਹੈ ਤਾਂ ਪੰਜਾਬ ਵਿਚ ਸਿੱਖਾਂ ਵਾਸਤੇ ਕਿਉਂ ਨਹੀਂ।'' (ਚੇਤੇ ਰਹੇ ਕਿ 1945 ਵਿਚ ਫ਼ਿਲਸਤੀਨ ਵਿਚ 6 ਲੱਖ ਮੁਸਲਮਾਨ, 86 ਹਜ਼ਾਰ ਈਸਾਈ ਤੇ ਸਿਰਫ਼ 46 ਹਜ਼ਾਰ ਯਹੂਦੀ ਸਨ ਪਰ ਉਦੋਂ ਯਹੂਦੀਆਂ ਨੂੰ ਵਖਰਾ ਮੁਲਕ ਇਸਰਾਈਲ ਦਿੱਤਾ ਗਿਆ ਸੀ)। ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਸਿੱਖ ਹੋਮਲੈਂਡ ਪੰਜਾਬ ਦੇ ਸੈਂਟਰ ਵਿਚ ਲਾਹੌਰ ਤੇ ਅੰਮ੍ਰਿਤਸਰ ਸ਼ਹਿਰ ਸ਼ਾਮਿਲ ਕਰ ਕੇ, ਅਤੇ ਮੁਖ ਸਿੱਖ ਧਾਰਮਿਕ ਸ਼ਹਿਰਾਂ ਨੂੰ ਸ਼ਾਮਿਲ ਕਰ ਕੇ ਬਣਾਇਆ ਜਾਵੇ। ਇਸ ਵਿਚ ਸਿੱਖਾਂ ਦੀਆਂ ਖ਼ਾਸ-ਖ਼ਾਸ ਧਾਰਮਿਕ ਥਾਂਵਾਂ ਆ ਜਾਣ।''

1948: ਪੰਜਾਬ ਦੀਆਂ ਰਿਆਸਤਾਂ ਨੂੰ ਇਕੱਠਾ ਕਰ ਕੇ ਪੈਪਸੂ ਸੂਬਾ ਹੋਂਦ ਵਿਚ ਆਇਆ

15 ਅਗਸਤ 1947 ਦੇ ਦਿਨ ਪੰਜਾਬ ਵਿਚ ਪਟਿਆਲਾ, ਨਾਭਾ, ਜੀਂਦ, ਕਪੂਰਥਲਾ, ਫ਼ਰੀਦਕੋਟ, ਮਲੇਰਕੋਟਲਾ, ਨਾਲਾਗੜ੍ਹ ਵਗੈਰਾ ਆਜ਼ਾਦ ਰਿਆਸਤਾਂ ਕਾਇਮ ਸਨ। ਭਾਰਤ ਸਰਕਾਰ ਨੇ 15 ਜੁਲਾਈ 1948 ਦੇ ਦਿਨ ਇਨ੍ਹਾਂ ਰਿਆਸਤਾਂ ਨੂੰ ਇਕੱਠਿਆਂ ਕਰ ਕੇ ਪੈਪਸੂ (ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ, P.E.P.S.U.) ਸੂਬਾ ਬਣਾ ਦਿੱਤਾ ਗਿਆ। ਯਾਦਵਿੰਦਰ ਸਿੰਘ ਪਟਿਆਲਾ ਇਸ ਨਵੀਂ ਸਟੇਟ ਦਾ ਰਾਜਪ੍ਰਮੁਖ ਬਣਿਆ। (ਅਗਰੋਂ 1 ਨਵੰਬਰ 1956 ਨੂੰ ਪੈਪਸੂ ਨੂੰ ਪੰਜਾਬ ਵਿਚ ਸ਼ਾਮਿਲ ਕਰ ਦਿੱਤਾ ਗਿਆ।

1971: ਫਤਹਿ ਸਿੰਘ ਨੇ ਦਿੱਲੀ ਦੇ ਗੁਰਦੁਆਰੇ 'ਆਜ਼ਾਦ' ਕਰਵਾਉਣ ਲਈ ਮੋਰਚਾ ਲਾਉਣ ਦਾ ਐਲਾਨ ਕੀਤਾ

ਮਾਰਚ 1971 ਵਿਚ ਦਿੱਲੀ ਵਿਚ ਉੱਥੋਂ ਦੇ ਗੁਰਦੁਆਰਿਆਂ ਤੇ ਜਥੇਦਾਰ ਸੰਤੋਖ ਸਿੰਘ ਦਾ ਕਬਜ਼ਾ ਸੀ। ਜਥੇਦਾਰ ਸੰਤੋਖ ਸਿੰਘ ਉਨ੍ਹੀਂ ਦਿਨੀਂ ਫਤਹਿ ਸਿੰਘ ਦੇ ਵਧੇਰੇ ਨੇੜੇ ਸੀ। ਦੂਜੇ ਪਾਸੇ ਦਿੱਲੀ ਦੇ ਅਕਾਲੀ ਪੰਜਾਬ ਦੇ ਅਕਾਲੀਆਂ ਦਾ ਦਿੱਲੀ ਦੇ ਗੁਰਦੁਆਰਿਆਂ ਤੇ ਕਬਜ਼ਾ ਪਸੰਦ ਨਹੀਂ ਕਰਦੇ ਸੀ। ਦਿੱਲੀ ਅਕਾਲੀ ਦਲ 'ਚ ਵੀ ਦੋ ਧੜੇ ਸਨ। ਜਥੇਦਾਰ ਸੰਤੋਖ ਸਿੰਘ ਦਾ ਵੱਡਾ ਮੁਖ਼ਾਲਿਫ਼ ਰਛਪਾਲ ਸਿੰਘ ਸੀ। ਤੀਜਾ ਧੜਾ ਬੀਬੀ ਨਿਰਲੇਪ ਕੌਰ ਸਾਬਕ ਐਮ.ਪੀ. ਦਾ ਵੀ ਸੀ ਜੋ ਦਿੱਲੀ ਵਿਚ ਡੇਰਾ ਲਾਈ ਬੈਠੀ ਸੀ। ਆਖ਼ਿਰ ਗਿਣੀ-ਮਿੱਥੀ ਸਕੀਮ ਅਨੁਸਾਰ ਫਤਹਿ ਸਿੰਘ ਦੇ ਮੁਖ਼ਾਲਿਫ਼ ਗਰੁਪਾਂ ਨੇ ਮਿਲ ਕੇ ਮਈ 1971 ਵਿਚ ਗੁਰਦੁਆਰਾ ਸੀਸ ਗੰਜ 'ਤੇ ਕਬਜ਼ਾ ਕਰ ਲਿਆ ਅਤੇ ਗੁਰਦੁਆਰਿਆਂ ਨੂੰ ਅੰਦਰੋਂ ਤਾਲੇ ਮਾਰ ਲਏ। ਗੁਰਦੁਆਰੇ ਕਈ ਦਿਨ ਬੰਦ ਰਹੇ ਅਤੇ ਸੰਗਤ ਬਾਹਰੋਂ ਹੀ ਮੱਥਾ ਟੇਕ ਕੇ ਚਲੀ ਜਾਂਦੀ ਰਹੀ। ਅਖ਼ੀਰ ਇਹ ਕਬਜ਼ਾ ਸੈਂਟਰ ਦੀ ਸਰਕਾਰ ਦੇ ਦਖ਼ਲ ਦੇਣ 'ਤੇ ਖ਼ਤਮ ਹੋਇਆ ਤੇ ਸਰਕਾਰ ਨੇ ਆਰਡੀਨੈਂਸ ਜਾਰੀ ਕਰ ਕੇ ਇਕ ਪੰਜ ਮੈਂਬਰੀ ਬੋਰਡ ਬਣਾ ਕੇ ਕਬਜ਼ਾ ਉਸ ਨੂੰ ਸੌਂਪ ਦਿੱਤਾ। 15 ਜੁਲਾਈ 1971 ਦੇ ਦਿਨ ਫਤਹਿ ਸਿੰਘ ਨੇ ਇਸ ਦੀ ਮੁਖ਼ਾਲਫ਼ਤ ਕੀਤੀ ਤੇ ਦਿੱਲੀ ਦੇ ਗੁਰਦੁਆਰੇ 'ਆਜ਼ਾਦ ਕਰਵਾਉਣ ਲਈ' ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ।

1989: ਮਹਿੰਦਰ ਸਿੰਘ ਕੂਨਰ (ਕਨੇਡਾ) ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

15 ਜੁਲਾਈ 1989 ਦੇ ਦਿਨ ਪੰਜਾਬ ਪੁਲਸ ਨੇ ਮਹਿੰਦਰ ਸਿੰਘ ਕੂਨਰ (ਪੁੱਤਰ ਨਿਰੰਜਣ ਸਿੰਘ, ਵਾਸੀ, ਟੋਰਾਟੋ ਕਨੇਡਾ) ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਬਲਜੀਤ ਸਿੰਘ ਸੋਹਲ, ਨਰਿੰਦਰ ਸਿੰਘ ਨਿੰਦਰ ਬਾਘ, ਜਗਦੀਸ਼ ਸਿੰਘ ਘਣਸ਼ਿਆਮਪੁਰਾ, ਬਲਜੀਤ ਸਿੰਘ ਛੋਟੂ ਨਾਂਗਲੀ, ਬਘੇਲ ਸਿੰਘ ਸਭਰਾ ਸੁਖਚੈਨ ਸਿੰਘ ਫਰੰਦੀਪੁਰ,ਅਮਰੀਕ ਸਿੰਘ ਅਣਖੀ ਭੈਣੀ ਬੱਗਾ, ਨਿਰਭੈ ਸਿੰਘ ਧੀਰਾ ਕਾਹਨ ਸਿੰਘ ਵਾਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

15 ਜੁਲਾਈ 1991 ਦੇ ਦਿਨ ਪੁਲਸ ਨੇ ਬਲਜੀਤ ਸਿੰਘ (ਪੁੱਤਰ ਦਰਸ਼ਨ ਸਿੰਘ, ਵਾਸੀ ਸੋਹਲ, ਜ਼ਿਲ੍ਹਾ ਅੰਮ੍ਰਿਤਸਰ), ਨਰਿੰਦਰ ਸਿੰਘ ਉਰਫ਼ ਨਿੰਦਰ (ਪੁੱਤਰ ਰਤਨ ਸਿੰਘ, ਵਾਸੀ ਪਿੰਡ ਬਾਘ, ਨੇੜੇ ਹਰਗੋਬਿੰਦਪੁਰ), ਜਗਦੀਸ਼ ਸਿੰਘ ਉਰਫ਼ ਬਾਬੂ (ਪੁੱਤਰ ਪਿਆਰਾ ਸਿੰਘ, ਵਾਸੀ ਘਣਸ਼ਿਆਮਪੁਰਾ), ਬਲਜੀਤ ਸਿੰਘ ਉਰਫ਼ ਛੋਟੂ (ਪੁੱਤਰ ਗੁਰਦਿੱਤ ਸਿੰਘ, ਵਾਸੀ ਨਾਂਗਲੀ, ਨੇੜੇ ਚੌਕ ਮਹਿਤਾ), ਬਘੇਲ ਸਿੰਘ ਉਰਫ਼ ਗਹਿਲ ਸਿੰਘ (ਵਾਸੀ ਸਭਰਾ ਵੱਡੀ), ਸੁਖਚੈਨ ਸਿੰਘ ਉਰਫ਼ ਸਤਨਾਮ ਸਿੰਘ ਸੱਤਾ (ਵਾਸੀ ਫਰੰਦੀਪੁਰ),ਅਮਰੀਕ ਸਿੰਘ ਅਣਖੀ ਡਰਾਈਵਰ (ਵਾਸੀ ਭੈਣੀ ਬੱਗਾ), ਨਿਰਭੈ ਸਿੰਘ ਧੀਰਾ (ਵਾਸੀ ਕਾਹਨ ਸਿੰਘ ਵਾਲਾ) ਨੂੰ ਵੱਖ-ਵੱਖ ਨਕਲੀ ਮੁਕਾਬਲਿਆਂਵਿਚ ਸ਼ਹੀਦ ਕਰ ਦਿੱਤਾ।

1994: ਹਰਜੀਤ ਸਿੰਘ ਢਿੱਲੋਂ ਨਕਲੀ ਮੁਕਾਬਲੇ ਵਿਚ ਸ਼ਹੀਦ

15 ਜੁਲਾਈ 1994 ਦੇ ਦਿਨ ਪੰਜਾਬ ਪੁਲਸ ਨੇ ਹਰਜੀਤ ਸਿੰਘ ਢਿੱਲੋਂ (ਪੁੱਤਰ ਜੋਗਿੰਦਰ ਸਿੰਘ) ਵਾਸੀ ਢਿਲਵਾਂ, ਜ਼ਿਲਾ ਕਪੂਰਥਲਾ), ਉਰਫ਼ ਜਗਦੀਪ ਸਿੰਘ ਜੱਗੀ ਉਰਫ਼ ਜਗਦੀਪ ਸਿੰਘ ਅਮਰੀਕਾ ਨੂੰ ਇਕ ਘਰ ਵਿਚ ਬੈਠੇ ਨੂੰ ਮਾਰ ਕੇ ਤੇ ਨਕਲੀ ਮੁਕਾਬਲਾ ਦਿਖਾ ਕੇ ਸ਼ਹੀਦ ਕਰ ਦਿੱਤਾ। ਹਰਜੀਤ ਸਿੰਘ ਖਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਪਰਮਜੀਤ ਸਿੰਘ ਪੰਜਵੜ ਦਾ ਸਾਥੀ ਸੀ ਅਤੇ ਕਈ ਐਕਸ਼ਨਾਂ ਵਿਚ ਸ਼ਾਮਿਲ ਸੀ। ਉਹ ਪਹਿਲੋਂ 1987 ਅਤੇ 1989 ਵਿਚ, ਦੋ ਵਾਰ, ਗ੍ਰਿਫ਼ਤਾਰ ਹੋ ਕੇ ਰਿਹਾ ਹੋ ਚੁਕਾ ਸੀ ਅਤੇ 1990 ਵਿਚ ਜਰਮਨ ਚਲਾ ਗਿਆ ਸੀ। ਪਰ ਮਗਰੋਂ ਉਹ ਅਪ੍ਰੈਲ 1992 ਵਿਚ ਲਹਿਰ ਵਿਚ ਸ਼ਾਮਿਲ ਹੋਣ ਵਾਸਤੇ ਮੁੜ ਆਇਆ ਸੀ।

16 ਜੁਲਾਈ

1871: ਕੂਕਿਆਂ ਨੇ ਰਾਏ ਕੋਟ ਵਿਚ ਬੁੱਚੜ ਕਤਲ ਕੀਤੇ

ਕੂਕਾ ਲਹਿਰ (ਜਿਸ ਨੂੰ ਉਹ 1920 ਤੋਂ ਮਗਰੋਂ ਨਾਮਧਾਰੀ ਲਹਿਰ ਕਹਿਣ ਲਗ ਪਏ ਸਨ) ਜੋ ਸੰਨ 1862 ਵਿਚ ਸਿੱਖ ਸੁਧਾਰਕ ਲਹਿਰ ਵਜੋਂ ਸ਼ੁਰੂ ਹੋਈ ਸੀ। ਅਪਰੈਲ 1870 ਦੇ ਆਲੇ-ਦੁਆਲੇ ਕੁਝ ਕੂਕੇ ਬ੍ਰਾਹਮਣਾਂ ਦੇ ਅਸਰ ਹੇਠਾਂ ਆਉਣੇ ਸ਼ੁਰੂ ਗਏ। ਕੂਕਿਆਂ ਵਿਚ ਸ਼ਾਮਿਲ ਹੋਏ ਵੈਸ਼ਨੋ (ਹਿੰਦੂ) ਧੜੇ ਨੇ ਛੇਤੀ ਹੀ ਵੈਸ਼ਨੂੰ ਪ੍ਰਚਾਰ ਵੀ ਸ਼ੁਰੂ ਕਰ ਦਿਤਾ। ਸਮਾਧਾਂ ਢਾਹੁਣ ਨਾਲ ਨਾਰਾਜ਼ ਹੋਏ ਹਿੰਦੂਆਂ ਨੇ ਕੂਕਿਆਂ ਦਾ ਰਾਹ ਬਦਲਣ ਵਾਸਤੇ ਉਨ੍ਹਾਂ ਨੂੰ ਵੈਸ਼ਨੂੰ ਧਰਮ ਨਾਲ ਜੋੜਨ ਵਾਸਤੇ ਇਕ ਨਵਾਂ ਪੈਂਤੜਾ ਸ਼ੁਰੂ ਕੀਤਾ। ਉਨ੍ਹਾਂ ਨੇ ਇਨ੍ਹਾਂ ਨੂੰ ਐਂਟੀ-ਮੁਸਲਮ ਲਹਿਰ ਵੱਲ ਟੋਰ ਦਿੱਤਾ। ਅਜੇ ਕੁਝ ਚਿਰ ਪਹਿਲਾਂ ਹੀ ਅੰਗਰੇਜ਼ਾਂ ਨੇ ਅੰਮ੍ਰਿਤਸਰ ਵਿਚ ਇਕ ਬੁੱਚੜਖਾਨਾ ਖੋਲ੍ਹਿਆ ਸੀ, ਜਿੱਥੇ ਹੋਰ ਜਾਨਵਰਾਂ ਦੇ ਨਾਲ-ਨਾਲ ਗਊਆਂ ਵੀ ਮਾਰੀਆਂ ਜਾਂਦੀਆਂ ਸਨ। ਸਿੱਖ ਧਰਮ ਵਿਚ ਗਊ ਪਵਿੱਤਰ ਜਾਨਵਰ ਨਹੀਂ ਹੈ, ਇਸ ਕਰ ਕੇ ਇਸ ਨੂੰ ਮਾਰਨ ਜਾਂ ਨਾ ਮਾਰਨ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ; ਪਰ ਚਾਲਾਕ ਬ੍ਰਾਹਮਣਾਂ ਨੇ ਕੂਕਿਆਂ ਨੂੰ

ਇਸ ਗਊ-ਰਖਿਅਕ ਐਂਟੀ-ਸਿੱਖ ਕਾਰਵਾਈ ਵਲ ਟੋਰ ਲਿਆ। ਬ੍ਰਾਹਮਣਾਂ ਨੇ ਕੂਕਿਆਂ ਨੂੰ ਫੁਸਲਾ ਕੇ ਇਸ ਬੁੱਚੜ ਖਾਨੇ ਦੀ ਵਿਰੋਧਤਾ ਸ਼ੁਰੂ ਕਰਵਾ ਦਿਤੀ। ਇਸ ਭੜਕਾਹਟ ਹੇਠਾਂ ਕੁਝ ਕੂਕਿਆਂ ਨੇ 14 ਜੂਨ 1870 ਦੇ ਦਿਨ ਅੰਮ੍ਰਿਤਸਰ ਦੇ ਬੁੱਚੜਖਾਨੇ 'ਤੇ ਹਮਲਾ ਕਰ ਕੇ ਕੁਝ ਬੁੱਚੜ ਮਾਰ ਦਿੱਤੇ (ਬੁੱਚੜ ਵਿਚਾਰੇ ਤਾਂ ਨੌਕਰੀ ਕਰ ਕੇ ਬਾਲ-ਬੱਚੇ ਪਾਲਦੇ ਸਨ ਤੇ ਉਨ੍ਹਾਂ ਦਾ ਕੋਈ ਗੁਨਾਹ ਨਹੀਂ ਸੀ)। ਉਹ ਇਹ ਐਕਸ਼ਨ ਕਰ ਕੇ ਚੁਪਚਾਪ ਨਿਕਲ ਗਏ ਤੇ ਸਰਕਾਰ ਨੂੰ ਇਨ੍ਹਾਂ ਕਾਤਲਾਂ ਦੀ ਸ਼ਨਾਖਤ ਵੀ ਨਾ ਹੋ ਸਕੀ।

ਇਸ ਮਗਰੋਂ 16 ਜੁਲਾਈ 1871 ਦੇ ਦਿਨ ਕੂਕਿਆਂ ਨੇ ਰਾਏਕੋਟ ਵਿਚ ਇਕ ਬੁੱਚੜਖਾਨੇ 'ਤੇ ਹਮਲਾ ਕੀਤਾ ਅਤੇ ਕੁਝ ਬੁੱਚੜ ਕਤਲ ਕਰ ਦਿਤੇ। ਇਨ੍ਹਾਂ ਕੂਕਿਆਂ ਵਿਚੋਂ ਮੰਗਲ ਸਿੰਘ, ਮਸਤਾਨ ਸਿੰਘ, ਸਰਮੁਖ ਸਿੰਘ, ਗੁਲਾਬ ਸਿੰਘ ਤੇ ਕਈ ਹੋਰ ਫੜੇ ਗਏ। ਗੁਲਾਬ ਸਿੰਘ ਸਰਕਾਰੀ ਗਵਾਹ ਬਣ ਗਿਆ। ਉਸ ਨੇ ਅੰਮ੍ਰਿਤਸਰ ਦੇ ਬੁੱਚੜਾਂ ਦੇ ਕਤਲਾਂ ਦੇ ਨਾਂ ਵੀ ਦਸ ਦਿਤੇ। ਇਨ੍ਹਾਂ ਸਾਰਿਆਂ 'ਤੇ ਮੁਕਦਮਾ ਚਲਾਇਆ ਗਿਆ ਅਤੇ ਬੁੱਚੜਾਂ ਦੇ ਕਾਤਲ ਕੂਕਿਆਂ ਨੂੰ ਫਾਂਸੀ ਦੇ ਦਿਤੀ ਗਈ। ਇਸ ਮਗਰੋਂ ਕੂਕਿਆਂ ਦੀਆਂ ਕਾਰਵਾਈਆਂ ਇਕ ਵਾਰ ਫੇਰ ਰੁਕ ਗਈਆਂ।

1984: ਬੀਬੀਆਂ ਦਾ ਜਥਾ ਲੈ ਕੇ ਦਰਬਾਰ ਸਾਹਿਬ ਜਾਣ ਦੀ ਕੋਸ਼ਿਸ਼ ਕਰਦੀ ਡਾ. ਰਜਿੰਦਰ ਕੌਰ ਨੂੰ ਗ੍ਰਿਫ਼ਤਾਰ ਕੀਤਾ ਗਿਆ

ਦਰਬਾਰ ਸਾਹਿਬ ਤੇ ਜੂਨ 1984 ਦੇ ਫ਼ੌਜੀ ਹਮਲੇ ਵਿਚ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦੀ ਏਨੀ ਦਿਲ-ਕੰਬਾਊ ਤਬਾਹੀ ਹੋਈ ਸੀ ਕਿ ਇਸ ਨੂੰ ਵੇਖ ਕੇ ਕਮਜ਼ੋਰ ਤੋਂ ਕਮਜ਼ੋਰ ਅਤੇ ਵੱਡੇ ਤੋਂ ਵੱਡੇ ਗੁਨਾਹਗਾਰ ਸਿੱਖ ਦੀ ਰੂਹ ਨੇ ਵੀ ਉਬਾਲਾ ਖਾਣਾ ਹੀ ਸੀ। ਇਸ ਕਰ ਕੇ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਨੂੰ ਸਿੱਖਾਂ ਵਾਸਤੇ ਸੀਲ ਕਰੀ ਰਖਿਆ। 3 ਜੂਨ 1984 ਤੋਂ 24 ਜੂਨ ਤਕ, 21 ਦਿਨ, ਦਰਬਾਰ ਸਾਹਿਬ ਕੰਪਲੈਕਸ ਵਿਚ ਕਿਸੇ ਵੀ ਸਿੱਖ ਨੂੰ ਵੜਨ ਤਕ ਨਹੀਂ ਸੀ ਦਿੱਤਾ ਗਿਆ। 25 ਜੂਨ ਨੂੰ ਸਿਰਫ਼ ਦੋ ਘੰਟੇ ਵਾਸਤੇ ਦਰਬਾਰ ਸਾਹਿਬ 'ਚ ਗਿਣੇ-ਚੁਣੇ ਲੋਕਾਂ ਨੂੰ ਦਾਖ਼ਿਲ ਹੋਣ ਦੀ ਇਜਾਜ਼ਤ ਦਿੱਤੀ ਗਈ। ਇਨ੍ਹਾਂ ਨੂੰ ਵੀ ਸਿਰਫ਼ ਏਨਾ ਹੱਕ ਸੀ ਕਿ ਉਹ ਘੰਟਾ ਘਰ ਵਲੋਂ ਦਰਸ਼ਨੀ ਡਿਉੜੀ ਤੇ ਅੰਦਰ ਹਰਿਮੰਦਰ ਸਾਹਿਬ ਤਕ ਜਾ ਕੇ ਮੱਥਾ ਟੇਕ ਸਕਦੇ ਸਨ। ਪਰ ਇਨ੍ਹਾਂ ਗਿਣਵੇਂ-ਚੁਣਵੇਂ ਸਿੱਖਾਂ ਨੇ ਵੀ ਜਦੋਂ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦੀ ਹਾਲਤ ਵੇਖੀ ਤਾਂ ਉਨ੍ਹਾਂ ਦੀਆਂ ਭੁੱਬਾਂ ਨਿਕਲ ਗਈਆਂ। ਲੋਕਾਂ ਦੀਆਂ ਅੱਖਾਂ ਵਿਚ ਪੀੜ, ਰੋਹ ਅਤੇ ਨਫ਼ਰਤ ਵੇਖ ਕੇ ਫ਼ੌਜ ਨੇ ਦਰਬਾਰ ਸਾਹਿਬ ਕੰਪਲੈਕਸ ਨੂੰ ਫੇਰ ਸੀਲ ਕਰ ਦਿੱਤਾ। ਇਸ 'ਤੇ 16 ਜੁਲਾਈ 1984 ਦੇ ਦਿਨ ਡਾ ਰਜਿੰਦਰ ਕੌਰ ਨੇ ਬੀਬੀਆਂ ਦਾ ਇਕ ਜਥਾ ਲੈ ਕੇ ਦਰਬਾਰ ਸਾਹਿਬ ਜਾਣ ਦੀ ਕੋਸ਼ਿਸ਼ ਕੀਤੀ; ਪੁਲੀਸ ਨੇ ਇਨ੍ਹਾਂ ਨੂੰ ਰਸਤੇ ਵਿਚ ਹੀ ਗ੍ਰਿਫ਼ਤਾਰ ਕਰ ਲਿਆ।

1985: ਹਰਚੰਦ ਸਿੰਘ ਲੌਂਗੋਵਾਲ ਨੇ ਰਾਜੀਵ ਨੂੰ ਪੰਜਾਬ ਮਸਲੇ ਦੇ ਹੱਲ ਵਾਸਤੇ ਖ਼ਤ ਲਿਖਿਆ

1985 ਵਿਚ ਪੰਜਾਬ ਦੇ ਨਵੇਂ ਗਵਰਨਰ ਅਰਜਨ ਸਿੰਹ (ਸਾਬਕਾ ਚੀਫ਼ ਮਨਿਸਟਰ ਮੱਧ ਪ੍ਰਦੇਸ਼) ਨੇ ਸੁਰਜੀਤ ਬਰਨਾਲਾ, ਬਲਵੰਤ ਸਿੰਘ ਰਾਮੂਵਾਲੀਆ, ਮਨਜੀਤ ਸਿੰਘ ਖਹਿਰਾ, ਸਾਬਕਾ ਪ੍ਰਿੰਸੀਪਲ ਪ੍ਰਿਥੀਪਾਲ ਸਿੰਘ ਕਪੂਰ ਤੇ ਪ੍ਰੋ. ਅਤਰ ਸਿੰਘ ਦੀ ਮਦਦ ਨਾਲ ਲੌਂਗੋਵਾਲ ਨਾਲ ਬੜੀ ਨੇੜਤਾ ਕਾਇਮ ਕਰ ਲਈ ਸੀ। ਪ੍ਰਿਥੀਪਾਲ ਕਪੂਰ ਤੇ ਅਤਰ ਸਿੰਘ ਨੇ ਅਕਾਲੀਆਂ ਦਾ ਸਰਕਾਰ ਨਾਲ ਰਾਬਤਾ ਬਣਾਉਣ ਵਿਚ ਸਭ ਤੋਂ ਵਧੇਰੇ ਰੋਲ ਅਦਾ ਕੀਤਾ ਸੀ। ਲੌਂਗੋਵਾਲ ਏਨਾ ਨਾਸਮਝ ਸੀ ਕਿ ਉਸ ਨੂੰ ਪਤਾ ਹੀ ਨਾ ਲਗ ਸਕਿਆ ਕਿ ਬਰਨਾਲਾ, ਪ੍ਰਿਥੀਪਾਲ ਕਪੂਰ

ਤੇ ਅਤਰ ਸਿੰਘ ਉਸ ਤੋਂ ਕੀਹ ਕਰਵਾਈ ਜਾ ਰਹੇ ਹਨ। ਲੌਂਗੋਵਾਲ ਤਾਂ ਖ਼ਾਸ ਕਰ ਕੇ ਪ੍ਰਕਾਸ਼ ਕਪੂਰ ਦਾ ਗ਼ੁਲਾਮ ਬਣ ਗਿਆ ਸੀ। ਉਸ ਨੇ ਤਾਂ ਟੋਹੜਾ ਤੇ ਬਾਦਲ ਨਾਲ ਵੀ ਗੱਲਬਾਤ ਕਰਨੀ ਬੰਦ ਕਰ ਦਿੱਤੀ ਸੀ।

ਇਸ ਸਾਜ਼ਿਸ਼ ਹੇਠ 16 ਜੁਲਾਈ ਨੂੰ ਲੌਂਗੋਵਾਲ ਕੋਲੋਂ ਰਾਜੀਵ ਨੂੰ ਖ਼ਤ ਲਿਖਵਾ ਕੇ ਪੰਜਾਬ ਦਾ ਮਸਲਾ ਹੱਲ ਕਰਨ ਵਾਸਤੇ ਕਦਮ ਚੁਕਣ ਵਾਸਤੇ ਕਿਹਾ ਗਿਆ। (ਇਸ ਦੇ ਇਕ ਹਫ਼ਤੇ ਦੇ ਅੰਦਰ-ਅੰਦਰ, 23 ਜੁਲਾਈ ਨੂੰ, ਰਾਜੀਵ ਤੇ ਲੌਂਗੋਵਾਲ ਵਿਚ ਮੁਲਾਕਾਤਾਂ ਕਰਵਾ ਕੇ 24 ਜੁਲਾਈ ਨੂੰ ਰਾਜੀਵ-ਲੌਂਗੋਵਾਲ ਸਮਝੌਤੇ ਦਾ ਐਲਾਨ ਵੀ ਕਰ ਦਿੱਤਾ ਗਿਆ। ਇਸ ਸਮਝੌਤੇ ਨੂੰ ਭਾਰਤੀ ਪਾਰਲੀਮੈਂਟ ਵਿਚ ਵੀ ਪਾਸ ਕਰ ਦਿੱਤਾ ਗਿਆ। ਖਾੜਕੂਆਂ ਨੇ ਇਸ ਨੂੰ 'ਸ਼ਰਮਨਾਕ ਹੇਠੀ' ਤੇ 'ਕੌਮ ਦੀ ਦਸਤਾਰ ਮਿੱਟੀ ਵਿਚ ਰੋਲਣਾ' ਆਖਿਆ। ਸਿੱਖਾਂ ਨੇ ਪੰਜਾਬ ਵਿਚ ਕਈ ਜਗਹ 'ਤੇ ਲੌਂਗੋਵਾਲ ਦਲ ਵੱਲੋਂ ਪੰਥ ਨਾਲ ਕੀਤੀ ਗ਼ੱਦਾਰੀ 'ਤੇ ਸਿਆਪਾ ਕੀਤਾ। ਹਰ ਪਾਸਿਉਂ ਇਸ ਦੀ ਜ਼ਬਰਦਸਤ ਮੁਖ਼ਾਲਫ਼ਤ ਹੋਈ ਪਰ ਲੌਂਗੋਵਾਲੀਏ ਇਸ ਨੂੰ 'ਕਾਮਯਾਬੀ' ਆਖ ਰਹੇ ਸਨ)।

1987: ਰਤਨ ਸਿੰਘ ਉਸਮਾਨ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਸੋਲ੍ਹਾਂ ਜੁਲਾਈ 1987 ਦੇ ਦਿਨ ਪੁਲਸ ਨੇ ਦਸੂਹਾ ਨੇੜੇ ਉਸਮਾਨ ਪਿੰਡ ਦੇ ਰਤਨ ਸਿੰਘ ਨੂੰ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ। ਇਸੇ ਦਿਨ ਜਲੰਧਰ ਛਾਵਣੀ ਕੋਲ, ਰਾਮਾ ਮੰਡੀ ਦੇ ਫਾਟਕ ਨੇੜੇ, ਰੇਲਵੇ ਕਲੋਨੀ 'ਚ ਇਕ ਹੋਰ ਸਿੱਖ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ।

1989: ਜਸਵਿੰਦਰ ਸਿੰਘ ਧਮਾਕਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਸੋਲ੍ਹਾਂ ਜੁਲਾਈ 1989 ਦੇ ਦਿਨ ਪੁਲਸ ਨੇ ਜਸਵਿੰਦਰ ਸਿੰਘ ਉਰਫ਼ ਧਮਾਕਾ (ਪੁੱਤਰ ਦਰਸ਼ਨ ਸਿੰਘ ਅਰੋੜਾ, ਵਾਸੀ ਸ਼ਹੀਦ ਊਧਮ ਸਿੰਘ ਨਗਰ, ਅੰਮ੍ਰਿਤਸਰ) ਨੂੰ ਇਕ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1990: ਮੇਜਰ ਸਿੰਘ ਨਦੋਹਰ, ਗੁਰਨਾਮ ਸਿੰਘ ਰਸੂਲਪੁਰ ਤੇ ਨਿਸ਼ਾਨ ਸਿੰਘ ਸ਼ੀਰਪੁਰ ਸੈਦਾ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਸੋਲ੍ਹਾਂ ਜੁਲਾਈ 1990 ਦੇ ਦਿਨ ਪੁਲਸ ਨੇ ਮੇਜਰ ਸਿੰਘ (ਪੁਤਰ ਗੁਲਜ਼ਾਰ ਸਿੰਘ, ਵਾਸੀ ਨਦੋਹਰ), ਗੁਰਨਾਮ ਸਿੰਘ (ਪੁੱਤਰ ਕਰਤਾਰ ਸਿੰਘ, ਵਾਸੀ ਰਸੂਲਪੁਰ) ਤੇ ਨਿਸ਼ਾਨ ਸਿੰਘ (ਪੁੱਤਰ ਕਰਨੈਲ ਸਿੰਘ, ਵਾਸੀ ਸ਼ੀਰਪੁਰ ਸੈਦਾ) ਨੂੰ ਮੁਕਾਬਲਿਆਂ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1991: ਬਘੇਲ ਸਿੰਘ ਸਭਰਾ ਤੇ ਗੁਰਦੀਪ ਸਿੰਘ ਕਾਦੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

ਸੋਲ੍ਹਾਂ ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਬਘੇਲ ਸਿੰਘ (ਪੁੱਤਰ ਲਾਭ ਸਿੰਘ, ਵਾਸੀ ਸਭਰਾ) ਅਤੇ ਗੁਰਦੀਪ ਸਿੰਘ ਕਾਦੀਆਂ ਨੂੰ ਨਕਲੀ ਪੁਲਸ ਮੁਕਾਬਲਿਆਂ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1992: ਨਰਿੰਦਰ ਸਿੰਘ ਦਾਨਗੜ੍ਹ, ਪਰਮਜੀਤ ਸਿੰਘ ਪੰਮਾ ਬਬਰ ਤੇ 10 ਹੋਰ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ

ਸੋਲ੍ਹਾਂ ਜੁਲਾਈ 1992 ਦੇ ਦਿਨ ਪੁਲਸ ਨੇ ਨਰਿੰਦਰ ਸਿੰਘ (ਪੁੱਤਰ ਬਲਦੇਵ ਸਿੰਘ, ਵਾਸੀ ਦਾਨਗੜ੍ਹ, ਜ਼ਿਲ੍ਹਾ ਸੰਗਰੂਰ), ਪਰਮਜੀਤ ਸਿੰਘ ਪੰਮਾ ਬਬਰ ਅਤੇ ਦਸ ਹੋਰ ਸਿੱਖ ਨਕਲੀ ਮੁਕਬਲੇ ਵਿਚ ਸ਼ਹੀਦ ਕਰ ਦਿੱਤੇ।

2012: ਕੈਦ ਭੁਗਤ ਰਹੀ ਜਗੀਰ ਕੌਰ ਨੇ ਕਪੂਰਥਲਾ ਜੇਲ੍ਹ ਵਿਚ ਜਗਜੀਤ ਸਿੰਘ ਆਈ ਜੀ. ਤੇ ਜੇਲਰ ਨੂੰ ਸਿਰੋਪਾ ਦਿੱਤਾ

16 ਜੁਲਾਈ 2012 ਦੇ ਦਿਨ ਆਪਣੀ ਧੀ ਦੇ ਕਤਲ ਕੇਸ ਵਿਚ ਸਜ਼ਾਯਾਫ਼ਤਾ ਕੈਦੀ ਜਗੀਰ ਕੌਰ (ਐਮ.ਐਲ.ਏ.) ਨੇ ਕਪੂਰਥਲਾ ਜੇਲ੍ਹ ਵਿਚ ਜਗਜੀਤ ਸਿੰਘ ਆਈ ਜੀ. (ਜੇਲ੍ਹਾਂ) ਤੇ ਜੇਲਰ ਐਸ.ਪੀ. ਖੰਨਾ ਨੂੰ ਸਿਰੋਪਾ ਦਿੱਤਾ। ਇਹ ਉਹੀ ਆਈ ਜੀ. ਸੀ ਜਿਸ ਨੇ ਕੁਝ ਦਿਨ ਪਹਿਲਾਂ ਹੀ ਜੇਲ੍ਹ ਵਿਚ ਜਗੀਰ ਕੌਰ ਨੂੰ ਸ਼ਾਹੀ ਸਹੂਲਤਾਂ ਦਿੱਤੇ ਜਾਣ ਦੀ ਸ਼ਿਕਾਇਤ ਦੇ ਖ਼ਿਲਾਫ਼ ਕਲੀਨ ਚਿਟ ਦਿੱਤੀ ਸੀ। ਇਸ ਜਗੀਰ ਕੌਰ ਨੂੰ ਅਦਾਲਤ ਨੇ ਆਪਣੀ ਧੀ ਹਰਪ੍ਰੀਤ ਅਪ੍ਰੈਲ 2000 ਵਿਚ ਹੋਈ ਮੌਤ ਦੇ ਕੇਸ ਵਿਚ 30 ਮਾਰਚ ਦੇ ਦਿਨ 5 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ। (ਜਗੀਰ ਕੌਰ 7 ਮਹੀਨੇ 'ਕੈਦ' ਰਹਿਣ ਮਗਰੋਂ, 2 ਨਵੰਬਰ 2012 ਦੇ ਦਿਨ ਜ਼ਮਾਨਤ 'ਤੇ ਰਿਹਾ ਹੋਈ)।

2014: ਹਰਿਆਣਾ ਦੇ ਗੁਰਦੁਆਰਿਆਂ 'ਤੇ ਕਬਜ਼ਾ ਕਾਇਮ ਰਖਣ ਵਾਸਤੇ ਬਾਦਲ ਵੱਲੋਂ ਸ਼ਹੀਦੀ ਦੇਣ ਦੀ ਧਮਕੀ ਦਿੱਤੀ

ਭਾਵੇਂ 11 ਜੁਲਾਈ 2014 ਦੇ ਦਿਨ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਵਾਸਤੇ ਕਾਨੂੰਨ ਬਣ ਚੁਕਾ ਸੀ ਪਰ ਬਾਦਲ ਦਲ ਨੇ ਹਰਿਆਣਾ ਦੇ ਗੁਰਦੁਆਰਿਆਂ ਦੀ ਗੋਲਕ'ਤੇ ਆਪਣਾ ਕਬਜ਼ਾ ਕਾਇਮ ਰੱਖਣ ਵਾਸਤੇ ਬਹੁਤ ਹੱਥ ਪੈਰ ਮਾਰੇ।16 ਜੁਲਾਈ 2014 ਦੇ ਦਿਨ ਬਾਦਲ ਅਕਾਲੀ ਦਲ ਦੀ 'ਕੋਰ ਕਮੇਟੀ' ਦੀ ਮੀਟਿੰਗ ਹੋਈ। 5 ਘੰਟੇ ਚੱਲੀ ਇਸ ਮੀਟਿੰਗ ਵਿਚ ਪਹਿਲਾਂ ਤਾਂ ਬਾਦਲ ਚੁੱਪ ਰਿਹਾ ਫਿਰ ਬੱਚਿਆਂ ਵਾਂਙ ਫੂਟ-ਫੂਟ ਕੇ ਰੋਣ ਲਗ ਪਿਆ ਤੇ ਕਹਿਣ ਲਗਾ ਕਿ "ਜੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਨਾ ਰੁਕੀ ਤਾਂ ਮੈਂ ਚੀਫ਼ ਮਨਿਸਟਰੀ ਛੱਡ ਕੇ ਅਕਾਲ ਤਖ਼ਤ 'ਤੇ ਸ਼ਹੀਦੀ ਦੇਵਾਂਗਾ।" ਇਸ 'ਤੇ ਕੋਰ ਕਮੇਟੀ ਨੇ ਤਰਸ ਖਾ ਕੇ ਇਕ 'ਹੁਕਮਨਾਮਾ' ਤਿਆਰ ਕਰ ਕੇ ਅਕਾਲ ਤਖ਼ਤ ਦੇ ਪੁਜਾਰੀ ਗੁਰਬਚਨ ਸਿੰਘ ਨੂੰ ਫ਼ੈਕਸ ਕੀਤਾ ਜਿਸ ਨੇ ਵਫ਼ਾਦਾਰ ਨੌਕਰ ਵਾਂਙ ਉਸੇ ਵੇਲੇ ਜਗਦੀਸ਼ ਸਿੰਘ ਝੀਂਡਾ, ਦੀਦਾਰ ਸਿੰਘ ਨਲਵੀ ਅਤੇ ਹਰਮਿੰਦਰ ਸਿੰਘ ਚੱਠਾ ਵਜ਼ੀਰ ਨੂੰ ਅਖੌਤੀ ਤੌਰ 'ਤੇ 'ਪੰਥ ਵਿਚੋਂ ਖਾਰਜ' ਕਰ ਦਿੱਤਾ। ਉਧਰ ਬਾਦਲ ਆਪ ਦਿੱਲੀ ਚਲਾ ਗਿਆ ਤੇ ਹੋਮ ਮਨਿਸਟਰ ਰਾਜਨਾਥ ਸਿੰਹ ਨੂੰ ਮਿਲਿਆ, ਪਰ ਉਸ ਨੇ ਬਾਦਲ ਨੂੰ ਸਿਰਫ਼ 10 ਮਿੰਟ ਦਿੱਤੇ। ਉਸ ਨੇ ਹਰਿਆਣਾ ਵੱਲੋਂ ਪਾਸ ਕੀਤੇ ਕਾਨੂੰਨ ਸਬੰਧੀ ਮਜਬੂਰੀ ਦੱਸੀ ਪਰ ਬਾਦਲ ਨੂੰ ਖ਼ੁਸ਼ ਕਰਨ ਵਾਸਤੇ ਹੋਮ ਸੈਕਟਰੀ ਵੱਲੋਂ ਹਰਿਆਣਾ ਸਰਕਾਰ ਨੂੰ ਕਾਨੂੰਨ ਵਾਪਿਸ ਲੈਣ ਵਾਸਤੇ ਦਿਖਾਵੇ ਦੀ ਚਿੱਠੀ ਲਿਖਵਾ ਦਿੱਤੀ।

16 ਜੁਲਾਈ ਦੇ ਦਿਨ ਜਦ ਪੁਜਾਰੀਆਂ ਨੇ ਹਰਿਆਣਾ ਦੇ ਤਿੰਨ ਸਿੱਖ ਆਗੂਆਂ ਨੂੰ ਅਖੌਤੀ ਤੌਰ 'ਤੇ ਪੰਥ ਚੋਂ ਖਾਰਜ ਕੀਤਾ ਤਾਂ ਅਗਲੇ ਦਿਨ 17 ਜੁਲਾਈ ਨੂੰ ਹਰਿਆਣਾ ਦੇ ਸਿੱਖਾਂ ਨੇ ਕਰਨਾਲ ਵਿਚ ਬਾਦਲ ਦੇ ਪੁਤਲੇ ਫੂਕੇ। ਹੋਰ ਕਈ ਜਗਹ ਵੀ ਜਲੂਸ ਕੱਢੇ ਗਏ।

ਇਧਰ ਬਾਦਲ ਦਲ ਨੇ ਇਸ ਮਸਲੇ 'ਤੇ 27 ਜੁਲਾਈ ਦੇ ਦਿਨ ਵਾਸਤੇ ਦਰਬਾਰ ਸਾਹਿਬ ਵਿਚ ਇਕ ਕਨਵੈਨਸ਼ਨ ਬੁਲਾ ਲਈ। ਇਸ ਦੇ ਮੁਕਾਬਲੇ ਵਿਚ, ਉਸੇ ਦਿਨ ਅੰਮ੍ਰਿਤਸਰ ਵਿਚ ਸਿਮਰਨਜੀਤ ਸਿੰਘ ਮਾਨ ਨੇ ਵੀ ਵਖਰੀ ਕਨਵੈਨਸ਼ਨ ਬੁਲਾ ਲਈ। ਉਧਰ ਹਰਿਆਣਾ ਕਮੇਟੀ ਨੇ ਵੀ 28 ਤਾਰੀਖ਼ ਨੂੰ ਕਨਵੈਨਸ਼ਨ ਬੁਲਾ ਲਈ। ਹੁਣ ਬਾਦਲ ਫਸ ਗਿਆ ਕਿਉਂਕਿ ਦੂਜੀਆਂ ਕਨਵੈਨਸ਼ਨਾਂ ਵਿਚ ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਨੇ ਪੁੱਜ ਜਾਣਾ ਸੀ ਤੇ ਬਾਦਲ ਦੀ ਕਨਵੈਨਸ਼ਨ ਵਿਚ ਸਿਰਫ਼ ਉਸ ਦੇ ਬੰਦੇ ਜਾਣੇ ਸਨ।ਇਸ ਕਰ ਕੇ ਨਮੋਸ਼ੀ ਅਤੇ ਬਦਨਾਮੀ

ਤੋਂ ਬਚਣ ਵਾਸਤੇ ਬਾਦਲ ਨੇ ਇਕ ਦਿਨ ਪਹਿਲਾਂ 26 ਜੁਲਾਈ ਨੂੰ ਅਕਾਲ ਤਖ਼ਤ ਦੇ ਪੁਜਾਰੀ ਗੁਰਬਚਨ ਸਿੰਘ ਨੂੰ ਕਹਿ ਕੇ ਉਸ ਤੋਂ "ਹੁਕਮ" ਜਾਰੀ ਕਰਵਾ ਕੇ ਸਾਰੀਆਂ ਕਨਵੈਨਸ਼ਨਾਂ 'ਤੇ ਰੋਕ ਲੁਆ ਦਿੱਤੀ। ਦੂਜਾ, ਭਾਰਤੀ ਜਨਤਾ ਪਾਰਟੀ ਨੇ ਵੀ ਬਾਦਲ ਨੂੰ ਕੋਈ ਗ਼ਲਤ ਕਦਮ ਉਠਾਉਣ ਤੋਂ ਰੋਕ ਦਿੱਤਾ ਸੀ। ਪ੍ਰਾਈਮ ਮਨਿਸਟਰ ਮੋਦੀ ਨੇ ਅਤੇ ਭਾਜਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਿਮਾਚਲ ਦੇ ਸਾਬਕਾ ਚੀਫ਼ ਮਨਿਸਟਰ ਸ਼ਾਂਤਾ ਰਾਮ ਨੇ ਬਾਦਲ ਨੂੰ ਨਿਜੀ ਤੌਰ 'ਤੇ ਵੀ ਵਾਰਨਿੰਗ ਦੇ ਦਿੱਤੀ ਸੀ।

ਇਨ੍ਹੀਂ ਦਿਨੀਂ ਹੀ ਬਾਦਲ ਦਲ ਨੇ 500 ਤੇ 1000 ਦੇ ਵਿਚਕਾਰ ਭਾੜੇ ਦੇ ਨਿਹੰਗ ਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫ਼ੋਰਸ ਦੇ ਮੁਲਾਜ਼ਮ ਅਤੇ ਦੂਜੇ ਮੁਲਾਜ਼ਮ ਤੇ ਸੈਂਕੜੇ ਅਕਾਲੀ ਲੀਡਰ ਬੱਸਾਂ ਵਿਚ ਭਰ ਕੇ ਹਰਿਆਣਾ ਨੂੰ ਭੇਜ ਦਿੱਤੇ, ਜਿਨ੍ਹਾਂ ਨੇ ਜਾ ਕੇ ਗੁਰਦੁਆਰਿਆਂ (ਖ਼ਾਸ ਕਰ ਕੇ ਕੁਰੂਕਸ਼ੇਤਰ, ਨਾਡਾ, ਪੰਜੋਖੜਾ ਤੇ ਅੰਬਾਲਾ) ਵਿਚ ਡੇਰੇ ਲਾ ਲਏ। (ਹਰਿਆਣਾ ਵਿਚ 52 ਗੁਰਦੁਆਰੇ ਹਨ, ਜਿਨ੍ਹਾਂ ਵਿਚੋਂ 8 ਤਵਾਰੀਖ਼ੀ ਅਹਮੀਅਤ ਵਾਲੇ ਹਨ; 17 ਗੁਰਦੁਆਰਿਆਂ ਦੀ ਆਮਦਨੀ 20 ਲੱਖ ਸਾਲਾਨਾ ਤੋਂ ਵਧ ਹੈ। ਗੁਰਦੁਆਰਿਆਂ ਕੋਲ: ਪੰਜੋਖੜਾ 39 ਏਕੜ, ਕੁਰੂਕਸ਼ੇਤਰ ਏਕੜ 136, ਨਾਡਾ 14 ਏਕੜ, ਧਮਤਾਨ 689 ਏਕੜ, ਜੀਂਦ 824 ਏਕੜ, ਪੀਰਾ 150 ਏਕੜ, ਕਪਾਲ ਮੋਚਨ 80 ਏਕੜ, ਅੰਬਾਲਾ 44 ਏਕੜ (ਕੁਲ 1876 ਏਕੜ) ਜ਼ਮੀਨ ਹੈ)। ਹਰਿਆਣਾ ਦੇ ਗੁਰਦੁਆਰਿਆਂ ਤੋਂ 300 ਕਰੋੜ ਦੇ ਕਰੀਬ ਆਮਦਨ ਹੈ ਜਿਸ ਨੂੰ ਬਾਦਲ ਆਪਣੀ ਜਾਗੀਰ ਸਮਝ ਕੇ ਨਿਜੀ ਫ਼ਾਇਦੇ ਵਾਸਤੇ ਵਰਤਦਾ ਹੈ।

ਪਹਿਲੀ ਅਗਸਤ ਦੇ ਦਿਨ ਪਰਮਜੀਤ ਸਿਘ ਸਰਨਾ ਪੁਜਾਰੀ ਗੁਰਬਚਨ ਸਿੰਘ ਨੂੰ ਮਿਲਿਆ। ਉਸ ਨਾਲ ਮੋਹਕਮ ਸਿੰਘ, ਗੁਰਦੀਪ ਸਿੰਘ ਬਠਿੰਡਾ ਤੇ ਡਾ. ਭਗਵਾਨ ਸਿੰਘ ਵੀ ਸਨ। ਸਰਨਾ ਦਾ ਇਹ ਐਕਸ਼ਨ ਅਜੀਬ ਸੀ ਕਿਉਂਕਿ ਗੁਰਬਚਨ ਸਿੰਗ ਤਾਂ ਬਾਦਲ ਦਾ ਗ਼ੁਲਾਮ ਹੈ; ਉਸ ਤੋਂ ਕਿਸੇ ਗੱਲ ਦੀ ਆਸ ਰੱਖਣਾ ਜਾਂ ਤਾਂ ਬਚਪਨਾ ਸੀ ਜਾਂ ਬੇਵਕੂਫ਼ੀ।
4 ਅਗਸਤ 2014 ਦੇ ਦਿਨ ਜਗਾਧਰੀ ਵਿਚ ਸਰਨਾ ਭਰਾਵਾਂ ਪਰਮਜੀਤ ਸਿੰਘ ਤੇ ਹਰਵਿੰਦਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਕੁਝ ਚੌਧਰੀਆਂ (ਅਵਤਾਰ ਸਿੰਘ ਮੱਕੜ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਦਲਜੀਤ ਸਿੰਘ ਚੀਮਾ) ਨੇ ਮਿਲ ਕੇ 5 'ਬੁੱਧੀਜੀਵੀਆਂ' ਦੀ ਇਕ ਕਮੇਟੀ ਬਣਾ ਕੇ ਮਸਲਾ ਉਸ ਹਵਾਲੇ ਕਰਨ ਦੀ ਪਲਾਨ ਬਣਾਈ। ਪਰ ਹਰਿਆਣਾ ਵਾਲਿਆਂ ਨੇ ਇਸ ਨੂੰ ਰੱਦ ਕਰ ਦਿੱਤਾ। ਡਰਾਮੇ ਮੁਤਾਬਿਕ ਲੌਂਗੋਵਾਲ ਤੋਂ ਰਾਜੀਵ-ਸਮਝੌਤੇ 'ਤੇ ਦਸਤਖ਼ਤ ਕਰਵਾ ਕੇ ਉਸ ਤੋਂ ਗ਼ਦਾਰੀ ਕਰਵਾਉਣ ਵਾਲੇ ਪ੍ਰਿਥੀਪਾਲ ਕਪੂਰ ਨੂੰ ਵਰਤ ਕੇ ਬਾਦਲ ਦਲ ਹਰਿਆਣਾ ਗੁਰਦੁਆਰਾ ਐਕਟ ਖ਼ਤਮ ਕਰਵਾਉਣ ਦੀ ਸਾਜ਼ਿਸ਼ ਸੀ।

17 ਜੁਲਾਈ

1924: ਜੈਤੋ ਮੋਰਚੇ ਵਿਚ ਗ੍ਰਿਫ਼ਤਾਰੀ ਦੇਣ ਵਾਸਤੇ ਸ਼ਹੀਦੀ ਜਥਾ ਕਨੇਡਾ ਤੋਂ ਚੱਲਿਆ

ਰਾਜਾ ਰਿਪਦੁਮਨ ਸਿੰਘ ਨਾਭਾ ਦੀ ਬਹਾਲੀ ਵਾਸਤੇ ਲੱਗੇ ਮੋਰਚੇ ਦੌਰਾਨ 21 ਫ਼ਰਵਰੀ 1924 ਦੇ ਦਿਨ ਜੈਤੋ ਵਿਚ ਪਹਿਲੇ ਸ਼ਹੀਦੀ ਜਥੇ 'ਤੇ ਗੋਲੀ ਚਲਾਏ ਜਾਣ ਦੇ ਬਾਵਜੂਦ ਸਿੱਖਾਂ ਦੇ ਹੌਸਲੇ ਨਾ ਸਿਰਫ਼ ਬ-ਦਸਤੂਰ ਕਾਇਮ ਰਹੇ, ਸਗੋਂ ਸਿੱਖਾਂ ਵਿਚ ਰੋਹ ਤੇ ਜੋਸ਼ ਦਾ ਵਾਧਾ ਹੋਇਆ। ਸਿੱਖ ਨੌਜਵਾਨ ਤੇ ਬੱਚੇ ਅਕਸਰ ਇਹ ਗਾਉਂਦੇ ਸੁਣੇ ਜਾਂਦੇ ਸਨ: 'ਨਾਭੇ ਜ਼ਰੂਰ ਜਾਵਾਂਗਾ, ਭਾਵੇਂ ਸਿਰ ਕਟ ਜਾਵੇ ਮੇਰਾ।' ਜਦੋਂ ਸ਼੍ਰੋਮਣੀ ਕਮੇਟੀ ਨੇ ਜੈਤੋ ਵਾਸਤੇ ਦੂਜਾ ਸ਼ਹੀਦੀ ਜਥਾ ਭੇਜਣ ਦਾ ਐਲਾਨ ਕੀਤਾ ਤਾਂ ਸੈਂਕੜੇ ਸਿੱਖ ਜਥੇ ਵਿਚ ਜਾਣ ਲਈ ਤਿਆਰ ਹੋ ਗਏ। ਜਥੇ ਵਿਚ ਜਾਣ ਦੀ ਮੰਗ ਇੰਨੀ ਜ਼ਿਆਦਾ ਸੀ ਕਿ ਦੇਰ ਨਾਲ ਪੁੱਜੇ ਸਿੱਖਾਂ ਨੂੰ ਨਿਰਾਸ਼ ਹੋ ਕੇ ਇਸ ਤੋਂ ਪਿੱਛੋਂ ਜਾਣ ਵਾਲੇ ਦੂਜੇ ਜਥਿਆਂ ਵਿਚ ਆਪਣੇ ਨਾਮ ਦਰਜ ਕਰਵਾਉਣੇ ਪਏ। ਜੈਤੋ ਵਿਚ ਵਰਤੇ

ਸਾਕੇ ਦੀ ਚਰਚਾ ਏਨੀ ਜ਼ਿਆਦਾ ਹੋ ਗਈ ਸੀ ਕਿ ਪ੍ਰਦੇਸੀ ਵਸਦੇ ਸਿੱਖ ਵੀ ਜੈਤੋ ਨੂੰ ਜਾਂਦੇ ਜਥਿਆਂ ਵਿਚ ਸ਼ਾਮਿਲ ਹੋਣ ਲਈ ਅੰਮ੍ਰਿਤਸਰ ਪੁੱਜੇ। ਕੈਨੇਡਾ ਤੋਂ ਯਾਰ੍ਹਾਂ ਸਿੱਖਾਂ ਦਾ ਜਥਾ 17 ਜੁਲਾਈ 1924 ਨੂੰ ਵੈਨਕੂਵਰ ਦੀ ਬੰਦਰਗਾਹ ਤੋਂ ਚੱਲਿਆ (ਜੋ 14 ਸਤੰਬਰ ਨੂੰ ਕਲਕੱਤੇ ਜਹਾਜ਼ੋਂ ਉੱਤਰਿਆ ਅਤੇ ਕਈ ਵੱਡੇ-ਵੱਡੇ ਸ਼ਹਿਰਾਂ ਤੋਂ ਹੁੰਦਾ ਹੋਇਆ 28 ਸਤੰਬਰ ਨੂੰ ਅੰਮ੍ਰਿਤਸਰ ਪੁੱਜਾ ਤੇ ਪੰਜਾਬ ਦੇ ਬਹੁਤ ਸਾਰੇ ਨਗਰਾਂ-ਪਿੰਡਾਂ ਅਤੇ ਸ਼ਹਿਰਾਂ ਅੰਦਰ ਪ੍ਰਚਾਰ ਕਰਨ ਮਗਰੋਂ 21 ਫ਼ਰਵਰੀ 1925 ਨੂੰ ਜੈਤੋ ਜਾ ਕੇ ਗ੍ਰਿਫ਼ਤਾਰ ਹੋ ਗਿਆ)।

1926: ਅਕਾਲੀ ਆਗੂ ਤੇਜਾ ਸਿੰਘ ਸਮੁੰਦਰੀ ਦੀ ਲਾਹੌਰ ਜੇਲ੍ਹ ਵਿਚ ਮੌਤ ਹੋਈ

ਸ. ਤੇਜਾ ਸਿੰਘ ਸਮੁੰਦਰੀ (ਪੁੱਤਰ ਭਾਈ ਦੇਵਾ ਸਿੰਘ) ਦਾ ਜਨਮ ਪਿੰਡ ਰਾਇਪੁਰ ਬਲੀਮ (ਜ਼ਿਲ੍ਹਾ ਅੰਮ੍ਰਿਤਸਰ) ਵਿਚ 20 ਫ਼ਰਵਰੀ 1881 ਦੇ ਦਿਨ ਹੋਇਆ ਸੀ। 13 ਸਾਲ ਦੀ ਉਮਰ ਵਿਚ ਉਹ ਬ੍ਰਿਟਿਸ਼ ਇੰਡੀਅਨ ਫ਼ੌਜ ਵਿਚ ਭਰਤੀ ਹੋ ਗਿਆ ਪਰ ਛੇਤੀ ਹੀ ਨੌਕਰੀ ਛੱਡ ਦਿੱਤੀ ਅਤੇ ਚੱਕ ਨੰਬਰ 140 (ਨੇੜੇ ਸਮੁੰਦਰੀ ਨਗਰ, ਜ਼ਿਲ੍ਹਾ ਲਾਇਲਪੋਰ, ਹੁਣ ਫ਼ੈਸਲਾਬਾਦ) ਰਹਿ ਕੇ ਖੇਤੀ ਕਰਨ ਲਗ ਪਿਆ। ਜਦ 1914 ਵਿਚ ਅੰਗਰੇਜ਼ੀ ਸਰਕਾਰ ਨੇ ਵਾਇਸਰਾਏ ਦੀ ਕੋਠੀ ਦਾ ਰਾਹ ਸਿੱਧਾ ਕਰਨ ਵਾਸਤੇ ਦਿੱਲੀ ਵਿਚ ਗੁਰਦੁਆਰਾ ਰਕਾਬ ਗੰਜ ਦੀ ਦੀਵਾਰ ਢਾਹ ਦਿੱਤੀ ਤਾਂ ਉਨ੍ਹਾਂ ਨੇ ਆਪਣੇ ਸਾਥੀਆਂ ਹਰਚੰਦ ਸਿੰਘ ਤੇ ਮਾਸਟਰ ਸੁੰਦਰ ਸਿੰਘ ਨਾਲ ਇਸ ਦੇ ਖ਼ਿਲਾਫ਼ ਜ਼ਬਰਦਸਤ ਲਹਿਰ ਚਲਾਈ। ਇਸੇ ਮਗਰੋਂ ਵੀ ਉਨ੍ਹਾਂ ਨੇ ਗੁਰਦੁਆਰਾ ਸੁਧਾਰ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ। ਨਵੰਬਰ 1920 ਵਿਚ ਜਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ ਤਾਂ ਉਹ ਇਸ ਦੇ ਮੈਂਬਰ ਚੁਣੇ ਗਏ। 12 ਅਕਤੂਬਰ 1923 ਦੇ ਦਿਨ ਜਦ ਬਰਤਾਨਵੀ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗ਼ੈਰ ਕਾਨੂੰਨੀ ਕਰਾਰ ਦੇ ਦਿੱਤਾ ਤਾਂ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਉਹ ਇਸ ਮਗਰੋਂ ਲਾਹੌਰ ਕਿਲ੍ਹੇ ਵਿਚ ਕੈਦ ਰਹੇ। 1925 ਵਿਚ ਗੁਰਦੁਆਰਾ ਐਕਟ ਬਣਨ ਮਗਰੋਂ ਸਰਕਾਰ ਨੇ ਮਾਮੂਲੀ ਸ਼ਰਤ 'ਤੇ ਅਕਾਲੀ ਆਗੂਆਂ ਨੂੰ ਰਿਹਾ ਕਰਨ ਦੀ ਪੇਸ਼ਕਸ਼ ਕੀਤੀ। ਮੁਖੀ ਆਗੂਆਂ ਵਿਚੋਂ 20 ਆਗੂਆਂ ਨੇ ਸ਼ਰਤਾਂ ਮੰਨ ਲਈਆਂ ਅਤੇ ਰਿਹਾ ਹੋ ਗਏ ਪਰ 15 ਅਕਾਲੀ ਆਗੂਆਂ ਨੇ ਮਾਮੂਲੀ ਸ਼ਰਤਾਂ ਮੰਨ ਕੇ ਵੀ ਰਿਹਾ ਤੋਂ ਇਨਕਾਰ ਕਰ ਦਿੱਤਾ। (ਇਹ ਸਾਰੇ 7 ਮਹੀਨੇ ਮਗਰੋਂ 27 ਸਤੰਬਰ 1926 ਨੂੰ ਰਿਹਾ ਹੋਏ।) ਇਹ ਅਕਾਲੀ ਆਗੂ ਸਨ: (1) ਤੇਜਾ ਸਿੰਘ ਸਮੁੰਦਰੀ (2) ਮਾਸਟਰ ਤਾਰਾ ਸਿੰਘ (3) ਭਾਗ ਸਿੰਘ ਵਕੀਲ (4) ਗੋਪਾਲ ਸਿੰਘ ਕੌਮੀ (5) ਸਰਮੁਖ ਸਿੰਘ ਝਬਾਲ (6) ਸੋਹਨ ਸਿੰਘ ਜੋਸ਼ (7) ਸੇਵਾ ਸਿਘ ਠੀਕਰੀਵਾਲਾ (ਰਿਹਾਈ ਬਹੁਤ ਮਗਰੋਂ ਹੋਈ) (8) ਤੇਜਾ ਸਿੰਘ ਅਕਰਪੁਰੀ (9) ਹਰੀ ਸਿੰਘ ਜਲੰਧਰੀ (10) ਗੁਰਚਰਨ ਸਿੰਘ ਵਕੀਲ (11) ਬਾਬੂ ਤ੍ਰਿਪਤ ਸਿੰਘ (12) ਸੰਤਾ ਸਿੰਘ ਸੁਲਤਾਨ ਵਿੰਡ (13) ਤੇਜਾ ਸਿੰਘ ਘਵਿੰਡ (14) ਹਰੀ ਸਿੰਘ ਐਡੀਟਰ ਅਕਾਲੀ (15) ਰਾਏ ਸਿੰਘ (ਦਲਜੀਤ ਸਿੰਘ) ਕਾਉਣੀ। ਸ. ਤੇਜਾ ਸਿੰਘ ਸਮੁੰਦਰੀ ਦੀ ਮੌਤ 17 ਜੁਲਾਈ 1926 ਨੂੰ ਜੇਲ੍ਹ ਵਿਚ ਹੋ ਗਈ।

1957: ਹਿੰਦੂਆਂ ਨੇ ਅੰਮ੍ਰਿਤਸਰ ਸਰੋਵਰ ਵਿਚ ਸਿਗਰਟਾਂ ਸੁੱਟੀਆਂ

1957 ਦੀਆਂ ਅਸੈਂਬਲੀ ਚੋਣਾਂ ਮਗਰੋਂ 3 ਅਪ੍ਰੈਲ ਨੂੰ ਪੰਜਾਬ ਦੀ ਨਵੀਂ ਵਜ਼ਾਰਤ ਬਣੀ। ਇਸ ਦੇ ਨਾਲ ਹੀ ਹਿੰਦੀ ਰਖਸ਼ਾ ਸੰਮਤੀ ਨੇ 30 ਅਪ੍ਰੈਲ ਤੋਂ ਪੰਜਾਬ ਵਿਚ ਪੰਜਾਬੀ ਲਾਗੂ ਕਰਨ ਦੇ ਖ਼ਿਲਾਫ਼ ਐਜੀਟੇਸ਼ਨ ਸ਼ੁਰੂ ਕਰ ਦਿੱਤੀ। ਇਸ ਸਬੰਧ ਵਿਚ (ਸਵਾਮੀ) ਆਤਮਾ ਨੰਦ ਨੇ ਸੈਕਟਰੀਏਟ ਦੇ ਬਾਹਰ ਧਰਨਾ ਸ਼ੁਰੂ ਕਰ ਦਿੱਤਾ। (ਪੰਜਾਬ ਸਰਕਾਰ ਨੇ ਧਰਨਾ ਚੁੱਕਣ ਲਈ ਕਈ ਵਾਰ 'ਹੱਥ ਜੋੜ ਕੇ' ਅਰਜ਼ ਕੀਤੀ ਪਰ ਉਹ ਨਾ ਮੰਨੇ। (ਇਸ ਗੱਲ ਦਾ ਮੁਕਾਬਲਾ 4

ਜੁਲਾਈ 1955 ਨੂੰ ਪੁਲਿਸ ਦੇ ਅਕਾਲੀ ਐਜੀਟੇਸ਼ਨ ਦੌਰਾਨ ਦਰਬਾਰ ਸਾਹਿਬ ਵਿਚ ਦਾਖ਼ਲ ਹੋ ਕੇ ਅਕਾਲੀਆਂ ਨੂੰ ਗ੍ਰਿਫ਼ਤਾਰ ਕਰਨ, ਲਾਠੀ ਚਾਰਜ, ਤੇ ਟੀਅਰ ਗੈਸ ਦੇ ਗੋਲੇ ਸੁੱਟਣ ਨਾਲ ਕੀਤਾ ਜਾ ਸਕਦਾ ਹੈ। ਦਰਅਸਲ ਇਹ ਸਰਕਾਰ ਦੀ ਮਰਜ਼ੀ ਨਾਲ ਚਲਣ ਵਾਲਾ ਮੋਰਚਾ ਸੀ। ਇਸ ਧਰਨੇ 'ਤੇ ਬੈਠੇ ਆਗੂ ਕਈ ਵਾਰ ਸੈਕਟਰੀਏਟ ਜਾ ਕੇ ਪ੍ਰਤਾਪ ਸਿੰਘ ਕੈਰੋਂ ਤੇ ਹੋਰ ਕਾਂਗਰਸੀਆਂ ਨੂੰ ਮਿਲ ਕੇ ਵਿਚਾਰਾਂ ਕਰਦੇ ਰਹਿੰਦੇ ਸਨ)। ਫ਼ਿਰਕੂ ਹਿੰਦੂਆਂ ਦੇ ਇਸ ਮੋਰਚੇ ਵਿਰੁਧ ਜਵਾਬੀ ਮੋਰਚਾ ਲਾਉਣ ਲਈ 'ਪੰਜਾਬੀ ਰੱਖਿਆ ਸੰਮਤੀ' ਬਣਾਈ ਗਈ ਜਿਸ ਦਾ ਡਿਕਟੇਟਰ ਜਥੇਦਾਰ ਪ੍ਰੀਤਮ ਸਿੰਘ ਗੋਜਰਾਂ ਨੂੰ ਬਣਾਇਆ ਗਿਆ। 16 ਜੂਨ 1957 ਨੂੰ 'ਪੰਜਾਬੀ ਰੱਖਿਆ ਸੰਮਤੀ' ਦੀ ਕਨਵੈਨਸ਼ਨ ਜਲੰਧਰ ਵਿਚ ਹੋਈ ਜਿਸ ਵਿਚ ਪੈਪਸੂ ਫ਼ਾਰਮੂਲੇ ਨੂੰ ਪੰਜਾਬ ਵਿਚ ਲਾਗੂ ਕਰਨ ਤੇ ਪੰਜਾਬੀ ਯੂਨੀਵਰਸਿਟੀ ਬਨਾਉਣ ਦੀ ਮੰਗ ਕੀਤੀ। ਕਨਵੈਨਸ਼ਨ ਨੇ 28 ਜੂਨ 1957 ਨੂੰ 'ਪੰਜਾਬੀ ਰੱਖਿਆ ਦਿਨ' ਮਨਾਇਆ। ਗਿਆਨੀ ਕਰਤਾਰ ਸਿੰਘ ਨੇ ਇਕ ਬਿਆਨ ਵਿਚ ਵਾਰਨਿੰਗ ਦਿੱਤੀ ਕਿ ਜੇ ਰਿਜਨਲ ਫ਼ਾਰਮੂਲਾ ਫੇਲ੍ਹ ਹੋਇਆ ਤਾਂ ਪੰਜਾਬੀ ਸੂਬੇ ਦਾ ਮੋਰਚਾ ਫੇਰ ਸ਼ੁਰੂ ਹੋਵੇਗਾ। ਲਾਲ ਚੰਦ ਸਭਰਵਾਲ ਨੇ ਧਮਕੀ ਦਿੱਤੀ ਕਿ "ਜੇ ਪੰਜਾਬੀ ਲਾਗੂ ਕਰਨ ਵਿਚ ਜ਼ਬਰਦਸਤੀ ਕੀਤੀ ਤਾਂ ਸ਼ਹਿਰਾਂ ਦੇ ਗਲੀ-ਬਜ਼ਾਰਾਂ ਵਿਚ ਲੜਾਈ ਹੋਵੇਗੀ।" ਸਾਰੇ ਆਰੀਆ ਸਮਾਜੀ ਨੇਤਾ ਪੰਜਾਬੀ ਦੇ ਖ਼ਿਲਾਫ਼ ਬਿਆਨ ਦੇ ਰਹੇ ਸਨ। ਹੁਕਮ ਸਿੰਘ ਨੇ ਇਕ ਬਿਆਨ ਵਿਚ ਮਹਾਸ਼ਾ ਮੋਰਚੇ ਨੂੰ 'ਪੰਜਾਬੀ ਨੂੰ ਖ਼ਤਮ ਕਰਨ ਦਾ ਮੋਰਚਾ' ਦੱਸਿਆ। ਦੂਜੇ ਪਾਸੇ ਮਹਾਸ਼ੇ ਸਵਾਮੀ ਆਤਮਾ ਨੰਦ ਨੇ ਕਿਹਾ ਕਿ, ''ਰਿਜਨਲ ਫ਼ਾਰਮੂਲੇ ਦਾ ਮਤਲਬ ਹੈ ਪੰਜਾਬ ਨੂੰ 'ਸਿੱਖਸਤਾਨ' ਬਣਾਉਣਾ। ਪੰਜਾਬੀ ਸੂਬੇ ਦਾ ਮਤਲਬ ਹੈ ਖ਼ਾਲਿਸਤਾਨ''। ਇਹ ਸੀ ਪੰਜਾਬ ਅਤੇ ਬਾਕੀ ਭਾਰਤ ਦੇ ਫ਼ਿਰਕੂ ਹਿੰਦੂ ਦੀ ਸੋਚ ਅਤੇ ਉਨ੍ਹਾਂ ਅੰਦਰ ਸਿੱਖ ਦੁਸ਼ਮਣੀ ਦਾ ਜਜ਼ਬਾ। ਜੂਨ ਦੇ ਅਖ਼ੀਰ ਵਿਚ ਹਿੰਦੀ ਐਜੀਟੇਸ਼ਨ ਦੇ ਆਗੂਆਂ ਵਿਚ ਫੁਟ ਪੈ ਗਈ। ਆਨੰਦ ਸਵਾਮੀ ਨੇ ਐਜੀਟੇਸ਼ਨ ਬੰਦ ਕਰਨ ਲਈ ਅਪੀਲ ਕੀਤੀ ਇਸ ਤੇ ਉਸ ਨੂੰ ਕਮੇਟੀ 'ਚੋਂ ਕੱਢ ਦਿੱਤਾ ਗਿਆ। ਇਸ ਤਰ੍ਹਾਂ ਕੁਝ ਹੋਰ ਆਗੂ ਵੀ ਐਜੀਟੇਸ਼ਨ ਮੁਲਤਵੀ ਕਰਨ ਜਾਂ ਖ਼ਤਮ ਕਰਨ ਲਈ ਜ਼ੋਰ ਦੇ ਰਹੇ ਸਨ।

ਇਹ 'ਹਿੰਦੀ' ਐਜੀਟੇਸ਼ਨ ਦਰਅਸਲ 'ਐਂਟੀ-ਸਿੱਖ' ਐਜੀਟੇਸ਼ਨ ਸੀ। ਹਿੰਦੂਆਂ ਦਾ ਨਿਸ਼ਾਨਾ ਸਿਰਫ਼ ਸਿੱਖ ਸਨ ਅਤੇ 17 ਜੁਲਾਈ 1957 ਦੇ ਦਿਨ ਮਹਾਸ਼ਿਆਂ ਦੀ ਕਰਤੂਤ ਨੇ ਇਹ ਸਾਬਿਤ ਵੀ ਕਰ ਦਿੱਤਾ। ਇਸ ਦਿਨ ਮਹਾਸ਼ਿਆਂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਵਿਚ ਸਿਗਰਟਾਂ ਸੁੱਟੀਆਂ। ਇਸ ਦੇ ਖ਼ਿਲਾਫ਼ ਅਗਲੇ ਦਿਨ ਪਟਿਆਲੇ ਵਿਚ ਪੂਰੀ ਹੜਤਾਲ ਹੋਈ ਅਤੇ 5000 ਸਿੱਖਾਂ ਨੇ ਇਕ ਪ੍ਰੋਟੈਸਟ ਜਲੂਸ ਕੱਢਿਆ। ਇਸ ਦੇ ਨਾਲ ਹੀ ਸਿੱਖਾਂ ਨੇ ਖਿਝ ਕੇ ਬਿਆਨ ਦੇਣੇ ਸ਼ੁਰੂ ਕੀਤੇ ਕਿ ਜੇ ਪੰਜਾਬੀ ਨਹੀਂ ਪੜ੍ਹੀ ਜਾਵੇਗੀ ਤਾਂ ਹਿੰਦੀ ਵੀ ਲਿੰਕ ਬੋਲੀ ਨਹੀਂ ਮੰਨੀ ਜਾਵੇਗੀ।

1984: ਜਥੇਦਾਰ ਤਲਵਿੰਦਰ ਸਿੰਘ ਦੀ ਜਰਮਨ ਜੇਲ੍ਹ ਚੋਂ ਰਿਹਾਈ ਹੋਈ

ਨਿਰੰਕਾਰੀ ਕਾਂਡ (13 ਅਪ੍ਰੈਲ 1978) ਤੋਂ ਮਗਰੋਂ, ਅਤੇ ਖ਼ਾਸ ਕਰ ਕੇ ਗੁਰਬਚਨ ਸਿੰਘ ਨਿਰੰਕਾਰੀ ਅਤੇ ਉਸ ਦੇ 60 ਸਾਥੀਆਂ ਦੇ ਕਤਲ ਕੇਸ ਵਿਚੋਂ ਮੁਕੱਦਮੇ ਵਿਚੋਂ ਬਰੀ ਹੋਣ ਮਗਰੋਂ, ਵੈਨਕੂਵਰ (ਕਨੇਡਾ) ਵੱਖ-ਵੱਖ ਹਿੱਸਿਆਂ ਦੇ ਜੁਝਾਰੂ ਸਿੱਖ ਇਕੱਠੇ ਹੋਏ ਅਤੇ ਉਨ੍ਹਾਂ ਨੇ ਇਸ ਬੇਇਨਸਾਫ਼ੀ ਦੇ ਖ਼ਿਲਾਫ਼ ਹਥਿਆਰਬੰਦ ਜੱਦੋਜਹਿਦ ਚਲਾਉਣਾ ਦਾ ਫ਼ੈਸਲਾ ਕੀਤਾ, ਮਗਰੋਂ ਇਹ ਜਥੇਬੰਦੀ 'ਬਬਰ ਖ਼ਾਲਸਾ' ਦੇ ਰੂਪ ਵਿਚ ਵਜੂਦ ਵਿਚ ਆਈ। ਬਬਰ ਖ਼ਾਲਸਾ ਦੇ ਮੋਢੀ ਜਥੇਦਾਰ ਤਲਵਿੰਦਰ ਸਿੰਘ ਕਨੇਡਾ ਸਨ ਅਤੇ ਇਸ ਵਿਚ ਹੇਠ ਲਿਖੇ ਵਰਕਰ ਸ਼ਾਮਿਲ ਸਨ: ਅਮਰਜੀਤ ਸਿੰਘ, ਸੇਵਾ ਸਿੰਘ (ਹੁਣ ਸੇਵਾ ਸਿੰਘ ਤਰਮਾਲਾ ਪਖੰਡੀ), ਗੁਰਨਾਮ ਸਿੰਘ (ਤਿੰਨੇ

ਪੁਲੀਸ ਅਫਸਰ ਫਰੀਦਕੋਟ), ਅਜਾਇਬ ਸਿੰਘ ਬਾਗੜੀ (ਕੈਮਲੂਪ, ਕਨੇਡਾ), ਸੁਰਿੰਦਰ ਸਿੰਘ, ਸੁਖਦੇਵ ਸਿੰਘ ਦਾਸੂਵਾਲ, ਕੁਲਵੰਤ ਸਿੰਘ ਨਾਗੋਕੇ, ਅਮਰਜੀਤ ਸਿੰਘ ਦਹੇੜੂ, ਗੁਰਮੀਤ ਸਿੰਘ ਧੂਲਕੋਟ, ਸੁਰਿੰਦਰ ਸਿੰਘ ਜਗਾਧਰੀ, ਸੁਰਜੀਤ ਸਿੰਘ ਰਾਮਪੁਰ ਬਿਸ਼ਨੋਈਆਂ, ਤਰਸੇਮ ਸਿੰਘ, ਵਧਾਵਾ ਸਿੰਘ ਸੰਧੂ ਚੱਠਾ ਵਗ਼ੈਰਾ। ਦਲ ਖ਼ਾਲਸਾ ਵਲੋਂ 29 ਸਤੰਬਰ 1981 ਦੀ ਹਾਈਜੈਕਿੰਗ ਵੇਲੇ ਵੀ ਮਾਲੀ ਮਦਦ ਜਥੇਦਾਰ ਤਲਵਿੰਦਰ ਸਿੰਘ ਦਾ ਹੀ ਕੀਤੀ ਸੀ। ਜਥੇਦਾਰ ਤਲਵਿੰਦਰ ਸਿੰਘ 1981 ਵਿਚ ਪੰਜਾਬ ਵਿਚ ਸੀ ਤੇ ਉਸ ਨੇ ਪੰਜਾਬ ਵਿਚ ਕਈ ਖਾੜਕੂ ਐਕਸ਼ਨ ਕਰਵਾਏ ਸਨ। ਜਥੇਬੰਦੀ ਦਾ ਰਾਜ਼ ਖੁਲ੍ਹ ਜਾਣ ਮਗਰੋਂ ਉਹ ਵਾਪਿਸ ਕਨੇਡਾ ਚਲਾ ਗਿਆ ਸੀ। 1983 ਵਿਚ ਉਹ ਯੂਰਪ ਆਇਆ ਅਤੇ ਉਥੇ ਬਬਰ ਖ਼ਾਲਸਾ ਨੂੰ ਜਥੇਬੰਦ ਕੀਤਾ ਸੀ।

ਬਾਅਦ ਵਿਚ ਕੁਝ ਮੈਂਬਰਾਂ ਦੀ ਇਖ਼ਲਾਕੀ ਕਮਜ਼ੋਰੀ ਕਾਰਨ ਜਥੇਬੰਦੀ ਦੇ ਇਨ੍ਹਾਂ ਮੈਂਬਰਾਂ ਨੇ ਸਾਜ਼ਿਸਾਂ ਸ਼ੁਰੂ ਦਿੱਤੀਆਂ। ਇਸ ਨਾਲ ਜਥੇਬੰਦੀ ਦੇ ਬਹੁਤ ਸਾਰੇ ਰਾਜ਼ ਬਾਹਰ ਆਏ, ਨਾਲ ਹੀ ਬਦਨਾਮੀ ਵੀ ਹੱਦ ਦਰਜੇ ਦੀ ਹੋਈ। ਇਨ੍ਹਾਂ ਤਫ਼ੱਰਕਾਤ ਦਾ ਫ਼ਾਇਦਾ ਯੂਰਪ ਦੇ ਕੁਝ ਬੰਦਿਆਂ ਨੇ ਉਠਾਇਆ ਅਤੇ ਉਹ ਵੀ ਸਜ਼ਿਸ਼ਾਂ ਵਿਚ ਸ਼ਾਮਿਲ ਹੋ ਗਏ। ਇਸੇ ਦੀਰਖਾ ਕਾਰਨ ਜੂਨ 1983 ਵਿਚ ਜਥੇਦਾਰ ਤਲਵਿੰਦਰ ਸਿੰਘ ਨੂੰ ਇੰਟਰਪੋਲ ਰਾਹੀਂ ਗ੍ਰਿਫ਼ਤਾਰ ਕਰਵਾਇਆ ਗਿਆ ਸੀ।

17 ਜੂਨ 1983 ਦੇ ਦਿਨ ਹਾਲੈਂਡ ਤੋਂ ਜਰਮਨ ਵਿਚ ਦਾਖਲ ਹੁੰਦਿਆਂ ਜਥੇਦਾਰ ਤਲਵਿੰਦਰ ਸਿੰਘ ਨੂੰ ਜਰਮਨ ਦੀ ਇੰਟਰਪੋਲ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ। ਜਥੇਦਾਰ ਤਲਵਿੰਦਰ ਸਿੰਘ ਮੁਤਾਬਿਕ ਉਸ ਦੀ ਇਸ ਗ੍ਰਿਫ਼ਤਾਰੀ ਪਿੱਛੇ ਉਸ ਦੇ ਕੁਝ ਸਾਬਕਾ ਸਾਥੀਆਂ (ਸਤਨਾਮ ਸਿੰਘ ਤੇ ਵਧਾਵਾ ਸਿੰਘ) ਦੀ ਸਾਜ਼ਿਸ਼ ਸੀ। ਇਕ ਦੂਜੇ ਦੇ ਖ਼ਿਲਾਫ਼ ਸਾਜ਼ਸ਼ਾਂ ਕਰ ਕੇ ਗ੍ਰਿਫ਼ਤਾਰ ਕਰਵਾਉਣ ਦੀਆਂ ਸਾਜ਼ਿਸ਼ਾਂ ਦੀ ਸ਼ੁਰੂਆਤ ਇੱਥੋਂ ਹੀ ਹੋਈ ਸੀ (ਭਾਰਤ ਸਰਕਾਰ ਨੇ ਜਥੇਦਾਰ ਤਲਵਿੰਦਰ ਸਿੰਘ ਦੀ ਭਾਰਤ ਨੂੰ ਹਵਾਲਗੀ ਵਾਸਤੇ ਮੁਕੱਦਮਾ ਚਲਾਇਆ ਪਰ ਭਾਰਤ ਸਰਕਾਰ ਆਪਣਾ ਕੇਸ ਸਾਬਿਤ ਨਾ ਕਰ ਸਕੀ ਤੇ ਇਕ ਸਾਲ ਦੀ ਕੈਦ ਮਗਰੋਂ 17 ਜੁਲਾਈ 1984 ਨੂੰ ਉਸ ਨੂੰ ਰਿਹਾ ਕਰ ਦਿੱਤਾ ਗਿਆ)।

1989: ਗੁਰਵਿੰਦਰ ਸਿੰਘ ਢਡਿਆਲਾ ਨੱਟ, ਗੁਰਦੇਵ ਸਿੰਘ ਰਿਆਲੀ ਕਲਾਂ, ਬਲਵਿੰਦਰ ਸਿੰਘ ਢਿੱਲੋ ਸੁਲਤਾਨਪੁਰ, ਕੁਲਵਿੰਦਰ ਸਿੰਘ ਫਗਵਾੜਾ ਤੇ ਗੁਰਿੰਦਰ ਸਿੰਘ ਖੈਰਾਬਾਦ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

17 ਜੁਲਾਈ 1989 ਦੇ ਦਿਨ ਪੰਜਾਬ ਪੁਲਸ ਨੇ ਗੁਰਵਿੰਦਰ ਸਿੰਘ (ਪੁੱਤਰ ਹਰਭਜਨ ਸਿੰਘ, ਵਾਸੀ ਢਡਿਆਲਾ ਨੱਟ, ਜ਼ਿਲ੍ਹਾ ਗੁਰਦਾਸਪੁਰ) ਤੇ ਗੁਰਦੇਵ ਸਿੰਘ (ਪੁੱਤਰ ਲੱਖਾ ਸਿੰਘ, ਵਾਸੀ ਰਿਆਲੀ ਕਲਾਂ, ਜ਼ਿਲ੍ਹਾ ਗੁਰਦਾਸਪੁਰ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਹੀ ਪੰਜਾਬ ਪੁਲਸ ਨੇ ਬਲਵਿੰਦਰ ਸਿੰਘ ਢਿੱਲੋ ਉਰਫ਼ ਹੈਪੀ (ਵਾਸੀ ਸੁਲਤਾਨਪੁਰ), ਕੁਲਵਿੰਦਰ ਸਿੰਘ ਪੋਲਾ (ਵਾਸੀ ਫਗਵਾੜਾ) ਤੇ ਗੁਰਿੰਦਰ ਸਿੰਘ (ਵਾਸੀ ਖੈਰਾਬਾਦ, ਰੋਪੜ) ਨੂੰ ਵੀ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਨਰਿੰਦਰ ਸਿੰਘ ਠੱਠੀ ਕਲਾਂ, ਕੁਲਵਿੰਦਰ ਸਿੰਘ ਖੁਜਾਲਾ ਖੁਰਦ, ਮੋਹਣ ਸਿੰਘ ਪੰਨੂਆਂ ਤੇ ਜਗੀਰ ਸਿੰਘ ਖਰੀਵਾਲ ਸੋਹੀਆਂ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

17 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਨਰਿੰਦਰ ਸਿੰਘ (ਪੁੱਤਰ ਹੁਕਮ ਸਿੰਘ, ਵਾਸੀ ਠੱਠੀ ਕਲਾਂ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਹੀ ਪੰਜਾਬ ਪੁਲਸ ਨੇ ਕੁਲਵਿੰਦਰ ਸਿੰਘ ਪੱਪਾ (ਵਾਸੀ ਖੁਜਾਲਾ ਖੁਰਦ, ਫ਼ੀਰੋਜਪੁਰ, ਮੋਹਣ ਸਿੰਘ ਬਬਰ (ਵਾਸੀ ਪੰਨੂਆਂ, ਰੋਪੜ),

ਜਗੀਰ ਸਿੰਘ ਖਿਲੀ (ਵਾਸੀ ਖਰੀਵਾਲ ਸੋਹੀਆਂ) ਨੂੰ ਵੀ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1992: ਪਰਮਜੀਤ ਸਿੰਘ ਉਦੋਕੇ ਤੇ ਜਗੀਰ ਸਿੰਘ ਬਬਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਸਤਾਰਾਂ ਜੁਲਾਈ 1992 ਦੇ ਦਿਨ ਪੁਲਸ ਨੇ ਪਰਮਜੀਤ ਸਿੰਘ (ਪੁੱਤਰ ਤਰਲੋਕ ਸਿੰਘ, ਵਾਸੀ ਉਦੋਕੇ), ਜਗੀਰ ਸਿੰਘ ਬਬਰ ਤੇ ਨੌਂ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

18 ਜੁਲਾਈ

1635: ਗੁਰੂ ਹਰਗੋਬਿੰਦ ਸਾਹਿਬ ਨਵਾਬ ਦੇ ਸੱਦੇ 'ਤੇ ਰੋਪੜ ਪੁੱਜੇ

ਗੁਰੂ ਹਰਗੋਬਿੰਦ ਸਾਹਿਬ ਜੀ ਤਿੰਨ ਮਈ 1635 ਤੋਂ ਕੀਰਤਪੁਰ ਰਹਿਣ ਲਗ ਪਏ ਸਨ। ਕੀਰਤਪੁਰ ਸਾਹਿਬ ਵਿਚ ਰਹਿੰਦਿਆਂ ਗੁਰੂ ਸਾਹਿਬ ਕੋਲ ਬਿਲਾਸਪੁਰ, ਹੰਡੂਰ (ਨਾਲਾਗੜ੍ਹ) ਅਤੇ ਕਈ ਹੋਰ ਰਿਆਸਤਾਂ ਦੇ ਰਾਜੇ ਆਉਣ ਲਗ ਪਏ। ਇਨ੍ਹਾਂ ਦਿਨਾਂ ਵਿਚ ਹੀ ਰੂਪੜ (ਹੁਣ ਰੋਪੜ) ਦੇ ਨਵਾਬ ਨੇ ਹੰਡੂਰ ਦੇ ਰਾਜੇ 'ਤੇ ਹਮਲਾ ਕਰਨ ਦੀ ਧਮਕੀ ਦਿਤੀ ਤਾਂ ਉਹ ਗੁਰੂ ਸਾਹਿਬ ਕੋਲ ਅਰਜ਼ ਕਰਨ ਆ ਪੁੱਜਾ। ਗੁਰੂ ਸਾਹਿਬ ਨੇ ਉਸ ਦੀ ਮਦਦ ਕਰਨ ਵਾਸਤੇ ਆਪਣੇ ਬੇਟੇ (ਬਾਬਾ) ਗੁਰਦਿੱਤਾ ਦੀ ਅਗਵਾਈ ਵਿਚ 100 ਸਿੱਖਾਂ ਦਾ ਜੱਥਾ ਭੇਜ ਦਿਤਾ। ਪਹਿਲੀ ਜੁਲਾਈ 1635 ਦੇ ਦਿਨ ਨੰਗਲ ਗੁਜਰਾਂ (ਹੁਣ ਨੰਗਲ ਸਰਸਾ) ਪਿੰਡ ਵਿਚ ਹੋਈ ਲੜਾਈ ਵਿਚ ਰੋਪੜ (ਉਦੋਂ ਰੂਪੜ) ਦੀਆਂ ਫ਼ੌਜਾਂ ਦਾ ਬੜਾ ਨੁਕਸਾਨ ਹੋਇਆ। ਇਸ 'ਤੇ ਰੋਪੜ ਦੇ ਨਵਾਬ ਨੇ ਕੋਟਲਾ ਸ਼ਮਸ ਖ਼ਾਨ (ਹੁਣ ਕੋਟਲਾ ਨਿਹੰਗ ਖ਼ਾਨ) ਦੇ ਮਾਲਿਕ ਸ਼ਮਸ ਖ਼ਾਨ ਰਾਹੀਂ ਗੁਰੂ ਸਾਹਿਬ ਦੀ ਸਰਦਾਰੀ ਕਬੂਲ ਕਰ ਲਈ 'ਤੇ ਉਸ ਨੇ ਗੁਰੂ ਸਾਹਿਬ ਨੂੰ ਆਪਣੇ ਮਹਿਲ ਵਿਚ ਦਾਅਵਤ 'ਤੇ ਬੁਲਾਇਆ। ਗੁਰੂ ਸਾਹਿਬ 18 ਜੁਲਾਈ 1635 ਦੇ ਦਿਨ ਰੂਪੜ ਪੁੱਜੇ ਤੇ ਇਕ ਰਾਤ ਉਹ ਨਵਾਬ ਦੇ ਮਹਿਲ ਵਿਚ ਮਹਿਮਾਨ ਬਣ ਕੇ ਰਹੇ (ਜਿਸ ਥਾਂ ਉਹ ਮਹਿਲ ਅਤੇ ਕਿਲ੍ਹਾ ਸੀ ਹੁਣ ਉਹ ਥੇਹ ਬਣ ਚੁਕਾ ਹੈ ਅਤੇ ਕੁਝ ਸਾਲ ਪਹਿਲਾਂ ਆਰਕੀਆਲੋਜੀਕਲ ਮਹਿਕਮੇ ਨੇ ਉੱਥੇ ਇਕ ਛੋਟਾ ਜਿਹੀ ਕਿਲ੍ਹਾ-ਨੁਮਾ ਈਮਾਰਤ ਬਣਾਈ ਹੈ)। 19 ਤੇ 20 ਤਾਰੀਖ਼ ਨੂੰ ਗੁਰੂ ਸਾਹਿਬ ਕੋਟਲਾ ਸ਼ਮਸ ਖ਼ਾਨ (ਹੁਣ ਕੋਟਲਾ ਨਿਹੰਗ ਖ਼ਾਨ) ਵਿਚ ਖ਼ਾਨ ਦੇ ਘਰ ਵਿਚ ਰਹੇ। ਇਸ ਮਗਰੋਂ ਜਦ ਤਕ ਗੁਰੂ ਸਾਹਿਬ ਕੀਰਤਪੁਰ ਸਾਹਿਬ ਵਿਚ ਰਹੇ ਕਿਸੇ ਵੀ ਮੁਗ਼ਲ ਨੇ ਕਿਸੇ ਵੀ ਹਿੰਦੂ ਰਿਆਸਤ 'ਤੇ ਹਮਲਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।

1982: ਪਟਿਆਲੇ ਵਿਚ ਇਕ ਮੰਦਰ ਦੇ ਬਾਹਰ ਗਾਂ ਦੀ ਪੂੱਛ ਸੁੱਟੀ ਗਈ

ਪਟਿਆਲੇ ਵਿਚ ਹਿੰਦੂਆਂ ਨੇ 22 ਜੂਨ 1982 ਨੂੰ ਸਿੱਖਾਂ 'ਤੇ ਹਮਲੇ ਕੀਤੇ ਸਨ ਅਤੇ ਬਹੁਤ ਸਾਰੇ ਸਿੱਖਾਂ ਨੂੰ ਜ਼ਖ਼ਮੀ ਕੀਤਾ ਸੀ। ਇਸ ਦਾ ਗੁੱਸਾ ਖਾੜਕੂ ਸਿੱਖਾਂ ਨੂੰ ਸੀ। ਇਸ ਨੂੰ ਸਾਹਵੇਂ ਰੱਖ ਕੇ ਉਨ੍ਹਾਂ ਨੇ 18 ਜੁਲਾਈ 1982 ਦੇ ਦਿਨ ਪਟਿਆਲੇ ਵਿਚ ਇਕ ਮੰਦਰ ਦੇ ਬਾਹਰ ਗਾਂ ਦੀ ਪੂੱਛ ਦੇ ਸੁੱਟ ਦਿੱਤੀ ਜਿਸ ਨਾਲ ਸ਼ਹਿਰ ਵਿਚ ਫ਼ਸਾਦ ਹੋਇਆ। ਹਿੰਦੂਆਂ ਨੇ ਇਕ 'ਪ੍ਰੋਟੈਸਟ' ਜਲਸਾ ਕੀਤਾ। ਇਸ ਜਲਸੇ ਵਿਚ ਕਾਂਗਰਸੀ ਚੌਧਰੀ ਰੂਪ ਲਾਲ ਬਤਰਾ, ਰਿਖੀ ਰਾਮ ਬਜਾਜ, ਰਾਮੇਸ਼ਵਰ ਦਾਸ ਤੇ ਕਾਲੀ ਚਰਨ, ਐਸ.ਪੀ. ਜੈਨ, ਜਗਨ ਨਾਥ ਵਗ਼ੈਰਾ ਨੇ ਲੈਕਚਰ ਕੀਤੇ ਤੇ ਸਿੱਖਾਂ ਨੂੰ ਧਮਕੀਆਂ ਦਿਤੀਆਂ। ਇਹ ਸਾਰੇ ਕਾਂਗਰਸੀ ਸਨ, ਜਨਸੰਘੀ (ਹੁਣ ਭਾਜਪਾ) ਨਹੀਂ ਸਨ।

1982: ਪੁਲੀਸ ਨੇ ਭਿੰਡਰਾਂ-ਮਹਿਤਾ ਜਥਾ (ਚੌਕ ਮਹਿਤਾ ਡੇਰਾ) ਦੀ ਜੀਪ ਖੋਹੀ ਤੇ ਇਸ ਵਿਚ ਸਵਾਰ ਤਿੰਨੇ ਜਣੇ ਗ੍ਰਿਫ਼ਤਾਰ ਕੀਤੇ

ਜੁਲਾਈ 1982 ਵਿਚ ਪੰਜਾਬ ਤੇ ਭਾਰਤ ਸਰਕਾਰ ਨੇ ਭਿੰਡਰਾਂਵਾਲਿਆਂ ਨਾਲ ਵੱਡੀ ਅਤੇ ਲੰਬੀ ਲੜਾਈ ਛੇੜ ਦਿੱਤੀ (ਜਿਸ ਦਾ ਪਹਿਲਾ ਪੜਾਅ ਜੂਨ 1984 ਤਕ ਜਾਰੀ ਰਿਹਾ ਅਤੇ ਦੂਜਾ ਪੜਾਅ ਦਰਬਾਰ ਸਾਹਿਬ 'ਤੇ ਹਮਲੇ ਤੋਂ ਮਗਰੋਂ ਸ਼ੁਰੂ ਹੋਇਆ)। ਇਸ ਟੱਕਰ ਦੀ ਸ਼ੁਰੂਆਤ ਪੁਲੀਸ ਵੱਲੋਂ 18 ਜੁਲਾਈ 1982 ਦੇ ਦਿਨ ਕੀਤੀ ਗਈ। ਇਸ ਦਿਨ ਪੁਲੀਸ ਨੇ ਭਿੰਡਰਾਂ-ਮਹਿਤਾ ਜਥਾ ਦੀ ਜੀਪ, ਜਿਸ ਵਿਚ ਤਿੰਨ ਜਣੇ ਸਵਾਰ ਸਨ, ਖੋਹ ਲਈ ਤੇ ਇਸ ਵਿਚ ਸਵਾਰ ਤਿੰਨੇ ਸਿੱਖ ਗ੍ਰਿਫ਼ਤਾਰ ਕਰ ਲਏ ਗਏ। ਉਨ੍ਹਾਂ ਤੋਂ 16000 ਰੁਪਏ ਦੇ ਕਰੰਸੀ ਨੋਟ, 455 ਨੰਬਰ ਦਾ ਰਿਵਾਲਵਰ ਅਤੇ 23 ਕਾਰਤੂਸ ਵੀ ਖੋਹ ਲਏ।

1986: ਰਬੇਰੋ ਨੇ 'ਅਪਰੇਸ਼ਨ ਮੰਡ' ਦੇ ਨਾਂ 'ਤੇ 'ਅਪਰੇਸ਼ਨ ਫ਼ਰਾਡ' ਕੀਤਾ

18 ਜੁਲਾਈ 1986 ਦੇ ਦਿਨ ਚੀਫ਼ ਮਨਿਸਟਰ ਸੁਰਜੀਤ ਬਰਨਾਲਾ ਦੇ ਹੁਕਮ ਹੇਠ ਪੁਲਸ ਮੁਖੀ ਰਬੈਰੋ ਨੇ ਪੁਲੀਸ, ਬੀ.ਐਸ.ਐਫ਼. ਅਤੇ ਸੀ.ਆਰ.ਪੀ. ਦੇ 2000 ਸਿਪਾਹੀਆਂ ਦੀਆਂ 20 ਕੰਪਨੀਆਂ ਨਾਲ ਮੰਡ ਏਰੀਏ ਨੂੰ ਘੇਰਾ ਪਾ ਲਿਆ ਅਤੇ 'ਅਪਰੇਸ਼ਨ ਮੰਡ' ਦੇ ਨਾਂ ਹੇਠ ਖਾੜਕੂਆਂ ਦੀਆਂ ਗ੍ਰਿਫ਼ਤਾਰੀਆਂ ਕਰਨ ਦੇ ਨਾਂ 'ਤੇ ਐਕਸ਼ਨ ਕੀਤਾ। ਇਸ ਐਕਸ਼ਨ ਦੌਰਾਨ ਹੈਲੀਕਾਪਟਰਾਂ, ਬੁਲਡੋਜ਼ਰਾਂ, ਟਰੈਕਟਰਾਂ, ਮੋਟਰ-ਬੋਟਾਂ, ਬੇੜੀਆਂ, ਜੀਪਾਂ ਦੀ ਖੂਬ ਵਰਤੋਂ ਕੀਤੀ ਗਈ। ਪਰ ਇਸ ਕਾਰਵਾਈ ਵਿਚੋਂ ਰਬੈਰੋ ਨੂੰ ਕੁਝ ਵੀ ਹੱਥ ਨਾ ਲੱਗਿਆ। ਸਤਲੁਜ ਤੇ ਬਿਆਸ ਵਿਚਕਾਰ 70 ਕਿਲੋਮੀਟਰ ਦੀ ਪੱਟੀ ਵਿਚ ਪੁਲੀਸ ਨੇ ਆਮ ਲੋਕਾਂ ਨਾਲ ਬੇਹੱਦ ਜ਼ਿਆਦਤੀ ਕੀਤੀ। ਇਸ ਹਮਲੇ ਦੀ ਨਿਗਰਾਨੀ ਖ਼ੁਦ ਰਬੈਰੋ, ਬਰਨਾਲਾ ਸਰਕਾਰ ਦੇ ਵਜ਼ੀਰ ਕੈਪਟਨ ਕੰਵਲਜੀਤ, ਪੀ.ਸੀ. ਡੋਗਰਾ, ਐਸ.ਐਸ. ਵਿਰਕ (ਮੁਖੀ ਬੀ.ਐਸ.ਐਫ਼. ਮਗਰੋਂ ਡੀ.ਜੀ.ਪੀ. ਪੰਜਾਬ) ਨੇ ਕੀਤੀ ਸੀ। ਪੁਲੀਸ ਨੇ ਦਾਅਵਾ ਕੀਤਾ ਕਿ ਇਸ ਹਮਲੇ ਵਿਚ ਪਵਿੱਤਰ ਸਿੰਘ (ਸੰਤੋਖਪੁਰਾ), ਜਸਵਿੰਦਰ ਸਿੰਘ (ਢਿਲਵਾਂ), ਸਤਨਾਮ ਸਿੰਘ (ਵੜਿੰਗ), ਹਰਜਿੰਦਰ ਸਿੰਘ (ਛਾਂਟੀ), ਗੁਰਚਰਨ ਸਿੰਘ, ਕੁਲਦੀਪ ਸਿੰਘ, ਤਰਸੇਮ ਸਿੰਘ (ਤਿੰਨੇ ਕਾਕੀ ਪਿੰਡ) ਨੂੰ ਗ੍ਰਿਫ਼ਤਾਰ ਕੀਤਾ ਹੈ। ਅਸਲ ਵਿਚ ਇਹ ਸਾਰੇ ਪਹਿਲੋਂ ਹੀ ਪੁਲੀਸ ਦੀ ਹਿਰਾਸਤ ਵਿਚ ਸਨ। ਦੂਜੇ ਪਾਸੇ ਇਸ ਮੌਕੇ 'ਤੇ ਖਾੜਕੂਆਂ ਨੇ ਪੁਲੀਸ ਦਾ ਇਕ ਹੈਲੀਕਾਪਟਰ ਵੀ ਡੇਗ ਲਿਆ। ਇਸ ਐਕਸ਼ਨ ਵਿਚ ਕਪੂਰਥਲਾ ਦਾ ਡੀ.ਐਸ.ਪੀ. ਪੀ.ਐਮ.ਦਾਸ ਜ਼ਖ਼ਮੀ ਹੋਇਆ ਸੀ। ਉਸ ਦੇ ਚਿੱਤੜਾਂ ਵਿਚ ਗੋਲੀ ਲੱਗੀ ਸੀ। ਇਹ ਕਾਰਵਾਈ ਅਵਤਾਰ ਸਿੰਘ ਬ੍ਰਹਮਾ ਗਰੁਪ ਦੀ ਸੀ। ਬਰਨਾਲਾ ਸਰਕਾਰ ਦੇ ਵਜ਼ੀਰ ਮੇਜਰ ਸਿੰਘ ਉਬੋਕੇ ਨੇ ਇਸ ਕਾਰਵਾਈ ਨੂੰ 'ਅਪਰੇਸ਼ਨ ਫ਼ਰਾਡ' ਆਖਿਆ। ਅਜਿਹਾ ਹੀ ਬਿਆਨ ਹਰਭਜਨ ਸਿੰਘ ਸੰਧੂ ਵਜ਼ੀਰ ਨੇ ਵੀ ਦਿਤਾ। ਪਰ ਫਿਰ ਵੀ ਇਹ ਦੋਵੇਂ ਵਜ਼ੀਰ ਵੀ ਸਰਕਾਰ ਵਿਚ ਰਹੇ ਤੇ ਰਬੈਰੋ ਨੂੰ ਪੁਲੀਸ ਚੀਫ਼ ਵੀ ਬਣਾਈ ਰੱਖਿਆ।

1987: ਪੁਲੀਸ ਨੇ ਦਰਬਾਰ ਸਾਹਿਬ 'ਤੇ ਫੇਰ ਹਮਲਾ ਕੀਤਾ

18 ਜੁਲਾਈ 1987 ਦੇ ਦਿਨ ਪੁਲੀਸ ਵੱਲੋਂ ਦਰਬਾਰ ਸਾਹਿਬ 'ਤੇ ਇਕ ਵਾਰ ਫੇਰ ਹਮਲਾ ਕੀਤਾ ਗਿਆ ਤੇ 50 ਸਿੱਖ ਗ੍ਰਿਫ਼ਤਾਰ ਕਰ ਲਏ ਗਏ। ਜ਼ਾਲਮ ਗਵਰਨਰ ਸਿਧਾਰਥ ਸ਼ੰਕਰ ਰੇਅ ਦੇ ਗਵਰਨਰ ਬਣਨ ਤੋਂ ਬਾਅਦ ਦਰਬਾਰ ਸਾਹਿਬ 'ਤੇ ਇਹ ਤੀਜਾ ਹਮਲਾ ਸੀ। ਇਸੇ ਦਿਨ ਜੈਡਿਆਲਾ ਵਿਚ ਭੂਪਿੰਦਰ ਸਿੰਘ ਭਿੰਡੀ (ਉਤਮੁੜ ਟਾਂਡਾ), ਅਜੀਤ ਸਿੰਘ ਜੀਤੀ (ਜਗਦੇਵ ਕਲਾਂ), ਲਖਵਿੰਦਰ ਸਿੰਘ ਲੱਖਾ (ਬਾਣੀਆਂ), ਫਰੀਦਕੋਟ ਵਿਚ ਅਮਰਜੀਤ ਸਿੰਘ

(ਬੁਧ ਸਿੰਘ ਵਾਲਾ), ਬੁਧ ਸਿੰਘ (ਠੱਕੀਭਾਈ ਕਾ), ਮੱਘਰ ਸਿੰਘ (ਗੰਗਾਨਗਰ) ਗ੍ਰਿਫ਼ਤਾਰ ਹੋਏ। ਤਿੰਨ ਦਿਨ ਮਗਰੋਂ ਇੱਕੀ ਜੁਲਾਈ ਨੂੰ ਬਟਾਲੇ ਕੋਲ ਨਿਸ਼ਾਨ ਸਿੰਘ (ਕੋਟਲਾ), ਗੁਰਮੇਜ ਸਿੰਘ (ਫੈਸਲਾਬਾਦ), ਕੇਵਲ ਸਿੰਘ, ਮੇਜਾ ਸਿੰਘ (ਛੋਟਾ ਸੀਟਾ ਪਿੰਡ), ਫਰੀਦਕੋਟ ਵਿਚ ਹਰਜਿੰਦਰ ਸਿੰਘ (ਪੰਜ ਗਰਾਈਂ), ਜੋਗਿੰਦਰ ਸਿੰਘ (ਲੋਹਾਮ) ਸੁਖਦੇਵ ਸਿੰਘ ਫੇਰੇ ਖੁਰਦ, ਗੁਰਦੇਵ ਸਿੰਘ (ਕੋਟਕਪੂਰਾ) ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਗੁਰਦਾਸਪੁਰ ਵਿਚ ਖ਼ਜ਼ਾਨ ਸਿੰਘ, ਧਾਰੀਵਾਲ ਵਿਚ ਦਲਬੀਰ ਸਿੰਘ, ਅਜੀਤ ਸਿੰਘ, ਅਵਤਾਰ ਸਿੰਘ, ਬਲਬੀਰ ਸਿੰਘ (ਅਰਨਾ ਖੁਰਦ), ਜਗਤਾਰ ਸਿੰਘ (ਅਰਨਾ ਕਲਾਂ) ਵੀ ਗ੍ਰਿਫ਼ਤਾਰ ਕਰ ਲਏ ਗਏ।

1989: ਬਲਵਿੰਦਰ ਸਿੰਘ ਬਿੱਲੂ ਡੇਰਾ ਸਈਦਾਂ ਤੇ ਰਾਜਪਾਲ ਸਿੰਘ ਤਲਵੰਡੀ ਚੌਧਰੀਆ ਨਕਲੀ ਮੁਕਾਬਲੇ ਵਿਚ ਸ਼ਹੀਦ

18 ਜੁਲਾਈ 1989 ਦੇ ਦਿਨ ਪੰਜਾਬ ਪੁਲਸ ਨੇ ਬਲਵਿੰਦਰ ਸਿੰਘ ਉਰਫ਼ ਬਿੱਲੂ (ਪੁੱਤਰ ਗੁਰਚਰਨ ਸਿੰਘ, ਵਾਸੀ ਡੇਰਾ ਸਈਦਾਂ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਰਾਜਪਾਲ ਸਿੰਘ (ਪੁੱਤਰ ਜੋਗਿੰਦਰ ਸਿੰਘ ਸਾਹੀ, ਵਾਸੀ ਤਲਵੰਡੀ ਚੌਧਰੀਆਂ, ਕਪੂਰਥਲਾ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਪ੍ਰੀਤਮ ਸਿੰਘ ਸਾਧੂਵਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

18 ਜੁਲਾਈ 1990 ਦੇ ਦਿਨ ਪੰਜਾਬ ਪੁਲਸ ਨੇ ਪ੍ਰੀਤਮ ਸਿੰਘ ਹੋਮਗਾਰਡੀਆ (ਵਾਸੀ ਸਾਧੂਵਾਲਾ, ਫ਼ੀਰੋਜਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸਤਨਾਮ ਸਿੰਘ ਸੱਤਾ, ਮੰਦਰ ਸਿੰਘ, ਪ੍ਰਿਤਪਾਲ ਸਿੰਘ ਕੁਕਾ ਬਿਸ਼ਨੰਦੀ, ਕੁੰਨਣ ਸਿੰਘ ਨਿਹੰਗ, ਸਰਬਜੀਤ ਸਿੰਘ ਪੰਜਵੜ ਤੇ ਸਰਵਨ ਸਿੰਘ ਮਾਣੇਕੇ ਨਕਲੀ ਮੁਕਾਬਲੇ ਵਿਚ ਸ਼ਹੀਦ

18 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਸਤਨਾਮ ਸਿੰਘ ਸੱਤਾ, ਮੰਦਰ ਸਿੰਘ ਤੇ ਪ੍ਰਿਤਪਾਲ ਸਿੰਘ ਕੁਕਾ (ਦੋਵੇਂ ਵਾਸੀ ਬਿਸ਼ਨੰਦੀ, ਫਰੀਦਕੋਟ), ਕੁੰਨਣ ਸਿੰਘ ਨਿਹੰਗ, ਸਰਬਜੀਤ ਸਿੰਘ (ਵਾਸੀ ਪੰਜਵੜ, ਤਰਨ ਤਾਰਨ) ਤੇ ਸਰਵਨ ਸਿੰਘ ਸੰਮਣ (ਵਾਸੀ ਮਾਣੇਕੇ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਸੁਰਿੰਦਰ ਸਿੰਘ ਬਾਬਾ ਬਕਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

ਅਠਾਰਾਂ ਜੁਲਾਈ 1992 ਦੇ ਦਿਨ ਪੁਲਸ ਨੇ ਸੁਰਿੰਦਰ ਸਿੰਘ (ਪੁੱਤਰ ਦਲੀਪ ਸਿੰਘ, ਵਾਸੀ ਬਾਬਾ ਬਕਾਲਾ) ਤੇ ਚਾਰ ਹੋਰ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2010: ਬਾਦਲ ਸਰਕਾਰ ਨੇ ਪਾਲ ਸਿੰਘ ਫ਼ਰਾਂਸ ਨੂੰ ਝੂਠੇ ਮੁਕੱਦਮੇ ਵਿਚ ਗ੍ਰਿਫ਼ਤਾਰ ਕੀਤਾ

18 ਜੁਲਾਈ 2010 ਦੇ ਦਿਨ ਪੰਜਾਬ ਪੁਲਸ ਨੇ ਫ਼ਰਾਂਸ ਵਿਚ ਪੱਗ ਦੇ ਹੱਕ ਦੀ ਜੱਦੋਜਹਿਦ ਕਰਨ ਵਾਲਿਆਂ ਵਿਚੋਂ ਇਕ ਸੀਨੀਅਰ ਆਗੂ ਪਾਲ ਸਿੰਘ ਫ਼ਰਾਂਸ ਨੂੰ ਝੂਠੇ ਮੁਕੱਦਮੇ ਵਿਚ ਗ੍ਰਿਫ਼ਤਾਰ ਕਰ ਲਿਆ। ਅਗਲੇ ਦਿਨ ਉਸ ਨੂੰ ਛੱਡ ਦਿੱਤਾ ਗਿਆ ਪਰ 22 ਜੁਲਾਈ ਨੂੰ ਉਸ ਨੂੰ ਦੋਬਾਰਾ ਗ੍ਰਿਫ਼ਤਾਰ ਕਰ ਲਿਆ ਗਿਆ। 23 ਜੁਲਾਈ ਦੇ ਦਿਨ ਪੁਲਸ ਉਸ ਦੀ ਕਾਰ, ਲੈਪ ਟੌਪ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਵੀ ਚੁਕ ਕੇ ਲੈ ਗਈ ਅਤੇ ਉਸ 'ਤੇ ਦਹਿਸ਼ਗਰਦੀ ਦੇ ਐਕਟ ਹੇਠ ਕੇਸ ਪਾ ਦਿੱਤੇ। 5 ਅਗਸਤ 2010 ਤੋਂ ਪਾਲ ਸਿੰਘ ਨੂੰ (ਉਸ ਦੇ ਸਾਥੀਆਂ ਮੱਖਨ ਸਿੰਘ ਤੇ ਕੁਲਵੰਤ ਸਿੰਘ ਨਾਲ) ਇਕ ਨਿੱਕੀ ਜਿਹੀ ਕੋਠੜੀ ਵਿਚ ਕੈਦ ਰੱਖਿਆ ਹੋਇਆ

ਸੀ। (ਮਗਰੋਂ, ਇਕ ਸਾਜ਼ਸ਼ ਹੇਠ, ਕੁਲਵੰਤ ਸਿੰਘ ਨੂੰ ਜੇਲ੍ਹ ਵਿਚ ਹੀ, 14 ਫ਼ਰਵਰੀ 2013 ਦੇ ਦਿਨ ਸਾੜ ਕੇ ਮਾਰ ਦਿੱਤਾ ਗਿਆ ਸੀ)। ਸਤੰਬਰ 2013 ਵਿਚ ਉਸ ਦਾ ਇਕ ਅਪਰੇਸ਼ਨ ਕਰਨ ਵੇਲੇ ਹੀ ਪਾਲ ਸਿੰਘ ਨੂੰ ਕੁਝ ਦਿਨ ਉਥੋਂ ਕੱਢਿਆ ਗਿਆ। ਅਦਾਲਤ ਨੇ 19 ਦਸੰਬਰ 2013 ਦੇ ਦਿਨ ਪਾਲ ਸਿੰਘ ਤੇ ਉਸ ਦੇ ਸਾਥੀ ਮੱਖਣ ਸਿੰਘ ਨੂੰ 10-10 ਸਾਲ ਅਤੇ ਗੁਰਮੁਖ ਸਿੰਘ ਨੂੰ 7 ਸਾਲ, ਕੈਦ ਦੀ ਸਜ਼ਾ ਸੁਣਾਈ।

19 ਜੁਲਾਈ

1960: ਪਿਤਾ ਦਾ ਨਾਂ ਗੁਰੂ ਗੋਬੰਦ ਸਿੰਘ ਲਿਖਣ ਦੇ ਖ਼ਿਲਾਫ਼ ਪ੍ਰਤਾਪ ਸਿੰਘ ਕੈਰੋਂ ਨੇ ਆਰਡੀਨੈਂਸ ਜਾਰੀ ਕਰਵਾਇਆ

ਪੰਜਾਬੀ ਸੂਬਾ ਮੋਰਚਾ ਦੀ ਵੱਡੀ ਕਾਮਯਾਬੀ ਤੋਂ ਬੌਖਲਾਅ ਕੇ ਚੀਫ਼ ਮਨਿਸਟਰ ਪ੍ਰਤਾਪ ਸਿੰਘ ਕੈਰੋਂ ਨੇ ਪੰਜਾਬ ਦੇ ਗਵਰਨਰ ਵੀ. ਐਨ. ਗੈਡਗਿਲ ਤੋਂ 19 ਜੁਲਾਈ 1960 ਦੇ ਦਿਨ ਇਕ ਆਰਡੀਨੈਂਸ ਜਾਰੀ ਕਰਵਾਇਆ। ਇਸ ਆਰਡੀਨੈਂਸ ਰਾਹੀਂ ਪੰਜਾਬ ਸਰਕਾਰ ਕੋਲ ਬਹੁਤ ਸਾਰੀ ਕਾਨੂੰਨੀ ਤਾਕਤ ਆ ਗਈ, ਜਿਸ ਨਾਲ ਉਹ ਪੰਜਾਬੀ ਸੂਬਾ ਲਹਿਰ ਦੇ ਸਬੰਧ ਵਿਚ ਕਿਸੇ ਵੀ ਤਰ੍ਹਾਂ ਕੋਈ ਕਾਨੂੰਨ ਬਣਾ ਸਕਦੀ ਸੀ। ਇਸ ''ਪੰਜਾਬ ਕ੍ਰਿਮੀਨਲ ਲਾਅ ਅਮੈਂਡਮੈਂਟ ਆਰਡੀਨੈਂਸ'' ਮੁਤਾਬਿਕ ਕੋਈ ਵੀ ਉਸ ਸ਼ਖਸ, ਜਿਸ ਉੱਤੇ 107-51 ਜਾਂ ਅਜਿਹਾ ਕੋਈ ਵੀ ਕੇਸ ਦਰਜ ਹੈ, ਨੂੰ ਗ੍ਰਿਫ਼ਤਾਰੀ ਤੋਂ ਬਚਾਉਣ ਜਾਂ ਉਸ ਦੀ ਗ੍ਰਿਫ਼ਤਾਰੀ ਵਿਚ ਰੁਕਾਵਟ ਪਾਉਣ ਜਾਂ ਕਿਸੇ ਹੋਰ ਤਰ੍ਹਾਂ ਦਾ ਦਖ਼ਲ ਦੇਣ ਦੀ ਕਾਰਵਾਈ ਕਰਦਾ ਹੈ ਤਾਂ ਉਸ ਨੂੰ, ਤਿੰਨ ਸਾਲ ਕੈਦ ਜਾਂ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਇਕੱਠੀਆਂ ਦਿੱਤੀਆਂ ਜਾ ਸਕਦੀਆਂ ਸਨ। ਇੰਵ ਹੀ ਜੇ ਕੋਈ ਪੁਛ-ਪੜਤਾਲ ਸਮੇਂ ਅਤੇ ਮੁਕੱਦਮੇ ਦੀ ਸੁਣਵਾਈ ਸਮੇਂ ਆਪਣਾ ਨਾਂ, ਰਹਿਣ ਦਾ ਸਿਰਨਾਂਵਾਂ, ਮਾਪਿਆਂ ਦਾ ਨਾਂ ਜਾਂ ਆਪਣੀ ਜਾਣ ਪਹਿਚਾਣ ਬਾਰੇ ਕੋਈ ਵੀ ਗ਼ਲਤ ਜਾਣਕਾਰੀ ਦੇਵੇ ਤਾਂ ਉਸ ਨੂੰ ਵੀ ਤਿੰਨ ਸਾਲ ਦੀ ਕੈਦ ਜਾਂ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਇਕੱਠੀਆਂ ਦਿੱਤੀਆਂ ਜਾਣਗੀਆਂ। ਜੇ ਕੋਈ ਕਿਸੇ ਨੂੰ ਦਫ਼ਾ 144 ਜਾਂ ਕਿਸੇ ਹੋਰ ਕਾਨੂੰਨ ਨੂੰ ਤੋੜਨ ਵਾਸਤੇ ਪ੍ਰੇਰਨਾ ਕਰਦਾ ਹੈ ਤਾਂ ਉਸ ਨੂੰ ਇਕ ਸਾਲ ਕੈਦ, ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਇਕੱਠੀਆਂ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ ਹੋਰ ਵੀ ਕਈ ਦਫ਼ਾਵਾਂ ਹੇਠ ਜੁਰਮਾਨਾ ਕਰਨ ਦੀ ਤਾਕਤ ਵੀ ਸਰਕਾਰ ਨੂੰ ਮਿਲ ਗਈ। ਸਰਕਾਰ ਵਲੋਂ ਜਾਰੀ ਕੀਤਾ ਗਿਆ ਇਹ ਆਰਡੀਨੈਂਸ ਅਕਾਲੀ ਲਹਿਰ ਨੂੰ ਦਬਾਉਣ, ਅਕਾਲੀ ਵਰਕਰਾਂ ਵਿਚ ਦਹਿਸ਼ਤ ਪੈਦਾ ਕਰਨ ਅਤੇ ਸਿੱਖਾਂ ਦੇ ਹੌਸਲੇ ਡੇਗਣ ਵਾਸਤੇ ਕੀਤਾ ਗਿਆ ਸੀ। ਇਸ ਮੁਤਾਬਿਕ ਪੰਜਾਬੀ ਸੂਬੇ ਦੇ ਹੱਕ ਵਿਚ ਕਿਸੇ ਤਰ੍ਹਾਂ ਦੀ ਵੀ ਮਦਦ ਦੇਣ ਵਾਲੇ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਸੀ। ਹੋਰ ਤਾਂ ਹੋਰ ਪੰਜਾਬੀ ਸੂਬੇ ਦੇ ਸਬੰਧ ਵਿਚ ਹੋਣ ਵਾਲੇ ਸਮਾਗਮਾਂ ਵਿਚ ਸ਼ਾਮਿਲ ਹੋਣ ਵਾਲੇ 'ਤੇ ਵੀ ਇਹ ਆਰਡੀਨੈਂਸ ਲਾਗੂ ਹੋ ਸਕਦਾ ਸੀ। ਇੰਵ ਹੀ ਪੰਜਾਬੀ ਸੂਬੇ ਵਾਸਤੇ ਪੈਸੇ ਦੇਣ ਵਾਲੇ ਵੀ ਇਸ ਆਰਡੀਨੈਂਸ ਹੇਠ ਜੇਲ੍ਹ ਭੇਜੇ ਜਾ ਸਕਦੇ ਸਨ।

1982: ਬਬਰ ਖਾਲਸਾ ਆਗੂ ਅਮਰਜੀਤ ਸਿੰਘ ਦਹੇਰੂ ਨਕਲੀ ਮੁਕਾਬਲੇ ਵਿਚ ਸ਼ਹੀਦ

ਨਿਰੰਕਾਰੀਆਂ ਵੱਲੋਂ 13 ਅਪ੍ਰੈਲ 1978 ਦੇ ਦਿਨ 13 ਸਿੱਖਾਂ ਦੇ ਕਤਲ ਅਤੇ ਉਸ ਕੇਸ ਵਿਚ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦੇ ਬਰੀ ਹੋਣ ਮਗਰੋਂ ਰਿਵਾਇਤੀ ਤਰੀਕੇ ਨਾਲ ਸਜ਼ਾ ਦੇਣ ਵਾਸਤੇ ਜਥੇਦਾਰ ਤਲਵਿੰਦਰ ਸਿੰਘ ਨੇ ਬਬਰ ਖਾਲਸਾ ਜਥੇਬੰਦੀ ਬਣਾਈ ਸੀ। ਇਸ ਜਥੇਬੰਦੀ ਨੇ ਬਹੁਤ ਸਾਰੇ ਨਿਰੰਕਾਰੀਆਂ ਤੇ ਹੋਰ ਪੰਥ ਦੋਖੀਆਂ ਨੂੰ ਸੋਧਿਆ ਸੀ। ਪਰ ਸੁਰਜੀਤ ਸਿੰਘ ਰਾਮਪੁਰ ਬਿਸ਼ਨੋਈਆਂ ਦੀ ਗ੍ਰਿਫ਼ਤਾਰੀ ਅਤੇ ਕਪੂਰਥਲਾ ਕਾਂਡ ਵਿਚ ਤਰਸੇਮ

ਸਿੰਘ ਕਾਲਸੰਘਿਆ ਦਾ ਸੁਰਾਗ ਮਿਲਣ ਨਾਲ ਪੁਲਸ ਕੋਲ ਇਸ ਜਥੇਬੰਦੀ ਬਾਰੇ ਕੁਝ ਜਾਣਕਾਰੀ ਆ ਚੁਕੀ ਸੀ। ਜੁਲਾਈ 1982 ਵਿਚ ਬਬਰ ਖਾਲਸਾ ਦੇ ਜਥੇ ਬਾਰੇ ਰਾਜ਼ ਪਤਾ ਲੱਗਣ ਮਗਰੋਂ ਪੁਲੀਸ ਇੰਸਪੈਕਟਰ ਪ੍ਰੀਤਮ ਸਿੰਘ ਬਾਜਵੇ ਦੇ ਦਿਲ ਵਿਚ ਖਿਆਲ ਆਇਆ ਕਿ ਜੇ ਉਹ ਇਕੱਲਾ ਹੀ, ਇੱਕ-ਦੋ ਸਿਪਾਹੀ ਲੈ ਕੇ, ਤਰਸੇਮ ਸਿੰਘ ਕਾਲਾ ਸੰਘਾ ਅਤੇ ਉਸ ਦੇ ਸਾਥੀਆਂ ਨੂੰ ਕਾਬੂ ਕਰ ਲਵੇ ਤਾਂ ਉਹ ਛੇਤੀ ਹੀ ਡੀ.ਐਸ.ਪੀ. ਬਣ ਜਾਵੇਗਾ। ਇਹ ਸੋਚ ਕੇ ਉਸ ਨੇ ਆਪਣੇ ਨਾਲ ਕੁਝ ਸਿਪਾਹੀ ਲਏ ਅਤੇ ਦਹੇੜੂ ਪੁੱਜ ਗਿਆ। ਜਦੋਂ ਪੁਲੀਸ ਪਾਰਟੀ ਦਹੇੜੂ ਪਹੁੰਚੀ ਤਾਂ ਬਾਜਵਾ ਤੇ ਸਿਪਾਹੀ ਸੂਰਤ ਸਿੰਘ ਭਾਈ ਅਮਰਜੀਤ ਸਿੰਘ ਦੇ ਘਰ ਵਿਚ ਵੜ ਕੇ ਸਿੱਧਾ ਪੌੜੀਆਂ ਚੜ੍ਹਨ ਲੱਗ ਪਏ। ਚੁਬਾਰੇ ਵਿਚ ਬੈਠੇ ਸਿੰਘਾਂ ਨੂੰ ਇਸ ਦਾ ਪਤਾ ਲੱਗ ਗਿਆ। ਉਸ ਨੇ ਬਾਜਵੇ ਨੂੰ ਪਿੱਛੇ ਮੁੜਣ ਤੇ ਆਪਣੀ ਜਾਣ ਬਚਾਉਣ ਵਾਸਤੇ ਆਖਿਆ। ਜਦੋਂ ਬਾਜਵਾ ਤੇ ਸੂਰਤ ਸਿੰਘ ਨਾ ਰੁਕੇ ਤਾਂ ਚੌਬਾਰੇ ਵਿਚੋਂ ਆਉਣ ਵਾਲੀਆਂ ਗੋਲੀਆਂ ਨੇ ਇਹ ਦੋਵੇਂ ਪੁਲਸੀਏ, ਥਾਂਏਂ ਹੀ ਮਾਰ ਦਿੱਤੇ। ਇਸ ਤੋਂ ਬਾਅਦ ਚੌਬਾਰੇ ਵਾਲੇ ਪਾੜਕੂ ਚੁੱਪਚਾਪ ਪਿੰਡੋਂ ਨਿਕਲ ਕੇ ਗ਼ਾਇਬ ਹੋ ਗਏ। (ਇਸ ਕਾਂਡ ਮਗਰੋਂ ਪੁਲੀਸ ਨੇ ਐਫ.ਆਈ.ਆਰ. ਦਰਜ ਕਰ ਕੇ ਮਾਲਕ ਮਕਾਨ ਅਮਰਜੀਤ ਸਿੰਘ ਦਹੇੜੂ ਦੀ ਘਰਵਾਲੀ ਬੀਬੀ ਨੱਛਤਰ ਕੌਰ ਨੂੰ ਵੀ ਇਸ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ। ਪੁਲੀਸ ਨੇ ਇਨ੍ਹਾਂ ਦੋਹਾਂ ਨੂੰ ਬਾਕੀ ਕਤਲਾਂ ਵਿਚ ਵੀ ਸ਼ਾਮਿਲ ਕਰ ਲਿਆ)।

ਦਹੇੜੂ ਗੋਲੀ ਕਾਂਡ ਮਗਰੋਂ ਇਸ ਬਬਰ ਜਥੇ ਦੇ ਮੈਂਬਰਾਂ ਨੂੰ ਇਹ ਪਤਾ ਲੱਗ ਗਿਆ ਸੀ ਕਿ ਉਨ੍ਹਾਂ ਦੇ ਸਾਰੇ ਰਾਜ਼ ਪੁਲੀਸ ਨੂੰ ਮਿਲ ਚੁਕੇ ਸਨ। ਇਸ ਤੋਂ ਇਲਾਵਾ ਪੁਲੀਸ ਨੇ ਜਥੇ ਦੇ ਬਹੁਤੇ ਮੈਂਬਰਾਂ ਦੇ ਨਾਂ, ਪਤੇ ਅਤੇ ਕੁਝ ਦੀਆਂ ਤਸਵੀਰਾਂ ਸਮੇਤ ਇਕ ਇਸ਼ਤਿਹਾਰ ਛਾਪ ਕੇ ਸਾਰੇ ਪਾਸੇ ਦੀਵਾਰਾਂ ਅਤੇ ਹੋਰ ਅਹਿਮ ਥਾਂਵਾਂ 'ਤੇ ਚਿਪਕਾ ਦਿੱਤਾ। ਇਸ ਇਸ਼ਤਿਹਾਰ ਵਿਚ ਇਨ੍ਹਾਂ 13 ਸਿੱਖਾਂ ਦੇ ਸਿਰਾਂ ਦੇ ਈਨਾਮ ਰੱਖ ਦਿੱਤੇ ਗਏ ਸਨ। ਤਕਰੀਬਨ ਸਾਰਿਆਂ ਵਾਸਤੇ 10 ਹਜ਼ਾਰ ਤੋਂ 50 ਹਜ਼ਾਰ ਰੁਪਏ ਤਕ ਦੇ ਈਨਾਮ ਰੱਖੇ ਗਏ ਸਨ। ਇਸ ਹਾਲਤ ਵਿਚ ਭਾਈ ਅਮਰਜੀਤ ਸਿੰਘ ਦਹੇੜੂ ਦਰਬਾਰ ਸਾਹਿਬ ਪਹੁੰਚ ਗਿਆ। ਮਗਰੋਂ ਉਸ ਨੂੰ ਇਕ ਮੁਖ਼ਬਰ ਦੀ ਇਤਲਾਹ ਤੇ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਤਸੀਹੇ ਦੇਣ ਮਗਰੋਂ 19 ਜੁਲਾਈ 1982 ਨੂੰ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਕਪੂਰਥਲੇ ਦੇ ਨੇੜੇ ਮਾਰ ਦਿੱਤਾ ਗਿਆ।

1982: ਭਾਈ ਅਮਰੀਕ ਸਿੰਘ ਤੇ ਠਾਰ੍ਹਾ ਸਿੰਘ ਗ੍ਰਿਫ਼ਤਾਰ ਕਰ ਲਏ ਗਏ (ਖਾਲਿਸਤਾਨ ਲਹਿਰ ਦੀ ਲਹਿਰ ਦਾ ਵੱਡਾ ਪੜਾਅ ਸ਼ੁਰੂ ਹੋਇਆ)

ਭਿੰਡਰਾਂ-ਮਹਿਤਾ ਜਥਾ ਦੇ ਜਿਹੜੇ ਤਿੰਨ ਕਾਰਕੁਨ ਬੀਤੇ ਦਿਨ, 18 ਜੁਲਾਈ ਨੂੰ, ਗ੍ਰਿਫ਼ਤਾਰ ਕੀਤੇ ਗਏ ਸਨ, ਉਨ੍ਹਾਂ ਦੀ ਜ਼ਮਾਨਤ 'ਤੇ ਰਿਹਾਈ ਕਰਵਾਉਣ ਵਾਸਤੇ ਬਾਬਾ ਠਾਰ੍ਹਾ ਸਿੰਘ, ਭਾਈ ਅਮਰੀਕ ਸਿੰਘ (ਪ੍ਰਧਾਨ ਸਟੂਡੈਂਟਸ ਫੈਡਰੇਸ਼ਨ) ਅਤੇ ਹੋਰ ਸਾਥੀ ਜਦੋਂ 19 ਜੁਲਾਈ 1982 ਦੇ ਦਿਨ ਕਚਹਿਰੀ ਗਏ ਤਾਂ ਪੁਲੀਸ ਨੇ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਭਾਈ ਅਮਰੀਕ ਸਿੰਘ ਨੂੰ ਜੋਗਿੰਦਰ ਸ਼ਾਂਤ ਦੇ ਕਤਲ ਦੀ ਸਾਜ਼ਿਸ਼ ਵਿਚ (28 ਜੂਨ 1982 ਦੀ ਵਾਰਦਾਤ) ਤੇ ਬਾਬਾ ਠਾਰ੍ਹਾ ਸਿੰਘ ਨੂੰ ਚੌਕ ਮਹਿਤਾ ਬੰਬ ਕਾਂਡ (29 ਨਵੰਬਰ 1981 ਦੀ ਵਾਰਦਾਤ) ਬਾਰੇ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਦੋਹਾਂ ਉੱਤੇ ਜ਼ਬਰਦਸਤ ਤਸ਼ੱਦਦ ਕੀਤਾ ਗਿਆ। ਦੋਹਾਂ ਉੱਤੇ ਕਈ ਹੋਰ ਕੇਸ ਵੀ ਪਾ ਦਿੱਤੇ ਗਏ।

19 ਜੁਲਾਈ 1982 ਦੇ ਦਿਨ ਜਦੋਂ ਭਾਈ ਅਮਰੀਕ ਸਿੰਘ ਅਤੇ ਠਾਰ੍ਹਾ ਸਿੰਘ ਨੂੰ ਝੂਠੇ ਕੇਸਾਂ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਇਸ ਦਾ ਮਕਸਦ ਬਾਬਾ ਜਰਨੈਲ ਸਿੰਘ ਨੂੰ ਪਰੇਸ਼ਾਨ ਕਰਨਾ ਸੀ। ਹਾਲਾਂਕਿ 20 ਅਪ੍ਰੈਲ 1980 ਦੇ ਗੁਰਬਚਨ ਸਿੰਘ ਨਿਰੰਕਾਰੀ ਦੇ ਕਤਲ

ਮਗਰੋਂ ਅਤੇ ਮਗਰੋਂ 9 ਸਤੰਬਰ 1981 ਨੂੰ ਲਾਲਾ ਜਗਤ ਨਾਰਾਇਣ ਦੇ ਕਤਲ ਦੇ ਕੇਸ ਵਿਚ ਸਰਕਾਰ ਨੇ ਬਾਬਾ ਜਰਨੈਲ ਸਿੰਘ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਉਦੋਂ ਪੰਥ ਦੇ ਰੋਹ ਤੋਂ ਡਰ ਕੇ ਸਰਕਾਰ ਨੂੰ ਹਥਿਆਰ ਸੁਟਣੇ ਪੈ ਗਏ ਸਨ। ਹੁਣ ਭਾਈ ਅਮਰੀਕ ਸਿੰਘ ਅਤੇ ਠਾਰ੍ਹਾ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਹ ਜਾਪਦਾ ਸੀ ਕਿ ਇਸ ਵਾਰ ਸਰਕਾਰ ਬਾਬਾ ਜਰਨੈਲ ਸਿੰਘ ਨੂੰ ਵੀ ਜ਼ਰੂਰ ਗ੍ਰਿਫ਼ਤਾਰ ਕਰ ਲਏਗੀ, ਇਸ ਕਰ ਕੇ ਜਿਸ ਦਿਨ ਭਾਈ ਅਮਰੀਕ ਸਿੰਘ ਤੇ ਬਾਬਾ ਠਾਰ੍ਹਾ ਸਿੰਘ ਗ੍ਰਿਫਤਾਰ ਕੀਤੇ ਗਏ ਉਸੇ ਦਿਨ ਸ਼ਾਮ ਤਕ ਬਾਬਾ ਜਰਨੈਲ ਸਿੰਘ ਦਰਬਾਰ ਸਾਹਿਬ ਪੁੱਜ ਗਏ। ਉਨ੍ਹਾਂ ਨੇ ਉਸੇ ਦਿਨ ਇਨ੍ਹਾਂ ਦੋਹਾਂ ਦੀ ਰਿਹਾਈ ਵਾਸਤੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨੇ ਮੋਰਚਾ ਲਾਉਣ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕੀਤੀ ਕਿ 'ਹੇ ਵਾਹਿਗੁਰੂ! ਜੇ ਮੈਂ ਆਪਣੀ ਨਿਜੀ ਸ਼ੁਹਰਤ ਨੂੰ ਮੁਖ ਰੱਖ ਕੇ ਮੋਰਚਾ ਲਾ ਰਿਹਾ ਹਾਂ ਤਾਂ ਮੈਨੂੰ ਕਾਮਯਾਬੀ ਨਾ ਬਖ਼ਸ਼ਿਓ, ਪਰ ਜੇ ਕਰ ਮੈਂ ਪੰਥਕ ਹਿਤਾਂ ਨੂੰ ਮੁਖ ਰੱਖ ਕੇ ਮੋਰਚਾ ਲਾ ਰਿਹਾ ਹਾਂ ਤਾਂ ਮੈਂ ਆਪਣਾ ਸਿਰ ਆਪ ਜੀ ਦੇ ਚਰਨਾਂ ਵਿਚ ਅਰਪਣ ਕਰਦਾ ਹਾਂ।' ਪਹਿਲੇ ਦਿਨ 51 ਸਿੰਘਾਂ ਦੇ ਜਥੇ ਨੇ ਗ੍ਰਿਫ਼ਤਾਰੀ ਦਿੱਤੀ। ਜਥੇ ਰੋਜ਼ਾਨਾ ਭੇਜੇ ਜਾਣ ਦੇ ਨਾਲ ਬਾਬਾ ਜਰਨੈਲ ਸਿੰਘ ਨੇ ਐਲਾਨ ਕੀਤਾ ਕਿ ਮੈਂ 25 ਜੁਲਾਈ ਨੂੰ ਕੌਮ ਨੂੰ ਨਵਾਂ ਪ੍ਰੋਗਰਾਮ ਦੇਵਾਂਗਾ।

1987: ਸੁਖਵੰਤ ਸਿੰਘ ਤਰਨਤਾਰਨ, ਜਸਵਿੰਦਰ ਸਿੰਘ ਰਾਹੋਂ, ਸੁਬੇਗ ਸਿੰਘ ਅਜਨਾਲਾ, ਹਰਪਾਲ ਸਿੰਘ ਫੂਲਾ ਤੇ ਬਲਬੀਰ ਸਿੰਘ ਜੌਂਸ-ਮੁਹਾਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਉੱਨੀ ਜੁਲਾਈ 1987 ਦੇ ਦਿਨ ਪੁਲਸ ਨੇ ਗੁਰਦਾਸਪੁਰ ਜ਼ਿਲ੍ਹੇ 'ਚ ਮੀਰਪੁਰ ਵਿਚ ਸੁਖਵੰਤ ਸਿੰਘ ਉਰਫ਼ ਕਾਲਾ (ਤਰਨਤਾਰਨ ਦਾ) ਅਤੇ ਜਸਵਿੰਦਰ ਸਿੰਘ (ਰਾਹੋਂ) ਨੂੰ ਨਕਲੀ ਮੁਕਾਬਲੇ ਵਿਚ ਸਿੱਖ ਸ਼ਹੀਦ ਕਰ ਦਿੱਤਾ। ਇਨ੍ਹਾਂ ਦੇ ਤਿੰਨ ਹੋਰ ਸਾਥੀ: ਸੁਬੇਗ ਸਿੰਘ (ਅਜਨਾਲਾ), ਹਰਪਾਲ ਸਿੰਘ (ਫੂਲਾ, ਭਿੱਖੀ ਵਿੰਡ) ਤੇ ਬਲਬੀਰ ਸਿੰਘ (ਜੌਂਸ-ਮੁਹਾਰ, ਅਜਨਾਲਾ-ਚੋਗਾਵਾਂ ਰੋਡ ਤੇ ਅਜਨਾਲਾ ਤੋਂ 5 ਕਿਲੋਮੀਟਰ ਦੂਰ) ਇਸੇ ਦਿਨ ਕੁਝ ਮੀਲ ਦੂਰ ਹਰਦਾਨਹ ਪਿੰਡ ਵਿਚ ਸ਼ਹੀਦ ਕੀਤੇ ਜਾ ਚੁਕੇ ਸਨ।

1991: ਲਖਵਿੰਦਰ ਸਿੰਘ ਸੰਧੂ ਅਨੰਦਪੁਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

19 ਜੁਲਾਈ 1991 ਦੇ ਦਿਨ ਪੁਲਸ ਨੇ ਲਖਵਿੰਦਰ ਸਿੰਘ (ਪੁੱਤਰ ਬਲਬੀਰ ਸਿੰਘ ਸੰਧੂ, ਵਾਸੀ ਅਨੰਦਪੁਰ ਸਾਹਿਬ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਪਲਵਿੰਦਰ ਸਿੰਘ ਬਿੱਲਾ ਖੋਜਕੀਪੁਰ, ਸਵਿੰਦਰ ਸਿੰਘ ਸ਼ਾਂਤਲੂ ਮਾਂਗਾ ਸਰਾਏ, ਸੁਰਿੰਦਰ ਸਿੰਘ ਛਿੰਦਾ, ਜੋਗਾ ਸਿੰਘ ਘੱਦੂਵਾਲਾ, ਕਸ਼ਮੀਰ ਸਿੰਘ ਸ਼ੇਰਾ ਤਖ਼ਤੂਵਾਲਾ ਤੇ ਹੋਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਉੱਨੀ ਜੁਲਾਈ 1992 ਦੇ ਦਿਨ ਪੁਲਸ ਨੇ ਪਲਵਿੰਦਰ ਸਿੰਘ ਉਰਫ਼ ਬਿੱਲਾ (ਪੁੱਤਰ ਹਰੀ ਸਿੰਘ, ਵਾਸੀ ਖੋਜਕੀਪੁਰ), ਸਵਿੰਦਰ ਸਿੰਘ ਉਰਫ਼ ਸ਼ਾਂਤਲੂ (ਪੁੱਤਰ ਅੱਛਰ ਸਿੰਘ, ਵਾਸੀ ਮਾਂਗਾ ਸਰਾਏ), ਸੁਰਿੰਦਰ ਸਿੰਘ ਛਿੰਦਾ, ਜੋਗਾ ਸਿੰਘ ਘੱਦੂਵਾਲਾ, ਕਸ਼ਮੀਰ ਸਿੰਘ ਸ਼ੇਰਾ ਤਖ਼ਤੂਵਾਲਾ ਤੇ ਦੋ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

20 ਜੁਲਾਈ

1652: ਗੁਰੂ ਹਰਕ੍ਰਿਸ਼ਨ ਸਾਹਿਬ ਦਾ ਜਨਮ ਹੋਇਆ

ਸਿੱਖ ਤਵਾਰੀਖ਼ ਵਿਚ ਸਭ ਤੋਂ ਘਟ ਉਮਰ ਵਿਚ, ਢਾਈ ਸਾਲ ਤੋਂ ਵੀ ਘਟ ਦੇ ਨਿੱਕੇ ਜਿਹੇ ਅਹਿਦ ਗੁਰਗੱਦੀ ਕਰਨ ਵਾਲੇ, ਗੁਰੂ ਹਰਕ੍ਰਿਸ਼ਨ ਸਾਹਿਬ ਸਨ। ਗੁਰੂ ਹਰਿਰਾਇ ਸਾਹਿਬ ਦੇ ਸਪੁੱਤਰ, ਗੁਰੂ ਹਰਿਗੋਬਿੰਦ ਸਾਹਿਬ ਦੇ ਪੜਪੋਤੇ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਵੱਡੇ ਭਰਾ ਬਾਬਾ ਗੁਰਦਿਤਾ ਦੇ ਪੋਤੇ ਗੁਰੂ ਹਰਕ੍ਰਿਸ਼ਨ ਸਾਹਿਬ ਦਾ ਜਨਮ 20 ਜੁਲਾਈ 1652 ਦੇ ਦਿਨ ਕੀਰਤਪੁਰ ਸਾਹਿਬ ਵਿਚ ਮਾਤਾ ਸੁਲੱਖਣੀ ਦੇ ਘਰ ਹੋਇਆ ਸੀ। ਗੁਰੂ ਹਰਕ੍ਰਿਸ਼ਨ ਸਾਹਿਬ ਗੁਰੂ ਹਰਿਰਾਇ ਸਾਹਿਬ ਦੇ ਤਿੰਨ ਬੱਚਿਆਂ ਵਿਚੋਂ ਸਭ ਤੋਂ ਨਿੱਕੇ ਬਾਲ ਸਨ;: ਰਾਮਰਾਇ (ਜਨਮ 24 ਫ਼ਰਵਰੀ 1648) ਅਤੇ ਬੀਬੀ ਰੂਪ ਕੌਰ (ਜਨਮ 9 ਅਪਰੈਲ 1649) ਆਪ ਤੋਂ ਵੱਡੇ ਸਨ (ਇਕ ਲੇਖਕ ਨੇ ਬੀਬੀ ਰੂਪ ਕੌਰ ਨੂੰ ਗ਼ਲਤੀ ਨਾਲ ਪਾਲਿਤ ਪੁੱਤਰੀ ਵੀ ਲਿਖ ਦਿੱਤਾ ਹੈ)। 20 ਜੁਲਾਈ ਦੇ 1652 ਦੇ ਦਿਨ ਬਿਕਰਮੀ ਸੰਮਤ ਦੀ ਸਾਵਨ ਵਦੀ ਸੰਮਤ 1709 ਸੀ। ਕੁਝ ਕਿਤਾਬਾਂ ਵਿਚ ਆਪ ਦਾ ਜਨਮ 1656 ਵਿਚ ਹੋਇਆ ਲਿਖਿਆ ਵੀ ਮਿਲਦਾ ਹੈ। ਅਜਿਹਾ ਜਾਪਦਾ ਹੈ ਕਿ ਕਿਸੇ ਤੋਂ ਗ਼ਲਤੀ ਨਾਲ ਜਾਂ ਆਪ ਨੂੰ "ਬੜੀ ਹੀ ਨਿੱਕੀ ਉਮਰ ਵਿਚ ਮਹਾਨ ਹਸਤੀ" ਸਾਬਿਤ ਕਰਨ ਵਾਸਤੇ ਅਸਲ ਉਮਰ ਤੋਂ ਵੀ ਚਾਰ ਸਾਲ ਛੋਟਾ ਲਿਖਿਆ ਗਿਆ ਹੋਵੇਗਾ।

1950: ਅਕਾਲੀ ਦਲ ਨੇ ਐਮ.ਐਲ.ਏਜ਼. ਅਤੇ ਐਮ.ਪੀਜ਼. ਨੂੰ ਕਾਂਗਰਸ ਪਾਰਟੀ ਚੋਂ ਬਾਹਰ ਆਉਣ ਵਾਸਤੇ ਹੁਕਮ ਜਾਰੀ ਕੀਤਾ

1947 ਵਿਚ ਸ਼੍ਰੋਮਣੀ ਅਕਾਲੀ ਦਲ ਇਸ ਵੇਲੇ ਸਿੱਖਾਂ ਦੀ ਇਕੋ-ਇਕ ਵਾਹਿਦ ਨੁਮਾਇੰਦਾ ਜਥੇਬੰਦੀ ਸੀ। ਗਿਆਨੀ ਕਰਤਾਰ ਸਿੰਘ ਅਕਾਲੀ ਦਲ ਦਾ ਪ੍ਰਧਾਨ ਸੀ। ਸਵਰਨ ਸਿੰਘ, ਉੱਜਲ ਸਿੰਘ, ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਫੇਰੂਮਾਨ ਵਗ਼ੈਰਾ, ਹੋਰ ਮੌਕਾ-ਪ੍ਰਸਤਾਂ ਵਾਗੂ, ਅਕਾਲੀ ਦਲ ਛੱਡ ਕੇ ਕਾਂਗਰਸ ਵਿਚ ਜਾ ਕੇ ਅਹੁਦਿਆਂ ਦੀ ਇੰਤਜ਼ਾਰ ਕਰ ਰਹੇ ਸਨ ਜਾਂ ਹਾਸਿਲ ਕਰ ਚੁਕੇ ਸਨ। ਇਸ ਹਾਲਤ ਵਿਚ ਗਿਆਨੀ ਕਰਤਾਰ ਸਿੰਘ ਵੀ ਵਜ਼ੀਰੀ ਦਾ ਚਾਹਵਾਨ ਸੀ; ਉਸ ਨੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਤੋਂ 17 ਮਾਰਚ 1948 ਨੂੰ ਆਪਣੇ ਪੰਜਾਬ ਅਸੈਂਬਲੀ ਅਤੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਕਾਂਗਰਸ ਵਿਚ ਸ਼ਾਮਿਲ ਹੋ ਜਾਣ ਲਈ ਮਤਾ ਪਾਸ ਕਰਵਾਇਆ। ਇਸ ਮੌਕੇ 'ਤੇ ਮਾਸਟਰ ਤਾਰਾ ਸਿੰਘ ਅਤੇ ਕੁਝ ਹੋਰ ਆਗੂ ਇਸ ਵਾਸਤੇ ਰਾਜ਼ੀ ਨਹੀਂ ਸਨ ਪਰ ਉਨ੍ਹਾਂ ਨੇ ਫ਼ੂਟ ਤੋਂ ਡਰਦਿਆਂ ਕੋਈ ਕਾਰਵਾਈ ਨਹੀਂ ਕੀਤੀ। ਇਸ ਮੀਟਿੰਗ ਵਿਚ ਬਲਦੇਵ ਸਿੰਘ, ਈਸ਼ਰ ਸਿੰਘ ਮਝੈਲ, ਊਧਮ ਸਿੰਘ ਨਾਗੋਕੇ, ਬਾਵਾ ਬਚਿੱਤਰ ਸਿੰਘ ਹਾਜ਼ਰ ਸਨ। ਹਾਲਾਂਕਿ ਇਨ੍ਹਾਂ ਦਿਨਾਂ ਵਿਚ ਗਿਆਨੀ ਕਰਤਾਰ ਸਿੰਘ ਨੇ ਇਕ ਪ੍ਰੈਸ ਕਾਨਫ਼ਰੰਸ ਵਿਚ ਇਹ ਵੀ ਕਿਹਾ ਕਿ ਅਕਾਲੀ ਦਲ ਵਖਰੀ ਹੋਂਦ ਕਾਇਮ ਰਖੇਗਾ।

ਅਕਾਲੀ ਦਲ ਨੇ ਆਪਣੇ ਐਮ.ਐਲ.ਏਜ਼. ਨੂੰ ਕਾਂਗਰਸ ਵਿਚ ਭੇਜ ਤਾਂ ਦਿੱਤਾ ਪਰ ਫ਼ਿਰਕੂ ਹਿੰਦੂਆਂ ਦੀ ਸੋਚ ਅਜੇ ਉਵੇਂ ਦੀ ਉਵੇਂ ਹੀ ਸੀ। ਇਸ ਦਾ ਪਤਾ ਗੁਰਬਚਨ ਸਿੰਘ ਬਾਜਵਾ ਅਤੇ ਜਗਜੀਤ ਸਿੰਘ ਮਾਨ (ਐਮ.ਐਲ.ਏਜ਼) ਦੀਆਂ ਅਸੈਂਬਲੀ ਤਕਰੀਰਾਂ ਅਤੇ ਊਧਮ ਸਿੰਘ ਨਾਗੋਕੇ ਦੇ ਬਿਆਨਾਂ ਤੋਂ ਲਗਦਾ ਹੈ। ਊਧਮ ਸਿੰਘ ਨਾਗੋਕੇ ਨੇ ਇਕ ਬਿਆਨ 'ਚ ਕਾਂਗਰਸ ਸਰਕਾਰ 'ਤੇ ਇਲਜ਼ਾਮ ਲਾਉਂਦੇ ਹੋਏ ਕਿਹਾ ਸੀ ਕਿ ''ਪੰਜਾਬ ਵਿਚ 72 ਤੋਂ 96% ਤਕ ਗ਼ਜ਼ਟਡ ਆਫ਼ੀਸਰ ਹਿੰਦੂ ਹਨ ਅਤੇ ਉਹ ਸਿੱਖਾਂ ਨਾਲ ਆਮ ਕਰ ਕੇ, ਅਤੇ ਸਿੱਖ ਮੁਲਾਜ਼ਮਾਂ ਨਾਲ ਖ਼ਾਸ ਕਰ ਕੇ, ਬੇਹੱਦ ਵਿਤਕਰਾ ਕਰਦੇ ਹਨ।" ਇਸ ਹਾਲਤ ਨੂੰ ਪੈਦਾ ਕਰਨ ਵਿਚ ਵਧੇਰੇ ਹੱਥ ਮਹਾਸ਼ਾ ਪਰੈਸ ਦਾ ਸੀ ਜਿਸ ਨੇ ਤਾਂ ਇਕ ਵਾਰ ਏਥੋਂ ਤਕ ਵੀ ਲਿਖਿਆ ਕਿ

'ਸਿੱਖ ਧਰਮ ਦੀ ਨੀਂਹ ਗੁਰੂ ਗੋਬਿੰਦ ਸਿੰਘ ਨੇ ਮੁਸਲਮਾਨਾਂ ਨਾਲ ਲੜਨ ਵਾਸਤੇ ਰੱਖੀ ਸੀ ਅਤੇ ਹੁਣ ਮੁਸਲਮਾਨ ਜਾ ਚੁਕੇ ਹਨ ਅਤੇ ਸਿੱਖਾਂ ਦੀ, ਇਸ ਕਰ ਕੇ, ਕੋਈ ਲੋੜ ਨਹੀਂ ਹੈ।' ਸਿੱਖੀ ਅਤੇ ਪੰਜਾਬੀ ਉੱਤੇ ਇਹੋ ਜਿਹੇ ਹਮਲੇ ਹਰ ਪਾਸੇ ਤੋਂ ਜ਼ਾਹਰਾ ਅਤੇ ਅਸਿੱਧੇ ਤਰੀਕੇ ਨਾਲ ਹੋ ਰਹੇ ਸਨ। ਹੋਰ ਤਾਂ ਹੋਰ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਦਾ 10 ਅਕਤੂਬਰ 1947 ਦਾ ਸਰਕੂਲਰ 'ਸਿੱਖ ਇਕ ਜਰਾਇਮ ਪੇਸ਼ਾ ਕੌਮ ਹਨ' ਸਿੱਖਾਂ ਲਈ ਸਭ ਤੋਂ ਵੱਡਾ ਚੈਲੰਜ ਸੀ। ਇਸ ਨੂੰ ਸਾਹਵੇਂ ਰਖਦਿਆਂ ਮਾਸਟਰ ਤਾਰਾ ਸਿੰਘ ਨੇ ਕੌਮ ਦੇ ਮਸਲਿਆਂ 'ਤੇ ਵਿਚਾਰਾਂ ਕਰਨ ਵਾਸਤੇ 20 ਫ਼ਰਵਰੀ 1949 ਨੂੰ ਦਿੱਲੀ ਵਿਚ ਇਕ ਕਾਨਫ਼ਰੰਸ ਕਰਨ ਦਾ ਫ਼ੈਸਲਾ ਕੀਤਾ। ਸਰਕਾਰ ਕੋਲੋਂ ਇਹ ਵੀ ਬਰਦਾਸ਼ਤ ਨਾ ਹੋਇਆ ਅਤੇ ਇਸ ਕਾਨਫ਼ਰੰਸ ਤੇ ਪਾਬੰਦੀ ਲਾ ਦਿੱਤੀ।ਪਟੇਲ ਦੇ ਹੁਕਮਾਂ ਹੇਠ 19 ਫ਼ਰਵਰੀ 1949 ਨੂੰ ਮਾਸਟਰ ਤਾਰਾ ਸਿੰਘ ਨੂੰ ਦਿੱਲੀ ਆਉਂਦਿਆਂ ਨਰੇਲੇ ਸਟੇਸ਼ਨ ਤੇ ਗ੍ਰਿਫ਼ਤਾਰ ਕਰ ਲਿਆ ਗਿਆ। 26 ਨਵੰਬਰ 1949 ਦੇ ਦਿਨ ਹਿੰਦੁਸਤਾਨ ਦਾ ਨਵਾਂ ਆਈਨ ਪਾਸ ਕੀਤਾ ਗਿਆ। ਜਿਸ ਵਿਚ ਸਿੱਖਾਂ ਵਾਸਤੇ ਕੋਈ ਵੱਖਰੀ ਨੁਮਾਇੰਦਗੀ, ਹੱਕ ਜਾਂ ਹਿਫ਼ਾਜ਼ਤ ਨਹੀਂ ਸੀ। ਇਸ ਕਰ ਕੇ ਇਸ ਦੇ ਪਾਸ ਹੋਣ ਵੇਲੇ ਅਕਾਲੀ ਮੈਂਬਰਾਂ (ਹੁਕਮ ਸਿੰਘ ਤੇ ਭੂਪਿੰਦਰ ਸਿੰਘ ਮਾਨ) ਨੇ ਇਸ ਦੀ ਮੁਖ਼ਾਲਫ਼ਤ ਕੀਤੀ ਅਤੇ ਇਸ 'ਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿਤੀ।

ਸਰਕਾਰ ਵਲੋਂ ਸਿੱਖਾਂ ਨਾਲ ਹਰ ਪਾਸੇ ਜ਼ਿਆਦਤੀਆਂ ਨੂੰ ਸਾਹਵੇਂ ਰੱਖ ਕੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 20 ਜੁਲਾਈ 1950 ਨੂੰ 3 ਦੇ ਮੁਕਾਬਲੇ 10 ਵੋਟਾਂ ਨਾਲ (ਦੁਸਾਂਝ ਤੇ ਗੋਜਰਾਂ ਨਿਰਪੱਖ ਰਹੇ) ਅਕਾਲੀ ਐਮ.ਐਲ.ਏਜ਼ ਅਤੇ ਐਮ.ਪੀਜ਼ ਤੋਂ ਮੰਗ ਕੀਤੀ ਕਿ ਉਹ ਕਾਂਗਰਸ ਪਾਰਟੀ ਤੋਂ ਬਾਹਰ ਆ ਜਾਣ।

1960: ਅਕਾਲੀ ਦਲ ਨੇ ਸਿੱਖਾਂ ਨੂੰ ਕਿਹਾ ਕਿ ਉਹ ਸਾਰੇ ਹੀ ਪਿਤਾ ਦਾ ਨਾਂ ਗੁਰੂ ਗੋਬਿੰਦ ਸਿੰਘ ਸਾਹਿਬ ਤੇ ਵਾਸੀ ਅਨੰਦਪੁਰ ਸਾਹਿਬ ਲਿਖਵਾਉਣ

ਬੀਤੇ ਦਿਨ 19 ਜੁਲਾਈ ਨੂੰ ਜਾਰੀ ਕੀਤੇ ਆਰਡੀਨੈਂਸ ਨੇ ਸਿੱਖਾਂ ਵਿਚ ਬੜਾ ਰੋਸ ਪੈਦਾ ਕੀਤਾ। ਭਾਵੇਂ ਇਸ ਆਰਡੀਨੈਂਸ ਦਾ ਮਤਲਬ ਸਿੱਖਾਂ ਵਿਚ ਡਰ ਪੈਦਾ ਕਰਨਾ ਸੀ ਪਰ ਇਸ ਨਾਲ ਇਸ ਗੱਲ ਦੀ ਹੈਰਾਨੀ ਵੀ ਹੁੰਦੀ ਸੀ ਕਿ ਇਕ ਪਾਸੇ ਸਰਕਾਰ ਆਖਦੀ ਸੀ ਕਿ ਅਕਾਲੀ ਮੋਰਚਾ ਆਖ਼ਰੀ ਸਾਹਾਂ ਤੇ ਆਇਆ ਹੋਇਆ ਹੈ ਅਤੇ ਦੂਜੇ ਪਾਸੇ ਇਹੋ ਜਿਹਾ ਸਖ਼ਤੀ, ਡਰ ਅਤੇ ਤੱਸ਼ਦਦ ਪੈਦਾ ਕਰਨ ਵਾਲਾ ਆਰਡੀਨੈਂਸ ਜਾਰੀ ਕਰ ਰਹੀ ਸੀ। ਇਸ ਤੋਂ ਸਾਫ਼ ਲਗਦਾ ਸੀ ਕਿ ਸਰਕਾਰ ਨੂੰ ਹੱਥਾਂ-ਪੈਰਾਂ ਦੀ ਪਈ ਹੋਈ ਸੀ। ਅਕਾਲੀ ਆਗੂਆਂ ਨੇ ਸਰਕਾਰ ਦੇ ਇਸ ਆਰਡੀਨੈਂਸ ਦੇ ਜਵਾਬ ਵਿਚ ਐਲਾਨ ਕੀਤਾ ਕਿ ਇਹੋ ਜਿਹੇ ਧੱਕੇ ਨਾਲ ਸਿੱਖ ਵਧੇਰੇ ਭੜਕਣਗੇ। ਤਵਾਰੀਖ਼ ਗਵਾਹ ਹੈ ਕਿ ਸਿੱਖਾਂ ਨੂੰ ਜਦੋਂ ਵੀ ਦਬਾਇਆ ਗਿਆ ਉਹ ਓਨੇ ਹੀ ਵਧੇਰੇ ਰੋਹ ਵਿਚ ਆਏ।

20 ਤਾਰੀਖ਼ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤਾ ਕਿ "ਇਸ ਆਰਡੀਨੈਂਸ ਦਾ ਮਤਲਬ ਸਿੱਖਾਂ ਵਿਚ ਅਕਾਲੀ ਮੋਰਚੇ ਤੋਂ ਅਲਿਹਦਗੀ ਪੈਦਾ ਕਰਨ ਵਾਸਤੇ ਡਰ ਭਰਨਾ ਹੈ। ਇਸ ਕਰ ਕੇ ਗ੍ਰਿਫ਼ਤਾਰ ਹੋਣ ਵਾਲੇ ਸਾਰੇ ਅਕਾਲੀ ਵਰਕਰ ਆਪਣੇ ਪਿਤਾ ਦਾ ਨਾਂ ਗੁਰੂ ਗੋਬਿੰਦ ਸਿੰਘ ਸਾਹਿਬ, ਮਾਤਾ ਦਾ ਨਾਂ ਸਾਹਿਬ ਕੌਰ ਤੇ ਵਾਸੀ ਅਨੰਦਪੁਰ ਸਾਹਿਬ ਲਿਖਵਾਉਣ ਕਿਉਂਕਿ ਸਿੱਖ ਧਰਮ ਦੇ ਅਸੂਲਾਂ ਮੁਤਾਬਿਕ ਖੰਡੇ ਦੀ ਪਾਹੁਲ ਲੈਣ ਵਾਲਾ ਹਰ ਇਕ ਸਿੱਖ ਨਾਦੀ ਤੌਰ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪੁੱਤਰ ਅਤੇ ਵਾਸੀ ਅਨੰਦਪੁਰ ਸਾਹਿਬ ਬਣ ਜਾਂਦਾ ਹੈ।" ਇੰਝ ਸ਼੍ਰੋਮਣੀ ਅਕਾਲੀ ਦਲ ਦਾ ਇਹ ਐਲਾਨ ਕੈਰੋਂ ਦੇ ਆਰਡੀਨੈਂਸ ਨੂੰ ਬੁਰੀ ਤਰ੍ਹਾਂ ਫ਼ੇਲ੍ਹ ਕਰਨ ਵਿਚ ਕਾਮਯਾਬ ਹੋਇਆ। ਅਕਾਲੀ ਦਲ ਦੇ ਇਸ ਐਲਾਨ ਨਾਲ ਸਰਕਾਰ ਮੁਸੀਬਤ ਵਿਚ ਫਸ

ਗਈ। ਕਿਉਂਕਿ ਜੇ ਸਰਕਾਰ ਕਿਸੇ ਸਿੱਖ ਨੂੰ ਇਸ ਕਰ ਕੇ ਸਜ਼ਾ ਦੇਵੇ ਕਿ ਉਸ ਨੇ ਆਪਣੇ ਪਿਤਾ ਦਾ ਨਾਂ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਘਰ ਦਾ ਪਤਾ ਅਨੰਦਪੁਰ ਸਾਹਿਬ ਦੱਸਿਆ ਹੈ, ਸਿੱਧਾ ਸਿੱਖ ਧਰਮ ਵਿਚ ਦਖ਼ਲ ਹੋਣਾ ਸੀ। ਇਸੇ ਦਿਨ ਸ਼੍ਰੋਮਣੀ ਅਕਾਲੀ ਦਲ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਮੋਰਚੇ ਦੀ ਮਦਦ ਵਾਸਤੇ ਹਰ ਇਕ ਸਿਖ 5-5 ਪੈਸੇ ਮੋਰਚਾ ਫ਼ੰਡ ਵਿਚ ਦੇਵੇ। ਅਕਾਲੀ ਦਲ ਦੀ ਅਪੀਲ 'ਤੇ ਸਿੱਖ ਸੰਗਤਾਂ ਨੇ ਪੂਰੀ ਤਰ੍ਹਾਂ ਫੁੱਲ ਚੜਾਏ ਅਤੇ ਦੋ ਦਿਨਾਂ ਦੇ ਅੰਦਰ-ਅੰਦਰ ਕਈ ਹਜ਼ਾਰ ਰੁਪਿਆਂ ਦਾ ਫ਼ੰਡ ਇਕੱਠਾ ਹੋ ਗਿਆ। ਮੋਰਚੇ ਵਾਸਤੇ ਸਿੱਖਾਂ ਵਿਚ ਏਨਾ ਜੋਸ਼ ਸੀ ਕਿ ਹਰ ਸਿੱਖ ਆਪਣੇ ਆਪ ਨੂੰ ਮੋਰਚੇ ਨਾਲ ਸਬੰਧਤ ਸਾਬਿਤ ਕਰਨਾ ਚਾਹੁੰਦਾ ਸੀ। ਬੀਬੀਆਂ ਵਿਚ ਵੀ ਸਰਕਾਰ ਦੇ ਖ਼ਿਲਾਫ਼ ਏਨਾ ਗੁੱਸਾ ਸੀ ਕਿ ਉਹ ਵੀ ਅੱਗੇ ਵੱਧ ਕੇ ਹਿਸਾ ਪਾਉਣ ਦੀ ਖ਼ਾਹਿਸ਼ ਰਖਦੀਆਂ ਸਨ। ਜਦੋਂ ਮੰਜੀ ਸਾਹਿਬ ਤੋਂ ਮੋਰਚਾ ਫ਼ੰਡ ਵਾਸਤੇ ਅਪੀਲ ਕੀਤੀ ਜਾਂਦੀ ਸੀ ਤਾਂ ਸਿੱਖ ਬੀਬੀਆਂ ਆਪਣੇ ਸੋਨੇ ਦੇ ਗਹਿਣੇ ਤਕ ਲਾਹ ਕੇ ਮੋਰਚਾ ਫ਼ੰਡ ਵਿਚ ਦੇ ਦਿਆ ਕਰਦੀਆਂ ਸਨ। (ਇਹ ਵਖਰੀ ਗੱਲ ਹੈ ਕਿ ਇਹ ਸੋਨਾ ਅਤੇ ਬੇਹਿਸਾਬ ਰਕਮ ਮੋਰਚਾ ਕਮੇਟੀ ਦੇ ਮੈਂਬਰ ਹੜਪ ਕਰ ਗਏ)।

1987: ਬਲਬੀਰ ਸਿੰਘ ਜੋਸ਼ ਮੋਹਰ ਨਕਲੀ ਮੁਕਾਬਲੇ ਵਿਚ ਸ਼ਹੀਦ

20 ਜੁਲਾਈ 1987 ਦੇ ਦਿਨ ਪੰਜਾਬ ਪੁਲਸ ਬਲਬੀਰ ਸਿੰਘ (ਪੁੱਤਰ ਪਿਆਰਾ ਸਿੰਘ, ਵਾਸੀ ਜੋਸ਼ ਮੋਹਰ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਬਲਬੀਰ ਸਿੰਘ ਕਪੂਰਥਲਾ, ਦਵਿੰਦਰ ਸਿੰਘ ਪਿੰਕਾ ਤੇ ਬੱਗਾ ਸਿੰਘ ਕੁਹਾੜ ਨਕਲੀ ਮੁਕਾਬਲਿਆਂ ਵਿਚ ਸ਼ਹੀਦ

20 ਜੁਲਾਈ 1988 ਦੇ ਦਿਨ ਪੰਜਾਬ ਪੁਲਸ ਨੇ ਬਲਬੀਰ ਸਿੰਘ (ਕਪੂਰਥਲਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਦਵਿੰਦਰ ਸਿੰਘ ਪਿੰਕਾ ਤੇ ਬੱਗਾ ਸਿੰਘ ਕੁਹਾੜ ਨੂੰ ਵੀ ਇਕ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਰਜਿੰਦਰ ਸਿੰਘ ਡੋਡ ਨਕਲੀ ਮੁਕਾਬਲੇ ਵਿਚ ਸ਼ਹੀਦ

20 ਜੁਲਾਈ 1987 ਦੇ ਦਿਨ ਪੰਜਾਬ ਪੁਲਸ ਰਜਿੰਦਰ ਸਿੰਘ ਡੋਡ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸਤਗੁਰ ਸਿੰਘ ਪਲਾਸੌਰ ਨਕਲੀ ਮੁਕਾਬਲੇ ਵਿਚ ਸ਼ਹੀਦ

20 ਜੁਲਾਈ 1990 ਦੇ ਦਿਨ ਪੁਲਸ ਨੇ ਸਤਗੁਰ ਸਿੰਘ (ਪੁੱਤਰ ਕਾਕੂ ਸਿੰਘ, ਵਾਸੀ ਪਲਾਸੌਰ, ਨੇੜੇ ਭਲਵਾਨ, ਜ਼ਿਲ੍ਹਾ ਸੰਗਰੂਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਪ੍ਰਿਥੀ ਸਿੰਘ ਢੋਲ ਮਾਜਰਾ, ਨਿਸ਼ਾਨ ਸਿੰਘ ਬਬਰ, ਮਲਕੀਤ ਸਿੰਘ ਬਾਪੂ, ਸਤਨਾਮ ਸਿੰਘ ਸੱਤਾ ਪੁਰੀਆਂ ਖੁਰਦ, ਨਿਰੰਜਣ ਸਿੰਘ ਬਿੱਲਾ ਜੀਤੋ ਸਰਜਾ, ਜਗਜੀਤ ਸਿੰਘ ਸੋਢੀ ਭਿੱਖੀਵਿੰਡ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਵੀਹ ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਪ੍ਰਿਥੀ ਸਿੰਘ (ਵਾਸੀ ਢੋਲ ਮਾਜਰਾ), ਨਿਸ਼ਾਨ ਸਿੰਘ ਬਬਰ, ਮਲਕੀਤ ਸਿੰਘ ਬਾਪੂ, ਸਤਨਾਮ ਸਿੰਘ ਸੱਤਾ (ਵਾਸੀ ਪੁਰੀਆਂ ਖੁਰਦ, ਗੁਰਦਾਸਪੁਰ), ਨਿਰੰਜਣ ਸਿੰਘ ਬਿੱਲਾ (ਵਾਸੀ ਜੀਤੋ ਸਰਜਾ), ਜਗਜੀਤ ਸਿੰਘ ਸੋਢੀ

ਉਰਫ਼ ਗਰਜਾ ਸਿੰਘ ਹਾਥੀ (ਵਾਸੀ ਭਿੱਖੀਵਿੰਡ, ਤਰਨ ਤਾਰਨ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਸੁਖਮੰਦਰ ਸਿੰਘ ਡੱਲਾ, ਸੁਖਰਾਮ ਸਿੰਘ ਕੁਲਾਰਾਂ, ਅਵਤਾਰ ਸਿੰਘ ਤਾਰੀ ਮਾਜਰੀ, ਸੁਖਚੈਨ ਸਿੰਘ, ਬਲਜੀਤ ਸੁਖਰਾਮ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਵੀਹ ਜੁਲਾਈ 1992 ਦੇ ਦਿਨ ਪੰਜਾਬ ਪੁਲਸ ਨੇ ਸੁਖਮੰਦਰ ਸਿੰਘ (ਪੁੱਤਰ ਮੇਜਰ ਸਿੰਘ, ਵਾਸੀ ਡੱਲਾ, ਜ਼ਿਲ੍ਹਾ ਲੁਧਿਆਣਾ), ਸੁਖਰਾਮ ਸਿੰਘ ਕੁਲਾਰਾਂ, ਅਵਤਾਰ ਸਿੰਘ ਤਾਰੀ ਮਾਜਰੀ, ਸੁਖਚੈਨ ਸਿੰਘ, ਬਲਜੀਤ ਸੁਖਰਾਮ ਸਿੰਘ ਤੇ ਤਿੰਨ ਹੋਰ ਸਿੱਖਾਂ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

21 ਜੁਲਾਈ

1925: ਸਰਕਾਰ ਨੇ ਗੁਰਦੁਆਰਾ ਗੰਗਸਰ ਜੈਤੋ ਵਿਚ ਅਖੰਡ-ਪਾਠ ਸਬੰਧੀ ਲਾਈ ਪਾਬੰਦੀ ਵਾਪਿਸ ਲਈ

ਇਸ ਦਾ ਪਿਛੋਕੜ ਇੰਝ ਹੈ ਕਿ ਰਾਜਾ ਨਾਭਾ ਨੂੰ 7 ਸਤੰਬਰ 1923 ਦੇ ਦਿਨ ਗੱਦੀ ਤੋਂ ਉਤਾਰਨ ਦੇ ਖ਼ਿਲਾਫ਼ ਰੋਸ ਵਜੋਂ 14 ਸਤੰਬਰ ਨੂੰ ਗੰਗਸਰ ਗੁਰਦੁਆਰੇ (ਜੈਤੋ) ਵਿਚ ਇਕ ਅਖੰਡ ਪਾਠ ਰੱਖਿਆ ਗਿਆ ਸੀ। ਅੰਗਰੇਜ਼ ਫ਼ੌਜੀਆਂ ਨੇ ਗੁਰਦੁਆਰੇ ਵਿਚ ਦਾਖ਼ਿਲ ਹੋ ਕੇ ਪਾਠ ਕਰਦੇ ਗ੍ਰੰਥੀ ਗਿਆਨੀ ਇੰਦਰ ਸਿੰਘ ਸਮੇਤ ਸਾਰੇ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ। 29 ਸਤੰਬਰ ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਮੀਟਿੰਗ ਅਕਾਲ ਤਖ਼ਤ ਸਾਹਿਬ 'ਤੇ ਹੋਈ। ਇਸ ਵਿਚ ਜੈਤੋ ਦੇ ਗੁਰਦੁਆਰੇ ਵਿਚ ਅਖੰਡ ਪਾਠ 'ਖੰਡਤ' ਕਰਨ ਦੀ ਜ਼ਬਰਦਸਤ ਨਿੰਦਾ ਕੀਤੀ ਗਈ ਅਤੇ ਮਤਾ ਪਾਸ ਕੀਤਾ ਗਿਆ ਕਿ ਸਿੱਖ ਜਥਾ ਜੈਤੋ ਜਾ ਕੇ ਅਖੰਡ ਪਾਠ ਮੁੜ ਸ਼ੁਰੂ ਕਰੇਗਾ। (ਅਸੂਲਣ ਸਿੱਖੀ ਵਿਚ ਪਾਠ ਕਦੇ 'ਖੰਡਤ' ਨਹੀਂ ਹੋ ਸਕਦਾ; ਅਖੰਡ ਪਾਠ ਆਪਣੇ ਆਪ ਵਿਚ ਇਕਿ ਬ੍ਰਾਹਮਣੀ ਕਾਰਵਾਈ ਹੈ)। ਸ਼੍ਰੋਮਣੀ ਕਮੇਟੀ ਨੇ ਜੈਤੋ ਵਿਚ ਅਖੰਡ ਪਾਠ ਮੁੜ ਸ਼ੁਰੂ ਕਰਨ ਵਾਸਤੇ 25-25 ਸਿੱਖਾਂ ਦੇ ਜਥੇ ਭੇਜਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਜਥਿਆਂ ਨੂੰ ਬੁਰੀ ਤਰ੍ਹਾਂ ਕੁੱਟਿਆ ਜਾਂਦਾ ਸੀ ਅਤੇ ਫਿਰ ਗ੍ਰਿਫ਼ਤਾਰ ਕਰਨ ਮਗਰੋਂ ਕੁਝ ਕੁ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਸੀ ਅਤੇ ਬਾਕੀਆਂ ਨੂੰ ਬਹੁਤ ਦੂਰ-ਦੁਰਾਡੇ ਇਲਾਕਿਆਂ ਵਿਚ (ਢਾਈ ਤੋਂ ਪੰਜ ਸੌ ਕਿਲੋਮੀਟਰ ਦੂਰ) ਜੰਗਲ, ਰੇਗਿਸਤਾਨ ਜਾਂ ਉਜਾੜ ਵਿਚ ਛੱਡ ਦਿੱਤਾ ਜਾਂਦਾ ਸੀ। ਇੰਝ ਇਹ ਮੋਰਚਾ ਇਸੇ ਤਰ੍ਹਾਂ ਕਈ ਮਹੀਨੇ ਚਲਦਾ ਰਿਹਾ। ਚਾਰ ਮਹੀਨੇ ਤੋਂ ਵਧ ਸਮਾਂ ਜਥਿਆਂ ਵੱਲੋਂ ਜੈਤੋ ਵੱਲ ਮਾਰਚ ਕੀਤੇ ਜਾਣ ਅਤੇ ਗ੍ਰਿਫ਼ਤਾਰੀਆਂ ਦੇਣ ਦੇ ਬਾਵਜੂਦ ਜਦੋਂ ਕੋਈ ਨਤੀਜਾ ਨਾ ਨਿਕਲਿਆ ਤਾਂ ਸ਼੍ਰੋਮਣੀ ਕਮੇਟੀ ਨੇ ਜੱਦੋਜਹਿਦ ਨੂੰ ਤੇਜ਼ ਕਰਨ ਦਾ ਫ਼ੈਸਲਾ ਕੀਤਾ। ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ ਜੈਤੋ ਵਿਚ ਅਖੰਡ ਪਾਠ ਸ਼ੁਰੂ ਕਰਨ ਵਾਸਤੇ 500 ਸਿੱਖਾਂ ਦਾ ''ਸ਼ਹੀਦੀ ਜਥਾ'' ਭੇਜਿਆ ਜਾਏਗਾ। ਇਹ ਜੱਥਾ 21 ਫਰਵਰੀ ਨੂੰ ਜਦੋਂ ਜਥਾ ਜੈਤੋ ਪੁੱਜਾ ਤਾਂ ਅੰਗਰੇਜ਼ ਐਡਮਨਿਸਟਰੇਟਰ ਵਿਲਸਨ ਜਾਨਸਟਨ ਨੇ ਫ਼ੌਜ ਨੂੰ ਜਥੇ 'ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਗੋਲੀਆਂ ਨਾਲ ਦਰਜਨਾਂ ਸਿੱਖ ਸ਼ਹੀਦ ਹੋ ਗਏ ਤੇ ਦੋ ਸੌ ਤੋਂ ਵਧ ਜ਼ਖ਼ਮੀ ਹੋ ਗਏ। ਇਨ੍ਹਾਂ ਵਿਚ ਮਰਦ, ਔਰਤਾਂ ਤੇ ਬੱਚੇ ਵੀ ਸ਼ਾਮਿਲ ਸਨ। ਇਕ ਸੋਮੇ ਮੁਤਾਬਿਕ ਅੰਗਰੇਜ਼ੀ ਫ਼ੌਜ ਨੇ ਹਜ਼ਾਰਾਂ ਕਾਰਤੂਸ ਚਲਾਏ ਤੇ ਜੇ ਕਰ ਗੋਲੀ ਵਿੱਚੇ ਫਸ ਜਾਣ ਕਾਰਨ ਮਸ਼ੀਨ ਗੰਨ ਨਾ ਰੁਕਦੀ ਤਾਂ ਪਤਾ ਨਹੀਂ ਕਿੰਨੀਆਂ ਹੋਰ ਸ਼ਹੀਦੀਆਂ ਹੋ ਜਾਣੀਆਂ ਸਨ। ਗੋਲੀ ਚਲਣੀ ਬੰਦ ਹੋਣ ਮਗਰੋਂ ਪੁਲੀਸ ਅਤੇ ਫ਼ੌਜ ਨੇ ਜਥੇ ਦੇ ਮੈਂਬਰਾਂ ਅਤੇ ਆਮ ਲੋਕਾਂ, ਜੋ ਜਥੇ ਨੂੰ ਵੇਖ ਰਹੇ ਸਨ, 'ਤੇ ਵੀ ਲਾਠੀਚਾਰਜ ਕੀਤਾ ਅਤੇ ਜਦੋਂ ਤਕ ਸਾਰਾ

ਜਥਾ ਬੁਰੀ ਤਰ੍ਹਾਂ ਜ਼ਖ਼ਮੀ ਜਾਂ ਬੇਹੋਸ਼ ਨਾ ਹੋ ਗਿਆ, ਪੁਲੀਸ ਡਾਂਗਾਂ ਵਰ੍ਹਾਉਂਦੀ ਰਹੀ। ਅੰਗਰੇਜ਼ ਸਰਕਾਰ ਇਹ ਸਮਝਦੀ ਸੀ ਕਿ ਇੰਞ ਸਿੱਖਾਂ ਦਾ ਕਤਲੇਆਮ ਕਰ ਕੇ ਉਹ ਦਹਿਸ਼ਤ ਫੈਲਾ ਸਕੇਗੀ ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ 13 ਅਪ੍ਰੈਲ 1919 ਦੇ ਦਿਨ ਜਲ੍ਹਿਆਂ ਵਾਲਾ ਬਾਗ਼ ਅਤੇ 20 ਫਰਵਰੀ 1921 ਦੇ ਦਿਨ ਨਾਨਕਾਣਾ ਸਾਹਿਬ ਵਿਖੇ ਸ਼ਹੀਦੀਆਂ ਅਤੇ ਗੁਰੂ ਦਾ ਬਾਗ਼ ਵਿਚ ਵਹਿਸ਼ੀ ਕੁੱਟ-ਮਾਰ ਦੇ ਬਾਵਜੂਦ ਸਿੱਖ ਜਦੋਜਹਿਦ ਤੋਂ ਪਿੱਛੇ ਨਹੀਂ ਹਟੇ ਸਨ, ਤਾਂ ਹੁਣ ਵੀ ਕਿੱਥੇ ਰੁਕਣੇ ਸਨ। ਪਰ, ਜਾਨਸਟਨ ਦੇ ਅੰਦਰ ਦਾ ਵਹਿਸ਼ੀ ਦਰਿੰਦਾ ਇਕ ਵਾਰ ਫੇਰ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਕਰਨਾ ਚਾਹੁੰਦਾ ਸੀ। ਆਪਣੀ ਸਾਰੀ ਤਵਾਰੀਖ਼ ਵਿਚ ਸਿੱਖ ਕੌਮ ਨੇ ਕਦੇ ਅਜਿਹਾ ਚੈਲੰਜ ਬਰਦਾਸ਼ਤ ਨਹੀਂ ਕੀਤਾ ਸੀ ਤੇ ਹੁਣ ਵੀ ਅਜਿਹਾ ਹੀ ਹੋਇਆ। ਪਹਿਲੇ ਜਥੇ 'ਤੇ ਗੋਲੀ ਚੱਲਣ, ਦਰਜਨਾਂ ਸ਼ਹੀਦੀਆਂ ਅਤੇ ਬੇਹਿਸਾਬ ਸਿੱਖਾਂ ਦੇ ਜ਼ਖ਼ਮੀ ਹੋਣ ਦੇ ਬਾਵਜੂਦ ਸਿੱਖਾਂ ਵਿਚ ਜੋਸ਼ ਵੱਧਦਾ ਗਿਆ। ਸ਼੍ਰੋਮਣੀ ਕਮੇਟੀ ਨੇ ਦੂਜਾ ਜਥਾ ਭੇਜਣ ਦਾ ਐਲਾਨ ਕਰ ਦਿੱਤਾ। ਪਹਿਲੇ ਸ਼ਹੀਦੀ ਜਥੇ 'ਤੇ ਗੋਲੀ ਚਲਾਏ ਜਾਣ ਦੇ ਬਾਵਜੂਦ ਸਿੱਖਾਂ ਦੇ ਹੌਸਲੇ ਨਾ ਸਿਰਫ਼ ਬ-ਦਸਤੂਰ ਕਾਇਮ ਰਹੇ, ਸਗੋਂ ਸਿੱਖਾਂ ਵਿਚ ਰੋਹ ਤੇ ਜੋਸ਼ ਦਾ ਵਾਧਾ ਹੋਇਆ। ਸਿੱਖ ਨੌਜਵਾਨ ਤੇ ਬੱਚੇ ਅਕਸਰ ਇਹ ਗਾਉਂਦੇ ਸੁਣੇ ਜਾਂਦੇ ਸਨ: ''ਨਾਭੇ ਗੁਰੂ ਜਾਵਾਂਗਾ, ਭਾਵੇਂ ਸਿਰ ਕਟ ਜਾਵੇ ਮੇਰਾ।'' ਜਦੋਂ ਸ਼੍ਰੋਮਣੀ ਕਮੇਟੀ ਨੇ ਜੈਤੋ ਵਾਸਤੇ ਦੂਜਾ ਸ਼ਹੀਦੀ ਜਥਾ ਭੇਜਣ ਦਾ ਐਲਾਨ ਕੀਤਾ ਤਾਂ ਸੈਂਕੜੇ ਸਿੱਖ ਜਥੇ ਵਿਚ ਜਾਣ ਲਈ ਤਿਆਰ ਹੋ ਗਏ। ਜਥੇ ਵਿਚ ਜਾਣ ਦੀ ਮੰਗ ਇੰਨੀ ਜ਼ਿਆਦਾ ਸੀ ਕਿ ਦੇਰ ਨਾਲ ਪੁੱਜੇ ਸਿੱਖਾਂ ਨੂੰ ਨਿਰਾਸ਼ ਹੋ ਕੇ ਇਸ ਤੋਂ ਪਿੱਛੋਂ ਜਾਣ ਵਾਲੇ ਦੂਜੇ ਜਥਿਆਂ ਵਿਚ ਆਪਣੇ ਨਾਮ ਦਰਜ ਕਰਵਾਉਣੇ ਪਏ। ਇਸ ਮਗਰੋਂ ਤੀਜਾ ਜਥਾ 22 ਮਾਰਚ ਨੂੰ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਇਆ। ਚੌਥਾ ਜਥਾ ਅਨੰਦਪੁਰ ਸਾਹਿਬ ਤੋਂ 27 ਮਾਰਚ ਨੂੰ, ਪੰਜਵਾਂ ਲਾਇਲਪੁਰ ਤੋਂ 12 ਅਪ੍ਰੈਲ ਨੂੰ, ਪੈਦਲ ਰਵਾਨਾ ਹੋਏ। ਸਾਰੇ ਜਥੇ ਪਹਿਲੋਂ ਅਕਾਲ ਤਖ਼ਤ ਸਾਹਿਬ ਹਾਜ਼ਰ ਹੁੰਦੇ ਸਨ। ਛੇਵਾਂ ਜਥਾ, ਜੋ ਫ਼ੀਰੋਜ਼ਪੁਰ ਦੇ ਸਿੱਖਾਂ ਦਾ ਸੀ, ਉੱਥੋਂ ਚੱਲ ਕੇ 9 ਮਈ ਨੂੰ ਅੰਮ੍ਰਿਤਸਰ ਪੁੱਜਾ ਅਤੇ 10 ਮਈ ਨੂੰ ਜੈਤੋ ਵੱਲ ਤੁਰ ਪਿਆ। ਸਤਵਾਂ, ਦੁਆਬੇ ਦੇ ਜ਼ਿਲ੍ਹਿਆਂ ਦਾ ਜਥਾ, ਅਨੰਦਪੁਰ ਤੋਂ ਪਹਿਲੀ ਜੂਨ ਨੂੰ ਅਤੇ ਅਠਵਾਂ ਜ਼ਿਲ੍ਹਾ ਸ਼ੇਖੂਪੁਰਾ ਦਾ 22 ਮਈ 1924 ਨੂੰ ਨਾਨਕਾਣਾ ਸਾਹਿਬ ਤੋਂ ਚੱਲਿਆ। ਨੌਵਾਂ ਜਥਾ, ਜ਼ਿਲ੍ਹਾ ਅੰਮ੍ਰਿਤਸਰ ਦਾ, 25 ਜੂਨ ਨੂੰ ਇਥੋਂ ਜੈਤੋ ਵੱਲ ਤੁਰਿਆ। ਦਸਵਾਂ ਜਥਾ ਜਿਸ ਵਿਚ ਲਾਹੌਰ, ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਸਿੱਖ ਸ਼ਾਮਲ ਸਨ ਅਤੇ ਯਾਰ੍ਹਵਾਂ ਜਥਾ ਜਿਸ ਵਿਚ ਲੁਧਿਆਣਾ ਤੇ ਫ਼ਿਰੋਜ਼ਪੁਰ ਦੇ ਸਿੱਖ ਸਨ, ਇਕੱਠੇ, 13 ਜੁਲਾਈ ਨੂੰ ਅੰਮ੍ਰਿਤਸਰ ਤੋਂ ਰਵਾਨਾ ਹੋਏ। ਬਾਰ੍ਹਵਾਂ ਜਥਾ 17 ਅਗਸਤ 1924, ਤੇਰ੍ਹਵਾਂ ਜਥਾ 18 ਸਤੰਬਰ 1924, ਚੌਦਵਾਂ ਜਥਾ 15 ਦਸੰਬਰ 1924, ਪੰਦਰ੍ਹਵਾਂ ਜਥਾ ਪਹਿਲੀ ਮਾਰਚ 1925, ਸੋਲ੍ਹਵਾਂ ਜਥਾ 17 ਅਪ੍ਰੈਲ 1925 ਨੂੰ ਅੰਮ੍ਰਿਤਸਰੋਂ ਚੱਲ ਕੇ ਅਨੇਕ ਪਿੰਡਾਂ ਤੇ ਸ਼ਹਿਰਾਂ ਵਿੱਚ ਗੁਜ਼ਰਦੇ ਹੋਏ ਜੈਤੋ ਪੁੱਜ ਕੇ ਗ੍ਰਿਫ਼ਤਾਰ ਹੋਏ।

27 ਅਪ੍ਰੈਲ 1925 ਨੂੰ 101 ਸਿੰਘਾਂ ਦਾ ਸਤਾਰ੍ਹਵਾਂ ਜਥਾ ਅਕਾਲ ਤਖ਼ਤ ਸਾਹਿਬ ਤੋਂ ਲਾਇਲਪੁਰ ਜਾ ਕੇ ਉਥੋਂ ਪੜਾਓ-ਪੜਾਈ ਜੈਤੋ ਵੱਲ ਜਾ ਰਿਹਾ ਸੀ ਕਿ ਰਸਤੇ ਵਿਚ ਇਤਲਾਹ ਮਿਲੀ ਕਿ ਸਰਕਾਰ ਨੇ 21 ਜੁਲਾਈ 1925 ਦੇ ਦਿਨ ਅਖੰਡ-ਪਾਠ ਸਬੰਧੀ ਹਰ ਤਰ੍ਹਾਂ ਦੀ ਪਾਬੰਦੀ ਹਟਾ ਲਈ ਹੈ। ਸੋ ਇਸ ਜਥੇ ਨੇ ਉੱਥੇ ਪੁੱਜ ਕੇ ਪਹਿਲਾ ਅਖੰਡ-ਪਾਠ ਸ਼ੁਰੂ ਕੀਤਾ। ਇਸ ਕਰ ਕੇ ਇਸ ਜਥੇ ਨੂੰ ਸਪੈਸ਼ਲ ਜਥਾ ਵੀ ਕਿਹਾ ਗਿਆ ਸੀ।

1989: ਬਲਦੇਵ ਸਿੰਘ ਭੋਲਾ ਚੋਹਲਾ ਸਾਹਿਬ ਤੇ ਪੂਰਨ ਸਿੰਘ ਉੱਪਲੀ ਪਟਿਆਲਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

21 ਜੁਲਾਈ 1989 ਦੇ ਦਿਨ ਪੰਜਾਬ ਪੁਲਸ ਨੇ ਬਲਦੇਵ ਸਿੰਘ ਭੋਲਾ ਉਰਫ਼ ਸਰਪੰਚ (ਪੁੱਤਰ ਚੰਨਣ ਸਿੰਘ, ਵਾਸੀ ਪੱਟੀ ਦੋਲੋ ਕੀ, ਚੋਹਲਾ ਸਾਹਿਬ,ਪੂਰਨ ਸਿੰਘ (ਵਾਸੀ ਉੱਪਲੀ ਪਟਿਆਲਾ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਪਿਆਰਾ ਸਿੰਘ ਤਿੱਬੜ ਨਕਲੀ ਮੁਕਾਬਲੇ ਵਿਚ ਸ਼ਹੀਦ

21 ਜੁਲਾਈ 1990 ਦੇ ਦਿਨ ਪੰਜਾਬ ਪੁਲਸ ਨੇ ਪਿਆਰਾ ਸਿੰਘ (ਪੁੱਤਰ ਸੁਰੈਣ ਸਿੰਘ, ਵਾਸੀ ਤਿੱਬੜ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸ਼ਿੰਦਰਪਾਲ ਸਿੰਘ ਮਨਿਹਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

21 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਸ਼ਿੰਦਰਪਾਲ ਸਿੰਘ (ਪੁੱਤਰ ਗੁਰਮੇਜ ਸਿੰਘ, ਵਾਸੀ ਮਨਿਹਾਲਾ ਜੈ ਸਿੰਘ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਗੁਰਲਾਲ ਸਿੰਘ ਕਾਲੇਕੇ, ਸਲਵਿੰਦਰ ਸਿੰਘ ਤਰਨਤਾਰਨ, ਕੁਲਵੰਤ ਸਿੰਘ ਪਧਰੀ ਕਲਾਂ, ਜਸਪਾਲ ਸਿੰਘ ਪਾਲਾ, ਬਲਬੀਰ ਸਿੰਘ ਘੁਰਕਾਣੀ, ਮੱਖਣ ਸਿੰਘ ਹਰਦੋਵਾਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਇੱਕੀ ਜੁਲਾਈ 1992 ਦੇ ਦਿਨ ਪੁਲਸ ਨੇ ਗੁਰਲਾਲ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਕਾਲੇਕੇ), ਸਲਵਿੰਦਰ ਸਿੰਘ (ਪੁੱਤਰ ਜਾਗੀਰ ਸਿੰਘ, ਵਾਸੀ ਤਰਨਤਾਰਨ ਸ਼ਹਿਰ), ਕੁਲਵੰਤ ਸਿੰਘ (ਪੁੱਤਰ ਤਰਲੋਕ ਸਿੰਘ, ਵਾਸੀ ਪਧਰੀ ਕਲਾਂ), ਜਸਪਾਲ ਸਿੰਘ ਪਾਲਾ, ਬਲਬੀਰ ਸਿੰਘ ਘੁਰਕਾਣੀ, ਮੱਖਣ ਸਿੰਘ ਹਰਦੋਵਾਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ ਗਏ।

1992: ਜਸਪਾਲ ਸਿੰਘ ਭੜੀ ਨੇ ਸਾਇਆਨਾਈਡ ਦਾ ਕੈਪਸੂਲ ਖਾ ਕੇ ਸ਼ਹੀਦੀ ਹਾਸਿਲ ਕੀਤੀ

21 ਜੁਲਾਈ 1992 ਦੇ ਦਿਨ ਜਦ ਜਸਪਾਲ ਸਿੰਘ ਭੜੀ ਪੁਲਸ ਦੇ ਘੇਰੇ ਵਿਚ ਆ ਗਿਆ ਤਾਂ ਉਸ ਨੇ ਮਹਿਸੂਸ ਕੀਤਾ ਕਿ ਉਹ ਪੁਲਸ ਤੋਂ ਬਚ ਨਹੀਂ ਸਕੇਗਾ; ਇਸ ਕਰ ਕੇ ਉਸ ਨੇ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿੱਤੀ। ਉਸ ਨੂੰ ਪਤਾ ਸੀ ਕਿ ਪੁਲਸ ਨੇ ਉਸ ਨੂੰ ਫੜਨ ਮਗਰੋਂ ਜ਼ਾਲਮਾਨਾ ਤਸ਼ੱਦਦ ਕਰਨਾ ਹੈ ਤੇ ਇਸ ਮਗਰੋਂ ਵੀ ਤਾਂ ਨਕਲੀ ਮੁਕਾਬਲਾ ਬਣ ਕੇ ਮਾਰ ਹੀ ਦੇਣਾ ਹੈ; ਇਸ ਕਰ ਕੇ ਉਸ ਨੇ ਜ਼ੁਲਮ ਸਹਿ ਕੇ ਮੁਕਾਬਲੇ ਵਿਚ ਮਰਨ ਦੀ ਜਗਹ ਕੈਪਸੂਲ ਨਾਲ ਸ਼ਹੀਦ ਹੋਣਾ ਮਨਜ਼ੂਰ ਕਰ ਲਿਆ।

2012: ਬਾਬਾ ਫ਼ੌਜਾ ਸਿੰਘ ਨੇ ਲੰਡਨ ਵਿਚ ਓਲੰਪਿਕ ਦੀ ਮਿਸ਼ਾਲ ਨਾਲ ਅਗਵਾਈ ਕੀਤੀ

ਮਰਾਥਨ ਦੌੜ ਦੇ ਚੈਂਪੀਅਨ ਬਾਬਾ ਫ਼ੌਜਾ ਸਿੰਘ (ਉਮਰ 101 ਸਾਲ) ਨੇ 21 ਜੁਲਾਈ 2012 ਦੇ ਦਿਨ ਲੰਡਨ ਵਿਚ ਓਲੰਪਿਕ ਖੇਡਾਂ ਦੀ ਮਿਸ਼ਾਲ ਨਾਲ ਅਗਵਾਈ ਕੀਤੀ।

22 ਜੁਲਾਈ

1906: ਵੈਨਕੂਵਰ ਕਨੇਡਾ ਵਿਚ ਪਹਿਲੇ ਗੁਰਦਆਰੇ ਦੀ ਨੀਂਹ ਰੱਖੀ ਗਈ

22 ਜੁਲਾਈ 1906 ਦੇ ਦਿਨ ਵੈਨਕੂਵਰ, ਕਨੇਡਾ, ਵਿਚ ਖਾਲਸਾ ਦੀਵਾਨ ਸੋਸਾਇਟੀ ਬਣੀ ਅਤੇ ਇਸ ਦੇ ਨਾਲ ਹੀ ਕਨੇਡਾ ਦੇ ਪਹਿਲੇ ਗੁਰਦਆਰੇ ਦੀ ਬਿਲਡਿੰਗ ਬਣਨੀ ਸ਼ੁਰੂ ਹੋਈ (ਜੋ 19 ਜਨਵਰੀ 1908 ਨੂੰ ਬਣ ਕੇ ਤਿਆਰ ਹੋ ਗਈ)। ਅਗਲੇ 62 ਸਾਲ ਗੁਰਦੁਆਰਾ ਇਸੇ ਬਿਲਡਿੰਗ ਵਿਚ ਚਲਦਾ ਰਿਹਾ। ਇਸੇ ਜਗਹ 'ਤੇ ਬੇਲਾ ਸਿੰਘ ਜਿਆਣ ਨਾਂ ਦੇ ਗ਼ਦਾਰ ਨੇ ਭਾਈ ਬਤਨ ਸਿੰਘ ਅਤੇ ਭਾਈ ਭਾਗ ਸਿੰਘ ਸ਼ਹੀਦ ਕੀਤੇ ਸਨ। ਮਗਰੋਂ 1970 ਵਿਚ ਇਸ ਗੁਰਦੁਆਰੇ ਦੀ ਇਮਾਰਤ ਵੇਚ ਕੇ ਉਸ ਦੀ ਜਗਹ 8000 ਰੌਸ ਸਟਰੀਟ ਦਾ ਮੌਜੂਦਾ ਗੁਰਦੁਆਰਾ ਬਣਾਇਆ ਗਿਆ।

1962: ਮੁੱਲਾਂਪੁਰ ਕਨਵੈਨਸ਼ਨ ਨੇ ਅਕਾਲੀ ਦਲ ਵਿਚ ਫੁਟ 'ਤੇ ਮੁਹਰ ਲਾਈ

1960 ਦੇ ਪੰਜਾਬੀ ਸੂਬਾ ਮੋਰਚੇ ਦੀ ਹਾਰ ਨੇ ਅਤੇ ਆਪਸੀ ਖਹਿਬਾਜ਼ੀ ਅਤੇ ਵਿਰੋਧਤਾ ਨੇ 1962 ਦੀ ਫ਼ਰਵਰੀ ਵਿਚ ਅਸੈਂਬਲੀ ਤੇ ਪਾਰਲੀਮੈਂਟ ਦੀਆਂ ਹੋਈਆਂ ਚੋਣਾਂ ਵਿਚ ਅਕਾਲੀ ਦਲ ਨੂੰ ਬਹੁਤ ਨੁਕਸਾਨ ਪਹੁੰਚਾਇਆ। ਇਸ ਦੇ ਬਾਵਜੂਦ ਅਕਾਲੀ ਦਲ ਨੂੰ ਕਾਫ਼ੀ ਵੋਟਾਂ ਹਾਸਿਲ ਹੋਇਆਂ। ਪੰਜਾਬੀ ਰਿਜਨ ਵਿਚ ਸਿੱਖਾਂ ਦੀਆਂ 21 ਲੱਖ 39 ਹਜ਼ਾਰ 913 ਵੋਟਾਂ ਵਿਚੋਂ ਅਕਾਲੀ ਦਲ ਨੂੰ 15 ਲੱਖ 41 ਹਜ਼ਾਰ 185 (ਯਾਨਿ 72%) ਵੋਟਾਂ ਮਿਲੀਆਂ ਜਦੋਂ ਕਿ 5 ਲੱਖ 97 ਹਜ਼ਾਰ 728 (28%) ਵੋਟਾਂ ਨੂੰ ਕਾਂਗਰਸ, ਕਮਿਊਨਿਸਟ, ਸੋਸ਼ਲਿਸਟ ਅਤੇ ਆਜ਼ਾਦ ਉਮੀਦਵਾਰਾਂ ਨੇ ਵੰਡ ਕੇ ਹਾਸਿਲ ਕੀਤਾ। ਪਰ ਇਸ ਦੇ ਬਾਵਜੂਦ ਅਕਾਲੀ ਦਲ ਨੇ ਸਿਰਫ਼ 19 ਅਤੇ ਕਾਂਗਰਸ ਨੇ 90 ਸੀਟਾਂ ਜਿੱਤੀਆਂ ਕਿਉਂਕਿ ਇਕ ਵੀ ਹਿੰਦੂ ਨੇ ਅਕਾਲੀ ਦਲ ਨੂੰ ਵੋਟ ਨਹੀਂ ਪਾਈ ਸੀ। ਇਸ ਦੇ ਨਾਲ ਹੀ ਦਲ ਵਿਚ ਫੁਟ ਵੀ ਪੈ ਗਈ। ਇਨ੍ਹਾਂ ਦਿਨਾਂ ਵਿਚ ਹੀ ਅਕਾਲੀ ਦਲ ਦੀ ਨਵੀਂ ਭਰਤੀ ਹੋਈ। ਨਵੀਂ ਭਰਤੀ ਦੇ ਆਧਾਰ 'ਤੇ ਜਥੇਬੰਦਕ ਚੋਣਾਂ ਸਮੇਂ ਲਛਮਣ ਸਿੰਘ ਗਿੱਲ ਅਤੇ ਉਮਰਾਨੰਗਲ ਨੇ ਅਖ਼ਬਾਰਾਂ ਵਿਚ ਭਰਤੀ ਅਤੇ ਚੋਣਾਂ ਨੂੰ ਬੋਗਸ ਕਰਾਰ ਦੇਣ ਸਬੰਧੀ ਬਿਆਨ ਦਿੱਤੇ। ਇਸ ਕਾਰਨ ਮਾਸਟਰ ਤਾਰਾ ਸਿੰਘ ਨੇ 3 ਜੁਲਾਈ 1962 ਨੂੰ ਉਮਰਾਨੰਗਲ ਤੇ 5 ਜੁਲਾਈ ਨੂੰ ਲਛਮਣ ਸਿੰਘ ਗਿੱਲ ਨੂੰ ਮੁਅੱਤਲ ਕਰ ਦਿੱਤਾ ਅਤੇ ਨਾਲ ਹੀ 16 ਜੁਲਾਈ 1962 ਨੂੰ ਦਲ ਦੀ ਮੀਟਿੰਗ ਵੀ ਸਦ ਲਈ। ਇਸ ਵਿਚ ਉਮਰਾਨੰਗਲ ਅਤੇ ਲਛਮਣ ਸਿੰਘ ਗਿੱਲ ਨੂੰ ਕੱਢਣ ਲਈ ਮਤਾ ਪੇਸ਼ ਹੋਇਆ। ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਇਹ ਮਤਾ ਫਤਹਿ ਸਿੰਘ ਦੀ ਮੌਜੂਦਗੀ ਵਿਚ ਪਾਸ ਕੀਤਾ। (ਇਹ ਦੋਵੇਂ ਫਤਿਹ ਸਿੰਘ ਦੇ ਬਹੁਤ ਨਜ਼ਦੀਕੀ ਸਨ; ਪਰ ਦਰਅਸਲ, ਇਸ ਸਾਰੀ ਸਾਜ਼ਿਸ਼ ਵਿਚ ਇਹ ਸਾਰਾ ਗਰੁੱਪ ਪਹਿਲੋਂ ਹੀ ਇਕ-ਮਿਕ ਸੀ ਤੇ ਤਿਆਰੀ ਕਰੀ ਬੈਠਾ ਸੀ) ਮੀਟਿੰਗ ਨੇ ਫਤਹਿ ਸਿੰਘ ਨੂੰ ਕਿਹਾ ਕਿ ਜੇ ਕਰ ਗਿੱਲ ਤੇ ਉਮਰਾ ਨੰਗਲ ਕੱਢੇ ਜਾਣ ਨੂੰ ਬੇਇਜ਼ਤੀ ਸਮਝਦੇ ਹਨ ਤਾਂ ਉਹ ਅਸਤੀਫ਼ੇ ਦੇ ਦੇਣ। ਫਤਹਿ ਸਿੰਘ ਤੇ ਹਰਚਰਨ ਸਿੰਘ ਹੁੜਿਆਰਾ ਅਸਤੀਫ਼ੇ ਲੈਣ ਲਈ ਮੀਟਿੰਗ ਵਿਚੋਂ ਉੱਠ ਕੇ ਆ ਗਏ ਪਰ ਮੁੜ ਕੇ ਵਾਪਿਸ ਨਾ ਗਏ। ਅਗਲੇ ਦਿਨ ਫਤਹਿ ਸਿੰਘ ਨੇ ਇਨ੍ਹਾਂ ਦੋਹਾਂ ਨੂੰ ਦਲ ਚੋਂ ਕੱਢੇ ਜਾਣ ਦੇ ਖ਼ਿਲਾਫ਼ ਬਿਆਨ ਦੇ ਦਿੱਤਾ ਤੇ ਨਾਲ ਹੀ 22 ਜੁਲਾਈ ਨੂੰ ਮੁੱਲਾਂਪੁਰ ਵਿਚ ਆਪਣੇ ਹਿਮਾਇਤੀਆਂ ਦੀ ਇਕ ਕਨਵੈਨਸ਼ਨ ਵੀ ਸੱਦ ਲਈ॥

22 ਜੁਲਾਈ 1962 ਨੂੰ ਮਾਸਟਰ ਤਾਰਾ ਸਿੰਘ ਦੇ ਮੁਖ਼ਾਲਿਫ਼ਾਂ ਦੀ ਇਹ ਕਨਵੈਨਸ਼ਨ ਮੁੱਲਾਂਪੁਰ ਵਿਚ ਹੋਈ। ਇਸ ਦੀ ਪ੍ਰਧਾਨਗੀ ਫਤਹਿ ਸਿੰਘ ਨੇ ਕੀਤੀ। ਇਸ ਕਨਵੈਨਸ਼ਨ ਨਾਲ ਅਕਾਲੀ ਦਲ ਦੇ ਦੋ ਟੁਕੜੇ ਹੋ ਗਏ। ਇਸ ਮੌਕੇ 'ਤੇ ਸ਼੍ਰੋਮਣੀ ਕਮੇਟੀ ਦੇ 155 ਵਿਚੋਂ 78 ਮੈਂਬਰ ਅਤੇ ਦਲ ਦੇ 19 ਵਿਚੋਂ 8 ਐਮ.ਐਲ.ਏ. ਹਾਜ਼ਰ ਸਨ। ਇਸ ਕਨਵੈਸ਼ਨ ਵਿਚ ਲੱਗੇ

ਇਕ ਵਖਰੇ ਟੈਂਟ ਅੰਦਰ ਫਤਹਿ ਸਿੰਘ ਅਤੇ ਊਧਮ ਸਿੰਘ ਨਾਗੋਕੇ (ਹਾਲਾਂ ਕਿ ਉਹ ਕਾਂਗਰਸ ਪਾਰਟੀ ਦਾ ਆਗੂ ਸੀ) ਦੋਵੇਂ ਬੈਠੇ ਸਨ ਅਤੇ ਮੈਂਬਰਾਂ ਤੋਂ ਸਹੁੰਆਂ ਚੁਕਵਾ ਰਹੇ ਸਨ ਕਿ ਮੈਂ ਫਤਹਿ ਸਿੰਘ ਦਾ ਹੁਕਮ ਮੰਨਾਂਗਾ। ਜਵਾਹਰ ਲਾਲ ਨਹਿਰੂ ਦੇ ਸੈਕਟਰੀ ਬੀ.ਐਨ. ਮਲਿਕ ਮੁਤਾਬਿਕ (ਕਿਤਾਬ 'ਮਾਈ ਡੇਜ਼ ਵਿਦ ਨਹਿਰੂ') ਪ੍ਰਤਾਪ ਸਿੰਘ ਕੈਰੋਂ ਨੇ ਫਤਹਿ ਸਿੰਘ ਦੀ ਪੂਰੀ-ਪੂਰੀ ਮਦਦ ਕੀਤੀ। ਅਸਲ ਵਿਚ ਮਾਸਟਰ ਤਾਰਾ ਸਿੰਘ ਦੇ ਹਰ ਵਿਰੋਧੀ ਨੇ ਫਤਹਿ ਸਿੰਘ ਦਾ ਪੂਰਾ-ਪੂਰਾ ਸਾਥ ਦਿੱਤਾ। ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਗਿਆਨੀ ਕਰਤਾਰ ਸਿੰਘ, ਗਿਆਨ ਸਿੰਘ ਰਾੜੇਵਾਲਾ, ਪ੍ਰਤਾਪ ਸਿੰਘ ਕੈਰੋਂ, ਸਾਰੇ ਕਾਂਗਰਸੀ, ਸਾਰੇ ਜਨਸੰਘੀ (ਹੁਣ ਬੀ.ਜੇ.ਪੀ.) ਤੇ ਕਮਿਊਨਿਸਟ ਆਗੂਆਂ ਨੇ ਫਤਹਿ ਸਿੰਘ ਦਾ ਸਾਥ ਦਿੱਤਾ। ਮਗਰੋਂ ਫਤਹਿ ਸਿੰਘ ਨੇ ਆਪਣੀਆਂ ਲਿਖਤਾਂ ਵਿਚ ਆਪ ਵੀ ਜਨਸੰਘੀ, ਕਮਿਊਨਿਸਟ ਅਤੇ ਕਾਂਗਰਸੀ ਮਿਲਵਰਤਣ ਬਾਰੇ ਮੰਨਿਆ।

1971: ਫਤਹਿ ਸਿੰਘ 101 ਸਿੱਖਾਂ ਦਾ ਜਥਾ ਲੈ ਕੇ ਅੰਮ੍ਰਿਤਸਰ ਤੋਂ ਦਿੱਲੀ ਵੱਲ ਨੂੰ ਚੱਲਿਆ

ਦਿੱਲੀ ਵਿਚ ਜਥੇਦਾਰ ਸੰਤੋਖ ਸਿੰਘ ਦਾ ਉੱਥੋਂ ਦੇ ਗੁਰਦੁਆਰਿਆਂ ਤੇ ਕਬਜ਼ਾ ਸੀ। ਜਥੇਦਾਰ ਸੰਤੋਖ ਸਿੰਘ ਉਨ੍ਹੀਂ ਦਿਨੀਂ ਫਤਹਿ ਸਿੰਘ ਦੇ ਵਧੇਰੇ ਨੇੜੇ ਸੀ। ਦੂਜੇ ਪਾਸੇ ਦਿੱਲੀ ਦੇ ਅਕਾਲੀ ਪੰਜਾਬ ਦੇ ਅਕਾਲੀਆਂ ਦਾ ਦਿੱਲੀ ਦੇ ਗੁਰਦੁਆਰਿਆਂ ਤੇ ਕਬਜ਼ਾ ਪਸੰਦ ਨਹੀਂ ਕਰਦੇ ਸੀ। ਦਿੱਲੀ ਅਕਾਲੀ ਦਲ 'ਚ ਵੀ ਦੋ ਧੜੇ ਸਨ। ਜਥੇਦਾਰ ਸੰਤੋਖ ਸਿੰਘ ਦਾ ਵੱਡਾ ਮੁਖ਼ਾਲਿਫ਼ ਰਛਪਾਲ ਸਿੰਘ ਸੀ। ਇਸ ਦੇ ਨਾਲ ਹੀ ਬੀਬੀ ਨਿਰਲੇਪ ਕੌਰ ਸਾਬਕ ਐਮ.ਪੀ. ਵੀ ਦਿੱਲੀ ਵਿਚ ਡੇਰਾ ਲਾਈ ਬੈਠੀ ਸੀ। ਆਖ਼ਿਰ ਗਿਣੀ-ਮਿੱਥੀ ਸਕੀਮ ਅਨੁਸਾਰ ਫਤਹਿ ਸਿੰਘ ਦੇ ਮੁਖ਼ਾਲਿਫ਼ ਗਰੁਪਾਂ ਨੇ ਮਿਲ ਕੇ ਮਈ 1971 ਵਿਚ ਗੁਰਦੁਆਰਾ ਸੀਸ ਗੰਜ 'ਤੇ ਕਬਜ਼ਾ ਕਰ ਲਿਆ ਅਤੇ ਗੁਰਦੁਆਰਿਆਂ ਨੂੰ ਅੰਦਰੋਂ ਤਾਲੇ ਮਾਰ ਲਏ। ਇਹ ਕਬਜ਼ਾ ਸਰਕਾਰ ਦੇ ਦਖ਼ਲ ਦੇਣ 'ਤੇ ਖ਼ਤਮ ਹੋਇਆ ਤੇ ਸਰਕਾਰ ਨੇ ਇਕ ਪੰਜ ਮੈਂਬਰੀ ਬੋਰਡ ਬਣਾ ਕੇ ਅਰਡੀਨੈਂਸ ਰਾਹੀਂ ਕਬਜ਼ਾ ਉਸ ਨੂੰ ਸੌਂਪ ਦਿੱਤਾ। 15 ਜੁਲਾਈ ਨੂੰ ਫਤਹਿ ਸਿੰਘ ਨੇ ਇਸ ਦੀ ਮੁਖ਼ਾਲਫ਼ਤ ਕੀਤੀ ਤੇ ਦਿੱਲੀ ਦੇ ਗੁਰਦੁਆਰੇ 'ਆਜ਼ਾਦ ਕਰਵਾਉਣ ਲਈ' ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਫਤਹਿ ਸਿੰਘ 21 ਜੁਲਾਈ 1971 ਨੂੰ 101 ਸਿੱਖਾਂ ਦਾ ਜਥਾ ਲੈ ਕੇ 45 ਥਾਂਵਾਂ ਦਾ ਚੱਕਰ ਲਾ ਕੇ ਦਿੱਲੀ ਪਹੁੰਚਣ ਵਾਸਤੇ ਅੰਮ੍ਰਿਤਸਰ ਤੋਂ ਚਲ ਪਿਆ।

1987: ਹਰਦੇਵ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਬਾਈ ਜੁਲਾਈ 1987 ਦੇ ਦਿਨ ਪੁਲਸ ਨੇ ਦੌਧਰ (ਮੋਗਾ) ਨੇੜੇ ਹਰਦੇਵ ਸਿੰਘ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਜਨਰਲ ਲਾਭ ਸਿੰਘ ਦੇ ਪਿੰਡ ਪੰਜਵੜ ਵਿਚ ਸ਼ਹੀਦੀ ਸਮਾਗਮ ਨੂੰ ਰੋਕਣ ਵਾਸਤੇ ਪੁਲਸ ਨੇ ਇਲਾਕੇ ਵਿਚ ਕਰਫ਼ਿਊ ਲਾ ਦਿੱਤਾ

12 ਜੁਲਾਈ 1988 ਦੇ ਦਿਨ ਜਨਰਲ ਲਾਭ ਸਿੰਘ ਉਰਫ਼ ਸੁਖਦੇਵ ਸਿੰਘ ਉਰਫ਼ ਸੁੱਖਾ ਸਿਪਾਹੀ ਉਰਫ਼ ਲਾਭ ਸਿੰਘ ਮੁਖੀ ਖਾਲਿਸਤਾਨ ਕਮਾਂਡੋ ਫੋਰਸ ਨੂੰ ਉਸ ਦੇ ਇਕ ਸਾਥੀ ਸਣੇ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ ਸੀ। ਜਨਰਲ ਲਾਭ ਸਿੰਘ ਦੀ ਸ਼ਹੀਦੀ ਮਗਰੋਂ ਉਸ ਵਾਸਤੇ 18 ਜੁਲਾਈ ਦੇ ਦਿਨ ਉਸ ਦੇ ਸਹੁਰੇ ਚਰਨ ਸਿੰਘ ਦੇ ਪਿੰਡ ਸਮਾਧਾਂ ਵਾਲ ਖੂਹ ਵਿਚ ਸਮਾਗਮ ਕੀਤਾ ਗਿਆ। ਇਸ ਮੌਕੇ ਤੇ ਪੁਲਸ ਨੇ ਸਾਰਾ ਇਲਾਕਾ

ਘੇਰ ਲਿਆ ਹੋਇਆ ਸੀ ਪਰ ਇਸ ਦੇ ਬਾਵਜੂਦ ਬਹੁਤ ਵੱਡੀ ਗਿਣਤੀ ਵਿਚ ਲੋਕ ਸ਼ਾਮਿਲ ਹੋਏ। ਇਸ ਮਗਰੋਂ 22 ਜੁਲਾਈ ਨੂੰ ਉਸ ਦੇ ਪਿੰਡ ਪੰਜਵੜ ਵਿਚ ਸ਼ਹੀਦੀ ਸਮਾਗਮ ਰੱਖਿਆ ਗਿਆ। ਇਸ ਦਿਨ ਪੁਲਸ ਨੇ ਅਣਐਲਾਨਿਆ ਕਰਫ਼ਿਊ ਲਾ ਦਿੱਤਾ ਅਤੇ ਪੰਜਵੜ ਤੋਂ ਤਿੰਨ ਕਿਲੋਮੀਟਰ ਦੇ ਦਾਇਰੇ ਵਿਚ ਇਕ ਵੀ ਬੰਦਾ ਨਾ ਲੰਘਣ ਦਿੱਤਾ। ਹੋਰ ਤਾਂ ਹੋਰ ਰਾਗੀ ਜਥਾ ਵੀ ਨਾ ਜਾਣ ਦਿੱਤਾ। ਪੁਲਸ ਨੇ ਥਾਂ-ਥਾਂ 'ਤੇ ਬੈਰੀਕੇਡ ਲਾਏ ਹੋਏ ਸਨ। ਇਕ ਥਾਂ ਬਹੁਤ ਲੋਕ ਇਕੱਠੇ ਹੋ ਗਏ ਤਾਂ ਪੁਲਸ ਨੇ ਉਨ੍ਹਾਂ ਨੂੰ ਪਿੰਡ ਜਾਣ ਤੋਂ ਰੋਕਣ ਵਾਸਤੇ ਲਾਠੀਚਾਰਜ ਵੀ ਕੀਤਾ। ਇਸ ਦਿਨ ਇਲਾਕੇ ਵਿਚ ਜਗਹ ਜਗਹ 'ਤੇ ਲੋਕਾਂ ਨੇ ਆਉਣ ਵਾਲੀਆਂ ਸੰਗਤਾਂ ਵਾਸਤੇ ਲੰਗਰ ਲਾਏ ਹੋਏ ਸਨ। ਸ਼ਹੀਦੀ ਸਮਾਗਮ ਵਾਸਤੇ ਭਾਵੇਂ ਬਾਹਰ ਤੋਂ ਕਿਸੇ ਨੂੰ ਆਉਣ ਨਾ ਦਿੱਤਾ ਗਿਆ ਪਰ ਪਿੰਡ ਦਾ ਇਕ-ਇਕ ਬੰਦਾ ਉਥੇ ਹਾਜ਼ਰ ਸੀ; ਏਨਾ ਹਰਮਨ ਪਿਆਰਾ ਸੀ ਜਨਰਲ ਲਾਭ ਸਿੰਘ!

1988: ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦਾ ਮੁਖੀ ਜਰਨੈਲ ਅਵਤਾਰ ਸਿੰਘ ਬ੍ਰਹਮਾ ਪੁਲਸ ਮੁਕਾਬਲੇ ਵਿਚ ਸ਼ਹੀਦ

22 ਜੁਲਾਈ 1988 ਦੇ ਦਿਨ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦਾ ਮੁਖੀ ਜਰਨੈਲ ਅਵਤਾਰ ਸਿੰਘ ਬ੍ਰਹਮਾ ਇਕ ਪੁਲਸ ਮੁਕਾਬਲੇ ਵਿਚ ਸ਼ਹੀਦ ਹੋਗਿਆ। ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦੀ ਨੀਂਹ 1986 ਵਿਚ ਅਰੂੜ ਸਿੰਘ ਅਤੇ ਸੁਖਵਿੰਦਰ ਸਿੰਘ ਬਬਰ ਨੇ ਰੱਖੀ ਸੀ। ਉਨ੍ਹਾਂ ਦੀ ਸ਼ਹੀਦੀ ਮਗਰੋਂ ਅਵਤਾਰ ਸਿੰਘ ਬ੍ਰਹਮਾ (ਪੁੱਤਰ ਸੋਹਨ ਸਿੰਘ ਤੇ ਮਾਤਾ ਚੰਨਣ ਕੌਰ, ਵਾਸੀ ਬ੍ਰਹਮਪੁਰਾ, ਜੋ ਦਯਾ ਸਿੰਘ ਸੁਰਸਿੰਘ ਦੇ ਜਥੇ ਨਾਲ ਸਬੰਧਤ ਸੀ) ਇਸ ਦਾ ਮੁਖੀ ਬਣਿਆ ਸੀ। ਅਵਤਾਰ ਸਿੰਘ ਦੀ ਅਗਵਾਈ ਵਿਚ ਇਸ ਜਥੇਬੰਦੀ ਨੇ ਬਹੁਤ ਸਾਰੇ ਐਕਸ਼ਨ ਕੀਤੇ ਸਨ।ਬਲੇਰ ਪਿੰਡ ਦਾ ਸੀ.ਆਰ.ਪੀ. ਨਾਲ ਅਸਲ ਮੁਕਾਬਲਾ ਇਸੇ ਜਥੇਬੰਦੀ ਨਾਲ ਹੋਇਆ ਸੀ। ਇੰਞ ਹੀ ਇਕ ਵਾਰ ਮਾਣਕਪੁਰ ਕੋਲ ਵੀ ਹਜ਼ਾਰਾਂ ਫ਼ੋਰਸਿਜ਼ ਨੇ ਉਨ੍ਹਾਂ ਨੂੰ ਘੇਰ ਲਿਆ ਸੀ। ਸਰਹਾਲੀ ਕੋਲ ਥਾਣੇਦਾਰ ਛੱਬੂ ਰਾਮ ਨੂੰ ਵੀ ਉਸ ਨੇ ਸੋਧਿਆ ਸੀ। ਉਸ ਦੇ ਸਾਥੀ ਜਥੇਦਾਰ ਬੋਹੜ ਸਿੰਘ, ਪਿੱਪਲ ਸਿੰਘ, ਗੁਰਦੇਵ ਸਿੰਘ ਉਸਮਾਨ, ਗੁਰਦੀਪ ਸਿੰਘ ਵਕੀਲ, ਕਰਨੈਲ ਸਿੰਘ ਡੀ.ਸੀ. ਵੀ ਸਨ। 27 ਦਸੰਬਰ 1986 ਦੇ ਦਿਨ ਵੀ ਸੀ.ਆਰ.ਪੀ. ਨੇ ਉਸ ਨੂੰ ਬ੍ਰਹਮਪੁਰਾ ਵਿਚ ਘੇਰ ਲਿਆ ਪਰ ਉਸ ਦਾ ਮੁਕਾਬਲਾ ਕਰਨ ਦੀ ਜੁਰਅਤ ਨਾ ਕਰ ਸਕੀ। ਅਖ਼ੀਰ 22 ਜੁਲਾਈ 1988 ਦੇ ਦਿਨ ਉਹ ਰਾਜਿਸਥਾਨ ਕੋਲ ਪਾਕਿਸਤਾਨ ਦੀ ਸਰਹਦ ਦੇ ਨੇੜੇ ਪੁਲਸ ਗੇਰੇ ਵਿਚ ਆ ਗਿਆ। ਉਸ ਵੇਲੇ ਉਸ ਦੇ ਨਾਲ ਉਸ ਦੇ ਦੋ ਸਾਥੀ ਜਰਨੈਲ ਸਿੰਘ ਤੇ ਸੁਰਿੰਦਰ ਸਿੰਘ ਵੀ ਸਨ ਜੋ ਬਚ ਕੇ ਨਿਕਲਣ ਵਿਚ ਕਾਯਾਬ ਹੋ ਗਏ। ਇਹ ਜਥੇਬੰਦੀ ਆਪਣੇ ਇਲਾਕੇ ਵਿਚ ਬਹੁਤ ਹਰਮਨ ਪਿਆਰੀ ਸੀ। ਅਵਤਾਰ ਸਿੰਘ ਦੀ ਸ਼ਹੀਦੀ ਮਗਰੋਂ ਇਸ ਦੀ ਕਮਾਨ ਗੁਰਜੰਟ ਸਿੰਘ ਬੁੱਧ ਸਿੰਘਵਾਲਾ (ਸ਼ਹੀਦ 29 ਜੁਲਾਈ 1992) ਨੇ ਸੰਭਾਲੀ ਸੀ।

1992: ਜਸਬੀਰ ਸਿੰਘ ਬਾਬਾ ਬਕਾਲਾ, ਬਲਵਿੰਦਰ ਸਿੰਘ, ਤਰਲੋਚਨ ਸਿੰਘ ਉਰਫ਼ ਹੁਸਨਾ, ਸਤਨਾਮ ਸਿੰਘ ਸੱਤਾ, ਹਰਿੰਦਰ ਸਿੰਘ ਬਿੱਟੂ (ਸਾਰੇ ਸਖੋਵਾਲ ਵਾਸੀ) ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਬਾਈ ਜੁਲਾਈ 1992 ਦੇ ਦਿਨ ਪੁਲਸ ਨੇ ਜਸਬੀਰ ਸਿੰਘ ਉਰਫ਼ ਡਾਕਟਰ (ਪੁੱਤਰ ਨਾਜ਼ਰ ਸਿੰਘ, ਵਾਸੀ ਬਾਬਾ ਬਕਾਲਾ), ਬਲਵਿੰਦਰ ਸਿੰਘ, ਤਰਲੋਚਨ ਸਿੰਘ ਉਰਫ਼ ਹੁਸਨਾ, ਸਤਨਾਮ ਸਿੰਘ ਸੱਤਾ ਉਰਫ਼ ਹਿੰਮਤ ਸਿੰਘ ਤੂਫ਼ਾਨ, ਹਰਿੰਦਰ ਸਿੰਘ ਬਿੱਟੂ (ਸਾਰੇ ਸਖੋਵਾਲ ਵਾਸੀ) ਤੇ ਸੱਤ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1993: ਕਰਨੈਲ ਸਿੰਘ ਰਾਜੂ ਰਈਆ, ਕਰਨੈਲ ਸਿੰਘ ਜ਼ੀਰਾ, ਹਰਜਿੰਦਰ ਸਿੰਘ ਮੁਰਾਦਪੁਰਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਬਾਈ ਜੁਲਾਈ 1993 ਦੇ ਦਿਨ ਪੁਲਸ ਨੇ ਕਰਨੈਲ ਸਿੰਘ ਉਰਫ਼ ਰਾਜੂ (ਪੁੱਤਰ ਦਰਸ਼ਨ ਸਿੰਘ, ਵਾਸੀ ਰਈਆ), ਕਰਨੈਲ ਸਿੰਘ (ਪੁੱਤਰ ਦਰਸ਼ਨ ਸਿੰਘ, ਵਾਸੀ ਜ਼ੀਰਾ), ਹਰਜਿੰਦਰ ਸਿੰਘ (ਪੁੱਤਰ ਕਿਸ਼ਨ ਸਿੰਘ, ਵਾਸੀ ਮੁਰਾਦਪੁਰਾ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

2014: ਬਲਬੀਰ ਸਿੰਘ ਲੰਮੇਪੁਰ ਤੇ ਸਾਥੀਆਂ ਨੂੰ 5-5 ਸਾਲ ਕੈਦ ਦੀ ਸਜ਼ਾ

22 ਜੁਲਾਈ 2014 ਦੇ ਦਿਨ ਲੁਧਿਆਣਾ ਦੀ ਇਕ ਅਦਾਲਤ ਨੇ 29 ਜੂਨ 2009 ਦੇ ਦਿਨ ਗੁਰਦੁਆਰਾ ਪੰਜੂਆਣਾ ਲੰਮੇ ਪਿੰਡ ਤੋਂ 4 ਕਿਲੋ ਆਰ.ਡੀ.ਐਕਸ. ਅਤੇ 6 ਡੈਟੋਨੇਟਰਾਂ ਦੀ ਬਰਾਮਦਗੀ ਦੇ ਕੇਸ ਵਿਚ ਗੁਰਦੁਆਰੇ ਦੇ ਮੁਖ ਸੇਵਾਦਾਰ ਬਲਬੀਰ ਸਿੰਘ ਲੰਮੇਪੁਰ, ਕੁਲਜੀਤ ਸਿੰਘ ਉਰਫ਼ ਕੰਤਾ, ਭਾਗ ਸਿੰਘ ਨੂੰ ਪੰਜ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ।

23 ਜੁਲਾਈ

1707: ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਵਿਚ ਮੁਲਾਕਾਤ ਹੋਈ

ਔਰੰਗਜ਼ੇਬ ਦੀ ਮੌਤ ਪਿੱਛੋਂ ਉਸ ਦੇ ਪੁੱਤਰਾਂ ਵਿਚ ਬਾਦਸ਼ਾਹ ਬਣਨ ਵਾਸਤੇ ਜੰਗ ਸ਼ੁਰੂ ਹੋ ਗਈ। ਇਨ੍ਹਾਂ ਵਿੱਚੋਂ ਮੁਅੱਜ਼ਮ (ਮਗਰੋਂ ਬਹਾਦਰ ਸ਼ਾਹ) ਸਭ ਤੋਂ ਵੱਡਾ ਸੀ। ਉਹ ਉਸ ਵੇਲੇ ਜਮਰੌਦ ਵਿਚ ਸੀ ਤੇ ਉਸ ਦਾ ਦੂਜਾ ਭਰਾ ਤਾਰਾ ਆਜ਼ਮ ਦੱਖਣ ਵਿਚ ਸੀ। ਮੁਗਲੀਆ ਤਖ਼ਤ 'ਤੇ ਕਬਜ਼ਾ ਕਰਨ ਵਾਸਤੇ ਵਾਸਤੇ ਸਭ ਤੋਂ ਅਹਿਮ ਲੜਾਈ (ਜਜ਼ਾਊ ਦੀ 8 ਜੂਨ 1707 ਦੀ ਲੜਾਈ) ਤੋਂ ਪਹਿਲਾਂ ਭਾਈ ਨੰਦ ਲਾਲ ਅਤੇ ਖ਼ਾਨ ਖ਼ਾਨਾ ਜਰਨੈਲ ਰਾਹੀਂ ਬਹਾਦਰ ਸ਼ਾਹ ਦਾ ਰਾਬਤਾ ਗੁਰੂ ਗੋਬਿੰਦ ਸਿੰਘ ਸਾਹਿਬ (ਉੱਜ ਬਹਾਦਰ ਸ਼ਾਹ ਗੁਰੂ ਸਾਹਿਬ ਨੂੰ ਪਹਿਲਾਂ ਵੀ 1696 ਵਿਚ ਅਨੰਦਪੁਰ ਸਾਹਿਬ ਵਿਚ ਮਿਲ ਚੁਕਾ ਸੀ) ਨਾਲ ਬਣ ਗਿਆ ਤੇ ਗੁਰੂ ਸਾਹਿਬ ਨੇ ਤਖ਼ਤ ਹਾਸਿਲ ਕਰਨ ਵਿਚ ਜਜ਼ਾਊ ਦੀ ਲੜਾਈ ਵਿਚ ਉਸ ਦੀ ਇਖ਼ਲਾਕੀ ਤੇ ਫ਼ੌਜੀ ਮਦਦ ਵੀ ਕੀਤੀ, ਜਿਸ ਵਿਚ ਬਹਾਦਰ ਸ਼ਾਹ ਨੂੰ ਜਿੱਤ ਹਾਸਿਲ ਹੋਈ। 23 ਜੁਲਾਈ 1707 ਦੇ ਦਿਨ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਨੂੰ ਦਰਬਾਰ ਵਿਚ ਬੁਲਾ ਕੇ ਉਨ੍ਹਾਂ ਦਾ ਮਾਨ-ਸਨਮਾਨ ਕੀਤਾ ਅਤੇ ਖਿੱਲਤ (ਜਿਸ ਦੀ ਕੀਮਤ ਉਦੋਂ ਸੱਠ ਹਜ਼ਾਰ ਰੁਪੈ ਸੀ) ਵੀ ਭੇਟ ਕੀਤੀ। ਇਸ ਮੁਲਾਕਾਤ ਵਿਚ ਬਹਾਦਰ ਸ਼ਾਹ ਨੇ ਵਾਅਦਾ ਕੀਤਾ ਕਿ ਉਹ 1705 ਵਿਚ ਗੁਰੂ ਸਾਹਿਬ ਦਾ ਪਰਿਵਾਰ ਸ਼ਹੀਦ ਕਰਨ ਵਾਲਿਆਂ ਅਤੇ ਅਨੰਦਪੁਰ ਸਾਹਿਬ 'ਤੇ ਹਮਲਾ ਕਰਨ ਵਾਲਿਆਂ ਨੂੰ ਸਜ਼ਾ ਦੇਵੇਗਾ।

1914: ਵੈਨਕੂਵਰ (ਕਨੇਡਾ) ਦੇ ਸਿੱਖਾਂ ਨੇ ਸ਼ਹਿਰ ਨੂੰ ਸਾੜ ਦੇਣ ਦੀ ਧਮਕੀ ਦਿੱਤੀ

ਗ਼ੈਰ ਯੂਰਪੀਨਾਂ ਨੂੰ ਕਨੇਡਾ ਵੜਨੋਂ ਰੋਕਣ ਵਾਸਤੇ 1914 ਵਿਚ ਕਨੇਡਾ ਸਰਕਾਰ ਨੇ ਇਕ ਨਵਾਂ ਕਾਨੂੰਨ ਪਾਸ ਕੀਤਾ ਸੀ ਕਿ ਸਿਰਫ਼ ਸਿੱਧੇ ਕਨੇਡਾ ਪੁੱਜਣ ਵਾਲੇ ਮੁਸਾਫ਼ਿਰਾਂ ਨੂੰ ਹੀ ਕਨੇਡਾ ਵਿਚ ਉਤਰਨ ਅਤੇ ਰਹਿਣ ਦੀ ਇਜਾਜ਼ਤ ਮਿਲੇਗੀ। ਇਸ ਮਸਲੇ ਨੂੰ ਹੱਲ ਕਰਨ ਵਾਸਤੇ ਗੁਰਦਿਤ ਸਿੰਘ ਸਰਹਾਲੀ (ਅੰਮ੍ਰਿਤਸਰ) ਨੇ ਇਕ ਜਪਾਨੀ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਦਰਅਸਲ ਇਸ ਦਾ ਨਾਂ ਕਾਮਾਗਟਾਮਾਰੂ ਸੀ) ਕਿਰਾਏ 'ਤੇ ਲੈ ਲਿਆ ਤਾਂ ਜੋ ਕਾਨੂੰਨੀ ਅੜਿੱਚਣ ਨੂੰ ਦੂਰ ਕੀਤਾ ਜਾ ਸਕੇ। ਇਹ ਜਹਾਜ਼ 29 ਮਾਰਚ 1914 ਨੂੰ ਸਿੱਧੇ ਕੈਨੇਡਾ

ਪਹੁੰਚਣਾ ਸੀ। ਪਰ ਰਸਤੇ ਵਿਚ ਦੇਰ ਹੋਣ ਕਾਰਨ ਇਹ ਜਹਾਜ਼ 22 ਮਈ 1914 ਨੂੰ ਵੈਨਕੂਵਰ ਪਹੁੰਚਿਆ। ਕੈਨੇਡਾ ਦੇ ਨਸਲੀ ਹਾਕਮਾਂ ਨੇ ਇੰਞ ਸਿੱਧੇ ਪੁੱਜੇ ਮੁਸਾਫ਼ਿਰਾਂ ਨੂੰ ਵੀ ਉਤਰਨ ਦੀ ਇਜ਼ਾਜ਼ਤ ਨਾ ਦਿੱਤੀ।

ਕਾਫ਼ੀ ਲੰਬੀ ਜਦੋਜਹਿਦ ਮਗਰੋਂ ਵੀ ਜਦੋਂ ਇਜ਼ਾਜ਼ਤ ਨਾ ਮਿਲੀ ਤਾਂ ਸਿੱਖ ਵੀ ਡਟ ਗਏ। ਕੈਨੇਡਾ ਦੇ ਹਾਕਮਾਂ ਨੇ ਜਹਾਜ਼ 'ਤੇ ਫ਼ਾਇਰਿੰਗ ਕਰ ਕੇ ਤਬਾਹ ਕਰਨ ਦੀ ਧਮਕੀ ਦਿੱਤੀ। ਇਸ ਦੇ ਜਵਾਬ ਵਿਚ ਕੈਨੇਡਾ ਦੀ ਸਿੱਖ ਸੰਗਤ ਨੇ 21 ਜੁਲਾਈ 1914 ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਇਕ ਇਕੱਠ ਕੀਤਾ ਤੇ ਮਤਾ ਪਾਸ ਕੀਤਾ ਕਿ ਜੇ ਕਰ ਜਹਾਜ਼ 'ਤੇ ਗੋਲੀ ਚਲਾਈ ਗਈ ਤਾਂ ਸਿੱਖ ਵੈਨਕੂਵਰ ਸ਼ਹਿਰ ਨੂੰ ਸਾੜ ਕੇ ਸੁਆਹ ਕਰ ਦੇਣਗੇ। ਸਿੱਖਾਂ ਦੇ ਇਸ ਐਲਾਨਨਾਮੇ 'ਤੇ ਸਰਕਾਰ ਡਰ ਗਈ। ਹੁਣ ਸਰਕਾਰ ਨੇ ਸਿੱਖ ਆਗੂਆਂ ਨਾਲ ਮੁੜ ਕੇ ਗੱਲਬਾਤ ਕੀਤੀ। ਜਹਾਜ਼ ਵਿਚਲੇ ਸਿੱਖ ਵੀ ਨਵੇਂ ਬਣੇ ਕਾਨੂੰਨ ਦੀ ਚਾਲਾਕੀ ਦੇ ਖ਼ਿਲਾਫ਼ ਟੱਕਰ ਲੈਣ ਦੀ ਬਜਾਏ ਵਾਪਿਸ ਪੰਜਾਬ ਮੁੜਨ ਵਾਸਤੇ ਰਾਜ਼ੀ ਹੋ ਗਏ। ਕਨੇਡਾ ਸਰਕਾਰ ਨੇ ਵੀ ਜਹਾਜ਼ ਨੂੰ ਤੇਲ ਤੇ ਖਾਣ ਪੀਣ ਦਾ ਸਮਾਨ ਲੈਣ ਦੀ ਇਜ਼ਾਜ਼ਤ ਦੇ ਦਿੱਤੀ। ਅਖ਼ੀਰ ਤੇਈ ਜੁਲਾਈ ਨੂੰ ਜਹਾਜ਼ ਕਲਕੱਤੇ ਨੂੰ ਵਾਪਿਸ ਮੁੜ ਪਿਆ।(ਤਫ਼ਸੀਲ ਵਾਸਤੇ ਵੇਖੋ: ਡਾ: ਪੂਰਨ ਸਿੰਘ ਗਿੱਲ ਕਨੇਡਾ ਦੀਆਂ ਦੋ ਕਿਤਾਬਾਂ 'ਕਾਮਾਗਾਟਾਮਾਰੂ ਦਾ ਦੁਖਾਂਤ' ਅਤੇ 'ਭਾਈ ਅਰਜਨ ਸਿੰਘ ਚੰਦ ਦੀ ਇਤਿਹਾਸਕ ਡਾਇਰੀ')।

1985: ਰਾਜੀਵ ਗਾਂਧੀ ਤੇ ਲੌਂਗੋਵਾਲ ਵਿਚ ਮੁਲਾਕਾਤ ਹੋਈ

ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹਮਲੇ ਮਗਰੋਂ ਇਕ ਸਾਲ ਦੀ ਚੁੱਪ ਮਗਰੋਂ ਸਿੱਖਾਂ ਨੂੰ ਭਰਮਾਉਣ ਦੀ ਚਾਲ ਦੇ ਹਿੱਸੇ ਵਜੋਂ ਜੁਲਾਈ 1985 ਦੇ ਅੱਧ ਵਿਚ ਗਵਰਨਰ ਅਰਜਨ ਸਿੰਹ ਨੇ ਪ੍ਰਿਥੀਪਾਲ ਸਿੰਘ ਕਪੂਰ ਤੇ ਪ੍ਰੋ. ਅਤਰ ਸਿੰਘ ਦੀ ਮਦਦ ਨਾਲ ਲੌਂਗੋਵਾਲ ਨਾਲ ਰਾਬਤਾ ਕਾਇਮ ਕਰ ਲਿਆ ਸੀ; ਇਨ੍ਹਾਂ ਦੋਹਾਂ ਨੇ ਅਕਾਲੀਆਂ ਦਾ ਸਰਕਾਰ ਨਾਲ ਰਾਬਤਾ ਬਣਾਉਣ ਵਿਚ ਬਹੁਤ ਅਹਿਮ ਰੋਲ ਅਦਾ ਕੀਤਾ ਸੀ। ਲੌਂਗੋਵਾਲ ਏਨਾ ਬੇਸਮਝ ਸੀ ਕਿ ਉਸ ਨੂੰ ਪਤਾ ਹੀ ਨਾ ਲਗ ਸਕਿਆ ਕਿ ਬਰਨਾਲਾ, ਕਪੂਰ ਤੇ ਅਤਰ ਸਿੰਘ ਉਸ ਤੋਂ ਕੀਹ ਕਰਵਾਈ ਜਾ ਰਹੇ ਹਨ। ਲੌਂਗੋਵਾਲ ਇਨ੍ਹਾਂ ਤਿੰਨਾਂ ਦਾ ਗ਼ੁਲਾਮ ਬਣ ਗਿਆ ਸੀ। ਉਸ ਨੇ ਤਾਂ ਟੌਹੜਾ ਤੇ ਬਾਦਲ ਨਾਲ ਵੀ ਗੱਲਬਾਤ ਕਰਨੀ ਵੀ ਬੰਦ ਕਰ ਦਿੱਤੀ ਸੀ। ਹੌਲੀ-ਹੌਲੀ ਰਾਜੀਵ ਤੇ ਲੌਂਗੋਵਾਲ ਵਿਚ ਅੰਦਰੋ-ਅੰਦਰੀਂ 'ਰਜ਼ਾਮੰਦੀ' ਵੀ ਹੋ ਗਈ।ਇਸ ਸਾਜ਼ਿਸ਼ ਹੇਠ ਲੌਂਗੋਵਾਲ ਕੋਲੋਂ ਰਾਜੀਵ ਨੂੰ ਖ਼ਤ ਲਿਖਵਾ ਕੇ ਪੰਜਾਬ ਦਾ ਮਸਲਾ ਹੱਲ ਕਰਨ ਵਾਸਤੇ ਕਦਮ ਚੁਕਣ ਵਾਸਤੇ ਕਿਹਾ ਗਿਆ; ਕੁਝ ਦਿਨ ਮਗਰੋਂ ਉਸ ਨੇ ਲੌਂਗੋਵਾਲ ਨੂੰ ਮਿਲਣ ਦਾ ਸੱਦਾ ਭੇਜ ਦਿੱਤਾ ਜੋ ਏਨਾ ਗੁਪਤ ਰੱਖਿਆ ਗਿਆ ਕਿ ਕਿਸੇ ਨੂੰ ਪਤਾ ਨਾ ਲਗ ਸਕਿਆ। ਅਖ਼ੀਰ 23 ਜੁਲਾਈ 1985 ਦੇ ਦਿਨ ਰਾਜੀਵ ਤੇ ਲੌਂਗੋਵਾਲ ਵਿਚ ਮੁਲਾਕਾਤ ਹੋਈ।

1982: ਅਮਰਜੀਤ ਸਿੰਘ ਦਹੇੜੂ ਦਾ ਸਾਥੀ ਬਲਜੀਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਜੁਲਾਈ 1982 ਦੇ ਅੱਧ ਵਿਚ ਵਿਚ ਦਹੇੜੂ ਦਾ ਭਾਈ ਅਮਰਜੀਤ ਸਿੰਘ (ਬਬਰ ਖ਼ਾਲਸਾ) ਆਪਣੇ ਇਕ ਨਿਜੀ ਦੋਸਤ ਬਲਜੀਤ ਸਿੰਘ ਨਾਲ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਸੀ ਪਰ ਉਸ ਦੀ ਗ੍ਰਿਫਤਾਰੀ ਕਾਗਜ਼ਾਂ ਵਿਚ ਨਹੀਂ ਸੀ ਦਿਖਾਈ ਗਈ। 19 ਜੁਲਾਈ ਨੂੰ ਅਮਰਜੀਤ ਸਿੰਘ ਨੂੰ ਕਪੂਰਥਲੇ ਦੇ ਨੇੜੇ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ ਗਿਆ। ਮਗਰੋਂ ਬਲਜੀਤ ਸਿੰਘ ਨੂੰ ਵੀ 23 ਜੁਲਾਈ ਦੇ ਦਿਨ ਪਿੰਡ ਸ਼ੇਖਰ, ਜ਼ਿਲ੍ਹਾ ਜਲੰਧਰ, ਕੋਲ ਕਤਲ ਕਰ ਦਿੱਤਾ ਗਿਆ ਅਤੇ ਨਾਲ ਹੀ ਉਸ ਦਾ ਸਿਰ-ਮੂੰਹ ਵੀ ਮੁੰਨ ਦਿੱਤਾ ਗਿਆ। ਬਲਜੀਤ ਸਿੰਘ

ਦਾ ਸਿੱਖ ਜੱਦੋ-ਜਹਿਦ ਨਾਲ ਦੂਰ ਦਾ ਵੀ ਸਬੰਧ ਨਹੀਂ ਸੀ ਪਰ ਉਹ ਅਮਰਜੀਤ ਸਿੰਘ ਦੀ ਗ੍ਰਿਫ਼ਤਾਰੀ ਅਤੇ ਨਕਲੀ ਮੁਕਾਬਲੇ ਦਾ ਚਸ਼ਮ-ਦੀਦ ਗਵਾਹ ਸੀ; ਇਸ ਕਰ ਕ ਉਸ ਨੂੰ ਬੇਦੋਸ਼ੇ ਨੂੰ ਹੀ ਪੁਲਸ ਨੇ ਸ਼ਹੀਦ ਕਰ ਦਿੱਤਾ।

1988: ਦਵਿੰਦਰ ਸਿੰਘ ਪਿੰਕਾ ਸਰਹਾਲੀ ਤੇ ਬੱਗਾ ਸਿੰਘ ਕੋਹਾੜ ਨਕਲੀ ਮੁਕਾਬਲੇ 'ਚ ਸ਼ਹੀਦ

23 ਜੁਲਾਈ 1988 ਦੇ ਦਿਨ ਪੰਜਾਬ ਪੁਲਸ ਨੇ ਦਵਿੰਦਰ ਸਿੰਘ ਪਿੰਕਾ (ਸਰਹਾਲੀ) ਤੇ ਬੱਗਾ ਸਿੰਘ (ਵਾਸੀ ਕੋਹਾੜ, ਸ਼ਾਹਕੋਟ) ਨੂੰ ਇਕ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

1989: ਕੁਲਜੀਤ ਸਿੰਘ ਗੜ੍ਹਦੀਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

23 ਜੁਲਾਈ 1989 ਦੇ ਦਿਨ ਪੰਜਾਬ ਪੁਲਸ ਨੇ ਕੁਲਜੀਤ ਸਿੰਘ (ਵਾਸੀ ਗੜ੍ਹਦੀਵਾਲ, ਹੁਸ਼ਿਆਰਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸੁਖਰਾਜ ਸਿੰਘ ਰੱਤੋਵਾਲ ਬੇਟ, ਮਾਨ ਸਿੰਘ ਤੇ ਉਸ ਦਾ ਪੁੱਤਰ ਗੁਰਬਿੰਦਰ ਸਿੰਘ ਪਿੰਡੀ ਬਲੋਚਾ, ਜਸਵਿੰਦਰ ਸਿੰਘ ਕਿੱਟੂ ਮਾਣਕ ਖੁਰਦ ਨਕਲੀ ਮੁਕਾਬਲਿਆਂ ਵਿਚ ਸ਼ਹੀਦ

23 ਜੁਲਾਈ 1990 ਦੇ ਦਿਨ ਪੰਜਾਬ ਪੁਲਸ ਨੇ ਸੁਖਰਾਜ ਸਿੰਘ (ਪੁੱਤਰ ਭੋਲਾ ਸਿੰਘ, ਵਾਸੀ ਰੱਤੋਵਾਲ ਬੇਟ, ਫ਼ੀਰੋਜਪੁਰ), ਮਾਨ ਸਿੰਘ ਅਤੇ ਉਸ ਦਾ ਪੁੱਤਰ ਗੁਰਬਿੰਦਰ ਸਿੰਘ (ਵਾਸੀ ਪਿੰਡੀ ਬਲੋਚਾ ਫਰੀਦਕੋਟ), ਜਸਵਿੰਦਰ ਸਿੰਘ ਕਿੱਟੂ (ਵਾਸੀ ਮਾਣਕ ਖੁਰਦ, ਹੁਸ਼ਿਆਰਪੁਰ) ਨੂੰ ਵੱਖ-ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਪਰਮਿੰਦਰ ਸਿੰਘ ਗਿੱਲ ਕਲਾਂ, ਗੁਰਮੇਲ ਸਿੰਘ ਢੰਗਰਾਲੀ, ਹਰਮੇਲ ਸਿੰਘ ਗਿੱਲ ਕਲਾਂ, ਪਰਮਿੰਦਰ ਸਿੰਘ ਲਲਤੋਂ ਕਲਾ, ਕਸ਼ਮੀਰ ਸਿੰਘ ਠੱਠਗੜ੍ਹ, ਮੰਗਲ ਸਿੰਘ ਢੰਡ, ਸਤਪਾਲ ਸਿੰਘ ਵਲਟੋਹਾ, ਬਖਸੀਸ ਸਿੰਘ ਸ਼ੀਸ਼ਾ ਤੇ ਉਸ ਦਾ ਪਿਤਾ ਕਰਮ ਸਿੰਘ ਮਾਖੀ, ਬਲਕਾਰ ਸਿੰਘ, ਸੁਖਦੇਵ ਸਿੰਘ ਸੁੱਖਾ ਤੇ ਜੋਗਿੰਦਰ ਸਠਿਆਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

23 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਪਰਮਿੰਦਰ ਸਿੰਘ (ਪੁੱਤਰ ਬੰਤ ਸਿੰਘ, ਵਾਸੀ ਗਿੱਲ ਕਲਾਂ, ਜ਼ਿਲ੍ਹਾ ਬਠਿੰਡਾ), ਗੁਰਮੇਲ ਸਿੰਘ (ਪੁੱਤਰ ਗੁਰਦਿਆਲ ਸਿੰਘ, ਵਾਸੀ ਢੰਗਰਾਲੀ) ਤੇ ਹਰਮੇਲ ਸਿੰਘ (ਪੁੱਤਰ ਲਾਭ ਸਿੰਘ, ਵਾਸੀ ਗਿੱਲ ਕਲਾਂ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਹੀ ਪੰਜਾਬ ਪੁਲਸ ਨੇ ਪਰਮਿੰਦਰ ਸਿੰਘ ਉਰਫ ਨਿੱਕੂ (ਵਾਸੀ ਲਲਤੋਂ ਕਲਾ, ਲੁਧਿਆਣਾ), ਕਸ਼ਮੀਰ ਸਿੰਘ (ਵਾਸੀ ਠੱਠਗੜ੍ਹ), ਮੰਗਲ ਸਿੰਘ ਢੰਡ, ਸਤਪਾਲ ਸਿੰਘ, ਵਲਟੋਹਾ), ਬਖਸੀਸ ਸਿੰਘ ਸ਼ੀਸ਼ਾ ਤੇ ਉਸ ਦਾ ਪਿਤਾ ਕਰਮ ਸਿੰਘ (ਵਾਸੀ ਮਾਖੀ, ਮਰਗਿੰਦਪੁਰਾ), ਬਲਕਾਰ ਸਿੰਘ, ਸੁਖਦੇਵ ਸਿੰਘ ਸੁੱਖਾ ਤੇ ਜੋਗਿੰਦਰ ਸਿੰਘ ਉਰਫ਼ ਮਾਲ ਸਿੰਘ (ਵਾਸੀ ਸਠਿਆਲਾ) ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਡਾ: ਬਰਜਿੰਦਰ ਸਿੰਘ ਪੰਜਵੜ, ਤਰਲੋਚਨ ਸਿੰਘ ਛਾਪਾ, ਪ੍ਰਿਥੀ ਸਿੰਘ ਢੋਲਣ ਮਾਜਰਾ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ

23 ਜੁਲਾਈ 1991 ਦੇ ਦਿਨ ਡਾ: ਬਰਜਿੰਦਰ ਸਿੰਘ ਪੰਜਵੜ (ਪੁੱਤਰ ਡਾ: ਹਰਭਜਨ ਸਿੰਘ, ਵਾਸੀ ਪਿੰਡ ਪੰਜਵੜ, ਜ਼ਿਲ੍ਹਾ ਤਰਨਤਾਰਨ), ਤਰਲੋਚਨ ਸਿੰਘ ਛਾਪਾ, ਪ੍ਰਿਥੀ ਸਿੰਘ ਢੋਲਣ ਮਾਜਰਾ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1992: ਪਿਆਰਾ ਸਿੰਘ, ਹਰਫੂਲ ਸਿੰਘ, ਗੁਰਦੀਪ ਸਿੰਘ (ਤਿੰਨੇ ਜਿਓਬਾਲਾ), ਪਰਮਜੀਤ ਸਿੰਘ ਵਿਛੋਆ, ਅਮਰੀਕ ਸਿੰਘ, ਹਰਜਿੰਦਰ ਸਿੰਘ ਰੰਧਾਵਾ, ਨਿਸ਼ਾਨ ਸਿੰਘ ਕਾਕੂ ਨਕਲੀ ਮੁਕਾਬਲੇ ਵਿਚ ਸ਼ਹੀਦ

ਤੇਈ ਜੁਲਾਈ 1992 ਦੇ ਦਿਨ ਪੁਲਸ ਨੇ ਪਿਆਰਾ ਸਿੰਘ (ਪੁੱਤਰ ਮੇਜਾ ਸਿੰਘ) ਤੇ ਉਸ ਦਾ ਪੁੱਤਰ ਹਰਫੂਲ ਸਿੰਘ (ਵਾਸੀ ਜਿਓਬਾਲਾ, ਜ਼ਿਲ੍ਹਾ ਅੰਮ੍ਰਿਤਸਰ), ਗੁਰਦੀਪ ਸਿੰਘ (ਪੁੱਤਰ ਮੁਖਤਿਆਰ ਸਿੰਘ, ਵਾਸੀ ਜਿਓਬਾਲਾ), ਪਰਮਜੀਤ ਸਿੰਘ (ਪੁੱਤਰ ਜਸਵੰਤ ਸਿੰਘ, ਵਾਸੀ ਵਿਛੋਆ), ਅਮਰੀਕ ਸਿੰਘ, ਹਰਜਿੰਦਰ ਸਿੰਘ ਰੰਧਾਵਾ, ਨਿਸ਼ਾਨ ਸਿੰਘ ਕਾਕੂ ਤੇ ਦੋ ਹੋਰ ਸਿੱਖਾਂ ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

2014: ਹਰਿਆਣਾ ਸਰਕਾਰ ਨੇ 41 ਮੈਂਬਰੀ ਗੁਰਦੁਆਰਾ ਕਮੇਟੀ ਬਣਾਈ

23 ਜੁਲਾਈ 2014 ਦੇ ਦਿਨ ਹਰਿਆਣਾ ਸਰਕਾਰ ਨੇ 41 ਮੈਂਬਰੀ ਹਰਿਆਣਾ ਗੁਰਦੁਆਰਾ ਕਮੇਟੀ ਕਾਇਮ ਕੀਤੀ। ਪਹਿਲੀ ਕਮੇਟੀ ਵਿਚ ਹੇਠ ਲਿਖੇ ਨਾਮਜ਼ਦ ਕਤਿ ਗਏ: ਜਗਦੀਸ਼ ਸਿੰਘ ਝੀਂਡਾ (ਕਰਨਾਲ), ਦੀਦਾਰ ਸਿੰਘ ਨਲਵੀ (ਕੁਰੂਕਸ਼ੇਤਰ), ਹਰਪਾਲ ਸਿੰਘ ਮਛੋਂਡਾ (ਅੰਬਾਲਾ), ਭੂਪਿੰਦਰ ਸਿੰਘ ਅਸੰਧ (ਕਰਨਾਲ), ਗੁਰਮੀਤ ਸਿੰਘ ਤ੍ਰਿਲੋਕੇਵਾਲਾ (ਸਿਰਸਾ), ਅਵਤਾਰ ਸਿੰਘ ਚੱਕੂ (ਕੈਥਲ), ਸਵਰਨ ਸਿੰਘ ਰਤੀਆ (ਫ਼ਤਹਿਬਾਦ), ਜੋਗਾ ਸਿੰਘ ਜਮਨਾਨਗਰ, ਭੂਪਿੰਦਰ ਸਿੰਘ ਜੌਹਰ ਜਮਨਾਨਗਰ, ਅਮਰੀਕ ਸਿੰਘ ਜਨੇਤਪੁਰ ਅੰਬਾਲਾ, ਜਸਬੀਰ ਸਿੰਘ ਖਲਾਸਾ ਅੰਬਾਲਾ, ਨਿਰਵੈਲ ਸਿੰਘ ਜੀਂਦ, ਜਗਦੇਵ ਸਿੰਘ ਮਤਦਾਦੂ ਸਰਸਾ, ਸਰਤਾਜ ਸਿੰਘ ਕਰਨਾਲ, ਮਨਜੀਤ ਸਿੰਘ ਡਾਚਰ ਕਰਨਾਲ, ਜਸਵਿੰਦਰ ਸਿੰਘ ਜੀਂਦ, ਅਜਮੇਰ ਸਿੰਘ ਸੈਣੀ ਕੁਰੂਕਸ਼ੇਤਰ, ਹਰਪਰੀਤ ਸਿੰਘ ਨਰੂਲਾ ਕਰਨਾਲ, ਸੁਰਜੀਤ ਸਿੰਘ ਐਡਵੋਕੇਟ ਕੈਥਲ, ਸੁਰਿਦਰ ਸਿੰਘ ਸ਼ਾਹ ਕੈਥਲ, ਮਾਸਟਰ ਸੰਪੂਰਨ ਸਿੰਘ ਸਰਸਾ, ਜਸਕੀਰ ਸਿੰਘ ਭੱਟੀ ਸਰਸਾ, ਕਰਨੈਲ ਸਿੰਘ ਨਿਮਾਣਾਬਾਦ ਜੀਂਦ, ਅਪਾਰ ਸਿੰਘ ਕੁਰੂਕਸ਼ੇਤਰ, ਬਲਦੇਵ ਸਿੰਘ ਬੱਲੀ ਗੋਬਿੰਦਪੁਰਾ ਕੈਥਲ, ਹਾਕਮ ਸਿੰਘ ਅੰਬਾਲਾ, ਗੁਰਚਰਨ ਸਿੰਘ ਚਿਮੋ ਫ਼ਤਿਆਬਾਦ, ਹਰਚਰਨ ਸਿੰਘ ਰਠੌਰ ਰੋਹਤਕ, ਚਨਦੀਪ ਸਿੰਘ ਖੁਰਾਣਾ ਰੋਹਤਕ, ਜੀਤ ਸਿੰਘ ਖਾਲਸਾ ਸਿਰਸਾ, ਮੋਹਨਜੀਤ ਸਿੰਘ ਪਾਨੀਪਤ, ਜਗਜੀਤ ਸਿੰਘ ਮਠਾਰੂ ਪਾਣੀਪਤ, ਬਲਵੰਤ ਸਿੰਘ ਫ਼ੌਜੀ ਕੁਰੂਕਸ਼ੇਤਰ, ਸਤਪਾਲ ਸਿੰਘ ਉਰਫ਼ ਕਾਲਾ ਪਿਹੋਵਾ, ਅਮਰਿੰਦਰ ਸਿੰਘ ਅਰੋੜਾ ਕਰਨਾਲ, ਮਨਜੀਤ ਸਿੰਘ ਫ਼ਰੀਦਾਬਾਦ, ਪ੍ਰਭਜੀਤ ਸਿੰਘ ਗੁੜਗਾਓਂ, ਸਰਦਾਰਨੀ ਰਾਣਾ ਭੱਟੀ ਫ਼ਰੀਦਾਬਾਦ, ਜਸਵੰਤ ਸਿੰਘ ਸੋਨੀਪਤ, ਮਨਿੰਦਰਪਾਲ ਸਿੰਘ ਗੁੜਗਾਓਂ ਤੇ ਬਲਜੀਤ ਸਿੰਘ ਦਾਦੂਵਾਲ (ਅੰਬਾਲਾ ਦਾ ਐਡਰੈਸ ਦੇ ਕੇ)।

24 ਜੁਲਾਈ

1932: ਫ਼ਿਰਕੂ ਫ਼ੈਸਲੇ ਖ਼ਿਲਾਫ਼ ਜੱਦੋਜਹਿਦ ਲਈ 17 ਮੈਂਬਰੀ 'ਕੌਂਸਲ ਆਫ਼ ਐਕਸ਼ਨ' ਬਣੀ

ਜਦੋਂ ਹਿੰਦੂ, ਮੁਸਲਮਾਨ ਅਤੇ ਸਿੱਖ ਨਵੇਂ ਬਣ ਰਹੇ ਭਾਰਤੀ ਆਈਨ ਹੇਠ ਹੋਣ ਵਾਲੀਆਂ ਚੋਣਾਂ ਵਿਚ ਸੀਟਾਂ ਦੀ ਵੰਡ ਬਾਰੇ ਫ਼ਿਰਕੂ ਮਸਲੇ ਦਾ ਹੱਲ ਕੱਢਣ ਵਿਚ ਨਾਕਾਮਯਾਬ ਹੋ ਗਏ ਤਾਂ ਬਰਤਾਨਵੀ ਪ੍ਰਾਈਮ ਮਨਿਸਟਰ ਨੂੰ ਇਸ ਬਾਰੇ ਆਪਣਾ ਫ਼ੈਸਲਾ ਦੇਣਾ ਪਿਆ। ਇਹ ਫ਼ੈਸਲਾ 17 ਅਗਸਤ 1932 ਵਾਲੇ ਦਿਨ ਦਿੱਤਾ ਗਿਆ। ਇਸ ਦਾ ਨਾਂ 'ਫ਼ਿਰਕੂ ਫ਼ੈਸਲਾ' ਵਜੋਂ ਜਾਣਿਆ ਗਿਆ।ਇਸ ਫ਼ਿਰਕੂ ਫ਼ੈਸਲੇ ਦੇ ਨਤੀਜੇ ਦੀ ਭਿਣਕ ਸਾਰਿਆਂ ਨੂੰ ਪਹਿਲੋਂ ਹੀ ਪੈਣ ਲਗ ਪਈ ਸੀ। ਇਸ ਗੱਲ ਨੂੰ ਭਾਂਪਦਿਆਂ ਹੋਇਆਂ ਸੈਂਟਰਲ ਸਿੱਖ ਲੀਗ ਨੇ ਇਕ ਆਲ

ਪਾਰਟੀਜ਼ ਸਿੱਖ ਕਾਨਫ਼ਰੰਸ 24 ਜੁਲਾਈ 1932 ਦੇ ਦਿਨ ਲਾਹੌਰ ਵਿਚ ਰਣਜੀਤ ਸਿੰਘ ਦੀ ਸਮਾਧ ਵਾਲੀ ਬਿਲਡਿੰਗ ਵਿਚ ਬੁਲਾ ਲਈ ਸੀ। ਇਸ ਮੀਟਿੰਗ ਵਿਚ 500 ਤੋਂ ਵੱਧ ਸਿਰਕਰਦਾ ਸਿੱਖ ਆਗੂ ਤੇ ਵਰਕਰ ਸ਼ਾਮਿਲ ਹੋਏ। ਇਨ੍ਹਾਂ ਵਿਚੋਂ ਮੁਖ ਸਨ: ਸੰਪੂਰਨ ਸਿੰਘ ਐਮ.ਐਲ.ਸੀ., ਸੰਤ ਸਿੰਘ ਐਮ.ਪੀ., ਸ:ਬ: ਮਹਿਤਾਬ ਸਿੰਘ, ਗਿ: ਸ਼ੇਰ ਸਿੰਘ, ਅਮਰ ਸਿੰਘ ਸ਼ੇਰੇ-ਪੰਜਾਬ, ਭਗਤ ਜਸਵੰਤ ਸਿੰਘ, ਗੁਰਮੁਖ ਸਿੰਘ ਮੁਸਾਫ਼ਿਰ, ਅਵਤਾਰ ਸਿੰਘ ਬੈਰਿਸਟਰ, ਹੀਰਾ ਸਿੰਘ ਦਰਦ, ਗਿਆਨੀ ਕਰਤਾਰ ਸਿੰਘ, ਤੇਜਾ ਸਿੰਘ ਅਕਰਪੁਰੀ, ਗੋਪਾਲ ਸਿੰਘ ਕੌਮੀ, ਭਾਗ ਸਿੰਘ ਵਕੀਲ, ਕਰਤਾਰ ਸਿੰਘ ਝੱਬਰ, ਉੱਜਲ ਸਿੰਘ ਵਗ਼ੈਰਾ। ਇਸ ਇਕੱਠ ਵਿਚ ਸ਼੍ਰੋਮਣੀ ਅਕਾਲੀ ਦਲ, ਸੈਂਟਰਲ ਸਿੱਖ ਲੀਗ, ਚੀਫ਼ ਖਾਲਸਾ ਦੀਵਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੈਂਟਰਲ ਅਕਾਲੀ ਦਲ, ਸਿੱਖ ਨੈਸ਼ਨਲਿਸਟ ਪਾਰਟੀ ਅਤੇ ਹੋਰ ਕਈ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਮਾਸਟਰ ਤਾਰਾ ਸਿੰਘ ਇਸ ਕਾਨਫ਼ਰੰਸ ਵਿਚ ਸ਼ਾਮਿਲ ਨਾ ਹੋ ਸਕਿਆ ਕਿਉਂ ਕਿ ਉਸ ਦੇ ਲਾਹੌਰ ਦਾਖ਼ਲੇ 'ਤੇ ਪਾਬੰਦੀ ਲਗੀ ਹੋਈ ਸੀ; ਪਰ ਉਹ ਰਾਵੀ ਤੋਂ ਪਾਰ ਸ਼ਾਹਦਰਾ ਵਿਚ ਬੈਠਾ ਕਾਨਫ਼ਰੰਸ ਦੀ ਕਾਰਵਾਈ ਚਲਾਉਂਦਾ ਰਿਹਾ। ਇਸ ਆਲ ਪਾਰਟੀਜ਼ ਸਿੱਖ ਕਾਨਫ਼ਰੰਸ ਨੇ ਫ਼ੈਸਲਾ ਕੀਤਾ ਕਿ ਸਿੱਖ ਮੁਸਲਮਾਨਾਂ ਦੀ ਅਕਸਰੀਅਤ ਨੂੰ ਕਬੂਲ ਨਹੀਂ ਕਰਨਗੇ। ਸਿੱਖ ਅਜਿਹਾ ਫ਼ਿਰਕੂ ਫ਼ੈਸਲਾ ਮਨਜ਼ੂਰ ਨਹੀਂ ਕਰਨਗੇ। ਇਸ ਆ ਰਹੇ ਫ਼ਿਰਕੂ ਫ਼ੈਸਲੇ ਦੇ ਖ਼ਿਲਾਫ਼ ਜੱਦੋਜਹਿਦ ਕਰਨ ਵਾਸਤੇ ਇਕ 17 ਮੈਂਬਰੀ ''ਕੌਂਸਲ ਆਫ਼ ਐਕਸ਼ਨ'' ਬਣਾਈ ਗਈ। ਇਸ ''ਕੌਂਸਲ ਆਫ਼ ਐਕਸ਼ਨ'' ਵਿਚ ਹੋਰਨਾਂ ਤੋਂ ਇਲਾਵਾ ਹੇਠ ਲਿਖੇ ਮੈਂਬਰ ਵੀ ਸ਼ਾਮਿਲ ਸਨ: ਮਾਸਟਰ ਤਾਰਾ ਸਿੰਘ, ਗਿ: ਸ਼ੇਰ ਸਿੰਘ, ਭਾਗ ਸਿੰਘ ਵਕੀਲ, ਅਵਤਾਰ ਸਿੰਘ ਬੈਰਿਸਟਰ, ਸੰਪੂਰਨ ਸਿੰਘ ਐਮ.ਐਲ.ਸੀ., ਸੰਤ ਸਿੰਘ ਐਮ.ਪੀ., ਗਿ: ਕਰਤਾਰ ਸਿੰਘ, ਅਮਰ ਸਿੰਘ ਸ਼ੇਰੇ-ਪੰਜਾਬ, ਸੁੰਦਰ ਸਿੰਘ ਮਜੀਠੀਆ, ਸ:ਬ: ਮਹਿਤਾਬ ਸਿੰਘ, ਉੱਜਲ ਸਿੰਘ, ਬੂਟਾ ਸਿੰਘ ਐਮ.ਐਲ.ਸੀ.।

1954: ਬਾਬਾ ਗੁਰਦਿਤ ਸਿੰਘ ਕਾਮਾਗਾਟਾ ਮਾਰੂ ਦੀ ਮੌਤ ਹੋਈ

1914 ਵਿਚ ਕਨੇਡਾ ਨੂੰ ਕਾਮਾਗਾਟਾਮਾਰੂ ਜਹਾਜ਼ ਲਿਜਾਣ ਵਾਲੇ ਬਾਬਾ ਗੁਰਦਿਤ ਸਿੰਘ ਕਾਮਾਗਾਟਾ ਮਾਰੂ ਦੀ ਮੌਤ 24 ਜੁਲਾਈ 1954 ਦੇ ਦਿਨ ਹੋਈ ਸੀ। ਗੁਰਦਿਤ ਸਿੰਘ ਕਾਮਾਗਾਟਾਮਾਰੂ 1926 ਵਿਚ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਵੀ ਰਿਹਾ ਸੀ। ਉਸ ਨੇ ਇਕ ਵਾਰ ਪ੍ਰਤਾਪ ਸਿੰਘ ਕੈਰੋਂ ਦੇ ਖ਼ਿਲਾਫ਼ ਅਸੈਂਬਲੀ ਚੋਣ ਵੀ ਲੜੀ ਸੀ ਪਰ ਹਾਰ ਗਿਆ ਸੀ।

1985: ਰਾਜੀਵ-ਲੌਂਗੋਵਾਲ ''ਸਮਝੌਤੇ'' 'ਤੇ ਦਸਤਖ਼ਤ ਹੋਏ

ਸਿੱਖਾਂ ਅਤੇ ਪੰਜਾਬ ਦੇ ਮਸਲੇ ਦੇ ਸਬੰਧ ਵਿਚ ਚਲ ਰਹੀਆਂ ਖ਼ੁਫ਼ੀਆ ਸਰਗਰੀਆਂ ਹੇਠ 23 ਜੁਲਾਈ 1985 ਨੂੰ ਰਾਜੀਵ ਗਾਂਧੀ ਤੇ ਲੌਂਗੋਵਾਲ ਵਿਚ ਮੁਲਾਕਾਤ ਕਰਾਵਈ ਗਈ। ਕਰਵਾ ਕੇ 24 ਜੁਲਾਈ ਨੂੰ ਰਾਜੀਵ-ਲੌਂਗੋਵਾਲ ਸਮਝੌਤੇ ਦਾ ਐਲਾਨ ਵੀ ਕਰ ਦਿੱਤਾ ਗਿਆ। ਇਸ ਸਮਝੌਤੇ ਨੂੰ ਭਾਰਤੀ ਪਾਰਲੀਮੈਂਟ ਵਿਚ ਵੀ ਪਾਸ ਕਰ ਦਿੱਤਾ ਗਿਆ। ਲੌਂਗੋਵਾਲ ਇਕ ਅਨਪੜ੍ਹ ਪਰ ਚਲਾਕ ਸਾਧ ਹੋਣ ਦੇ ਬਾਵਜੂਦ ਸਿਆਸੀ ਬੇਈਮਾਨੀਆਂ ਤੋਂ ਜਾਣੂੰ ਨਹੀਂ ਸੀ ਇਸ ਕਰ ਕੇ ਉਹ ਛੇਤੀ ਹੀ ਅਤਰ ਸਿੰਘ, ਪ੍ਰਿਥੀਪਾਲ ਕਪੂਰ, ਸੁਰਜੀਤ ਬਰਨਾਲਾ, ਬਲਵੰਤ ਸਿੰਘ ਵਰਗੇ ਲੂੰਬੜਾਂ ਦੀ ਚਾਲ ਵਿਚ ਆ ਗਿਆ। ਕਮਾਲ ਦੀ ਗੱਲ ਤਾਂ ਇਹ ਹੈ ਕਿ ਇਸ ਧੋਖੇ ਦੀ ਨਾ ਸ਼ਾਬ੍ਰਕ ਚੀਫ਼ ਮਨਿਸਟਰ ਬਾਦਲ ਤੇ ਨਾ ਸ਼੍ਰੋਮਣੀ ਕਮੇਟੀ ਪ੍ਰਧਾਨ ਟੌਹੜਾ ਨੂੰ ਹੀ ਭਿਣਕ ਪਈ। ਇਨ੍ਹਾਂ ਨੇ ਵੀ ਇਸ 'ਸਮਝੌਤੇ' ਨੂੰ ਅਖ਼ਬਾਰਾਂ ਵਿਚ ਹੀ ਪੜਿਆ। ਇਨ੍ਹਾਂ ਨੇ ਹਲਕਾ ਜਿਹਾ ਪ੍ਰੋਟੈਸਟ ਤਾਂ ਕੀਤਾ ਪਰ ਫਿਰ ਚੁਪ ਕਰ ਕੇ ਘਰੀਂ ਬੈਠ ਗਏ।ਖਾੜਕੂਆਂ ਨੇ ਇਸ ਨੂੰ

ਸ਼ਰਮਨਾਕ ਹੋਣੀ' ਤੇ 'ਕੌਮ ਦੀ ਦਸਤਾਰ ਮਿੱਟੀ ਵਿਚ ਰੋਲਣਾ' ਆਖਿਆ। ਸਿੱਖਾਂ ਨੇ ਪੰਜਾਬ ਵਿਚ ਕਈ ਜਗਹ 'ਤੇ ਲੌਂਗੋਵਾਲ ਦਲ ਵੱਲੋਂ ਪੰਥ ਨਾਲ ਕੀਤੀ ਗੱਦਾਰੀ 'ਤੇ ਸਿਆਪਾ ਕੀਤਾ। ਹਰ ਪਾਸਿਉਂ ਇਸ ਦੀ ਜ਼ਬਰਦਸਤ ਮੁਖਾਲਫ਼ਤ ਹੋਈ ਪਰ ਲੌਂਗੋਵਾਲੀਏ ਇਸ ਨੂੰ 'ਕਾਮਯਾਬੀ' ਆਖ ਰਹੇ ਸਨ।

ਰਾਜੀਵ-ਲੌਂਗੋਵਾਲ ਸਮਝੌਤਾ ਵਿਚ ਕੀ ਨਹੀਂ ਸੀ?: 1. ਖ਼ਾਲਿਸਤਾਨ ਜਾਂ ਸਿੱਖਾਂ ਵਾਸਤੇ ਖ਼ਾਸ ਹੱਕ ਤਾਂ ਕੀ ਇਸ 'ਚ ਤਾਂ ਅਨੰਦਪੁਰ ਸਾਹਿਬ ਦੇ ਮਤੇ ਨੂੰ ਵੀ ਨਹੀਂ ਸੀ ਮੰਨਿਆ ਗਿਆ। 2. ਇਸ ਵਿਚ ਭਾਰਤੀ ਆਈਨ ਦੀ ਦਫ਼ਾ 25 ਹੇਠ ਸਿੱਖਾਂ ਨੂੰ 'ਹਿੰਦੂ' ਆਖਣ ਵਾਲੀ ਮੱਦ ਖ਼ਤਮ ਕਰਨ ਦਾ ਜ਼ਿਕਰ ਤਕ ਨਹੀਂ ਸੀ।

3. ਇਸ ਵਿਚ ਜੇਲ੍ਹਾਂ ਵਿਚ ਬੈਠੇ ਹਜ਼ਾਰਾਂ ਬੇਗ਼ੁਨਾਹ ਸਿੱਖਾਂ ਦੀ ਰਿਹਾਈ ਦਾ ਕੋਈ ਐਲਾਨ ਨਹੀਂ ਸੀ।4. ਇਸ ਵਿਚ 3000 ਦੇ ਕਰੀਬ ਧਰਮੀ ਫ਼ੌਜੀਆਂ ਵਾਸਤੇ ਕੋਈ ਐਲਾਨ ਨਹੀਂ ਸੀ। 5. ਇਸ 'ਚ ਪਾਣੀਆਂ, ਭਾਖੜਾ-ਨੰਗਲ ਬਿਜਲੀ ਪਲਾਂਟਾਂ, ਨੰਗਲ ਫ਼ੈਕਟਰੀ ਨੂੰ ਪੰਜਾਬ ਨੂੰ ਮੋੜਨ ਦਾ ਜ਼ਿਕਰ ਤਕ ਨਹੀਂ ਸੀ। 6. ਇਸ ਵਿਚ ਆਲ ਇੰਡੀਆ ਗੁਰਦੁਆਰਾ ਐਕਟ ਦੀ ਕੋਈ ਗੱਲ ਨਹੀਂ ਸੀ। 7. ਇਸ ਵਿਚ ਫ਼ੌਜ ਵਿਚ ਸਿੱਖਾਂ ਦੀ ਭਰਤੀ ਦੇ ਕੋਟੇ ਦੀ ਕੋਈ ਗੱਲ ਨਹੀਂ ਸੀ। 8. ਇਸ ਵਿਚ ਹਰਿਆਣਾ, ਹਿਮਾਚਲ ਤੇ ਰਾਜਿਸਥਾਨ ਵਿਚਲੇ ਪੰਜਾਬੀ ਬੋਲਦੇ ਇਲਾਕਿਆਂ ਦੀ ਕੋਈ ਗੱਲ ਨਹੀਂ ਸੀ। 9. ਇਸ ਵਿਚ ਹਰਿਆਣਾ, ਹਿਮਾਚਲ ਤੇ ਰਾਜਿਸਥਾਨ ਵਿਚ ਪੰਜਾਬੀ ਦੀ ਪੜਾਈ ਤੇ ਹੋਰ ਸਹੂਲਤਾਂ ਦੀ ਕੋਈ ਗੱਲ ਨਹੀਂ ਸੀ। 10. ਇਸ ਵਿਚ ਫ਼ੌਜ ਵੱਲੋਂ ਚੁੱਕ ਕੇ ਖੜ੍ਹੀ 'ਸਿੱਖ ਰੈਫ਼ਰੈਂਸ ਲਾਇਬਰੇਰੀ' ਤੇ ਹੋਰ ਦਸਤਾਵੇਜ਼ਾਂ ਤੇ ਆਰਕਾਈਵਜ਼ ਮੋੜਨ ਦੀ ਕੋਈ ਗੱਲ ਨਹੀਂ ਸੀ। 11. ਇਸ ਵਿਚ 'ਖ਼ੂਨੀ ਨਵੰਬਰ' 1984 ਵਿਚ ਸਿੱਖਾਂ ਦੇ ਕਤਲੇਆਮ ਕਰਨ ਵਾਲਿਆਂ ਨੂੰ ਕੋਈ ਸਜ਼ਾ ਦੇਣ ਦੀ ਗੱਲ ਨਹੀਂ ਸੀ। ਇਨ੍ਹਾਂ ਕਤਲਾਂ, ਰੇਪ, ਜ਼ੁਲਮ ਦਾ ਸ਼ਿਕਾਰ ਹੋਏ ਲੋਕਾਂ ਦੇ ਮੁਆਵਜ਼ੇ ਦੀ ਕੋਈ ਗੱਲ ਨਹੀਂ ਸੀ। ਇਸ ਵਿਚ ਇਨ੍ਹਾਂ ਕਤਲੇਆਮ ਵਿਚ ਸ਼ਾਮਿਲ ਕਾਂਗਰਸੀ ਵਜ਼ੀਰਾਂ ਨੂੰ ਹਟਾਉਣ ਜਾਂ ਸਜ਼ਾ ਦੇਣ ਬਾਰੇ ਕੋਈ ਗੱਲ ਨਹੀਂ ਸੀ। ਇਸ ਵਿਚ ਸਿਰਫ਼ ਇਹ ਲਿਖਿਆ ਸੀ ਕਿ "ਇਕ ਕਮਿਸ਼ਨ ਬਣਾਇਆ ਜਾਵੇਗਾ ਜਿਹੜਾ 1984 ਨਵੰਬਰ ਵਿਚ ਦਿੱਲੀ ਵਿਚ ਹੋਏ 'ਦੰਗਿਆਂ' ਦੇ **ਕਾਰਨਾਂ** ਦਾ ਪਤਾ ਲਾਏਗਾ"। ਹੋਰ ਤਾਂ ਹੋਰ ਰਾਜੀਵ ਨੇ ਇਨ੍ਹਾਂ ਕਤਲੇਆਮਾਂ ਨੂੰ 'ਦੰਗੇ' ਕਹਿ ਕੇ ਸਿੱਖਾਂ ਨੂੰ ਇਨ੍ਹਾਂ ਕਤਲਾਂ ਦੇ ਬਰਾਬਰ ਦੇ 'ਦੋਸ਼ੀ' ਗਰਦਾਨਿਆ ਸੀ (ਦੰਗਿਆਂ ਵਿਚ ਦੋਵੇਂ ਧਿਰਾਂ 'ਦੋਸ਼ੀ' ਹੁੰਦੀਆਂ ਹਨ)। ਦੂਜਾ ਇਸ ਵਿਚ ਸਿਰਫ਼ **'ਕਾਰਨਾਂ'** ਦਾ ਪਤਾ ਲਾਉਣਾ ਸੀ ਨਾ ਕਿ ਕਾਤਲਾਂ ਨੂੰ ਸਜ਼ਾ ਦੇਣਾ (ਉਹ ਵੀ ਦਿੱਲੀ ਵਿਚ ਹੋਏ ਕਤਲਾਂ ਦਾ ਨਾ ਕਿ ਹੋਰ 200 ਤੋਂ ਵਧ ਸ਼ਹਿਰਾਂ ਦੇ ਕਤਲਾਂ ਦਾ)। 12. ਇਸ ਚ 'ਖ਼ੂਨੀ ਨਵੰਬਰ' 1984 ਚ ਸਿੱਖਾਂ ਦੇ ਕਤਲੇਆਮ ਕਰਨ ਆਈਆਂ ਕਾਤਲ ਭੀੜਾਂ ਤੋਂ ਆਪਣੇ ਆਪ ਨੂੰ ਬਚਾਉਣ ਵਾਸਤੇ 'ਮੁਕਬਲਾ' ਕਰਨ ਵਾਲੇ ਸਿੱਖਾਂ 'ਤੇ ਚਲ ਰਹੇ ਮੁਕੱਦਮਿਆਂ ਰੂਪੀ ਜ਼ੁਲਮ ਨੂੰ ਖ਼ਤਮ ਕਰਨ ਬਾਰੇ ਵੀ ਕੁਝ ਨਹੀਂ ਸੀ । 13. ਸ਼੍ਰੋਮਣੀ ਅਕਾਲੀ ਦਲ ਨੇ 1982 ਦੇ ਧਰਮ ਯੁੱਧ ਮੋਰਚੇ ਵਿਚ 45 ਮੰਗਾਂ ਰਖੀਆਂ ਸਨ; ਇਸ ਸਮਝੌਤੇ ਵਿਚ ਉਨ੍ਹਾਂ 45 ਵਿਚੋਂ ਇਕ ਮੰਗ ਵੀ ਨਹੀਂ ਸੀ ਮੰਨੀ ਗਈ ।

ਪਰ ਇਸ ਸ਼ਰਮਨਾਕ 'ਸਮਝੌਤੇ' ਵਿਚ ਉਲਟਾ ਸਿੱਖਾਂ ਉੱਤੇ ਨਵਾਂ ਧੱਕਾ ਹੋਇਆ ਸੀ: 1. ਪੰਜਾਬ ਰੀਪੇਰੀਅਨ ਸੂਬਾ ਹੈ ਅਤੇ ਇਸ ਦੇ ਪਾਣੀਆਂ 'ਤੇ ਸਿਰਫ਼ ਇਸ ਦਾ ਹੀ ਹੱਕ ਹੈ। ਪਰ ਇਸ ਸ਼ਰਮਨਾਕ ਸਮਝੌਤੇ ਹੇਠ ਰਾਜਿਸਥਾਨ ਨੂੰ ਪੰਜਾਬ ਦਾ 55 ਤੋਂ 65% ਪਾਣੀ ਮੁਫ਼ਤ ਦਿਤਾ ਜਾਣਾ ਸੀ। (ਰਾਜਿਸਥਾਨ ਨੂੰ ਪਿਛਲੇ ਕੋਟੇ ਚੋਂ ਬਚਦਾ ਪਾਣੀ ਦੇਣ ਵਾਸਤੇ 1985 ਵਿਚ ਅੰਮ੍ਰਿਤਸਰ ਤੇ ਗੁਰਦਾਸਪੁਰ ਦੀਆਂ ਨਹਿਰਾਂ ਬੰਦ ਕਰ ਦਿਤੀਆਂ ਗਈਆਂ ਸਨ)। (ਦੂਜੇ ਪਾਸੇ ਰਾਜਿਸਥਾਨ ਦੇ ਕਾਨੂੰਨ ਮੁਤਾਬਿਕ ਸਿੱਖ ਤਾਂ ਕੀ ਪੰਜਾਬੀ ਵੀ ਰਾਜਿਸਥਾਨ ਵਿਚ ਜ਼ਮੀਨ ਨਹੀਂ

ਖ਼ਰੀਦ ਸਕਦਾ।2. ਹਰਿਆਣਾ ਦਾ ਪੰਜਾਬ ਦੇ ਪਾਣੀਆਂ 'ਤੇ ਕੋਈ ਹੱਕ ਨਹੀਂ ਤੇ ਅਕਾਲੀ ਦਲ ਨੇ ਸਤਲੁਜ-ਯਮਨਾ ਲਿੰਕ ਨਹਿਰ ਦੇ ਖ਼ਿਲਾਫ਼ ਹੀ ਤਾਂ ਮੋਰਚਾ ਸ਼ੁਰੂ ਕੀਤਾ ਸੀ। ਪਰ ਇਸ ਸ਼ਰਮਨਾਕ 'ਸਮਝੌਤੇ' ਵਿਚ 15 ਅਗਸਤ 1986 ਤਕ ਸਤਲੁਜ-ਯਮਨਾ ਲਿੰਕ ਨਹਿਰ "ਹਰ ਹਾਲਤ ਵਿਚ ਬਣਾ ਕੇ ਦੇਣ" ਦੀ ਗਾਰੰਟੀ ਦਿੱਤੀ ਗਈ ਸੀ। 3. ਇਸ ਸ਼ਰਮਨਾਕ 'ਸਮਝੌਤੇ' ਵਿਚ ਇਹ ਵੀ ਗਾਰੰਟੀ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਦੇਣ ਬਦਲੇ ਪੰਜਾਬ ਦੇ ਕਈ (107) ਪਿੰਡਾਂ ਦੀ ਜ਼ਮੀਨ ਹਰਿਆਣਾ ਨੂੰ ਦਿਤੀ ਜਾਵੇਗੀ; ਯਾਨਿ ਹਰਿਆਣਾ ਵਿਚਲੇ ਪੰਜਾਬੀ ਬੋਲਦੇ ਇਲਾਕੇ ਮੋੜਨ ਦੀ ਥਾਂ ਉਲਟਾ ਹੋਰ ਪਿੰਡ ਹਰਿਆਣਾ ਨੂੰ ਦੇਣ ਦੀ ਗਾਰੰਟੀ ਸੀ।4. ਇਸ ਸ਼ਰਮਨਾਕ 'ਸਮਝੌਤੇ' ਮੁਤਾਬਿਕ ਪੰਜਾਬ ਦੀ ਬਿਜਲੀ ਤੇ ਪਾਣੀ ਅਤੇ ਹੋਰ ਕਈ ਸੂਬਾਈ ਤਾਕਤਾਂ ਉਲਟਾ ਸੈਂਟਰ ਨੂੰ ਸੌਂਪ ਦਿਤੀਆਂ ਗਈਆਂ ਸਨ। ਇਸ ਮੁਤਾਬਿਕ ਤਾਂ ਥੀਨ ਡੈਮ ਦੀ ਬਿਜਲੀ 'ਤੇ ਵੀ ਹਰਿਆਣਾ ਤੇ ਰਾਜਿਸਥਾਨ ਦਾ ਹੱਕ ਮੰਨ ਲਿਆ ਗਿਆ ਸੀ। 5. ਇਸ ਸਮਝੌਤੇ ਮੁਤਾਬਿਕ ਪੰਜਾਬ, ਹਰਿਆਣਾ, ਰਾਜਿਸਥਾਨ ਵਿਚਕਾਰ ਪਾਣੀਆਂ ਦੇ ਝਗੜਿਆਂ ਦਾ ਹੱਲ 'ਟ੍ਰਿਬਿਊਨਲ' ਨੂੰ ਦਿੱਤਾ ਗਿਆ ਸੀ। (ਟ੍ਰਿਬਿਊਨਲ ਦੇ ਫ਼ੈਸਲੇ ਦੀ ਤਾਂ ਕਿਸੇ ਵੀ ਅਦਾਲਤ ਵਿਚ ਅਪੀਲ ਨਹੀਂ ਹੋ ਸਕਦੀ)।

ਇਹ ਸਮਝੌਤਾ ਸਿਰਫ਼ ਸ਼ਰਮਨਾਕ ਹੀ ਨਹੀਂ, ਬਲਕਿ ਪੰਜਾਬ 'ਤੇ ਇਕ ਹੋਰ ਜ਼ੁਲਮ ਸੀ ਅਤੇ ਇਸ ਨੂੰ ਮਨਜ਼ੂਰ ਕਰਨਾ ਪੰਥ ਤੇ ਪੰਜਾਬ ਨਾਲ ਗ਼ਦਾਰੀ ਸੀ। ਡਾ: ਗੁਰਦਰਸ਼ਨ ਸਿੰਘ ਢਿੱਲੋਂ ਨੇ ਇਸ ਨੂੰ "ਡੀਡ ਆਫ਼ ਸਰੰਡਰ" (ਹਥਿਆਰ ਸੁੱਟਣ ਦਾ ਦਸਤਾਵੇਜ਼) ਕਿਹਾ ਸੀ। ਇਹ ਤਾਂ ਇੰਞ ਸੀ: ਸ਼ਾਹ ਮੁਹੰਮਦ ਦੇ ਲਫ਼ਜ਼ਾਂ ਵਿਚ): ਘਰੋਂ ਗਏ ਫ਼ਰੰਗੀ ਦੇ ਮਾਰਨੇ ਨੂੰ ਸਗੋਂ ਕੁੰਜੀਆਂ ਹੱਥ ਫੜਾ ਆਏ।

1991: ਨਗਿੰਦਰਪਾਲ ਸਿੰਘ ਡੂਮਵਾਲੀ, ਜੋਗਿੰਦਰ ਸਿੰਘ ਸਠਿਆਲਾ ਤੇ ਸੁਖਦੇਵ ਸਿੰਘ ਸਠਿਆਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

24 ਜੁਲਾਈ 1991 ਦੇ ਦਿਨ ਪੁਲਸ ਨੇ ਨਗਿੰਦਰਪਾਲ ਸਿੰਘ (ਪੁੱਤਰ ਭੂਪਿੰਦਰ ਸਿੰਘ, ਵਾਸੀ ਡੂਮਵਾਲੀ, ਨੇੜੇ ਸੰਗਰ ਮੰਡੀ, ਜ਼ਿਲ੍ਹਾ ਬਠਿੰਡਾ), ਜੋਗਿੰਦਰ ਸਿੰਘ ਉਰਫ਼ ਮੱਲ (ਪੁੱਤਰ ਮੰਗਲ ਸਿੰਘ, ਵਾਸੀ ਸਠਿਆਲਾ, ਜ਼ਿਲ੍ਹਾ ਅੰਮ੍ਰਿਤਸਰ) ਤੇ ਸੁਖਦੇਵ ਸਿੰਘ ਉਰਫ਼ ਸੁੱਖਾ ਉਰਫ਼ ਫ਼ਾਲਤੂ (ਪੁੱਤਰ ਜੋਗਿੰਦਰ ਸਿੰਘ, ਵਾਸੀ ਸਠਿਆਲਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਦਿਆਲ ਸਿੰਘ, ਬਾਬਾ ਬੋਹੜ ਸਿੰਘ, ਮਨਸੂਰ ਅਹਿਮਦ, ਪਰਮਜੀਤ ਸਿੰਘ ਰਮਦਾਸ, ਬਲਵਿੰਦਰ ਸਿੰਘ, ਗੁਰਦਿਆਲ ਸਿੰਘ, ਅਜੀਤ ਸਿੰਘ ਤਾਰੀ, ਗੁਰਵਿੰਦਰ ਸਿੰਘ ਫੇਰੂਮਾਨ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

ਚੌਵੀ ਜੁਲਾਈ 1992 ਦੇ ਦਿਨ ਪੁਲਸ ਨੇ ਦਿਆਲ ਸਿੰਘ, ਬਾਬਾ ਬੋਹੜ ਸਿੰਘ ਉਰਫ਼ ਜ਼ੁਬੈਰ ਅਹਿਮਦ, ਮਨਸੂਰ ਅਹਿਮਦ, ਪਰਮਜੀਤ ਸਿੰਘ ਵਾਸੀ ਰਮਦਾਸ (ਦੂਨੋਵਾਲ ਵਿਚ), ਬਲਵਿੰਦਰ ਸਿੰਘ (ਸਠਿਆਲਾ ਵਿਚ), ਗੁਰਦਿਆਲ ਸਿੰਘ, ਅਜੀਤ ਸਿੰਘ ਉਰਫ਼ ਤਾਰੀ, ਗੁਰਵਿੰਦਰ ਸਿੰਘ (ਪੁੱਤਰ ਚੰਨਣ ਸਿੰਘ, ਵਾਸੀ ਫੇਰੂਮਾਨ ਕੋਲ) ਤੇ ਹੋਰ ਕਈ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1994: ਬਾਦਲ ਅਕਾਲੀ ਦਲ, ਪੰਥਕ ਅਜੰਡਾ ਛੱਡ ਕੇ, ਸਿਰਫ਼ 'ਪੰਜਾਬੀ ਦਲ' ਬਣ ਗਿਆ

ਫ਼ਰਵਰੀ 1994 ਵਿਚ ਰਾਸ਼ਟਰ ਸੋਇਮ ਸੇਵਕ ਸੰਘ ਦਾ ਮੈਂਬਰ ਬਣਨ ਪਿੱਛੋਂ ਬਾਦਲ ਨੇ ਪੰਜਾਬ ਵਿਚ 'ਸੰਘ' ਦਾ ਅਜੰਡਾ ਲਾਗੂ ਕਰਨ 'ਤੇ ਸੰਜੀਦਗੀ ਨਾਲ ਅਮਲ ਕਰਨਾ ਸ਼ੁਰੂ ਕਰ ਦਿੱਤਾ। ਇਸ ਸਿਲਸਿਲੇ ਵਿਚ ਉਸ ਦਾ ਸਭ ਤੋਂ ਅਹਿਮ ਐਕਸ਼ਨ ਸੀ ਅਕਾਲੀ ਦਲ ਦਾ ਪੰਥਕ ਨਿਸ਼ਾਨਾ ਖ਼ਤਮ ਕਰ ਕੇ ਇਸ ਨੂੰ ਪੰਜਾਬੀ ਪਾਰਟੀ ਬਣਾਉਣਾ। 24 ਜੁਲਾਈ 1994 ਦੇ ਦਿਨ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਧੜੇ ਦਾ ਇਕ ਇਕੱਠ ਮੋਗਾ ਵਿਚ ਕੀਤਾ। ਇਸ ਇੱਕਠ ਵਿਚ ਇਸ ਅਕਾਲੀ ਦਲ ਦੀ ਨਵੀਂ ਭਰਤੀ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਕਾਨਫ਼ਰੰਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਅਸੂਲ ਨੂੰ ਵੀ ਬਦਲ ਦਿੱਤਾ ਗਿਆ ਤੇ ਇਸ ਨਵੀਂ ਤਬਦੀਲੀ ਹੇਠ ''ਗ਼ੈਰ-ਸਿੱਖ ਵੀ ਅਕਾਲੀ ਦਲ (ਬਾਦਲ) 'ਚ ਭਰਤੀ ਹੋ ਸਕਣਗੇ" ਦਾ ਮਤਾ ਪਾਸ ਕੀਤਾ ਗਿਆ। ਇਹ ਸੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਅਕਾਲੀ ਦਲ ਦੇ ''ਪੰਥਕ" ਰੋਲ ਨੂੰ ਮਨਫ਼ੀ ਕਰ ਕੇ ਇਸ ਨੂੰ ਅਕਾਲੀ ਦਲ ਦੀ ਥਾਂ 'ਪੰਜਾਬੀ ਦਲ' ਬਣਾਉਣ ਦਾ ਐਲਾਨ-ਨਾਮਾ। ਇਸ ਮਗਰੋਂ ਬਾਦਲ ਦੀ ਸਾਰੀ ਸਿਆਸਤ ਤਾਕਤ, ਕੁਰਸੀ, ਦੌਲਤ, ਪਰਿਵਾਰ, ਧੜਾ, ਸਿੰਡੀਕੇਟ ਦੇ ਦੁਆਲੇ ਘੁੰਮਣ ਲਗ ਪੈਣੀ ਸੀ। ਅਕਾਲੀ ਦਲ (ਬਾਦਲ) ਹੋਰ ਸਭ ਕੁਝ ਰਹਿਣਾ ਸੀ ਪਰ ਉਹ 'ਪੰਥਕ ਜਾਂ 'ਅਕਾਲੀ ਨਹੀਂ ਸੀ ਰਹਿਣਾ।

25 ਜੁਲਾਈ

1982: ਅਕਾਲੀਆਂ ਨੇ ਭਿੰਡਰਾਂਵਾਲਿਆਂ ਦਾ ਮੋਰਚਾ ਅਪਣਾਉਣ ਦਾ ਵਾਅਦਾ ਕੀਤਾ

19 ਜੁਲਾਈ 1982 ਦੇ ਦਿਨ ਜਦੋਂ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਅਤੇ ਭਿੰਡਰਾਂ-ਮਹਿਤਾ ਜਥਾ ਦੇ ਹੈੱਡਕੁਆਟਰ ਚੌਕ ਮਹਿਤਾ ਦੇ ਮੁੱਖ ਸੇਵਾਦਾਰ ਬਾਬਾ ਠਾਰਾ ਸਿੰਘ ਨੂੰ ਝੂਠੇ ਕੇਸਾਂ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਇਸ ਦਾ ਮਕਸਦ ਬਾਬਾ ਜਰਨੈਲ ਸਿੰਘ ਨੂੰ ਪਰੇਸ਼ਾਨ ਕਰਨਾ ਸੀ। ਹਾਲਾਂਕਿ 20 ਅਪ੍ਰੈਲ 1980 ਦੇ ਗੁਰਬਚਨ ਸਿੰਘ ਨਿਰੰਕਾਰੀ ਦੇ ਕਤਲ ਮਗਰੋਂ ਅਤੇ ਮਗਰੋਂ 9 ਸਤੰਬਰ 1981 ਨੂੰ ਲਾਲਾ ਜਗਤ ਨਾਰਾਇਣ ਦੇ ਕਤਲ ਦੇ ਕੇਸ ਵਿਚ ਸਰਕਾਰ ਨੇ ਬਾਬਾ ਜਰਨੈਲ ਸਿੰਘ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਉਦੋਂ ਪੰਥ ਦੇ ਰੋਹ ਤੋਂ ਡਰ ਕੇ ਸਰਕਾਰ ਨੂੰ ਹਥਿਆਰ ਸੁਟਣੇ ਪੈ ਗਏ ਸਨ। ਹੁਣ ਭਾਈ ਅਮਰੀਕ ਸਿੰਘ ਅਤੇ ਬਾਬਾ ਠਾਰਾ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਹ ਜਾਪਦਾ ਸੀ ਕਿ ਇਸ ਵਾਰ ਸਰਕਾਰ ਬਾਬਾ ਜਰਨੈਲ ਸਿੰਘ ਨੂੰ ਵੀ ਜ਼ਰੂਰ ਗ੍ਰਿਫ਼ਤਾਰ ਕਰ ਲਏਗੀ, ਇਸ ਕਰ ਕੇ ਜਿਸ ਦਿਨ ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਗ੍ਰਿਫ਼ਤਾਰ ਕੀਤੇ ਗਏ, ਉਸੇ ਦਿਨ ਸ਼ਾਮ ਤਕ ਬਾਬਾ ਜਰਨੈਲ ਸਿੰਘ ਦਰਬਾਰ ਸਾਹਿਬ ਪੁੱਜ ਗਏ। ਉਨ੍ਹਾਂ ਨੇ ਉਸੇ ਦਿਨ ਇਨ੍ਹਾਂ ਦੋਹਾਂ ਦੀ ਰਿਹਾਈ ਵਾਸਤੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨੇ ਮੋਰਚਾ ਲਾਉਣ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕੀਤੀ ਕਿ 'ਹੇ ਵਾਹਿਗੁਰੂ! ਜੇ ਮੈਂ ਆਪਣੀ ਨਿਜੀ ਸ਼ੁਹਰਤ ਨੂੰ ਮੁਖ ਰੱਖ ਕੇ ਮੋਰਚਾ ਲਾ ਰਿਹਾ ਹਾਂ ਤਾਂ ਮੈਨੂੰ ਕਾਮਯਾਬੀ ਨਾ ਬਖ਼ਸ਼ਿਓ, ਪਰ ਜੇ ਕਰ ਮੈਂ ਪੰਥਕ ਹਿਤਾਂ ਨੂੰ ਮੁਖ ਰੱਖ ਕੇ ਮੋਰਚਾ ਲਾ ਰਿਹਾ ਹਾਂ ਤਾਂ ਮੈਂ ਆਪਣਾ ਸਿਰ ਆਪ ਜੀ ਦੇ ਚਰਨਾਂ ਵਿਚ ਅਰਪਣ ਕਰਦਾ ਹਾਂ।' ਪਹਿਲੇ ਦਿਨ 51 ਸਿੰਘਾਂ ਦੇ ਜਥੇ ਨੇ ਗ੍ਰਿਫ਼ਤਾਰੀ ਦਿੱਤੀ। ਜਥੇ ਰੋਜ਼ਾਨਾ ਭੇਜੇ ਜਾਣ ਦੇ ਨਾਲ ਬਾਬਾ ਜਰਨੈਲ ਸਿੰਘ ਨੇ ਐਲਾਨ ਕੀਤਾ ਕਿ ਮੈਂ 25 ਜੁਲਾਈ ਨੂੰ ਕੌਮ ਨੂੰ ਨਵਾਂ ਪ੍ਰੋਗਰਾਮ ਦੇਵਾਂਗਾ। 25 ਤਰੀਖ ਨੂੰ ਸਵੇਰੇ 11 ਵਜੇ ਭਿੰਡਰਾਂਵਾਲਿਆਂ ਦੇ ਕਮਰੇ ਵਿਚ ਰਣਧੀਰ ਸਿੰਘ ਚੀਮਾ, ਡਾ. ਗੁਰਨਾਮ ਸਿੰਘ ਤੀਰ, ਡਾ. ਹਰਜਿੰਦਰ ਸਿੰਘ ਦਿਲਗੀਰ ਇਸ ਨੂੰ ਆਖਰੀ ਸ਼ਕਲ ਦੇਣ ਦੀ ਤਿਆਰੀ ਕਰ ਰਹੇ ਸਨ। ਅਖ਼ੀਰ ਡਾ. ਤੀਰ, ਡਾ. ਦਿਲਗੀਰ, ਪ੍ਰੋ. ਮਹਿੰਦਰ ਸਿੰਘ, ਜਤਿੰਦਰ ਸਿੰਘ ਘੁੰਮਣ ਵਗ਼ੈਰਾ ਨੇ ਇਕ ਹੋਰ ਕਮਰੇ ਵਿਚ

ਜਾ ਕੇ ਹਰਮਿੰਦਰ ਸਿੰਘ ਸੰਧੂ ਨੂੰ ਭਿੰਡਰਾਂਵਾਲਿਆਂ ਵੱਲੋਂ ਕੀਤੇ ਜਾਣ ਵਾਲੇ 'ਐਲਾਣ' ਦੀ ਇਬਾਰਤ ਲਿਖਾ ਦਿੱਤੀ। ਹਰਮਿੰਦਰ ਸਿੰਘ ਉਸ ਬਿਆਨ ਨੂੰ ਭਿੰਡਰਾਂਵਾਲਿਆਂ ਕੋਲੋਂ ਮਨਜ਼ੂਰੀ ਵਾਸਤੇ ਦਿਖਾਉਣ ਲੈ ਗਿਆ। ਤਕਰੀਬਨ ਉਸੇ ਵੇਲੇ ਹੀ ਗੁਰਚਰਨ ਸਿੰਘ ਟੌਹੜਾ ਅਤੇ ਭਾਨ ਸਿੰਘ ਭਿੰਡਰਾਂਵਾਲਿਆਂ ਦੇ ਕਮਰੇ ਵਿਚ ਪੁੱਜੇ। ਹਰਮਿੰਦਰ ਸਿੰਘ ਸੰਧੂ ਨੂੰ ਬਾਹਰ ਭੇਜ ਕੇ ਟੌਹੜਾ ਅਤੇ ਭਾਨ ਸਿੰਘ ਨੇ ਭਿੰਡਰਾਂਵਾਲਿਆਂ ਨਾਲ ਇਕੱਲਿਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਯਕੀਨ ਦੁਆਇਆ ਕਿ ਅਗਲੇ ਦਿਨ ਅਕਾਲੀ ਪਾਰਟੀ ਦੀ ਫਤਹਿਗੜ੍ਹ ਸਾਹਿਬ ਵਿਚ ਹੋਣ ਵਾਲੀ ਮੀਟਿੰਗ ਵਿਚ ਤੁਹਾਡਾ ਮੋਰਚਾ ਅਪਣਾ ਲਿਆ ਜਾਵੇਗਾ। ਇਸ 'ਤੇ ਬਾਬਾ ਜਰਨੈਲ ਸਿੰਘ ਨੇ ਤਿਆਰ ਕੀਤਾ ਹੋਇਆ 'ਐਲਾਨ' ਰੋਕ ਲਿਆ ਅਤੇ 'ਮੋਰਚਾ ਕਾਮਯਾਬੀ ਤਕ ਜਾਰੀ ਰਹੇਗਾ' ਦਾ ਐਲਾਨ ਕਰ ਦਿੱਤਾ। (ਮਗਰੋਂ ਵਾਅਦੇ ਮੁਤਾਬਿਕ ਸ਼੍ਰੋਮਣੀ ਅਕਾਲੀ ਦਲ ਨੇ ਅਗਲੇ ਦਿਨ 26 ਤਾਰੀਖ਼ ਨੂੰ ਫ਼ਤਹਿਗੜ੍ਹ ਸਾਹਿਬ 'ਚ ਆਪਣੀ ਵਰਕਿੰਗ ਕਮੇਟੀ ਦੀ ਮੀਟਿੰਗ ਕੀਤੀ ਅਤੇ 4 ਅਗਸਤ ਤੋਂ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਇਸ ਐਲਾਨ ਵਿਚ ਇਹ ਮੱਦ ਵੀ ਸ਼ਾਮਿਲ ਸੀ ਕਿ 'ਗ੍ਰਿਫ਼ਤਾਰ ਕੀਤੇ ਬੇਗੁਨਾਹ ਸਿੱਖ ਰਿਹਾਅ ਕੀਤੇ ਜਾਣ।' ਅਕਾਲੀ ਦਲ ਨੇ ਬਹਾਨੇ ਨਾਲ ਬਾਬਾ ਜਰਨੈਲ ਸਿੰਘ ਦਾ ਮੋਰਚਾ ਅਪਣਾ ਲਿਆ ਸੀ। ਦਰਅਸਲ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਵੀ ਇਹ ਅਹਿਸਾਸ ਸੀ ਕਿ ਜੇ ਬਾਬਾ ਜਰਨੈਲ ਸਿੰਘ ਦਾ ਮੋਰਚਾ ਜ਼ਿਆਦਾ ਦੇਰ ਚਲਦਾ ਰਿਹਾ ਤਾਂ ਸਿੱਖ ਅਵਾਮ ਉਸ ਦੇ ਨਾਲ ਜੁੜ ਜਾਏਗਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਧਾਰ ਨੂੰ ਬਹੁਤ ਧੱਕਾ ਲਗੇਗਾ। ਸੋ ਭਿੰਡਰਾਂਵਾਲਿਆਂ ਦਾ ਮੋਰਚਾ ਅਪਨਾਉਣ ਦਾ ਐਲਾਨ ਛੱਡ ਕੇ, ਬਾਕੀ ਸਾਰਾ ਕੁਝ ਭਿੰਡਰਾਂਵਾਲਿਆਂ ਵਾਲਾ ਹੀ ਸੀ।ਇਹ 'ਕੰਨ ਨੂੰ ਦੂਜੇ ਪਾਸਿਓਂ ਹੱਥ ਲਾਉਣ' ਵਾਲੀ ਗੱਲ ਸੀ। ਜਦੋਂ 4 ਅਗਸਤ ਨੂੰ ਅਕਾਲੀ ਪਾਰਟੀ ਨੇ ਮੋਰਚਾ ਅਪਣਾਇਆ ਤਾਂ ਭਿੰਡਰਾਂਵਾਲਿਆਂ ਨੇ ਆਪਣਾ ਮੋਰਚਾ ਅਕਾਲੀ ਪਾਰਟੀ ਵਿਚ ਸ਼ਾਮਿਲ ਕਰਨ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਭਿੰਡਰਾਂਵਾਲਿਆਂ ਦਾ ਮੋਰਚਾ ਹੁਣ ਅਕਾਲੀ ਦਲ ਦਾ ਮੋਰਚਾ ਬਣ ਗਿਆ)।

1987: ਜਸਪਾਲ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਝੀ ਜੁਲਾਈ 1987 ਦੇ ਦਿਨ ਪੁਲਸ ਨੇ ਨਸਰਾਲੀ (ਅਮ੍ਰਿਤਸਰ) ਨੇੜੇ ਜਸਪਾਲ ਸਿੰਘ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਮੋਢੀ ਆਗੂ ਭਾਨ ਸਿੰਘ ਸ਼ਹੀਦ

25 ਜੁਲਾਈ 1988 ਦੇ ਦਿਨ ਖਾੜਕੂਆਂ ਦੇ ਇਕ ਟੋਲੇ ਨੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਾਬਕਾ ਪ੍ਰਧਾਨ ਸ ਭਾਨ ਸਿੰਘ ਅਤੇ ਉਨ੍ਹਾਂ ਦੇ ਨਾਲ ਖੜੇ ਇਕ ਗ੍ਰੰਥੀ ਸੋਹਨ ਸਿੰਘ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਸ. ਭਾਨ ਸਿੰਘ ਨੂੰ ਫ਼ੈਡਰੇਸ਼ਨ ਦੀ ਤਵਾਰੀਖ਼ ਵਿਚ 'ਮਦਰ ਆਫ਼ ਫ਼ੈਡਰੇਸ਼ਨ' ਲਿਖਿਆ ਗਿਆ ਹੈ। ਕਾਤਲਾਂ ਨੂੰ ਭਾਨ ਸਿੰਘ 'ਤੇ ਇਹ ਗੁੱਸਾ ਸੀ ਕਿ ਉਹ ਦਰਬਾਰ ਸਾਹਿਬ ਦੀਆਂ ਸਰਾਵਾਂ ਵਿਚ ਕਮਰੇ ਲੈਣ ਵਿਚ ਮਦਦ ਨਹੀਂ ਕਰਦਾ ਸੀ। ਇਸ ਕਤਲ ਨੇ ਸਾਬਿਤ ਕੀਤਾ ਕਿ ਕੁਝ ਖਾੜਕੂ ਧੜੇ ਕਿੰਨੇ ਘਟੀਆ ਪੱਧਰ 'ਤੇ ਉਤਰ ਕੇ ਨਿੱਕੀ ਨਿੱਕੀ ਗੱਲ ਦਾ ਬਦਲਾ ਲੈਂਦੇ ਸਨ ਅਤੇ ਇਸ ਹੇਠ ਉਹ ਪੰਥ ਦੇ ਇਕ ਮਹਾਨ ਸੇਵਾਦਾਰ ਦਾ ਕਤਲ ਵੀ ਕਰ ਸਕਦੇ ਸਨ। ਇਸ ਨੀਵੀਂ ਹਰਕਤ ਤੋਂ ਸਾਬਿਤ ਹੁੰਦਾ ਹੈ ਕਿ ਇਹ ਲੋਕ ਜੁਝਾਰੂ ਨਾ ਰਹਿ ਕੇ ਕਬਾਇਲੀ ਚਾਲਾਂ, ਬੁਰਛਾਗਰਦੀ ਅਤੇ ਦਹਿਸ਼ਤਗਰਦੀ ਵਲ ਚਲ ਪਏ ਸਨ। ਸ. ਭਾਨ ਸਿੰਘ 1947 ਵਿਚ ਅੰਗਰੇਜ਼ਾਂ ਹੱਥੋਂ ਅਤੇ ਜੂਨ 1984 ਵਿਚ ਦਰਬਾਰ ਸਾਹਿਬ

ਵਿਚ ਭਾਰਤੀ ਫ਼ੌਜ ਹੱਥੋਂ ਸ਼ਹੀਦ ਹੁੰਦਾ ਮਸਾਂ ਬਚਿਆ ਸੀ ਪਰ ਉਸ ਦੀ ਸ਼ਹੀਦੀ ਸਿੱਖ ਤੇ ਖਾੜਕੂ ਅਖਵਾਉਂਦੇ ਪਾਪੀਆਂ ਦੇ ਹੱਥੋਂ ਹੋਣੀ ਲਿਖੀ ਹੋਈ ਸੀ।

1989: ਰਤਨ ਸਿੰਘ ਕਲ੍ਹਾ ਤੇ ਬਲਵਿੰਦਰ ਸਿੰਘ ਬਿੰਦਾ ਧਾਰੜ ਨਕਲੀ ਮੁਕਾਬਲੇ ਵਿਚ ਸ਼ਹੀਦ

25 ਜੁਲਾਈ 1989 ਦੇ ਦਿਨ ਪੁਲਸ ਨੇ ਰਤਨ ਸਿੰਘ (ਪੁੱਤਰ ਚੰਨਣ ਸਿੰਘ, ਵਾਸੀ ਕੱਲ੍ਹਾ ਪਿੰਡ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੁਲਸ ਨੇ ਬਲਵਿੰਦਰ ਸਿੰਘ ਉਰਫ਼ ਬਿੰਦਾ ਉਰਫ਼ ਫੂਲਾ ਸਿੰਘ, (ਵਾਸੀ ਧਾਰੜ, ਅੰਮ੍ਰਿਤਸਰ) ਨੂੰ ਵੀ ਇਕ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਧਰਮ ਸਿੰਘ ਭੰਗਾਲੀ ਨਕਲੀ ਮੁਕਾਬਲੇ ਵਿਚ ਸ਼ਹੀਦ

25 ਜੁਲਾਈ 1991 ਦੇ ਦਿਨ ਪੁਲਸ ਨੇ ਧਰਮ ਸਿੰਘ (ਪੁੱਤਰ ਮੰਗਲ ਸਿੰਘ, ਵਾਸੀ ਭੰਗਾਲੀ, ਜ਼ਿਲ੍ਹਾ ਫ਼ੀਰੋਜ਼ਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਰਣਜੀਤ ਸਿੰਘ ਰਾਣਾ ਠੇਠਰਕੇ ਨਕਲੀ ਪੁਲਸ ਹੱਥੋਂ ਸ਼ਹੀਦ

25 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਰਣਜੀਤ ਸਿੰਘ ਠੇਠਰਕੇ (ਪੁੱਤਰ ਮੁਸ਼ਹਾਲ ਸਿੰਘ, ਵਾਸੀ ਠੇਠਰਕੇ ਧੁੱਸੀਵਾਲੇ, ਨੇੜੇ ਡੇਰਾ ਬਾਬਾ ਨਾਨਕ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਪੁਲਸ ਨੇ ਰਣਜੀਤ ਸਿੰਘ ਰਾਣਾ ਨੂੰ ਪਹਿਲਾਂ ਵੀ ਇਕ ਵਾਰ ਗ੍ਰਿਫ਼ਤਾਰ ਕੀਤਾ ਸੀ; ਪਰ ਖਾੜਕੂਆਂ ਨੇ, ਜਨਰਲ ਲਾਭ ਸਿੰਘ ਦੀ ਅਗਵਾਈ ਵਿਚ, ਉਸ ਨੂੰ ਪੇਸ਼ੀ ਭੁਗਤਣ ਆਏ ਨੂੰ ਛੁਡਾ ਲਿਆ ਸੀ। ਪਰ ਮਗਰੋਂ ਉਹ ਦੋਬਾਰਾ ਫੜਿਆ ਗਿਆ ਅਤੇ ਜਦ ਉਸ ਨੂੰ 25 ਜੁਲਾਈ 1991 ਦੇ ਦਿਨ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਇਸ ਕੋਸ਼ਿਸ਼ ਵਿਚ ਸ਼ਹੀਦ ਹੋ ਗਿਆ।

1992: ਚਰਨਜੀਤ ਸਿੰਘ ਸੰਗਤਪੁਰ ਭੋਕੀ, ਜਸਪਾਲ ਸਿੰਘ ਨਸਰਾਲੀ, ਸੁਖਦੇਵ ਸਿੰਘ ਅਟਾਰੀ, ਦਰਸ਼ਨ ਸਿੰਘ ਦੋਦਾ ਕਾਉਣੀ ਤੇ ਅੰਗਰੇਜ਼ ਸਿੰਘ ਬੱਗਾ ਨਕਲੀ ਮੁਕਾਬਲੇ 'ਚ ਸ਼ਹੀਦ

ਪੰਝੀ ਜੁਲਾਈ 1992 ਦੇ ਦਿਨ ਪੁਲਸ ਨੇ ਚਰਨਜੀਤ ਸਿੰਘ (ਪੁੱਤਰ ਤਾਰਾ ਸਿੰਘ, ਵਾਸੀ ਸੰਗਤਪੁਰ ਭੋਕੀ, ਜ਼ਿਲ੍ਹਾ ਪਟਿਆਲਾ), ਜਸਪਾਲ ਸਿੰਘ (ਵਾਸੀ ਨਸਰਾਲੀ, ਅੰਮ੍ਰਿਤਸਰ), ਸੁਖਦੇਵ ਸਿੰਘ (ਪੁੱਤਰ ਕਰਮ ਸਿੰਘ, (ਵਾਸੀ ਅਟਾਰੀ), ਦਰਸ਼ਨ ਸਿੰਘ ਦੋਦਾ ਕਾਉਣੀ ਅਤੇ ਅੰਗਰੇਜ਼ ਸਿੰਘ ਉਰਫ਼ ਬੱਗਾ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

26 ਜੁਲਾਈ

1986: ਦਿੱਲੀ ਵਿਚ ਹਿੰਦੂ ਦਹਿਸ਼ਤਗਰਦਾਂ ਨੇ 'ਖ਼ੂਨੀ ਨਵੰਬਰ 1984' ਵਾਂਗ ਫੇਰ ਸਿੱਖਾਂ ਉਤੇ ਹਮਲੇ ਕੀਤੇ

ਛੱਬੀ ਜੁਲਾਈ 1986 ਨੂੰ ਦਿੱਲੀ, ਹਰਿਆਣਾ ਦੇ ਕਈ ਸ਼ਹਿਰਾਂ ਤੇ ਯੂ.ਪੀ. (ਖ਼ਾਸ ਕਰ ਕੇ ਰੁੜਕੀ ਸ਼ਹਿਰ) ਹਿੰਦੂ ਦਹਿਸ਼ਤਗਰਦਾਂ ਨੇ 'ਖ਼ੂਨੀ ਨਵੰਬਰ 1984' ਵਾਂਗ ਫੇਰ ਸਿੱਖਾਂ ਉਤੇ ਵੱਡੀ ਸਕੇਲ 'ਤੇ ਹਮਲੇ ਕੀਤੇ। 1984 ਨਵੰਬਰ ਵਾਂਗ ਇਸ ਵਾਰ ਵੀ ਪੁਲੀਸ ਨੇ ਹਿੰਦੂ ਦਹਿਸ਼ਤਗਰਦਾਂ ਦੀ ਪੂਰੀ ਮਦਦ ਕੀਤੀ। ਦਿੱਲੀ ਵਿਚ 15 ਸਿੱਖ ਕਤਲ ਕੀਤੇ ਗਏ ਤੇ 45 ਸਖ਼ਤ ਜ਼ਖ਼ਮੀ ਹੋਏ, ਹਰਿਆਣਾ ਵਿਚ 15 ਸਿੱਖ ਕਤਲ ਕੀਤੇ ਗਏ ਤੇ ਰੁੜਕੀ ਵਿਚ 12 ਸਿੱਖ ਕਤਲ ਕੀਤੇ ਗਏ। ਯੂ.ਪੀ. ਵਿਚ ਤਾਂ ਸਿੱਖਾਂ ਦੇ 350 ਟਰੱਕ, 70 ਟੈਕਸੀਆਂ, 42 ਟੈਂਪੂ, ਤੇ

12 ਗੁਰਦੁਆਰੇ ਵੀ ਸਾੜ ਦਿੱਤੇ ਗਏ। ਦਿੱਲੀ ਵਿਚ ਇਹ ਹਮਲੇ ਤਿੰਨ ਦਿਨ ਜਾਰੀ ਰਹੇ ਤੇ 1984 ਵਾਲੀਆਂ ਤਕਰੀਬਨ ਸਾਰੀਆਂ ਕਾਰਵਾਈਆਂ ਦੋਹਰਾਈਆਂ ਗਈਆਂ।

ਇਨ੍ਹਾਂ ਦਿਨਾਂ ਵਿਚ ਫ਼ੌਜ ਨੇ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫ਼ੀਰੋਜ਼ਪੁਰ 'ਚ ਫ਼ਲੈਗ ਮਾਰਚ ਕੀਤਾ ਤਾਂ ਜੋ ਦਿੱਲੀ ਦੇ ਕਤਲੇਆਮ ਦਾ ਜਵਾਬੇ-ਅਮਲ ਰੋਕਿਆ ਜਾ ਸਕੇ, ਪਰ ਦੂਜੇ ਪਾਸੇ ਦਿੱਲੀ ਵਿਚ ਪੁਲੀਸ ਨੇ ਹਿੰਦੂਆਂ ਨੂੰ ਨਾ ਸਿਰਫ਼ ਖੁਲ੍ਹ ਦਿਤੀ ਬਲਕਿ ਪੂਰੀ ਮਦਦ ਵੀ ਕੀਤੀ। ਮਗਰੋਂ ਦਿੱਲੀ ਵਿਚ 26 ਜੁਲਾਈ ਨੂੰ ਸਿੱਖਾਂ ਦੇ ਕਤਲਾਂ ਤੇ ਲੁੱਟਮਾਰ ਦੇ ਸਿਲਸਿਲੇ ਵਿਚ ਬਾਦਲ ਅਤੇ ਟੌਹੜਾ ਦਿੱਲੀ ਦੇ ਸਿੱਖਾਂ ਨੂੰ ਮਿਲਣ ਆਏ ਤਾਂ ਉਨ੍ਹਾਂ ਨੂੰ ਸ਼ਹਿਰ ਚੋਂ ਨਿਕਲ ਜਾਣ ਦਾ ਹੁਕਮ ਜਾਰੀ ਕਰ ਦਿਤਾ ਗਿਆ। ਪਰ ਜਦੋਂ ਉਨ੍ਹਾਂ ਨੇ ਜਾਣ ਤੋਂ ਨਾਂਹ ਕਰ ਦਿਤੀ ਤਾਂ 9 ਅਗਸਤ ਦੀ ਸ਼ਾਮ ਨੂੰ ਹੀ ਉਨ੍ਹਾਂ ਨੂੰ 'ਪੰਜਾਬ ਸਕਿਉਰਿਟੀ ਐਕਟ 1978' ਦੀ ਦਫ਼ਾ 1 (ਸੀ) ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਦੋਹਾਂ ਨੂੰ ਇਕ ਮਹੀਨਾ ਜੇਲ੍ਹ ਵਿਚ ਰੱਖੇ ਜਾਣ ਮਗਰੋਂ 10 ਸਤੰਬਰ ਨੂੰ ਰਿਹਾ ਕੀਤਾ ਗਿਆ।

1989: ਗੁਰਦਿਆਲ ਸਿੰਘ ਖੈਰਾਬਾਦ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

26 ਜੁਲਾਈ 1989 ਦੇ ਦਿਨ ਪੰਜਾਬ ਪੁਲਸ ਨੇ ਗੁਰਦਿਆਲ ਸਿੰਘ (ਪੁੱਤਰ ਜਸਵੰਤ ਸਿੰਘ, ਵਾਸੀ ਖੈਰਾਬਾਦ, ਜ਼ਿਲ੍ਹਾ ਰੋਪੜ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸੁਦਾਗਰ ਸਿੰਘ ਮਾਂਗੇਵਾਲ, ਸੁਖਦੇਵ ਸਿੰਘ ਨੌਰੰਗਾਬਾਦ ਅਤੇ ਚੀਮਾ ਖੁੱਡੀ ਦੇ ਬਲਵਿੰਦਰ ਸਿੰਘ ਬਿੱਲਾ ਤੇ ਬਖ਼ਸ਼ੀਸ਼ ਸਿੰਘ ਫੌਜੀ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

26 ਜੁਲਾਈ 1990 ਦੇ ਦਿਨ ਪੰਜਾਬ ਪੁਲਸ ਨੇ ਸੁਦਾਗਰ ਸਿੰਘ (ਪੁੱਤਰ ਕਰਤਾਰ ਸਿੰਘ, ਵਾਸੀ ਮਾਂਗੇਵਾਲ, ਨੇੜੇ, ਕੁਰਾਡ, ਜ਼ਿਲ੍ਹਾ ਸੰਗਰੂਰ) ਤੇ ਸੁਖਦੇਵ ਸਿੰਘ (ਪੁੱਤਰ ਚੰਚਲ ਸਿੰਘ, ਵਾਸੀ ਨੌਰੰਗਾਬਾਦ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਹੀ ਪੰਜਾਬ ਪੁਲਸ ਨੇ ਬਲਵਿੰਦਰ ਸਿੰਘ ਬਿੱਲਾ ਤੇ ਬਖ਼ਸ਼ੀਸ਼ ਸਿੰਘ ਫੌਜੀ (ਦੋਵੇਂ ਵਾਸੀ ਚੀਮਾ ਖੁੱਡੀ, ਗੁਰਦਾਸਪੁਰ) ਨੂੰ ਇਕ ਹੋਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਜੋਗਿੰਦਰ ਸਿੰਘ ਬੈਂਸ ਬਠਿੰਡਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

26 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਜੋਗਿੰਦਰ ਸਿੰਘ ਬੈਂਸ (ਪੁੱਤਰ ਬਾਬੂ ਸਿੰਘ, ਵਾਸੀ ਗੁਰੂ ਤੇਗ ਬਹਦਰ ਨਗਰ ਬਠਿੰਡਾ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2003: ਸਾਢੇ ਚਾਰ ਸਾਲ ਮਗਰੋਂ ਗੁਰਚਰਨ ਸਿੰਘ ਟੌਹੜਾ ਮੁੜ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਿਆ

1998-99 ਵਿਚ ਇਕ ਦੂਜੇ ਦੇ ਸਭ ਤੋਂ ਵੱਡੇ ਦੁਸ਼ਮਣਾਂ ਦੇ ਤੌਰ 'ਤੇ ਵਿੱਚਰੇ ਪਰਕਾਸ਼ ਸਿੰਘ ਬਾਦਲ ਤੇ ਗੁਰਚਰਨ ਸਿੰਘ ਟੌਹੜਾ 13 ਜੂਨ 2003 ਦੇ ਦਿਨ ਰਸਮੀ ਤੌਰ 'ਤੇ ਫਿਰ 'ਇਕ' ਹੋ ਗਏ। ਇਸ ਤੋਂ ਮਗਰੋਂ ਡੇਢ ਮਹੀਨੇ ਦੀ 'ਦਰਦ-ਭਰੀ' ਉਡੀਕ ਮਗਰੋਂ 26 ਜੁਲਾਈ 2003 ਦੇ ਦਿਨ ਟੌਹੜਾ ਮੁੜ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣ ਗਿਆ। ਇਸ ਦਾ ਪਿਛੋਕੜ ਇਹ ਹੈ ਕਿ ਫ਼ਰਵਰੀ 1999 ਵਿਚ ਬਾਦਲ ਨੇ ਟੌਹੜਾ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਲਾਹ ਦਿੱਤਾ ਸੀ। ਇਸ ਮਗਰੋਂ ਬਾਦਲ ਤੇ ਟੌਹੜਾ ਪੂਰੇ ਸਾਢੇ ਚਾਰ ਸਾਲ ਇਕ

ਉਸੇ ਨੂੰ 'ਪੰਥ ਦੇ ਗ਼ਦਾਰ' ਕਹਿੰਦੇ ਰਹੇ। ਟੌਹੜਾ ਵਾਸਤੇ ਬਾਦਲ 'ਅਕਾਲ ਤਖ਼ਤ ਦਾ ਭਗੌੜਾ' ਸੀ ਤੇ ਬਾਦਲ ਵਾਸਤੇ ਟੌਹੜਾ 'ਕਾਂਗਰਸ ਦਾ ਏਜੰਟ' ਸੀ। ਇਸ ਦੌਰਾਨ ਬਾਦਲ ਨੇ ਪਹਿਲਾਂ ਲੋਕ ਸਭਾ ਚੋਣਾਂ (1999 ਦਸੰਬਰ) ਤੇ ਫਿਰ ਪੰਜਾਬ ਅਸੈਂਬਲੀ (ਫ਼ਰਵਰੀ 2002) ਹਾਰ ਚੁੱਕੀਆਂ ਸਨ। ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਕਾਇਮ ਹੋ ਚੁਕੀ ਸੀ। ਬਾਦਲ ਟੌਹੜਾ ਏਕਤਾ ਦੇ ਚਰਚੇ ਫ਼ਰਵਰੀ 2001 ਵਿਚ ਵੀ ਚੱਲੇ ਸਨ। 3 ਮਾਰਚ 2001 ਦੇ ਦਿਨ ਟੌਹੜਾ ਨੇ ਕਿਹਾ ਸੀ ਕਿ 'ਜੇ ਬਾਦਲ ਨਾਲ ਏਕਤਾ ਹੋਈ ਤਾਂ ਸਿਧਾਂਤਾਂ ਦੇ ਆਧਾਰ 'ਤੇ ਹੋਵੇਗੀ।' ਟੌਹੜੇ ਨੇ ਬਾਦਲ ਨੂੰ ਅਕਾਲ ਤਖ਼ਤ ਤੋਂ ਤਨਖ਼ਾਹ ਲੁਆਉਣ ਵਾਸਤੇ ਕਿਹਾ ਪਰ ਉਹ ਇਹ ਕਰਨਾ ਨਾ ਮੰਨਿਆ। ਇਸ ਮਗਰੋਂ 6 ਮਾਰਚ ਨੂੰ ਸੁਖਬੀਰ ਨੇ ਬਿਆਨ ਦੇ ਦਿੱਤਾ ਕਿ ਟੌਹੜਾ ਦਲ ਨਾਲ ਏਕਤਾ ਦੀ ਕੋਈ ਗੱਲ ਨਹੀਂ ਚਲ ਰਹੀ। ਇਨ੍ਹਾਂ ਦਿਨਾਂ ਵਿਚ ਹੀ 21 ਮਾਰਚ ਨੂੰ ਹਜ਼ੂਰ ਸਾਹਿਬ ਵਾਸਤੇ ਕਮੇਟੀ ਦੀ ਚੋਣ ਹੋਈ। ਸਿੱਖ ਐਮ.ਪੀਜ਼ ਦੇ ਕੋਟੇ ਵਿਚੋਂ 2 ਮੈਬਰ ਚੁਣੇ ਜਾਣੇ ਸਨ। ਇਸ ਚੋਣ ਵਿਚ ਕਾਂਗਰਸ ਤੇ ਕਮਿਊਨਿਸਟਾਂ ਨੇ ਟੌਹੜਾ ਦਾ ਪੂਰਾ ਸਾਥ ਦਿੱਤਾ। ਟੌਹੜਾ ਨੂੰ 10 ਅਤੇ ਉਸ ਦੇ ਸਾਥੀ ਸੁਖਦੇਵ ਸਿੰਘ ਲਿਬੜਾ ਨੂੰ 11 ਵੋਟਾਂ ਪਈਆਂ ਤੇ ਉਹ ਦੋਵੇਂ ਚੁਣੇ ਗਏ। ਇਹ ਬਾਦਲ ਦੀ ਤੀਜੀ ਹਾਰ ਸੀ। ਇਨ੍ਹਾਂ ਦਿਨਾਂ ਵਿਚ ਟੌਹੜਾ ਬਾਦਲ ਸਮਝੌਤੇ ਦੀਆਂ ਗੱਲਾਂ ਫਿਰ ਸ਼ੁਰੂ ਹੋਈਆਂ। ਟੌਹੜਾ ਨੇ 23 ਨਵੰਬਰ 2001 ਨੂੰ ਕਿਹਾ ਕਿ ਏਕਤਾ ਵਾਸਤੇ ਬਾਦਲ ਪਹਿਲਾਂ ਅਕਾਲ ਤਖ਼ਤ ਵਾਲਾ (ਰਣਜੀਤ ਸਿੰਘ ਦਾ ਦਸੰਬਰ 1998 ਵਾਲਾ) ਅਖੌਤੀ 'ਹੁਕਮਨਾਮਾ' ਮੰਨੇ। (ਇਸ 'ਤੇ ਵੇਦਾਂਤੀ ਨੇ ਬਿਆਨ ਦਿੱਤਾ ਕਿ 1998 ਦਾ ਅਖੌਤੀ ਹੁਕਮਨਾਮਾ ਇਕ ਅਪੀਲ ਸੀ)। ਅਗਲੇ ਦਿਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਵਿਚ ਤਲਵੰਡੀ ਦੀ ਜਗਹ ਕ੍ਰਿਪਾਲ ਸਿੰਘ ਬਡੂੰਗਰ ਚੁਣਿਆ ਗਿਆ। ਉਸ ਨੇ ਸੁਖਦੇਵ ਸਿੰਘ ਭੌਰ ਨੂੰ 56 ਦੇ ਮੁਕਾਬਲੇ 112 ਵੋਟਾਂ ਨਾਲ ਹਰਾਇਆ। ਇਸ ਮੌਕੇ 'ਤੇ ਤਲਵੰਡੀ ਨੇ ਵੋਟ ਪਰਚੀ ਪਾੜਦਿਆਂ ਕਿਹਾ ਸੀ ਕਿ 'ਮੈਂ ਭਨਿਆਰੇ ਦੇ ਚੇਲੇ ਨੂੰ ਵੋਟ ਨਹੀਂ ਪਾ ਸਕਦਾ'। ਇਸੇ ਦਿਨ ਟੌਹੜਾ ਨੇ ਇਕ ਬਿਆਨ ਵਿਚ ਕਿਹਾ ਕਿ ਦਰਬਾਰ ਸਾਹਿਬ ਵਿਚ ਪੁਲੀਸ ਨੇ ਮੈਨੂੰ ਇਜਲਾਸ ਵਿਚ ਆਉਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਇਸ ਇਜਲਾਸ ਵਿਚ ਕਈ ਮਤੇ ਪਾਸ ਹੋਏ ਸਨ ਪਰ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸਾੜਨ ਜਾਂ ਭਨਿਆਰੇ ਦੇ ਖ਼ਿਲਾਫ਼ ਕੋਈ ਮਤਾ ਪਾਸ ਨਾ ਕੀਤਾ ਗਿਆ। 10 ਦਸੰਬਰ ਨੂੰ ਬਾਦਲ ਨੇ ਕਿਹਾ ਕਿ "ਸਿੱਖੀ ਨੂੰ ਲਗੀ ਢਾਹ ਲਈ ਸ਼੍ਰੋਮਣੀ ਕਮੇਟੀ 'ਤੇ 25 ਸਾਲ ਕਾਬਜ਼ ਰਹੇ ਲੋਕ ਜ਼ਿੰਮੇਦਾਰ ਹਨ।"

30 ਜੂਨ 2002 ਦੇ ਦਿਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਪਰਮਜੀਤ ਸਿੰਘ ਸਰਨਾ ਨੇ 46 ਵਿਚੋਂ 27 ਸੀਟਾਂ ਜਿੱਤੀਆਂ, ਬਾਦਲ ਧੜੇ ਨੂੰ 14 ਸੀਟਾਂ ਮਿਲੀਆਂ ਅਤੇ 5 ਆਜ਼ਾਦ ਵੀ ਜਿੱਤੇ। ਇਸ ਚੋਣ ਵਿਚ ਪਹਿਲਾਂ (ਭਾਈ) ਰਣਜੀਤ ਸਿੰਘ ਵੀ ਸਰਨਾ ਦੇ ਨਾਲ ਸੀ ਪਰ ਚੋਣਾਂ ਦੌਰਾਨ ਹੀ ਦੋਹਾਂ ਵਿਚ ਫ਼ਰਕ ਆ ਗਏ। ਰਣਜੀਤ ਸਿੰਘ ਸਿਰਫ਼ ਆਪਣੇ ਉਮੀਦਵਾਰਾਂ ਦੇ ਹਲਕਿਆਂ ਵਿਚ ਹੀ ਗਿਆ। ਰਣਜੀਤ ਸਿੰਘ ਦੀ ਆਪਣੀ ਸੱਕੀ ਭੈਣ ਪ੍ਰਕਾਸ਼ ਕੌਰ ਬਾਦਲ ਧੜੇ ਦੀ ਉਮੀਦਵਾਰ ਸੀ। ਰਣਜੀਤ ਸਿੰਘ ਉਸ ਦੀ ਮਦਦ ਕਰਨ ਦੀ ਸੋਚ ਨਾਲ ਉੱਬੇ ਵੀ ਨਾ ਗਿਆ। ਨਾਮਜ਼ਦਗੀਆਂ ਵਾਲੇ ਦਿਨ 16 ਜੁਲਾਈ ਨੂੰ ਰਣਜੀਤ ਸਿੰਘ ਤੇ ਸਰਨਾ ਵੱਖ ਵੱਖ ਸਨ ਵਰਨਾ ਸਰਨਾ ਧੜਾ ਇਹ ਦੋਵੇਂ ਸੀਟਾਂ ਵੀ ਜਿਤ ਜਾਂਦਾ। ਖ਼ੈਰ ਨਾਮਜ਼ਦਗੀਆਂ ਮਗਰੋਂ ਸਰਨਾ ਨਾਲ 29, ਬਾਦਲ ਨਾਲ 16 ਤੇ ਰਣਜੀਤ ਸਿੰਘ ਨਾਲ 6 ਮੈਂਬਰ ਸਨ। 24 ਜੁਲਾਈ 2002 ਨੂੰ ਹੋਈ ਚੋਣ ਵਿਚ ਸਰਨਾ ਪ੍ਰਧਾਨ ਚੁਣਿਆ ਗਿਆ। ਇਹ ਬਾਦਲ ਦੀ ਚੌਥੀ ਹਾਰ ਸੀ। ਜੁਲਾਈ 2002 ਵਿਚ ਅੰਮ੍ਰਿਤਸਰ ਦੇ ਸਾਬਕਾ ਡਿਪਟੀ ਕਮਿਸ਼ਨਰ ਸਰਬਜੀਤ ਸਿੰਘ ਦੀ ਕਿਤਾਬ 'ਕਾਲੀ ਗਰਜ' ਛਪੀ। ਇਸ ਵਿਚ ਉਸ ਨੇ ਕਿਹਾ: ਟੌਹੜਾ ਨੂੰ ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹਮਲੇ ਦਾ ਪਤਾ ਸੀ। ਟੌਹੜਾ ਨੇ

ਬੂਟਾ ਸਿੰਘ ਦੇ ਕਹਿਣ 'ਤੇ ਗਰਮ ਖਿਆਲੀ ਗ੍ਰੰਥੀ ਲਾਏ ਸਨ। 1986 ਦੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਵਿਚ ਬੂਟਾ ਸਿੰਘ ਨੇ ਟੌਹੜੇ ਦੀ ਮਦਦ ਕੀਤੀ ਸੀ। (ਉਂਞ ਇਹ ਕਿਤਾਬ ਝੂਠ ਨਾਲ ਭਰੀ ਹੋਈ ਸੀ ਤੇ ਇਸ ਵਿਚ ਬਹੁਤਾ ਹਿੱਸਾ ਸਰਕਾਰ ਦੇ ਐਕਸ਼ਨ ਸਹੀ ਠਹਿਰਾਉਣਾ ਸੀ)। ਇਸ ਕਿਤਾਬ ਦੇ ਛਪਣ 'ਤੇ 17 ਜੁਲਾਈ 2002 ਦੇ ਦਿਨ ਬਾਦਲ ਨੇ ਕਿਹਾ ਸੀ "ਟੌਹੜਾ ਨੇ ਸਦਾ ਸੁਹੀਆ ਏਜੰਸੀਆਂ ਤੇ ਕਾਂਗਰਸੀਆਂ ਨਾਲ ਮਿਲ ਕੇ ਪਾਵਨ ਅਸਥਾਨਾਂ ਨੂੰ ਵਰਤਿਆ।" 3 ਅਗਸਤ 2002 ਦੇ ਦਿਨ ਬਾਦਲ ਨੇ ਕਿਹਾ "ਟੌਹੜਾ ਤੇ ਰਵੀਇੰਦਰ ਕਾਂਗਰਸੀ ਜਬਰ ਦੇ ਕੁਹਾੜੇ ਦੇ ਦਸਤੇ ਹਨ।"

2002 ਵਿਚ ਜਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਨਵੰਬਰ ਵਿਚ ਹੋਣ ਵਾਲੀ ਸੀ। ਟੌਹੜਾ ਧੜੇ ਦੇ ਇੰਦਰਜੀਤ ਸਿੰਘ ਜ਼ੀਰਾ ਨੇ ਆਪਣੇ ਰਿਸ਼ਤੇਦਾਰ ਡੀ.ਜੀ.ਪੀ. ਭੁੱਲਰ ਰਾਹੀਂ ਮੈਂਬਰਾਂ ਨੂੰ ਡਰਾ ਧਮਕਾ ਕੇ ਬਾਦਲ ਦੇ ਖ਼ਿਲਾਫ਼ ਕਰਨ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ। ਇਸ ਨੂੰ ਮਗਰੋਂ ਅਮਰਿੰਦਰ ਸਿੰਘ ਨੇ ਵੀ ਚੁੱਪ ਹਿਮਾਇਤ ਦੇ ਦਿੱਤੀ। ਇਸ 'ਤੇ ਬਾਦਲ ਨੇ ਇਕ ਬਿਆਨ ਵਿਚ ਕਿਹਾ ਕਿ "ਟੌਹੜੇ ਦਾ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਨ ਦਾ ਸੁਪਨਾ ਸਾਕਾਰ ਨਹੀਂ ਹੋਣ ਦੇਵਾਂਗੇ।" ਬਾਦਲ ਧੜੇ ਨੇ ਸ਼੍ਰੋਮਣੀ ਕਮੇਟੀ ਦਾ ਇਜਲਾਸ 12 ਨਵੰਬਰ ਨੂੰ ਸੱਦ ਲਿਆ। ਮੈਂਬਰਾਂ ਨੂੰ ਸਰਕਾਰੀ ਅਸਰ ਤੋਂ ਬਚਾਉਣ ਵਾਸਤੇ ਉਹ ਉਨ੍ਹਾਂ ਨੂੰ ਬਾਲਾਸਰ (ਹਰਿਆਣਾ) ਵਿਚ ਆਪਣੇ ਫ਼ਾਰਮ 'ਤੇ ਲੈ ਗਿਆ ਜਿੱਥੋਂ ਉਹ 98 ਮੈਂਬਰਾਂ ਨੂੰ ਚੋਣ ਵਾਲੇ ਦਿਨ ਸਪੈਸ਼ਲ ਹਵਾਈ ਜਹਾਜ਼ ਵਿਚ ਬਿਠਾ ਕੇ ਅੰਮ੍ਰਿਤਸਰ ਲਿਆਇਆ। ਦਰਅਸਲ ਬਾਦਲ ਧੜੇ ਨੇ ਕਿਸੇ ਵਿਚੋਲੇ ਰਾਹੀਂ ਸੋਨੀਆ ਗਾਂਧੀ ਤਕ ਪਹੁੰਚ ਕਰ ਲਈ ਸੀ ਜਿਸ ਨਾਲ ਅਮਰਿੰਦਰ ਸਿੰਘ ਨੇ ਹੱਥ ਪਿੱਛੇ ਖਿੱਚ ਲਿਆ, ਵਰਨਾ ਟੌਹੜਾ ਧੜਾ ਜਿਤਾਉਣ ਵਾਸਤੇ ਬਾਦਲ ਧੜੇ ਦੇ ਕੁਝ ਮੈਂਬਰ ਜ਼ਰੂਰ ਗ਼ਾਇਬ ਕਰ ਦਿੱਤੇ ਜਾਣੇ ਸਨ। ਵੋਟਾਂ ਪੈਣ 'ਤੇ ਬਾਦਲ ਧੜੇ ਦੇ ਕ੍ਰਿਪਾਲ ਸਿੰਘ ਬਡੂੰਗਰ ਨੂੰ 91 (12 ਵੋਟਾਂ ਦਾ ਅਜੇ ਅਦਾਲਤ ਵਿਚ ਕੇਸ ਸੀ) ਅਤੇ ਵੀਰ ਸਿੰਘ (ਟੌਹੜਾ ਧੜੇ) ਨੂੰ 68 ਵੋਟਾਂ ਪਈਆਂ, ਯਾਨਿ ਬਾਦਲ ਕੋਲ 113 ਮੈਂਬਰ ਅਜੇ ਵੀ ਸਨ। ਇੰਞ ਬਾਵੇਂ ਪਿਛਲੀ ਵਾਰ ਨਾਲੋਂ ਟੌਹਵਾ ਨੂੰ 12 ਵੋਟਾਂ ਵਧ ਮਿਲੀਆਂ ਸਨ ਪਰ ਟੌਹੜਾ ਧੜਾ ਇਕ ਵਾਰ ਫੇਰ ਮਾਤ ਖਾ ਗਿਆ ਸੀ। ਇਸ ਮੌਕੇ ਤੇ ਬਾਦਲ ਨੇ ਇਕ ਬਿਆਨ ਵਿਚ ਕਿਹਾ ਕਿ "ਜੇ ਸੋਨੀਆ ਨਾ ਘੂਰਦੀ ਤਾਂ ਕੈਪਟਨ ਸਾਨੂੰ ਅੰਮ੍ਰਿਤਸਰ ਹੀ ਨਾ ਵੜਨ ਦੇਂਦਾ। ਹੁਣ ਟੌਹੜਾ ਆਪਣੇ ਦਲ ਦਾ ਨਾਂ ਅਕਾਲੀ ਦਲ ਕਾਂਗਰਸ ਰਖ ਲਵੇ।" ਹਾਰਨ ਮਗਰੋਂ ਟੌਹੜਾ ਨੇ ਕਿਹਾ "ਮੈਨੂੰ ਤਿੰਨ ਜਾਗੀਰਦਾਰਾਂ (ਬਾਦਲ, ਅਮਰਿੰਦਰ, ਸਿਮਰਨਜੀਤ) ਤੇ ਚਾਰ ਸਰਕਾਰਾਂ (ਦਿੱਲੀ, ਪੰਜਾਬ, ਹਰਿਆਣਾ, ਹਿਮਾਚਲ) ਨੇ ਹਰਾਇਆ ਹੈ।"

ਚਾਰ ਮੌਕਿਆਂ 'ਤੇ ਹਾਰਨ ਮਗਰੋਂ ਬਾਦਲ ਪਹਿਲੀ ਵਾਰ ਜਿੱਤਿਆ ਸੀ। ਪਰ ਬਾਦਲ ਅਜੇ ਵੀ ਡਰਦਾ ਸੀ। ਅਮਰਿੰਦਰ ਸਿੰਘ ਨੇ ਅਜੇ ਪੰਜਾਬ ਵਿਚ ਚਾਰ ਸਾਲ ਹਕੂਮਤ ਕਰਨੀ ਸੀ। ਬਾਦਲ ਨੂੰ ਡਰ ਸੀ ਕਿ ਸ਼੍ਰੋਮਣੀ ਕਮੇਟੀ ਉਸ ਤੋਂ ਕਦੇ ਵੀ ਖੋਹੀ ਜਾ ਸਕਦੀ ਸੀ। ਇਸ ਕਰ ਕੇ ਇਸ ਚੋਣ ਤੋਂ ਸਿਰਫ਼ ਤਿੰਨ ਮਹੀਨੇ ਮਗਰੋਂ ਹੀ ਬਾਦਲ ਨੇ ਟੌਹੜਾ ਨਾਲ ਏਕਤਾ ਕਰਨ ਦਾ ਮਨ ਬਣਾ ਲਿਆ। ਇਸ ਵਿਚ ਵਧੇਰੇ ਰੋਲ ਮਨਜੀਤ ਸਿੰਘ ਕਲਕੱਤਾ, ਮਹੇਸ਼ਇੰਦਰ ਸਿੰਘ ਗਰੇਵਾਲ, ਹਰਮੇਲ ਸਿੰਘ ਟੌਹੜਾ ਦਾ ਸੀ। ਉਹ ਸ਼੍ਰੋਮਣੀ ਕਮੇਟੀ ਦੇ ਨਿਜ਼ਾਮ ਦਾ ਫ਼ਾਇਦਾ ਲੈਣਾ ਚਾਹੁੰਦੇ ਸਨ। ਤਿੰਨ ਮਹੀਨੇ ਪਹਿਲਾਂ ਦਾ 'ਕਾਂਗਰਸੀ' ਟੌਹੜਾ ਹੁਣ 'ਪੰਥਕ' ਬਣ ਰਿਹਾ ਸੀ। 8 ਮਾਰਚ 2003 ਦੇ ਦਿਨ ਟੌਹੜਾ ਦੇ ਘਰ ਉਸ ਦੇ ਨਿਜੀ ਅਖੰਡ ਪਾਠ ਦੇ ਭੋਗ 'ਤੇ ਮਨਜੀਤ ਸਿੰਘ ਕਲਕੱਤਾ ਨੇ ਚੁਪਚਾਪ ਬਾਦਲ, ਢੀਂਡਸਾ ਵਗ਼ੈਰਾ ਸੱਦ ਲਏ ਸਨ। 5 ਅਪ੍ਰੈਲ ਨੂੰ ਏਕਤਾ ਦੀਆਂ ਰਸਮੀ ਗੱਲਾਂ ਸ਼ੁਰੂ ਹੋ ਗਈਆਂ ਸਨ। ਫਿਰ ਵੀ ਟੌਹੜਾ ਨੇ 6 ਅਪ੍ਰੈਲ ਨੂੰ ਨਿਮ੍ਹਾ ਜਿਹਾ, ਦਿਖਾਵੇ ਦਾ) 'ਦਬਕਾ' ਮਾਰਿਆ ਕਿ 'ਸਿਧਾਂਤਾਂ ਤੋਂ ਹਟ ਕੇ ਏਕਤਾ ਸੰਭਵ ਨਹੀਂ'। ਉਧਰ

ਟੌਹੜਾ ਦੇ ਸਾਥੀਆਂ ਤਲਵੰਡੀ, ਰਵੀਇੰਦਰ, ਵਡਾਲਾ ਤੇ ਜਸਬੀਰ ਸਿੰਘ ਰੋਡੇ ਨੇ 24 ਅਪ੍ਰੈਲ ਨੂੰ ਇਸ ਏਕਤਾ ਦੀ ਭਰਪੂਰ ਵਿਰੋਧਤਾ ਕੀਤੀ। ਟੌਹੜਾ ਨੇ ਐਵੇਂ ਮੂੰਹ ਰੱਖਣ ਵਾਸਤੇ ਇਕ-ਅੱਧ ਵਾਰ ਨਿੱਕਾ ਮੋਟਾ ਦਬਕਾ ਮਾਰਿਆ। ਉਸ ਨੇ 14 ਮਈ ਨੂੰ ਕਿਹਾ ਕਿ 'ਏਕਤਾ ਵਾਸਤੇ ਬਾਦਲ ਦਾ ਅਕਾਲ ਤਖ਼ਤ 'ਤੇ ਪੇਸ਼ ਹੋਣਾ ਜ਼ਰੂਰੀ ਹੈ।' 17 ਮਈ ਨੂੰ ਬਾਦਲ ਨੇ ਕਿਹਾ ਕਿ ਟੌਹੜਾ (ਉਹੀ ਜਿਹੜਾ ਤਿੰਨ ਮਹੀਨੇ ਪਹਿਲਾਂ 'ਕਾਂਗਰਸ ਦਾ ਏਜੰਟ' ਸੀ) ਨਾਲ ਏਕਤਾ ਜ਼ਰੂਰ ਹੋਵੇਗੀ। 18 ਮਈ ਨੂੰ ਬਾਦਲ ਨੇ ਵੇਦਾਂਤੀ ਨੂੰ ਖ਼ਤ ਲਿਖ ਕੇ ਅਕਾਲ ਤਖ਼ਤ ਤੇ ਪੇਸ਼ ਹੋਣ ਦਾ ਮਾਹਿਸ਼ਮੰਦ ਹੋਣ ਦਾ ਡਰਾਮਾ ਕੀਤਾ ਤਾਂ ਜੋ ਏਕਤਾ ਅਕਾਲ ਤਖ਼ਤ ਦੇ ਜ਼ਿੰਮੇ ਮੜ੍ਹੀ ਜਾ ਸਕੇ। ਵੇਦਾਂਤੀ ਨੇ ਟੌਹੜਾ ਤੇ ਬਾਦਲ ਦੋਹਾਂ ਨੂੰ 5 ਜੂਨ ਨੂੰ ਤਖ਼ਤ 'ਤੇ ਸੱਦ ਲਿਆ। ਬੀਮਾਰ ਹੋਣ ਕਰ ਕੇ ਟੌਹੜਾ ਤਾਂ ਨਾ ਗਿਆ ਪਰ ਬਾਦਲ ਚਲਾ ਗਿਆ। ਵੇਦਾਂਤੀ ਨੇ ਬਾਦਲ ਨੂੰ ਅਖੰਡ ਪਾਠ ਕਰਵਾਉਣ ਤੇ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਉਣ ਵਾਸਤੇ ਕਿਹਾ (ਕਿਸ ਗੱਲ ਦੀ ਇਹ ਨਹੀਂ ਦੱਸਿਆ)। ਅਗਲੇ ਦਿਨ ਹੀ ਟੌਹੜੇ ਨੇ ਇਕ ਹਾਸੋ-ਹੀਣਾ ਬਿਆਨ ਦਿੱਤਾ ਕਿ "ਬਾਦਲ ਦੇ ਅਕਾਲ ਤਖ਼ਤ 'ਤੇ ਪੇਸ਼ ਹੋਣ ਨਾਲ ਹੀ ਏਕਤਾ ਹੋ ਗਈ ਹੈ।" 13 ਜੂਨ ਨੂੰ ਰਸਮੀ 'ਏਕਤਾ' ਦਾ ਐਲਾਨ ਵੀ ਕਰ ਦਿੱਤਾ ਗਿਆ। ਇਸ 'ਏਕਤਾ' ਮਗਰੋਂ ਟੌਹੜਾ ਨੂੰ 43 ਦਿਨ ਤਕ ਬਡੂੰਗਰ ਨੇ ਤਰਸਾ-ਤਰਸਾ ਕੇ ਅਖ਼ੀਰ 26 ਜੁਲਾਈ 2003 ਦੇ ਦਿਨ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਾ ਦਿੱਤਾ।

2014: ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਜਗਦੀਸ਼ ਸਿੰਘ ਝੀਂਡਾ ਪ੍ਰਧਾਨ ਤੇ ਦੀਦਾਰ ਸਿੰਘ ਨਲਵੀ ਸੀਨੀਅਰ ਮੀਤ ਪ੍ਰਧਾਨ ਬਣੇ

26 ਜੁਲਾਈ 2014 ਦੇ ਦਿਨ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਮੀਟਿੰਗ ਡੇਰਾ ਬਾਬਾ ਚਰਨ ਸਿੰਘ ਕੁਰੂਕਸ਼ੇਤਰ ਵਿਚ, ਜ਼ਿਲ੍ਹੇ ਦੇ ਡੀ.ਸੀ. ਨਿਖਿਲ ਗਜਰਾਜ ਦੀ ਹਾਜ਼ਰੀ ਵਿਚ ਹੋਈ। ਇਸ ਵਿਚ ਹੇਠ ਲਿਖੇ ਅਹੁਦੇਦਾਰ ਚੁਣੇ ਗਏ: ਪ੍ਰਧਾਨ: ਜਗਦੀਸ਼ ਸਿੰਘ ਝੀਂਡਾ; ਸੀਨਅਰ ਮੀਤ ਪ੍ਰਧਾਨ: ਦੀਦਾਰ ਸਿੰਘ ਨਲਵੀ, ਮੀਤ ਪ੍ਰਧਾਨ: ਹਰਪਾਲ ਸਿੰਘ ਪਾਲੀ, ਜਨਰਲ ਸਕੱਤਰ: ਜਗੀਰ ਸਿੰਘ ਜਮਨਾਨਾਗਰ, ਜਾਇੰਟ ਸਕੱਤਰ: ਕੁਪਿੰਦਰ ਸਿੰਘ ਅਸੰਧ। ਐਗਜ਼ੈਕਟਿਵ ਵਿਚ ਹੇਠ ਲਿਖੇ ਚੁਣੇ ਗਏ: ਜਗਤਾਰ ਸਿੰਘ ਮਨੌਂਡਾ, ਅਵਤਾਰ ਸਿੰਘ ਚਕੋ, ਮੋਹਨਜੀਤ ਸਿੰਘ, ਸਵਰਨ ਸਿੰਘ, ਬਾਬਾ ਗੁਰਮੀਤ ਸਿੰਘ, ਬਲਜੀਤ ਸਿੰਘ। ਗੁਰਮੀਤ ਸਿੰਘ ਤਲੋਕੇਵਾਲ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਬਣਾਏ ਗਏ।

31 ਜੁਲਾਈ 2014 ਦੇ ਦਿਨ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਹੋਈ। ਜਿਸ ਵਿਚ ਮਤਾ ਪਾਸ ਕਰ ਕੇ ਸਾਰੇ 8 ਤਵਾਰੀਖ਼ੀ ਗੁਰਦੁਆਰਿਆਂ ਦੇ ਮੈਨੇਜਰਾਂ ਨੂੰ ਕਿਹਾ ਕਿ ਉਹ 2 ਅਗਸਤ ਸ਼ਾਮ ਤਕ ਸਾਰੇ ਰਿਕਾਰਡ ਕੈਥਲ ਵਿਚ ਲਿਆ ਕੇ ਪੇਸ਼ ਕਰਨ ਨਹੀਂ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਖ਼ੈਰ ਮੈਨੇਜਰਾਂ ਨੇ ਨਾ ਆਉਣਾ ਸੀ ਤੇ ਨਾ ਆਏ। ਇਸ 'ਤੇ 6 ਅਗਸਤ 2014 ਦੇ ਦਿਨ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਹਲਾ ਚੀਕਾ, ਝੀਹਾਰੇੜੀ (ਜਮਨਾਨਗਰ), ਲਾਡਵਾ ਤੇ ਬਨੀ ਬਦਰਪੁਰ (ਕੁਰੂਕਸ਼ੇਤਰ), ਕੁਲ ਪੰਜ ਗੁਰਦੁਆਰਿਆਂ ਦਾ ਕੰਟਰੋਲ ਹਾਸਿਲ ਕਰ ਲਿਆ।

ਉਧਰ 5 ਅਗਸਤ 2014 ਦੇ ਦਿਨ ਸ਼੍ਰੋਮਣੀ ਕਮੇਟੀ ਇਕ ਮੈਂਬਰ ਹਰਭਜਨ ਸਿੰਘ ਨੇ ਹਰਿਆਣਾ ਗੁਰਦੁਆਰਾ ਐਕਟ ਦੇ ਖ਼ਿਲਾਫ਼ ਸੁਪਰੀਮ ਕੋਰਟ ਵਿਚ ਪਟੀਸ਼ਨ ਪਾਈ। 7 ਅਗਸਤ ਨੂੰ ਅਦਾਲਤ ਨੇ 'ਸਟੇਟਸ ਕੋਅ' ਦਾ ਸਟੇਅ ਦੇ ਦਿੱਤਾ ਤੇ 25 ਅਗਸਤ ਦੀ ਤਾਰੀਖ਼ ਪਾ ਦਿੱਤੀ। ਸੁਪਰੀਮ ਕੋਰਟ ਨੇ ਦੋਹਾਂ ਕਮੇਟੀਆਂ ਨੂੰ ਬੈਂਕਾਂ ਵਿਚ ਨਵੇਂ ਖਾਤੇ ਖੋਲ੍ਹ ਕੇ ਚੜ੍ਹਾਵੇ ਦੀ ਰਕਮ ਉਸ ਵਿਚ ਜਮ੍ਹਾਂ ਕਰਨ ਦਾ ਹੁਕਮ ਵੀ ਜਾਰੀ ਕੀਤਾ। ਸੁਪਰੀਮ ਕੋਰਟ ਨੇ, 25 ਅਗਸਤ

ਨੂੰ ਸ਼੍ਰੋਮਣੀ ਕਮੇਟੀ ਵੱਲੋਂ ਇਸ ਕੇਸ ਵਿਚ ਧਿਰ ਬਣਾਏ ਜਾਣ ਦੀ ਦਰਖ਼ਾਸਤ ਮਨਜ਼ੂਰ ਕਰ ਕੇ, 18 ਅਕਤੂਬਰ 'ਤੇ ਤਾਰੀਖ਼ ਪਾ ਦਿੱਤੀ।

2014: ਸਹਾਰਨਪੁਰ ਗੁਰਦੁਆਰੇ 'ਤੇ ਮੁਸਲਮਾਨਾਂ ਨੇ ਗੁਰੂਦੁਆਰੇ 'ਤੇ ਹਮਲਾ ਕੀਤਾ ਤੇ ਸਿੱਖਾਂ ਦੀਆਂ ਦੁਕਾਨਾਂ ਸਾੜੀਆਂ

26 ਜੁਲਾਈ 2014 ਦੇ ਦਿਨ ਸਹਾਰਨਪੁਰ ਵਿਚ ਗੁਰਦੁਆਰੇ ਦੇ ਨਾਲ ਦੀ ਜ਼ਮੀਨ ਨੂੰ ਮਸੀਤ ਦੀ ਜਗਹ ਦੱਸ ਕੇ ਮੁਸਲਮਾਨਾਂ ਦੀ ਇਕ ਵੱਡੀ ਭੀੜ ਨੇ ਗੁਰੂਦੁਆਰੇ 'ਤੇ ਹਮਲਾ ਕਰ ਦਿੱਤਾ ਅਤੇ ਸਿੱਖਾਂ ਦੀਆਂ 19 ਦੁਕਾਨਾਂ ਵੀ ਸਾੜ ਦਿੱਤੀਆਂ। ਇਸ ਮਗਰੋਂ ਪੁਲਸ ਨੇ ਕਰਫ਼ਿਊ ਲਾ ਦਿੱਤਾ ਤੇ ਲਾਠੀਚਾਰਜ, ਅਥਰੂ ਗੈਸ ਦੀ ਵਰਤੋਂ ਕੀਤੀ ਅਤੇ ਫ਼ਾਇਰਿੰਗ ਵੀ ਕੀਤੀ। ਇਸ ਨਾਲ ਤਿੰਨ ਮੌਤਾਂ ਹੋਈਆਂ। ਸਹਾਰਨਪੁਰ ਵਿਚ ਸਿਰਫ਼ 7 ਹਜ਼ਾਰ ਸਿੱਖ ਹਨ ਤੇ ਉਹ ਦੋ ਸਕੂਲ (ਗੁਰੂ ਨਾਨਕ ਗਰਲਜ਼ ਸਕੂਲ ਤੇ ਗੁਰੂ ਤੇਗ਼ ਬਹਾਦਰ ਪਬਲਿਕ ਸਕੂਲ), ਇਕ ਕਾਲਜ (ਗੁਰੂ ਨਾਨਕ ਬੁਆਇਜ਼ ਇੰਟਰ ਕਾਲਜ) ਵੀ ਚਲਾ ਰਹੇ ਹਨ ਜਿਸ ਵਿਚ ਪੜ੍ਹਨ ਵਾਲਿਆਂ 8000 ਬੱਚਿਆਂ ਵਿਚੋਂ 6000 ਮੁਸਲਮਾਨ ਤੇ 2000 ਹਿੰਦੂ ਹਨ ਅਤੇ ਸਿਰਫ਼ 68 ਸਿੱਖ ਬੱਚੇ ਹਨ। ਇਕ ਗੁੰਡੇ ਤੋਂ ਲੀਡਰ ਬਣੇ ਇਕ ਮੁਸਲਮਾਨ ਲੀਡਰ ਮੁਹਰਮ ਅਲੀ ਪੱਪੂ ਨੇ ਮਸਜਿਦ ਦਾ ਮਸਲਾ ਨਾ ਉਠਾਉਣ ਵਾਸਤੇ 50 ਲੱਖ ਰੁਪੈ ਮੰਗੇ ਸਨ, ਜੋ ਨਾ ਮਿਲਣ 'ਤੇ ਉਸ ਨੇ ਹਮਲਾ ਕਰਵਾ ਦਿੱਤਾ। ਮਗਰੋਂ 16 ਅਗਸਤ ਦੇ ਦਿਨ ਰਲੀਜ਼ ਕੀਤੀ ਇਕ ਸਰਕਾਰੀ ਰਿਪੋਰਟ ਨੇ ਭਾਜਪਾ ਦੇ ਐਮ.ਪੀ. ਮਾਧਵ ਲਖਨਪਾਲ ਨੂੰ ਫ਼ਸਾਦ ਭੜਕਾਉਣ ਦਾ ਦੋਸ਼ੀ ਮੰਨਿਆ ਸੀ।

27 ਜੁਲਾਈ

1739: ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਦੀ ਸ਼ਹੀਦੀ ਹੋਈ

1739 ਵਿਚ ਨਾਦਰ ਸ਼ਾਹ ਨੇ ਪੰਜਾਬ ਤੇ ਦਿੱਲੀ 'ਤੇ ਹਮਲਾ ਕੀਤਾ ਤੇ ਖ਼ੂਬ ਲੁੱਟਿਆ ਵੀ ਤੇ ਕਤਲੇਆਮ ਵੀ ਕੀਤਾ; ਵਾਪਿਸ ਜਾਂਦੇ 'ਤੇ ਸਿੱਖਾਂ ਨੇ ਕਈ ਹਮਲੇ ਕੀਤੇ ਤੇ ਉਸ ਦੀ ਲੁੱਟ ਦਾ ਭਾਰ ਹਲਕਾ ਕੀਤਾ। ਜਦ ਉਸ ਨੂੰ ਪਤਾ ਲਗਾ ਕਿ ਹਮਲੇ ਕਰ ਕੇ ਉਸ ਨੂੰ ਲੁੱਟਣ ਵਾਲੇ ਸਿੱਖ ਹਨ ਤਾਂ ਉਸ ਨੇ ਪੰਜਾਬ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੂੰ ਇਨ੍ਹਾਂ ਦੇ ਖ਼ਿਲਾਫ਼ ਐਕਸ਼ਨ ਲੈਣ ਵਾਸਤੇ ਹਦਾਇਤ ਦਿੱਤੀ। ਉਸ ਦੇ ਜਾਣ ਮਗਰੋਂ ਜ਼ਕਰੀਆ ਖ਼ਾਨ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਣ ਦਾ ਫੈਸਲਾ ਕਰ ਲਿਆ। ਸਭ ਤੋਂ ਪਹਿਲਾਂ ਤਾਂ ਉਸ ਨੇ ਸਿੱਖਾਂ ਦਾ ਡੱਲੇਵਾਲ ਵਾਲਾ ਕੱਚਾ ਕਿਲ੍ਹਾ ਢਾਹਿਆ। ਹੁਣ ਜਿੱਥੇ ਵੀ ਸਿੱਖ ਨਜ਼ਰ ਆਉਂਦਾ ਕਤਲ ਕਰ ਦਿੱਤਾ ਜਾਂਦਾ। ਜ਼ਕਰੀਆ ਖ਼ਾਨ ਨੇ ਸਿੱਖਾਂ ਦੀ ਗ੍ਰਿਫ਼ਤਾਰੀ ਵਾਸਤੇ ਇਨਾਮਾਂ ਦਾ ਫਿਰ ਐਲਾਨ ਕਰ ਦਿੱਤਾ। ਸਿੱਖ ਦਾ ਥਹੁ-ਪਤਾ ਦੇਣ ਵਾਲੇ ਨੂੰ 10 ਰੁਪਏ ਤੇ ਮਾਰਨ ਵਾਲੇ ਨੂੰ 25 ਰੁਪਏ ਦੇਣ ਦਾ ਐਲਾਨ ਕੀਤਾ ਗਿਆ। ਉਸ ਨੇ ਇਹ ਐਲਾਨ ਵੀ ਕੀਤਾ ਕਿ ਸਿੱਖ ਨੂੰ ਪਨਾਹ ਦੇਣ ਵਾਲੇ ਜਾਂ ਉਸ ਦਾ ਪਤਾ ਨਾ ਦੱਸਣ ਵਾਲੇ ਜਾਂ ਉਸ ਨੂੰ ਖਾਣ ਪੀਣ ਦਾ ਜਾਂ ਹੋਰ ਸਾਮਾਨ ਦੇਣ ਵਾਲੇ ਨੂੰ ਵੀ ਮੌਤ ਦੀ ਸਜ਼ਾ ਦਿਤੀ ਜਾਵੇਗੀ। ਨਤੀਜਾ ਇਹ ਨਿਕਲਿਆ ਕਿ ਸਾਰੇ ਪੰਜਾਬ ਵਿਚ ਕਿਤੇ ਵੀ ਕੇਸਾਂ ਵਾਲਾ ਸ਼ਖ਼ਸ ਨਜ਼ਰ ਨਹੀਂ ਸੀ ਆਉਂਦਾ। ਸਾਰੇ ਹਿੰਦੂਆਂ ਨੇ ਆਪਣੇ ਸਿਰ-ਮੂੰਹ ਮੁੰਨਵਾ ਲਏ ਸਨ। ਜ਼ਕਰੀਆ ਨੇ ਜਲੰਧਰ-ਦੋਆਬ ਦੇ ਫ਼ੌਜਦਾਰ ਅਦੀਨਾ ਬੇਗ਼ ਨੂੰ ਵੀ ਸਿੱਖਾਂ ਦੇ ਕਤਲੇਆਮ ਦੀ ਜ਼ਿੰਮੇਦਾਰੀ ਸੌਂਪੀ। ਅਦੀਨਾ ਬੇਗ ਨੇ ਆਪਣੇ ਪੱਧਰ 'ਤੇ ਜੱਸਾ ਸਿੰਘ ਰਾਮਗੜ੍ਹੀਆ ਨਾਲ ਸਮਝੌਤਾ ਕਰ ਲਿਆ ਜਿਸ ਨਾਲ ਇਸ ਇਲਾਕੇ ਵਿਚ ਸਿੱਖਾਂ ਦਾ ਕਤਲੇਆਮ ਕੁਝ ਘਟ ਹੋਇਆ।

ਇਨ੍ਹਾਂ ਦਿਨਾਂ ਵਿਚ ਹੀ ਇਕ ਰਾਤ ਦੋ ਸਿੱਖ, ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ, ਦਰਬਾਰ ਸਾਹਿਬ ਮੱਥਾ ਟੇਕਣ ਅਤੇ ਅੰਮ੍ਰਿਤਸਰ ਸਰੋਵਰ ਦਾ ਇਸ਼ਨਾਨ ਕਰਨ ਵਾਸਤੇ ਗੁਰੂ-ਦਾ-ਚੱਕ ਨੂੰ ਆਏ। ਜਦ ਵਾਪਸੀ ਵੇਲੇ ਉਹ ਨੂਰਦੀਨ ਪਿੰਡ ਦੇ ਨੇੜੇ ਪੁੱਜੇ ਸਨ ਤਾਂ ਪਹੁ-ਫੁਟਾਲਾ ਹੋ ਗਿਆ ਅਤੇ ਉਹ ਰੁਕ ਗਏ ਅਤੇ ਝਾੜੀਆਂ ਤੇ ਦਰਖ਼ਤਾਂ ਦੇ ਇਕ ਝੁੰਡ ਵਿਚ ਲੁਕ ਕੇ ਬੈਠ ਗਏ ਤਾਂ ਜੋ ਉਹ ਹਨੇਰਾ ਪੈਂਦਿਆਂ ਹੀ ਆਪਣਾ ਸਫ਼ਰ ਦੋਬਾਰਾ ਸ਼ੁਰੂ ਕਰ ਸਕਣ। ਇਸੇ ਦੌਰਾਨ ਦੋ ਮੁਸਾਫ਼ਿਰ ਉੱਥੋਂ ਲੰਘੇ ਤੇ ਉਨ੍ਹਾਂ ਸਿੱਖਾਂ ਨੂੰ ਵੇਖਿਆ। ਉਨ੍ਹਾਂ ਵਿਚੋਂ ਇਕ ਨੇ ਦੂਜੇ ਨੂੰ ਪੁੱਛਿਆ ਕਿ "ਉਹ ਕੌਣ ਹਨ", ਤਾਂ ਉਸ ਨੇ ਜਵਾਬ ਦਿੱਤਾ ਕਿ "ਉਹ ਸਿੱਖ ਹਨ।" ਇਸ 'ਤੇ ਪਹਿਲੇ ਨੇ ਆਖਿਆ ਕਿ "ਉਹ ਸਿੱਖ ਨਹੀਂ ਹੋ ਸਕਦੇ, ਕਿਉਂਕਿ ਜ਼ਕਰੀਆ ਖ਼ਾਨ ਨੇ ਸਾਰੇ ਸਿੱਖ ਖ਼ਤਮ ਕਰ ਦਿੱਤੇ ਹਨ।" ਦੋਹਾਂ ਅਜਨਬੀਆਂ ਦੀਆਂ ਗੱਲਾਂ ਸੁਣ ਕੇ ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਰੋਹ ਵਿਚ ਆ ਗਏ। ਉਨ੍ਹਾਂ ਨੇ ਸਿੱਖ ਕੌਮ ਦਾ ਵਜੂਦ, ਸਿੱਖ ਕੌਮ ਦੀ ਸ਼ਨਾਖ਼ਤ ਤੇ ਸਿੱਖ ਕੌਮ ਦੀ ਖ਼ੁਦਮੁਖ਼ਤਿਆਰੀ ਦਾ ਇਜ਼ਹਾਰ ਕਰਨ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਨੇ ਨੇੜੇ ਵਗਦੀ ਜਰਨੈਲੀ ਸੜਕ 'ਤੇ, ਪਿੰਡ ਨੂਰਦੀਨ ਦੇ ਬਾਹਰ, ਡੇਢ ਕਿਲੋਮੀਟਰ ਦੂਰ, ਨਾਕਾ ਲਾ ਲਿਆ ਅਤੇ ਉੱਥੋਂ ਲੰਘਣ ਵਾਲੀ ਹਰ ਸਵਾਰੀ ਤੋਂ ਟੈਕਸ ਲੈਣ ਲੱਗ ਪਏ। (ਉਦੋਂ ਲਾਹੌਰ ਨੂੰ ਜਾਣ ਵਾਲੀ ਜੀ. ਟੀ. ਰੋਡ ਇਹੀ ਸੀ)। ਖ਼ਾਲਸਾ ਸਰਕਾਰ ਵਲੋਂ ਲਾਏ ਗਏ ਟੈਕਸ ਨੂੰ ਹਰ ਕੋਈ ਬਿਨਾਂ ਹੀਲ-ਹੁੱਜਤ ਦੇ ਅਦਾ ਕਰਨ ਲੱਗ ਪਿਆ। ਜਦੋਂ ਕਾਫ਼ੀ ਦੇਰ ਇੰਝ ਚਲਦਾ ਰਿਹਾ ਤਾਂ ਉਨ੍ਹਾਂ ਨੇ ਸੋਚਿਆ ਕਿ ਉਨ੍ਹਾਂ ਦਾ ਨਿਸ਼ਾਨਾ ਤਾਂ ਕੌਮੀ ਵਜੂਦ, ਪਛਾਣ ਤੇ ਖ਼ੁਦਮੁਖ਼ਤਿਆਰੀ ਦਾ ਇਜ਼ਹਾਰ ਕਰਨਾ ਸੀ ਨਾ ਕਿ ਟੈਕਸ ਵਸੂਲਣਾ। ਇਸ 'ਤੇ ਬਾਬਾ ਬੋਤਾ ਸਿੰਘ ਨੇ ਇਕ ਖ਼ਤ ਜ਼ਕਰੀਆ ਖ਼ਾਨ ਦੇ ਨਾਂ ਲਿਖਿਆ ਤੇ ਇਹ ਖ਼ਤ ਕਿਸੇ ਰਾਹਗੀਰ ਦੇ ਹੱਥ ਲਾਹੌਰ ਭੇਜ ਦਿੱਤਾ। ਇਸ ਖ਼ਤ ਦੇ ਅਲਫ਼ਾਜ਼ ਇਕ ਸ਼ਾਇਰ ਨੇ ਇੰਝ ਲਿਖੇ ਹਨ:

ਚਿੱਠੀ ਲਿਖੇ ਸਿੰਘ ਬੋਤਾ।
ਹੱਥ ਹੈ ਸੋਟਾ, ਵਿਚ ਰਾਹ ਖੜੋਤਾ।
ਆਨਾ ਲਾਯਾ ਗੱਡੇ ਨੂੰ, ਪੈਸਾ ਲਾਯਾ ਖੋਤਾ।
ਆਖੇ ਭਾਨੀ ਖਾਨੋ ਨੂੰ, ਯੌਂ ਆਖੇ ਸਿੰਘ ਬੋਤਾ।

ਜਦੋਂ ਇਹ ਖ਼ਤ ਸਰਕਾਰੇ-ਦਰਬਾਰੇ ਪੁੱਜਾ ਤਾਂ ਜ਼ਕਰੀਆ ਖ਼ਾਨ ਨੂੰ ਬੜਾ ਗੁੱਸਾ ਆਇਆ। ਗੁੱਸੇ ਵਿਚ ਲਾਲ-ਪੀਲੇ ਹੋਏ ਜ਼ਕਰੀਆ ਖ਼ਾਨ ਨੇ 100 ਬੰਦਿਆਂ ਦੀ ਇਕ ਫ਼ੌਜੀ ਟੁਕੜੀ ਜਲਾਲ ਦੀਨ ਦੀ ਕਮਾਨ ਹੇਠ ਨੂਰਦੀਨ ਦੀ ਸਰਾਂ (ਜਿੱਥੇ ਸਿੱਖਾਂ ਨੇ ਨਾਕਾ ਲਾਇਆ ਹੋਇਆ ਸੀ) ਵੱਲ ਭੇਜ ਦਿੱਤੀ। ਇਨ੍ਹਾਂ ਸਿਪਾਹੀਆਂ ਦੀ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਨਾਲ ਹੱਥੋ-ਹੱਥ ਲੜਾਈ ਹੋਈ। ਇਸ ਲੜਾਈ ਵਿਚ 30 ਦੇ ਕਰੀਬ ਮੁਗ਼ਲ ਸਿਪਾਹੀ ਮਾਰੇ ਗਏ ਤੇ ਦੋਵੇਂ ਸਿੰਘ ਆਪ ਵੀ ਸ਼ਹੀਦੀ ਜਾਮ ਪੀ ਗਏ। (ਇਕ ਚਰਚਾ ਮੁਤਾਬਿਕ ਬੋਤਾ ਸਿੰਘ ਸ਼ਹੀਦ ਹੋ ਗਿਆ ਤੇ ਗਰਜਾ ਸਿੰਘ ਜ਼ਖ਼ਮੀ ਹੋਣ ਮਗਰੋਂ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਬਾਅਦ ਵਿਚ ਸ਼ਹੀਦ ਕਰ ਦਿੱਤਾ ਗਿਆ)। ਸਿੱਖਾਂ ਦੇ ਇਸ ਐਕਸ਼ਨ ਨੇ ਜ਼ਕਰੀਆ ਖ਼ਾਨ ਨੂੰ ਹਿਲਾ ਕੇ ਰੱਖ ਦਿੱਤਾ ਤੇ ਉਸ ਦਾ ਇਹ ਭਰਮ ਖ਼ਤਮ ਹੋ ਗਿਆ ਕਿ ਉਸ ਨੇ ਸਿੱਖਾਂ ਨੂੰ ਖ਼ਤਮ ਕਰ ਦਿੱਤਾ ਹੈ।

1990: ਦਲਜੀਤ ਸਿੰਘ ਮਾਨਸਰੋਵਰ ਵਾਲਾ, ਗੁਰਨਾਮ ਸਿੰਘ ਫ਼ੀਰੋਜਪੁਰ, ਸਾਹਿਬ ਸਿੰਘ ਸਾਹਿਬਾ ਭੂਰਾ ਕਰੀਮ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਸਤਾਈ ਜੁਲਾਈ 1990 ਦੇ ਦਿਨ ਪੰਜਾਬ ਪੁਲਸ ਨੇ ਦਲਜੀਤ ਸਿੰਘ ਬਬਰ (ਵਾਸੀ ਮਾਨਸਰੋਵਰ ਵਾਲਾ ਫ਼ੀਰੋਜਪੁਰ), ਗੁਰਨਾਮ ਸਿੰਘ ਉਰਫ਼ ਮੁਗਲ (ਵਾਸੀ ਫ਼ੀਰੋਜਪੁਰ), ਸਾਹਿਬ

ਸਿੰਘ ਸਾਹਿਬਾ (ਵਾਸੀ ਭੂਰਾ ਕਰੀਮ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਨਿਰਵੈਰ ਸਿੰਘ ਅੰਮ੍ਰਿਤਸਰ ਤੇ ਸਵਿੰਦਰ ਸਿੰਘ ਦੋਧੀ ਸੇਖੂਪੁਰਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਸਤਾਈ ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਨਿਰਵੈਰ ਸਿੰਘ ਉਰਫ਼ ਬਾਈ ਲਾਰਸ (ਵਾਸੀ ਚੌਂਕ ਪਰਾਗਦਾਸ, ਅੰਮ੍ਰਿਤਸਰ) ਤੇ ਸਵਿੰਦਰ ਸਿੰਘ ਦੋਧੀ (ਵਾਸੀ ਸੇਖੂਪੁਰਾ, ਲੁਧਿਆਣਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਸੁਖਦੇਵ ਸਿੰਘ ਬਿੱਟੂ ਅਟਾਰੀ, ਇੰਦਰਜੀਤ ਸਿੰਘ ਸੋਹੀਆਂ, ਬੁਧ ਸਿੰਘ ਮਾਂਗੇਵਾਲ, ਕੰਵਲਜੀਤ ਸਿੰਘ ਬਠਿੰਡਾ, ਕਸ਼ਮੀਰ ਸਿੰਘ ਸ਼ੀਰਾ ਬਬਰ ਨਕਲੀ ਮੁਕਾਬਲੇ ਵਿਚ ਸ਼ਹੀਦ

ਸਤਾਈ ਜੁਲਾਈ 1992 ਦੇ ਦਿਨ ਪੰਜਾਬ ਪੁਲਸ ਨੇ ਸੁਖਦੇਵ ਸਿੰਘ ਬਿੱਟੂ (ਵਾਸੀ ਅਟਾਰੀ), ਇੰਦਰਜੀਤ ਸਿੰਘ (ਪੁੱਤਰ ਹਰਚੰਦ ਸਿੰਘ, ਵਾਸੀ ਸੋਹੀਆਂ, ਜ਼ਿਲ੍ਹਾ ਲੁਧਿਆਣਾ), ਬੁਧ ਸਿੰਘ (ਪੁੱਤਰ ਬਾਬੂ ਸਿੰਘ, ਵਾਸੀ ਮਾਂਗੇਵਾਲ, ਜ਼ਿਲ੍ਹਾ ਸੰਗਰੂਰ), ਕੰਵਲਜੀਤ ਸਿੰਘ (ਪੁੱਤਰ ਕੈਪਟਨ ਭਗਵਾਨ ਸਿੰਘ, ਵਾਸੀ ਗੁਰੂ ਅਰਜਨ ਨਗਰ, ਬਠਿੰਡਾ), ਕਸ਼ਮੀਰ ਸਿੰਘ ਸ਼ੀਰਾ ਬਬਰ ਤੇ ਹੋਰ ਸਿੱਖ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤੇ।

1992: ਹਰਪ੍ਰੀਤ ਕੌਰ ਰਾਣੋ ਨਕਲੀ ਮੁਕਾਬਲੇ ਵਿਚ ਸਿੱਖ ਸ਼ਹੀਦ

27 ਜੁਲਾਈ 1992 ਦੇ ਦਿਨ ਪੰਜਾਬ ਪੁਲਸ ਨੇ ਅੰਮ੍ਰਿਤਸਰ ਦੀ ਬੀਬੀ ਹਰਪ੍ਰੀਤ ਕੌਰ ਰਾਣੋ ਨੂੰ ਇਕ ਨਕਲੀ ਮੁਕਾਬਲੇ ਵਿਚ ਸਿੱਖ ਸ਼ਹੀਦ ਕਰ ਦਿੱਤਾ।

1993: ਸਵਰਨ ਸਿੰਘ ਬਿਸਰਾਮਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

27 ਜੁਲਾਈ 1993 ਦੇ ਦਿਨ ਪੰਜਾਬ ਪੁਲਸ ਨੇ ਸਵਰਨ ਸਿੰਘ ਬਿਸਰਾਮਪੁਰ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

28 ਜੁਲਾਈ

1925: ਗਵਰਨਰ ਨੇ ਗੁਰਦੁਆਰਾ ਐਕਟ 'ਤੇ ਦਸਤਖ਼ਤ ਕੀਤੇ

20 ਫ਼ਰਵਰੀ 1921 ਨੂੰ ਨਾਨਕਾਣਾ ਸਾਹਿਬ ਦੇ ਕਤਲੇਆਮ ਤੋਂ ਬਾਅਦ ਸਰਕਾਰ ਵਲੋਂ ਗੁਰਦੁਆਰਿਆਂ ਵਾਸਤੇ ਇਕ ਕਮੇਟੀ ਬਣਾਉਣ ਦਾ ਚਰਚਾ ਆਮ ਹੋਣ ਲਗ ਪਿਆ ਸੀ। ਇਸ ਸਬੰਧੀ 14 ਮਾਰਚ 1921 ਨੂੰ ਮੀਆਂ ਫ਼ਜ਼ਲੀ ਹੁਸੈਨ ਨੇ ਪੰਜਾਬ ਕੌਂਸਲ ਵਿਚ ਇਕ ਮਤਾ ਪੇਸ਼ ਕੀਤਾ: ''ਇਹ ਕੌਂਸਲ ਸੂਬੇ ਦੇ ਧਰਮ ਅਸਥਾਨਾਂ ਦੇ ਇੰਤਜ਼ਾਮ ਲਈ ਸਰਕਾਰ ਨੂੰ ਇਕ ਬਿੱਲ ਬਣਾਉਣ ਦੀ ਅਪੀਲ ਕਰਦੀ ਹੈ, ਗਵਰਨਰ ਜਨਰਲ ਨੂੰ ਕਹਿੰਦੀ ਹੈ ਕਿ ਉਹ ਇਸ ਸਬੰਧੀ ਪਹਿਲੇ ਇਕ ਆਰਡੀਨੈਂਸ ਜਾਰੀ ਕਰੇ, ਜਿਸ ਰਾਹੀਂ ਕਿ ਧਰਮ ਅਸਥਾਨਾਂ ਦੇ ਇੰਤਜ਼ਾਮ ਨੂੰ ਠੀਕ ਕੀਤਾ ਜਾ ਸਕੇ।'' ਇਹ ਵੀ ਤਜਵੀਜ਼ ਹੋਈ ਕਿ ਧਰਮ ਅਸਥਾਨਾਂ ਦਾ ਬਿੱਲ ਪੇਸ਼ ਹੋ ਕੇ ਪਾਸ ਹੋਣ ਤਕ ਸਿੱਖ ਗੁਰਦੁਆਰਿਆਂ ਲਈ ਤਿੰਨ ਮੈਂਬਰਾਂ ਦਾ ਇਕ ਕਮਿਸ਼ਨ ਨੀਅਤ ਕੀਤਾ ਜਾਵੇ ਜੋ ਝਗੜੇ ਵਾਲੇ ਗੁਰਦੁਆਰਿਆਂ ਦਾ ਪ੍ਰਬੰਧ ਕਰਵਾਏ। ਕੌਂਸਲ ਵਿਚ ਹਿੰਦੂ ਤੇ ਮੁਸਲਮ ਮੈਂਬਰਾਂ ਨੇ ਵੀ ਇਸ ਕਮਿਸ਼ਨ ਦਾ ਮੈਂਬਰ ਬਣਾਏ ਜਾਣ ਦੀ ਮੰਗ ਕੀਤੀ। ਸਿੱਖ ਮੈਂਬਰਾਂ ਨੇ ਇਸ

ਮਤੇ ਦੇ ਲਫ਼ਜ਼ਾਂ ਦੀ ਵਿਰੋਧਤਾ ਕੀਤੀ ਤੇ ਵੋਟ ਨਾ ਪਾਈ। ਪਰ ਗ਼ੈਰ-ਸਿੱਖ ਵੋਟਾਂ ਨਾਲ ਮਤਾ ਪਾਸ ਹੋ ਗਿਆ। ਅਪ੍ਰੈਲ 1921 ਵਿਚ ਫਜ਼ਲੀ ਹੁਸੈਨ ਨੇ ਇਕ ਗੁਰਦੁਆਰਾ ਬਿਲ ਪੰਜਾਬ ਕੌਂਸਲ ਵਿਚ ਪੇਸ਼ ਕੀਤਾ। ਇਸ ਮੁਤਾਬਿਕ ''ਜਿਸ ਗੁਰਦੁਆਰੇ ਦੇ ਪੁਜਾਰੀ ਜਾਂ ਜਾਇਦਾਦ ਸੰਬੰਧੀ ਪੜਤਾਲ ਕਰਨ 'ਤੇ ਸਰਕਾਰ ਦੀ ਤਸੱਲੀ ਹੋਵੇਗੀ, ਉਸ ਨੂੰ ਗੁਰਦੁਆਰਾ ਕਰਾਰ ਦਿੱਤਾ ਜਾਵੇਗਾ ਜਾਂ ਝਗੜੇ ਵਾਲੀ ਥਾਂ ਮੰਨਿਆ ਜਾਵੇਗਾ। ਉਸ ਸਬੰਧ ਵਿਚ ਜੋ ਬੋਰਡ ਬਣੇਗਾ ਜਿਸ ਦਾ ਖਰਚ ਗੁਰਦੁਆਰਿਆਂ 'ਚੋਂ ਹੋਵੇਗਾ।'' ਸਿੱਖ ਮੈਂਬਰਾਂ ਨੇ ਇਸ ਬਿਲ ਦੀ ਵਿਰੋਧਤਾ ਕੀਤੀ। ਇਸ ਤੇ ਬਿੱਲ ਸਿਲੈਕਟ ਕਮੇਟੀ ਨੂੰ ਦੇ ਦਿੱਤਾ ਗਿਆ। ਇਸ ਕਮੇਟੀ ਵਿਚ ਮਹਿਤਾਬ ਸਿੰਘ, ਕਰਤਾਰ ਸਿੰਘ, ਹਰਨਾਮ ਸਿੰਘ ਤੇ ਦਸੌਂਧਾ ਸਿੰਘ ਮੈਂਬਰ ਸਨ। ਉਨ੍ਹਾਂ ਨੋਟ ਲਿਖਵਾਇਆ ਕਿ 'ਸਿੱਖ ਗੁਰਦੁਆਰਾ ਉਹ ਥਾਂ ਹੈ ਜਿੱਥੇ ਸਿੱਖਾਂ ਦਾ ਕਬਜ਼ਾ ਹੈ, ਜਾਂ ਗੁਰੂਆਂ ਦੀ ਥਾਂ ਹੈ ਨਾ ਕਿ ਉਹ ਜਿਸ ਨੂੰ ਕਿ ਸਰਕਾਰੀ ਕਮਿਸ਼ਨ ਮਨਜੂਰ ਕਰੇ। ਗੁਰਦੁਆਰਾ ਬੋਰਡ ਸਿੱਖ ਮੈਂਬਰਾਂ ਦੀ ਮਰਜ਼ੀ ਨਾਲ ਚੁਣਿਆ ਜਾਵੇ ਅਤੇ ਖ਼ਰਚ ਗੁਰਦੁਆਰਾ ਫ਼ੰਡ 'ਚੋਂ ਨਾ ਹੋਵੇ।

11 ਅਪ੍ਰੈਲ 1921 ਨੂੰ ਸ਼੍ਰੋਮਣੀ ਕਮੇਟੀ ਨੇ ਇਸ ਬਿਲ ਨੂੰ ਨਾ-ਤਸਲੀਬਖ਼ਸ਼ ਕਰਾਰ ਦੇ ਦਿੱਤਾ। 16 ਅਪ੍ਰੈਲ ਨੂੰ ਬਿਲ ਫਿਰ ਪੇਸ਼ ਹੋਇਆ ਅਤੇ 9 ਮਈ 1921 ਤਕ ਮੁਲਤਵੀ ਹੋ ਗਿਆ 23 ਅਪ੍ਰੈਲ 1921 ਨੂੰ ਸਰਕਾਰ ਵਲੋਂ ਸੱਦੀ ਕਾਨਫ਼ਰੰਸ ਵਿਚ ਲਾਲਾ ਗਨਪਤ ਰਾਏ ਤੇ ਰਾਜਾ ਨਰਿੰਦਰ ਨਾਥ ਮਹੰਤਾਂ ਦੇ ਨੁਮਾਇੰਦਿਆਂ ਤੇ ਉਨ੍ਹਾਂ ਦੇ ਵਕੀਲਾਂ ਵਜੋਂ ਸ਼ਾਮਿਲ ਹੋਏ। ਇਸ ਤੋਂ ਬਿਨਾਂ ਕਈ ਕੌਂਸਲਰ, ਵਜ਼ੀਰ ਤੇ ਹੋਰ ਮੁਖੀ ਵੀ ਹਾਜ਼ਰ ਸਨ। ਸਿੱਖ ਮੁਖੀਆਂ ਨੇ ਸਭ ਨੂੰ ਤਿੰਨ ਗੱਲਾਂ ਤੇ ਸਹਿਮਤ ਕਰ ਲਿਆ ਕਿ: 1. ਚੰਗੇ ਇਖ਼ਲਾਕ ਵਾਲਾ ਮਹੰਤ ਹੀ ਗੁਰਦੁਆਰੇ 'ਚ ਰਹੇ। 2. ਗੁਰਦੁਆਰਾ ਇੰਤਜ਼ਾਮ ਲਈ ਇਕ ਪੰਥਕ ਕਮੇਟੀ ਬਣੇ। 3. ਆਮਦਨ ਖਰਚ ਦਾ ਹਿਸਾਬ ਪਬਲਿਕ ਨੂੰ ਦਿੱਤਾ ਜਾਵੇ। ਪਰ ਜਦ 26 ਅਪ੍ਰੈਲ ਨੂੰ ਦੋਬਾਰਾ ਮੀਟਿੰਗ ਹੋਈ ਅਤੇ ਇਸ ਵਿਚ ਮਹੰਤਾਂ ਦੇ ਨੁਮਾਇੰਦਿਆਂ ਨੇ 1920 ਵਾਲੀ ਮਰਿਆਦਾ (ਯਾਨਿ ਬ੍ਰਾਹਮਣੀ) ਜਾਰੀ ਰੱਖਣ ਦੀ ਮੰਗ ਕੀਤੀ। ਉਨ੍ਹਾਂ ਇਹ ਵੀ ਜ਼ਿਦ ਕੀਤੀ ਕਿ ਗੁਰਦੁਆਰਾ ਬੋਰਡ ਦੇ ਦੋ-ਤਿਹਾਈ ਮੈਂਬਰ ਸਿੱਖ ਤੇ ਬਾਕੀ ਦੂਜੇ ਧਰਮਾਂ 'ਚੋਂ ਹੋਣ। ਪ੍ਰਧਾਨ ਵੀ ਸਰਕਾਰ ਹੀ ਬਣਾਵੇ। ਮਹੰਤਾਂ ਨੇ ਇਹ ਵੀ ਚਾਹਿਆ ਕਿ ਕੋਈ ਯੂਰਪੀਨ ਹੀ ਪਰਧਾਨ ਹੋਵੇ। ਇਨ੍ਹਾਂ ਕਾਰਨਾਂ ਕਰ ਕੇ ਇਹ ਮੀਟਿੰਗ ਵੀ ਫੇਲ੍ਹ ਹੋ ਗਈ।

ਇਸ ਤੋਂ ਮਗਰੋਂ 7 ਨਵੰਬਰ 1922 ਨੂੰ ਫ਼ਜ਼ਲੀ ਹੁਸੈਨ ਨੇ ਨਵਾਂ ਗੁਰਦੁਆਰਾ ਬਿਲ ਪੰਜਾਬ ਕੌਂਸਲ ਵਿਚ ਪੇਸ਼ ਕੀਤਾ। ਇਸ ਵਿਚ ਪੰਜ ਸਿੱਖ ਮੈਂਬਰ ਵੀ ਬਿਲ ਬਣਾਉਣ ਵਾਲੀ ਕਮੇਟੀ ਵਿਚ ਸਨ ਜਿਸ 'ਚੋਂ ਚਾਰ ਨੇ ਨਾਂਵਾਂ ਦਾ ਐਲਾਣ ਹੁੰਦਿਆਂ ਹੀ ਤੇ ਪੰਜਵੇਂ, ਹਰਦਿੱਤ ਸਿੰਘ ਬੇਦੀ, ਨੇ 5 ਨਵੰਬਰ 1922 ਨੂੰ ਅਸਤੀਫ਼ਾ ਦੇ ਦਿੱਤਾ ਸੀ। ਇਸ ਤਰ੍ਹਾਂ ਇਹ ਬਿਲ ਆਪਣੇ ਜਨਮ ਤੋਂ ਪਹਿਲਾਂ ਹੀ ਖ਼ਤਮ ਹੋ ਗਿਆ।

ਗੁਰਦੁਆਰਾ ਐਕਟ ਬਣਾਉਣ ਦੀ ਤੀਜੀ ਕੋਸ਼ਿਸ਼ 25 ਨਵੰਬਰ 1924 ਨੂੰ ਸ਼ੁਰੂ ਹੋਈ। ਇਸ ਦਿਨ ਪੰਜਾਬ ਕੌਂਸਲ ਦੇ ਸਿੱਖ ਮੈਂਬਰਾਂ: ਜੋਧ ਸਿੰਘ, ਨਰਾਇਣ ਸਿੰਘ ਵਕੀਲ, ਤਾਰਾ ਸਿੰਘ ਮੋਗਾ, ਮੰਗਲ ਸਿੰਘ ਤੇ ਗੁਰਬਖ਼ਸ਼ ਸਿੰਘ ਅੰਬਾਲਾ ਦੀ ਇਕ ਕਮੇਟੀ ਬਣਾਈ ਗਈ ਜੋ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਪੱਕਲ ਅਤੇ ਲਾਹੌਰ ਦੇ ਡਿਪਟੀ ਕਮਿਸ਼ਨਰ ਐਮਰਸਨ ਨਾਲ ਮਿਲ ਕੇ ਗੁਰਦੁਆਰਾ ਐਕਟ ਬਣਾਵੇ। ਇਨ੍ਹਾਂ ਨੂੰ ਮਦਦ ਲਈ ਦੋ ਕਾਨੂੰਨਦਾਨ ਕੰਵਰ ਦਲੀਪ ਸਿੰਘ ਬੈਰਿਸਟਰ ਤੇ ਮਿਸਟਰ ਬੀਜ਼ਲੇ ਦਿੱਤੇ ਗਏ। ਇਸ ਗੁਰਦੁਆਰਾ ਬਿੱਲ ਦੇ ਅਹਿਮ ਨੁਕਤੇ ਇਹ ਸਨ: (1) ਸਿੱਖ ਗੁਰਦੁਆਰੇ ਕਿਹੜੇ ਹਨ? (2) ਉਨ੍ਹਾਂ ਦੀ ਜਾਇਦਾਦ ਕਿਹੜੀ ਹੈ? (3) ਇਸ ਇੰਤਜ਼ਾਮ ਦੀ ਤਬਦੀਲੀ ਨਾਲ ਜਿਨ੍ਹਾਂ ਨੂੰ ਨੁਕਸਾਨ ਹੋਣਾ ਹੈ ਉਨ੍ਹਾਂ ਨੂੰ ਮੁਆਵਜ਼ਾ ਕਿੰਨਾ ਤੇ ਕਿਵੇਂ ਦੇਣਾ ਹੈ। (4) ਇਨ੍ਹਾਂ ਗੁਰਦਵਾਰਿਆਂ ਦਾ ਇੰਤਜ਼ਾਮ ਕਿਵੇਂ ਕੀਤਾ ਜਾਵੇਗਾ ਤੇ ਕੌਣ

ਕਰੇਗਾ? 29 ਨਵੰਬਰ 1924 ਤੋਂ 6 ਦਸੰਬਰ 1924 ਤਕ ਇਸ ਕਮੇਟੀ ਦੀਆਂ ਕਈ ਮੀਟਿੰਗਾਂ ਹੋਈਆਂ। 12 ਤੇ 14 ਦਸੰਬਰ 1924 ਨੂੰ ਫੇਰ ਮੀਟਿੰਗ ਹੋਈ 21 ਜਨਵਰੀ 1925 ਨੂੰ ਇਸ ਬਿਲ ਦਾ ਖਰੜਾ ਛਾਪ ਦਿੱਤਾ ਗਿਆ। ਇਸ ਬਿਲ ਸਬੰਧੀ ਜੋ ਵੀ ਖਰੜਾ ਬਣਦਾ ਸੀ ਲਾਹੌਰ ਕਿਲ੍ਹੇ ਵਿਚ ਕੈਦ ਅਕਾਲੀ ਆਗੂਆਂ ਨੂੰ ਉਸ ਦੀਆਂ ਕਾਪੀਆਂ ਪਹੁੰਚ ਜਾਂਦੀਆਂ ਸਨ। ਉਨ੍ਹਾਂ ਦੀ ਮਰਜ਼ੀ ਨਾਲ ਬਿਲ ਤਿਆਰ ਹੋ ਰਿਹਾ ਸੀ। ਇਨ੍ਹਾਂ ਮੀਟਿੰਗਾਂ ਵਿਚ ਉਪਰਲੇ ਨੁਕਤਿਆਂ ਸਬੰਧੀ ਬਹੁਤ ਵਿਚਾਰਾਂ ਹੋਈਆਂ।

ਇਸ ਐਕਟ ਹੇਠ ਪਹਿਲੀ ਲਿਸਟ ਵਿਚ 241 ਗੁਰਦੁਆਰੇ ਸਨ ਜਿਨ੍ਹਾਂ ਵਿਚੋਂ 64 ਪੂਰਬੀ ਪੰਜਾਬ (ਹੁਣ ਭਾਰਤ ਹੇਠ) ਅਤੇ 177 ਪੱਛਮੀ ਪੰਜਾਬ (ਹੁਣ ਪਾਕਿਸਤਾਨ ਹੇਠ) ਦੇ ਸਨ। ਇਸ ਤੋਂ ਬਿਨਾਂ 116 ਅਖਾੜੇ ਤੇ ਡੇਰੇ ਵਗ਼ੈਰਾ ਵੀ ਦੂਜੀ ਸੂਚੀ ਵਿਚ ਸਨ; ਇਨ੍ਹਾਂ ਨੂੰ ਗੁਰਦੁਆਰੇ ਨਹੀਂ ਮੰਨਿਆ ਗਿਆ ਸੀ। ਇਸ ਤੋਂ ਇਲਾਵਾ ਇਹ ਮਦ ਵੀ ਸੀ ਕਿ ਕੋਈ ਵੀ 50 ਸਿੱਖ ਕਿਸੇ ਗੁਰਦੁਆਰੇ ਨੂੰ ਇਸ ਕਮੇਟੀ ਨੂੰ ਦੇਣ ਦਾ ਮਤਾ ਪੇਸ਼ ਕਰ ਸਕਦੇ ਸਨ। ਇਸ ਐਕਟ ਦੀ ਸਭ ਤੋਂ ਵੱਡੀ ਖੂਬੀ ਇਹ ਸੀ ਸਿੱਖ ਬੀਬੀਆਂ ਨੂੰ ਵੋਟ ਦਾ ਹੱਕ ਹਾਸਿਲ ਹੋ ਗਿਆ ਸੀ। ਭਾਰਤ ਵਿਚ ਇਹ ਹੱਕ ਸਭ ਤੋਂ ਪਹਿਲਾਂ ਸਿੱਖ ਬੀਬੀਆਂ ਨੂੰ ਹੀ ਮਿਲਿਆ। ਐਕਟ ਵਿਚ ਇਹ ਵੀ ਖੁਲ੍ਹ ਸੀ ਕਿ ਇਹ ਸੈਂਟਰਲ ਬੋਰਡ ਚਾਹਵੇ ਤਾਂ ਆਪਣਾ ਕੋਈ ਵੀ ਨਾਂ ਰਖ ਸਕਦਾ ਹੈ। ਇਹ ਇਸੇ ਕਾਰਨ ਮੰਨਿਆ ਗਿਆ ਸੀ ਕਿਉਂਕਿ ਅਕਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਂ ਹੀ ਰੱਖਣਾ ਚਾਹੁੰਦੇ ਸਨ।

21 ਜਨਵਰੀ 1925 ਨੂੰ ਇਸ ਬਿਲ ਦੇ ਖਰੜੇ ਦੇ ਛਾਇਆ ਹੋਣ 'ਤੇ ਸ਼੍ਰੋਮਣੀ ਕਮੇਟੀ ਨੇ 1 ਮਾਰਚ 1925 ਨੂੰ ਕਮੇਟੀ ਦੀ ਮੀਟਿੰਗ ਸੱਦ ਲਈ ਪਰ ਸਰਕਾਰ ਨੇ ਸਾਰੀ ਡਾਕ ਰੋਕ ਲਈ। ਇਸ ਕਾਰਨ ਦੋਬਾਰਾ ਮਿਟਿੰਗ ਬੁਲਾਈ ਗਈ ਅਤੇ ਇਹ ਬਿੱਲ 27 ਅਪ੍ਰੈਲ 1925 ਦੇ ਜਨਰਲ ਹਾਊਸ ਵਿਚ ਰਖਿਆ ਗਿਆ। ਇਸ ਦਿਨ ਸ਼੍ਰੋ: ਗੁ: ਪ੍ਰ: ਕਮੇਟੀ ਨੇ ਵੀ ਇਹ ਬਿੱਲ ਪਾਸ ਕਰ ਦਿੱਤਾ। ਪਰ ਸ਼੍ਰੋਮਣੀ ਕਮੇਟੀ ਨੇ ਹੇਠ ਲਿਖੀਆਂ ਤਰਮੀਮਾਂ ਪੇਸ਼ ਕੀਤੀਆਂ: 1. ਅਕਾਲ ਤਖ਼ਤ ਤੇ ਕੇਸਗੜ੍ਹ ਵੀ ਸ਼੍ਰੋਮਣੀ ਕਮੇਟੀ ਕੋਲ ਹੋਣ । 2. ਔਰਤਾਂ ਨੂੰ ਵੀ ਵੋਟ ਦਾ ਹੱਕ ਹੋਵੇ। 3. ਗੁਰਦੁਆਰਾ ਆਮਦਨ, ਧਰਮ, ਵਿਦਿਆ ਤੇ ਦਾਨ ਲਈ ਖਰਚ ਹੋਵੇ। ਇੰਞ ਸ਼੍ਰੋਮਣੀ ਕਮੇਟੀ ਨੇ ਇਕ ਤਰ੍ਹਾਂ ਨਾਲ ਇਹ ਬਿੱਲ ਮਨਜ਼ੂਰ ਕਰ ਲਿਆ। 7 ਮਈ 1925 ਨੂੰ ਇਹ ਬਿੱਲ ਸਿਲੈਕਟ ਕਮੇਟੀ ਨੂੰ ਦਿੱਤਾ ਗਿਆ ਤੇ 2 ਮਹੀਨੇ ਪਿਛੋਂ 9 ਜੁਲਾਈ 1925 ਨੂੰ ਤਾਰਾ ਸਿੰਘ (ਮੈਂਬਰ ਕੌਂਸਲ) ਵਲੋਂ ਪੇਸ਼ ਕੀਤਾ ਇਹ ਬਿਲ ਸ਼ਿਮਲਾ ਇਜਲਾਸ ਵਿਚ ਪਾਸ ਕਰ ਦਿੱਤਾ ਗਿਆ। 28 ਜੁਲਾਈ 1925 ਦੇ ਦਿਨ ਗਵਰਨਰ ਵਲੋਂ ਦਸਤਖ਼ਤ ਕਰਨ 'ਤੇ ਇਹ ਬਿੱਲ ਐਕਟ ਬਣ ਗਿਆ।

1970: ਬਾਬਾ ਬੂਝਾ ਸਿੰਘ ਨਕਲੀ ਮੁਕਬਾਲੇ ਵਿਚ ਸ਼ਹੀਦ

ਬਾਦਲ ਸਰਕਾਰ ਦੀ ਪੁਲਸ ਨੇ, 27-28 ਜੁਲਾਈ 1970 ਦੀ ਰਾਤ ਨੂੰ 82 ਸਾਲ ਦੇ ਗ਼ਦਰ ਪਾਰਟੀ ਅਤੇ ਮਗਰੋਂ ਕਿਸਾਨ ਲਹਿਰ ਦੇ ਆਗੂ ਬਾਬਾ ਬੂਝਾ ਸਿੰਘ (ਪੁੱਤਰ ਧਰਮ ਸਿੰਘ, ਵਾਸੀ ਚੱਕ ਮਾਈਦਾਸ, ਨੇੜੇ ਬੰਗਾ, ਜਨਮ 19.12.1903) ਨੂੰ ਘਰੋਂ ਚੁੱਕ ਕੇ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਤੇ ਉਸ ਦੀ ਦੇਹ ਨਾਈਮਾਜਰਾ ਕੋਲ ਨਹਿਰ ਦੇ ਪੁਲ 'ਤੇ ਸੁੱਟ ਦਿੱਤੀ।ਪੁਲਸ ਨੇ ਬਹਾਨਾ ਘੜਿਆ ਕਿ ਉਹ ਦਰਸ਼ਨ ਖਟਕੜ, ਇਕਬਾਲ ਮੰਗੂਵਾਲ ਤੇ ਸੁਰਿੰਦਰ ਰਾਮ ਕਰੀਹਾ ਨਾਲ ਮਿਲ ਕੇ ਕਾਂਗਰਸ ਦੈ ਮੋਤੀ ਸਿੰਹ ਰਾਣਾ ਨੂੰ ਕਤਲ ਕਰਨ ਜਾ ਰਿਹਾ ਸੀ।ਇਹ ਪੰਜਾਬ ਦੀ ਤਵਾਰੀਖ਼ ਦਾ ਪਹਿਲਾ ਨਕਲੀ ਪੁਲਸ ਮੁਕਾਬਲਾ ਸੀ।

1990: ਹਰਭਜਨ ਸਿੰਘ ਬੀਬੀਪੁਰ, ਚੰਨਣ ਸਿੰਘ ਚੂਸਲੇਵੜ ਬਲਜੀਤ ਸਿੰਘ ਬਿੱਟੂ ਖੁਰ ਮਾਜਰਾ ਤੇ ਗੁਰਮੀਤ ਸਿੰਘ ਬਬਰ ਗੋਪਾਲਪੁਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

28 ਜੁਲਾਈ 1990 ਦੇ ਦਿਨ ਪੰਜਾਬ ਪੁਲਸ ਨੇ ਹਰਭਜਨ ਸਿੰਘ (ਪੁੱਤਰ ਸੰਤਾ ਸਿੰਘ, ਵਾਸੀ ਬੀਬੀਪੁਰ, ਪਟਿਆਲਾ) ਤੇ ਚੰਨਣ ਸਿੰਘ (ਪੁੱਤਰ ਦਰਸ਼ਨ ਸਿੰਘ, ਵਾਸੀ ਚੂਸਲੇਵੜ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਹੀ ਪੰਜਾਬ ਪੁਲਸ ਨੇ ਬਲਜੀਤ ਸਿੰਘ ਬਿੱਟੂ (ਵਾਸੀ ਖੁਰ ਮਾਜਰਾ, ਰੋਪੜ) ਤੇ ਗੁਰਮੀਤ ਸਿੰਘ ਬਬਰ (ਵਾਸੀ ਗੋਪਾਲਪੁਰ, ਪਟਿਆਲਾ) ਨੂੰ ਵੀ ਵੱਖ ਵੱਖ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਮਨਜੀਤ ਸਿੰਘ ਡਾਲਾ ਤੇ ਬਲਦੇਵ ਸਿੰਘ ਧੂਲਕੋਟ ਨਕਲੀ ਮੁਕਾਬਲਿਆਂ ਵਿਚ ਸ਼ਹੀਦ

28 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਮਨਜੀਤ ਸਿੰਘ, ਡਾਲਾ ਤੇ ਬਲਦੇਵ ਸਿੰਘ ਧੂਲਕੋਟ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਹਰੀਸ਼ ਸਿੰਘ ਸ੍ਰੀਹਿੰਦਪੁਰਾ, ਕਮਲਜੀਤ ਸਿੰਘ ਭੋਲਾ ਤੇ ਕਸ਼ਮੀਰ ਸਿੰਘ ਖਿਆਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਅਠਾਈ ਜੁਲਾਈ 1992 ਦੇ ਦਿਨ ਪੁਲਸ ਨੇ ਹਰੀਸ਼ ਸਿੰਘ (ਪੁੱਤਰ ਗੁਰਵੰਤ ਸਿੰਘ, ਵਾਸੀ ਸ੍ਰੀਹਿੰਦਪੁਰਾ), ਕਮਲਜੀਤ ਸਿੰਘ ਉਰਫ਼ ਭੋਲਾ ਤੇ ਕਸ਼ਮੀਰ ਸਿੰਘ (ਪੁੱਤਰ ਕੁੰਦਨ ਸਿੰਘ, ਵਾਸੀ ਖਿਆਲਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

2012: ਹਰਿਆਣਾ ਵਿਚ ਹੇਲੀ ਮੰਡੀ ਵਿਚ ਖ਼ੂਨੀ ਨਵੰਬਰ 1984 ਵਿਚ 42 ਸਿੱਖਾਂ ਨੂੰ ਕਤਲ ਕਰਨ ਦਾ ਰਾਜ਼ ਮਿਲਿਆ

28 ਜੁਲਾਈ 2012 ਦੇ ਦਿਨ ਮਨਵਿੰਦਰ ਸਿੰਘ ਗਿਆਸਪੁਰਾ ਨੇ ਹਰਿਆਣਾ ਦੇ ਪਿੰਡ ਹੇਲੀ ਮੰਡੀ ਵਿਚ ਖ਼ੂਨੀ ਨਵੰਬਰ 1984 ਵਿਚ 42 ਸਿੱਖਾਂ ਨੂੰ ਕਤਲ ਕਰਨ ਦਾ ਮਾਮਲਾ ਉਜਾਗਰ ਕੀਤਾ। ਮਨਵਿੰਦਰ ਸਿੰਘ ਗਿਆਸਪੁਰਾ ਨੇ ਪਹਿਲਾਂ ਚਿੱਲੜ ਹੋਦ ਪਿੰਡ ਵਿਚ ਵੀ ਅਜਿਹਾ ਕਤਲੇਆਮ ਕੀਤੇ ਜਾਣ ਦੀ ਖੋਜ ਕੀਤੀ ਸੀ।

2014: 'ਵਾਹਿਗੁਰੂ ਜੀ ਦੀ ਫ਼ਤਹਿ' ਬੁਲਾਉਣ 'ਤੇ ਪ੍ਰਿੰਸੀਪਲ ਨੇ ਬੱਚੇ ਨੂੰ ਸੋਟੀਆਂ ਨਾਲ ਕੁਟਾਪਾ ਚਾੜ੍ਹਿਆ

28 ਜੁਲਾਈ 2014 ਦੇ ਦਿਨ ਗੁਰੂ ਹਰਿਗੋਬਿੰਦ ਪਬਲਿਕ ਸਕੂਲ ਜੀ.ਟੀ. ਰੋਡ ਮੱਲ੍ਹੀਆਂ (ਜੰਡਿਆਲਾ, ਅੰਮ੍ਰਿਤਸਰ ਕੋਲ), ਸਕੂਲ ਵਿਚ, 'ਵਾਹਿਗੁਰੂ ਜੀ ਦੀ ਫ਼ਤਹਿ' ਬੁਲਾਉਣ 'ਤੇ, ਪ੍ਰਿੰਸੀਪਲ ਪਲਵਿੰਦਰਪਾਲ ਸਿੰਘ ਨੇ ਇਕ ਬੱਚੇ ਰਾਜਬੀਰ ਸਿੰਘ ਨੂੰ ਸੋਟੀਆਂ ਨਾਲ ਕੁਟਾਪਾ ਚਾੜ੍ਹਿਆ ਤੇ ਉਸ ਦੀਆਂ ਉਂਗਲਾਂ ਤਕ ਤੋੜ ਦਿੱਤੀਆਂ। ਇਹ ਇਕ ਸਿੱਖ ਸਕੂਲ ਹੈ ਤੇ ਉਦੋਂ ਇਸ ਸਕੂਲ ਦਾ ਮੈਨੇਜਿੰਗ ਡਾਇਰੈਕਟਰ ਤਰੁਣਾ ਦਲ ਦਾ ਗੱਜਣ ਸਿੰਘ ਸੀ।

29 ਜੁਲਾਈ

1923: ਮਹਾਰਾਜਾ ਨਾਭਾ ਵਾਸਤੇ 'ਅਰਦਾਸ ਦਿਨ' ਮਨਾਇਆ ਗਿਆ

ਜਿਸ ਵੇਲੇ ਗੁਰਦੁਆਰਾ ਲਹਿਰ ਸ਼ੁਰੂ ਹੋਈ ਤਾਂ ਅੰਗਰੇਜ਼ੀ ਸਰਕਾਰ ਨੇ ਮਹੰਤਾਂ ਦਾ ਸਾਥ ਦਿੱਤਾ ਪਰ ਦੂਜੇ ਪਾਸੇ ਸਿੱਖ ਰਾਜਿਆਂ ਨੇ ਵੀ ਅਕਾਲੀਆਂ ਦਾ ਬਿਲਕੁਲ ਸਾਥ ਨਾ ਦਿੱਤਾ।

ਸਿਰਫ਼ ਨਾਭਾ ਦੇ ਮਹਾਰਾਜੇ ਰਿਪੁਦਮਨ ਸਿੰਘ ਨੇ ਅਕਾਲੀ ਲਹਿਰ ਦੀ ਪੁਰਜ਼ੋਰ ਹਮਾਇਤ ਕੀਤੀ। ਜਦੋਂ ਨਾਨਕਾਣਾ ਸਾਹਿਬ ਕਤਲੇਆਮ ਦੇ ਖ਼ਿਲਾਫ਼ ਸ਼੍ਰੋਮਣੀ ਕਮੇਟੀ ਨੇ ਰੋਸ ਦਿਨ ਮਨਾਉਣ ਹਿਤ ਕਾਲੇ ਦਸਤਾਰੇ ਸਜਾਉਣ ਦੀ ਅਪੀਲ ਜਾਰੀ ਕੀਤੀ ਤਾਂ ਮਹਾਰਾਜਾ ਨਾਭਾ ਨੇ ਤਾਂ ਆਪ ਵੀ ਕਾਲੀ ਦਸਤਾਰ ਸਜਾਈ ਅਤੇ ਨਾਨਕਾਣਾ ਸਾਹਿਬ ਸਬੰਧੀ ਅਰਦਾਸ ਦਿਨ 'ਤੇ ਸਰਕਾਰੀ ਛੁੱਟੀ ਵੀ ਕੀਤੀ। ਅੰਗਰੇਜ਼ੀ ਸਰਕਾਰ ਨੂੰ ਇਸ ਨਾਲ ਬੜੀ ਤਕਲੀਫ਼ ਹੋਈ ਕਿਉਂ ਕਿ ਸਰਕਾਰ ਤਾਂ ਕਾਲਾ ਦਸਤਾਰਾ ਸਜਾਉਣ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਕੇ ਸਜ਼ਾਵਾਂ ਦੇ ਰਹੀ ਸੀ। ਹਾਲਾਂ ਕਿ ਨਵੰਬਰ 1920 ਵਿਚ ਜਦੋਂ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਢੱਠੀ ਦੀਵਾਰ ਮੁੜ ਉਸਾਰਨ ਵਾਸਤੇ 'ਸ਼ਹੀਦੀ ਜਥਾ' ਦਿੱਲੀ ਲਿਜਾਣ ਦੀ ਤਾਰੀਖ਼ ਦਾ ਐਲਾਨ ਹੋਇਆ ਤਾਂ ਇਸ ਮਹਾਰਾਜਾ ਨਾਭਾ ਨੇ ਵਿਚੋਲਾ ਬਣ ਕੇ ਦੀਵਾਰ ਉਸਰਵਾ ਕੇ ਸਰਕਾਰ ਨੂੰ ਮੁਸ਼ਕਲ 'ਚੋਂ ਕੱਢ ਲਿਆ ਸੀ। ਪਰ ਫਿਰ ਵੀ ਸਰਕਾਰ ਨੂੰ ਨਾਭੇ ਦਾ ਮਹਾਰਾਜਾ ਚੁਭਦਾ ਹੀ ਰਿਹਾ।

ਪਟਿਆਲੇ ਦੇ ਰਾਜੇ ਭੂਪਿੰਦਰ ਸਿੰਘ ਦੇ ਸਬੰਧ ਅੰਗਰੇਜ਼ਾਂ ਨਾਲ ਬੜੇ ਡੂੰਘੇ ਸਨ। ਉਨ੍ਹੀਂ ਦਿਨੀਂ ਦੋਹਾਂ ਰਿਆਸਤਾਂ ਵਿਚ ਝਗੜੇ ਵਾਲੇ ਨੁਕਤਿਆਂ ਬਾਰੇ ਪੜਤਾਲ ਕਰਨ ਵਾਸਤੇ ਬਰਤਾਨਵੀ ਹਕੂਮਤ ਨੇ ਅਲਾਹਬਾਦ ਹਾਈ ਕੋਰਟ ਦੇ ਇਕ ਜੱਜ ਨੂੰ ਤਾਇਨਾਤ ਕੀਤਾ ਹੋਇਆ ਸੀ। ਇਸ ਜੱਜ ਨੇ ਚਾਰ ਮਹੀਨੇ (ਜਨਵਰੀ ਥੋਂ ਅਪ੍ਰੈਲ 1923) ਪੜਤਾਲ ਕੀਤੀ ਅਤੇ ਜੂਨ ਦੇ ਪਹਿਲੇ ਹਫ਼ਤੇ ਆਪਣੀ ਰਿਪੋਰਟ ਗਵਰਨਰ ਜਨਰਲ ਕੋਲ ਪੇਸ਼ ਕਰ ਦਿੱਤੀ। ਮਗਰੋਂ ਸਰਕਾਰ ਦੇ ਪੋਲੀਟੀਕਲ ਏਜੰਟ ਕਰਨਲ ਮਿੰਚਨ ਨੇ ਇਸ 'ਤੇ ਵਿਚਾਰ ਕਰਨ ਵਾਸਤੇ ਮਹਾਰਾਜਾ ਨਾਭਾ ਨੂੰ ਕਸੌਲੀ ਬੁਲਾਇਆ। ਦੋਵੇਂ ਜਣੇ 5 ਜੂਨ 1923 ਦੇ ਦਿਨ ਕਸੌਲੀ ਵਿਚ ਮਿਲੇ। ਕਰਨਲ ਮਿੰਚਨ ਨੇ ਮਹਾਰਾਜਾ ਨਾਭਾ ਨੂੰ ਸਲਾਹ ਦਿੱਤੀ ਕਿ ਰਿਪੋਰਟ ਨੂੰ ਮੱਦੇ-ਨਜ਼ਰ ਰੱਖਦਿਆਂ ਉਸ ਨੂੰ ਚਾਹੀਦਾ ਹੈ ਕਿ ਉਹ ਆਪ ਹੀ ਤਖ਼ਤ ਛੱਡ ਕੇ ਰਿਆਸਤ ਨੂੰ ਆਪਣੇ ਨਾਬਾਲਗ ਪੁੱਤਰ ਦੇ ਹਵਾਲੇ ਕਰ ਦੇਵੇ। ਕਸੌਲੀ ਤੋਂ ਮੁੜਨ ਮਗਰੋਂ ਮਹਾਰਾਜਾ ਨਾਭਾ ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਨੂੰ ਮਿਲੇ ਅਤੇ ਸਾਰੀ ਹਾਲਤ ਦੱਸੀ। ਉਨ੍ਹਾਂ ਦੋਹਾਂ ਨੇ ਮਹਾਰਾਜੇ ਨੂੰ ਅਸਤੀਫ਼ਾ ਦੇਣ ਤੋਂ ਰੋਕਿਆ ਅਤੇ ਸ਼੍ਰੋਮਣੀ ਕਮੇਟੀ ਵਲੋਂ ਪੂਰੀ ਮਦਦ ਦਾ ਵਾਅਦਾ ਕੀਤਾ। ਪਰ ਕਰਨਲ ਮਿੰਚਨ ਬਹੁਤ ਚਾਲਾਕ ਸ਼ਖ਼ਸ ਸੀ। ਉਸ ਨੇ ਕੁਝ ਦਿਨ ਮਗਰੋਂ ਫੇਰ ਮਹਾਰਾਜੇ ਨਾਲ ਮੀਟਿੰਗ ਕੀਤੀ ਅਤੇ ਅਖ਼ੀਰ 7 ਜੁਲਾਈ 1923 ਦੇ ਦਿਨ ਮਹਾਰਾਜੇ ਕੋਲੋਂ ਤਖ਼ਤ ਛੱਡਣ ਦੇ ਕਾਗਜ਼ 'ਤੇ ਦਸਤਖ਼ਤ ਕਰਵਾ ਲਏ। ਅਗਲੇ ਦਿਨ ਹੀ ਮਿੰਚਨ ਅੰਗਰੇਜ਼ ਫੌਜਾਂ ਅਤੇ ਪੂਰਾ ਫ਼ੌਜੀ ਅਮਲਾ ਅਤੇ ਗੱਡੀਆਂ ਲੈ ਕੇ ਨਾਭੇ ਪਹੁੰਚ ਗਿਆ ਤੇ ਰਿਆਸਤ ਦਾ ਨਿਜ਼ਾਮ ਸੰਭਾਲ ਲਿਆ। ਮਹਾਰਾਜਾ ਰਿਪੁਦਮਨ ਸਿੰਘ ਨੂੰ ਦੇਹਰਾਦੂਨ ਭੇਜ ਦਿੱਤਾ ਗਿਆ।

ਮਹਾਰਾਜਾ ਨਾਭਾ ਦੇ ਦੇਹਰਾਦੂਨ ਜਾਣ ਮਗਰੋਂ ਸਰਕਾਰ ਨੇ ਐਲਾਨ ਜਾਰੀ ਕੀਤਾ ਕਿ ਮਹਾਰਾਜਾ ਨਾਭਾ ਨੇ ਆਪਣੀ ਮਰਜ਼ੀ ਨਾਲ ਗੱਦੀ ਛੱਡੀ ਹੈ। ਪਰ ਅਸਲੀਅਤ ਸਭ ਨੂੰ ਪਤਾ ਸੀ। ਇਸੇ ਦਿਨ ਸ਼੍ਰੋਮਣੀ ਕਮੇਟੀ ਨੇ ਐਲਾਨ ਜਾਰੀ ਕਰ ਕੇ ਸਰਕਾਰ ਵੱਲੋਂ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰਨ ਦੀ ਜ਼ਬਰਦਸ਼ਤ ਮੁਖ਼ਾਲਫ਼ਤ ਕੀਤੀ। ਸ਼੍ਰੋਮਣੀ ਕਮੇਟੀ ਨੇ ਇਸ ਦੇ ਖ਼ਿਲਾਫ਼ ਪ੍ਰੋਟੈਸਟ ਕਰਨ ਵਾਸਤੇ 29 ਜੁਲਾਈ ਨੂੰ 'ਅਰਦਾਸ ਦਿਨ' ਵਜੋਂ ਮਨਾਉਣ ਦਾ ਐਲਾਨ ਕੀਤਾ। ਇਸ ਦਿਨ ਹਰ ਪਾਸੇ ਦੀਵਾਨ ਸਜਾਏ ਗਏ ਅਤੇ ਸਰਕਾਰ ਵੱਲੋਂ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰਨ ਦੀ ਜ਼ਬਰਦਸਤ ਮੁਜ਼ੰਮਤ ਕੀਤੀ ਗਈ। ਸਰਕਾਰ ਤੋਂ ਮੰਗ ਕੀਤੀ ਗਈ ਕਿ ਉਹ ਮਹਾਰਾਜਾ ਨਾਭਾ ਨੂੰ ਵਾਪਿਸ ਗੱਦੀ 'ਤੇ ਬਿਠਾਵੇ।

1984: ਸਾਧੂ ਸਿੰਘ ਹਮਦਰਦ ਦੀ ਮੌਤ ਹੋਈ

ਭਾਰਤੀ ਫ਼ੌਜ ਦੇ 4 ਜੂਨ 1984 ਦੇ ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਰੋਸ ਵਜੋਂ ਸਾਧੂ ਸਿੰਘ ਹਮਦਰਦ ਅਤੇ ਹੋਰ ਬਹੁਤ ਸਾਰੇ ਸਿੱਖਾਂ ਨੇ ਪਦਮਸ਼੍ਰੀ ਅਤੇ ਹੋਰ ਖ਼ਿਤਾਬ ਰਾਸ਼ਟਰਪਤੀ ਨੂੰ ਵਾਪਿਸ ਕਰ ਦਿੱਤੇ। ਦਵਿੰਦਰ ਸਿੰਘ ਗਰਚਾ ਤੇ ਕੈਪਟਨ ਅਮਰਿੰਦਰ ਸਿੰਘ ਨੇ ਤਾਂ ਕਾਂਗਰਸ ਪਾਰਟੀ ਅਤੇ ਲੋਕ ਸਭਾ ਤੋਂ ਵੀ ਅਸਤੀਫ਼ੇ ਦੇ ਦਿੱਤੇ। ਸਾਧੂ ਸਿੰਘ ਹਮਦਰਦ ਨੇ ਇਸ ਸਦਮੇ ਨੂੰ ਦਿਲ ਵਿਚ ਸਮਾ ਲਿਆ ਅਤੇ ਇਸ ਰੰਜ ਨਾਲ ਹੀ 29 ਜੁਲਾਈ 1984 ਦੇ ਦਿਨ ਉਸ ਦੀ ਮੌਤ ਹੋ ਗਈ।

1991: ਕੁਲਦੀਪ ਸਿੰਘ ਜਗਦੇਵ ਖੁਰਦ, ਜੱਸਾ ਸਿੰਘ ਜੱਬੋਵਾਲ, ਲੱਡੂ, ਧਰਮ ਸਿੰਘ ਭੰਗਾਲੀ ਤੇ ਸੁਖਮੰਦਰ ਸਿੰਘ ਚੰਦ ਮਾਜਰਾ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

ਉੱਨਤੀ ਜੁਲਾਈ 1991 ਦੇ ਦਿਨ ਪੰਜਾਬ ਪੁਲਸ ਨੇ ਕੁਲਦੀਪ ਸਿੰਘ (ਵਾਸੀ ਜਗਦੇਵ ਖੁਰਦ), ਜੱਸਾ ਸਿੰਘ (ਵਾਸੀ ਜੱਬੋਵਾਲ), ਲੱਡੂ, ਧਰਮ ਸਿੰਘ (ਵਾਸੀ ਭੰਗਾਲੀ) ਤੇ ਸੁਖਮੰਦਰ ਸਿੰਘ ਉਰਫ਼ ਮੰਦਰ (ਵਾਸੀ ਚੰਦ ਮਾਜਰਾ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਜਗਤਾਰ ਸਿੰਘ ਭੁੱਗਾ, ਸੁਖਦੇਵ ਸਿੰਘ ਸ਼ਹੀਦ ਪਿੰਡ, ਸਵਿੰਦਰ ਸਿੰਘ ਛਿੰਦਾ ਬੁੰਡਾਲਾ, ਸਵਿੰਦਰ ਸਿੰਘ ਛਿੰਦਾ ਵੜਿੰਗ ਸੂਬਾ ਸਿੰਘ, ਹਰੀ ਸਿੰਘ ਗੜਗੱਜ ਵੇਰਕਾ ਤੇ ਬਲਕਾਰ ਸਿੰਘ ਚੇਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਉੱਨਤੀ ਜੁਲਾਈ 1992 ਦੇ ਦਿਨ ਪੰਜਾਬ ਪੁਲਸ ਨੇ ਜਗਤਾਰ ਸਿੰਘ (ਪੁੱਤਰ ਜੋਗਾ ਸਿੰਘ, ਵਾਸੀ ਭੁੱਗਾ), ਸੁਖਦੇਵ ਸਿੰਘ (ਪੁੱਤਰ ਰੇਸ਼ਮ ਸਿੰਘ, ਵਾਸੀ ਸ਼ਹੀਦ ਪਿੰਡ), ਸਵਿੰਦਰ ਸਿੰਘ ਉਰਫ਼ ਛਿੰਦਾ (ਪੁੱਤਰ ਬੱਲਾ ਸਿੰਘ, ਵਾਸੀ ਬੁੰਡਾਲਾ), ਸਵਿੰਦਰ ਸਿੰਘ ਉਰਫ਼ ਛਿੰਦਾ (ਪੁੱਤਰ ਮਲਕੀਅਤ ਸਿੰਘ, ਵਾਸੀ ਵੜਿੰਗ ਸੂਬਾ ਸਿੰਘ), ਹਰੀ ਸਿੰਘ ਗੜਗੱਜ (ਪੁੱਤਰ ਹਰਦਿਆਲ ਸਿੰਘ, ਵਾਸੀ ਵੇਰਕਾ) ਤੇ ਬਲਕਾਰ ਸਿੰਘ ਉਰਫ਼ ਚੇਲਾ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਸਰਦੂਲ ਸਿੰਘ ਗਗੜੇਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

29 ਜੁਲਾਈ 1993 ਦੇ ਦਿਨ ਪੁਲਸ ਨੇ ਸਰਦੂਲ ਸਿੰਘ (ਪੁੱਤਰ ਆਸਾ ਸਿੰਘ, ਵਾਸੀ ਗਗੜੇਵਾਲ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

30 ਜੁਲਾਈ

1873: ਜਦੋਂ ਚਾਰ ਸਿੱਖ ਨੌਜਵਾਨਾਂ ਨੇ ਈਸਾਈ ਬਣਨ ਦਾ ਸ਼ਰੇ-ਆਮ ਐਲਾਨ ਕੀਤਾ ਤੇ ਸਿੰਘ ਸਭਾ ਲਹਿਰ ਸ਼ੁਰੂ ਹੋਣ ਦਾ ਮੁੱਢ ਬੱਝਾ

ਰਾਵਲਪਿੰਡੀ ਦੇ ਨਿਰੰਕਾਰੀ ਦਰਬਾਰ ਦੇ ਮੁਖੀ ਭਾਈ ਦਰਬਾਰਾ ਸਿੰਘ ਦੀ ਮੌਤ (1870) ਅਤੇ ਭਾਈ ਰਾਮ ਸਿੰਘ ਕੂਕਾ ਦੀ ਗ੍ਰਿਫ਼ਤਾਰੀ (1872) ਵੇਲੇ ਤਕ ਪੰਜਾਬ ਦਾ ਸਿਆਸੀ ਮਾਹੌਲ ਗਰਮ ਹੋ ਚੁਕਾ ਸੀ। ਭਾਵੇਂ ਇਹ ਦੋਵੇਂ ਲਹਿਰਾਂ (ਨਿਰੰਕਾਰੀ ਤੇ ਕੂਕੇ) ਪੋਠੋਹਾਰ ਅਤੇ ਜਿਲ੍ਹਾ ਲੁਧਿਆਣਾ ਤੇ ਮਲੇਰਕੋਟਲਾ ਰਿਆਸਤ ਤਕ ਹੀ ਮਹਿਦੂਦ (ਸੀਮਤ) ਰਹੀਆਂ ਸਨ। ਪਰ ਇਨ੍ਹਾਂ ਦੋਹਾਂ ਲਹਿਰਾਂ ਨੇ ਪੰਜਾਬ ਦੇ ਲੋਕਾਂ ਵਿਚ ਇਕ ਸਰਗਰਮੀ ਦੀ

ਸ਼ੁਰੂਆਤ ਕਰ ਦਿੱਤੀ ਸੀ। ਇਸ ਦੌਰ ਵਿਚ ਹੀ, 1866 ਵਿਚ, ਰਾਣੀ ਜਿੰਦਾਂ ਦੇ ਇਕ ਸਾਬਕਾ ਵਜ਼ੀਰ, ਦੀਵਾਨ/ਮੁਣਸ਼ੀ ਬੂਟਾ ਸਿੰਘ ਨੇ ਇਕ ਪ੍ਰੈਸ ਲਾਈ ਅਤੇ 1872 ਵਿਚ ਇਕ ਹਫ਼ਤਾਵਾਰ ਉਰਦੂ ਅਖ਼ਬਾਰ *ਆਫ਼ਤਾਬ-ਏ-ਪੰਜਾਬ* ਵੀ ਸ਼ੁਰੂ ਕਰ ਲਿਆ। ਇਹ ਪਰਚਾ ਹੌਲੀ-ਹੌਲੀ ਪੜ੍ਹੇ ਲਿਖੇ ਅਤੇ ਸਰਗਰਮ ਸਿੱਖਾਂ ਵਿਚ ਜਾਣਿਆ ਜਾਣ ਲਗ ਪਿਆ।

ਇਸ ਹਾਲਤ ਵਿਚ 30 ਜੁਲਾਈ 1873 ਦੇ ਦਿਨ ਸਿੱਖ ਤਵਾਰੀਖ਼ ਵਿਚ ਇਕ ਡਰਾਮਾਈ ਘਟਨਾ ਘਟੀ ਜਿਸ ਨੇ ਸਿੱਖ ਜਗਤ ਨੂੰ ਹਿਲਾ ਕੇ ਰੱਖ ਦਿੱਤਾ। ਅੰਮ੍ਰਿਤਸਰ ਮਿਸ਼ਨ ਸਕੂਲ ਵਿਚ ਪੜ੍ਹ ਰਹੇ ਚਾਰ ਸਿੱਖ ਬੱਚਿਆਂ (ਅਤਰ ਸਿੰਘ, ਸਾਧੂ ਸਿੰਘ, ਸੰਤੋਖ ਸਿੰਘ ਅਤੇ ਆਇਆ ਸਿੰਘ) ਨੇ ਐਲਾਨ ਕੀਤਾ ਕਿ ਉਹ ਈਸਾਈ ਧਰਮ ਵਿਚ ਸ਼ਾਮਿਲ ਹੋਣਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਵੀ ਭਾਵੇਂ ਦੋ ਰਾਜ ਘਰਾਣਿਆਂ ਦੇ ਬੱਚੇ (ਮਹਾਰਾਜਾ ਦਲੀਪ ਸਿੰਘ ਤੇ ਕੰਵਰ ਹਰਨਾਮ ਸਿੰਘ ਕਪੂਰਥਲਾ) ਈਸਾਈ ਬਣ ਚੁਕੇ ਸਨ ਪਰ ਹੋਰ ਅਖੌਤੀ-ਉੱਚੇ ਖ਼ਾਨਦਾਨਾਂ ਵਿੱਚੋਂ ਹੋਰ ਕੋਈ ਵੀ ਈਸਾਈ ਨਹੀਂ ਸੀ ਬਣਿਆ। ਆਮ ਸਿੱਖਾਂ ਵਿੱਚੋਂ ਹੋਰ ਕਈ ਜਣੇ ਈਸਾਈ ਜ਼ਰੂਰ ਬਣ ਚੁਕੇ ਸਨ ਪਰ ਇਹੋ-ਜਿਹੇ ਲੋਕ, ਅਨਪੜ੍ਹ, ਅਖੌਤੀ-ਪਛੜੀਆਂ ਜਮਾਤਾਂ ਵਿਚੋਂ ਜਾਂ ਇਸ ਤਰ੍ਹਾਂ ਦੇ ਕੁਝ ਹੋਰ ਸ਼ਖ਼ਸ ਸਨ। ਪੜ੍ਹੇ ਲਿਖੇ ਚੰਗੇ ਗੁਰਸਿੱਖ ਘਰਾਂ ਵਿਚੋਂ ਇਕ ਵੀ ਬੰਦਾ ਅਜੇ ਤਕ ਈਸਾਈ ਨਹੀਂ ਸੀ ਬਣਿਆ। ਖ਼ੈਰ, ਚਾਰ ਸਿੱਖ ਬੱਚਿਆਂ ਦੇ ਈਸਾਈ ਬਣਨ ਦੇ ਇਸ ਐਲਾਨ ਨਾਲ ਕੁਝ ਸਰਗਰਮ ਸਿੱਖ (ਅਜੇ ਸਿੱਖਾਂ ਵਿਚ ਸਾਂਝਾ ਆਗੂ ਕੋਈ ਨਹੀਂ ਸੀ) ਆਪਸ ਵਿਚ ਮਿਲੇ ਅਤੇ ਇਨ੍ਹਾਂ ਬੱਚਿਆਂ ਨੂੰ ਸਮਝਾ-ਬੁਝਾ ਕੇ ਇਸ ਹਰਕਤ ਤੋਂ ਰੋਕ ਲਿਆ।

ਇਨ੍ਹਾਂ ਦਿਨਾਂ ਵਿਚ ਹੀ 'ਗੁਰੂ ਦਾ ਬਾਗ' (ਦਰਬਾਰ ਸਾਹਿਬ ਅੰਮ੍ਰਿਤਸਰ ਦੀ ਹਦੂਦ) ਵਿਚ ਅੰਗਰੇਜ਼ਾਂ ਦੇ ਇਕ ਏਜੰਟ, ਫ਼ਿਲੌਰ ਦੇ ਇਕ ਬ੍ਰਾਹਮਣ (ਸ਼ਰਧਾ ਰਾਮ ਫ਼ਿਲੌਰੀ), ਨੇ 'ਕਥਾ' ਕਰਨੀ ਸ਼ੁਰੂ ਕਰ ਦਿਤੀ। ਉਸ ਨੇ ਹੋਰ ਊਲ-ਜਲੂਲ ਤੋਂ ਇਲਾਵਾ ਸਿੱਖ ਧਰਮ ਦੀ ਸ਼ਾਨ ਵਿਚ ਵੀ ਗੁਸਤਾਖ਼ੀ ਕੀਤੀ। ਉਸ ਦੀ ਇਸ ਬਕਵਾਸ ਨੂੰ ਸਿੱਖ ਸੁਣ ਕੇ ਨਜ਼ਰ-ਅੰਦਾਜ਼ ਕਰਦੇ ਰਹੇ ਅਤੇ ਨਾਮਰਦਾਂ ਵਾਂਗ ਚੁਪ ਕਰ ਕੇ ਬੈਠੇ ਰਹੇ। ਇਸ 'ਤੇ ਉਹ ਬ੍ਰਾਹਮਣ ਹੋਰ ਵੀ ਵਧੇਰੇ ਜ਼ੋਰ ਨਾਲ ਸਿੱਖੀ ਦੇ ਖਿਲਾਫ਼ ਹਮਲੇ ਕਰਨ ਲਗ ਪਿਆ। ਦਰਅਸਲ ਇਸ ਬ੍ਰਾਹਮਣ ਨੂੰ ਅੰਗਰੇਜ਼ ਸਰਕਾਰ ਦੀ ਸਰਪਰਸਤੀ ਹਾਸਿਲ ਸੀ। ਜਦ ਉਹ ਨਾ ਹਟਿਆ ਤਾਂ ਕੁਝ ਸਿੱਖ ਨੌਜਵਾਨਾਂ ਨੇ ਮਿਲ ਕੇ ਇਸ ਬ੍ਰਾਹਮਣ ਦੀ ਗੁਰੂ-ਨਿੰਦਾ ਦਾ ਜਵਾਬ ਦੇਣਾ ਸ਼ੁਰੂ ਕਰ ਦਿਤਾ। ਜਦ ਉਨ੍ਹਾਂ ਨੇ ਇਸ ਬ੍ਰਾਹਮਣ ਨੂੰ ਵੰਗਾਰਨਾ ਸ਼ੁਰੂ ਕਰ ਦਿਤਾ ਤਾਂ ਉਹ ਡਰਦਾ ਉੱਥੋਂ ਚਲਾ ਗਿਆ।

ਕੁਝ ਨੌਜਵਾਨਾਂ ਦੇ ਇਸ ਕਦਮ ਦੀਆਂ ਖ਼ਬਰਾਂ ਹੋਰ ਸਿੱਖ ਸਰਗਰਮ ਤੇ ਸਿਰਕਰਦਾ ਸ਼ਖ਼ਸੀਅਤਾਂ ਨੂੰ ਵੀ ਪੁੱਜੀਆਂ। ਇਨ੍ਹਾਂ ਵਿਚ ਠਾਕਰ ਸਿੰਘ ਸੰਧਾਵਾਲੀਆ, ਗਿਆਨੀ ਗਿਆਨ ਸਿੰਘ, ਗਿਆਨੀ ਸਰਦੂਲ ਸਿੰਘ ਵਗ਼ੈਰਾ ਵੀ ਸਨ। ਹੋਰਨਾਂ ਨਾਲ ਵੀ ਇਨ੍ਹਾਂ ਨੇ ਰਾਬਤਾ ਬਣਾਇਆ ਅਤੇ ਅਖ਼ੀਰ ਪਹਿਲੀ ਅਕਤੂਬਰ 1873 ਦੇ ਦਿਨ ਠਾਕਰ ਸਿੰਘ ਸੰਧਾਵਾਲੀਆ ਨੇ ਸਿਰਕਰਦਾ ਸਿੱਖਾਂ ਦਾ ਇਕ ਇਕੱਠ ਅੰਮ੍ਰਿਤਸਰ ਵਿਚ ਬੁਲਾ ਲਿਆ। ਇਸ ਵਿਚ ਕੁਝ ਗਿਆਨੀ, ਪੁਜਾਰੀ, ਗ੍ਰੰਥੀ, ਉਦਾਸੀ, ਨਿਰਮਲੇ ਆਦਿਕ ਸ਼ਾਮਿਲ ਹੋਏ। ਇਨ੍ਹਾਂ ਵਿਚੋਂ ਬਹੁਤੇ ਉਸ ਬ੍ਰਾਹਮਣ ਦੇ ਗੁਰੂ-ਨਿੰਦਾ ਦੇ ਪਰਚਾਰ ਦੇ ਵਿਰੋਧ ਵਿਚ ਇਕੱਠੇ ਹੋਏ ਸਨ ਅਤੇ ਕਈ ਤਾਂ ਸਿੱਖ ਧਰਮ ਬਾਰੇ ਪੂਰੀ ਤਰ੍ਹਾਂ ਸੁਚੇਤ ਵੀ ਨਹੀਂ ਸਨ। ਇਨ੍ਹਾਂ ਸਾਰਿਆਂ ਨੇ ਮਿਲ ਕੇ "ਗੁਰੂ ਸਿੰਘ ਸਭਾ" ਬਣਾਉਣ ਦਾ ਮਤਾ ਪਾਸ ਕੀਤਾ। ਫਿਰ ਵੀ ਹਿੰਦੂ ਅਸਰ ਹੇਠਾਂ ਅਤੇ ਨਿਰਮਲਿਆਂ ਤੇ ਉਦਾਸੀਆਂ ਦੇ ਜ਼ੋਰ ਦੇਣ 'ਤੇ ਇਸ ਅੱਗੇ ਹਿੰਦੂ ਦੇਵੀ **"ਸ੍ਰੀ"** ਵੀ ਪਾ ਕੇ 'ਸ੍ਰੀ' ਗੁਰੂ ਸਿੰਘ ਸਭਾ ਬਣਾ ਲਿਆ। ਇਸ ਦੇ ਪ੍ਰਧਾਨ ਠਾਕਰ ਸਿੰਘ ਸੰਧਾਵਾਲੀਆ (1832-1887), ਸਕੱਤਰ ਗਿਆਨੀ ਗਿਆਨ ਸਿੰਘ (1824-1884, ਇਹ ਲੇਖਕ ਨਹੀਂ ਸਨ), ਮੀਤ ਸੇਵਕ (ਮੀਤ

ਸਕੱਤਰ) ਅਮਰ ਸਿੰਘ ਤੇ ਖ਼ਜ਼ਾਨਚੀ ਧਰਮ ਸਿੰਘ (ਮਜੀਠਾ ਬੁੰਗਾ) ਬਣਾਏ ਗਏ। ਇਸ ਸਭਾ ਦਾ ਨਿਸ਼ਾਨਾ "ਸਿੱਖ ਧਰਮ ਅਤੇ ਸਮਾਜ ਵਿਚ ਆ ਪਈਆਂ ਕੁਰੀਤੀਆਂ ਦੂਰ ਕਰ ਕੇ ਸਿੱਖ ਧਰਮ ਦੀ ਅਸਲੀ ਮਰਿਆਦਾ ਕਾਇਮ ਕਰਨਾ" ਸੀ।

1985: ਦਰਬਾਰ ਸਾਹਿਬ ਵਿਚ ਲੌਂਗੋਵਾਲ ਦਲ ਅਤੇ ਬਾਬਾ ਦਲ ਵਿਚ ਝੜਪ ਹੋਈ

1984 ਦੇ ਘੱਲੂਘਾਰਿਆਂ ਵਿਚ ਕੈਦ ਕੀਤੇ ਅਕਾਲੀਆਂ ਨੂੰ ਜਦੋਂ ਰਿਹਾ ਕੀਤਾ ਤਾਂ ਉਹ ਸਾਰੇ ਅਕਾਲੀ ਆਗੂ ਪਹਿਲਾਂ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਕੋਲ ਜਾ ਪੁੱਜੇ ਅਤੇ ਆਪਣੀਆਂ ਸੇਵਾਵਾਂ ਉਸ ਨੂੰ ਪੇਸ਼ ਕਰ ਦਿੱਤੀਆਂ ਪਰ ਕੁਝ ਦਿਨ ਮਗਰੋਂ ਹੀ ਫਿਰ 'ਅਬਾਊਟਟਰਨ' ਮਾਰ ਕੇ ਲੌਂਗੋਵਾਲ ਦਲ ਵੱਲੋਂ ਜਨਰਲ ਹਾਊਸ ਦਾ ਡਰਾਮਾ ਖੇਡ ਕੇ ਆਪਣਾ ਦਲ ਕਾਇਮ ਰੱਖੇ ਜਾਣ ਦਾ ਐਲਾਣ ਕਰ ਦਿੱਤਾ। ਮਗਰੋਂ ਉਨ੍ਹਾਂ ਦੇ ਦਲ ਅਤੇ ਅਤੇ ਬਾਬਾ ਜੋਗਿੰਦਰ ਸਿੰਘ ਦੀ ਅਗਵਾਈ ਵਾਲੇ ਦਲ ਵਿਚ ਟਕਰਾਅ ਸ਼ੁਰੂ ਹੋ ਗਿਆ। 10 ਜੂਨ 1985 ਨੂੰ ਫ਼ੈਡਰੇਸ਼ਨ ਦੇ ਵਰਕਰਾਂ ਨੇ ਦਰਬਾਰ ਸਾਹਿਬ 'ਚ ਟੌਹੜੇ ਅਤੇ ਲੌਂਗੋਵਾਲ ਦੀਆਂ ਕਾਰਾਂ ਉੱਤੇ ਹਮਲੇ ਕਰ ਕੇ ਆਪਣੇ ਰੋਹ ਦਾ ਇਜ਼ਹਾਰ ਕੀਤਾ। ਇਸ ਮਗਰੋਂ ਰਾਜੀਵ ਗਾਂਧੀ ਨੇ ਕੁਝ ਹੋਰ ਸਿੱਖਾਂ ਨੂੰ ਵੀ ਰਿਹਾਅ ਕਰ ਦਿੱਤਾ। ਇਨ੍ਹਾਂ ਵਿਚ ਕੁਝ ਫ਼ੈਡਰੇਸ਼ਨ ਵਰਕਰ ਵੀ ਸ਼ਾਮਿਲ ਸਨ; ਉਹ ਸਾਰੇ ਰਿਹਾ ਹੋਣ ਮਗਰੋਂ ਦਰਬਾਰ ਸਾਹਿਬ ਪੁੱਜ ਗਏ। ਇਸ ਤੋਂ ਬਾਅਦ ਦੋਵਾਂ ਅਕਾਲੀ ਧੜਿਆਂ ਦੀ ਸਮੁੱਚੀ ਕਾਰਵਾਈ ਇਕ ਦੂਜੇ ਨੂੰ ਨੀਵਾਂ ਦਿਖਾਉਣਾ ਸੀ। 30 ਜੁਲਾਈ 1985 ਨੂੰ ਦਰਬਾਰ ਸਾਹਿਬ ਵਿਚ ਲੌਂਗੋਵਾਲ ਦਲ ਅਤੇ ਬਾਬਾ ਜੋਗਿੰਦਰ ਸਿੰਘ ਦਲ ਵਿਚ ਬੜੀ ਵੱਡੀ ਝੜਪ ਹੋਈ। ਇਸ ਵਿਚ ਤਕਰੀਬਨ 50 ਬੰਦੇ ਫੱਟੜ ਹੋਏ।

1990: ਸਤਨਾਮ ਸਿੰਘ ਸੱਤਾ ਵਲਟੋਹਾ, ਦਵਿੰਦਰ ਸਿੰਘ ਪੱਪੂ ਡੈਨੀਅਲ, ਭੁਪਿੰਦਰ ਸਿੰਘ ਵਿਲੀਅਮ ਲੇਕ, ਕਨੇਡਾ, ਜੱਸਾ ਸਿੰਘ ਸ਼ਾਹਪੁਰ, ਸਤਨਾਮ ਸਿੰਘ ਸੱਤਾ ਵਲਟੋਹਾ, ਛਿੰਦਰ ਸਿੰਘ ਹੀਰਾ ਤੇ ਸੁਰਿੰਦਰ ਸਿੰਘ ਛਿੰਦਾ ਕਾਲੀਆ ਸੰਗਤਰਾ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

30 ਜੁਲਾਈ 1990 ਦੇ ਦਿਨ ਪੰਜਾਬ ਪੁਲਸ ਨੇ ਸਤਨਾਮ ਸਿੰਘ ਸੱਤਾ (ਪੁੱਤਰ ਸੇਵਾ ਸਿੰਘ, ਵਾਸੀ ਵਲਟੋਹਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਦਵਿੰਦਰ ਸਿੰਘ ਪੱਪੂ ਡੈਨੀਅਲ, ਭੁਪਿੰਦਰ ਸਿੰਘ (ਪੁੱਤਰ ਮਹਿੰਗਾ ਸਿੰਘ, ਵਾਸੀ ਫੱਤੂਪਰ, ਨੇੜੇ ਆਦਮਪੁਰ, ਜਲੰਧਰ, ਮਗਰੋਂ ਵਿਲੀਅਮ ਲੇਕ, ਕਨੇਡਾ), ਜੱਸਾ ਸਿੰਘ (ਵਾਸੀ ਸ਼ਾਹਪੁਰ, ਅੰਮ੍ਰਿਤਸਰ), ਸਤਨਾਮ ਸਿੰਘ ਸੱਤਾ (ਵਾਸੀ ਵਲਟੋਹਾ, ਤਰਨਤਾਰਨ), ਛਿੰਦਰ ਸਿੰਘ ਹੀਰਾ ਤੇ ਸੁਰਿੰਦਰ ਸਿੰਘ ਛਿੰਦਾ (ਦੋਵੇਂ ਵਾਸੀ ਕਾਲੀਆ ਸੰਗਤਰਾ) ਨੂੰ ਵੀ ਵੱਖ ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਬੀਰ ਸਿੰਘ ਖਾਪੜਖੇੜੀ ਤੇ ਅਰਵਿੰਦਰ ਸਿੰਘ ਕੋਹਾਲਾ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

30 ਜੁਲਾਈ 1991 ਦੇ ਦਿਨ ਪੁਲਸ ਨੇ ਬੀਰ ਸਿੰਘ (ਪੁੱਤਰ ਬਿਰਸਾ ਸਿੰਘ, ਵਾਸੀ ਖਾਪੜਖੇੜੀ) ਅਰਵਿੰਦਰ ਸਿੰਘ (ਪੁੱਤਰ ਨਰਿੰਦਰ ਸਿੰਘ ਜੈਲਦਾਰ, ਵਾਸੀ ਕੋਹਾਲਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦਾ ਮੁਖੀ ਗੁਰਜੰਟ ਸਿੰਘ ਬੁਧਸਿੰਘਵਾਲਾ ਸ਼ਹੀਦ

ਉਨੱਤੀ-ਤੀਹ ਜੁਲਾਈ 1992 ਦੀ ਅੱਧੀ ਰਾਤ ਨੂੰ ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ ਵਿਚ ਸੈਂਕੜੇ ਸਿਪਾਹੀਆਂ ਅਤੇ ਸੀ.ਆਰ.ਪੀ.ਐਫ਼. ਦੇ ਫ਼ੌਜੀਆਂ ਨੇ ਸ. ਕੌਰ ਸਿੰਘ ਦੇ ਘਰ 'ਤੇ ਹਮਲਾ ਕਰ ਕੇ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਜਰਨੈਲ ਗੁਰਜੰਟ ਸਿੰਘ ਬੁਧਸਿੰਘਵਾਲਾ ਨੂੰ ਸ਼ਹੀਦ ਕਰ ਦਿੱਤਾ ਇਸ ਦੇ ਨਾਲ ਹੀ ਇਸ ਘਰ ਦੇ ਮਾਲਕ ਸ. ਕੌਰ ਸਿੰਘ ਦੀ ਪਤਨੀ ਅਤੇ ਉਸ ਦੀਆਂ 20, 17 ਤੇ 14 ਸਾਲ ਉਮਰ ਦੀਆਂ ਤਿੰਨ ਧੀਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਦੀ ਕੋਠੀ ਸੀਲ ਕਰ ਦਿੱਤੀ ਗਈ। ਪੁਲੀਸ ਨੇ ਇਕ ਪ੍ਰੈਸ ਰਲੀਜ਼ ਜਾਰੀ ਕਰ ਕੇ ਕਿਹਾ ਕਿ ਗੁਰਜੰਟ ਸਿੰਘ ਬੁਧਸਿੰਘਵਾਲਾ ਇਕ ਹਜ਼ਾਰ ਕਤਲਾਂ ਦਾ ਜ਼ਿੰਮੇਦਾਰ ਸੀ ਅਤੇ ਉਸ ਦੇ ਸਿਰ 'ਤੇ ਚਾਲ੍ਹੀ ਲੱਖ ਰੁਪੈ ਦਾ ਈਨਾਮ ਸੀ। ਗੁਰਜੰਟ ਸਿੰਘ ਦੇ ਕਤਲ 'ਤੇ ਪੰਜਾਬ ਵਿਚ ਤਿੰਨ ਤੇ ਚਾਰ ਅਗੱਸਤ ਦੇ ਦਿਨ ਮੁਕੰਮਲ 'ਪੰਜਾਬ ਬੰਦ' ਕੀਤਾ ਗਿਆ।

1993: ਮਲਕੀਤ ਸਿੰਘ ਤੇ ਜੀਵਨਜੋਤ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

30 ਜੁਲਾਈ 1993 ਦੇ ਦਿਨ ਪੁਲਸ ਨੇ ਮਲਕੀਤ ਸਿੰਘ (ਪੁੱਤਰ ਸੰਤਾ ਸਿੰਘ, ਵਾਸੀ ਚੱਪੜਚਿੜੀ ਖੁਰਦ, ਨੇੜੇ ਲਾਂਦੜਾ, ਮੋਹਾਲੀ) ਤੇ ਜੀਵਨਜੋਤ ਸਿੰਘ (ਪੁੱਤਰ ਲਖਵੰਤ ਸਿੰਘ, ਵਾਸੀ ਹੰਸ ਨਗਰ, ਬਠਿੰਡਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1995: ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਮੋਢੀ ਅਮਰ ਸਿੰਘ ਅੰਬਾਲਵੀ ਦੀ ਮੌਤ

ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਨੀਂਹ ਰੱਖਣ ਵਾਲੇ ਸ. ਅਮਰ ਸਿੰਘ ਅੰਬਾਲਵੀ 30 ਜੁਲਾਈ 1995 ਦੇ ਦਿਨ ਚੜ੍ਹਾਈ ਕਰ ਗਏ। 1943 ਵਿਚ ਜਦ ਕਪੂਰਥਲਾ ਦਾ ਪਤਿਤ ਮਹਾਰਾਜਾ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਬੁਲਾਇਆ ਗਿਆ ਸੀ ਤਾਂ ਉਸ ਦੇ ਆਉਣ 'ਤੇ ਅਮਰ ਸਿੰਘ ਅੰਬਾਲਵੀ, ਜੋ ਉਸ ਕਾਲਜ ਦਾ ਸਟੂਡੈਂਟ ਸੀ, ਨੇ "ਪਤਿਤ ਮਹਾਰਾਜਾ ਗੋ ਬੈਕ" ਦੇ ਨਾਅਰੇ ਲਾ ਕੇ ਉਸ ਦਾ 'ਸੁਆਗਤ' ਕੀਤਾ; ਇਸ 'ਤੇ ਉਸ ਨੂੰ ਪਹਿਲਾਂ ਬੁਰੀ ਤਰ੍ਹਾਂ ਕੁੱਟਿਆ ਗਿਆ ਅਤੇ ਫਿਰ ਕਾਲਜ ਵਿਚੋਂ ਕੱਢ ਦਿੱਤਾ ਗਿਆ। ਇਸ ਘਟਨਾ ਮਗਰੋਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਨੀਂਹ ਰੱਖੀ ਗਈ। ਜਦ ਪਹਿਲੇ ਪ੍ਰਧਾਨ ਦੀ ਚੋਣ ਦੀ ਵਾਰੀ ਆਈ ਤਾਂ ਸ. ਅਮਰ ਸਿੰਘ ਨੇ ਆਪ ਪ੍ਰਧਾਨ ਬਣਨ ਦੀ ਜਗਹ ਸ. ਸਰੂਪ ਸਿੰਘ ਦਾ ਨਾਂ ਪੇਸ਼ ਕੀਤਾ ਸੀ।

2014: ਅਮਰੀਕਾ ਵਿਚ ਸਿੱਖ 'ਤੇ ਨਸਲੀ ਹਮਲਾ

30 ਜੁਲਾਈ 2014 ਦੇ ਦਿਨ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿਚ ਸੰਦੀਪ ਸਿੰਘ ਨੂੰ ਇਕ ਨਸਲਵਾਦੀ ਗੋਰੇ ਜੋਸਫ਼ ਕੈਲੇਕਾ ਨੇ ਪਿਕਅਪ ਟਰੱਕ ਨਾਲ ਟੱਕਰ ਮਾਰ ਕੇ 30 ਫ਼ੁੱਟ ਤਕ ਘੜੀਦਾ ਲੈ ਗਿਆ ਅਤੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ; ਤੇ ਫਿਰ ਟਰੱਕ ਲੈ ਕੇ ਭੱਜ ਗਿਆ। ਪੁਲਸ ਨੇ ਉਸ ਨੂੰ ਨਸਲੀ ਨਫ਼ਰਤ ਇਰਾਦਾ ਕਤਲ ਅਤੇ ਜੁਰਮ ਕਰ ਕੇ ਭੱਜਣ ਦੇ ਦੋਸ਼ਾਂ ਵਿਚ ਚਾਰਜ ਕੀਤਾ।

2014: ਨਾਰਾਇਣ ਸਿੰਘ ਚੌੜਾ ਨੂੰ ਗ਼ੈਰ ਕਾਨੂੰਨੀ ਹਥਿਆਰ ਰੱਖਣ ਦੇ ਦੋਸ਼ ਵਿਚ 2 ਸਾਲ ਕੈਦ

30 ਜੁਲਾਈ 2014 ਦੇ ਦਿਨ ਚੰਡੀਗੜ੍ਹ ਅਦਾਲਤ ਨੇ ਨਾਰਾਇਣ ਸਿੰਘ ਚੌੜਾ ਨੂੰ ਗ਼ੈਰ ਕਾਨੂੰਨੀ ਹਥਿਆਰ ਰੱਖਣ ਦੇ ਦੋਸ਼ ਵਿਚ 2 ਸਾਲ ਕੈਦ ਦੀ ਸਜ਼ਾ ਸੁਣਾਈ। ਇਹ ਕੇਸ 21 ਤੇ 22 ਜਨਵਰੀ 2014 ਦੇ ਦਿਨ ਬੁੜੈਲ ਜੇਲ੍ਹ ਉਡਾਉਣ ਦੀ ਸਾਜ਼ਿਸ਼ ਵਾਲਾ ਸੀ। ਪੁਲਸ ਨੇ ਚੌਰਾ

ਦੀ ਨਿਸ਼ਾਨਦੇਹੀ 'ਤੇ 51 ਸੈਕਟਰ ਵਿਚੋਂ ਇਕ ਪਿਸਤੌਲ ਤੇ 5 ਕਾਰਤੂਸ ਬਰਮਦ ਕਰਨ ਦਾ ਦਾਅਵਾ ਕੀਤਾ ਸੀ।

31 ਜੁਲਾਈ

1985: ਦਿੱਲੀ ਵਿਚ 'ਖ਼ੂਨੀ ਨਵੰਬਰ 1984' ਦੌਰਾਨ ਸਿੱਖ ਕਤਲੇਆਮ ਦਾ ਇਕ ਵੱਡਾ ਦੋਸ਼ੀ ਲਲਿਤ ਮਾਕਨ ਕਤਲ ਕਰ ਦਿੱਤਾ ਗਿਆ

31 ਅਕਤੂਬਰ 1984 ਦੇ ਦਿਨ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਰਾਜੀਵ ਗਾਂਧੀ ਦੇ ਚਾਪਲੂਸਾਂ ਦੀਆਂ ਸਾਜ਼ਸ਼ਾਂ ਅਤੇ ਹਦਾਇਤਾਂ ਹੇਠ ਸਿੱਖਾਂ ਦੇ ਖ਼ਿਲਾਫ਼ ਨਫ਼ਰਤ ਦੀ ਹਨੇਰੀ ਚਲਾਈ ਗਈ। ਰਾਜੀਵ ਗਾਂਧੀ ਦੇ ਸਭ ਤੋਂ ਨਜ਼ਦੀਕੀ ਸਾਥੀਆਂ (ਐਚ.ਕੇ.ਐਲ. ਭਗਤ, ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਲਲਿਤ ਮਾਕਨ, ਅਰਜਨ ਦਾਸ, ਧਰਮ ਦਾਸ ਸ਼ਾਸਤਰੀ ਤੇ ਹੋਰ ਦਰਜਨਾਂ ਕਾਂਗਰਸੀਆਂ) ਨੇ ਦਿੱਲੀ ਵਿਚ ਪੁਲੀਸ ਦੀ ਮਦਦ ਨਾਲ, ਹਜ਼ਾਰਾਂ ਸਿੱਖਾਂ ਨੂੰ, ਵਹਿਸ਼ੀਆਣਾ ਤਰੀਕੇ ਨਾਲ, ਕਤਲ ਕਰਵਾਇਆ। ਕਈਆਂ ਨੂੰ ਜ਼ਖ਼ਮੀ ਕਰ ਕੇ ਤੇ ਕਈਆਂ ਨੂੰ ਜਿਊਂਦਿਆਂ ਨੂੰ ਹੀ ਮਿੱਟੀ ਦਾ ਤੇਲ ਤੇ ਪਟਰੌਲ ਪਾ ਕੇ ਸਾੜ ਦਿੱਤਾ ਗਿਆ। ਸਿੱਖਾਂ ਦੇ ਘਰਾਂ, ਦੁਕਾਨਾਂ, ਸਕੂਲਾਂ ਤੇ ਗੁਰਦੁਆਰਿਆਂ ਨੂੰ ਲੁਟਿਆ ਗਿਆ ਤੇ ਮਗਰੋਂ ਸਾੜ ਦਿੱਤਾ ਗਿਆ। ਸੈਂਕੜੇ ਸਿੱਖ ਕੁੜੀਆਂ ਅਤੇ ਔਰਤਾਂ ਨੂੰ ਅਗਵਾ ਕਰ ਕੇ ਉਨ੍ਹਾਂ ਦਾ ਰੇਪ ਕੀਤਾ ਗਿਆ। ਜ਼ੁਲਮ ਦੀ ਇਹ ਇੰਤਹਾ ਦਿੱਲੀ ਹੀ ਨਹੀਂ, ਚੀਫ਼ ਮਨਿਸਟਰ ਭਜਨ ਲਾਲ ਦੀ ਅਗਵਾਈ ਵਿਚ ਹਰਿਆਣਾ ਵਿਚ ਤੇ ਹੋਰ ਕਾਂਗਰਸੀਆਂ ਦੀ ਅਗਵਾਈ ਵਿਚ ਕਾਂਗਰਸੀ ਹਕੂਮਤ ਵਾਲੇ ਸੂਬਿਆਂ (ਖ਼ਾਸ ਕਰ ਕੇ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਛੱਤੀਸਗੜ੍ਹ, ਬਿਹਾਰ, ਉੜੀਸਾ, ਗੁਜਰਾਤ ਅਤੇ ਮਹਾਰਾਸ਼ਟਰ) ਵਿਚ ਵੀ ਹੋਈ।

ਭਾਵੇਂ ਸਰਕਾਰ ਨੇ 3000 ਦੇ ਕਰੀਬ ਸਿੱਖਾਂ ਦਾ ਕਤਲੇਆਮ ਮੰਨਿਆ ਸੀ, ਪਰ ਗ਼ੈਰ-ਸਰਕਾਰੀ ਸੋਮਿਆਂ ਮੁਤਾਬਿਕ 20 ਤੋਂ 25 ਹਜ਼ਾਰ ਤਕ ਸਿੱਖ ਕਤਲ ਕੀਤੇ ਗਏ ਸਨ, ਜਿਨ੍ਹਾਂ ਵਿਚੋਂ 5 ਤੋਂ 8 ਹਜ਼ਾਰ ਤ ਸਿਰਫ਼ ਦਿੱਲੀ ਵਿਚ ਹੀ ਕੋਹ-ਕੋਹ ਕੇ ਮਾਰੇ ਗਏ ਸਨ। ਕਾਬਲੇ-ਜ਼ਿਕਰ ਗੱਲ ਇਹ ਵੀ ਹੈ ਕਿ ਜਿਸ ਵੇਲੇ ਇਹ ਕਤਲ ਹੋ ਰਹੇ ਸਨ, ਉਸ ਵੇਲੇ ਸਿੱਖੀ ਸਰੂਪ ਵਾਲੇ ਜ਼ੈਲ ਸਿੰਘ ਰਾਸ਼ਟਰਪਤੀ ਤੇ ਬੂਟਾ ਸਿੰਘ ਵਜ਼ੀਰ ਦਿੱਲੀ ਵਿਚ ਹੀ ਸਨ ਤੇ ਇਸ ਤੋਂ ਇਲਾਵਾ ਇੰਦਰਾ ਦੇ ਸਸਕਾਰ ਵਿਚ ਸ਼ਾਮਿਲ ਹੋਣ ਵਾਸਤੇ ਆਏ ਦਰਜਨਾਂ ਡਿਪਲੋਮੈਟ ਵੀ ਇਸ ਕਤਲੇਆਮ ਨੂੰ ਚੁੱਪ-ਚਾਪ ਵੇਖ ਰਹੇ ਸਨ। (ਇਨ੍ਹਾਂ ਵਿਚੋਂ ਕਿਸੇ ਨੇ ਵੀ ਆਪ ਜਾਂ ਉਨ੍ਹਾਂ ਦੀਆਂ ਸਰਕਾਰਾਂ ਨੇ ਉਦੋਂ ਜਾਂ ਮਗਰੋਂ ਕਦੇ ਵੀ, ਇਸ ਵਹਿਸ਼ੀਆਣਾ ਕਤਲੇਆਮ 'ਤੇ ਹਾਅ ਦਾ ਨਾਅਰਾ ਨਹੀਂ ਮਾਰਿਆ ਅਤੇ 1939-45 ਦੌਰਾਨ ਯਹੂਦੀਆਂ 'ਤੇ ਹੋਏ ਜ਼ੁਲਮ ਵਾਂਗ ਇਸ ਵਾਰ ਵੀ ਅੱਖਾਂ ਮੀਟ ਕੇ ਗੂੰਗੇ, ਬੋਲੇ ਤੇ ਅੰਨ੍ਹੇ ਬਣੇ ਰਹੇ। ਹੋਰ ਤਾਂ ਹੋਰ ਆਪਣੇ ਕਤਲੇਆਮ ਦੇ ਖ਼ਿਲਾਫ਼ ਲੋਕਾਂ ਤੋਂ ਹਮਦਰਦੀ ਮੰਗਣ ਵਾਲੇ ਯਹੂਦੀਆਂ ਦੀ ਜ਼ਬਾਨ 'ਚੋਂ ਵੀ ਇਸ ਕਤਲੇਆਮ 'ਤੇ ਉਫ਼ ਤਕ ਨਾ ਨਿਕਲੀ)। ਹੋਰ ਵੀ ਸ਼ਰਮਨਾਕ ਸੀ ਰਾਜੀਵ ਗਾਂਧੀ ਦਾ ਇਹ ਬਿਆਨ ਕਿ 'ਜਦੋਂ ਕੋਈ ਵੱਡਾ ਦਰਖ਼ਤ ਡਿਗਦਾ ਹੈ ਤਾਂ ਧਰਤੀ ਹਿਲਦੀ ਹੀ ਹੈ।' ਇਹ ਬਿਆਨ ਦੇ ਕੇ ਸਿੱਖਾਂ ਦੇ ਵਹਿਸ਼ੀਆਣਾ ਤੇ ਜ਼ਾਲਮਾਨਾ ਕਤਲੇਆਮ ਨੂੰ ਸਹੀ ਠਹਿਰਾਉਣ, ਦਰਅਸਲ ਸਿੱਖਾਂ ਦੇ ਕਤਲੇਆਮ ਵਾਸਤੇ ਉਕਸਾਉਣ ਵਾਲੇ ਰਾਜੀਵ ਦੀ ਆਪਣੀ ਮੌਤ ਵੀ ਤਾਮਿਲਾਂ ਹੱਥੋਂ ਅਜਿਹੇ ਹੀ ਤਰੀਕੇ ਨਾਲ ਹੋਈ ਤੇ ਉਸ ਦੀ ਲਾਸ਼ ਨਾਲ ਉਸੇ ਤਰ੍ਹਾਂ ਹੀ ਹੋਇਆ, ਜਿਹੋ-ਜਿਹਾ ਨਵੰਬਰ 1984 ਵਿਚ ਜਿਊਂਦੇ ਸਾੜੇ ਜਾ ਰਹੇ ਸਿੱਖਾਂ ਨਾਲ ਹੋਇਆ ਸੀ।

ਕਤਲੇਆਮ ਤੋਂ ਬਾਅਦ ਲੱਖਾਂ ਸਿੱਖ ਦਿੱਲੀ, ਹਰਿਆਣਾ, ਯੂ.ਪੀ., ਐਮ.ਪੀ., ਬਿਹਾਰ, ਰਾਜਿਸਥਾਨ, ਹਿਮਾਂਚਲ, ਜੰਮੂ ਕਸ਼ਮੀਰ ਅਤੇ ਹੋਰ ਸੂਬਿਆਂ ਤੋਂ ਪੰਜਾਬ ਵੱਲ ਦੌੜ ਗਏ। ਅਜੇ ਵੀ ਕੁਝ ਸਿੱਖ ਅਖਵਾਉਣ ਵਾਲੇ ਸ਼ਖ਼ਸ ਇਸ ਜ਼ੁਲਮ ਦਾ ਬਦਲਾ ਲੈਣ ਦੀ ਬਜਾਇ

ਖਾਲਿਸਤਾਨ ਦੇ ਖ਼ਿਲਾਫ਼ ਬਿਆਨ ਦੇਣ 'ਤੇ ਜ਼ੋਰ ਲਾ ਰਹੇ ਸਨ। ਇਸ ਕਤਲੇਆਮ ਦੀ ਜ਼ਿੰਮੇਦਾਰ ਕਾਂਗਰਸ ਵਿਚ ਕਾਬਜ਼ ਦਹਿਸ਼ਤਗਰਦ ਹਿੰਦੂਆਂ ਅਤੇ ਸਰਕਾਰ ਤੋਂ ਇਲਾਵਾ ਕਾਂਗਰਸ ਵਿਚ ਬੈਠੇ ਪੱਗਾਂ ਵਾਲਿਆਂ (ਸਿੱਖ ਅਖਵਾਉਣ ਵਾਲਿਆਂ), ਖ਼ਾਸ ਕਰ ਕੇ ਜ਼ੈਲ ਸਿੰਘ, ਬੂਟਾ ਸਿੰਘ, ਸੰਤਾ ਸਿੰਘ ਤੇ ਹੋਰ ਕਾਂਗਰਸੀਆਂ ਦੀ ਵੀ ਹੈ; ਤੇ ਉਨ੍ਹਾਂ ਦੀ ਵੀ ਜੋ ਚੁਪ ਰਹੇ। ਜੇ ਜ਼ੈਲ ਸਿੰਘ ਉਦੋਂ ਅਸਤੀਫ਼ਾ ਦੇ ਦੇਂਦਾ ਤਾਂ ਸਿੱਖਾਂ ਦਾ ਕਤਲੇਆਮ ਹਰਗਿਜ਼ ਨਾ ਹੁੰਦਾ।

ਇੱਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਇਸ ਵਹਿਸ਼ੀਆਣਾ ਕਤਲੇਆਮ ਨੇ ਕਿਸੇ ਅਦੀਬ ਦੀ ਰੂਹ ਨੂੰ ਨਾ ਟੁੰਬਿਆ। ਸਿਰਫ਼ ਕਹਾਣੀਕਾਰ ਬੀਬੀ ਅਜੀਤ ਕੌਰ ਨੇ (ਕਿਤਾਬ 'ਖ਼ੂਨੀ ਚੌਰਾਸੀ' ਵਿਚ) ਦਲੇਰੀ ਨਾਲ ਕਲਮ ਉਠਾਈ ਤੇ ਜਾਂ ਫਿਰ ਕੁਝ ਇਨਸਾਨੀ ਹਕੂਕ ਦੀਆਂ ਜਥੇਬੰਦੀਆਂ, ਜਿਨ੍ਹਾਂ ਨੇ 'ਹੂ ਆਰ ਗਿਲਟੀ' ਰਿਪੋਰਟ ਲਿਖ ਕੇ ਸੱਚੇ-ਸੱਚ ਸਾਹਮਣੇ ਲਿਆਂਦਾ। ਇਸ ਰਿਪੋਰਟ ਮੁਤਾਬਿਕ ਸਿੱਖਾਂ ਦੇ ਕਤਲਾਂ ਦੇ ਜ਼ਿੰਮੇਦਾਰਾਂ ਵਿਚ ਹੇਠ ਲਿਖੇ ਕਾਂਗਰਸੀ, ਪੁਲੀਸ ਅਫ਼ਸਰ ਤੇ ਉਨ੍ਹਾਂ ਦੇ ਲਿਆਂਦੇ ਕਿਰਾਏ ਦੇ ਕਾਤਿਲ ਜ਼ਿੰਮੇਦਾਰ ਸਨ: ਐਚ.ਕੇ.ਐਲ. ਭਗਤ, ਜਗਦੀਸ਼ ਟਾਈਟਲਰ, ਅਰਜਨ ਦਾਸ, ਲਲਿਤ ਮਾਕਨ, ਧਰਮ ਦਾਸ ਸ਼ਾਸਤਰੀ, ਸੱਜਣ ਕੁਮਾਰ, ਬਾਬੂ ਰਾਮ ਸ਼ਰਮਾ, ਮਹਿੰਦਰ (ਕੌਂਸਲਰ), ਮੰਗਤ ਰਾਮ ਸਿੰਗਲ, ਡਾ. ਅਸ਼ੋਕ ਕੁਮਾਰ, ਸੁੱਖਣ ਲਾਲ ਸੂਦ, ਜਗਦੀਸ਼ ਚੰਦਰ ਡੁਕਾਸ, ਈਸ਼ਵਰ ਸਿੰਹ, ਬਲਵੰਤ ਖੋਖਰ, ਰਤਨਾ, ਸਤਿਬੀਰ ਸਿੰਹ, ਫ਼ੈਜ਼ ਮੁਹੰਮਦ ਅਤੇ ਕਈ ਹੋਰ। ਪੁਲਸੀਆਂ ਵਿਚੋਂ ਅਸਿਸਟੈਂਟ ਕਮਿਸ਼ਨਰ ਪੁਲੀਸ ਮਲਹੋਤਰਾ; ਐਸ.ਐਚ.ਓਜ਼: ਜੈ ਸਿੰਹ, ਰਾਓ ਰਾਮ ਮਿਹਰ, ਹਰੀ ਰਾਮ ਭੱਟੀ, ਰਵਤਾਸ ਸਿੰਹ, ਸੂਰਵੀਰ ਸਿੰਹ, ਆਰ ਕੇ ਪੁਰਮ ਥਾਣੇ ਦਾ ਇੰਚਾਰਜ, ਤਿਰਲੋਕ ਪੁਰੀ ਦਾ ਤਿਆਗੀ ਤੇ ਕਈ ਹੋਰ; ਦੂਜੇ ਰੈਂਕਾਂ ਦੇ ਪੁਲਸੀਏ: ਆਰ.ਡੀ. ਸਿੰਹ, ਰਾਣਾ (ਤਿਰਲੋਕ ਪੁਰੀ), ਮੂਲਚੰਦ (ਸ਼ੱਕਰਪੁਰ), ਬਖਸ਼ੀ, ਰਾਜਵੀਰ ਸਿੰਹ। ਇਨ੍ਹਾਂ ਅਤੇ ਹੋਰ ਕਾਤਲਾਂ, ਗੁੰਡਿਆਂ ਤੇ ਲੁਟੇਰਿਆਂ ਦੇ 198 ਨਾਂ 'ਹੂ ਆਰ ਗਿਲਟੀ' ਰਿਪੋਰਟ ਵਿਚ ਦਿੱਤੇ ਗਏ ਹਨ। ਇਹ ਰਿਪੋਰਟ ਪੀਪਲਜ਼ ਯੂਨੀਅਨ ਫ਼ਾਰ ਡੈਮੋਕਰੇਟਿਕ ਰਾਈਟਜ਼ ਅਤੇ ਪੀਪਲਜ਼ ਯੂਨੀਅਨ ਫ਼ਾਰ ਸਿਵਲ ਲਿਬਾਰਟੀਜ਼ ਵੱਲੋਂ ਤਿਆਰ ਕੀਤੀ ਗਈ ਸੀ। ਇਸ ਨੂੰ ਗੋਬਿੰਦਾ ਮੁਖੱਟੀ ਤੇ ਰਜਨੀ ਕੋਠਾਰੀ ਨੇ ਜਾਰੀ ਕੀਤਾ ਸੀ। ਮਗਰੋਂ 2009 ਵਿਚ ਚਿਦੰਬਰਮ 'ਤੇ ਜੁੱਤੀ ਸੁੱਟਣ ਵਾਲੇ ਸ ਜਰਨੈਲ ਸਿੰਘ ਨੇ ਵੀ ਇਕ ਕਿਤਾਬ "1984: ਸਿੱਖ ਕਤਲੇਆਮ ਦਾ ਸੱਚ" (ਇੰਗਲਿਸ਼ ਐਡੀਸ਼ਨ 'ਆਈ ਐਕਊਜ਼') ਲਿਖ ਕੇ ਇਸ ਕਤਲੇਆਮ ਦਾ ਕਾਫ਼ੀ ਵੇਰਵਾ ਪੇਸ਼ ਕੀਤਾ ਸੀ।

(ਮਗਰੋਂ 1985 ਵਿੱਚ ਇਸ ਬਾਰੇ ਇੱਕ 'ਮਿਸ਼ਰਾ ਕਮਿਸ਼ਨ' ਬਣਾਉਣ ਦੀ ਕਾਗ਼ਜ਼ੀ ਕਾਰਵਾਈ ਵੀ ਕੀਤੀ ਗਈ। ਕਮਿਸ਼ਨ ਵੱਲੋਂ 1986 ਵਿਚ ਇਕ ਰਿਪੋਰਟ ਤਿਆਰ ਕੀਤੀ ਗਈ। ਇਸ ਰਿਪੋਰਟ ਨੂੰ ਰਾਜੀਵ ਦੀ ਹਦਾਇਤ 'ਤੇ ਲਿਖਿਆ ਗਿਆ ਤੇ ਛੋਟੇ-ਮੋਟੇ ਪੁਲਸੀਆਂ ਅਤੇ ਨਿੱਕੇ ਮੋਟੇ ਕਾਂਗਰਸੀਆਂ ਤੇ ਥੋੜ੍ਹਾ ਬਹੁਤ ਨਜ਼ਲਾ ਸੁੱਟ ਕੇ ਸਾਰੇ ਵੱਡੇ-ਵੱਡੇ ਕਾਤਲਾਂ ਨੂੰ ਸੁਰਖਰੂ ਕਰਨ ਦਾ ਡਰਾਮਾ ਕੀਤਾ ਗਿਆ ਸੀ। ਇਸ 'ਰਿਪੋਰਟ' ਨੂੰ ਪੜ੍ਹਨ ਤੋਂ ਇੰਜ ਲਗਦਾ ਏ ਜਿਵੇਂ ਕੋਈ ਕਾਂਗਰਸੀ ਲੈਕਚਰ ਕਰ ਰਿਹਾ ਹੋਵੇ, ਨਾ ਕਿ ਇਹ ਕਿਸੇ ਕਮਿਸ਼ਨ ਦੀ ਰਿਪੋਰਟ ਹੋਵੇ)। ਇਸ ਮਗਰੋਂ ਹੋਰ ਵੀ ਦਸ ਕਮਿਸ਼ਨ ਅਤੇ ਕਮੇਟੀਆਂ ਬਣਾਈਆਂ ਗਈਆਂ ਜੋ ਡਰਾਮਾ ਕਰ ਕੇ ਖਤਮ ਹੁੰਦੀਆਂ ਗਈਆਂ। ਇਸ ਕਮਿਸ਼ਨਾਂ ਅਤੇ ਕਮੇਟੀਆਂ ਸਬੰਧੀ ਪੂਰੀ ਤਫ਼ਸੀਲ ਕਿਤਾਬ 'ਦ ਟਰੀ ਦੈਟ ਸ਼ੁਕ ਦ ਲੈਂਡ' (ਲੇਖਕ ਹਰਵਿੰਦਰ ਸਿੰਘ ਫੂਲਕਾ ਤੇ ਮਨੋਜ ਮਿੱਟਾ) ਵਿਚ ਪੇਸ਼ ਹੈ।

ਮਿਸ਼ਰਾ ਮਿਕਸ਼ਨ ਦੇ ਡਰਾਮੇ ਦੌਰਾਨ ਜਦ ਖਾਤਕੂਆਂ ਨੇ ਵੇਖਿਆ ਕਿ ਰਾਜੀਵ ਗਾਂਧੀ ਨੇ ਕਤਲੇਆਮ ਕਰਵਾਉਣ ਵਾਲਿਆਂ ਨੂੰ ਵਜ਼ੀਰੀਆਂ ਅਤੇ ਹੋਰ ਅਹੁਦੇ ਦੇ ਦਿੱਤੇ ਹਨ ਅਤੇ ਕਿਸੇ ਮੁਜਰਮ ਨੂੰ ਸਜ਼ਾ ਮਿਲਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ ਤਾਂ ਉਨ੍ਹਾਂ ਨੇ ਆਪ ਇਨ੍ਹਾਂ ਨੂੰ ਸਜ਼ਾ

ਦੇਣ ਦਾ ਫ਼ੈਸਲਾ ਕਰ ਲਿਆ। ਇਸ ਫ਼ੈਸਲੇ ਉਤੇ ਅਮਲ ਵਜੋਂ ਹਰਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਸੁੱਖਾ, ਰਣਜੀਤ ਸਿੰਘ ਗਿੱਲ ਤੇ ਸੁਖਵਿੰਦਰ ਸਿੰਘ ਕੁੱਕੀ ਨੇ, 31 ਜੁਲਾਈ 1985 ਦੇ ਦਿਨ, ਲਲਿਤ ਮਾਕਨ ਨੂੰ ਉਸ ਦੇ ਘਰ ਦੇ ਬਾਹਰ ਕੀਰਤੀ ਨਗਰ ਦਿੱਲੀ ਵਿਚ ਕਤਲ ਕਰ ਦਿੱਤਾ। ਗੋਲੀਆਂ ਦੀ ਵਾਛੜ ਵਿਚ ਉਸ ਦੀ ਪਤਨੀ ਗੀਤਾਂਜਲੀ ਤੇ ਇਕ ਹੋਰ ਵੀ ਮਾਰੇ ਗਏ। (ਮਗਰੋਂ ਖ਼ੂਨੀ ਨਵੰਬਰ ਚੌਰਾਸੀ ਦੌਰਾਨ ਲਲਿਤ ਮਾਕਨ ਦੀਆਂ ਸੇਵਾਵਾਂ ਦੇ ਇਵਜ਼ ਵਿਚ ਰਾਜੀਵ ਗਾਂਧੀ ਨੇ ਲਲਿਤ ਮਾਕਨ ਦੇ ਸਹੁਰੇ ਸ਼ੰਕਰ ਦਿਆਲ ਸ਼ਰਮਾ ਨੂੰ ਭਾਰਤ ਦਾ ਰਾਸ਼ਟਰਪਤੀ ਬਣਾਇਆ)।

1987: ਕਈ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਜੁਲਾਈ 1987 ਵਿਚ ਪੰਜਾਬ ਪੁਲਸ ਨੇ ਹੋਰਨਾਂ ਤੋਂ ਇਲਾਵਾ ਹੇਠ ਲਿਖੇ ਸਿੱਖਾਂ ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤਾ ਸੀ: ਸੁਰਿੰਦਰ ਸਿੰਘ (ਵਾਸੀ ਅਰਜਨਪੁਰਾ), ਹਰੀ ਸਿੰਘ ਬਬਰ (ਪੁੱਤਰ ਮਹਿੰਦਰ ਸਿੰਘ, ਵਾਸੀ ਰਾਹੋਂ, ਜਲੰਧਰ), ਜਸਵਿੰਦਰ ਸਿੰਘ ਬਬਰ ਉਰਫ਼ ਟਿੰਕੂ (ਪੁੱਤਰ ਹਰਬੰਸ ਸਿੰਘ, ਵਾਸੀ ਚੌਕੜਾਂ ਭੋਰਸੀਆ, ਜਲੰਧਰ), ਅਵਤਾਰ ਸਿੰਘ ਪਾੜਾ ਬਬਰ (ਵਾਸੀ ਪੱਧਰੀ ਕਲਾ, ਪੱਟੀ, ਤਰਨਤਾਰਨ)।

1988: ਗੁਰਚਰਨ ਸਿੰਘ, ਸਤਨਾਮ ਸਿੰਘ ਸੱਤਾ, ਜਗੀਰ ਸਿੰਘ ਹੀਰਾ ਤੇ ਗੁਰਚਰਨ ਸਿੰਘ ਦਾਊ ਕਲਾਂ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

31 ਜੁਲਾਈ 1988 ਦੇ ਦਿਨ ਪੰਜਾਬ ਪੁਲਸ ਨੇ ਗੁਰਚਰਨ ਸਿੰਘ, ਸਤਨਾਮ ਸਿੰਘ ਸੱਤਾ, ਜਗੀਰ ਸਿੰਘ ਹੀਰਾ ਤੇ ਗੁਰਚਰਨ ਸਿੰਘ (ਵਾਸੀ ਦਾਊ ਕਲਾਂ, ਨੇੜੇ ਬਹਾਦਰ ਗੜ੍ਹ, ਪਟਿਆਲਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1989: ਬਲਵੰਤ ਸਿੰਘ ਗੋਮੀਵਾਲਾ ਤੇ ਗੁਰਚਰਨ ਸਿੰਘ ਦੌਣ ਕਲਾਂ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

31 ਜੁਲਾਈ 1989 ਦੇ ਦਿਨ ਪੰਜਾਬ ਪੁਲਸ ਨੇ ਬਲਵੰਤ ਸਿੰਘ (ਪੁੱਤਰ ਗੁਰਮੇਜ ਸਿੰਘ, ਵਾਸੀ ਗੋਮੀਵਾਲਾ) ਤੇ ਗੁਰਚਰਨ ਸਿੰਘ (ਪੁੱਤਰ ਰਘਵੀਰ ਸਿੰਘ, ਵਾਸੀ ਦੌਣ ਕਲਾਂ, ਜ਼ਿਲ੍ਹਾ ਪਟਿਆਲਾ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ ਗਏ। ਇਸੇ ਦਿਨ ਹੀ ਦਿਨ ਪੰਜਾਬ ਪੁਲਸ ਨੇ ਖੜਕ ਸਿੰਘ ਉਰਫ਼ ਇੰਦਰਜੀਤ ਸਿੰਘ (ਵਾਸੀ ਬਗਰਾਊ, ਜਲਨੈਰ), ਨਿਸ਼ਾਨ ਸਿੰਘ (ਵਾਸੀ ਰਾਣੀਆ), ਜੋਗਿੰਦਰ ਸਿੰਘ (ਵਾਸੀ ਜਗਦੇਵ ਕਲਾ, ਅੰਮ੍ਰਿਤਸਰ), ਸਰਬਜੀਤ ਸਿੰਘ ਸੱਬਾ (ਵਾਸੀ ਨਾਗੋਕੇ, ਅੰਮ੍ਰਿਤਸਰ), ਦਵਿੰਦਰ ਸਿੰਘ (ਵਾਸੀ ਹਲਵਾਰਾ, ਲੁਧਿਆਣਾ), ਭਗਵੰਤ ਸਿੰਘ ਕਾਲਾ ਉਰਫ਼ ਬੁਲੇਟ (ਵਾਸੀ ਮਾਹਣੇ ਮੱਲੀਆਂ), ਸੁਖਵਿੰਦਰ ਸਿੰਘ (ਵਾਸੀ ਬੰਗਾਲੀਪੁਰ, ਅੰਮ੍ਰਿਤਸਰ) ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਦਰਜਨਾਂ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਜੁਲਾਈ 1990 ਵਿਚ ਪੰਜਾਬ ਪੁਲਸ ਨੇ ਹੋਰਨਾਂ ਤੋਂ ਇਲਾਵਾ ਹੇਠ ਲਿਖੇ ਸਿੱਖਾਂ ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤਾ ਸੀ: ਸੇਵਕ ਸਿੰਘ (ਵਾਸੀ ਰੁੱਖੇ ਕਲਾ, ਫ਼ੀਰੋਜ਼ਪੁਰ), ਪਲਵਿੰਦਰ ਸਿੰਘ ਭਿੰਦਾ (ਵਾਸੀ ਸੋਹਲ, ਅੰਮ੍ਰਿਤਸਰ), ਹਰਜੀਤ ਸਿੰਘ ਭੋਏ, ਕੰਵਲਜੀਤ ਸਿੰਘ (ਵਾਸੀ ਵਿੰਝਵਾਂ), ਗੁਰਬਖਸ ਸਿੰਘ ਘੁੱਕਰ (ਵਾਸੀ ਸੋਢੀ ਵਾਲਾ), ਰਣਜੋਧ ਸਿੰਘ ਬਬਰ, ਉਰਫ਼ ਪੱਪੂ (ਵਾਸੀ ਸਖੀਰਾ, ਅੰਮ੍ਰਿਤਸਰ), ਭਾਈ ਹਰਭਜਨ ਸਿੰਘ (ਵਾਸੀ ਬੀਬੀਪੁਰ, ਪਟਿਆਲਾ),

ਜਗੀਰ ਸਿੰਘ (ਵਾਸੀ ਕਾਦਰਾਬਾਦ), ਕ੍ਰਿਪਾ ਸਿੰਘ ਢਿੱਲੋ (ਵਾਸੀ ਜਵੰਦੀ ਖੁਰਦ), ਮੁਖਤਾਰ ਸਿੰਘ ਮੁੱਖਾ (ਵਾਸੀ ਕਰਮੂਵਾਲ), ਗੁਰਦੀਪ ਸਿੰਘ ਦੀਪਾ ਉਰਫ਼ ਮਾਲਵਈ (ਵਾਸੀ ਕੰਡਿਆਲ), ਨਿਸ਼ਾਨ ਸਿੰਘ ਚੰਗਿਆੜਾ (ਵਾਸੀ ਜੋਗੇਵਾਲ, ਫ਼ੀਰੋਜਪੁਰ), ਕਸ਼ਮੀਰ ਸਿੰਘ ਜੱਗਾ (ਵਾਸੀ ਜੋਗੇਵਾਲ), ਮੇਜਰ ਸਿੰਘ (ਵਾਸੀ ਨਦੋਹਰ), ਗੁਰਭੇਜ ਸਿੰਘ ਭੇਜਾ (ਵਾਸੀ ਜਸਪਾਲ), ਮੇਜਰ ਸਿੰਘ (ਵਾਸੀ ਲੋਹਗੜ੍ਹ), ਨਰਿੰਦਰ ਸਿੰਘ (ਵਾਸੀ ਸਠਿਆਲਾ), ਅਮਰਜੀਤ ਸਿੰਘ (ਵਾਸੀ ਬੁਟਾਰੀ), ਰਤਨ ਸਿੰਘ ਰੱਤਾ (ਵਾਸੀ ਕੋਹਾੜਕਾ), ਪੂਰਨ ਸਿੰਘ (ਵਾਸੀ ਕੋਹੜਕਾ), ਅਮਰਜੀਤ ਸਿੰਘ (ਵਾਸੀ ਪੰਨਵਾ, ਗੁਰਦਾਸਪੁਰ), ਨਿਸ਼ਾਨ ਸਿੰਘ ਬਬਰ (ਵਾਸੀ ਸ਼ੇਰਪੁਰ), ਨਛੱਤਰ ਸਿੰਘ ਬਬਰ (ਵਾਸੀ ਫ਼ਤਹਿਗੜ੍ਹ ਸਭਰਾ) ਤੇ ਗੁਰਨਾਮ ਸਿੰਘ ਬਬਰ (ਵਾਸੀ ਰਸੂਲਪੁਰ ਠਾੜ੍ਹ)।

1991: ਸਲਵੰਤ ਸਿੰਘ ਜਿਓਬਾਲਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

31 ਜੁਲਾਈ 1991 ਦੇ ਦਿਨ ਸਲਵੰਤ ਸਿੰਘ (ਪੁੱਤਰ ਮੁਖਤਾਰ ਸਿੰਘ, ਵਾਸੀ ਜਿਓਬਾਲਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

1991: ਦਰਜਨਾਂ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਜੁਲਾਈ 1991 ਵਿਚ ਪੰਜਾਬ ਪੁਲਸ ਨੇ ਹੋਰਨਾਂ ਤੋਂ ਇਲਾਵਾ ਹੇਠ ਲਿਖੇ ਸਿੱਖਾਂ ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤਾ ਸੀ: ਦਰਸ਼ਨ ਸਿੰਘ (ਵਾਸੀ ਵਰਪਾਲ), ਲਖਵਿੰਦਰ ਸਿੰਘ (ਵਾਸੀ ਮੰਮਣਕੇ), ਮੱਸਾ ਸਿੰਘ ਉਰਫ਼ ਫ਼ੌਜੀ (ਵਾਸੀ ਭਿੰਡੀਆਂ ਔਲਖ), ਹਰਬੰਸ ਸਿੰਘ ਘੋਂਟ, ਮੱਸਾ ਸਿੰਘ, ਗੁਰਦੀਪ ਸਿੰਘ, ਬਲਦੇਵ ਸਿੰਘ (ਵਾਸੀ ਬਾਉਲੀ ਇੰਦਰਜੀਤ),ਤਾਰਾ ਸਿੰਘ (ਵਾਸੀ ਸਿਆਲਕਾ, ਅੰਮ੍ਰਿਤਸਰ), ਰੇਸ਼ਮ ਸਿੰਘ ਡੀ.ਸੀ., ਭਗਵੰਤ ਸਿੰਘ ਮੁੱਛ (ਵਾਸੀ ਰਟੌਲ), ਪਰਮਿੰਦਰ ਸਿੰਘ ਸੰਧੂ ਉਰਫ਼ ਬਿੱਟੂ ਉਰਫ਼ ਮਿੰਨੀ ਜਿੰਦਾ, ਉਰਫ਼ ਫਤਹਿ ਸਿੰਘ (ਵਾਸੀ ਵਰਿਆਨ), ਜਰਮਨ ਸਿੰਘ (ਵਾਸੀ ਚੰਨਣਕੇ)।

1992: ਨਿਰਮਲ ਸਿੰਘ ਮਲਕਪੁਰ, ਸ਼ਿੰਦਰਪਾਲ ਸਿੰਘ ਗੁਰਦਾਸ ਨੰਗਲ ਤੇ ਹੋਰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

ਇਕੱਤੀ ਜੁਲਾਈ 1992 ਦੇ ਦਿਨ ਨਿਰਮਲ ਸਿੰਘ (ਵਾਸੀ ਮਲਕਪੁਰ ਕਪੂਰਥਲਾ), ਸ਼ਿੰਦਰਪਾਲ ਸਿੰਘ (ਵਾਸੀ ਗੁਰਦਾਸ ਨੰਗਲ) ਤੇ ਤਿੰਨ ਹੋਰ ਸਿੱਖ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ ਗਏ।

1993: ਕੁਲਵਿੰਦਰ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਇਕੱਤੀ ਜੁਲਾਈ 1993 ਦੇ ਦਿਨ ਪੁਲਸ ਨੇ ਕੁਲਵਿੰਦਰ ਸਿੰਘ (ਪੁੱਤਰ ਹਰਨੇਕ ਸਿੰਘ, ਵਾਸੀ ਕਪਿਆਲ, ਜ਼ਿਲ੍ਹਾ ਸੰਗਰੂਰ) ਨੂੰ ਇਕ ਨਕਲੀ ਮੁਕਾਬਲੇ 'ਚ ਸ਼ਹੀਦ ਕਰ ਦਿੱਤਾ।

1994: ਰਣਜੀਤ ਸਿੰਘ ਜਾਖਲਾਂ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਇਕੱਤੀ ਜੁਲਾਈ 1994 ਦੇ ਦਿਨ ਪੁਲਸ ਨੇ ਰਣਜੀਤ ਸਿੰਘ (ਪੁੱਤਰ ਗੁਰਦੇਵ ਸਿੰਘ, ਵਾਸੀ ਜਾਖਲਾਂ, ਜ਼ਿਲ੍ਹਾ ਸੰਗਰੂਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2012: ਜਸਬੀਰ ਸਿੰਘ ਆਹਲੂਵਾਲੀਆ ਅਹੁਦੇ ਤੋਂ ਮੁਅੱਤਲ

31 ਜੁਲਾਈ 2012 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫ਼ਤਹਿਗੜ੍ਹ ਸਾਹਿਬ ਵਿਚ ਆਪਣੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਜਸਬੀਰ ਸਿੰਘ ਆਹਲੂਵਾਲੀਆ ਨੂੰ ਕਈ ਦੋਸ਼ ਲਾ ਕੇ ਅਹੁਦੇ ਤੋਂ ਮੁਅੱਤਲ ਕਰ ਦਿੱਤਾ (ਮਗਰੋਂ ਸ਼੍ਰੋਮਣੀ ਕਮੇਟੀ ਅਤੇ ਆਹਲੂਵਾਲੀਆ ਨੇ ਇਕ ਦੂਜੇ 'ਤੇ ਮੁਕੱਦਮੇ ਵੀ ਕੀਤੇ ਤੇ ਅਖ਼ੀਰ ਸਮਝੌਤਾ ਕਰ ਕੇ ਆਪੋ ਆਪਣੀ ਕੇਸ ਵਾਪਿਸ ਵੀ ਲੈ ਲਏ)।

2014: ਭਨਿਆਰਾ 'ਤੇ ਹਮਲਾ ਕਰਨ ਵਾਲੇ ਨੌਜਵਾਨਾਂ ਨੂੰ 10-10 ਸਾਲ ਕੈਦ

27 ਜਨਵਰੀ 2011 ਦੇ ਦਿਨ ਪਿਆਰਾ ਭਨਿਆਰਾ 'ਤੇ ਪਲਾਸਟਿਕ ਦੇ ਚਾਕੂਆਂ ਨਾਲ ਹਮਲਾ ਕਰਨ ਵਾਲੇ 3 ਨੌਜਵਾਨਾਂ (ਹਰਵਿੰਦਰ ਸਿੰਘ ਰੌਣੀ, ਲੁਧਿਆਣਾ, ਧਰਮਿੰਦਰ ਸਿੰਘ ਫੈਦਨਪੁਰ, ਫ਼ਤਹਿਗੜ੍ਹ ਸਾਹਿਬ ਤੇ ਗੁਰਵਿੰਦਰ ਸਿੰਘ ਰਾਜੇਵਾਲ, ਲੁਧਿਆਣਾ) ਨੂੰ 31 ਜੁਲਾਈ 2014 ਦੇ ਦਿਨ ਅਦਾਲਤ ਨੇ 10-10 ਸਾਲ ਕੈਦ ਦੀ ਸਜ਼ਾ ਸੁਣਾਈ। ਉਨ੍ਹਾਂ ਦੇ ਹਮਲੇ ਨਾਲ ਭਨਿਆਰੇ ਵਾਲੇ ਦੇ ਸਿਰ, ਕੰਨ ਤੇ ਹੀਕ 'ਤੇ ਸੱਟਾਂ ਲੱਗੀਆ ਸਨ।

2014: ਅਕਾਲ ਤਖ਼ਤ ਦੇ ਪੁਜਾਰੀ ਦਾ ਹੁਕਮ ਮਨਾਉਣ ਵਾਸਤੇ ਇਸ਼ਤਿਹਾਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰਿਆਣੇ ਦੇ ਸਿੱਖਾਂ ਵੱਲੋਂ ਗੁਰਬਚਨ ਸਿਘ ਪੁਜਾਰੀ ਦਾ 'ਹੁਕਮ' ਮਨਣ ਤੋਂ ਨਾਂਹ ਕਰਨ ਨਾਲ ਅਕਾਲ ਤਖ਼ਤ ਦੇ ਪੁਜਾਰੀਆਂ ਦੀ ਬਹੁਤ ਹੇਠੀ ਹੋਈ। ਇਸ 'ਤੇ ਸ਼੍ਰੋਮਣੀ ਕਮੇਟੀ ਨੇ ਅਖ਼ਬਾਰਾਂ ਵਿਚ (ਅਜੀਤ 31 ਜੁਲਾਈ 2014 ਤੇ ਹੋਰ) ਇਸ਼ਤਿਹਾਰ ਦੇ ਕੇ ਹੁਕਮਨਾਮਾ ਮੰਨਣ ਦੀ ਅਪੀਲ ਕਰ ਕੇ ਤਰਲਾ ਲਿਆ।

1 ਅਗਸਤ

1863: ਮਹਾਰਾਣੀ ਜਿੰਦਾਂ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਈ

ਲਾਰਡ ਡਲਹੌਜ਼ੀ ਨੇ ਰਾਣੀ ਜਿੰਦਾਂ ਬਾਰੇ ਇਕ ਵਾਰ ਲਿਖਿਆ ਸੀ ਕਿ "ਪੰਜਾਬ ਵਿਚ ਇਕੱਲੀ ਰਾਣੀ ਜਿੰਦ ਕੌਰ ਹੀ 'ਮਰਦਾਨਗੀ ਵਾਲੀ ਹਸਤੀ' ਰਖਦੀ ਹੈ।" ਇਹੀ ਕਾਰਨ ਸੀ ਕਿ ਅੰਗਰੇਜ਼ ਉਸ ਤੋਂ ਬਹੁਤ ਡਰਦੇ ਸਨ ਤੇ ਉਸ ਨੂੰ ਕੈਦ ਕਰ ਲਿਆ ਗਿਆ। ਕੁਝ ਚਿਰ ਮਗਰੋਂ, 16 ਮਈ 1848 ਦੇ ਦਿਨ, ਉਸ ਨੂੰ ਇਕ ਕੈਦੀ ਵਜੋਂ, ਬਨਾਰਸ ਲਿਜਾਇਆ ਗਿਆ ਸੀ। ਬਨਾਰਸ ਕਿਲ੍ਹੇ ਵਿੱਚੋਂ ਵੀ ਉਸ ਦਾ ਰਾਬਤਾ ਭਾਈ ਮਹਾਰਾਜ ਸਿੰਘ ਅਤੇ ਚਤਰ ਸਿੰਘ ਅਟਾਰੀਵਾਲਾ ਨਾਲ ਬਣਿਆ ਹੋਇਆ ਸੀ। ਜਦ ਇਸ ਗੱਲ ਦਾ ਪਤਾ ਅੰਗਰੇਜ਼ਾਂ ਨੂੰ ਲੱਗਿਆ ਤਾਂ ਉਨ੍ਹਾਂ ਨੇ ਰਾਣੀ ਦੀ ਸਕਿਉਰਿਟੀ ਵਧਾਉਣ ਦੀ ਬਜਾਏ ਉਸ ਨੂੰ ਹਿੰਦੁਸਤਾਨ (ਹੁਣ ਯੂ.ਪੀ.) ਵਿਚ ਚਿਨਾਰ ਦੇ ਸਭ ਤੋਂ ਵਧ ਮਹਿਫ਼ੂਜ਼ ਕਿਲ੍ਹੇ ਵਿਚ ਭੇਜਣ ਦਾ ਫ਼ੈਸਲਾ ਕਰ ਲਿਆ। ਇਹ ਗੱਲ ਮਾਰਚ 1849 ਦੇ ਅਖ਼ੀਰਲੇ ਦਿਨਾਂ ਦੀ ਹੈ। ਜਦ ਰਾਣੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਰੋਣ ਲਗ ਪਈ ਤੇ ਇਸ ਦਾ ਡੱਟਵਾਂ ਵਿਰੋਧ ਕੀਤਾ। ਜਦ ਉਸ ਨੂੰ ਜ਼ਬਰਦਸਤੀ ਲਿਜਾਉਣ ਦੀ ਧਮਕੀ ਦਿੱਤੀ ਗਈ ਤਾਂ ਮਜਬੂਰਨ ਉਸ ਨੂੰ ਜਾਣਾ ਪਿਆ। ਉਸ ਨੂੰ ਚਿਨਾਰ ਪਹੁੰਚਾਉਣ ਵਾਸਤੇ ਇਕ ਵੱਡੀ ਫ਼ੌਜ ਵੀ ਨਾਲ ਭੇਜੀ ਗਈ। ਇਸ ਫ਼ੌਜ ਦੀ ਅਗਵਾਈ ਮੇਜਰ ਮੈਕਗਰੈਗਰ ਖ਼ੁਦ ਆਪ ਕਰ ਰਿਹਾ ਸੀ। ਚਿਨਾਰ ਪਹੁੰਚ ਕੇ ਮੇਜਰ ਮੈਕਗਰੇਗਰ ਨੇ ਰਾਣੀ ਨੂੰ ਕੈਪਟਨ ਰੀਅਸ ਦੇ ਹਵਾਲੇ ਕਰਦਿਆਂ ਕਿਹਾ ਕਿ ਉਹ ਰਾਣੀ ਦੀ ਆਵਾਜ਼ ਪਛਾਣ ਲਵੇ ਅਤੇ ਹਰ ਰੋਜ਼ ਅੰਦਰ ਜਾ ਕੇ ਉਸ ਦੀ ਕੋਠੜੀ ਵਿਚ ਉਸ ਨੂੰ ਵੇਖ ਕੇ ਆਵੇ। ਕਿਉਂਕਿ ਰਾਣੀ ਨੇ ਪਰਦੇ ਵਿਚ ਹੋਣਾ ਸੀ, ਉਸ ਨੂੰ ਉਸ ਦੀ ਆਵਾਜ਼ ਤੋਂ ਪਛਾਣਿਆ ਜਾਣਾ ਸੀ। 5 ਤੋਂ 15 ਅਪਰੈਲ 1849 ਤਕ ਕੈਪਟਨ ਰੀਅਸ ਹਰ ਰੋਜ਼ ਰਾਣੀ ਦੇ ਕਮਰੇ ਵਿਚ ਜਾ ਕੇ ਉਸ ਦੀ ਆਵਾਜ਼ ਦੀ ਸ਼ਨਾਖ਼ਤ

ਕਰ ਕੇ ਉਸ ਦੀ 'ਹਾਜ਼ਰੀ' ਲਾਉਂਦਾ ਰਿਹਾ। ਦਰਅਸਲ ਰਾਣੀ ਜਿੰਦਾਂ ਤਾਂ 6 ਅਪਰੈਲ ਨੂੰ ਹੀ ਕਿਲ੍ਹੇ ਵਿੱਚੋਂ ਨਿਕਲ ਚੁਕੀ ਸੀ।

ਚਿਨਾਰ ਵਿਚੋਂ ਨਿਕਲ ਕੇ ਰਾਣੀ ਜਿੰਦਾਂ ਪਹਿਲਾਂ ਪਟਨਾ ਪੁੱਜੀ ਤੇ ਫਿਰ ਨੈਪਾਲ ਨੂੰ ਚਲੀ ਗਈ। ਉਹ 29 ਅਪਰੈਲ 1849 ਦੇ ਦਿਨ ਕਠਮੰਡੂ ਪੁੱਜੀ। ਇੱਥੇ ਉਸ ਨੇ ਨੈਪਾਲ ਦੇ ਰਾਜੇ ਤੋਂ ਅੰਗਰੇਜ਼ਾਂ ਦੇ ਖ਼ਿਲਾਫ਼ ਮਦਦ ਮੰਗੀ ਪਰ ਉਸ ਵਿਚਾਰੇ ਕੋਲ ਏਡੀ ਵੱਡੀ ਤਾਕਤ ਦੇ ਖ਼ਿਲਾਫ਼ ਖੜ੍ਹੇ ਹੋਣ ਜੋਗੀ ਜਾਨ ਕਿੱਥੇ ਸੀ? ਰਾਣੀ ਜਿੰਦਾਂ ਨੇ ਜੰਮੂ ਦੇ ਗੁਲਾਬ ਸਿੰਘ ਡੋਗਰਾ ਨਾਲ ਵੀ ਰਾਬਤਾ ਬਣਾਇਆ ਪਰ ਉਹ ਤਾਂ ਖ਼ੁਦ ਅੰਗਰੇਜ਼ਾਂ ਦੇ ਨਾਲ ਮਿਲਿਆ ਹੋਇਆ ਸੀ (ਜਿੰਦਾਂ ਏਨੀ ਭੋਲੀ ਸੀ ਕਿ ਉਹ ਆਪਣੇ ਸਭ ਤੋਂ ਵੱਡੇ ਦੁਸ਼ਮਣਾਂ ਨੂੰ ਵੀ ਨਹੀਂ ਪਛਾਣਦੀ ਸੀ)। ਗੁਲਾਬ ਸਿੰਘ ਨੇ ਰਾਣੀ ਦੀ ਮਦਦ ਕਰਨ ਦੀ ਬਜਾਇ ਇਹ ਸਾਰੀ ਜਾਣਕਾਰੀ ਅੰਗਰੇਜ਼ਾਂ ਨੂੰ ਦੇ ਦਿੱਤੀ।

ਸਾਰੇ ਪਾਸਿਓਂ ਬੇ-ਉਮੀਦ ਹੋ ਕੇ ਅਖ਼ੀਰ ਰਾਣੀ ਨੇ ਹੌਸਲਾ ਛੱਡ ਦਿੱਤਾ। 1856 ਵਿਚ ਰਾਣੀ ਨੇ ਅੰਗਰੇਜ਼ਾਂ ਤਕ ਪਹੁੰਚ ਕਰ ਕੇ ਆਪਣੇ ਪੁੱਤਰ ਕੋਲ ਇੰਗਲੈਂਡ ਜਾਣ ਦੀ 'ਇਜਾਜ਼ਤ' ਮੰਗੀ। ਪਰ ਅੰਗਰੇਜ਼ਾਂ ਨੇ ਉਸ ਨੂੰ ਇਸ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ। ਉਹ ਨਹੀਂ ਸੀ ਚਾਹੁੰਦੇ ਕਿ ਜਿੰਦਾਂ ਦਲੀਪ ਸਿੰਘ ਕੋਲ ਜਾਵੇ ਤੇ ਉਸ ਦੇ ਅੰਦਰ ਸਿੱਖ-ਜਜ਼ਬਾਤ ਮੁੜ ਜ਼ਿੰਦਾ ਕਰੇ। 1857 ਵਿਚ ਕੁਝ ਰਜਵਾੜਿਆਂ ਤੇ ਹੋਰਨਾਂ ਨੇ ਅੰਗਰੇਜ਼ਾਂ ਦੇ ਖ਼ਿਲਾਫ਼ ਬਗ਼ਾਵਤ ਕਰ ਦਿੱਤੀ। ਕਿਉਂਕਿ ਰਾਣੀ ਨੂੰ ਅੰਗਰੇਜ਼ਾਂ ਨੇ ਪੱਲਾ ਨਹੀਂ ਸੀ ਫੜਾਇਆ ਇਸ ਵਾਸਤੇ ਰਾਣੀ ਨੇ ਕੁਝ ਸਿੱਖਾਂ ਨੂੰ ਖ਼ਤ ਵੀ ਲਿਖ ਕੇ ਇਨ੍ਹਾਂ ਗ਼ਦਰੀਆਂ ਦੀ ਮਦਦ ਕਰਨ ਵਾਸਤੇ ਕਿਹਾ। ਪਰ ਇਸ ਵੇਲੇ ਤਕ ਆਮ ਸਿੱਖ ਨਿਰਾਸ ਹੋ ਕੇ ਬੈਠ ਚੁਕੇ ਸਨ ਤੇ ਉਹ ਕੋਈ ਰੋਲ ਅਦਾ ਕਰਨ ਦੀ ਰੌਅ ਵਿਚ ਨਹੀਂ ਸਨ। ਦੂਜਾ 1857 ਦੇ ਗ਼ਦਰ ਵਿਚ ਮੁਗ਼ਲ ਬਾਦਸ਼ਾਹ, ਮੁਤੱਸਬੀ ਮੌਲਵੀ ਤੇ ਪੂਰਬੀਏ (ਹਿੰਦੂਸਤਾਨੀ) ਰਜਵਾੜੇ, ਜਗੀਰਦਾਰ ਤੇ ਫ਼ੌਜੀ ਸ਼ਾਮਿਲ ਸਨ। ਇਨ੍ਹਾਂ ਵਿਚੋਂ ਬਹੁਤੇ ਉਹੀ ਫ਼ੌਜੀ ਸਨ ਜਿਨ੍ਹਾਂ ਨੇ ਲਾਹੌਰ 'ਤੇ ਅੰਗਰੇਜ਼ੀ ਫ਼ੌਜ ਦੇ ਹਮਲੇ ਵਿਚ ਸਿੱਖਾਂ ਦੇ ਖ਼ਿਲਾਫ਼ ਜੰਗ ਲੜੀ ਸੀ ਤੇ ਪੰਜਾਬ ਨੂੰ ਅੰਗਰੇਜ਼ਾਂ ਦਾ ਗ਼ੁਲਾਮ ਬਣਾਇਆ ਸੀ। ਖ਼ੈਰ, ਪੰਜਾਬ ਹੀ ਨਹੀਂ ਮਹਾਂਰਾਸ਼ਟਰ, ਰਾਜਪੂਤਾਨਾ, ਮਦਰਾਸ ਤੇ ਦਰਜਨਾਂ ਹੋਰ ਹਿੰਦੂ ਰਾਜਿਆਂ ਨੇ ਵੀ ਗ਼ਦਰੀਆਂ ਦਾ ਸਾਥ ਨਾ ਦਿੱਤਾ। ਇਸ ਕਰ ਕੇ ਗ਼ਦਰ ਫ਼ੇਲ੍ਹ ਹੋ ਗਿਆ। ਇਸ ਮਗਰੋਂ ਰਾਣੀ ਦੀ ਇਹ ਆਸ ਵੀ ਖ਼ਤਮ ਹੋ ਗਈ।

1860 ਵਿਚ ਰਾਣੀ ਨੇ ਫੇਰ ਅੰਗਰੇਜ਼ੀ ਸਰਕਾਰ ਨੂੰ ਅਪੀਲ ਕੀਤੀ ਕਿ ਉਸ ਨੂੰ ਆਪਣੇ ਪੁੱਤਰ ਕੋਲ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਇਸ ਵਕਤ ਰਾਣੀ ਦੀ ਉਮਰ ਚਾਲ੍ਹੀ ਸਾਲ ਦੇ ਕਰੀਬ ਸੀ। ਉਹ ਸਾਰੇ ਪਾਸਿਓਂ ਹਾਰ ਚੁਕੀ ਸੀ, ਬੇਦਿਲ ਹੋ ਚੁਕੀ ਸੀ ਤੇ ਸਾਰੀਆਂ ਉਮੀਦਾਂ ਖ਼ਤਮ ਕਰ ਚੁਕੀ ਸੀ। ਅੰਗਰੇਜ਼ ਇਹ ਸਾਰਾ ਕੁਝ ਜਾਣਦੇ ਸਨ। ਉਧਰ ਦਲੀਪ ਸਿੰਘ ਸਿੱਖੀ ਜਾਂ ਰਾਜ ਕਰਨ ਦੇ ਸੁਫ਼ਨੇ ਭੁੱਲ ਚੁਕਾ ਸੀ ਤੇ ਇੰਗਲੈਂਡ ਵਿਚ ਇਕ ਆਮ ਅੱਯਾਸ਼ ਈਸਾਈ ਸ਼ਹਿਜ਼ਾਦੇ ਵਾਂਗ ਜੀਅ ਰਿਹਾ ਸੀ। ਅੰਗਰੇਜ਼ ਮਹਿਸੂਸ ਕਰਦੇ ਸਨ ਕਿ ਹੁਣ ਰਾਣੀ ਦਲੀਪ ਸਿੰਘ 'ਤੇ ਕੋਈ ਅਸਰ ਨਹੀਂ ਪਾ ਸਕੇਗੀ। ਅਖ਼ੀਰ ਉਨ੍ਹਾਂ ਨੇ 1861 ਵਿਚ ਰਾਣੀ ਨੂੰ ਇੰਗਲੈਂਡ ਜਾਣ ਦੀ ਇਜਾਜ਼ਤ ਦੇ ਦਿੱਤੀ। ਕੁਝ ਮਹੀਨਿਆਂ ਮਗਰੋਂ ਦਲੀਪ ਸਿੰਘ ਬੰਬਈ ਆਇਆ ਅਤੇ ਆਪਣੀ ਮਾਂ ਨੂੰ 13 ਸਾਲ ਮਗਰੋਂ ਮਿਲਿਆ। ਇਸ ਵੇਲੇ ਉਸ ਨੇ ਸਿਰ-ਮੂੰਹ ਮੁੰਨਿਆ ਹੋਇਆ ਸੀ। ਪੁੱਤਰ ਨੂੰ ਇਸ ਰੂਪ ਵਿਚ ਵੇਖ ਕੇ ਉਹ ਭੁੱਬਾਂ ਮਾਰ ਕੇ ਰੋਈ। ਪਰ ਉਸ ਦੇ ਰੋਣ ਦਾ ਦਲੀਪ ਸਿੰਘ 'ਤੇ ਕੋਈ ਅਸਰ ਨਾ ਹੋਇਆ ਅਤੇ ਉਸ ਨੇ ਸਿੱਖੀ ਸਰੂਪ ਵਿਚ ਆਉਣ ਦਾ ਫੋਕਾ ਵਾਅਦਾ ਵੀ ਨਾ ਕੀਤਾ। ਦਲੀਪ ਸਿੰਘ ਉਸ ਨੂੰ ਆਪਣੇ ਨਾਲ ਇੰਗਲੈਂਡ ਜ਼ਰੂਰ ਲੈ ਗਿਆ। ਉਹ 4 ਮਈ 1861 ਨੂੰ ਇੰਗਲੈਂਡ ਵਾਸਤੇ ਰਵਾਨਾ ਹੋਏ ਤੇ ਜੁਲਾਈ ਵਿਚ ਉੱਥੇ ਪਹੁੰਚ ਗਏ। ਪੁੱਤਰ ਕੋਲ ਪੁੱਜ ਕੇ ਵੀ ਰਾਣੀ ਵਿਚਾਰੀ ਉਦਾਸ ਹੋਣ ਤੋਂ ਸਿਵਾ ਕੁਝ ਵੀ

ਨਹੀਂ ਸੀ ਕਰ ਸਕਦੀ। ਉਹ ਅਕਸਰ ਰੋਂਦੀ ਰਹਿੰਦੀ ਸੀ। ਅਖ਼ੀਰ ਝੁਰਦੀ, ਰੋਂਦੀ, ਤੜਫ਼ਦੀ ਰਾਣੀ ਜਿੰਦਾਂ ਆਪਣੀਆਂ ਅੱਖਾਂ ਦੀ ਜੋਤਿ ਵੀ ਗੁਆ ਬੈਠੀ ਤੇ 'ਹੱਡੀਆਂ ਦੀ ਮੁੱਠ' ਬਣ ਕੇ ਰਹਿ ਗਈ। ਇਹ ਵੀ ਹੋ ਸਕਦਾ ਹੈ ਕਿ ਅੰਗਰੇਜ਼ਾਂ ਨੇ ਡਾਕਟਰਾਂ ਰਾਹੀਂ ਉਸ ਨੂੰ ਦਵਾਈਆਂ ਦੇ ਨਾਂ 'ਤੇ ਜ਼ਹਿਰ ਦੇ ਕੇ ਉਸ ਦਾ ਕੰਡਾ ਕੱਢਣ ਦੀ ਕੋਸ਼ਿਸ਼ ਕੀਤੀ ਹੋਵੇ। ਉਹ ਬਹੁਤੀ ਦੇਰ ਜਿਉਂਦੀ ਨਾ ਰਹੀ ਤੇ ਦੋ ਸਾਲ ਦੇ ਅੰਦਰ-ਅੰਦਰ, ਪਹਿਲੀ ਅਗਸਤ 1863 ਦੇ ਦਿਨ, ਇੰਗਲੈਂਡ ਵਿਚ ਹੀ ਚੜ੍ਹਾਈ ਕਰ ਗਈ। ਇੰਝ (ਲਾਰਡ ਡਲਹੌਜ਼ੀ ਦੇ ਲਫ਼ਜ਼ਾਂ ਵਿਚ) "ਪੰਜਾਬ ਦੀ ਇੱਕੋ-ਇਕ 'ਮਰਦ' ਸ਼ਖ਼ਸੀਅਤ" ਦਿਲਗੀਰ ਹੋ ਕੇ ਇਸ ਦੁਨੀਆਂ ਤੋਂ ਚਲੀ ਗਈ। ਉਸ ਦੀਆਂ ਅਸਥੀਆਂ ਜਲ-ਪ੍ਰਵਾਹ ਕਰਨ ਵਾਸਤੇ ਅੰਗਰੇਜ਼ਾਂ ਨੇ ਉਸ ਦੇ ਪੁੱਤਰ ਨੂੰ ਸਿਰਫ਼ ਬੰਬਈ ਤਕ ਆਉਣ ਦੀ ਇਜਾਜ਼ਤ ਦਿੱਤੀ ਤੇ ਪੰਜਾਬ ਵੱਲ ਮੂੰਹ ਵੀ ਨਾ ਕਰਨ ਦਿੱਤਾ।

1980: ਦਲ ਖ਼ਾਲਸਾ ਨੇ ਖ਼ਾਲਿਸਤਾਨ ਦਾ ਝੰਡਾ ਲਹਿਰਾਇਆ

ਦਲ ਖ਼ਾਲਸਾ ਨੇ 1 ਅਗਸਤ 1980 ਦੇ ਦਿਨ ਪਹਿਲੀ ਵਾਰ ਖ਼ਾਲਿਸਤਾਨ ਦਾ ਝੰਡਾ ਝੁਲਾਇਆ। ਦਰਅਸਲ ਮਾਰਚ 1979 ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹਾਰਨ ਮਗਰੋਂ ਦਲ ਖ਼ਾਲਸਾ ਨੇ ਚੋਣਾਂ ਦੀ ਸਿਆਸਤ ਛੱਡ ਕੇ ਖ਼ਾਲਿਸਤਾਨ ਦੀ ਮੁਹਿੰਮ ਵਿਚ ਤੇਜ਼ੀ ਲਿਆਉਣ ਵਾਸਤੇ ਇਹ ਐਕਸ਼ਨ ਕੀਤਾ ਸੀ।

1984: ਸੰਤਾ ਸਿੰਘ ਨਿਹੰਗ ਨੇ ਅਕਾਲ ਤਖ਼ਤ ਦੀ ਇਮਾਰਤ ਦੀ ਮੁਰੰਮਤ ਸ਼ੁਰੂ ਕੀਤੀ

4 ਜੂਨ 1984 ਦੇ ਫ਼ੌਜੀ ਹਮਲੇ ਵਿਚ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਬੁਰੀ ਤਰ੍ਹਾਂ ਤਬਾਹ ਹੋ ਗਈ ਸੀ। ਅਕਾਲ ਤਖ਼ਤ ਸਾਹਿਬ ਨੂੰ ਪੁਰਾਣੀ ਹਾਲਾਤ ਵਿਚ ਲਿਆਉਣ ਵਾਸਤੇ ਇੰਦਰਾ ਨੇ ਬੂਟਾ ਸਿੰਘ ਦੀ ਡਿਊਟੀ ਲਾਈ। ਬੂਟਾ ਸਿੰਘ ਨੇ ਕਾਰ ਸੇਵਾ ਵਾਲੇ ਬਾਬਾ ਖੜਕ ਸਿੰਘ ਤੇ ਕਈ ਹੋਰ ਬਾਬਿਆਂ ਤਕ ਪਹੁੰਚ ਕੀਤੀ, ਪਰ ਕੋਈ ਵੀ ਸਰਕਾਰ ਦੀ ਸਰਪ੍ਰਸਤੀ ਅਤੇ ਫ਼ੌਜ ਦੀ ਨਿਗਰਾਨੀ ਹੇਠ 'ਕਾਰ ਸੇਵਾ' ਕਰਵਾਉਣ ਵਾਸਤੇ ਨਾ ਮੰਨਿਆ। ਸਾਰਿਆਂ ਦੀ ਇਹੀ ਸ਼ਰਤ ਸੀ ਕਿ ਪਹਿਲਾਂ ਭਾਰਤੀ ਫ਼ੌਜ ਦਰਬਾਰ ਸਾਹਿਬ ਕੰਪਲੈਕਸ ਨੂੰ ਸਿੱਖ-ਸੰਗਤਾਂ ਵਾਸਤੇ ਖੋਲ੍ਹ ਦੇਵੇ ਤੇ ਆਪ ਉੱਥੋਂ ਚਲੀ ਜਾਵੇ, ਫੇਰ ਹੀ ਉਹ ਕਾਰ-ਸੇਵਾ ਕਰਵਾਉਣਗੇ। ਅਖ਼ੀਰ ਇੰਦਰਾ ਨੇ ਆਪਣਾ ਪੁਰਾਣਾ ਮੁਹਰਾ ਸੰਤਾ ਸਿੰਘ ਨਿਹੰਗ ਅੱਗੇ ਲਿਆਂਦਾ। ਉਸ ਦੇ ਨਾਲ ਕਲੇਰਾਂ ਵਾਲੇ ਡੇਰੇ ਦਾ ਸਾਧ ਨਰੈਣ ਸਿੰਘ ਖੜ੍ਹਾ ਕਰ ਕੇ ਸਰਕਾਰੀ ਸੇਵਾ ਨਾਲ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਮੁਰੰਮਤ ਸ਼ੁਰੂ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਪਹਿਲੀ ਅਗਸਤ 1984 ਦੇ ਦਿਨ ਸੰਤਾ ਸਿੰਘ ਨੇ ਰਸਮੀ ਤੌਰ 'ਤੇ ਸਰਕਾਰੀ ਕਾਰ ਸੇਵਾ ਸ਼ੁਰੂ ਕਰ ਦਿੱਤੀ।

1988: ਭੁਪਿੰਦਰ ਸਿੰਘ ਨਕਲੀ ਮੁਕਬਾਲੇ ਵਿਚ ਸ਼ਹੀਦ

ਜੁਲਾਈ 1988 ਦੇ ਆਖ਼ਰੀ ਦਿਨਾਂ ਵਿਚ ਪੰਜਾਬ ਪੁਲਸ ਨੇ ਭੁਪਿੰਦਰ ਸਿੰਘ ਉਰਫ਼ ਸ਼ਰਮਾ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਸੀ (ਪਰ ਇਸ ਦੀ ਖ਼ਬਰ 1 ਅਗਸਤ 88 ਦੇ ਦਿਨ ਪਤਾ ਲੱਗੀ ਸੀ)।

1989: ਜੋਗਾ ਸਿੰਘ ਸੁਰਸਿਘ ਤੇ ਰਣਧੀਰ ਸਿੰਘ ਧੀਰਾ ਨਕਲੀ ਮੁਕਾਬਲੇ ਵਿਚ ਸ਼ਹੀਦ

ਪਹਿਲੀ ਅਗਸਤ 1989 ਦੇ ਦਿਨ ਪੰਜਾਬ ਪੁਲਸ ਨੇ ਜੋਗਾ ਸਿੰਘ (ਪੁੱਤਰ ਗੁਰਚਰਨ ਸਿੰਘ, ਵਾਸੀ ਸੁਰਸਿਘ) ਤੇ ਰਣਧੀਰ ਸਿੰਘ ਉਰਫ਼ ਧੀਰਾ (ਪੁੱਤਰ ਮਾਨ ਸਿੰਘ, ਵਾਸੀ ਮੁੰਡਾ ਪਿੰਡ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1991 ਨਿਰੰਜਨ ਸਿੰਘ, ਰਾਮ ਸਿੰਘ ਚਾਹਲ, ਦਲਜੀਤ ਸਿੰਘ ਤੇ ਸਰਵਨ ਸਿੰਘ ਬਿੱਲਾ ਛਾਪਾ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

ਪਹਿਲੀ ਅਗਸਤ 1991 ਦੇ ਦਿਨ ਪੰਜਾਬ ਪੁਲਸ ਨੇ ਨਿਰੰਜਨ ਸਿੰਘ (ਪੁੱਤਰ ਦਲਬੀਰ ਸਿੰਘ, ਵਾਸੀ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਰਾਮ ਸਿੰਘ ਚਾਹਲ ਉਰਫ਼ ਅਮਰੀਕ ਸਿੰਘ (ਵਾਸੀ ਖਾਨਪੁਰ), ਦਲਜੀਤ ਸਿੰਘ ਉਰਫ਼ ਕੁਲਦੀਪ ਸਿੰਘ ਤੇ ਸਰਵਨ ਸਿੰਘ ਬਿੱਲਾ (ਦੋਵੇਂ ਵਾਸੀ ਛਾਪਾ, ਅੰਮ੍ਰਿਤਸਰ) ਨੂੰ ਵੀ ਪੁਲਸ ਨੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992 ਤੇਜਾ ਸਿੰਘ ਫ਼ਤਹਿਗੜ੍ਹ ਸਿਧਵਾਂ, ਅਵਤਾਰ ਸਿੰਘ ਫ਼ਤਹਿਗੜ੍ਹ ਸਿਧਵਾਂ ਤੇ ਪ੍ਰੇਮ ਸਿੰਘ ਸਠਿਆਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪਹਿਲੀ ਅਗਸਤ 1992 ਦੇ ਦਿਨ ਪੁਲਸ ਨੇ ਤੇਜਾ ਸਿੰਘ (ਪੁੱਤਰ ਬਸੰਤ ਸਿੰਘ, ਵਾਸੀ ਫ਼ਤਹਿਗੜ੍ਹ ਸਿਧਵਾਂ, ਜ਼ਿਲ੍ਹਾ ਲੁਧਿਆਣਾ), ਅਵਤਾਰ ਸਿੰਘ (ਪੁੱਤਰ ਤੇਲੂ ਸਿੰਘ, ਵਾਸੀ ਫ਼ਤਹਿਗੜ੍ਹ ਸਿਧਵਾਂ, ਜ਼ਿਲ੍ਹਾ ਲੁਧਿਆਣਾ) ਤੇ ਪ੍ਰੇਮ ਸਿੰਘ ਉਰਫ਼ ਪ੍ਰੇਮਾ ਉਰਫ਼ ਪੱਪੂ ਉਰਫ਼ ਜਪਾਨੀ (ਪੁੱਤਰ ਅਜੀਤ ਸਿੰਘ, ਵਾਸੀ ਸਠਿਆਲਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1995: ਬਾਦਲ -ਟੌਹੜਾ ਸਮਝੌਤਾ ਮਗਰੋਂ ਨਵੀਂ ਸਾਂਝੀ ਵਰਕਿੰਗ ਕਮੇਟੀ ਬਣੀ

ਭਾਵੇਂ ਬਾਦਲ ਨੂੰ ਛੱਡ ਕੇ ਬਾਕੀ ਅਕਾਲੀ ਦਲਾਂ ਨੇ ਸਾਂਝਾ ਅਕਾਲੀ ਦਲ (ਅੰਮ੍ਰਿਤਸਰ) ਕਾਇਮ ਕਰ ਲਿਆ ਸੀ ਪਰ ਟੌਹੜਾ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ 'ਤੇ ਜੱਫਾ ਕਾਇਮ ਰੱਖਣ ਵਾਸਤੇ ਬਾਦਲ ਨਾਲ ਮਿਲਣ ਵਾਸਤੇ ਤਰਲੇ-ਮੱਛੀ ਹੋ ਰਿਹਾ ਸੀ। ਅਖ਼ੀਰ 13 ਅਪ੍ਰੈਲ 1995 ਨੂੰ ਇਸ ਏਕਤਾ ਦਾ ਰਸਮੀ ਐਲਾਨ ਤਲਵੰਡੀ ਸਾਬੋ ਵਿਚ ਕਰ ਦਿੱਤਾ ਗਿਆ ਸੀ, ਪਰ ਅਗਲੇ ਦਿਨ ਵੀ ਦਲ ਦੀ ਬਣਤਰ ਬਾਰੇ ਕੋਈ ਫ਼ੈਸਲਾ ਨਾ ਹੋ ਸਕਿਆ। ਅਖ਼ੀਰ ਬਾਦਲ-ਟੌਹੜਾ ਧੜਾ ਨੇ ਪਹਿਲੀ ਅਗਸਤ ਨੂੰ 18 ਮੈਂਬਰੀ ਸਾਂਝੀ ਐਗਜ਼ੈਕਟਿਵ ਦਾ ਐਲਾਨ ਕਰ ਦਿੱਤਾ। ਇਸ ਐਲਾਨ ਮੁਤਾਬਿਕ ਆਤਮਾ ਸਿੰਘ ਨੂੰ ਇਸ ਦਲ ਦਾ ਸਰਪਰਸਤ ਬਣਾਇਆ ਗਿਆ। ਐਗਜ਼ੈਕਟਿਵ ਵਿਚ ਟੌਹੜਾ, ਬਰਨਾਲਾ, ਜਗਦੇਵ ਸਿੰਘ ਤਲਵੰਡੀ, ਠੇਕੇਦਾਰ ਸੁਰਜਨ ਸਿੰਘ, ਕੁਲਦੀਪ ਸਿੰਘ ਵਡਾਲਾ, ਪ੍ਰਕਾਸ਼ ਸਿੰਘ ਮਜੀਠਾ, ਰਣਜੀਤ ਸਿੰਘ ਬ੍ਰਹਮਪੁਰਾ, ਗੁਰਦੇਵ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਕਾਬਲ ਸਿੰਘ, ਕੈਪਟਨ ਕੰਵਲਜੀਤ, ਪ੍ਰੇਮ ਸਿੰਘ ਚੰਦੂਮਾਜਰਾ, ਚਰਨਜੀਤ ਸਿੰਘ ਵਾਲੀਆ, (ਭਾਈ) ਮਨਜੀਤ ਸਿੰਘ ਤੇ ਅਮਰਜੀਤ ਸਿੰਘ ਭਾਟੀਆ ਨੂੰ ਸ਼ਾਮਿਲ ਕੀਤਾ ਗਿਆ। ਇਸ ਵਿਚ ਸਿਮਰਨਜੀਤ ਸਿੰਘ ਮਾਨ ਧੜੇ ਦਾ ਕੋਈ ਵੀ ਮੈਂਬਰ ਨਹੀਂ ਲਿਆ ਗਿਆ ਸੀ। ਇੰਞ ਹੀ ਇਸ ਵਿਚ ਕੈਪਟਨ ਅਮਰਿੰਦਰ ਸਿੰਘ ਦਾ ਨਾਂ ਵੀ ਗ਼ਾਇਬ ਸੀ।

2011: ਵੀ.ਸੀ. ਜਸਬੀਰ ਸਿੰਘ ਆਹਲੂਵਾਲੀਆ ਗੋਲੀਆਂ ਨਾਲ ਜ਼ਖ਼ਮੀ

1 ਅਗਸਤ 2011 ਦੇ ਦਿਨ ਫ਼ਤਹਿਗੜ੍ਹ ਸਾਹਿਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਜਸਬੀਰ ਸਿੰਘ ਆਹਲੂਵਾਲੀਆ 'ਤੇ ਜੋਰਾ ਸਿੰਘ ਨਾਂ ਦੇ ਇਕ ਬੰਦੇ ਨੇ ਨਿਜੀ ਗੁੱਸੇ ਖ਼ਾਤਿਰ ਗੋਲੀਆਂ ਚਲਾ ਕੇ ਜ਼ਖ਼ਮੀ ਕਰ ਦਿੱਤਾ।

2 ਅਗਸਤ

1696: ਗੁਰੂ ਗੋਬਿੰਦ ਸਿੰਘ ਸਾਹਿਬ ਨੇ ਫੂਲਕੀਆਂ ਰਿਆਸਤਾਂ ਦੇ ਬਾਨੀਆਂ ਤਿਲੋਕ ਸਿੰਘ ਤੇ ਰਾਮ ਸਿੰਘ ਅਤੇ ਭਾਈ ਰੂਪਾ ਦੀ ਸੰਗਤ ਨੂੰ ਖ਼ਤ ਲਿਖੇ

ਪਟਿਆਲਾ ਰਿਆਸਤ ਕੋਲ ਇਕ ਹੁਕਮਨਾਮਾ ਮੌਜੂਦ ਹੈ ਜੋ ਉਨ੍ਹਾਂ ਮੁਤਾਬਿਕ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਿਲੋਕ ਸਿੰਘ ਅਤੇ ਰਾਮ ਸਿੰਘ, ਜਿਹੜੇ ਫੂਲ ਰਿਆਸਤ (ਪਟਿਆਲਾ ਅਤੇ ਨਾਭਾ) ਦੇ ਬਾਨੀ ਸਨ, ਨੂੰ ਲਿਖਿਆ ਸੀ; ਇਸ ਉੱਤੇ 2 ਅਗਸਤ 1696 ਦੀ ਤਾਰੀਖ਼ ਹੈ ਤੇ ਇਹ ਅਨੰਦਪੁਰ ਸਾਹਿਬ ਤੋਂ ਲਿਖਿਆ ਗਿਆ ਸੀ। ਇਸ ਵਿਚ ਦੋਹਾਂ ਸਿੱਖਾਂ ਨੂੰ ਅਸੀਸਾਂ ਦਿੱਤੀਆਂ ਹੋਈਆਂ ਹਨ। ਇਹੋ ਜਿਹਾ ਖ਼ਤ ਹੀ ਇਸੇ ਦਿਨ ਪਿੰਡ ਭਾਈ ਰੂਪਾ ਦੀ ਸੰਗਤ ਨੂੰ ਵੀ ਲਿਖਿਆ ਗਿਆ ਸੀ ਜੋ ਅੱਜ ਵੀ ਉਸ ਪਰਵਾਰ ਕੋਲ ਮੌਜੂਦ ਹੈ। ਭਾਈ ਅਸ਼ੋਕ ਸਿੰਘ ਬਾਗੜੀਆਂ ਇਸ ਪਰਵਾਰ ਵਿਚੋਂ ਹੀ ਹਨ।

1764: ਭਾਈ ਬੁੱਢਾ ਸਿੰਘ ਨੇ ਸਰਹੰਦ ਸ਼ਹਿਰ 25000 ਰੁਪੈ ਵਿਚ ਪਟਿਆਲਾ ਦੇ ਰਾਜਾ ਆਲਾ ਸਿੰਘ ਨੂੰ ਵੇਚ ਦਿੱਤਾ

ਅਠਾਰਵੀ ਸਦੀ ਤਕ ਸਰਹੰਦ ਇਕ ਬੜਾ ਵੱਡਾ ਸੂਬਾ ਸੀ। ਇਸ ਦੇ 28 ਪਰਗਣੇ ਸਨ ਤੇ ਇਸ ਦੀ ਆਮਦਨ 52 ਲੱਖ ਰੁਪੈ ਸਾਲਾਨਾ ਸੀ। ਇਸ ਕਰ ਕੇ ਇਸ ਨੂੰ 'ਸਰਹੰਦ ਬਾਵਨੀ' ਵੀ ਆਖਦੇ ਸਨ। ਦਰਿਆ ਯਮਨਾ ਤੇ ਸਤਲੁਜ ਵਿਚਕਾਰਲਾ ਇਲਾਕਾ ਸਰਹੰਦ ਦੀ ਹਕੂਮਤ ਹੇਠ ਸੀ। ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਸਿੱਖਾਂ ਨੇ 12 ਮਈ 1710 ਦੇ ਦਿਨ ਸਰਹੰਦ 'ਤੇ ਕਬਜ਼ਾ ਵੀ ਕਰ ਲਿਆ ਸੀ ਅਤੇ 27 ਮਈ ਨੂੰ ਖਾਲਸਾ ਰਾਜ ਕਾਇਮ ਕਰਨ ਦਾ ਐਲਾਨ ਵੀ ਕਰ ਦਿੱਤਾ ਸੀ।ਇਸ ਦੇ ਨਾਲ ਹੀ ਬੰਦਾ ਸਿੰਘ ਨੇ ਖਾਲਸਾ ਰਾਜ ਦਾ ਨਵਾਂ ਸਿੱਕਾ ਵੀ ਜਾਰੀ ਕੀਤਾ । ਇਸ ਦੇ ਇਕ ਪਾਸੇ ਇਹ ਲਿਖਿਆ ਸੀ:

ਸਿੱਕਾ ਜ਼ਦ ਬਰ ਹਰਦੋ ਆੱਲਿਮ, ਤੇਗ਼ਿ ਨਾਨਕ ਵਾਹਿਬ ਅਸਤ।
ਫ਼ਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਂ ਫ਼ਜ਼ਲਿ ਸੱਚਾ ਸਾਹਿਬ ਅਸਤ।

(ਦੋਹਾਂ ਜਹਾਨਾਂ ਦੇ ਸੱਚੇ ਪਾਤਸ਼ਾਹ ਦੀ ਮਿਹਰ ਨਾਲ ਇਹ ਸਿੱਕਾ ਜਾਰੀ ਕੀਤਾ ਗਿਆ। ਗੁਰੂ ਨਾਨਕ ਦੀ ਤੇਗ਼ ਹਰੇਕ ਦਾਤ ਬਖ਼ਸ਼ਦੀ ਹੈ; ਅਕਾਲ ਪੁਰਖ ਦੇ ਫ਼ਜ਼ਲ ਨਾਲ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਦੀ ਫ਼ਤਹਿ ਹੋਈ ਹੈ)।

ਸਿੱਕੇ ਦੇ ਦੂਜੇ ਪਾਸੇ ਲਿਖਿਆ ਸੀ:

ਜ਼ਰਬ ਬ ਅਮਾਨੁਲ ਦਹਰ ਮਸੱਵਰਤ ਸ਼ਹਿਰ।
ਜ਼ੀਨਤੁੱਲ ਬਖ਼ਤ ਮੁਬਾਰਕ ਬਖ਼ਤ॥

(ਦੁਨੀਆਂ ਦੇ ਸਕੂਨ ਭਰੇ ਥਾਂ, ਜੰਨਤ ਵਰਗੇ ਸ਼ਹਿਰ, ਭਾਗਾਂ ਵਾਲੇ ਤਖ਼ਤ ਦੀ ਰਾਜਧਾਨੀ ਵਿਚ, ਜਾਰੀ ਹੋਇਆ)।

ਇੰਞ ਹੀ ਖਾਲਸਾ ਰਾਜ ਦੀ ਮੁਹਰ ਵੀ ਜਾਰੀ ਕੀਤੀ ਗਈ, ਜਿਸ 'ਤੇ ਲਿਖਿਆ ਸੀ:

ਅਜ਼ਮਤਿ ਨਾਨਕ ਗੁਰੂ ਹਮ ਜ਼ਾਹਿਰੋ ਹਮ ਬਾਤਨ ਅਸਤ॥
ਪਾਦਸ਼ਾਹ ਦੀਨੋ-ਦੁਨੀਆਂ ਆਪ ਸੱਚਾ ਸਾਹਿਬ ਅਸਤ॥

(ਅੰਦਰ-ਬਾਹਰ, ਸਾਰੇ ਪਾਸੇ, ਗੁਰੂ ਨਾਨਕ ਦੀ ਹੀ ਵਡਿਆਈ ਹੈ। ਉਹ ਸੱਚਾ ਰੱਬ ਦੀਨ-ਦੁਨੀਆਂ ਦੋਹਾਂ ਦਾ ਵਾਲੀ ਹੈ)

ਮਗਰੋਂ ਇਸ ਦੀ ਥਾਂ 'ਤੇ ਹੇਠ ਲਿਖੀ ਮੁਹਰ ਜਾਰੀ ਕੀਤੀ ਗਈ:

ਦੇਗੋ-ਤੇਗੋ-ਫ਼ਤਿਹ-ਓ-ਨੁਸਰਤ ਬੇਦਿਰੰਗ;
ਯਾਫ਼ਤ ਅਜ਼ ਨਾਨਕ ਗੁਰੂ - ਗੋਬਿੰਦ ਸਿੰਘ।

(ਦੇਗ ਤੇਗ ਅਤੇ ਫ਼ਤਹਿ ਬਿਨਾਂ ਕਿਸੇ ਢਿੱਲ ਤੋਂ ਗੁਰੂ ਨਾਨਕ ਸਾਹਿਬ-ਗੁਰੂ ਗੋਬਿੰਦ ਸਿੰਘ ਤੋਂ ਹਾਸਿਲ ਹੋਈ)

ਮਗਰੋਂ ਨਵੰਬਰ 1710 ਵਿਚ ਮੁਗ਼ਲਾਂ ਦੀ ਇਕ ਵੱਡੀ ਫ਼ੌਜ ਨੇ ਇਸ ਨਗਰ 'ਤੇ ਦੋਬਾਰਾ ਕਬਜ਼ਾ ਕਰ ਲਿਆ ਸੀ। ਇਸ ਮਗਰੋਂ ਵੀ ਸਿੱਖਾਂ ਨੇ ਇਸ ਸ਼ਹਿਰ 'ਤੇ ਕਈ ਵਾਰ ਹਮਲੇ ਕੀਤੇ ਪਰ ਕਬਜ਼ਾ ਨਾ ਕਰ ਸਕੇ।

ਮਾਰਚ 1758 ਵਿਚ ਮਰਹੱਟੇ, ਸਿੱਖ ਅਤੇ ਅਦੀਨਾ ਬੇਗ਼ ਇਕੱਠੇ ਹੋ ਗਏ ਤੇ ਉਨ੍ਹਾਂ ਨੇ ਪੰਜਾਬ ਦੀ ਸਰਜ਼ਮੀ 'ਚੋਂ ਅਫ਼ਗਾਨਾਂ ਨੂੰ ਕੱਢਣ ਦਾ ਐਕਸ਼ਨ ਸ਼ੁਰੂ ਕੀਤਾ। 8 ਮਾਰਚ 1758 ਦੇ ਦਿਨ ਇਨ੍ਹਾਂ ਤਿੰਨਾਂ ਫ਼ੌਜਾਂ ਨੇ ਸਰਹੰਦ ਸ਼ਹਿਰ 'ਤੇ ਹਮਲਾ ਕਰ ਦਿੱਤਾ। ਏਡੀ ਵੱਡੀ ਫ਼ੌਜ ਤੋਂ ਡਰਦਾ ਅਫ਼ਗਾਨ ਸੂਬੇਦਾਰ ਅਬੁਦ ਸਮਦ ਖ਼ਾਨ (ਦੂਜਾ) ਸਰਹੰਦ ਦੇ ਕਿਲ੍ਹੇ ਵਿਚ ਜਾ ਵੜਿਆ। ਕੁਝ ਦਿਨ ਕਿਲ੍ਹੇ ਵਿਚ ਬੰਦ ਰਹਿਣ ਮਗਰੋਂ ਅਬੁਦ ਸਮਦ ਅਤੇ ਉਸ ਦਾ ਸਾਥੀ ਜਰਨੈਲ ਜੰਗਬਾਜ਼ ਖ਼ਾਨ ਚੋਰੀ ਕਿਲ੍ਹੇ ਵਿੱਚੋਂ ਨਿਕਲ ਕੇ ਛੱਡ ਕੇ ਭੱਜ ਗਏ। 21 ਮਾਰਚ ਦੇ ਦਿਨ ਸਿੱਖ ਤੇ ਅਫ਼ਗਾਨ ਫ਼ੌਜਾਂ ਸਰਹੰਦ ਵਿਚ ਦਾਖ਼ਿਲ ਹੋ ਗਈਆਂ।

ਸਿੱਖਾਂ ਨੂੰ ਸਰਹੰਦ ਦਾ ਚੰਗੀ ਤਰ੍ਹਾਂ ਪਤਾ ਸੀ ਇਸ ਕਰ ਕੇ 'ਤੇ ਕਬਜ਼ੇ ਵੇਲੇ ਸਭ ਤੋਂ ਵੱਧ ਮਾਲ ਉਨ੍ਹਾਂ ਨੂੰ ਹੀ ਲੱਭਿਆ। ਜਦੋਂ ਮਰਹੱਟਿਆਂ ਨੂੰ ਇਹ ਪੱਤਾ ਲਗਾ ਤਾਂ ਉਹ ਬੜੇ ਔਖੇ ਹੋਏ। ਉਨ੍ਹਾਂ ਨੇ ਸਿੱਖਾਂ ਤੋਂ ਇਹ ਦੌਲਤ ਖੋਹਣ ਦੀ ਕੋਸ਼ਿਸ਼ ਕੀਤੀ, ਪਰ ਸਿੱਖ ਜਰਨੈਲਾਂ ਨੇ ਸਿਆਣਪ ਤੋਂ ਕੰਮ ਲੈਂਦੇ ਹੋਏ, ਸਾਰਾ ਮਾਲ ਪਹਿਲਾਂ ਹੀ ਆਪਣੇ ਟਿਕਾਣਿਆਂ ਵੱਲ ਭੇਜ ਦਿੱਤਾ ਸੀ। ਇਕ ਸੋਮੇ ਮੁਤਾਬਿਕ ਅਦੀਨਾ ਬੇਗ਼ ਨੇ ਸਿੱਖਾਂ ਨੂੰ ਮਰਹੱਟਿਆਂ ਦੇ ਹਮਲੇ ਬਾਰੇ ਪਹਿਲੋਂ ਹੀ ਦਸ ਦਿੱਤਾ ਸੀ ਤੇ ਇਸ ਕਰ ਕੇ ਉਨ੍ਹਾਂ ਸਾਰਾ ਮਾਲ-ਮੱਤਾ ਪਹਿਲਾਂ ਹੀ ਬੰਨੇ ਕਰ ਦਿੱਤਾ ਸੀ ਤੇ ਮਰਹੱਟਿਆਂ ਦਾ ਮੁਕਾਬਲਾ ਕਰਨ ਵਾਸਤੇ ਤਿਆਰ ਹੋ ਗਏ ਸਨ। ਦਰਅਸਲ ਸਿੱਖ ਮਰਹੱਟਿਆਂ ਨੂੰ ਵੀ ਵਿਦੇਸ਼ੀ ਸਮਝਦੇ ਸਨ ਤੇ ਉਨ੍ਹਾਂ ਤੋਂ ਵੀ ਪੰਜਾਬ ਦੀ ਦੌਲਤ ਬਚਾਉਣਾ ਚਾਹੁੰਦੇ ਸਨ।

5 ਫ਼ਰਵਰੀ 1762 ਦੇ ਘੱਲੂਘਾਰੇ ਮਗਰੋਂ ਸਿੱਖਾਂ ਨੇ ਮਈ 1762 ਵਿਚ ਸਰਹੰਦ 'ਤੇ ਫਿਰ ਹਮਲਾ ਕੀਤਾ। ਅਜਿਹੀ ਸੀ ਇਸ ਕੌਮ ਦੀ ਦਲੇਰੀ ਤੇ ਰੂਹਾਨੀ ਤਾਕਤ ਕਿ ਅੱਧੀ ਤੋਂ ਵੱਧ ਕੌਮ ਸ਼ਹੀਦ ਹੋਣ ਦੇ ਸਿਰਫ਼ ਤਿੰਨ ਮਹੀਨੇ ਦੇ ਅੰਦਰ ਹੀ ਉਨ੍ਹਾਂ ਨੇ ਇਸ ਵੱਡੀ ਤਾਕਤ 'ਤੇ ਹਮਲਾ ਕੀਤਾ। ਸਿੱਖਾਂ ਦੇ ਇਸ ਅਚਾਨਕ ਹਮਲੇ ਨੇ ਸਰਹੰਦ ਦੇ ਸੂਬੇਦਾਰ ਜ਼ੈਨ ਖ਼ਾਨ ਦੇ ਗੋਡੇ ਲੁਆ ਦਿੱਤੇ ਅਤੇ ਉਸ ਨੇ ਸਿੱਖਾਂ ਨੂੰ 50 ਹਜ਼ਾਰ ਰੁਪੈ ਨਜ਼ਰਾਨਾ ਦੇਣਾ ਮੰਨ ਲਿਆ। ਜਦੋਂ ਸਿੱਖ ਇਹ ਰਕਮ ਲੈ ਕੇ ਮੁੜ ਰਹੇ ਸਨ ਤੇ ਤੋਂ ਸਿਰਫ਼ 25 ਕਿਲੋਮੀਟਰ ਦੂਰ ਪੁੱਜੇ ਸਨ ਤਾਂ ਇਸ ਸੂਬੇਦਾਰ ਨੇ ਆਪਣੇ ਇਕ ਹਿੰਦੂ ਜਰਨੈਲ ਲੱਛਮੀ ਨਾਰਾਇਣ ਦੀ ਸਲਾਹ 'ਤੇ ਸਿੱਖਾਂ 'ਤੇ ਹਮਲਾ ਕਰ ਕੇ ਉਹ ਰਕਮ ਲੁੱਟ ਲਈ। ਇਸ 'ਤੇ ਸਿੱਖਾਂ ਨੇ ਦੋਬਾਰਾ ਹਮਲਾ ਕਰ ਦਿੱਤਾ ਅਤੇ ਜ਼ੈਨ ਖ਼ਾਨ ਤੇ ਲੱਛਮੀ ਨਾਰਾਇਣ ਦਾ ਬਹੁਤ ਸਾਰਾ ਸਾਮਾਨ ਲੁੱਟ ਲਿਆ ਤੇ ਉਨ੍ਹਾਂ ਦਾ ਤੋਂ 20-25 ਕਿਲੋਮੀਟਰ ਦੂਰ ਪਿੰਡ ਹਰਨੌਲਗੜ੍ਹ ਤਕ ਪਿੱਛਾ ਕੀਤਾ। ਇੱਥੇ ਫਿਰ ਇਕ ਜ਼ਬਰਦਸਤ ਲੜਾਈ ਹੋਈ ਜਿਸ ਵਿਚ ਜ਼ੈਨ ਖ਼ਾਨ ਨੂੰ ਦੋਬਾਰਾ ਹਾਰ ਹਾਸਿਲ ਹੋਈ ਤੇ ਉਹ ਮੈਦਾਨ ਛੱਡ ਕੇ ਭੱਜ ਗਿਆ। ਸਿੱਖਾਂ ਨੇ ਇਹ ਕਾਮਯਾਬੀ ਉਦੋਂ ਹਾਸਿਲ ਕੀਤੀ ਸੀ, ਜਦੋਂ ਅਹਿਮਦ ਸ਼ਾਹ ਅਜੇ ਲਾਹੌਰ ਵਿਚ ਹੀ ਸੀ। ਜਦ ਇਸ ਦੀ ਖ਼ਬਰ ਅਹਿਮਦ ਸ਼ਾਹ ਨੂੰ ਮਿਲੀ ਤਾਂ ਉਹ ਬੜਾ ਡਰਿਆ। ਉਸ ਨੂੰ ਮਹਿਸੂਸ ਹੋਇਆ ਕਿ ਉਸ ਨੇ ਸਰਹੰਦ-ਬਰਨਾਲਾ-ਮਲੇਰਕੋਟਲਾ 'ਚੋਂ ਨਿਕਲ ਕੇ ਸਹੀ ਕੀਤਾ ਸੀ।

1764 ਵਿਚ ਵਿਚ ਜ਼ੈਨ ਖ਼ਾਨ ਸੂਬੇਦਾਰ ਸੀ। ਸਿੱਖ ਉਸ ਨੂੰ ਪਹਿਲੋਂ ਵੀ ਹਰਾ ਚੁਕੇ ਸਨ। ਹੁਣ ਖਾਲਸਾ ਫ਼ੌਜਾਂ ਨੇ ਸਰਹੰਦ 'ਤੇ ਕਬਜ਼ਾ ਕਰਨ ਦਾ ਫ਼ੈਸਲਾ ਕੀਤਾ। 13 ਜਨਵਰੀ 1764 ਦੇ ਦਿਨ 50 ਹਜ਼ਾਰ ਦੇ ਕਰੀਬ ਸਿੱਖ ਫ਼ੌਜਾਂ ਨੇ ਸਰਹੰਦ ਨੂੰ ਘੇਰ ਲਿਆ। ਜ਼ੈਨ ਖ਼ਾਨ

ਇਸ ਵੱਡੀ ਫ਼ੌਜ ਦਾ ਮੁਕਾਬਲਾ ਕਰਨ ਦੇ ਕਾਬਿਲ ਨਹੀਂ ਸੀ। ਉਂਞ ਵੀ ਲੋਕ ਤਾਂ ਕੀ ਉਸ ਦੇ ਸਿਪਾਹੀ ਵੀ ਉਸ ਦੇ ਨਾਲ ਨਹੀਂ ਸਨ। ਤਵਾਰੀਖ਼ਦਾਨ ਮਿਸਕੀਨ ਮੁਤਾਬਿਕ ਉਹ (ਜ਼ੈਨ ਖ਼ਾਨ) ਚੋਰੀ ਹੋਈ ਦੌਲਤ ਇਕੱਠੀ ਕਰ ਰਿਹਾ ਸੀ। ਉਹ ਸਿਪਾਹੀਆਂ ਨੂੰ ਤਨਖ਼ਾਹਾਂ ਵੀ ਨਹੀਂ ਸੀ ਦੇ ਰਿਹਾ। ਉਹ ਆਪ ਜਾ ਕੇ ਪਿੰਡਾਂ ਦੇ ਪਿੰਡ ਲੁੱਟਵਾ ਲੈਂਦਾ ਸੀ ਤੇ ਇਸ ਲੁੱਟ ਦੀ ਰਕਮ ਨੂੰ ਨਿਜ ਵਾਸਤੇ ਰੱਖ ਲੈਂਦਾ ਸੀ। ਇਸ ਰਕਮ 'ਚੋਂ ਐਵੇਂ ਜ਼ਰਾ ਮਾਸਾ ਉਹ ਫ਼ੌਜੀਆਂ ਨੂੰ ਤਨਖ਼ਾਹਾਂ ਵਜੋਂ ਦੇ ਦੇਂਦਾ ਸੀ ਜੋ ਕਿ ਉਨ੍ਹਾਂ ਦੀ ਤਨਖ਼ਾਹ ਦਾ ਮਸਾਂ ਚੌਥਾ ਹਿੱਸਾ ਹੁੰਦਾ ਸੀ।

ਸਾਰੀਆਂ ਸਿੱਖ ਫ਼ੌਜਾਂ ਨੇ ਇਕੱਠਿਆਂ ਸਰਹੰਦ 'ਤੇ ਹਮਲਾ ਕੀਤਾ ਅਤੇ ਤਿੰਨ ਪਾਸਿਆਂ ਤੋਂ ਸ਼ਹਿਰ ਨੂੰ ਘੇਰ ਲਿਆ। ਇਸ ਵੇਲੇ ਜ਼ੈਨ ਖ਼ਾਨ ਸਰਹੰਦ ਵਿਚ ਨਹੀਂ ਸੀ। ਜਦ ਜ਼ੈਨ ਖ਼ਾਨ ਨੂੰ ਪਤਾ ਲਗਾ ਤਾਂ ਉਹ ਅਗਲੇ ਦਿਨ 14 ਜਨਵਰੀ ਨੂੰ ਚੁਪ-ਚਾਪ ਚੋਰੀ-ਚੋਰੀ ਸ਼ਹਿਰ ਵਲ ਆਇਆ ਅਤੇ ਉਸ ਨੇ ਗਿਣੇ-ਚੁਣੇ ਸਾਥੀ ਲੈ ਕੇ ਮਨਹੇੜਾ ਵਾਲੇ ਪਾਸਿਓਂ ਸ਼ਹਿਰ ਵਿਚ ਦਾਖ਼ਿਲ ਹੋਣ ਦੀ ਕੋਸ਼ਿਸ਼ ਕੀਤੀ। ਇਸ ਦੇ ਨਾਲ ਹੀ ਉਸ ਨੇ ਬਾਕੀ ਫੌਜਾਂ ਨੂੰ ਨਗਾਰੇ ਵਜਾ ਕੇ ਸਿੱਖ ਫ਼ੌਜਾਂ ਦਾ ਧਿਆਨ ਖਿੱਚਣ ਵਾਸਤੇ ਕਹਿ ਦਿੱਤਾ ਸੀ। ਨਗਾਰੇ ਦੀ ਆਵਾਜ਼ ਸੁਣ ਕੇ ਅੱਧੀ ਸਿੱਖ ਫ਼ੌਜ ਨੇ ਜ਼ੈਨ ਖ਼ਾਨ ਦੀ ਫ਼ੌਜ ਨਾਲ ਲੜਨ ਵਾਸਤੇ ਉਸ ਆਵਾਜ਼ ਵੱਲ ਮੂੰਹ ਕਰ ਲਿਆ। ਸ਼ਾਇਦ ਸਿੱਖ ਜਰਨੈਲਾਂ ਨੂੰ ਜ਼ੈਨ ਖ਼ਾਨ ਦੀ ਸਕੀਮ ਬਾਰੇ ਅੰਦਾਜ਼ਾ ਸੀ ਇਸ ਕਰ ਕੇ ਉਨ੍ਹਾਂ ਨੇ ਸਾਰੇ ਪਾਸੇ ਆਪਣੇ ਜਾਸੂਸ ਛੱਡੇ ਹੋਏ ਸਨ। ਜਦ ਜ਼ੈਨ ਖ਼ਾਨ ਸ਼ਹਿਰ ਦੇ ਨੇੜੇ ਪੁੱਜਾ ਤਾਂ ਇਸ ਪਾਸੇ ਵੱਲ ਵੀ ਸਿੱਖ ਫ਼ੌਜੀ ਤਿਆਰ ਬੈਠੇ ਸਨ। ਉਨ੍ਹਾਂ ਨੇ ਜ਼ੈਨ ਖ਼ਾਨ ਦੀ ਟੋਲੀ 'ਤੇ ਗੋਲੀਆਂ ਦੀ ਬੌਛਾੜ ਕਰ ਦਿੱਤੀ। ਇਸ ਦੌਰਾਨ ਇਕ ਗੋਲੀ ਜ਼ੈਨ ਖ਼ਾਨ ਨੂੰ ਵੱਜੀ ਜਿਸ ਨਾਲ ਉਹ ਜ਼ਖ਼ਮੀ ਹੋ ਕੇ ਭਿੱਜ ਪਿਆ। ਥਰਾਜ ਸਿੰਘ ਨਾਂ ਦਾ ਇਕ ਸਿੱਖ, ਜੋ ਨੇੜੇ ਹੀ ਮੌਜੂਦ ਸੀ, ਉਸ ਨੇ ਜ਼ੈਨ ਖ਼ਾਨ ਦਾ ਸਿਰ ਵੱਢ ਲਿਆ। ਇਸ ਮਗਰੋਂ ਜ਼ੈਨ ਖ਼ਾਨ ਦੀ ਫ਼ੌਜ ਨੇ ਹਥਿਆਰ ਸੁੱਟ ਦਿੱਤੇ ਅਤੇ ਸਰਹੰਦ ਦੇ ਕਿਲ੍ਹੇ 'ਤੇ ਸਿੱਖਾਂ ਦਾ ਕਬਜ਼ਾ ਹੋ ਗਿਆ।

ਸਰਹੰਦ 'ਤੇ ਕਬਜ਼ਾ ਕਰਨ ਮਗਰੋਂ ਸਿੱਖ ਜਰਨੈਲਾਂ ਨੇ ਸਾਰਾ ਇਲਾਕਾ ਆਪਸ ਵਿਚ ਵੰਡ ਲਿਆ। ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦਾ ਕਾਤਲ ਨਗਰ ਕਹਿ ਕੇ ਸਿੱਖ ਸਰਹੰਦ ਨਗਰ ਨੂੰ ਬੇਹੱਦ ਨਫ਼ਰਤ ਕਰਦੇ ਸਨ ਇਸ ਕਰ ਕੇ ਕੋਈ ਸਿੱਖ ਵੀ ਇਸ ਸ਼ਹਿਰ ਨੂੰ ਲੈਣ ਵਾਸਤੇ ਤਿਆਰ ਨਹੀਂ ਸੀ ਅਖ਼ੀਰ ਇਹ ਸ਼ਹਿਰ ਬੁੱਢਾ ਸਿੰਘ ਨੇ ਲੈਣਾ ਮਨਜ਼ੂਰ ਕਰ ਲਿਆ। ਮਗਰੋਂ ਪਟਿਆਲਾ ਦੇ ਰਾਜੇ ਆਲਾ ਸਿੰਘ ਨੇ ਸਿਰਫ਼ 25 ਹਜ਼ਾਰ ਰੁਪੈ ਦੇ ਕੇ ਬੁੱਢਾ ਸਿੰਘ ਤੋਂ ਸਰਹੰਦ ਸ਼ਹਿਰ ਨੂੰ 'ਖ਼ਰੀਦ' ਲਿਆ

1988 ਗੁਰਮੀਤ ਸਿੰਘ ਮੀਤਾ ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

2 ਅਗਸਤ 1988 ਦੇ ਦਿਨ ਪੰਜਾਬ ਪੁਲਸ ਨੇ ਗੁਰਮੀਤ ਸਿੰਘ ਮੀਤਾ (ਵਾਸੀ ਪੂਹਲੀ, ਬਠਿੰਡਾ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਮਲ੍ਹਾਗਰ ਸਿੰਘ ਮਹਿਮੂਦਪੁਰਾ, ਸਰਦੂਲ ਸਿੰਘ ਜੋਧਸਿੰਘਵਾਲਾ ਤੇ ਉਮਰਪਾਲ ਸਿੰਘ ਪਾਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

2 ਅਗਸਤ 1990 ਦੇ ਦਿਨ ਪੰਜਾਬ ਪੁਲਸ ਨੇ ਮਲ੍ਹਾਗਰ ਸਿੰਘ (ਪੁਤਰ ਹਰਦੀਪ ਸਿੰਘ, ਵਾਸੀ ਮਹਿਮੂਦਪੁਰਾ) ਅਤੇ ਸਰਦੂਲ ਸਿੰਘ (ਪੁੱਤਰ ਦਾਰਾ ਸਿੰਘ, ਵਾਸੀ ਜੋਧਸਿੰਘਵਾਲਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੁਲਸ ਨੇ ਉਮਰਪਾਲ ਸਿੰਘ ਪਾਲਾ (ਵਾਸੀ ਭੁਨਿਆਲਾ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸਵਰਨ ਸਿੰਘ ਮੰਦਰਵਾਲਾ, ਰਾਮ ਸਿੰਘ ਖਾਨਪੁਰ ਤੇ ਮਨੋਹਰ ਸਿੰਘ ਧੀਰਾ ਨਕਲੀ ਮੁਕਾਬਲੇ ਵਿਚ ਸ਼ਹੀਦ

2 ਅਗਸਤ 1991 ਦੇ ਦਿਨ ਪੁਲਸ ਨੇ ਸਵਰਨ ਸਿੰਘ (ਪੁਤਰ ਧਿਆਨ ਸਿੰਘ, ਵਾਸੀ ਮੰਦਰਵਾਲਾ) ਅਤੇ ਰਾਮ ਸਿੰਘ ਉਰਫ਼ ਅਮਰੀਕ ਸਿੰਘ (ਪੁੱਤਰ ਗੱਜਣ ਸਿੰਘ, ਵਾਸੀ ਖਾਨਪੁਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੁਲਸ ਨੇ ਮਨੋਹਰ ਸਿੰਘ ਧੀਰਾ (ਵਾਸੀ ਵਾੜਾ ਭਾਈ ਕਾ ਫ਼ੀਰੋਜਪੁਰ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਬਲਦੇਵ ਸਿੰਘ ਬਠਿੰਡਾ, ਤੇਜਿੰਦਰ ਸਿੰਘ ਗੋਰਾ ਨਥਾਨਾ, ਲਖਵਿੰਦਰ ਸਿੰਘ, ਸਲਵਿੰਦਰ ਸਿੰਘ, ਨਿਰਮਲ ਸਿੰਘ ਨਿੰਮਾ ਨਕਲੀ ਪੁਲਸ ਮੁਕਾਬਲੇ ਸ਼ਹੀਦ

2 ਅਗਸਤ 1992 ਦੇ ਦਿਨ ਪੁਲਸ ਨੇ ਬਲਦੇਵ ਸਿੰਘ ਬਠਿੰਡਾ, ਤੇਜਿੰਦਰ ਸਿੰਘ ਗੋਰਾ ਨਥਾਨਾ, ਲਖਵਿੰਦਰ ਸਿੰਘ, ਸਲਵਿੰਦਰ ਸਿੰਘ, ਨਿਰਮਲ ਸਿੰਘ ਨਿੰਮਾ ਅਤੇ ਦੋ ਹੋਰ ਸਿੱਖਾਂ ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਸਿੱਖਾਂ ਨੂੰ ਹਿੰਦੂ ਕਿਹਾ

2 ਅਗਸਤ 2014 ਦੇ ਦਿਨ ਭੋਪਾਲ ਵਿਚ ਇਕ ਇਕੱਠ ਵਿਚ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਨੇ ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਦੱਸਿਆ। ਉਸ ਨੇ ਕਿਹਾ ਕਿ ਸਿੱਖ, ਬੋਧੀ, ਜੈਨੀ ਹਿੰਦੂ ਹਨ; ਇਨ੍ਹਾਂ ਨੂੰ ਘਟ ਗਿਣਤੀਆਂ ਕਹਿਣਾ ਇਕ ਸਾਜ਼ਸ਼ ਹੈ। ਸਿੱਖ ਆਗੂਆਂ ਅਤੇ ਵਿਚਦਵਾਨਾਂ ਨੇ ਇਸ ਦੀ ਸਖਤ ਲਫ਼ਜ਼ਾਂ ਵਿਚ ਨਿਮਦਾ ਕੀਤੀ।

2014: 2 ਅਗਸਤ ਦੇ ਦਿਨ ਭਾਰਤ ਦੀ ਸੁਪਰੀਮ ਕੋਰਟ ਦੇ ਇਕ ਹਿੰਦੂ ਮੂਲਵਾਦੀ ਜੱਜ ਏ.ਆਰ.ਦਵੇ ਨੇ ਕਿਹਾ ਕਿ **"ਜੇ ਮੈਂ ਮੁਲਕ ਦਾ ਡਿਕਟੇਟਰ ਹੋਵਾਂ ਤਾਂ ਗੀਤਾ ਤੇ ਮਹਾਂਭਾਰਤ ਸਕੂਲਾਂ ਵਿਚ ਲਾਜ਼ਮੀ ਕਰ ਦੇਵਾਂ।"**

3 ਅਗਸਤ

1930: ਬਾਬਾ ਖੜਕ ਸਿੰਘ ਨੂੰ ਸਟਰੈਚਰ 'ਤੇ ਪਾ ਕੇ ਮੀਟਿੰਗ ਵਿਚ ਲਿਆਂਦਾ ਗਿਆ

ਅਕਾਲੀ ਆਗੂ ਬਾਬਾ ਖੜਕ ਸਿੰਘ ਰਈਸ ਸਿਆਲਕੋਟ ਵਾਲੇ ਬੜੀ ਅੜੀਅਲ ਤਬੀਅਤ ਦੇ ਮਾਲਿਕ ਸਨ। 1929 ਵਿਚ ਉਨ੍ਹਾਂ ਨੇ ਕਾਂਗਰਸ ਦੇ ਖ਼ਿਲਾਫ਼ ਜਹਾਦ ਖੜਾ ਕਰੀ ਰਖਿਆ ਸੀ। ਪਹਿਲੋਂ ਫ਼ਿਰਕੂ ਨੁਮਾਇੰਦਗੀ ਅਤੇ ਸਵਰਾਜ ਦੀ ਥਾਂ ਨੌਅਬਾਦੀਅਤ ਮੰਨਣ ਦੇ ਨਾਂ 'ਤੇ ਉਨ੍ਹਾਂ ਨੇ ਕਾਂਗਰਸ ਨੂੰ ਕੋਸਿਆ ਸੀ। ਇਸ ਮਗਰੋਂ ਉਨ੍ਹਾਂ ਨੇ ਕਾਂਗਰਸ ਦੇ ਝੰਡੇ ਵਿਚ ਸਿੱਖਾਂ ਦਾ ਰੰਗ ਨਾ ਪਾਉਣ ਕਰ ਕੇ ਕਾਂਗਰਸ ਦੀ ਮੁਖ਼ਾਲਫ਼ਤ ਜਾਰੀ ਰਖੀ ਸੀ। ਇਹ ਠੀਕ ਹੈ ਕਿ ਗਾਂਧੀ ਤੇ ਹੋਰ ਕਾਂਗਰਸੀਆਂ ਨੇ ਮੰਨਿਆ ਸੀ ਕਿ ਜਦੋਂ ਕਾਗਰਸ ਦਾ ਝੰਡਾ ਬਣੇਗਾ ਤਾਂ ਇਸ ਵਿਚ ਸਿੱਖਾਂ ਰੰਗ ਵੀ ਸ਼ਾਮਿਲ ਕੀਤਾ ਜਾਵੇਗਾ। ਦਸੰਬਰ 1929 ਵਿਚ ਮੋਤੀ ਲਾਲ ਨਹਿਰੂ ਤੇ ਗਾਂਧੀ ਬਾਬਾ ਖੜਕ ਸਿੰਘ ਨਾਲ ਇਸ ਸਬੰਧੀ ਫੇਰ ਵਾਅਦਾ ਕਰ ਕੇ ਗਏ ਸਨ। ਬਾਬਾ ਖੜਕ ਸਿੰਘ ਇਸ ਸਵਾਲ 'ਤੇ ਐਨੇ ਅੱਗੇ ਨਿਕਲ ਗਏ ਕਿ ਇਕ ਵਾਰ 3 ਅਗਸਤ 1930 ਦੇ ਦਿਨ ਸ਼੍ਰੋਮਣੀ ਅਕਾਲੀ ਦਲ ਅਤੇ ਸੈਂਟਰਲ ਸਿੱਖ ਲੀਗ ਦੀ ਲਾਹੌਰ ਵਿਚ ਹੋਈ ਸਾਂਝੀ ਮੀਟਿੰਗ ਵਿਚ ਜਦੋਂ ਅਗਲੀਆਂ ਆਮ ਚੋਣਾਂ ਵਿਚ ਕਾਂਗਰਸ ਨਾਲ ਰਲ ਕੇ ਚੋਣਾਂ ਲੜਨ ਜਾਂ ਨਾ ਲੜਨ ਦਾ ਮਸਲਾ ਸਾਹਮਣੇ ਆਇਆ ਤਾਂ ਬਾਬਾ ਖੜਕ ਸਿੰਘ ਨੇ ਬੜਾ ਸਖਤ ਕਦਮ ਚੁਕਿਆ। ਉਹ ਉਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ। ਕਾਂਗਰਸ ਨਾਲ ਮਿਲਵਰਤਣ ਦੇ

ਜਲੰਧਰ ਵਿਚ 3 ਅਗਸਤ 1930 ਦੇ ਦਿਨ ਅਕਾਲੀ ਦਲ ਦੀ ਇਕ ਮੀਟਿੰਗ ਰੱਖੀ ਹੋਈ ਸੀ। ਉਹ ਉਸ ਦਿਨ ਕਾਫ਼ੀ ਬੀਮਾਰ ਸਨ। ਉਨ੍ਹਾਂ ਨੂੰ ਇਕ ਸਟਰੇਚਰ ਤੇ ਪਾ ਕੇ ਮੀਟਿੰਗ ਵਿਚ ਲਿਆਂਦਾ ਗਿਆ। ਉਨ੍ਹਾਂ ਨੇ ਮੀਟਿੰਗ ਵਿਚ ਧਮਕੀ ਦਿਤੀ ਕਿ ਜੇ ਅਕਾਲੀ ਦਲ ਨੇ ਕਾਂਗਰਸ ਦੇ ਝੰਡੇ ਹੇਠ ਲੜਨ ਤੋਂ ਇਨਕਾਰ ਨਾ ਕੀਤਾ ਤਾਂ ਮੈਂ ਅਸਤੀਫ਼ਾ ਦੇ ਦਿਆਂਗਾ। ਉਨ੍ਹਾਂ ਦੀ ਮੰਗ ਸੀ ਕਿ ਕਾਂਗਰਸ ਦੇ ਝੰਡੇ ਵਿਚ ਸਿੱਖਾਂ ਦਾ ਰੰਗ ਅਜੇ ਤਕ ਨਹੀਂ ਪਾਇਆ ਗਿਆ। ਕਾਂਗਰਸ ਨੇ 1921 ਵਿਚ ਇਹ ਮਨਜ਼ੂਰ ਕੀਤਾ ਸੀ ਕਿ ਕਾਂਗਰਸ ਦੇ ਝੰਡੇ ਵਿਚ ਸਿੱਖਾਂ ਦਾ ਰੰਗ ਵੀ ਸ਼ਾਮਿਲ ਕੀਤਾ ਜਾਵੇਗਾ।

1984: ਵਿਰੋਧੀ ਪਾਰਟੀਆਂ ਨੇ ਲੋਕ ਸਭਾ ਵਿਚ ਸਰਕਾਰ ਤੋਂ ਮੰਗ ਕੀਤੀ ਦਰਬਾਰ ਸਾਹਿਬ ਵਿਚੋਂ ਫ਼ੌਜ ਵਾਪਿਸ ਬੁਲਾਈ ਜਾਵੇ

ਤਿੰਨ ਦਿਨ ਦੀ ਘਮਸਾਣ ਦੀ ਜੰਗ ਪਿੱਛੋਂ 7 ਜੂਨ 1984 ਦੇ ਦਿਨ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ 'ਤੇ ਮੁਕੰਮਲ ਕਬਜ਼ਾ ਕਰ ਲਿਆ ਸੀ। ਇਸ ਹਮਲੇ ਦੌਰਾਨ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਬਹੁਤ ਜ਼ਿਆਦਾ ਤਬਾਹੀ ਹੋਈ। ਦਰਬਾਰ ਸਾਹਿਬ 'ਤੇ 350 ਤੋਂ ਵੱਧ ਗੋਲੀਆਂ ਦੇ ਨਿਸ਼ਾਨ ਸਨ, ਤੋਸ਼ੇਖਾਨੇ ਦਾ ਕੀਮਤੀ ਸਾਮਾਨ ਤਬਾਹ ਹੋ ਚੁੱਕਾ ਸੀ। ਫ਼ੌਜ ਨੇ ਸਿੱਖ ਰੈਫ਼ਰੈਂਸ ਲਾਇਬਰੇਰੀ ਦਾ ਕੀਮਤੀ ਖ਼ਜ਼ਾਨਾ ਚੁੱਕ ਕੇ ਇਮਾਰਤ ਨੂੰ ਸਾੜ ਦਿੱਤਾ ਸੀ। ਫ਼ੌਜ ਨੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਵੀ ਚੁੱਕ ਲਏ ਸਨ ਅਤੇ ਇਨ੍ਹਾਂ ਇਮਾਰਤਾਂ ਨੂੰ ਅੱਗ ਲਾ ਦਿੱਤੀ ਸੀ। ਰੈਫ਼ਰੈਂਸ ਲਾਇਬਰੇਰੀ, ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਚੁੱਕ ਕੇ ਕਮਰਿਆਂ ਵਿਚ ਪਈਆਂ ਅਖ਼ਬਾਰਾਂ ਨੂੰ ਸਾੜ ਕੇ ਇਹ ਕਿਹਾ ਗਿਆ ਸੀ ਕਿ ਇਹ ਸਭ ਰਿਕਾਰਡ ਅੱਗ ਲਗਣ ਨਾਲ ਸੜ ਗਏ ਹਨ। ਸਭ ਤੋਂ ਵੱਧ ਤਬਾਹੀ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦੀ ਹੋਈ ਸੀ। ਇਸ ਦਾ ਸਾਰਾ ਮੱਥਾ ਤਿੰਨ ਤੋਂ ਪੰਜ ਫੁੱਟ ਅੰਦਰ ਤਕ ਤੋਪਾਂ ਦੇ ਗੋਲੀਆਂ ਦੀ ਮਾਰ ਨਾਲ ਉੱਡ ਚੁੱਕਾ ਸੀ। ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਕੋਈ ਵੀ ਥੰਮ੍ਹਲਾ ਸਬੂਤਾ ਨਹੀਂ ਸੀ ਨਜ਼ਰ ਆ ਰਿਹਾ। ਤੋਪਾਂ ਦੀ ਮਾਰ ਨੇ ਦੋਹਾਂ ਬਾਹੀਆਂ ਨੂੰ ਢਹਿ-ਢੇਰੀ ਕਰ ਦਿੱਤਾ ਸੀ। ਉਤਲੀ ਮੰਜ਼ਿਲ ਵੀ ਬੁਰੀ ਤਰ੍ਹਾਂ ਤਬਾਹ ਹੋ ਚੁੱਕੀ ਸੀ। ਇਮਾਰਤ ਦੇ ਸਿਖ਼ਰ 'ਤੇ ਸੋਨੇ ਦਾ ਗੁੰਬਦ ਵੀ ਬੁਰੀ ਤਰ੍ਹਾਂ ਤਬਾਹ ਹੋ ਚੁੱਕਾ ਸੀ ਤੇ ਉਸ ਵਿਚ ਪਏ ਵੱਡੇ ਮਘੋਰੇ ਦੂਰੋਂ ਇਸ ਰਹੇ ਸਨ। ਅਕਾਲ ਤਖ਼ਤ ਸਾਹਿਬ ਵੱਲ ਵੇਖ ਕੇ ਅਜਿਹਾ ਜਾਪਦਾ ਸੀ ਕਿ ਕੋਈ ਜ਼ਲਜ਼ਲਾ ਆਇਆ ਹੋਵੇ, ਜਿਸ ਨੇ ਇਸ ਇਮਾਰਤ ਦੀ ਇਹ ਹਾਲਤ ਕੀਤੀ ਹੋਵੇ। ਪਹਿਲੀ ਅਤੇ ਦੂਜੀ ਵੱਡੀ ਜੰਗ ਹੀ ਨਹੀਂ ਬਲਕਿ ਪੂਰੀ ਤਵਾਰੀਖ਼ ਵਿਚ ਵੀ ਕਿਸੇ ਧਾਰਮਿਕ ਇਮਾਰਤ ਦੀ ਏਨੀ ਤਬਾਹੀ ਨਹੀਂ ਹੋਈ ਹੋਣੀ, ਜਿੰਨੀ ਅਕਾਲ ਤਖ਼ਤ ਦੀ ਇਮਾਰਤ ਦੀ ਹੋਈ ਸੀ।

ਅਕਾਲ ਤਖ਼ਤ ਸਾਹਿਬ ਦੀ ਇਮਾਰਤ ਬੁਰੀ ਤਰ੍ਹਾਂ ਤਬਾਹ ਹੋ ਚੁੱਕੀ ਸੀ। ਇਸ ਦੌਰਾਨ ਹੀ ਸਿੱਖ ਵਿਦਵਾਨ ਅਤੇ ਆਗੂਆਂ ਨੇ ਆਖਣਾ ਸ਼ੁਰੂ ਕਰ ਦਿੱਤਾ ਸੀ ਕਿ ਅਕਾਲ ਤਖ਼ਤ ਸਾਹਿਬ ਦੀ ਤਬਾਹ ਹੋਈ ਈਮਾਰਤ ਨੂੰ ਹੂ-ਬ-ਹੂ ਰਖਿਆ ਜਾਵੇ ਤਾਂ ਜੋ ਆਉਣ ਵਾਲੀਆਂ ਨਸਲਾਂ, ਇੰਦਰਾ ਦੇ ਹੁਕਮ ਨਾਲ ਭਾਰਤੀ ਫ਼ੌਜ ਵਲੋਂ ਅਕਾਲ ਪੁਰਖ ਦੇ ਤਖ਼ਤ 'ਤੇ ਕੀਤੇ ਹਮਲੇ ਨੂੰ ਕਦੇ ਵੀ ਨਾ ਭੁਲਾ ਸਕਣ। ਭਾਰਤੀ ਫ਼ੌਜ ਅਤੇ ਸਰਕਾਰੀ ਸੂਹੀਆਂ ਨੇ, ਇਸ ਕਰ ਕੇ, ਇੰਦਰਾ ਨੂੰ ਸਲਾਹ ਦਿੱਤੀ ਕਿ ਦਰਬਾਰ ਸਾਹਿਬ ਨੂੰ ਉਦੋਂ ਤਕ ਸੀਲ ਰਖਿਆ ਜਾਵੇ, ਜਦੋਂ ਤਕ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਪੂਰੀ ਮੁਰੰਮਤ ਨਾ ਹੋ ਜਾਵੇ।

ਪਰ ਦੋ ਮਹੀਨੇ ਮਗਰੋਂ ਤਕ ਵੀ ਸਰਕਾਰ ਕੁਝ ਨਾ ਕਰ ਸਕੀ। ਇਹ ਸਾਰਾ ਸਮਾਂ ਫ਼ੌਜ ਨੇ ਦਰਬਾਰ ਸਾਹਿਬ ਵਿਚ ਸਿੱਖਾਂ ਦਾ ਦਾਖ਼ਲਾ ਬੰਦ ਰੱਖਿਆ ਹੋਇਆ ਸੀ। ਅਜਿਹਾ

ਜਾਪਦਾ ਸੀ ਕਿ ਇਕ ਵਾਰ ਫਿਰ ਸਿੱਖ ਬਗ਼ਾਵਤ 'ਤੇ ਉਤਰ ਆਉਣਗੇ। ਇਸ ਨੂੰ ਮੁਖ ਰੱਖ ਕੇ 3 ਅਗਸਤ 1984 ਦੇ ਦਿਨ ਕਾਂਗਰਸ ਵਿਰੋਧੀ ਪਾਰਟੀਆਂ ਨੇ ਪਾਰਲੀਮੈਂਟ ਵਿਚ ਸਰਕਾਰ ਤੋਂ ਮੰਗ ਕੀਤੀ ਕਿ ਦਰਬਾਰ ਸਾਹਿਬ ਵਿਚੋਂ ਫ਼ੌਜ ਵਾਪਿਸ ਬੁਲਾਈ ਜਾਵੇ।

1990: ਜਸਵੰਤ ਸਿੰਘ ਚੰਡੋਕੇ ਨਕਲੀ ਮੁਕਾਬਲੇ ਵਿਚ ਸ਼ਹੀਦ

3 ਅਗਸਤ 1990 ਦੇ ਦਿਨ ਪੁਲਸ ਨੇ ਜਸਵੰਤ ਸਿੰਘ (ਪੁੱਤਰ ਮੋਹਨ ਸਿੰਘ, ਵਾਸੀ ਚੰਡੋਕੇ, ਨੇੜੇ ਧਰਮਕੋਟ ਬੱਗਾ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਭਾਈ ਦਾ ਵਾੜਾ ਦਾ ਮਨੋਹਰ ਸਿੰਘ, ਮੰਗਲ ਸਿੰਘ ਬਿਜਲੀ ਚਾਟੀਵਿੰਡ, ਪ੍ਰਭਜੋਤ ਸਿੰਘ ਅੰਮ੍ਰਿਤਸਰ, ਭੁਪਿੰਦਰ ਸਿੰਘ ਬਿੱਟੂ ਸਾਂਝਣਾ, ਜਸਵੰਤ ਸਿੰਘ ਜੱਸਾ ਜੱਬੋਵਾਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

3 ਅਗਸਤ 1991 ਦੇ ਦਿਨ ਪੁਲਸ ਨੇ ਮਨੋਹਰ ਸਿੰਘ (ਪੁੱਤਰ ਅਜੀਤ ਸਿੰਘ, ਵਾਸੀ ਭਾਈ ਦਾ ਵਾੜਾ, ਨੇੜੇ ਘੱਲ ਖੁਰਦ, ਜ਼ਿਲ੍ਹਾ ਮੋਗਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੁਲਸ ਨੇ ਮੰਗਲ ਸਿੰਘ ਬਿਜਲੀ (ਵਾਸੀ ਚਾਟੀਵਿੰਡ, ਅੰਮ੍ਰਿਤਸਰ), ਪ੍ਰਭਜੋਤ ਸਿੰਘ ਉਰਫ਼ ਮਰੂਤੀ ਬਾਬਾ (ਵਾਸੀ ਅੰਮ੍ਰਿਤਸਰ), ਭੁਪਿੰਦਰ ਸਿੰਘ ਬਿੱਟੂ ਉਰਫ਼ ਸੁੱਚਾ ਸਿੰਘ ਪਾਇਲਟ (ਵਾਸੀ ਸਾਂਝਣਾ, ਤਰਨਤਾਰਨ), ਜਸਵੰਤ ਸਿੰਘ ਜੱਸਾ (ਵਾਸੀ ਜੱਬੋਵਾਲ) ਨੂੰ ਵੀ ਇਕ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਸੁਖਰਾਮ ਸਿੰਘ ਕੁਲਾਰਾਂ, ਸੁਖਦੇਵ ਸਿੰਘ ਬਲੱਗਣਾਂ, ਰਾਮ ਰਜਿੰਦਰ ਸਿੰਘ ਜਾਮਾਰਾਏ ਤੇ ਮਨਜੀਤ ਸਿੰਘ ਠੱਠਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

3 ਅਗਸਤ 1992 ਦੇ ਦਿਨ ਪੁਲਸ ਨੇ ਸੁਖਰਾਮ ਸਿੰਘ ਕੁਲਾਰਾਂ, ਸੁਖਦੇਵ ਸਿੰਘ ਬਲੱਗਣਾਂ, ਰਾਮ ਰਜਿੰਦਰ ਸਿੰਘ ਜਾਮਾਰਾਏ, ਮਨਜੀਤ ਸਿੰਘ ਠੱਠਾ ਅਤੇ ਦਸ ਹੋਰ ਸਿੱਖਾਂ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਗੁਰਜੰਟ ਸਿੰਘ ਬੁਧਸਿੰਘਵਾਲਾ ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰਨ ਦੇ ਖ਼ਿਲਾਫ਼ 3-4 ਅਗਸਤ ਨੂੰ ਮੁਕੰਮਲ ਪੰਜਾਬ ਬੰਦ

ਉਨੱਤੀ-ਤੀਹ ਜੁਲਾਈ 1992 ਦੀ ਰਾਤ ਨੂੰ ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ ਵਿਚ ਕੌਰ ਸਿੰਘ ਦੇ ਘਰ 'ਤੇ ਹਮਲਾ ਕਰ ਕੇ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਜਰਨੈਲ ਗੁਰਜੰਟ ਸਿੰਘ ਬੁਧਸਿੰਘਵਾਲਾ ਨੂੰ ਕਤਲ ਕਰ ਦਿੱਤਾ ਗਿਆ ਸੀ। ਗੁਰਜੰਟ ਸਿੰਘ ਦੇ ਕਤਲ 'ਤੇ ਪੰਜਾਬ ਵਿਚ 3 ਤੇ 4 ਅਗੱਸਤ ਦੋ ਦਿਨ ਮੁਕੰਮਲ 'ਪੰਜਾਬ ਬੰਦ' ਕੀਤਾ ਗਿਆ।

1993: ਗੁਰਬਖ਼ਸ਼ ਸਿੰਘ ਘੁੱਕਰ ਨਕਲੀ ਮੁਕਾਬਲੇ ਵਿਚ ਸ਼ਹੀਦ

3 ਅਗਸਤ 1993 ਦੇ ਦਿਨ ਪੰਜਾਬ ਪੁਲਸ ਨੇ ਗੁਰਬਖ਼ਸ਼ ਸਿੰਘ ਘੁੱਕਰ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

4 ਅਗਸਤ

1914: ਗ਼ਦਰ ਪਾਰਟੀ ਦੇ ਆਗੂਆਂ ਨੇ ਵਿਦੇਸ਼ਾਂ ਵਿਚੋਂ ਪੰਜਾਬ ਨੂੰ ਚਾਲੇ ਪਾਉਣੇ ਸ਼ੁਰੂ ਕੀਤੇ

ਪਹਿਲੀ ਕੁਲ-ਆਲਮੀ ਜੰਗ ਦੌਰਾਨ 28 ਜੁਲਾਈ 1914 ਦੇ ਦਿਨ ਬਰਤਾਨੀਆ ਅਤੇ ਜਰਮਨ ਵਿਚ ਵੀ ਲੜਾਈ ਸ਼ੁਰੂ ਹੋ ਗਈ। ਇਸ ਵੇਲੇ ਗ਼ਦਰ ਪਾਰਟੀ ਭਾਰਤ ਵਿਚ ਜਾ ਕੇ ਜੰਗ ਦੀ ਤਿਆਰੀ ਕਰ ਰਹੀ ਸੀ। ਉਨ੍ਹਾਂ ਨੇ 1921 ਵਿਚ ਅੰਗਰੇਜ਼ਾਂ ਦੇ ਖ਼ਿਲਾਫ਼ ਬਗ਼ਾਵਤ ਕਰਨ ਦਾ ਪਲਾਨ ਬਣਾਇਆ ਹੋਇਆ ਸੀ। ਬਰਤਾਨੀਆ ਅਤੇ ਜਰਮਨ ਵਿਚ ਜੰਗ ਸ਼ੁਰੂ ਹੋਣ ਕਰ ਕੇ ਗ਼ਦਰ ਆਗੂਆਂ ਨੇ ਆਪਣਾ ਐਕਸ਼ਨ ਐਡਵਾਂਸ ਕਰਨ ਦਾ ਫ਼ੈਸਲਾ ਕਰ ਲਿਆ। ਸਾਰੇ ਗ਼ਦਰੀ ਆਗੂ ਆਪੋ ਆਪਣੇ ਪਿੰਡਾਂ ਨੂੰ ਚੱਲ ਪਏ। ਗ਼ਦਰ ਅਖ਼ਬਾਰ ਦੇ 4 ਅਗਸਤ 1914 ਦੇ ਪਰਚੇ ਵਿਚ ਗ਼ਦਰੀ ਆਗੂਆਂ ਵਲੋਂ ਆਪੋ-ਆਪਣੇ ਪਿੰਡਾਂ ਵਿਚ ਪਹੁੰਚਣ ਬਾਰੇ ਅਪੀਲ ਛਾਪੀ ਗਈ ਸੀ। ਅਗਸਤ ਵਿਚ ਹੀ ਪਾਰਟੀ ਦੀ ਪਹਿਲੀ ਟੋਲੀ (ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਵਗੈਰਾ) ਪੰਜਾਬ ਵਾਸਤੇ ਚਾਲੇ ਪਾ ਗਈ।

1916: ਸਿੱਖਾਂ ਨੂੰ ਵਾਇਸਰਾਏ ਕੌਂਸਲ ਵਿਚ ਥਾਂ ਦੇਣ ਦੀ ਮੰਗ ਕੀਤੀ ਗਈ

1916 ਵਿਚ ਲਖਨਊ ਕਾਨਫ਼ਰੰਸ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਨੇ ਕੌਂਸਲਾਂ ਵਿਚ ਮਿਲਣ ਵਾਲੀਆਂ ਸੀਟਾਂ ਵਿਚ ਆਪੋ-ਆਪਣਾ ਕੋਟਾ ਨੀਅਤ ਕਰ ਲਿਆ ਸੀ ਤੇ ਅਜਿਹਾ ਕਰਦਿਆਂ ਸਿੱਖਾਂ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰ ਦਿਤਾ ਸੀ। ਸਿੱਖ ਵੀ ਚਾਹੁੰਦੇ ਸੀ ਕਿ ਉਨ੍ਹਾਂ ਨੂੰ ਵੀ ਸੀਟਾਂ ਮਿਲਣ ਅਤੇ ਅੰਗਰੇਜ਼ੀ ਸਰਕਾਰ ਵਲੋਂ ਮਿਲਣ ਵਾਲੀਆਂ ਸਹੂਲਤਾਂ ਵਿਚ 'ਸਿੱਖ ਕੋਟਾ' ਨੀਅਤ ਹੋ ਜਾਵੇ। 4 ਅਗਸਤ 1916 ਦੇ ਦਿਨ ਸਿੱਖਾਂ ਦੇ ਇਕ ਡੈਪੂਟੇਸ਼ਨ ਨੇ ਮੰਗ ਕੀਤੀ ਕਿ ਉਨ੍ਹਾਂ ਨੂੰ ਵੀ ਵਾਇਸਰਾਏ ਕੌਂਸਲ ਵਿਚ ਥਾਂ ਦਿੱਤੀ ਜਾਵੇ। ਇਹ ਮੈਂਬਰੀ ਵਜ਼ਾਰਤ ਦਾ ਦਰਜਾ ਰਖਦੀ ਸੀ।

1977: ਗਿਆਨੀ ਕਰਤਾਰ ਸਿੰਘ ਭਿੰਡਰਾਂਵਾਲਾ ਸੜਕ ਹਾਦਸੇ ਵਿਚ ਜ਼ਖ਼ਮੀ ਹੋਣ ਪਿੱਛੋਂ ਚੜ੍ਹਾਈ ਕਰ ਗਏ

ਜਥਾ ਭਿੰਡਰਾ-ਮਹਿਤਾ, ਜਿਹੜੇ ਆਪਣੇ ਆਪ ਨੂੰ 1977 ਤੋਂ ਮਗਰੋਂ ਦਮਦਮੀ ਟਕਸਾਲ ਲਿਖਣ ਲਗ ਪਏ ਹਨ, ਦੇ ਮੁਖੀ ਗਿਆਨੀ ਕਰਤਾਰ ਸਿੰਘ ਭਿੰਡਰਾਂ, ਵਾਸੀ ਭੂਰਾ ਕੋਹਨਾ, ਜੋ 3 ਅਗਸਤ 1977 ਦੇ ਦਿਨ ਇਕ ਸੜਕ ਹਾਦਸੇ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਸਨ, ਨੇ ਅਪਰੇਸ਼ਨ ਸਮੇਂ ਵਾਲਾਂ ਦਾ ਕੁਝ ਹਿੱਸਾ ਕੱਟਣ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ ਸੀ, ਜਿਸ ਕਾਰਨ ਉਹ 4 ਅਗਸਤ ਨੂੰ ਚੜ੍ਹਾਈ ਕਰ ਗਏ। ਆਪ ਦਾ ਜਨਮ 1932 ਵਿਚ ਹੋਇਆ ਸੀ ਤੇ ਗਿਆਨੀ ਗੁਰਬਚਨ ਸਿੰਘ ਦੀ ਮੌਤ ਮਗਰੋਂ ਆਪ ਨੇ 29 ਸਾਲ ਦੀ ਉਮਰ ਵਿਚ 1961 ਵਿਚ ਜਥਾ ਭਿੰਡਰਾਂ ਦੀ ਸੇਵਾ ਸੰਭਾਲੀ ਸੀ। ਕਿਉਂਕਿ ਗਿਆਨੀ ਗੁਰਬਚਨ ਸਿੰਘ ਪਰਵਾਰ ਨਾਲ ਗੱਦੀ ਦਾ ਝਗੜਾ ਸ਼ੁਰੂ ਹੋ ਗਿਆ ਸੀ ਇਸ ਕਰ ਕੇ ਆਪ ਨੇ ਆਪਣਾ ਡੇਰਾ ਚੌਕ ਮਹਿਤਾ ਵਿਚ ਕਾਇਮ ਕਰ ਲਿਆ ਅਤੇ ਇਸ ਜਥੇ ਨੂੰ 'ਜਥਾ ਭਿੰਡਰਾਂ-ਮਹਿਤਾ' ਲਿਖਣ ਲਗ ਪਏ। ਫਿਰ 1977 ਵਿਚ ਇਸ ਦਾ ਨਵਾਂ ਨਾਂ "ਦਮਦਮੀ ਟਕਸਾਲ (ਜਥਾ ਭਿੰਡਰਾਂ-ਮਹਿਤਾ)" ਲਿਖਣਾ ਸ਼ੁਰੂ ਕਰ ਦਿੱਤਾ। ਆਪ ਤੋਂ ਮਗਰੋਂ ਇਹ ਸੇਵਾ ਗਿਆਨੀ ਜਰਨੈਲ ਸਿੰਘ ਰੋਡੇ ਨੇ ਸੰਭਾਲੀ ਜੋ ਉਦੋਂ ਸਿਰਫ਼ 30 ਸਾਲ ਦੇ ਸਨ (ਤੇ 37 ਸਾਲ ਦੀ ਉਮਰ ਵਿਚ ਸ਼ਹੀਦ ਹੋ ਗਏ)।

1982: ਅਕਾਲੀ ਦਲ ਨੇ ਭਿੰਡਰਾਂਵਾਲਿਆਂ ਦਾ ਧਰਮ ਯੁਧ ਮੋਰਚਾ ਅਪਣਾ ਲਿਆ

19 ਜੁਲਾਈ 1982 ਦੇ ਦਿਨ ਜਦੋਂ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਅਤੇ ਜਥਾ ਭਿੰਡਰਾ (ਮਹਿਤਾ) ਦੇ ਹੈੱਡਕੁਆਟਰ ਚੌਕ ਮਹਿਤਾ ਦੇ ਮੁੱਖ ਸੇਵਾਦਾਰ ਬਾਬਾ ਠਾਰਾ ਸਿੰਘ ਨੂੰ ਝੂਠੇ ਕੇਸਾਂ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਬਾਬਾ ਜਰਨੈਲ ਸਿੰਘ ਨੇ ਇਨ੍ਹਾਂ ਦੋਹਾਂ ਦੀ ਰਿਹਾਈ ਵਾਸਤੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਭਿੰਡਰਾਂਵਾਲਿਆਂ ਨੇ 25 ਜੁਲਾਈ 1982 ਦੇ ਦਿਨ ਮੋਰਚੇ ਨੂੰ ਨਵੀਂ ਸ਼ਕਲ ਦੇਣ ਦਾ ਐਲਾਨ ਕੀਤਾ ਹੋਇਆ ਸੀ। 25 ਤਰੀਖ ਨੂੰ ਸਵੇਰੇ 11 ਵਜੇ ਭਿੰਡਰਾਂਵਾਲਿਆਂ ਦੇ ਕਮਰੇ ਵਿਚ ਰਣਧੀਰ ਸਿੰਘ ਚੀਮਾ, ਡਾ. ਗੁਰਨਾਮ ਸਿੰਘ ਤੀਰ, ਡਾ. ਹਰਜਿੰਦਰ ਸਿੰਘ ਦਿਲਗੀਰ ਇਸ ਨੂੰ ਆਖਰੀ ਸ਼ਕਲ ਦੇਣ ਦੀ ਤਿਆਰੀ ਕਰ ਰਹੇ ਸਨ। ਅਮੀਰ ਡਾ. ਤੀਰ, ਡਾ. ਦਿਲਗੀਰ, ਪ੍ਰੋ. ਮਹਿੰਦਰ ਸਿੰਘ, ਜਤਿੰਦਰ ਸਿੰਘ ਘੁੰਮਣ ਵਗ਼ੈਰਾ ਨੇ ਹਰਮਿੰਦਰ ਸਿੰਘ ਸੰਧੂ ਨੂੰ ਭਿੰਡਰਾਂਵਾਲਿਆਂ ਵੱਲੋਂ ਕੀਤੇ ਜਾਣ ਵਾਲੇ ਐਲਾਨ ਦੀ ਇਬਾਰਤ ਲਿਖਾ ਦਿੱਤੀ ਗਈ। ਹਰਮਿੰਦਰ ਸਿੰਘ ਉਸ ਬਿਆਨ ਨੂੰ ਭਿੰਡਰਾਂਵਾਲਿਆਂ ਕੋਲੋਂ ਮਨਜ਼ੂਰੀ ਵਾਸਤੇ ਦਿਖਾਉਣ ਲੈ ਗਿਆ। ਤਕਰੀਬਨ ਉਸੇ ਵੇਲੇ ਹੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸ. ਭਾਨ ਸਿੰਘ ਬਾਬਾ ਭਿੰਡਰਾਂਵਾਲਿਆਂ ਦੇ ਕਮਰੇ ਵਿਚ ਪੁੱਜੇ। ਟੌਹੜਾ ਨੇ ਭਿੰਡਰਾਂਵਾਲਿਆਂ ਨੂੰ ਯਕੀਨ ਦੁਆਇਆ ਕਿ ਅਗਲੇ ਦਿਨ ਅਕਾਲੀ ਪਾਰਟੀ ਦੀ ਫਤਹਿਗੜ੍ਹ ਸਾਹਿਬ ਵਿਚ ਹੋਣ ਵਾਲੀ ਮੀਟਿੰਗ ਵਿਚ ਤੁਹਾਡਾ ਮੋਰਚਾ ਅਪਣਾ ਲਿਆ ਜਾਵੇਗਾ। ਇਸ 'ਤੇ ਬਾਬਾ ਜਰਨੈਲ ਸਿੰਘ ਨੇ ਵਿਦਵਾਨਾਂ ਦਾ ਤਿਆਰ ਕੀਤਾ ਹੋਇਆ ਐਲਾਨ ਰੋਕ ਲਿਆ ਅਤੇ 'ਮੋਰਚਾ ਕਾਮਯਾਬੀ ਤਕ ਜਾਰੀ ਰਹੇਗਾ' ਦਾ ਐਲਾਨ ਕਰ ਦਿੱਤਾ। ਉਧਰ ਵਾਅਦੇ ਮੁਤਾਬਿਕ ਸ਼੍ਰੋਮਣੀ ਅਕਾਲੀ ਦਲ ਨੇ 26 ਤਾਰੀਖ਼ ਨੂੰ ਫ਼ਤਹਿਗੜ੍ਹ ਸਾਹਿਬ 'ਚ ਆਪਣੀ ਵਰਕਿੰਗ ਕਮੇਟੀ ਦੀ ਮੀਟਿੰਗ ਕੀਤੀ ਅਤੇ 4 ਅਗਸਤ 1982 ਤੋਂ 'ਧਰਮ ਯੁਧ' ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ।

1982: ਗੁਰਬਖ਼ਸ਼ ਸਿੰਘ ਨੇ ਭਾਰਤੀ ਹਵਾਈ ਜਹਾਜ਼ ਅਗਵਾ ਕੀਤਾ

4 ਅਗਸਤ ਨੂੰ 'ਧਰਮ ਯੁਧ' ਮੋਰਚੇ ਦੇ ਪਹਿਲੇ ਦਿਨ ਗੁਰਬਖ਼ਸ਼ ਸਿੰਘ ਨੇ ਇਕ ਭਾਰਤੀ ਹਵਾਈ ਜਹਾਜ਼ ਅਗਵਾ ਕਰ ਕੇ ਲਾਹੌਰ ਲਿਜਾਣ ਦੀ ਕੋਸ਼ਿਸ਼ ਕੀਤੀ ਪਰ ਲਾਹੌਰ ਵਾਲਿਆਂ ਵੱਲੋਂ ਇਜਾਜ਼ਤ ਨਾ ਮਿਲਣ 'ਤੇ ਉਸ ਨੂੰ ਅੰਮ੍ਰਿਤਸਰ ਲਿਆਉਣਾ ਪਿਆ। ਉਸ ਨੂੰ ਉਤਰਦੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। (ਉਸ ਦੇ ਕਹਿਣ ਮੁਤਾਬਿਕ ਮਗਰੋਂ ਪੁਲਿਸ ਨੇ ਉਸ ਦੀ ਲੱਤ ਵਿਚ ਪਿਚਕਾਰੀ ਨਾਲ ਜ਼ਹਿਰ ਭਰ ਦਿੱਤਾ, ਜਿਸ ਨਾਲ ਉਸ ਦੀ ਲੱਤ ਬੁਰੀ ਤਰ੍ਹਾਂ ਗਲ ਗਈ)। ਗੁਰਬਖ਼ਸ਼ ਸਿੰਘ ਨੂੰ ਉਮਰ ਕੈਦ ਕੱਟਣ ਮਗਰੋਂ ਰਿਹਾ ਕਰ ਦਿੱਤਾ ਗਿਆ।

1987:ਰਾਗੀ ਦਰਸ਼ਨ ਸਿੰਘ ਨੇ ਖਾੜਕੂਆਂ ਅਤੇ ਸਿਆਸੀ ਆਗੂਆਂ ਦੀ ਸਾਂਝੀ ਕਨਵੈਨਸ਼ਨ ਬੁਲਾਈ

ਹਰਿਆਣੇ 'ਚ 17 ਜੂਨ 1987 ਦੇ ਦਿਨ ਅਸੈਂਬਲੀ ਚੋਣਾਂ ਹੋਣੀਆਂ। ਇਨ੍ਹਾਂ ਚੋਣਾਂ ਵਿਚ ਚੌਧਰੀ ਦੇਵੀ ਲਾਲ ਦੀ ਪਾਰਟੀ 85 ਵਿਚੋਂ 58 ਸੀਟਾਂ ਲੈ ਗਈ ਤੇ ਕਾਂਗਰਸ ਨੂੰ ਸਿਰਫ਼ 5 ਸੀਟਾਂ ਮਿਲੀਆਂ। ਅਕਾਲੀਆਂ ਅਤੇ (ਪ੍ਰੋ:) ਦਰਸ਼ਨ ਸਿੰਘ ਰਾਗੀ ਨੇ ਦੇਵੀ ਲਾਲ ਦੀ ਕਾਮਯਾਬੀ ਦੀ ਵਧਾਈ ਦਿੱਤੀ। (ਮਗਰੋਂ ਦੇਵੀ ਲਾਲ ਨੇ ਰਾਗੀ ਦਰਸ਼ਨ ਸਿੰਘ 'ਤੇ ਚਲ ਰਹੇ ਝੂਠੇ ਮੁਕੱਦਮੇ ਵਾਪਿਸ ਲੈ ਲਏ)।

ਇਸ ਮਗਰੋਂ ਰਾਗੀ ਦਰਸ਼ਨ ਸਿੰਘ ਦੀਆਂ ਤਕਰੀਰਾਂ ਦਾ ਤਰੀਕਾ ਵੀ ਕੁਝ ਨਰਮ ਹੋ ਗਿਆ। ਉਸ ਨੇ 3 ਜੁਲਾਈ 1987 ਦੇ ਦਿਨ ਇਕ ਬਿਆਨ ਵਿਚ ਕਿਹਾ ਕਿ ''ਪੰਜਾਬ ਹਮਲੇ ਦਾ ਹੱਲ ਬੰਦੂਕਾਂ ਨਹੀਂ ਹੈ। ਇਹ ਮਸਲਾ ਗਲਬਾਤ ਨਾਲ ਹੱਲ ਹੋਵੇਗਾ। ਅਜ ਤਰਕ (ਦਲੀਲ)

ਦਾ ਬਹਾਨਾ ਹੈ। ਅਜੇ ਅਸੀਂ ਖਾਲਿਸਤਾਨ ਨਹੀਂ ਮੰਗਦੇ।" ਇਸ ਦੇ ਨਾਲ ਹੀ ਪ੍ਰੋ: ਨੇ 4 ਅਗਸਤ 1987 ਦੇ ਦਿਨ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸਾਰੇ ਖਾੜਕੂ ਧੜਿਆਂ, ਅਕਾਲੀ ਦਲਾਂ, ਨੌਜਵਾਨ ਜਥੇਬੰਦੀਆਂ ਤੇ ਹੋਰ ਪੰਥ-ਦਰਦੀਆਂ ਦੀ ਇਕ ਕਨਵੈਨਸ਼ਨ ਬੁਲਾ ਲਈ। ਕਨਵੈਨਸ਼ਨ ਦੇ ਅਜੰਡੇ ਵਿਚ 'ਜੋਧਪੁਰ ਦੇ ਕੈਦੀ ਸਿੰਘਾਂ ਦੀ ਰਿਹਾਈ, ਧਰਮੀ ਫ਼ੌਜੀਆਂ ਦੀ ਬਹਾਲੀ, ਬੇਗੁਨਾਹ ਸਿੱਖਾਂ ਦੇ ਕਤਲ ਬੰਦ ਕਰਨ' ਦੇ ਨੁਕਤਿਆਂ ਨੂੰ ਸ਼ਾਮਿਲ ਕੀਤਾ ਗਿਆ ਸੀ।

ਰਾਗੀ ਦਰਸ਼ਨ ਸਿੰਘ ਵਲੋਂ ਐਲਾਨੀ ਕਨਵੈਨਸ਼ਨ ਵਿਚ ਅਜੇ ਇਕ ਮਹੀਨਾ ਅਜੇ ਬਾਕੀ ਸੀ। ਇਸ ਇਕ ਮਹੀਨੇ ਵਿਚ ਰਬੈਰੋ ਨੇ ਘੱਟੋ-ਘੱਟ 500 ਨੌਜਵਾਨ ਫੜ ਕੇ ਜੇਲ੍ਹਾਂ ਵਿਚ ਸੁੱਟ ਦਿੱਤੇ। ਇਸ ਤੋਂ ਇਲਾਵਾ ਕਈ ਨੌਜਵਾਨ ਘਰੋਂ ਫੜ ਕੇ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਕਤਲ ਵੀ ਕੀਤੇ ਗਏ। ਸੈਂਟਰ ਦੇ ਵਜ਼ੀਰ ਬੂਟਾ ਸਿੰਘ ਨੇ ਅਗਸਤ ਦੇ ਪਹਿਲੇ ਹਫ਼ਤੇ ਲੋਕ ਸਭਾ 'ਚ ਮੰਨਿਆ ਕਿ 1 ਜਨਵਰੀ ਤੋਂ 31 ਜੁਲਾਈ 1987 ਤਕ ਪੰਜਾਬ ਪੁਲੀਸ ਨੇ 235 ਸਿੱਖ ਨੌਜਵਾਨ ਕਤਲ ਕੀਤੇ ਹਨ। ਉਂਝ ਅਸਲ ਗਿਣਤੀ ਇਸ ਤੋਂ ਕਿਤੇ ਵੱਧ ਸੀ।

ਦਰਸ਼ਨ ਸਿੰਘ ਵਲੋਂ ਬੁਲਾਈ ਗਈ 4 ਅਗਸਤ ਦੀ ਕਨਵੈਨਸ਼ਨ ਵਿਚ ਸ਼ਾਮਿਲ ਹੋਣ ਵਾਲੇ ਹਰ ਸ਼ਖ਼ਸ ਦੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਕਾਰਕੁੰਨਾਂ ਵੱਲੋਂ ਸਕਰੀਨਿੰਗ ਕੀਤੀ ਗਈ। ਕਨਵੈਨਸ਼ਨ ਦਾ ਅਜੰਡਾ ਜੋਧਪੁਰ ਕੈਦੀਆਂ ਦੀ ਰਿਹਾਈ, ਧਰਮੀ ਫ਼ੌਜੀਆਂ ਦੀ ਬਹਾਲੀ ਤੇ ਬੇਗੁਨਾਹ ਸਿੱਖਾਂ ਦੇ ਕਤਲ ਰੋਕਣਾ ਐਲਾਣ ਕੀਤਾ ਗਿਆ ਸੀ। ਪਰ ਜਿਉਂ ਹੀ ਕਨਵੈਨਸ਼ਨ ਦੀ ਕਾਰਵਾਈ ਸ਼ੁਰੂ ਹੋਈ ਰਾਗੀ ਦਰਸ਼ਨ ਸਿੰਘ ਨੇ ਬੁਲਾਰਿਆਂ ਨੂੰ ਸਿਰਫ਼ ਤਿੰਨ ਨੁਕਤਿਆਂ 'ਤੇ ਵਿਚਾਰ ਕਰਨ ਵਾਲੇ ਆਖਿਆ। ਇਹ ਨੁਕਤੇ ਸਨ: ਪੰਥ ਦਾ ਨਿਸ਼ਾਨਾ ਕੀ ਹੈ? ਇਸ ਨੂੰ ਹਾਸਿਲ ਕਿਵੇਂ ਕੀਤਾ ਜਾਏ? ਇਸ ਜੱਦੋਜਹਿਦ ਦੀ ਅਗਵਾਈ ਕੌਣ ਕਰੇ?

ਇਸ ਕਨਵੈਨਸ਼ਨ ਵਿਚ ਵਿਚ ਫ਼ੈਡਰੇਸ਼ਨ ਦੀਆਂ ਦੋਵੇਂ ਪਾਰਟੀਆਂ, ਭਿੰਡਰਾਂਵਾਲੇ ਟਾਈਗਰਜ਼, ਸ਼ਬਦ ਖਾਲਸਾ, ਖਾਲਿਸਤਾਨ ਕਮਾਂਡੋ ਫ਼ੋਰਸ, ਖਾਲਿਸਤਾਨ ਲਿਬਰੇਸ਼ਨ ਫ਼ੋਰਸ ਤੇ ਕਈ ਹੋਰ ਸਿੱਖ ਜਥੇਬੰਦੀਆਂ ਹਾਜ਼ਿਰ ਨਹੀਂ ਸਨ। ਪਰ ਕਈ ਖਾੜਕੂ ਇਸ ਮੌਕੇ 'ਤੇ ਹਾਜ਼ਿਰ ਵੀ ਸਨ। ਇਨ੍ਹਾਂ ਵਿਚੋਂ ਕਈ ਭੇਸ ਬਦਲ ਕੇ ਪੁੱਜੇ ਹੋਏ ਸਨ। ਅਜਿਹਾ ਜਾਪਦਾ ਹੈ ਕਿ ਸਰਕਾਰ ਨੇ ਇਸ ਮੌਕੇ 'ਤੇ ਫ਼ੋਰਸਿਜ਼ ਨੂੰ ਹਟਾ ਲਿਆ ਸੀ ਤਾਂ ਜੋ ਖਾੜਕੂ ਆਗੂ ਇਸ ਮੌਕੇ 'ਤੇ ਪਹੁੰਚ ਸਕਣ ਅਤੇ ਸ਼ਾਇਦ ਰਾਗੀ ਦਰਸ਼ਨ ਸਿੰਘ ਉਨ੍ਹਾਂ ਨੂੰ ਮਨਾ ਸਕੇ।

ਖਾੜਕੂ ਜਥੇਬੰਦੀਆਂ ਨੂੰ ਸਭ ਤੋਂ ਪਹਿਲਾਂ ਵਕਤ ਦਿੱਤਾ ਗਿਆ। ਉਨ੍ਹਾਂ ਸਾਰਿਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਇਹੀ ਆਖਿਆ ਕਿ ''ਪੰਥ ਦਾ ਨਿਸ਼ਾਨਾ ਖਾਲਿਸਤਾਨ ਪਹਿਲੋਂ ਹੀ ਮਿੱਥਿਆ ਜਾ ਚੁੱਕਾ ਹੈ। ਸੋ, ਨਵੇਂ ਐਲਾਨ ਦੀ ਕੋਈ ਜ਼ਰੂਰਤ ਨਹੀਂ।" ਦੂਜੇ ਪਾਸੇ ਅਕਾਲੀਆਂ ਨੇ ਪੰਥ ਵਾਸਤੇ 'ਨਵੇਂ ਪ੍ਰੋਗਰਾਮ' ਦੀ ਧੁਨ ਜਾਰੀ ਰਖੀ। ਪਰ ਇਸ ਦੇ ਬਾਵਜੂਦ ਖਾੜਕੂ-ਸੁਰ ਭਾਰੀ ਰਹੀ। ਅਖ਼ੀਰ ਰਾਗੀ ਦਰਸ਼ਨ ਸਿੰਘ ਨੇ ਮਾਈਕ ਹੱਥ ਵਿਚ ਫੜ ਕੇ ਆਖਣਾ ਸ਼ੁਰੂ ਕੀਤਾ, ''ਰਾਜ ਸ਼ਸਤਰਾਂ (ਹਥਿਆਰਾਂ) ਦੇ ਅਧੀਨ ਹੀ ਹੁੰਦਾ ਹੈ ਪਰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਸ਼ਸਤਰ ਸਮੇਂ-ਸਮੇਂ ਬਦਲਦੇ ਰਹਿੰਦੇ ਹਨ। ਜਿਸ ਵੇਲੇ ਦੀ ਗੱਲ ਖਾੜਕੂ ਕਰਦੇ ਹਨ, ਉਸ ਵੇਲੇ ਦੇ ਸ਼ਸਤਰ ਮਨੁੱਖ ਨੂੰ ਕਤਲ ਕਰਨ ਦੀ ਸਮਰਥਾ ਰਖਦੇ ਸਨ, ਪਰ ਅਜ ਸਮਾਂ ਵਿਚਾਰ ਤੇ ਵੋਟ ਦਾ ਹੈ। ਅੱਜ ਤੁਹਾਨੂੰ ਰਾਜ ਹਥਿਆਉਣ ਵਾਸਤੇ ਵਿਚਾਰ ਤੇ ਵੋਟ ਦੇ ਸ਼ਸਤਰ ਵਰਤਣੇ ਪੈਣਗੇ ਤਾਂ ਹੀ ਰਾਜ ਦੀ ਪ੍ਰਾਪਤੀ ਹੋ ਸਕਦੀ ਹੈ।"

ਕਨਵੈਨਸ਼ਨ ਦੇ ਅਖ਼ੀਰ ਵਿਚ ਅਕਾਲੀਆਂ ਨੇ ਇਕ ਮਤਾ ਪੇਸ਼ ਕੀਤਾ, ਜਿਸ ਦੇ ਲਫ਼ਜ਼ ਸਨ: ''ਸਿੱਖ ਪੰਥ ਦਾ ਨਿਸ਼ਾਨਾ ਉੱਤਰੀ ਭਾਰਤ ਵਿਚ ਅਜਿਹਾ ਇਲਾਕਾ ਤੇ ਸਿਆਸੀ ਢਾਂਚਾ ਹਾਸਿਲ ਕਰਨਾ ਹੈ, ਜਿੱਥੇ ਸਿੱਖ ਪੂਰੀ ਆਜ਼ਾਦੀ ਮਾਣ ਸਕਣ। ਇਸ ਦੇ ਹਾਸਿਲ ਕਰਨ ਵਾਸਤੇ ਅਗਵਾਈ ਅਕਾਲ ਤਖ਼ਤ ਸਾਹਿਬ ਕੋਲ ਹੋਵੇ।" ਇਸ ਦੇ ਨਾਲ ਹੀ ਰਾਗੀ ਦਰਸ਼ਨ ਸਿੰਘ ਨੇ

ਖਾੜਕੂਆਂ ਨਾਲ ਰਾਬਤਾ ਕਾਇਮ ਕਰਨ ਵਾਸਤੇ ਇਕ ਕਮੇਟੀ ਵੀ ਬਣਾਈ। ਖਾੜਕੂਆਂ ਨੇ ਇਸ ਕਨਵੈਨਸ਼ਨ ਦਾ ਮਤਾ 'ਪੰਜਾਬੀ ਸੂਬਾ ਵਰਗਾ' ਗਰਦਾਨ ਕੇ ਰੱਦ ਕਰ ਦਿੱਤਾ। ਸਾਰੀਆਂ ਖਾੜਕੂ ਜਥੇਬੰਦੀਆਂ: ਬਬਰ ਖਾਲਸਾ, ਪੰਥਕ ਕਮੇਟੀ, ਖਾਲਿਸਤਾਨ ਲਿਬਰੇਸ਼ਨ ਫ਼ੋਰਸ, ਖਾਲਿਸਤਾਨ ਕਮਾਂਡੋ ਫ਼ੋਰਸ, ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਗੁਰਜੀਤ ਸਿੰਘ), ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖਾਲਿਸਤਾਨ ਤੇ ਹੋਰਾਂ ਨੇ ਇਸ ਮਤੇ ਨੂੰ ਰੱਦ ਕਰ ਦਿੱਤਾ। ਉਨ੍ਹਾਂ ਆਖਿਆ ਕਿ ਸਾਡਾ ਨਿਸ਼ਾਨਾ ਸਿਰਫ਼ ਖਾਲਿਸਤਾਨ ਹੈ ਤੇ ਇਸ ਦੀ ਅਗਵਾਈ ਬੇਸ਼ਕ ਅਕਾਲ ਤਖ਼ਤ ਸਾਹਿਬ ਦੇ ਨਾਂ 'ਤੇ ਪ੍ਰੋ: ਦਰਸ਼ਨ ਸਿੰਘ ਕਰ ਲੈਣ।

ਜਦੋਂ ਜੁਝਾਰੂਆਂ ਨੇ ਅਖੌਤੀ ਤੌਰ 'ਤੇ ਪਾਸ ਹੋਇਆ ਮਤਾ ਰੱਦ ਕਰ ਦਿਤਾ ਅਤੇ ਜਦੋਂ ਖਾੜਕੂਆਂ ਨੇ ਰਾਗੀ ਦਰਸ਼ਨ ਸਿੰਘ 'ਤੇ 'ਸਰਕਾਰੀਏ' ਦਾ ਲੇਬਲ ਲਾ ਦਿੱਤਾ ਤਾਂ ਤਿੰਨ ਦਿਨ ਮਗਰੋਂ 8 ਅਗਸਤ ਨੂੰ ਪ੍ਰੋ: ਦਰਸ਼ਨ ਸਿੰਘ ਆਪਣੇ ਘਰ ਜ਼ੀਰਕਪੁਰ, ਚਲੇ ਗਏ ਤੇ ਜਾਣ ਵੇਲੇ ਉਨ੍ਹਾਂ ਨੇ ਐਲਾਨ ਕੀਤਾ ਕਿ 'ਨੌਜਵਾਨ ਪੰਥ ਦੇ ਬੱਚੇ ਹਨ ਅਤੇ ਹੁਣ ਪੰਥ ਦੀ ਅਗਵਾਈ ਉਨ੍ਹਾਂ ਦੇ ਹੱਥ ਹੈ।'

1987: ਸੰਤੋਖ ਸਿੰਘ ਤੇ ਬਲਵਿੰਦਰ ਸਿੰਘ ਕਕਰਾਲਾਂ, ਘੁੱਕਰ ਸਿੰਘ ਹੇਰੀ ਵਾਲਾ, ਸੁਖਵਿੰਦਰ ਸਿੰਘ ਕਲੇਰ ਘੁਮਾਣ, ਦਿਲਾਵਰ ਸਿੰਘ ਸੁਲਤਾਨਵਿੰਡ ਰੋਡ, ਬਖਸੀਸ ਸਿੰਘ ਕਲਯੁਗ ਪੰਡਿਤ ਜਮਾਲਪੁਰ, ਨਿਸ਼ਾਨ ਸਿੰਘ ਤੇ ਸਿੰਦਪਾਲ ਸਿੰਘ ਧਰਮਕੋਟ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

4 ਅਗਸਤ 1987 ਦੇ ਦਿਨ ਪੁਲਸ ਨੇ ਸੰਤੋਖ ਸਿੰਘ (ਪੁੱਤਰ ਅਰਜਨ ਸਿੰਘ) ਤੇ ਬਲਵਿੰਦਰ ਸਿੰਘ (ਪੁੱਤਰ ਅਜੀਤ ਸਿੰਘ) ਦੋਵੇਂ ਵਾਸੀ ਕਕਰਾਲਾਂ, ਨੇੜੇ ਲੋਪੋ-ਚੁਗਾਵਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।ਇਸੇ ਦਿਨ ਪੁਲਸ ਨੇ ਘੁੱਕਰ ਸਿੰਘ ਬਬਰ (ਵਾਸੀ ਹੇਰੀ ਵਾਲਾ, ਬਠਿੰਡਾ), ਸੁਖਵਿੰਦਰ ਸਿੰਘ ਬਿੱਲਾ (ਵਾਸੀ ਕਲੇਰ ਘੁਮਾਣ, ਅੰਮ੍ਰਿਤਸਰ), ਦਿਲਾਵਰ ਸਿੰਘ ਟੀਟੂ (ਵਾਸੀ ਸੁਲਤਾਨਵਿੰਡ ਰੋਡ, ਅੰਮ੍ਰਿਤਸਰ), ਬਖ਼ਸ਼ੀਸ਼ ਸਿੰਘ ਉਰਫ਼ ਕਲਯੁਗ ਪੰਡਿਤ (ਵਾਸੀ ਜਮਾਲਪੁਰ, ਅੰਮ੍ਰਿਤਸਰ), ਨਿਸ਼ਾਨ ਸਿੰਘ ਉਰਫ਼ ਅਮਰਜੋਤ ਸਿੰਘ, ਸਿੰਦਪਾਲ ਸਿੰਘ ਧਰਮਕੋਟ ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦਾ ਜਰਨੈਲ ਨਵਰੂਪ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

4 ਅਗਸਤ 1987 ਦੇ ਦਿਨ ਪੁਲਸ ਨੇ ਨਵਰੂਪ ਸਿੰਘ ਮੁਖੀ ਜਰਨੈਲ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਹ ਫ਼ੋਰਸ 1986 ਵਿਚ ਅਰੂੜ ਸਿੰਘ (ਮੈਂਬਰ ਪੰਥਕ ਕਮੇਟੀ) ਤੇ ਸੁਖਵਿੰਦਰ ਸਿੰਘ ਬਬਰ ਨੇ ਬਣਾਈ ਸੀ। ਅਰੂੜ ਸਿੰਘ ਦੀ ਸ਼ਹੀਦੀ ਮਗਰੋਂ ਅਵਤਾਰ ਸਿੰਘ ਬ੍ਰਹਮਾ ਇਸ ਦਾ ਮੁਖੀ ਬਣਿਆ ਸੀ; 21 ਮਈ 1988 ਦੇ ਦਿਨ ਉਸ ਦੀ ਸ਼ਹੀਦੀ ਮਗਰੋਂ ਵਾਗਡੋਰ ਗੁਰਜੰਟ ਸਿੰਘ ਬੁੱਧਸਿੰਘਵਾਲਾ ਨੂੰ ਸੌਂਪੀ ਗਈ ਸੀ ਤੇ 30 ਜੁਲਾਈ 1992 ਦੇ ਦਿਨ ਉਸ ਦੀ ਸ਼ਹੀਦੀ ਮਗਰੋਂ ਨਵਰੂਪ ਸਿੰਘ ਮੁਖੀ ਬਣਿਆ ਸੀ। ਨਵਰੂਪ ਸਿੰਘ ਮਗਰੋਂ ਇਸ ਫ਼ੋਰਸ ਦੇ ਮੁਖੀ ਕੁਲਦੀਪ ਸਿੰਘ ਕੀਪਾ ਤੇ ਨਵਨੀਤ ਸਿੰਘ ਕਾਦੀਆਂ (ਸ਼ਹੀਦੀ 25.2.1994) ਸਨ।

1992: ਬਲਵਿੰਦਰ ਸਿੰਘ ਵੀਲ੍ਹਾ ਤੇਜਾ ਤੇ ਦਿਲਬਾਗ ਸਿੰਘ ਬੇਗੋਵਾਲ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

4 ਅਗਸਤ 1992 ਦੇ ਦਿਨ ਪੁਲਸ ਨੇ ਬਲਵਿੰਦਰ ਸਿੰਘ (ਪੁੱਤਰ ਗੁਰਦਿਆਲ ਸਿੰਘ, ਵਾਸੀ ਵੀਲ੍ਹਾ ਤੇਜਾ, ਜ਼ਿਲ੍ਹਾ ਗੁਰਦਾਸਪੁਰ) ਤੇ ਦਿਲਬਾਗ ਸਿੰਘ (ਪੁੱਤਰ ਗੁਰਜਿੰਦਰ ਸਿੰਘ, ਵਾਸੀ ਬੇਗੋਵਾਲ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

5 ਅਗਸਤ

1871: ਬੁੱਚੜਾਂ ਨੂੰ ਕਤਲ ਕਰਨ ਵਾਲੇ 3 ਕੂਕਿਆਂ ਨੂੰ ਰਾਏਕੋਟ ਵਿਚ ਫਾਂਸੀ ਦਿੱਤੀ ਗਈ

ਅਪਰੈਲ 1870 ਵਿਚ ਕੁਝ ਕੂਕੇ (ਜੋ 1920 ਤੋਂ ਮਗਰੋਂ ਆਪਣੇ ਆਪ ਨੂੰ ਨਾਮਧਾਰੀ ਲਿਖਣ ਲਗ ਪਏ ਸਨ) ਬ੍ਰਾਹਮਣਾਂ ਦੇ ਅਸਰ ਹੇਠਾਂ ਆਉਣੇ ਸ਼ੁਰੂ ਗਏ। ਕੂਕਿਆਂ ਵਿਚ ਸ਼ਾਮਿਲ ਹੋਏ ਵੈਸ਼ਨੋ (ਹਿੰਦੂ) ਧੜੇ ਨੇ ਛੇਤੀ ਹੀ ਪ੍ਰਚਾਰ ਵੀ ਸ਼ੁਰੂ ਕਰ ਦਿਤਾ। ਸਮਾਧਾਂ ਢਾਹੁਣ ਨਾਲ ਨਾਰਾਜ਼ ਹੋਏ ਹਿੰਦੂਆਂ ਨੇ ਕੂਕਿਆਂ ਦਾ ਰਾਹ ਬਦਲਣ ਵਾਸਤੇ ਉਨ੍ਹਾਂ ਨੂੰ ਵੈਸ਼ਨੂੰ ਧਰਮ ਨਾਲ ਜੋੜਨ ਵਾਸਤੇ ਇਕ ਨਵਾਂ ਪੈਂਤੜਾ ਸ਼ੁਰੂ ਕੀਤਾ। ਉਨ੍ਹਾਂ ਨੇ ਇਨ੍ਹਾਂ ਨੂੰ ਐਂਟੀ-ਮੁਸਲਮ ਲਹਿਰ ਵੱਲ ਟੋਰ ਦਿੱਤਾ। ਕੁਝ ਚਿਰ ਪਹਿਲਾਂ ਹੀ ਅੰਗਰੇਜ਼ਾਂ ਨੇ ਅੰਮ੍ਰਿਤਸਰ ਵਿਚ ਇਕ ਬੁੱਚੜਖਾਨਾ ਖੋਲ੍ਹਿਆ ਸੀ, ਜਿੱਥੇ ਗਊਆਂ ਵੀ ਮਾਰੀਆਂ ਜਾਂਦੀਆਂ ਸਨ। ਸਿੱਖ ਧਰਮ ਵਿਚ ਗਊ ਪਵਿੱਤਰ ਜਾਨਵਰ ਨਹੀਂ ਹੈ, ਇਸ ਕਰ ਕੇ ਇਸ ਨੂੰ ਮਾਰਨ ਜਾਂ ਨਾ ਮਾਰਨ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ। ਪਰ ਚਾਲਾਕ ਬ੍ਰਾਹਮਣਾਂ ਨੇ ਕੂਕਿਆਂ ਨੂੰ ਇਸ ਗਊ-ਰਖਿਅਕ, ਐਂਟੀ-ਸਿੱਖ, ਕਾਰਵਾਈ ਵਲ ਟੋਰ ਲਿਆ। ਬ੍ਰਾਹਮਣਾਂ ਨੇ ਕੂਕਿਆਂ ਨੂੰ ਫੁਸਲਾ ਕੇ ਇਸ ਬੁੱਚੜ ਖਾਨੇ ਦੀ ਵਿਰੋਧਤਾ ਸ਼ੁਰੂ ਕਰਵਾ ਦਿਤੀ। ਇਸ ਭੜਕਾਹਟ ਹੇਠਾਂ ਕੁਝ ਕੂਕਿਆਂ ਨੇ 14 ਜੂਨ 1870 ਦੇ ਦਿਨ ਅੰਮ੍ਰਿਤਸਰ ਦੇ ਬੁੱਚੜਖਾਨੇ 'ਤੇ ਹਮਲਾ ਕਰ ਕੇ ਕੁਝ ਬੁੱਚੜ ਮਾਰ ਦਿੱਤੇ। ਉਹ ਇਹ ਐਕਸ਼ਨ ਕਰ ਕੇ ਚੁਪਚਾਪ ਨਿਕਲ ਗਏ ਤੇ ਸਰਕਾਰ ਨੂੰ ਇਨ੍ਹਾਂ ਕਾਤਲਾਂ ਦੀ ਸ਼ਨਾਖ਼ਤ ਵੀ ਨਾ ਹੋ ਸਕੀ। ਇਸ ਮਗਰੋਂ 16 ਜੁਲਾਈ 1871 ਦੇ ਦਿਨ ਕੂਕਿਆਂ ਨੇ ਰਾਏਕੋਟ ਵਿਚ ਇਕ ਬੁੱਚੜਖਾਨੇ 'ਤੇ ਹਮਲਾ ਕੀਤਾ ਅਤੇ ਕੁਝ ਬੁੱਚੜ ਕਤਲ ਕਰ ਦਿਤੇ। ਇਨ੍ਹਾਂ ਕੂਕਿਆਂ ਵਿਚੋਂ ਮੰਗਲ ਸਿੰਘ, ਮਸਤਾਨ ਸਿੰਘ, ਸਰਮੁਖ ਸਿੰਘ, ਗੁਲਾਬ ਸਿੰਘ ਤੇ ਕਈ ਹੋਰ ਫੜੇ ਗਏ। ਗੁਲਾਬ ਸਿੰਘ ਸਰਕਾਰੀ ਗਵਾਹ ਬਣ ਗਿਆ। ਉਸ ਨੇ ਅੰਮ੍ਰਿਤਸਰ ਦੇ ਬੁੱਚੜਾਂ ਦੇ ਕਤਲਾਂ ਦੇ ਨਾਂ ਵੀ ਦਸ ਦਿਤੇ। ਇਨ੍ਹਾਂ ਸਾਰਿਆਂ 'ਤੇ ਮੁਕਦਮਾ ਚਲਾਇਆ ਗਿਆ ਅਤੇ 5 ਅਗਸਤ 1871 ਦੇ ਦਿਨ ਬੁੱਚੜਾਂ ਦੇ ਕਾਤਲ ਇਨ੍ਹਾਂ ਕੂਕਿਆਂ ਨੂੰ ਫਾਂਸੀ ਦੇ ਦਿਤੀ ਗਈ। ਇਸ ਮਗਰੋਂ ਕੂਕਿਆਂ ਦੀਆਂ ਕਾਰਵਾਈਆਂ ਇਕ ਵਾਰ ਫੇਰ ਰੁਕ ਗਈਆਂ।

1944: ਜਿਨਾਹ ਨੇ ਕਿਹਾ: ਸਿੱਖ ਵਖਰੀ ਕੌਮ ਹਨ, ਪਾਕਿਸਤਾਨ ਬਣਨ ਮਗਰੋਂ ਮੁਸਲਮ ਲੀਗ ਸਿੱਖਾਂ ਨਾਲ ਆਦਲਾਨਾ (ਇਨਸਾਫ਼ ਵਾਲਾ) ਸਲੂਕ ਕਰੇਗੀ

ਅੰਗਰੇਜ਼ਾਂ ਵੱਲੋਂ ਭਾਰਤ ਛੱਡਣ ਦੇ ਚਰਚਿਆਂ ਦੌਰਾਨ ਪਾਕਿਸਤਾਨ ਦੀ ਮੰਗ ਤੇਜ਼ੀ ਨਾਲ ਉਭਰਨ ਲੱਗੀ ਤਾਂ ਕੁਝ ਆਗੂਆਂ ਨੇ ਮੁਸਲਮਾਨਾਂ ਨੂੰ ਚੁੱਪ ਕਰਾਉਣ ਵਾਸਤੇ ਲਾਲਚ ਦੇਣੇ ਅਤੇ ਫ਼ਾਰਮੂਲੇ ਪੇਸ਼ ਕਰਨੇ ਸ਼ੁਰੂ ਕੀਤੇ। ਇਨ੍ਹਾਂ ਵਿਚ ਰਾਜ ਗੋਪਾਲ ਅਚਾਰੀਆ ਦਾ ਇਕ ਫ਼ਾਰਮੂਲਾ ਵੀ ਸ਼ਾਮਿਲ ਸੀ। 16 ਜੁਲਾਈ 1944 ਨੂੰ ਰਾਜਾ ਜੀ ਦਾ ਇਹ ਫ਼ਾਰਮੂਲਾ ਪਬਲਿਸ਼ ਹੋਇਆ। ਇਸ ਫ਼ਾਰਮੂਲੇ ਮੁਤਾਬਿਕ ਮੁਸਲਮਾਨਾਂ ਨੂੰ ਇਕ ਤਰ੍ਹਾਂ ਨਾਲ ਪਾਕਿਸਤਾਨ ਦੇਣ ਦੀ ਗੱਲ ਕੀਤੀ ਗਈ ਸੀ ਪਰ ਸਿੱਖਾਂ ਬਾਰੇ ਕੁਝ ਵੀ ਨਹੀਂ ਸੀ ਕੀਤਾ ਗਿਆ। ਇਸ ਦੀ ਵੀ ਹਰ ਪਾਸਿਓਂ ਮੁਖਾਲਫ਼ਤ ਹੋਈ। ਸ਼ਿਆਮਾ ਪ੍ਰਸਾਦ ਮੁਕਰਜੀ ਨੇ 26 ਜੁਲਾਈ ਨੂੰ ਇਸ ਦੀ ਨਿੰਦਾ

ਕੀਤੀ। ਅਕਾਲੀਆਂ ਨੇ ਵੀ 24 ਜੁਲਾਈ ਨੂੰ ਇਸ ਦੇ ਖ਼ਿਲਾਫ਼ ਬਿਆਨ ਦਿੱਤੇ। ਅਕਾਲੀ ਦਲ ਨੇ ਰਾਜਾ ਜੀ ਫ਼ਾਰਮੂਲਾ ਦਾ ਵਿਰੋਧ ਕਰਨ ਵਾਸਤੇ ਆਲ ਪਾਰਟੀਜ਼ ਸਿੱਖ ਕਾਨਫ਼ਰੰਸ ਬੁਲਾ ਲਈ। ਇਹ ਕਾਨਫ਼ਰੰਸ ਪਹਿਲੀ ਅਗਸਤ 1944 ਨੂੰ ਲਾਹੌਰ ਵਿਖੇ ਹੋਈ। ਇਸ ਵਿਚ (1) ਰਾਜਾ ਜੀ ਫ਼ਾਰਮੂਲਾ ਰਦ ਕਰੋ (2) ਮਾਸਟਰ ਜੀ ਪੰਥ ਦੀ ਵਾਗਡੋਰ ਸੰਭਾਲਣ (3) ਸੈਂਟਰ 'ਚ ਸਿੱਖਾਂ ਨੂੰ 20 ਫ਼ੀ ਸਦੀ ਸੀਟਾਂ ਮਿਲਣ (4) ਗਾਂਧੀ ਨੂੰ ਰਾਜਾ ਜੀ ਫ਼ਾਰਮੂਲੇ ਦੇ ਖ਼ਿਲਾਫ਼ ਡੈਪੂਟੇਸ਼ਨ ਭੇਜਿਆ ਜਾਵੇ, ਮਤੇ ਪਾਸ ਹੋਏ। ਇਸ ਕਾਨਫ਼ਰੰਸ ਵਿਚ ਸੈਂਟਰਲ ਅਕਾਲੀ ਦਲ ਤੋਂ ਬਿਨਾਂ ਬਾਕੀ ਸਭ ਸਿੱਖ ਜਥੇਬੰਦੀਆਂ ਦੇ ਆਗੂ ਸ਼ਾਮਿਲ ਹੋਏ। ਇਸੇ ਦਿਨ ਲਾਹੌਰ ਵਿਚ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 'ਰਾਜਾ ਜੀ ਵਿਰੋਧੀ ਦਿਵਸ' ਮਨਾਉਣ ਦਾ ਫ਼ੈਸਲਾ ਕੀਤਾ।

ਰਾਜਾ ਜੀ ਫ਼ਾਰਮੂਲੇ ਦਾ ਵਿਰੋਧ ਵੇਖ ਕੇ ਜਿਨਾਹ ਨੇ ਸਿੱਖਾਂ ਨੂੰ ਭਰਮਾਉਣ ਦੀ ਕੋਸ਼ਿਸ਼ ਵਿਚ 5 ਅਗਸਤ 1944 ਦੇ ਦਿਨ ਬਿਆਨ ਦਿੱਤਾ ਕਿ "ਸਿੱਖ ਇਕ ਵਖਰੀ ਕੌਮ ਹਨ। ਮੈਂ ਯਕੀਨ ਦਿਵਾਂਦਾ ਹਾਂ ਕਿ ਮੁਸਲਮ ਲੀਗ ਸਿੱਖਾਂ ਨਾਲ ਆਦਲਾਨਾ ਵਰਤਾਓ ਕਰੇਗੀ। ਸਿੱਖਾਂ ਦੇ ਲੀਡਰ ਆਪਣੀਆਂ ਮੁਨਾਸਿਬ ਮੰਗਾਂ ਮੈਨੂੰ ਲਿਖ ਭੇਜਣ। ਸਿੱਖਾਂ ਦਾ ਤਾਅੱਲੁਕ ਸਿਰਫ਼ ਪੰਜਾਬ ਨਾਲ ਹੈ ਅਤੇ ਮੁਸਲਮ ਲੀਗ ਦਾ ਨਿਸ਼ਾਨਾ ਹਰ ਘਟ-ਗਿਣਤੀ, ਖ਼ੁਆਹ ਉਹ ਹਿੰਦ ਵਿਚ ਜਾਂ ਪਾਕਿ 'ਚ ਹੋਏ, ਕੁਲ ਦੇ ਮੁਨਾਸਿਬ ਹੱਕਾਂ ਦੀ ਰਾਖੀ ਕਰਨਾ ਹੈ। ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਬਾਹਰਲੇ ਅੰਸਰ ਤੋਂ ਅਸਰ-ਅੰਦਾਜ਼ ਨਾ ਹੋਣ।"

1987: ਮਨਮੋਹਨ ਸਿੰਘ ਜਲੰਧਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

5 ਅਗਸਤ 1987 ਦੇ ਦਿਨ ਪੰਜਾਬ ਪਲਸ ਨੇ ਮਨਮੋਹਨ ਸਿੰਘ (ਪੁੱਤਰ ਨਰਿੰਦਰ ਸਿੰਘ, ਵਾਸੀ ਨਵੀਂ ਦਾਣਾ ਮੰਡੀ, ਜਲੰਧਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ

1988: ਸੁਰਿੰਦਰ ਸਿੰਘ ਛਿੰਦਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

5 ਅਗਸਤ 1988 ਦੇ ਦਿਨ ਪੰਜਾਬ ਪਲਸ ਨੇ ਸੁਰਿੰਦਰ ਸਿੰਘ ਛਿੰਦਾ ਉਰਫ਼ ਲਾਭਾ ਜੱਟ (ਵਾਸੀ ਵੜਿੰਗ ਮੋਹਨਪੁਰਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਗੁਰਦੇਵ ਸਿੰਘ ਬੋਹ ਤੇ ਬੇਅੰਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

5 ਅਗਸਤ 1989 ਦੇ ਦਿਨ ਪੰਜਾਬ ਪਲਸ ਨੇ ਗੁਰਦੇਵ ਸਿੰਘ (ਵਾਸੀ ਬੋਹ, ਅੰਮ੍ਰਿਤਸਰ) ਤੇ ਬੇਅੰਤ ਸਿੰਘ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਗੁਰਿੰਦਰ ਸਿੰਘ ਬਾਸਰਕੇ ਗਿੱਲਾਂ, ਦਿਲਬਾਰਾ ਸਿੰਘ ਅੰਮ੍ਰਿਤਸਰ, ਜਗਜੀਤ ਸਿੰਘ ਗਿੱਲ ਗਗਨਪੁਰ, ਸੁਖਵਿੰਦਰ ਸਿੰਘ ਸਰਹੰਦ, ਕੁਲਵਿੰਦਰ ਸਿੰਘ ਪੂਹਲਾ, ਕਾਬਲ ਸਿੰਘ ਬੂਟੇਵਾਲ, ਸੁਖਦੇਵ ਸਿੰਘ ਸੁੱਖਾ ਮਲੰਗ ਸ਼ਾਹ ਵਾਲਾ, ਦਿਦਾਰ ਸਿੰਘ ਦਾਰਾ ਡਡਿਆਲਾ, ਅਮਰੀਕ ਸਿੰਘ ਅਜਨਾਲਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

5 ਅਗਸਤ 1991 ਦੇ ਦਿਨ ਪਲਸ ਨੇ ਗੁਰਿੰਦਰ ਸਿੰਘ (ਪੁੱਤਰ ਬਖ਼ਸ਼ੀਸ਼ ਸਿੰਘ, ਵਾਸੀ ਬਾਸਰਕੇ ਗਿੱਲਾਂ, ਜ਼ਿਲ੍ਹਾ ਅੰਮ੍ਰਿਤਸਰ) ਤੇ ਦਿਲਬਾਰਾ ਸਿੰਘ (ਪੁੱਤਰ ਅਜੀਤ ਸਿੰਘ, ਵਾਸੀ ਵਿਸ਼ਵਕਰਮਾ ਕਲੋਨੀ, ਜੀ.ਟੀ.ਰੋਡ, ਅੰਮ੍ਰਿਤਸਰ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।ਇਸੇ ਦਿਨ ਪੁਲਸ ਨੇ ਜਗਜੀਤ ਸਿੰਘ ਗਿੱਲ (ਵਾਸੀ ਗਗਨਪੁਰ), ਸੁਖਵਿੰਦਰ ਸਿੰਘ ਲੱਡੂ (ਵਾਸੀ ਸਰਹੰਦ), ਕੁਲਵਿੰਦਰ ਸਿੰਘ (ਵਾਸੀ ਪੂਹਲਾ), ਕਾਬਲ ਸਿੰਘ

ਸਿੰਘ (ਵਾਸੀ ਬੁਟੇਵਾਲ), ਸੁਖਦੇਵ ਸਿੰਘ ਸੁੱਖਾ ਉਰਫ਼ ਛੋਟਾ ਬ੍ਰਹਮਾ (ਵਾਸੀ ਮਲੰਗ ਸ਼ਾਹ ਵਾਲਾ), ਦਿਦਾਰ ਸਿੰਘ ਦਾਰਾ (ਵਾਸੀ ਡਡਿਆਲਾ), ਅਮਰੀਕ ਸਿੰਘ ਉਰਫ਼ ਬਚਿੱਤਰ ਸਿੰਘ (ਵਾਸੀ ਅਜਨਾਲਾ) ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਪੰਜਾਬ ਪੁਲਸ ਨੇ ਅਵਤਾਰ ਸਿੰਘ ਸ਼ਤਰਾਨਾ ਦਾ ਜਿਸਮ ਬਿਜਲੀ ਦੀ ਪ੍ਰੈਸ ਨਾਲ ਸਾੜ ਕੇ ਜ਼ਾਲਮਾਨਾਂ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ

25 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਦੇ ਥਾਣੇਦਾਰ ਸੁਖਵਿੰਦਰ ਸਿੰਘ ਨੇ ਸ਼ਤਰਾਨਾ ਪਿੰਡ (ਜ਼ਿਲ੍ਹਾ ਪਟਿਆਲਾ) ਦੇ ਅਵਤਾਰ ਸਿੰਘ (ਭਰਾ ਜਰਨੈਲ ਸਿੰਘ ਲੈਫ਼ਟੀਨੈਂਟ ਜਨਰਲ ਖਾਲਿਸਤਾਨ ਕਮਾਂਡੋ ਫ਼ੋਰਸ, ਪੰਜਵੜ), ਜੋ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿਚ ਲਹਿਰਾਗਾਗਾ ਤੋਂ ਚੋਣ ਲੜ ਰਿਹਾ ਸੀ, ਨੂੰ ਗ੍ਰਿਫ਼ਤਾਰ ਕੀਤਾ ਤੇ ਪਾਤੜਾਂ ਥਾਣੇ ਵਿਚ ਲੈ ਗਿਆ। ਮਗਰੋਂ ਉਸ ਨੂੰ ਸੀ. ਆਈ. ਏ. ਸਟਾਫ਼ ਪਟਿਆਲਾ ਲਿਜਾਇਆ ਗਿਆ। ਉਥੇ ਪੁਲਸ ਉਸ 'ਤੇ ਬੇਤਹਾਸ਼ਾ ਜ਼ਾਲਮਾਨਾ ਤਸ਼ੱਦਦ ਕੀਤਾ। ਬਿਜਲੀ ਦੀ ਪ੍ਰੈਸ ਚਲਾ ਕੇ ਤਪਦੀ ਪ੍ਰੈਸ ਉਸ ਦੇ ਜਿਸਮ ਦੇ ਬਹੁਤ ਸਾਰੇ ਅੰਗਾਂ 'ਤੇ ਲਾ ਕੇ ਸਾਰਾ ਜਿਸਮ ਸਾੜ ਦਿੱਤਾ। 5 ਅਗਸਤ ਦੀ ਸ਼ਾਮ ਨੂੰ ਉਸ ਦੀ ਮੌਤ ਹੋ ਗਈ। ਪਰ ਇਸ ਤੋਂ ਪਹਿਲਾਂ ਕਿ ਪੁਲਸ ਉਸ ਨੂੰ ਨਕਲੀ ਮੁਕਾਬਲੇ ਵਿਚ ਮਰਿਆ ਕਹਿ ਕੇ ਅਣਪਛਾਤੀ ਲਾਸ਼ ਬਣਾ ਕੇ ਸਾੜ ਦੇਂਦੀ ਲੋਕਾਂ ਨੇ ਥਾਣੇ ਨੂੰ ਘੇਰਾ ਪਾ ਕੇ ਉਸ ਦੀ ਲਾਸ਼ ਹਾਸਿਲ ਕਰ ਲਈ। ਲਾਸ਼ ਦੇ ਪੈਰ, ਬਾਹਵਾਂ, ਲੱਤਾਂ, ਢਿੱਡ, ਸਭ ਸੜੇ ਹੋਏ ਸਨ। ਇਸ ਲਾਸ਼ ਦੀਆਂ ਤਸਵੀਰਾਂ ਦੁਨੀਆਂ ਭਰ ਵਿਚ ਛਪੀਆਂ। ਯੂ.ਐਨ.ਓ. ਦੀ ਇਨਸਾਨੀ ਹਕੂਕ ਦੀ ਜਮਾਤ ਨੇ ਇਸ ਨੂੰ ਦੁਨੀਆਂ ਭਰ ਵਿਚ ਉਭਾਰਿਆ, ਪਰ ਬੇਸ਼ਰਮ ਵਿਦੇਸ਼ੀ ਤਾਕਤਾਂ ਨੂੰ ਸਿੱਖਾਂ 'ਤੇ ਹੋ ਰਹੇ ਜ਼ੁਲਮ ਨਾਲ ਕੋਈ ਦਰਦ ਮਹਿਸੂਸ ਨਾ ਹੋਇਆ।

1992: ਸ਼ਮਸ਼ੇਰ ਸਿੰਘ ਜਾਮਾਰਾਏ, ਬਲਰਾਜ ਸਿੰਘ ਮਨਾਲ, ਰਣਜੀਤ ਸਿੰਘ ਨਿੰਮਾ, ਮੇਜਰ ਸਿੰਘ ਜਵੰਦਾ, ਡਾਕਟਰ ਕਸ਼ਮੀਰ ਸਿੰਘ, ਮਨਜੀਤ ਸਿੰਘ ਗੁਰਦਾਸਪੁਰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

5 ਅਗਸਤ 1992 ਦੇ ਦਿਨ ਪੁਲਸ ਨੇ ਸ਼ਮਸ਼ੇਰ ਸਿੰਘ ਉਰਫ਼ ਜਲੰਧਰੀ (ਵਾਸੀ ਜਾਮਾਰਾਏ), ਬਲਰਾਜ ਸਿੰਘ (ਪੁੱਤਰ ਸਵਰਨ ਸਿੰਘ, ਵਾਸੀ ਮਨਾਲ, ਨੇੜੇ ਕੁਰਾਡ, ਜ਼ਿਲ੍ਹਾ ਸੰਗਰੂਰ), ਰਣਜੀਤ ਸਿੰਘ ਨਿੰਮਾ, ਮੇਜਰ ਸਿੰਘ ਜਵੰਦਾ, ਡਾਕਟਰ ਕਸ਼ਮੀਰ ਸਿੰਘ, ਮਨਜੀਤ ਸਿੰਘ ਗੁਰਦਾਸਪੁਰ ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਭਗਤ ਪੂਰਨ ਸਿੰਘ ਚੜ੍ਹਾਈ ਕਰ ਗਏ

ਪਿੰਗਲਵਾੜਾ ਦੇ ਬਾਨੀ ਭਗਤ ਪੂਰਨ ਸਿੰਘ 5 ਅਗਸਤ 1992 ਦੇ ਦਿਨ ਅੰਮ੍ਰਿਤਸਰ ਵਿਚ ਚੜ੍ਹਾਈ ਕਰ ਗਏ।

1993: ਪਰਮਜੀਤ ਸਿੰਘ ਪੰਮਾ ਪੰਜਵੜ ਤੇ ਸੁਖਦੇਵ ਸਿੰਘ ਬੁਟਚਰ ਕਲਾਂ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

5 ਅਗਸਤ 1993 ਦੇ ਦਿਨ ਪਲਸ ਨੇ ਪਰਮਜੀਤ ਸਿੰਘ ਉਰਫ਼ ਪੰਮਾ (ਪੁੱਤਰ ਸੁਲੱਖਣ ਸਿੰਘ, ਵਾਸੀ ਪੰਜਵੜ, ਜ਼ਿਲ੍ਹਾ ਤਰਨਤਾਰਨ) ਤੇ ਸੁਖਦੇਵ ਸਿੰਘ ਉਰਫ਼ ਬਿੱਟੂ (ਪੁੱਤਰ ਪੂਰਨ ਸਿੰਘ, ਵਾਸੀ ਬੁਟਰ ਕਲਾਂ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2008: ਜੋਗਿੰਦਰ ਸਿੰਘ ਵੇਦਾਂਤੀ ਨੂੰ ਧਮਕੀ ਦੇ ਕੇ ਅਸਤੀਫ਼ਾ ਲਿਆ ਗਿਆ

28 ਮਾਰਚ 2000 ਦੇ ਦਿਨ ਗਿ. ਪੂਰਨ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦੇ ਅਹੁਦੇ (ਅਖੌਤੀ 'ਜਥੇਦਾਰੀ') ਤੋਂ ਹਟਾ ਦਿੱਤਾ ਤੇ ਉਸ ਦੀ ਥਾਂ ਜੋਗਿੰਦਰ ਸਿੰਘ (ਵੇਦਾਂਤੀ) ਨੂੰ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਮੁਖ ਸੇਵਾਦਾਰ ਲਾ ਦਿੱਤਾ ਗਿਆ ਸੀ। ਅੱਠ ਸਾਲ ਵੇਦਾਂਤੀ ਇਕ ਵਫ਼ਾਦਾਰ ਸੇਵਾਦਾਰ ਵਾਂਗ ਬਾਦਲ ਦੇ ਹੁਕਮ ਵਜਾਉਂਦਾ ਰਿਹਾ ਅਤੇ ਅਕਾਲ ਤਖ਼ਤ ਸਾਹਿਬ ਦੀ ਬਹੁਤ ਬੇਅਦਬੀ ਕੀਤੀ। ਉਸ ਨੇ ਆਪਣੇ ਅਹਿਦ ਵਿਚ ਬਾਦਲ, ਭਿੰਡਰਾਂ ਜਥਾ, ਦਸਮਗ੍ਰੰਥ ਮਾਫ਼ੀਆ ਅਤੇ ਸਾਧਾਂ ਨੂੰ ਖ਼ੁਸ਼ ਕਰਨ ਵਾਸਤੇ ਬਹੁਤ ਹਲਕੀਆਂ ਹਰਕਤਾਂ ਵੀ ਕੀਤੀਆਂ। ਪਰ ਜੁਲਾਈ 2008 ਵਿਚ ਵੇਦਾਂਤੀ ਨੇ ਵਿਦੇਸ਼ੀ ਦੌਰੇ ਦੌਰਾਨ ਕੁਝ ਅਜਿਹੇ ਫ਼ਿਕਰੇ ਬੋਲੇ ਜਿਨ੍ਹਾਂ ਨਾਲ ਬਾਦਲ ਉਸ ਤੋਂ ਨਾਰਾਜ਼ ਹੋ ਗਿਆ। ਅਖ਼ੀਰ 5 ਅਗਸਤ 2008 ਦੀ ਸ਼ਾਮ ਨੂੰ ਬਾਦਲ ਨੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਅਤੇ ਫ਼ੈਡਰੇਸ਼ਨ ਦੇ ਸਾਬਕਾ ਪ੍ਰਧਾਨ ਰਜਿੰਦਰ ਸਿੰਘ ਮਹਿਤਾ ਨੂੰ ਵੇਦਾਂਤੀ ਦੇ ਘਰ ਭੇਜ ਕੇ ਉਸ ਨੂੰ ਅਸਤੀਫ਼ਾ ਦੇਣ ਦਾ ਹੁਕਮ ਸੁਣਾ ਦਿੱਤਾ; ਅਤੇ, ਬੇਜ਼ਮੀਰੇ ਵੇਦਾਂਤੀ ਨੇ ਚੁਪ ਚਾਪ ਇਸ ਨੂੰ ਮੰਨ ਕੇ ਅਸਤੀਫ਼ਾ ਲਿਖ ਦਿੱਤਾ। ਦੋ ਦਿਨ ਮਗਰੋਂ ਉਸ ਨੇ ਬੜ੍ਹਕ ਮਾਰਨ ਦੀ ਕੋਸ਼ਿਸ਼ ਤਾਂ ਕੀਤੀ ਅਤੇ ਪਰਮਜੀਤ ਸਿੰਘ ਸਰਨਾ ਨੇ ਉਸ ਨੂੰ ਦਿੱਲੀ ਵਿਚ ਇਕ ਵੱਖਰਾ ਮਹਿਕਮਾ ਖੋਲ੍ਹ ਕੇ, ਕਾਰ ਤੇ ਰਿਹਾਇਸ਼ ਮੁਹੱਈਆ ਕਰ ਕੇ ਵੱਡੀ 'ਬੁਰਕੀ' ਪਾਈ ਵੀ ਪਰ ਬਾਦਲ ਵੱਲੋਂ ਉਹੋ ਜਿਹਾ ਲਾਲਚ ਦਿੱਤੇ ਜਾਣ ਉੱਤੇ ਵੇਦਾਂਤੀ ਪਹਿਲਾਂ ਵਾਲੀ ਆਂ 'ਤੇ ਆ ਗਿਆ ਅਤੇ ਫਿਰ ਬਾਦਲ ਦਾ ਵਫ਼ਾਦਾਰ ਬਣ ਗਿਆ।

2012: ਵਿਸਕਾਨਸਨ (ਅਮਰੀਕਾ) ਵਿਚ ਇਕ ਗੋਰੇ ਨੇ ਗੁਰਦੁਆਰੇ 'ਤੇ ਹਮਲਾ ਕਰ ਕੇ 6 ਸਿੱਖ ਕਤਲ ਕੀਤੇ

5 ਅਗਸਤ 2012 ਦੇ ਦਿਨ ਅਮਰੀਕਾ ਦੇ ਸੂਬੇ ਵਿਸਕਾਨਸਨ ਦੇ ਕਸਬੇ ਓਕ ਕਰੀਕ ਵਿਚ ਇਕ ਨਸਲਵਾਦੀ ਗੋਰੇਵੇਡ ਮਾਈਕਲ ਪੇਜ (41 ਸਾਲ) ਨੇ ਗੁਰਦੁਆਰੇ ਵਿਚ ਗੋਲੀਆਂ ਚਲਾ ਕੇ 6 ਸਿੱਖਾਂ ਨੂੰ ਮਾਰ ਦਿੱਤਾ ਤੇ 25 ਨੂੰ ਜ਼ਖ਼ਮੀ ਕੀਤਾ। ਇਸ ਸਨ: ਸਤਵੰਤ ਸਿੰਘ ਕਾਲੇਕੇ (65) ਪ੍ਰਧਾਨ ਗੁਰਦੁਆਰਾ, ਬੀਬੀ ਪਰਮਜੀਤ ਕੌਰ (41), ਪ੍ਰਕਾਸ਼ ਸਿੰਘ (39), ਸੀਤਾ ਸਿੰਘ (41), ਰਣਜੀਤ ਸਿੰਘ (49), ਸੁਬੇਗ ਸਿੰਘ (84)। ਕਾਤਲ ਨੂੰ ਫੜਨ ਆਇਆ ਪੁਲਸ ਅਫ਼ਸਰ ਲੈਫ਼ਟੀਨੈਂਟ ਬਰਾਈਨ ਮਰਫ਼ੀ ਵੀ ਗੋਲੀਆਂ ਦਾ ਸ਼ਿਕਾਰ ਹੋਇਆ ਤੇ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ (ਸਿੱਖਾਂ ਇਕ ਪੁਲਸ ਅਫ਼ਸਰ ਨੂੰ ਉਸ ਦੀ ਬਹਾਦਰੀ ਕਾਰਨ ਲੱਖਾਂ ਡਾਲਰ ਈਨਾਮ ਦਿੱਤੇ)। ਅਮਰੀਕਾ ਦੀ ਸਰਕਾਰ ਨੇ ਇਨ੍ਹਾਂ ਕਤਲਾਂ ਦੇ ਸੋਗ ਵਜੋਂ ਆਪਣੇ ਝੰਡੇ 4 ਦਿਨ ਵਾਸਤੇ ਝੁਕਾ ਦਿੱਤੇ। ਅਮਰੀਕਾ ਦੇ ਪਰੈਜ਼ੀਡੈਂਟ ਬਾਰਕ ਓਬਾਮਾ ਨੇ ਖ਼ੁਦ ਉਥੇ ਜਾ ਕੇ ਅਫ਼ਸੋਸ ਜ਼ਾਹਰ ਕੀਤਾ।

2013: ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਗੁਜਰਾਤ ਵਿਚ ਸਿੱਖ ਕਿਸਾਨ ਪੱਟੇਦਾਰਾਂ ਦਾ ਉਜਾੜਾ

ਗੁਜਰਾਤ ਵਿਚ ਸਿੱਖ ਕਿਸਾਨ ਪੱਟੇਦਾਰਾਂ ਨੂੰ ਉਜਾੜਨ ਵਾਸਤੇ ਸਿੱਖ ਵਿਰੋਧੀ ਭਾਰਤੀ ਜਨਤਾ ਪਾਰਟੀ ਦੇ ਚੀਫ਼ ਮਨਿਸਟਰ ਨਰੇਂਦਰ ਮੋਦੀ ਜਿਸ ਨੂੰ ਭਾਜਪਾ ਨੇ ਸਤੰਬਰ 2013 ਵਿਚ 2014 ਦੀਆਂ ਲੋਕ ਸਭਾ ਚੋਣਾਂ ਵਿਚ ਪ੍ਰਾਈ ਮਨਿਸਟਰ ਦੇ ਅਹੁਦੇ ਵਾਸਤੇ ਆਪਣਾ ਉਮੀਦਵਾਰ ਐਲਾਨਿਆ) ਨੇ ਹਾਈ ਕੋਰਟ ਵੱਲੋਂ ਸਿੱਖ ਕਿਸਾਨ ਪੱਟੇਦਾਰਾਂ ਦੇ ਹੱਕ ਵਿਚ ਫ਼ੈਸਲਾ ਦੇਣ ਦੇ ਖ਼ਿਲਾਫ਼ ਅਗਸਤ 2013 ਵਿਚ ਸੁਪਰੀਮ ਕੋਰਟ ਵਿਚੀਲ ਦਾਇਰ ਕਰ ਦਿੱਤੀ। ਬਾਦਲ ਦਲ ਨੇ

ਇਸ ਦੇ ਖ਼ਿਲਾਫ਼ ਜ਼ਬਾਨ ਤਕ ਨਾ ਖੋਲ੍ਹੀ। 5 ਅਗਸਤ 2013 ਦੇ ਦਿਨ ਸਿਮਰਨਜੀਤ ਸਿੰਘ ਮਾਨ ਅਤੇ ਦਿੱਲੀ ਵਿਚ ਪਰਮਜੀਤ ਸਿੰਘ ਸਰਨਾ ਅਤੇ ਪੰਜਾਬ ਦੇ ਕੁਝ ਕਾਂਗਰਸੀਆਂ ਨੇ ਇਸ ਦੇ ਖ਼ਿਲਾਫ਼ ਆਵਾਜ਼ ਉਠਾਈ। ਮਗਰੋਂ 2013-14 ਵਿਚ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਇਸ ਦੇ ਖ਼ਿਲਾਫ਼ ਭਰਪੂਰ ਆਵਾਜ਼ ਉਠਾਈ। ਹਿੰਮਤ ਸਿੰਘ ਸ਼ੇਰਗਿੱਲ ਐਡਵੋਕੇਟ ਨੇ ਸਿੱਖਾਂ ਦਾ ਕੇਸ ਲੜ ਕੇ ਗੁਜਰਾਤ ਹਾਈ ਕੋਰਟ ਵਿਚ ਜਿੱਤ ਹਾਸਿਲ ਕਤੀ ਪਰ ਨਰੇਂਦਰ ਮੋਦੀ ਨੇ ਸੁਪਰੀਮ ਪੋਰਟ ਵਿਚ ਅਪੀਲ ਦਾਇਰ ਕਰ ਕੇ ਅੜਿੱਕਾ ਜਾਰੀ ਰੱਖਿਆ।

6 ਅਗਸਤ

1947: ਲੰਡਨ ਵਿਚ ਸਿੱਖਾਂ ਨੇ ਨਾਨਕਾਣਾ ਸਾਹਿਬ ਨੂੰ ਵੈਟੀਕਨ ਸਟੇਟਸ ਦੇਣ ਵਾਸਤੇ ਮੈਮੋਰੰਡਮ ਦਿੱਤਾ

ਵਾਇਸਰਾਏ ਲਾਰਡ ਮਾਊਂਟਬੈਟਨ ਨੇ 3 ਜੂਨ 1947 ਨੂੰ ਪੰਜਾਬ ਦੀ ਵੰਡ ਕਰਨ ਦਾ ਐਲਾਨ ਕਰ ਦਿੱਤਾ। ਇਸ ਅਨੁਸਾਰ ਪੰਜਾਬ ਵਿਚ ਇਸ ਬਾਰੇ ਮੁਸਲਮ ਅਕਸਰੀਅਤ ਹੇਠ ਲਿਖੇ ਇਲਾਕੇ ਵਿਚ ਮੰਨੀ ਗਈ। (1) ਲਾਹੌਰ ਡਵੀਜ਼ਨ: ਗੁੱਜਰਾਂਵਾਲਾ, ਗੁਰਦਾਸਪੁਰ, ਸ਼ੇਖੂਪੁਰਾ, ਸਿਆਲਕੋਟ, ਲਾਹੌਰ (2) ਰਾਵਲਪਿੰਡੀ ਡਵੀਜ਼ਨ: ਰਾਵਲਪਿੰਡੀ, ਅਟਕ, ਗੁਜਰਾਤ, ਜਿਹਲਮ, ਮੀਆਂਵਾਲੀ, ਸ਼ਾਹਪੁਰ (3) ਮੁਲਤਾਨ ਡਵੀਜ਼ਨ: ਡੇਰਾ ਗ਼ਾਜ਼ੀ ਖ਼ਾਨ, ਝੰਗ, ਲਾਇਲਪੁਰ ਮਿੰਟਗੁਮਰੀ, ਮੁਲਤਾਨ, ਤੇ ਮੁਜ਼ੱਫ਼ਰਗੜ੍ਹ।

9 ਜੂਨ ਨੂੰ ਮੁਸਲਮ ਲੀਗ ਨੇ ਇਸ ਪਲਾਨ ਨੂੰ ਮਨਜ਼ੂਰ ਕਰ ਲਿਆ। 14-15 ਜੂਨ ਨੂੰ ਕਾਂਗਰਸ ਨੇ ਵੀ ਇਸ 'ਤੇ ਕਾਫ਼ੀ ਬਹਿਸ ਮਗਰੋਂ ਅਖੀਰ ਹਾਂ ਕਰ ਦਿੱਤੀ। ਸਿੱਖ ਇਸ ਤੇ ਨਾ-ਖੁਸ਼ ਸਨ ਪਰ ਫਿਰ ਵੀ ਬਲਦੇਵ ਸਿੰਘ ਨੇ ਇਸ ਨੂੰ ਚੁਪ-ਚਾਪ ਬਿਨਾਂ ਕਿਸੇ ਕਿੰਤੂ ਦੇ ਕਬੂਲ ਕਰ ਲਿਆ ਕਿਉਂਕਿ ਉਸ ਮੁਤਾਬਿਕ (1) ਪਾਕਿਸਤਾਨ ਵਿਚ ਪੂਰੀ ਤਰ੍ਹਾਂ ਜਾਣਾ ਜਾਂ (2) ਦੋਹਾਂ ਹਿੱਸਿਆਂ ਵਿਚ ਵੰਡੇ ਜਾਣ ਦੀ ਸੂਰਤ ਵਿਚ ਭਾਰਤ ਵਿਚ ਰਹਿਣਾ; ਵਿਚੋਂ ਦੂਜਾ ਹੀ ਬੇਹਤਰ ਸੀ। ਪਰ ਇਸ ਨਾਲ ਫਿਰ ਵੀ ਕੋਈ 20 ਲਖ ਸਿੱਖ ਪਾਕਿਸਤਾਨ ਦੇ ਇਲਾਕੇ ਵਿਚ ਰਹਿ ਜਾਂਦੇ ਸਨ ਜਿਨ੍ਹਾਂ ਦੀ ਤਬਦੀਲੀ ਬਾਰੇ ਕੋਈ ਫ਼ੈਸਲਾ ਨਹੀਂ ਸੀ ਹੋਇਆ।

ਹੱਦਾਂ ਦੀ ਵੰਡ ਵਾਸਤੇ ਬਾਊਂਡਰੀਆਂ ਦੇ ਮਾਹਿਰ ਸਿਰਲ ਰੈਕਲਿਫ਼ ਨੂੰ ਨੀਅਤ ਕੀਤਾ ਗਿਆ। ਰੈਕਲਿਫ਼ 8 ਜੁਲਾਈ 1947 ਨੂੰ ਦਿੱਲੀ ਵਿਚ ਪੁੱਜ ਗਿਆ। ਪਹਿਲੋਂ 30 ਜੂਨ ਨੂੰ ਜਸਟਿਸ ਤੇਜਾ ਸਿੰਘ, ਜਸਟਿਸ ਮੁਹੰਮਦ ਮੁਨੀਰ ਵਗ਼ੈਰਾ ਚਾਰ ਮੈਂਬਰਾਂ ਨੂੰ ਬਾਊਂਡਰੀ ਕਮਿਸ਼ਨ ਵਿਚ ਮੈਂਬਰ ਨਾਮਜ਼ਦ ਦਰ ਦਿੱਤਾ ਗਿਆ ਸੀ। ਕਮਿਸ਼ਨ ਦੀ ਪਹਿਲੀ ਬੈਠਕ 14 ਜੁਲਾਈ ਨੂੰ ਹੋਈ ਅਤੇ ਇਸ ਨੇ ਸਾਰੀਆਂ ਪਾਰਟੀਆਂ ਤੋਂ 18 ਜੁਲਾਈ ਤਕ ਮੈਮੋਰੰਡਮ ਮੰਗ ਲਏ ਗਏ। ਫਿਰ 21 ਜੁਲਾਈ ਤੋਂ 31 ਜੁਲਾਈ ਤਕ ਬੈਠਕਾਂ ਹੋਈਆਂ ਜਿਨ੍ਹਾਂ ਵਿਚ ਬੜੇ-ਬੜੇ ਮਸ਼ਹੂਰ ਵਕੀਲ ਤੇ ਆਗੂ ਪੇਸ਼ ਹੋ ਕੇ ਆਪਣਾ-ਆਪਣਾ ਪੱਖ ਪੇਸ਼ ਕਰਦੇ ਰਹੇ। ਅਕਾਲੀ ਦਲ ਵਲੋਂ ਹਰਨਾਮ ਸਿੰਘ, ਹਿੰਦੂਆਂ ਵਲੋਂ ਸੀਤਲਵਾਡ, ਮੁਸਲਮਾਨਾਂ ਵਲੋਂ ਮੁਹੰਮਦ ਜ਼ਫ਼ਰ ਉੱਲਾ ਖ਼ਾਨ ਨੇ ਕੇਸ ਪੇਸ਼ ਕੀਤਾ। ਅਹਿਮਦੀਆਂ ਵਲੋਂ ਡਾਕਟਰ ਓ.ਐਚ.ਕੇ. ਸਪੇਟ ਪੇਸ਼ ਹੋਏ।
ਮੁਸਲਮਾਨਾਂ ਨੇ ਲਾਹੌਰ (ਮੁਸਲਿਮ ਅਬਾਦੀ ਦੀ ਫ਼ੀ ਸਦੀ 60.6), ਗੁਜਰਾਂਵਾਲਾ (70), ਸਿਆਲਕੋਟ (62), ਸ਼ੇਖੂਪੁਰਾ (63), ਲਾਇਲਪੁਰ (62), ਮਿੰਟਗੁਮਰੀ (69), ਮੁਲਤਾਨ (78 ਫ਼ੀ ਸਦੀ) ਜ਼ਿਲ੍ਹੇ ਅਤੇ ਫ਼ੀਰੋਜ਼ਪੁਰ ਤਹਿਸੀਲ (55), ਜ਼ੀਰਾ ਤਹਿਸੀਲ (65), ਨਕੋਦਰ ਤਹਿਸੀਲ (59), ਜਲੰਧਰ ਤਹਿਸੀਲ (51), ਅਜਨਾਲਾ ਤਹਿਸੀਲ (59 ਫ਼ੀ ਸਦੀ) ਦੇ ਇਲਾਕੇ ਅਤੇ ਗੁਰਦਾਸਪੁਰ ਜ਼ਿਲੇ ਵਿਚੋਂ ਸ਼ਕਰਗੜ੍ਹ (51), ਬਟਾਲਾ (55), ਗੁਰਦਾਸਪੁਰ (51) ਇਲਾਕੇ ਮੰਗੇ। ਇਸ ਹਿਸਾਬ ਨਾਲ ਪੱਛਮੀ ਪੰਜਾਬ ਤੋਂ ਬਿਨਾਂ ਪੂਰਬੀ ਪੰਜਾਬ ਵਿਚ ਜਲੰਧਰ, ਜ਼ੀਰਾ, ਅਜਨਾਲਾ ਤੇ ਬਟਾਲਾ ਵਲ ਕੁਝ ਇਲਾਕੇ ਵਖਰੇ ਤੇ ਸਰਹੱਦ ਤੋਂ ਦੂਰ,

ਭਾਰਤ ਦੇ ਇਲਾਕੇ ਦੇ ਅੰਦਰਵਾਰ ਹੋਣ ਕਰ ਕੇ, ਕਈ ਪਾਕਿਸਤਾਨ ਬਣਦੇ ਸਨ। ਸਿੱਖਾਂ ਦੀ ਮੰਗ ਸੀ ਕਿ ਝਨਾਂ ਨੂੰ ਹੱਦ ਮੰਨ ਕੇ ਵੰਡ ਕੀਤੀ ਜਾਵੇ। ਸ਼ੇਖੂਪੁਰਾ, ਗੁਜਰਾਂਵਾਲਾ, ਮਿੰਟਗੁਮਰੀ ਤੇ ਲਾਇਲਪੁਰ ਪੂਰਬੀ ਪੰਜਾਬ ਵਿਚ ਰੱਖੇ ਜਾਣ। ਕਿਉਂਕਿ ਸ਼ੇਖੂਪੁਰਾ, ਗੁਜਰਾਂਵਾਲਾ ਤੇ ਲਾਇਲਪੁਰ ਵਿਚ ਸਿੱਖ ਜ਼ਿਮੀਦਾਰ ਮੁਸਲਮਾਨਾਂ ਤੋਂ ਦੂਣਾ ਮਾਲੀਆ ਦੇਂਦੇ ਸਨ ਤੇ ਵਧੇਰੇ ਜ਼ਮੀਨਾਂ ਦੇ ਮਾਲਕ ਸਨ। ਫਿਰ ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ ਨਾਨਕਾਣਾ ਸਾਹਿਬ ਵੀ ਸ਼ੇਖੂਪੁਰਾ ਵਿਚ ਸੀ। ਇੰਗਲੈਂਡ ਦੇ ਸਿੱਖਾਂ ਨੇ ਇਸ ਵਾਸਤੇ 6 ਅਗਸਤ 1947 ਦੇ ਦਿਨ ਲੰਡਨ ਵਿਚ ਇਕ ਜਲੂਸ ਕੱਢ ਕੇ ਯੂ.ਐਨ.ਓ ਨੂੰ ਮੈਮੋਰੈਂਡਮ ਦਿੱਤਾ ਕਿ ਨਾਨਕਾਣਾ ਸਾਹਿਬ ਨੂੰ ਵੈਟੀਕਨ ਸਟੇਟਸ ਦਿੱਤਾ ਜਾਵੇ।

1978: ਦਲ ਖਾਲਸਾ ਜਥੇਬੰਦੀ ਕਇਮੀ ਕੀਤੀ ਗਈ

1978 ਵਿਚ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਬਹੁਤ ਸਾਰੀਆਂ ਨੌਜਵਾਨ ਜਥੇਬੰਦੀਆਂ ਵਿਚਰ ਰਹੀਆਂ ਸਨ। ਇਨ੍ਹਾਂ ਵਿਚੋਂ ਮੁਖ ਚੰਡੀਗੜ੍ਹ, ਗੁਰਦਾਸਪੁਰ, ਦਿੱਲੀ, ਜਲੰਧਰ ਵਗ਼ੈਰਾ ਵਿਚ ਸਨ। ਇਨ੍ਹਾਂ ਸਾਰਿਆਂ ਨੇ ਇਕੱਠੇ ਹੋ ਕੇ ਇਕ ਵੱਡੀ ਜਥੇਬੰਦੀ ਬਣਾਉਣ ਦਾ ਫ਼ੈਸਲਾ ਕੀਤਾ। 6 ਅਗਸਤ 1978 ਦੇ ਦਿਨ ਇਹ ਜਥੇਬੰਦੀਆਂ ਦਲ ਖਾਲਸਾ ਦੇ ਨਾਂ ਹੇਠ ਇਕੱਠੀਆਂ ਹੋ ਗਈਆਂ। ਇਸ ਦੇ 5 ਮੁਖ ਪੰਚ ਚੁਣੇ ਗਏ ਸਨ: ਮਹਿੰਦਰ ਸਿੰਘ ਦਿੱਲੀ, ਹਰਸਿਮਰਨ ਸਿੰਘ, ਹਰਜਿੰਦਰ ਸਿੰਘ ਦਿਲਗੀਰ, ਸਤਨਾਮ ਸਿੰਘ ਪਾਉਂਟਾ ਸਾਹਿਬ ਤੇ ਜਸਵੰਤ ਸਿੰਘ ਠੇਕੇਦਾਰ। ਮਗਰੋਂ ਦਸੰਬਰ ਵਿਚ ਦਿਲਗੀਰ ਦੇ ਅਸਤੀਫ਼ਾ ਦੇ ਜਾਣ 'ਤੇ 1979 ਵਿਚ ਗਜਿੰਦਰ ਸਿੰਘ ਨੂੰ ਸ਼ਾਮਿਲ ਕਰ ਲਿਆ ਗਿਆ ਸੀ।

ਦਲ ਖਾਲਸਾ ਨੇ ਆਪਣਾ ਨਿਸ਼ਾਨਾ ਖਾਲਿਸਤਾਨ ਰੱਖਿਆ। ਭਾਵੇਂ ਇਸ ਵਿਚ ਥੋੜ੍ਹੇ ਵਰਕਰ ਸਨ ਪਰ ਇਹ ਸਿਰੜੀ ਜਵਾਨਾਂ ਦੀ ਜਥੇਬੰਦੀ ਸੀ। (ਦਲ ਖਾਲਸਾ ਨੇ 1979 ਦੀਆਂ ਗੁਰਦੁਆਰਾ ਚੋਣਾਂ ਵੀ ਲੜੀਆਂ ਜਿਸ ਨੂੰ ਮਗਰੋਂ ਇਕ ਗ਼ਲਤੀ ਮੰਨ ਕੇ ਮੁੜ ਅਜਿਹਾ ਨਾ ਕਰਨ ਦਾ ਫ਼ੈਸਲਾ ਕੀਤਾ ਗਿਆ। 29 ਸਤੰਬਰ 1981 ਦੀ ਹਾਈਜੈਕਿੰਗ ਮਗਰੋਂ ਦਲ ਖਾਲਸਾ ਦੇ ਸਾਰੇ ਵਰਕਰ ਰੂਪੋਸ਼ ਹੋ ਗਏ ਤੇ ਇਹ ਜਥੇਬੰਦੀ ਲਾਹੌਰ ਜੇਲ੍ਹ ਅਤੇ ਇੰਗਲੈਂਡ ਤਕ ਹੀ ਮਹਿਦੂਦ ਹੋ ਗਈ। ਹੁਣ ਪਿਛਲੇ ਦਸ ਸਾਲਾਂ ਤੋਂ ਇਹ ਇਕ ਨੀਮ-ਸਿਆਸੀ ਜਥੇਬੰਦੀ ਵਜੋਂ ਵਿਚਰ ਰਹੀ ਹੈ ਤੇ ਇਸ ਦਾ ਨਿਸ਼ਾਨਾ ਵੀ ਪੂਰੀ ਤਰ੍ਹਾਂ 1978 ਵਾਲਾ ਨਹੀਂ ਹੈ ਅਤੇ ਇਹ ਤਿੰਨ ਹਿੱਸਿਆਂ ਵਿਚ ਵੰਡੀ ਹੋਈ ਹੈ: ਗਜਿੰਦਰ ਸਿੰਘ-ਮਨਮੋਹਨ ਸਿੰਘ ਬਜਾਜ ਗਰੁਪ, ਜਸਵੰਤ ਸਿੰਘ ਠੇਕੇਦਾਰ ਗਰੁਪ ਇੰਗਲੈਂਡ, ਦਲ ਖਾਲਸਾ ਅਲਾਇੰਸ ਗਰੁਪ (ਅਮਰੀਕਾ)।

ਭਾਰਤ ਸਰਕਾਰ ਦੀਆਂ ਖ਼ੁਫ਼ੀਆ ਏਜੰਸੀਆਂ ਤੇ ਉਨ੍ਹਾਂ ਦੇ ਏਜੰਟ ਇਹ ਪਰਚਾਰ ਕਰਦੇ ਰਹੇ ਹਨ ਕਿ ਇਸ ਨੂੰ ਕਾਂਗਰਸ ਨੇ ਬਣਾਇਆ ਸੀ ਜਾਂ ਇਸ ਦਾ ਜ਼ੈਲ ਸਿੰਘ ਜਾਂ ਵਿਸ਼ਵਾ ਨਾਥ ਤਿਵਾੜੀ ਨਾਲ ਸਬੰਧ ਸੀ। ਇਹ ਕੋਰਾ ਝੂਠ ਹੈ ਜਿਸ ਦੇ ਘੜਨ ਪਿੱਛੇ ਇਹ ਏਜੰਸੀਆਂ, ਕਾਂਗਰਸੀ ਅਤੇ ਅਕਾਲੀ ਦਲ ਦੇ ਕੁਝ ਸਾਜ਼ਸ਼ੀ ਆਗੂ ਵੀ ਸਨ। ਦਲ ਖਾਲਸਾ ਤਾਂ ਸਿੱਖ ਨੌਜਵਾਨਾਂ ਦੀਆਂ ਖਾੜਕੂ ਜਥੇਬੰਦੀਆਂ ਨੇ ਜਜ਼ਬਾਤੀ ਹੋ ਕੇ ਕਾਇਮ ਕੀਤੀ ਸੀ ਅਤੇ ਇਹ 1982 ਤਕ ਲੰਕੇ-ਡੰਗ (ਵਰਕਰਾਂ ਦੇ ਦਸਵੰਧ ਨਾਲ) ਸੇਵਾ ਕਰਦੀ ਰਹੀ ਸੀ।

1987: ਅਮਰਜੀਤ ਸਿੰਘ ਅੰਮ੍ਰਿਤਸਰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ

6 ਅਗਸਤ 1987 ਦੇ ਦਿਨ ਪੰਜਾਬ ਪੁਲਸ ਨੇ ਅਮਰਜੀਤ ਸਿੰਘ (ਪੁਤਰ ਜਸਵੰਤ ਸਿੰਘ, ਵਾਸੀ ਬਾਜ਼ਾਰ ਚੂੜ ਬੇਰੀ, ਚੌਕ ਚਿੰਤਪੁਰਨੀ, ਗਲੀ ਬੋਹੜਵਾਲੀ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਲਖਵਿੰਦਰ ਸਿੰਘ ਉਰਫ਼ ਲੱਖਾ (ਵਾਸੀ ਮੰਮਣਕੇ), ਗੁਰਮੇਜ ਸਿੰਘ (ਵਾਸੀ ਨਾਗੋਕੇ), ਬਲਕਾਰ ਸਿੰਘ ਉਰਫ਼ ਬਾਲੀ ਸਿੰਘ (ਵਾਸੀ ਮੀਆਵਿੰਡ) ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

6 ਅਗਸਤ 1989 ਦੇ ਦਿਨ ਪੰਜਾਬ ਪੁਲਸ ਨੇ ਲਖਵਿੰਦਰ ਸਿੰਘ ਉਰਫ਼ ਲੱਖਾ (ਵਾਸੀ ਮੰਮਣਕੇ), ਗੁਰਮੇਜ ਸਿੰਘ (ਵਾਸੀ ਨਾਗੋਕੇ), ਬਲਕਾਰ ਸਿੰਘ ਉਰਫ਼ ਬਾਲੀ ਸਿੰਘ (ਵਾਸੀ ਮੀਆਵਿੰਡ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਸੁਰਜੀਤ ਸਿੰਘ ਠੱਠੀ ਜੈਮਲ ਸਿੰਘ ਤੇ ਦਰਸ਼ਨ ਸਿੰਘ ਵਲਟੋਹਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

6 ਅਗਸਤ 1991 ਦੇ ਦਿਨ ਪੰਜਾਬ ਪੁਲਸ ਨੇ ਸੁਰਜੀਤ ਸਿੰਘ ਸੀਤਲ, ਉਰਫ਼ ਬੱਖਤ (ਵਾਸੀ ਠੱਠੀ ਜੈਮਲ ਸਿੰਘ), ਦਰਸ਼ਨ ਸਿੰਘ (ਵਾਸੀ ਵਲਟੋਹਾ, ਤਰਨਤਾਰਨ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਬਖ਼ਸ਼ੀਸ਼ ਸਿੰਘ, ਬੰਤਾ ਸਿੰਘ, ਈਸ਼ਰ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

5 ਅਗਸਤ 1992 ਦੇ ਦਿਨ ਪੁਲਸ ਨੇ ਬਖ਼ਸ਼ੀਸ਼ ਸਿੰਘ, ਬੰਤਾ ਸਿੰਘ ਤੇ ਈਸ਼ਰ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਪਾਕਿਸਤਾਨ ਵਿਚ ਸਿੱਖਾਂ 'ਤੇ ਫੇਰ ਹਥਿਆਰਬੰਦ ਹਮਲਾ – ਇਕ ਦੀ ਮੌਤ

6 ਅਗਸਤ 2014 ਦੇ ਦਿਨ ਪਾਕਿਸਤਾਨ ਵਿਚ, ਹਸ਼ਤਨਗਰੀ ਇਲਾਕੇ ਵਿਚ ਅਣਪਛਾਤੇ ਲੋਕਾਂ ਨੇ ਜਸਮੇਤ ਸਿੰਘ, ਬਹਿਰਾਮ ਸਿੰਘ ਤੇ ਮਨਮੀਤ ਸਿੰਘ 'ਤੇ ਪਿਸਤੌਲਾਂ ਨਾਲ ਹਮਲਾ ਕੀਤਾ।ਜਸਮੇਤ ਸਿੰਘ ਦੀ ਮੌਤ ਹੋ ਗਈ। ਪਾਕਿਸਤਾਨ ਵਿਚ 20000 ਸਿੱਖ ਰਹਿੰਦੇ ਹਨ ਅਤੇ ਉਨ੍ਹਾਂ 'ਤੇ ਕਈ ਵਾਰ ਕਾਤਲਾਨਾ ਹਮਲੇ ਹੋ ਚੁਕੇ ਹਨ।

7 ਅਗਸਤ

1765: ਪਟਿਆਲਾ ਰਿਆਸਤ ਦੇ ਬਾਨੀ ਬਾਬਾ ਆਲਾ ਸਿੰਘ ਦੀ ਮੌਤ ਹੋਈ

ਪਟਿਆਲਾ ਰਿਆਸਤ ਦੇ ਬਾਨੀ ਬਾਬਾ ਆਲਾ ਸਿੰਘ (ਜਨਮ 8 ਜਨਵਰੀ 1691), ਪੁੱਤਰ ਭਾਈ ਰਾਮ ਸਿੰਘ, ਦੀ ਮੌਤ 7 ਅਗਸਤ 1765 ਦੇ ਦਿਨ ਹੋਈ ਸੀ। ਆਲਾ ਸਿੰਘ ਦਾ ਜਨਮ ਫੂਲ (ਜ਼ਿਲ੍ਹਾ ਬਠਿੰਡਾ) ਵਿਚ ਹੋਇਆ ਸੀ ਤੇ ਉਸ ਦਾ ਵਿਆਹ ਖੰਨਾ ਦੇ ਭਾਈ ਕਾਲਾ ਦੀ ਬੇਟੀ ਫੱਤੋ (ਫ਼ਤਹਿ ਕੌਰ) ਨਾਲ ਹੋਇਆ ਸੀ। 1714 ਵਿਚ ਉਹ ਇਕ ਨਿੱਕੀ ਜਹੀ ਰਿਆਸਤ ਦਾ ਚੌਧਰੀ ਬਣਿਆ ਸੀ। 1723 ਵਿਚ ਉਸ ਨੇ ਕਈ ਹੋਰ ਪਿੰਡਾਂ 'ਤੇ ਵੀ ਕਬਜ਼ਾ ਕਰ ਲਿਆ ਸੀ। ਉਸ ਨੇ 1732 ਵਿਚ ਖੰਡੇ ਦੀ ਪਾਹੁਲ ਲਈ ਸੀ। ਉਸ ਨੇ 1753 ਵਿਚ ਪਟਿਆਲਾ ਨਗਰ ਦੀ ਨੀਂਹ ਰੱਖੀ। 1761 ਵਿਚ ਉਸ ਨੇ ਮਰਹੱਟਿਆਂ ਦਾ ਸਾਥ ਦਿੱਤਾ ਜਿਸ ਤੇ ਅਹਿਮਦ ਸਾਹ ਦੁੱਰਾਨੀ ਨੇ ਆਲਾ ਸਿੰਘ 'ਤੇ ਹਮਲਾ ਕਰਨ ਦਾ ਫੈਸਲਾ ਕੀਤਾ ਸੀ। ਅਖ਼ੀਰ ਖਰਾਜ ਦੇ ਕੇ ਆਲਾ ਸਿੰਘ ਨੇ ਜਾਨ ਛੁਡਾਈ ਤੇ ਨਾਲ ਹੀ ਦੁੱਰਾਨੀ ਤੋਂ 'ਰਾਜਾ-ਇ-ਰਾਜਗਾਂ' ਦਾ ਖ਼ਿਤਾਬ ਵੀ ਲਿਆ ਸੀ। 7 ਅਗਸਤ 1765 ਦੇ ਦਿਨ ਉਸ ਦੀ ਮੌਤ ਹੋ ਗਈ।

1847: ਗ਼ਦਾਰ ਤੇਜ ਰਾਮ ਬ੍ਰਾਹਮਣ ਨੂੰ ਰਾਜਾ ਬਣਾਉਣ ਵਾਸਤੇ ਲਾਹੌਰ ਵਿਚ ਦਰਬਾਰ ਕੀਤਾ ਗਿਆ

1846 ਲਾਹੌਰ 'ਤੇ ਇਕ ਤਰ੍ਹਾਂ ਦਾ ਕਬਜ਼ਾ ਕਰਨ ਮਗਰੋਂ 7 ਅਗਸਤ 1847 ਦੇ ਦਿਨ ਰੈਜ਼ੀਡੈਂਟ ਨੇ ਅੰਗਰੇਜ਼ਾਂ ਦੇ ਮਦਦਗਾਰਾਂ, ਪਰ ਪੰਜਾਬ ਦੇ ਗ਼ਦਾਰਾਂ, ਦੇ ਸਨਮਾਨ ਵਿਚ ਇਕ ਸਮਾਗਮ ਰੱਖਿਆ। ਇਸ ਸਮਾਗਮ ਵਿਚ ਗ਼ਦਾਰ ਤੇਜਾ ਸਿੰਹ ਮਿਸਰ (ਅਸਲ ਨਾਂ ਤੇਜ ਰਾਮ ਮਿਸਰ ਬ੍ਰਾਹਮਣ) ਨੂੰ ਰਾਜਾ ਵਜੋਂ ਤਿਲਕ ਲਾਇਆ ਜਾਣਾ ਸੀ। ਬਾਲ ਮਹਾਰਾਜਾ ਦਲੀਪ ਸਿੰਘ ਨੇ ਐਨ ਮੌਕੇ 'ਤੇ ਹੱਥ ਪਿੱਛੇ ਕਰ ਕੇ ਤਿਲਕ ਲਾਉਣ ਤੋਂ ਨਾਂਹ ਕਰ ਦਿਤੀ। ਇਸ 'ਤੇ ਅੰਗਰੇਜ਼ਾਂ ਨੇ ਇਕ ਪੁਜਾਰੀ ਕੋਲੋਂ ਤਿਲਕ ਲੁਆ ਦਿਤਾ। ਲਾਰਡ ਹਾਰਡਿੰਗ ਨੇ ਇਸ ਘਟਨਾ ਦਾ ਜ਼ਿੰਮੇਦਾਰ ਰਾਣੀ ਨੂੰ ਠਹਿਰਾਉਂਦਿਆਂ ਕਿਹਾ ਕਿ ਉਹ ਆਪਣੇ ਦੁਸ਼ਮਣਾਂ ਦੇ ਸਨਮਾਨ ਤੋਂ ਔਖੀ ਸੀ ਇਸੇ ਕਰ ਕੇ ਉਸ ਨੇ ਮੁੰਡੇ (ਦਲੀਪ ਸਿੰਘ) ਨੂੰ ਅਜਿਹਾ ਕਰਨੋਂ ਰੋਕਿਆ ਸੀ। ਹਾਲਾਂਕਿ ਦਲੀਪ ਸਿੰਘ ਨੇ ਕੇਸਰ ਵਿਚ ਉਂਗਲ ਪਾ ਵੀ ਦਿਤੀ ਸੀ ਪਰ (ਰਾਣੀ ਦੇ ਇਸ਼ਾਰਾ ਕਰਨ 'ਤੇ) ਉਸ ਨੇ ਹੱਥ ਪਿੱਛੇ ਕਰ ਲਏ ਤੇ ਕੁਰਸੀ 'ਤੇ ਢੋਅ ਲਾ ਕੇ ਬੈਠ ਗਿਆ। ਇਸ ਘਟਨਾ ਮਗਰੋਂ ਰਾਣੀ ਦੇ ਪੰਜ ਵਫ਼ਾਦਾਰ ਸੇਵਾਦਾਰ (ਮੰਗਲਾ, ਜੀਵਨ ਸਿੰਘ, ਹੀਰਾ ਸਿੰਘ, ਅਮੀਰ ਬਖ਼ਸ਼ ਤੇ ਹਰਦਿਆਲ) ਨੂੰ ਨੌਕਰੀ ਤੋਂ ਕੱਢ ਕੇ ਲਾਹੌਰ ਤੋਂ ਬਾਹਰ ਭੇਜ ਦਿਤਾ ਗਿਆ। ਰਾਣੀ ਨੂੰ ਵੀ ਕਿਲ੍ਹੇ ਦੀਆਂ ਦੀਵਾਰਾਂ ਦੇ ਅੰਦਰ ਮਹਿਦੂਦ ਕਰ ਦਿਤਾ ਗਿਆ ਅਤੇ ਉਸ ਨੂੰ ਆਪਣੀ ਮਰਜ਼ੀ ਦੇ ਲੋਕਾਂ ਨਾਲ ਮਿਲਣੋਂ ਵੀ ਰੋਕ ਦਿਤਾ ਗਿਆ।

1925: ਜੈਤੋ ਵਿਚ ਗੁਰੂ ਗ੍ਰੰਥ ਸਾਹਿਬ ਦੇ 101 ਪਾਠ ਪੂਰੇ ਹੋਏ

ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰਨ ਦੇ ਖ਼ਿਲਾਫ਼ ਸਿੱਖਾਂ ਦਾ ਇਕ ਇਕੱਠ 27 ਅਗਸਤ 1923 ਨੂੰ ਜੈਤੋ ਵਿਚ ਵੀ ਹੋਇਆ। ਨਾਭਾ ਸਰਕਾਰ ਨੇ ਇਸ ਦੀਵਾਨ 'ਚ ਹਿੱਸਾ ਲੈਣ ਵਾਲੇ ਸਿੱਖ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਗ੍ਰਿਫ਼ਤਾਰੀਆਂ ਦੀ ਸਖ਼ਤ ਮੁਖ਼ਾਲਫ਼ਤ ਕੀਤੀ ਤੇ ਨਾਲ ਹੀ ਜੈਤੋ ਵਿਚ 27 ਅਗਸਤ ਵਾਲੇ ਦੀਵਾਨ ਨੂੰ ''ਜਾਰੀ ਰੱਖਣ'' ਦਾ ਐਲਾਨ ਕਰ ਦਿੱਤਾ। ਇਸ ਦਾ ਮਾਅਨਾ ਇਹ ਸੀ ਕਿ ਜਦੋਂ ਤਕ ਸਿੱਖ ਆਜ਼ਾਦੀ ਨਾਲ ਅਤੇ ਆਪਣੀ ਮਰਜ਼ੀ ਮੁਤਾਬਿਕ ਦੀਵਾਨ ਨਹੀਂ ਕਰ ਲੈਂਦੇ, ਉਦੋਂ ਤਕ ਦੀਵਾਨ ਕਰਨ ਵਾਸਤੇ ਐਜੀਟੇਸ਼ਨ ਚਲਦੀ ਰਹੇਗੀ। ਨਾਭਾ ਦੀ ਸਰਕਾਰ (ਜਿਸ ਨੂੰ ਇਕ ਅੰਗਰੇਜ਼ ਐਡਮਨਿਸਟਰੇਟਰ ਵਿਲਸਨ ਜਾਹਨਸਟਨ ਚਲਾ ਰਿਹਾ ਸੀ) ਨੇ ਸਿੱਖਾਂ ਨੂੰ ਦੀਵਾਨ ਕਰਨ ਦੀ ਇਜਾਜ਼ਤ ਨਾ ਦਿੱਤੀ। ਇਸ ਕਰ ਕੇ ਐਜੀਟੇਸ਼ਨ ਸ਼ੁਰੂ ਹੋ ਗਈ। ਇਸ ਸਬੰਧ ਵਿਚ ਇਕ ਜਲੂਸ 9 ਸਤੰਬਰ 1923 ਨੂੰ ਕੱਢਿਆ ਗਿਆ। ਇਸ ਜਲੂਸ ਦੇ ਸਬੰਧ ਵਿਚ 25 ਸਿੱਖ ਗ੍ਰਿਫ਼ਤਾਰ ਲਏ ਗਏ। ਇਸ ਮਗਰੋਂ 14 ਸਤੰਬਰ ਨੂੰ ਗੰਗਸਰ ਗੁਰਦੁਆਰੇ ਵਿਚ ਇਕ ਅਖੰਡ ਪਾਠ ਰੱਖਿਆ ਗਿਆ। ਅੰਗਰੇਜ਼ ਫ਼ੌਜੀਆਂ ਨੇ ਗੁਰਦੁਆਰੇ ਵਿਚ ਦਾਖ਼ਿਲ ਹੋ ਕੇ ਪਾਠ ਕਰਦੇ ਗ੍ਰੰਥੀ ਗਿਆਨੀ ਇੰਦਰ ਸਿੰਘ ਸਮੇਤ ਸਾਰੇ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ 'ਤੇ ਸਾਰੇ ਪਾਸੇ ਜ਼ਬਰਦਸਤ ਰੋਹ ਪੈਦਾ ਹੋਇਆ।

29 ਸਤੰਬਰ 1923 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਮੀਟਿੰਗ ਅਕਾਲ ਤਖ਼ਤ ਸਾਹਿਬ 'ਤੇ ਹੋਈ। ਇਸ ਵਿਚ ਜੈਤੋ ਦੇ ਗੁਰਦੁਆਰੇ ਵਿਚ ਅਖੰਡ ਪਾਠ 'ਖੰਡਤ' ਕਰਨ ਦੀ ਜ਼ਬਰਦਸਤ ਨਿੰਦਾ ਕੀਤੀ ਗਈ ਅਤੇ ਮਤਾ ਪਾਸ ਕੀਤਾ ਗਿਆ ਕਿ ਸਿੱਖ ਜਥਾ ਜੈਤੋ ਜਾ ਕੇ ਅਖੰਡ ਪਾਠ ਮੁੜ ਸ਼ੁਰੂ ਕਰੇਗਾ। (ਅਸੂਲਣ ਸਿੱਖੀ ਵਿਚ ਪਾਠ ਕਦੇ 'ਖੰਡਤ' ਨਹੀਂ ਹੋ ਸਕਦਾ; ਅਖੰਡ ਪਾਠ ਬ੍ਰਾਹਮਣੀ ਕਾਰਵਾਈ ਹੈ)। ਸ਼੍ਰੋਮਣੀ ਕਮੇਟੀ ਨੇ ਜੈਤੋ ਵਿਚ ਅਖੰਡ ਪਾਠ ਮੁੜ ਸ਼ੁਰੂ ਕਰਨ ਵਾਸਤੇ 25-25 ਸਿੱਖਾਂ ਦੇ ਜਥੇ ਭੇਜਣੇ ਸ਼ੁਰੂ ਕਰ ਦਿੱਤੇ। ਇਨ੍ਹਾਂ

ਜਥਿਆਂ ਨੂੰ ਬੁਰੀ ਤਰ੍ਹਾਂ ਕੁੱਟਿਆ ਜਾਂਦਾ ਸੀ ਅਤੇ ਫਿਰ ਗ੍ਰਿਫ਼ਤਾਰ ਕਰਨ ਮਗਰੋਂ ਕੁਝ ਕੁ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਸੀ ਅਤੇ ਬਾਕੀਆਂ ਨੂੰ ਬਹੁਤ ਦੂਰ-ਦੁਰਾਡੇ ਇਲਾਕਿਆਂ ਵਿਚ (ਢਾਈ ਤੋਂ ਪੰਜ ਸੌ ਕਿਲੋਮੀਟਰ ਦੂਰ) ਜੰਗਲ ਜਾਂ ਉਜਾੜ ਵਿਚ ਛੱਡ ਦਿੱਤਾ ਜਾਂਦਾ ਸੀ। ਇੰਝ ਇਹ ਮੋਰਚਾ ਇਸੇ ਤਰ੍ਹਾਂ ਕਈ ਮਹੀਨੇ ਚਲਦਾ ਰਿਹਾ। ਇਸ ਦੌਰਾਨ ਤਕਰੀਬਨ 5000 ਸਿੱਖਾਂ ਨੇ ਮੋਰਚੇ ਵਿਚ ਹਿੱਸਾ ਲਿਆ।

ਚਾਰ ਮਹੀਨੇ ਤੋਂ ਵਧ ਸਮਾਂ ਜਥਿਆਂ ਵੱਲੋਂ ਜੈਤੋ ਵੱਲ ਮਾਰਚ ਕੀਤੇ ਜਾਣ ਅਤੇ ਗ੍ਰਿਫ਼ਤਾਰੀਆਂ ਦੇਣ ਦੇ ਬਾਵਜੂਦ ਜਦੋਂ ਕੋਈ ਨਤੀਜਾ ਨਾ ਨਿਕਲਿਆ ਤਾਂ ਸ਼੍ਰੋਮਣੀ ਕਮੇਟੀ ਨੇ ਜੱਦੋਜਹਿਦ ਨੂੰ ਤੇਜ਼ ਕਰਨ ਦਾ ਫ਼ੈਸਲਾ ਕੀਤਾ। ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ ਜੈਤੋ ਵਿਚ ਅਖੰਡ ਪਾਠ ਸ਼ੁਰੂ ਕਰਨ ਵਾਸਤੇ 500 ਸਿੱਖਾਂ ਦਾ ''ਸ਼ਹੀਦੀ ਜਥਾ'' ਭੇਜਿਆ ਜਾਏਗਾ। ਇਸ ਜਥੇ ਨੇ 9 ਫ਼ਰਵਰੀ 1924 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਚੱਲ ਕੇ 21 ਫਰਵਰੀ ਨੂੰ ਜਦੋਂ ਜਥਾ ਜੈਤੋ ਪੁੱਜਾ ਤਾਂ ਵਿਲਸਨ ਜਾਨਸਟਨ ਨੇ ਫ਼ੌਜ ਨੂੰ ਜਥੇ 'ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਗੋਲੀ ਨਾਲ ਦਰਜਨਾਂ ਸਿੱਖ ਸ਼ਹੀਦ ਹੋ ਗਏ ਤੇ ਦੋ ਸੌ ਤੋਂ ਵਧ ਜ਼ਖ਼ਮੀ ਹੋ ਗਏ। ਇਨ੍ਹਾਂ ਵਿਚ ਮਰਦ, ਔਰਤਾਂ ਤੇ ਬੱਚੇ ਵੀ ਸ਼ਾਮਿਲ ਸਨ। ਇਕ ਸੋਮੇ ਮੁਤਾਬਿਕ ਅੰਗਰੇਜ਼ੀ ਫ਼ੌਜ ਨੇ 27 ਹਜ਼ਾਰ ਕਾਰਤੂਸ ਚਲਾਏ ਤੇ ਜੇ ਕਰ ਗੋਲੀ ਵਿੱਚੇ ਫਸ ਜਾਣ ਕਾਰਨ ਮਸ਼ੀਨ ਗੰਨ ਨਾ ਰੁਕਦੀ ਤਾਂ ਪਤਾ ਨਹੀਂ ਕਿੰਨੀਆਂ ਹੋਰ ਸ਼ਹੀਦੀਆਂ ਹੋ ਜਾਣੀਆਂ ਸਨ। ਗੋਲੀ ਚਲਣੀ ਬੰਦ ਹੋਣ ਮਗਰੋਂ ਪੁਲੀਸ ਅਤੇ ਫ਼ੌਜ ਨੇ ਜਥੇ ਦੇ ਮੈਂਬਰਾਂ ਅਤੇ ਆਮ ਲੋਕਾਂ, ਜੋ ਜਥੇ ਨੂੰ ਵੇਖ ਰਹੇ ਸਨ, 'ਤੇ ਵੀ ਲਾਠੀਚਾਰਜ ਕੀਤਾ ਅਤੇ ਜਦੋਂ ਤਕ ਸਾਰਾ ਜਥਾ ਬੁਰੀ ਤਰ੍ਹਾਂ ਜ਼ਖ਼ਮੀ ਜਾਂ ਬੇਹੋਸ਼ ਨਾ ਹੋ ਗਿਆ, ਪੁਲੀਸ ਡਾਂਗਾਂ ਵਰ੍ਹਾਉਂਦੀ ਰਹੀ। ਗੋਲੀ ਚਲਣ ਦੀ ਹਰ ਪਾਸੇ ਤੋਂ ਜ਼ਬਰਦਸਤ ਨਿੰਦਾ ਹੋਈ। ਦੁਨੀਆਂ ਭਰ ਦੇ ਅਖ਼ਬਾਰਾਂ ਨੇ ਇਸ ਸਬੰਧੀ ਖਬਰਾਂ ਛਾਪੀਆਂ। ਆਗੂਆਂ ਨੇ ਵਿਲਸਨ ਜਾਨਸਟਨ ਨੂੰ "ਜਨਰਲ ਡਾਇਰ ਦਾ ਵਾਰਿਸ" ਆਖਿਆ।

ਪਹਿਲੇ ਸ਼ਹੀਦੀ ਜਥੇ 'ਤੇ ਗੋਲੀ ਚਲਾਏ ਜਾਣ ਦੇ ਬਾਵਜੂਦ ਸਿੱਖਾਂ ਦੇ ਹੌਸਲੇ ਨਾ ਸਿਰਫ਼ ਬ-ਦਸਤੂਰ ਕਾਇਮ ਰਹੇ, ਸਗੋਂ ਸਿੱਖਾਂ ਵਿਚ ਰੋਹ ਤੇ ਜੋਸ਼ ਦਾ ਵਾਧਾ ਹੋਇਆ। ਸਿੱਖ ਨੌਜਵਾਨ ਤੇ ਬੱਚੇ ਅਕਸਰ ਇਹ ਗਾਉਂਦੇ ਸੁਣੇ ਜਾਂਦੇ ਸਨ: ''ਨਾਭੇ ਚਰ੍ਹੂਰ ਜਾਵਾਂਗਾ, ਭਾਵੇਂ ਸਿਰ ਕਟ ਜਾਵੇ ਮੇਰਾ।'' ਜਦੋਂ ਸ਼੍ਰੋਮਣੀ ਕਮੇਟੀ ਨੇ ਜੈਤੋ ਵਾਸਤੇ ਦੂਜਾ ਸ਼ਹੀਦੀ ਜਥਾ ਭੇਜਣ ਦਾ ਐਲਾਨ ਕੀਤਾ ਤਾਂ ਸੈਂਕੜੇ ਸਿੱਖ ਜਥੇ ਵਿਚ ਜਾਣ ਲਈ ਤਿਆਰ ਹੋ ਗਏ। ਜਥੇ ਵਿਚ ਜਾਣ ਦੀ ਮੰਗ ਇੰਨੀ ਜ਼ਿਆਦਾ ਸੀ ਕਿ ਦੇਰ ਨਾਲ ਪੁੱਜੇ ਸਿੱਖਾਂ ਨੂੰ ਨਿਰਾਸ਼ ਹੋ ਕੇ ਇਸ ਤੋਂ ਪਿੱਛੋਂ ਜਾਣ ਵਾਲੇ ਦੂਜੇ ਜਥਿਆਂ ਵਿਚ ਆਪਣੇ ਨਾਮ ਦਰਜ ਕਰਵਾਉਣੇ ਪਏ। ਦੂਜਾ ਪੰਜ ਸੌ ਦਾ ਜਥਾ ਅਕਾਲ ਤਖ਼ਤ ਸਾਹਿਬ ਤੋਂ 28 ਫ਼ਰਵਰੀ 1924 ਨੂੰ ਚੱਲਿਆ। ਇਸ ਮਗਰੋਂ ਤੀਜਾ ਜਥਾ 22 ਮਾਰਚ ਨੂੰ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਇਆ। ਚੌਥਾ ਜਥਾ ਅਨੰਦਪੁਰ ਸਾਹਿਬ ਤੋਂ 27 ਮਾਰਚ ਨੂੰ, ਪੰਜਵਾਂ ਲਾਇਲਪੁਰ ਤੋਂ 12 ਅਪ੍ਰੈਲ ਨੂੰ, ਪੈਦਲ ਰਵਾਨਾ ਹੋਏ। ਸਾਰੇ ਜਥੇ ਪਹਿਲੋਂ ਅਕਾਲ ਤਖ਼ਤ ਸਾਹਿਬ ਹਾਜ਼ਰ ਹੁੰਦੇ ਸਨ। ਛੇਵਾਂ ਜਥਾ, ਜੋ ਫ਼ੀਰੋਜ਼ਪੁਰ ਦੇ ਸਿੱਖਾਂ ਦਾ ਸੀ, ਉੱਥੋਂ ਚੱਲ ਕੇ 9 ਮਈ ਨੂੰ ਅੰਮ੍ਰਿਤਸਰ ਪੁੱਜਾ ਅਤੇ 10 ਮਈ ਨੂੰ ਜੈਤੋ ਵੱਲ ਤੁਰ ਪਿਆ। ਸਤਵਾਂ, ਦੁਆਬੇ ਦੇ ਜ਼ਿਲ੍ਹਿਆਂ ਦਾ ਜਥਾ, ਅਨੰਦਪੁਰ ਤੋਂ ਪਹਿਲੀ ਜੂਨ ਨੂੰ ਅਤੇ ਅਠਵਾਂ ਜ਼ਿਲ੍ਹਾ ਸ਼ੇਖੂਪੁਰਾ ਦਾ 22 ਮਈ 1924 ਨੂੰ ਨਾਨਕਾਣਾ ਸਾਹਿਬ ਤੋਂ ਚੱਲਿਆ। ਨੌਵਾਂ ਜਥਾ, ਜ਼ਿਲ੍ਹਾ ਅੰਮ੍ਰਿਤਸਰ ਦਾ, 25 ਜੂਨ ਨੂੰ ਇਥੋਂ ਜੈਤੋ ਵੱਲ ਤੁਰਿਆ। ਦਸਵਾਂ ਜਥਾ ਜਿਸ ਵਿਚ ਲਾਹੌਰ, ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਸਿੱਖ ਸ਼ਾਮਲ ਸਨ ਅਤੇ ਯਾਰ੍ਹਵਾਂ ਜਥਾ ਜਿਸ ਵਿਚ ਲੁਧਿਆਣਾ ਤੇ ਫ਼ਿਰੋਜ਼ਪੁਰ ਦੇ ਸਿੱਖ ਸਨ, ਇਕੱਠੇ, 13 ਜੁਲਾਈ ਨੂੰ ਅੰਮ੍ਰਿਤਸਰ ਤੋਂ ਰਵਾਨਾ ਹੋਏ। ਬਾਰ੍ਹਵਾਂ ਜਥਾ 17 ਅਗਸਤ 1924, ਤੇਰ੍ਹਵਾਂ ਜਥਾ 18 ਸਤੰਬਰ 1924, ਚੌਧਵਾਂ ਜਥਾ 15 ਦਸੰਬਰ

1924, ਪੰਦਰ੍ਹਵਾਂ ਜਥਾ ਪਹਿਲੀ ਮਾਰਚ 1925, ਸੋਲ੍ਹਵਾਂ ਜਥਾ 17 ਅਪ੍ਰੈਲ 1925 ਨੂੰ ਅੰਮ੍ਰਿਤਸਰੋਂ ਚੱਲ ਕੇ ਅਨੇਕ ਪਿੰਡਾਂ ਤੇ ਸ਼ਹਿਰਾਂ ਵਿੱਚ ਗੁਜ਼ਰਦੇ ਹੋਏ ਜੈਤੋ ਪੁੱਜ ਕੇ ਗ੍ਰਿਫ਼ਤਾਰ ਹੋਏ। 27 ਅਪ੍ਰੈਲ 1925 ਨੂੰ 101 ਸਿੰਘਾਂ ਦਾ ਸਪੈਸ਼ਲ ਜਥਾ ਅਕਾਲ ਤਖ਼ਤ ਸਾਹਿਬ ਤੋਂ ਲਾਇਲਪੁਰ ਜਾ ਕੇ ਉਥੋਂ ਪੜਾਓ-ਪੜਾਈ ਜੈਤੋ ਵੱਲ ਜਾ ਰਿਹਾ ਸੀ ਕਿ ਰਸਤੇ ਵਿਚ ਇਤਲਾਹ ਮਿਲੀ ਕਿ ਸਰਕਾਰ ਨੇ ਅਖੰਡ-ਪਾਠ ਸਬੰਧੀ ਹਰ ਤਰ੍ਹਾਂ ਦੀ ਪਾਬੰਦੀ ਹਟਾ ਲਈ ਹੈ। ਸੋ ਇਸ ਜਥੇ ਨੇ ਉੱਥੇ ਪੁੱਜ ਕੇ ਪਹਿਲਾ ਅਖੰਡ-ਪਾਠ ਸ਼ੁਰੂ ਕੀਤਾ। ਇਸ ਨਾਲ ਜੈਤੋ ਵਿਚ 101 ਪਾਠਾਂ ਦੀ ਲੜੀ ਸ਼ੁਰੂ ਹੋ ਗਈ, ਇਹ ਸਾਰੇ ਪਾਠ 7 ਅਗਸਤ 1925 ਦੇ ਦਿਨ ਖ਼ਤਮ ਹੋਏ

1987: ਹਰਿੰਦਰਪਾਲ ਸਿੰਘ ਬਛੋੜੀ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

7 ਅਗਸਤ 1987 ਦੇ ਦਿਨ ਪੰਜਾਬ ਪੁਲਸ ਨੇ ਹਰਿੰਦਰਪਾਲ ਸਿੰਘ ਉਰਫ਼ ਗੋਗਾ (ਵਾਸੀ ਬਛੋੜੀ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਗੁਰਦੇਵ ਸਿੰਘ ਹਰੀਕੇ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

7 ਅਗਸਤ 1989 ਦੇ ਦਿਨ ਪੰਜਾਬ ਪੁਲਸ ਨੇ ਗੁਰਦੇਵ ਸਿੰਘ (ਪੁੱਤਰ ਅਮਰੀਕ ਸਿੰਘ, ਵਾਸੀ ਹਰੀਕੇ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਹਰਪਾਲ ਸਿੰਘ ਫ਼ੌਜੀ ਜੈਜੇਆਨੀ ਨਕਲੀ ਪੁਲਸ ਮੁਕਾਬਲੇ ਚ ਸ਼ਹੀਦ

7 ਅਗਸਤ 1990 ਦੇ ਦਿਨ ਪੰਜਾਬ ਪੁਲਸ ਨੇ ਹਰਪਾਲ ਸਿੰਘ ਫ਼ੌਜੀ, ਜੈਜੇਆਨੀ ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਮੰਗਲ ਸਿੰਘ ਭੰਗਾਲੀ , ਬਲਜੀਤ ਸਿੰਘ ਮਾਲੂਵਾਲ ਕਲਾਂ, ਪਰਗਟ ਸਿੰਘ ਤਲਵੰਡੀ ਸੋਭਾ ਸਿੰਘ, ਅਮਰ ਇਕਬਾਲ ਸਿੰਘ ਆਲਮ ਵਾਲਾ, ਪਰਮਜੀਤ ਸਿੰਘ ਪੰਮਾ ਫ਼ੈਜਪੁਰ, ਬਲਵੀਰ ਸਿੰਘ ਬਿੱਲਾ ਭਗਤਪੁਰਾ, ਸਵਿੰਦਰ ਸਿੰਘ ਸੋਹਲ, ਸੁਰਿੰਦਰ ਸਿੰਘ ਡੀ.ਸੀ. ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

7 ਅਗਸਤ 1991 ਦੇ ਦਿਨ ਪੰਜਾਬ ਪੁਲਸ ਨੇ ਮੰਗਲ ਸਿੰਘ (ਪੁੱਤਰ ਦੁਲਾ ਸਿੰਘ, ਵਾਸੀ ਭੰਗਾਲੀ, ਜ਼ਿਲ੍ਹਾ ਫ਼ੀਰੋਜ਼ਪੁਰ) ਤੇ ਬਲਜੀਤ ਸਿੰਘ (ਪੁੱਤਰ ਹਰੀ ਸਿੰਘ, ਵਾਸੀ, ਮਾਲੂਵਾਲ ਕਲਾਂ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।ਇਸੇ ਦਿਨ ਪੁਲਸ ਨੇ ਪਰਗਟ ਸਿੰਘ ਉਰਫ਼ ਰਣਜੋਧ ਸਿੰਘ (ਵਾਸੀ ਤਲਵੰਡੀ ਸੋਭਾ ਸਿੰਘ), ਅਮਰ ਇਕਬਾਲ ਸਿੰਘ ਉਰਫ਼ ਹੈਪੀ (ਵਾਸੀ ਆਲਮ ਵਾਲਾ), ਪਰਮਜੀਤ ਸਿੰਘ ਪੰਮਾ, ਉਰਫ਼ ਸ਼ੇਰ ਸਿੰਘ ਸ਼ੇਰਾ (ਵਾਸੀ ਫ਼ੈਜਪੁਰ), ਬਲਵੀਰ ਸਿੰਘ ਬਿੱਲਾ (ਵਾਸੀ ਭਗਤਪੁਰਾ, ਅੰਮ੍ਰਿਤਸਰ), ਸਵਿੰਦਰ ਸਿੰਘ ਸੋਹਲ, ਸੁਰਿੰਦਰ ਸਿੰਘ ਉਰਫ਼ ਡੀ.ਸੀ. ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਡਾ: ਪ੍ਰਤਾਪ ਸਿੰਘ ਬਬਰ ਰੰਸੀਕੇ ਭੋਲਾ, ਮਨਜੀਤ ਸਿੰਘ ਜੋੜਾ ਛਤਰਾ, ਸੁਖਦੀਪ ਸਿੰਘ ਰਾਜੋਮਾਜਰਾ, ਭੂਪਿੰਦਰ ਸਿੰਘ, ਅੱਛਰ ਸਿੰਘ ਬਿੰਦੀ ਸ਼ਾਹੀਦਾ, ਦਵਿੰਦਰ ਸਿੰਘ, ਬਾਵਾ ਸਿੰਘ ਮੋਮੀਆ, ਤਰਲੋਕ ਸਿੰਘ ਪੈਂਦ, ਹਰਦੀਪ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ; ਨੌਨਿਹਾਲ ਸਿੰਘ ਨੇ ਸਾਇਨਾਈਡ ਦਾ ਕੈਪਸੂਲ ਖਾ ਕੇ ਜਾਣ ਦਿੱਤੀ

7 ਅਗਸਤ 1992 ਦੇ ਦਿਨ ਪੁਲਸ ਨੇ ਡਾਕਟਰ ਪ੍ਰਤਾਪ ਸਿੰਘ ਬਬਰ ਵਾਸੀ ਰੰਸੀਕੇ ਭੋਲਾ, ਮਨਜੀਤ ਸਿੰਘ ਵਾਸੀ ਜੋੜਾ ਛਤਰਾ, ਸੁਖਦੀਪ ਸਿੰਘ ਰਾਜੋਮਾਜਰਾ, ਭੂਪਿੰਦਰ ਸਿੰਘ, ਅੱਛਰ ਸਿੰਘ (ਪੁੱਤਰ ਲਾਲ ਸਿੰਘ, ਵਾਸੀ ਬਿੰਦੀ ਸ਼ਾਹੀਦਾ), ਦਵਿੰਦਰ ਸਿੰਘ, ਬਾਵਾ ਸਿੰਘ

ਸਿੰਘੀਆ, ਤਰਲੋਕ ਸਿੰਘ ਪੈਂਦ, ਹਰਦੀਪ ਸਿੰਘ ਵਡ਼ੈਚਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੁਲੀਸ ਦੇ ਘੇਰੇ ਵਿਚ ਆ ਜਾਣ ਕਰ ਕੇ ਨੌਨਿਹਾਲ ਸਿੰਘ ਵਿੱਕੀ ਨੇ ਸਾਇਨਾਈਡ ਦਾ ਕੈਪਸੂਲ ਖਾ ਕੇ ਸ਼ਹੀਦੀ ਕਬੂਲ ਕਰ ਲਈ।

2014: ਬਾਦਲ ਸਰਕਾਰ ਨੇ ਸਰਸਾ ਸਾਧ ਦੇ ਖ਼ਿਲਾਫ਼ ਕੇਸ ਖ਼ਤਮ ਕੀਤਾ

20 ਮਈ 2007 ਦੇ ਦਿਨ ਸਰਸਾ ਸਾਧ ਵੱਲੋਂ ਗੁਰੂ ਗੋਬਿੰਦ ਸਿੰਘ ਦਾ ਪਹਿਰਾਵਾ ਪਾ ਕੇ ਬੇਅਦਬੀ ਕਰਨ ਅਤੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਵਿਚ, ਦਫ਼ਾਵਾਂ 295 ਏ, 298 ਤੇ 153 ਹੇਠ ਕੇਸ ਦਰਜ ਕੀਤਾ ਗਿਆ ਸੀ। ਪਰ ਮਗਰੋਂ ਬਾਦਲ ਨੇ ਸਰਸਾ ਸਾਧ ਨਾਲ ਮੁਫੀਆ ਸਮਝੌਤਾ ਕਰ ਲਿਆ ਅਤੇ ਪਹਿਲਾਂ ਤਾਂ ਇਸ ਦਾ ਚਲਾਨ ਹੀ ਨਾ ਪੇਸ਼ ਕੀਤਾ ਅਤੇ ਫਿਰ ਇਸ ਕੇਸ ਦੇ ਸ਼ਿਕਾਇਤ ਕਰਤਾ ਰਜਿੰਦਰ ਸਿੰਘ ਸਿੱਧੂ (ਪ੍ਰਧਾਨ ਗੁਰਦੁਆਰਾ ਸਿੰਘ ਸਭਾ ਬਠਿੰਡਾ) ਦੇ ਨਾਂ 'ਤੇ ਜਾਅਲੀ ਹਲਫ਼ਨਾਮਾ (ਐਫ਼ੀਡੇਵਿਟ) ਲਾ ਕੇ, 27 ਜਨਵਰੀ 2012 ਦੇ ਦਿਨ ਪੁਲਸ ਨੇ ਸਬੂਤ ਨਾ ਮਿਲਣ ਦੇ ਬਹਾਨੇ ਨਾਲਅਦਾਲਤ ਵਿਚ ਕੇਸ ਖ਼ਤਮ ਕਰਨ ਦੀ ਅਰਜ਼ੀ ਦੇ ਦਿੱਤੀ ਸੀ। ਇਸ ਦੇ ਖ਼ਿਲਾਫ਼ ਹਰਦੀਪ ਸਿਘ ਮਹਿਰਾਜ ਅਤੇ ਹਰਪਾਲ ਸਿੰਘ ਮੰਝਪੁਰ ਨੇ ਅਦਾਲਤ ਵਿਚ ਪੈਰਵੀ ਕੀਤੀ ਤੇ ਕੇਸ ਚਲਾਉਣ ਦੀ ਮੰਗ ਕੀਤੀ। ਪਹਿਲਾਂ ਤਾਂ ਅਦਾਲਤ ਨੇ ਪੁਲਸ ਦੀ ਦਰਖ਼ਾਸਤ ਨਾ ਮੰਨੀ ਤੇ ਕੇਸ ਚਲਾਉਣ ਦੀ ਕਾਰਵਾਈ ਜਾਰੀ ਰੱਖੀ, ਪਰ 7 ਅਗਸਤ 2014 ਦੇ ਦਿਨ ਪੁਲਸ ਦੀ ਦਰਖ਼ਾਸਤ ਮਨਜ਼ੂਰ ਕਰ ਕੇ ਇਹ ਕੇਸ ਖ਼ਤਮ ਕਰ ਦਿੱਤਾ।

8 ਅਗਸਤ

1881: ਲਾਰਡ ਰਿੱਪਨ ਨੇ, ਦਰਬਾਰ ਸਾਹਿਬ ਦਾ ਪ੍ਰਬੰਧ ਸਿੱਖਾਂ ਨੂੰ ਨਾ ਦੇਣ ਵਾਸਤੇ, ਵਾਇਸਰਾਏ ਨੂੰ ਚਿੱਠੀ ਲਿਖੀ

1859 ਵਿਚ ਰਾਜਾ ਤੇਜਾ ਸਿੰਹ (ਅਸਲ ਵਿਚ ਬ੍ਰਾਹਮਣ ਤੇਜ ਰਾਮ), ਮਿਸਟਰ ਕੂਪਰ (ਡਿਪਟੀ ਕਮਿਸ਼ਨਰ ਅੰਮ੍ਰਿਤਸਰ) ਅਤੇ ਜੋਧ ਸਿੰਘ ਸਰਬਰਾਹ ਦਰਬਾਰ ਸਾਹਿਬ ਨੇ ਇਕ ਮੀਟਿੰਗ (5 ਤੋਂ 12 ਸਤੰਬਰ 1859) ਕਰ ਕੇ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਗੁਰਦੁਆਰਿਆਂ ਬਾਰੇ ਜ਼ਾਬਤਾ ਅਤੇ ਮਰਿਆਦਾ (ਅਖੌਤੀ 'ਦਸਤੂਰ-ਇ-ਅਮਲ') ਤਿਆਰ ਕੀਤੀ। ਇਸ ਖਰੜੇ 'ਤੇ ਬ੍ਰਾਹਮਣ ਮੁਖੀ ਸਿੱਖ ਆਗੂਆਂ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਤੋਂ ਇਲਾਵਾ ਸਰਬਰਾਹ, ਗ੍ਰੰਥੀਆਂ ਅਤੇ ਪੁਜਾਰੀਆਂ ਨੇ ਵੀ ਆਪਣੇ ਦਸਤਖ਼ਤ ਕੀਤੇ। ਇਸ ਮੌਕੇ 'ਤੇ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਪ੍ਰੰਬਧ ਵਾਸਤੇ ਇਕ ਕਮੇਟੀ ਵੀ ਬਣਾਈ ਗਈ। ਇਸ ਵਿਚ ਸ਼ਾਮਿਲ ਸਨ: ਰਾਜਾ ਤੇਜਾ ਸਿੰਹ, ਸ਼ਮਸ਼ੇਰ ਸਿੰਘ ਸੰਧਾਵਾਲੀਆ, ਰਾਜਾ ਸੂਰਤ ਸਿੰਘ ਮਜੀਠੀਆ, ਭਗਵਾਨ ਸਿੰਘ, ਗਿਆਨੀ ਪਰਦੁਮਨ ਸਿੰਘ (ਪੋਤਾ ਗਿਆਨੀ ਸੰਤ ਸਿੰਘ ਤੇ ਪੁੱਤਰ ਗਿਆਨੀ ਗੁਰਮੁਖ ਸਿੰਘ), ਗੁਲਾਬ ਸਿੰਘ ਭਾਗੋਵਾਲੀਆ, ਜੈਮਲ ਸਿੰਘ ਖੰਡਾ, ਸਰਦੂਲ ਸਿੰਘ, ਰਾਏ ਮੂਲ ਸਿੰਘ, ਰਾਜਾ ਸਿੰਘ ਮਾਨ। ਇਹ ਕਮੇਟੀ ਕੁਝ ਚਿਰ ਕਾਇਮ ਰਹੀ। ਮਗਰੋਂ ਸਰਕਾਰ ਨੇ ਇਸ ਦੀ ਜਗਹ ਇਕ ਹੋਰ ਕਮੇਟੀ ਬਣਾ ਦਿੱਤੀ। ਇਸ ਵਿਚ ਮੈਂਬਰ ਸਨ: ਰਾਜਾ ਦਿਆਲ ਸਿੰਘ, ਰਾਜਾ ਹਰਬੰਸ ਸਿੰਘ, ਠਾਕਰ ਸਿੰਘ ਸੰਧਾਵਾਲੀਆ, ਅਜੀਤ ਸਿੰਘ ਅਟਾਰੀ ਵਾਲਾ, ਅਰਜਨ ਸਿੰਘ ਚਾਹਲ, ਰਾਏ ਕਲਿਆਣ ਸਿੰਘ, ਅਤਰ ਸਿੰਘ ਭਦੌੜ, ਜਗਤ ਸਿੰਘ ਜੀਂਦ। ਰਣਜੀਤ ਵੇਲੇ ਤਕ ਅੰਮ੍ਰਿਤਸਰ ਦੀ ਚੁੰਗੀ ਦਰਬਾਰ ਸਾਹਿਬ ਨੂੰ ਮਿਲਦੀ ਹੁੰਦੀ ਸੀ। ਜਦ ਅੰਗਰੇਜ਼ਾਂ ਨੇ ਮਿਊਂਸਪਲ ਕਮੇਟੀ ਬਣਾਈ ਤਾਂ ਇਹ ਚੁੰਗੀ ਉਸ ਨੂੰ

ਮਿਲਣ ਲਗ ਪਈ। ਇਸ ਵਿਚੋਂ ਸਿਰਫ਼ 2% ਦਰਬਾਰ ਸਾਹਿਬ ਦੇ ਬਿਜਲੀ-ਪਾਣੀ ਵਾਸਤੇ ਖ਼ਰਚ ਹੋਣ ਲਗ ਪਿਆ।

ਕੁਝ ਸਾਲ ਇਸੇ ਤਰ੍ਹਾਂ ਚਲਦਾ ਰਿਹਾ ਪਰ ਸਰਬਰਾਹ, ਗ੍ਰੰਥੀ ਤੇ ਪੁਜਾਰੀ ਆਪੋ-ਆਪਣੀ ਚਲਾਂਦੇ ਰਹੇ। ਜਦੋਂ ਉਨ੍ਹਾਂ ਵਿਚ ਝਗੜਾ ਹੁੰਦਾ ਤਾਂ ਉਹ ਸਰਕਾਰ ਦੀ ਬਣਾਈ ਕਮੇਟੀ ਤਕ ਪਹੁੰਚ ਕਰਦੇ। ਇਸ ਤੋਂ ਇਲਾਵਾ ਕਮੇਟੀ ਦੀ ਕੋਈ ਪੁੱਛ ਪੜਤਾਲ ਨਹੀਂ ਸੀ। ਸੰਨ 1881 ਵਿਚ ਇਹ ਕਮੇਟੀ ਵੀ ਖ਼ਤਮ ਹੋ ਗਈ। ਹੁਣ ਸਰਕਾਰ ਨੇ ਦਰਬਾਰ ਸਾਹਿਬ ਦਾ ਇੰਤਜ਼ਾਮ ਪੂਰੀ ਤਰ੍ਹਾਂ ਆਪਣੇ ਹੱਥ ਵਿਚ ਲੈ ਲਿਆ। ਹੁਣ ਸਰਬਰਾਹ ਸਿੱਧਾ ਸਰਕਾਰ ਦੀ ਮਰਜ਼ੀ ਨਾਲ ਕੰਮ ਕਰਦਾ ਸੀ। ਉਸ ਨੂੰ ਸਿੱਖਾਂ ਦੀ ਕੋਈ ਪ੍ਰਵਾਹ ਨਹੀਂ ਸੀ। ਉਨ੍ਹਾਂ ਦਿਨਾਂ ਵਿਚ ਸਿੰਘ ਸਭਾ ਲਹਿਰ ਸ਼ੁਰੂ ਹੋ ਚੁੱਕੀ ਸੀ। ਸਿੱਖ ਆਗੂਆਂ ਨੇ ਸਰਕਾਰ ਨੂੰ ਪਹੁੰਚ ਕਰ ਕੇ ਗੁਰਦੁਆਰਿਆਂ ਦਾ ਇੰਤਜ਼ਾਮ ਠੀਕ ਕਰਨ ਵਾਸਤੇ ਇਕ ਕਮੇਟੀ ਬਣਾਉਣ ਵਾਸਤੇ ਆਖਿਆ। ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੂੰ ਕੁਝ ਸਿੱਖ ਰਾਜੇ ਅਤੇ ਸਿੱਖ ਆਗੂ ਵੀ ਮਿਲੇ। ਗੱਲ ਭਾਰਤ ਦੇ ਵਾਇਸਰਾਏ ਲਾਰਡ ਰਿਪਨ ਤਕ ਵੀ ਪਹੁੰਚੀ। ਇਸ 'ਤੇ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਆਰ.ਈ. ਈਜਰਟਨ ਨੇ ਵਾਇਸਰਾਏ ਨੂੰ ਚਿੱਠੀ ਲਿਖ ਕੇ ਖ਼ਬਰਦਾਰ ਕੀਤਾ:

"I think it would be politically dangerous to allow the management of the Sikh shrines to fall into the hands of a Committee emancipated from government control and I trust your Excellency will assist to pass such orders in the case as will enable to continue the system which has worked out successfully for more than 30 years..." R.E. Egerton 8-11-1881

(ਪੰਜਾਬੀ ਤਰਜਮਾ: ਮੇਰਾ ਖ਼ਿਆਲ ਹੈ ਕਿ ਸਿੱਖ ਗੁਰਦੁਆਰਿਆਂ ਦਾ ਇੰਤਜ਼ਾਮ ਇਕ ਅਜਿਹੀ ਕਮੇਟੀ, ਜੋ ਸਰਕਾਰੀ ਕੰਟਰੋਲ ਤੋਂ ਆਜ਼ਾਦ ਹੋਵੇ, ਦੇ ਹੱਥ ਵਿਚ ਦੇਣਾ, ਸਿਆਸੀ ਪੱਖ ਤੋਂ ਖ਼ਤਰਨਾਕ ਹੋਵੇਗਾ ਅਤੇ ਮੈਂ ਉਮੀਦ ਕਰਦਾ ਹਾਂ ਕਿ ਜਨਾਬ ਅਜਿਹੇ ਹੁਕਮ ਜਾਰੀ ਕਰਵਾਉਣ ਵਿਚ ਮਦਦਗਾਰ ਹੋਣਗੇ, ਜਿਸ ਨਾਲ ਪਿਛਲੇ 30 ਸਾਲ ਤੋਂ ਕਾਮਯਾਬੀ ਨਾਲ ਚਲਦਾ ਇੰਤਜ਼ਾਮ ਜਾਰੀ ਰਹੇਗਾ)।

ਅੰਗਰੇਜ਼ ਸਰਕਾਰ ਇਹ ਕਦੇ ਵੀ ਨਹੀਂ ਚਾਹੁੰਦੀ ਸੀ ਕਿ ਗੁਰਦੁਆਰਿਆਂ ਦਾ ਇੰਤਜ਼ਾਮ ਸਿੱਖਾਂ ਦੇ ਹੱਥਾਂ ਵਿਚ ਚਲਾ ਜਾਵੇ। ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ ਇਕ ਕਮੇਟੀ ਬਣਨ ਨਾਲ, ਸਿੱਖਾਂ ਵਾਸਤੇ ਇਕ ਪਲੇਟਫ਼ਾਰਮ, ਇਕ ਜਮਾਤ, ਇਕ ਇਤਹਾਦ ਅਤੇ ਇਕ ਤਾਕਤ ਬਣ ਜਾਣੀ ਸੀ। (ਜਿਵੇਂ ਅੱਜ ਬਣ ਚੁੱਕਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਜ ਆਪਣੇ ਆਪ ਵਿਚ ਇਕ ਪੂਰੀ ਹਕੂਮਤ ਹੈ (state within a state) ਹੈ। ਇਸ ਦਾ ਹਊਆ 1881 ਤੇ 1920-25 ਵਿਚ ਵੀ ਓਨਾ ਹੀ ਸੀ, ਜਿੰਨਾ ਕਿ ਅੱਜ 2015 ਵਿਚ ਹੈ)।

1898: ਰਾਜਾ ਬਿਕਰਮਾ ਸਿੰਘ ਫ਼ਰੀਦਕੋਟ ਦੀ ਮੌਤ ਹੋਈ

1880 ਵਿਚ ਖ਼ਾਲਸਾ ਦੀਵਾਨ ਅੰਮ੍ਰਿਤਸਰ ਅਤੇ ਖ਼ਾਲਸਾ ਦੀਵਾਨ ਲਾਹੌਰ ਨੂੰ ਇਕੱਠਿਆਂ ਕਰ ਕੇ ਇਕ ਜਨਰਲ ਸਭਾ ਕਾਇਮ ਕਰ ਦਿੱਤੀ ਗਈ ਸੀ। ਭਾਵੇਂ ਬਹੁਤ ਸਾਰੇ ਸਿਰਕਰਦਾ ਸਿੱਖ ਇਨ੍ਹਾਂ ਨਾਲ ਸਬੰਧਤ ਹੋ ਚੁਕੇ ਸਨ ਪਰ ਜਵਾਹਰ ਸਿੰਘ ਕਪੂਰ, ਡਾ. ਜੈ ਸਿੰਘ, ਮਿਹਰ ਸਿੰਘ ਚਾਵਲਾ ਵਗ਼ੈਰਾ, ਵੱਖਰਿਆਂ ਆਪਣੇ ਤੌਰ 'ਤੇ ਵੀ, ਨਿੱਗਰ ਰੋਲ ਅਦਾ ਕਰ ਰਹੇ ਸਨ। ਪੈਸੇ ਵਾਸਤੇ ਰਾਜਾ ਬਿਕਰਮਾ ਸਿੰਘ ਫ਼ਰੀਦਕੋਟ, ਕੰਵਰ ਬਿਕਰਮ ਸਿੰਘ ਕਪੂਰਥਲਾ (ਉਦੋਂ ਵਾਸੀ ਜਲੰਧਰ) ਅਤੇ ਕੁਝ ਹੋਰ ਸਿੱਖ ਹਿੱਸਾ ਪਾਉਂਦੇ ਰਹਿੰਦੇ ਸਨ। ਪਰ ਇਸ ਮਾਹੌਲ ਵਿਚ ਖੇਮ ਸਿੰਘ ਬੇਦੀ ਸਭ ਤੋਂ ਵਧ ਨਿਜੀ ਫ਼ਾਇਦਾ ਉਠਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਸੀ। ਗੁਰੂ ਨਾਨਕ ਸਾਹਿਬ ਦੇ ਛੋਟੇ ਪੁਤਰ ਲਖਮੀ ਦਾਸ ਦੇ ਖ਼ਾਨਦਾਨ ਵਿਚੋਂ ਹੋਣ ਕਰ

ਕੇ ਉਹ ਨਾਜਾਇਜ਼ ਤੌਰ 'ਤੇ ਆਪਣਾ ਸਨਮਾਨ ਮੰਗਦਾ ਸੀ। ਜਦੋਂ ਕੁਝ ਭੋਲੇ ਲੋਕਾਂ ਨੇ ਉਸ ਨੂੰ ਸਿੱਜਦਾ ਮਾਣ ਦੇਣਾ ਸ਼ੁਰੂ ਕਰ ਦਿੱਤਾ ਤਾਂ ਉਹ ਹੋਰ ਚਾਂਬ੍ਹਲ ਗਿਆ ਅਤੇ ਉਸ ਨੇ ਨੀਮ-ਗੁਰੂ ਵਾਂਗ ਪੇਸ਼ ਆਉਣਾ ਸ਼ੁਰੂ ਕਰ ਦਿੱਤਾ। ਹੋਰ ਤਾਂ ਹੋਰ ਉਹ ਆਮ ਦੀਵਾਨ ਵਿਚ ਹੀ ਨਹੀਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਵੀ ਗਦੇਲੇ ਵਿਛਾ ਕੇ ਆਸਣ ਬਣਾ ਕੇ, ਗੱਦੀ 'ਤੇ ਬੈਠਣ ਲਗ ਪਿਆ। ਸਿੰਘ ਸਭਾ ਲਹਿਰ ਤਾਂ ਸਗੋਂ ਧਰਮ ਵਿਚ ਸੁਧਾਰ ਵਾਸਤੇ ਬਣੀ ਸੀ ਤੇ ਖੇਮ ਸਿੰਘ ਦੀ ਇਹ ਕਾਰਵਾਈ ਲਹਿਰ ਦੇ ਨਿਸ਼ਾਨੇ ਦੇ ਮੁੱਢੋਂ ਹੀ ਉਲਟ ਸੀ। ਕੁਝ ਸਿੱਖ ਆਗੂ ਇਸ 'ਤੇ ਬੜੇ ਖਫ਼ਾ ਸਨ। ਪਹਿਲੋਂ-ਪਹਿਲ ਤਾਂ ਕੁਝ ਚਿਰ ਚੁਪ ਵਰਤੀ ਰਹੀ, ਫਿਰ ਹੌਲੀ-ਹੌਲੀ ਗੱਲ ਚਲਣ ਲਗ ਪਈ ਤੇ ਅਖ਼ੀਰ ਇਹ ਇਕ ਵੱਡਾ ਮਸਲਾ ਬਣ ਗਈ।

ਇਨ੍ਹੀਂ ਦਿਨੀਂ ਆਰੀਆ ਸਮਾਜ ਦੀ ਕਾਇਮੀ ਵੀ ਹੋ ਚੁਕੀ ਸੀ। ਆਰੀਆ ਸਮਾਜ ਜਾਵੇਂ ਹੋਰ ਕਿਸੇ ਸਰਗਰਮ ਸਿੱਖ ਵਰਕਰ 'ਤੇ ਆਪਣਾ ਅਸਰ ਤਾਂ ਨਾ ਪਾ ਸਕਿਆ ਪਰ ਖੇਮ ਸਿੰਘ ਬੇਦੀ ਉਨ੍ਹਾਂ ਦੇ ਅਸਰ ਹੇਠਾਂ ਜ਼ਰੂਰ ਆ ਗਿਆ। ਖੇਮ ਸਿੰਘ ਬੇਦੀ ਨੂੰ ਉਨ੍ਹਾਂ ਨੇ ਨੀਮ-ਹਿੰਦੂ ਜਾਂ ਕੇਸਾਂ ਵਾਲਾ ਹਿੰਦੂ ਪੈਟਰਨ 'ਤੇ ਜ਼ਰੂਰ ਚਲਾ ਲਿਆ। ਗਦੇਲੇ ਲਾ ਕੇ ਤਾਂ ਉਹ ਪਹਿਲਾਂ ਹੀ ਬੈਠਣ ਲਗ ਪਿਆ ਸੀ, ਹੁਣ ਉਸ ਨੇ ਧਾਰਮਿਕ ਸੁਧਾਰਾਂ ਦਾ ਵੀ, ਪਹਿਲੋਂ ਹੌਲੀ-ਹੌਲੀ ਤੇ ਮਗਰੋਂ ਸ਼ਰੇ-ਆਮ, ਵਿਰੋਧ ਕਰਨਾ ਸ਼ੁਰੂ ਕਰ ਦਿਤਾ। ਉਸ ਨੇ ਤਾਂ ਪ੍ਰੋ. ਗੁਰਮੁਖ ਸਿੰਘ ਅਤੇ ਗਿ. ਦਿਤ ਸਿੰਘ ਵਲੋਂ ਛੂਤ-ਛਾਤ, ਸਿੱਖੀ ਵਿਚ ਆ ਵੜੀਆਂ ਹਿੰਦੂ ਰੀਤੀਆਂ, ਸਿੱਖ-ਘਰਾਂ ਵਿਚ ਠਾਕਰਾਂ ਦੀ ਪੂਜਾ ਦੇ ਵਿਰੋਧ, ਦਾ ਵੀ ਵਿਰੋਧ ਸ਼ੁਰੂ ਕਰ ਦਿਤਾ ਉਸ ਨੇ ਹੌਲੀ-ਹੌਲੀ ਕਈ ਪੁਜਾਰੀ ਵੀ ਆਪਣੇ ਨਾਲ ਰਲਾ ਲਏ। ਕਈ ਨਿਰਮਲੇ ਤੇ ਉਦਾਸੀ ਸਾਧ, ਜੋ ਮਨੋਂ ਹਿੰਦੂ ਸਨ, ਵੀ ਉਸ ਦੇ ਹਿਮਾਇਤੀ ਬਣਨੇ ਹੀ ਸਨ। ਆਰੀਆ ਸਮਾਜ ਨਾਲ ਨੇੜਤਾ ਰਖਣ ਵਾਲੇ ਖਾਲਸਾ ਦੀਵਾਨ ਅੰਮ੍ਰਿਤਸਰ ਵਿਚ ਵਧੇਰੇ ਸਨ; ਇਸ ਕਰ ਕੇ ਇਸ ਦੀਵਾਨ ਵਿਚ ਇਨ੍ਹਾਂ ਦਾ ਬੋਲਬਾਲਾ ਸੀ। ਫ਼ਰੀਦਕੋਟ ਰਿਆਸਤ ਦੇ ਰਾਜੇ ਬਿਕਰਮਾ ਸਿੰਘ ਨੂੰ ਵੀ ਖੇਮ ਸਿੰਘ ਬੇਦੀ ਵਾਂਗ ਦੀਵਾਨ ਵਿਚ ਸਪੈਸ਼ਲ ਗੱਦੇ ਅਤੇ ਗਲੀਚੇ ਬੈਠਣ ਵਾਸਤੇ ਮਿਲਦੇ ਸੀ; ਉਹ ਵੀ ਇਸ ਕਰ ਕੇ ਖੇਮ ਸਿੰਘ ਦਾ ਹਿਮਾਇਤੀ ਸੀ।

ਪ੍ਰੋ. ਗੁਰਮੁਖ ਸਿੰਘ ਦੇ ਖ਼ਿਲਫ਼ ਅਖੌਤੀ ਹੁਕਨਾਮਾ ਜਾਰੀ ਕਰਵਾਉਣ ਵਿਚ ਬਿਕਰਮਾ ਸਿੰਘ ਦਾ ਹੱਥ ਵੀ ਸੀ। ਪਰ ਰਾਜੇ ਬਿਕਰਮਾ ਸਿੰਘ ਦਾ ਇਕ ਜਮ੍ਹਾਂ=ਪੱਖੀ ਐਕਸ਼ਨ ਵੀ ਸੀ; ਜਦ ਦਰਬਾਰ ਸਾਹਿਬ ਵਿਚ ਬਿਜਲੀ ਲਾਉਣ ਸਬੰਧੀ ਦੋ ਰਾਵਾਂ ਬਣ ਗਈਆਂ ਤਾਂ ਅੰਮ੍ਰਿਤਸਰ ਧੜਾ ਬਿਜਲੀ ਦੇ ਹੱਕ ਵਿਚ ਸੀ। ਰਾਜੇ ਨੇ ਇਸ ਮਕਸਦ ਵਾਸਤੇ, ਰਾਣੀ ਵਿਕਟੋਰੀਆ ਦੀ ਜੁਬਲੀ (ਜੋ ਜੂਨ 1887 ਵਿਚ ਸੀ) ਦੇ ਨਾਂ 'ਤੇ 25 ਹਜ਼ਾਰ ਰੁਪੈ ਦੇਣ ਦਾ ਐਲਾਨ ਵੀ ਕਰ ਦਿੱਤਾ, ਜਿਸ ਨਾਲ ਦਰਬਾਰ ਸਾਹਿਬ ਵਿਚ ਬਿਜਲੀ ਲਾਈ ਗਈ। 8 ਅਗਸਤ 1898 ਦੇ ਦਿਨ ਇਸ ਰਾਜਾ ਬਿਕਰਮਾ ਸਿੰਘ ਦੀ ਮੌਤ ਹੋ ਗਈ।

1922: ਗੁਰੂ ਦਾ ਬਾਗ਼ ਮੋਰਚਾ ਸ਼ੁਰੂ ਹੋਇਆ

ਅੰਮ੍ਰਿਤਸਰ ਤੋਂ ਤਕਰੀਬਨ 20 ਕਿਲੋਮੀਟਰ ਦੂਰ ਪਿੰਡ ਘੁੱਕੇਵਾਲੀ ਵਿਚ ਗੁਰਦੁਆਰਾ ਗੁਰੂ ਦਾ ਬਾਗ ਹੈ। ਇਹ ਗੁਰਦੁਆਰਾ ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿਚ ਬਣਿਆ ਹੋਇਆ ਹੈ। ਸਿੱਖ ਸਰਦਾਰਾਂ ਨੇ ਇਸ ਗੁਰਦੁਆਰੇ ਨਾਲ ਵੀ ਕਾਫ਼ੀ ਜ਼ਮੀਨ ਲੁਆਈ ਸੀ ਜੋ ਮਗਰੋਂ ਅੰਗਰੇਜ਼ਾਂ ਨੇ ਹੜਪ ਵੀ ਕਰ ਲਈ ਸੀ। ਇੱਥੋਂ ਦਾ ਮਹੰਤ ਸੁੰਦਰ ਦਾਸ ਸੀ। ਲੋਕਾਂ ਨੂੰ ਉਸ ਦੇ ਇਖ਼ਲਾਕ ਬਾਰੇ ਬਹੁਤ ਸ਼ਿਕਾਇਤਾਂ ਸਨ। 31 ਜਨਵਰੀ 1921 ਦੇ ਦਿਨ ਦਾਨ ਸਿੰਘ ਵਛੋਆ ਦੀ ਅਗਵਾਈ ਵਿਚ ਕੁਝ ਸਿੱਖ ਉਸ ਕੋਲ ਗਏ ਅਤੇ ਉਸ ਨੂੰ ਆਪਣਾ ਸੁਧਾਰ ਕਰਨ ਵਾਸਤੇ ਆਖਿਆ। ਮਹੰਤ ਨੇ ਆਪਣੇ ਕੋਲ 50-60 ਬੰਦੇ ਇਕੱਠੇ

ਕੀਤੇ ਹੋਏ ਸਨ। ਜਦੋਂ ਮਹੰਤ ਨੇ ਵੇਖਿਆ ਕਿ ਸਿੱਖ ਉਸ ਨੂੰ ਕੱਢਣਾ ਨਹੀਂ ਚਾਹੁੰਦੇ ਤਾਂ ਉਸ ਨੇ ਸਿੱਖਾਂ ਨਾਲ ਸਮਝੌਤਾ ਕਰ ਲਿਆ ਅਤੇ ਲਿਖਤੀ ਦਸਤਾਵੇਜ਼ 'ਤੇ ਦਸਤਖ਼ਤ ਵੀ ਕਰ ਦਿੱਤੇ। ਸਮਝੌਤੇ ਮੁਤਾਬਿਕ ਉਸ ਨੇ ਆਪਣੀ ਰਖੈਲ ਨਾਲ ਵਿਆਹ ਕਰਨਾ ਮੰਨ ਲਿਆ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਨਾਮਜ਼ਦ ਕੀਤੀ ਕਮੇਟੀ ਦੀਆਂ ਹਦਾਇਤਾਂ ਮੁਤਾਬਿਕ ਮਰਿਆਦਾ ਨਿਭਾਉਣ ਦਾ ਵਾਅਦਾ ਕੀਤਾ। ਗੁਰਦੁਆਰੇ ਦੇ ਇੰਤਜ਼ਾਮ ਵਾਸਤੇ ਇਕ 5 ਮੈਂਬਰੀ ਕਮੇਟੀ ਚੁਣੀ ਗਈ। 8 ਫ਼ਰਵਰੀ ਨੂੰ ਮਹੰਤ ਨੇ ਅੰਮ੍ਰਿਤ ਵੀ ਛਕ ਲਿਆ।

ਪਰ ਅਪ੍ਰੈਲ 1921 ਵਿਚ ਮਹੰਤ ਵਿੱਟਰ ਗਿਆ। ਦੋ ਤਿੰਨ ਮਹੀਨੇ ਸਿੱਖ ਮਹੰਤ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਰਹੇ ਪਰ ਜਦੋਂ ਮਹੰਤ ਨਾ ਟਲਿਆ ਤਾਂ 23 ਅਗਸਤ 1921 ਦੇ ਦਿਨ ਸਿੱਖ ਸੰਗਤਾਂ ਨੇ ਗੁਰਦੁਆਰੇ ਉੱਤੇ ਕਬਜ਼ਾ ਕਰ ਲਿਆ। ਮਹੰਤ ਨੇ ਸਰਕਾਰੇ ਦਰਬਾਰੇ ਪਹੁੰਚ ਕੀਤੀ ਪਰ ਜਦੋਂ ਐਸ.ਪੀ. ਪੁਲਸ ਮੈਕਫ਼ਰਸਨ ਮੌਕਾ ਵੇਖਣ ਪੁੱਜਾ ਤਾਂ ਉਸ ਨੇ ਗੁਰਦੁਆਰੇ 'ਤੇ ਅਕਾਲੀਆਂ ਦੇ ਕਬਜ਼ੇ ਦੀ ਤਸਦੀਕ ਕੀਤੀ ਅਤੇ ਅਕਾਲੀਆਂ ਦੀ ਹਿਫ਼ਾਜ਼ਤ ਵਾਸਤੇ ਪੁਲੀਸ ਵੀ ਤਾਈਨਾਤ ਕਰ ਦਿੱਤੀ। ਕੁਝ ਦਿਨਾਂ ਬਾਅਦ ਅਕਾਲੀਆਂ ਦੇ ਆਖਣ 'ਤੇ ਪੁਲੀਸ ਨੂੰ ਵਾਪਸ ਬੁਲਾ ਲਿਆ ਗਿਆ। ਫ਼ਰਵਰੀ 1922 ਵਿਚ ਮਹੰਤ ਨੇ ਤੇਜਾ ਸਿੰਘ ਸਮੁੰਦਰੀ ਤਕ ਪਹੁੰਚ ਕੀਤੀ। ਤੇਜਾ ਸਿੰਘ, ਗੁਰਚਰਨ ਸਿੰਘ ਤੇ ਬਾਲ ਸਿੰਘ ਨੇ ਵਿਚੋਲਗੀ ਕਰ ਕੇ ਮਹੰਤ ਨੂੰ 120 ਰੁਪਏ ਮਹੀਨਾ 'ਤੇ ਅੰਮ੍ਰਿਤਸਰ ਵਿਚ ਇਕ ਮਕਾਨ ਦਿਵਾ ਦਿੱਤਾ। ਅਪ੍ਰੈਲ 1922 'ਚ ਮਹੰਤ ਫੇਰ ਮੁੱਕਰ ਗਿਆ ਅਤੇ ਗੁਰਦੁਆਰੇ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ ਲੱਗਾ। ਤਿੰਨ ਕੁ ਮਹੀਨੇ ਇਵੇਂ ਹੀ ਗੁਜ਼ਰ ਗਏ। ਇਸ ਦੌਰਾਨ ਸਰਕਾਰ ਅਤੇ ਅਕਾਲੀਆਂ ਵਿਚਕਾਰ ਗੁਰਦੁਆਰਾ ਬਿੱਲ ਸਬੰਧੀ ਸਮਝੌਤੇ ਦੀ ਗਲਬਾਤ ਫ਼ੇਲ੍ਹ ਹੋ ਗਈ। ਸਰਕਾਰ ਨੇ ਸਿੱਖਾਂ ਨੂੰ ਦਬਾਉਣ ਲਈ ਦਹਿਸ਼ਤ ਦਾ ਨਵਾਂ ਦੌਰ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ।

ਗੁਰਦੁਆਰਾ ਗੁਰੂ ਦਾ ਬਾਗ਼ ਦੇ ਲੰਗਰ ਵਾਸਤੇ ਬਾਲਣ ਦੀ ਲੱਕੜ ਗੁਰਦੁਆਰੇ ਦੀ ਜ਼ਮੀਨ ਵਿਚ ਖੜੇ ਕਿੱਕਰ ਦੇ ਦਰਖ਼ਤਾਂ ਤੋਂ ਲਿਆਂਦੀ ਜਾਂਦੀ ਸੀ। 8 ਅਗਸਤ 1922 ਦੇ ਦਿਨ ਪੰਜ ਅਕਾਲੀ ਲੰਗਰ ਵਾਸਤੇ ਇਕ ਸੁੱਕੇ ਕਿੱਕਰ ਦੀ ਲੱਕੜ ਕੱਟ ਕੇ ਲਿਆਏ। ਉਨ੍ਹਾਂ ਨੂੰ ਅਗਲੇ ਦਿਨ ਡੰਨਟ (ਡੀ.ਸੀ.) ਦੇ ਹੁਕਮ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ।

1989: ਦਾਰਾ ਸਿੰਘ ਵੈਰੋਵਾਲੀ ਨਕਲੀ ਮੁਕਾਬਲੇ ਵਿਚ ਸ਼ਹੀਦ

8 ਅਗਸਤ 1989 ਦੇ ਦਿਨ ਪੁਲਸ ਨੇ ਦਾਰਾ ਸਿੰਘ (ਪੁੱਤਰ ਗੇਜਾ ਸਿੰਘ, ਵਾਸੀ ਵੈਰੋਵਾਲੀ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਪਿੱਪਲ ਸਿੰਘ ਢੋਲੇਵਾਲ, ਦਲਜੀਤ ਸਿੰਘ ਬਿੱਲੂ ਫ਼ਗਵਾੜਾ, ਗੁਰਿੰਦਰ ਸਿੰਘ ਜਿੰਦਾ ਬਾਸਰਕੇ ਗਿੱਲਾਂ, ਗੁਰਮੇਜ ਸਿੰਘ ਬੋਹਾ, ਸਤਨਾਮ ਸਿੰਘ ਚੋਹਲਾ ਸਾਹਿਬ, ਭੁਪਿੰਦਰ ਸਿੰਘ ਬਾਸਰਕੇ ਗਿੱਲਾਂ, ਗੁਰਨਾਮ ਸਿੰਘ ਗਾਮਾ ਨੂਰਪੁਰ, ਤਜਿੰਦਰ ਸਿੰਘ ਬਿੱਟੂ ਕੋਟ ਖਾਲਸਾ ਤੇ ਗੁਰਦੀਪ ਸਿੰਘ ਚੰਨ ਚੱਕ ਨਕਲੀ ਮੁਕਾਬਲਿਆਂ ਵਿਚ ਸ਼ਹੀਦ

8 ਅਗਸਤ 1991 ਦੇ ਦਿਨ ਪੁਲਸ ਨੇ ਪਿੱਪਲ ਸਿੰਘ (ਪੁੱਤਰ ਗੁਰਬਚਨ ਸਿੰਘ, ਵਾਸੀ ਢੋਲੇਵਾਲ, ਜ਼ਿਲ੍ਹਾ ਫ਼ੀਰੋਜ਼ਪੁਰ), ਦਲਜੀਤ ਸਿੰਘ ਉਰਫ਼ ਬਿੱਲੂ (ਪੁੱਤਰ ਸੁੱਚਾ ਸਿੰਘ, ਵਾਸੀ ਮੁਹੱਲਾ ਬੋਗ, ਫ਼ਗਵਾੜਾ) ਤੇ ਗੁਰਿੰਦਰ ਸਿੰਘ ਉਰਫ਼ ਜਿੰਦਾ (ਪੁੱਤਰ ਬਖ਼ਸ਼ੀਸ਼ ਸਿੰਘ, ਵਾਸੀ ਬਾਸਰਕੇ ਗਿੱਲਾਂ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।ਇਸੇ ਦਿਨ ਪੁਲਸ ਨੇ ਗੁਰਮੇਜ ਸਿੰਘ (ਵਾਸੀ ਬੋਹਾ), ਸਤਨਾਮ ਸਿੰਘ (ਵਾਸੀ ਚੋਹਲਾ ਸਾਹਿਬ), ਭੁਪਿੰਦਰ ਸਿੰਘ ਗਿੱਲ (ਵਾਸੀ ਬਾਸਰਕੇ ਗਿੱਲਾਂ), ਗੁਰਨਾਮ ਸਿੰਘ ਗਾਮਾ (ਵਾਸੀ ਨੂਰਪੁਰ), ਤਜਿੰਦਰ ਸਿੰਘ ਬਿੱਟੂ

ਸ਼ਸ਼ਰ (ਵਾਸੀ ਕੋਟ ਖਾਲਸਾ, ਅੰਮ੍ਰਿਤਸਰ) ਤੇ ਗੁਰਦੀਪ ਸਿੰਘ ਚੰਨ ਚੱਕ ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਬਲਦੀਪ ਸਿੰਘ ਫੂਲ, ਗੁਰਮੁਖ ਸਿੰਘ ਦੇਵੀਦਾਸਪੁਰ, ਮਨਜੀਤ ਸਿੰਘ ਬਿੱਟੂ ਫੇਹਰਟਾ, ਪਰਮਿੰਦਰ ਸਿੰਘ ਲਾਡੀ ਨੌਸ਼ਹਿਰਾ ਪੰਨੂਆਂ, ਕੁਲਵਿੰਦਰ ਸਿੰਘ ਫ਼ੌਜੀ, ਸਰਬਜੀਤ ਸਿੰਘ ਸਾਹਬਾ, ਕੁਲਵੰਤ ਸਿੰਘ, ਹਰਮੇਸ਼ ਸਿੰਘ ਮਹੇਸ਼ੀ ਲਹਿਰਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਤੇ ਸੁਖਪਾਲ ਸਿੰਘ ਪਾਲਾ ਅਸਲ ਮੁਕਾਬਲੇ ਵਿਚ ਸ਼ਹੀਦ

8 ਅਗਸਤ 1992 ਦੇ ਦਿਨ ਪੁਲਸ ਨੇ ਸੁਖਪਾਲ ਸਿੰਘ ਪਾਲਾ (ਪੁੱਤਰ ਭਾਗ ਸਿੰਘ, ਵਾਸੀ ਜਾਗਾਰਾਮ ਤੀਰਥ, ਦਮਦਮਾ), ਬਲਦੀਪ ਸਿੰਘ ਫੂਲ, ਗੁਰਮੁਖ ਸਿੰਘ ਦੇਵੀਦਾਸਪੁਰ ਅੰਮ੍ਰਿਤਸਰ, ਮਨਜੀਤ ਸਿੰਘ ਬਿੱਟੂ ਫੇਹਰਟਾ, ਪਰਮਿੰਦਰ ਸਿੰਘ ਲਾਡੀ ਨੌਸ਼ਹਿਰਾ ਪੰਨੂਆਂ, ਕੁਲਵਿੰਦਰ ਸਿੰਘ ਫ਼ੌਜੀ, ਸਰਬਜੀਤ ਸਿੰਘ ਸਾਹਬਾ, ਕੁਲਵੰਤ ਸਿੰਘ, ਹਰਮੇਸ਼ ਸਿੰਘ ਉਰਫ਼ ਮਹੇਸ਼ੀ ਵਾਸੀ ਲਹਿਰਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਦਿਨ ਪੁਲਸ ਨੇ ਸੁਖਪਾਲ ਸਿੰਘ ਪਾਲਾ (ਪੁੱਤਰ ਭਾਗ ਸਿੰਘ, ਵਾਸੀ ਜਾਗਾਰਾਮ ਤੀਰਥ, ਦਮਦਮਾ) ਇਕ ਅਸਲ ਮੁਕਾਬਲੇ ਵਿਚ ਸ਼ਹੀਦ ਹੋ ਗਿਆ।

1992: ਗੁਰਜੰਟ ਸਿੰਘ ਬੁਧ ਸਿੰਘ ਵਾਲਾ ਸਬੰਧੀ ਸਮਾਗਮ; ਪਿੰਡ ਦੁਆਲੇ 20 ਕਿਲੋਮੀਟਰ ਤਕ ਪੁਲਸ ਦਾ ਘੇਰਾ, 4 ਕਿਲੋਮੀਟਰ ਤਕ ਕਰਫ਼ਿਊ ਲਾਇਆ

ਉਨੱਤੀ-ਤੀਹ ਜੁਲਾਈ 1992 ਦੀ ਰਾਤ ਨੂੰ ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ ਵਿਚ ਕੌਰ ਸਿੰਘ ਦੇ ਘਰ 'ਤੇ ਹਮਲਾ ਕਰ ਕੇ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਜਰਨੈਲ ਗੁਰਜੰਟ ਸਿੰਘ ਬੁਧਸਿੰਘਵਾਲਾ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਅੱਠ ਅਗਸਤ 1992 ਦੇ ਦਿਨ ਉਸ ਸਬੰਧੀ ਰੱਖੇ ਪਾਠ ਦੇ ਭੋਗ ਦੇ ਦਿਨ ਪਿੰਡ ਬੁਧਸਿੰਘਵਾਲਾ ਦੇ ਦੁਆਲੇ 20 ਕਿਲੋਮੀਟਰ ਤਕ ਨਾਕੇ ਲਾ ਕੇ ਲੋਕ ਪਿੰਡ ਜਾਣੋਂ ਰੋਕੇ ਅਤੇ ਬੁੱਧਸਿੰਘ ਵਾਲਾ ਪਿੰਡ ਦੇ ਆਲੇ-ਦੁਆਲੇ ਚਾਰ ਕਿਲੋਮੀਟਰ ਤਕ ਅਣ-ਐਲਾਨਿਆ ਕਰਫਿਊ ਲਾ ਦਿਤਾ ਗਿਆ।

2013: ਇਟਲੀ ਦੇ ਹਵਾਈ ਅੱਡੇ 'ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਪੱਗ ਉਤਾਰਨ ਵਾਸਤੇ ਕਿਹਾ ਗਿਆ

8 ਅਗਸਤ 2013 ਦੇ ਦਿਨ ਜਦ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਰੋਮ (ਇਟਲੀ) ਤੋਂ ਦਿੱਲੀ ਵਾਪਿਸ ਜਾਣ ਵਾਸਤੇ ਹਵਾਈ ਅੱਡੇ 'ਤੇ ਪੁੱਜਾ ਤਾਂ ਸਕਿਉਰਿਟੀ ਵਿਚੋਂ ਲੰਘਣ ਵੇਲੇ ਉਸ ਨੂੰ ਪੱਗ ਉਤਾਰਨ ਵਾਸਤੇ ਕਿਹਾ ਗਿਆ; ਪਰ ਉਸ ਨੇ ਨਾਂਹ ਕਰ ਦਿੱਤੀ; ਇਸ ਕਰ ਕੇ ਉਸ ਨੂੰ ਫ਼ਲਾਈਟ ਫੜਨ ਨਾ ਦਿੱਤੀ ਗਈ। ਇਸ ਹਰਕਤ ਦਾ ਬਹੁਤ ਰੌਲਾ ਪਿਆ ਤੇ ਸਿੱਖਾਂ ਨੇ ਦਿੱਲੀ ਵਿਚ ਇਟਲੀ ਦੀ ਅੰਬੈਸੀ ਦੇ ਬਾਹਰ ਮੁਜ਼ਾਹਰੇ ਵੀ ਕੀਤੇ। ਇਸ ਨਾਲ ਭਾਰਤ ਸਰਕਾਰ ਨੂੰ ਵੀ ਵਖਤ ਪੈ ਗਿਆ ਤੇ ਇਟਲੀ ਵਿਚ ਭਾਰਤ ਦੇ ਸਫ਼ੀਰ ਨੇ ਖ਼ੁਦ ਦਖ਼ਲ ਦੇ ਕੇ ਅਗਲੇ ਦਿਨ ਉਸ ਨੂੰ ਜਹਾਜ਼ 'ਤੇ ਚੜ੍ਹਵਾਇਆ। ਇਟਲੀ ਵਿਚ ਅਜਿਹੀ ਹਰਕਤ ਕਈ ਵਾਰ ਕੀਤੀ ਜਾ ਚੁਕੀ ਸੀ ਤੇ ਪਹਿਲਾਂ ਵੀ ਲੋਕ ਸਭਾ ਵਿਚ ਇਸ ਸਬੰਧੀ ਰੌਲਾ ਪਿਆ ਸੀ ਜਿਸ ਮਗਰੋਂ ਇਟਲੀ ਦੀ ਸਰਕਾਰ ਨੇ ਐਲਾਨ ਕੀਤਾ ਸੀ ਕਿ ਅਜਿਹਾ ਫਿਰ ਨਹੀਂ ਹੋਵੇਗਾ; ਪਰ ਇਹ ਐਲਾਨ ਸਿਰਫ਼ ਕਾਗ਼ਜ਼ੀ ਹੀ ਰਿਹਾ ਸੀ ਜਿਸ ਕਰ ਕੇ ਮਨਜੀਤ ਸਿੰਘ ਜੀ.ਕੇ. ਨਾਲ ਇਹ ਸਲੂਕ ਹੋਇਆ ਸੀ।

2009: ਪਤਵੰਤ ਸਿੰਘ ਦੀ ਮੌਤ

ਪਤਵੰਤ ਸਿੰਘ (28 ਮਾਰਚ 1925 – 8 ਅਗਸਤ 2009) ਇਕ ਚੋਖੇ ਅਮੀਰ ਘਰਾਣੇ ਵਿਚ ਪੈਦਾ ਹੋਇਆ ਸੀ। ਉਹ ਮੁਖ ਤੌਰ 'ਤੇ ਬਿਲਡਰ ਸੀ ਤੇ ਪਿਤਾ ਨਾਲ ਰਲ ਕੇ ਨਵੀਂ ਦਿੱਲੀ ਦੀਆਂ ਬਹੁਤ ਸਾਰੀਆਂ ਇਮਾਰਤਾਂ ਬਣਾਈਆਂ ਸਨ। ਉਹ ਕਈ ਕਿਤਾਬਾਂ ਦਾ ਲੇਖਕ ਵੀ ਸੀ: 'ਪੰਜਾਬ: ਫ਼ੈਟਲ ਮਿਸਕੈਲਕੁਲੇਸ਼ਨ' (1984), 'ਗੋਲਡਨ ਟੈਂਪਲ' (ਸਚਿਤਰ ਕਿਤਾਬ1989), 'ਦ ਸਿੱਖਜ਼' (1999), 'ਐਂਪਾਇਰ ਆਫ਼ ਦ ਸਿੱਖਜ਼' (2008)। 8 ਅਗਸਤ 2009 ਦੇ ਦਿਨ ਉਸ ਦੀ ਮੌਤ ਹੋ ਗਈ।

2014: ਦਹਿਸ਼ਤਗਰਦ ਕਹਿ ਕੇ ਹਰਮੀਤ ਸਿੰਘ ਪਿੰਟੂ, ਸਰਵਣ ਸਿੰਘ ਸੱਬਾ ਤੇ ਕਰਨਜੀਤ ਸਿੰਘ ਗ੍ਰਿਫ਼ਤਾਰ

8 ਅਗਸਤ 2014 ਦੇ ਦਿਨ ਪੰਜਾਬ ਪੁਲਸ ਨੇ ਦਹਿਸ਼ਤ ਦੀਆਂ ਕਾਰਵਾਈਆਂ ਕਰਨ ਦੀ ਪਲਾਨ ਬਣਾ ਰਹੇ ਕਹਿ ਕੇ ਹਰਮੀਤ ਸਿੰਘ ਪਿੰਟੂ, ਸਰਵਣ ਸਿੰਘ ਸੱਬਾ ਤੇ ਕਰਨਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਦੀ ਕਹਾਣੀ ਮੁਤਾਬਿਕ ਇਨ੍ਹਾਂ ਦੇ 9 ਹੋਰ ਸਾਥੀ ਵੀ ਲੋੜੀਂਦੇ ਹਨ। ਪੁਲਸ ਦੀ ਕਹਾਣੀ ਮੁਤਾਬਿਕ ਇਹ ਸਾਰੇ ਪਾਕਿਸਤਾਨ ਵਿਚ ਬੈਠੇ ਰਣਜੀਤ ਸਿੰਘ ਨੀਟਾ ਦੇ ਸਾਥੀ ਹਨ। ਇਨ੍ਹਾਂ ਵਿਚ ਸਪੇਨ ਵਿਚ ਬੈਠਾ ਰਣਜੀਤ ਸਿੰਘ (ਸਿੰਬਰ ਕੈਂਪ, ਜਮੂੰ) ਵੀ ਸ਼ਾਮਿਲ ਹੈ।

2014: ਕੇ.ਪੀ. ਗੱਲ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਮੀਤ ਪ੍ਰਧਾਨ ਬਣਾਇਆ

ਹਜ਼ਾਰਾਂ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਕਤਲ ਕਰਨ ਵਾਲੇ ਡੀ.ਜੀ.ਪੀ. ਕੇ.ਪੀ. ਗਿੱਲ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਆਪਣੇ ਜਨਮ ਦੇ 50 ਵੇਂ ਸਾਲ ਦੇ ਜਸ਼ਨਾਂ ਬਾਰੇ ਕਮੇਟੀ ਦਾ ਮੀਤ ਪ੍ਰਧਾਨ ਬਣਾਇਆ।

9 ਅਗਸਤ

1915: ਗ਼ਦਰੀ ਆਗੂਆਂ ਨੂੰ ਫ਼ਾਂਸੀ ਦਿਤੀ ਗਈ

9 ਅਗਸਤ 1915 ਦੇ ਦਿਨ ਗ਼ਦਰੀ ਆਗੂਆਂ ਕਾਲਾ ਸਿੰਘ ਜਗਤਪੁਰ ਅੰਮ੍ਰਿਤਸਰ (ਵੱਲਾ ਪੁਲ ਕੇਸ), ਆਤਮਾ ਸਿੰਘ ਠੱਠੀ ਖਾਰਾ, ਹਰਨਾਮ ਸਿੰਘ ਠੱਠੀ ਖਾਰਾ ਤੇ ਬਲਵੰਤ ਸਿੰਘ ਨੂੰ ਲਾਹੌਰ ਜੇਲ੍ਹ ਵਿਚ ਫ਼ਾਂਸੀ ਦਿਤੀ ਗਈ।

1928: ਤੇਜਾ ਸਿੰਘ ਭਸੌੜ ਨੂੰ ਪੰਥ ਵਿਚ 'ਛੇਕਣ' ਦਾ 'ਹੁਕਮਨਾਮਾ' ਜਾਰੀ ਕੀਤਾ ਗਿਆ

ਗੁਰੂ ਗ੍ਰੰਥ ਸਾਹਿਬ ਦੇ ਸਰੂਪ ਛਾਪਣ ਸਮੇਂ (ਧਾਰਮਿਕ ਸਲਾਹਕਾਰ ਬੋਰਡ ਵੱਲੋਂ) ਗ਼ੈਰ-ਮਨਜ਼ੂਰ ਸ਼ੁਦਾ ਤਬਦੀਲੀਆਂ ਕਰਨ ਕਰ ਕੇ ਪੰਚ ਖਾਲਸਾ ਦੀਵਾਨ ਭਸੌੜ ਦੇ ਬਾਬੂ ਤੇਜਾ ਸਿੰਘ ਤੇ ਉਸ ਦੀ ਸਿੰਘਣੀ ਬੀਬੀ ਨਿਰੰਜਨ ਕੌਰ ਨੂੰ 9 ਅਗਸਤ 1928 ਦੇ ਦਿਨ ਪੰਥ ਵਿਚੋਂ ਅਖੌਤੀ ਤੌਰ 'ਤੇ 'ਖਾਰਜ' ਕਰਨ ਦਾ 'ਹੁਕਮਨਾਮਾ' ਜਾਰੀ ਕੀਤਾ ਗਿਆ। ਇਹ ਹੁਕਮਨਾਮਾ ਸ਼੍ਰੋਮਣੀ ਕਮੇਟੀ ਨੇ (ਕਿਸੇ ਅਖੌਤੀ ਜਥੇਦਾਰ ਨੇ ਨਹੀਂ) ਤਿਆਰ ਕੀਤਾ ਸੀ ਅਤੇ ਇਸ ਨੂੰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੇ ਜਾਰੀ ਕੀਤਾ ਸੀ।

1986: ਮਨਬੀਰ ਸਿੰਘ ਚਹੇੜੂ ਨੂੰ ਮੇਜਰ ਬਲਦੇਵ ਸਿੰਘ ਘੁੰਮਣ ਦੇ ਘਰੋਂ ਗ੍ਰਿਫ਼ਤਾਰ

1985 ਵਿਚ ਭਾਰਤ ਦੇ ਪ੍ਰਾਈਮ ਮਨਿਸਟਰ ਰਾਜੀਵ ਗਾਂਧੀ ਨੇ ਸੁਰਜੀਤ ਬਰਨਾਲਾ ਨੂੰ ਇਸ ਵਾਸਤੇ ਅਕਾਲੀ ਦਲ ਦਾ ਪ੍ਰਧਾਨ ਤੇ ਪੰਜਾਬ ਦਾ ਚੀਫ਼ ਮਨਿਸਟਰ ਬਣਾਇਆ ਸੀ ਤਾਂ ਜੋ ਉਸ ਦੇ ਨਾਂ 'ਤੇ ਖਾੜਕੂਆਂ, ਖਾਲਿਸਤਾਨ, ਭਿੰਡਰਾਂਵਾਲਾ ਵਗ਼ੈਰਾ ਦੇ ਖ਼ਿਲਾਫ਼ ਪਰਾਕਸੀ (proxy) ਲੜਾਈ ਲੜੀ ਜਾ ਸਕੇ। ਸ਼ੁਰੂ ਵਿਚ ਬਰਨਾਲੇ ਨੇ ਦਿਖਾਵੇ ਵਲੋਂ ਪੰਥਕ ਮੰਗਾਂ ਬਾਰੇ ਇਕ-ਅੱਧ ਬਿਆਨ ਵੀ ਦਿੱਤਾ। ਪਰ ਇਹ ਸਭ ਕਾਗ਼ਜ਼ੀ ਕਾਰਵਾਈ ਸੀ। ਉਸ ਵਕਤ 2000 ਤੋਂ ਵੱਧ ਬੇਗ਼ੁਨਾਹ ਸਿੱਖ ਟਾਡਾ ਕੇਸਾਂ ਹੇਠ ਪੰਜਾਬ ਦੀਆਂ ਜੇਲ੍ਹਾਂ ਵਿਚ ਸਨ; 500 ਦੇ ਕਰੀਬ ਹਰਿਆਣੇ ਵਿਚ, 400 ਦੇ ਕਰੀਬ ਜੈਪੁਰ-ਜੋਧਪੁਰ 'ਚ ਅਤੇ 500 ਦੇ ਕਰੀਬ ਹੋਰ ਜੇਲ੍ਹਾਂ ਵਿਚ ਵੀ ਬੰਦ ਸਨ। ਇਧਰ ਪੰਜਾਬ ਵਿਚ ਬਰਨਾਲਾ ਸਰਕਾਰ ਕਾਇਮ ਹੋਣ ਦੇ ਨਾਲ ਹੀ ਸਿੱਖਾਂ ਦੀਆਂ ਬੇਤਹਾਸ਼ਾ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਸਿੱਖਾਂ ਨਾਲ ਬੇਹੂਦਗੀ ਵਾਲਾ ਸਲੂਕ, ਗੁਰਦੁਆਰਿਆਂ 'ਚ ਪੁਲੀਸ ਦਾਖਲਾ ਪਹਿਲਾਂ ਨਾਲੋਂ ਵੀ ਵਧ ਗਿਆ। ਸੁਰਜੀਤ ਬਰਨਾਲਾ ਨੇ ਏਥੇ ਹੀ ਬਸ ਨਹੀਂ ਕੀਤੀ। ਉਸ ਨੇ, ਰਾਜੀਵ ਗਾਂਧੀ ਦੇ ਹੁਕਮ ਹੇਠ, ਇਕ 'ਬੁੱਚੜ' ਜਾਣੇ ਜਾਂਦੇ ਪੁਲੀਸ ਅਫ਼ਸਰ, ਜੂਲੀਓ ਰਬੈਰੋ ਨੂੰ 28 ਮਾਰਚ 1986 ਨੂੰ ਪੰਜਾਬ ਦਾ ਆਈ.ਜੀ. ਪੁਲੀਸ ਬਣਾ ਕੇ ਲੈ ਆਂਦਾ। ਰਬੈਰੋ ਨੇ, ਸਿੱਖਾਂ ਵਿਚ ਦਹਿਸ਼ਤ ਫੈਲਾਉਣ ਵਾਸਤੇ, ਪਹਿਲੇ ਦਿਨ ਹੀ 15 ਨੌਜਵਾਨ ਘਰਾਂ ਵਿਚੋਂ ਫੜ ਕੇ ਮਾਰ ਦਿੱਤੇ। ਹੁਣ ਇਹ ਸਿਲਸਿਲਾ ਬਾਕਾਇਦਾ ਸ਼ੁਰੂ ਹੋ ਗਿਆ। ਰਬੈਰੋ ਨੇ 10 ਅਪਰੈਲ ਨੂੰ ਇਕ ਬਿਆਨ ਵਿਚ ਐਲਾਨ ਕੀਤਾ ਕਿ ਮੈਂ ਖਾੜਕੂਆਂ ਨੂੰ ਗ੍ਰਿਫ਼ਤਾਰ ਨਹੀਂ ਕਰਾਂਗਾ ਅਤੇ "ਗੋਲੀ ਦਾ ਜਵਾਬ ਗੋਲੀ 'ਚ ਦਿੱਤਾ ਜਾਵੇਗਾ।" ਮਨਜੀਤ ਸਿੰਘ ਕਲਕੱਤਾ ਅਤੇ ਹੋਰ ਅਕਾਲੀ ਆਗੂਆਂ ਨੇ ਇਸ ਬਿਆਨ ਦੀ ਜ਼ਬਰਦਸਤ ਨਿੰਦਾ ਕੀਤੀ (ਪਰ ਫਿਰ ਵੀ ਉਹ ਇਸ ਦਲ ਦੇ ਨਾਲ ਰਹੇ ਤੇ ਸਰਕਾਰ ਦੇ ਪੂਰੇ ਹਿਮਾਇਤੀ ਰਹੇ)। ਪਰ, ਇਸ ਦੇ ਬਾਵਜੂਦ ਬਰਨਾਲਾ ਅਤੇ ਕੈਪਟਨ ਕੰਵਲਜੀਤ ਨੇ ਰਬੈਰੋ ਵਲੋਂ ਕੀਤੇ ਜਾ ਰਹੇ ਕਤਲਾਂ ਦੀ ਪੂਰੀ ਹਿਮਾਇਤ ਜਾਰੀ ਰਖੀ।

26 ਜਨਵਰੀ ਤੋਂ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਸ਼ੁਰੂ ਕਰਨ ਦੇ ਐਲਾਨ ਦੇ ਨਾਲ ਹੀ ਭਿੰਡਰਾਂ-ਮਹਿਤਾ ਜਥਾ ਨੇ ਐਲਾਨ ਕਰ ਦਿੱਤਾ ਕਿ ਉਹ 26 ਜਨਵਰੀ 1986 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਮੂਹਰੇ 'ਸਰਬੱਤ ਖਾਲਸਾ' ਸਮਾਗਮ ਕਰਨਗੇ। ਜਦੋਂ ਭਿੰਡਰਾਂ-ਮਹਿਤਾ ਜਥੇ ਨੇ ਇਸ 'ਸਰਬੱਤ ਖਾਲਸਾ' ਦਾ ਐਲਾਨ ਕੀਤਾ ਤਾਂ ਕਿਸੇ ਨੇ ਵੀ ਇਸ ਨੂੰ ਬਹੁਤੀ ਸੰਜੀਦਗੀ ਨਾਲ ਨਾ ਲਿਆ, ਕਿਉਂਕਿ ਉਹ ਸਮਝਦੇ ਸਨ ਕਿ ਕੁਝ ਖਾੜਕੂ ਧੜੇ, 31 ਅਕਤੂਬਰ 1985 ਦੇ ਮੰਜੀ ਸਾਹਿਬ ਦੇ ਦੀਵਾਨ ਵਾਂਗ, ਇਕ ਜਲਸਾ ਕਰ ਲੈਣਗੇ। 26 ਜਨਵਰੀ 1986 ਦੇ ਦਿਨ ਭਿੰਡਰਾ-ਮਹਿਤਾ ਜਥੇ ਦਾ ਇੱਕਠ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਹੋਇਆ। ਉਨ੍ਹੀਂ ਦਿਨੀਂ ਲੋਕ ਭਾਰਤੀ ਫ਼ੌਜ ਦੀ ਦਹਿਸ਼ਤ 'ਤੇ ਗ਼ੁੱਸੇ ਵਿਚ ਸਨ ਅਤੇ ਕਿਉਂਕਿ ਬਰਨਾਲੇ ਨੇ ਹਕੂਮਤ ਵਿਚ ਆ ਕੇ ਉਨ੍ਹਾਂ ਜ਼ੁਲਮਾਂ ਨੂੰ ਜਾਰੀ ਰਖਿਆ ਸੀ, ਇਸ ਕਰ ਕੇ ਰੋਸ ਵਜੋਂ ਲੋਕ ਇਕ ਪਲੈਟਫ਼ਾਰਮ 'ਤੇ ਜੁੜਨਾ ਚਾਹੁੰਦੇ ਸਨ। ਇਸ ਵਜਹ ਕਰ ਕੇ 26 ਜਨਵਰੀ ਦੇ ਇਕੱਠ ਇਸ ਵਿਚ ਹਜ਼ਾਰਾਂ ਲੋਕ ਸ਼ਾਮਿਲ ਹੋਏ। ਉਂਝ ਇਸ ਨੂੰ ਸਰਬੱਤ ਖਾਲਸਾ ਇਕੱਠ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਹ ਨਾ ਤਾਂ ਜਥੇਬੰਦੀਆਂ ਦੇ ਨੁਮਾਇੰਦਿਆਂ ਦਾ ਇਕੱਠ ਸੀ ਤੇ ਨਾ ਹੀ ਇਸ ਵਿਚ ਸਾਰੀਆਂ ਪੰਥਕ ਜਥੇਬੰਦੀਆਂ ਨੇ ਹਿੱਸਾ ਲਿਆ ਸੀ। ਸਹੀ ਮਾਅਨਿਆਂ ਵਿਚ ਇਹ ਭਿੰਡਰਾਂ-ਮਹਿਤਾ ਜਥੇ ਦਾ ਇਕ ਵੱਡਾ ਦੀਵਾਨ (ਜਲਸਾ) ਸੀ, ਜਿਸ ਵਿਚ ਹਜ਼ਾਰਾਂ ਸਿੱਖ ਸ਼ਾਮਿਲ ਹੋਏ ਸਨ। ਇਸ ਦੀਵਾਨ ਵਿਚ ਜ਼ੈਲ ਸਿੰਘ, ਬੂਟਾ ਸਿੰਘ, ਸੰਤਾ ਸਿੰਘ, ਕਿਰਪਾਲ ਸਿੰਘ, ਸਾਹਿਬ ਸਿੰਘ ਨੂੰ ਪੰਥ 'ਚੋਂ ਖਾਰਿਜ ਕਰਨ ਦਾ ਮਤਾ ਇਕ ਵਾਰ ਫੇਰ ਪਾਸ ਕੀਤਾ

ਗਿਆ। ਇਸ ਇਕੱਠ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 'ਤੋੜਨ' ਦਾ 'ਮਤਾ' ਵੀ ਪਾਸ ਕੀਤਾ ਗਿਆ। ਇਸ ਦੀ ਥਾਂ ਇਕ ਪੰਜ ਮੈਂਬਰੀ 'ਪੰਥਕ ਕਮੇਟੀ' ਕਾਇਮ ਕੀਤੀ ਗਈ। ਇਸ ਕਮੇਟੀ ਵਿਚ ਗੁਰਬਚਨ ਸਿੰਘ ਮਾਨੋਚਾਹਲ, ਵੱਸਣ ਸਿੰਘ, ਧੰਨਾ ਸਿੰਘ, ਅਰੂੜ ਸਿੰਘ ਤੇ ਗੁਰਦੇਵ ਸਿੰਘ ਉਸਮਾਨਵਾਲਾ ਸ਼ਾਮਿਲ ਸਨ। ਮਗਰੋਂ ਇਸ ਕਮੇਟੀ ਨੇ 'ਖਾਲਿਸਤਾਨ ਕਮਾਂਡੋ ਫ਼ੋਰਸ' ਕਾਇਮ ਕੀਤੀ ਜਿਸ ਦਾ ਨਿਸ਼ਾਨਾ ਪੰਥ ਦੇ ਦੁਸ਼ਮਣਾਂ ਨੂੰ ਸਜ਼ਾ ਦੇਣਾ ਮਿੱਥਿਆ ਗਿਆ। ਇਸ ਕਮਾਂਡੋ ਫ਼ੋਰਸ ਦਾ ਚੀਫ਼, ਭਿੰਡਰਾਂਵਾਲਿਆਂ ਦਾ ਇਕ ਬਹੁਤ ਨਜ਼ਦੀਕੀ ਜਰਨੈਲ, ਮਨਬੀਰ ਸਿੰਘ ਚਹੇੜੂ ਉਰਫ਼ ਹਰੀ ਸਿੰਘ ਨੂੰ ਬਣਾਇਆ ਗਿਆ ਸੀ।

9 ਅਗਸਤ 1986 ਦੇ ਦਿਨ ਬੂਟਾ ਪਿੰਡ (ਜਲੰਧਰ) ਵਿਚ ਸਾਬਕਾ ਫ਼ੌਜੀ ਸ. ਬਲਦੇਵ ਸਿੰਘ ਘੁੰਮਣ (ਮੇਜਰ) ਦੇ ਘਰੋਂ ਖਾੜਕੂ ਲਹਿਰ ਦੇ ਇਸ ਬਹੁਤ ਵੱਡੇ ਥੰਮ੍ਹ ਸ: ਮਨਬੀਰ ਸਿੰਘ ਚਹੇੜੂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਦੇ ਨਾਲ ਹੀ ਬਲਦੇਵ ਸਿੰਘ ਘੁੰਮਣ, ਸਰਦਾਰ ਸਿੰਘ (ਵਾਸੀ ਮੁਹੱਲਾ ਕਿਸ਼ਨਪੁਰਾ, ਜਲੰਧਰ) ਤੇ ਚਰਨਜੀਤ ਸਿੰਘ (ਵਾਸੀ ਰਿਹਾਣਾ ਜੱਟਾਂ, ਜ਼ਿਲ੍ਹਾ ਹੁਸ਼ਿਆਰਪੁਰ) ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ।ਮਨਬੀਰ ਸਿੰਘ ਦੀ ਗ੍ਰਿਫ਼ਤਾਰੀ ਨਾਲ ਖਾਲਿਸਤਾਨ ਲਹਿਰ ਨੂੰ ਬਹੁਤ ਵੱਡਾ ਘਾਟਾ ਪਿਆ। ਸ਼ੱਕ ਕੀਤਾ ਜਾਂਦਾ ਹੈ ਕਿ ਇਸ ਗ੍ਰਿਫ਼ਤਾਰੀ ਪਿੱਛੇ ਗੁਰਜੀਤ ਸਿੰਘ ਹਰੀਹਰ ਝੋਕ ਗੁਰੱਪ ਦਾ ਹੱਥ ਸੀ ਜਿਸ ਨੇ ਫ਼ੈਡਰੇਸ਼ਨ 'ਤੇ ਕਬਜ਼ਾ ਕਰਨ ਵਾਸਤੇ ਅਜਿਹਾ ਕੀਤਾ ਸੀ।

ਮਨਬੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਉਸ ਤੇ ਵਹਿਸ਼ੀਆਨਾ ਤਸ਼ੱਦਦ ਕੀਤਾ ਗਿਆ। ਫਿਰ ਉਸ ਨੂੰ ਪੰਜਾਬ ਤੋਂ ਦੂਰ ਬਿਹਾਰ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ। ਕੁਝ ਮਹੀਨਿਆਂ ਬਾਅਦ ਉਸ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਕੇ ਉਸ ਦੀ ਲਾਸ਼ ਖੁਰਦ ਬੁਰਦ ਕਰ ਦਿੱਤੀ ਗਈ ਤੇ ਉਸ ਨੂੰ ਹਿਰਾਸਤ ਵਿਚੋਂ ਦੌੜਿਆ ਕਰਾਰ ਦੇ ਦਿੱਤਾ ਗਿਆ।

1988: ਬਲਵਿੰਦਰ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

9 ਅਗਸਤ 1988 ਦੇ ਦਿਨ ਪੰਜਾਬ ਪੁਲਸ ਨੇ ਬਲਵਿੰਦਰ ਸਿੰਘ ਤੇ ਇਕ ਹੋਰ ਸਿੱਖ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਬਲਵਿੰਦਰ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

9 ਅਗਸਤ 1989 ਦੇ ਦਿਨ ਪੰਜਾਬ ਪੁਲਸ ਨੇ ਸੁਖਦੇਵ ਸਿੰਘ ਸੁੱਖਾ (ਪੁੱਤਰ ਜੋਗਿੰਦਰ ਸਿੰਘ, ਵਾਸੀ ਸੁਲਤਾਨਵਿੰਡ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸੁਖਵਿੰਦਰ ਸਿੰਘ ਕੱਕੜੀ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

9 ਅਗਸਤ 1991 ਦੇ ਦਿਨ ਪੁਲਸ ਨੇ ਸੁਖਵਿੰਦਰ ਸਿੰਘ (ਪੁੱਤਰ ਪੰਜਾਬ ਸਿੰਘ, ਵਾਸੀ ਕੱਕੜੀ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸੁਖਦੇਵ ਸਿੰਘ ਬਬਰ ਤੇ ਇੰਦਰਜੀਤ ਸਿੰਘ ਭੋਗਰਾ ਨਕਲੀ ਮੁਕਾਬਲੇ ਵਿਚ ਸ਼ਹੀਦ

ਨੌਂ ਅਗਸਤ1992 ਦੇ ਦਿਨ ਬਬਰ ਖ਼ਾਲਸਾ ਦੇ ਇਕ ਗਰੁੱਪ ਦੇ ਮੁਖੀ ਸੁਖਦੇਵ ਸਿੰਘ ਦਾਸੂਵਾਲ (ਪੁੱਤਰ ਜਿੰਦਾ ਸਿੰਘ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ। ਸੁਖਦੇਵ ਸਿੰਘ ਨੂੰ ਪਟਿਆਲਾ ਵਿਚ ਅਰਬਨ ਅਸਟੇਟ ਤੋਂ ਗ੍ਰਿਫ਼ਤਾਰ ਕਰ ਕੇ ਤਸੀਹੇ ਦੇਣ

ਮਾਰੀ ਗੋਲੀ ਮਾਰ ਦਿਤੀ ਗਈ। ਪੁਲੀਸ ਨੇ ਉਸ ਨੂੰ ਇਕ ਹਜ਼ਾਰ ਕਤਲਾਂ ਦਾ ਜ਼ਿੰਮੇਦਾਰ ਕਰਾਰ ਦਿਤਾ। ਪ੍ਰੈਸ ਨੁਮਾਇੰਦਿਆਂ ਨੇ ਉਸ ਦੇ ਨਕਲੀ ਮੁਕਾਬਲੇ ਵਾਲੀ ਥਾਂ ਦਾ ਦੌਰਾ ਕੀਤਾ ਤੇ ਵੇਖਿਆ ਕਿ ਉਸ ਜਗਹ 'ਤੇ ਇਕ ਵੀ ਛਿੱਟਾ ਖ਼ੂਨ ਦਾ ਨਹੀਂ ਸੀ ਪਿਆ ਹੋਇਆ; ਯਾਨਿ ਉਸ ਨੂੰ ਕਿਸੇ ਹੋਰ ਜਗਹ ਸ਼ਹੀਦ ਕਰ ਕੇ ਲਾਸ਼ ਇੱਥੇ ਲਿਆ ਸੁੱਟੀ ਗਈ ਸੀ। ਇਸੇ ਦਿਨ ਇੰਦਰਜੀਤ ਸਿੰਘ ਡੋਗਰਾ ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਮਾਰ ਦਿਤਾ ਗਿਆ।

1992: ਮੱਖਣ ਸਿੰਘ ਮਾਣਕੇ, ਬਲਵਿੰਦਰ ਸਿੰਘ ਸੁਰਜਨ ਭੈਣੀ, ਮਲਕੀਅਤ ਸਿੰਘ ਫ਼ੌਜੀ ਅਤੇ ਬੀਬੀ ਹਰਜਿੰਦਰ ਕੌਰ ਲਟਾਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਦਸ ਅਗਸਤ 1992 ਦੇ ਦਿਨ ਪੁਲਸ ਨੇ ਬਲਵਿੰਦਰ ਸਿੰਘ ਵਾਸੀ ਸੁਰਜਨ ਭੈਣੀ ਤੇ ਮੱਖਣ ਸਿੰਘ ਮਾਣਕੇ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲੀਸ ਨੇ ਦਿੱਲੀ ਵਿਚ ਜਾ ਕੇ ਮਲਕੀਅਤ ਸਿੰਘ ਫ਼ੌਜੀ ਤੇ ਉਸ ਦੀ ਪਤਨੀ ਹਰਜਿੰਦਰ ਕੌਰ ਵਾਸੀ ਲਟਾਲਾ ਵੀ ਨੂੰ ਨਕਲੀ ਮੁਕਬਲੇ ਦੇ ਨਾਂ 'ਤੇ ਸ਼ਹੀਦ ਕਰ ਦਿਤਾ।

10 ਅਗਸਤ

1966: ਲੋਕ ਸਭਾ ਵਿਚ ਪੰਜਾਬੀ ਸੂਬਾ ਕਾਇਮ ਕਰਨ ਵਾਸਤੇ ਬਿਲ ਪੇਸ਼ ਕੀਤਾ ਗਿਆ

1965 ਦੀ ਭਾਰਤ-ਪਾਕਿ ਜੰਗ ਮੁਕਦਿਆਂ ਹੀ ਗੁਲਜ਼ਾਰੀ ਲਾਲ ਨੰਦਾ ਨੇ ਪੰਜਾਬੀ ਸੂਬੇ ਦੀ ਮੰਗ ਬਾਰੇ ਮਰਕਜ਼ੀ ਵਜ਼ੀਰਾਂ ਦੀ ਇਕ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ। ਇਸ ਕਮੇਟੀ ਵਿਚ ਇਦਰਾ ਗਾਂਧੀ, ਚਵਾਨ ਤੇ ਮਹਾਂਵੀਰ ਤਿਆਗੀ ਤਿੰਨ ਮੈਂਬਰ ਸਨ। ਇਸ ਦੇ ਨਾਲ ਹੀ 22 ਐਮ.ਪੀਜ਼. ਇਕ 'ਸਲਾਹਕਾਰ ਕਮਟੀ' ਵੀ ਬਣਾ ਦਿੱਤੀ ਗਈ। ਇਸ ਕਮੇਟੀ ਦਾ ਚੇਅਰਮੈਨ ਹੁਕਮ ਸਿੰਘ ਸੀ। ਫਤਹਿ ਸਿੰਘ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 1 ਅਕਤੂਬਰ ਨੂੰ ਤਿੰਨ ਮੈਂਬਰੀ ਕੇਂਦਰੀ ਕਮੇਟੀ ਅਤੇ 22 ਐਮ.ਪੀਜ਼ ਦੀ ਕਮੇਟੀ ਬਣਾਉਣ 'ਤੇ ਸਰਕਾਰ ਦੀ ਸਰਾਹਣਾ ਕੀਤੀ। ਮਾਸਟਰ ਤਾਰਾ ਸਿੰਘ ਨੇ ਪਹਿਲਾਂ ਹੀ 25 ਸਤੰਬਰ ਨੂੰ ਇਕ ਕਮੇਟੀ ਦੀ ਸਰਾਹਣਾ ਕਰ ਦਿੱਤੀ ਸੀ। 2 ਅਕਤੂਬਰ 1965 ਨੂੰ ਫਤਹਿ ਸਿੰਘ ਅਕਾਲੀ ਦਲ ਦੀ ਮੀਟਿੰਗ ਹੋਈ ਜਿਸ ਵਿਚ ਫਤਹਿ ਸਿੰਘ ਪਰਦੇ ਦੇ ਪਿੱਛੇ ਬੈਠਾ ਹੋਇਆ ਸੀ। ਇਸ ਮੀਟਿੰਗ ਨੇ ਪੰਜਾਬੀ ਸੂਬੇ ਸਬੰਧੀ ਕਿਸੇ ਮੋਰਚੇ ਦਾ ਐਲਾਨ ਨਾ ਕਰਨ ਦਾ ਮਤਾ ਪਾਸ ਕੀਤਾ ਤੇ ਸਰਕਾਰ ਵੱਲੋਂ ਕਮੇਟੀਆਂ ਬਣਾਉਣ 'ਤੇ ਤਸੱਲੀ ਜ਼ਾਹਿਰ ਕੀਤੀ।

5 ਅਕਤੂਬਰ 1965 ਨੂੰ ਚੀਫ਼ ਮਨਿਸਟਰ ਕਾਮਰੇਡ ਰਾਮ ਕ੍ਰਿਸ਼ਨ ਨੇ ਪੰਜਾਬੀ ਸੂਬੇ ਦੀ ਭਰਵੀਂ ਮੁਖ਼ਾਲਫ਼ਤ ਕੀਤੀ। ਇਸ ਤੋਂ ਅਗਲੇ ਦਿਨ ਫ਼ਿਰਕੂ ਹਿੰਦੂ ਅਖ਼ਬਾਰ ਨਵੀਸ ਲਾਲਾ ਜਗਤ ਨਾਰਾਇਣ ਅਤੇ ਆਰੀਆ ਸਮਾਜ ਨੇ ਵੀ ਇਸ ਦੇ ਖ਼ਿਲਾਫ਼ ਬਿਆਨ ਦਿੱਤੇ। ਅਕਾਲੀ ਦਲ ਨੇ ਕਾਮਰੇਡ ਰਾਮ ਕਿਸ਼ਨ ਦੇ ਬਿਆਨ ਦੀ ਨਿੰਦਾ ਕੀਤੀ। 11 ਸਤੰਬਰ ਨੂੰ ਪੰਜਾਬ ਕਾਂਗਰਸ ਕਮੇਟੀ ਨੇ ਵੀ ਪੰਜਾਬੀ ਸੂਬੇ ਦੀ ਮੁਖ਼ਾਲਫ਼ਤ ਕੀਤੀ। 21 ਅਕਤੂਬਰ ਨੂੰ ਯੋਗੀ ਸੂਰਜ ਦੇਵ ਨੇ ਪੰਜਾਬੀ ਸੂਬੇ ਦੀ ਮੰਗ ਮੰਨੇ ਜਾਣ 'ਤੇ ਮਰਨ ਵਰਤ ਦੀ ਧਮਕੀ ਦਿੱਤੀ। 7 ਨਵੰਬਰ ਨੂੰ ਇਕ ਸਰਬ-ਪਾਰਟੀ ਪੰਜਾਬੀ ਸੂਬਾ ਕਨਵੈਨਸ਼ਨ ਨੇ ਪੰਜਾਬੀ ਸੂਬੇ ਦੀ ਹਿਮਾਇਤ ਕੀਤੀ ਇਸ ਮੀਟਿੰਗ ਵਿਚ ਅਵਤਾਰ ਸਿੰਘ ਮਲਹੋਤਰਾ, ਸ਼ਮਸ਼ੇਰ ਸਿੰਘ ਜੋਸ਼ (ਕਮਿਊਨਿਸਟ), ਚਰਨ ਦਾਸ ਨਿਧੜਕ (ਰੀਪਬਲੀਕਨ), ਨੇਤ ਰਾਮ (ਸੋਸ਼ਲਿਸਟ), ਚੌਧਰੀ ਕਰਤਾਰ ਸਿੰਹ (ਅਕਾਲੀ ਦਲ ਮਾਸਟਰ) ਅਤੇ ਹਰਚਰਨ ਸਿੰਘ ਹੁਡਿਆਰਾ (ਅਕਾਲੀ ਦਲ ਫਤਹਿ ਸਿੰਘ) ਸ਼ਾਮਿਲ ਸਨ। ਅਕਾਲੀ ਦਲ (ਮਾਸਟਰ) ਦੀ ਸੋਲ੍ਹਵੀਂ ਸਰਬ ਹਿੰਦ ਅਕਾਲੀ ਕਾਨਫ਼ਰੰਸ ਦਿੱਲੀ ਨੇ ਪੰਜਾਬੀ ਸੂਬੇ ਬਾਰੇ ਕਮੇਟੀਆਂ ਦਾ ਸਵਾਗਤ ਕੀਤਾ ਅਤੇ ਪੰਜਾਬੀ ਰਿਜਨ ਨੂੰ ਹੀ ਪੰਜਾਬੀ ਸੂਬਾ ਬਣਾਉਣ ਦੀ

ਮੰਗ ਕੀਤੀ। 16 ਨਵੰਬਰ ਨੂੰ ਪੰਜਾਬ ਕਾਂਗਰਸ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਜ਼ੈਲ ਸਿੰਘ, ਰਾਮ ਸਿੰਘ ਦੱਤ, ਮੋਹਨ ਸਿੰਘ, ਨਰੈਣ ਸਿੰਘ ਸ਼ਾਹਬਾਜ਼ਪੁਰੀ ਆਦਿਕ ਨੇ ਪੰਜਾਬੀ ਸੂਬੇ ਦੀ ਹਿਮਾਇਤ ਕੀਤੀ ਅਤੇ ਕਾਮਰੇਡ ਰਾਮ ਕਿਸ਼ਨ, ਦਰਬਾਰਾ ਸਿੰਘ, ਗੁਰਦਿਆਲ ਸਿੰਘ ਢਿੱਲੋਂ, ਮੋਹਨ ਲਾਲ ਨੇ ਮੁਖ਼ਾਲਫ਼ਤ ਕੀਤੀ।

ਇਸ ਦੌਰਾਨ ਪ੍ਰਾਈਮ ਮਨਿਸਟਰ ਲਾਲ ਬਹਾਦਰ ਸ਼ਾਸ਼ਤਰੀ ਦੀ ਰੂਸ ਦੌਰੇ ਦੌਰਾਨ ਤਾਸ਼ਕੰਦ ਵਿਚ ਮੌਤ ਹੋ ਗਈ। 19 ਜਨਵਰੀ 1966 ਨੂੰ ਇੰਦਰਾ ਗਾਂਧੀ ਪ੍ਰਧਾਨ ਬਣ ਗਈ। ਇੰਦਰਾ ਪੰਜਾਬੀ ਸੂਬਾ ਬਣਾਉਣ ਦੇ ਖ਼ਿਲਾਫ਼ ਸੀ ਕਿਉਂਕਿ ਉਹ ਪੰਜਾਬ ਦੇ ਹਿੰਦੂਆਂ ਨੂੰ ਨਾਰਾਜ਼ ਨਹੀਂ ਸੀ ਕਰਨਾ ਚਾਹੁੰਦੀ। ਏਨੀ ਮੁਖ਼ਾਲਫਤ ਦੇ ਬਾਵਜੂਦ, ਮਿਲੀਆਂ ਜੁਲੀਆਂ ਕੋਸ਼ਿਸ਼ਾਂ ਮਗਰੋਂ 9 ਮਾਰਚ 1966 ਦੇ ਦਿਨ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਨੇ ਪੰਜਾਬੀ ਸੂਬਾ ਬਣਾਉਣ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ। ਕਾਂਗਰਸ ਨੇ ਭਾਵੇਂ ਪੰਜਾਬੀ ਸੂਬਾ ਬਣਾਉਣਾ ਮੰਨ ਤਾਂ ਲਿਆ ਪਰ ਇੰਦਰਾ ਗਾਂਧੀ ਦੀ ਮਨਜ਼ੂਰੀ ਨਾਲ ਗੁਲਜ਼ਾਰੀ ਲਾਲ ਨੰਦਾ ਇਸ ਸੂਬੇ ਨੂੰ ਛੋਟਾ ਅਤੇ ਬੇਜਾਨ ਬਣਾਉਣ ਤੇ ਤੁਲ ਪਿਆ। 15 ਅਪ੍ਰੈਲ 1960 ਨੂੰ ਕੇਂਦਰੀ ਸਰਕਾਰ ਨੇ ਸੂਬੇ ਦੀ ਹੱਦਬੰਦੀ ਵਾਸਤੇ 1961 ਦੀ ਮਰਦਮ ਸ਼ੁਮਾਰੀ ਨੂੰ ਅਧਾਰ ਮੰਨ ਲਿਆ। 5 ਜੂਨ 1966 ਨੂੰ ਪੰਜਾਬ ਬਾਊਂਡਰੀ ਕਮਿਸ਼ਨ ਨੇ ਰਿਪੋਰਟ ਦਿੱਤੀ। ਬਾਊਂਡਰੀ ਕਮਿਸ਼ਨ ਦੇ 2 ਮੈਂਬਰਾਂ ਨੇ ਚੰਡੀਗੜ੍ਹ ਹਰਿਆਣੇ ਨੂੰ ਦੇਣ ਦੀ ਹਿਮਾਇਤ ਕੀਤੀ ਇਕ ਮੈਂਬਰ ਐਸ. ਬਿਮਲ ਦੱਤ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਵਾਸਤੇ ਸਿਫ਼ਾਰਿਸ਼ ਕੀਤੀ। ਉਨ੍ਹਾਂ ਨੇ ਅਨੰਦਪੁਰ ਅਤੇ ਭਾਖੜਾ ਹਿਮਾਂਚਲ ਨੂੰ ਦਿੱਤਾ। ਖਰੜ ਤਹਿਸੀਲ ਹਰਿਆਣੇ ਨੂੰ ਦਿੱਤੇ ਜਾਣ ਦੀ ਸਿਫ਼ਾਰਸ਼ ਕੀਤੀ। ਇਸ ਰਿਪੋਰਟ ਦੇ ਖ਼ਿਲਾਫ਼ ਬਹੁਤ ਰੋਸ ਪ੍ਰਗਟ ਕੀਤਾ ਗਿਆ। ਅਖ਼ੀਰ 9 ਜੂਨ 1966 ਨੂੰ ਮਰਕਜ਼ੀ ਵਜ਼ਾਰਤ ਨੇ ਫ਼ੈਸਲਾ ਕਰ ਦਿੱਤਾ ਕਿ ਚੰਡੀਗੜ੍ਹ ਮਰਕਜ਼ੀ ਇਲਾਕਾ (ਯੂਨੀਅਨ ਟੈਰੀਟਰੀ) ਰਹੇ। ਖਰੜ ਤਹਿਸੀਲ ਵੈਂਡ ਦਿੱਤੀ ਜਾਵੇ। 10 ਅਗਸਤ 1966 ਨੂੰ ਲੋਕ ਸਭਾ ਨੇ 'ਪੰਜਾਬ ਰੀਆਰਗੇਨਾਈਜ਼ੇਸ਼ਨ ਬਿੱਲ' ਪੇਸ਼ ਕੀਤਾ ਗਿਆ। ਬਿੱਲ ਉੱਪਰ ਬੋਲਦਿਆਂ ਹੀਰਨ ਮੁਕਰਜੀ (ਸੀ.ਪੀ.ਆਈ.) ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਮੰਗ ਕੀਤੀ। ਪੀਟਰ ਅਲਵਰਜ਼ (ਪੀ.ਐਸ.ਪੀ.) ਨੇ ਚੰਡੀਗੜ੍ਹ ਹਰਿਆਣੇ ਨੂੰ ਦੇਣ ਦੀ ਮੰਗ ਕੀਤੀ।

1986: ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਜਨਰਲ ਵੈਦਯ ਨੂੰ ਜਿੰਦਾ ਤੇ ਸੁਖਾ ਨੇ ਸਜ਼ਾ ਦਿੱਤੀ

ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਸਾਰੀ ਪਲਾਨ ਉਸ ਵੇਲੇ ਦੇ ਭਾਰਤੀ ਫ਼ੌਜ ਦੇ ਮੁਖੀ ਜਰਨੈਲ ਵੈਦਯ ਨੇ ਤਿਆਰ ਕੀਤੀ ਸੀ। ਫ਼ੌਜ ਵੱਲੋਂ ਸਿੱਖਾਂ 'ਤੇ ਕੀਤੇ ਜ਼ੁਲਮਾਂ ਦੀ ਨਿਗਰਾਨੀ ਵੀ ਉਸੇ ਨੇ ਕੀਤੀ ਸੀ। ਸਿੱਖ ਉਸ ਨੂੰ ਸਜ਼ਾ ਦੇਣੀ ਚਾਹੁੰਦੇ ਸਨ। ਅਖ਼ੀਰ ਦਸ ਅਗਸਤ 1986 ਦੇ ਦਿਨ ਉਸ ਨੂੰ ਪੂਨਾ ਵਿਚ ਕਤਲ ਕਰ ਦਿਤਾ ਗਿਆ। ਇਸ ਕੇਸ ਵਿਚ ਪੰਜ ਸਿਖ ਨਾਮਜ਼ਦ ਕੀਤੇ ਗਏ: ਹਰਜਿਦਰ ਸਿੰਘ ਜਿੰਦਾ, ਸੁਖਦੇਵ ਸਿੰਘ ਸੁੱਖਾ (ਰਾਜਿਸਥਾਨੀ), ਦਲਜੀਤ ਸਿੰਘ ਬਿਟੂ (ਲੁਧਿਆਣਾ), ਸੁਖਵਿੰਦਰ ਸਿੰਘ (ਸੁੱਖੀ) ਤੇ ਇਕ ਹੋਰ। ਵੈਦਯ ਦੇ ਮਰਨ ਮਗਰੋਂ ਮਹਾਰਾਸ਼ਟਰ ਵਿਚ ਦਹਿਸ਼ਤਗਰਦ ਹਿੰਦੂਆਂ ਨੇ 30-32 ਸਿਖਾਂ ਨੂੰ ਛੁਰੇ ਮਾਰੇ ਜਿਨ੍ਹਾਂ ਵਿਚੋਂ ਇਕ ਸਿੱਖ ਦੀ ਮੌਤ ਹੋ ਗਈ। ਇਸ ਤੋਂ ਬਿਨਾਂ ਸਿੱਖ ਅਦਾਰਿਆਂ ਅਤੇ ਜਾਇਦਾਦਾਂ ਨੂੰ ਅੱਗ ਲਾਉਣ ਤੇ ਲੁੱਟਣ ਦੀਆਂ ਵੀ ਕਈ ਵਾਰਦਾਤਾਂ ਹੋਈਆਂ। ਇਨ੍ਹਾਂ ਕੇਸਾਂ ਵਿਚ ਇਕ ਵੀ ਹਿੰਦੂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਸੀ। ਮਗਰੋਂ ਜਿੰਦਾ ਤੇ ਸੁੱਖਾ ਗ੍ਰਿਫ਼ਤਾਰ ਕਰ ਲਏ ਗਏ ਤੇ ਉਨ੍ਹਾਂ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ।9 ਅਕਤੂਬਰ 1992 ਦੇ ਦਿਨ ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਨੂੰ ਪੂਨਾ ਵਿਚ ਫ਼ਾਂਸੀ ਦਿੱਤੀ ਗਈ। ਪਰ

ਉਨ੍ਹਾਂ ਦੀ 'ਆਖਰੀ' ਖ਼ਾਹਿਸ਼ ਕਿ ਉਨ੍ਹਾਂ ਨੂੰ ਖੰਡੇ ਦੀ ਪਾਹੁਲ ਦਿਵਾਈ ਜਾਵੇ ਪੂਰੀ ਨਾ ਕੀਤੀ ਗਈ। ਫ਼ਾਂਸੀ ਚੜ੍ਹਨ ਤੋਂ ਪਹਿਲਾਂ ਉਨ੍ਹਾਂ ਨੇ ਮਠਿਆਈ ਵੰਡੀ ਤੇ ਹੱਸ-ਹੱਸ ਕੇ ਫ਼ਾਂਸੀ ਦਾ ਰੱਸਾ ਗਲ ਵਿਚ ਪਾਇਆ। ਉਨ੍ਹਾਂ ਦੀਆਂ ਲਾਸ਼ਾਂ ਵੀ ਪਰਵਾਰ ਨੂੰ ਨਾ ਦਿੱਤੀਆਂ ਗਈਆਂ। ਇਸ ਦੇ ਜਵਾਬ ਵਿਚ ਦਸ ਤੇ ਯਾਰਾਂ ਅਕਤੂਬਰ ਨੂੰ ਮੁਕੰਮਲ ਪੰਜਾਬ ਬੰਦ ਰਿਹਾ।

1987: ਬਾਬਾ ਉਜਾਗਰ ਸਿੰਘ ਤਰਨਤਾਰਨ ਤੇ ਸਤਨਾਮ ਸਿੰਘ ਫਤਹਿਗੜ੍ਹ ਸਾਹਿਬ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

10 ਅਗਸਤ 1987 ਦੇ ਦਿਨ ਪੰਜਾਬ ਪੁਲਸ ਨੇ ਬਾਬਾ ਉਜਾਗਰ ਸਿੰਘ (ਵਾਸੀ ਖਡਿਆਲਾ ਰੋਡ, ਤਰਨਤਾਰਨ), ਸਤਨਾਮ ਸਿੰਘ (ਪੁੱਤਰ ਪ੍ਰੇਮ ਸਿੰਘ ਮੁੰਦੀਆ, ਨੇੜੇ ਫਤਹਿਗੜ੍ਹ ਸਾਹਿਬ, ਪਟਿਆਲਾ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1988: ਜਸਕਰਨ ਸਿੰਘ ਉਰਫ਼ ਪਾਲਾ (ਪੁੱਤਰ ਅਮਰੀਕ ਸਿੰਘ, ਵਾਸੀ ਠੱਠੀ ਜੈਮਲ ਸਿੰਘ) ਸਾਹਿਬ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

10 ਅਗਸਤ 1988 ਦੇ ਦਿਨ ਪੰਜਾਬ ਪੁਲਸ ਨੇ ਜਸਕਰਨ ਸਿੰਘ ਉਰਫ਼ ਪਾਲਾ (ਪੁੱਤਰ ਅਮਰੀਕ ਸਿੰਘ, ਵਾਸੀ ਠੱਠੀ ਜੈਮਲ ਸਿੰਘ) ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਗੁਰਮੀਤ ਸਿੰਘ ਲਖਣਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

10 ਅਗਸਤ 1989 ਦੇ ਦਿਨ ਪੰਜਾਬ ਪੁਲਸ ਨੇ ਗੁਰਮੀਤ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਲਖਣਾ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਜਸਕਰਨ ਸਿੰਘ ਕਾਲਾ ਠੱਠੀ ਜੈਮਲ ਸਿੰਘ, ਅਮਰਜੀਤ ਸਿੰਘ ਅੰਬਾ ਵਲਟੋਹਾ, ਬਲਵਿੰਦਰ ਸਿੰਘ ਗੱਬਰ ਸੁਰ ਸਿੰਘ), ਸਵਰਨ ਸਿੰਘ ਲੱਡੂ, ਮੱਸਾ ਸਿੰਘ ਮਾਲੂ ਬਨਿਆਨਾ, ਗੁਰਮੀਤ ਸਿੰਘ, ਲੱਖਾ, ਮਨਜੀਤ ਸਿੰਘ ਲੱਡੂ, ਬਲਦੇਵ ਸਿੰਘ ਜਥੇਦਾਰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

10 ਅਗਸਤ 1990 ਦੇ ਦਿਨ ਪੰਜਾਬ ਪੁਲਸ ਨੇ ਜਸਕਰਨ ਸਿੰਘ ਕਾਲਾ (ਵਾਸੀ ਠੱਠੀ ਜੈਮਲ ਸਿੰਘ), ਅਮਰਜੀਤ ਸਿੰਘ ਅੰਬਾ (ਵਾਸੀ ਵਲਟੋਹਾ), ਬਲਵਿੰਦਰ ਸਿੰਘ ਗੱਬਰ (ਵਾਸੀ ਸੁਰ ਸਿੰਘ), ਸਵਰਨ ਸਿੰਘ ਲੱਡੂ, ਮੱਸਾ ਸਿੰਘ ਮਾਲੂ ਬਨਿਆਨਾ, ਗੁਰਮੀਤ ਸਿੰਘ, ਲੱਖਾ, ਮਨਜੀਤ ਸਿੰਘ ਲੱਡੂ, ਬਲਦੇਵ ਸਿੰਘ ਜਥੇਦਾਰ ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਸਿੱਖਾਂ ਦੇ ਕਾਤਲ ਪੁਲਸੀਆਂ ਦੇ 26 ਰਿਸ਼ਤੇਦਾਰ ਕਤਲ

ਰਛਪਾਲ ਸਿੰਘ ਛੀਦੜਾ, ਗੁਰਜੰਟ ਸਿੰਘ ਬੁੱਧਸਿੰਘਵਾਲਾ ਅਤੇ ਸੁਖਦੇਵ ਸਿੰਘ ਬਬਰ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰਨ ਦੀ ਸਜ਼ਾ ਵਜੋਂ ਖਾੜਕੂਆਂ ਨੇ ਦਸ ਅਗਸਤ 1992 ਦੇ ਦਿਨ ਸੰਗਰੂਰ ਜ਼ਿਲ੍ਹੇ ਵਿਚ ਸਿੱਖਾਂ ਦੇ ਕਾਤਲ ਪੁਲਸੀਆਂ ਦੇ 26 ਰਿਸ਼ਤੇਦਾਰ ਕਤਲ ਕਰ ਦਿਤੇ।

11 ਅਗਸਤ

1635: ਮੁਸਲਮਾਨ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਦੀ ਮੌਤ ਹੋਈ

ਮਸ਼ਹੂਰ ਮੁਸਲਮਾਨ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਦੀ ਮੌਤ 11 ਅਗਸਤ 1635 ਦੇ ਦਿਨ ਹੋਈ। ਉਨ੍ਹੀ ਦਿਨੀਂ ਗੁਰੂ ਹਰਿਗੋਬਿੰਦ ਸਾਹਿਬ ਮਾਝੇ ਦੇ ਦੌਰੇ 'ਤੇ ਸਨ। ਇੱਥੇ ਆਪ ਨੂੰ ਮੌਤ ਦੀ ਖ਼ਬਰ ਮਿਲੀ। ਆਪ ਉਸ ਦੇ ਦਫ਼ਨ ਕਰਨ ਦੀ ਰਸਮ ਵਿਚ ਸ਼ਾਮਿਲ ਹੋਣ ਵਾਸਤੇ ਉਸ ਦੇ ਘਰ ਲਾਹੌਰ ਪੁੱਜੇ।

1664: ਗੁਰੂ ਤੇਗ਼ ਬਹਾਦਰ ਸਾਹਿਬ ਨੇ ਗੁਰਗੱਦੀ ਸੰਭਾਲੀ

30 ਮਾਰਚ 1664 ਦੇ ਦਿਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ-ਜੋਤਿ ਸਮਾ ਗਏ; ਚੜ੍ਹਾਈ ਕਰਨ ਤੋਂ ਪਹਿਲਾਂ ਉਹ ਕਹਿ ਗਏ ਸਨ ਕਿ ਮੇਰੇ ਮਗਰੋਂ ਗੁਰਗੱਦੀ "ਬਕਾਲੇ ਵਾਲੇ ਬਾਬੇ" (ਗੁਰੂ ਤੇਗ਼ ਬਹਾਦਰ ਸਾਹਿਬ) ਨੂੰ ਸੌਂਪਣੀ ਹੈ। ਇਹ ਕਹਿਣ ਤੋਂ ਥੋੜ੍ਹਾ ਚਿਰ ਮਗਰੋਂ ਹੀ ਉਹ ਜੋਤੀ-ਜੋਤਿ ਸਮਾ ਗਏ। ਸਸਕਾਰ ਕਰਨ ਤੋਂ ਕੁਝ ਦਿਨ ਮਗਰੋਂ ਮਾਤਾ ਸੁਲਖਣੀ ਨੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਗੁਰਗੱਦੀ ਸੰਭਾਲਣ ਵਾਸਤੇ ਬਕਾਲੇ ਪੈਗਾਮ ਭੇਜਿਆ। ਅਖੀਰ ਚਾਰ ਮਹੀਨੇ ਉਡੀਕਣ ਮਗਰੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਮਾਤਾ ਸੁਲੱਖਣੀ ਜੀ, ਦੀਵਾਨ ਦਰਗਹ ਮੱਲ, ਭਾਈ ਮਨੀ ਰਾਮ (ਮਗਰੋਂ ਭਾਈ ਮਨੀ ਸਿੰਘ) ਅਤੇ ਬਹੁਤ ਸਾਰੇ ਸਿੱਖਾਂ ਨੇ ਬਕਾਲਾ ਜਾ ਕੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਗੁਰਗੱਦੀ ਸੰਭਾਲਣ ਦੀ ਅਰਜ਼ ਕਰਨ ਅਤੇ ਇਸ ਰਸਮ ਦੀ ਅਰਦਾਸ ਕਰਨ ਦਾ ਫ਼ੈਸਲਾ ਕਰ ਲਿਆ। ਇਹ ਸਾਰੇ ਜਣੇ 11 ਅਗਸਤ 1664 ਦੇ ਦਿਨ ਬਕਾਲਾ ਪੁੱਜੇ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਮਿਲੇ। ਗੁਰੂ ਸਾਹਿਬ ਨੂੰ ਗੁਰਗੱਦੀ ਸੌਂਪਣ ਦੀ ਅਰਦਾਸ ਬਾਬਾ ਦਵਾਰਕਾ ਦਾਸ (ਬੇਟਾ ਬਾਬਾ ਅਰਜਾਨੀ, ਪੋਤਾ ਬਾਬਾ ਮੋਹਰੀ ਤੇ ਪੜਪੋਤਾ ਗੁਰੂ ਅਮਰਦਾਸ ਜੀ) ਨੇ ਨਿਭਾਈ। ਇਸ ਮੌਕੇ 'ਤੇ ਬਹੁਤ ਸਾਰੀਆਂ ਸੰਗਤਾਂ ਹਾਜ਼ਿਰ ਸਨ। ਇਸ ਸਬੰਧੀ ਇਕ ਇੰਦਰਾਜ ਭੱਟ ਵਹੀਆਂ ਵਿਚ ਇੰਝ ਮਿਲਦਾ ਹੈ:"ਦੀਵਾਨ ਦਰਗਹ ਮੱਲ ਬੇਟਾ ਦਵਾਰਕਾ ਦਾਸ ਕਾ ਪੋਤਾ ਪਰਾਗ ਦਾਸ ਕਾ, ਚਉਪਤਿ ਰਾਏ ਬੇਟਾ ਪੈਰੇ ਕਾ ਪੋਤਾ ਗੌਤਮ ਕਾ ਛਿਬਰ ਬ੍ਰਾਹਮਣ, ਜੇਠਾ ਮਾਈ ਦਾਸ ਕਾ, ਮਨੀ ਰਾਮ ਮਾਈ ਦਾਸ ਕਾ ਬਲਉਂਤ ਜਲ੍ਹਾਨੇ, ਜੱਗੂ ਬੇਟਾ ਪਦਮਾ ਕਾ ਪੋਤਾ ਕਉਲੇ ਕਾ ਹਜਾਵਤ ਆਂਬਿਆਨਾ, ਨਾਨੂ ਬੇਟਾ ਬਾਘੇ ਕਾ ਪੋਤਾ ਉਮੈਦੇ ਕਾ, ਦਿੱਲੀ ਸੇ ਗੁਰੂ ਹਰਿਕ੍ਰਿਸ਼ਨ ਜੀ ਮਹਿਲ ਅਠਮੇ ਕੀ ਮਾਤਾ ਸੁਲੱਖਣੀ ਕੇ ਸਾਥ ਬਕਾਲੇ ਆਏ। ਸਾਲ ਸਤਰਾਂ ਸੈ ਇਕੀਸ ਭਾਦਵਾ ਕੀ ਅਮਾਵਸ ਕੇ ਦਿਨ...।"(ਭੱਟ ਵਹੀ ਤਲਾਉਂਢਾ, ਪਰਗਣਾ ਜੀਂਦ, ਖਾਤਾ ਜਲਾਹਨੋਂ ਕਾ)।

1740: ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਮੱਸਾ ਰੰਘੜ ਦਾ ਸਿਰ ਵੱਢਿਆ

ਮਈ 1739 ਦੇ ਤੀਜੇ ਹਫ਼ਤੇ ਜਦੋਂ ਨਾਦਰ ਸ਼ਾਹ ਦੀ ਫ਼ੌਜ ਲੁੱਟ ਦਾ ਸਾਮਾਨ ਲੈ ਕੇ ਵਾਪਸ ਜਾ ਰਹੀ ਸੀ ਤਾਂ ਰਸਤੇ ਵਿਚ ਸਿੱਖਾਂ ਨੇ ਉਸ 'ਤੇ ਕਈ ਵਾਰ ਹਮਲਾ ਕੀਤਾ ਅਤੇ ਤਕਰੀਬਨ ਸਾਰੀਆਂ ਹਿੰਦੂ ਔਰਤਾਂ ਨੂੰ ਛੁਡਾ ਲਿਆ। ਉਨ੍ਹਾਂ ਨੇ ਅਖਨੂਰ ਕੋਲ ਆਖ਼ਰੀ ਵਾਰ ਹਮਲਾ ਕਰ ਕੇ ਬਹੁਤ ਸਾਰਾ ਅਸਲਾ, ਘੋੜੇ ਤੇ ਖ਼ਜ਼ਾਨਾ ਲੁੱਟ ਲਿਆ। ਜਦੋਂ ਨਾਦਰ ਸ਼ਾਹ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਪੰਜਾਬ ਦੇ ਸੂਬੇਦਾਰ ਜ਼ਕਰੀਆ ਖ਼ਾਨ ਤੋਂ ਇਨ੍ਹਾਂ 'ਲੁਟੇਰਿਆਂ' ਬਾਰੇ ਪੁੱਛਗਿੱਛ ਕੀਤੀ। ਜਦ ਜ਼ਕਰੀਆ ਖ਼ਾਨ ਨ ਉਸ ਨੂੰ ਸਿੱਖਾਂ ਬਾਰੇ ਦੱਸਿਆ ਤਾਂ ਉਸ ਨੇ ਵਾਰਨਿੰਗ ਦਿੱਤੀ ਕਿ ਉਹ ਦਿਨ ਦੂਰ ਨਹੀਂ ਜਦੋਂ ਇਹ ਸਿਰ ਉਠਾਉਣਗੇ ਤੇ ਤੁਹਾਡੀ ਹਕੂਮਤ ਖੋਹ ਲੈਣਗੇ।ਨਾਦਰਸ਼ਾਹ ਦੀ ਸਿੱਖਾਂ ਬਾਰੇ ਪੇਸ਼ੀਨਗੋਈ ਸੁਣ ਕੇ ਪੰਜਾਬ ਦਾ

ਸੂਬੇਦਾਰ ਜ਼ਕਰੀਆ ਖ਼ਾਨ ਘਬਰਾ ਗਿਆ ਅਤੇ ਉਸ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਣ ਦਾ ਫੈਸਲਾ ਕਰ ਲਿਆ। ਸਭ ਤੋਂ ਪਹਿਲਾਂ ਤਾਂ ਉਸ ਨੇ ਰਾਵੀ ਦਰਿਆ ਦੇ ਕੰਢੇ 'ਤੇ ਸਿੱਖਾਂ ਦਾ ਡੱਲੇਵਾਲ ਵਾਲਾ ਕੱਚਾ ਕਿਲ੍ਹਾ ਢਾਹਿਆ। ਹੁਣ ਜਿੱਥੇ ਵੀ ਸਿੱਖ ਨਜ਼ਰ ਆਉਂਦਾ ਕਤਲ ਕਰ ਦਿੱਤਾ ਜਾਂਦਾ। ਜ਼ਕਰੀਆ ਖ਼ਾਨ ਨੇ ਸਿੱਖਾਂ ਦੀ ਗ੍ਰਿਫ਼ਤਾਰੀ ਵਾਸਤੇ ਇਨਾਮਾਂ ਦਾ ਫਿਰ ਐਲਾਨ ਕਰ ਦਿੱਤਾ। ਸਿੱਖ ਦਾ ਥਹੁ-ਪਤਾ ਦੇਣ ਵਾਲੇ ਨੂੰ 10 ਰੁਪਏ ਤੇ ਮਾਰਨ ਵਾਲੇ ਨੂੰ 50 ਰੁਪਏ ਦੇਣ ਦਾ ਐਲਾਨ ਕੀਤਾ ਗਿਆ। ਉਸ ਨੇ ਇਹ ਐਲਾਨ ਵੀ ਕੀਤਾ ਕਿ ਸਿੱਖ ਨੂੰ ਪਨਾਹ ਦੇਣ ਵਾਲੇ ਜਾਂ ਉਸ ਦਾ ਪਤਾ ਨਾ ਦੱਸਣ ਵਾਲੇ ਜਾਂ ਉਸ ਨੂੰ ਖਾਣ ਪੀਣ ਦਾ ਜਾਂ ਹੋਰ ਸਾਮਾਨ ਦੇਣ ਵਾਲੇ ਨੂੰ ਵੀ ਮੌਤ ਦੀ ਸਜ਼ਾ ਦਿਤੀ ਜਾਵੇਗੀ। ਨਤੀਜਾ ਇਹ ਨਿਕਲਿਆ ਕਿ ਸਾਰੇ ਪੰਜਾਬ ਵਿਚ ਕਿਤੇ ਵੀ ਕੇਸਾਂ ਵਾਲਾ ਸ਼ਖ਼ਸ ਨਜ਼ਰ ਨਹੀਂ ਸੀ ਆਉਂਦਾ। ਸਾਰੇ ਹਿੰਦੂਆਂ ਨੇ ਆਪਣੇ ਸਿਰ-ਮੂੰਹ ਮੁੰਨਵਾ ਲਏ ਸਨ।

ਨਾਦਰ ਸ਼ਾਹ ਦੇ ਬੋਲ ਸਦਾ ਉਸ ਦੇ ਕੰਨਾਂ ਵਿਚ ਗੂੰਜਦੇ ਰਹਿੰਦੇ ਸਨ। ਉਸ ਨੇ ਸਿੱਖਾਂ 'ਤੇ ਹੋਰ ਸਖ਼ਤੀ ਕਰਨ ਦਾ ਤਹੱਈਆ ਕੀਤਾ। ਸਿੱਖਾਂ ਦੇ ਕਤਲੇਆਮ ਦੇ ਨਾਲ-ਨਾਲ ਜ਼ਕਰੀਆ ਖ਼ਾਨ ਨੇ ਅੰਮ੍ਰਿਤਸਰ 'ਤੇ ਕਬਜ਼ਾ ਵੀ ਕਰ ਲਿਆ। ਉਸ ਨੇ ਮੰਡਿਆਲਾ ਪਿੰਡ ਦੇ ਮੱਸਾ ਰੰਘੜ (ਅਸਲ ਨਾਂ ਮੀਰ ਮੂਸਾ-ਉਲ-ਖ਼ਾਨ) ਨੂੰ ਦਰਬਾਰ ਸਾਹਿਬ ਦਾ ਕਬਜ਼ਾ ਦੇ ਦਿੱਤਾ। ਮੱਸਾ ਰੰਘੜ ਨੇ ਦਰਬਾਰ ਸਾਹਿਬ ਨੂੰ ਆਪਣੀ ਅੱਯਾਸ਼ੀ ਦਾ ਅੱਡਾ ਬਣਾ ਲਿਆ। ਉਹ ਇੱਥੇ ਕੰਜਰੀਆਂ ਦੇ ਨਾਚ ਕਰਵਾਉਣ ਤੇ ਸ਼ਰਾਬ ਪੀਣ ਲੱਗ ਪਿਆ। ਇਸ ਸਭ ਦੀ ਖ਼ਬਰ ਬੁਲਾਕਾ ਸਿੰਘ ਨਾਂ ਦੇ ਇਕ ਸਿੱਖ ਨੂੰ ਮਿਲੀ ਤਾਂ ਉਹ ਇਕ ਦਮ ਬੀਕਾਨੇਰ ਨੂੰ ਚੱਲ ਪਿਆ ਜਿੱਥੇ ਪੁੱਜ ਕੇ ਉਸ ਨੇ ਪਨਾਹ ਲਈ ਬੈਠੇ ਸਿੱਖਾਂ ਨੂੰ ਸਾਰੇ ਹਾਲਾਤ ਜਾ ਦੱਸੇ। ਜਦ ਉਸ ਨੇ ਇਹ ਸਭ ਕੁਝ ਦੱਸਿਆ ਤਾਂ ਇਕ ਸਿੱਖ ਨੇ ਬੁਲਾਕਾ ਸਿੰਘ ਨੂੰ ਸਵਾਲ ਕੀਤਾ ਕਿ ਤੂੰ ਇਹ ਸਾਰਾ ਕੁਝ ਵੇਖ ਕੇ ਕੁਝ ਕਰਨ ਦੀ ਬਜਾਇ ਚੁਪਚਾਪ ਏਥੇ ਕਿਉਂ ਆ ਗਿਆ ਹੈਂ, ਤੂੰ ਖ਼ੁਦ ਕੁਝ ਕਿਉਂ ਨਹੀਂ ਕੀਤਾ? ਇਸ 'ਤੇ ਬੁਲਾਕਾ ਸਿੰਘ ਨੇ ਕਿਹਾ ਕਿ ਮੈਂ ਇਕੱਲਾ ਸੀ ਤੇ ਜੇ ਮੈਂ ਉੱਥੇ ਜਾ ਕੇ ਲੜ ਕੇ ਸ਼ਹੀਦ ਹੋ ਜਾਂਦਾ ਤਾਂ ਤੁਹਾਨੂੰ ਇਹ ਖ਼ਬਰ ਕਿਵੇਂ ਪੁੱਜ ਸਕਣੀ ਸੀ?

ਇਸ ਹਾਲਾਤ 'ਤੇ ਵਿਚਾਰ ਕਰਨ ਵਾਸਤੇ ਉਸ ਵੇਲੇ ਉੱਥੇ ਇਕ ਇਕੱਠ ਬੁਲਾਇਆ ਗਿਆ। ਦਰਬਾਰ ਸਾਹਿਬ ਦੀ ਬੇਹੁਰਮਤੀ ਬਾਰੇ ਸੁਣ ਕੇ ਸਿੱਖਾਂ ਵਿਚ ਬੜਾ ਰੋਹ ਜਾਗਿਆ। ਇਸ ਇਕੱਠ ਵਿਚ ਇਹ ਗੁਰਮਤਾ ਕੀਤਾ ਗਿਆ ਕਿ ਦਰਬਾਰ ਸਾਹਿਬ ਦੀ ਬੇਹੁਰਮਤੀ ਕਰਨ ਵਾਲੇ ਮੱਸਾ ਰੰਘੜ ਨੂੰ ਸੋਧਿਆ ਜਾਵੇ। ਇਸ ਮੌਕੇ 'ਤੇ ਭਾਈ ਮਹਿਤਾਬ ਸਿੰਘ (ਮੀਰਾਂਕੋਟ) ਅਤੇ ਸੁੱਖਾ ਸਿੰਘ (ਮਾਝੀ ਕੰਬੋ) ਨੇ ਆਪਣੇ ਆਪ ਨੂੰ ਇਸ ਸੇਵਾ ਵਾਸਤੇ ਪੇਸ਼ ਕੀਤਾ। ਦੋਵੇਂ, ਕਿਉਂਕਿ ਅੰਮ੍ਰਿਤਸਰ ਨਗਰ ਦੇ ਨੇੜੇ ਦੇ ਪਿੰਡਾਂ ਦੇ ਰਹਿਣ ਵਾਲੇ ਸਨ, ਇਸ ਕਰ ਕੇ ਉਹ ਸਾਰੇ ਇਲਾਕੇ ਤੋਂ ਬਖ਼ੂਬੀ ਵਾਕਿਫ਼ ਸਨ। ਉਨ੍ਹਾਂ ਨੇ ਮੁਗ਼ਲ ਅਫ਼ਸਰਾਂ (ਅਹਦੀਆਂ) ਵਾਲਾ ਪਹਿਰਾਵਾ ਪਾ ਲਿਆ ਅਤੇ ਮਾਮਲੇ ਦੀ ਰਕਮ ਤਾਰਨ ਦੇ ਬਹਾਨੇ ਨਾਲ ਦਰਬਾਰ ਸਾਹਿਬ 'ਚ ਦਾਖ਼ਿਲ ਹੋ ਗਏ। ਉਨ੍ਹਾਂ ਨੇ ਆਪਣੇ ਘੋੜੇ ਦਰਸ਼ਨੀ ਡਿਉੜੀ ਦੇ ਬਾਹਰ ਇਲਾਚੀ-ਬੇਰ ਨਾਲ ਬੰਨ੍ਹੇ ਅਤੇ ਅੰਦਰ ਜਾ ਕੇ ਪਲਾਂ ਵਿਚ ਹੀ ਮੱਸਾ ਰੰਘੜ ਦਾ ਸਿਰ ਵੱਢ ਕੇ ਆਪਣੀ ਬੋਰੀ ਵਿਚ ਪਾ ਲਿਆ ਅਤੇ ਵੇਖਦਿਆਂ-ਵੇਖਦਿਆਂ ਹੀ ਹਰਨ ਹੋ ਗਏ (ਇਕ ਸੋਮਾ ਮੱਸਾ ਰੰਘੜ ਦੇ ਸਿਰ ਨੂੰ ਨੇਜ਼ੇ 'ਤੇ ਟੰਗ ਕੇ ਲਿਜਾਣ ਬਾਰੇ ਵੀ ਲਿਖਦਾ ਹੈ ਜੋ ਉਥੋਂ ਮਹਿਫ਼ੂਜ਼ ਨਿਕਲਣ ਅਤੇ ਉਨ੍ਹਾਂ ਦੀ ਆਪਣੀ ਹਿਫ਼ਾਜ਼ਤ ਨੂੰ ਸਾਹਵੇਂ ਰੱਖ ਕੇ ਸਹੀ ਨਹੀਂ ਹੋ ਸਕਦਾ)। ਉਨ੍ਹਾਂ ਨੇ ਅੰਮ੍ਰਿਤਸਰ ਤੋਂ ਚੱਲ ਕੇ ਸਭ ਤੋਂ ਪਹਿਲਾ ਪੜਾਅ ਬੀਕਾਨੇਰ ਦੇ ਇਲਾਕੇ ਵਿਚ ਬੁੱਢਾ ਜੋਹੜ (ਨੇੜੇ ਗੰਗਾਨਗਰ) ਵਿਚ ਹੀ ਕੀਤਾ ਤੇ ਗੁਨਹਗਾਰ ਮੱਸਾ ਰੰਘੜ ਦਾ ਸਿਰ ਸਰਬੱਤ ਖ਼ਾਲਸਾ ਦੇ ਇਕੱਠ ਦੇ ਸਾਹਵੇਂ ਜਾ ਹਾਜ਼ਿਰ ਕੀਤਾ। ਇਹ ਕਾਰਵਾਈ 11 ਅਗਸਤ 1740 ਦੀ ਹੈ। ਇਸ ਦਿਨ ਤੋਂ ਅੱਜ ਤੱਕ ਦੀ ਤਾਰੀਖ਼

ਗਵਾਹ ਹੈ ਕਿ ਜਿਸ ਕਿਸੇ ਨੇ ਵੀ ਦਰਬਾਰ ਸਾਹਿਬ ਦੀ ਬੇਹੁਰਮਤੀ ਕੀਤੀ ਹੈ, ਸਿੱਖਾਂ ਨੇ ਉਸ ਨੂੰ ਯਕੀਨਨ ਸਜ਼ਾ ਦਿੱਤੀ ਹੈ। ਸਿਰਫ਼ ਸੁਰਜੀਤ ਬਰਨਾਲਾ ਹੀ ਇਸ ਸਜ਼ਾ ਤੋਂ ਬਚ ਸਕਿਆ ਹੈ।

1984: ਬੂਟਾ ਸਿੰਘ ਤੇ ਸੰਤਾ ਸਿੰਘ ਨੇ ਸਰਕਾਰੀ ਸਰਬਤ ਖਾਲਸਾ ਇਕੱਠ ਕੀਤਾ

ਇਕ ਪਾਸੇ ਇੰਦਰਾ ਗਾਂਧੀ ਨੇ ਸੰਤਾ ਸਿੰਘ ਨਿਹੰਗ ਕੋਲੋਂ ਅਕਾਲ ਤਖ਼ਤ ਦੀ ਇਮਾਰਤ ਦੀ ਮੁਰੰਮਤ ਕਰਵਾਉਣੀ ਸ਼ੁਰੂ ਕਰਵਾਈ ਅਤੇ ਨਾਲ ਹੀ ਉਸ ਰਾਹੀਂ ਸਿੱਖਾਂ ਦਾ ਇਕ ਇਕੱਠ ਬੁਲਾਉਣ ਦਾ ਡਰਾਮਾ ਵੀ ਕੀਤਾ। ਇਹ ਇਕੱਠ 11 ਅਗਸਤ 1984 ਦੇ ਦਿਨ ਹੋਇਆ ਸੀ। ਇਸ ਵਿਚ ਜਗਮੀਤ ਸਿੰਘ ਬਰਾੜ, ਬੂਟਾ ਸਿੰਘ ਤੇ ਦੇ ਕੁ ਹੋਰ ਪੱਗਾਂ ਵਾਲੇ ਸ਼ਾਮਿਲ ਹੋਏ ਸਨ ਤੇ ਬਾਕੀ ਸਾਰੀ ਹਾਜ਼ਰੀ ਸੀ.ਆਈ.ਡੀ., ਪੁਲੀਸ, ਫੌਜ ਅਤੇ ਗ਼ੈਰ-ਸਿੱਖਾਂ ਦੀ ਹੀ ਸੀ। ਸਿੱਖਾਂ ਨੇ ਇਸ ਨੂੰ 'ਸਰਕਾਰੀ ਸਰਬਤ ਖਾਲਸਾ' ਦਾ ਨਾਂ ਦਿੱਤਾ ਸੀ।

1987: ਅਜਮੇਰ ਸਿੰਘ ਭੁੱਚਰ ਖੁਰਦ ਤੇ ਲਖਵਿੰਦਰ ਸਿੰਘ ਲੱਖਾ ਪੁਲਸ ਮੁਕਾਬਲੇ ਵਿਚ ਸ਼ਹੀਦ

ਯਾਰਾਂ ਅਗਸਤ 1987 ਦੇ ਦਿਨ ਪੁਲਸ ਨੇ ਇਕ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਸਿੱਖ ਨੌਜਵਾਨ ਅਜਮੇਰ ਸਿੰਘ (ਪੁੱਤਰ ਗੁਰਮੁਖ ਸਿੰਘ, ਵਾਸੀ ਭੁੱਚਰ ਖੁਰਦ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਸ਼ਹੀਦ ਕਰ ਦਿਤਾ। ਪਹਿਲਾਂ, 10 ਤੇ 11 ਅਗਸਤ ਦੀ ਰਾਤ ਨੂੰ ਪੁਲਸ ਨੇ ਲਖਵਿੰਦਰ ਸਿੰਘ ਲੱਖਾ (ਪੁੱਤਰ ਭਾਈ ਰਾਮ ਸਿੰਘ, ਉਮਰ 23 ਸਾਲ, ਅੰਮ੍ਰਿਤਸਰ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਸੀ।

1989: ਚੋਹਲਾ ਸਾਹਿਬ ਪਿੰਡ ਦੇ ਕੁਲਦੀਪ ਸਿੰਘ ਤੇ ਜੱਸਾ ਸਿੰਘ ਖੁਰਦ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਯਾਰਾਂ ਅਗਸਤ 1989 ਦੇ ਦਿਨ ਪੰਜਾਬ ਪੁਲਸ ਨੇ ਕੁਲਦੀਪ ਸਿੰਘ (ਪੁੱਤਰ ਕਰਤਾਰ ਸਿੰਘ) ਤੇ ਜੱਸਾ ਸਿੰਘ (ਪੁੱਤਰ ਧਰਮ ਸਿੰਘ), ਦੋਵੇਂ ਵਾਸੀ ਚੋਹਲਾ ਸਾਹਿਬ, ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1990: ਹਰਦਿਆਲ ਸਿੰਘ ਨਿਤਨੇਮੀ, ਉਸ ਦੇ ਪਿਤਾ ਨਿਰੰਜਨ ਸਿੰਘ ਤੇ ਬਲਦੇਵ ਸਿੰਘ ਘੁਡਾਣੀ ਕਲਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਯਾਰਾਂ ਅਗਸਤ 1990 ਦੇ ਦਿਨ ਪੰਜਾਬ ਪੁਲਸ ਹਰਦਿਆਲ ਸਿੰਘ ਨਿਤਨੇਮੀ ਅਤੇ ਉਸ ਦੇ ਪਿਤਾ ਨਿਰੰਜਨ ਸਿੰਘ ਤੇ ਬਲਦੇਵ ਸਿੰਘ (ਵਾਸੀ ਘੁਡਾਣੀ ਕਲਾ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਨਿਰਵੈਰ ਸਿੰਘ, ਜਸਬੀਰ ਸਿੰਘ ਜੱਸਾ ਤੇ ਨੌਂ ਹੋਰ ਸਿੱਖ ਸ਼ਹੀਦ

ਯਾਰਾਂ ਅਗਸਤ 1992 ਦੇ ਦਿਨ ਪੁਲਸ ਨੇ ਨਿਰਵੈਰ ਸਿੰਘ, ਜਸਬੀਰ ਸਿੰਘ ਜੱਸਾ ਅਤੇ ਨੌਂ ਹੋਰ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸਿੱਖਾਂ ਦੇ ਕਾਤਲ ਪੁਲਸੀਆਂ ਦੇ 16 ਰਿਸ਼ਤੇਦਾਰ ਕਤਲ

ਰਛਪਾਲ ਸਿੰਘ ਫ਼ੌਦੜਾ, ਗੁਰਜੰਟ ਸਿੰਘ ਬੁੱਧਸਿੰਘਵਾਲਾ ਅਤੇ ਸੁਖਦੇਵ ਸਿੰਘ ਬਬਰ ਨੂੰ ਨਕਲੀ ਮੁਕਾਬਲਿਆਂ ਵਿਚ ਮਾਰਨ ਦੀ ਸਜ਼ਾ ਵਜੋਂ ਖਾੜਕੂਆਂ ਨੇ ਦਸ ਅਗਸਤ 1992 ਦੇ ਦਿਨ ਸਿੱਖਾਂ ਦੇ ਕਾਤਲ ਪੁਲਸੀਆਂ ਦੇ 16 ਰਿਸ਼ਤੇਦਾਰ ਕਤਲ ਕਰ ਦਿਤੇ।

12 ਅਗਸਤ

1917: ਗ਼ਦਰੀ ਆਗੂ ਬੰਤਾ ਸਿੰਘ ਸੰਘਵਾਲ ਨੂੰ ਫ਼ਾਂਸੀ ਦਿੱਤੀ ਗਈ

1913 ਤੋਂ 1915 ਤਕ ਅਮਰੀਕਾ, ਕਨੇਡਾ ਅਤੇ ਹੋਰ ਮੁਲਕਾਂ ਤੋਂ ਸਿੱਖਾਂ ਨੇ ਗ਼ਦਰ ਪਾਰਟੀ ਦੇ ਨਾਂ ਹੇਠ ਹਥਿਆਰਬੰਦ ਜੱਦਜਿਹਿਦ ਦੀ ਪਲਾਨਿੰਗ ਕੀਤੀ ਸੀ। ਗ਼ਦਰ ਪਾਰਟੀ ਨੇ ਆਪਣਾ ਐਕਸ਼ਨ 1920-21 ਕਰਨਾ ਸੀ ਪਰ ਬਰਤਾਨੀਆ ਤੇ ਜਰਮਨੀ ਵਿਚ ਜੰਗ 1914 ਵਿਚ ਸ਼ੁਰੂ ਹੋ ਗਈ। ਇਸ ਕਰ ਕੇ ਗ਼ਦਰ ਆਗੂਆਂ ਨੇ ਆਪਣਾ ਐਕਸ਼ਨ ਐਡਵਾਂਸ ਕਰਨ ਦਾ ਫ਼ੈਸਲਾ ਕਰ ਲਿਆ। ਸਾਰੇ ਗ਼ਦਰੀ ਆਗੂ ਆਪੋ ਆਪਣੇ ਪਿੰਡਾਂ ਨੂੰ ਚੱਲ ਪਏ। ਗ਼ਦਰ ਅਖਬਾਰ ਦੇ 4 ਅਗਸਤ 1914 ਦੇ ਪਰਚੇ ਵਿਚ ਗ਼ਦਰੀ ਆਗੂਆਂ ਵਲੋਂ ਆਪੋ-ਆਪਣੇ ਪਿੰਡਾਂ ਵਿਚ ਪਹੁੰਚਣ ਬਾਰੇ ਅਪੀਲ ਛਾਪੀ ਗਈ ਸੀ। ਅਗਸਤ ਵਿਚ ਹੀ ਪਾਰਟੀ ਦੀ ਪਹਿਲੀ ਟੋਲੀ (ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਵਗੈਰਾ) ਪੰਜਾਬ ਵਾਸਤੇ ਚਾਲੇ ਪਾ ਗਈ। ਇਸ ਤੋਂ ਪਿੱਛੋਂ ਵੱਡਾ ਜਥਾ, ਜਿਸ ਵਿਚ 70 ਗ਼ਦਰੀ ਸਨ, ਐਸ.ਐਸ. ਕੋਰੀਆ ਜਹਾਜ਼ ਰਾਹੀਂ, 29 ਅਗਸਤ ਨੂੰ ਸਾਨਫ਼ਰਾਂਸਿਸਕੋ ਤੋਂ ਚਲ ਪਿਆ। ਇਸ ਤੋਂ ਬਾਅਦ, ਤਕਰੀਬਨ 8 ਹਜ਼ਾਰ ਗ਼ਦਰੀ ਵਰਕਰ, ਪਰਦੇਸਾਂ ਵਿਚੋਂ ਪੰਜਾਬ ਵਲ ਟੁਰੇ। ਮੁਖ਼ਬਰਾਂ ਨੇ ਇਨ੍ਹਾਂ ਦੇ ਚੱਲਣ ਬਾਰੇ ਪਹਿਲਾਂ ਤੋਂ ਹੀ ਰਿਪੋਰਟਾਂ ਸਰਕਾਰ ਨੂੰ ਦੇ ਦਿੱਤੀਆਂ ਸਨ। ਇਸ ਕਰ ਕੇ ਸਰਕਾਰ ਨੇ ਮੁਲਕ 'ਚ ਦਾਖ਼ਿਲ ਹੋਣ ਵਾਲਿਆਂ ਨੂੰ ਹਿਰਾਸਤ ਵਿਚ ਲੈਣ ਵਾਸਤੇ ਦੋ ਆਰਡੀਨੈਂਸ ਜਾਰੀ ਕਰ ਦਿੱਤੇ ਸਨ।

ਆਰਡੀਨੈਂਸ ਹੇਠ ਬਾਹਰੋਂ ਆਉਣ ਵਾਲੇ ਸਾਰੇ ਪੰਜਾਬੀਆਂ ਨੂੰ ਹਿਰਾਸਤ ਵਿਚ ਲੈ ਕੇ ਸਿੱਧਾ ਪੰਜਾਬ ਲਿਆਂਦਾ ਜਾਂਦਾ ਸੀ। ਲੁਧਿਆਣੇ ਵਿਚ ਵੱਡਾ ਇੰਟੈਰੋਗੇਸ਼ਨ ਸੈਂਟਰ ਬਣਾਇਆ ਗਿਆ ਸੀ। ਹਰ ਮੁਸਾਫ਼ਿਰ ਦੀ ਉੱਥੇ ਪੂਰੀ ਇੰਟੈਰੋਗੇਸ਼ਨ ਕੀਤੀ ਜਾਂਦੀ ਸੀ। ਇਸ ਤਰ੍ਹਾਂ ਮੁਸਾਫ਼ਿਰਾਂ ਵਿੱਚੋਂ ਕਈਆਂ ਨੂੰ ਕੈਦ ਕੀਤਾ ਜਾਂਦਾ ਸੀ ਤੇ ਕਈ ਹੋਰਾਂ ਨੂੰ ਉਨ੍ਹਾਂ ਦੇ ਪਿੰਡਾਂ ਵਿਚ ਨਜ਼ਰਬੰਦ ਕਰ ਦਿੱਤਾ ਜਾਂਦਾ ਸੀ। ਉਸ ਵੇਲੇ ਦੀ ਸੀ.ਆਈ.ਡੀ. ਦੀ ਮੁਫ਼ੀਆ ਰਿਪੋਰਟ ਮੁਤਾਬਕ 370 ਜੇਲ੍ਹਾਂ 'ਚ ਸੁੱਟੇ ਗਏ ਤੇ 2212 ਨੂੰ ਪਿੰਡਾਂ ਵਿਚ ਬੰਦ ਕੀਤਾ ਗਿਆ। ਜੇਲ੍ਹਾਂ ਵਿਚ ਭੇਜੇ ਜਾਣ ਵਾਲਿਆਂ ਵਿਚ ਡਾ: ਠਾਕਰ ਸਿੰਘ ਇਕੋਲਾਹਾ, ਕਰਤਾਰ ਸਿੰਘ ਲਟਾਲਾ, ਹਰਨਾਮ ਸਿੰਘ, ਜਗਤ ਸਿੰਘ ਚੁੱਘਾ ਤੇ ਬੀਬੀ ਗ਼ੁਲਾਬ ਕੌਰ ਵਗੈਰਾ ਸਨ। ਇਨ੍ਹਾਂ ਸਖ਼ਤੀਆਂ ਦੇ ਬਾਵਜੂਦ ਕਾਫ਼ੀ ਗ਼ਦਰੀ ਵਰਕਰ ਬਚ ਕੇ ਨਿਕਲ ਗਏ ਤੇ ਰੂਪੋਸ਼ ਹੋ ਗਏ। ਉਨ੍ਹਾਂ ਨੇ 15 ਨਵੰਬਰ 1914 ਨੂੰ ਗ਼ਦਰ ਦੀ ਸਕੀਮ ਬਣਾਈ। ਪਰ ਅਸਲੇ ਦੀ ਮੁਸ਼ਕਲ ਕਰ ਕੇ ਇਸ ਨੂੰ ਮੁਲਤਵੀ ਕਰਨਾ ਪੈ ਗਿਆ। ਬਾਅਦ ਵਿਚ ਇਹ ਤਾਰੀਖ 21 ਫ਼ਰਵਰੀ 1915 ਮਿੱਥੀ ਗਈ। ਫ਼ੌਜਾਂ ਵਿਚ ਹਰਨਾਮ ਸਿੰਘ, ਗੁਰਮੁਖ ਸਿੰਘ ਲਲਤੋਂ, ਊਧਮ ਸਿੰਘ ਕਸੇਲ, ਪਿਆਰਾ ਸਿੰਘ ਲੰਗੇਰੀ ਨੇ ਕਈ ਪਲਟਣਾਂ, ਖਾਸ ਕਰ ਕੇ 23ਵੀਂ ਕਵੈਲਰੀ, 25 ਵੀਂ ਪੰਜਾਬੀ, 128 ਪਾਇਨਰਜ਼, 9ਵੀਂ ਭੂਪਾਲ, 12ਵੀਂ ਕਵੈਲਰੀ ਵਗੈਰਾ ਵਿਚ ਜਾ ਕੇ ਸਿੱਖ ਫ਼ੌਜੀਆਂ ਨੂੰ ਤਿਆਰ ਕਰ ਲਿਆ। ਪਲਾਨਿੰਗ ਮੁਤਾਬਕ ਸਿੱਖ ਫ਼ੌਜੀਆਂ ਨੇ ਗੋਰੇ ਅਫ਼ਸਰਾਂ ਨੂੰ ਕਤਲ ਕਰ ਕੇ, ਅਸਲੇ 'ਤੇ ਕਬਜ਼ਾ ਕਰ ਕੇ, ਐਕਸ਼ਨ ਸ਼ੁਰੂ ਕਰਨਾ ਸੀ। ਗ਼ਦਰ ਨੂੰ ਸਾਰੇ ਪਾਸੇ (ਲਾਹੌਰ, ਫ਼ਿਰੋਜ਼ਪੁਰ, ਰਾਵਲਪਿੰਡੀ ਫ਼ ਛਾਉਣੀਆਂ ਵਿਚ) ਇਕੱਠਾ ਹੀ ਸ਼ੁਰੂ ਕੀਤਾ ਜਾਣਾ ਸੀ। ਇਸ ਦਾ ਚਾਰਜ ਬਾਬਾ ਵਿਸਾਖਾ ਸਿੰਘ ਦਦੇਹਰ ਕੋਲ ਸੀ। ਮਾਝੇ ਵਾਲਿਆਂ ਨੇ 20 ਫ਼ਰਵਰੀ ਨੂੰ ਲੋਪੋਕੇ ਦਾ ਥਾਣਾ ਲੁੱਟ ਕੇ 21 ਨੂੰ ਲਾਹੌਰ ਪੁੱਜਣਾ ਸੀ। ਮਾਲਵੇ ਵਿੱਚੋਂ ਭਾਈ ਰਣਧੀਰ ਸਿੰਘ (ਮਗਰੋਂ ਮੁਖੀ ਅਖੰਡ ਕੀਰਤਨੀ ਜਥਾ), ਕਰਤਾਰ ਸਿੰਘ ਸਰਾਭਾ ਤੇ ਸੱਜਣ ਸਿੰਘ ਨਾਰੰਗਵਾਲ ਨੇ ਅਗਵਾਈ ਕਰਨੀ ਸੀ।

ਉਧਰ ਸਰਕਾਰ ਨੂੰ ਗ਼ਦਰੀ ਕਾਰਵਾਈਆਂ ਦੀ ਪੂਰੀ ਸੂਹ ਮਿਲ ਰਹੀ ਸੀ। ਉਨ੍ਹਾਂ ਨੇ ਕਿਰਪਾਲ ਸਿੰਘ ਬਰਾੜ ਨਾਂ ਦਾ ਸੀ. ਆਈ. ਡੀ. ਦਾ ਬੰਦਾ ਗ਼ਦਰ ਪਾਰਟੀ ਵਿਚ ਵਾੜ ਦਿੱਤਾ

ਸੀ ਤੇ ਭੋਲੇ ਗ਼ਦਰੀਆਂ ਨੇ ਉਸ ਨੂੰ ਸੈਂਟਰਲ ਕਮੇਟੀ ਵਿਚ ਵੀ ਸ਼ਾਮਿਲ ਕਰ ਲਿਆ ਸੀ। ਕਮਾਲ ਦੀ ਗੱਲ ਤਾਂ ਇਹ ਹੈ ਕਿ ਉਹ ਅਜੇ ਸਿਰਫ਼ 9 ਦਿਨ ਪਹਿਲਾਂ ਹੀ ਪਾਰਟੀ ਵਿਚ ਸ਼ਾਮਿਲ ਹੋਇਆ ਸੀ। ਖ਼ੈਰ ਛੇਤੀ ਹੀ ਉਸ ਬਾਰੇ ਕੁਝ ਵਰਕਰਾਂ ਨੂੰ ਸੂਹ ਮਿਲ ਗਈ। ਇਸ ਕਰ ਕੇ ਗ਼ਦਰ ਦੀ ਤਾਰੀਖ ਦੋ ਦਿਨ ਅਗਾਊਂ ਕਰ ਲਈ ਗਈ। ਉਸ ਨੂੰ ਇਸ ਤਾਰੀਖ ਦਾ ਵੀ ਪਤਾ ਲੱਗ ਗਿਆ। ਇਸ ਕਰ ਕੇ ਉਸ ਦੀ ਮੁਖਬਰੀ ਨਾਲ, 19 ਫਰਵਰੀ 1915 ਨੂੰ ਸ਼ਾਮ ਦੇ ਸਾਢੇ ਚਾਰ ਵਜੇ (ਗ਼ਦਰ ਸ਼ੁਰੂ ਹੋਣ ਤੋਂ ਕੁਝ ਘੰਟੇ ਪਹਿਲਾਂ ਹੀ), ਪਾਰਟੀ ਦੇ ਹੈੱਡਕੁਆਟਰ ਤੇ ਛਾਪਾ ਮਾਰ ਕੇ ਬਹੁਤ ਸਾਰੇ ਆਗੂ ਗ੍ਰਿਫ਼ਤਾਰ ਕਰ ਲਏ ਗਏ। ਇਸ ਨਾਲ ਗ਼ਦਰ ਇਨਕਲਾਬ ਸ਼ੁਰੂ ਹੋਣ ਤੋਂ ਪਹਿਲਾਂ ਹੀ ਖ਼ਤਮ ਹੋ ਗਿਆ। ਭਾਵੇਂ ਮਗਰੋਂ ਕਈ ਨਿੱਕੇ-ਮੋਟੇ ਐਕਸ਼ਨ ਹੁੰਦੇ ਰਹੇ ਪਰ ਵੱਡੇ ਐਕਸ਼ਨ ਦੀ ਅਣਹੋਂਦ ਵਿਚ ਮਿੱਥਿਆ ਇਨਕਲਾਬ ਨਾ ਲਿਆਂਦਾ ਜਾ ਸਕਿਆ। ਗ਼ਦਰ ਲਹਿਰ ਦੇ ਫੇਲ੍ਹ ਹੋਣ ਦੀਆਂ ਵਜਹ ਸਨ: ਚੰਗੀ ਲੀਡਰਸ਼ਿਪ ਨਾ ਹੋਣਾ, ਕਾਰਵਾਈਆਂ ਦਾ ਖ਼ੁਫ਼ੀਆ ਨਾ ਰੱਖਿਆ ਜਾ ਸਕਣਾ, ਜਥੇਬੰਦਕ ਸੂਝਬੂਝ ਦੀ ਘਾਟ, ਸੂਹੀਆਂ ਦਾ ਦਾਖਲਾ, ਸੀ. ਆਈ. ਡੀ. ਦੀ ਚੁਸਤੀ, ਆਪਸ 'ਚ ਮੇਲ-ਜੋਲ ਤੇ ਰਾਬਤੇ ਦੀ ਘਾਟ, ਸਰਕਾਰ ਵੱਲੋਂ ਸਖ਼ਤੀਆਂ ਵਗੈਰਾ।

ਗ਼ਦਰ ਲਹਿਰ ਨਾਕਾਮਯਾਬ ਹੋਣ ਮਗਰੋਂ ਗ੍ਰਿਫ਼ਤਾਰ ਕੀਤੇ ਗਏ ਗ਼ਦਰੀਆਂ ਉੱਪਰ ਚਾਰ ਮੁਕੱਦਮੇ ਚਲਾਏ ਗਏ। ਇਨ੍ਹਾਂ ਨੂੰ **'ਲਾਹੌਰ ਸ਼ਾਜ਼ਸ਼ ਕੇਸ'** ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਪਹਿਲਾ ਮੁਕੱਦਮਾ 26 ਅਪਰੈਲ 1915 ਨੂੰ ਸ਼ੁਰੂ ਹੋਇਆ ਤੇ 13 ਸਤੰਬਰ 1915 ਨੂੰ ਪੰਡਿਤ ਸ਼ਿਵ ਨਰਾਇਣ ਤੇ ਦੋ ਅੰਗਰੇਜ਼ ਕਮਿਸ਼ਨਰਾਂ ਨੇ ਫ਼ੈਸਲਾ ਸੁਣਾ ਕੇ 82 'ਮੁਲਜ਼ਮਾਂ' (ਗ਼ਦਰੀਆਂ) ਵਿਚੋਂ ਕਰਤਾਰ ਸਿੰਘ (ਸਰਾਭਾ, ਜ਼ਿਲ੍ਹਾ ਲੁਧਿਆਣਾ), ਜਗਤ ਸਿੰਘ (ਸੁਰਸਿੰਘ, ਜ਼ਿਲ੍ਹਾ ਲਾਹੌਰ, ਹੁਣ ਜ਼ਿਲ੍ਹਾ ਅੰਮ੍ਰਿਤਸਰ), ਹਰਨਾਮ ਸਿੰਘ ਭੱਟੀ ਗੋਰਾਇਆ, ਸਿਆਲਕੋਟ), ਬਖ਼ਸ਼ੀਸ਼ ਸਿੰਘ (ਗਿਲਵਾਲੀ, ਜ਼ਿਲ੍ਹਾ ਅੰਮ੍ਰਿਤਸਰ), ਸੁਰੈਣ ਸਿੰਘ ਪੁਤਰ ਬੂੜ ਸਿੰਘ (ਗਿਲਵਾਲੀ), ਸੁਰੈਣ ਸਿੰਘ ਪੁਤਰ ਈਸ਼ਰ ਸਿੰਘ (ਗਿਲਵਾਲੀ) ਤੇ ਵਿਸ਼ਨੂ ਗਣੇਸ਼ ਪਿੰਗਲੇ ਤੇ 17 ਹੋਰਾਂ ਨੂੰ ਫ਼ਾਂਸੀ (ਮਗਰੋਂ 17 ਦੀ ਫ਼ਾਂਸੀ ਉਮਰ ਕੈਦ ਵਿਚ ਬਦਲ ਗਈ), 40 (23+17) ਨੂੰ ਉਮਰ ਕੈਦ ਤੇ 6 ਨੂੰ ਘੱਟ ਸਜ਼ਾਵਾਂ ਸੁਣਾਈਆਂ। ਘਟ ਸਜ਼ਾਵਾਂ ਵਾਲਿਆਂ ਵਿਚ ਸੋਹਣ ਸਿੰਘ ਭਕਨਾ, ਨਿਧਾਨ ਸਿੰਘ ਚੁੱਘਾ, ਜੁਆਲਾ ਸਿੰਘ ਠੱਠੀਆਂ, ਵਿਸਾਖਾ ਸਿੰਘ ਦਦੇਹਰ, ਪਿਆਰਾ ਸਿੰਘ ਲੰਗੇਰੀ, ਊਧਮ ਸਿੰਘ ਕਸੇਲ, ਹਰਨਾਮ ਸਿੰਘ ਟੁੰਡਾ/ਟੁੰਡੀਲਾਟ (ਹਰਿਆਣਾ, ਹੁਸ਼ਿਆਰਪੁਰ) ਵੀ ਸਨ।

ਦੂਜਾ ਮੁਕੱਦਮਾ 29 ਅਕਤੂਬਰ 1915 ਨੂੰ ਸ਼ੁਰੂ ਹੋਇਆ। ਇਸ ਵਿਚ ਉੱਪਰ ਵਾਲੀ ਅਦਾਲਤ ਨੇ ਹੀ 30 ਮਾਰਚ 1916 ਨੂੰ ਉੱਤਮ ਸਿੰਘ (ਹਾਂਸ, ਲੁਧਿਆਣਾ), ਈਸ਼ਰ ਸਿੰਘ (ਢੁੱਡੀਕੇ, ਮੋਗਾ), ਰੂੜ ਸਿੰਘ (ਤਲਵੰਡੀ ਦੁਸਾਂਝ, ਫ਼ੀਰੋਜ਼ਪੁਰ), ਰੈਗਾ ਸਿੰਘ (ਖੁਰਦਪੁਰ, ਜਲੰਧਰ), ਬੀਰ ਸਿੰਘ (ਬਾਹੋਵਾਲ, ਹੁਸ਼ਿਆਰਪੁਰ) ਨੂੰ ਫ਼ਾਂਸੀ, 64 ਨੂੰ ਉਮਰ ਕੈਦ ਤੇ 8 ਨੂੰ ਘੱਟ ਸਜ਼ਾਵਾਂ ਸੁਣਾਈਆਂ। ਇਸ ਵਿਚ ਭਾਈ ਰਣਧੀਰ ਸਿੰਘ (ਨਾਰੰਗਵਾਲ, ਲੁਧਿਆਣਾ), ਹਰਨਾਮ ਸਿੰਘ (ਕਾਲਾ ਸੰਘਾ, ਕਪੂਰਥਲਾ), ਇੰਦਰ ਸਿੰਘ (ਸ਼ੇਖ਼ ਦੌਲਤ, ਲੁਧਿਆਣਾ) ਵੀ ਸ਼ਾਮਲ ਸਨ।

ਤੀਜਾ ਮੁਕੱਦਮਾ (ਸੈਕੰਡ ਸਪਲੀਮੈਂਟਰੀ ਕੇਸ) ਰਾਏ ਬਹਾਦਰ ਗੋਪਾਲ ਦਾਸ ਭੰਡਾਰੀ ਤੇ ਦੋ ਗੋਰੇ ਜੱਜਾਂ ਦੀ ਅਦਾਲਤ ਵਿਚ 8 ਨਵੰਬਰ 1916 ਨੂੰ ਸ਼ੁਰੂ ਹੋਇਆ। ਇਸ ਦਾ ਫ਼ੈਸਲਾ 5 ਜਨਵਰੀ 1917 ਵਿਚ ਹੋਇਆ। ਇਸ ਕੇਸ ਵਿਚ ਬਲਵੰਤ ਸਿੰਘ ਸਾਬਕਾ ਗ੍ਰੰਥੀ ਵੈਨਕੂਵਰ ਗੁਰਦੁਆਰਾ (ਖੁਰਦਪੁਰ, ਜਲੰਧਰ), ਰੂੜ ਸਿੰਘ (ਸੰਘਵਾਲ, ਜਲੰਧਰ), ਹਫ਼ੀਜ਼ ਅਬਦੁੱਲਾ, ਨਾਮਾ, ਬਾਬੂ ਰਾਮ ਨੂੰ ਫ਼ਾਂਸੀ, 7 ਨੂੰ (ਸਣੇ ਕਰਤਾਰ ਸਿੰਘ ਨਵਾਂ ਚੰਦ) ਉਮਰ ਕੈਦ ਤੇ ਪੰਜ ਬਰੀ ਹੋਏ। ਚੌਥੇ ਮੁਕੱਦਮੇ (ਥਰਡ ਸਪਲੀਮੈਂਟਰੀ ਕੇਸ) ਵਿਚ, 2 ਮਾਰਚ 117 ਨੂੰ, ਮਥਰਾ ਸਿੰਘ

(ਢੁੱਡਿਆਲ, ਜਿਹਲਮ) ਨੂੰ ਫ਼ਾਂਸੀ ਦਿੱਤੀ ਗਈ। ਪੰਜਵੇਂ ਮੁਕੱਦਮੇ (ਫ਼ੋਰਥ ਸਪਲੀਮੈਂਟਰੀ ਕੇਸ) ਵਿਚ, 26 ਮਈ 1917 ਨੂੰ, ਜਵੰਦ ਸਿੰਘ (ਨੰਗਲ ਕਲਾਂ, ਹੁਸ਼ਿਆਰਪੁਰ) ਨੂੰ ਫ਼ਾਂਸੀ ਦਿੱਤੀ ਗਈ।

ਇਨ੍ਹਾਂ ਪੰਜ ਵੱਡੇ 'ਸਾਜ਼ਸ਼ ਕੇਸ' ਨਾਂ ਦੇ ਮੁਕੱਦਮਿਆਂ ਤੋਂ ਇਲਾਵਾ ਪੱਧਰੀ ਕਤਲ ਕੇਸ ਵਿਚ ਪ੍ਰਮ ਸਿੰਘ (ਸੁਰਸਿੰਘ, ਜ਼ਿਲ੍ਹਾ ਲਾਹੌਰ, ਹੁਣ ਅੰਮ੍ਰਿਤਸਰ) ਤੇ ਇੰਦਰ ਸਿੰਘ (ਪੱਧਰੀ ਕਲਾਂ, ਅੰਮ੍ਰਿਤਸਰ) ਨੂੰ ਫ਼ਾਂਸੀ ਦਿੱਤੀ ਗਈ। ਅੰਮ੍ਰਿਤਸਰ ਵੱਲਾ ਪੁਲ ਕਤਲ ਕੇਸ ਵਿਚ ਕਾਲਾ ਸਿੰਘ (ਜਗਤਪੁਰ, ਅੰਮ੍ਰਿਤਸਰ), ਚੰਨਣ ਸਿੰਘ (ਬੂਰ ਚੰਦ, ਲਾਹੌਰ), ਹਰਨਾਮ ਸਿੰਘ (ਠੱਠੀ ਖਾਰਾ, ਅੰਮ੍ਰਿਤਸਰ), ਆਤਮਾ ਸਿੰਘ (ਠੱਠੀ ਖਾਰਾ, ਅੰਮ੍ਰਿਤਸਰ) ਤੇ ਬੰਤਾ ਸਿੰਘ (ਸੰਘਵਾਲ, ਜਲੰਧਰ) ਨੂੰ ਫ਼ਾਂਸੀ ਦਿੱਤੀ ਗਈ। ਜਗਤਪੁਰ ਕਤਲ ਕੇਸ ਵਿਚ ਕਾਲਾ ਸਿੰਘ (ਜਗਤਪੁਰ, ਅੰਮ੍ਰਿਤਸਰ) ਤੇ ਚੰਨਣ ਸਿੰਘ (ਬੂੜ ਚੰਦ, ਲਾਹੌਰ) ਨੂੰ ਫ਼ਾਂਸੀ ਦਿੱਤੀ ਗਈ। ਨੰਗਲ ਕਲਾਂ ਕਤਲ ਕੇਸ ਵਿਚ ਬੰਤਾ ਸਿੰਘ (ਸੰਘਵਾਲ, ਜਲੰਧਰ) ਤੇ ਬੂਟਾ ਸਿੰਘ (ਅਕਲਾਗੜ੍ਹ ਖੁਰਦ, ਲੁਧਿਆਣਾ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਗਈ। ਭਾਈ ਬੰਤਾ ਸਿੰਘ ਸੰਘਵਾਲ ਨੂੰ 12 ਅਗਸਤ 1917 ਦੇ ਦਿਨ ਲਾਹੌਰ ਜੇਲ੍ਹ ਵਿਚ ਫਾਂਸੀ ਦਿੱਤੀ ਗਈ।

1947: ਲਾਹੌਰ ਵਿਚ ਮੁਸਲਮਾਨਾਂ ਨੇ ਗੁਰਦੁਆਰਾ ਸਾੜਿਆ ਤੇ ਸਿੱਖ ਮਾਰੇ

ਪਾਕਿਸਤਾਨ ਕਾਇਮ ਕਰਨ ਅਤੇ 14 ਅਗਸਤ 1947 ਨੂੰ ਇਸ ਨੂੰ ਆਜ਼ਾਦੀ ਦੇਣ ਦੇ ਐਲਾਨ ਮਗਰੋਂ ਪੰਜਾਬ ਵਿਚ ਜ਼ਬਰਦਸਤ ਗੜਬੜ ਸ਼ੁਰੂ ਹੋ ਗਈ ਸੀ; ਇਸ ਮਾਹੌਲ ਵਿਚ 12 ਅਗਸਤ 1947 ਦੇ ਦਿਨ ਮੁਜੰਗ ਲਾਹੌਰ ਵਿਚ ਮੁਸਲਮਾਨਾਂ ਨੇ ਹਮਲਾ ਕਰ ਕੇ ਗੁਰੂ ਹਰਗੋਬਿੰਦ ਸਾਹਿਬ ਦੀ ਯਾਦ ਵਿਚ ਬਣਿਆ ਗੁਰਦੁਆਰਾ ਸਾੜ ਦਿੱਤਾ ਤੇ ਕਈ ਸਿੱਖ ਕਤਲ ਕਰ ਦਿੱਤੇ।

1985: ਸ਼੍ਰੋਮਣੀ ਕਮੇਟੀ ਨੇ ਸਰਕਾਰ 'ਤੇ 10 ਅਰਬ ਰੁਪੈ ਹਰਜਾਨੇ ਦਾ ਦਾਅਵਾ ਕੀਤਾ

ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹਮਲੇ ਵਿਚ ਹੋਏ ਨੁਕਸਾਨ ਦਾ ਮੁਆਵਜ਼ਾ ਲੈਣ ਵਾਸਤ ਸ਼ਰੋਮਣੀ ਕਮੇਟੀ ਨੇ ਭਾਰਤ ਸਰਕਾਰ 'ਤੇ 10 ਅਰਬ ਰੁਪੈ ਦਾ ਦਾਅਵਾ ਕੀਤਾ। ਇਹ ਇਕ ਕਿਸਮ ਦਾ ਡਰਾਮਾ ਸੀ; ਭਾਵੇਨ ਅਦਾਲਤ ਨੇ ਇਹ ਕੇਸ ਦਾਖ਼ਿਲ ਕਰ ਲਿਆ ਅਤੇ ਇਸ ਦੀ ਸੁਣਵਾਈ ਵੀ ਸ਼ੁਰੂ ਕੀਤੀ ਅਤੇ 2013 ਵਿਚ ਸ਼੍ਰੋਮਣੀ ਕਮੇਟੀ ਨੂੰ 10 ਕਰੋੜ ਕੋਰਟ ਫ਼ੀਸ ਲਾਉਣ ਦਾ ਹੁਕਮ ਦਿੱਤਾ। ਪਹਿਲਾਂ ਤਾਂ ਸ਼੍ਰੋਮਣੀ ਕਮੇਟੀ ਨੇ ਹਿਚਕਚਾਹਟ ਦਿਖਾਈ ਪਰ ਮਗਰੋਂ ਇਹ ਰਕਮ ਭਰ ਦਿੱਤੀ। (ਪਰ ਇਹ ਬੇਮਾਅਨਾ ਦਾਅਵਾ ਹੈ ਜਿਸ ਵਚੋਂ ਕੁਝ ਵੀ ਹਾਸਿਲ ਨਹੀਂ ਹੋਣਾ)।

1986: ਖਾਲਿਸਤਾਨ ਕਮਾਂਡੋ ਫ਼ੋਰਸ ਦਾ ਤਰਸੇਮ ਸਿੰਘ ਕੋਹਾੜ ਗ੍ਰਿਫ਼ਤਾਰ

12 ਅਗਸਤ 1986 ਦੇ ਦਿਨ ਪੁਲਸ ਨੇ ਖਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਮਨਬੀਰ ਸਿੰਘ ਚਹੇੜੂ ਤੋਂ ਮਗਰੋਂ ਦੂਜਾ ਵੱਡਾ ਜਰਨੈਲ ਤਰਸੇਮ ਸਿੰਘ ਕੋਹਾੜ ਗ੍ਰਿਫ਼ਤਾਰ ਕਰ ਲਿਆ। ਉਸ ਦੇ ਨਾਲ ਹੀ ਸੁਖਦੇਵ ਸਿੰਘ (ਵਾਸੀ ਕੋਟ ਮੰਡੀ ਫ਼ਤਹਿਗੜ੍ਹ ਚੂੜੀਆਂ), ਬਲਜਿੰਦਰ ਸਿੰਘ (ਵਾਸੀ ਰਣਜੀਤ ਸਿੰਘ ਵਾਲਾ), ਹਰਜਿੰਦਰ ਸਿੰਘ ਜਿੰਦਾ, ਰਾਮ ਸਿੰਘ ਤੇ ਬਲਜੀਤ ਸਿੰਘ ਪੱਪੂ ਵੀ ਸਨ। ਇਹ ਗ੍ਰਿਫ਼ਤਾਰੀਆਂ ਆਪਸੀ ਈਰਖਾ ਕਾਰਨ ਕਰਵਾਈਆਂ ਗਈਆਂ ਸਮਝੀਆਂ ਜਾਂਦੀਆਂ ਸਨ ਤੇ ਇਸ ਵਿਚ ਗੁਰਜੀਤ ਸਿੰਘ ਧੜੇ ਦਾ ਨਾਂ ਵੱਜਦਾ ਸੀ। ਤਰਸੇਮ ਸਿੰਘ ਕੋਹਾੜ ਅਤੇ ਸੁਖਦੇਵ ਸਿੰਘ ਨੂੰ ਤਕਰੀਬਨ ਸਵਾ ਸਾਲ ਜੇਲ੍ਹਾਂ ਵਿਚ ਰੱਖਣ ਮਗਰੋਂ 13 ਤੇ

14 ਨਵੰਬਰ 1987 ਦੀ ਰਾਤ ਨੂੰ, ਫ਼ਰਾਰ ਹੋਣ ਦੇ ਭਰਮੇ ਹੇਠ, ਸ਼ਹੀਦ ਕਰ ਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਖੁਰਦ ਬੁਰਦ ਕਰ ਦਿੱਤਾ ਗਿਆ।

1988: ਨਿਰਮਲ ਸਿੰਘ ਨੈਪਾਲ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

12 ਅਗਸਤ 1988 ਦੇ ਦਿਨ ਪੁਲਸ ਨੇ ਨਿਰਮਲ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਪਿੰਡ ਨੈਪਾਲ, ਨੇੜੇ ਜਸਤਰਵਾਲ, ਜ਼ਿਲ੍ਹਾ ਅੰਤ੍ਰਿਸਰ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਨਰਿੰਦਰ ਸਿੰਘ ਬਟਾਲਾ, ਹੁਸ਼ਿਆਰ ਸਿੰਘ ਲਿਹਾੜਕਾ , ਜਰਨੈਲ ਸਿੰਘ ਤੇ ਸੁਰਿੰਦਰ ਸਿੰਘ ਛਿੰਦਾ ਬੋਤਿਆਂ ਵਾਲਾ ਅਤੇ ਗੁਰਮੁੱਖ ਸਿੰਘ ਬੰਬ ਤੇ ਸਰੂਪ ਸਿੰਘ ਬੋਪਾਰਾਏ ਨਕਲੀ ਮੁਕਾਬਲੇ ਵਿਚ ਸ਼ਹੀਦ

12 ਅਗਸਤ 1989 ਦੇ ਦਿਨ ਪੰਜਾਬ ਪੁਲਸ ਨੇ ਨਰਿੰਦਰ ਸਿੰਘ (ਪੁੱਤਰ ਲਖਵਿੰਦਰ ਸਿੰਘ, ਵਾਸੀ ਬਟਾਲਾ) ਤੇ ਹੁਸ਼ਿਆਰ ਸਿੰਘ (ਪੁੱਤਰ ਹਰਪਾਲ ਸਿੰਘ, ਵਾਸੀ ਲਿਹਾੜਕਾ, ਨੇੜੇ ਚਵਿੰਡਾ ਦੇਵੀ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਜਰਨੈਲ ਸਿੰਘ ਤੇ ਸੁਰਿੰਦਰ ਸਿੰਘ ਛਿੰਦਾ (ਵਾਸੀ ਵੱਡਾ ਘਰ, ਬੋਤਿਆਂ ਵਾਲਾ, ਫ਼ੀਰੋਜਪੁਰ) ਅਤੇ ਗੁਰਮੁੱਖ ਸਿੰਘ ਬੰਬ ਤੇ ਸਰੂਪ ਸਿੰਘ (ਦੋਵੇਂ ਵਾਸੀ ਬੋਪਾਰਾਏ) ਨੂੰ ਵੀ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਸੁਖਬੀਰ ਸਿੰਘ ਸੋਢੀ ਚਮਕੌਰ ਸਾਹਿਬ ਤੇ ਸੁਖਦੇਵ ਸਿੰਘ ਸੁੱਖਾ ਜਵੰਦਪੁਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

12 ਅਗਸਤ 1990 ਦੇ ਦਿਨ ਪੁਲਸ ਨੇ ਸੁਖਬੀਰ ਸਿੰਘ ਸੋਢੀ (ਵਾਸੀ ਚਮਕੌਰ ਸਾਹਿਬ) ਤੇ ਸੁਖਦੇਵ ਸਿੰਘ ਸੁੱਖਾ (ਵਾਸੀ ਜਵੰਦਪੁਰ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸੁੱਚਾ ਸਿੰਘ ਥਾਂਦੇ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

12 ਅਗਸਤ 1991 ਦੇ ਦਿਨ ਪੁਲਸ ਨੇ ਸੁੱਚਾ ਸਿੰਘ (ਵਾਸੀ ਥਾਂਦੇ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਰਜਿੰਦਰ ਸਿੰਘ ਬਾਦਲ ਕਲਾਂ, ਮਨਜੀਤ ਸਿੰਘ ਲੁਹਾਰਾ-ਪਰਤਾਪਰਾ, ਲਖਵੀਰ ਸਿੰਘ ਕਪਿਆਲ, ਗੁਰਦਿਆਲ ਸਿੰਘ ਤੇ ਕਰਮਜੀਤ ਸਿੰਘ ਲਹਿਰਾ ਗਾਗਾ ਅਤੇ ਜਗਤ ਸਿੰਘ ਲਹਿਰਾ ਖਾਨਾ ਨਕਲੀ ਮੁਕਾਬਲੇ ਵਿਚ ਸ਼ਹੀਦ

12 ਅਗਸਤ 1992 ਦੇ ਦਿਨ ਪੁਲਸ ਰਜਿੰਦਰ ਸਿੰਘ (ਪੁੱਤਰ ਨਛੱਤਰ ਸਿੰਘ, ਵਾਸੀ ਬਾਦਲ ਕਲਾਂ, ਜ਼ਿਲ੍ਹਾ ਸੰਗਰੂਰ), ਮਨਜੀਤ ਸਿੰਘ (ਪੁੱਤਰ ਗੁਰਬਚਨ ਸਿੰਘ, ਵਾਸੀ ਲੁਹਾਰਾ-ਪਰਤਾਪਰਾ, ਨੇੜੇ ਜਲੰਧਰ), ਲਖਵੀਰ ਸਿੰਘ ਪਟਵਾਰੀ (ਪੁੱਤਰ ਬਚਨ ਸਿੰਘ, ਵਾਸੀ ਕਪਿਆਲ, ਜ਼ਿਲ੍ਹਾ ਸੰਗਰੂਰ), ਗੁਰਦਿਆਲ ਸਿੰਘ ਤੇ ਕਰਮਜੀਤ ਸਿੰਘ (ਦੋਵੇਂ ਵਾਸੀ ਲਹਿਰਾ ਗਾਗਾ) ਅਤੇ ਜਗਤ ਸਿੰਘ (ਵਾਸੀ ਲਹਿਰਾ ਖਾਨਾ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1997: ਮਾਹਲ ਕਲਾਂ ਦੀ ਕਿਰਨਜੋਤ ਕੌਰ ਨੂੰ ਰੇਪ ਕਰ ਕੇ ਕਤਲ ਕੀਤਾ

12 ਅਗਸਤ 1997 ਮਾਹਲ ਕਲਾਂ ਦੀ ਕਿਰਨਜੋਤ ਕੌਰ ਨੂੰ ਰੇਪ ਕਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਦੇ ਖ਼ਿਲਾਫ਼ ਬਹੁਤ ਤੂਫ਼ਾਨ ਉਠਿਆ ਸੀ। ਪੁਲਸ ਨੇ ਉਲਟਾ ਇਸ ਲਹਿਰ ਦੇ ਤਿੰਨ ਆਗੂਆਂ (ਨਾਰਾਇਣ ਦੱਤ, ਮਨਜੀਤ ਧਨੇਰ ਤੇ ਪ੍ਰੇਮ ਕੁਮਾਰ) ਨੂੰ ਝੂਠੇ ਕਤਲ ਕੇਸ ਵਿਚ ਫਸਾ ਕੇ 30 ਮਾਰਚ 2005 ਦੇ ਦਿਨ ਉਮਰ ਕੈਦ ਕਰਵਾ ਦਿੱਤੀ ਸੀ

2005: ਭਾਰਤੀ ਪ੍ਰਾਈਮ ਮਨਿਸਟਰ ਮਨਮੋਹਨ ਸਿੰਘ ਨੇ 1984 ਨਵੰਬਰ ਦੇ ਸਿੱਖ ਕਤਲੇਆਮ ਦੀ ਰਸਮੀ ਮੁਆਫ਼ੀ ਮੰਗੀ

12 ਅਗਸਤ 2005 ਦੇ ਦਿਨ ਭਾਰਤੀ ਪ੍ਰਾਈਮ ਮਨਿਸਟਰ ਮਨਮੋਹਨ ਸਿੰਘ ਨੇ ਪਾਰਲੀਮੈਂਟ ਵਿਚ ਕਿਹਾ: **"ਮੈਨੂੰ ਸਿੱਖ ਭਾਈਚਾਰੇ ਕੋਲੋਂ ਮੁਆਫ਼ੀ ਮੰਗਣ ਵਿਚ ਕੋਈ ਝਿਜਕ ਨਹੀਂ। ਮੈਂ ਸਿੱਖ ਭਾਈਚਾਰੇ ਹੀ ਨਹੀਂ ਬਲਕਿ ਸਾਰੀ ਭਾਰਤੀ ਕੌਮ ਤੋਂ ਮੁਆਫ਼ੀ ਮੰਗਦਾ ਹਾਂ ਕਿ 1984 ਵਿਚ ਜੋ ਕੁਝ ਹੋਇਆ, ਉਹ ਭਾਰਤੀ ਵਿਧਾਨ ਵਿਚ ਕੌਮੀਅਤ ਦੇ ਸਿਧਾਂਤ ਦੇ ਉਲਟ ਸੀ।"** ਇਹ ਰਸਮੀ ਮੁਆਫ਼ੀ ਕਤਲੇਆਮ ਤੋਂ 21 ਸਾਲ ਮਗਰੋਂ ਵਾਰ ਵਾਰ ਰੋਲਾ ਪਾਉਣ ਮਗਰੋਂ ਮੰਗੀ ਗਈ। ਇਹ ਨਕਲੀ ਤੇ ਬੇਮਾਅਨਾ ਮੁਆਫ਼ੀ ਸੀ ਕਿਉਂ ਕਿ ਇਸ ਦੇ ਬਾਵਜੂਦ, ਵਾਰ-ਵਾਰ ਸਿੱਖਾਂ ਦੇ ਕਾਤਲਾਂ ਨੂੰ ਉਚੇ ਅਹੁਦੇ ਦੇ ਕੇ ਸਨਮਾਨਿਆ ਜਾ ਰਿਹਾ ਸੀ।

2014: ਸਤਯਨਾਰਾਇਣ ਮੰਦਰ ਕੇਸ ਵਿਚੋਂ ਜਸਵਿੰਦਰ ਸਿੰਘ ਰਾਜਪੁਰਾ, ਮਨਜਿੰਦਰ ਸਿੰਘ ਹੁਸੈਨਪੁਰ, ਗੁਰਜੰਟ ਸਿੰਘ ਬਠੂੜ ਤੇ ਹਰਮਿੰਦਰ ਸਿੰਘ ਲੁਧਿਆਣਾ ਬਰੀ

20 ਅਪ੍ਰੈਲ 2010 ਦੇ ਦਿਨ ਸਤਯਨਾਰਾਇਣ ਮੰਦਰ ਪਟਿਆਲਾ ਵਿਚ ਹੋਏ ਬੰਬ ਧਮਾਕਾ ਦੇ ਕੇਸ ਵਿਚ ਫ਼ੜੇ ਜਸਵਿੰਦਰ ਸਿੰਘ ਰਾਜਪੁਰਾ, ਮਨਜਿੰਦਰ ਸਿੰਘ ਹੁਸੈਨਪੁਰ, ਗੁਰਜੰਟ ਸਿੰਘ ਬਠੂੜ ਤੇ ਹਰਮਿੰਦਰ ਸਿੰਘ ਲੁਧਿਆਣਾ, 12 ਅਗਸਤ 2014 ਦੇ ਦਿਨ ਅਦਾਲਤ ਨੇ ਸਬੂਤਾਂ ਦੀ ਘਾਟ ਦੀ ਬਿਨਾ 'ਤੇ ਬਰੀ ਕਰ ਦਿੱਤੇ।

13 ਅਗਸਤ

1986: ਸਿਰਦਾਰ ਕਪੂਰ ਸਿੰਘ ਚੜ੍ਹਾਈ ਕਰ ਗਏ

ਸਿੱਖ ਕੌਮ ਦੀ ਨਾਮਵਰ ਸ਼ਖ਼ਸੀਅਤ ਸਿਰਦਾਰ ਕਪੂਰ ਸਿੰਘ, ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ, ਸਾਬਕਾ ਐਮ.ਪੀ ਅਤੇ ਸਾਬਕਾ ਐਮ.ਐਲ.ਏ., 13 ਅਗਸਤ 1986 ਨੂੰ ਆਪਣੇ ਭਰਾ ਸੁੱਚਾ ਸਿੰਘ ਦੇ ਘਰ, ਤਿੰਨ ਜਾਮੁਨ, ਖਵਾਜਾ ਬਾਜੂ, ਅਗੜਾੜ ਲੋਪੋਂ, ਜਗਰਾਓਂ ਵਿਚ ਚਲਾਣਾ ਕਰ ਗਏ।

1987: ਸੁਰਿੰਦਰ ਸਿੰਘ ਬਿੱਟੂ ਗਿਲਵਾਲੀ ਨਕਲੀ ਮੁਕਾਬਲੇ ਵਿਚ ਸ਼ਹੀਦ

13 ਅਗਸਤ 1987 ਦੇ ਦਿਨ ਪੰਜਾਬ ਪੁਲਸ ਨੇ ਸੁਰਿੰਦਰ ਸਿੰਘ ਬਿੱਟੂ (ਪੁੱਤਰ ਸਿਰਮੋਰ ਸਿੰਘ, ਵਾਸੀ ਗਿਲਵਾਲੀ ਅੰਮ੍ਰਿਤਸਰ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਨਰਿੰਦਰ ਸਿੰਘ ਹਰਨਾਮ ਨਗਰ ਬਟਾਲਾ ਤੇ ਬਲਜਿੰਦਰ ਸਿੰਘ ਢਾਬਾ ਵਾਲੀ ਨਕਲੀ ਮੁਕਾਬਲੇ ਵਿਚ ਸ਼ਹੀਦ

13 ਅਗਸਤ 1989 ਦੇ ਦਿਨ ਪੰਜਾਬ ਪੁਲਸ ਨੇ ਨਰਿੰਦਰ ਸਿੰਘ (ਪੁੱਤਰ ਲਖਵਿੰਦਰ ਸਿੰਘ, ਵਾਸੀ ਹਰਨਾਮ ਨਗਰ, ਬਟਾਲਾ), ਤੇ ਬਲਜਿੰਦਰ ਸਿੰਘ (ਪੁੱਤਰ ਅਨੂਪ ਸਿੰਘ, ਵਾਸੀ ਢਾਬਾਂ ਵਾਲੀ, ਗੁਰਦਾਸਪੁਰ) ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਹਰਦੀਪ ਸਿੰਘ ਮੰਡ ਨਕਲੀ ਮੁਕਾਬਲੇ ਵਿਚ ਸ਼ਹੀਦ

13 ਅਗਸਤ 1990 ਦੇ ਦਿਨ ਪੰਜਾਬ ਪੁਲਸ ਨੇ ਹਰਦੀਪ ਸਿੰਘ ਮੰਡ (ਵਾਸੀ ਮਾਹਲੇ ਵਾਲਾ, ਫ਼ੀਰੋਜਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸੁਖਦੇਵ ਸਿੰਘ ਬਬਰ ਦੀ ਸ਼ਹੀਦੀ ਦੇ ਵਿਰੁਧ ਪੰਜਾਬ ਬੰਦ

ਨੌਂ ਅਗਸਤ 1992 ਨੂੰ ਸੁਖਦੇਵ ਸਿੰਘ ਬਬਰ ਦੇ ਨਕਲੀ ਮੁਕਾਬਲੇ ਵਿਚ ਕਤਲ ਕੀਤੇ ਜਾਣ ਮਗਰੋਂ ਬਬਰ ਖਾਲਸਾ ਨੇ ਪੰਜਾਬ ਬੰਦ ਦਾ ਸੱਦਾ ਦਿੱਤਾ ਸੀ। ਇਸ ਕਰ ਕੇ 12 ਅਗਸਤ 1992 ਨੂੰ ਪੰਜਾਬ ਅੱਧ-ਪਚੱਧਾ ਬੰਦ ਰਿਹਾ।

1998: ਸ਼੍ਰੋਮਣੀ ਕਮਟੀ ਨੇ ਰਾਗੀ ਦਰਸ਼ਨ ਸਿੰਘ ਨੂੰ ਅਕਾਲ ਤਖ਼ਤ ਦੇ ਮੁਖ ਸੇਵਾਦਾਰ ਦੀ ਸੇਵਾ ਸੌਂਪੀ

1986 ਵਿਚ ਅਕਾਲ ਤਖ਼ਤ ਦੇ ਅਖੌਤੀ ਜਥੇਦਾਰ ਦੇ ਨਕਲੀ ਅਹੁਦੇ ਦਾ ਨਵਾਂ ਰੋਲ ਸ਼ੁਰੂ ਹੋਇਆ। ਜਸਬੀਰ ਸਿੰਘ ਰੋਡੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਭਤੀਜਾ ਸੀ ਤੇ ਖਾੜਕੂਆਂ ਨੇ ਉਸ ਨੂੰ ਜੇਲ੍ਹ ਵਿਚ ਬੈਠੇ ਨੂੰ 26 ਜਨਵਰੀ 1986 ਦੇ ਦਿਨ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਬਣਾ ਦਿੱਤਾ ਸੀ। ਉਸ ਨੂੰ (ਬਾਕੀ ਸਾਰੇ ਅਕਾਲੀ ਆਗੂਆਂ ਨੂੰ) ਅਕਾਲ ਤਖ਼ਤ ਸਾਹਿਬ ਤਾਂ ਕੀ ਸਿੱਖ ਫ਼ਲਸਫ਼ੇ ਦੇ ਮੁੱਢਲੇ ਸਿਧਾਂਤਾਂ ਦਾ ਵੀ ਸ਼ਾਇਦ ਪਤਾ ਨਹੀਂ ਸੀ, ਪਰ ਭਿੰਡਰਾਂਵਾਲੇ ਬਾਬਿਆਂ ਦਾ ਭਤੀਜਾ ਹੋਣ ਅਤੇ ਜੇਲ੍ਹ ਵਿਚੋਂ ਰਿਹਾਅ ਕਰਵਾਉਣ ਵਾਸਤੇ ਉਸ ਨੂੰ ਇਹ 'ਅਹੁਦਾ' ਦਿੱਤਾ ਗਿਆ ਸੀ (ਮਗਰੋਂ ਭਾਈ ਰਣਜੀਤ ਸਿੰਘ ਨੂੰ ਵੀ ਅਕਾਲੀਆਂ ਨੇ ਇਕ ਅੰਦਰੂਨੀ ਸਾਜ਼ਿਸ਼ ਹੇਠ ਲਿਆਂਦਾ ਸੀ)। ਰਾਜੀਵ ਗਾਂਧੀ ਚਾਹੁੰਦਾ ਸੀ ਕਿ ਖਾੜਕੂਆਂ ਵਿਚ ਫੁੱਟ ਪਾ ਕੇ ਤਹਿਰੀਕ ਨੂੰ ਜੇ ਖ਼ਤਮ ਨਹੀਂ ਕੀਤਾ ਜਾ ਸਕਦਾ ਤਾਂ ਘਟੋ-ਘਟ ਕਮਜ਼ੋਰ ਤਾਂ ਕੀਤਾ ਜਾਵੇ।

ਜਸਬੀਰ ਸਿੰਘ ਦੀ ਰਿਹਾਈ ਮਗਰੋਂ ਉਸ ਦੇ ਦਾਦੇ ਬਾਬਾ ਜੋਗਿੰਦਰ ਸਿੰਘ ਨੇ ਐਲਾਨ ਕੀਤਾ ਕਿ 9 ਮਾਰਚ ਨੂੰ ਜਸਬੀਰ ਸਿੰਘ ਦੀ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ (ਅਖੌਤੀ ਜਥੇਦਾਰ) ਵਲੋਂ 'ਤਾਜਪੋਸ਼ੀ' ਕੀਤੀ ਜਾਵੇਗੀ। ਲਫ਼ਜ਼ 'ਤਾਜਪੋਸ਼ੀ' ਸਿੱਖ ਤਵਾਰੀਖ਼ ਤੇ ਫ਼ਲਸਫ਼ੇ ਵਿਚ ਨਵਾਂ, ਓਪਰਾ ਅਤੇ ਗ਼ਲਤ ਸੀ। ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਕੋਈ ਬਾਦਸ਼ਾਹ ਨਹੀਂ, ਉਹ ਪ੍ਰਧਾਨ ਜਾਂ ਚੇਅਰਮੈਨ ਵੀ ਨਹੀਂ; ਉਹ ਈਸਾਈਆਂ ਦੇ 'ਪੋਪ' ਵਾਂਗ ਵੀ ਨਹੀਂ, ਉਹ ਇਸਲਾਮ ਦੇ 'ਖ਼ਲੀਫ਼ਾ' ਵਾਂਗ ਵੀ ਨਹੀਂ, ਉਹ ਹਿੰਦੂਆਂ ਦੇ 'ਜਗਤ ਗੁਰੂ' ਵਾਂਗ ਵੀ ਨਹੀਂ; ਉਹ ਬੋਧੀਆਂ ਦੇ 'ਲਾਮਾ' ਵਾਂਗ ਵੀ ਨਹੀਂ। ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਤਾਂ ਇਕ ਕਿਸਮ ਦਾ ਸੀਨੀਅਰ ਪੁਜਾਰੀ ਹੈ। ਉਹ ਤਾਂ 'ਪੁਜਾਰੀਆਂ ਦਾ ਵੱਡਾ ਪੁਜਾਰੀ' ਹੈ। ਫਿਰ ਇਸ 'ਤਾਜ਼ਪੋਸ਼ੀ' ਦਾ ਮਤਲਬ ਤਾਂ ਉਸ ਨੂੰ ਸਿੱਖ ਪੰਥ ਦਾ ਬਾਦਸ਼ਾਹ, ਮਾਲਿਕ ਤੇ ਸ਼ਾਇਦ ਨੀਮ-ਗੁਰੂ ਬਨਾਉਣ ਵਾਲੀ ਕਾਰਵਾਈ ਸੀ। ਉਂਵ ਬਾਬਾ ਜੋਗਿੰਦਰ ਸਿੰਘ ਦਾ ਇਹੋ ਜਿਹਾ ਬਿਆਨ ਦੇਣ ਦੀ ਕੋਈ ਤੁਕ ਨਹੀਂ ਸੀ, ਕਿਉਂਕਿ ਬਾਬਾ ਅਕਾਲ ਤਖ਼ਤ

ਸਾਹਿਬ ਦਾ ਕੋਈ ਬੁਲਾਰਾ ਨਹੀਂ ਸੀ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਆਗੂਆਂ ਨੇ ਚਾਲਾਕੀ ਵਰਤਦਿਆਂ ਤੇ ਆਪਣੀਆਂ ਜਾਨਾਂ ਬਚਾਉਣ ਵਾਸਤੇ 8 ਮਾਰਚ ਨੂੰ ਐਲਾਨ ਕੀਤਾ ਕਿ ਪ੍ਰੋ. ਦਰਸ਼ਨ ਸਿੰਘ ਦਾ (17 ਨਵੰਬਰ 1987 ਵਾਲਾ) ਅਸਤੀਫ਼ਾ ਮਨਜ਼ੂਰ ਕਰ ਲਿਆ ਗਿਆ ਹੈ ਤੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਭਾਈ ਜਸਬੀਰ ਸਿੰਘ ਨੂੰ ਸੌਂਪ ਦਿੱਤੀ ਹੈ। ਭਾਈ ਜਸਬੀਰ ਸਿੰਘ ਨੇ 10 ਮਾਰਚ ਨੂੰ ਬੇਗੁਨਾਹਾਂ ਦੇ ਕਤਲਾਂ ਦੀ ਨਿੰਦਾ ਕੀਤੀ। ਇਸੇ ਦਿਨ ਇਕ ਜਰਨਲਿਸਟ ਕੁਲਦੀਪ ਸਿੰਘ ਅਰੋੜਾ ਨੇ ਭਾਈ ਜਸਬੀਰ ਸਿੰਘ ਦੇ ਨਾਂ 'ਤੇ ਖਾਲਿਸਤਾਨ ਦੇ ਹੱਕ ਵਿਚ ਬਿਆਨ ਜਾਰੀ ਕਰਵਾ ਦਿੱਤਾ (ਅਗਲੇ ਦਿਨ ਹੀ ਅਰੋੜਾ ਨੂੰ ਨੈਸ਼ਨਲ ਸਕਿਉਰਿਟੀ ਐਕਟ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ)। 14 ਮਾਰਚ ਨੂੰ ਸੁਸ਼ੀਲ ਮੁਨੀ ਨੇ ਕਿਹਾ ਕਿ ਜਸਬੀਰ ਸਿੰਘ ਦੀ ਰਿਹਾਈ ਬਾਬਾ ਠਾਕਰ ਸਿੰਘ ਤੇ ਬਾਬਾ ਜੋਗਿੰਦਰ ਸਿੰਘ ਦੀ ਮਨਜ਼ੂਰੀ ਨਾਲ ਕੀਤੀ ਗਈ ਹੈ। ਸਰਕਾਰ ਨੇ ਵੀ ਇਸ ਬਾਰੇ ਕਿਹਾ ਕਿ ਸਾਡਾ ਜਸਬੀਰ ਸਿੰਘ ਨਾਲ ਇਕ-ਇਕ ਮਿੰਟ ਦਾ ਰਾਬਤਾ ਹੈ। ਜਸਬੀਰ ਸਿੰਘ 'ਤੇ ਸਰਕਾਰੀਏ ਹੋਣ ਦਾ ਪਹਿਲਾ ਇਲਜ਼ਾਮ ਮਹਿਤਾ ਚੌਕ 'ਚ ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਬੁੰਡਾਲਾ) ਵਲੋਂ ਪੋਸਟਰ ਲਾ ਕੇ ਲਾਇਆ ਗਿਆ ਸੀ।ਅਪਰੈਲ ਦੇ ਪਹਿਲੇ ਹਫ਼ਤੇ ਹੀ **ਬਲੈਕ-ਕੈਟਜ਼ ਕਮਾਂਡੋਜ਼** ਜਥੇਬੰਦੀ ਵੱਲੋਂ ਭਾਈ ਜਸਬੀਰ ਸਿੰਘ 'ਤੇ 26 ਇਲਜ਼ਾਮ ਲਾਏ ਗਏ

ਸਿਰਫ਼ ਦੋ ਮਹੀਨੇ ਵਿਚ ਹੀ ਜਸਬੀਰ ਸਿੰਘ ਦੀ ਸਰਕਾਰ ਨਾਲ ਸਾਂਝ ਨੰਗੀ ਹੋ ਗਈ ਤੇ ਖਾੜਕੂਆਂ ਨੇ ਉਸ ਨੂੰ ਰੱਦ ਕਰ ਦਿੱਤਾ; ਇਸ ਦਾ ਨਤੀਜਾ ਮਈ 1988 ਵਿਚ ਦਰਬਾਰ ਸਾਹਿਬ ਉੱਤੇ ਤੀਜੇ ਹਮਲੇ ਦੇ ਰੂਪ ਵਿਚ ਹੋਇਆ; ਇਸ ਮਗਰੋਂ ਤਾਂ ਜਸਬੀਰ ਸਿੰਘ ਬਿਲਕੁਲ ਹੀ ਬੇਨਕਾਬ ਹੋ ਗਿਆ।28 ਮਈ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਂ ਗਰੰਥੀਆਂ ਨੂੰ ਪੈਗਾਮ ਭੇਜਿਆ ਕਿ ਉਹ ਅਸਤੀਫ਼ੇ ਦੇ ਦੇਣ ਵਰਨਾ ਬਰਖਾਸਤ ਕਰ ਦਿਤੇ ਜਾਣਗੇ। ਪਰ ਗ੍ਰੰਥੀਆਂ ਨੇ ਇਸ ਦੀ ਪਰਵਾਹ ਨਾ ਕੀਤੀ। ਇਸ 'ਤੇ ਸ਼ਰੋਮਣੀ ਕਮੇਟੀ ਦੀ ਐਗਜ਼ੈਕਟਿਵ ਨੇ 30 ਮਈ ਨੂੰ ਇਨ੍ਹਾਂ ਪੰਜਾਂ (ਜਸਬੀਰ ਸਿੰਘ, ਪੂਰਨ ਸਿੰਘ, ਜਸਵੰਤ ਸਿੰਘ, ਕਸ਼ਮੀਰ ਸਿੰਘ, ਸਵਿੰਦਰ ਸਿੰਘ) ਨੂੰ ਬਰਤਰਫ਼ ਕਰ ਦਿਤਾ। ਅਗਲੇ ਦਿਨ ਸਰਕਾਰ ਨੇ ਇਨ੍ਹਾਂ ਗ੍ਰੰਥੀਆਂ ਵਾਸਤੇ ਜੇਲ੍ਹ ਵਿਚ ਪ੍ਰੈੱਸ ਕਾਨਫ਼ਰੰਸ ਦਾ ਇੰਤਜ਼ਾਮ ਕੀਤਾ (ਭਾਰਤ ਦੀ ਤਵਾਰੀਖ਼ 'ਚ ਇਹ ਪਹਿਲੀ ਵਾਰੀ ਹੋਇਆ ਸੀ, ਜਿਸ ਦੀ ਜੇਲ੍ਹ ਮੈਨੂਅਲ ਵੀ ਇਜਾਜ਼ਤ ਨਹੀਂ ਦੇਂਦਾ)। ਇਸ ਪ੍ਰੈੱਸ ਕਾਨਫ਼ਰੰਸ ਵਿਚ ਉਨ੍ਹਾਂ ਪੰਜਾਂ ਨੇ ਆਪਣੀ ਨੌਕਰੀ 'ਤੇ ਅੜੇ ਰਹਿਣ ਬਾਰੇ ਬਿਆਨ ਦਿਤਾ। ਇਕ ਦਿਲਚਸਪ ਗੱਲ ਇਹ ਹੈ ਉਨ੍ਹਾਂ ਦਰਬਾਰ ਸਾਹਿਬ 'ਤੇ ਫ਼ੌਜ ਦੇ ਹਮਲੇ ਅਤੇ ਕਬਜ਼ੇ ਬਾਰੇ ਇਕ ਲਫ਼ਜ਼ ਵੀ ਨਾ ਬੋਲਿਆ। ਇਸ ਪ੍ਰੈੱਸ ਕਾਨਫ਼ਰੰਸ 'ਚ ਦਿਤੇ ਜਾਣ ਵਾਲਾ ਬਿਆਨ ਸਰਕਾਰ ਦੇ ਪਬਲਿਕ ਰੀਲੇਸ਼ਨਜ਼ ਡਿਪਾਰਮੈਂਟ ਨੇ ਤਿਆਰ ਕਰ ਕੇ ਟਾਈਪ ਕਰਵਾਇਆ ਅਤੇ ਉਨ੍ਹਾਂ ਹੀ ਰਲੀਜ਼ ਕੀਤਾ ਤੇ ਅਖ਼ਬਾਰਾਂ ਨੂੰ ਭੇਜਿਆ ਸੀ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਮੱਲ ਸਿੰਘ ਘੁਮਾਣ ਨੂੰ ਗ੍ਰਿਫ਼ਤਾਰ ਕਰ ਕੇ ਸਰਕਾਰ ਨੇ ਜ਼ੋਰ ਪਾਇਆ ਕਿ ਇਹ ਬਰਖਾਸਤਗੀ ਨਾ ਕੀਤੀ ਜਾਵੇ।

ਇਨ੍ਹਾਂ ਗ੍ਰੰਥੀਆਂ ਦੀ ਬਰਖਾਸਤਗੀ ਦੀ ਹਿਮਾਇਤ ਸਾਰੇ ਅਕਾਲੀਆਂ ਨੇ ਕੀਤੀ, ਸਿਰਫ਼ ਬਾਬਾ ਜੋਗਿੰਦਰ ਸਿੰਘ ਦਾ ਟੱਬਰ ਹੀ ਇਸ ਨਾਲ ਦੁਖੀ ਹੋਇਆ। ਅਕਾਲੀਆਂ ਵਲੋਂ ਸਰਕਾਰ ਦੀ ਗੱਲ ਨਾ ਮੰਨਣ ਕਰ ਕੇ ਉਨ੍ਹਾਂ ਦੇ ਆਗੂਆਂ (ਪਰਕਾਸ਼ ਸਿੰਘ ਬਾਦਲ, ਸੁਰਜਨ ਸਿੰਘ ਠੇਕੇਦਾਰ, ਸੁਖਜਿੰਦਰ ਸਿੰਘ, ਸੁਖਦੇਵ ਸਿੰਘ ਢੀਡਸਾ, ਕੁਲਦੀਪ ਸਿੰਘ ਵਡਾਲਾ, ਸ਼ੇਰ ਸਿੰਘ ਡੂੰਮਛੇੜੀ) ਨੂੰ ਪੰਜਾਬ ਤੋਂ ਦੂਰ ਦੀਆਂ ਜੇਲ੍ਹਾਂ ਵਿਚ ਭੇਜ ਦਿਤਾ ਗਿਆ। ਦੂਜੇ ਪਾਸੇ ਸਰਕਾਰ ਨਾਲ ਸੌਦੇਬਾਜ਼ੀ ਕਰਨ ਵਾਲੇ ਬਾਬਾ ਜੋਗਿੰਦਰ ਸਿੰਘ, ਉਸ ਦੇ ਟੱਬਰ ਤੇ ਸਾਥੀਆਂ ਨੂੰ ਰਿਹਾ ਕਰ ਕੇ ਘਰੋਂ-ਘਰੀਂ ਭੇਜ ਦਿਤਾ ਗਿਆ।

28 ਜੂਨ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਦੇ 133 ਚੋਂ 100 ਮੈਂਬਰਾਂ ਨੇ ਜਸਬੀਰ ਸਿੰਘ, ਪੂਰਨ ਸਿੰਘ, ਕਸ਼ਮੀਰ ਸਿੰਘ, ਸਵਿੰਦਰ ਸਿੰਘ, ਜਸਵੰਤ ਸਿੰਘ ਦੀ ਬਰਖ਼ਾਸਤਗੀ ਦੀ ਹਿਮਾਇਤ ਕੀਤੀ।

ਸ਼੍ਰੋਮਣੀ ਕਮੇਟੀ ਨੇ ਪੰਜਾਂ ਗ੍ਰੰਥੀਆਂ ਦੀ ਬਰਖਾਸਤਗੀ ਤੋਂ ਮਗਰੋਂ ਨਵੇਂ 5 ਗ੍ਰੰਥੀ ਲਾਉਣ ਦਾ ਐਲਾਨ ਕੀਤਾ। ਇਨ੍ਹਾਂ ਵਿਚ ਦਿਲੀ ਦਾ ਹਰਚਰਨ ਸਿੰਘ ਅਤੇ ਜੂਨ 1984 'ਚ ਟੈਲੀਵਿਜ਼ਨ ਤੋਂ ਦਰਬਾਰ ਸਾਹਿਬ ਦੀ ਸਲਾਮਤੀ ਬਾਰੇ ਬਿਆਨ ਦੇਣ ਵਾਲਾ ਪ੍ਰੀਤਮ ਸਿੰਘ ਵੀ ਸਨ। ਦੂਜੇ ਪਾਸੇ ਗੁਰਬਚਨ ਸਿੰਘ ਮਾਨੋਚਾਹਲ ਨੇ ਵੀ ਆਪਣੇ 5 ਨਵੇਂ ਗ੍ਰੰਥੀ ਐਲਾਨ ਕਰ ਦਿਤੇ। ਇਸ ਹਿਸਾਬ ਨਾਲ ਹੁਣ 15 ਗਰੰਥੀ ਸਨ।

ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮਟੀ ਨੇ ਅਗਸਤ ਵਿਚ ਇਕ ਹੋਰ ਪਲਾਨ ਬਣਾਈ ਤੇ ਰਾਗੀ ਦਰਸ਼ਨ ਸਿੰਘ ਨੂੰ ਦੋਬਾਰਾ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੌਂਪਣ ਦਾ ਫ਼ੈਸਲਾ ਕੀਤਾ। ਇਸ ਸੋਚ ਨਾਲ 13 ਅਗਸਤ 1998 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮਟੀ ਵੱਲੋਂ ਦਰਸ਼ਨ ਸਿੰਘ ਨੂੰ ਦੋਬਾਰਾ ਅਕਾਲ ਤਖ਼ਤ ਦਾ ਮੁਖ ਸੇਵਾਦਾਰ ਲਾਉਣ ਦਾ ਪਤਾ ਪਾਸ ਕੀਤਾ ਗਿਆ।

1991: ਬਾਪੂ ਸੁੱਚਾ ਸਿੰਘ ਢੰਡੋਰੀ ਤੇ ਪੰਜਾਬ ਸਿੰਘ ਖਜਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

13 ਅਗਸਤ 1991 ਦੇ ਦਿਨ ਪੁਲੱਸ ਨੇ ਬਾਪੂ ਸੁੱਚਾ ਸਿੰਘ ਢੰਡੋਰੀ ਤੇ ਪੰਜਾਬ ਸਿੰਘ (ਪੁੱਤਰ ਬਚਨ ਸਿੰਘ, ਵਾਸੀ ਖਜਾਲਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਦਿਲਬਾਗ ਸਿੰਘ ਫੇਰੂਮਾਨ ਨਕਲੀ ਮੁਕਾਬਲੇ ਵਿਚ ਸ਼ਹੀਦ

ਤੇਰਾਂ ਅਗਸਤ 1992 ਦੇ ਦਿਨ ਪੁਲਸ ਨੇ ਦਿਲਬਾਗ ਸਿੰਘ (ਪੁੱਤਰ ਮਹਿੰਗਾ ਸਿੰਘ, ਵਾਸੀ ਪਿੰਡ ਫੇਰੂਮਾਨ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਕਾਤਲ ਪੁਲਸੀਆਂ ਦੇ 9 ਰਿਸ਼ਤੇਦਾਰ ਕਤਲ

ਰਛਪਾਲ ਸਿੰਘ ਫ਼ੌਦੜਾ, ਗੁਰਜੰਟ ਸਿੰਘ ਬੁੱਧਸਿੰਘਵਾਲਾ ਅਤੇ ਸੁਖਦੇਵ ਸਿੰਘ ਬਬਰ ਨੂੰ ਨਕਲੀ ਮੁਕਾਬਲਿਆਂ ਵਿਚ ਮਾਰਨ ਦੀ ਸਜ਼ਾ ਵਜੋਂ ਖਾੜਕੂਆਂ ਨੇ 13 ਅਗਸਤ 1992 ਦੇ ਦਿਨ ਸਿੱਖਾਂ ਦੇ ਕਾਤਲ ਪੁਲਸੀਆਂ ਦੇ 9 ਰਿਸ਼ਤੇਦਾਰ ਕਤਲ ਕਰ ਦਿਤੇ। ਬਦਲਾ-ਲਊ ਕਤਲਾਂ ਦਾ ਇਹ ਲਗਾਤਾਰ ਚੌਥਾ ਦਿਨ ਸੀ।

1994: ਸੁਖਪਾਲ ਸਿੰਘ ਕਾਲਾ ਅਫ਼ਗਾਨਾ ਨਕਲੀ ਮੁਕਾਬਲੇ ਵਿਚ ਸ਼ਹੀਦ

ਤੇਰਾਂ ਅਗਸਤ 1994 ਦੇ ਦਿਨ ਪੁਲਸ ਨੇ ਸੁਖਪਾਲ ਸਿੰਘ (ਪੁੱਤਰ ਜਗੀਰ ਸਿੰਘ, ਵਾਸੀ ਪਿੰਡ ਕਾਲ ਅਫ਼ਗਾਨਾ, ਜ਼ਿਲ੍ਹਾ ਗੁਰਦਾਸਪੁਰ) ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

14 ਅਗਸਤ

1897: ਦਰਬਾਰ ਸਾਹਿਬ ਵਿਚ ਬਿਜਲੀ ਲਗਣ; ਰਾਣੀ ਵਿਕਟੋਰੀਆ ਦੀ ਡਾਇਮੰਡ ਜੁਬਲੀ ਅਤੇ 'ਜੁਗਨੀ ਜਾ ਵੜੀ ਪਟਿਆਲੇ' ਦਾ ਪਿਛੋਕੜ

1897 ਦੇ ਦਿਨ ਬਰਤਾਨੀਆ ਦੀ ਰਾਣੀ ਵਿਕਟੋਰੀਆ ਦੀ ਹਕੂਮਤ ਦੇ 50 ਸਾਲ ਪੂਰੇ ਹੋਣ 'ਤੇ ਡਾਇਮੰਡ ਜੁਬਲੀ ਮਨਾਈ ਜਾ ਰਹੀ ਸੀ। ਇਸ ਸਬੰਧ ਵਿਚ ਜੁਲਾਈ ਤੋਂ ਹੀ

ਸਮਾਗਮ ਹੋਣ ਲਗ ਪਏ ਸਨ। ਇਸ ਖ਼ੁਸ਼ੀ ਵਿਚ ਬਿਕਰਮ ਸਿੰਘ ਰਾਜਾ ਫ਼ਰੀਦਕੋਟ ਨੇ ਦਰਬਾਰ ਸਾਹਿਬ ਵਿਚ ਬਿਜਲੀ ਲਾਉਣ ਵਾਸਤੇ 25000 ਰੁਪੈ ਦਿੱਤੇ ਤੇ ਫਿਰ ਉਸ ਨੇ ਦਰਬਾਰ ਸਾਹਿਬ ਦੇ ਲੰਗਰ ਵਾਸਤੇ ਵੀ ਇਕ ਲੱਖ ਰੁਪੈ ਹੋਰ ਭੇਟ ਕੀਤੇ। 14 ਅਗਸਤ ਦੇ ਦਿਨ ਦਰਬਾਰ ਸਾਹਿਬ ਵਿਚ ਬਿਜਲੀ ਨਾਲ ਰੌਸ਼ਨੀ ਸ਼ੁਰੂ ਹੋ ਗਈ ਤੇ ਦੀਵਿਆਂ ਅਤੇ ਜੋਤ ਜਗਾਉਣ ਦਾ ਕੰਮ ਖ਼ਤਮ ਹੋ ਗਿਆ।

ਭਾਵੇ ਖੇਮ ਸਿੰਘ ਬੇਦੀ ਨੂੰ ਅੰਗਰੇਜ਼ੀ ਸਰਕਾਰ ਪੱਕਾ ਵਫ਼ਾਦਾਰ ਸਮਝਦੀ ਸੀ ਪਰ ਉਸ ਦੇ ਸਾਥੀਆਂ ਵੱਲੋਂ ਮਹਾਰਾਜਾ ਦਲੀਪ ਸਿੰਘ ਦੀ ਹਿਮਾਇਤ ਨੇ ਬੇਦੀ ਦੇ ਹਿਮਾਇਤੀ ਖ਼ਾਲਸਾ ਦੀਵਾਨ ਅੰਮ੍ਰਿਤਸਰ ਨੂੰ ਸਰਕਾਰ ਦੇ ਘਰ ਵਿਚ ਬਾਗ਼ੀ ਬਣਾ ਦਿਤਾ। ਸਰਕਾਰ ਨੇ ਅੰਮ੍ਰਿਤਸਰ ਧੜੇ ਨੂੰ ਸਿੱਖਾਂ ਦੇ ਨੁਮਾਇੰਦਿਆਂ ਵਜੋਂ ਸਰਕਾਰੀ ਬੈਠਕਾਂ, ਕਮੇਟੀਆਂ ਅਤੇ ਅਦਾਰਿਆਂ ਵਿਚ ਥਾਂ ਦੇਣੀ ਬੰਦ ਕਰ ਦਿਤੀ। ਇਨ੍ਹੀਂ ਦਿਨੀਂ ਹੀ ਦਰਬਾਰ ਸਾਹਿਬ ਵਿਚ ਬਿਜਲੀ ਲਾਉਣ ਦਾ ਚਰਚਾ ਵੀ ਚਲ ਪਿਆ। ਇਸ ਸਬੰਧੀ ਦੋ ਰਾਵਾਂ ਬਣ ਗਈਆਂ। ਸਿੰਘ ਸਭਾ ਦਾ ਅੰਮ੍ਰਿਤਸਰ ਧੜਾ ਬਿਜਲੀ ਦੇ ਹੱਕ ਵਿਚ ਸੀ। ਇਸ ਧੜੇ ਦੇ ਰਾਜਾ ਬਿਕਰਮਾ ਸਿੰਘ ਫ਼ਰੀਦਕੋਟ ਨੇ ਇਸ ਮਕਸਦ ਵਾਸਤੇ, ਰਾਣੀ ਵਿਕਟੋਰੀਆ ਦੀ ਜੁਬਲੀ ਦੇ ਨਾਂ ਤੇ 25 ਹਜ਼ਾਰ ਰੁਪੈ ਦੇਣ ਦਾ ਐਲਾਨ ਵੀ ਕਰ ਦਿੱਤਾ। ਦੂਜੇ ਪਾਸੇ, ਲਾਹੌਰ ਧੜੇ ਦੇ ਪ੍ਰੋ. ਗੁਰਮੁਖ ਸਿੰਘ ਇਸ ਦੇ ਖ਼ਿਲਾਫ਼ ਸਨ। ਬਿਜਲੀ ਦੀ ਮੁਖ਼ਾਲਫ਼ਤ ਕਰਨ ਕਾਰਨ ਅੰਮ੍ਰਿਤਸਰ ਧੜੇ ਨੇ ਪ੍ਰੋ. ਗੁਰਮੁਖ ਸਿੰਘ ਅਤੇ ਗਿ. ਦਿਤ ਸਿੰਘ ਦੇ ਖ਼ਿਲਾਫ਼ ਬੜਾ ਪ੍ਰਚਾਰ ਕੀਤਾ।

ਭਾਵੇ ਖੇਮ ਸਿੰਘ ਬੇਦੀ ਨੂੰ ਅੰਗਰੇਜ਼ੀ ਸਰਕਾਰ ਪੱਕਾ ਵਫ਼ਾਦਾਰ ਸਮਝਦੀ ਸੀ ਪਰ ਉਸ ਦੇ ਸਾਥੀਆਂ ਵੱਲੋਂ ਮਹਾਰਾਜਾ ਦਲੀਪ ਸਿੰਘ ਦੀ ਹਿਮਾਇਤ ਨੇ ਬੇਦੀ ਦੇ ਹਿਮਾਇਤੀ ਖ਼ਾਲਸਾ ਦੀਵਾਨ ਅੰਮ੍ਰਿਤਸਰ ਨੂੰ ਸਰਕਾਰ ਦੇ ਘਰ ਵਿਚ ਬਾਗ਼ੀ ਬਣਾ ਦਿਤਾ। ਸਰਕਾਰ ਨੇ ਅੰਮ੍ਰਿਤਸਰ ਧੜੇ ਨੂੰ ਸਿੱਖਾਂ ਦੇ ਨੁਮਾਇੰਦਿਆਂ ਵਜੋਂ ਸਰਕਾਰੀ ਬੈਠਕਾਂ, ਕਮੇਟੀਆਂ ਅਤੇ ਅਦਾਰਿਆਂ ਵਿਚ ਥਾਂ ਦੇਣੀ ਬੰਦ ਕਰ ਦਿਤੀ। ਇਨ੍ਹੀਂ ਦਿਨੀਂ ਹੀ ਦਰਬਾਰ ਸਾਹਿਬ ਵਿਚ ਬਿਜਲੀ ਲਾਉਣ ਦਾ ਚਰਚਾ ਵੀ ਚਲ ਪਿਆ। ਇਸ ਸਬੰਧੀ ਦੋ ਰਾਵਾਂ ਬਣ ਗਈਆਂ। ਸਿੰਘ ਸਭਾ ਦਾ ਅੰਮ੍ਰਿਤਸਰ ਧੜਾ ਬਿਜਲੀ ਦੇ ਹੱਕ ਵਿਚ ਸੀ। ਇਸ ਧੜੇ ਦੇ ਰਾਜਾ ਬਿਕਰਮਾ ਸਿੰਘ ਫ਼ਰੀਦਕੋਟ ਨੇ ਇਸ ਮਕਸਦ ਵਾਸਤੇ, ਰਾਣੀ ਵਿਕਟੋਰੀਆ ਦੀ ਜੁਬਲੀ ਦੇ ਨਾਂ ਤੇ 25 ਹਜ਼ਾਰ ਰੁਪੈ ਦੇਣ ਦਾ ਐਲਾਨ ਵੀ ਕਰ ਦਿੱਤਾ। ਦੂਜੇ ਪਾਸੇ, ਲਾਹੌਰ ਧੜੇ ਦੇ ਪ੍ਰੋ. ਗੁਰਮੁਖ ਸਿੰਘ ਇਸ ਦੇ ਖ਼ਿਲਾਫ਼ ਸਨ। ਬਿਜਲੀ ਦੀ ਮੁਖ਼ਾਲਫ਼ਤ ਕਰਨ ਕਾਰਨ ਅੰਮ੍ਰਿਤਸਰ ਧੜੇ ਨੇ ਪ੍ਰੋ. ਗੁਰਮੁਖ ਸਿੰਘ ਅਤੇ ਗਿ. ਦਿਤ ਸਿੰਘ ਦੇ ਖ਼ਿਲਾਫ਼ ਬੜਾ ਪ੍ਰਚਾਰ ਕੀਤਾਨ।

1945: ਜਪਾਨ ਨੇ ਹਥਿਆਰ ਸੁੱਟੇ ਤੇ ਦੂਜੀ ਜੰਗ ਖ਼ਤਮ ਹੋਈ

1939 ਵਿਚ ਸ਼ੁਰੂ ਹੋਈ ਦੂਜੀ ਕੁਲ ਆਲਮੀ ਜੰਗ (ਵਰਲਡ ਵਾਰ) 14 ਅਗਸਤ 1945 ਦੇ ਦਿਨ ਖ਼ਤਮ ਹੋ ਗਈ। ਨਾਗਾਸਾਕੀ ਅਤੇ ਹੀਰੋਸ਼ੀਮਾ ਸ਼ਹਿਰਾਂ 'ਤੇ ਅਮਰੀਕਾ ਵੱਲੋਂ ਬੰਬ ਸੁੱਟ ਕੇ ਹਜ਼ਾਰਾਂ ਲੋਕਾਂ ਨੂੰ ਖ਼ਤਮ ਕਰਨ ਅਤੇ ਹੋਰ ਤਬਾਹੀ ਹੋਣ ਕਾਰਨ ਮਗਰੋਂ ਇਸ ਦਿਨ ਜਾਪਾਨ ਨੇ ਹਥਿਆਰ ਸੁੱਟੇ ਸਨ।

1947: ਪਾਕਿਸਤਾਨ ਇਕ ਆਜ਼ਾਦ ਮੁਲਕ ਵਜੋਂ ਕਾਇਮ ਹੋਇਆ

ਲਾਰਡ ਐਟਲੀ ਨੇ ਬਰਤਾਨੀਆਂ ਦਾ ਪ੍ਰਾਈਮ ਮਨਿਸਟਰ ਬਣਦਿਆਂ ਹੀ 19 ਫ਼ਰਵਰੀ 1946 ਨੂੰ ਭਾਰਤ ਵਾਸਤੇ ਇਕ ਕਮਿਸ਼ਨ, ਜਿਸ ਵਿਚ ਕੈਬਨਿਟ ਦੇ ਵਜ਼ੀਰ ਸ਼ਾਮਿਲ ਹੋਣ, ਭੇਜਣ ਦਾ ਐਲਾਨ ਕੀਤਾ। ਇਸ ਵਿਚ ਲਾਰਡ ਪਥਿਕ ਲਾਰੈਂਸ, ਸਰ ਕ੍ਰਿਪਸ (ਕ੍ਰਿਪਸ

ਮਿਸ਼ਨ ਵਾਲਾ) ਤੇ ਏ.ਵੀ. ਅਲੈਗਜ਼ੈਂਦਰ, ਤਿੰਨ ਮੈਂਬਰ ਸਨ। ਇਸ ਮਿਸ਼ਨ ਨੇ ਵਾਇਸਰਾਏ ਦੀ ਮਦਦ ਨਾਲ ਭਾਰਤ ਦੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨਾਲ ਮਿਲ ਕੇ ਭਾਰਤ ਦੀ ਆਜ਼ਾਦੀ ਬਾਰੇ ਫ਼ੈਸਲਾ ਕਰਨਾ ਸੀ। ਕੈਬਨਿਟ ਮਿਸ਼ਨ 24 ਮਾਰਚ 1946 ਦੇ ਦਿਨ ਦਿੱਲੀ ਪਹੁੰਚ ਗਿਆ। 3 ਮਹੀਨੇ ਵਿਚ ਮਿਸ਼ਨ ਦੇ ਮੈਂਬਰਾਂ ਨੇ ਤਕਰੀਬਨ 5 ਸੌ ਆਗੂਆਂ ਨਾਲ ਕੋਈ ਦੋ ਸੌ ਮੀਟਿੰਗਾਂ ਕੀਤੀਆਂ। ਇਨ੍ਹਾਂ ਮੀਟਿੰਗਾਂ ਵਿਚ ਮੁੱਖ ਤੌਰ 'ਤੇ ਅਕਾਲੀ, ਮੁਸਲਿਮ ਲੀਗ ਅਤੇ ਕਾਂਗਰਸੀ ਆਗੂ ਹੀ ਸ਼ਾਮਿਲ ਸਨ। ਉਂਞ ਇਨ੍ਹਾਂ ਦੀ ਹੋਰ ਵੀ ਕਈ ਆਗੂਆਂ ਨਾਲ ਗਲਬਾਤ ਹੋਈ, ਪਰ ਅਸਲੀ ਮਸਲਾ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਦਾ ਹੀ ਸੀ ਤੇ ਤਿੰਨਾਂ ਕੌਮਾਂ ਦੇ ਮਸਲਿਆਂ ਦੇ ਹੱਲ ਕੱਢਣ ਬਾਰੇ ਵਿਚਾਰਾਂ ਹੀ ਮੁੱਖ ਤੌਰ ਤੇ ਹੁੰਦੀਆਂ ਰਹੀਆਂ। 16 ਮਈ 1946 ਨੂੰ ਕੈਬਨਿਟ ਮਿਸ਼ਨ ਦੀ ਪੇਸ਼ਕਸ਼ ਛਾਇਆ ਹੋਈ। ਮਿਸ਼ਨ ਨੇ ਭਾਰਤ ਵਿਚ ਤਿੰਨ ਕੌਮਾਂ ਦੀ ਹੋਂਦ ਮਨਜ਼ੂਰ ਕੀਤੀ ਪਰ ਸਿੱਖ ਹੱਕਾਂ ਬਾਰੇ ਕੋਈ ਫ਼ੈਸਲਾ ਨਾ ਕੀਤਾ ਗਿਆ। ਕੈਬਨਿਟ ਮਿਸ਼ਨ ਨੇ ਪਾਕਿਸਤਾਨ ਦੀ ਮੰਗ ਤਾਂ ਰੱਦ ਕਰ ਦਿੱਤੀ ਪਰ ਨਾਲ ਹੀ ਭਾਰਤ ਦੀ ਦੋ ਗਰੁੱਪਾਂ (ਏ ਤੇ ਬੀ) ਵਿਚ ਵੰਡ ਦੀ ਹਿਮਾਇਤ ਕੀਤੀ, ਜਿਸ ਦਾ ਮਤਲਬ ਇਹੀ ਸੀ ਕਿ ਪਾਕਿਸਤਾਨ ਵਾਸਤੇ ਅਸਿੱਧੇ ਢੰਗ ਨਾਲ ਰਸਤਾ ਸਾਫ਼ ਕਰ ਦੇਣਾ। ਮਿਸ਼ਨ ਨੇ ਬੀ ਗਰੁਪ ਵਿਚ ਪੰਜਾਬ, ਸਿੰਧ, ਬਲੋਚਿਸਤਾਨ ਤੇ ਸੂਬਾ ਸਰਹੱਦ ਰੱਖੇ ਸਨ।

ਅੰਗਰੇਜ਼ ਸਰਕਾਰ ਨੇ ਕੈਬਨਟ ਮਿਸ਼ਨ ਦੇ ਫ਼ੈਸਲਿਆਂ ਬਾਰੇ ਫ਼ਰਕਾਂ ਨੂੰ ਹੱਲ ਕਰਨ ਵਾਸਤੇ ਭਾਰਤ 'ਚੋਂ ਹਿੰਦੂ, ਸਿੱਖ ਤੇ ਮੁਸਲਮਾਨ ਵਜ਼ੀਰਾਂ (ਅੰਤਰਮ ਸਰਕਾਰ ਦੇ ਵਜ਼ੀਰਾਂ) ਨੂੰ ਬੁਲਾ ਲਿਆ। ਇਨ੍ਹਾਂ ਵਿਚ ਨਹਿਰੂ ਤੇ ਪਟੇਲ (ਹਿੰਦੂ), ਬਲਦੇਵ ਸਿੰਘ (ਸਿੱਖ) ਤੇ ਲਿਆਕਤ ਅਲੀ ਖ਼ਾਨ ਤੇ ਜਿਨਾਹ (ਮੁਸਲਮਾਨ) ਪੰਜ ਵਜ਼ੀਰ ਸਨ। ਪਟੇਲ ਤੋਂ ਸਿਵਾ ਬਾਕੀ ਚਾਰ ਮੈਂਬਰਾਂ ਨੇ ਲਾਰਡ ਵੇਵਲ ਤੇ ਅੰਗਰੇਜ਼ ਸਰਕਾਰ ਦੇ ਵਜ਼ੀਰਾਂ ਨਾਲ ਵਿਚਾਰ ਵਟਾਂਦਰਾ ਕੀਤਾ। ਮੁਸਲਮ ਲੀਗ ਨੇ ਕੈਬਨਟ ਮਿਸ਼ਨ ਦੀ ਸੂਬਿਆਂ ਦੀ ਗਰੁਪਬੰਦੀ ਨੂੰ ਮਨਜ਼ੂਰ ਕਰਨ ਦੀ ਮੰਗ ਕੀਤੀ ਪਰ ਕਾਂਗਰਸ ਅਤੇ ਸਿੱਖਾਂ ਨੇ ਮਨਜ਼ੂਰ ਨਾ ਕੀਤੀ। ਸਿੱਖਾਂ ਵਾਸਤੇ ਇਹ ਸਭ ਤੋਂ ਵਧੇਰੇ ਖ਼ਤਰਨਾਕ ਸੀ। ਇਸ ਹੇਠ ਸਿੱਖ ਮੁਸਲਮ ਦੇਸ਼, ਪਾਕਿਸਤਾਨ ਦਾ ਹਿੱਸਾ ਬਣਦੇ ਸਨ। ਕਾਂਗਰਸ ਪਹਿਲੋਂ ਤਾਂ ਨਾਂਹ ਕਰਦੀ ਰਹੀ ਤੇ ਅਪਣਾ ਵਖਰਾ ਪੱਖ ਪੇਸ਼ ਕੀਤਾ। ਪਰ ਹੱਥ ਵਿਚ 'ਇਕ ਦੇਸ਼ ਦੀ ਤਾਕਤ' ਆਉਂਦੀ ਵੇਖ ਕੇ ਕਾਂਗਰਸ ਨੇ ਇਹ ਮਨਜ਼ੂਰ ਕਰ ਲਿਆ ਅਤੇ ਸਿੱਖਾਂ ਨਾਲ ਵਿਸਾਹਘਾਤ ਕਰਨ ਦਾ ਫ਼ੈਸਲਾ ਕਰ ਲਿਆ। ਸਿਰਫ਼ ਗਰੁਪਬੰਦੀ ਹੀ ਨਹੀਂ ਸਗੋਂ ਸਾਦੀ ਬਹੁ ਗਿਣਤੀ ਨਾਲ ਫ਼ੈਸਲੇ ਕਰਨ ਦੀ ਗੱਲ ਵੀ ਮਨਜ਼ੂਰ ਕਰ ਲਈ ਗਈ। ਜਦੋਂ ਚੋਣਾਂ ਮਗਰੋਂ ਆਜ਼ਾਦ ਭਾਰਤ ਦਾ ਆਈਨ (ਵਿਧਾਨ) ਬਣਾਉਣ ਵਾਸਤੇ 'ਆਈਨੀ ਅਸੈਂਬਲੀ' ਨੇ ਕੰਮ ਕਰਨਾ ਸ਼ੁਰੂ ਕੀਤਾ ਤਾਂ (ਹਿੰਦੂ) ਕਾਂਗਰਸ ਦੀ ਅਕਸਰੀਅਤ ਹੋਣ ਕਰ ਕੇ ਕਾਂਗਰਸ ਨੇ ਅਪਣੀ ਮਰਜ਼ੀ ਨਾਲ ਅਸੈਂਬਲੀ ਚਲਾਉਣ ਦਾ ਫ਼ੈਸਲਾ ਕੀਤਾ। ਇਸ 'ਤੇ ਮੁਸਲਮ ਲੀਗ ਨੇ ਪਹਿਲੇ ਦਿਨ, 9 ਦਸੰਬਰ 1946 ਨੂੰ, ਹੀ ਇਸ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿੱਤਾ।

ਇਸ ਮਗਰੋਂ ਮੁਸਲਮ ਲੀਗ ਨੇ ਆਪਣਾ ਐਕਸ਼ਨ ਸ਼ੁਰੂ ਕਰ ਦਿੱਤਾ। 16 ਅਗਸਤ 1946 ਨੂੰ ਕਲਕਤਾ ਵਿਚ 'ਡਾਇਰੈਕਟ ਐਕਸ਼ਨ' ਦਿਨ ਮਨਾਇਆ ਗਿਆ। ਬੰਗਾਲ ਦੀ ਲੀਗ ਸਰਕਾਰ ਨੇ ਇਸ ਦਿਨ ਸਰਕਾਰੀ ਛੁੱਟੀ ਦਾ ਐਲਾਨ ਕਰ ਦਿੱਤਾ। ਇਕ ਹਫ਼ਤੇ ਦੇ ਅੰਦਰ-ਅੰਦਰ 6000 ਬੰਦੇ ਕਤਲ ਹੋਏ ਅਤੇ ਤਕਰੀਬਨ 950 ਅੱਗ ਲਗਣ ਦੀਆਂ ਵਾਰਦਾਤਾਂ ਹੋਈਆਂ। ਸਭ ਤੋਂ ਵਧੇਰੇ ਵਾਰਦਾਤਾਂ ਤਿਰਪੁਰਾ ਤੇ ਨੋਆਖਲੀ ਵਿਚ ਹੋਈਆਂ। 11 ਸਤੰਬਰ 1946 ਨੂੰ ਜਿਨਾਹ ਨੇ ਹਿੰਦੂਆਂ ਨੂੰ 'ਪਾਕਿਸਤਾਨ ਜਾਂ ਸਿਵਲ ਵਾਰ' ਦੋਹਾਂ ਵਿਚੋਂ ਇਕ ਚੁਨਣ ਵਾਸਤੇ ਕਿਹਾ। ਜਿਨਾਹ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਦੇ ਇਲਾਕੇ ਵਿਚੋਂ ਹਿੰਦੂ-ਸਿੱਖ ਤੇ ਇਸ ਪਾਸੇ ਵਲੋਂ ਮੁਸਲਮਾਨਾਂ ਨੂੰ ਇਕ ਦਮ ਬਦਲ ਕੇ ਆਉਣ ਵਾਲੀ ਹਾਲਤ ਤੋਂ ਬਚਾਉਣ

ਵਾਸਤੇ ਪਰੋਗਰਾਮ ਬਣ ਸਕਦਾ ਹੈ। ਪਰ ਜਿਨਾਹ ਦੀ ਗੱਲ ਦੀ ਕਿਸੇ ਨੇ ਵੀ ਨਾ ਪਰਵਾਹ ਕੀਤੀ। ਪੰਜਾਬੀਆਂ ਅਤੇ ਬੰਗਾਲੀਆਂ ਦੇ ਹੋਣ ਵਾਲੇ ਕਤਲੇਆਮ ਦੀ ਹਿੰਦੀ ਬੈਲਟ ਦੇ ਕਾਂਗਰਸੀਆਂ ਨੂੰ ਕੋਈ ਪਰਵਾਹ ਨਹੀਂ ਸੀ।

ਹਾਲਤ ਨੂੰ ਵਿਗੜਦਿਆਂ ਵੇਖ ਕੇ ਲਾਰਡ ਐਟਲੀ ਨੇ 20 ਜਨਵਰੀ 1947 ਨੂੰ ਐਲਾਨ ਕੀਤਾ ਕਿ ਜੂਨ 1948 ਤੋਂ ਪਹਿਲਾਂ ਪਹਿਲਾਂ ਭਾਰਤ ਦਾ ਇੰਤਜ਼ਾਮ ਦੇਸ਼ ਦੇ ਲੋਕਾਂ ਦੇ ਹੱਥ ਸੌਂਪ ਦਿਤਾ ਜਾਏਗਾ। ਪਰ ਮਗਰੋਂ ਇਸ ਤਾਰੀਖ਼ ਨੂੰ ਬਦਲ ਕੇ ਅਗਸਤ 1947 'ਤੇ ਲੈ ਆਦਾ ਗਿਆ। ਚੌਦਾਂ ਅਗਸਤ 1947 ਦੇ ਦਿਨ ਮੁਸਲਮਾਨਾਂ ਨੂੰ ਉਨ੍ਹਾਂ ਦਾ ਨਵਾਂ ਆਜ਼ਾਦ ਮੁਲਕ ਪਾਕਿਸਤਾਨ ਮਿਲ ਗਿਆ; ਮੁਸਲਮਾਨਾਂ ਨੇ ਹਿੰਦੂ ਆਗੂਆਂ ਵੱਲੋਂ ਕਈ ਚਾਲਾਕੀ ਹੋਣ ਤੋਂ ਡਰਦਿਆਂ ਭਾਰਤ ਦੀ ਅਜ਼ਾਦੀ ਤੋਂ ਇਕ ਦਿਨ ਪਹਿਲਾਂ ਤਾਕਤ ਹਾਸਿਲ ਕਰਨ ਵਾਸਤੇ ਉਚੇਚਾ ਜ਼ੋਰ ਪਾਇਆ ਸੀ।

1983: ਪਾਇਲ ਵਿਚ ਰਾਜ ਅਨਮੋਲ ਸਿੰਘ, ਦਲੀਪ ਸਿੰਘ ਦੀਪਾ, ਨਿਰਮਲ ਸਿੰਘ ਤੇ ਗੁਰਜੀਤ ਸਿੰਘ ਗ੍ਰਿਫ਼ਤਾਰ (ਮਗਰੋਂ ਨਕਲੀ ਮੁਕਾਬਲੇ ਵਿਚ ਕਤਲ ਕਰ ਦਿੱਤੇ ਗਏ)

14 ਅਗਸਤ 1983 ਦੇ ਦਿਨ ਪਾਇਲ ਵਿਚ ਜ਼ਿਲ੍ਹਾ ਲੁਧਿਆਣਾ ਦੇ ਐਸ.ਐਸ.ਪੀ. ਡੀ. ਆਰ. ਭੱਟੀ ਦੇ ਹੁਕਮ ਹੇਠ ਪੁਲਸ ਨੇ ਚਾਰ ਬੇਗੁਨਾਹ ਸਿੱਖ ਨੌਜਵਾਨ ਰਾਜ ਅਨਮੋਲ ਸਿੰਘ, ਦਲੀਪ ਸਿੰਘ ਦੀਪਾ, ਨਿਰਮਲ ਸਿੰਘ ਤੇ ਗੁਰਜੀਤ ਸਿੰਘ ਗ੍ਰਿਫ਼ਤਾਰ ਕੀਤੇ। ਉਨ੍ਹਾਂ ਨੂੰ ਠਾਣੇ ਲਿਜਾ ਕੇ ਬਹੁਤ ਬੇਰਹਿਮੀ ਨਾਲ ਮਾਰਿਆ ਗਿਆ ਜਿਸ ਨਾਲ ਉਨ੍ਹਾਂ ਦੀ ਹਾਲਤ ਏਨੀ ਵਿਗੜ ਗਈ ਕਿ ਉਨ੍ਹਾਂ ਦਾ ਬਚਣਾ ਨਾਮੁਮਕਿਨ ਹੋ ਗਿਆ। ਅਖ਼ੀਰ ਭੱਟੀ ਨੇ ਉਨ੍ਹਾਂ ਨੂੰ ਨਕਲੀ ਮੁਕਾਬਲੇ ਵਿਚ ਕਤਲ ਕਰ ਦੇਣ ਦੇ ਹੁਕਮ ਜਾਰੀ ਕਰ ਦਿੱਤੇ। ਇਸ ਮੁਕਾਬਲੇ ਨੂੰ ਅਸਲੀ ਬਣਾਉਣ ਵਾਸਤੇ ਇਕ ਬਜ਼ੁਰਗ ਸਿੱਖ ਸਿਪਾਹੀ, ਜੋ ਕੁਝ ਦਿਨ ਤਕ ਰਿਟਾਇਰ ਹੋਣ ਵਾਲਾ ਸੀ, ਨੂੰ ਵੀ ਗੋਲੀ ਮਾਰ ਦੇਣ ਦੀ ਸਕੀਮ ਬਣਾਈ ਗਈ। ਜਦ ਉਸ ਸਿਪਾਹੀ ਨੂੰ ਪਤਾ ਲੱਗਾ ਤਾਂ ਉਹ ਨੌਕਰੀ ਛੱਡ ਕੇ ਦੌੜ ਗਿਆ ਤੇ ਫੇਰ ਠਾਣੇ ਨਾ ਵੜਿਆ। ਇਨ੍ਹਾਂ ਚੌਹਾਂ ਨੂੰ ਕੁੱਟਣ ਅਤੇ ਨਕਲੀ ਮੁਕਾਬਲੇ ਵਿਚ ਮਾਰਨ ਵਾਲੇ ਪੁਲਸੀਆਂ ਵਿਚ ਸ਼ਾਮਿਲ ਸਨ: ਐਸ.ਐਸ.ਪੀ. ਡੀ. ਆਰ. ਭੱਟੀ, ਡੀ.ਐਸ.ਪੀ. ਰਾਜ ਕਿਸ਼ਨ ਬੇਦੀ (ਜਿਸ ਨੇ ਮਗਰੋਂ ਚੰਡੀਗੜ੍ਹ ਦੀ ਬੀਬੀ ਰੇਸ਼ਮ ਕੌਰ ਤੇ ਉਸ ਦਾ ਮਾਸੂਮ ਬੱਚਾ ਵੀ ਮਾਰੇ ਸਨ), ਇੰਸਪੈਕਟਰ ਹਰਨੇਕ ਸਿੰਘ ਤੇ ਸੁਰਜੀਤ ਸਿੰਘ, ਕਾਂਸਟੇਬਲ ਮਹਿੰਗਾ ਸਿੰਘ, ਕਰਮ ਸਿੰਘ, ਕਿਰਪਾਲ ਸਿੰਘ, ਗੁਰਦੇਵ ਸਿੰਘ, ਜਸਬੀਰ ਸਿੰਘ ਵਗ਼ੈਰਾ। ਸਿੱਖਾਂ ਨੇ ਭੱਟੀ ਨੂੰ ਸਜ਼ਾ ਦੇਣ ਦੀ ਕਈ ਵਾਰ ਕੋਸ਼ਿਸ਼ ਕੀਤੀ ਪਰ ਉਸ ਦੀ ਕਿਸਮਤ ਕਿ ਉਹ (ਡਰ ਹੇਠ ਜਿਉਣ ਵਾਸਤੇ) ਬਚਦਾ ਹੀ ਰਿਹਾ।

1988: ਹਰਿਆਣਾ ਪੁਲਸ ਨੇ ਸਤਵਿੰਦਰ ਸਿੰਘ ਉਰਫ਼ ਸੱਤਾ, ਗੋਪਾਲ ਸਿੰਘ, ਗੁਰਸ਼ਰਨ ਸਿੰਘ ਸ਼ਹੀਦ ਕੀਤੇ

14 ਅਗਸਤ 1988 ਦੇ ਦਿਨ ਹਰਿਆਣਾ ਪੁਲਸ ਨੇ ਸਤਵਿੰਦਰ ਸਿੰਘ ਉਰਫ਼ ਸੱਤਾ, ਗੋਪਾਲ ਸਿੰਘ, ਗੁਰਸ਼ਰਨ ਸਿੰਘ ਨੂੰ ਕੁਰੁਕਸ਼ੇਤਰ ਉਤੇ ਪਿਹੋਵਾ ਦੇ ਵਿਚਕਾਰ ਬੇਵਜਹ ਗੋਲੀਆਂ ਮਾਰ ਕੇ ਸ਼ਹੀਦ ਕਰ ਦਿਤਾ।

1989: ਦਵਿੰਦਰ ਸਿੰਘ ਘੰਨੂਪੁਰ, ਜਸਵੰਤ ਸਿੰਘ ਸ਼ਰੀਫ਼ਪੁਰਾ, ਗੁਰਦੇਵ ਸਿੰਘ ਕੋਟ ਖਾਲਸਾ, ਅੰਮ੍ਰਿਤਸਰ, ਕੁਲਵਿੰਦਰ ਸਿੰਘ ਕਿੰਦਾ, ਜਸਵੰਤ ਸਿੰਘ ਜੱਸਾ, ਰਾਜਵੰਤ ਸਿੰਘ ਤੇ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

14 ਅਗਸਤ 1989 ਦੇ ਦਿਨ ਪੁਲਸ ਨੇ ਦਵਿੰਦਰ ਸਿੰਘ (ਪੁੱਤਰ ਮਨਜੀਤ ਸਿੰਘ, ਵਾਸੀ ਘੰਨੂਪੁਰ ਕਲਾ, ਅੰਮ੍ਰਿਤਸਰ), ਜਸਵੰਤ ਸਿੰਘ (ਪੁੱਤਰ ਚੰਨਣ ਸਿੰਘ, ਵਾਸੀ ਸ਼ਰੀਫ਼ਪੁਰਾ,

ਅੰਮ੍ਰਿਤਸਰ), ਗੁਰਦੇਵ ਸਿੰਘ (ਪੁੱਤਰ ਬਲਵੀਰ ਸਿੰਘ, ਵਾਸੀ ਕੋਟ ਖਾਲਸਾ, ਅੰਮ੍ਰਿਤਸਰ), ਕੁਲਵਿੰਦਰ ਸਿੰਘ ਕਿੰਦਾ, ਜਸਵੰਤ ਸਿੰਘ ਉਰਫ਼ ਜੱਸਾ, ਰਾਜਵੰਤ ਸਿੰਘ ਤੇ ਤਿੰਨ ਹੋਰ ਸਿੱਖਾਂ ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸਰਦਾਰਾ ਸਿੰਘ ਬੂਹ, ਕੁਲਵਿੰਦਰ ਸਿੰਘ ਫ਼ੌਜੀ, ਦਿਲਬਾਗ ਸਿੰਘ ਕੋਟ ਹਯਾਤ, ਵਿਰਸਾ ਸਿੰਘ ਫ਼ੌਜੀ, ਮਹਿੰਦਰ ਸਿੰਘ ਓਠੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

14 ਅਗਸਤ 1991 ਦੇ ਦਿਨ ਪੰਜਾਬ ਪੁਲਸ ਨੇ ਸਰਦਾਰਾ ਸਿੰਘ ਬੂਹ ਉਰਫ਼ ਦਲਜੀਤ ਸਿੰਘ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੁਲਸ ਨੇ ਕੁਲਵਿੰਦਰ ਸਿੰਘ ਫ਼ੌਜੀ, ਦਿਲਬਾਗ ਸਿੰਘ ਸੈਕਟਰੀ (ਵਾਸੀ ਕੋਟ ਹਯਾਤ), ਵਿਰਸਾ ਸਿੰਘ ਫ਼ੌਜੀ (ਵਾਸੀ ਦਸ਼ਮੇਸ ਨਗਰ), ਮਹਿੰਦਰ ਸਿੰਘ ਪੱਪੂ (ਵਾਸੀ ਓਠੀਆਂ, ਅੰਮ੍ਰਿਤਸਰ) ਨੂੰ ਵੀ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

2012: ਸ਼ਿਕਾਗੋ ਵਿਚ ਦਲਜੀਤ ਸਿੰਘ ਸਾਧ ਜੇਲ੍ਹ ਵਿਚ ਬੰਦ ਕੀਤਾ ਗਿਆ

14 ਅਗਸਤ 2012 ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਚ ਦਲਜੀਤ ਸਿੰਘ ਸਾਧ ਨੂੰ ਇਕ ਅਦਾਲਤ ਨੇ ਹੱਤਕ ਅਦਾਲਤ ਅਤੇ ਫ਼ਰਾਡ ਦੇ ਕੇਸ ਵਿਚ ਜੇਲ੍ਹ ਵਿਚ ਬੰਦ ਕਰ ਦਿੱਤਾ। 19 ਮਈ 2012 ਨੂੰ ਹਰਮਿੰਦਰ ਸਿੰਘ ਖੈਰਾ ਨੇ ਉਸ 'ਤੇ ਗੁਰਦਆਰੇ ਦੀ ਜਾਇਦਾਦ ਖ਼ੁਰਦ ਬੁਰਦ ਕਰਨ ਦਾ ਕੇਸ ਕੀਤਾ ਹੋਇਆ ਸੀ।[1] ਦਲਜੀਤ ਸਿੰਘ ਨੇ ਗੁਰਦੁਆਰੇ ਦੀ ਇਮਾਰਤ ਨੂੰ ਹਰਪ੍ਰੀਤ ਸੈਣੀ ਨਾਂ ਦੇ ਬੰਦੇ ਦੇ ਨਾਂ 'ਤੇ ਤਬਦੀਲ ਕਰ ਦਿੱਤਾ ਸੀ। ਦਲਜੀਤ ਪਹਿਲਾਂ ਕੁਝ ਚਿਰ ਅਦਾਲਤ ਵਿਚ ਪੇਸ਼ ਹੋਣ ਤੋਂ ਭੱਜਦਾ ਰਿਹਾ ਪਰ ਅਖ਼ੀਰ ਪੇਸ਼ ਹੋ ਗਿਆ। ਉਸ ਨੂੰ ਹਥਕੜੀਆਂ ਲਾ ਕੇ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਨੂੰ 5 ਅਕਤੂਬਰ ਤਕ ਸਾਢੇ ਤਿੰਨ ਲੱਖ ਡਾਲਰ ਜਮ੍ਹਾਂ ਕਰਵਾਉਣ ਵਾਸਤੇ ਹੁਕਮ ਦਿੱਤਾ। ਰਕਮ ਨਾ ਜਮ੍ਹਾ ਕਰਵਾਉਣ 'ਤੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ। 7 ਮਹੀਨੇਕੈਦ ਰਹਿਣ ਮਗਰੋਂ ਉਹ ਮਾਰਚ 2013 ਜ਼ਮਾਨਤ ਤੇ ਰਿਹਾ ਹੋਇਆ। ਜਲੰਧਰ ਦੀ ਇਕ ਅਖ਼ਬਾਰ ਨੇ ਹਮੇਸ਼ਾ ਬਾਬਾ ਜੀ ਕਹਿ ਕੇ ਉਸ ਦੀਆਂ ਸਿਫ਼ਤਾਂ ਨਾਲ ਭਰੀਆਂ ਖ਼ਬਰਾਂ ਛਾਪੀਆਂ ਸਨ।

2013: ਸੁਪਰੀਮ ਕੋਰਟ ਨੇ ਦਵਿੰਦਰ ਸਿੰਘ ਭੁੱਲਰ ਦੀ ਦਰਖ਼ਾਸਤ ਫਿਰ ਠੁਕਰਾਈ

12 ਅਪ੍ਰੈਲ 2013 ਦੇ ਦਿਨ ਸੁਪਰੀਮ ਕੋਰਟ (ਜਸਟਿਸ ਜੀ.ਐਸ. ਸਿੰਘਵੀ ਅਤੇ ਐਸ.ਜੇ. ਮੁਖੋਪਾਧਿਆ) ਨੇ ਮੌਤ ਦੀ ਸਜ਼ਾ ਯਾਫ਼ਤਾ ਦਵਿੰਦਰ ਸਿੰਘ ਭੁਲੱਰ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਦਰਖ਼ਾਸਤ ਰੱਦ ਕਰ ਦਿੱਤੀ ਸੀ। ਪਰ ਇਸ ਤੋਂ 19 ਦਿਨ ਮਗਰੋਂ 1 ਮਈ 2013 ਸੁਪਰੀਮ ਕੋਰਟ (ਜਸਟਿਸ ਸਿੰਘਵੀ) ਨੇ ਕਤਲ ਕੇਸ ਵਿਚ ਫ਼ਾਂਸੀ ਦੀ ਸਜ਼ਾ ਵਾਲੇ ਐਮ.ਐਨ. ਦਾਸ ਦੀ ਅਪੀਲ ਮਨਜ਼ੂਰ ਕਰ ਕੇ ਉਸ ਨੂੰ ਉਮਰ ਕੈਦ ਵਿਚ ਬਦਲ ਦਿੱਤਾ; ਉਸ ਦੀ ਅਪੀਲ ਵਿਚ ਵੀ, ਭੁੱਲਰ ਵਾਂਗ, ਨੁਕਤਾ ਇਹ ਲਿਆ ਗਿਆ ਸੀ ਕਿ ਉਸ ਦੀ ਰਹਿਮ ਦੀ ਦਰਖ਼ਾਸਤ 'ਤੇ ਰਾਸ਼ਟਰਪਤੀ ਨੇ 16 ਸਾਲ ਫ਼ੈਸਲਾ ਨਹੀਂ ਸੀ ਦਿੱਤਾ। ਭੁਲੱਰ ਵੱਲੋਂ ਇਕ ਹੋਰ (ਆਖ਼ਰੀ) ਦਰਖ਼ਾਸਤ ਨੂੰ ਵੀ ਸੁਪਰੀਮ ਕੋਰਟ ਨੇ 14 ਅਗਸਤ 2013 ਦੇ ਦਿਨ ਰੱਦ ਕਰ ਦਿੱਤਾ। ਮਗਰੋਂ 21 ਜਨਵਰੀ 2014 ਦੇ ਦਿਨ ਸੁਪਰੀਮ ਕੋਰਟ ਨੇ ਇਕ ਫ਼ੈਸਲੇ ਵਿਚ ਕਿਹਾ ਕਿ ਮੌਤ ਦੀ ਸਜ਼ਾ ਯਾਫ਼ਤਾ ਜਿਨ੍ਹਾਂ ਕੈਦੀਆਂ ਦੀ ਰਹਿਮ ਦੀ ਅਪੀਲ ਨੂੰ ਬਹੁਤ ਲੰਮੀ ਦੇਰ ਹੋ ਚੁਕੀ ਹੈ, ਜਾਂ ਜੋ ਦਿਮਾਗ਼ੀ ਬੀਮਾਰੀ ਦਾ ਸ਼ਿਕਾਰ ਹਨ, ਉਨ੍ਹਾਂ ਦੀ ਸਜ਼ਾ ਨੂੰ ਉਮਰ ਕੇਦ ਵਿਚ ਬਦਲ ਦਿੱਤਾ ਜਾਣਾ ਚਾਹੀਦਾ ਹੈ। ਇਸ ਫ਼ੈਸਲੇ ਹੇਠ ਭੁੱਲਰ ਵਾਸਤੇ ਦੋਬਾਰਾ ਅਪੀਲ ਪਾਈ ਗਈ। ਇਸ ਦਾ ਫ਼ੈਸਲਾ ਸੁਪਰੀਮ ਕੋਰਟ ਨੇ 31 ਮਾਰਚ 2014 ਦੇ ਦਿਨ ਕੀਤਾ ਅਤੇ ਉਸ ਦੀ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੇਦ ਵਿਚ ਬਦਲ ਦਿੱਤਾ।

15 ਅਗਸਤ

1947: ਪੰਦਰਾਂ ਅਗਸਤ 1947 ਦੇ ਦਿਨ ਭਾਰਤ ਅਜ਼ਾਦ ਹੋਇਆ।

1951: ਟਾਈਮਜ਼ ਆਫ਼ ਇੰਡੀਆ ਨੇ ਪੰਜਾਬੀ ਸੂਬਾ ਦੀ ਹਿਮਾਇਤ ਕੀਤੀ

1951 ਵਿਚ ਮਰਦਮ ਸ਼ੁਮਾਰੀ ਦਾ ਕੰਮ ਜ਼ੋਰਾਂ ਨਾਲ ਸ਼ੁਰੂ ਸੀ। ਪੰਜਾਬ ਦਾ ਦਹਿਸ਼ਤਗਰਦੀ ਦੀ ਸੋਚ ਵਾਲਾ ਮਹਾਸ਼ਾ ਪਰੈੱਸ ਅਪਣੀ ਜ਼ਹਿਰੀਲੀ ਕਲਮ ਨਾਲ ਪੰਜਾਬੀ ਹਿੰਦੂ ਦੀ ਬੋਲੀ ਬਦਲਣ ਲਈ ਸਾਰਾ ਟਿਲ ਲਾ ਰਿਹਾ ਸੀ ਅਤੇ ਫ਼ਿਰਕਾਪ੍ਰਸਤੀ ਦੀ ਸੋਚ ਨਾਲ ਪੰਜਾਬ ਦਾ ਮਾਹੌਲ ਖ਼ਰਾਬ ਕਰ ਰਿਹਾ ਸੀ। ਹਿੰਦੂ ਸਿੱਖਾਂ ਵਿਚ ਪਈ ਵੰਡ ਦੀ ਲਕੀਰ ਨੂੰ ਕਾਲੇ ਰੰਗ ਨਾਲ ਭਰਨ ਲਈ ਮਹਾਸ਼ਾ ਪਰੈੱਸ ਨੇ ਪੂਰੀ ਕੋਸ਼ਿਸ਼ ਕੀਤੀ ਅਤੇ ਕਾਮਯਾਬੀ ਵੀ ਹਾਸਿਲ ਕੀਤੀ। ਹਿੰਦੂਆਂ ਤੇ ਹਰੀਜਨਾਂ ਨੂੰ ਮਹਾਸ਼ਾ ਪਰੈੱਸ ਨੇ ਅਪਣੀ ਫ਼ਿਰਕਾਪ੍ਰਸਤੀ ਦੀ ਛੂਤ ਦਾ ਨਿਸ਼ਾਨਾ ਸੋਖਿਆਂ ਹੀ ਬਣਾ ਲਿਆ। ਨਤੀਜੇ ਵਜੋਂ ਹਰ ਸਿੱਖ ਨੇ ਪੰਜਾਬੀ ਅਤੇ ਹਰ ਹਿੰਦੂ ਨੇ ਹਿੰਦੀ ਨੂੰ ਅਪਣੀ ਬੋਲੀ ਲਿਖਾਇਆ। ਟਾਈਮਜ਼ ਆਫ਼ ਇੰਡੀਆ ਅਖ਼ਬਾਰ ਦੇ 15 ਅਗਸਤ 1951 ਦੇ ਪਰਚੇ ਵਿਚ ਉਨ੍ਹਾਂ ਦੇ ਨਾਮਾਨਿਗਾਰ ਨੇ ਵੀ ਇਹ ਲਿਖਿਆ ਕਿ "ਪੰਜਾਬ ਦੇ ਸਿੱਖ ਕਾਂਗਰਸ ਦੇ ਵਿਰੁਧ ਹਨ ਕਿਉਂ ਕਿ ਸਿੱਖਾਂ ਦੀ ਹਰ ਗੱਲ ਦਾ ਵਿਰੋਧ ਕੀਤਾ ਜਾਂਦਾ ਹੈ। ਇਸ ਵਿਚ ਪੰਜਾਬੀ ਬੋਲੀ ਵਿਰੋਧੀ ਵਤੀਰੇ ਦਾ ਸਭ ਤੋਂ ਵਧ ਹਿੱਸਾ ਹੈ। ਕਿਸੇ ਵੀ ਕਾਂਗਰਸੀ (ਹਿੰਦੂ) ਨੇ ਕਦੇ ਇਹ ਨਹੀਂ ਸੋਚਿਆ ਕਿ ਸਿੱਖਾਂ ਦਾ ਕੀ ਕਰਨਾ ਹੈ। ਕਾਂਗਰਸੀ ਤਾਂ ਸਿੱਖਾਂ ਨੂੰ ਹਰ ਹਥਿਆਰ ਨਾਲ ਭੰਡਦੇ ਹਨ। ਇਸੇ ਕਰ ਕੇ ਸਿੱਖ ਪੰਜਾਬੀ ਸੂਬਾ ਮੰਗਦੇ ਹਨ। ਇਹੀ ਸਿੱਖਾਂ ਦੇ ਮਸਲੇ ਦਾ ਇਕ ਹੱਲ ਹੈ।"

1960: ਦਿੱਲੀ ਵਿਚ ਭਾਰਤ ਦੇ ਅਜ਼ਾਦੀ ਦਿਨ 'ਤੇ ਪਜਾਬੀ ਸੂਬਾ ਜ਼ਿੰਦਾਬਾਦ' ਵਾਲੇ ਕਾਲੇ ਭੁਕਾਨੇ ਉਡਾਏ ਗਏ

ਪੰਜਾਬੀ ਸੂਬੇ ਦੇ ਮੋਰਚੇ ਦੌਰਾਨ ਇਕ ਵੱਡਾ ਪ੍ਰੋਟੈਸਟ ਐਕਸ਼ਨ 15 ਅਗਸਤ 1960 ਦੇ ਦਿਨ ਹੋਇਆ ਸੀ। ਇਸ ਦਿਨ ਦਿੱਲੀ ਵਿਚ ਲਾਲ ਕਿਲ੍ਹੇ ਦੇ ਬਾਹਰ ਪ੍ਰਾਈਮ ਮਨਿਸਟਰ ਪੰਡਤ ਨਹਿਰੂ ਨੇ ਭਾਰਤੀਆਂ ਦੇ ਨਾਂ ਪੈਗ਼ਾਮ ਦੇਣਾ ਸੀ। ਪੰਜਾਬੀ ਸੂਬਾ ਨਾ ਬਣਾਉਣਾ ਸਿੱਖਾਂ ਨਾਲ ਇਕ ਬਹੁਤ ਵੱਡਾ ਧੱਕਾ ਸੀ। ਇਸ ਨਾਲ ਸਿੱਖਾਂ ਨੂੰ ਅਹਿਸਾਸ ਹੁੰਦਾ ਸੀ ਕਿ ਭਾਰਤ ਦੀ ਆਜ਼ਾਦੀ ਉਨ੍ਹਾਂ ਵਾਸਤੇ ਕੋਈ ਮਤਲਬ ਨਹੀਂ ਰਖਦੀ। ਇਹ ਮਹਿਸੂਸ ਕਰ ਕੇ ਸਿੱਖਾਂ ਨੇ ਫ਼ੈਸਲਾ ਕੀਤਾ ਕਿ ਭਾਰਤ ਦੀ ਅਜ਼ਾਦੀ ਦੇ ਦਿਨ 15 ਅਗਸਤ ਨੂੰ ਆਪਣਾ ਪ੍ਰੋਟੈਸਟ ਜ਼ਾਹਿਰ ਕਰ ਕੇ ਦੁਨੀਆਂ ਭਰ ਦੇ ਲੋਕਾਂ ਨੂੰ ਦੱਸਣਗੇ ਕਿ ਸਿੱਖਾਂ ਨਾਲ ਭਾਰਤ ਵਿਚ ਗ਼ੁਲਾਮਾਂ ਵਾਂਗ ਸਲੂਕ ਕੀਤਾ ਜਾ ਰਿਹਾ ਹੈ। ਦਿੱਲੀ ਵਿਚ ਪੰਜਾਬੀ ਸੂਬੇ ਦੇ ਡਿਕਟੇਟਰ ਨੇ ਐਲਾਨ ਕੀਤਾ ਕਿ 15 ਅਗਸਤ ਦੇ ਦਿਨ ਸਿੱਖਾਂ ਦਾ ਇਕ ਜਲੂਸ ਸੀਸ ਗੰਜ ਗੁਰਦੁਆਰੇ ਤੋਂ ਲਾਲ ਕਿਲ੍ਹੇ ਵਲ ਮਾਰਚ ਕਰੇਗਾ। ਇਸ ਜਲੂਸ ਵਿਚ ਸ਼ਾਮਿਲ ਹੋਣ ਵਾਲੇ ਸਿੱਖ ਕਾਲੇ ਕੱਪੜੇ ਪਹਿਣ ਕੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਹੋਏ ਲਾਲ ਕਿਲ੍ਹੇ ਵਲ ਜਾਣਗੇ।

ਇਸ ਐਲਾਨ ਤੋਂ ਭਾਰਤ ਸਰਕਾਰ ਅਤੇ ਦਿੱਲੀ ਦੀ ਪੁਲਿਸ ਤੇ ਹਾਕਮ ਘਬਰਾ ਗਏ। 14 ਅਗਸਤ ਤੋਂ ਹੀ ਲਾਲ ਕਿਲ੍ਹੇ ਅਤੇ ਸੀਸ ਗੰਜ ਗੁਰਦੁਆਰੇ ਦੇ ਵਿਚਕਾਰ ਹਰ ਪਾਸੇ ਪੁਲਿਸ ਹੀ ਪੁਲਿਸ ਨਜ਼ਰ ਆਉਂਦੀ ਸੀ। ਕੋਈ ਵੀ ਇਹ ਗੱਲ ਮੰਨਣ ਲਈ ਤਿਆਰ ਨਹੀਂ ਸੀ ਕਿ ਇਸ ਹਾਲਤ ਵਿਚ ਅਕਾਲੀ ਜਲੂਸ ਕੱਢ ਸਕਣਗੇ। ਪਰ ਪੁਲਿਸ, ਲੋਕਾਂ ਅਤੇ ਪ੍ਰੈੱਸ ਨੂੰ ਬਹੁਤ ਹੈਰਾਨੀ ਹੋਈ ਜਦੋਂ ਕੀਤੇ ਐਲਾਨ ਮੁਤਾਬਿਕ ਜਿਸ ਵੇਲੇ ਪੰਡਿਤ ਜਵਾਹਰ ਲਾਲ ਨਹਿਰੂ ਲਾਲ ਕਿਲ੍ਹੇ ਵਲ ਟੁਰਿਆ ਐਨ ਉਸੇ ਵੇਲੇ ਕਾਲੇ ਵਸਤਰ ਪਹਿਨੇ ਹੋਏ ਸਿੱਖਾਂ ਦਾ ਕਾਫ਼ਲਾ ਜਦੋਂ

ਸੀਸ ਗੰਜ ਗੁਰਦੁਆਰੇ ਤੋਂ ਨਿਕਲਿਆ। ਪੁਲਿਸ ਨੇ ਉਨ੍ਹਾਂ ਨੂੰ ਬਾਹਰ ਨਿਕਲਦਿਆਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਪਿਛੋਂ ਹੋਰ ਜਥੇ ਵੀ ਆਉਣੇ ਸ਼ੁਰੂ ਹੋ ਗਏ ਅਤੇ ਤਕਰੀਬਨ ਇਕ ਘੰਟਾ, ਜਦੋਂ ਤਕ ਪੰਡਤ ਨਹਿਰੂ ਲੈਕਚਰ ਕਰਦਾ ਰਿਹਾ, ਸਿੱਖਾਂ ਦੇ ਜਥੇ ਗੁਰਦੁਆਰਾ ਸੀਸ ਗੰਜ ਤੋਂ ਲਾਲ ਕਿਲ੍ਹੇ ਵਲ ਜਾਂਦੇ ਰਹੇ ਅਤੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਾ ਕੇ ਗ੍ਰਿਫ਼ਤਾਰੀ ਦਿੰਦੇ ਰਹੇ। ਸਿਰਫ਼ ਏਨਾ ਹੀ ਨਹੀਂ ਹੀ ਨਹੀਂ ਬਲਕਿ ਜਦੋਂ ਪੰਡਤ ਜਵਾਹਰ ਲਾਲ ਨਹਿਰੂ ਨੇ ਤਕਰੀਰ ਸ਼ੁਰੂ ਕੀਤੀ ਤਾਂ ਉਸੇ ਵੇਲੇ ਲਾਲ ਕਿਲ੍ਹੇ ਦੇ ਮੈਦਾਨ ਦੇ ਪੰਡਾਲ ਵਿਚੋਂ ਕੁਝ ਸਿੱਖ ਨੌਜਵਾਨ ਉੱਠੇ ਅਤੇ ਉਨ੍ਹਾਂ ਨੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿਤੇ। ਇਹ ਵੇਖ ਕੇ ਪੰਡਤ ਨਹਿਰੂ ਬੁਰੀ ਤਰ੍ਹਾਂ ਘਬਰਾ ਗਿਆ।

ਇਸ ਦੇ ਨਾਲ ਹੀ ਇਕ ਹੋਰ ਅਹਿਮ ਘਟਨਾ ਹੋਈ ਜਿਸ ਨੇ ਪਡੰਤ ਨਹਿਰੂ ਨੂੰ ਬੌਖਲਾਅ ਦਿੱਤਾ। ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤਾ ਹੋਇਆ ਸੀ ਕਿ ਜਿਸ ਵੇਲੇ ਨਹਿਰੂ ਝੰਡਾ ਲਹਿਰਾਉਣ ਵਾਸਤੇ ਖੜਾ ਹੋਵੇਗਾ। ਉਸ ਦਿਨ ਆਸਮਾਨ ਵਿਚ ਕਾਲੇ ਗ਼ੁਬਾਰੇ ਛੱਡਣਗੇ। ਪੁਲਿਸ ਨੇ ਕਈ ਦਿਨ ਪਹਿਲਾਂ ਤੋਂ ਹੀ ਗੁਰਦੁਆਰਾ ਸੀਸ ਗੰਜ ਦੀ ਅਣ-ਐਲਾਨੀ ਨਾਕਾਬੰਦੀ ਕੀਤੀ ਹੋਈ ਸੀ। ਪੁਲਿਸ ਨੇ ਗੁਰਦੁਆਰਾ ਸੀਸ ਗੰਜ ਵਲੋਂ ਆਉਂਦੇ ਹੋਏ ਬਹੁਤ ਸਾਰੇ ਗ਼ੁਬਾਰੇ ਅਤੇ ਗੈਸ ਭਰਨ ਵਾਲੇ ਸਿਲੰਡਰ ਪਕੜ ਵਿਚ ਕਰ ਲਏ ਸਨ। ਪੁਲਿਸ ਦਾਅਵਾ ਕਰ ਰਹੀ ਸੀ ਕਿ ਅਕਾਲੀ ਆਗੂ ਅਸਮਾਨ ਵਿਚ ਕਾਲੇ ਗ਼ੁਬਾਰੇ ਨਹੀਂ ਛੱਡ ਸਕਣਗੇ। ਪਰ ਪੁਲਿਸ ਦੀ ਉਮੀਦ ਦੇ ਉਲਟ ਜਦੋਂ ਪੰਡਤ ਜਵਾਹਰ ਲਾਲ ਨਹਿਰੂ ਤਕਰੀਰ ਕਰਨ ਵਾਸਤੇ ਲਾਲ ਕਿਲ੍ਹੇ ਦੀ ਕੰਧ ਤੇ ਖੜਾ ਹੋਇਆ ਤਾਂ ਸੈਂਕੜਿਆਂ ਦੀ ਗਿਣਤੀ ਵਿਚ ਕਾਲੇ ਗ਼ੁਬਾਰੇ, ਜਿਨ੍ਹਾਂ 'ਤੇ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਵਿਚ 'ਪੰਜਾਬੀ ਸੂਬਾ ਜ਼ਿੰਦਾਬਾਦ' ਲਿਖਿਆ ਹੋਇਆ ਸੀ, ਅਸਮਾਨ ਵਿਚ ਉੱਡਦੇ ਨਜਰ ਆਏ। ਕੁਝ ਹੀ ਪਲਾਂ ਵਿਚ ਲਾਲ ਕਿਲ੍ਹੇ ਦੇ ਆਲੇ ਦੁਆਲੇ ਦਾ ਅਸਮਾਨ ਕਾਲੇ ਗ਼ੁਬਾਰਿਆਂ ਨਾਲ ਭਰਿਆ ਹੋਇਆ ਸੀ। ਕਾਲੇ ਕੱਪੜਿਆਂ ਵਾਲੇ ਮੁਜ਼ਾਹਰੀਨ, ਕਾਲੇ ਗ਼ੁਬਾਰਿਆਂ ਨਾਲ ਭਰਿਆ ਅਸਮਾਨ ਅਤੇ ਲਾਲ ਕਿਲ੍ਹੇ ਦੇ ਮੈਦਾਨ ਵਿਚ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰਿਆਂ ਨੇ ਪੰਡਿਤ ਨਹਿਰੂ ਨੂੰ ਪੂਰੀ ਤਰ੍ਹਾਂ ਹਿਲਾ ਕੇ ਰੱਖ ਦਿਤਾ। ਉਨ੍ਹਾਂ ਨੇ ਪੰਜਾਬੀ ਸੂਬੇ ਦੇ ਖ਼ਿਲਾਫ਼ ਅਤੇ ਸਿੱਖਾਂ ਦੇ ਖ਼ਿਲਾਫ਼ ਬਹੁਤ ਕੁਝ ਬੋਲਿਆ। ਮੁਲਕ ਦੇ ਲੋਕਾਂ ਨੂੰ ਪੈਗ਼ਾਮ ਦੇਣ ਦੀ ਬਜਾਏ ਉਹ ਪੰਜਾਬੀ ਸੂਬੇ ਦੀ ਮੰਗ ਦੇ ਖ਼ਿਲਾਫ਼ ਇਧਰ-ਉਧਰ ਦੀਆਂ ਗੱਲਾਂ ਮਾਰਦਾ ਰਿਹਾ। ਨਹਿਰੂ ਦੀ ਤਕਰੀਰ ਸਾਰੀ ਬਰਾਡਕਾਸਟ ਹੋ ਰਹੀ ਸੀ। ਲੰਬੀਆਂ-ਲੰਬੀਆਂ ਤਕਰੀਰਾਂ ਕਰਨ ਵਾਲਾ ਪੰਡਤ ਜਵਾਹਰ ਲਾਲ ਨਹਿਰੂ ਏਨਾ ਘਬਰਾਇਆ ਹੋਇਆ ਸੀ ਕਿ 15 ਅਗਸਤ ਦੇ ਮੌਕੇ 'ਤੇ ਕੋਈ ਸੰਜੀਦਾ ਗੱਲ ਆਖਣ ਦੀ ਬਜਾਏ ਉਹ ਇਧਰ-ਉਧਰ ਦੀਆਂ ਬੇਮਾਅਨਾ ਗੱਲਾਂ ਕਰ ਕੇ, ਘਬਰਾਹਟ ਵਿਚ ਬੇਸੁਆਦੀ ਜਿਹੀ ਤੇ ਨਿੱਕੀ-ਜਿਹੀ ਐਂਟੀ-ਸਿੱਖ ਤਕਰੀਰ ਕਰ ਕੇ ਛੇਤੀ ਹੀ ਬੈਠ ਗਿਆ।

1961: ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬਾ ਵਾਸਤੇ ਮਰਨ ਵਰਤ ਰੱਖਿਆ

29 ਮਈ 1961 ਨੂੰ ਮਾਸਟਰ ਤਾਰਾ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ 'ਮੈਂ ਫਤਹਿ ਸਿੰਘ ਦਾ ਵਰਤ ਨਹਿਰੂ ਦੀ ਦਿੱਲੀ ਤੇ ਭਾਵ ਨਗਰ ਵਿਚ ਕੀਤੀ ਤਕਰੀਰ ਤੇ ਵਾਅਦੇ ਦੀ ਬਿਨਾਅ 'ਤੇ ਛੁਡਵਾਇਆ ਸੀ। ਉਸ ਵਕਤ ਸਿੱਖਾਂ ਵਿਚ ਫੁੱਟ ਦਾ ਮੁਕਾਮ ਆ ਜਾਣ ਕਰ ਕੇ ਵਰਤ ਛੁਡਾਉਣਾ ਪਿਆ। ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਨਹਿਰੂ 'ਤੇ ਯਕੀਨ ਨਾ ਕਰਨ ਵਾਲੇ ਠੀਕ ਸਨ।' ਨਾਲ ਹੀ ਉਸ ਨੇ 15 ਅਗਸਤ 1961 ਤੋਂ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ।

ਮਾਸਟਰ ਤਾਰਾ ਸਿੰਘ ਮਰਨ ਵਰਤ ਦਾ ਐਲਾਨ ਕਰ ਮਗਰੋਂ ਗ੍ਰਿਫ਼ਤਾਰੀ ਤੋਂ ਬਚਣ ਲਈ 1 ਜੂਨ ਨੂੰ ਦਰਬਾਰ ਸਾਹਿਬ ਵਿਚ ਆ ਗਿਆ। ਇਸ ਤੋਂ ਜਲਦੀ ਹੀ ਪਿੱਛੋਂ, 8 ਜੂਨ ਨੂੰ ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਮੁੜ ਸ਼ੁਰੂ ਹੋ ਗਈਆਂ। ਇਸੇ ਦਿਨ ਆਤਮਾ ਸਿੰਘ, ਕਿਹਰ ਸਿੰਘ ਵੈਰਾਗੀ, ਹਰਬੰਸ ਸਿੰਘ ਮਜੀਠਾ, ਜਗਜੀਤ ਸਿੰਘ ਗੋਰੋਆਨੀ, ਹਜ਼ਾਰਾ ਸਿੰਘ ਗਿੱਲ, ਸਾਧੂ ਸਿੰਘ ਭੈਰਾ, ਬਲਦੇਵ ਸਿੰਘ ਮਾਹਿਲਪੁਰੀ, ਪ੍ਰੀਤਮ ਸਿੰਘ ਸ਼ਰੀਂਹ, ਕ੍ਰਿਪਾਲ ਸਿੰਘ ਸ਼ੇਰੇ ਵਾਲਾ, ਆਤਮਾ ਸਿੰਘ ਭੈਣੀ, ਕਰਤਾਰ ਸਿੰਘ ਦਰਵੇਸ਼, ਬਖ਼ਤਾਵਰ ਸਿੰਘ ਤੇ ਕਈ ਹੋਰ ਗ੍ਰਿਫ਼ਤਾਰ ਕਰ ਲਏ ਗਏ। ਦੂਜੇ ਪਾਸੇ 11 ਜੂਨ ਨੂੰ ਫ਼ਿਰਕੂ ਹਿੰਦੂ ਰਾਮੇਸ਼ਵਰਾ ਨੰਦ ਨੇ ਮਾਸਟਰ ਤਾਰਾ ਸਿੰਘ ਦੇ ਵਰਤ ਦੇ ਖ਼ਿਲਾਫ਼ ਮਰਨ ਵਰਤ ਰੱਖਣ ਦਾ ਐਲਾਨ ਕੀਤਾ।

ਇਸ ਦੌਰਾਨ 29 ਜੂਨ 1961 ਨੂੰ ਬਲਦੇਵ ਸਿੰਘ ਸਾਬਕਾ ਡਿਫ਼ੈਂਸ ਮਨਿਸਟਰ ਦੀ ਮੌਤ ਹੋ ਗਈ। ਮਾਸਟਰ ਜੀ ਨੇ ਬੜੀ ਮਸ਼ਕਲ ਨਾਲ ਫਤਹਿ ਸਿੰਘ ਨੂੰ ਆਪਣੇ ਵਲੋਂ ਅਰਦਾਸ ਵਿਚ ਸ਼ਾਮਿਲ ਹੋਣ ਵਾਸਤੇ ਭੇਜਿਆ। ਭੋਗ ਮਗਰੋਂ ਫਤਹਿ ਸਿੰਘ ਅਤੇ ਹੋਰ ਸਾਥੀਆਂ ਨੇ ਫੇਰ ਦਰਬਾਰ ਸਾਹਿਬ ਵਿਚ ਡੇਰੇ ਲਾ ਲਏ। ਪਹਿਲੀ ਜੁਲਾਈ ਨੂੰ ਹੁਡਿਆਰੇ ਨੇ ਐਲਾਨ ਕੀਤਾ ਕਿ ਜੇ ਪੰਜਾਬੀ ਸੂਬਾ ਨਾ ਬਣਾਇਆ ਗਿਆ ਤਾਂ ਸਿੱਖ ਸਟੇਟ ਦੀ ਮੰਗ ਕੀਤੀ ਜਾਵੇਗੀ। ਜਵਾਬ ਵਿਚ ਮਾਸਟਰ ਤਾਰਾ ਸਿੰਘ ਨੇ ਬਿਆਨ ਦਿੱਤਾ ਕਿ 'ਸਿੱਖ ਸਟੇਟ ਦੀ ਮੰਗ ਕਰਨਾ ਪਾਗ਼ਲਪਣ ਹੈ।' 12 ਜੁਲਾਈ 1961 ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਇਕ ਪ੍ਰੈਸ ਕਾਨਫ਼ਰੰਸ ਵਿਚ ਮਾਸਟਰ ਜੀ ਨੇ ਕਿਹਾ ਕਿ ਉਹ ਪੰਜਾਬੀ ਸੂਬੇ ਸਵਾਲ 'ਤੇ ਰਾਏ ਸ਼ੁਮਾਰੀ ਕਰਾਉਣ ਲਈ ਤਿਆਰ ਹਨ। ਪਰ ਸਰਕਾਰ ਇਹ ਗੱਲ ਕਿਥੇ ਗੱਲ ਮੰਨ ਸਕਦੀ ਸੀ। ਇਸ ਕਰ ਕੇ ਅਖ਼ੀਰ 15 ਅਗਸਤ 1961 ਦੇ ਦਿਨ ਮਾਸਟਰ ਤਾਰਾ ਸਿੰਘ ਨੇ ਅਕਾਲ ਤਖ਼ਤ 'ਤੇ ਅਰਦਾਸ ਕਰ ਕੇ ਮੰਜੀ ਸਾਹਿਬ ਦੀ (ਫ਼ਤਹਿ ਸਿੰਘ ਵਲੋਂ ਦਸੰਬਰ 1960 ਵਿਚ ਉਚੇਚੇ ਤੌਰ 'ਤੇ ਤਿਆਰ ਕਰਵਾਈ ਗਈ) ਝੌਂਪੜੀ ਵਿਚ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ।

1969: ਦਰਸ਼ਨ ਸਿੰਘ ਫੇਰੂਮਾਨ ਨੇ ਚੰਡੀਗੜ੍ਹ ਵਾਸਤੇ ਮਰਨ ਵਰਤ ਰੱਖਿਆ

ਅਕਾਲੀ ਦਲ ਨੇ ਆਪਣੇ ਚੋਣ ਮੈਨੀਫ਼ੈਸਟੋ ਵਿਚ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਹੋਰ ਇਲਾਕਿਆਂ ਦਾ ਨਿਸ਼ਾਨਾ ਵੀ ਮਿੱਥਿਆ ਹੋਇਆ ਸੀ। ਇਕ ਪਾਸੇ ਪੰਜਾਬ ਦੇ ਕਾਂਗਰਸੀ ਆਗੂ ਅਤੇ ਦੂਜੇ ਪਾਸੇ ਸਿਰਦਾਰ ਕਪੂਰ ਸਿੰਘ ਇਸ ਮੰਗ ਨੂੰ ਉਠਾ ਰਹੇ ਸਨ। ਡਾਕਟਰ ਜਗਜੀਤ ਸਿੰਘ ਚੌਹਾਨ ਨੇ ਵੀ ਇਸ ਬਾਰੇ ਵਿਚ ਫਤਹਿ ਸਿੰਘ ਦੀ 27 ਦਸੰਬਰ 1966 ਦੀ ਕਮਜ਼ੋਰੀ ਨੂੰ ਨੰਗਾ ਕਰਨਾ ਸ਼ੁਰੂ ਕਰ ਦਿੱਤਾ ਸੀ। ਡਾਕਟਰ ਜਗਜੀਤ ਸਿੰਘ ਨੇ ਜਲੰਧਰ ਦੇ ਇਕ ਪਿੰਡ ਦੇ ਹਰਬੰਸ ਸਿੰਘ ਬਾਗਲਾ ਨਾਂ ਦੇ ਇਕ ਬੰਦੇ ਤੋਂ ਚੰਡੀਗੜ੍ਹ ਵਾਸਤੇ ਮਰਨ ਵਰਤ ਰਖਵਾ ਦਿੱਤਾ ਅਤੇ 'ਸ਼ਹੀਦੀ' ਦੇਣ ਲਈ ਤਿਆਰ ਕੀਤਾ। ਇਸ ਨਾਲ ਵੀ ਫਤਹਿ ਸਿੰਘ ਕਾਫ਼ੀ ਪ੍ਰੇਸ਼ਾਨ ਰਿਹਾ ਸੀ। ਇਸ ਮਗਰੋਂ ਪੁਰਾਣੇ ਅਕਾਲੀ, ਬਾਅਦ ਵਿਚ ਕਾਂਗਰਸੀ ਅਤੇ 1969 ਵਿਚ ਸੁਤੰਤਰ ਪਾਰਟੀ ਦੇ ਆਗੂ, ਦਰਸ਼ਨ ਸਿੰਘ ਫੇਰੂਮਾਨ ਨੇ ਚੰਡੀਗੜ੍ਹ ਤੇ ਹੋਰ ਮੰਗਾਂ ਦੇ ਨਾਲ-ਨਾਲ ਸਿੱਖ ਧਰਮ ਉੱਤੇ ਫਤਹ ਸਿੰਘ-ਮਾਸਟਰ ਤਾਰਾ ਸਿੰਘ-ਸੰਪੂਰਨ ਸਿੰਘ ਰਾਮਾ-ਚੰਨਣ ਸਿੰਘ-ਉਮਰਾਨੰਗਲ-ਸ਼ਰੀਂਹ ਵਗ਼ੈਰਾ ਵੱਲੋਂ ਵਰਤ ਛੱਡਣ ਨਾਲ ਲੱਗੇ 'ਕਲੰਕ' ਨੂੰ ਲਾਹੁਣ ਵਾਸਤੇ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ।

ਦਰਸ਼ਨ ਸਿੰਘ ਫੇਰੂਮਾਨ ਦੇ ਮਰਨ ਵਰਤ ਦਾ ਐਲਾਨ ਕਰਨ 'ਤੇ ਉਸ ਨੂੰ ਪੰਜਾਬ ਦੀ ਅਕਾਲੀ ਸਰਕਾਰ ਨੇ 12 ਅਗਸਤ ਨੂੰ ਗ੍ਰਿਫ਼ਤਾਰ ਕਰ ਕੇ ਸੈਂਟਰਲ ਜੇਲ੍ਹ ਅੰਮ੍ਰਿਤਸਰ ਵਿਚ ਭੇਜ ਦਿੱਤਾ। ਦਰਸ਼ਨ ਸਿੰਘ ਫੇਰੂਮਾਨ ਨੇ ਐਲਾਨ ਮੁਤਾਬਿਕ 15 ਅਗਸਤ 1969 ਨੂੰ ਜੇਲ੍ਹ ਵਿਚ ਹੀ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ। ਉਸ ਦੇ ਵਿਰੋਧ ਵਿਚ ਹਰਿਆਣੇ ਦੇ ਜਾਟ ਉਦੈ ਸਿੰਹ ਮਾਨ ਨੇ ਵੀ ਪਹਿਲੀ ਸਤੰਬਰ 1969 ਨੂੰ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ।

25 ਸਤੰਬਰ 1969 ਨੂੰ ਜਦੋਂ ਫੇਰੂਮਾਨ ਦਾ ਮਰਨ ਵਰਤ 42ਵੇਂ ਦਿਨ ਵਿਚ ਦਾਖ਼ਲ ਹੋ ਚੁੱਕਾ ਸੀ ਤਾਂ ਗੁਰਨਾਮ ਸਿੰਘ ਦੀ ਪ੍ਰਧਾਨਗੀ ਹੇਠ ਸਰਬ-ਪਾਰਟੀ ਕਾਨਫ਼ਰੰਸ ਚੰਡੀਗੜ੍ਹ ਵਿਚ ਹੋਈ ਜਿਸ ਨੇ ਕੇਂਦਰ ਤੋਂ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਿਲ ਕਰਨ ਦੀ ਮੰਗ ਕੀਤੀ। 28 ਸਤੰਬਰ ਨੂੰ ਸੱਤ ਪਾਰਟੀਆਂ ਦੇ 60 ਐਮ.ਐਲ.ਏਜ਼. ਨੇ ਪਾਰਲੀਮੈਂਟ ਦੇ ਬਾਹਰ ਚੰਡੀਗੜ੍ਹ ਵਾਸਤੇ ਧਰਨਾ ਮਾਰਿਆ। ਸਾਰੀਆਂ ਪਾਰਟੀਆਂ ਵੱਲੋਂ ਗਿਆਨੀ ਭੂਪਿੰਦਰ ਸਿੰਘ ਨੂੰ ਫੇਰੂਮਾਨ ਨੂੰ ਮਿਲ ਕੇ ਵਰਤ ਛੱਡਣ ਦੀ ਅਪੀਲ ਕਰਨ ਵਾਸਤੇ ਭੇਜਿਆ ਗਿਆ। ਪਹਿਲੀ ਅਕਤੂਬਰ 1969 ਨੂੰ ਜਦੋਂ ਵਰਤ ਨੂੰ 47ਵਾਂ ਦਿਨ ਸੀ ਗਿਆਨੀ ਭੂਪਿੰਦਰ ਸਿੰਘ ਫੇਰੂਮਾਨ ਨੂੰ ਮਿਲਿਆ ਅਤੇ ਵਰਤ ਛੱਡਣ ਦੀ ਅਪੀਲ ਕੀਤੀ। ਫੇਰੂਮਾਨ ਨੇ ਭੂਪਿੰਦਰ ਸਿੰਘ ਨੂੰ ਜਵਾਬ ਦਿੱਤਾ, ''ਤੁਸੀਂ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਰਹੇ ਹੋ। ਤੁਹਾਨੂੰ ਸਿੱਖ ਦੀ ਅਰਦਾਸ ਦਾ ਮਤਲਬ ਤੇ ਮਹਾਨਤਾ ਜਾਣਨੀ ਚਾਹੀਦੀ ਹੈ। ਮੈਂ ਤਾਂ ਚੰਡੀਗੜ੍ਹ ਮਿਲਣ 'ਤੇ ਹੀ ਮਰਨ ਵਰਤ ਛੱਡਾਂਗਾ।'' 12 ਅਕਤੂਬਰ ਨੂੰ ਹਰਿਆਣੇ ਦੇ ਉਦੈ ਸਿੰਹ ਮਾਨ ਨੇ ਆਪਣਾ ਵਰਤ ਛੱਡ ਦਿੱਤਾ ਪਰ ਫੇਰੂਮਾਨ ਨੇ ਸਭ ਅਪੀਲਾਂ ਠੁਕਰਾ ਦਿੱਤੀਆਂ। 11 ਅਕਤੂਬਰ ਨੂੰ ਫੇਰੂਮਾਨ ਤੋਂ ਪੁਲੀਸ ਦਾ ਪਹਿਰਾ ਵੀ ਹਟਾ ਲਿਆ ਤੇ ਸਾਰੇ ਮੁਕੱਦਮੇ ਵਾਪਸ ਲੈ ਲਏ ਗਏ।

17 ਅਕਤੂਬਰ 1969 ਨੂੰ ਸਾਰੀਆਂ ਪਾਰਟੀਆਂ ਵੱਲੋਂ ਚਡੀਗੜ੍ਹ ਵਿਚ ਇਕ ਵੱਡਾ ਜਲੂਸ ਕੱਢਿਆ ਗਿਆ ਜਿਸ ਵਿਚ 3 ਲੱਖ ਲੋਕ ਸ਼ਾਮਿਲ ਹੋਏ, ਪਰ ਫੇਰੂਮਾਨ ਦਾ ਮਰਨ ਵਰਤ ਕਿਸੇ ਨੇ ਵੀ ਨਾ ਅਪਣਾਇਆ। ਕਾਂਗਰਸ ਸਿਰਫ਼ ਬਿਆਨ ਦੇ ਕੇ ਹੀ ਫੇਰੂਮਾਨ ਦੀ ਹਿਮਾਇਤ ਕਰ ਰਹੀ ਸੀ। ਡਾਕਟਰ ਜਗਜੀਤ ਸਿੰਘ ਤੇ ਉਸ ਦੇ ਸਾਥੀ ਜਿਤਨੀ ਹੈਸੀਅਤ ਰੱਖਦੇ ਸਨ ਓਨਾ ਕੰਮ ਕਰ ਰਹੇ ਸਨ। ਪਰ ਦੂਜੇ ਪਾਸੇ ਫਤਹਿ ਸਿੰਘ ਤੇ ਉਮਰਾਨੰਗਲ ਤਾਂ ਅਜੇ ਤਕ ਇਸ ਵਰਤ ਨੂੰ ਸਟੰਟ ਤੇ ਫ਼ਰਾਡ ਆਇਕ ਦਾ ਨਾਮ ਦੇ ਰਹੇ ਸਨ। ਅਖ਼ੀਰ 27 ਅਕਤੂਬਰ 1969 ਨੂੰ ਦਰਸ਼ਨ ਸਿੰਘ ਫੇਰੂਮਾਨ ਆਪਣੇ ਮਰਨ ਵਰਤ ਦੇ 74ਵੇਂ ਦਿਨ ਚੜ੍ਹਾਈ ਕਰ ਗਿਆ।

1988: ਮੱਖਣ ਸਿੰਘ ਬਬਰ ਤੇ ਗੁਰਮੇਜ ਸਿੰਘ ਚਾਚੋਵਾਲੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ

15 ਅਗਸਤ 1988 ਦੇ ਦਿਨ ਬੱਬਾਂ ਦਾ ਮਾਹਿਰ ਮੱਖਣ ਸਿੰਘ ਬਬਰ (ਜੋ 12 ਅਗਸਤ ਨੂੰ ਗ੍ਰਿਫ਼ਤਾਰ ਕੀਤਾ ਸੀ) ਨੂੰ ਫ਼ਰਾਰ ਹੋਇਆ ਆਖ ਕੇ ਪੁਲਸ ਨੇ ਨਕਲੀ ਮੁਕਾਬਲੇ ਦੇ ਨਾ 'ਤੇ ਸ਼ਹੀਦ ਕਰ ਦਿੱਤਾ। ਇਸੇ ਦਿਨ ਗੁਰਮੇਜ ਸਿੰਘ ਚਾਚੋਵਾਲੀ ਨੂੰ ਵੀ ਇਕ ਹੋਰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ ਗਿਆ।

1989: ਕੁਲਵੰਤ ਸਿੰਘ ਫ਼ਤਹਿਗੜ੍ਹ ਚੂੜੀਆਂ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

15 ਅਗਸਤ 1989 ਦੇ ਦਿਨ ਕੁਲਵੰਤ ਸਿੰਘ (ਪੁੱਤਰ ਸ਼ਿੰਗਾਰਾ ਸਿੰਘ, ਵਾਸੀ ਫ਼ਤਹਿਗੜ੍ਹ ਚੂੜੀਆਂ) ਨੂੰ ਪੁਲਸ ਨੇ ਇਕ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1991: ਗੁਰਜੀਤ ਸਿੰਘ ਬਰਨਾਲਾ, ਗੁਰਮੇਜ ਸਿੰਘ ਚਾਚੋਵਾਲੀ, ਪਰਮਜੀਤ ਸਿੰਘ ਪੰਮਾ ਨੌਸ਼ਹਿਰਾ ਢਾਲਾ, ਨਰਿੰਦਰਪਾਲ ਸਿੰਘ ਕਸੇਲ ਖਾਸਾ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

15 ਅਗਸਤ 1991 ਦੇ ਦਿਨ ਗੁਰਜੀਤ ਸਿੰਘ (ਪੁੱਤਰ ਸੁਰਜੀਤ ਸਿੰਘ, ਵਾਸੀ ਰਾਹੀ ਬਸਤੀ, ਨਾਨਕਸਰ, ਬਰਨਾਲਾ), ਗੁਰਮੇਜ ਸਿੰਘ (ਪੁੱਤਰ ਸੁਲੱਖਣ ਸਿੰਘ, ਵਾਸੀ ਚਾਚੋਵਾਲੀ), ਪਰਮਜੀਤ ਸਿੰਘ ਉਰਫ਼ ਪੰਮਾ (ਪੁੱਤਰ ਸੁੱਚਾ ਸਿੰਘ, ਵਾਸੀ ਨੌਸ਼ਹਿਰਾ ਢਾਲਾ ਖਾਸਾ, ਜ਼ਿਲ੍ਹਾ ਤਰਨਤਾਰਨ), ਨਰਿੰਦਰਪਾਲ ਸਿੰਘ (ਪੁੱਤਰ ਹਰੀ ਸਿੰਘ, ਵਾਸੀ ਕਸੇਲ ਖਾਸਾ) ਨੂੰ ਪੁਲਸ ਨੇ ਨਕਲੀ ਮੁਕਾਬਲਿਆਂ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1995: ਸਿਮਰਨ ਜੀਤ ਸਿੰਘ ਮਾਨ ਵੱਲੋਂ 'ਅਕਾਲੀ ਦਲ ਅੰਮ੍ਰਿਤਸਰ' ਨੂੰ ਕਾਇਮ ਰੱਖਣ ਦਾ ਐਲਾਨ

ਮਈ 1994 ਵਿਚ ਭਾਵੇਂ ਬਾਦਲ ਨੂੰ ਛੱਡ ਕੇ ਬਾਕੀ ਅਕਾਲੀ ਦਲਾਂ ਨੇ ਸਾਂਝਾ ਅਕਾਲੀ ਦਲ (ਅੰਮ੍ਰਿਤਸਰ) ਕਾਇਮ ਕਰ ਲਿਆ ਸੀ ਪਰ ਗੁਰਚਰਨ ਸਿੰਘ ਟੌਹੜਾ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ 'ਤੇ ਜੱਫਾ ਕਾਇਮ ਰੱਖਣ ਵਾਸਤੇ ਬਾਦਲ ਨਾਲ ਰਲਣ ਵਾਸਤੇ ਤਰਲੋ-ਮੱਛੀ ਹੋ ਰਿਹਾ ਸੀ। ਅਖ਼ੀਰ 13 ਅਪ੍ਰੈਲ 1995 ਨੂੰ ਇਸ ਏਕਤਾ ਦਾ ਰਸਮੀ ਐਲਾਨ ਕਰ ਦਿੱਤਾ ਗਿਆ। ਭਾਵੇਂ ਇਸ ਦਿਨ ਇਨ੍ਹਾਂ ਦੋਹਾਂ ਅਕਾਲੀ ਦਲਾਂ ਦੀ 'ਏਕਤਾ' ਦਾ ਐਲਾਨ ਤਲਵੰਡੀ ਸਾਬੋ ਵਿਚ ਕਰ ਦਿੱਤਾ ਗਿਆ ਸੀ, ਪਰ ਦਲ ਦੀ ਬਣਤਰ ਬਾਰੇ ਕੋਈ ਫ਼ੈਸਲਾ ਨਾ ਹੋ ਸਕਿਆ। ਅਖ਼ੀਰ ਬਾਦਲ-ਟੌਹੜਾ ਧੜਾ ਨੇ ਪਹਿਲੀ ਅਗਸਤ ਨੂੰ 18 ਮੈਂਬਰੀ ਐਗਜ਼ੈਕਟਿਵ ਦਾ ਐਲਾਨ ਕਰ ਦਿੱਤਾ। ਇਸ ਐਲਾਨ ਮੁਤਾਬਿਕ ਆਤਮਾ ਸਿੰਘ ਨੂੰ ਇਸ ਦਲ ਦਾ ਸਰਪਰਸਤ ਬਣਾਇਆ ਗਿਆ। ਐਗਜ਼ੈਕਟਿਵ ਵਿਚ ਟੌਹੜਾ, ਬਰਨਾਲਾ, ਠੇਕੇਦਾਰ ਸੁਰਜਨ ਸਿੰਘ, ਪ੍ਰਕਾਸ਼ ਸਿੰਘ ਮਜੀਠਾ, ਜਗਦੇਵ ਸਿੰਘ ਤਲਵੰਡੀ, ਕੁਲਦੀਪ ਸਿੰਘ ਵਡਾਲਾ, (ਭਾਈ) ਮਨਜੀਤ ਸਿੰਘ, ਰਣਜੀਤ ਸਿੰਘ ਬ੍ਰਹਮਪੁਰਾ ਗੁਰਦੇਵ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਕਾਬਲ ਸਿੰਘ, ਕੈਪਟਨ ਕੰਵਲਜੀਤ, ਪ੍ਰੇਮ ਸਿੰਘ ਚੰਦੂਮਾਜਰਾ, ਚਰਨਜੀਤ ਸਿੰਘ ਵਾਲੀਆ ਤੇ ਅਮਰਜੀਤ ਸਿੰਘ ਭਾਟੀਆ ਨੂੰ ਸ਼ਾਮਿਲ ਕੀਤਾ ਗਿਆ। ਇਸ ਵਿਚ ਸਿਮਰਨਜੀਤ ਸਿੰਘ ਮਾਨ ਧੜੇ ਦਾ ਕੋਈ ਵੀ ਮੈਂਬਰ ਨਹੀਂ ਲਿਆ ਗਿਆ ਸੀ। ਇੰਵ ਹੀ ਇਸ ਵਿਚੋਂ ਕੈਪਟਨ ਅਮਰਿੰਦਰ ਸਿੰਘ ਦਾ ਨਾਂ ਵੀ ਗ਼ਾਇਬ ਸੀ। ਸਿਮਰਨਜੀਤ ਸਿੰਘ ਮਾਨ ਗਰੁਪ ਨੇ ਇਸ ਨੂੰ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ। ਪਰ ਬਾਦਲ ਧੜਾ ਤੇ ਟੌਹੜਾ ਧੜਾ ਨੇ ਇਸ ਦੀ ਪਰਵਾਹ ਨਾ ਕਰਦਿਆਂ ਏਕਤਾ ਕਰ ਲਈ ਤੇ ਸਾਂਝੇ ਅਕਾਲੀ ਦਲ ਦਾ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਨੂੰ ਮੰਨ ਲਿਆ ਗਿਆ।

15 ਅਗਸਤ 1995 ਨੂੰ ਸਿਮਰਨਜੀਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਉਹ ਦੋਹਾਂ ਲੀਡਰਾਂ (ਬਾਦਲ ਤੇ ਟੌਹੜਾ) ਦੀ ਏਕਤਾ ਨੂੰ ਕਬੂਲ ਨਹੀਂ ਕਰਦਾ। ਉਸ ਨੇ ਕਿਹਾ ਕਿ ਮੈਂ ਅਕਾਲੀ ਦਲ (ਅੰਮ੍ਰਿਤਸਰ) ਨੂੰ ਕਾਇਮ ਰਖਾਂਗਾ। ਇਥੇ ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਇਸ ਹਾਲਤ ਵਿਚ ਅਕਾਲੀ ਦਲ ਅੰਮ੍ਰਿਤਸਰ ਬਣਾਉਣ ਵਾਲੇ ਅਕਾਲ ਤਖ਼ਤ ਸਾਹਿਬ ਤੋਂ ਕੋਈ ਬਿਆਨ, ਅਪੀਲ, ਹੁਕਮਨਾਮਾ, ਚਿੱਠੀ ਜਾਰੀ ਨਹੀਂ ਕੀਤੀ ਗਈ। ਹੁਣ 'ਅਕਾਲ ਤਖ਼ਤ ਸਾਹਿਬ', ਸ਼ਾਇਦ, 'ਚੁਪ' ਹੋ ਗਿਆ ਸੀ!

2014: ਈਸਰੂ ਵਿਚ ਨੌਜਵਾਨ ਨੇ ਬਾਦਲ 'ਤੇ ਜੁੱਤੀ ਸੁੱਟੀ – ਬਾਦਲ ਨੇ ਸਖ਼ਤ ਧਾਰਾਵਾਂ ਲਾ ਕੇ ਜੇਲ੍ਹ ਵਿਚ ਸੁੱਟਿਆ

15 ਅਗਸਤ 2014 ਈਸਰੂ ਵਿਚ ਕਾਨਫ਼ਰੰਸ ਵਿਚ ਇਕ ਨੌਜਵਾਨ ਵਿਕਰਮ ਸਿੰਘ ਉਰਫ਼ ਬੱਬੀ ਨੇ ਆਪਣਾ ਗੁੱਸਾ ਜ਼ਾਹਰ ਕਰਨ ਵਾਸਤੇ ਆਪਣੀ ਜੁੱਤੀ ਲਾਹ ਕੇ ਬਾਦਲ ਵੱਲ ਵਗਾਹ ਕੇ ਸੁੱਟੀ। ਪਹਿਲਾਂ ਤਾਂ ਪੁਲਸ ਨੇ ਉਸ ਨੂੰ ਫੜ ਕੇ ਛੱਡ ਦਿੱਤਾ। ਪਰ ਅਗਲੇ ਦਿਨ ਹੀ ਉਸ ਨੂੰ ਦਫ਼ਾ 332, 353, 355, 120 ਬੀ ਵਰਗੀਆਂ ਖ਼ਤਰਨਾਕ ਧਾਰਾਵਾਂ (ਕਿਸੇ ਮਹਾਨ ਸ਼ਖ਼ਸੀਅਤ ਦੀ ਹੱਤਕ ਕਰਨ, ਪੁਲਸ ਨਾਲ ਧੱਕਾਮੁੱਕੀ ਕਰਨ, ਸਰਕਾਰੀ ਕੰਮ ਵਿਚ ਦਖ਼ਲ ਦੇਣ) ਲਾ ਕੇ ਗ੍ਰਿਫ਼ਤਾਰ ਕਰ ਲਿਆ। ਉਸ ਦੇ ਨਾਲ ਹੀ ਉਸ ਦੇ ਕੁਝ ਦੋਸਤ (ਨਰਿੰਦਰਪਾਲ ਸਿਘ, ਹਰਵਿੰਦਰ ਸਿੰਘ ਉਰਫ਼ ਹਿੰਦੀ, ਹਰਦੀਪ ਸਿੰਘ, ਜਗਤਾਰ ਸਿੰਘ ਤਾਰੀ ਧਨੌਲਾ) ਵੀ ਗ੍ਰਿਫ਼ਤਾਰ ਕਰ ਲਏ। ਬਾਦਲ ਜੁੱਤੀਆਂ ਤੋਂ ਏਨਾ ਡਰ ਗਿਆ ਕਿ ਜਦ 20 ਅਗਸਤ ਦੇ ਦਿਨ ਲੌਂਗੋਵਾਲ ਪਿੰਡ ਵਿਚ ਸਮਾਗਮ ਕੀਤਾ ਤਾਂ ਮੀਡੀਆ ਵਾਲਿਆਂ ਨੂੰ ਵੀ ਜੁੱਤੀਆਂ ਬਾਹਰ ਲਾਹ ਕੇ ਆਉਣ ਵਾਸਤੇ ਕਿਹਾ। ਉਸ ਦਿਨ ਸਟੇਜ ਦੇ ਨੇੜੇ ਕਿਸੇ ਪ੍ਰੈਸ ਫ਼ੋਟੋਗਰਾਫ਼ਰ ਤਕ ਨੂੰ ਫਟਕਣ ਨਹੀਂ ਦਿੱਤਾ ਗਿਆ।

16 ਅਗਸਤ

1604: ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਹੋਇਆ

ਗੁਰੂ ਅਰਜਨ ਸਾਹਿਬ ਨੇ ਆਪਣਾ ਬਚਪਨ ਗੁਰੂ ਅਮਰ ਦਾਸ ਸਾਹਿਬ ਦੀ ਸੰਗਤ ਵਿਚ ਬਿਤਾਇਆ ਸੀ ਤੇ ਫਿਰ ਗੁਰੂ ਰਾਮਦਾਸ ਜੀ ਵੇਲੇ ਵੀ ਉਹ ਗੁਰਬਾਣੀ ਦਾ ਮੁਤਾਲੀਆ ਕਰਦੇ ਰਹਿੰਦੇ ਸੀ। ਗੁਰਗੱਦੀ ਸੰਭਾਲਣ ਮਗਰੋਂ ਉਨ੍ਹਾਂ ਆਪ ਵੀ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ ਸੀ। ਗੁਰੂ ਗ੍ਰੰਥ ਸਾਹਿਬ ਵਿਚ 5867 ਸਲੋਕ ਹਨ ਜਿਨਾਂ ਵਿਚੋਂ 2312 ਗੁਰੂ ਅਰਜਨ ਸਾਹਿਬ ਦੇ ਹਨ (ਗੁਰੂ ਗ੍ਰੰਥ ਸਾਹਿਬ ਦੇ ਸਲੋਕਾਂ ਦੀ ਗਿਣਤੀ ਵਖ ਵਖ ਲੋਕਾਂ ਨੇ ਵਖ ਵਖ ਕੀਤੀ ਹੈ)। ਇਨ੍ਹਾਂ ਵਿਚ ਛੇ ਵਾਰਾਂ (ਗਉੜੀ, ਗੂਜਰੀ, ਜੈਤਸਰੀ, ਬਸੰਤ, ਮਾਰੂ ਅਤੇ ਰਾਮਕਲੀ ਦੀਆਂ ਵਾਰਾਂ) ਤੇ ਸੁਖਮਨੀ ਸਾਹਿਬ ਵੀ ਸ਼ਾਮਿਲ ਹਨ। ਉਨ੍ਹਾਂ ਨੇ 30 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਉਨ੍ਹਾਂ ਕੋਲ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰ ਦਾਸ ਸਾਹਿਬ ਤੇ ਗੁਰੂ ਰਾਮਦਾਸ ਸਾਹਿਬ ਦੀ ਸਾਰੀ ਬਾਣੀ ਪਈ ਹੋਈ ਸੀ। ਉਹ ਚਾਹੁੰਦੇ ਸੀ ਕਿ ਇਸ ਸਾਰੀ ਬਾਣੀ ਨੂੰ ਇਕ ਗ੍ਰੰਥ ਦਾ ਰੂਪ ਦੇ ਦਿਤਾ ਜਾਵੇ ਪਰ ਗੁਰੂ ਦਾ ਚੱਕ ਅਤੇ ਤਰਨਤਾਰ ਸਰੋਵਰ ਦੀ ਉਸਾਰੀ ਅਤੇ ਹੋਰ ਰੁਝੇਵਿਆਂ ਕਾਰਨ ਉਨ੍ਹਾਂ ਨੂੰ ਵਿਹਲ ਨਾ ਮਿਲ ਸਕਿਆ। 1601 ਵਿਚ ਜਦ ਉਨ੍ਹਾਂ ਰਾਮਸਰ ਸਰੋਵਰ ਤਿਆਰ ਕਰ ਲਿਆ ਤਾਂ ਉਨ੍ਹਾਂ ਨੇ ਇਸ ਦੇ ਕੰਢੇ ਇਕ ਨਿਵੇਕਲਾ ਕਮਰਾ ਤਿਆਰ ਕਰਵਾਇਆ ਜਿੱਥੇ ਉਨ੍ਹਾਂ ਨੇ ਗੁਰਬਾਣੀ ਨੂੰ ਇਕ ਜਿਲਦ ਵਿਚ ਇਕੱਠਿਆਂ ਕਰਨਾ ਸ਼ੁਰੂ ਕਰ ਦਿਤਾ। ਗੁਰੂ ਸਾਹਿਬ ਨੇ ਇਸ ਵਿਚ ਸਭ ਤੋਂ ਪਹਿਲਾਂ ਗੁਰੂ ਰਾਮਦਾਸ ਸਾਹਿਬ ਦਾ ਹੱਥ ਲਿਖਤ ਜਪੁਜੀ ਸਾਹਿਬ ਦਾ ਉਤਾਰਾ ਸ਼ਾਮਿਲ ਕੀਤਾ ਅਤੇ ਬਾਕੀ ਦੀ ਲਿਖਾਈ ਦੀ ਸੇਵਾ ਭਾਈ ਗੁਰਦਾਸ ਤੋਂ ਲਈ। ਗੁਰੂ ਸਾਹਿਬ ਅਤੇ ਭਾਈ ਗੁਰਦਾਸ ਨੇ ਇਹ ਗ੍ਰੰਥ 31 ਜੁਲਾਈ 1604 ਦੇ ਦਿਨ ਤਕ ਮੁਕੰਮਲ ਕਰ ਲਿਆ ਸੀ ਅਤੇ ਇਸ ਦਾ ਪਹਿਲਾ ਪ੍ਰਕਾਸ਼ 16 ਅਗਸਤ 1604 ਦੇ ਦਿਨ ਦਰਬਾਰ ਸਾਹਿਬ ਵਿਚ ਕੀਤਾ ਗਿਆ। ਇਸ ਦਾ ਪਹਿਲਾ ਪਾਠ ਕਰਨ ਦਾ ਮਾਣ ਬਾਬਾ ਬੁੱਢਾ ਜੀ ਨੂੰ ਹਾਸਿਲ ਹੋਇਆ (ਇਹ ਗ੍ਰੰਥ 1757 ਵਿਚ ਅਫ਼ਗਾਨ ਹਮਲੇ ਸਮੇਂ ਕਰਤਾਰਪੁਰ ਵਿਚ ਅਗਨਬੂਦ ਹੋ ਗਿਆ ਸੀ ਪਰ ਉਦੋਂ ਤਕ ਇਸ ਦੇ ਬਹੁਤ ਸਾਰੇ ਉਤਾਰੇ ਹੋ ਚੁਕੇ ਸਨ)।

ਪਹਿਲੇ ਗੁਰੂ ਗ੍ਰੰਥ ਸਾਹਿਬ ਵਿਚ ਪੰਜ ਗੁਰੂ ਸਾਹਿਬ ਦੀ ਬਾਣੀ ਤੋਂ ਇਲਾਵਾ ਭੱਟਾਂ, ਭਗਤਾਂ ਅਤੇ ਸੂਫ਼ੀਆਂ (ਮੁਸਲਮਾਨਾਂ) ਦੀ ਬਾਣੀ ਵੀ ਸ਼ਾਮਿਲ ਕੀਤੀ ਗਈ ਸੀ। ਗੁਰੂ ਸਾਹਿਬ ਕੋਲ ਭਗਤਾਂ ਦੀ ਸਾਰੀ ਬਾਣੀ ਇਕ ਵਖਰੀ ਕਿਤਾਬ ਵਿਚ ਮੌਜੂਦ ਸੀ। ਇਸ ਵਿਚੋਂ ਬਹੁਤੀ ਬਾਣੀ ਗੁਰੂ ਨਾਨਕ ਸਾਹਿਬ ਆਪਣੀਆਂ ਉਦਾਸੀਆਂ ਦੌਰਾਨ ਇਕੱਠੀ ਕਰ ਕੇ ਲਿਆਏ ਸਨ। ਗੁਰੂ ਸਾਹਿਬ ਨੇ ਕਿਸੇ ਵੀ ਭਗਤ ਦੀ ਸਾਰੀ ਰਚਨਾ ਇਸ ਵਿਚ ਸ਼ਾਮਿਲ ਨਹੀਂ ਕੀਤੀ ਬਲਕਿ ਸਿਰਫ਼ ਉਹ ਬਾਣੀ ਹੀ ਸ਼ਾਮਿਲ ਕੀਤੀ ਜਿਹੜੀ ਸਿੱਖ ਫ਼ਲਸਫ਼ੇ ਨਾਲ ਕੁਝ ਮੇਲ ਖਾਂਦੀ ਸੀ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਸਾਰੀ ਬਾਣੀ ਨੂੰ ਰਾਗਾਂ ਦੇ ਹਿਸਾਬ ਨਾਲ ਤਰਤੀਬ ਦੇ ਕੇ ਵੰਡਿਆ, ਹਰ ਇਕ ਵਾਰ ਵਿਚ ਪਉੜੀਆਂ ਤੇ ਉਨ੍ਹਾਂ ਨਾਲ ਢੁਕਵੇਂ ਸਲੋਕ ਸ਼ਾਮਿਲ ਕੀਤੇ। ਇਸ ਮਗਰੋਂ ਜਿਹੜੇ ਸਲੋਕ ਬਚ ਗਏ ਉਨ੍ਹਾਂ ਨੂੰ 'ਸਲੋਕ ਵਾਰਾਂ ਤੋਂ ਵਧੀਕ' ਸਿਰਲੇਖ ਹੇਠ ਵਖਰਿਆਂ ਦਰਜ ਕਰ ਦਿਤਾ। ਉਨ੍ਹਾਂ ਨੇ (ਗੁਰੂ) ਗ੍ਰੰਥ ਸਾਹਿਬ ਦੇ ਅਖ਼ੀਰ ਵਿਚ 'ਮੁੰਦਾਵਣੀ' (ਮੁਹਰ) ਲਾ ਕੇ ਪੂਰਨ ਕਰ ਦਿੱਤਾ।

ਮਗਰੋਂ ਗ੍ਰੰਥ ਸਾਹਿਬ ਦੇ ਸਰੂਪ ਦਾ ਉਤਾਰਾ ਕਰਨ ਵਾਲੇ ਕਿਸੇ ਲਿਖਾਰੀ ਨੇ ਕਵੀ ਆਲਮ ਦੀ ਰਚਨਾ 'ਮਾਧਵ ਨਲ ਕਾਮ ਕੰਦਲਾ' ਵਿਚੋਂ ਕੁਝ ਬੰਦ 'ਰਾਗ ਮਾਲਾ' ਦੇ ਨਾਂ ਹੇਠ, ਬੀੜ ਦੇ ਇਕ ਉਤਾਰੇ ਵਿਚ ਲਿਖ ਦਿੱਤੇ। ਮਗਰੋਂ ਕਈ ਹੋਰ ਉਤਾਰਿਆਂ ਵਿਚ ਸਿਆਹੀ ਬਣਾਉਣ ਦਾ ਫ਼ਾਰਮੂਲਾ ਤੇ ਹੋਰ ਕਈ ਕੁਝ ਵੀ ਸ਼ਾਮਿਲ ਕਰ ਦਿੱਤਾ। 18ਵੀਂ ਸਦੀ ਵਿਚ ਇਨ੍ਹਾਂ 'ਖਾਰੀਆਂ" ਬੀੜਾਂ ਦੇ ਕਈ ਉਤਾਰੇ ਹੋ ਚੁਕੇ ਸਨ ਇਕ ਕਰ ਕੇ ਇਸ ਰਾਗਮਾਲਾਨੂੰ ਬੇਸਮਝ ਲੋਕ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਮੰਨਣ ਲਗ ਪਏ। ਪਰ 'ਰਾਗਮਾਲਾ' ਜਾਂ ਹੋਰ ਕਵਿਤਾਵਾਂ ਦਾ ਗੁਰੂ ਗ੍ਰੰਥ ਸਾਹਿਬ ਜਾਂ ਸਿੱਖੀ ਨਾਲ ਕੋਈ ਸਬੰਧ ਨਹੀਂ ਹੈ। ਇੰਝ ਹੀ ਗੁਰੂ ਗ੍ਰੰਥ ਸਾਹਿਬ ਦੀ ਤਿਆਰੀ ਵਾਸਤੇ ਗੁਰੂ ਅਰਜਨ ਸਾਹਿਬ ਵੱਲੋਂ ਗੋਇੰਦਵਾਲ ਜਾ ਕੇ ਮੋਹਨ ਤੋਂ ਦੋ ਪੋਥੀਆਂ ਲਿਆਉਣ ਵਾਲੀ ਕਹਾਣੀ ਵੀ ਨਿਰੀ ਗੱਪ ਹੈ। ਇਹ ਪ੍ਰਚਾਰ ਗੁਰੂ ਅਮਰ ਦਾਸ ਸਾਹਿਬ ਦੇ ਪੁੱਤਰ ਮੋਹਨ (ਜਿਹੜਾ ਗੁਰਗੱਦੀ ਨਾ ਮਿਲਣ ਕਰ ਕੇ ਔਖਾ ਸੀ) ਦੇ ਵਾਰਿਸਾਂ ਨੇ ਮੋਹਨ ਦੀ ਸ਼ਾਨ ਬਣਾਉਣ ਵਾਸਤੇ ਕੀਤਾ ਹੋਵੇਗਾ ਜਾਂ ਇਨ੍ਹਾਂ ਪੋਥੀਆਂ ਦੀ ਮਹਾਨਤਾ ਬਣਾ ਕੇ ਲੋਕਾਂ ਤੋਂ ਇਨ੍ਹਾਂ ਅੱਗੇ ਮੱਥੇ ਟਿਕਾ ਕੇ ਚੜ੍ਹਾਵਾ ਇਕੱਠਾ ਕਰਨ ਵਾਸਤੇ ਕੀਤਾ ਹੋਵੇਗਾ।

ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਹੋਣ ਮਗਰੋਂ ਗੁਰੂ ਸਾਹਿਬ ਨੇ ਬਾਕਾਇਦਾ ਇਸ ਦਾ ਪ੍ਰਕਾਸ਼ ਕਰਨਾ ਸ਼ੁਰੂ ਕਰ ਦਿਤਾ ਤੇ ਹਰ ਰੋਜ਼ ਇਸ ਦਾ ਪਾਠ ਅਤੇ ਕਥਾ ਹੋਣ ਲਗ ਪਈ। ਗੁਰੂ ਸਾਹਿਬ ਨੇ ਸਿੱਖਾਂ ਨੂੰ ਸ਼ਬਦ ਗੁਰੂ ਦੇ ਲੜ ਲਗਣ ਅਤੇ ਸਿਰਫ਼ ਇਸ ਅੱਗੇ ਹੀ ਸਿਰ ਝੁਕਾਉਣ ਵਾਸਤੇ ਕਿਹਾ।

1932: ਬਰਤਾਨਵੀ ਸਰਕਾਰ ਵੱਲੋਂ ਫ਼ਿਰਕੂ ਫ਼ੈਸਲੇ ਦਾ ਐਲਾਨ ਕੀਤਾ ਗਿਆ

ਜਦੋਂ ਹਿੰਦੂ, ਮੁਸਲਮਾਨ ਅਤੇ ਸਿੱਖ ਨਵੇਂ ਭਾਰਤੀ ਆਈਨ ਹੇਠ ਹੋਣ ਵਾਲੀਆਂ ਚੋਣਾਂ ਵਿਚ ਸੀਟਾਂ ਦੀ ਵੰਡ ਬਾਰੇ ਫ਼ਿਰਕੂ ਮਸਲੇ ਦਾ ਹੱਲ ਕੱਢਣ ਵਿਚ ਨਾਕਾਮਯਾਬ ਹੋ ਗਏ ਤਾਂ ਬਰਤਾਨਵੀ ਪ੍ਰਾਈਮ ਮਨਿਸਟਰ ਨੂੰ ਇਸ ਬਾਰੇ ਆਪਣਾ ਫ਼ੈਸਲਾ ਦੇਣਾ ਪਿਆ। ਇਹ ਫ਼ੈਸਲਾ 17 ਅਗਸਤ 1932 ਵਾਲੇ ਦਿਨ ਦਿੱਤਾ ਗਿਆ। ਇਸ ਦਾ ਨਾਂ 'ਫ਼ਿਰਕੂ ਫੈਸਲਾ' ਵਜੋਂ ਜਾਣਿਆ ਗਿਆ। ਇਸ ਫ਼ੈਸਲੇ ਮੁਤਾਬਿਕ 17 ਅਗਸਤ 1932 ਤੋਂ ਪਹਿਲਾਂ ਦੀਆਂ 14 ਸਪੈਸ਼ਲ ਸੀਟਾਂ ਵਿਚੋਂ 2 ਮੁਸਲਮਾਨਾਂ ਨੂੰ ਅਤੇ ਇਕ-ਇਕ ਸਿੱਖਾਂ ਤੇ ਹਿੰਦੂਆਂ ਨੂੰ ਦੇ ਦਿਤੀ ਗਈ। ਇਹ ਦਰਅਸਲ ਪਹਿਲਾਂ ਵਾਲਾ ਤਨਾਸਬ ਹੀ ਸੀ, ਜਿਸ ਦਾ ਮਤਲਬ ਸੀ ਕੋਈ ਵੀ ਅਹਿਮ ਤਬਦੀਲੀ ਨਾ ਕਰਨਾ। ਉਂਝ ਇਹ ਅਸਿੱਧੇ ਤੌਰ ਤੇ ਮੁਸਲਿਮ ਅਕਸਰੀਅਤ ਹੀ ਸੀ, ਕਿਉਂਕਿ ਉਨ੍ਹਾਂ ਨੂੰ 175 ਵਿਚੋਂ ਅਕਸਰੀਅਤ ਵਾਸਤੇ ਸਿਰਫ਼ 88 ਸੀਟਾਂ ਦੀ ਲੋੜ ਸੀ। ਉਨ੍ਹਾਂ ਕੋਲ 86 ਸਿੱਧੀਆਂ ਸੀਟਾਂ ਸਨ ਅਤੇ ਜ਼ਿਮੀਦਾਰਾਂ, ਮਜ਼ਦੂਰਾਂ, ਯੂਨੀਵਰਸਿਟੀ ਤੇ ਵਪਾਰੀਆਂ

ਦੀਆਂ ਸੀਟਾਂ ਵਿਚੋਂ 4-5 ਉਹ ਆਸਾਨੀ ਨਾਲ ਲਿਜਾ ਸਕਦੇ ਸਨ। ਸਿਰਫ਼ ਏਨਾ ਹੀ ਨਹੀਂ ਬਲਕਿ ਈਸਾਈਆਂ, ਐਂਗਲੋ ਇੰਡੀਅਨਜ਼ ਤੇ ਯੂਰਪੀਨਾਂ ਨੇ ਵੀ ਉਨ੍ਹਾਂ ਦਾ ਹੀ ਸਾਥ ਦੇਣਾ ਸੀ। ਪੰਜਾਬ ਵਿਚ ਮੁਸਲਿਮ ਅਕਸਰੀਅਤ ਮੰਨ ਲੈਣ ਨਾਲ ਸਾਰੇ ਭਾਰਤ ਵਿਚ ਆਮ ਕਰ ਕੇ, ਤੇ ਸਿੱਖਾਂ ਵਿਚ ਖ਼ਾਸ ਕਰ ਕੇ, ਤਿੱਖੀ ਮੁਖ਼ਾਲਫ਼ਤ ਹੋਈ।

1936: ਗਾਂਧੀ ਦੇ ਚੇਲਿਆਂ ਨੇ 'ਕਾਂਗਰਸ ਸਿੱਖ ਪਾਰਟੀ' ਬਣਾਈ

1937 ਵਿਚ ਹੋਣ ਵਾਲੀਆਂ ਆਮ ਚੋਣਾਂ ਵੇਲੇ ਅਕਾਲੀ ਦਲ ਤੇ ਖ਼ਾਲਸਾ ਦਰਬਾਰ ਵੱਲੋਂ ਇਕੱਲਿਆਂ ਚੋਣ ਲੜਨ ਦੇ ਐਲਾਨ ਨਾਲ ਕੁਝ ਅਕਾਲੀ ਆਗੂਆਂ ਨੇ ਸਾਂਝੇ ਚੋਣ ਬੋਰਡ ਤੋਂ ਅਸਤੀਫ਼ਾ ਦੇ ਦਿੱਤਾ। ਇਨ੍ਹਾਂ ਵਿਚ ਖ਼ਾਲਸਾ ਦਰਬਾਰ ਦੇ ਪ੍ਰਧਾਨ ਮੰਗਲ ਸਿੰਘ, ਸੈਂਟਰਲ ਖ਼ਾਲਸਾ ਯੂਥ ਲੀਗ ਦੇ ਜਨਰਲ ਸਕੱਤਰ ਹਰਚਰਨ ਸਿੰਘ ਬਾਜਵਾ ਮੁਖ ਸਨ। ਅਗਸਤ 1936 ਦੇ ਦਿਨ ਇਸ ਧੜੇ ਦੇ ਕੁਝ ਮੁਖੀ ਲਾਹੌਰ ਵਿਚ ਇਕੱਠੇ ਹੋਏ ਅਤੇ ਕਾਂਗਰਸ ਨਾਲ ਮਿਲਵਰਤਣ ਦਾ ਐਲਾਨ ਕੀਤਾ।

ਇਸ ਹਾਲਤ ਨੂੰ ਮਹਿਸੂਸ ਕਰ ਕੇ ਸਿੱਖ ਆਗੂਆਂ ਨੇ 3 ਅਗਸਤ 1936 ਦੇ ਦਿਨ ਅੰਮ੍ਰਿਤਸਰ ਵਿਚ ਆਲ ਸਿੱਖ ਪਾਰਟੀਜ਼ ਕਾਨਫ਼ਰੰਸ ਬੁਲਾਈ। ਇਸ ਵਿਚ ਗੋਪਾਲ ਸਿੰਘ ਕੌਮੀ ਨੇ ਕਿਹਾ ਕਿ ''ਜੇ ਕਾਂਗਰਸ ਨਾਲ ਮਿਲਵਰਤਣ ਦੇਵੋਗੇ ਤਾਂ ਸਿੱਖਾਂ ਦਾ ਵਕਾਰ ਵਧੇਗਾ, ਇਸ ਲਈ ਕਾਂਗਰਸ ਦੀਆਂ ਟਿਕਟਾਂ ਲੈਣੀਆਂ ਚਾਹੀਦੀਆਂ ਹਨ।'' ਇਸ 'ਤੇ ਗਿਆਨੀ ਸ਼ੇਰ ਸਿੰਘ ਨੇ ਕਿਹਾ ਕਿ ''ਇਸ ਕਾਨਫ਼ਰੰਸ ਦਾ ਸਬੰਧ ਸਿੱਖਾਂ ਨਾਲ ਹੈ ਕਾਂਗਰਸ ਨਾਲ ਨਹੀਂ।'' ਇਸ ਮੌਕੇ 'ਤੇ ਮਾਸਟਰ ਤਾਰਾ ਸਿੰਘ ਨੇ ਸਾਂਝਾ ਬੋਰਡ ਬਨਾਉਣ ਦੀ ਵੀ ਗੱਲ ਆਖੀ।

ਇਸ ਕਾਨਫ਼ਰੰਸ ਦਾ ਕੋਈ ਨਤੀਜਾ ਨਾ ਨਿਕਲਿਆ ਜਿਸ ਕਾਰਨ ਕੁਝ ਨਿਰਾਸ ਆਗੂਆਂ ਨੇ ਇਕ '**ਕਾਂਗਰਸ ਸਿੱਖ ਪਾਰਟੀ**' ਬਣਾ ਲਈ। ਇਸ ਵਿਚ ਮਾਸਟਰ ਮੋਤਾ ਸਿੰਘ, ਮਾ: ਕਾਬਲ ਸਿੰਘ, ਸੋਹਣ ਸਿੰਘ ਜੋਸ਼, ਗੋਪਾਲ ਸਿੰਘ ਕੌਮੀ ਤੇ ਕਰਮ ਸਿੰਘ ਮਾਨ ਵਗ਼ੈਰਾ ਸਨ। ਪਰ ਇਹ ਮਾਹੌਲ ਜ਼ਿਆਦਾ ਦੇਰ ਨਾ ਚਲ ਸਕਿਆ। ਕੁਝ ਆਗੂ ਦੋਹਾਂ ਪਾਸਿਆਂ ਤੋਂ ਸਮਝੌਤੇ ਦੀਆਂ ਕੋਸ਼ਿਸ਼ਾਂ ਕਰਦੇ ਰਹੇ। ਅਖ਼ੀਰ 13-14 ਨਵੰਬਰ 1936 ਨੂੰ ਅਕਾਲੀ ਦਲ ਅਤੇ ਕਾਂਗਰਸ ਵਿਚ ਸਮਝੌਤਾ ਹੋ ਗਿਆ ਤੇ ਇਹ ਪਾਰਟੀ ਤਕਰੀਬਨ ਖ਼ਤਮ ਹੀ ਹੋ ਗਈ।

1946: ਕਲਕੱਤਾ ਵਿਚ ਮੁਸਲਮ ਲੀਗ ਨੇ 'ਡਾਇਰੈਕਟ ਐਕਸ਼ਨ' ਕੀਤਾ; 6000 ਲੋਕ ਮਰੇ; 900 ਈਮਾਰਤਾਂ ਸੜੀਆਂ

ਅੰਗਰੇਜ਼ਾਂ ਨੇ ਭਾਰਤ ਛੱਡ ਜਾਣ ਦਾ ਫ਼ੈਸਲਾ ਕੀਤਾ ਤਾਂ ਉਨ੍ਹਾਂ ਨੇ ਨਵੇਂ ਮੁਲਕ ਦਾ ਆਈਨ (ਵਿਧਾਨ) ਬਣਾਉਣ ਵਾਸਤੇ ਆਈਨੀ ਅਸੈਂਬਲੀ ਬਣਾਉਣ ਦਾ ਫ਼ੈਸਲਾ ਕੀਤਾ ਅਤੇ ਇਸ ਅਸੈਂਬਲੀ ਨੂੰ ਚੁਣਨ ਵਾਸਤੇ ਚੋਣਾਂ ਕਰਵਾਈਆਂ। ਜਦ ਇਸ ਆਈਨੀ ਅਸੈਂਬਲੀ ਆਪਣਾ ਨੇ ਕੰਮ ਕਰਨਾ ਸ਼ੁਰੂ ਕੀਤਾ ਤਾਂ ਹਿੰਦੂਆਂ (ਕਾਂਗਰਸ) ਦੀ ਵਧ ਗਿਣਤੀ ਹੋਣ ਕਰ ਕੇ ਕਾਂਗਰਸ ਨੇ ਅਪਣੀ ਮਰਜ਼ੀ ਨਾਲ ਅਸੈਂਬਲੀ ਚਲਾਉਣ ਦਾ ਫ਼ੈਸਲਾ ਕੀਤਾ। ਇਸ 'ਤੇ ਮੁਸਲਮ ਲੀਗ ਨੇ ਪਹਿਲੇ ਦਿਨ, 9 ਦਸੰਬਰ 1946 ਨੂੰ, ਹੀ ਇਸ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿੱਤਾ। ਜਦ ਅੰਗਰੇਜ਼ਾਂ ਨੇ ਇਸ ਦੀ ਪਰਵਾਹ ਨਾ ਕੀਤੀ ਤਾਂ ਮੁਸਲਮ ਲੀਗ ਨੇ 'ਡਾਇਰੈਕਟ ਐਕਸ਼ਨ' ਦਿਨ ਮਨਾਉਣ ਦਾ ਐਲਾਨ ਕੀਤਾ। 16 ਅਗਸਤ 1946 ਨੂੰ ਕਲਕਤਾ ਵਿਚ ਵੀ 'ਡਾਇਰੈਕਟ ਐਕਸ਼ਨ' ਦਿਨ ਮਨਾਇਆ ਗਿਆ। ਬੰਗਾਲ ਦੀ ਮੁਸਲਮ ਲੀਗ ਸਰਕਾਰ ਨੇ ਇਸ ਦਿਨ ਸਰਕਾਰੀ ਛੁੱਟੀ ਦਾ ਐਲਾਨ ਕਰ ਦਿੱਤਾ। ਇਸ ਲਹਿਰ ਦੌਰਾਨ ਇਕ ਹਫ਼ਤੇ ਦੇ ਅੰਦਰ-ਅੰਦਰ 6000 ਬੰਦੇ ਕਤਲ ਹੋਏ ਅਤੇ ਤਕਰੀਬਨ 950 ਅੱਗ ਲਗਣ ਦੀਆਂ

ਵਾਰਦਾਤਾਂ ਹੋਈਆਂ। ਸਭ ਤੋਂ ਵਧੇਰੇ ਵਾਰਦਾਤਾਂ ਤਿਰਪੁਰਾ ਤੇ ਨੋਆਖਲੀ ਵਿਚ ਹੋਈਆਂ। 11 ਅਗੱਸਤ 1946 ਨੂੰ ਜਿਨਾਹ ਨੇ ਹਿੰਦੂਆਂ ਨੂੰ 'ਪਾਕਿਸਤਾਨ ਜਾਂ ਸਿਵਲ ਵਾਰ' ਦੋਹਾਂ ਵਿਚੋਂ ਇਕ ਚੁਨਣ ਵਾਸਤੇ ਕਿਹਾ। ਜਿਨਾਹ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਦੇ ਇਲਾਕੇ ਵਿਚੋਂ ਹਿੰਦੂ-ਸਿੱਖ ਤੇ ਇਸ ਪਾਸੇ ਵਲੋਂ ਮੁਸਲਮਾਨਾਂ ਨੂੰ ਇਕ ਦਮ ਬਦਲ ਕੇ ਆਉਣ ਵਾਲੀ ਹਾਲਤ ਤੋਂ ਬਚਾਉਣ ਵਾਸਤੇ ਪਰੋਗਰਾਮ ਬਣ ਸਕਦਾ ਹੈ। ਪਰ ਜਿਨਾਹ ਦੀ ਗੱਲ ਦੀ ਕਿਸੇ ਨੇ ਵੀ ਨਾ ਪਰਵਾਹ ਕੀਤੀ। ਪੰਜਾਬੀਆਂ ਅਤੇ ਬੰਗਾਲੀਆਂ ਦੇ ਹੋਣ ਵਾਲੇ ਕਤਲੇਆਮ ਦੀ ਹਿੰਦੀ ਬੈਲਟ ਦੇ ਕਾਂਗਰਸੀਆਂ ਨੂੰ ਕੋਈ ਪਰਵਾਹ ਨਹੀਂ ਸੀ।

1988: ਗੁਰਮੀਤ ਸਿੰਘ ਚੱਗਰਾਂ ਸਾਈਨਾਈਡ ਕੈਪਸੂਲ ਨਿਗਲ ਕੇ ਸ਼ਹੀਦ

16 ਅਗਸਤ 1988 ਦੇ ਦਿਨ ਗੁਰਮੀਤ ਸਿੰਘ (ਚੱਗਰਾਂ) ਮੰਡੀ ਗੋਬਿੰਦਗੜ੍ਹ 'ਚ ਪੁਲਸ ਦੇ ਘੇਰੇ ਵਿਚ ਆ ਗਿਆ ਤਾਂ ਉਸ ਨੇ ਪੁਲਸ ਦੇ ਜ਼ੁਲਮ ਸਹਿਣ ਮਗਰੋਂ ਨਕਲੀ ਮੁਕਾਬਲੇ ਵਿਚ ਮਾਰੇ ਜਾਣ ਦੀ ਥਾਂ 'ਤੇ ਪੋਟਾਸ਼ੀਅਮ ਸਾਇਆਨਾਈਡ ਦਾ ਕੈਪਸੂਲ ਖਾ ਕੇ ਸ਼ਹੀਦੀ ਕਬੂਲ ਲਈ।

1989: ਜਸਬੀਰ ਸਿੰਘ ਅੰਮ੍ਰਿਤਸਰ ਨਕਲੀ ਮੁਕਾਬਲੇ ਵਿਚ ਸ਼ਹੀਦ

16 ਅਗਸਤ 1989 ਦੇ ਦਿਨ ਪੰਜਾਬ ਪੁਲਸ ਨੇ ਜਸਬੀਰ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਬਹਾਦਰ ਨਗਰ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸੁਖਰਾਜ ਸਿੰਘ ਰਾਜੂ ਸੋਹਲ, ਮਨਪ੍ਰੀਤ ਸਿੰਘ ਬੁਟਾਰੀ, ਅਜਮੇਰ ਸਿੰਘ ਅਕਰਮਪੁਰਾ, ਰਜਵਿੰਦਰ ਸਿੰਘ ਧੌਲਪੁਰ, ਮਲਕੀਤ ਸਿੰਘ ਨੰਗਲ ਝੋਰ, ਬਲਦੇਵ ਸਿੰਘ ਧੂਲਕਾ ਬਾਣੀਆਂ, ਸੁਰਜੀਤ ਸਿੰਘ ਘੜਕਾ ਚੰਬਾ, ਪਲਵਿੰਦਰ ਸਿੰਘ ਪਿੰਦਾ ਤੇ ਨਾਹਰ ਸਿੰਘ ਬੂਈਆ ਵਾਲਾ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

16 ਅਗਸਤ 1991 ਦੇ ਦਿਨ ਪੰਜਾਬ ਪੁਲਸ ਨੇ ਸੁਖਰਾਜ ਸਿੰਘ ਰਾਜੂ, ਵਾਸੀ ਸੋਹਲ (ਉਸ ਦਾ ਭਰਾ ਨਿਸ਼ਾਨ ਸਿੰਘ ਪਹਿਲਾਂ ਸ਼ਹੀਦ ਹੋ ਚੁਕਾ ਸੀ), ਮਨਪ੍ਰੀਤ ਸਿੰਘ ਬਬਰ (ਵਾਸੀ ਬੁਟਾਰੀ), ਅਜਮੇਰ ਸਿੰਘ ਬਬਰ ਸਿਪਾਹੀ (ਵਾਸੀ ਅਕਰਮਪੁਰਾ), ਰਜਵਿੰਦਰ ਸਿੰਘ ਬਬਰ ਸਿਪਾਹੀ (ਵਾਸੀ ਧੌਲਪੁਰ), ਮਲਕੀਤ ਸਿੰਘ ਮੀਤਾ (ਵਾਸੀ ਨੰਗਲ ਝੋਰ, ਗੁਰਦਾਸਪੁਰ), ਬਲਦੇਵ ਸਿੰਘ (ਵਾਸੀ ਧੂਲਕਾ ਬਾਣੀਆਂ), ਸੁਰਜੀਤ ਸਿੰਘ ਭੂਰੀ (ਵਾਸੀ ਘੜਕਾ ਚੰਬਾ), ਪਲਵਿੰਦਰ ਸਿੰਘ ਪਿੰਦਾ ਤੇ ਨਾਹਰ ਸਿੰਘ (ਦੋਵੇਂ ਵਾਸੀ ਬੂਈਆ ਵਾਲਾ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਮੰਨਾ ਸਿੰਘ ਨੱਥੂਵਾਲਾ ਤੇ ਦਰਸ਼ਨ ਸਿੰਘ ਲਸੋਈ ਨਕਲੀ ਮੁਕਾਬਲੇ ਵਿਚ ਸ਼ਹੀਦ

16 ਅਗਸਤ 1992 ਦੇ ਦਿਨ ਪੁਲਸ ਨੇ ਮੰਨਾ ਸਿੰਘ (ਪੁੱਤਰ ਗੁਰਦੀਪ ਸਿੰਘ, ਵਾਸੀ ਨੱਥੂਵਾਲਾ, ਨੇੜੇ ਮੋਗਾ) ਤੇ ਦਰਸ਼ਨ ਸਿੰਘ (ਪੁੱਤਰ ਜਾਗੀਰ ਸਿਮਘ, ਵਾਸੀ ਲਸੋਈ, ਜ਼ਿਲ੍ਹਾ ਸੰਗਰੂਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

17 ਅਗਸਤ

1909: ਮਦਨ ਲਾਲ ਢੀਂਗਰਾ ਨੂੰ ਲੰਡਨ ਵਿਚ ਫ਼ਾਂਸੀ ਦਿੱਤੀ ਗਈ

ਜੂਨ 1909 ਵਿਚ ਲੰਡਨ ਵਿਚ ਹਿੰਦੂ ਮੂਲਵਾਦੀ ਆਗੂ ਗਣੇਸ਼ ਵੀਰ ਸਾਵਰਕਰ ਨੇ ਇੰਜਨੀਅਰਿੰਗ ਦਾ ਕੋਰਸ ਮੁਕਾ ਕੇ ਪੰਜਾਬ ਪਰਤਣ ਵਾਲੇ ਇਕ ਨੌਜਵਾਨ ਮਦਨ ਲਾਲ ਢੀਂਗਰਾ ਨੂੰ ਭੜਕਾ ਕੇ ਅੰਗਰੇਜ਼ਾਂ ਤੋਂ ਬਦਲਾ ਲੈਣ ਵਾਸਤੇ ਤਿਆਰ ਕੀਤਾ। ਮਦਨ ਲਾਲ ਢੀਂਗਰਾ ਨੇ ਇੰਡੀਆ ਆਫ਼ਿਸ ਦੇ ਸੀਨੀਅਰ ਅਫ਼ਸਰ ਸਰ ਵਿਲੀਅਮ ਕਰਜ਼ਨ ਵਾਹਿਲੀ ਨੂੰ ਪਹਿਲੀ ਜੁਲਾਈ 1909 ਦੇ ਦਿਨ ਗੋਲੀ ਮਾਰ ਕੇ ਮਾਰ ਦਿਤਾ (ਤੇ ਇਸ ਦੋਸ਼ ਵਿਚ, 17 ਅਗਸਤ 1909 ਦੇ ਦਿਨ, ਉਸ ਨੂੰ ਫ਼ਾਂਸੀ ਦੀ ਸਜ਼ਾ ਦਿਤੀ ਗਈ; ਪਰਦੇਸਾਂ ਵਿਚ ਫ਼ਾਂਸੀ 'ਤੇ ਚੜ੍ਹਨ ਵਾਲਾ ਉਹ ਪਹਿਲਾ ਪੰਜਾਬੀ ਸੀ)। ਉਸ ਵੇਲੇ ਮਦਨ ਲਾਲ ਢੀਂਗਰਾ ਦੇ ਐਕਸ਼ਨ ਦੀ ਨਿੰਦਾ ਕਰਨ ਵਾਲਿਆਂ ਵਿਚ ਸਰ ਆਗ਼ਾ ਖ਼ਾਨ, ਬਿਪਨ ਚੰਦਰ ਪਾਲ, ਗੋਪਾਲ ਕ੍ਰਿਸ਼ਨ ਗੋਖਲੇ, ਸਰ ਸੁਰਿੰਦਰ ਨਾਥ ਬੈਨਰਜੀ, ਐਨ.ਸੀ. ਕੇਲਕਰ ਵੀ ਸਨ।

1924: ਜੈਤੋ ਮੋਰਚਾ ਵਾਸਤੇ 12ਵਾਂ ਜਥਾ ਸੁੱਚਾ ਸਿੰਘ ਰੋਡੇ ਦੀ ਅਗਵਾਈ ਹੇਠ ਚੱਲਿਆ

ਜੈਤੋ ਮੋਰਚੇ ਵਿਚ ਹਜ਼ਾਰਾਂ ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ; ਕਈ ਜਗਹ ਤੋਂ ਜਥੇ ਗ੍ਰਿਫ਼ਤਾਰੀਆਂ ਵਾਸਤੇ ਜਾਂਦੇ ਰਹੇ। 17 ਅਗਸਤ ਨੂੰ ਇਕ ਜਥਾ ਸ. ਸੁੱਚਾ ਸਿੰਘ ਰੋਡੇ (ਮੋਗਾ) ਦੀ ਅਗਵਾਈ ਹੇਠ ਵੀ ਗਿਆ। ਇਹ ਮੋਰਚੇ ਦਾ 12ਵਾਂ ਜਥਾ ਸੀ। ਇਸ ਜਥੇ ਨੂੰ ਗ੍ਰਿਫ਼ਤਾਰ ਕਰ ਕੇ ਨਾਭਾ ਜੇਲ੍ਹ ਵਿਚ ਭੇਜ ਦਿੱਤਾ ਗਿਆ।

1931: ਗੁਰੂ ਰਾਮ ਦਾਸ ਨਿਵਾਸ (ਦਰਬਾਰ ਸਾਹਿਬ ਦੀ ਪਹਿਲੀ ਵੱਡੀ ਸਰਾਂ) ਦੀ ਨੀਂਹ ਰੱਖੀ ਗਈ

ਦਰਬਾਰ ਸਾਹਿਬ ਕੰਪਲੈਕਸ ਦੀ ਪਹਿਲੀ ਵੱਡੀ ਸਰਾਂ 'ਗੁਰੂ ਰਾਮ ਦਾਸ ਨਿਵਾਸ' ਦੀ ਨੀਂਹ 17 ਅਗਸਤ 1931 ਦੇ ਦਿਨ ਰੱਖੀ ਗਈ। ਉਸ ਵੇਲੇ ਇਸ ਸਰਾਂ ਦੀ ਸਾਰੀ ਸੇਵਾ ਸੰਗਤਾਂ ਨੇ ਆਪ ਕਾਰ ਸੇਵਾ ਰਾਹੀਂ ਮੁਕੰਮਲ ਕੀਤੀ ਤੇ ਤਕਰੀਬਨ ਇਕ ਸਾਲ ਵਿਚ ਹੀ ਇਹ ਸਰਾਂ ਬਣ ਕੇ ਤਿਆਰ ਹੋ ਗਈ। ਉਸ ਵੇਲੇ ਦੀਆਂ ਸਰਾਵਾਂ ਵਿਚੋਂ ਇਹ ਸਭ ਤੋਂ ਵੱਡੀ ਸੀ। ਹੁਣ ਤਾਂ ਦਰਬਾਰ ਸਾਹਿਬ ਕੰਪਲੈਕਸ ਵਿਚ ਗੁਰੂ ਨਾਨਕ ਨਿਵਾਸ, ਗੁਰੂ ਹਰਗੋਬਿੰਦ ਨਿਵਾਸ, ਗੁਰੂ ਅਰਜਨ ਨਿਵਾਸ, ਮਾਤਾ ਗੰਗਾ ਨਿਵਾਸ ਸਰਾਵਾਂ ਵੀ ਬਣ ਚੁਕੀਆਂ ਹਨ। ਇਸ ਤੋਂ ਇਲਾਵਾ ਦੋ ਸਰਾਵਾਂ ਵਿਦੇਸ਼ੀ ਸਿੱਖਾਂ ਦੀਆਂ ਵੀ ਬਣੀਆਂ ਹੋਈਆਂ ਹਨ।

1947: ਭਾਰਤ ਤੇ ਪਾਕਿਸਤਾਨ ਵਿਚ ਪੰਜਾਬ ਦੀ ਵੰਡ ਸਬੰਧੀ ਰੈਡਕਲਿਫ਼ ਐਵਾਰਡ ਦਾ ਐਲਾਨ ਹੋਇਆ

1947 ਵਿਚ ਪਾਕਿਸਤਾਨ ਬਣਨ 'ਤੇ ਪੰਜਾਬ ਸੂਬੇ ਦੀਆਂ ਹੱਦਾਂ ਦੀ ਵੰਡ ਵਾਸਤੇ ਬਾਊਂਡਰੀਆਂ ਦੇ ਮਾਹਿਰ ਸਿਰਲ ਰੈਡਕਲਿਫ਼ ਨੂੰ ਨੀਅਤ ਕੀਤਾ ਗਿਆ। ਰੈਡਕਲਿਫ਼ 8 ਜੁਲਾਈ 1947 ਨੂੰ ਦਿੱਲੀ ਵਿਚ ਪੁੱਜ ਗਿਆ। ਪਹਿਲੋਂ 30 ਜੂਨ ਨੂੰ ਜਸਟਿਸ ਤੇਜਾ ਸਿੰਘ, ਜਸਟਿਸ ਮੁਹੰਮਦ ਮੁਨੀਰ ਵਗ਼ੈਰਾ ਚਾਰ ਮੈਂਬਰਾਂ ਨੂੰ ਬਾਊਂਡਰੀ ਕਮਿਸ਼ਨ ਵਿਚ ਮੈਂਬਰ ਨਾਮਜ਼ਦ ਦਰ ਦਿੱਤਾ ਗਿਆ ਸੀ। ਕਮਿਸ਼ਨ ਦੀ ਪਹਿਲੀ ਬੈਠਕ 14 ਜੁਲਾਈ ਨੂੰ ਹੋਈ ਅਤੇ ਇਸ ਨੇ ਸਾਰੀਆਂ ਪਾਰਟੀਆਂ ਤੋਂ 18 ਜੁਲਾਈ ਤਕ ਮੈਮੋਰੰਡਮ ਮੰਗ ਲਏ ਗਏ। ਫਿਰ 21 ਜੁਲਾਈ ਤੋਂ 31 ਜੁਲਾਈ ਤਕ ਬੈਠਕਾਂ ਹੋਈਆਂ ਜਿਨ੍ਹਾਂ ਵਿਚ ਬੜੇ-ਬੜੇ ਮਸ਼ਹੂਰ ਵਕੀਲ ਤੇ ਆਗੂ ਪੇਸ਼ ਹੋ ਕੇ ਆਪਣਾ-ਆਪਣਾ ਪੱਖ ਪੇਸ਼ ਕਰਦੇ ਰਹੇ। ਅਕਾਲੀ ਦਲ ਵਲੋਂ ਹਰਨਾਮ ਸਿੰਘ, ਹਿੰਦੂਆਂ ਵਲੋਂ

ਮੀਰਲਵਾਡ, ਮੁਸਲਮਾਨਾਂ ਵਲੋਂ ਮੁਹੰਮਦ ਜ਼ਫ਼ਰ ਉੱਲਾ ਖ਼ਾਨ ਨੇ ਕੇਸ ਪੇਸ਼ ਕੀਤਾ। ਅਹਿਮਦੀਆਂ ਵਲੋਂ ਡਾਕਟਰ ਓ.ਐਚ.ਕੇ. ਸਪੇਟ ਪੇਸ਼ ਹੋਏ।

ਮੁਸਲਮਾਨਾਂ ਨੇ ਲਾਹੌਰ (ਮੁਸਲਿਮ ਅਬਾਦੀ ਦੀ ਫ਼ੀ ਸਦੀ 60.6), ਗੁਜਰਾਂਵਾਲਾ (70), ਸਿਆਲਕੋਟ (62), ਸ਼ੇਖੂਪੁਰਾ (63), ਲਾਇਲਪੁਰ (62), ਮਿੰਟਗੁਮਰੀ (69), ਮੁਲਤਾਨ (78 ਫ਼ੀ ਸਦੀ) ਜ਼ਿਲ੍ਹੇ ਅਤੇ ਫ਼ੀਰੋਜ਼ਪੁਰ ਤਹਿਸੀਲ (55), ਜ਼ੀਰਾ ਤਹਿਸੀਲ (65), ਨਕੋਦਰ ਤਹਿਸੀਲ (59), ਜਲੰਧਰ ਤਹਿਸੀਲ (51), ਅਜਨਾਲਾ ਤਹਿਸੀਲ (59 ਫ਼ੀ ਸਦੀ) ਦੇ ਇਲਾਕੇ ਅਤੇ ਗੁਰਦਾਸਪੁਰ ਜ਼ਿਲੇ ਵਿਚੋਂ ਸ਼ਕਰਗੜ੍ਹ (51), ਬਟਾਲਾ (55), ਗੁਰਦਾਸਪੁਰ (51) ਇਲਾਕੇ ਮੰਗੇ। ਇਸ ਹਿਸਾਬ ਨਾਲ ਪੱਛਮੀ ਪੰਜਾਬ ਤੋਂ ਬਿਨਾਂ ਪੂਰਬੀ ਪੰਜਾਬ ਵਿਚ ਜਲੰਧਰ, ਜ਼ੀਰਾ, ਅਜਨਾਲਾ ਤੇ ਬਟਾਲਾ ਵਲ ਕੁਝ ਇਲਾਕੇ ਵਖਰੇ ਤੇ ਸਰਹੱਦ ਤੋਂ ਦੂਰ, ਭਾਰਤ ਦੇ ਇਲਾਕੇ ਦੇ ਅੰਦਰਵਾਰ ਹੋਣ ਕਰ ਕੇ, ਕਈ ਪਾਕਿਸਤਾਨ ਬਣਦੇ ਸਨ।

ਹਿੰਦੂ ਰਿਪੋਰਟ ਮੁਤਾਬਿਕ (ਮਿਹਰ ਚੰਦ ਮਹਾਜਨ ਦੀ ਸਿਫ਼ਾਰਸ਼) ਰਾਵੀ ਨੂੰ ਹੱਦ ਮੰਨ ਕੇ ਵੰਡ ਦੀ ਸਿਫ਼ਾਰਸ਼ ਕੀਤੀ ਗਈ ਸੀ ਤੇ ਲਾਹੌਰ ਪੂਰਬੀ ਪੰਜਾਬ ਵਿਚ ਸ਼ਾਮਿਲ ਕੀਤਾ ਗਿਆ ਸੀ। ਸਿੱਖ ਪੱਖ ਮੁਤਾਬਿਕ (ਤੇਜਾ ਸਿੰਘ ਦੀ ਸਿਫ਼ਾਰਸ਼) ਸੀ ਕਿ ਝਨਾਂ ਨੂੰ ਹੱਦ ਮੰਨ ਕੇ ਵੰਡ ਕੀਤੀ ਜਾਵੇ। ਸ਼ੇਖੂਪੁਰਾ, ਗੁਜਰਾਂਵਾਲਾ, ਮਿੰਟਗੁਮਰੀ ਤੇ ਲਾਇਲਪੁਰ ਪੂਰਬੀ ਪੰਜਾਬ ਵਿਚ ਰੱਖੇ ਜਾਣ। ਕਿਉਂਕਿ ਸ਼ੇਖੂਪੁਰਾ, ਗੁਜਰਾਂਵਾਲਾ ਤੇ ਲਾਇਲਪੁਰ ਵਿਚ ਸਿੱਖ ਜ਼ਿਮੀਦਾਰ ਮੁਸਲਮਾਨਾਂ ਤੋਂ ਦੂਣਾ ਮਾਲੀਆ ਦੇਂਦੇ ਸਨ ਤੇ ਵਧੇਰੇ ਜ਼ਮੀਨਾਂ ਦੇ ਮਾਲਕ ਸਨ। ਫਿਰ ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ ਨਾਨਕਾਣਾ ਸਾਹਿਬ ਵੀ ਸ਼ੇਖੂਪੁਰਾ ਵਿਚ ਸੀ।

ਰੈਕਲਿਫ਼ ਨੇ ਐਵਾਰਡ ਤਿਆਰ ਕਰ ਲਿਆ ਪਰ ਇਸ ਨੂੰ 16 ਅਗਸਤ 1947 ਦੀ ਸ਼ਾਮ ਨੂੰ ਹੀ ਰੀਲੀਜ਼ ਕੀਤਾ। ਮੀਡੀਆ ਵਿਚ ਇਹ ਐਵਾਰਡ 17 ਅਗਸਤ ਦੀ ਸਵੇਰ ਨੂੰ ਪੇਸ਼ ਹੋਇਆ। ਇਸ ਹੇਠ 3 ਜੂਨ ਦੀ ਪਲਾਨ ਤੇ ਹੀ ਵੰਡ ਕਰ ਦਿੱਤੀ ਗਈ। ਸਿਰਫ਼ 2 ਤਬਦੀਲੀਆਂ ਸਨ: (1) ਕਸੂਰ ਦੇ ਚਾਰ ਪੁਲੀਸ ਥਾਨੇ ਪੂਰਬੀ ਪੰਜਾਬ ਨੂੰ (2) ਗੁਰਦਾਸਪੁਰ ਜ਼ਿਲਾ ਪੂਰਬੀ ਪੰਜਾਬ ਨੂੰ ਤੇ ਇਸ ਵਿਚੋਂ ਸ਼ਕਰਗੜ੍ਹ ਤਹਿਸੀਲ ਪੱਛਮੀ ਪੰਜਾਬ ਨੂੰ ਦੇ ਦਿੱਤੀ ਗਈ।

ਫ਼ੀਰੋਜ਼ਪੁਰ, ਜ਼ੀਰਾ, ਮਖੂ ਤੇ ਗੁਰਦਾਸਪੁਰ ਐਨ ਆਖ਼ਰੀ ਮੌਕੇ 'ਤੇ ਪਾਕਿਸਤਾਨ ਵਿਚ ਜਾਂਦੇ-ਜਾਂਦੇ ਬਚੇ। ਰੈਕਲਿਫ਼ ਨੇ ਮੁਖ ਅਧਾਰ ਰਾਵੀ ਤੇ ਸਤਲੁਜ ਦਰਿਆ ਹੀ ਰੱਖਿਆ। ਉਸ ਨੇ ਸਿਰਫ਼ ਇਨ੍ਹਾਂ ਦਰਿਆਵਾਂ ਵਿਚਲੀ ਵਿੱਥ ਵਾਲੀ ਜ਼ਮੀਨ ਦੇ ਪਿੰਡਾਂ ਦਾ ਹੀ ਮਸਲਾ ਹੱਲ ਕੀਤਾ।

ਜੇ ਕਿਤੇ ਇਸ ਐਵਾਰਡ ਦਾ ਪਹਿਲਾਂ ਐਲਾਨ ਹੋ ਜਾਂਦਾ ਤਾਂ ਇਤਨੀ ਵੱਢ-ਟੁੱਕ ਨਾ ਹੁੰਦੀ ਜਿੰਨੀ ਹੁਣ ਹੋਈ। ਹਜ਼ਾਰਾਂ ਘਰ ਸਾੜੇ ਗਏ, ਲੱਖਾਂ ਲੋਕ ਕਤਲ ਹੋਏ ਜ਼ਮੀਨਾਂ ਤੇ ਸਾਮਾਨ ਲੁੱਟੇ ਗਏ। ਔਰਤਾਂ ਅਗਵਾ ਤੇ ਰੇਪ ਕੀਤੀਆਂ ਗਈਆਂ। ਸਿੱਖਾਂ ਦੀ 20 ਲੱਖ ਅਬਾਦੀ ਬੇਘਰੀ ਹੋ ਗਈ। ਸਿੱਖ, ਹਿੰਦੂ ਕਾਂਗਰਸ, ਮੁਸਲਮ ਲੀਗ ਤੇ ਅੰਗਰੇਜ਼ ਦੇ ਜ਼ੁਲਮ ਦਾ ਸ਼ਿਕਾਰ ਹੋਏ। ਦਿਲੀ ਤੋਂ ਪਿਸ਼ਾਵਰ ਤੁਕ ਕਤਲ ਹੋਏ, ਲੁੱਟ ਮਾਰ ਹੋਈ ਤੇ ਸਿੱਖ ਇਕ ਉੱਜੜੀ ਹੋਈ ਕੌਮ ਬਣ ਗਈ ਜਿਸ ਨੂੰ ਬਾਅਦ ਵਿਚ ਕੁਰਬਾਨੀਆਂ ਅਤੇ ਉਜਾੜੇ ਦੇ ਨਾਲ-ਨਾਲ ਹੋਰ ਧੱਕੇ ਦਾ ਸ਼ਿਕਾਰ ਹੋਣਾ ਪਿਆ ਅਤੇ ਦੂਜੇ-ਤੀਜੇ ਦਰਜੇ ਦੇ ਸ਼ਹਿਰੀ ਵਾਲਾ ਸਲੂਕ ਕੀਤਾ ਗਿਆ

1988: ਪਾਕਿਸਤਾਨੀ ਪ੍ਰੈਜ਼ੀਡੈਂਟ ਜਨਰਲ ਜ਼ਿਆ-ਉਲ-ਹੱਕ ਨੂੰ ਇਕ ਹੈਲੀਕਾਪਟਰ ਵਿਚ ਬੰਬ ਰੱਖ ਕੇ ਉਡਾ ਦਿੱਤਾ ਗਿਆ। ਉਸ ਦੇ ਨਾਲ 31 ਹੋਰ ਲੋਕ ਵੀ ਮਾਰੇ ਗਏ ਸਨ ਜਿਨ੍ਹਾਂ ਵਿਚ ਅਮਰੀਕਾ ਦਾ ਸਫ਼ੀਰ ਆਰਨਲਡ ਲੂਈਸ ਰਾਫੇਲ ਤੇ ਉਸ ਦੀ ਪਤਨੀ, ਪਾਕਿਸਤਾਨ ਵਿਚ ਅਮਰੀਕਨ ਮਿਲਟਰੀ ਮਿਸ਼ਨ ਦਾ ਮੁਖੀ ਜਨਰਲ ਹਰਬਰਟ ਵਸਮ ਵੀ ਸ਼ਾਮਿਲ ਸਨ। ਉਸ ਵੇਲੇ ਇਹ ਆਮ ਚਰਚਾ ਸੀ ਕਿ ਇਹ ਹਾਦਸਾ ਅਮਰੀਕਾ ਦੀ ਸੀ. ਆਈ. ਏ. ਕਰਵਾਇਆ ਸੀ

ਕਿਉਂ ਕਿ ਉਹ ਜ਼ਿਆ-ਉਲ-ਹੱਕ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸਨ ਤੇ ਇਸ ਵਾਸਤੇ ਉਨ੍ਹਾਂ ਨੇ ਇਸ ਹਾਦਸੇ ਵਿਚ ਆਪਣਾ ਸਫ਼ੀਰ ਵੀ ਮਰਵਾ ਦਿੱਤਾ ਸੀ। ਦੂਜੇ ਪਾਸੇ ਇਕ ਚਰਚਾ ਇਹ ਵੀ ਸੀ ਕਿ ਇਹ ਬੰਬ ਰੂਸ ਤੇ ਭਾਰਤ ਨੇ ਆਪਣੇ ਏਜੰਟਾਂ ਰਾਹੀਂ ਰਖਵਾਇਆ ਸੀ। ਅਜ ਵੀ ਪਾਕਸਤਾਨੀ ਮੰਨਦੇ ਹਨ ਕਿ ਇਹ ਹਾਦਸਾ ਕੋਈ ਵੱਡੀ ਸਾਜ਼ਿਸ਼ ਸੀ। ਪਰ ਇਸ ਦਾ ਸਿੱਖ ਲਹਿਰ ਨੂੰ ਬਹੁਤ ਨੁਕਸਾਨ ਹੋਇਆ ਕਿਉਂ ਕਿ ਜ਼ਿਆ-ਉਲ-ਹੱਕ ਖਾਲਿਸਤਾਨ ਲਹਿਰ ਦਾ ਹਿਮਾਇਤੀ ਸੀ ਪਰ ਉਸ ਦੇ ਮਰਨ ਮਗਰੋਂ ਬੇਨਜ਼ੀਰ ਭੁੱਟੋ ਪ੍ਰਾਈਮ ਮਨਿਸਟਰ ਬਣੀ ਅਤੇ ਉਸ ਨੇ ਰਾਜੀਵ ਗਾਂਧੀ ਨਾਲ ਦੋਸਤੀ ਪਾ ਕੇ, ਆਪਣਾ ਵਜ਼ੀਰ ਉਚੇਚਾ ਦਿੱਲੀ ਭੇਜ ਕੇ, ਖਾਲਿਸਤਾਨੀਆਂ ਦੇ ਸਾਰੇ ਰਾਜ਼ ਉਸ ਦੇ ਹਵਾਲੇ ਕਰ ਦਿੱਤੇ ਜਿਸ ਨਾਲ ਸੈਂਕੜੇ ਖਾੜਕੂ ਮਾਰੇ ਗਏ ਤੇ ਇਸ ਲਹਿਰ ਦਾ ਲੱਕ ਟੁੱਟ ਗਿਆ।

1991: ਉਤਾਰ ਸਿੰਘ ਭੀਲੋਵਾਲ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਸਤਾਰਾਂ ਅਗਸਤ 1991 ਦੇ ਦਿਨ ਪੰਜਾਬ ਪੁਲਸ ਨੇ ਉਤਾਰ ਸਿੰਘ (ਪੁੱਤਰ ਮਾਘੀ ਸਿੰਘ, ਵਾਸੀ ਭੀਲੋਵਾਲ, ਫ਼ੀਰੋਜ਼ਪੁਰ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਪਰਮਜੀਤ ਸਿੰਘ ਬਠਿੰਡਾ, ਬਘੇਲ ਸਿੰਘ ਸੇਹ, ਬਹਾਦਰ ਸਿੰਘ ਖੀਰਨੀਆ, ਤੇ ਅੱਛਰ ਸਿੰਘ ਗੰਡਾਸਿੰਘਵਾਲਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਸਤਾਰਾਂ ਅਗਸਤ 1992 ਦੇ ਦਿਨ ਪੰਜਾਬ ਪੁਲਸ ਨੇ ਪਰਮਜੀਤ ਸਿੰਘ (ਪੁੱਤਰ ਗੁਰਦਿੱਤ ਸਿੰਘ, ਵਾਸੀ ਗੁਰੂ ਗੋਬਿੰਦ ਸਿੰਘ ਨਗਰ, ਬਠਿੰਡਾ), ਬਘੇਲ ਸਿੰਘ (ਵਾਸੀ ਸੇਹ, ਨੇੜੇ ਸਮਰਾਲਾ, ਲੁਧਿਆਣਾ), ਬਹਾਦਰ ਸਿੰਘ ਖੀਰਨੀਆਂ, ਅੱਛਰ ਸਿੰਘ ਗੰਡਾਸਿੰਘਵਾਲਾ ਤੇ ਤਿੰਨ ਹੋਰ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ ਗਿਆ। ਇਸੇ ਦਿਨ ਥਿਾਨ ਲਿਬਰੇਸ਼ਨ ਫ਼ੋਰਸ ਦੇ ਗੁਰਚਰਨ ਸਿੰਘ ਘੁੱਦਾ (ਵਾਸੀ ਰਾਮਗੜ੍ਹ ਭੁੱਲਰ, ਸਿਧਵਾਂ ਬੇਟ, ਜਿਸ ਦੇ ਸਿਰ 'ਤੇ 10 ਲੱਖ ਦਾ ਈਨਾਮ ਸੀ ਤੇ ਉਸ 'ਤੇ 128 ਕਤਲ ਪਾਏ ਹੋਏ ਸਨ), ਬਬਰ ਖਾਲਸਾ ਦਾ ਲੈਫ਼ਟੀਨੈਂਟ ਜਨਰਲ ਗੁਰਨਾਮ ਸਿੰਘ ਉਰਫ਼ ਗਾਮਾ (ਸੈਂਕੜੇ ਕਤਲਾਂ ਦਾ ਦੋਸ਼ੀ ਕਹਿ ਕੇ), ਏਰੀਆ ਕਮਾਂਡਰ ਤਰਲੋਚਨ ਸਿੰਘ, ਬਲਵਿੰਦਰ ਸਿੰਘ ਪਵਨ ਚੁੰਡੀਕੇ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਹੋ ਗਏ।

18 ਅਗਸਤ

1945: ਸੁਭਾਸ਼ ਚੰਦਰ ਬੋਸ ਦੀ ਮੌਤ ਹੋਈ

ਦੂਜੀ ਵੱਡੀ ਜੰਗ ਵਿਚ ਅਜ਼ਾਦ ਹਿੰਦ ਫ਼ੌਜ ਨੇ ਜਪਾਨੀਆਂ ਨਾਲ ਮਿਲ ਕੇ ਜ਼ਬਰਦਸਤ ਜੰਗ ਲੜੀ ਅਤੇ ਕੁਝ ਕਾਮਯਾਬੀਆਂ ਵੀ ਹਾਸਿਲ ਕੀਤੀਆਂ ਪਰ 14 ਅਗਸਤ 1945 ਦੇ ਦਿਨ ਜਪਾਨ ਨੇ ਹਥਿਆਰ ਸੁਟ ਦਿੱਤੇ ਤੇ ਜੰਗਬੰਦੀ ਦਾ ਐਲਾਨ ਕਰ ਦਿੱਤਾ। ਇਸ ਮਗਰੋਂ ਸੁਭਾਸ਼ ਚੰਦਰ ਬੋਸ 18 ਅਗਸਤ 1945 ਦੇ ਦਿਨ ਕਿਸੇ ਗੁਪਤ ਥਾਂ ਜਾਣ ਵਾਸਤੇ ਜਹਾਜ਼ ਵਿਚ ਰਵਾਨਾ ਹੋਏ ਅਤੇ ਇਕ ਹਵਾਈ ਹਾਦਸੇ ਵਿਚ ਮਾਰੇ ਗਏ। ਕੁਝ ਲੋਕਾਂ ਨੇ ਸੁਭਾਸ਼ ਚੰਦਰ ਬੋਸ ਦੇ ਜ਼ਿੰਦਾ ਹੋਣ ਦਾ ਕਈ ਸਾਲ ਪਰਚਾਰ ਕਰੀ ਰੱਖਿਆ ਜਿਵੇਂ ਚੋਕ ਮਹਿਤਾ ਡੇਰੇ ਦੇ ਕਾਰ ਮੁਖਤਾਰ (ਬਾਬਾ) ਠਾਕਰ ਸਿੰਘ ਨੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜ਼ਿੰਦਾ ਹੋਣ ਦਾ ਪਰਚਾਰ 21 ਸਾਲ ਤਕ ਕਰੀ ਰੱਖਿਆ ਸੀ। ਇੰਵ ਹੀ ਕਈ ਕੂਕੇ ਤਾਂ ਬਾਬਾ ਰਾਮ ਸਿੰਘ ਨੂੰ ਤਾਂ ਅੱਜ ਤਕ ਜ਼ਿੰਦਾ ਰੱਖਣ ਦੀ ਗੱਪ ਮਾਰ ਦੇਂਦੇ ਹਨ।

1947: ਪਿੰਗਲਵਾੜਾ ਦੀ ਸ਼ੁਰੂਆਤ ਹੋਈ

ਪਾਕਿਸਤਾਨ ਤੋਂ ਉਜੜ ਕੇ ਆਉਣ ਵਾਲੇ ਲੋਕਾਂ ਵਿਚ ਇਕ ਪਿੰਗਲਾ ਵੀ ਸੀ; ਇਸ ਸਿੱਖ ਦੀ ਕੋਈ ਸਾਰ ਨਾ ਲੈਂਦਾ ਵੇਖ ਕੇ ਭਗਤ ਪੂਰਨ ਸਿੰਘ ਨੇ ਅੰਮ੍ਰਿਤਸਰ ਵਿਚ ਪਿੰਗਲਵਾੜਾ ਦੀ ਸ਼ੁਰੂਆਤ ਕੀਤੀ ਜੋ ਮਗਰੋਂ ਵਧਦਾ ਵਧਦਾ ਇਕ ਵੱਡਾ ਅਦਾਰਾ ਬਣ ਗਿਆ।

1987: ਅਜਮੇਰ ਸਿੰਘ ਤੇ ਲਖਵਿੰਦਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

18 ਅਗਸਤ 1987 ਦੇ ਦਿਨ ਪੰਜਾਬ ਪੁਲਸ ਨੇ ਇਕ ਖਾੜਕੂ ਅਜਮੇਰ ਸਿੰਘ ਨੂੰ, ਹਿਰਾਸਤ 'ਚੋਂ ਭੱਜਿਆ ਆਖ ਕੇ, ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ। ਇਸੇ ਦਿਨ ਇਕ ਹੋਰ ਨੌਜਵਾਨ ਲਖਵਿੰਦਰ ਸਿੰਘ ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

1989: ਹਜ਼ਾਰਾ ਸਿੰਘ ਬੂਹ ਤੇ ਰਣਧੀਰ ਸਿੰਘ ਮੁੰਡਾ ਪਿੰਡ ਨਕਲੀ ਮੁਕਾਬਲੇ ਵਿਚ ਸ਼ਹੀਦ

18 ਅਗਸਤ 1989 ਦੇ ਦਿਨ ਪੰਜਾਬ ਪੁਲਸ ਨੇ ਇਕ ਖਾੜਕੂ ਹਜ਼ਾਰਾ ਸਿੰਘ (ਪੁੱਤਰ ਜਸਵੰਤ ਸਿੰਘ, ਵਾਸੀ ਬੂਹ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ। ਇਸੇ ਦਿਨ ਪੁਲਸ ਨੇ ਰਣਧੀਰ ਸਿੰਘ ਉਰਫ਼ ਧੀਰ ਸਿੰਘ ਉਰਫ਼ ਟੀਟੂ ਉਰਫ਼ ਬਚਿੱਤਰ ਸਿੰਘ ਉਰਫ਼ ਵਿਜੇਪਾਲ ਸਿੰਘ (ਵਾਸੀ ਮੁੰਡਾ ਪਿੰਡ) ਨੂੰ ਵੀ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਜਤਿੰਦਰਪਾਲ ਸਿੰਘ ਗਾਗਰਪੁਰ (ਹਰਿਆਣਾ), ਸ਼ਾਮ ਸਿੰਘ ਲੱਖਣ ਤਪਾ ਤੇ ਸਰਦੂਲ ਸਿੰਘ ਭਗਵਾਨਪੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

18 ਅਗਸਤ 1991 ਦੇ ਦਿਨ ਪੰਜਾਬ ਪੁਲਸ ਨੇ ਜਤਿੰਦਰਪਾਲ ਸਿੰਘ (ਪੁੱਤਰ ਰਾਮ ਸਰੂਪ, ਵਾਸੀ ਗਾਗਰਪੁਰ, ਜ਼ਿਲ੍ਹਾ ਕੈਥਲ, ਹਰਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ। ਇਸੇ ਦਿਨ ਪੁਲਸ ਨੇ ਸ਼ਾਮ ਸਿੰਘ (ਵਾਸੀ ਲੱਖਣ ਤਪਾ) ਤੇ ਸਰਦੂਲ ਸਿੰਘ (ਵਾਸੀ ਭਗਵਾਨਪੁਰਾ) ਨੂੰ ਵੀ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਪ੍ਰਭਜੋਤ ਸਿੰਘ ਮੁਰਾਦਪੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

18 ਅਗਸਤ 1992 ਦੇ ਦਿਨ ਪੁਲਸ ਨੇ ਪ੍ਰਭਜੋਤ ਸਿੰਘ (ਪੁੱਤਰ ਅਵਤਾਰ ਸਿੰਘ, ਵਾਸੀ ਮੁਰਾਦਪੁਰਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1993: ਸੁਖਸਾਗਰ ਸਿੰਘ ਬੀਹਲਾ ਤੇ ਚਰਨ ਸਿੰਘ ਪੰਡੋਰੀ ਰਹਿਮਾਂ ਨਕਲੀ ਮੁਕਾਬਲਿਆਂ ਵਿਚ ਸ਼ਹੀਦ

18 ਅਗਸਤ 1993 ਦੇ ਦਿਨ ਪੁਲਸ ਨੇ ਸੁਖਸਾਗਰ ਸਿੰਘ (ਪੁੱਤਰ ਜਤਿੰਦਰ ਸਿੰਘ, ਵਾਸੀ ਬੀਹਲਾ, ਜ਼ਿਲ੍ਹਾ ਸੰਗਰੂਰ) ਤੇ ਚਰਨ ਸਿੰਘ (ਪੁੱਤਰ ਬੰਤਾ ਸਿੰਘ, ਵਾਸੀ ਪੰਡੋਰੀ ਰਹਿਮਾਂ, ਨੇੜੇ ਤਖਤ ਮੱਲ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤਾ।

2013: ਸਿੱਖ ਬੀਬੀ ਨੂੰ ਕੜਾ ਪਾ ਕੇ ਪੇਪਰ ਦੇਣ ਤੋਂ ਰੋਕਿਆ

18 ਅਗਸਤ 2013 ਦੇ ਦਿਨ ਚੰਡੀਗੜ੍ਹ ਦੇ ਡੀ.ਏ.ਵੀ ਸਕੂਲ ਸੈਕਟਰ 15 ਵਿਚ ਪੈਰਾ ਮੈਡੀਕਲ ਪੇਪਰ ਵਿਚ ਸਿੱਖ ਕੁੜੀ ਗੁਰਵਿੰਦਰ ਕੌਰ ਨੂੰ ਕੜਾ ਪਾਇਆ ਹੋਣ ਕਰ ਕੇ ਪੇਪਰ ਦੇਣ ਤੋਂ ਰੋਕਿਆ। ਕਾਫ਼ੀ ਬਹਿਸ ਮਗਰੋਂ ਡਾ: ਗਾਬਾ ਸੈਂਟਰ ਇੰਚਾਰਜ ਨੇ ਸਿੱਖ ਆਗੂਆਂ ਦੇ

ਦਖ਼ਲ ਪਿੱਛੋਂ ਇਜਾਜ਼ਤ ਦਿੱਤੀ। ਪਰ, ਇਸ ਮਗਰੋਂ ਸਿੱਖਾਂ ਨੇ ਇਸ ਸਬੰਧ ਵਿਚ ਕੋਈ ਐਕਸ਼ਨ ਤਕ ਨਾ ਲਿਆ, ਜਿਸ ਨਾਲ ਮੁੜ ਇਹੋ ਜਿਹੀ ਹਰਕਤ ਹੋਣ ਦੇ ਆਸਾਰ ਬਣੇ ਰਹੇ।

19 ਅਗਸਤ

1590: ਤਰਨ ਤਾਰਨ ਸਰੋਵਰ ਦੀ ਖੁਦਾਈ ਸ਼ੁਰੂ ਹੋਈ

ਗੁਰੂ ਰਾਮ ਦਾਸ ਸਾਹਿਬ ਦੇ ਅਹਿਦ ਦਾ ਇਕ ਬੜਾ ਵੱਡਾ ਕਦਮ ਗੁਰੂ ਦਾ ਚੱਕ (ਹੁਣ ਅੰਮ੍ਰਿਤਸਰ) ਨਗਰ ਨੂੰ ਕਾਇਮ ਕਰਨਾ ਸੀ। 1552-53 ਵਿਚ ਜਦ ਗੁਰੂ ਅਮਰ ਦਾਸ ਸਾਹਿਬ ਨੇ ਗੋਇੰਦਵਾਲ ਨਗਰ ਵਸਾਇਆ ਤਾਂ ਗੁਰੂ ਰਾਮ ਦਾਸ ਸਾਹਿਬ (ਉਦੋਂ ਭਾਈ ਜੇਠਾ) ਵੀ ਉਨ੍ਹਾਂ ਦੇ ਨਾਲ ਅੱਗੇ ਵਧ ਕੇ ਹੱਥ ਵੰਡਾਉਂਦੇ ਰਹੇ ਸਨ। ਇਸ ਕਰ ਕੇ ਉਨ੍ਹਾਂ ਨੂੰ ਇਕ ਨਵਾਂ ਨਗਰ ਵਸਾਉਣ ਦਾ ਬੜਾ ਤਜਰਬਾ ਸੀ ਜਿਸ ਨੂੰ ਉਨ੍ਹਾਂ ਨੇ ਗੁਰੂ ਦਾ ਚੱਕ ਵਸਾਉਣ ਵਾਸਤੇ ਬ-ਖ਼ੂਬੀ ਵਰਤਿਆ। ਇਕ ਵਿਚਾਰ ਮੁਤਾਬਿਕ ਗੁਰੂ ਦਾ ਚੱਕ ਵਸਾਉਣ ਦਾ ਫ਼ੈਸਲਾ ਗੁਰੂ ਰਾਮ ਦਾਸ ਅਤੇ ਗੁਰੂ ਅਮਰ ਦਾਸ ਸਾਹਿਬ ਦਾ ਸਾਂਝਾ ਸੀ। ਇਸ ਸੋਮੇ ਮੁਤਾਬਿਕ ਗੁਰੂ ਅਮਰ ਦਾਸ ਸਾਹਿਬ ਨੇ ਗੁਰੂ ਰਾਮ ਦਾਸ ਸਾਹਿਬ ਨੂੰ ਇਹ ਨਗਰ ਵਸਾਉਣ ਵਾਸਤੇ ਆਪ ਭੇਜਿਆ ਸੀ। ਇਸ ਨਗਰ ਵਾਸਤੇ ਭਾਈ ਜੇਠਾ (ਗੁਰੂ ਰਾਮ ਦਾਸ ਸਾਹਿਬ) ਨੇ 1564 ਵਿਚ ਤੁੰਗ, ਸੁਲਤਾਨਵਿੰਡ ਤੇ ਗੁਮਟਾਲੀ ਪਿੰਡਾਂ ਦੀ ਜ਼ਮੀਨ 700 ਅਕਬਰੀ ਰੁਪੈ ਦੇ ਕੇ ਖ਼ਰੀਦੀ ਅਤੇ ਸਭ ਤੋਂ ਪਹਿਲਾਂ ਸੰਤੋਖਸਰ ਸਰੋਵਰ ਦੀ ਪੁਟਾਈ ਸ਼ੁਰੂ ਕੀਤੀ। ਪਰ, ਇਸ ਦੀ ਪੁਟਾਈ ਅਜੇ ਪੂਰੀ ਤਰ੍ਹਾਂ ਨਹੀਂ ਸੀ ਹੋਈ ਕਿ ਗੁਰੂ ਅਮਰ ਦਾਸ ਸਾਹਿਬ ਨੇ ਭਾਈ ਜੇਠਾ ਨੂੰ ਵਾਪਿਸ ਗੋਇੰਦਵਾਲ ਬੁਲਾ ਲਿਆ ਕਿਉਂ ਕਿ ਗੁਰੂ ਦਰਬਾਰ ਅਤੇ ਨਗਰ ਦਾ ਇੰਤਜ਼ਾਮ ਉਨ੍ਹਾਂ ਕੋਲੋਂ ਇਕੱਲਿਆਂ ਨਹੀਂ ਸੀ ਹੋ ਰਿਹਾ। ਇਸ ਕਰ ਕੇ 1564 ਵਿਚ ਗੁਰੂ ਦਾ ਚੱਕ ਨਗਰ ਦੀ ਕਾਇਮੀ ਅੱਧ-ਵਿਚਕਾਰ ਹੀ ਰੁਕ ਗਈ ਅਤੇ ਅਗਲੇ ਦਸ ਸਾਲ ਤਕ ਇਹ ਨਗਰ ਵੱਸ ਨਾ ਸਕਿਆ। 1574 ਵਿਚ ਗੁਰੂ ਅਮਰ ਦਾਸ ਸਾਹਿਬ ਜੋਤੀ-ਜੋਤਿ ਸਮਾ ਗਏ ਤੇ ਭਾਈ ਜੇਠਾ ਚੌਥੇ ਗੁਰੂ ਨਾਨਕ ਬਣੇ। ਗੁਰੂ ਅਮਰ ਦਾਸ ਸਾਹਿਬ ਦੇ ਬਿੰਦੀ ਪੁੱਤਰਾਂ ਮੋਹਨ ਤੇ ਮੋਹਰੀ ਨੂੰ ਗੋਇੰਦਵਾਲ ਨਗਰ ਦੀ ਜਾਇਦਾਦ ਸੰਭਾਲ ਕੇ ਗੁਰੂ ਰਾਮ ਦਾਸ ਸਾਹਿਬ ਗੁਰੂ ਦਾ ਚੱਕ ਆ ਗਏ ਅਤੇ ਇੱਥੇ ਅਜੋਕੇ ਗੁਰਦੁਆਰਾ 'ਗੁਰੂ ਦੇ ਮਹਿਲ' ਵਾਲੀ ਥਾਂ 'ਤੇ ਘਰ ਬਣਾ ਕੇ ਰਹਿਣ ਲਗ ਪਏ। ਹਾਲਾਂ ਕਿ 10 ਸਾਲ ਪਹਿਲਾਂ ਉਨ੍ਹਾਂ ਨੇ ਸੰਤੋਖਸਰ ਸਰੋਵਰ ਦੀ ਪੁਟਾਈ ਸ਼ੁਰੂ ਕਰ ਦਿਤੀ ਸੀ ਪਰ ਕੁਝ ਕਾਰਨਾਂ ਨੂੰ ਮੁਖ ਰਖ ਕੇ ਉਨ੍ਹਾਂ ਪਹਿਲਾਂ ਅੰਮ੍ਰਿਤਸਰ ਸਰੋਵਰ ਦੀ ਪੁਟਾਈ ਸ਼ੁਰੂ ਕਰ ਦਿਤੀ ਤਿੰਨ ਸਾਲ ਵਿਚ ਹੀ (1577 ਵਿਚ) ਸਰੋਵਰ ਤਿਆਰ ਹੋ ਗਿਆ। ਕਿਸੇ ਵੀ ਨਵੇਂ ਨਗਰ ਦੀ ਸਭ ਤੋਂ ਪਹਿਲੀ ਜ਼ਰੂਰਤ ਪਾਣੀ ਦੀ ਹੁੰਦੀ ਹੈ ਇਸ ਕਰ ਕੇ ਗੁਰੂ ਸਾਹਿਬ ਨੇ ਪਹਿਲਾਂ ਅੰਮ੍ਰਿਤਸਰ ਤੇ ਫਿਰ 1578 ਵਿਚ ਸੰਤੋਖਸਰ ਸਰੋਵਰ ਵੀ ਤਿਆਰ ਕਰਵਾ ਲਿਆ। ਇਸ ਦੇ ਨਾਲ ਹੀ ਸ਼ਹਿਰ ਵਿਚ ਕਈ ਧਰਮਸਾਲਾ (ਅਜੋਕੀ ਬੋਲੀ ਵਿਚ ਸਰਾਵਾਂ) ਵੀ ਬਣ ਗਈਆਂ।

ਬ੍ਰਾਹਮਣ ਲੇਖਕਾਂ ਨੇ ਦਰਬਾਰ ਸਾਹਿਬ (ਗੁਰੂ ਦਾ ਚੱਕ, ਹੁਣ ਅੰਮ੍ਰਿਤਸਰ) ਦੇ ਸਰੋਵਰ ਨੂੰ ਇਕ ਹਿੰਦੂ 'ਤੀਰਥ' ਸਾਬਿਤ ਕਰਨ ਵਾਸਤੇ ਇੱਥੇ ਮੌਜੂਦ ਛੱਪੜ ਵਿਚ ਕਾਂਵਾਂ ਦਾ ਨਹਾ ਕੇ ਹੰਸ ਬਣਨ ਅਤੇ ਬੀਬੀ ਰਜਨੀ ਦੇ ਪਤੀ ਦਾ ਇਸ ਛੱਪੜ ਦੇ ਪਾਣੀ ਵਿਚ ਡਿੱਗਣ ਨਾਲ ਉਸ ਦਾ ਪਿੰਗਲਾਪਣ ਦੂਰ ਹੋਣ ਦੀਆਂ ਗੱਪ-ਕਹਾਣੀਆਂ ਵੀ ਘੜੀਆਂ ਹਨ। ਦਰਬਾਰ ਸਾਹਿਬ ਵਿਚਲੀਆਂ ਥਾਂਵਾਂ ਨੂੰ 'ਅਠਸਠ' (ਬ੍ਰਾਹਮਣਾਂ ਦੇ 68 ਤੀਰਥਾਂ ਦੀ ਮਹਾਨਤਾ ਦੱਸਣ ਵਾਸਤੇ), 'ਹਰਿ ਕੀ ਪੌੜੀ' (ਹਰਦੁਆਰ ਵਿਚ ਗੰਗਾ ਦੇ ਕੰਢੇ ਦੀ ਮਹਾਨਤਾ ਦੱਸਣ ਵਾਸਤੇ) ਅਤੇ ਦਰਬਾਰ ਸਾਹਿਬ ਕੰਪਲੈਕਸ ਵਿਚਲੀ ਇਕ ਬੇਰੀ ਵਾਸਤੇ 'ਦੁਖਭੰਜਨੀ ਬੇਰੀ' ਵਰਗੇ ਹਿੰਦੂ-ਨਾਂ ਵੀ ਬ੍ਰਾਹਮਣ ਲਿਖਾਰੀਆਂ ਦੇ ਦਿੱਤੇ ਹੋਏ ਹਨ। ਇੰਝ ਹੀ ਸੰਤੋਖਸਰ ਸਰੋਵਰ ਦੀ ਖੁਦਾਈ ਵੇਲੇ

ਇਕ ਅਖੌਤੀ 'ਰਿਸ਼ੀ' ਦੇ ਜ਼ਮੀਨ ਹੇਠੋਂ ਨਿਕਲਣ ਵਾਲੀ ਮਨਘੜਤ ਕਹਾਣੀ ਵੀ ਬ੍ਰਾਹਮਣਾਂ ਵੱਲੋਂ ਇਸ ਨੂੰ 'ਪੁਰਾਣਾ ਹਿੰਦੂ ਤੀਰਥ' ਸਾਬਿਤ ਕਰਨ ਵਾਸਤੇ ਘੜੀ ਗਈ ਸੀ।

ਜਦ 1578 ਵਿਚ ਦੋਵੇਂ ਸਰੋਵਰ ਬਣ ਕੇ ਤਿਆਰ ਹੋ ਗਏ ਤਾਂ ਗੁਰੂ ਸਾਹਿਬ ਨੇ ਸਾਰੇ ਪਾਸਿਓਂ ਸਿੱਖਾਂ ਨੂੰ ਸੱਦੇ ਭੇਜ ਕੇ ਨਵੇਂ ਨਗਰ ਵਿਚ ਵਸਣ ਵਾਸਤੇ ਕਿਹਾ। ਗੁਰੂ ਸਾਹਿਬ ਨੇ ਪੂਰੀ ਪਲਾਨਿੰਗ ਨਾਲ ਹਰ ਕਿੱਤੇ ਦੇ ਸਿੱਖ ਉਸ ਨਗਰ ਵਿਚ ਵਸਾਏ ਤਾਂ ਜੋ ਇਹ ਮਾਡਲ ਨਗਰ ਆਪਣੇ ਆਪ ਵਿਚ ਇਕ ਮੁਕੰਮਲ 'ਸਿਟੀ ਸਟੇਟ' ਬਣ ਜਾਵੇ। ਹੁਣ ਨਗਰ ਵਿਚ ਧਾਰਮਿਕ ਕਾਰਵਾਈਆਂ ਵਾਸਤੇ ਇਕ ਗੁਰਦੁਆਰਾ, ਯਾਤਰੂਆਂ ਅਤੇ ਮੁਕਾਮੀ ਲੋਕਾਂ ਦੇ ਨਹਾਉਣ ਦਾ ਮਸਲਾ ਹੱਲ ਕਰਨ ਵਾਸਤੇ ਦੋ ਸਰੋਵਰ, ਪੀਣ ਦਾ ਪਾਣੀ ਮੁਹੱਈਆ ਕਰਨ ਵਾਸਤੇ ਦਰਜਨਾਂ ਖੂਹ, ਯਾਤਰੂਆਂ ਵਾਸਤੇ ਬਹੁਤ ਸਾਰੀਆਂ ਧਰਮਸਾਲਵਾਂ (ਸਰਾਵਾਂ), ਹਰ ਤਰ੍ਹਾਂ ਦਾ ਸਾਮਾਨ ਖ਼ਰੀਦਣ ਵਾਸਤੇ ਦੁਕਾਨਾਂ ਤੇ ਹਰ ਹੁਨਰ ਦੇ ਕਾਰੀਗਰ ਇਸ ਨਗਰ ਵਿਚ ਮੌਜੂਦ ਸਨ। ਕੁਝ ਹੀ ਸਾਲਾਂ ਵਿਚ ਹਜ਼ਾਰਾਂ ਲੋਕ ਗੁਰੂ-ਦਾ-ਚੱਕ ਆਉਣ ਲਗ ਪਏ। ਗੁਰੂ ਅਰਜਨ ਸਾਹਿਬ ਵੇਲੇ ਤਾਂ ਇਹ ਗਿਣਤੀ ਬਹੁਤ ਵਧ ਗਈ। ਇਸ ਹਾਲਤ ਵਿਚ ਲੋਕਾਂ ਦੇ ਨਹਾਉਣ ਅਤੇ ਕਪੜੇ ਧੋਣ ਵਾਸਤੇ ਪਾਣੀ ਲਈ ਸਰੋਵਰ ਥੋੜ੍ਹੇ ਜਾਪਣ ਲਗ ਪਏ ਤੇ ਹੋਰ ਸਰੋਵਰ ਬਣਾਉਣੇ ਪਏ। ਕੁਝ ਚਿਰ ਮਗਰੋਂ ਇਸ ਨਗਰ ਵਿਚ ਆਉਣ ਵਾਲੇ ਲੋਕਾਂ ਦੇ ਰਾਹ ਵਿਚ ਪੜਾਅ ਵਾਸਤੇ ਤਰਨ ਤਾਰਨ ਵਾਲੀ ਥਾਂ 'ਤੇ ਵੀ ਇਕ ਸਰੋਵਰ ਬਣਾਉਣਾ ਪਿਆ। 19 ਅਗਸਤ 1590 ਦੇ ਦਿਨ ਇਸ ਸਰੋਵਰ ਦੀ ਪੁਟਾਈ ਸ਼ੁਰੂ ਕੀਤੀ ਗਈ; ਇਹ ਸਰੋਵਰ ਦਰਬਾਰ ਸਾਹਿਬ ਤੋਂ ਤਕਰੀਬਨ ਦੁਗਣਾ ਸੀ। ਇਸ ਨਾਲ ਲੋਕਾਂ ਦੇ ਨਹਾਉਣ ਅਤੇ ਕਪੜੇ ਧੋਣ ਵਾਸਤੇ ਪਾਣੀ ਦਾ ਮਸਲਾ ਕਾਫ਼ੀ ਹੱਦ ਕ ਹੱਲ ਹੋ ਗਿਆ।

1695: ਲਾਹੌਰ ਦੇ ਡਿਪਟੀ ਗਵਰਨਰ ਦੇ ਪੁੱਤਰ ਰੁਸਤਮ ਖ਼ਾਨ ਦਾ ਅਨੰਦਪੁਰ 'ਤੇ ਹਮਲਾ ਨਾਕਾਮ ਰਿਹਾ

ਅਗਸਤ 1695 ਵਿਚ ਲਾਹੌਰ ਦੇ ਡਿਪਟੀ ਗਵਰਨਰ ਦਿਲਾਵਰ ਖ਼ਾਨ ਨੇ ਪਹਾੜੀ ਰਾਜਿਆਂ ਨੂੰ ਸਬਕ ਸਿਖਾਉਣ ਵਾਸਤੇ, ਪਹਾੜਾਂ ਵਲ ਕੂਚ ਕਰਨ ਵਾਸਤੇ, ਆਪਣੇ ਪੁੱਤਰ ਰੁਸਤਮ ਖ਼ਾਨ ਨੂੰ ਫ਼ੌਜ ਦੇ ਕੇ ਤੋਰਿਆ। ਦਿਲਾਵਰ ਖ਼ਾਨ ਨੂੰ ਪਤਾ ਸੀ ਕਿ ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਜੀ ਦੀ ਮਦਦ ਨਾਲ ਹੀ ਜਿੱਤ ਸਕਦੇ ਹਨ। ਇਸ ਕਰ ਕੇ ਉਸ ਨੇ ਆਪਣੇ ਪੁੱਤਰ ਨੂੰ ਪਹਿਲਾਂ ਅਨੰਦਪੁਰ'ਤੇ ਹਮਲਾ ਕਰਨ ਵਾਸਤੇ ਹਦਾਇਤ ਕੀਤੀ। 19 ਅਗਸਤ 1695 ਦੇ ਦਿਨ ਰੁਸਤਮ ਖ਼ਾਨ ਦੀ ਫ਼ੌਜ ਅਨੰਦਪੁਰ ਦੇ ਨਾਲੇ (ਚੋਅ) ਦੇ ਕੰਢੇ 'ਤੇ ਆ ਲੱਗੀ। ਬਰਸਾਤਾਂ ਹੋਣ ਕਰ ਕੇ ਉਨ੍ਹੀਂ ਦਿਨੀਂ ਨਾਲੇ 'ਚ ਹੜ੍ਹ ਆਇਆ ਹੋਇਆ ਸੀ। ਉਧਰ ਭਾਈ ਆਲਮ ਸਿੰਘ 'ਨੱਚਣਾ' ਨੇ ਗੁਰੂ ਸਾਹਿਬ ਨੂੰ ਮੁਗ਼ਲ ਫ਼ੌਜ ਦੇ ਆਉਣ ਦੀ ਖ਼ਬਰ ਦੇ ਦਿੱਤੀ। ਰਣਜੀਤ ਨਗਾਰੇ 'ਤੇ ਚੋਟ ਲਗਦਿਆਂ ਹੀ ਬਹੁਤ ਸਾਰੀਆਂ ਸਿੱਖ ਫ਼ੌਜਾਂ ਇਕਦਮ ਨਾਲੇ ਦੇ ਦੂਜੇ ਬੰਨੇ 'ਤੇ ਆ ਡਟੀਆਂ। ਨਾਲੇ ਵਿਚ ਹੜ੍ਹ ਆਏ ਹੋਣ ਕਾਰਨ ਰੁਸਤਮ ਖ਼ਾਨ ਦੀ ਫ਼ੌਜ ਦੇ ਕਿਸੇ ਵੀ ਜਵਾਨ ਦਾ ਹੀਆ (ਹੌਸਲਾ) ਨਾ ਪਿਆ ਕਿ ਉਹ ਨਾਲਾ ਪਾਰ ਕੇ ਅਨੰਦਪੁਰ'ਚ ਦਾਖ਼ਿਲ ਹੋ ਸਕੇ। ਦੂਜਾ, ਕਿਲ੍ਹਾ ਅਨੰਦਗੜ੍ਹ 'ਚ ਨਗਾਰੇ ਦੀ ਧੌਂਸ ਅਤੇ ਜੈਕਾਰਿਆਂ ਦੀ ਗੂੰਜ ਨੂੰ ਸੁਣ ਕੇ ਵੀ ਮੁਗ਼ਲਾਂ 'ਚ ਡਰ ਅਤੇ ਦਹਿਸ਼ਤ ਫੈਲ ਗਈ। ਰੁਸਤਮ ਖ਼ਾਨ ਦੀ ਫ਼ੌਜ ਹਮਲਾ ਕਰਨ ਤੋਂ ਬਿਨਾਂ ਹੀ ਵਾਪਿਸ ਮੁੜ ਗਈ। ਮੁਗ਼ਲ ਫ਼ੌਜਾਂ ਦੇ ਜਾਣ ਮਗਰੋਂ ਲੋਕਾਂ ਨੇ ਇਸ ਨਾਲੇ ਦਾ ਨਾਂ 'ਸਿੱਖਾਂ ਦਾ ਹਿਮੈਤੀ ਨਾਲਾ' ਕਹਿਣਾ ਸ਼ੁਰੂ ਕਰ ਦਿਤਾ। (ਮਗਰੋਂ ਇਸ ਨਾਲੇ ਦਾ ਵਜੂਦ ਨਹੀਂ ਰਿਹਾ ਅਤੇ ਇਸ ਜਗ੍ਹਾ 'ਤੇ ਖੇਤੀ ਹੋਣ ਲਗ ਪਈ ਸੀ)।

1986: ਨਰੈਣ ਸਿੰਘ ਕਲੇਰਾਂ ਵਾਲੇ ਨੇ ਅਕਾਲ ਤਖ਼ਤ ਤੇ ਆ ਕੇ ਮੁਆਫ਼ੀ ਮੰਗੀ; ਸੰਤਾ ਸਿੰਘ ਨਿਹੰਗ ਤੋਂ ਸਬੰਧ ਤੋੜੇ

ਜੂਨ 1984 ਵਿਚ ਭਾਰਤੀ ਫ਼ੌਜ ਦੇ ਹਮਲੇ ਦੌਰਾਨ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਬੁਰੀ ਤਰ੍ਹਾਂ ਤਬਾਹ ਹੋ ਚੁੱਕੀ ਸੀ। ਇਸ ਦੌਰਾਨ ਹੀ ਸਿੱਖ ਵਿਦਵਾਨਾਂ ਅਤੇ ਆਗੂਆਂ ਨੇ ਆਖਣਾ ਸ਼ੁਰੂ ਕਰ ਦਿੱਤਾ ਸੀ ਕਿ ਅਕਾਲ ਤਖ਼ਤ ਸਾਹਿਬ ਦੀ ਤਬਾਹ ਹੋਈ ਈਮਾਰਤ ਨੂੰ ਹੂ-ਬ-ਹੂ ਰਖਿਆ ਜਾਵੇ ਤਾਂ ਜੋ ਆਉਣ ਵਾਲੀਆਂ ਨਸਲਾਂ, ਇੰਦਰਾ ਦੇ ਹੁਕਮ ਨਾਲ ਭਾਰਤੀ ਫ਼ੌਜ ਵਲੋਂ ਅਕਾਲ ਪੁਰਖ ਦੇ ਤਖ਼ਤ 'ਤੇ ਕੀਤੇ ਹਮਲੇ ਨੂੰ ਕਦੇ ਵੀ ਨਾ ਭੁਲਾ ਸਕਣ। ਭਾਰਤੀ ਫ਼ੌਜ, ਭਾਰਤੀ ਖ਼ੁਫੀਆ ਪੁਲੀਸ ਅਤੇ ਸਰਕਾਰੀ ਸੂਹੀਆਂ ਨੇ, ਇਸ ਕਰ ਕੇ, ਇੰਦਰਾ ਨੂੰ ਸਲਾਹ ਦਿੱਤੀ ਕਿ ਦਰਬਾਰ ਸਾਹਿਬ ਨੂੰ ਉਦੋਂ ਤਕ ਸੀਲ ਰਖਿਆ ਜਾਵੇ, ਜਦੋਂ ਤਕ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਪੂਰੀ ਮੁਰੰਮਤ ਨਾ ਹੋ ਜਾਵੇ।

ਅਕਾਲ ਤਖ਼ਤ ਸਾਹਿਬ ਨੂੰ ਪੁਰਾਣੀ ਹਾਲਾਤ ਵਿਚ ਲਿਆਉਣ ਵਾਸਤੇ ਇੰਦਰਾ ਨੇ ਬੂਟਾ ਸਿੰਘ ਦੀ ਡਿਊਟੀ ਲਾਈ। ਬੂਟਾ ਸਿੰਘ ਨੇ ਕਾਰ ਸੇਵਾ ਵਾਲੇ ਬਾਬਾ ਖੜਕ ਸਿੰਘ ਤੇ ਕਈ ਹੋਰ ਬਾਬਿਆਂ ਤਕ ਪਹੁੰਚ ਕੀਤੀ, ਪਰ ਕੋਈ ਵੀ ਸਰਕਾਰ ਦੀ ਸਰਪ੍ਰਸਤੀ ਅਤੇ ਫ਼ੌਜ ਦੀ ਨਿਗਰਾਨੀ ਹੇਠ 'ਕਾਰ ਸੇਵਾ' ਕਰਵਾਉਣ ਵਾਸਤੇ ਨਾ ਮੰਨਿਆ। ਸਾਰਿਆਂ ਦੀ ਇਹੀ ਸ਼ਰਤ ਸੀ ਕਿ ਪਹਿਲਾਂ ਭਾਰਤੀ ਫ਼ੌਜ ਦਰਬਾਰ ਸਾਹਿਬ ਕੰਪਲੈਕਸ ਨੂੰ ਸਿੱਖ-ਸੰਗਤਾਂ ਵਾਸਤੇ ਖੋਲ੍ਹ ਦੇਵੇ ਤੇ ਆਪ ਉੱਥੋਂ ਚਲੀ ਜਾਵੇ, ਫੇਰ ਹੀ ਉਹ ਕਾਰ-ਸੇਵਾ ਕਰਵਾਉਣਗੇ। ਅਖ਼ੀਰ ਇੰਦਰਾ ਨੇ ਆਪਣਾ ਪੁਰਾਣਾ ਮੁਹਰਾ ਸੰਤਾ ਸਿੰਘ ਨਿਹੰਗ ਅੱਗੇ ਲਿਆਂਦਾ। ਉਸ ਦੇ ਨਾਲ ਕਲੇਰਾਂ ਵਾਲੇ ਡੇਰੇ ਦਾ ਸਾਧ ਨਰੈਣ ਸਿੰਘ ਖੜ੍ਹਾ ਕਰ ਕੇ ਸਰਕਾਰੀ ਸੇਵਾ ਨਾਲ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਮੁਰੰਮਤ ਸ਼ੁਰੂ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ।

ਉੱਤੋਂ-ਉੱਤੋਂ ਤਾਂ ਇਸ ਈਮਾਰਤ ਦੀ ਮੁਰੰਮਤ ਵਾਸਤੇ ਸੰਤਾ ਸਿੰਘ ਦਾ ਨਾਂ ਵਰਤਿਆ ਗਿਆ ਪਰ ਅਸਲ 'ਚ ਇਹ ਸਾਰੀ ਕਾਰਵਾਈ 'ਸਕਿੱਪਰ ਬਿਲਡਰਜ਼' ਨਾਂ ਦੀ ਫ਼ਰਮ, ਜਿਸ ਦਾ ਮਾਲਕ ਤੇਜਵੰਤ ਸਿੰਘ ਸੀ (ਕੁਝ ਸਾਲ ਮਗਰੋਂ ਸ਼ਹੀਦ ਭਾਈ ਅਮਰੀਕ ਸਿੰਘ ਦੇ ਭਰਾ ਭਾਈ ਮਨਜੀਤ ਸਿੰਘ ਨੇ ਇਸੇ ਤੇਜਵੰਤ ਸਿੰਘ ਨੂੰ ਆਪਣੇ 'ਅਕਾਲੀ ਦਲ' ਦਾ ਦਿੱਲੀ ਦਾ ਚੀਫ਼ ਬਣਾਇਆ ਸੀ), ਦੀ ਨਿਗਰਾਨੀ ਹੇਠ ਅਤੇ ਸਰਕਾਰੀ ਖ਼ਰਚੇ ਨਾਲ, ਮਜ਼ਦੂਰ ਲਾ ਕੇ, ਸ਼ੁਰੂ ਕੀਤੀ ਗਈ। ਪੀ.ਡਬਲਯੂ.ਡੀ. ਮਹਿਕਮੇ ਦੇ ਸਾਬਕ ਚੀਫ਼ ਇੰਜੀਨੀਅਰ ਪੰਡਤ ਕੇ.ਡੀ. ਬਾਲੀ ਨੂੰ ਇਸ ਸਾਰੇ ਦਾ ਇੰਚਾਰਜ ਬਣਾਇਆ ਗਿਆ ਸੀ। ਬਹੁਤੇ ਮਜ਼ਦੂਰ ਰਾਜਸਥਾਨ, ਉੱਤਰ ਪ੍ਰਦੇਸ਼ ਵਗ਼ੈਰਾ ਤੋਂ ਲਿਆਂਦੇ ਗਏ ਸਨ। ਮਲਬਾ ਅੰਮ੍ਰਿਤਸਰ ਦੇ ਜਮਾਂਦਾਰਾਂ ਤੋਂ ਚੁਕਵਾਇਆ ਗਿਆ ਸੀ। ਸਰਕਾਰੀ ਇੰਜੀਨੀਅਰਾਂ, ਮਜ਼ਦੂਰਾਂ, ਸਰਕਾਰੀ ਖ਼ਰਚੇ ਤੇ ਮਸ਼ੀਨਰੀ ਨਾਲ ਇਹ ਮੁਰੰਮਤ ਕਈ ਦਿਨ ਚਲਦੀ ਰਹੀ। ਇਸ ਦੌਰਾਨ ਕਿਰਪਾਲ ਸਿੰਘ, ਸਾਹਿਬ ਸਿੰਘ ਤੇ ਪ੍ਰੀਤਮ ਸਿੰਘ, ਤਿੰਨੇ ਗ੍ਰੰਥੀ, ਇਸ ਦੀ ਪੂਰੀ ਨਿਗਰਾਨੀ ਕਰਦੇ ਰਹੇ। ਉਹ ਥਾਂ-ਥਾਂ 'ਤੇ ਆਪਣੀ ਸਲਾਹ ਤੇ ਅਗਵਾਈ ਦੇਂਦੇ ਰਹੇ। ਛੇ ਕਰੋੜ ਰੁਪਏ ਨਾਲ ਇਹ ਢਾਂਚਾ ਤਕਰੀਬਨ ਦੋ ਮਹੀਨੇ ਵਿਚ ਤਿਆਰ ਹੋ ਗਿਆ।

ਇਕ ਪਾਸੇ ਤਾਂ ਇਹ ਤਿੰਨੇ ਗ੍ਰੰਥੀ ਸਰਕਾਰੀ ਸੇਵਾ ਦੀ ਅਣ-ਐਲਾਨੀ ਸਰਪ੍ਰਸਤੀ ਕਰਦੇ ਰਹੇ ਤੇ ਦੂਜੇ ਪਾਸੇ ਸਰਕਾਰ ਵਲੋਂ ਮੁਰੰਮਤ ਕਰਵਾਉਣ ਦੀ ਮੁਖ਼ਾਲਫ਼ਤ ਵਾਲੇ ਬਿਆਨ ਵੀ ਜਾਰੀ ਕਰਦੇ ਰਹੇ। ਭਾਰਤ ਸਰਕਾਰ ਦਾ ਨਿਸ਼ਾਨਾ ਸੀ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਸਤੰਬਰ ਦੇ ਆਖ਼ਰੀ ਹਫ਼ਤੇ ਤਕ ਮੁਕੰਮਲ ਕਰ ਦੇਵੇਗੀ। ਉਸ ਨੇ ਕਿਰਪਾਲ ਸਿੰਘ ਸਿੰਘ ਨੂੰ ਇਸ ਬਾਰੇ ਇਤਲਾਹ ਦੇ ਦਿੱਤੀ ਸੀ ਇਸ 'ਤੇ ਕਿਰਪਾਲ ਸਿੰਘ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ 'ਵਿਸ਼ਵ ਸਿੱਖ ਕਾਨਫ਼ਰੰਸ' ਕਰਨ ਦਾ ਐਲਾਨ ਕਰ ਦਿੱਤਾ। ਇਹ ਕਾਨਫ਼ਰੰਸ ਸਰਬੱਤ ਖ਼ਾਲਸਾ

ਇਕੱਠ ਵਜੋਂ ਨਹੀਂ ਸੀ ਬੁਲਾਈ ਗਈ। ਇਹ ਕਾਨਫ਼ਰੰਸ ਸ਼੍ਰੋਮਣੀ ਅਕਾਲੀ ਦਲ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਹੀਂ ਬੁਲਾਈ ਸੀ ਕਿਉਂਕਿ ਸਾਰੇ ਅਕਾਲੀ ਆਗੂ ਇੰਦਰਾ ਨੇ ਜੇਲ੍ਹਾਂ ਵਿਚ ਸੁੱਟੇ ਹੋਏ ਸਨ। ਉਂਞ ਇਹ ਦੁਨੀਆਂ ਭਰ ਦੇ (ਵਿਸ਼ਵ) ਸਿੱਖਾਂ ਦੀ ਕਾਨਫ਼ਰੰਸ ਵੀ ਨਹੀਂ ਸੀ, ਕਿਉਂਕਿ ਇਸ ਵਿਚ ਵਿਦੇਸ਼ਾਂ ਵਿਚੋਂ ਕੋਈ ਵੀ ਸਿੱਖ ਨਹੀਂ ਸੀ ਆਇਆ (ਉਦੋਂ ਤਾਂ ਬਾਹਰਲੇ ਮੁਲਕਾਂ ਵਿਚੋਂ ਸਿੱਖਾਂ ਦੇ ਆਉਣ 'ਤੇ ਮੁਕੰਮਲ ਪਾਬੰਦੀ ਲਗੀ ਹੋਈ ਸੀ)।

ਇਸ 'ਕਾਨਫ਼ਰੰਸ' ਵਿਚ ਕਿਰਪਾਲ ਸਿੰਘ ਤੇ ਉਸ ਦੇ ਸਾਥੀਆਂ ਨੇ ਭਾਰਤ ਸਰਕਾਰ ਨੂੰ ਅਖੌਤੀ 'ਅਲਟੀਮੇਟਮ ਦੇਣ ਦਾ ਡਰਾਮਾ ਕੀਤਾ ਕਿ ਜੇ ਕਰ 30 ਸਤੰਬਰ ਤਕ ਫ਼ੌਜ ਦਰਬਾਰ ਸਾਹਿਬ ਕੰਪਲੈਕਸ 'ਚੋਂ ਨਾ ਨਿਕਲੀ ਤਾਂ ਮੋਰਚਾ ਲਾਇਆ ਜਾਵੇਗਾ। ਇਹ 28 ਦਿਨ ਦਾ ਏਨਾ ਲੰਬਾ ਨੋਟਿਸ ਮਹਿਜ਼ ਇਕ ਡਰਾਮਾ ਸੀ। ਅਸਲੀਅਤ ਇਹ ਹੈ ਕਿ ਸਰਕਾਰ ਨੇ ਕਿਰਪਾਲ ਸਿੰਘ ਨੂੰ ਯਕੀਨ ਦਿਵਾਇਆ ਸੀ ਕਿ 25 ਸਤੰਬਰ ਦੇ ਨੇੜੇ-ਤੇੜੇ ਅਕਾਲ ਤਖ਼ਤ ਦੀ ਇਮਾਰਤ ਠੀਕ-ਠਾਕ ਕਰ ਦਿੱਤੀ ਜਾਵੇਗੀ। ਉਂਞ ਇਸ ਮਗਰੋਂ ਤਾਂ ਸਰਕਾਰ ਨੇ, ਖ਼ੁਦ, ਫ਼ੌਜ ਨੂੰ ਉੱਥੋਂ ਹਟਾਉਣ ਵਾਸਤੇ ਕੋਈ ਬਹਾਨਾ ਢੂੰਢਣਾ ਸੀ। (ਕਿਰਪਾਲ ਸਿੰਘ ਵਲੋਂ ਬੁਲਾਏ ਇਸ ਇਕਠ ਵਿਚ ਜ਼ੈਲ ਸਿੰਘ, ਬੂਟਾ ਸਿੰਘ, ਸੰਤਾ ਸਿੰਘ ਨਿਹੰਗ, ਨਰੈਣ ਸਿੰਘ ਕਲੇਰਾਂ ਵਾਲੇ ਸਾਧ ਨੂੰ ਪੰਥ 'ਚੋਂ 'ਖਾਰਿਜ' ਵੀ ਕੀਤਾ ਗਿਆ)। ਮਗਰੋਂ ਜ਼ੈਲ ਸਿੰਘ ਨੂੰ ਬੁਲਾ ਕੇ ਸਾਜ਼ਸ਼ੀ ਤਰੀਕੇ ਨਾਲ ਮੁਆਫ਼ ਕਰ ਦਿੱਤਾ ਗਿਆ। ਕਲੇਰਾਂ ਵਾਲਾ ਸਾਧ ਨਰੈਣ ਸਿੰਘ ਕਾਫ਼ੀ ਦੇਰ ਤਾਂ ਅੜਿਆ ਰਿਹਾ ਪਰ ਅਖ਼ੀਰ 19 ਅਗਸਤ 1986 ਦੇ ਦਿਨ ਉਸ ਨੇ ਅਕਾਲ ਤਖ਼ਤ ਦੇ ਗ੍ਰੰਥੀਆਂ ਕੋਲ ਪੁੱਜ ਕੇ ਮੁਆਫ਼ੀ ਮੰਗ ਕੇ ਸਜ਼ਾ ਲੁਆਈ। ਸੰਤਾ ਸਿੰਘ ਤੇ ਬੂਟਾ ਤਾਂ ਕਈ-ਕਈ ਸਾਲ ਆਕੜੇ ਰਹੇ।

1991:ਦਰਜਨਾਂ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

19 ਅਗਸਤ 1991 ਦੇ ਦਿਨ ਪੰਜਾਬ ਪੁਲਸ ਨੇ ਬਿੱਕਰ ਸਿੰਘ ਉਰਫ਼ ਚਤਰ ਸਿੰਘ ਤੂਫ਼ਾਨ (ਵਾਸੀ ਦੇਉ, ਅੰਮ੍ਰਿਤਸਰ), ਭਾਈ ਬਿੱਕਰ ਤਰਸੇਮ ਸਿੰਘ ਲਾਡੀ (ਵਾਸੀ ਠੱਠਾ), ਬਲਦੇਵ ਸਿੰਘ ਉਰਫ਼ ਸਨਮੁੱਖ ਸਿੰਘ ਉਰਫ਼ ਛੋਟਾ ਸੋਨਾ ਉਰਫ਼ ਨਿੱਕੂ (ਵਾਸੀ ਮੇਹਰਬਾਨਪੁਰਾ), ਸਵਰਨ ਸਿੰਘ ਨੰਦੀ, ਗੁਰਤੇਜ ਸਿੰਘ (ਵਾਸੀ ਕਾਲਾ ਬਾਗਾ), ਜਗਤਾਰ ਸਿੰਘ ਤਾਰੀ, ਸ਼ਾਮ ਸਿੰਘ ਉਰਫ਼ ਤੂਫ਼ਾਨ (ਵਾਸੀ ਲੱਖਣ ਤਪਾ), ਪਰਮਿੰਦਰ ਸਿੰਘ ਨਿੱਕੂ (ਵਾਸੀ ਲਲਤੋਂ), ਜਰਨੈਲ ਸਿੰਘ ਹੈਪੀ (ਵਾਸੀ ਪੌਤ), ਪੰਜਾਬ ਸਿੰਘ ਪੱਪੂ (ਵਾਸੀ ਖੁਜਾਲਾ), ਹਰਦਿਆਲ ਸਿੰਘ,ਸੁੱਚਾ ਸਿੰਘ ਢੰਡ, ਸਰਦਾਰਾ ਸਿੰਘ ਸਾਹਮਣਾ ਉਰਫ਼ ਬਲਜੀਤ ਸਿੰਘ (ਵਾਸੀ ਬੋਂਹ, ਨੇੜੇ ਹਰੀਕੇ), ਬਲਦੇਵ ਸਿੰਘ ਤੇ ਤੇਜਪਾਲ ਸਿੰਘ (ਦੋਵੇਂ ਵਾਸੀ ਬਾਕੂ ਮਾਜਰਾ), ਦਿਲਬਾਗ ਸਿੰਘ ਤੇ ਭੋਲਾ ਸਿੰਘ (ਦੋਵੇਂ ਵਾਸੀ ਰੱਤਾ ਗੱਡਾ, ਅੰਮ੍ਰਿਤਸਰ) ਨੂੰ ਪੁਲਸ ਨੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਬਚਿਤਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

19 ਅਗਸਤ 1992 ਦੇ ਦਿਨ ਪੰਜਾਬ ਪੁਲਸ ਨੇ ਬਚਿਤਰ ਸਿੰਘ ਨਾਂ ਦੇ ਇਕ ਸਿੱਖ ਨੌਜਵਾਨ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

20 ਅਗਸਤ

1507: ਗੁਰੂ ਨਾਨਕ ਸਾਹਿਬ ਨੇ ਪਹਿਲੀ ਉਦਾਸੀ ਸ਼ੁਰੂ ਕੀਤੀ

ਗੁਰੂ ਨਾਨਕ ਸਾਹਿਬ 1504 ਤੋਂ 1507 ਤਕ ਸੁਲਤਾਨਪੁਰ ਰਹੇ ਅਤੇ ਮੋਦੀ ਵਜੋਂ ਤਾਇਨਾਤ ਰਹੇ। ਅਗਸਤ 1507 ਵਿਚ ਗੁਰੂ ਸਾਹਿਬ ਨੇ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਦੌਰਾ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ।

ਇਕ ਰਿਵਾਇਤ ਮੁਤਾਬਿਕ ਗੁਰੂ ਜੀ ਇਕ ਦਿਨ ਵੇਈਂ ਨਦੀ 'ਚ ਨਹਾਉਣ ਗਏ। ਨਹਾਉਣ ਮਗਰੋਂ ਉਹ ਵੇਈਂ ਦੇ ਦੂਜੇ ਕੰਢੇ ਦੂਰ ਸੰਘਣੇ ਦਰਖਤਾਂ ਦੇ ਝੁੰਡ ਹੇਠ ਜਾ ਬੈਠੇ ਤੇ ਰੂਹਾਨੀ ਸੋਚਾਂ ਵਿਚ ਮਗਨ ਹੋ ਗਏ। ਆਪ ਦੀ ਐਸੀ ਲਿਵ ਲਗੀ ਕਿ ਆਪ ਕਈ ਘੜੀਆਂ ਉੱਥੇ ਹੀ ਬੈਠੇ ਰਹੇ। (ਇਕ ਜਨਮਸਾਖੀ ਦਾ ਲੇਖਕ ਲਿਖਦਾ ਹੈ ਕਿ ਗੁਰੂ ਜੀ ਵੇਈਂ ਨਦੀ ਵਿਚ ਹੀ ਅਸ਼ਲੋਪ ਹੋ ਗਏ। ਉਹ ਨਦੀ ਵਿਚ ਰਹਿਣ ਦਾ ਸਮਾਂ 3 ਦਿਨ ਅਤੇ ਇਕ ਹੋਰ ਜਨਮਸਾਖੀ ਦਾ ਲੇਖਕ ਤਾਂ ਗੁਰੂ ਸਾਹਿਬ ਦਾ 8 ਦਿਨ ਲਿਖਦਾ ਹਨ, ਜੋ ਸਹੀ ਨਹੀਂ ਹੈ)। ਇਸੇ ਰਿਵਾਇਤ ਮੁਤਾਬਿਕ ਜਦ ਗੁਰੂ ਜੀ ਕਾਫ਼ੀ ਦੇਰ ਨਦੀ ਵਿਚੋਂ ਨਾ ਨਿਕਲੇ ਤਾਂ ਲੋਕਾਂ ਨੇ ਇਹ ਸੋਚਿਆ ਕਿ ਗੁਰੂ ਜੀ ਡੁੱਬ ਗਏ ਹੋਣਗੇ। ਇਹ ਸੋਚ ਕੇ ਦੌਲਤ ਖ਼ਾਨ ਲੋਧੀ ਨੇ ਮੋਦੀਖ਼ਾਨੇ ਦਾ ਹਿਸਾਬ ਚੈੱਕ ਕੀਤਾ। ਸ਼ਾਮ ਗਏ ਜਦੋਂ ਕੁਝ ਲੋਕ ਉਧਰੋਂ ਲੰਘੇ ਤਾਂ ਉਨ੍ਹਾਂ ਗੁਰੂ ਸਾਹਿਬ ਨੂੰ ਸੋਚਾਂ ਵਿਚ ਲੀਨ ਹੋਏ ਬੈਠੇ ਵੇਖਿਆ। ਉਨ੍ਹਾਂ ਲੋਕਾਂ ਨੇ ਗੁਰੂ ਸਾਹਿਬ ਨਾਲ ਬਚਨ ਕੀਤੇ। ਇਸ ਮਗਰੋਂ ਗੁਰੂ ਸਾਹਿਬ ਆਪਣੇ ਘਰ ਮੁੜ ਆਏ ਤੇ ਐਲਾਨ ਕੀਤਾ ਕਿ ਉਨ੍ਹਾਂ ਨੂੰ ਅਕਾਲ ਪੁਰਖ ਦਾ ਹੁਕਮ ਹੋਇਆ ਹੈ ਕਿ ਉਹ ਨਵੇਂ ਪੰਥ ਦਾ ਪਰਚਾਰ ਕਰਨ ਵਾਸਤੇ ਉਦਾਸੀ (ਪ੍ਰਚਾਰ ਦੌਰੇ) ਸ਼ੁਰੂ ਕਰਨ। ਉਨ੍ਹਾਂ ਨੇ ਪਤਨੀ ਅਤੇ ਬੱਚਿਆਂ ਦੇ ਖਰਚੇ ਵਾਸਤੇ ਸਾਰੇ ਪੈਸੇ ਆਪਣੇ ਸਹੁਰੇ ਨੂੰ ਸੰਭਾਲ ਦਿਤੇ ਅਤੇ ਆਪ ਮਿਸ਼ਨਰੀ ਸੇਵਾ ਵਾਸਤੇ ਤਿਆਰ ਹੋ ਗਏ। ਗੁਰੂ ਜੀ ਨੇ ਉਦਾਸੀ ਪਹਿਰਾਵਾ ਪਹਿਣ ਲਿਆ ਅਤੇ ਭਾਈ ਮਰਦਾਨਾ ਨੂੰ ਵੀ ਇਸੇ ਪਹਿਰਾਵੇ ਵਿਚ ਨਾਲ ਲੈ ਕੇ 20 ਅਗਸਤ 1507 ਦੇ ਦਿਨ ਧਰਮ ਦੇ ਪਰਚਾਰ ਵਾਸਤੇ ਟੁਰ ਪਏ।

ਗੁਰੂ ਨਾਨਕ ਸਾਹਿਬ ਵੱਲੋਂ 'ਉਦਾਸੀਆਂ' ਸ਼ੁਰੂ ਕਰਨ ਤੋਂ ਪਹਿਲਾਂ, ਉਨ੍ਹਾਂ ਦੇ 'ਵਾਹਿਗੁਰੂ' ਦੇ ਦਰਬਾਰ ਵਿਚ ਜਾ ਕੇ ਵੇਈਂ ਨਦੀ ਵਿਚ ਤਿੰਨ ਦਿਨ ਰਹਿਣ ਦੀ ਕਹਾਣੀ ਕਿਸੇ ਪੱਖ ਤੋਂ ਵੀ ਸਹੀ ਨਹੀਂ ਜਾਪਦੀ। ਇਕ ਪਾਸੇ ਤਾਂ ਇਹ ਲੇਖਕ ਗੁਰੂ ਨਾਨਕ ਸਾਹਿਬ ਨੂੰ 'ਨਾਰਾਇਣ' ਅਤੇ' ਰੱਬ ਦਾ ਅਵਤਾਰ' (ਆਪ ਨਾਰਾਇਣ ਕਲਾ ਧਾਰ ਜਗ ਮਹਿ ਪਰਵਰਯੋ) ਲਿਖਦੇ ਹਨ ਤੇ ਦੂਜੇ ਪਾਸੇ ਉਨ੍ਹਾਂ ਨੂੰ 'ਰੱਬ' ਦੇ ਦਰਬਾਰ ਵਿਚ ਹਾਜ਼ਰ ਵੀ ਕਰ ਦੇਂਦੇ ਹਨ। ਇਸ ਦਾ ਮਤਲਬ ਇਹ ਬਣਦਾ ਹੈ ਕਿ ਰੱਬ 'ਦੋ' ਸਨ ਤੇ ਇਕ 'ਰੱਬ' (ਗੁਰੂ ਨਾਨਕ ਸਾਹਿਬ) ਦੂਜੇ 'ਰੱਬ' (ਅਕਾਲ ਪੁਰਖ) ਦੇ ਦਰਬਾਰ ਵਿਚ ਹਾਜ਼ਰ ਹੋਇਆ ਸੀ (ਤੇ ਰੱਬ ਦਾ ਇਹ ਦਰਬਾਰ ਸ਼ਾਇਦ 'ਬੇਈਂ' ਨਦੀ ਦੇ ਹੇਠਾਂ ਕਿਤੇ ਸੀ)। ਸੋ ਇਹ ਕਹਾਣੀ ਵੀ ਮਗਰੋਂ ਘੜੀ ਗਈ ਸੀ ਤੇ ਇੰਵ ਹੀ ਸੁਲਤਾਨਪੁਰ ਵਿਚ 'ਗੁਰਦੁਆਰਾ ਸੰਤ ਘਾਟ' ਵੀ ਮਗਰੋਂ ਬਣਾਇਆ ਗਿਆ ਸੀ। (ਅਜਿਹੇ ਦਰਜਨਾਂ ਨਕਲੀ ਗੁਰਦੁਆਰੇ ਹੋਰ ਜਗਹ ਵੀ ਬਣਾਏ ਗਏ ਸਨ, ਜੋ ਅੱਜ ਵੀ ਕਾਇਮ ਹਨ)।

1944: ਆਲ ਪਾਰਟੀਜ਼ ਸਿੱਖ ਕਾਨਫ਼ਰੰਸ ਵੱਲੋਂ ਸਿੱਖ ਸਟੇਟ ਦੀ ਮੰਗ ਕੀਤੀ ਗਈ

ਪਾਕਿਸਤਾਨ ਦੀ ਮੰਗ ਦੀ ਤੇਜ਼ੀ ਨੂੰ ਮੁੱਖ ਰਖ ਕੇ, ਰਾਜਗੋਪਾਲ ਅਚਾਰੀਆ ਵੱਲੋਂ ਅਸਿੱਧੇ ਤਰੀਕੇ ਨਾਲ ਪਾਕਿਸਤਾਨ ਦੀ ਮੰਗ ਮੰਨਣ ਵਾਸਤੇ ਪੇਸ਼ ਕੀਤੇ ਫ਼ਾਰਮੂਲੇ, 'ਤੇ ਵਿਚਾਰ ਕਰਨ ਵਾਸਤੇ ਮਾਸਟਰ ਤਾਰਾ ਸਿੰਘ ਦੀਆਂ ਕੋਸ਼ਿਸ਼ਾਂ ਨਾਲ ਬੁਲਾਈ ਗਈ ਆਲ ਸਿੱਖ ਪਾਰਟੀਜ਼ ਕਾਨਫ਼ਰੰਸ 20 ਅਗਸਤ 1944 ਦੇ ਦਿਨ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਖੇ ਹੋਈ। ਇਸ ਵਾਸਤੇ ਸੱਦੇ 714 ਆਗੂਆਂ ਵਿਚੋਂ 561 ਹਾਜ਼ਰ ਹੋਏ। ਮਾਸਟਰ ਤਾਰਾ ਸਿੰਘ ਖ਼ੁਦ ਅਮਰ ਸਿੰਘ 'ਸ਼ੇਰੇ ਪੰਜਾਬ' ਨੂੰ ਸੱਦਣ ਗਏ ਪਰ ਉਸ ਨੇ ਆਉਣ ਤੋਂ ਕੋਰਾ ਇਨਕਾਰ ਕੀਤਾ। ਮੀਟਿੰਗ ਵਿਚ ਮਾਸਟਰ ਤਾਰਾ ਸਿੰਘ, ਬਲਦੇਵ ਸਿੰਘ, ਉੱਜਲ ਸਿੰਘ, ਅਜੀਤ ਸਿੰਘ ਸਰਹੱਦੀ, ਗਿਆਨੀ ਸ਼ੇਰ ਸਿੰਘ, ਜਥੇਦਾਰ ਮੋਹਨ ਸਿੰਘ, ਪ੍ਰੀਤਮ ਸਿੰਘ ਗੋਜਰਾਂ, ਮੰਗਲ ਸਿੰਘ ਗਿੱਲ, ਬਸੰਤ ਸਿੰਘ ਮੋਗਾ, ਗਿਆਨੀ ਕਰਤਾਰ ਸਿੰਘ, ਮਾਸਟਰ ਅਜੀਤ ਸਿੰਘ, ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ

ਵਿਸਾਖਾ ਸਿੰਘ ਤੇ ਸਕਤਰ ਹਜ਼ੂਰਾ ਸਿੰਘ, ਰਾਮਗੜ੍ਹੀਏ, ਮਜ਼ਹਬੀ, ਸਿੰਘ ਸਭਾਵਾਂ ਦੇ ਨੁਮਾਇੰਦੇ ਸ਼ਾਮਿਲ ਹੋਏ। ਕਮਿਊਨਿਸਟਾਂ ਨੂੰ ਸੱਦੇ ਨਹੀਂ ਭੇਜੇ ਗਏ ਸਨ। ਜਥੇਬੰਦੀਆਂ ਵਿਚ ਅਕਾਲੀ ਦਲ, ਸ਼੍ਰੋਮਣੀ ਕਮੇਟੀ, ਚੀਫ਼ ਖਾਲਸਾ ਦੀਵਾਨ, ਸਿੱਖ ਐਮ.ਐਲ.ਏਜ਼., ਨਿਰਮਲੇ, ਸਿੱਖ ਡਿਫੈਂਸ ਆਫ਼ ਇੰਡੀਆ ਲੀਗ ਵਗ਼ੈਰਾ ਪੁੱਜੇ। ਸਿਰਫ਼ ਸੈਂਟਰਲ ਅਕਾਲੀ ਦਲ ਦੇ ਆਗੂ ਇਸ ਮੀਟਿੰਗ ਵਿਚ ਨਹੀਂ ਆਏ ਅਤੇ ਰਾਵਲਪਿੰਡੀ ਸਿੰਘ ਸਭਾ ਦੇ ਕੁਝ ਕੁ ਆਦਮੀ ਮੀਟਿੰਗ ਵਿਚੋਂ ਵਾਕ ਆਊਟ ਕਰ ਗਏ। ਉਨ੍ਹਾਂ ਨੇ ਮੰਗ ਕੀਤੀ ਸੀ ਕਿ ਮੀਟਿੰਗ ਅਕਾਲ ਤਖ਼ਤ ਸਾਹਿਬ ਵਲੋਂ ਬੁਲਾਈ ਜਾਣੀ ਚਾਹੀਦੀ ਸੀ ਤੇ ਦੂਜਾ ਇਸ ਵਿਚ ਬਾਬਾ ਖੜਕ ਸਿੰਘ ਹਾਜ਼ਰ ਨਹੀਂ ਹਨ।

ਇਸ ਕਾਨਫ਼ਰੰਸ ਨੇ ਮਾਸਟਰ ਤਾਰਾ ਸਿੰਘ ਨੂੰ ਹੁਕਮ ਕੀਤਾ (ਅਰਜ਼ ਨਹੀਂ) ਕਿ ਉਹ 'ਰਾਜਾ ਜੀ ਫ਼ਾਰਮੂਲੇ' ਦੇ ਖ਼ਿਲਾਫ਼ ਮੋਰਚਾ ਲਾਉਣ। ਕਾਨਫ਼ਰੰਸ ਨੇ (1) ਰਾਜਾ ਜੀ ਫ਼ਾਰਮੂਲਾ ਰੱਦ ਕਰੋ ਤੇ (2) ਸਿੱਖ ਸਟੇਟ ਕਾਇਮ ਕੀਤੀ ਜਾਵੇ ਦੇ ਮਤੇ ਪਾਸ ਕੀਤੇ। ਮਤਿਆਂ ਦੀ ਹਿਮਾਇਤ ਗਿਆਨੀ ਕਰਤਾਰ ਸਿੰਘ ਤੇ ਮਹਿੰਦਰ ਸਿੰਘ ਨੇ ਕੀਤੀ। ਸਿੱਖ ਸਟੇਟ ਬਾਰੇ ਮੰਗਲ ਸਿੰਘ ਦਾ ਮਤਾ ਤਰਮੀਮ ਕਰ ਕੇ ਮਾਸਟਰ ਤਾਰਾ ਸਿੰਘ ਤੇ ਉਸ ਦੀ ਬਣਾਈ ਸਬ ਕਮੇਟੀ ਦੇ ਵਿਚਾਰ ਗੋਚਰੇ ਛੱਡ ਦਿੱਤਾ ਗਿਆ। ਮੰਗਲ ਸਿੰਘ ਨੇ ਮਤੇ ਵਿਚ 'ਸਿੱਖ ਸਟੇਟ' ਐਸਾ ਇਲਾਕਾ ਮੰਗਿਆ ਸੀ ਜਿਸ ਵਿਚ ਕਿਸੇ ਗਰੁਪ ਦੀ ਅਕਸਰੀਅਤ ਨਾ ਹੋਵੇ। ਸਭ ਤੋਂ ਵਧੇਰੇ ਮੁਖ਼ਾਲਫ਼ਤ ਰਾਜਾ ਜੀ ਫ਼ਾਰਮੂਲੇ ਦੀ ਹੋਈ ਕਿਉਂਕਿ ਇਸ ਮੁਤਾਬਿਕ ਸਿੱਖਾਂ ਦੀ ਆਬਾਦੀ ਦੇ 17 ਜ਼ਿਲੇ ਪਾਕਿਸਤਾਨ ਵਿਚ ਤੇ 12 ਜ਼ਿਲ੍ਹੇ ਭਾਰਤ ਵਿਚ ਆ ਜਾਂਦੇ ਸਨ।

1982: ਪੰਜਾਬ ਦੇ ਚੀਫ਼ ਮਨਿਸਟਰ ਦਰਬਾਰਾ ਸਿੰਘ 'ਤੇ ਹਮਲਾ ਹੋਇਆ; ਗੁਰਮੀਤ ਸਿੰਘ ਧੂਲਕੋਟ ਸ਼ਹੀਦ

20 ਅਗਸਤ 1982 (ਇਕ ਥਾਂ ਤਾਰੀਖ਼ 21 ਅਗਸਤ ਵੀ ਮਿਲਦੀ ਹੈ) ਦੇ ਦਿਨ ਚੀਫ਼ ਮਨਿਸਟਰ ਦਰਬਾਰਾ ਸਿੰਘ ਰਾਹੋਂ ਵਿਚ ਆਇਆ। ਖਾੜਕੂਆਂ ਨੇ ਉਸ ਉੱਤੇ ਬੰਬ ਸੁੱਟ ਕੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਹ ਬਚ ਨਿਕਲਿਆ। ਪੁਲੀਸ ਨੇ ਬੰਬ ਸੁੱਟਣ ਦੇ ਸ਼ੱਕ ਵਿਚ ਧੂਲਕੋਟ ਦਾ ਗੁਰਮੀਤ ਸਿੰਘ ਫੜ ਲਿਆ। ਉਸ ਨੂੰ ਰਾਹੋਂ ਪੁਲਸ ਸਟੇਸ਼ਨ ਲਿਜਾ ਕੇ ਉਸ 'ਤੇ ਬੇਤਹਾਸ਼ਾ ਜ਼ੁਲਮ ਕੀਤਾ ਗਿਆ। ਉਸ ਦੇ ਦੋਵੇਂ ਹੱਥਾਂ ਨੂੰ ਅੱਗ 'ਤੇ ਰੱਖ ਕੇ ਸਾੜ ਦਿੱਤਾ ਗਿਆ। ਜੰਬੂਰਾਂ ਨਾਲ ਉਸ ਦੇ ਨਹੁੰ ਖਿੱਚੇ ਗਏ ਅਤੇ ਅਖ਼ੀਰ ਵਿਚ ਜਦ ਉਸ ਤੋਂ ਕੁੱਝ ਵੀ ਨਾ ਮਿਲ ਸਕਿਆ ਤਾਂ ਡੀ.ਆਈ.ਜੀ. ਅਟਵਾਲ ਦੇ ਹੁਕਮ 'ਤੇ ਉਸ ਨੂੰ ਨਕਲੀ ਪੁਲਿਸ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ ਗਿਆ। ਇਸ ਕੇਸ ਵਿਚ ਇਕ ਹੋਰ ਸਿੰਘ ਬਹਾਦਰ ਸਿੰਘ ਰਾਹੋਂ ਨੂੰ ਇਸ਼ਤਿਹਾਰੀ ਮੁਜਰਿਮ ਕਰਾਰ ਦਿੱਤਾ ਗਿਆ। ਦਰਬਾਰੇ ਨੇ ਇਕ ਬਿਆਨ ਜਾਰੀ ਕਰ ਕੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਇਸ ਬੰਬ-ਹਮਲੇ ਦਾ ਜ਼ਿੰਮੇਦਾਰ ਆਖਿਆ। ਇਸ ਦੇ ਨਾਲ ਹੀ ਇਹ ਵੀ ਚਰਚਾ ਚਲ ਪਿਆ ਕਿ ਪੁਲੀਸ ਕਮਾਂਡੋ ਐਕਸ਼ਨ ਕਰ ਕੇ ਭਿੰਡਰਾਂਵਾਲਿਆਂ ਨੂੰ ਦਰਬਾਰ ਸਾਹਿਬ ਵਿਚੋਂ ਚੁੱਕ ਕੇ ਲੈ ਜਾਵੇਗੀ। ਪੁਲੀਸ ਕਮਾਂਡੋ ਵੱਲੋਂ ਦਰਬਾਰ ਸਾਹਿਬ ਦਾਖਿਲ ਹੋਣ ਦੇ ਖ਼ਤਰੇ ਕਾਰਨ ਭਿੰਡਰਾਂਵਾਲੇ 25 ਅਗਸਤ ਨੂੰ ਅਕਾਲ ਤਖ਼ਤ ਸਾਹਿਬ ਚਲੇ ਗਏ, ਪਰ 27 ਨੂੰ ਹੀ ਵਾਪਸ ਆ ਗਏ ਅਤੇ ਸਿੱਖਾਂ ਨੇ ਉਨ੍ਹਾਂ ਦੀ ਸਕਿਉਰਿਟੀ ਤੇਜ਼ ਕਰ ਦਿੱਤੀ।

1982: ਮਨਜੀਤ ਸਿੰਘ ਉਰਫ਼ ਮੁਸੀਬਤ ਸਿੰਘ ਅਗਵਾਕਾਰ ਸ਼ਹੀਦ ਕੀਤਾ ਗਿਆ

ਦਰਬਾਰਾ ਸਰਕਾਰ ਵੱਲੋਂ ਸਿੱਖਾਂ 'ਤੇ ਜ਼ੁਲਮ ਕਰਨ ਦੀ ਲਹਿਰ ਦੇ ਖ਼ਿਲਾਫ਼ ਪ੍ਰੋਟੈਸਟ ਕਰਨ ਵਾਸਤੇ 20 ਅਗਸਤ 1982 ਦੇ ਦਿਨ ਮਨਜੀਤ ਸਿੰਘ (ਉਰਫ਼ ਮੁਸੀਬਤ ਸਿੰਘ) ਨੇ

ਪਿਸਤੌਲ ਨਾਲ ਇਕ ਜਹਾਜ਼ ਅਗਵਾ ਕੀਤਾ ਪਰ ਇਸ ਦਾ ਹਸ਼ਰ ਵੀ 4 ਅਗਸਤ 1982 ਦੀ ਗੁਰਬਖ਼ਸ਼ ਸਿੰਘ ਦੀ ਹਾਈਜੈਕਿੰਗ ਵਾਲਾ ਹੋਇਆ। ਜਦੋਂ ਜਹਾਜ਼ ਲਾਹੌਰ ਉਤਰਨ ਦੀ ਜਗਹ ਅੰਮ੍ਰਿਤਸਰ ਵਾਪਿਸ ਪੁੱਜਾ ਤਾਂ ਜਹਾਜ਼ ਦਾ ਗੇਟ ਖੁਲ੍ਹਦਿਆਂ ਹੀ ਗੋਲੀਆਂ ਮਾਰ ਕੇ ਪੁਲੀਸ ਨੇ ਮਨਜੀਤ ਸਿੰਘ ਨੂੰ ਸ਼ਹੀਦ ਕਰ ਦਿੱਤਾ। (ਇਕ ਹੋਰ ਚਰਚਾ ਮੁਤਾਬਿਕ ਮਨਜੀਤ ਸਿੰਘ ਨੂੰ, ਜਹਾਜ਼ ਰੁਕਦਿਆਂ ਹੀ, ਪਾਇਲਟ ਨੇ ਸਿਰ ਵਿਚ ਸਰੀਆ ਮਾਰ ਕੇ ਮਾਰ ਦਿੱਤਾ ਸੀ, ਪਰ ਮਗਰੋਂ ਪਾਇਲਟ ਨੂੰ ਬਚਾਉਣ ਵਾਸਤੇ ਪੁਲੀਸ ਕਾਰਵਾਈ ਪਾਈ ਗਈ ਸੀ)।

1985: ਸਿੱਖਾਂ ਅਤੇ ਪੰਜਾਬ ਨਾਲ ਗ਼ਦਾਰੀ ਦੇ ਦੋਸ਼ ਹੇਠ ਹਰਚੰਦ ਸਿੰਘ ਲੌਂਗੋਵਾਲ ਨੂੰ ਕਤਲ ਕਰ ਦਿੱਤਾ ਗਿਆ

1985 ਵਿਚ ਪੰਜਾਬ ਦੇ ਨਵੇਂ ਗਵਰਨਰ ਅਰਜਨ ਸਿੰਹ ਨੇ ਬਰਨਾਲਾ, ਬਲਵੰਤ ਸਿੰਘ ਰਾਮੂਵਾਲੀਆ, ਮਨਜੀਤ ਸਿੰਘ ਖਹਿਰਾ, ਪ੍ਰਿਥੀਪਾਲ ਸਿੰਘ ਕਪੂਰ ਤੇ ਪ੍ਰੋ. ਅਤਰ ਸਿੰਘ ਦੀ ਮਦਦ ਨਾਲ ਅਕਾਲੀ ਦਲ ਦੇ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਨਾਲ ਬੜੀ ਨੇੜਤਾ ਕਾਇਮ ਕਰ ਲਈ ਸੀ। ਪ੍ਰਿਥੀਪਾਲ ਕਪੂਰ ਤੇ ਅਤਰ ਸਿੰਘ ਨੇ ਅਕਾਲੀਆਂ ਦਾ ਸਰਕਾਰ ਨਾਲ ਰਾਬਤਾ ਬਣਾਉਣ ਵਿਚ ਸਭ ਤੋਂ ਵਧੇਰੇ ਰੋਲ ਅਦਾ ਕੀਤਾ ਸੀ। ਲੌਂਗੋਵਾਲ ਏਨਾ ਬੇਸਮਝ ਸੀ ਕਿ ਉਸ ਨੂੰ ਪਤਾ ਹੀ ਨਾ ਲਗ ਸਕਿਆ ਕਿ ਬਰਨਾਲਾ, ਪ੍ਰਿਥੀਪਾਲ ਕਪੂਰ ਤੇ ਅਤਰ ਸਿੰਘ ਉਸ ਤੋਂ ਕੀਹ ਕਰਵਾਈ ਜਾ ਰਹੇ ਹਨ। ਲੌਂਗੋਵਾਲ ਪ੍ਰਿਥੀਪਾਲ ਕਪੂਰ ਦਾ ਤਾਂ ਗ਼ੁਲਾਮ ਬਣ ਗਿਆ ਸੀ। ਉਸ ਨੇ ਤਾਂ ਟੌਹੜਾ ਤੇ ਬਾਦਲ ਨਾਲ ਵੀ ਸਲਾਹ ਕਰਨੀ ਬੰਦ ਕਰ ਦਿੱਤੀ ਸੀ। ਹੌਲੀ-ਹੌਲੀ ਰਾਜੀਵ ਤੇ ਲੌਂਗੋਵਾਲ ਵਿਚ ਇਕ ਸਮਝੌਤੇ ਬਾਰੇ 'ਰਜ਼ਾਮੰਦੀ' ਹੋ ਗਈ। ਇਹ 'ਸਮਝੌਤਾ' ਉਲਟਾ ਸਿੱਖਾਂ ਅਤੇ ਪੰਜਾਬ ਵਾਸਤੇ ਹੀ ਘਾਟੇਵੰਦਾ ਸੀ (ਇਸ ਵਿਚ ਸਿੱਖਾਂ ਦੀ ਇਕ ਵੀ ਮੰਗ ਨਹੀਂ ਸੀ ਮੰਨੀ ਹੋਈ, ਕਿਸੇ ਸਿੱਖ ਦੀ ਰਿਹਾਈ ਨਹੀਂ ਸੀ ਹੋਣੀ ਤੇ ਉਲਟਾ ਪੰਜਾਬ ਦਾ ਪਾਣੀ ਹਰਿਆਣਾ ਨੂੰ ਦੇਣਾ ਮੰਨਿਆ ਹੋਇਆ ਸੀ)। ਪਰ ਬਰਨਾਲਾ, ਪ੍ਰਿਥੀਪਾਲ ਕਪੂਰ, ਅਤਰ ਸਿੰਘ ਦੀ ਤਿੱਕੜੀ ਨੇ ਲੌਂਗੋਵਾਲ ਨੂੰ ਸੋਚਣ ਦਾ ਮੌਕਾ ਹੀ ਨਾ ਦਿੱਤਾ ਅਤੇ ਅਖ਼ੀਰ ਉਸ ਤੋਂ ਗ਼ਦਾਰੀ ਕਰਵਾ ਹੀ ਲਈ।

ਇਸ ਸਾਜ਼ਿਸ਼ ਹੇਠ ਲੌਂਗੋਵਾਲ ਕੋਲੋਂ ਰਾਜੀਵ ਨੂੰ ਖ਼ਤ ਲਿਖਵਾ ਕੇ ਪੰਜਾਬ ਦਾ ਮਸਲਾ ਹੱਲ ਕਰਨ ਵਾਸਤੇ ਕਦਮ ਚੁਕਣ ਵਾਸਤੇ ਕਿਹਾ ਗਿਆ। ਅਖ਼ੀਰ 23 ਜੁਲਾਈ ਨੂੰ ਰਾਜੀਵ ਤੇ ਲੌਂਗੋਵਾਲ ਵਿਚ ਮੁਲਾਕਾਤਾਂ ਕਰਵਾ ਕੇ 24 ਜੁਲਾਈ ਨੂੰ ਰਾਜੀਵ-ਲੌਂਗੋਵਾਲ ਸਮਝੌਤੇ ਦਾ ਐਲਾਨ ਵੀ ਕਰ ਦਿੱਤਾ ਗਿਆ। ਇਸ ਸਮਝੌਤੇ ਨੂੰ ਭਾਰਤੀ ਪਾਰਲੀਮੈਂਟ ਵਿਚ ਵੀ ਪਾਸ ਕਰ ਦਿੱਤਾ ਗਿਆ। ਖਾੜਕੂਆਂ ਨੇ ਇਸ ਨੂੰ 'ਸ਼ਰਮਨਾਕ ਹੇਠੀ' ਤੇ 'ਕੌਮ ਦੀ ਦਸਤਾਰ ਮਿੱਟੀ ਵਿਚ ਰੋਲਣਾ' ਆਖਿਆ। ਸਿੱਖਾਂ ਨੇ ਪੰਜਾਬ ਵਿਚ ਕਈ ਜਗਹ 'ਤੇ ਲੌਂਗੋਵਾਲ ਦਲ ਵੱਲੋਂ ਪੰਥ ਨਾਲ ਕੀਤੀ ਗ਼ੱਦਾਰੀ 'ਤੇ ਸਿਆਪਾ ਕੀਤਾ। ਹਰ ਪਾਸਿਉਂ ਇਸ ਦੀ ਜ਼ਬਰਦਸਤ ਮੁਖ਼ਾਲਫ਼ਤ ਹੋਈ ਪਰ ਲੌਂਗੋਵਾਲੀਏ ਇਸ ਨੂੰ 'ਕਾਮਯਾਬੀ' ਆਖ ਰਹੇ ਸਨ।

ਜੁਝਾਰੂ ਸਿੱਖ ਲੌਂਗੋਵਾਲ ਨੂੰ ਇਸ ਨੂੰ 'ਮਹਾਂ ਗ਼ਦਾਰੀ' ਕਹਿੰਦੇ ਸਨ ਤੇ ਇਸ ਦੀ ਸਜ਼ਾ ਦੇਣੀ ਚਾਹੁੰਦੇ ਸਨ। ਅਖੀਰ ਪਲਾਨ ਬਣਾ ਕੇ 20 ਅਗਸਤ ਨੂੰ ਪਿੰਡ ਸ਼ੇਰਪੁਰ (ਜ਼ਿਲ੍ਹਾ ਸੰਗਰੂਰ) ਵਿਚ ਇਕ ਰੈਲੀ ਦੌਰਾਨ ਦੋ ਖਾੜਕੂਆਂ ਗਿਆਨ ਸਿੰਘ ਲੀਲ੍ਹਾਂ ਅਤੇ ਪਰਵਿੰਦਰ ਸਿੰਘ ਨੇ ਹਰਚੰਦ ਸਿੰਘ ਲੌਂਗੋਵਾਲ ਨੂੰ ਗੋਲੀਆਂ ਮਾਰ ਕੇ ਖ਼ਤਮ ਕਰ ਦਿੱਤਾ। ਪਰਵਿੰਦਰ ਸਿੰਘ ਨੂੰ ਪੁਲੀਸ ਨੇ ਮਗਰੋਂ ਗ੍ਰਿਫ਼ਤਾਰ ਕਰ ਕੇ ਮਾਰ ਦਿੱਤਾ।

ਲੌਂਗੋਵਾਲ ਕਤਲ ਕੇਸ ਵਿਚ ਗਿਆਨ ਸਿੰਘ (ਪਿੰਡ ਪੁਹੀੜ, ਨੇੜੇ ਅਹਿਮਦਗੜ੍ਹ) ਅਤੇ ਹਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਹਲਵਿੰਦਰ ਸਿੰਘ 'ਤੇ ਪੁਲੀਸ ਨੇ ਬਹੁਤ

ਸ਼ਹੀਦ ਕੀਤਾ ਤੇ ਉਸ ਨੂੰ ਜ਼ਹਿਰ ਦਾ ਟੀਕਾ ਲਾ ਦਿੱਤਾ ਜਿਸ ਨਾਲ ਉਹ 14 ਅਕਤੂਬਰ ਨੂੰ ਰਜਿੰਦਰਾ ਹਸਪਤਾਲ ਪਟਿਆਲਾ ਵਿਚ ਦਮ ਤੋੜ ਗਿਆ (ਜ਼ਹਿਰ ਦਾ ਟੀਕਾ ਪੁਲੀਸ ਮੁਖੀ ਡੀ.ਐਸ. ਮਾਂਗਟ ਦੇ ਡਾਕਟਰ ਪੁੱਤਰ ਨੇ ਲਾਇਆ ਸੀ, ਜਿਸ ਨੂੰ ਮਗਰੋਂ ਖਾੜਕੂਆਂ ਨੇ ਸਜ਼ਾਏ-ਮੌਤ ਦੇ ਦਿਤੀ ਸੀ)। ਇਨ੍ਹਾਂ ਤੋਂ ਇਲਾਵਾ ਪੰਜ ਹੋਰ ਖਾੜਕੂਆਂ ਦੀ ਗ੍ਰਿਫ਼ਤਾਰੀ ਵਾਸਤੇ ਈਨਾਮ ਐਲਾਨੇ ਗਏ। ਜਰਨੈਲ ਸਿੰਘ ਹਲਵਾਰਾ ਦਾ ਈਨਾਮ ਡੇਢ ਲੱਖ ਰੁਪੈ, ਚਰਨਜੀਤ ਸਿੰਘ ਹਲਵਾਰਾ ਦਾ ਇਕ ਲੱਖ ਰੁਪੈ, ਡਾ: ਗੁਰਮੇਲ ਸਿੰਘ ਹਲਵਾਰਾ ਦਾ ਪੰਜਾਹ ਹਜ਼ਾਰ ਰੁਪੈ, ਵਰਿੰਦਰ ਸਿੰਘ ਦਾਖਾ ਦਾ ਪੰਜਾਹ-ਹਜ਼ਾਰ ਰੁਪੈ ਅਤੇ ਇੰਦਰਜੀਤ ਸਿੰਘ ਸੰਗਰੂਰ ਦਾ ਪੰਜਾਹ ਹਜ਼ਾਰ ਰੁਪੈ ਈਨਾਮ ਰੱਖਿਆ ਗਿਆ। ਇਸ ਕਤਲ ਕੇਸ ਵਿਚ ਅਦਾਲਤ ਨੇ ਗਿਆਨ ਸਿੰਘ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ। (ਜੋ ਮਗਰੋਂ ਉਮਰ ਕੈਦ ਵਿਚ ਬਦਲ ਗਈ ਤੇ ਉਹ ਉਮਰ ਕੈਦ ਕੱਟਣ ਮਗਰੋਂ ਰਿਹਾ ਵੀ ਹੋ ਗਿਆ)।

1987: ਲਖਵਿੰਦਰ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

20 ਅਗਸਤ 1987 ਦੇ ਦਿਨ ਲਖਵਿੰਦਰ ਸਿੰਘ ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

1991: ਖਾੜਕੂਆਂ ਵੱਲੋਂ ਪੰਜਾਬ ਦੇ ਸਾਬਕਾ ਪੁਲਸ ਮੁਖੀ ਰਬੈਰੋ 'ਤੇ ਰੋਮਾਨੀਆ ਵਿਚ ਹਮਲਾ

1986 ਤੋਂ 1988 ਦੇ ਦੌਰਾਨ ਪੰਜਾਬ ਵਿਚ ਸੈਂਕੜੇ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰਨ ਵਾਲੇ ਪੰਜਾਬ ਪੁਲਸ ਦੇ ਸਾਬਕਾ ਮੁਖੀ ਜੂਲੀਆ ਰਬੈਰੋ ਨੂੰ ਰੋਮਾਨੀਆ ਮੁਲਕ ਵਿਚ ਖਾੜਕੂਆਂ ਨੇ 20 ਅਗਸਤ 1991 ਦੇ ਦਿਨ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਹ ਬਚ ਗਿਆ। ਇਸ ਐਕਸ਼ਨ ਵਿਚ ਜੁਗਰਾਜ ਸਿੰਘ ਸਮਾਲਸਰ ਸ਼ਹੀਦ ਹੋ ਗਿਆ ਸੀ ਅਤੇ ਜਸਵਿੰਦਰ ਸਿੰਘ (ਵਾਸੀ ਰਕਬਾ, ਲੁਧਿਆਣਾ) ਤੇ ਪਰਗਟ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਤੇ ਉਨ੍ਹਾਂ ਨੂੰ ਦਸ ਸਾਲ ਕੈਦ ਦੀ ਸਜ਼ਾ ਦਿੱਤੀ ਗਈ ਸੀ। ਉਨ੍ਹਾਂ ਨੂੰ ਰਿਹਾ ਕਰਵਾਉਣ ਵਾਸਤੇ ਖਾੜਕੂਆਂ ਨੇ **9 ਅਕਤੂਬਰ 1991** ਦੇ ਦਿਨ, ਰੋਮਨੀਆ ਦੇ ਰਾਜਦੂਤ ਰਾਡੂ ਨੂੰ ਅਗਵਾ ਕਰ ਲਿਆ, ਪਰ, ਦੋ ਸਾਥੀ ਮਰਵਾ ਕੇ, ਤੇ ਬਿਨਾ ਕਿਸੇ ਕਾਮਯਾਬੀ ਦੇ, ਉਸ ਨੂੰ 26 ਨਵੰਬਰ ਦੇ ਦਿਨ ਰਿਹਾ ਕਰ ਦਿੱਤਾ ਸੀ।

1992: ਗੁਰਦੇਵ ਸਿੰਘ ਪੰਡੋਰੀ ਰੁਮਾਣਾ, ਭੂਪਿੰਦਰ ਸਿੰਘ ਅਕੀਪੁਰ, ਸੁਖਦੇਵ ਸਿੰਘ ਸੁੱਖ ਲਲਤੋਂ ਤੇ ਸੁੱਚਾ ਸਿੰਘ ਜੋਗਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਵੀਹ ਅਗਸਤ 1992 ਦੇ ਦਿਨ ਪੁਲਸ ਨੇ ਗੁਰਦੇਵ ਸਿੰਘ (ਪੁੱਤਰ ਬੰਤਾ ਸਿੰਘ, ਵਾਸੀ ਪੰਡੋਰੀ ਰੁਮਾਣਾ, ਜ਼ਿਲ੍ਹਾ ਅੰਮ੍ਰਿਤਸਰ), ਭੂਪਿੰਦਰ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਅਲੀਪੁਰ, ਨੇੜੇ ਛੀਟਾਂਵਾਲਾ, ਜ਼ਿਲ੍ਹਾ ਪਟਿਆਲਾ), ਸੁਖਦੇਵ ਸਿੰਘ ਸੁੱਖ ਲਲਤੋਂ, ਸੁੱਚਾ ਸਿੰਘ ਜੋਗਾ ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਮਲਕੀਅਤ ਸਿੰਘ ਫ਼ੌਜੀ ਦੇ ਭੋਗ 'ਤੇ ਕਰਫ਼ਿਊ ਲਾ ਦਿੱਤਾ ਗਿਆ

ਪੰਜਾਬ ਪੁਲਸ ਵੱਲੋਂ 1 ਅਗਸਤ ਦੇ ਦਿਨ ਦਿੱਲੀ ਵਿਚ ਸ਼ਹੀਦ ਕੀਤੇ ਮਲਕੀਅਤ ਸਿੰਘ ਫ਼ੌਜੀ ਤੇ ਉਸ ਦੀ ਸਿੰਘਣੀ ਹਰਜਿੰਦਰ ਕੌਰ ਦਾ ਭੋਗ, 20 ਅਗਸਤ 1992 ਦੇ ਦਿਨ ,ਪਿੰਡ ਲਟਾਲਾ ਵਿਚ ਪਾਇਆ ਜਾਣਾ ਸੀ; ਇਸ ਦਿਨ ਸੈਂਕੜੇ ਪੁਲਸੀਆਂ ਨੇ ਪਿੰਡ ਨੂੰ ਘੇਰਾ ਪਾ ਲਿਆ ਅਤੇ ਪਿੰਡ ਦੇ ਆਲੇ ਦੁਆਲੇ ਕਰਫ਼ਿਊ ਲਾ ਦਿੱਤਾ।

1993: ਦਵਿੰਦਰ ਸਿੰਘ ਲਹਿਰਾਂ ਨਕਲੀ ਮੁਕਾਬਲੇ ਵਿਚ ਸ਼ਹੀਦ

20 ਅਗਸਤ 1993 ਦੇ ਦਿਨ ਪੁਲਸ ਨੇ ਦਵਿੰਦਰ ਸਿੰਘ (ਪੁੱਤਰ ਗਿਆਨ ਸਿੰਘ, ਵਾਸੀ ਲਹਿਰਾਂ, ਜ਼ਿਲ੍ਹਾ ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2008: ਸਰਸਾ ਸਾਧ ਦੇ ਸਾਥੀਆਂ ਵੱਲੋਂ ਫ਼ਾਇਰਿੰਗ ਨਾਲ ਭਾਈ ਬਲਕਾਰ ਸਿੰਘ ਸ਼ਹੀਦ

20 ਅਗਸਤ 2008 ਦੇ ਦਿਨ ਬੰਬਈ ਵਿਚ ਸਰਸਾ ਸਾਧ ਦੇ ਸਾਥੀਆਂ ਵੱਲੋਂ ਸਿੱਖਾਂ ਦੇ ਇਕ ਇਕਠ'ਤੇ ਫ਼ਾਇਰਿੰਗ ਕੀਤੀ ਗਈ ਜਿਸ ਨਾਲ ਬੀਰ ਖਾਲਸਾ ਜਥੇਬੰਦੀ ਦੇ ਭਾਈ ਬਲਕਾਰ ਸਿੰਘ ਸ਼ਹੀਦ ਹੋ ਗਏ। ਪੁਲਸ ਸੇ ਸਾਧ ਦੇ ਦੋ ਬਾਡੀਗਾਰਡ ਜਗਦੇਵ ਤੇ ਗੁਰਦੇਵ ਚਾਰਜ ਕੀਤੇ।

2013: ਇੰਦਰ ਸਿੰਘ ਘੱਗਾ ਗ੍ਰਿਫ਼ਤਾਰ

20 ਅਗਸਤ 2013 ਦੇ ਦਿਨ ਪੰਜਾਬ ਦੀ ਬਾਦਲ ਸਰਕਾਰ ਨੇ ਸਿੱਖ ਪ੍ਰਚਾਰਕ ਇੰਦਰ ਸਿੰਘ ਘੱਗਾ ਨੂੰ ਦਫ਼ਾ 295 ਏ ਹੇਠ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ। ਉਸ 'ਤੇ ਉਸ ਦੀ ਤਿੰਨ ਸਾਲ ਪਹਿਲਾਂ ਛਪੀ ਕਿਤਾਬ ਦੇ ਇਕ ਲੇਖ ਦੇ ਅਧਾਰ 'ਤੇ ਕੇਸ ਬਣਾਇਆ ਗਿਆ ਸੀ। ਉਸ ਨੂੰ 24 ਅਗਸਤ ਦੇ ਦਿਨ ਜ਼ਮਾਨਤ 'ਤੇ ਰਿਹਾ ਕੀਤਾ ਗਿਆ। ਬਾਦਲ ਸਰਕਾਰ ਨੇ ਇਹ ਦਫ਼ਾ ਖ਼ਾਸ ਕਰ ਕੇ ਸਿੱਖ ਪ੍ਰਚਾਰਕਾਂ ਨੂੰ ਜੇਲ੍ਹਾਂ ਵਿਚ ਭੇਜਣ ਵਾਸਤੇ ਸੋਧੀ ਸੀ।

21 ਅਗਸਤ

1604: ਗੁਰੂ ਹਰਿਗੋਬਿੰਦ ਸਾਹਿਬ ਦਾ ਵਿਆਹ ਮਾਤਾ ਦਮੋਦਰੀ ਨਾਲ ਹੋਇਆ

ਗੁਰੂ ਹਰਿਗੋਬਿੰਦ ਸਾਹਿਬ ਦਾ ਵਿਆਹ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਨ (16 ਅਗਸਤ 1604) ਤੋਂ ਸਿਰਫ਼ ਪੰਜ ਦਿਨ ਬਾਅਦ, 21 ਅਗਸਤ 1604 ਦੇ ਦਿਨ, ਪਿੰਡ ਡੱਲਾ (ਜ਼ਿਲ੍ਹਾ ਕਪੂਰਥਲਾ) ਦੇ ਭਾਈ ਨਾਰਾਇਣ ਦਾਸ ਜੁਲਕਾ ਅਤੇ ਮਾਤਾ ਭਾਗਭਰੀ ਦੀ ਬੇਟੀ, ਦਮੋਦਰੀ ਨਾਲ ਹੋਇਆ। ਇਸ ਵੇਲੇ ਆਪ ਦੀ ਉਮਰ 14 ਸਾਲ ਦੀ ਸੀ (ਗੁਰੂ ਹਰਗੋਬਿੰਦ ਸਾਹਿਬ ਦਾ ਜਨਮ 1590 ਦਾ ਹੈ ਅਤੇ ਜੇ ਆਪ ਦਾ ਜਨਮ 1590 ਦੀ ਥਾਂ 1595 ਦਾ ਮੰਨ ਲਈਏ ਤਾਂ ਆਪ ਦਾ ਵਿਆਹ 9 ਸਾਲ ਦੀ ਉਮਰ ਵਿਚ ਹੋਇਆ ਮੰਨਣਾ ਪਵੇਗਾ)। ਗੁਰੂ ਸਾਹਿਬ ਦੀ ਬਾਰਾਤ ਵਿਚ ਹੋਰਨਾਂ ਤੋਂ ਇਲਾਵਾ ਬਾਬਾ ਬੁੱਢਾ, ਭਾਈ ਗੁਰਦਾਸ, ਭਾਈ ਕੀਰਤ ਭੱਟ, ਭਾਈ ਮਥਰਾ ਭੱਟ, ਭਾਈ ਜੇਠਾ, ਭਾਈ ਪਿਰਾਣਾ ਵੀ ਸ਼ਾਮਿਲ ਹੋਏ ਸਨ। ਵਿਆਹ ਤੋਂ ਬਾਅਦ ਗੁਰੂ ਸਾਹਿਬ ਗੁਰੂ ਦਾ ਚੱਕ (ਅੰਮ੍ਰਿਤਸਰ) ਹੀ ਰਹੇ।

1664: ਗੁਰੂ ਤੇਗ਼ ਬਹਾਦਰ ਸਾਹਿਬ ਕੀਰਤਪੁਰ ਪੁੱਜੇ

11 ਅਗਸਤ 1664 ਦੇ ਦਿਨ ਗੁਰਗੱਦੀ ਸੰਭਾਲਣ ਮਗਰੋਂ ਗੁਰੂ ਤੇਗ਼ ਬਹਾਦਰ ਸਾਹਿਬ ਨੇ ਸਭ ਤੋਂ ਪਹਿਲਾ ਦੌਰਾ ਕੀਰਤਪੁਰ ਦਾ ਕੀਤਾ ਸੀ। ਜੂਨ 1656 ਵਿਚ ਪੂਰਬ ਦੇ ਦੌਰੇ ਮਗਰੋਂ ਆਪ ਪਿਛਲੇ ਅੱਠ ਸਾਲ ਵਿਚ ਇਕ ਵਾਰ ਵੀ ਸਿੱਖ ਕੌਮ ਦੇ ਹੈਡ-ਕੁਆਰਟਰਜ਼ ਜਾਣੇ ਜਾਂਦੇ ਨਗਰ ਕੀਰਤਪੁਰ ਨਹੀਂ ਸਨ ਜਾ ਸਕੇ। ਇਸ ਦੌਰਾਨ ਗੁਰੂ ਹਰਿਰਾਇ ਸਾਹਿਬ ਤੇ ਗੁਰੂ ਹਰਕ੍ਰਿਸ਼ਨ ਸਾਹਿਬ ਜੋਤੀ-ਜੋਤਿ ਸਮਾ ਚੁਕੇ ਸਨ। ਇਸ ਤੋਂ ਇਲਾਵਾ ਗੁਰੂ ਹਰਿ ਰਾਇ ਸਾਹਿਬ ਦੀ ਬੇਟੀ ਬੀਬੀ ਰੂਪ ਕੌਰ ਦਾ ਵਿਆਹ ਹੋ ਚੁਕਾ ਸੀ ਤੇ ਉਹ ਆਪਣੇ ਪਤੀ ਨਾਲ ਕੀਰਤਪੁਰ ਦੇ ਨਾਲ ਲਗਵੇਂ ਪਿੰਡ ਕਲਿਆਣਪੁਰ ਵਿਚ ਰਹਿ ਰਹੀ ਸੀ। ਇਸ ਕਰ ਕੇ ਗੁਰੂ ਸਾਹਿਬ ਨੇ ਸਭ

ਤੋਂ ਪਹਿਲਾਂ ਬੀਬੀ ਰੂਪ ਕੌਰ ਨੂੰ ਮਿਲਣ ਦਾ ਫ਼ੈਸਲਾ ਕੀਤਾ ਤਾਂ ਜੋ ਉਸ ਦੇ ਪਿਤਾ ਤੇ ਭਰਾ ਦੇ ਜੋਤੀ-ਜੋਤਿ ਸਮਾਉਣ ਸਬੰਧੀ ਰਸਮੀ 'ਪਰਚਾਵਨੀ' ਕਰ ਸਕਣ। 21 ਅਗਸਤ 1664 ਦੇ ਦਿਨ ਆਪ ਗੁਰੂ ਹਰਿ ਰਾਇ ਜੀ ਦੀ ਬੇਟੀ ਬੀਬੀ ਰੂਪ ਕੌਰ ਦੇ ਘਰ ਪੁਜੇ। ਇਸ ਮੌਕੇ ਤੇ ਆਪ ਨਾਲ ਬਹੁਤ ਸਾਰੇ ਦਰਬਾਰੀ ਸਿੱਖ ਵੀ ਸਨ। ਇਸ ਬਾਰੇ ਭੱਟ ਵਹੀ ਮੁਲਤਾਨੀ ਸਿੰਧੀ ਵਿਚ ਇੰਝ ਜ਼ਿਕਰ ਆਉਂਦਾ ਹੈ: "ਗੁਰੂ ਤੇਗ ਬਹਾਦਰ ਜੀ ਮਹਲ ਨਾਂਵੇਂ, ਬਕਾਲਾ ਸੇ ਕੀਰਤਪੁਰ ਆਏ, ਪਰਗਨਾ ਕਹਿਲੂਰ, ਸਾਲ ਸਤਰਾਂ ਸੈ ਇਕੀਸ ਭਾਦਵਾ ਸੁਦੀ ਦਸਮੀਂ, ਖੇਮ ਕਰਨ ਧੁੰਸੇ ਖਤਰੀ ਕੇ ਘਰ ਬੀਬੀ ਰੂਪ ਕਉਰ ਕੇ ਬਲਾਉਨਾ। ਸਾਥ ਦਵਾਰਕਾ ਦਾਸ ਆਇਆ ਬੇਟਾ ਅਰਜਾਨੀ ਸਾਹਿਬ ਭੱਲੇ ਕਾ, ਸਾਥ ਦੀਵਾਨ ਦਰਘਾ ਮਲ ਆਇਆ ਬੇਟਾ ਦਵਾਰਕਾ ਦਾਸ ਛਿਬਰ ਕਾ, ਸਾਥ ਜੱਗੂ ਬੇਟਾ ਪਦਮਾ ਕਾ ਆਇਆ, ਹਜਾਵਤ ਆਂਬਿਆਨਾ।..."(ਭੱਟ ਵਹੀ ਮੁਲਤਾਨੀ ਸਿੰਧੀ, ਪਰਗਨਾ ਜੀਂਦ, ਖਾਤਾ ਹਜਾਵਤੋਂ ਕਾ)।

1920: ਗੁਰਦੁਆਰਾ ਚੁਮਾਲਾ ਸਾਹਿਬ ਲਾਹੌਰ 'ਤੇ ਪੰਥ ਦਾ ਕਬਜ਼ਾ ਹੋਇਆ

1920 ਵਿਚ ਲਾਹੌਰ ਵਿਚ ਗੁਰਦੁਆਰਾ ਚੁਮਾਲਾ ਸਾਹਿਬ (ਪਾਤਸ਼ਾਹੀ ਛੇਵੀਂ) ਦੇ ਗ੍ਰੰਥੀ ਹਰੀ ਸਿੰਘ ਨੇ ਗੁਰਦੁਆਰੇ 'ਚ ਮਨਮਤ ਦਾ ਮਾਹੌਲ ਪੈਦਾ ਕੀਤਾ ਹੋਇਆ ਸੀ। ਉਹ ਗੁਰਦੁਆਰੇ ਵਿਚ ਮੁਸਾਫ਼ਿਰਾਂ ਨੂੰ ਠਹਿਰਨ ਨਹੀਂ ਦੇਂਦਾ ਸੀ। ਉਸ ਨੇ ਸਰਾਂ ਦੇ ਕਮਰੇ ਬੁੱਚੜਾਂ ਤੇ ਮੀਟ ਵੇਚਣ ਵਾਲਿਆਂ ਨੂੰ ਦਿੱਤੇ ਹੋਏ ਸਨ। ਉਹ ਗ੍ਰੰਥੀ ਵਜੋਂ ਸੇਵਾ ਵੀ ਨਹੀਂ ਸੀ ਕਰਦਾ (ਹੋਰ ਤਾਂ ਹੋਰ ਉਸ ਨੂੰ ਜਪੁਜੀ ਸਾਹਿਬ ਤੇ ਰਹਿਰਾਸੁ ਸਾਹਿਬ ਦਾ ਪਾਠ ਵੀ ਨਹੀਂ ਆਉਂਦਾ ਸੀ) ਗੁਰਦੁਆਰੇ ਦੀ ਸਫ਼ਾਈ ਵੀ ਨਹੀਂ ਹੁੰਦੀ ਸੀ। ਸੰਗਤਾਂ ਉਸ ਤੋਂ ਬਹੁਤ ਦੁਖੀ ਸਨ। ਇਕ ਵਾਰ ਹਿੰਮਤ ਕਰ ਕੇ ਖਾਲਸਾ ਪ੍ਰਚਾਰਕ ਜਥੇ ਨੇ ਇਕ ਮੀਟਿੰਗ 21 ਅਗਸਤ 1920 ਦੇ ਦਿਨ ਨੂੰ ਬੁਲਾ ਲਈ ਅਤੇ ਗੁਰਦੁਆਰੇ ਦਾ ਪ੍ਰਬੰਧ ਸੰਗਤਾਂ ਨੇ ਸੰਭਾਲ ਲਿਆ। ਗੁਰਦੁਆਰਾ ਸੁਧਾਰ ਲਹਿਰ ਦੀ ਇਹ ਪਹਿਲੀ ਜਿੱਤ ਸੀ।

1968: ਲਛਮਣ ਸਿੰਘ ਗਿੱਲ ਨੇ ਪੰਜਾਬ ਦੀ ਚੀਫ਼ ਮਨਿਸਟਰੀ ਤੋਂ ਅਸਤੀਫ਼ਾ ਦਿੱਤਾ

1967 ਵਿਚ ਅਕਾਲੀ ਦਲ ਦੀ ਅਗਵਾਈ ਵਿਚ ਸਾਂਝੇ ਮੋਰਚੇ ਦੀ ਸਰਕਾਰ ਬਣੀ; ਪਰ ਜਨਸੰਘ (ਹੁਣ ਭਾਜਪਾ) ਪੰਜਾਬ, ਪੰਜਾਬੀ ਅਤੇ ਸਿੱਖਾਂ ਦਾ ਦਿਲੋਂ ਵਿਰੋਧੀ ਸੀ ਅਤੇ ਹਰ ਗੱਲ ਵਿਚ ਅੜਿੱਕਾ ਡਾਹੁੰਦਾ ਸੀ। ਇਸ ਹਾਲਤ ਵਿਚ ਲਛਮਣ ਸਿੰਘ ਗਿੱਲ ਨੇ ਐਲਾਨ ਕਰ ਦਿੱਤਾ ਕਿ ਅਗਲੇ ਸੈਸ਼ਨ ਵਿਚ ਪੰਜਾਬੀ ਨੂੰ ਪੰਜਾਬ ਦੀ ਦਫ਼ਤਰੀ ਬੋਲੀ ਬਣਾਉਣ ਸਬੰਧੀ ਬਿਲ ਪੇਸ਼ ਹੋਵੇਗਾ, ਪਰ ਜਨਸੰਘ ਇਸ ਦਾ ਵਿਰੋਧ ਕਰ ਰਿਹਾ ਸੀ, ਇਸ ਕਰ ਕੇ ਚੀਫ਼ ਮਨਿਸਟਰ ਜਸਟਿਸ ਗੁਰਨਾਮ ਸਿੰਘ ਇਸ ਨੂੰ ਟਾਲ ਰਿਹਾ ਸੀ। 4 ਨਵੰਬਰ 1967 ਨੂੰ ਲਛਮਣ ਸਿੰਘ ਨੇ ਫਿਰ ਐਲਾਨ ਕੀਤਾ ਕਿ ਪਹਿਲੀ ਜਨਵਰੀ 1968 ਤਕ ਪੰਜਾਬ ਪੂਰੀ ਤਰ੍ਹਾਂ ਸਰਕਾਰੀ ਪੱਧਰ 'ਤੇ ਲਾਗੂ ਕਰ ਦਿੱਤੀ ਜਾਵੇਗੀ। ਜਨਸੰਘ ਪਾਰਟੀ ਨੇ ਇਸ ਗੱਲ ਦੀ ਖੁਲ੍ਹੀ ਮੁਖ਼ਾਲਫ਼ਤ ਵੀ ਕੀਤੀ। ਇਸੇ ਤਰ੍ਹਾਂ ਫਤਹਿ ਸਿੰਘ ਨੇ ਵੀ ਸੀ.ਪੀ.ਆਈ. ਦੀ ਆਗੂ ਬਿਮਲਾ ਡਾਂਗ ਵਿਰੁਧ ਇਕ ਬਿਆਨ ਦਿੱਤਾ ਅਤੇ ਅਕਾਲੀਆਂ ਤੇ ਕਮਿਊਨਿਸਟਾਂ ਵਿਚ ਵੀ ਖੜਕ ਪਈ। ਤੀਜਾ ਲਛਮਣ ਸਿੰਘ ਗਿੱਲ ਕਾਰਨ ਹੀ ਫਤਹਿ ਸਿੰਘ ਦਾ ਅਕਾਲੀ ਦਲ ਬਣਿਆ ਸੀ ਪਰ ਗੁਰਨਾਮ ਸਿੰਘ, ਲਛਮਣ ਸਿੰਘ ਗਿੱਲ ਦੀਆਂ ਗੱਲਾਂ ਮੰਨਣ ਲਈ ਤਿਆਰ ਨਹੀਂ ਸੀ ਹੁੰਦਾ। ਅਖ਼ੀਰ ਉਹ (ਗਿੱਲ) 16 ਮੈਂਬਰਾਂ ਨੂੰ ਨਾਲ ਲੈ ਕੇ 'ਜਨਤਾ ਪਾਰਟੀ' ਬਣ ਲਈ ਅਤੇ ਫਤਹਿ ਸਿੰਘ ਤੋਂ ਬਾਗੀ ਹੋ ਗਿਆ। ਇਸ ਨਾਲ ਸਾਂਝੇ ਮੋਰਚੇ ਦੀ ਸਰਕਾਰ ਘਟ ਗਿਣਤੀ ਵਿਚ ਹੋ ਗਈ। 22 ਨਵੰਬਰ 1967 ਨੂੰ ਸਾਂਝੇ ਮੋਰਚੇ ਦੀ ਸਰਕਾਰ ਨੇ ਅਸਤੀਫ਼ਾ ਦੇ ਦਿੱਤਾ। ਉਧਰ ਕਾਂਗਰਸ ਨੇ ਲਛਮਣ

ਸਿੰਘ ਦੀ ਹਿਮਾਇਤ ਕਰਨ ਦਾ ਐਲਾਨ ਕਰ ਦਿੱਤਾ। ਗਿੱਲ ਨੇ 25 ਨਵੰਬਰ 1967 ਦੇ ਦਿਨ ਹਲਫ਼ ਲੈ ਲਿਆ।

ਗਿੱਲ ਸਰਕਾਰ ਨੇ ਪਹਿਲਾ ਕੰਮ ਇਹ ਕੀਤਾ ਕਿ ਪੰਜਾਬੀ ਨੂੰ ਸਕੱਤਰੇਤ ਪੱਧਰ ਤਕ ਲਾਗੂ ਕਰਨ ਦਾ ਐਲਾਨ ਕਰ ਦਿੱਤਾ। ਉਧਰ ਗਿੱਲ ਨੇ ਚੰਨਣ ਸਿੰਘ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਲਾਹੁਣ ਦਾ ਪ੍ਰੋਗਰਾਮ ਵੀ ਬਣਾ ਲਿਆ। 3 ਦਸੰਬਰ 1967 ਨੂੰ ਮਾਸਟਰ ਤਾਰਾ ਸਿੰਘ ਦੇ ਭੋਗ 'ਤੇ ਕੰਪਨੀ ਬਾਗ ਅੰਮ੍ਰਿਤਸਰ ਵਿਚ ਗਿੱਲ ਨੇ ਅਕਾਲੀ ਦਲ (ਮਾਸਟਰ) ਨਾਲ "ਟੁੱਟੀ ਗੰਢਣ" ਦਾ ਐਲਾਨ ਕੀਤਾ। 27 ਦਸੰਬਰ 1967 ਨੂੰ ਸਰਕਾਰ ਵੱਲੋਂ ਕੜਾਹ ਪ੍ਰਸ਼ਾਦ ਦੀਆਂ ਜਾਹਲੀ ਪਰਚੀਆਂ ਦੇ ਸਕੈਂਡਲ ਦੇ ਸਬੰਧ ਵਿੱਚ ਚੰਨਣ ਸਿੰਘ ਦੇ ਵਾਰੰਟ ਗ੍ਰਿਫ਼ਤਾਰੀ ਜਾਰੀ ਕਰ ਦਿੱਤੇ ਗਏ। ਇਸ ਸਕੈਂਡਲ ਵਿਚ ਫਤਹਿ ਸਿੰਘ ਅਕਾਲੀ ਦਲ ਦੇ ਹੋਰ ਵੀ ਕਈ ਆਗੂਆਂ ਦੇ ਵਾਰੰਟ ਗ੍ਰਿਫ਼ਤਾਰੀ ਜਾਰੀ ਕੀਤੇ ਗਏ ਸਨ ਪਰ ਇਹ ਸਾਰੇ ਦਰਬਾਰ ਸਾਹਿਬ ਵਿਚ ਜਾ ਵੜੇ। ਗਿੱਲ ਸਰਕਾਰ ਨੇ 13 ਦਸੰਬਰ 1967 ਨੂੰ ਕਾਲਜ ਟੀਚਰਾਂ ਨੂੰ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵਾਲੇ ਗਰੇਡ ਦੇਣ ਦਾ ਐਲਾਨ ਕਰ ਦਿੱਤਾ। ਯਾਨਿ ਸਿਰਫ਼ ਇਕ ਮਹੀਨੇ ਵਿਚ ਹੀ ਗਿੱਲ ਸਰਕਾਰ ਨੇ ਬੜੇ ਅਹਿਮ ਐਕਸ਼ਨ ਕਰ ਦਿੱਤੇ ਸਨ। 19 ਦਸੰਬਰ 1967 ਨੂੰ ਪੰਜਾਬ ਅਸੈਂਬਲੀ ਨੇ ਪੰਜਾਬੀ ਜ਼ਬਾਨ ਬਾਰੇ ਬਿੱਲ ਪਾਸ ਕਰ ਦਿੱਤਾ। ਇਸ ਮੁਤਾਬਿਕ ਪੰਜਾਬ ਵਿਚ ਸਕੱਤਰੇਤ ਪੱਧਰ ਤਕ ਪੰਜਾਬੀ ਲਾਗੂ ਕੀਤੀ ਜਾਣੀ ਸੀ। 29 ਦਸੰਬਰ 1967 ਨੂੰ ਗਵਰਨਰ ਪਾਵਤੇ ਨੇ ਬੋਲੀ ਬਿੱਲ 'ਤੇ ਦਸਤਖ਼ਤ ਕਰ ਦਿੱਤੇ। ਇਸ ਹੇਠ 14 ਜਨਵਰੀ 1968 ਤੋਂ ਜ਼ਿਲਾ ਪੱਧਰ 'ਤੇ ਅਤੇ 13 ਅਪ੍ਰੈਲ ਤੋਂ ਸਕੱਤਰੇਤ ਪੱਧਰ ਤਕ ਪੰਜਾਬੀ ਲਾਗੂ ਕੀਤੀ ਜਾਣੀ ਸੀ। ਇਕ ਸਰਕਾਰੀ ਸਮਾਗਮ ਕਰ ਕੇ ਲਛਮਣ ਸਿੰਘ ਨੇ 13 ਜਨਵਰੀ 1968 ਤੋਂ ਪੰਜਾਬੀ ਨੂੰ ਜ਼ਿਲਾ ਪੱਧਰ ਤੇ ਲਾਗੂ ਕਰ ਦਿੱਤਾ। ਪੰਜਾਬ ਦੀ ਤਵਾਰੀਖ਼ ਵਿਚ ਸਿਰਫ਼ ਇਕੋ-ਇਕ ਲਛਮਣ ਸਿੰਘ ਗਿੱਲ ਹੀ ਹੈ ਜਿਸ ਨੇ ਕਾਂਗਰਸੀ ਵੋਟਾਂ ਨੂੰ ਪੰਜਾਬ ਜਾਂ ਸਿੱਖ ਪੰਥ ਦੇ ਫ਼ਾਇਦੇ ਵਾਸਤੇ ਵਰਤ ਲਿਆ। ਜਦ ਕਾਂਗਰਸ ਨੇ ਦੇਖਿਆ ਕਿ ਸਾਡੀਆਂ ਵੋਟਾਂ ਨਾਲ ਹੀ ਗਿੱਲ ਨੇ ਪੰਥਕ ਅਜੰਡਾ ਲਾਗੂ ਕਰ ਲਿਆ ਹੈ ਤਾਂ 12 ਅਗਸਤ 1968 ਦੇ ਦਿਨ ਕਾਂਗਰਸ ਦੇ ਸੈਂਟਰਲ ਪਾਰਲੀਮੈਂਟਰੀ ਬੋਰਡ ਨੇ ਗਿੱਲ ਦੀ ਹਿਮਾਇਤ ਵਾਪਸ ਲੈਣ ਦਾ ਫ਼ੈਸਲਾ ਕਰ ਲਿਆ ਅਤੇ 20 ਅਗਸਤ 1968 ਨੂੰ ਇਸ ਬਾਰੇ ਐਲਾਨ ਵੀ ਕਰ ਦਿੱਤਾ। ਇਸ 'ਤੇ 21 ਅਗਸਤ 1968 ਨੂੰ ਲਛਮਣ ਸਿੰਘ ਗਿੱਲ ਦੀ ਵਜ਼ਾਰਤ ਨੇ ਅਸਤੀਫ਼ਾ ਦੇ ਦਿੱਤਾ।

1986: ਮੁਖਤਿਆਰ ਸਿੰਘ ਛੇਹਰਟਾ ਤੇ ਹੋਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਇੱਕੀ ਅਗਸਤ 1986 ਦੇ ਦਿਨ ਪੁਲਸ ਵੱਲੋਂ ਛੇਹਰਟਾ 'ਚ ਇਕ ਸਿੱਖ ਮੁਖਤਿਆਰ ਸਿੰਘ ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕੀਤਾ ਗਿਆ। ਇਸੇ ਦਿਨ ਮੀਆਂਵਾਲੀ ਪਿੰਡ (ਨੇੜੇ ਖੇਮ ਕਰਨ) 'ਚ ਵੀ ਪੁਲਸ ਵੱਲੋਂ ਦੋ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ।

1989: ਖੁਸ਼ਵਿੰਦਰ ਸਿੰਘ ਬੂਥਗੜ੍ਹ ਤੇ ਕਰਤਾਰ ਸਿੰਘ ਭਾਈ ਲੱਡੂ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਇੱਕੀ ਅਗਸਤ 1989 ਦੇ ਦਿਨ ਪੁਲਸ ਨੇ ਖੁਸ਼ਵਿੰਦਰ ਸਿੰਘ (ਪੁੱਤਰ ਸ਼ਮਸ਼ੇਰ ਸਿੰਘ, ਵਾਸੀ ਬੂਥਗੜ੍ਹ, ਨੇੜੇ ਮੁਰਿੰਡਾ, ਜ਼ਿਲ੍ਹਾ ਰੋਪੜ) ਤੇ ਕਰਤਾਰ ਸਿੰਘ (ਪੁੱਤਰ ਮੱਖਣ ਸਿੰਘ, ਵਾਸੀ ਪਿੰਡ ਭਾਈ ਲੱਡੂ) ਨੂੰ ਨਕਲੀ ਮੁਕਾਬਲੇ ਬਣਾ ਕੇ ਸ਼ਹੀਦ ਕੀਤਾ।

1989: ਗੋਬਿੰਦ ਰਾਮ ਨੇ ਗੁਰਦੇਵ ਕੌਰ ਤੇ ਗੁਰਮੀਤ ਕੌਰ ਨਾਗੋਕੇ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਬੇਪਨਾਹ ਜ਼ੁਲਮ ਕੀਤਾ

1988-89 ਵਿਚ ਬੇਗੁਨਾਹ ਸਿੱਖਾਂ 'ਤੇ ਤਸ਼ਦਦ ਕਰਨ ਵਿਚ ਸਭ ਤੋਂ ਵੱਧ ਬਦਨਾਮ ਪੁਲਸੀਏ ਸਨ: ਰਬੈਰੋ, ਕੇ.ਪੀ.ਐਸ. ਗਿੱਲ, ਗੋਬਿੰਦ ਰਾਮ, ਸਵਰਨ ਘੋਟਨਾ, ਪੀ.ਐਮ. ਦਾਸ, ਇਜ਼ਹਾਰ ਆਲਮ, ਅਜੀਤ ਸੰਧੂ, ਸੁਮੇਧ ਸੈਣੀ, ਕਾਹਲੋਂ, ਸਰਬਦੀਪ ਵਿਰਕ, ਪਾਂਡੇ ਵਗ਼ੈਰਾ। ਗੋਬਿੰਦ ਰਾਮ ਨੇ 21 ਅਗਸਤ 1989 ਨੂੰ ਬਬਰ ਖਾਲਸਾ ਦੇ ਇਕ ਆਗੂ ਮਹਿਲ ਸਿੰਘ (ਭਰਾ ਸੁਖਦੇਵ ਸਿੰਘ ਦਾਸੂਵਾਲ) ਦੀ ਘਰਵਾਲੀ ਗੁਰਮੀਤ ਕੌਰ ਅਤੇ ਸ਼ਹੀਦ ਕੁਲਵੰਤ ਸਿੰਘ ਨਾਗੋਕੇ ਦੀ ਪਤਨੀ ਗੁਰਦੇਵ ਕੌਰ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਇਕ ਏ.ਐਸ. ਆਈ. ਲਖਵਿੰਦਰ ਲੱਖਾ ਨੂੰ ਇਕ ਜੀਪ ਦੇ ਕੇ ਅੰਮ੍ਰਿਤਸਰ ਵਿਚ ਭੇਜਿਆ। ਉਸ ਨੇ ਪ੍ਰਭਾਤ ਫ਼ੀਨਾਂਸ ਕੰਪਨੀ, ਜਿੱਥੇ ਉਹ ਦੋਵੇਂ ਬੀਬੀਆਂ ਨੌਕਰੀ ਕਰਦੀਆਂ ਸਨ, ਤੋਂ ਉਨ੍ਹਾਂ ਨੂੰ ਬਿਨਾ ਕਿਸੇ ਵਾਰੰਟ ਤੋਂ ਚੁਕਵਾ ਲਿਆ ਤੇ ਬੀਕੋ ਟਾਰਚਰ ਸੈਂਟਰ ਬਟਾਲਾ ਲਿਜਾ ਕੇ ਉਨ੍ਹਾਂ ਨੂੰ ਬਹੁਤ ਤਸੀਹੇ ਦਿੱਤੇ। ਉਨ੍ਹਾਂ ਦੇ ਢਿੱਡਾਂ ਵਿਚ ਲੱਤਾਂ ਮਾਰੀਆਂ ਗਈਆਂ; ਉਨ੍ਹਾਂ ਨੂੰ ਸੋਟੀਆਂ ਨਾਲ ਕੁੱਟਿਆ ਗਿਆ। ਗੁਰਦੇਵ ਕੌਰ ਨੂੰ ਤਾਂ ਉਸ ਦੇ ਢਿੱਡ 'ਤੇ ਕਈ ਮਿੰਟ ਸੋਟੀਆਂ ਅਤੇ ਲੋਹੇ ਦੀਆਂ ਸਲਾਕਾਂ ਮਾਰ-ਮਾਰ ਕੇ ਏਨਾ ਕੁੱਟਿਆ ਗਿਆ ਕਿ ਇਸ ਜ਼ੁਲਮ ਨਾਲ ਉਹ ਬੇਹੋਸ਼ ਹੋ ਗਈ ਤੇ ਉਸ ਦੇ ਗੁਪਤ ਅੰਗ ਵਿਚੋਂ ਖ਼ੂਨ ਵਗਣ ਲਗ ਪਿਆ ਤੇ ਉਹ ਬੇਹੋਸ਼ ਹੋ ਗਈ। ਇਸ ਮਗਰੋਂ ਗੁਰਦੇਵ ਕੌਰ ਨਾਲ ਵੀ ਇਹੀ ਜ਼ੁਲਮ ਕੀਤਾ ਗਿਆ ਉਸ ਦੇ ਪੱਟਾਂ ਅਤੇ ਦੀਆਂ ਲੱਤਾਂ 'ਤੇ ਘੋਟਣਾ ਲਾਇਆ ਗਿਆ ਤੇ ਦੋ ਪੁਲਸੀਏ ਉਸ ਘੋਟਣੇ 'ਤੇ ਚੜ੍ਹ ਕੇ ਉਸ 'ਤੇ ਜ਼ੁਲਮ ਕਰਦੇ ਰਹੇ। ਉਹ ਵਾਰ ਵਾਰ ਬੇਹੋਸ਼ ਹੋਈਆ ਤੇ ਜਦ ਉਨ੍ਹਾਂ ਨੂੰ ਹੋਸ਼ ਆਉਂਦੀ ਸੀ ਤਾਂ ਇਹ ਜ਼ੁਲਮ ਫੇਰ ਸ਼ੁਰੂ ਹੋ ਜਾਂਦਾ ਸੀ। ਇਹ ਜ਼ੁਲਮ ਦੋ ਦਿਨ ਲਗਾਤਾਰ ਚਲਦਾ ਰਿਹਾ।

ਗੋਬਿੰਦ ਰਾਮ ਦਾ ਵਹਿਸ਼ੀਪੁਣਾ ਤਾਂ ਏਥੋਂ ਤਕ ਪੁੱਜ ਗਿਆ ਕਿ ਉਸ ਨੇ ਆਪਣਾ ਪਾਖਾਨਾ ਜਬਰੀ ਗੁਰਦੇਵ ਕੌਰ ਦੇ ਮੂੰਹ ਵਿਚ ਪਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਏਥੋਂ ਤਕ ਵੀ ਕਿਹਾ ਕਿ 'ਤੂੰ ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਪੀਤਾ ਹੈ, ਹੁਣ ਗੋਬਿੰਦ ਰਾਮ ਦਾ ਮੂਤਰ ਵੀ ਪੀ।'

ਗੁਰਦੇਵ ਕੌਰ ਅਤੇ ਗੁਰਮੀਤ ਕੌਰ 'ਤੇ ਜ਼ੁਲਮ ਕਰਨ ਦਾ ਰਾਜ਼ ਜਦ ਲੋਕਾਂ ਨੂੰ ਪਤਾ ਲੱਗਾ ਤਾਂ ਬਹੁਤ ਹਾਹਾਕਾਰ ਮੱਚੀ। ਇਸ ਜ਼ੁਲਮ ਦੇ ਖ਼ਿਲਾਫ਼ ਸਿੱਖਾਂ ਨੇ ਪਹਿਲੀ ਸਤੰਬਰ 1989 ਦੇ ਦਿਨ ਇਕ ਵੱਡਾ ਪ੍ਰੋਟੈਸਟ ਜਲੂਸ ਕਢਿਆ। (ਮਗਰੋਂ ਸਰਕਾਰ ਨੇ ਗੋਬਿੰਦ ਰਾਮ ਨੂੰ ਐਸ.ਐਸ.ਪੀ. ਤੋਂ ਡੀ.ਆਈ.ਜੀ. ਬਣਾ ਕੇ ਪਹਿਲਾਂ ਤਾਂ ਸਭ ਤੋਂ ਮਹਿਫ਼ੂਜ਼ ਜਗਹ ਪੀ.ਏ.ਪੀ. ਜਲੰਧਰ ਤੇ ਫਿਰ ਫ਼ਿਲੌਰ ਕਿਲ੍ਹੇ ਵਿਚ ਲਾ ਦਿੱਤਾ ਤਾਂ ਜੋ ਉੱਥੇ ਖਾੜਕੂ ਤਾਂ ਕੀ ਪੁਲੀਸ ਦੀ ਮਰਜ਼ੀ ਬਿਨਾਂ ਇਕ ਚਿੜੀ ਵੀ ਨਹੀਂ ਸੀ ਫੜਕ ਸਕਣੀ। ਪਰ ਸਿੱਖ ਗੋਬਿੰਦ ਰਾਮ ਨੂੰ ਸਜ਼ਾ ਲਾਜ਼ਮੀ ਦੇਣਾ ਚਾਹੁੰਦੇ ਸਨ ਤੇ ਉਸ ਦੇ ਪਿੱਛੇ ਲੱਗੇ ਹੋਏ ਸਨ; ਇਸ ਮੁਹਿੰਮ ਹੇਠ ਪਹਿਲਾਂ ਜਲੰਧਰ ਵਿਚ ਇਸ ਦਾ ਇਕਲੌਤਾ ਪੁੱਤਰ ਕਤਲ ਕੀਤਾ ਗਿਆ ਤੇ ਮਗਰੋਂ, ਖਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਕੈਵਲਜੀਤ ਸਿੰਘ, ਉਸ ਦੇ ਸਾਥੀਆਂ ਅਤੇ ਬਬਰ ਖਾਲਸਾ ਵਲੋਂ, ਗੋਬਿੰਦ ਰਾਮ ਨੂੰ 10 ਜਨਵਰੀ 1990 ਦੇ ਦਿਨ ਬੰਬ ਨਾਲ ਉਡਾ ਦਿੱਤਾ ਗਿਆ ਸੀ)।

1989: ਰਣਜੀਤ ਸਿੰਘ ਰਾਣਾ ਬਿਹਾਲਾ ਤੇ ਪ੍ਰੇਮ ਸਿੰਘ ਗਿੱਲ ਕੌਲਗੜ੍ਹ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

21 ਅਗਸਤ 1989 ਦੇ ਦਿਨ ਪੰਜਾਬ ਪੁਲਸ ਨੇ ਰਣਜੀਤ ਸਿੰਘ ਰਾਣਾ (ਵਾਸੀ ਬਿਹਾਲਾ, ਹੁਸ਼ਿਆਰਪੁਰ), ਪ੍ਰੇਮ ਸਿੰਘ ਗਿੱਲ (ਵਾਸੀ ਕੌਲਗੜ੍ਹ, ਹੁਸ਼ਿਆਰਪੁਰ) ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਬਲਵਿੰਦਰ ਸਿੰਘ ਚੀਮਾ ਖੁੱਡੀ, ਗੁਰਿੰਦਰ ਸਿੰਘ ਬੈਂਕਾ, ਸੋਹਣ ਸਿੰਘ ਬੁੱਡੇਵਾਲ, ਹਰਦੀਪ ਸਿੰਘ ਧਾਲੀਵਾਲ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

21 ਅਗਸਤ 1990 ਦੇ ਦਿਨ ਪੰਜਾਬ ਪੁਲਸ ਨੇ ਬਲਵਿੰਦਰ ਸਿੰਘ ਭਿੰਦਾ (ਵਾਸੀ ਚੀਮਾ ਖੁੱਡੀ, ਗੁਰਦਾਸਪੁਰ), ਗੁਰਿੰਦਰ ਸਿੰਘ ਸੁੱਖਾ (ਵਾਸੀ ਬੈਂਕਾ), ਸੋਹਣ ਸਿੰਘ (ਵਾਸੀ ਬੁੱਡੇਵਾਲ, ਫ਼ੀਰੋਜਪੁਰ), ਹਰਦੀਪ ਸਿੰਘ ਫ਼ੌਜੀ (ਵਾਸੀ ਧਾਲੀਵਾਲ, ਅੰਮ੍ਰਿਤਸਰ) ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਨਿਸ਼ਾਨ ਸਿੰਘ ਉਰਫ਼ ਬਲਵਿੰਦਰ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

21 ਅਗਸਤ 1991 ਦੇ ਦਿਨ ਪੰਜਾਬ ਪੁਲਸ ਨੇ ਨਿਸ਼ਾਨ ਸਿੰਘ ਉਰਫ਼ ਬਲਵਿੰਦਰ ਸਿੰਘ ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

22 ਅਗਸਤ

1957: ਦਰਬਾਰ ਸਾਹਿਬ ਦੀ ਬੇਅਦਬੀ ਦੇ ਖ਼ਿਲਾਫ਼ ਪੰਜਾਬ ਭਰ ਵਿਚ ਹੜਤਾਲ

ਮਾਰਚ 1956 ਵਿਚ ਸਰਕਾਰ ਨੇ **'ਰਿਜਨਲ ਫ਼ਾਰਮੂਲਾ'** ਪੇਸ਼ ਕੀਤਾ। ਇਸ ਮੁਤਾਬਿਕ ਪੰਜਾਬ ਅਤੇ ਪੈਪਸੂ ਨੂੰ ਇਕ ਕਰਨ ਅਤੇ ਇਸ ਦੇ ਦੋ ਜ਼ੋਨ ਬਨਾਉਣ ਦਾ ਫ਼ੈਸਲਾ ਹੋਇਆ। ਹਿਮਾਚਲ ਵੱਖਰਾ ਹੋਣਾ ਸੀ ਅਤੇ ਪੰਜਾਬ ਵਿਚ ਪੰਜਾਬੀ ਜ਼ੋਨ ਅਤੇ ਹਿੰਦੀ ਜ਼ੋਨ ਦੋ ਹਿੱਸੇ ਹੋਣੇ ਸਨ।

ਇਸ ਵਿਚ ਵੱਖ-ਵੱਖ ਦੋ ਰਿਜਨਲ ਕੌਂਸਲਾਂ ਹੋਣੀਆਂ ਸਨ। ਇਨ੍ਹਾਂ ਕੌਂਸਲਾਂ ਨੂੰ ਲਾਅ ਐਂਡ ਆਰਡਰ, ਟੈਕਸ, ਤੇ ਫ਼ਿਨਾਂਸ ਤੋਂ ਬਿਨਾਂ ਬਾਕੀ ਸਾਰੇ ਹੱਕ ਹੋਣੇ ਸਨ ਅਤੇ ਇਨ੍ਹਾਂ ਦੇ ਫ਼ੈਸਲੇ ਵਜ਼ਾਰਤ 'ਤੇ ਲਾਗੂ ਹੋਣੇ ਸਨ। ਆਪਸੀ ਝਗੜਾ ਹੋਣ ਦੀ ਸੂਰਤ ਵਿਚ ਗਵਰਨਰ ਦਾ ਫ਼ੈਸਲਾ ਆਖ਼ਰੀ ਹੋਣਾ ਸੀ। ਪੰਜਾਬੀ ਰਿਜਨ ਦੀ ਬੋਲੀ ਪੰਜਾਬੀ (ਗੁਰਮੁਖੀ ਲਿੱਪੀ ਵਿਚ) ਮੰਨੀ ਗਈ। ਪੈਪਸੂ ਵਿਚ ਪੰਜਾਬੀ ਜ਼ੋਨ 'ਤੇ ਪੰਜਾਬੀ ਫ਼ਾਰਮੂਲਾ ਅਤੇ ਹਿੰਦੀ ਜ਼ੋਨ 'ਤੇ ਸੱਚਰ ਫ਼ਾਰਮੂਲਾ ਲਾਗੂ ਹੋਣਾ ਮੰਨਿਆ ਗਿਆ। ਇਕ ਨਵੰਬਰ 1956 ਨੂੰ ਪੰਜਾਬ ਅਤੇ ਪੈਪਸੂ ਇੱਕ ਹੋ ਗਏ ਸਨ। ਸਾਂਝੇ ਪੰਜਾਬ ਵਿਚ ਨਵੀਆਂ ਚੋਣਾਂ 1957 ਦੇ ਸ਼ੁਰੂ ਵਿਚ ਹੋਈਆਂ। 3 ਅਪ੍ਰੈਲ 1957 ਨੂੰ ਪੰਜਾਬ ਦੀ ਨਵੀਂ ਵਜ਼ਾਰਤ ਬਣੀ। ਹਿੰਦੀ ਰਖਸ਼ਾ ਸੰਮਤੀ ਨੇ 30 ਅਪ੍ਰੈਲ ਤੋਂ ਰਿਜਨਲ ਫ਼ਾਰਮੂਲੇ ਵਿਰੁਧ ਐਜੀਟੇਸ਼ਨ ਸ਼ੁਰੂ ਕਰ ਦਿੱਤੀ। ਫ਼ਿਰਕੂ ਹਿੰਦੂਆਂ ਦੇ ਇਸ ਮੋਰਚੇ ਵਿਰੁਧ ਜਵਾਬੀ ਮੋਰਚਾ ਲਾਉਣ ਲਈ 'ਪੰਜਾਬੀ ਰੱਖਿਆ ਸੰਮਤੀ' ਬਣ ਗਈ ਜਿਸ ਦਾ ਡਿਕਟੇਟਰ ਜਥੇਦਾਰ ਪ੍ਰੀਤਮ ਸਿੰਘ ਗੋਜਰਾਂ ਬਣ ਗਿਆ। 16 ਜੂਨ 1957 ਨੂੰ ਪੰਜਾਬੀ ਰੱਖਿਆ ਸੰਮਤੀ ਦੀ ਕਨਵੈਨਸ਼ਨ ਜਲੰਧਰ ਵਿਚ ਹੋਈ; ਕਨਵੈਨਸ਼ਨ ਨੇ 28 ਜੂਨ 1957 ਨੂੰ 'ਪੰਜਾਬੀ ਰੱਖਿਆ ਦਿਨ' ਮਨਾਇਆ। ਗਿਆਨੀ ਕਰਤਾਰ ਸਿੰਘ ਨੇ ਇਕ ਬਿਆਨ ਵਿਚ ਵਾਰਨਿੰਗ ਦਿੱਤੀ ਕਿ ਜੇ ਰਿਜਨਲ ਫ਼ਾਰਮੂਲਾ ਫੇਲ੍ਹ ਹੋਇਆ ਤਾਂ ਪੰਜਾਬੀ ਸੂਬੇ ਦਾ ਮੋਰਚਾ ਫੇਰ ਸ਼ੁਰੂ ਹੋਵੇਗਾ। ਲਾਲ ਚੰਦ ਸਭਰਵਾਲ ਨੇ ਧਮਕੀ ਦਿੱਤੀ ਕਿ "ਜੇ ਪੰਜਾਬੀ ਲਾਗੂ ਕਰਨ ਵਿਚ ਜ਼ਬਰਦਸਤੀ ਕੀਤੀ ਤਾਂ ਸ਼ਹਿਰਾਂ ਦੇ ਗਲੀ ਬਜ਼ਾਰਾਂ ਵਿਚ ਲੜਾਈ ਹੋਵੇਗੀ।" ਸਾਰੇ ਆਰੀਆ ਸਮਾਜੀ ਨੇਤਾ ਪੰਜਾਬੀ ਦੇ ਖ਼ਿਲਾਫ਼ ਬਿਆਨ ਦੇ ਰਹੇ ਸਨ। ਹੁਕਮ ਸਿੰਘ ਨੇ ਇਕ ਬਿਆਨ ਵਿਚ ਮਹਾਸ਼ਾ ਮੋਰਚੇ ਨੂੰ 'ਪੰਜਾਬੀ ਨੂੰ ਖ਼ਤਮ ਕਰਨ ਦਾ ਮੋਰਚਾ' ਦੱਸਿਆ। ਦੂਜੇ ਪਾਸੇ ਮਹਾਸ਼ੇ ਸਵਾਮੀ ਆਤਮਾ ਨੰਦ ਨੇ ਕਿਹਾ ਕਿ, '''ਰਿਜਨਲ ਫ਼ਾਰਮੂਲੇ ਦਾ ਮਤਲਬ ਹੈ ਪੰਜਾਬ ਨੂੰ 'ਸਿੱਖਸਤਾਨ' ਬਣਾਉਣਾ। ਪੰਜਾਬੀ

ਮੁਸ਼ੇ ਦਾ ਮਤਲਬ ਹੈ ਖਾਲਿਸਤਾਨ''; ਇਹ ਸੀ ਪੰਜਾਬ ਅਤੇ ਬਾਕੀ ਭਾਰਤ ਦੇ ਫ਼ਿਰਕੂ ਹਿੰਦੂ ਦੀ ਸੋਚ ਅਤੇ ਉਨ੍ਹਾਂ ਅੰਦਰ ਸਿੱਖ ਦੁਸ਼ਮਣੀ ਦਾ ਜਜ਼ਬਾ।

ਇਹ 'ਹਿੰਦੀ' ਐਜੀਟੇਸ਼ਨ ਦਰਅਸਲ 'ਐਂਟੀ-ਸਿੱਖ' ਐਜੀਟੇਸ਼ਨ ਸੀ। ਹਿੰਦੂਆਂ ਦਾ ਨਿਸ਼ਾਨਾ ਪੰਜਾਬੀ ਨਹੀਂ ਸਿਰਫ਼ ਸਿੱਖ ਸਨ। 17 ਜੁਲਾਈ 1957 ਦੇ ਦਿਨ ਮਹਾਸ਼ਿਆਂ ਨੇ ਇਹ ਸਾਬਿਤ ਵੀ ਕਰ ਦਿੱਤਾ। ਇਸ ਦਿਨ ਮਹਾਸ਼ਿਆਂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਵਿਚ ਸਿਗਰਟਾਂ ਸੁੱਟੀਆਂ। ਇਸ ਦੇ ਖ਼ਿਲਾਫ਼ 18 ਜੁਲਾਈ ਨੂੰ ਪਟਿਆਲੇ ਵਿਚ ਪੂਰੀ ਹੜਤਾਲ ਹੋਈ ਅਤੇ 5000 ਸਿੱਖਾਂ ਨੇ ਇਕ ਪ੍ਰੋਟੈਸਟ ਜਲੂਸ ਕੱਢਿਆ। ਇਸ ਦੇ ਨਾਲ ਹੀ ਸਿੱਖਾਂ ਨੇ ਖਿਝ ਕੇ ਬਿਆਨ ਦੇਣੇ ਸ਼ੁਰੂ ਕੀਤੇ ਕਿ ਜੇ ਪੰਜਾਬੀ ਨਹੀਂ ਪੜ੍ਹੀ ਜਾਵੇਗੀ ਤਾਂ ਹਿੰਦੀ ਵੀ ਲਿੰਕ ਬੋਲੀ ਨਹੀਂ ਮੰਨੀ ਜਾਵੇਗੀ। ਅਕਾਲੀ ਦਲ ਨੇ 23 ਜੁਲਾਈ 1957 ਨੂੰ ਮੀਟਿੰਗ ਬੁਲਾਈ ਅਤੇ ਹਿੰਦੀ ਮੋਰਚੇ ਦੀ ਮੁਖ਼ਾਲਫ਼ਤ ਕੀਤੀ ਤੇ ਪੰਥ ਨੂੰ ਪੁਰਅਮਨ ਰਹਿਣ ਦੀ ਅਪੀਲ ਕੀਤੀ। ਅਕਾਲੀ ਦਲ ਨੇ ਪੰਜਾਬ ਦੀ ਕੈਰੋਂ ਸਰਕਾਰ 'ਤੇ ਜਾਣ ਬੁਝ ਕੇ ਮੋਰਚੇ ਨੂੰ ਸ਼ਹਿ ਦੇਣ ਤੇ ਹਾਲਤ ਨੂੰ ਨਾ ਸੰਭਾਲਣ ਦਾ ਦੋਸ਼ ਲਾਇਆ।

ਕਿਉਂਕਿ ਹਿੰਦੀ ਰਖ਼ਸ਼ਾ ਸੰਮਤੀ ਦੇ ਮੋਰਚੇ ਨੂੰ ਨਹਿਰੂ, ਪੰਜਾਬ ਦੇ ਹਿੰਦੂ ਕਾਂਗਰਸੀਆਂ ਅਤੇ ਕੈਰੋਂ ਦੀ ਪੂਰੀ ਹਿਮਾਇਤ ਹਾਸਿਲ ਸੀ। ਇਸੇ ਕਰ ਕੇ ਕੈਰੋਂ ਸਰਕਾਰ ਇਸ ਦੇ ਖ਼ਿਲਾਫ਼ ਕੁਝ ਵੀ ਨਹੀਂ ਕਰ ਰਹੀ ਸੀ। ਮਹਾਸ਼ਿਆਂ ਨੇ ਇਹ ਮੋਰਚਾ ਅਸਲ ਵਿਚ ਪੰਜਾਬੀ ਜਾਂ ਗੁਰਮੁਖੀ ਨਹੀਂ ਬਲਕਿ ਸਿੱਖੀ ਦੇ ਖ਼ਿਲਾਫ਼ ਸ਼ੁਰੂ ਕੀਤਾ ਸੀ। ਉਨ੍ਹਾਂ ਦੀ ਸਿੱਖਾਂ ਨਾਲ ਨਫ਼ਰਤ ਇਸ ਹੱਦ ਤਕ ਸੀ ਕਿ ਉਹ ਸ਼ਰੇਆਮ ਸਿੱਖਾਂ ਦੇ ਖ਼ਿਲਾਫ਼ ਘਟੀਆ ਬੋਲੀ ਵਰਤਿਆ ਕਰਦੇ ਸਨ। ਉਹ ਤਾਂ ਗੁਰੂ ਸਾਹਿਬ ਦੇ ਖ਼ਿਲਾਫ਼ ਵੀ ਬੇਹਦ ਘਟੀਆ ਬੋਲੀ ਬੋਲਣ ਤੋਂ ਵੀ ਨਹੀਂ ਸ਼ਰਮਾਉਂਦੇ ਸਨ। ਇਕ ਵਾਰ ਤਾਂ ਅੰਮ੍ਰਿਤਸਰ ਦੇ ਬੰਸੀ ਲਾਲ ਨੇ ਸਰੋਵਰ ਵਿਚ ਸਿਗਰਟਾਂ ਵਿਚ ਸੁੱਟੇ ਜਾਣ ਬਾਰੇ ਬੋਲਦਿਆਂ ਏਥੋਂ ਤਕ ਆਖਿਆ ਕਿ 'ਦਰਬਾਰ ਸਾਹਿਬ ਪਵਿੱਤਰ ਕਿਵੇਂ ਹੋ ਸਕਦਾ ਹੈ ਜਿਸ ਦੀ ਨੀਂਹ ਗਊ ਖਾਣ ਵਾਲੇ ਮੁਸਲਮਾਨ ਨੇ ਰੱਖੀ ਹੋਵੇ। ਸਿੱਖਾਂ ਨਾਲ ਸਬੰਧ ਤਾਂ ਹੀ ਕਾਇਮ ਰਹਿ ਸਕਦੇ ਹਨ ਜੇ ਕਰ ਉਹ ਦਾੜ੍ਹੀ ਕੇਸ ਸ਼ੇਵ ਕਰਵਾ ਲੈਣ।' 7 ਜੁਲਾਈ ਨੂੰ ਮੋਹਨ ਲਾਲ ਅੰਬਾਲੇ ਨੇ ਬਿਆਨ ਦਿੱਤਾ, ''ਸਿੱਖ ਗੁਰਦੁਆਰਿਆਂ ਤੋਂ ਬਾਹਰ ਆ ਕੇ ਜਲਸਾ ਕਰਨ।'' ਤੇ ਸੰਤੋਸ਼ ਆਨੰਦ, 'ਨਾਈ ਸੋਚਦੇ ਹਨ ਕਿ ਜੇ ਹਿੰਦੂ ਗੁਰਮੁਖੀ ਪੜ੍ਹਨਗੇ ਤਾਂ ਉਨ੍ਹਾਂ ਦੇ ਪੇਸ਼ੇ ਦਾ ਕੀ ਹੋਵੇਗਾ।' ਦੁਰਗਾ ਦਾਸ ਨੇ ਕਿਹਾ, 'ਜੇ ਸਿੱਖ ਦਖ਼ਲ ਦੇਣਗੇ ਤਾਂ ਅਸੀਂ ਗੁਰਦੁਆਰਿਆਂ ਤੇ ਕਬਜ਼ਾ ਕਰ ਲਵਾਂਗੇ ਤੇ ਸਿੱਖਾਂ ਨੂੰ ਅੰਦਰ ਨਹੀਂ ਵੜਨ ਦਿਆਂਗੇ। ਕਿਤੇ ਵੀ ਕੋਈ ਹਿੰਦੂ ਬੱਚਾ ਗੁਰਮੁਖੀ ਨਹੀਂ ਪੜ੍ਹੇਗਾ।' ਸ਼ਾਮ ਲਾਲ ਤਿਵਾੜੀ ਦੇ ਬੋਲ ਸਨ: 'ਸਿੱਖ ਬਾਰਾਂ ਵਜੇ ਤਕ ਹੋਸ਼ ਵਿਚ ਨਹੀਂ ਆਉਂਦੇ ਅਤੇ ਮਾਸਟਰ ਤਾਰਾ ਸਿੰਘ ਤੇ ਹੁਕਮ ਸਿੰਘ ਸਪੀਕਰ ਦੇ ਹਰ ਵੇਲੇ 12 ਵੱਜੇ ਰਹਿੰਦੇ ਹਨ।' ਅਚਾਰੀਆ ਭਿਕਸ਼ੂ ਨੇ ਕਿਹਾ: 'ਗੁਰੂ ਗੋਬਿੰਦ ਸਿੰਘ ਇਕ ਹਿੰਦੂ ਸੰਨਿਆਸੀ ਦੇ ਪੈਰੀਂ ਪਿਆ ਕਿ ਪੰਜਾਬ ਜਾ ਕੇ ਮੁਸਲਮਾਨਾਂ ਨਾਲ ਲੜੇ।' ਜਾਮ ਨਗਰ ਦੇ ਇਕ ਜਲੂਸ ਵਿਚ 'ਉਡਾ ਐਡਾ ਨਹੀਂ ਪੜ੍ਹਾਂਗੇ, ਜੂੜਾ ਜੂੜੀ ਕੱਟ ਧਰਾਂਗੇ' ਦੇ ਨਾਅਰੇ ਸ਼ਰੇਆਮ ਲਾਏ ਗਏ।

ਇਹੋ ਜਿਹੇ ਘਟੀਆ ਤੇ ਜ਼ਲੀਲ ਬੋਲ ਮਹਾਸ਼ੇ ਬੋਲ ਰਹੇ ਸਨ ਪਰ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਅੱਖਾਂ ਮੀਟ ਕੇ ਬੈਠੀਆਂ ਸਨ। ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ, ਪ੍ਰਤਾਪ ਸਿੰਘ ਕੈਰੋਂ, ਮੁਸਾਫ਼ਰ, ਰਾੜੇਵਾਲਾ, ਮਹਾਰਾਜਾ ਪਟਿਆਲਾ, ਉੱਜਲ ਸਿੰਘ, ਸਵਰਨ ਸਿੰਘ, ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਨਰੈਣ ਸਿੰਘ ਸ਼ਾਹਬਾਜ਼ਪੁਰੀ, ਖੜਕ ਸਿੰਘ

ਅਤੇ ਹੋਰ ਕਾਂਗਰਸੀ ਗੱਦੀਆਂ ਅਤੇ ਗਰਜ਼ਾਂ ਨਾਲ ਚੰਬੜੇ ਬੈਠੇ ਸਨ ਤੇ ਹਾਅ ਦਾ ਨਾਅਰਾ ਤਕ ਨਹੀਂ ਮਾਰ ਸਕਦੇ ਸਨ।
ਇਹ ਵੀ ਇਤਫ਼ਾਕ ਦੀ ਗੱਲ ਹੈ ਕਿ ਹਿੰਦੂਆਂ ਵਲੋਂ ਸਿੱਖਾਂ ਉੱਤੇ ਇਹੋ-ਜਿਹੇ ਹਮਲਿਆਂ ਦੇ ਬਾਵਜੂਦ ਉਦੋਂ ਕੋਈ ਦੂਰਲੀ ਜੱਥਾ ਜਾਂ ਖਾੜਕੂ ਹਿੰਦੂ ਦਹਿਸ਼ਤਗਰਦਾਂ ਤੇ ਫ਼ਿਰਕਾਪ੍ਰਸਤਾਂ ਦੇ ਖ਼ਿਲਾਫ਼ 'ਸ੍ਰੀ ਸਾਹਿਬ' (ਜਾਂ ਏ.ਕੇ. ਸੰਤਾਲੀ) ਲੈ ਕੇ ਨਹੀਂ ਉੱਠਿਆ ਵਰਨਾ ਪੰਜਾਬ ਦਾ ਨਕਸ਼ਾ ਉਦੋਂ ਹੀ ਬਦਲ ਗਿਆ ਹੁੰਦਾ। ਅਕਾਲੀ ਦਲ ਨੇ 11 ਅਗਸਤ 1957 ਨੂੰ ਦਰਬਾਰ ਸਾਹਿਬ ਦੀ ਬੇਅਦਬੀ ਦੇ ਖ਼ਿਲਾਫ਼ ਪ੍ਰੋਟੈਸਟ ਕਰਨ ਲਈ 12 ਦਿਨ ਲਗਾਤਾਰ ਰੋਸ ਮਨਾਉਣ ਦੀ ਅਪੀਲ ਕੀਤੀ ਅਤੇ 22 ਅਗਸਤ 1957 ਦੇ ਦਿਨ ਪੰਜਾਬ ਭਰ ਵਿਚ ਹੜਤਾਲ ਕੀਤੀ ਗਈ।

1960: ਪੰਜਾਬੀ ਸੂਬਾ ਮੋਰਚਾ ਦੌਰਾਨ ਕਰਨਲ ਜ਼ੋਰਾਵਰ ਸਿੰਘ ਦੱਤ ਦੀ ਮੌਤ ਹੋਈ

1960 ਵਿਚ ਪੰਜਾਬੀ ਸੂਬਾ ਮੋਰਚਾ ਦੌਰਾਨ ਹਜ਼ਾਰਾਂ ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ; ਇਨ੍ਹਾਂ ਵਿਚ ਲੁਧਿਆਣਾ ਦੇ ਇਕ ਰਿਟਾਇਰਡ ਫ਼ੌਜੀ ਕਰਨਲ ਜ਼ੋਰਾਵਰ ਸਿੰਘ ਦੱਤ ਵੀ ਸਨ ਜੋ ਭਾਈ ਮਤੀ ਦਾਸ ਦੇ ਭਾਈਚਾਰੇ ਵਿਚੋਂ ਸਨ; ਜਦ ਉਨ੍ਹਾਂ ਨੂੰ ਜੇਲ੍ਹ ਲਿਜਾਇਆ ਜਾ ਰਿਹਾ ਸੀ ਤਾਂ ਰਾਹ ਵਿਚ ਹੀ ਦਿਲ ਦੇ ਦੌਰੇ ਨਾਲ ਉਨ੍ਹਾਂ ਦੀ ਮੌਤ ਹੋ ਗਈ; ਅਕਾਲੀ ਦਲ ਨੇ ਉਨ੍ਹਾਂ ਨੂੰ ਸ਼ਹੀਦ ਦਾ ਦਰਜਾ ਦਿੱਤਾ ਤੇ ਉਨ੍ਹਾਂ ਦੀ ਤਸਵੀਰ ਅਜਾਇਬ ਘਰ ਵਿਚ ਲਾਈ।

1986: ਕਲਾਕਾਰ ਸੋਭਾ ਸਿੰਘ ਦੀ ਮੌਤ ਹੋਈ

ਮਸ਼ਹੂਰ ਆਰਟਿਸਟ ਸ. ਸੋਭਾ ਸਿੰਘ ਦੀ 22 ਅਗਸਤ 1986 ਦੇ ਦਿਨ ਅੰਧਰੇਟਾ (ਹਿਮਾਚਲ) ਵਿਚ ਚੜ੍ਹਾਈ ਕਰ ਗਏ।

1987: ਅਮਰਜੀਤ ਸਿੰਘ ਚੱਪੀ ਤੇ ਰਣਜੀਤ ਸਿੰਘ ਰਾਣਾ ਕਲਸੀਆ ਕਲਾਂ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

22 ਅਗਸਤ 1987 ਦੇ ਦਿਨ ਪੰਜਾਬ ਪੁਲਸ ਨੇ ਅਮਰਜੀਤ ਸਿੰਘ (ਵਾਸੀ ਚੱਪੀ, ਤਰਨਤਾਰਨ) ਤੇ ਰਣਜੀਤ ਸਿੰਘ ਉਰਫ਼ ਰਾਣਾ (ਵਾਸੀ ਕਲਸੀਆ ਕਲਾਂ, ਅੰਮ੍ਰਿਤਸਰ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਅਮਰਜੀਤ ਕੌਰ ਮੇਹ ਨਾਨਕਸਰ ਨੂੰ ਪੁਲਸ ਨੇ ਸ਼ਹੀਦ ਕੀਤਾ

22 ਅਗਸਤ 1990 ਦੇ ਦਿਨ ਪੰਜਾਬ ਪੁਲਸ ਨੇ ਬੀਬੀ ਅਮਰਜੀਤ ਕੌਰ (ਪਤਨੀ ਸਰਦੂਲ ਸਿੰਘ, ਵਾਸੀ ਮੇਹ ਨਾਨਕਸਰ, ਤਾਰਤਾਰਨ) ਨੂੰ ਸ਼ਹੀਦ ਕਰ ਦਿੱਤਾ।

1991: ਹਰਜਿੰਦਰਪਾਲ ਸਿੰਘ ਪਟਿਆਲਾ, ਜਸਵੰਤ ਸਿੰਘ ਆਹਲੂਵਾਲੀਆ ਤੇ ਪਰਮਜੀਤ ਸਿੰਘ ਪੱਪੂ ਖੁਜਾਲਾ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

ਬਾਈ ਅਗਸਤ 1991 ਦੇ ਦਿਨ ਪੰਜਾਬ ਪੁਲਸ ਹਰਜਿੰਦਰਪਾਲ ਸਿੰਘ ਉਰਫ਼ ਮਿੱਠੂ ਉਰਫ਼ ਬਬੋਟੀ (ਵਾਸੀ ਪਟਿਆਲਾ), ਜਸਵੰਤ ਸਿੰਘ ਆਹਲੂਵਾਲੀਆ ਤੇ ਪਰਮਜੀਤ ਸਿੰਘ ਪੱਪੂ (ਦੋਵੇਂ ਵਾਸੀ ਖੁਜਾਲਾ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਜਗਤਾਰ ਸਿੰਘ ਕੁੱਕੜ ਕਾਉਂਕੇ, ਬਲਦੇਵ ਸਿੰਘ ਬਿੱਲੂ ਘੁਮਾਣ ਕਲਾਂ, ਰਾਜ ਸਿੰਘ ਰਾਜੀ ਤੇ 24 ਹੋਰ ਸਿੱਖ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਬਾਈ ਅਗਸਤ 1992 ਦੇ ਦਿਨ ਪੰਜਾਬ ਪੁਲਸ ਨੇ ਜਗਤਾਰ ਸਿੰਘ ਕੁੱਕੜ ਵਾਸੀ ਕਾਉਂਕੇ ਖੁਰਦ, ਬਲਦੇਵ ਸਿੰਘ ਬਿੱਲੂ ਘੁਮਾਣ ਕਲਾਂ, ਰਾਜ ਸਿੰਘ ਰਾਜੀ ਅਤੇ ਚੌਵੀ ਹੋਰ ਸਿੱਖਾਂ ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

2014: ਬਾਦਲ ਨੇ ਬਦਲਾ ਲਊ ਸੋਚ ਹੇਠ ਬਲਜੀਤ ਸਿੰਘ ਦਾਦੂਵਾਲ ਨੂੰ ਪੁਰਾਣੇ ਕੇਸਾਂ ਵਿਚ ਗ੍ਰਿਫ਼ਤਾਰ ਕੀਤਾ

ਜਦੋਂ ਹਰਿਆਣਾ ਸਰਕਾਰ ਨੇ ਸੂਬੇ ਦੇ ਗੁਰਦੁਆਰਿਆਂ ਵਾਸਤੇ ਕਮੇਟੀ ਬਣਾਈ ਤਾਂ ਬਲਜੀਤ ਸਿੰਘ ਦਾਦੂਵਾਲ ਨੂੰ, ਅੰਬਾਲੇ ਦਾ ਸਿਰਨਾਵਾਂ ਦੇ ਕੇ, ਇਸ ਵਿਚ ਮੈਂਬਰ ਪਾ ਲਿਆ ਗਿਆ। ਪਰਕਾਸ਼ ਸਿੰਘ ਬਾਦਲ ਨੇ ਸੈਂਟਰ ਵਿਚ ਭਾਜਪਾ ਦੀ ਸਰਕਾਰ ਰਾਹੀਂ ਬਹੁਤ ਹੱਥ ਪੈਰ ਮਾਰੇ ਪਰ ਪ੍ਰਾਈਮ ਮਨਿਸਟਰ ਨਰੇਂਦਰ ਮੋਦੀ ਅਤੇ ਹੋਮ ਮਨਿਸਟਰ ਰਾਜਨਾਥ ਨੇ ਬਾਦਲ ਨੂੰ ਸਪਸ਼ਟ ਕਰ ਦਿੱਤਾ ਕਿ ਉਹ ਕਾਨੂੰਨੀ ਤੌਰ 'ਤੇ ਕੁਝ ਨਹੀਂ ਕਰ ਸਕਦੇ। ਇਸ ਮਗਰੋਂ ਬਾਦਲ ਨੇ ਹੋਰ ਵੀ ਹੱਥ ਪੈਰ ਮਾਰੇ ਪਰ ਅਖ਼ੀਰ ਨਿਰਾਸ ਹੋ ਕੇ ਚੁਪ ਕਰ ਗਿਆ। ਇਸ ਮਗਰੋਂ ਬਾਦਲ ਹੋਛੇ ਹਥਿਆਰਾਂ 'ਤੇ ਉਤਰ ਆਇਆ। ਉਸ ਨੇ ਬਲਜੀਤ ਸਿੰਘ ਦਾਦੂਵਾਲ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ। ਉਸ '15 ਮਾਰਚ 2009 ਦੇ ਦਿਨ ਬਾਜਾਖਾਨਾ (ਫ਼ਰੀਦਕੋਟ) ਵਿਚ ਸਰਸਾ ਸਾਧ ਦੇ ਚੇਲਿਆਂ ਅਤੇ ਸਿੱਖਾਂ ਵਿਚ ਹੋਏ ਇਕ ਝਗੜੇ ਸਬੰਧੀ, ਕਤਲ ਕਰਨ ਦੀ ਕੋਸ਼ਿਸ਼ ਦੀ ਧਾਰਾ (307) ਹੇਠ ਦਰਜ ਕੀਤਾ ਪੁਰਾਣਾ ਕੇਸ ਖੋਲ੍ਹ ਕੇ ਉਸ ਨੂੰ 22 ਅਗਸਤ 2014 ਦੀ ਅੱਧੀ ਰਾਤ ਨੂੰ, ਉਸ ਦੇ ਡੇਰੇ ਗੁਰਦੁਆਰੇ ਜੰਡਾਲੀਸਰ (ਕੋਟਸ਼ਮੀਰ ਪਿੰਡ) ਵਿਚੋਂ, ਉਸ ਦੇ ਦੋ ਸਾਥੀਆਂ ਹਰਜਿੰਦਰ ਸਿੰਘ ਅਤੇ ਰਣਧੀਰ ਸਿੰਘ ਨਾਲ ਗ੍ਰਿਫ਼ਤਾਰ ਕਰ ਲਿਆ ਅਤ ਉਸ ਦਾ ਇਕ ਦਿਨ ਵਾਸਤੇ ਪੁਲਸ ਰੀਮਾਂਡ ਲੈ ਲਿਆ ਗਿਆ ਜੋ ਮਗਰੋਂ ਇਕ ਦਿਨ ਹੋਰ ਵਧਾ ਦਿੱਤਾ ਗਿਆ। ਇਸ ਦੇ ਨਾਲ ਹੀ ਉਸ ਦੇ ਗੁਰਦੁਆਰੇ 'ਤੇ ਕਬਜ਼ਾ ਵੀ ਕਰ ਲਿਆ ਗਿਆ। 24 ਤਾਰੀਖ਼ ਨੂੰ ਉਸ ਦੇ ਸਾਥੀਆਂ ਸਣੇ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਸ ਮੌਕੇ 'ਤੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਹੁਤ ਸਾਰੇ ਮੈਂਬਰ ਉਸ ਦੀ ਹਿਮਾਇਤ ਦਾ ਇਜ਼ਹਾਰ ਕਰਨ ਵਾਸਤੇ ਪੁੱਜੇ ਹੋਏ ਸਨ। ਇਸ ਮਗਰੋਂ 2 ਜਨਵਰੀ 2011 ਦੇ ਭੀਖੀ ਥਾਣੇ ਵਿਚ ਰਜਿਸਟਰ ਹੋਏ ਕਤਲ ਕਰਨ ਦੀ ਕੋਸ਼ਿਸ਼ ਸਬੰਧੀ ਕੇਸ ਵਿਚ ਉਸ ਦਾ ਇਕ ਦਿਨਾ ਪੁਲਸ ਰੀਮਾਂਡ ਲੈ ਲਿਆ। 28 ਅਗਸਤ 2014 ਦੇ ਦਿਨ ਕੁਝ ਸਿੱਖ ਜਥੇਬੰਦੀਆਂ ਨੇ ਇਸ ਧੱਕੇਸ਼ਾਹੀ ਦੇ ਖ਼ਿਲਾਫ਼ ਗਵਰਨਰ ਨੂੰ ਮੈਮੋਰੰਡਮ ਵੀ ਦਿੱਤਾ। ਪੁਲਸ ਨੇ ਬਲਜੀਤ ਸਿੰਘ ਦਾਦੂਵਾਲ ਨਾਲ ਸਬੰਧਤ ਇਕ ਗੱਡੀ ਵਿਚੋਂ ਇਕ ਏ.ਕੇ. 47 ਰਾਈਫ਼ਲ ਦੇ ਕਾਰਤੂਸ ਮਿਲ ਦਾ ਵੀ ਦਾਅਵਾ ਕੀਤਾ ਤੇ ਇਹ ਵੀ ਕਿਹਾ ਕਿ ਦਾਦੂਵਾਲ ਨੇ ਪਿਛਲੇ ਦੋ ਸਾਲਾਂ ਵਿਚ ਤਿੰਨ ਬੈਂਕਾਂ ਵਿਚ 4 ਕਰੋੜ 13 ਲੱਖ ਰੁਪੈ ਦਾ ਲੈਣ-ਦੇਣ ਕੀਤਾ ਹੈ।

ਬਲਜੀਤ ਸਿੰਘ ਦਾਦੂਵਾਲ, ਜੋ ਥੋੜ੍ਹਾ ਚਿਰ ਪਹਿਲਾਂ ਹੀ ਸਾਧ ਬਣਿਆ ਸੀ ਅਤੇ ਉਸ ਨੂੰ ਕਦੇ ਸਰਕਾਰੀ ਧੱਕੇਸ਼ਾਹੀ ਦਾ ਸੇਕ ਨਹੀਂ ਸੀ ਲੱਗਾ; ਕੁਝ ਚਿਰ ਪਹਿਲਾਂ ਹੀ ਉਸ ਦਾ ਵਿਆਹ ਹੋਇਆ ਸੀ। ਕੁਝ ਦਿਨ ਵਿਚ ਹੀ ਉਹ ਜੇਲ੍ਹ ਵਿਚ ਬੀਮਾਰ ਪੈ ਗਿਆ। ਇਹ ਵੇਖ ਕੇ ਬਾਦਲ ਨੇ ਸੋਚਿਆ ਕਿ ਉਸ ਦੇ ਗੋਡੇ ਲੁਆਏ ਜਾ ਸਕਦੇ ਹਨ। 30 ਅਗਸਤ 2014 ਦੇ ਦਿਨ ਪੰਜਾਬ ਪੁਲਸ ਨੇ ਉਸ ਦਾ ਇਕ ਬਿਆਨ ਰਲੀਜ਼ ਕੀਤਾ ਕਿ ਉਸ ਨੇ ਹਰਿਆਣਾ ਦੀ ਗੁਰਦੁਆਰਾ ਕਮੇਟੀ ਦੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ ਅਤੇ ਕਿਹਾ ਹੈ ਕਿ ਕਾਂਗਰਸ

ਨੇ ਹਰਿਆਣਾ ਦੇ ਗੁਰਦੁਆਰਿਆਂ ਦੇ ਮਸਲੇ ਦਾ ਸਿਆਸੀਕਰਣ ਕੀਤਾ ਹੈ। ਪਰ, ਇਹ ਬਿਆਨ ਪੁਲਸ ਵੱਲੋਂ ਫੈਲਾਈ ਝੂਠੀ ਅਫ਼ਵਾਹ ਸੀ।

48 ਦਿਨ ਜੇਲ੍ਹ ਵਿਚ ਰਹਿਣ ਮਗਰੋਂ ਹਾਈ ਕੋਰਟ ਨੇ ਉਸ ਨੂੰ ਜ਼ਮਾਨਤ 'ਤੇ ਰਿਹਾ ਕਰਨ ਦਾ ਹੁਕਮ ਜਾਰੀ ਕੀਤਾ। ਪਰ 9 ਅਕਤੂਬਰ ਦੇ ਦਿਨ ਫ਼ਰੀਦਕੋਟ ਜੇਲ੍ਹ ਵਿਚੋਂ ਬਾਹਰ ਆਉਂਦਿਆਂ ਉਸ ਨੂੰ ਮੁੜ ਗ੍ਰਿਫ਼ਤਾਰ ਕਰ ਲਿਆ। ਜਦ ਇਸ ਨਵੀਂ ਗ੍ਰਿਫ਼ਤਾਰੀ ਸਬੰਧੀ ਹਾਈ ਕੋਰਟ ਵਿਚ ਰਿਟ ਦਾਇਰ ਕੀਤੀ ਤਾਂ ਪੰਜਾਬ ਪੁਲਸ ਨੇ 15 ਅਕਤੂਬਰ ਦੇ ਦਿਨ ਉਸ ਨੂੰ ਤੇ ਉਸ ਦੇ ਦੋਹਾਂ ਸਾਥੀਆਂ ਰਣਧੀਰ ਸਿੰਘ ਤੇ ਜਸਵਿੰਦਰ ਸਿੰਘ ਨੂੰ ਰਿਹਾ ਕਰ ਦਿੱਤਾ, ਪਰ ਉਹ ਵੀ ਜ਼ਮਾਨਤ 'ਤੇ। ਪਰ ਬਾਦਲ ਦੇ ਬੰਦਿਆਂ ਨੇ ਉਸ ਦੇ ਡੇਰੇ ਗੁਰਦੁਆਰਾ ਜੰਡਾਲੀਸਰ (ਡੇਰਾ), ਨੇੜੇ ਕੋਟ ਸ਼ਮੀਰ ਪਿੰਡ, ਦਾ ਕਬਜ਼ਾ ਵਾਪਿਸ ਨਹੀਂ ਦਿੱਤਾ।

23 ਅਗਸਤ

1921: ਗੁਰੂ ਦਾ ਬਾਗ਼ 'ਤੇ ਸ਼੍ਰੋਮਣੀ ਕਮੇਟੀ ਦਾ ਕਬਜ਼ਾ ਹੋ ਗਿਆ

ਅੰਮ੍ਰਿਤਸਰ ਤੋਂ ਤਕਰੀਬਨ 23 ਕਿਲੋਮੀਟਰ ਦੂਰ (ਰਾਜਾਸਾਂਸੀ ਤੋਂ ਅੱਗੇ) ਪਿੰਡ ਘੁੱਕੇਵਾਲੀ ਵਿਚ ਗੁਰਦੁਆਰਾ ਗੁਰੂ-ਦਾ-ਬਾਗ ਹੈ। ਇਹ ਗੁਰਦੁਆਰਾ ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿਚ ਬਣਿਆ ਹੋਇਆ ਹੈ। ਸਿੱਖ ਸਰਦਾਰਾਂ ਨੇ ਇਸ ਗੁਰਦੁਆਰੇ ਨਾਲ ਵੀ ਕਾਫ਼ੀ ਜ਼ਮੀਨ ਲਾਈ ਸੀ ਜੋ ਮਗਰੋਂ ਅੰਗਰੇਜ਼ਾਂ ਨੇ ਹੜੱਪ ਲਈ ਸੀ। ਇੱਥੋਂ ਦਾ ਮਹੰਤ ਸੁੰਦਰ ਦਾਸ ਸੀ। ਲੋਕਾਂ ਨੂੰ ਉਸ ਦੇ ਇਖ਼ਲਾਕ ਬਾਰੇ ਬਹੁਤ ਸ਼ਿਕਾਇਤਾਂ ਸਨ। 31 ਜਨਵਰੀ 1921 ਦੇ ਦਿਨ ਦਾਨ ਸਿੰਘ ਵਛੋਆ ਦੀ ਅਗਵਾਈ ਵਿਚ ਕੁਝ ਸਿੱਖ ਉਸ ਕੋਲ ਗਏ ਅਤੇ ਉਸ ਨੂੰ ਆਪਣਾ ਸੁਧਾਰ ਕਰਨ ਵਾਸਤੇ ਆਖਿਆ। ਮਹੰਤ ਨੇ ਆਪਣੇ ਕੋਲ 50-60 ਬੰਦੇ ਇਕੱਠੇ ਕੀਤੇ ਹੋਏ ਸਨ। ਜਦੋਂ ਮਹੰਤ ਨੇ ਵੇਖਿਆ ਕਿ ਸਿੱਖ ਉਸ ਨੂੰ ਕੱਢਣਾ ਨਹੀਂ ਚਾਹੁੰਦੇ ਤਾਂ ਉਸ ਨੇ ਸਿੱਖਾਂ ਨਾਲ ਸਮਝੌਤਾ ਕਰ ਲਿਆ ਅਤੇ ਲਿਖਤੀ ਦਸਤਾਵੇਜ਼ 'ਤੇ ਦਸਤਖ਼ਤ ਵੀ ਕਰ ਦਿੱਤੇ। ਸਮਝੌਤੇ ਮੁਤਾਬਿਕ ਉਸ ਨੇ ਆਪਣੀ ਰਖੈਲ ਨਾਲ ਵਿਆਹ ਕਰਨਾ ਮੰਨ ਲਿਆ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਨਾਮਜ਼ਦ ਕੀਤੀ ਕਮੇਟੀ ਦੀਆਂ ਹਦਾਇਤਾਂ ਮੁਤਾਬਿਕ ਮਰਿਆਦਾ ਨਿਭਾਉਣ ਦਾ ਵਾਅਦਾ ਕੀਤਾ। ਗੁਰਦੁਆਰੇ ਦੇ ਇੰਤਜ਼ਾਮ ਵਾਸਤੇ ਇਕ 5 ਮੈਂਬਰੀ ਕਮੇਟੀ ਚੁਣੀ ਗਈ। 8 ਫ਼ਰਵਰੀ ਨੂੰ ਮਹੰਤ ਨੇ ਅੰਮ੍ਰਿਤ ਵੀ ਛਕ ਲਿਆ। ਉਸ ਦਾ ਨਵਾਂ ਨਾਂ ਜੋਗਿੰਦਰ ਸਿੰਘ ਤੇ ਉਸ ਦੀ ਰਖੈਲ ਈਸ਼ਰੀ ਦਾ ਨਾਂ ਗਿਆਨ ਕੌਰ ਰੱਖਿਆ ਗਿਆ। ਦੋਹਾਂ ਨੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਵਿਆਹ ਕਰਵਾ ਲਿਆ।

ਤਕਰੀਬਨ 2 ਮਹੀਨੇ ਤਕ ਗੁਰੂ-ਦਾ-ਬਾਗ ਗੁਰਦੁਆਰੇ ਦਾ ਇੰਤਜ਼ਾਮ ਠੀਕ-ਠਾਕ ਚਲਦਾ ਰਿਹਾ ਪਰ ਜਦੋਂ ਸਰਕਾਰ ਨੇ ਅਕਾਲੀਆਂ 'ਤੇ ਸਖ਼ਤੀ ਦਾ ਦੌਰ ਚਲਾਉਣਾ ਸ਼ੁਰੂ ਕੀਤਾ ਅਤੇ ਬਹੁਤ ਸਾਰੇ ਆਗੂਆਂ ਨੂੰ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਦੇ ਨਾਂ 'ਤੇ ਗ੍ਰਿਫ਼ਤਾਰ ਕਰ ਲਿਆ ਤਾਂ ਅਪ੍ਰੈਲ 1921 ਵਿਚ ਇਹ ਮਹੰਤ ਵੀ ਵਿੰਟਰ ਗਿਆ। ਇਸ ਮਗਰੋਂ ਦੋ ਤਿੰਨ ਮਹੀਨੇ ਸਿੱਖ ਮਹੰਤ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਰਹੇ ਪਰ ਜਦੋਂ ਮਹੰਤ ਨਾ ਟਲਿਆ ਤਾਂ 23 ਅਗਸਤ 1921 ਦੇ ਦਿਨ ਸਿੱਖ ਸੰਗਤਾਂ ਨੇ ਗੁਰਦੁਆਰੇ ਉੱਤੇ ਕਬਜ਼ਾ ਕਰ ਲਿਆ। ਮਹੰਤ ਨੇ ਸਰਕਾਰੇ ਦਰਬਾਰੇ ਪਹੁੰਚ ਕੀਤੀ ਪਰ ਜਦੋਂ ਐਸ.ਪੀ. ਮੈਕਫ਼ਰਸਨ ਮੌਕਾ ਵੇਖਣ ਪੁੱਜਾ ਤਾਂ ਉਸ ਨੇ ਗੁਰਦੁਆਰੇ 'ਤੇ ਅਕਾਲੀਆਂ ਦੇ ਕਬਜ਼ੇ ਦੀ ਤਸਦੀਕ ਕੀਤੀ ਅਤੇ ਅਕਾਲੀਆਂ ਦੀ ਹਿਫ਼ਾਜ਼ਤ ਵਾਸਤੇ ਪੁਲੀਸ ਵੀ ਤਾਇਨਾਤ ਕਰ ਦਿੱਤੀ। ਕੁਝ ਦਿਨਾਂ ਬਾਅਦ ਅਕਾਲੀਆਂ ਦੇ ਆਖਣ 'ਤੇ ਪੁਲੀਸ ਨੂੰ ਵਾਪਸ ਬੁਲਾ ਲਿਆ ਗਿਆ।

ਪਰ ਅਗਲੇ ਸਾਲ ਅਗਸਤ ਵਿਚ ਸਰਕਾਰ ਦੀ ਚੁੱਕ ਵਿਚ ਆ ਕੇ ਮਹੰਤ ਨੇ ਫਿਰ ਝਗੜਾ ਖੜਾ ਕਰ ਲਿਆ ਜਿਸ ਨਾਲ 'ਗੁਰੂ-ਦਾ-ਬਾਗ਼' ਮੋਰਚਾ ਲੱਗਾ। ਗੁਰਦੁਆਰਾ ਗੁਰੂ ਦਾ ਬਾਗ਼ ਦੇ ਲੰਗਰ ਵਾਸਤੇ ਬਾਲਣ ਦੀ ਲੱਕੜ ਗੁਰਦੁਆਰੇ ਦੀ ਜ਼ਮੀਨ ਵਿਚ ਖੜੇ ਕਿੱਕਰ ਦੇ ਦਰਖ਼ਤਾਂ ਤੋਂ ਲਿਆਂਦੀ ਜਾਂਦੀ ਸੀ। 8 ਅਗਸਤ 1922 ਦੇ ਦਿਨ ਪੰਜ ਅਕਾਲੀ ਲੰਗਰ ਵਾਸਤੇ ਇਕ ਸੁੱਕੇ ਕਿੱਕਰ ਦੀ ਲੱਕੜ ਕੱਟ ਕੇ ਲਿਆਏ। ਉਨ੍ਹਾਂ ਨੂੰ 9 ਅਗਸਤ ਦੇ ਦਿਨ ਡੈਨਟ (ਡੀ. ਸੀ.) ਦੇ ਹੁਕਮ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਹੋਰ ਤਾਂ ਹੋਰ ਇਸ ਸਬੰਧ ਵਿਚ ਸਾਬਕ ਮਹੰਤ ਸੁੰਦਰ ਦਾਸ ਨੇ ਲਿਖਤੀ ਤੌਰ 'ਤੇ ਕੋਈ ਸ਼ਿਕਾਇਤ ਵੀ ਨਹੀਂ ਕੀਤੀ ਸੀ ਤੇ ਸਿੱਖ ਚੋਖੇ ਚਿਰ ਤੋਂ ਲੰਗਰ ਵਾਸਤੇ ਲੱਕੜ ਇੱਥੋਂ ਲਿਜਾਂਦੇ ਰਹੇ ਸਨ। 10 ਅਗਸਤ ਨੂੰ ਪੁਲੀਸ ਅਫ਼ਸਰ ਮਿਸਟਰ ਬੀਟੀ (Beaty) ਗੁਰੂ ਦਾ ਬਾਗ਼ ਪਹੁੰਚਿਆ ਅਤੇ ਮਹੰਤ ਕੋਲੋਂ ਲਿਖਤੀ ਸ਼ਿਕਾਇਤ ਲੈ ਲਈ। ਇਸੇ ਦਿਨ 8 ਅਗਸਤ ਨੂੰ ਗ੍ਰਿਫ਼ਤਾਰ ਕੀਤੇ ਸਿੱਖਾਂ ਨੂੰ ਕਾਹਲੀ ਵਿਚ ਛੇ ਮਹੀਨੇ ਦੀ ਕੈਦ ਤੇ 50 ਰੁਪਏ ਜੁਰਮਾਨਾ ਕਰ ਦਿੱਤਾ ਗਿਆ। ਇਸ ਮਗਰੋਂ ਵੀ ਸਿੱਖ ਲੱਕੜ ਕੱਟਦੇ ਰਹੇ ਸਨ ਪਰ 22 ਅਗਸਤ 1922 ਦੇ ਦਿਨ ਸਰਕਾਰ ਨੇ ਲੱਕੜ ਕੱਟਣ ਵਾਲੇ ਸਿੱਖਾਂ ਨੂੰ ਫੇਰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। 24 ਅਗਸਤ ਤਕ 180 ਗ੍ਰਿਫ਼ਤਾਰੀਆਂ ਹੋ ਚੁੱਕੀਆਂ ਸਨ। 25 ਅਗਸਤ ਨੂੰ 30 ਹੋਰ ਸਿੱਖ ਗ੍ਰਿਫ਼ਤਾਰ ਕੀਤੇ ਗਏ। 25 ਅਗਸਤ ਨੂੰ ਜਦੋਂ 136 ਸਿੱਖਾਂ ਦਾ ਜਥਾ ਗੁਰੂ ਕਾ ਬਾਗ ਗਿਆ ਤਾਂ ਪੁਲੀਸ ਨੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ ਕੁੱਟਣਾ ਸ਼ੁਰੂ ਕਰ ਦਿੱਤਾ। ਤਕਰੀਬਨ 100 ਸਿੱਖਾਂ ਨੂੰ ਪੁਲੀਸ ਨੇ ਵਹਿਸ਼ੀਆਣਾ ਤਰੀਕੇ ਨਾਲ ਡਾਂਗਾ ਮਾਰ-ਮਾਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ।

31 ਅਗਸਤ ਤੋਂ ਰੋਜ਼ਾਨਾ ਇਕ ਸੌ ਸਿੱਖਾਂ ਦਾ ਜਥਾ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਦਾ ਬਾਗ਼ ਜਾਣ ਲੱਗ ਪਿਆ। ਇਸ ਜਥੇ ਦੇ ਨਾਲ ਇਕ ਐਂਬੂਲੈਂਸ ਵੀ ਹੋਇਆ ਕਰਦੀ ਸੀ। ਇਸ ਜਥੇ ਨੂੰ ਰਾਹ ਵਿਚ ਰਾਜਾਸਾਂਸੀ, ਛੀਨਾ ਤੇ ਗੁਮਟਾਲਾ ਪੁੱਲ 'ਤੇ ਰੋਕ ਲਿਆ ਜਾਂਦਾ ਅਤੇ ਲਾਠੀਆਂ ਮਾਰ-ਮਾਰ ਕੇ ਹਰ ਇਕ ਨੂੰ ਬੇਹੋਸ਼ ਕਰ ਦਿੱਤਾ ਜਾਂਦਾ। ਜਦੋਂ ਸਾਰੇ ਸਿੱਖ ਬੇਹੋਸ਼ ਹੋ ਜਾਂਦੇ ਤਾਂ ਪੁਲੀਸ ਉਨ੍ਹਾਂ ਨੂੰ ਵਾਲਾਂ ਤੋਂ ਫੜ੍ਹ ਕੇ, ਧੂਹ ਕੇ, ਚਿਕੜ ਵਾਲੇ ਟੋਇਆਂ ਵਿਚ ਸੁੱਟ ਦਿਆ ਕਰਦੀ ਸੀ। ਇਸ ਮਗਰੋਂ ਮੈਡੀਕਲ ਟੀਮ ਆਪਣੀ ਕਾਰਵਾਈ ਸ਼ੁਰੂ ਕਰਿਆ ਕਰਦੀ ਸੀ। ਇਨ੍ਹਾਂ ਸਾਰੇ ਜ਼ਖ਼ਮੀਆਂ ਨੂੰ ਅੰਮ੍ਰਿਤਸਰ ਲਿਜਾਇਆ ਜਾਂਦਾ ਸੀ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਹਸਪਤਾਲਾਂ 'ਚ ਦਾਖ਼ਿਲ ਕੀਤਾ ਜਾਂਦਾ ਸੀ। ਜ਼ਖ਼ਮੀਆਂ ਦੇ ਇਲਾਜ 'ਤੇ ਸ਼੍ਰੋਮਣੀ ਕਮੇਟੀ ਦਾ ਰੋਜ਼ਾਨਾ ਖ਼ਰਚ 2000 ਰੁਪਏ ਤੋਂ ਵਧੇਰੇ ਸੀ। ਇਸ ਸਾਰੀ ਕਾਰਵਾਈ ਨੂੰ ਬਹੁਤ ਸਾਰੇ ਲੋਕ ਵੇਖਣ ਆਉਂਦੇ ਸਨ ਅਤੇ ਇਕ ਅਮਰੀਕਨ ਪਾਰਟੀ ਨੇ ਤਾਂ ਇਸ ਮਾਰਕੁਟਾਈ ਦੀ ਫ਼ਿਲਮ ਵੀ ਤਿਆਰ ਕੀਤੀ ਸੀ। ਕੈਪਟਨ ਏ.ਐਲ.ਵਰਗੀਸ ਦੀ ਇਸ ਫ਼ਿਲਮ ਦਾ ਨਾਂ ਸੀ "ਐਕਸਕਲੂਸਿਵ ਪਿਕਚਰ ਆਫ਼ ਇੰਡੀਆਜ਼ ਮਾਰਟਿਅਰਡੰਮ।" ਮਗਰੋਂ ਬਰਤਾਨਵੀ ਸਰਕਾਰ ਨੇ ਕੋਸ਼ਿਸ਼ ਕੀਤੀ ਕਿ ਇਹ ਫ਼ਿਲਮ ਛਾਇਆ ਨਾ ਕੀਤੀ ਜਾਵੇ ਪਰ ਵਰਗੀਜ਼ ਨਾ ਮੰਨਿਆ।12 ਸਤੰਬਰ ਨੂੰ ਇਕ ਮਸ਼ਹੂਰ ਈਸਾਈ ਪਾਦਰੀ ਸੀ.ਐਫ਼. ਐਂਡਰਿਊਜ਼ (ਜੋ ਐਂਗਲੀਕਨ ਚਰਚ ਦਾ ਪ੍ਰਚਾਰਕ ਸੀ ਤੇ 1904 ਤੋਂ ਕਲਕੱਤਾ ਵਿਚ ਰਹਿ ਰਿਹਾ ਸੀ) ਅੰਮ੍ਰਿਤਸਰ ਆਇਆ। ਉਸ ਨੇ ਅੰਮ੍ਰਿਤਸਰ ਦੇ ਹਸਪਤਾਲਾਂ ਵਿਚ ਗੁਰੂ ਦਾ ਬਾਗ਼ ਮੋਰਚੇ ਦੇ ਫੱਟੜਾਂ ਦੀ ਹਾਲਤ ਵੇਖੀ। ਸ਼ਾਮ ਵੇਲੇ ਉਹ ਗੁਰੂ ਦਾ ਬਾਗ਼ ਵਿਚ ਪੁੱਜਿਆ। ਉਸ ਨੇ ਉੱਥੇ ਗੁਰਦੁਆਰੇ ਦੇ ਦਰਸ਼ਨ ਕੀਤੇ। ਉਸ ਨੇ ਸਿੱਖਾਂ 'ਤੇ ਪੁਲੀਸ ਦਾ ਜ਼ੁਲਮ ਆਪਣੀਆਂ ਅੱਖਾਂ ਨਾਲ ਵੇਖਿਆ। ਉਸ ਨੇ ਇਸ ਮਾਰ-

ਕੁਟਾਈ ਨੂੰ "ਹੈਵਾਨੀਅਤ ਭਰੀ, ਜਾਂਗਲੀ, ਘਿਣਾਉਣੀ, ਬੁਜ਼ਦਿਲਾਣਾ, ਇਕ ਅੰਗਰੇਜ਼ ਵਾਸਤੇ ਨਾ-ਮੰਨਣਯੋਗ ਕਾਰਵਾਈ ਅਤੇ ਇੰਗਲੈਂਡ ਦੀ ਰੂਹਾਨੀ ਹਾਰ" ਕਿਹਾ; ਉਸ ਨੇ ਕਿਹਾ ਕਿ "ਮੈਨੂੰ ਜਾਪਦਾ ਸੀ ਕਿ ਗੁਰੂ ਦਾ ਬਾਗ਼ ਵਿਚ ਹਜ਼ਾਰਾਂ ਈਸਾ ਮਸੀਹ ਸੂਲੀ 'ਤੇ ਚੜ੍ਹਾਏ ਜਾ ਰਹੇ ਹਨ।"ਉਹ ਅਗਲੇ ਦਿਨ 13 ਸਤੰਬਰ ਨੂੰ ਪੰਜਾਬ ਦਾ ਗਵਰਨਰ ਅੰਮ੍ਰਿਤਸਰ ਆਇਆ। ਐਂਡਰਿਊਜ਼ ਨੇ ਗਵਰਨਰ ਨੂੰ ਮਿਲ ਕੇ ਗੁਰੂ ਕਾ ਬਾਗ਼ 'ਚ ਪੁਲੀਸ ਦੇ ਜ਼ੁਲਮ ਬਾਰੇ ਗੱਲਬਾਤ ਕੀਤੀ। ਉਸ ਦਿਨ ਗਵਰਨਰ ਆਪ ਗੁਰੂ ਦਾ ਬਾਗ਼ ਗਿਆ। ਉਸ ਨਾਲ ਪੰਜਾਬ ਕੌਂਸਲ ਦੇ ਕੁਝ ਮੈਂਬਰ ਵੀ ਸਨ। ਇਸ ਮਗਰੋਂ ਗਵਰਨਰ ਨੇ ਸਿੱਖ ਜਥਿਆਂ ਦੀ ਕੁੱਟ-ਮਾਰ ਬੰਦ ਕਰਵਾ ਦਿੱਤੀ ਅਤੇ ਹੁਕਮ ਜਾਰੀ ਕੀਤਾ ਕਿ ਅੱਗੇ ਤੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ। 17 ਨਵੰਬਰ 1922 ਤਕ 5605 ਸਿੱਖ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ। ਇਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੇ 35 ਮੈਂਬਰ ਵੀ ਸ਼ਾਮਿਲ ਸਨ। ਸਰਕਾਰ ਨੇ ਮੋਰਚੇ ਤੋਂ ਛੁਟਕਾਰਾ ਪਾਉਣ ਵਾਸਤੇ ਬਹਾਨਾ ਲੱਭਣਾ ਸ਼ੁਰੂ ਕਰ ਦਿੱਤਾ। ਅਖ਼ੀਰ ਸਰਕਾਰ ਨੇ ਗੁਰੂ ਦਾ ਬਾਗ਼ ਗੁਰਦੁਆਰੇ ਦੀ ਜ਼ਮੀਨ ਰਾਏ ਬਹਾਦਰ ਗੰਗਾ ਰਾਮ ਨੂੰ ਮਹੰਤ ਕੋਲੋਂ ਕਾਗਜ਼ਾਂ ਵਿਚ ਠੇਕੇ 'ਤੇ ਦਿਵਾ ਦਿੱਤੀ। ਇਸ ਮਗਰੋਂ ਗੰਗਾ ਰਾਮ ਨੇ ਸਰਕਾਰ ਨੂੰ ਲਿਖ ਕੇ ਦੇ ਦਿੱਤਾ ਕਿ ਉਸ ਨੂੰ ਪੁਲੀਸ ਦੀ ਮਦਦ ਦੀ ਜ਼ਰੂਰਤ ਨਹੀਂ। ਇਸ 'ਤੇ ਪੁਲੀਸ ਉੱਥੋਂ ਹਟ ਗਈ ਅਤੇ ਗ੍ਰਿਫ਼ਤਾਰੀਆਂ ਬੰਦ ਹੋ ਗਈਆਂ।

ਗੁਰੂ ਦਾ ਬਾਗ਼ ਦੇ ਜ਼ੁਲਮਾਂ ਦਾ ਚਰਚਾ ਦੁਨੀਆਂ ਭਰ ਵਿਚ ਹੋਇਆ। ਬੇਗੁਨਾਹ ਸਿੱਖਾਂ ਦੀ ਕੁੱਟ-ਮਾਰ ਬਾਰੇ ਖ਼ਬਰਾਂ ਸਾਰੇ ਪਾਸੇ ਛਪੀਆਂ। ਪੜਤਾਲੀਆ ਕਮੇਟੀ ਦੀ ਰਿਪੋਰਟ ਮੁਤਾਬਿਕ 1656 ਸਿੱਖਾਂ ਨੂੰ ਮਾਰ-ਕੁੱਟ ਨਾਲ ਸੱਟਾਂ ਲੱਗੀਆਂ। ਇਨ੍ਹਾਂ ਸੱਟਾਂ ਵਿਚੋਂ ਕਈ ਤੇਜ਼ ਹਥਿਆਰਾਂ, ਚੋਭਾਂ ਅਤੇ ਬੰਦੂਕ ਦੇ ਬੱਟਾਂ ਦੇ ਫੱਟ ਵੀ ਸਨ। ਪੁਲੀਸ ਦੀਆਂ ਡਾਂਗਾਂ ਦੇ ਧੜ ਤੋਂ ਉਪਰ 369, ਛਾਤੀ ਤੇ 300, ਦਿਮਾਗ ਅਤੇ ਸਿਰ 'ਤੇ 75, ਨਲਾਂ ਵਿਚ 19, ਪਤਾਲੂ 'ਤੇ 60 ਸੱਟਾਂ ਦੇ ਨਿਸ਼ਾਨ ਸਨ। ਇਸ ਤੋਂ ਇਲਾਵਾ ਹੱਡੀਆਂ ਤੇ ਦੰਦ ਟੁੱਟਣ, ਪਿਸ਼ਾਬ ਦੀ ਤਕਲੀਫ਼, ਅੰਗ ਉਤਰਣ ਅਤੇ ਹੋਰ ਸੱਟਾਂ ਦੇ ਵੀ ਬਹੁਤ ਸਾਰੇ ਕੇਸ ਸਨ। ਗੁਰੂ ਦਾ ਬਾਗ ਮੋਰਚੇ ਵਿਚ ਬਹੁਤ ਸਾਰੇ ਸਿੱਖਾਂ ਨੂੰ ਗੁੱਝੀਆਂ ਸੱਟਾਂ ਲੱਗੀਆਂ। ਸਤੰਬਰ 1922 ਵਿਚ ਸ਼੍ਰੋਮਣੀ ਕਮੇਟੀ ਨੇ ਗੁਰੂ ਦਾ ਬਾਗ ਵਿਚ ਕੁੱਟਮਾਰ ਦੇ ਜ਼ਖ਼ਮੀਆਂ ਦੀ ਇਕ ਲਿਸਟ ਜਾਰੀ ਕੀਤੀ। ਇਸ ਵਿਚ 829 ਸਿੱਖਾਂ ਦੇ ਨਾਂ ਸਨ ਜਿਨ੍ਹਾਂ ਵਿਚੋਂ ਅੰਮ੍ਰਿਤਸਰ ਦੇ 10, ਲਾਹੌਰ ਦੇ 135. ਗੁਰਦਾਸਪੁਰ ਦੇ 109, ਜਲੰਧਰ ਦੇ 102, ਹੁਸ਼ਿਆਰਪੁਰ ਦੇ 93, ਕਪੂਰਥਲਾ ਦੇ 32, ਲੁਧਿਆਣਾ ਦੇ 11, ਫ਼ੀਰੋਜ਼ਪੁਰ ਦੇ 6 ਅਤੇ ਬਾਕੀ ਹੋਰ ਜ਼ਿਲ੍ਹਿਆਂ ਦੇ ਸਨ। ਇਸ ਮੋਰਚੇ ਵਿਚ ਬਹੁਤ ਸਾਰੇ ਸਿੱਖ ਸ਼ਹੀਦ ਵੀ ਹੋਏ। ਇਨ੍ਹਾਂ ਸ਼ਹੀਦਾਂ ਵਿਚ ਇਕ ਪ੍ਰਿਥੀਪਾਲ ਸਿੰਘ (ਜਥੇਦਾਰ ਅਕਾਲੀ ਜਥਾ ਲਾਇਲਪੁਰ) ਵੀ ਸੀ, ਜੋ 5 ਸਤੰਬਰ ਦੀ ਮਾਰ-ਕੁੱਟ ਨਾਲ ਸਖ਼ਤ ਜ਼ਖ਼ਮੀ ਹੋ ਗਿਆ ਸੀ। ਉਸ ਦੇ ਜਿਸਮ ਤੇ 100 ਤੋਂ ਵੱਧ ਜ਼ਖ਼ਮਾਂ ਦੇ ਨਿਸ਼ਾਨ ਸਨ। ਇਹ ਸੀ ਗੁਰੂ ਦਾ ਬਾਗ਼ ਮੋਰਚੇ 'ਚ ਸਰਕਾਰੀ ਜ਼ੁਲਮਾਂ ਦੀ ਦਾਸਤਾਨ ਅਤੇ ਸਿੱਖਾਂ ਦੀਆਂ ਕੁਰਬਾਨੀਆਂ ਦੀ ਤਵਾਰੀਖ਼। ਅਖ਼ੀਰ ਇਹ ਮੋਰਚਾ ਵੀ ਸਿੱਖਾਂ ਨੇ ਸ਼ਾਨ ਨਾਲ ਫ਼ਤਹਿ ਕੀਤਾ।

1987: ਸਰਦੂਲ ਸਿੰਘ ਤੇ ਪ੍ਰੀਤਮ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

23 ਅਗਸਤ 1987 ਦੇ ਦਿਨ ਪੰਜਾਬ ਪੁਲਸ ਨੇ ਇਕ ਗ਼ਰੀਬ ਮਿਸਤਰੀ ਸਰਦੂਲ ਸਿੰਘ ਅਤੇ ਇਕ ਖਾੜਕੂ ਪ੍ਰੀਤਮ ਸਿੰਘ ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਕਵਲਜੀਤ ਸਿੰਘ ਲਵਲੀ ਭੁੱਲਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

23 ਅਗਸਤ 1988 ਦੇ ਦਿਨ ਪੰਜਾਬ ਪੁਲਸ ਨੇ ਕਵਲਜੀਤ ਸਿੰਘ ਲਵਲੀ (ਵਾਸੀ ਭੁੱਲਰ ਨੇੜੇ ਤਰਨਤਾਰਨ) ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਬਲਵਿੰਦਰ ਸਿੰਘ ਬਿੰਦੀ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

23 ਅਗਸਤ 1989 ਦੇ ਦਿਨ ਪੰਜਾਬ ਪੁਲਸ ਨੇ ਬਲਵਿੰਦਰ ਸਿੰਘ ਬਿੰਦੀ (ਪੁੱਤਰ ਪਿਆਰਾ ਸਿੰਘ) ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਨਰਿੰਦਰ ਸਿੰਘ ਭਾਗੋ ਮਾਜਰਾ, ਅਮਰੀਕ ਸਿੰਘ ਮੱਖਣਵਿੰਡੀ, ਸਤਨਾਮ ਸਿੰਘ ਵਾਸੀ ਤੋਲੋ ਨੰਗਲ, ਹਰਦੀਪ ਸਿੰਘ ਕੱਕੜ ਤਾਰੀਏਂ,ਬਲਵਿੰਦਰ ਸਿੰਘ ਤੇ ਕਈ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

ਤੇਈ ਅਗਸਤ 1992 ਦੇ ਦਿਨ ਪੁਲਸ ਨੇ ਨਰਿੰਦਰ ਸਿੰਘ (ਪੁੱਤਰ ਇੰਦਰਮੋਹਨ ਵਰਮਾ, ਵਾਸੀ ਭਾਗੋ ਮਾਜਰਾ, ਨੇੜੇ ਖਰੜ), ਅਮਰੀਕ ਸਿੰਘ (ਪੁੱਤਰ ਸਵਰਨ ਸਿੰਘ, ਵਾਸੀ ਮੱਖਣਵਿੰਡੀ), ਸਤਨਾਮ ਸਿੰਘ ਉਰਫ਼ ਸਕੱਤਰ ਸਿੰਘ (ਪੁੱਤਰ ਗੁਰਨਾਮ ਸਿੰਘ, ਵਾਸੀ ਤੋਲੋ ਨੰਗਲ), ਹਰਦੀਪ ਸਿੰਘ ਉਰਫ਼ ਦੀਪਾ (ਪੱਤਰ ਕੁਲਵੰਤ ਸਿੰਘ, ਵਾਸੀ **ਕਾਕੜ ਤਰੀਨ, ਤਹਿਸੀਲ ਅਜਨਾਲਾ, ਅੰਮ੍ਰਿਤਸਰ**), ਬਲਵਿੰਦਰ ਸਿੰਘ ਮੰਡ, ਗੁਰਦਰਸ਼ਨ ਸਿੰਘ, ਸ਼ੇਰ ਸਿੰਘ, ਦਰਸ਼ਨ ਸਿੰਘ, ਸਤਬੀਰ ਸਿੰਘ ਅਤੇ ਅੱਠ ਹੋਰ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

2002: ਪੱਲੀ ਝਿੱਕੀ ਦਾ ਸਾਧ ਧਨਵੰਤ ਸਿੰਘ ਕੁੜੀ ਦੇ ਰੇਪ ਦੇ ਕੇਸ ਵਿਚ ਗ੍ਰਿਫ਼ਤਾਰ ਕੀਤਾ ਗਿਆ

2002 ਵਿਚ ਨਵਾਂਸ਼ਹਿਰ ਦੇ ਨੇੜੇ ਦੇ ਪਿੰਡ ਪੱਲੀ ਝਿੱਕੀ ਡੇਰੇ ਦੇ ਸਾਧ ਧਨਵੰਤ ਸਿੰਘ ਵੱਲੋਂ ਇਕ ਕੁੜੀ ਦਾ ਰੇਪ ਕਰਨ ਦਾ ਕੇਸ ਸਾਹਮਣੇ ਆਇਆ। ਖਾਲਸਾ ਪੰਚਾਇਤ ਜਥੇਬੰਦੀ ਦੇ ਆਗੂ ਉਸ ਕੁੜੀ ਨੂੰ ਲੈ ਕੇ ਵੇਦਾਂਤੀ ਕੋਲ ਚਲੇ ਗਏ। ਵੇਦਾਂਤੀ ਨੇ ਪਹਿਲਾਂ ਤਾਂ ਉਸ ਕੁੜੀ ਦੇ ਸਿਰ 'ਤੇ ਹੱਥ ਰਖ ਕੇ ਉਸ ਨੂੰ ਇਨਸਾਫ਼ ਦੇਣ ਦਾ ਵਾਅਦਾ ਕੀਤਾ ਪਰ ਮਗਰੋਂ ਵੇਦਾਂਤੀ ਦੇ ਸਾਲੇ ਪ੍ਰਿਥੀਪਾਲ ਸਿੰਘ ਧਨਵੰਤ ਸਿੰਘ ਤੋਂ ਰਿਸ਼ਵਤ ਲੈ ਲਈ ਤੇ 10 ਮਈ 2002 ਨੂੰ ਵੇਦਾਂਤੀ ਨੇ ਧਨਵੰਤ ਸਿੰਘ ਨੂੰ ਮਾਮੂਲੀ ਜਿਹੀ ਸਜ਼ਾ ਲਾ ਕੇ ਨਾਲ ਹੀ ਕੇਸ ਲਿਆਉਣ ਵਾਲਿਆਂ ਨੂੰ ਵੀ ਸਜ਼ਾ ਲਾ ਦਿੱਤੀ।

ਹੁਣ ਕੁੜੀ ਨੇ ਕੇਸ ਪੁਲੀਸ ਨੂੰ ਦੇ ਦਿੱਤਾ। ਪੁਲੀਸ ਨੇ 23 ਅਗਸਤ 2002 ਦੇ ਦਿਨ ਧਨਵੰਤ ਸਿੰਘ ਨੂੰ ਉਸ ਕੁੜੀ ਦੇ ਰੇਪ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ। ਇਸ 'ਤੇ ਵੇਦਾਂਤੀ ਬਹੁਤ ਔਖਾ ਹੋਇਆ। ਖਾਲਸਾ ਪੰਚਾਇਤ ਨੇ ਦੋਸ਼ ਲਾਇਆ ਕਿ ਵੇਦਾਂਤੀ ਦੇ ਪੀ.ਏ ਤੇ ਸਾਲੇ ਪ੍ਰਿਥੀਪਾਲ ਨੇ ਧਨਵੰਤ ਤੋਂ 70 ਹਜ਼ਾਰ ਰੁਪੈ ਰਿਸ਼ਵਤ ਲਈ ਹੈ। ਇਸ ਤੋਂ ਖਿਝ ਕੇ ਵੇਦਾਂਤੀ ਨੇ ਖਾਲਸਾ ਪੰਚਾਇਤ ਦੇ ਪੰਜ ਮੈਂਬਰ ਵੀ ਤਲਬ ਕਰ ਲਏ। ਹੁਣ ਖਾਲਸਾ ਪੰਚਾਇਤ ਨੇ ਵੇਦਾਂਤੀ ਦੇ ਅਸਤੀਫ਼ੇ ਦੀ ਮੰਗ ਕੀਤੀ ਤੇ ਕਿਹਾ ਕਿ ਜੇ ਉਸ ਨੇ ਦਸ ਦਿਨ ਦੇ ਅੰਦਰ ਅਸਤੀਫ਼ਾ ਨਾ ਦਿੱਤਾ ਤਾਂ ਉਸ ਦੇ ਘਰ ਦੇ ਬਾਹਰ ਧਰਨਾ ਮਾਰਿਆ ਜਾਵੇਗਾ (ਮਗਰੋਂ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੇ ਬਾਹਰ ਧਰਨਾ ਮਾਰਨ ਦਾ ਐਲਾਨ ਕੀਤਾ)। ਇਸ ਮੌਕੇ 'ਤੇ ਅਖੰਡ ਕੀਰਤਨੀ ਜਥੇ ਦੀ ਬੀਬੀ ਅਮਰਜੀਤ ਕੌਰ, ਮਨਜੀਤ ਸਿੰਘ ਕੇਸਗੜ੍ਹ ਨੇ ਵੇਦਾਂਤੀ (ਇਕ ਤਰੀਕੇ ਨਾਲ ਧਨਵੰਤ

ਸਿੰਘ) ਦੀ ਹਿਮਾਇਤ ਕੀਤੀ। *(ਮਗਰੋਂ 29 ਜਨਵਰੀ 2004 ਦੇ ਦਿਨ ਧਨਵੰਤ ਸਿੰਘ ਨੂੰ ਅਦਾਲਤ ਨੇ 10 ਸਾਲ ਕੈਦ ਤੇ ਜੁਰਮਾਨੇ ਦੀ ਸਜ਼ਾ ਦਿੱਤੀ)।*

ਖਾਲਸਾ ਪੰਚਾਇਤ ਜਥੇਬੰਦੀ ਨੇ ਐਲਾਨ ਮੁਤਾਬਿਕ 22 ਫ਼ਰਵਰੀ 2002 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕੀਤੀ ਅਤੇ 6-700 ਵਰਕਰ ਉੱਥੋਂ ਤੇਜਾ ਸਿੰਘ ਸਮੁੰਦਰੀ ਹਾਲ ਵਲ ਚਲ ਪਏ। ਜਦ ਇਹ ਜਥਾ ਜੋੜਿਆਂ ਵਾਲੀ ਜਗਹ 'ਤੇ ਪੁੱਜਾ ਤਾਂ ਮਹਿਤਾ-ਚਾਵਲਾ ਫ਼ੈਡਰੇਸ਼ਨ, ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਅਤੇ ਬਾਦਲ ਧੜੇ ਦੇ ਵਰਕਰ ਨਿਹੱਥੇ ਸਿੱਖ ਮਰਦਾਂ ਅਤੇ ਔਰਤਾਂ 'ਤੇ ਟੁੱਟ ਪਏ ਤੇ ਕਈਆਂ ਦੀਆਂ ਪੱਗਾਂ ਲਾਹੀਆਂ ਤੇ ਔਰਤਾਂ ਦੇ ਵਾਲ ਪੁੱਟੇ ਅਤੇ ਉਨ੍ਹਾਂ 'ਤੇ ਤਲਵਾਰਾਂ (ਕਿਰਪਾਨ ਹਮਲੇ ਵਾਸਤੇ ਨਹੀਂ ਹੁੰਦੀ), ਡਾਂਗਾਂ ਤੇ ਪੱਥਰਾਂ ਦਾ ਮੀਂਹ ਵਰ੍ਹਾਇਆ। ਹਮਲਾਵਰਾਂ ਦੀ ਅਗਵਾਈ ਅਲਵਿੰਦਰਪਾਲ ਸਿੰਘ ਪੱਖੋਕੇ ਤੇ ਜਸਵਿੰਦਰ ਸਿੰਘ ਐਡਵੋਕੇਟ (ਮੈਂਬਰ ਸ਼੍ਰੋਮਣੀ ਕਮੇਟੀ), ਰਾਜਿੰਦਰ ਸਿੰਘ ਮਹਿਤਾ, ਗੁਰਚਰਨ ਸਿੰਘ ਗਰੇਵਾਲ, ਪ੍ਰੋ: ਸਰਚਾਂਦ ਸਿੰਘ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਕਈ ਸਕੱਤਰ ਤੇ ਹੋਰ ਮੁਲਾਜ਼ਮ ਕਰ ਰਹੇ ਸਨ। ਕਾਂਗਰਸ ਦੀ ਹਕੂਮਤ ਵਾਲੀ ਪੁਲੀਸ ਨੇ ਉਲਟਾ ਖਾਲਸਾ ਪੰਚਾਇਤ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਹੀ ਮੁਕੱਦਮੇ ਬਣਾ ਦਿੱਤੇ। ਇਹ ਸਾਰੇ 15 ਦਿਨ ਮਗਰੋਂ 8 ਮਾਰਚ 2003 ਦੇ ਦਿਨ ਜ਼ਮਾਨਤਾਂ 'ਤੇ ਰਿਹਾ ਹੋਏ।

24 ਅਗਸਤ

1809: ਮਹਾਰਾਜਾ ਰਣਜੀਤ ਸਿੰਘ ਨੇ ਕਾਂਗੜਾ ਕਿਲ੍ਹਾ 'ਤੇ ਕਬਜ਼ਾ ਕੀਤਾ

24 ਅਗਸਤ 1809 ਦੇ ਦਿਨ ਮਹਾਰਾਜਾ ਰਣਜੀਤ ਸਿੰਘ ਨੇ ਕਾਂਗੜਾ 'ਤੇ ਹਮਲਾ ਕੀਤਾ ਅਤੇ ਰਾਜਾ ਸੰਸਾਰ ਚੰਦ ਕਟੋਚ ਦੀ ਫ਼ੌਜ ਨੂੰ ਬੁਰੀ ਤਰ੍ਹਾਂ ਹਰਾਇਆ ਅਤੇ ਇਸ ਨਗਰ ਦੇ ਪ੍ਰਾਚੀਨ ਅਤੇ ਮਸ਼ਹੂਰ ਕਿਲ੍ਹੇ 'ਤੇ ਕਬਜ਼ਾ ਕਰ ਲਿਆ।

1920: ਅਰੂੜ ਸਿੰਘ ਸਰਬਰਾਹ ਨੇ ਜਲ੍ਹਿਆਂ ਵਾਲਾ ਬਾਗ਼ ਵਿਚ ਆ ਕੇ ਮੁਆਫ਼ੀ ਮੰਗੀ

ਇਹ ਆਮ ਮੰਨਿਆ ਜਾਂਦਾ ਹੈ ਕਿ ਗੁਰਦੁਆਰਾ ਸੁਧਾਰ ਲਹਿਰ ਦੀ ਪਹਿਲੀ ਕਾਮਯਾਬੀ ਗੁਰਦੁਆਰਾ ਚੁਮਾਲਾ ਸਾਹਿਬ ਲਾਹੌਰ ਦਾ ਪ੍ਰਬੰਧ ਸੰਗਤ ਦੇ ਹੱਥ ਆਉਣਾ ਸੀ (21 ਅਗਸਤ 1920)। ਪਰ, ਦਰਅਸਲ ਇਸ ਲਹਿਰ ਦੀ ਸਭ ਤੋਂ ਪਹਿਲੀ ਵੱਡੀ ਕਾਮਯਾਬੀ ਅਰੂੜ ਸਿੰਘ ਨੂੰ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਸਰਬਰਾਹੀ ਤੋਂ ਹਟਵਾਉਣਾ ਸੀ। ਇਸ ਸਬੰਧ ਵਿਚ ਅਗਸਤ 1920 ਦੇ ਪਹਿਲੇ ਹਫ਼ਤੇ ਵਿਚ 'ਗੁਰਦੁਆਰਾ ਸੇਵਕ ਕਮੇਟੀ' ਅੰਮ੍ਰਿਤਸਰ (ਸੈਕਟਰੀ ਭਾਈ ਦੇਵਾ ਸਿੰਘ) ਦੀਆਂ ਕੋਸ਼ਿਸ਼ਾਂ ਨਾਲ ਜਲ੍ਹਿਆਂ ਵਾਲਾ ਬਾਗ ਵਿਚ ਇਕ ਦੀਵਾਨ ਸਜਾਇਆ ਗਿਆ। ਇਸ ਵਿਚ ਦਰਬਾਰ ਸਾਹਿਬ ਦੀ ਹਾਲਤ ਬਾਰੇ ਤਕਰੀਰਾਂ ਕੀਤੀਆਂ ਗਈਆਂ। ਇਸ ਦੀਵਾਨ ਵਿਚ ਐਲਾਨ ਕੀਤਾ ਗਿਆ ਕਿ 15 ਅਗਸਤ 1920 ਐਤਵਾਰ ਦੇ ਦਿਨ ਇਸ ਸਬੰਧੀ ਇਕ ਦੀਵਾਨ ਮੰਜੀ ਸਾਹਿਬ (ਦਰਬਾਰ ਸਾਹਿਬ) ਵਿਚ ਕੀਤਾ ਜਾਵੇਗਾ। ਚੌਦ੍ਹਾਂ ਅਗਸਤ ਦੀ ਸ਼ਾਮ ਨੂੰ ਹੀ ਡਿਪਟੀ ਕਮਿਸ਼ਨਰ ਨੇ ਭਾਈ ਦੇਵਾ ਸਿੰਘ ਨੂੰ ਹੁਕਮ ਜਾਰੀ ਕਰ ਕੇ ਮੰਜੀ ਸਾਹਿਬ ਵਿਚ ਦੀਵਾਨ ਕਰਨ ਤੋਂ ਰੋਕ ਦਿੱਤਾ। ਪਰ, ਇਸ ਦੇ ਬਾਵਜੂਦ 15 ਅਗਸਤ ਦੇ ਦਿਨ ਹਜ਼ਾਰਾਂ ਸਿੱਖ ਮੰਜੀ ਸਾਹਿਬ ਇਕੱਠੇ ਹੋ ਗਏ। ਇਸ ਮੌਕੇ 'ਤੇ ਜਸਵੰਤ ਸਿੰਘ ਤੇ ਅਮਰ ਸਿੰਘ ਝਬਾਲ ਵੀ ਆ ਗਏ ਅਤੇ ਤੇ ਵੱਡੀ ਗਿਣਤੀ ਵਿਚ ਪੁਲਿਸ ਵੀ ਜਮ੍ਹਾਂ ਹੋ ਗਈ ਅਤੇ ਸਿੱਖਾਂ ਨੂੰ ਦੀਵਾਨ ਸਜਾਉਣ ਤੋਂ ਰੋਕਿਆ। ਪਰ ਸਿੱਖਾਂ ਨੇ ਡੀ. ਸੀ. ਦੇ ਹੁਕਮ ਦੀ ਪਰਵਾਹ ਨਾ ਕਰਦਿਆਂ ਹੋਇਆਂ ਮੰਜੀ ਸਾਹਿਬ 'ਚ ਤਕਰੀਰਾਂ ਕੀਤੀਆਂ ਅਤੇ ਅਰੂੜ ਸਿੰਘ ਨੂੰ ਹਟਾਉਣ ਦੀ ਮੰਗ ਕੀਤੀ।

16 ਅਗਸਤ 1920 ਦੇ ਦਿਨ ਇਸ ਸਬੰਧੀ ਇਕ ਹੋਰ ਦੀਵਾਨ ਜਲ੍ਹਿਆਂ ਵਾਲਾ ਬਾਗ ਵਿਚ ਹੋਇਆ। ਇਸ ਦੀਵਾਨ ਵਿਚ ਅਰੂੜ ਸਿੰਘ ਨੂੰ ਇਕ ਹਫ਼ਤੇ ਦਾ ਨੋਟਿਸ ਦਿੱਤਾ ਗਿਆ ਕਿ ਜੇ ਉਸ ਨੇ ਇਕ ਹਫ਼ਤੇ ਦੇ ਅੰਦਰ-ਅੰਦਰ ਸਰਬਰਾਹੀ ਨਾ ਛੱਡੀ ਤਾਂ ਉਸ ਦਾ ਮੁਰਦਾ (ਜਨਾਜ਼ਾ) ਕੱਢਿਆ ਜਾਵੇਗਾ। ਇਹ ਨੋਟਿਸ ਇੰਞ ਸੀ;

"ਨੋਟਿਸ: ਬਨਾਮ ਅਰੂੜ ਸਿੰਘ ਸਰਬਰਾਹ ਦਰਬਾਰ ਸਾਹਿਬ ਅੰਮ੍ਰਿਤਸਰ, ਮਿਆਦੀ ਏਕ ਹਫ਼ਤਾ। ਤੁਮ ਕੋ ਖਾਲਸਾ ਕੌਮ ਔਰ ਸੰਗਤ ਨੇ ਬੜੇ-ਬੜੇ ਦੀਵਾਨ ਕਰ ਕੇ ਹੁਕਮ ਦੀਆ ਹੈ ਕਿ ਸਰਬਰਾਹੀ ਸੇ ਛੋਰਨ ਜੁਦਾ ਹੋ ਜਾਓ! ਕਿਉਂ ਕਿ ਤੁਮ ਨੇ ਦਰਬਾਰ ਸਾਹਿਬ ਮੇਂ ਵੋਹ ਬਦਇੰਤਜ਼ਾਮੀ ਔਰ ਬਦ-ਕਾਮ ਸ਼ੁਰੂ ਕਰਾ ਦੀਏ ਹੈਂ ਜਿਨ ਸੇ ਹਮ ਲੋਗ ਤੰਗ ਆ ਗਏ ਹੈਂ। ਅਬ ਹਮ ਬਰਦਾਸ਼ਤ ਨਹੀਂ ਕਰ ਸਕਤੇ। ਇਸ ਲੀਏ, ਇਸ ਨੋਟਿਸ ਕੇ ਜ਼ਰੀਏ ਇਤਲਾਹ ਦੇਤੇ ਹੈਂ ਕਿ ਅਗਰ ਮਿਆਦ ਮਜ਼ਕੂਰਾ ਦੇ ਅੰਦਰ ਸਰਬਰਾਹੀ ਨਾ ਛੋੜੋਗੇ ਤੋ ਬਿਬਾਨ ਨਿਕਾਲਾ ਜਾਵੇਗਾ, ਔਰ ਕੌਮ ਤੁਮ ਕੋ ਅਪਣੀ ਤਰਫ ਸੇ ਮੁਰਦਾ ਸਮਝੇਗੀ। - ਗੁਰਦੁਆਰਾ ਸੇਵਕ ਕਮੇਟੀ ਅੰਮ੍ਰਿਤਸਰ।"

ਇਸ ਨੋਟਿਸ ਤੋਂ ਘਬਰਾ ਕੇ ਅਰੂੜ ਸਿੰਘ ਨੇ ਦੋ ਮਹੀਨੇ ਦੀ 'ਛੁੱਟੀ' ਲੈ ਲਈ ਤੇ ਸਰਕਾਰ ਨੇ ਸੁੰਦਰ ਸਿੰਘ ਰਾਮਗੜ੍ਹੀਆ ਨੂੰ ਆਰਜ਼ੀ-ਸਰਬਰਾਹ ਲਾ ਦਿਤਾ ਤੇ ਨਾਲ ਹੀ ਅਖ਼ਬਾਰਾਂ 'ਚ ਅਰੂੜ ਸਿੰਘ ਦੇ 'ਹਟਾਏ ਜਾਣ' ਦੀ ਖ਼ਬਰ ਜਾਰੀ ਕਰ ਦਿੱਤੀ। ਇਸ ਤੇ 18 ਅਗਸਤ ਦੇ ਦਿਨ ਜਲ੍ਹਿਆਂ ਵਾਲਾ ਬਾਗ ਵਿਚ ਫੇਰ ਇਕ ਜਲਸਾ ਹੋਇਆ ਜਿਸ ਵਿਚ ਭਾਈ ਦੇਵਾ ਸਿੰਘ, ਜਸਵੰਤ ਸਿੰਘ ਝਬਾਲ, ਜਵਾਹਰ ਸਿੰਘ, ਅਕਾਲੀ ਕੌਰ ਸਿੰਘ, ਡਾਕਟਰ ਭਗਵਾਨ ਸਿੰਘ, ਅਬਦੁਲ ਕੁਰੈਸ਼ੀ ਵਕੀਲ ਤੇ ਦੀਨਾ ਨਾਥ ਐਡੀਟਰ 'ਦਰਦ' ਨੇ ਤਕਰੀਰਾਂ ਕੀਤੀਆਂ। ਦੀਵਾਨ ਵਿਚ ਨੋਟਿਸ ਦਿਤਾ ਗਿਆ ਕਿ ਸਿੱਖ ਪੰਥ ਅਰੂੜ ਸਿੰਘ ਨੂੰ ਦੋ ਮਹੀਨੇ ਦੀ ਛੁੱਟੀ 'ਤੇ ਭੇਜਣ ਨੂੰ ਮਨਜ਼ੂਰ ਨਹੀਂ ਕਰਦਾ ਤੇ ਉਸ ਨੂੰ ਸਦਾ ਵਾਸਤੇ 'ਦਫ਼ਾ' ਕਰਨਾ ਚਾਹੁੰਦਾ ਹੈ। ਦੀਵਾਨ ਨੇ ਚਾਰ ਮਤੇ ਪਾਸ ਕੀਤੇ: (1) ਅਰੂੜ ਸਿੰਘ ਨੂੰ ਦੋ ਮਹੀਨੇ ਛੁੱਟੀ ਦੇਣ ਨਾਲ ਸਿੱਖਾਂ ਵਿਚ ਹੋਰ ਨਾਰਾਜ਼ਗੀ ਵਧੇਗੀ। ਉਸ ਨੂੰ ਮੌਕੂਫ਼ ਕਰਨ ਦਾ ਐਲਾਨ ਕੀਤਾ ਜਾਵੇ (2) ਇਕ ਗ਼ੈਰ-ਸਰਕਾਰੀ ਪੰਚਾਇਤ ਦਰਬਾਰ ਸਾਹਿਬ ਦਾ 18 ਸਾਲ ਦਾ ਹਿਸਾਬ-ਕਿਤਾਬ ਪੜਤਾਲ ਕਰਨ ਲਈ ਬਣਾਈ ਜਾਵੇ (3) ਬੁੜੀ (ਬੁੜ ਸਿੰਘ ਗ੍ਰੰਥੀ ਅਕਾਲ ਤਖ਼ਤ ਸਾਹਿਬ) ਨੂੰ ਬਰਾਦਰੀ ਚੋਂ ਖਾਰਿਜ ਸਮਝਿਆ ਜਾਵੇ (4) ਸੁੰਦਰ ਸਿੰਘ ਰਾਮਗੜ੍ਹੀਆ ਨਵੇਂ ਸਰਬਰਾਹ ਨੂੰ ਅਰਜ਼ ਕੀਤੀ ਜਾਵੇ ਕਿ ਜਦ ਤਕ ਬੁੜ ਸਿੰਘ ਗੁਰੂ ਖਾਲਸਾ ਤੋਂ ਭੁਲ ਨਾ ਬਖ਼ਸ਼ਾਵੇ ਉਸ ਨੂੰ ਅਕਾਲ ਤਖ਼ਤ ਸਾਹਿਬ ਉੱਤੇ ਬੈਠਣ ਦੀ ਇਜਾਜ਼ਤ ਨਾ ਦਿਤੀ ਜਾਵੇ।

24 ਅਗਸਤ 1920 ਨੂੰ ਸ਼ਾਮ ਦੇ 6 ਵਜੇ ਜਲ੍ਹਿਆਂ ਵਾਲਾ ਬਾਗ ਵਿਚ ਗੁਰਦੁਆਰਾ ਸੇਵਕ ਕਮੇਟੀ ਅੰਮ੍ਰਿਤਸਰ ਵਲੋਂ ਦੀਵਾਨ ਹੋਇਆ। ਦੀਵਾਨ ਤੋਂ ਪਹਿਲਾਂ ਅਰੂੜ ਸਿੰਘ ਦੇ ਤਿੰਨ ਏਲਚੀ, ਜਿਨ੍ਹਾਂ ਵਿਚ ਬਸੰਤ ਸਿੰਘ ਰਸਾਲਦਾਰ ਤੇ ਚੰਦਾ ਸਿੰਘ ਅਟਾਰੀ ਵਾਲੇ ਵੀ ਸਨ, ਸਿੱਖ ਆਗੂਆਂ ਕੋਲ ਆਏ ਤੇ ਅਰਜ਼ ਕੀਤੀ ਕਿ ਜੇ ਅਰੂੜ ਸਿੰਘ ਦੀਵਾਨ 'ਚ ਆ ਕੇ ਮੁਆਫ਼ੀ ਮੰਗ ਲਵੇ ਅਤੇ ਉਸ ਦੀ ਬੇਇਜ਼ਤੀ ਨਾ ਕਰਨ ਤੇ ਜਨਾਜ਼ਾ ਨਾ ਕਢਣ ਦਾ ਵਾਅਦਾ ਕਰੋ ਤਾਂ ਉਹ ਹਾਜ਼ਿਰ ਹੋ ਜਾਵੇਗਾ। ਮਾਸਟਰ ਚੰਦਾ ਸਿੰਘ ਨੇ ਇਸ ਦਾ ਵਾਅਦਾ ਕਰ ਲਿਆ। ਪੌਣੇ 8 ਵਜੇ ਅਰੂੜ ਸਿੰਘ ਆ ਗਿਆ ਤੇ ਉਸ ਨੇ ਕਿਹਾ: ''ਮੈਂ 18 ਵਰ੍ਹੇ ਗੁਰੂ ਰਾਮਦਾਸ ਜੀ ਦੀ ਅਤੇ ਖਾਲਸੇ ਦੀ ਸੇਵਾ ਕੀਤੀ। ਚੰਗੀ ਕੀਤੀ ਜਾਂ ਮੰਦੀ ਕੀਤੀ, ਆਪ ਕਬੂਲ ਕਰੋ ਤੇ ਹੁਣ ਮੈਂ ਅਸਤੀਫ਼ਾ ਦੇਂਦਾ ਹਾਂ ਤੇ ਆਪ ਜਨਾਜ਼ਾ ਨਾ ਕੱਢੋ।'' ਇਸ ਤੇ ਸੰਗਤ ਨੇ ਮਤਾ ਪਾਸ ਕੀਤਾ ਕਿ ਜਨਾਜ਼ਾ ਨਹੀਂ ਕੱਢਿਆ ਜਾਏਗਾ ਪਰ 18 ਸਾਲ ਦਾ ਹਿਸਾਬ ਜ਼ਰੂਰ ਲਿਆ ਜਾਵੇਗਾ। ਇਹ ਸੀ ਗੁਰਦੁਆਰਾ ਸੁਧਾਰ ਲਹਿਰ ਦੀ ਪਹਿਲੀ ਕਾਮਯਾਬੀ। ਅਰੂੜ ਸਿੰਘ ਤੋਂ ਮੁਆਫ਼ੀ ਮੰਗਾਉਣ

ਅਤੇ ਅਸਤੀਫ਼ਾ ਦਿਵਾਉਣ ਮਗਰੋਂ ਸਿੱਖਾਂ ਵਿਚ ਹੌਸਲਾ, ਹਿੰਮਤ ਤੇ ਯਕੀਨ ਵਿਚ ਵਾਧਾ ਹੋਇਆ ਤੇ ਉਹ ਇਸ ਲਹਿਰ ਵਾਸਤੇ ਹੋਰ ਵੀ ਜ਼ੋਰ-ਸ਼ੋਰ ਨਾਲ ਕੰਮ ਕਰਨ ਲਗ ਪਏ। **(ਪਰ ਅਜ ਦੇ ਅਸ਼ੰਤੀ ਜਥੇਦਾਰ ਜਨਾਜ਼ਾ ਕੱਢਣਾ ਦੀ ਧਮਕੀ ਤਾਂ ਕੀ ਜੇ ਲੋਕ ਜੁੱਤੀਆਂ ਵੀ ਮਾਰਦੇ ਰਹਿਣ ਤਾਂ ਵੀ ਗੱਦੀ ਨਹੀਂ ਛੱਡਦੇ)।**

1933: ਸੇਵਾ ਸਿੰਘ ਠੀਕਰੀਵਾਲਾ ਨੂੰ ਗ੍ਰਿਫ਼ਤਾਰ ਕੀਤਾ ਗਿਆ

ਗੁਰਦਆਰਾ ਸੁਧਾਰ ਲਹਿਰ (1920-25) ਦੌਰਾਨ ਬਹੁਤ ਸਾਰੇ ਅਕਾਲੀ ਆਗੂ ਗਿਫ਼ਤਾਰ ਕੀਤੇ ਗਏ ਸਨ; ਇਨ੍ਹਾਂ ਨੂੰ ਗੁਰਦੁਆਰਾ ਐਕਟ ਬਣਨ ਮਗਰੋਂ 1926 ਵਿਚ ਰਿਹਾ ਕੀਤਾ ਗਿਆ। ਪਰ, ਸੇਵਾ ਸਿੰਘ ਠੀਕਰੀਵਾਲਾ, ਜੋ ਕਿ ਪਟਿਆਲਾ ਦੇ ਰਾਜੇ ਨੇ ਗ੍ਰਿਫ਼ਤਾਰ ਕੀਤਾ ਸੀ, ਰਾਜੇ ਨੇ ਰਿਹਾ ਕਰ ਕੇ ਫੇਰ ਗ੍ਰਿਫ਼ਤਾਰ ਕਰ ਕੇ ਸਾਢੇ ਤਿੰਨ ਸਾਲ ਕੈਦ ਦੀ ਸਜ਼ਾ ਦੇ ਦਿੱਤੀ। ਇਸ ਰਿਹਾਈ ਮਗਰੋਂ ਉਸ ਨੂੰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ। ਜੁਲਾਈ 1929 ਵਿਚ ਅਕਾਲੀ ਦਲ ਨੇ ਸੇਵਾ ਸਿੰਘ ਦੀ ਰਿਹਾਈ ਵਾਸਤੇ ਮੋਰਚਾ ਲਾਉਣ ਦਾ ਐਲਾਨ ਕੀਤਾ ਤਾਂ ਰਾਜੇ ਨੇ ਉਸ ਨੂੰ ਛੱਡ ਦਿੱਤਾ ਪਰ 1930 ਵਿਚ ਫਿਰ ਫੜ ਲਿਆ ਅਤੇ 10 ਸਾਲ ਕੈਦ ਦੀ ਸਜ਼ਾ ਸੁਣਾ ਦਿੱਤੀ ਪਰ 1931 ਵਿਚ ਰਿਹਾ ਕਰ ਦਿੱਤਾ। 1932 ਵਿਚ ਉਸ ਨੂੰ ਫਿਰ ਗ੍ਰਿਫ਼ਤਾਰ ਕਤਿਾ ਅਤੇ 3 ਮਹੀਨੇ ਕੈਦ ਰੱਖਿਆ। ਸੇਵਾ ਸਿੰਘ ਨੂੰ ਆਖ਼ਰੀ ਵਾਰ 24 ਅਗਸਤ 1933 ਦੇ ਦਿਨ ਗ੍ਰਿਫ਼ਤਾਰ ਕੀਤਾ ਗਿਆ; ਉਸ ਨੇ ਜੇਲ੍ਹ ਵਿਚ 18 ਅਪ੍ਰੈਲ 1934 ਨੂੰ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਤੇ 20 ਜਨਵਰੀ 1935 ਦੇ ਦਿਨ ਰਾਜਾ ਭੂਪਿੰਦਰ ਸਿੰਘ ਕਤਲ ਚਾੜ੍ਹ ਕੇ ਚੜ੍ਹਾਈ ਕਰ ਗਿਆ।

1984: ਚੰਡੀਗੜ੍ਹ ਦੇ ਸੱਤ ਸਿੱਖ ਨੌਜਵਾਨ ਭਾਰਤੀ ਜਹਾਜ਼ ਅਗਵਾ ਕਰ ਕੇ ਡੁਬਈ ਲੈ ਗਏ

ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਦੇ ਹਮਲੇ ਦੇ ਖ਼ਿਲਾਫ਼ ਪ੍ਰਟੈਸਟ ਕਰਨ ਵਾਸਤੇ ਚੰਡੀਗੜ੍ਹ ਦੇ ਸੱਤ ਨੌਜਵਾਨਾਂ ਨੇ ਭਾਰਤ ਦਾ ਇਕ ਜਹਾਜ ਅਗਵਾ ਕਰਨ ਦੀ ਕਾਰਵਾਈ ਕੀਤੀ। 24 ਅਗਸਤ 1984 ਨੂੰ ਇਹ ਨੌਜਵਾਨ ਜਹਾਜ਼ ਨੂੰ ਪਹਿਲੋਂ ਲਾਹੌਰ, ਫਿਰ ਕਰਾਚੀ ਤੇ ਫਿਰ ਡੁਬਈ ਲੈ ਗਏ। ਮਗਰੋਂ ਡੁਬਈ ਵਿਚ ਇਨ੍ਹਾਂ ਨੌਜਵਾਨਾਂ ਨੇ ਹਥਿਆਰ ਸੁੱਟ ਦਿੱਤੇ ਅਤੇ ਜੇਲ੍ਹ ਵਿਚ ਜਾ ਪੁੱਜੇ। ਇਹ ਸਨ: ਤਜਿੰਦਰ ਸਿੰਘ, ਸੁਰਿੰਦਰ ਸਿੰਘ, ਮਾਨ ਸਿੰਘ ਬੱਗਾ, ਅਵਤਾਰ ਸਿੰਘ, ਦਵਿੰਦਰ ਸਿੰਘ, ਅਮਰਿੰਦਰ ਸਿੰਘ (ਜੋ ਮਗਰੋਂ ਸ਼੍ਰੋਮਣੀ ਕਮੇਟੀ ਦਾ ਮੈਂਬਰ ਵੀ ਬਣਿਆ) ਤੇ ਕਮਲਜੀਤ ਸਿੰਘ ਸੰਧੂ। (ਮਗਰੋਂ 19 ਅਪਰੈਲ 1993 ਦੇ ਦਿਨ ਅਦਾਲਤ ਨੇ ਇਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ)। ਇਨ੍ਹਾਂ ਨੌਜਵਾਨਾਂ ਨੇ ਆਪਣਾ ਕੈਰੀਅਰ ਦਾਅ 'ਤੇ ਲਾਇਆ ਸੀ ਪਰ ਕੌਮ ਨੇ ਇਨ੍ਹਾਂ ਦੀ ਕੋਈ ਸਾਰ ਨਾ ਲਈ ਜਿਸ ਨਾਲ ਇਨ੍ਹਾਂ ਵਿਚੋਂ ਕੁਝ ਮਾਨਸਿਕ ਰੋਗੀ ਹੋ ਗਏ ਤੇ ਇਕ ਦੀ ਤਾਂ ਭਰ ਜਵਾਨੀ ਵਿਚ ਸ਼ੱਕੀ ਹਾਲਤਾਂ ਵਿਚ ਮੌਤ ਵੀ ਹੋ ਗਈ।

1989: ਕਰਨੈਲ ਸਿੰਘ ਘਣੀਕਾ ਨਕਲੀ ਮੁਕਾਬਲੇ ਵਿਚ ਸ਼ਹੀਦ

24 ਅਗਸਤ 1989 ਦੇ ਦਿਨ ਪੁਲਸ ਨੇ ਕਰਨੈਲ ਸਿੰਘ (ਪੁੱਤਰ ਸ਼ਿੰਗਾਰਾ ਸਿੰਘ, ਵਾਸੀ ਘਣੀਕਾ, ਨੇੜੇ ਫ਼ਤਹਿਗੜ੍ਹ ਚੂੜੀਆਂ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਰਣਜੀਤ ਸਿੰਘ ਕਾਲਾ ਦੜੇਵਾਲੀ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

24 ਅਗਸਤ 1991 ਦੇ ਦਿਨ ਪੰਜਾਬ ਪੁਲਸ ਨੇ ਰਣਜੀਤ ਸਿੰਘ ਕਾਲਾ ਉਰਫ਼ ਬੁੱਟਰ (ਵਾਸੀ ਦੜੇਵਾਲੀ, ਗੁਰਦਾਸਪੁਰ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਭੂਪਿੰਦਰ ਸਿੰਘ ਭੂਮਵਾਲੀ ਤੇ ਮੱਘਰ ਸਿੰਘ ਲੱਧੇਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

24 ਅਗਸਤ 1991 ਦੇ ਦਿਨ ਪੰਜਾਬ ਪੁਲਸ ਨੇ ਭੂਪਿੰਦਰ ਸਿੰਘ (ਪੁੱਤਰ ਹਰਦਿਆਲ ਸਿੰਘ, ਵਾਸੀ ਭੂਮਵਾਲੀ, ਜ਼ਿਲ੍ਹਾ ਬਠਿੰਡਾ) ਤੇ ਮੱਘਰ ਸਿੰਘ (ਪੁੱਤਰ ਮੁਖ਼ਤਿਆਰ ਸਿੰਘ, ਵਾਸੀ ਲੱਧੇਵਾਲ, ਨੇੜੇ ਜੱਬੂ ਮਾਜਰਾ, ਜ਼ਿਲ੍ਹਾ ਸੰਗਰੂਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸੁਖਚੈਨ ਸਿੰਘ ਦੁਗਾਲ, ਜਰਨੈਲ ਸਿੰਘ ਟੁੰਡਾ ਬਬਰ, ਅਮਰੀਕ ਸਿੰਘ ਤੇ ਧਰਮਵੀਰ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਚੌਵੀ ਅਗਸਤ 1992 ਦੇ ਦਿਨ ਪੁਲਸ ਨੇ ਸੁਖਚੈਨ ਸਿੰਘ ਦੁਗਾਲ ਪਟਿਆਲਾ, ਜਰਨੈਲ ਸਿੰਘ ਟੁੰਡਾ ਬਬਰ, ਅਮਰੀਕ ਸਿੰਘ ਤੇ ਧਰਮਵੀਰ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

25 ਅਗਸਤ

1636: ਭਾਈ ਗੁਰਦਾਸ ਚੜ੍ਹਾਈ ਕਰ ਗਏ

ਨਾਮਵਰ ਕਵੀ ਭਾਈ ਗੁਰਦਾਸ, ਜਿਸ ਨੂੰ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸਰੂਪ ਆਪਣੇ ਹੱਥ ਨਾਲ ਲਿਖਣ ਦਾ ਮਾਣ ਹਾਸਿਲ ਹੋਇਆ, ਉਹ 25 ਅਗਸਤ 1636 ਦੇ ਦਿਨ ਗੋਇੰਦਵਾਲ ਵਿਖੇ ਚੜ੍ਹਾਈ ਕਰ ਗਏ। ਇਸ ਮੌਕੇ 'ਤੇ ਗੁਰੂ ਹਰਗੋਬਿੰਦ ਸਾਹਿਬ ਨਗਰ ਵਿਚ ਮੌਜੂਦ ਸਨ। ਭਾਈ ਗੁਰਦਾਸ ਦਾ ਸਸਕਾਰ ਉਨ੍ਹਾਂ ਨੇ ਖ਼ੁਦ ਆਪਣੇ ਹੱਥੀਂ ਕੀਤਾ।

1922: ਗੁਰੂ ਦਾ ਬਾਗ ਮੋਰਚਾ ਵਿਚ ਗ੍ਰਿਫ਼ਤਾਰੀਆਂ ਦੀ ਥਾਂ, ਐਸ. ਜੀ. ਐਮ. ਬੀਟੀ ਦੇ ਹੁਕਮ ਹੇਠ, ਜੱਥਿਆਂ ਦੀ ਕੁੱਟ-ਮਾਰ ਸ਼ੁਰੂ ਹੋਈ

ਗੁਰਦੁਆਰਾ ਗੁਰੂ-ਦਾ-ਬਾਗ਼ (ਘੁੱਕੇਵਾਲੀ, ਜ਼ਿਲ੍ਹਾ ਅੰਮ੍ਰਿਤਸਰ) ਦੇ ਲੰਗਰ ਵਾਸਤੇ ਬਾਲਣ ਵਾਸਤੇ ਲੱਕੜ ਗੁਰਦੁਆਰੇ ਦੀ ਜ਼ਮੀਨ ਵਿਚ ਖੜੇ ਕਿੱਕਰ ਦੇ ਦਰਖ਼ਤਾਂ ਤੋਂ ਲਿਆਂਦੀ ਜਾਂਦੀ ਸੀ। 8 ਅਗਸਤ 1922 ਦੇ ਦਿਨ ਪੰਜ ਅਕਾਲੀ ਲੰਗਰ ਵਾਸਤੇ ਇਕ ਸੁੱਕੇ ਕਿੱਕਰ ਦੀ ਲੱਕੜ ਕੱਟ ਕੇ ਲਿਆਏ। ਉਨ੍ਹਾਂ ਨੂੰ 9 ਅਗਸਤ ਦੇ ਦਿਨ ਡੈਨਟ (ਡੀ. ਸੀ.) ਦੇ ਹੁਕਮ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਹੋਰ ਤਾਂ ਹੋਰ ਇਸ ਸਬੰਧ ਵਿਚ ਸਾਬਕ ਮਹੰਤ ਸੁੰਦਰ ਦਾਸ ਨੇ ਲਿਖਤੀ ਤੌਰ 'ਤੇ ਕੋਈ ਸ਼ਿਕਾਇਤ ਵੀ ਨਹੀਂ ਕੀਤੀ ਸੀ ਤੇ ਸਿੱਖ ਚੋਖੇ ਚਿਰ ਤੋਂ ਲੰਗਰ ਵਾਸਤੇ ਲੱਕੜ ਇੱਥੋਂ ਲਿਜਾਂਦੇ ਰਹੇ ਸਨ। 10 ਅਗਸਤ ਨੂੰ ਐਡੀਸ਼ਨਲ ਐਸ. ਪੀ. ਮਿਸਟਰ ਐਸ.ਜੀ.ਐਮ. ਬੀਟੀ (S.G.M. Beaty) ਗੁਰੂ ਦਾ ਬਾਗ਼ ਪਹੁੰਚਿਆ ਅਤੇ ਮਹੰਤ ਕੋਲੋਂ ਲਿਖਤੀ ਸ਼ਿਕਾਇਤ ਲੈ ਲਈ। ਇਸ ਮਗਰੋਂ ਵੀ ਸਿੱਖ ਲੱਕੜ ਕੱਟਦੇ ਰਹੇ ਸਨ ਪਰ 22 ਅਗਸਤ 1922 ਦੇ ਦਿਨ ਸਰਕਾਰ ਨੇ ਲੱਕੜ ਕੱਟਣ ਵਾਲੇ ਸਿੱਖਾਂ ਨੂੰ ਫੇਰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। 24 ਅਗਸਤ ਤਕ 180 ਗ੍ਰਿਫ਼ਤਾਰੀਆਂ ਹੋ ਚੁੱਕੀਆਂ ਸਨ। 25 ਅਗਸਤ ਨੂੰ 30 ਹੋਰ ਸਿੱਖ ਗ੍ਰਿਫ਼ਤਾਰ ਕੀਤੇ ਗਏ। 25 ਅਗਸਤ ਨੂੰ ਜਦੋਂ 136 ਸਿੱਖਾਂ ਦਾ ਜਥਾ ਗੁਰੂ ਕਾ ਬਾਗ ਗਿਆ ਤਾਂ ਪੁਲੀਸ ਨੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ ਕੁੱਟਣਾ ਸ਼ੁਰੂ ਕਰ ਦਿੱਤਾ। ਉਸ ਦਿਨ ਜੱਥੇ ਦੇ ਤਕਰੀਬਨ 100 ਸਿੱਖਾਂ ਨੂੰ ਪੁਲੀਸ ਨੇ ਵਹਿਸ਼ੀਆਨਾ ਤਰੀਕੇ ਨਾਲ ਡਾਂਗਾ ਮਾਰ-ਮਾਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ।

1977: ਗਿਆਨੀ ਜਰਨੈਲ ਸਿੰਘ 'ਜਥਾ ਭਿੰਡਰਾਂ' (ਮਹਿਤਾ) ਦੇ ਮੁਖੀ ਬਣੇ

ਜਥਾ ਭਿੰਡਰਾ (ਮਹਿਤਾ), ਜਿਹੜੇ ਆਪਣੇ ਆਪ ਨੂੰ 1977 ਤੋਂ ਮਗਰੋਂ ਦਮਦਮੀ ਟਕਸਾਲ ਲਿਖਣ ਲਗ ਪਏ ਹਨ, ਦੇ ਮੁਖੀ ਗਿਆਨੀ ਕਰਤਾਰ ਸਿੰਘ ਭਿੰਡਰਾਂ ਜੋ 3 ਅਗਸਤ 1977 ਦੇ ਦਿਨ ਇਕ ਸੜਕ ਹਾਦਸੇ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ (ਅਤੇ ਜਿਨ੍ਹਾਂ ਨੇ ਅਪਰੇਸ਼ਨ ਸਮੇਂ ਵਾਲਾਂ ਦਾ ਕੁਝ ਹਿੱਸਾ ਕੱਟਣ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ ਸੀ) 'ਤੇ 4 ਅਗਸਤ ਨੂੰ ਚੜ੍ਹਾਈ ਕਰ ਗਏ। ਉਨ੍ਹਾਂ ਸਬੰਧੀ ਅੰਤਮ ਰਸਮਾਂ ਪੂਰੀਆਂ ਹੋਣ ਤੋਂ ਮਗਰੋਂ 25 ਅਗਸਤ 1977 ਦੇ ਦਿਨ, 30 ਸਾਲ ਦੇ ਨੌਜਵਾਨ, ਗਿਆਨੀ ਜਰਨੈਲ ਸਿੰਘ ਰੋਡੇ ਨੂੰ ਇਸ ਜੱਥੇ ਦੇ ਮੁਖੀ ਬਣਾਇਆ ਗਿਆ। ਮਗਰੋਂ, 13 ਅਪਰੈਲ 1978 ਦੇ ਦਿਨ 13 ਸਿੱਖਾਂ ਦੇ ਨਿਰੰਕਾਰੀਆਂ ਹੱਥੋਂ ਕਤਲ ਮਗਰੋਂ ਬਾਬਾ ਜਰਨੈਲ ਸਿੰਘ ਸਿੱਖ ਪੰਥ ਦੇ ਨੌਜਵਾਨਾਂ ਦੇ ਸਿਰਮੌਰ ਆਗੂ ਬਣ ਗਏ ਤੇ 6 ਜੂਨ 1984 ਦੇ ਦਿਨ ਭਾਰਤੀ ਫ਼ੌਜਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ।

ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਸਿੱਖ ਪੰਥ ਨੂੰ ਸਿਰਫ਼ 6 ਸਾਲ (ਅਸਲ ਵਿਚ ਸਿਰਫ਼ ਪੌਣੇ 3 ਸਾਲ, ਸਤੰਬਰ 1982 ਤੋਂ ਜੂਨ 84) ਅਗਵਾਈ ਦਿਤੀ। ਉਹ 13 ਅਪ੍ਰੈਲ 1978 ਦੇ ਦਿਨ ਪੰਥਕ ਸਟੇਜ 'ਤੇ ਆਏ ਤੇ ਇਸ ਤੋਂ ਬਾਅਦ ਕੌਮ ਨੇ ਕਿਸੇ ਹੋਰ ਸਿੱਖ ਆਗੂ ਨੂੰ ਇੰਦ ਕਬੂਲ ਨਹੀਂ ਕੀਤਾ। ਸਿੱਖ ਤਵਾਰੀਖ਼ ਵਿਚ ਬੰਦਾ ਸਿੰਘ ਬਹਾਦਰ, ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ ਤੇ ਮਾਸਟਰ ਤਾਰਾ ਸਿੰਘ ਸਿੱਖਾਂ ਦੇ ਸਭ ਤੋਂ ਵਧ ਮਕਬੂਲ ਆਗੂ ਗਿਣੇ ਜਾਂਦੇ ਸਨ ਤੇ ਪੰਜਵੀਂ ਥਾਂ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਹਾਸਿਲ ਕੀਤੀ ਸੀ। (ਪਰ ਏਨੇ ਘਟ ਸਮੇਂ ਵਿਚ ਸਿੱਖ ਤਵਾਰੀਖ਼ ਵਿਚ ਏਨਾ ਨਾਂ ਕਿਸੇ ਨੇ ਵੀ ਨਹੀਂ ਬਣਾਇਆ ਸੀ ਤੇ ਨਾ ਹੀ ਸ਼ਾਇਦ ਬਣਾ ਸਕੇਗਾ)। ਭਿੰਡਰਾਂਵਾਲੇ ਦਾ ਸਭ ਤੋਂ ਅਹਿਮ ਐਕਸ਼ਨ ਅਪ੍ਰੈਲ-ਮਈ 1978 ਵਿਚ ਨਿਰੰਕਾਰੀਆਂ ਦੇ ਖ਼ਿਲਾਫ਼ ਜਹਾਦ ਖੋਲ੍ਹਣਾ ਸੀ। 1979 ਦੀਆਂ ਗੁਰਦੁਆਰਾ ਚੋਣਾਂ ਵਿਚ ਉਹ ਬਹੁਤਾ ਜਲਵਾ ਨਾ ਦਿਖਾ ਸਕਿਆ। 1980 ਵਿਚ ਗੁਰਬਚਨ ਸਿੰਘ ਨਿਰੰਕਾਰੀ ਦੇ ਕਤਲ ਵਿਚ ਉਸ ਦਾ ਰੋਲ ਨਹੀਂ ਸੀ ਪਰ ਉਸ ਨੂੰ ਕਤਲ ਕਰਨ ਵਾਲੇ ਨੂੰ ਸੋਨੇ ਨਾਲ ਤੋਲਣ ਦਾ ਉਸ ਦਾ ਐਲਾਨ ਉਸ ਨੂੰ ਸਿੱਖਾਂ ਵਿਚ ਮਕਬੂਲ ਕਰਵਾ ਗਿਆ। 9 ਸਤੰਬਰ 1981 ਦੇ ਦਿਨ ਲਾਲਾ ਜਗਤ ਨਾਰਾਇਣ ਦਾ ਕਤਲ ਹੋ ਗਿਆ। ਇਸ ਵਿਚ ਭਿੰਡਰਾਂਵਾਲੇ ਦੀ ਸ਼ਮੂਲੀਅਤ ਸੀ ਤੇ ਪੁਲੀਸ ਨੇ ਉਸ ਦੇ ਵਾਰੰਟ ਵੀ ਕੱਢ ਦਿਤੇ। ਉਸ ਨੇ 20 ਸਤੰਬਰ ਨੂੰ ਚੌਕ ਮਹਿਤਾ ਵਿਚ ਇਕ ਵੱਡਾ ਇਕੱਠ ਕਰ ਕੇ ਗ੍ਰਿਫ਼ਤਾਰੀ ਦਿੱਤੀ ਤੇ ਉਹ ਹੋਰ ਵੱਡਾ ਹੀਰੋ ਬਣ ਗਿਆ। ਸਰਕਾਰ ਨੇ ਲੋਕ ਰੋਹ ਤੋਂ ਡਰਦਿਆਂ ਛੇਤੀ ਹੀ ਉਸ ਨੂੰ ਰਿਹਾ ਕਰ ਦਿਤਾ। ਇਸ ਮਗਰੋਂ ਉਸ ਦੀ ਸਰਪਰਸਤੀ ਹੇਠ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਕਈ ਖਾੜਕੂ ਕਾਰਵਾਈਆਂ ਕੀਤੀਆਂ। ਦੂਜੇ ਪਾਸੇ ਕਨੇਡਾ ਦੇ ਜਥੇਦਾਰ ਤਲਵਿੰਦਰ ਸਿੰਘ ਨੇ ਬਬਰ ਖਾਲਸਾ ਜਥੇਬੰਦੀ ਬਣਾ ਕੇ ਕਈ ਖਾੜਕੂ ਐਕਸ਼ਨ ਕੀਤੇ ਕਿਉਂਕਿ ਉਸ ਦਾ ਰਾਜ਼ ਪੁਲੀਸ ਨੂੰ ਪਤਾ ਨਾ ਲਗ ਸਕਿਆ ਇਸ ਕਰ ਕੇ ਇਹ ਸਾਰਾ ਕੁਝ ਭਿੰਡਰਾਂਵਾਲਿਆਂ ਜਾਂ ਦਲ ਖਾਲਸਾ ਦੇ ਨਾਂ ਲਗਦਾ ਰਿਹਾ। ਪਰ ਜਦੋਂ ਬਬਰ ਖਾਲਸਾ ਦਾ ਰਾਜ਼ ਖੁਲ੍ਹ ਗਿਆ ਤਾਂ ਜਥੇਦਾਰ ਤਲਵਿੰਦਰ ਸਿੰਘ ਨੈਪਾਲ ਰਾਹੀਂ ਕਨੇਡਾ ਨੂੰ ਚਲਾ ਗਿਆ ਤੇ ਪਿਛੋਂ ਬਚੇ ਬਬਰਾਂ ਵਿਚੋਂ ਕੁਝ ਜਣਿਆਂ ਨੇ ਸੁਖਦੇਵ ਸਿੰਘ ਦਾਸੂਵਾਲ ਨੂੰ ਡਿਪਟੀ ਲੀਡਰ ਚੁਣ ਲਿਆ (ਜੋ 1986 ਤੋਂ ਮਗਰੋਂ ਆਪਣੇ ਜਥੇ ਦਾ ਮੁਖੀ ਬਣ ਗਿਆ ਤੇ ਇੰਦ ਦੇ ਬਬਰ ਖਾਲਸਾ ਗਰੁਪ ਬਣ ਗਏ)। 1983 ਵਿਚ ਇਸ ਜਥੇ ਦੇ ਬਹੁਤ ਸਾਰੇ ਸਰਗਰਮ ਮੈਂਬਰ (ਅਮਰਜੀਤ ਸਿੰਘ ਖੇਮਕਰਨ, ਗੁਰਨਾਮ ਸਿੰਘ ਹੌਲਦਾਰ, ਸੁਰਜੀਤ ਸਿੰਘ ਰਾਮਪੁਰ ਬਿਸ਼ਨੋਈਆਂ ਤੇ ਕਈ ਹੋਰ) ਭਿੰਡਰਾਂਵਾਲਿਆਂ ਦੇ ਕੈਂਪ ਵਿਚ ਜਾ ਰਲੇ।

ਭਿੰਡਰਾਂਵਾਲਾ 1982 ਤਕ ਪੰਜਾਬ ਦਾ ਦੂਜਾ ਹਾਕਮ ਬਣ ਚੁਕਾ ਸੀ। ਉਹ 'ਲੋਕ ਸਰਕਾਰ' ਦਾ ਮੁਖੀ ਸੀ। ਪਹਿਲਾਂ ਤਾਂ ਸਰਕਾਰ ਉਸ ਤੋਂ ਡਰਦੀ ਤੇ ਤਰ੍ਹਬਕਦੀ ਰਹੀ ਤੇ ਉਸ

ਨੂੰ ਹੱਥ ਨਾ ਪਾਇਆ, ਪਰ 18 ਜੁਲਾਈ 1982 ਨੂੰ ਪੁਲੀਸ ਨੇ ਭਾਈ ਅਮਰੀਕ ਸਿੰਘ ਤੇ ਠਾਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਭਿੰਡਰਾਂਵਾਲੇ ਨੂੰ ਜਾਪਿਆ ਕਿ ਹੁਣ ਉਸ ਨੂੰ ਵੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ, ਸੋ ਉਹ ਦਰਬਾਰ ਸਾਹਿਬ ਆ ਗਿਆ ਤੇ ਭਾਈ ਅਮਰੀਕ ਸਿੰਘ ਦੀ ਰਿਹਾਈ ਵਾਸਤੇ ਮੋਰਚਾ ਲਾ ਦਿਤਾ। 25 ਜੁਲਾਈ ਨੂੰ ਇਹ ਮੋਰਚਾ ਅਕਾਲੀ ਦਲ ਨੇ ਅਪਣਾ ਲਿਆ। ਇਸ ਮਗਰੋਂ ਇਹ ਧਰਮ ਯੁੱਧ ਮੋਰਚਾ ਦਰਬਾਰ ਸਾਹਿਬ 'ਤੇ ਹਮਲੇ ਤਕ ਚਲਦਾ ਰਿਹਾ। ਇਸ ਦੌਰਾਨ ਸਿੱਖ ਨੌਜਵਾਨ ਭਿੰਡਰਾਂਵਾਲਿਆਂ ਕੋਲ ਆਉਂਦੇ ਰਹੇ ਅਤੇ ਖਾੜਕੂ ਲਹਿਰ ਦਾ ਹਿੱਸਾ ਬਣਦੇ ਰਹੇ। ਉਹ ਸਿੱਖ ਜੋ ਪਤਿਤ ਹੋ ਗਏ ਸਨ ਜਾਂ ਨਸ਼ਿਆਂ ਅਤੇ ਹੋਰ ਅਲਾਮਤਾਂ ਦਾ ਸ਼ਿਕਾਰ ਸਨ ਹੁਣ ਕੇਸਧਾਰੀ ਹੋ ਗਏ ਤੇ ਪਾਹੁਲ ਲੈ ਕੇ ਜੁਝਾਰੂ ਲਹਿਰ ਦਾ ਹਿੱਸਾ ਬਣ ਗਏ। ਭਿੰਡਰਾਂਵਾਲੇ ਦੀਆਂ ਕਾਰਵਾਈਆਂ ਮਈ 1984 ਤਕ ਚਲਦੀਆਂ ਰਹੀਆਂ। ਮੇਜਰ ਜਨਰਲ ਸੁਬੇਗ ਸਿੰਘ ਵੀ ਉਸ ਨਾਲ ਦਸੰਬਰ 1983 ਵਿਚ ਆ ਗਿਆ ਸੀ। ਹੁਣ ਪੰਜਾਬ ਵਿਚ ਦੋ ਸਰਕਾਰਾਂ ਸਨ: ਇਕ ਕਾਨੂੰਨੀ ਤੇ ਦੂਜੀ ਭਿੰਡਰਾਂਵਾਲੇ ਦੀ ਲੋਕ ਸਰਕਾਰ। ਅਕਾਲੀ ਤਾਂ ਐਵੇਂ ਨਾਂ-ਮਾਤਰ ਹੀ ਵਿਚਰਦੇ ਸਨ। ਅਕਾਲੀ ਤੇ ਕਾਂਗਰਸ ਸਰਕਾਰ ਦੋਵੇਂ ਭਿੰਡਰਾਂਵਾਲੇ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸਨ। ਦੂਜੇ ਪਾਸੇ ਇੰਦਰਾ ਗਾਂਧੀ ਆ ਰਹੀਆਂ ਚੋਣਾਂ ਵਾਸਤੇ ਕੋਈ ਪੱਤਾ ਵੀ ਵਰਤਣਾ ਚਾਹੁੰਦੀ ਸੀ। ਇਸ ਸੋਚ ਨਾਲ ਉਸ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਕੇ ਫ਼ਿਰਕੂ, ਬੁਨਿਆਦਪ੍ਰਸਤ ਤੇ ਦਹਿਸ਼ਤਗਰਦ ਹਿੰਦੂਆਂ ਦੀਆਂ ਵੋਟਾਂ ਹਾਸਿਲ ਕਰਨ ਦੀ ਪਲਾਨਿੰਗ ਬਣਾਈ। ਚਾਰ ਜੂਨ 1984 ਨੂੰ ਹਜ਼ਾਰਾਂ ਫ਼ੌਜਾਂ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿਤਾ। ਤਿੰਨ ਦਿਨ ਡੱਟ ਕੇ ਲੜਨ ਮਗਰੋਂ 6 ਜੂਨ ਨੂੰ ਭਿੰਡਰਾਂਵਾਲੇ ਤੇ ਭਾਈ ਅਮਰੀਕ ਸਿੰਘ ਦਰਜਨਾਂ ਸਾਥੀਆਂ (ਤੇ ਹਜ਼ਾਰਾਂ ਯਾਤਰੂਆਂ) ਸਣੇ ਸ਼ਹੀਦ ਹੋ ਗਏ। ਜਰਨੈਲ ਸੁਬੇਗ ਸਿੰਘ ਵੀ ਇਕ ਦਿਨ ਪਹਿਲਾਂ ਸ਼ਹੀਦ ਹੋ ਚੁਕੇ ਸਨ। ਸੁਖਦੇਵ ਸਿੰਘ ਬਬਰ ਖਾਲਸਾ ਤੇ ਉਸ ਦੇ ਦਰਜਨ ਕੁ ਸਾਥੀ 4 ਜੂਨ ਨੂੰ ਹੀ ਕੰਧਾਂ ਟੱਪ ਕੇ ਬਚ ਕੇ ਨਿਕਲ ਗਏ ਤੇ ਅਕਾਲੀ ਚੌਧਰੀ ਫ਼ੌਜ ਦੀਆਂ ਗੱਡੀਆਂ ਵਿਚ ਸਵਾਰ ਹੋ ਕੇ ਮਹਿਫ਼ੂਜ਼ ਨਿਕਲ ਕੇ ਸਰਕਾਰੀ ਮਹਿਮਾਨ ਬਣ ਗਏ ਸਨ।

ਭਿੰਡਰਾਂਵਾਲੇ ਨੇ ਸਿਰਫ਼ ਪੌਣੇ 3 ਸਾਲ ਕੌਮ ਦੀ ਜਥੇਦਾਰੀ ਕੀਤੀ ਤੇ ਤਵਾਰੀਖ਼ ਦਾ ਆਪਣੀ ਸਦੀ ਦਾ ਸਭ ਤੋਂ ਅਹਿਮ ਹੀਰੋ ਬਣ ਗਿਆ। ਉਹ ਅਖ਼ੀਰ ਸ਼ਹੀਦ ਹੋ ਗਿਆ ਪਰ ਜੇ ਕਿਤੇ ਉਹ ਹਮਲੇ ਤੋਂ ਪਹਿਲਾਂ ਨਿਕਲ ਜਾਂਦਾ ਜਾਂ ਹਮਲੇ ਵਿਚ ਬਚ ਕੇ ਨਿਕਲ ਜਾਂਦਾ ਤੇ ਕੌਮ ਦੀ ਅਗਵਾਈ ਕਰਦਾ ਤਾਂ ਸ਼ਾਇਦ ਸਿੱਖ ਇਕ ਵਾਰ ਤਾਂ ਆਪਣੇ ਆਜ਼ਾਦ ਮੁਲਕ ਵਿਚ ਵਿਚਰ ਰਹੇ ਹੁੰਦੇ। ਇਹ ਵਖਰੀ ਗੱਲ ਹੈ ਕਿ ਉਸ ਮੁਲਕ ਵਿਚ ਖ਼ੂਬ ਕਤਲੋਗਾਰਤ ਵੀ ਹੋ ਸਕਦੀ ਸੀ। ਕੁਝ ਵੀ ਹੈ, ਭਿੰਡਰਾਂਵਾਲਾ ਇਕ ਬਹਿਸ-ਗੋਚਰੀ ਸ਼ਖ਼ਸੀਅਤ ਹੋਣ ਦੇ ਬਾਵਜੂਦ ਵੀ, ਲੋਕ-ਹੀਰੋ (ਕੌਮੀ-ਹੀਰੋ) ਬਣ ਕੇ ਜੀਵਿਆ ਤੇ ਸ਼ਹੀਦ ਹੋਇਆ।

1987: ਰਣਜੀਤ ਸਿੰਘ ਰਾਣਾ ਠਰੂ ਤੇ ਇੰਦਰਪਾਲ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

25 ਅਗਸਤ 1987 ਦੇ ਦਿਨ ਪੰਜਾਬ ਪੁਲਸ ਨੇ ਰਣਜੀਤ ਸਿੰਘ ਰਾਣਾ (ਪੁੱਤਰ ਗੁਰਦੀਪ ਸਿੰਘ) ਠਰੂ ਤੇ ਉਸ ਦਾ ਭਰਾ ਇੰਦਰਪਾਲ ਸਿੰਘ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਜਗਦੇਵ ਸਿੰਘ ਤਲਵੰਡੀ ਅਕਾਲੀ ਦਲ ਦਾ ਪ੍ਰਧਾਨ ਬਣਿਆ

ਮਈ 1988 ਵਿਚ ਦਰਬਾਰ ਸਾਹਿਬ 'ਤੇ ਤੀਜੇ ਹਮਲੇ ਮਗਰੋਂ ਸ਼ਰੋਮਣੀ ਕਮੇਟੀ ਦੀ ਐਗਜ਼ੈਕਟਿਵ ਨੇ 30 ਮਈ 1988 ਨੂੰ ਪੰਜਾਂ ਗ੍ਰੰਥੀਆਂ (ਜਸਬੀਰ ਸਿੰਘ, ਪੂਰਨ ਸਿੰਘ, ਜਸਵੰਤ ਸਿੰਘ, ਕਸ਼ਮੀਰ ਸਿੰਘ, ਸਵਿੰਦਰ ਸਿੰਘ) ਨੂੰ ਬਰਤਰਫ਼ ਕਰ ਦਿਤਾ। ਸ਼੍ਰੋਮਣੀ ਕਮੇਟੀ ਦੇ

ਐਕਟਿੰਗ ਪ੍ਰਧਾਨ ਮੱਲ ਸਿੰਘ ਘੁਮਾਣ ਨੂੰ ਗ੍ਰਿਫ਼ਤਾਰ ਕਰ ਕੇ ਸਰਕਾਰ ਨੇ ਜ਼ੋਰ ਪਾਇਆ ਕਿ ਇਹ ਬਰਖਾਸਤਗੀ ਨਾ ਕੀਤੀ ਜਾਵੇ ਪਰ ਉਸ ਨੇ ਮੀਟਿੰਗ ਖ਼ਤਮ ਹੋਣ ਤੋਂ ਪਹਿਲਾਂ ਹੀ ਇਨ੍ਹਾਂ ਹੁਕਮਾਂ 'ਤੇ ਦਸਤਖ਼ਤ ਕਰ ਦਿੱਤੇ ਸਨ। ਅਕਾਲੀਆਂ ਵਲੋਂ ਸਰਕਾਰ ਦੀ ਗੱਲ ਨਾ ਮੰਨਣ ਕਰ ਕੇ ਉਨ੍ਹਾਂ ਦੇ ਆਗੂਆਂ ਸੁਰਜਨ ਸਿੰਘ ਠੇਕੇਦਾਰ, ਸੁਖਜਿੰਦਰ ਸਿੰਘ, ਪਰਕਾਸ਼ ਸਿੰਘ ਬਾਦਲ, ਸੁਖਦੇਵ ਸਿੰਘ ਢੀਡਸਾ, ਕੁਲਦੀਪ ਸਿੰਘ ਵਡਾਲਾ ਤੇ ਕੁਝ ਹੋਰ ਅਕਾਲੀਆਂ ਨੂੰ ਪੰਜਾਬ ਤੋਂ ਦੂਰ ਦੀਆਂ ਜੇਲ੍ਹਾਂ ਵਿਚ ਭੇਜ ਦਿਤਾ ਗਿਆ।

ਜਸਬੀਰ ਸਿੰਘ ਰੋਡੇ ਨੂੰ ਅਕਾਲ ਤਖ਼ਤ ਸਾਹਿਬ ਤੋਂ ਸਰਬਰਾਹੀ ਤੋਂ ਬਰਖਾਸਤ ਕੀਤੇ ਜਾਣ 'ਤੇ ਉਸ ਦਾ ਦਾਦਾ ਬਾਬਾ ਜੋਗਿੰਦਰ ਸਿੰਘ ਬੌਖ਼ਲਾ ਗਿਆ। ਉਸ ਨੇ ਆਪਣੇ ਸਾਥੀਆਂ ਦੀ ਮੀਟਿੰਗ 26 ਜੂਨ ਨੂੰ ਗੁਰਦੁਆਰਾ ਆਲਮਗੀਰ 'ਚ ਕੀਤੀ। ਇਸ ਮੀਟਿੰਗ 'ਚ ਬਾਬਾ ਪਰਿਵਾਰ ਤੋਂ ਇਲਾਵਾ ਅਜੀਤ ਸਿੰਘ ਪਰਵਾਰ ਵਿਛੋੜਾ, ਜਗਦੇਵ ਸਿੰਘ ਖੁੱਡੀਆਂ ਤੇ ਸੁੱਚਾ ਸਿੰਘ ਛੋਟੇਪੁਰ ਪੁੱਜੇ। ਬਾਬੇ ਨੇ ਮਨਜੀਤ ਸਿੰਘ, ਸ਼ਮਿੰਦਰ ਸਿੰਘ, ਮਲ ਸਿੰਘ ਘੁਮਾਣ, ਉਜਾਗਰ ਸਿੰਘ ਰੰਘਰੇਟਾ, ਸ਼ਿਵ ਸਿੰਘ ਖੁਸ਼ੀਪੁਰ, ਹਰੀ ਸਿੰਘ ਆਰੇਵਾਲਾ ਤੇ ਪੂਰਨ ਸਿੰਘ ਜੋਸ਼ ਨੂੰ 6-6 ਸਾਲ ਵਾਸਤੇ ਅਕਾਲੀ ਦਲ 'ਚੋਂ ਕੱਢਣ ਦਾ (ਹਾਸੋਹੀਣਾ) ਐਲਾਨ ਕਰ ਦਿਤਾ (ਇਹ ਸਾਰੇ ਕਦੋਂ ਦੇ ਪਾਰਟੀ ਛੱਡ ਚੁਕੇ ਸਨ)। ਅਗਲੇ ਦਿਨ ਹੀ 27 ਜੂਨ ਨੂੰ ਅਕਾਲੀ ਪਾਰਟੀ ਦੇ ਸੀਨੀਅਰ ਆਗੂਆਂ ਨੇ ਇਸ 'ਰੋਡੇ ਪੰਚਾਇਤ' ਦੀ ਮੀਟਿੰਗ ਆਖ ਕੇ ਰੱਦ ਕਰ ਦਿਤਾ ਤੇ ਇਸ ਨੂੰ 'ਫ਼ਰਾਡ' ਤੇ 'ਗ਼ੈਰ-ਕਾਨੂੰਨੀ' ਕਿਹਾ। ਅਕਾਲੀ ਆਗੂਆਂ ਮੁਤਾਬਿਕ ਆਲਮਗੀਰ ਦੀ ਮੀਟਿੰਗ ਵਿਚ ਸਾਂਝੇ ਅਕਾਲੀ ਦਲ ਦੀਤੋਂ ਮਗਰੋਂ, ਸਿਰਫ਼ ਇਕ ਸਾਲ ਪਹਿਲਾਂ ਬਣਿਆ, ਸਾਂਝਾ ਅਕਾਲੀ ਦਲ ਟੁੱਟ ਗਿਆ; ਬਾਬ ਜੋਗਿੰਦਰ ਸਿੰਘ ਅਤੇ ਉਸ ਦੇ ਕੁਝ ਵਫ਼ਾਦਰਾਂ ਨੇ ਆਪਣਾ ਵਖਰਾ ਦਲ ਕਇਮ ਕਰ ਲਿਆ ਅਤੇ ਇਸ ਮਗਰੋਂ 25 ਅਗਸਤ 1988 ਦੇ ਦਿਨ ਅਕਾਲੀ ਪਾਰਟੀ ਦੇ ਬਾਕੀ ਆਗੂਆਂ ਨੇ ਜਗਦੇਵ ਸਿੰਘ ਤਲਵੰਡੀ ਨੂੰ ਆਪਣਾ ਪ੍ਰਧਾਨ ਚੁਣ ਲਿਆ; ਜੇਲ੍ਹ ਵਿਚ ਹੋਣ ਕਾਰਨ ਜਥੇਦਾਰ ਤਲਵੰਡੀ ਇਸ ਮੀਟਿੰਗ ਵਿਚ ਖ਼ੁਦ ਆਪ ਹਾਜ਼ਿਰ ਨਹੀਂ ਸੀ।

1990: ਕੁਲਵੰਤ ਸਿੰਘ ਜਾਤੀ ਉਮਰਾ, ਬਲਦੇਵ ਸਿੰਘ ਬਿੱਲਾ ਫ਼ੈਸਲਾਬਾਦ, ਸਰਬਜੀਤ ਸਿੰਘ ਸੀਤਾ ਬਟਾਲਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

25 ਅਗਸਤ 1990 ਦੇ ਦਿਨ ਪੰਜਾਬ ਪੁਲਸ ਨੇ ਕੁਲਵੰਤ ਸਿੰਘ ਬਬਰ (ਵਾਸੀ ਜਾਤੀ ਉਮਰਾ), ਬਲਦੇਵ ਸਿੰਘ ਬਿੱਲਾ ਬਬਰ (ਵਾਸੀ ਫ਼ੈਸਲਾਬਾਦ, ਗੁਰਦਾਸਪੁਰ), ਸਰਬਜੀਤ ਸਿੰਘ ਸੀਤਾ (ਵਾਸੀ ਨਾਨਕ ਨਗਰ, ਬਟਾਲਾ) ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1991: ਦਰਜਨਾਂ ਸਿੱਖ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

25 ਅਗਸਤ 1991 ਦੇ ਦਿਨ ਪੰਜਾਬ ਪੁਲਸ ਨੇ ਗੁਰਬਖਸ ਸਿੰਘ ਉਰਫ਼ ਬੰਦਾ ਸਿੰਘ ਬਹਾਦਰ ਉਰਫ਼ ਗੁਰਨਾਮ ਸਿੰਘ (ਵਾਸੀ ਬੇਦੀ ਨਗਰ, ਮੋਗਾ), ਤਰਸੇਮ ਸਿੰਘ (ਰਬੈਰੋਂ ਕਾਂਡ) ਵਾਸੀ ਤੇਜਾ ਵਹੀਲਾ, ਜਸਬੀਰ ਸਿੰਘ ਪਿੰਕਾ (ਵਾਸੀ ਕਮਾਲਪੁਰਾ), ਬਾਵਾ ਸਿੰਘ ਬੁਲਾਰਾ ਅਤੇ ਉਸ ਦੀ ਪਤਨੀ ਬੀਬੀ ਬਚਨ ਕੌਰ (ਵਾਸੀ ਬੁਲਾਰਾ, ਅੰਮ੍ਰਿਤਸਰ), ਸਰਵਨ ਸਿੰਘ ਕਲਸੀ ਪੱਪੂ (ਪੁੱਤਰ ਗੁਰਮੁੱਖ ਸਿੰਘ, ਵਾਸੀ ਦੋਦੇ ਕਲਸੀ, ਅੰਮ੍ਰਿਤਸਰ), ਬਲਜੀਤ ਸਿੰਘ ਉਰਫ਼ ਬੰਬ (ਪੁੱਤਰ ਸੁਰਜੀਤ ਸਿੰਘ, ਵਾਸੀ ਢੱਕ ਮਾਜਰਾ, ਜਲੰਧਰ), ਬਲਵਿੰਦਰ ਸਿੰਘ (ਵਾਸੀ ਬੱਚੀਵਿੰਡ, ਅੰਮ੍ਰਿਤਸਰ), ਗੁਰਜੀਤ ਸਿੰਘ ਬਿੱਲਾ (ਵਾਸੀ ਕਾਮਾ), ਪ੍ਰੀਤਮ ਸਿੰਘ ਪ੍ਰੀਤ ਤਾਸੀ ਉਚੀ ਰੱਬੋਂ), ਸੁਰਿੰਦਰ ਸਿੰਘ ਛਿੰਦੀ (ਪੁੱਤਰ ਜਗਤ ਸਿੰਘ, ਵਾਸੀ ਖਿਲਚੀਆਂ, ਅੰਮ੍ਰਿਤਸਰ), ਬਲਬੀਰ ਸਿੰਘ ਉਰਫ਼ ਬਾਬਾ ਗਰਜਾ ਸਿੰਘ (ਵਾਸੀ ਭਰੂਰ, ਸੰਗਰੂਰ), ਮੱਘਰ ਸਿੰਘ ਬਬਰ (ਵਾਸੀ ਲਾਡੇਵਾਲ,

ਸੰਗਰੂਰ), ਕੁਲਵੰਤ ਸਿੰਘ (ਵਾਸੀ ਭਰੂਰ, ਸੰਗਰੂਰ), ਜਗਤਾਰ ਸਿੰਘ ਧਮਾਕਾ (ਵਾਸੀ ਢੀਮ ਨੰਗਲ, ਅੰਮ੍ਰਿਤਸਰ), ਰਣਧੀਰ ਸਿੰਘ ਧੀਰਾ (ਵਾਸੀ ਮੱਖਣਵਿੰਡੀ), ਤਰਸੇਮ ਸਿੰਘ ਲਾਡੀ (ਵਾਸੀ ਠੱਠੀਆਂ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

26 ਅਗਸਤ

1661: ਭਾਈ ਦਯਾ ਸਿੰਘ ਪਿਆਰਾ ਦਾ ਜਨਮ ਹੋਇਆ

ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਵਿਸਾਖੀ ਦੇ ਦਿਹਾੜੇ ਅਨੰਦਪੁਰ ਸਾਹਿਬ ਵਿਚ 'ਸੀਸ ਭੇਟ' ਕੌਤਕ ਕਰਨ ਵੇਲੇ ਸਭਤੋਂ ਪਹਿਲਾਂ ਆਪਣਾ ਸੀਸ ਭੇਟ ਕਰਨ ਦਾ ਮਾਣ ਭਾਈ ਦਯਾ ਰਾਮ ਸੋਬਤੀ, ਪੁੱਤਰ ਭਾਈ ਸੁੱਧਾ, ਵਾਸੀ ਸਿਆਲਕੋਟ, ਨੂੰ ਹਾਸਿਲ ਹੋਇਆ ਸੀ। ਦਯਾ ਰਾਮ, 16 ਸਾਲ ਦੀ ਉਮਰ ਵਿਚ, 1677 ਵਿਚ ਅਨੰਦਪੁਰ ਸਾਹਿਬ ਆਇਆ ਸੀ ਅਤੇ ਉਦੋਂ ਤੋਂ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਕੋਲ ਰਹਿ ਰਿਹਾ ਸੀ; ਉਹ ਭੰਗਾਣੀ, ਨਦੌਣ ਅਤੇ ਹੋਰ ਜੰਗਾਂ ਵਿਚ ਸ਼ਾਮਿਲ ਵੀ ਹੋਇਆ ਸੀ। ਖੰਡੇ ਦੀ ਪਾਹੁਲ ਲੈਣ ਮਗਰੋਂ ਦਯਾ ਰਾਮ ਦਾ ਨਾਂ ਦਯਾ ਸਿੰਘ ਰੱਖਿਆ ਗਿਆ ਸੀ। ਖੰਡੇ ਦੀ ਪਾਹੁਲ ਸਬੰਧੀ 'ਭੱਟ ਵਹੀ ਭਾਦਸੋਂ ਪਰਗਨਾ ਥਾਨੇਸਰ' ਵਿਚ ਇਕ ਇੰਦਰਾਜ ਇੰਝ ਮਿਲਦਾ ਹੈ: *"ਗੁਰੂ ਗੋਬਿੰਦ ਸਿੰਘ ਮਹਲ ਦਸਮਾਂ ਬੇਟਾ ਗੁਰੂ ਤੇਗ ਬਹਾਦਰ ਜੀ ਕਾ ਸਾਲ ਸਤਰਾਂ ਸੈ ਪਚਾਵਨ ਮੰਗਲਵਾਰ ਵੈਸਾਖੀ ਕੇ ਦਿੰਹੁ ਪਾਂਚ ਸਿਖੋਂ ਕੋ ਕਾਂਡੇ ਕੀ ਪਾਹੁਲ ਦੀ ਸਿੰਘ ਨਾਮ ਰਾਖਾ। ਪ੍ਰਿਥਮੈ ਦੈਆ ਰਾਮ ਸੋਪਤੀ ਖਤਰੀ ਬਾਸੀ ਲਾਹੌਰ ਆ ਖਲਾ ਹੂਆ। ਪਾਛੈ ਮੋਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ ਜ਼ਫਰਾਬਾਦ, ਧਰਮ ਚੰਦ ਜਵੰਦਾ ਜਾਟ ਬਾਸੀ ਹਸਤਨਾਪੁਰ, ਹਿੰਮਤ ਚੰਦ ਝੀਵਰ ਬਾਸੀ ਜਗਨਨਾਥ ਬਾਰੋ ਬਾਰੀ ਖਲੇ ਹੁਏ। ਸਬ ਕੋ ਨੀਲ ਅੰਬਰ ਪਹਿਨਾਇਆ। ਵਹੀ ਭੇਸ ਅਪਨਾ ਕੀਆ। ਹੁੱਕਾ, ਹਲਾਲ, ਹਜਾਮਤ ਹਰਾਮ, ਟਿੱਕਾ ਜੰਞੂ ਧੋਤੀ ਕਾ ਤਿਆਗ ਕਰਾਇਆ। ਮੀਣੇ ਧੀਰਮਲੀਏ ਰਾਮ ਰਾਈਏ, ਸਿਰਗੁੰਮ, ਮਸੰਦਾਂ ਕੀ ਵਰਤਨ ਬੰਦ ਕੀ। ਕੰਘਾ, ਕਰਦ, ਕੇਸਗੀ, ਕੜਾ, ਕਛਹਿਰਾ ਸਭ ਕੋ ਦੀਆ। ਸਭ ਕੇਸਧਾਰੀ ਕੀਏ।* "ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਵਿਸਾਖੀ ਦੇ ਦਿਹਾੜੇ ਅਨੰਦਪੁਰ ਸਾਹਿਬ ਵਿਚ 'ਸੀਸ ਭੇਟ' ਕੌਤਕ ਕਰਨ ਵੇਲੇ ਸਭਤੋਂ ਪਹਿਲਾਂ ਆਪਣਾ ਸੀਸ ਭੇਟ ਕਰਨ ਦਾ ਮਾਣ ਭਾਈ ਦਯਾ ਰਾਮ ਸੋਬਤੀ, ਪੁੱਤਰ ਭਾਈ ਸੁੱਧਾ, ਵਾਸੀ ਸਿਆਲਕੋਟ, ਨੂੰ ਹਾਸਿਲ ਹੋਇਆ ਸੀ। ਦਯਾ ਰਾਮ, 16 ਸਾਲ ਦੀ ਉਮਰ ਵਿਚ, 1677 ਵਿਚ ਅਨੰਦਪੁਰ ਸਾਹਿਬ ਆਇਆ ਸੀ ਅਤੇ ਉਦੋਂ ਤੋਂ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਕੋਲ ਰਹਿ ਰਿਹਾ ਸੀ; ਉਹ ਭੰਗਾਣੀ, ਨਦੌਣ ਅਤੇ ਹੋਰ ਜੰਗਾਂ ਵਿਚ ਸ਼ਾਮਿਲ ਵੀ ਹੋਇਆ ਸੀ। ਖੰਡੇ ਦੀ ਪਾਹੁਲ ਲੈਣ ਮਗਰੋਂ ਦਯਾ ਰਾਮ ਦਾ ਨਾਂ ਦਯਾ ਸਿੰਘ ਰੱਖਿਆ ਗਿਆ ਸੀ। ਖੰਡੇ ਦੀ ਪਾਹੁਲ ਸਬੰਧੀ 'ਭੱਟ ਵਹੀ ਭਾਦਸੋਂ ਪਰਗਨਾ ਥਾਨੇਸਰ' ਵਿਚ ਇਕ ਇੰਦਰਾਜ ਇੰਝ ਮਿਲਦਾ ਹੈ: *"ਗੁਰੂ ਗੋਬਿੰਦ ਸਿੰਘ ਮਹਲ ਦਸਮਾਂ ਬੇਟਾ ਗੁਰੂ ਤੇਗ ਬਹਾਦਰ ਜੀ ਕਾ ਸਾਲ ਸਤਰਾਂ ਸੈ ਪਚਾਵਨ ਮੰਗਲਵਾਰ ਵੈਸਾਖੀ ਕੇ ਦਿੰਹੁ ਪਾਂਚ ਸਿਖੋਂ ਕੋ ਕਾਂਡੇ ਕੀ ਪਾਹੁਲ ਦੀ ਸਿੰਘ ਨਾਮ ਰਾਖਾ। ਪ੍ਰਿਥਮੈ ਦੈਆ ਰਾਮ ਸੋਪਤੀ ਖਤਰੀ ਬਾਸੀ ਲਾਹੌਰ ਆ ਖਲਾ ਹੂਆ। ਪਾਛੈ ਮੋਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ ਜ਼ਫਰਾਬਾਦ, ਧਰਮ ਚੰਦ ਜਵੰਦਾ ਜਾਟ ਬਾਸੀ ਹਸਤਨਾਪੁਰ, ਹਿੰਮਤ ਚੰਦ ਝੀਵਰ ਬਾਸੀ ਜਗਨਨਾਥ ਬਾਰੋ ਬਾਰੀ ਖਲੇ ਹੁਏ। ਸਬ ਕੋ ਨੀਲ ਅੰਬਰ ਪਹਿਨਾਇਆ। ਵਹੀ ਭੇਸ ਅਪਨਾ ਕੀਆ। ਹੁੱਕਾ, ਹਲਾਲ, ਹਜਾਮਤ ਹਰਾਮ, ਟਿੱਕਾ ਜੰਞੂ ਧੋਤੀ ਕਾ ਤਿਆਗ ਕਰਾਇਆ। ਮੀਣੇ ਧੀਰਮਲੀਏ ਰਾਮ ਰਾਈਏ, ਸਿਰਗੁੰਮ, ਮਸੰਦਾਂ ਕੀ ਵਰਤਨ ਬੰਦ ਕੀ। ਕੰਘਾ, ਕਰਦ, ਕੇਸਗੀ, ਕੜਾ, ਕਛਹਿਰਾ ਸਭ ਕੋ ਦੀਆ। ਸਭ ਕੇਸਧਾਰੀ ਕੀਏ।"*

ਇਸ ਮਗਰੋਂ ਗੁਰੂ ਸਾਹਿਬ ਨੇ ਸੰਗਤਾਂ ਨੂੰ ਮੁਖ਼ਾਤਿਬ ਹੋ ਕੇ ਆਖਿਆ ਕਿ ਹੁਣ ਤੋਂ ਇਨ੍ਹਾਂ ਪੰਜਾਂ ਮਰਜੀਵੜਿਆਂ ਨੂੰ 'ਪੰਜ ਪਿਆਰੇ' ਆਖਿਆ ਜਾਇਆ ਕਰੇਗਾ। ਜਦ ਤਕ ਚੰਦ ਸੂਰਜ ਕਾਇਮ ਰਹਿਣਗੇ, ਗੁਰੂ ਨੂੰ ਸਿਰ ਭੇਟ ਕਰਨ ਵਾਲੇ ਪਹਿਲੇ ਪੰਜ ਸਿੱਖਾਂ ਦਾ ਨਾਂ ਦੁਨੀਆਂ ਭਰ 'ਚ ਕਾਇਮ ਕਰੇਗਾ। ਜਦੋਂ ਵੀ ਕੜਾਹ ਪ੍ਰਸ਼ਾਦ ਦੀ ਦੇਗ਼ ਤਿਆਰ ਹੋਇਆ ਕਰੇਗੀ, ਇਨ੍ਹਾਂ ਦਾ ਛਾਂਦਾ (ਹਿੱਸਾ) ਸਭ ਤੋਂ ਪਹਿਲਾਂ ਕੱਢਿਆ ਜਾਇਆ ਕਰੇਗਾ। ਇਸ ਪਿੱਛੋਂ ਗੁਰੂ ਸਾਹਿਬ ਨੇ ਭਾਈ ਚਉਪਤਿ ਰਾਇ ਨੂੰ ਆਖਿਆ ਕਿ ਉਹ ਸਤਲੁਜ ਵਿਚੋਂ ਸਾਫ਼ ਪਾਣੀ ਭਰ ਕੇ ਲਿਆਉਣ। ਗੁਰੂ ਜੀ ਨੇ ਦੀਵਾਨ ਧਰਮ ਚੰਦ ਛਿੱਬਰ ਨੂੰ ਪੱਥਰ ਦਾ ਕੁੰਡਾ, ਲੋਹੇ ਦਾ ਬਾਟਾ ਅਤੇ ਖੰਡਾ ਲਿਆਉਣ ਵਾਸਤੇ ਆਖਿਆ। ਗੁਰੂ ਸਾਹਿਬ ਨੇ ਪੱਥਰ ਦੇ ਕੁੰਡੇ 'ਤੇ ਲੋਹੇ ਦਾ ਬਾਟਾ ਰੱਖ ਕੇ, ਉਸ ਵਿਚ ਸਤਲੁਜ ਦਰਿਆ ਤੋਂ ਮੰਗਵਾਇਆ ਪਾਣੀ ਪਾ ਕੇ, ਪਾਹੁਲ ਤਿਆਰ ਕਰਨੀ ਸ਼ੁਰੂ ਕਰ ਦਿੱਤੀ। ਪੰਜੇ ਪਿਆਰੇ ਗੁਰੂ ਸਾਹਿਬ ਦੇ ਨੇੜੇ ਬੈਠ ਗਏ। ਗੁਰੂ ਸਾਹਿਬ ਆਪਣੇ ਹੱਥ ਨਾਲ ਖੰਡਾ ਫੇਰ ਕੇ ਪਾਹੁਲ ਤਿਆਰ ਕਰਨ ਲੱਗ ਪਏ। ਇਸ ਮਗਰੋਂ ਅਰਦਾਸ ਕੀਤੀ ਤੇ ਜੈਕਾਰਾ ਛੱਡਣ ਮਗਰੋਂ 'ਖੰਡੇ ਦੀ ਪਾਹੁਲ' ਦੇਣ ਦੀ ਰਸਮ ਸ਼ੁਰੂ ਕੀਤੀ। ਗਿਆਨੀ ਗਰਜਾ ਸਿੰਘ ਅਤੇ ਪਿਆਰਾ ਸਿੰਘ ਪਦਮ ਵੱਲੋਂ ਸੰਪਾਦਤ ਕਿਤਾਬ 'ਗੁਰੂ ਕੀਆਂ ਸਾਖੀਆਂ' ਦੇ ਲੇਖਕ ਮੁਤਾਬਿਕ ਗੁਰੂ ਸਾਹਿਬ ਨੇ ਖੰਡੇ ਨਾਲ ਪਹਿਲਾਂ ਆਪਣੇ ਮੂੰਹ ਵਿਚ ਅੰਮ੍ਰਿਤ ਦੀਆਂ ਪੰਜ ਬੂੰਦਾਂ ਪਾਈਆਂ ਤੇ ਫਿਰ ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਦਿੱਤੀ। ਪੰਜਾਂ ਪਿਆਰਿਆਂ ਨੂੰ ਪਾਹੁਲ ਦੇ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਨਵਾਂ ਨਾਂ 'ਸਿੰਘ' ਦਿਤਾ। ਪਹਿਲਾ ਗੁਰੂ ਸਾਹਿਬ ਨੇ ਆਪਣਾ ਨਾਂ 'ਗੋਬਿੰਦ ਸਿੰਘ' ਰੱਖਿਆ ਤੇ ਫੇਰ ਪੰਜ ਪਿਆਰਿਆਂ ਨੂੰ ਦਇਆ ਸਿੰਘ, ਮੁਹਕਮ ਸਿੰਘ, ਸਾਹਿਬ ਸਿੰਘ, ਧਰਮ ਸਿੰਘ, ਹਿੰਮਤ ਸਿੰਘ ਦੇ ਨਾਂ ਦਿੱਤੇ। ਇਸ ਪਿੱਛੋਂ ਆਪ ਨੇ ਉਨ੍ਹਾਂ ਨੂੰ ਰਹਿਤ-ਮਰਿਆਦਾ ਦੱਸੀ। ਗੁਰੂ ਸਾਹਿਬ ਨੇ ਆਖਿਆ ਕਿ ਹੁਣ ਤੁਹਾਡਾ ਪਿਛਲਾ ਜਨਮ, ਧਰਮ, ਕਰਮ, ਭਰਮ ਤੇ ਸ਼ਰਮ ਪੰਜੇ ਖ਼ਤਮ ਹੋ ਗਈਆਂ ਹਨ। ਹੁਣ ਤੁਸੀਂ ਅਕਾਲ ਪੁਰਖ ਦਾ ਖ਼ਾਲਸਾ ਹੋ। ਤੁਸੀਂ 'ਪੰਜ ਕਕਾਰਾਂ' ਨੂੰ ਹਮੇਸ਼ਾ ਆਪਣੇ ਅੰਗ ਰੱਖਣਾ। ਚਾਰ ਬਜਰ ਕੁਰਹਿਤਾਂ ਤੋਂ ਬਚਣਾ (ਕੇਸਾਂ ਦੀ ਬੇਅਦਬੀ ਨਹੀਂ ਕਰਨਾ, ਕੁੱਠਾ ਮਾਸ ਨਹੀਂ ਖਾਣਾ, ਤਮਾਕੂ ਨਹੀਂ ਵਰਤਣਾ ਤੇ ਪਰ-ਨਾਰੀ ਦਾ ਸੰਗ ਨਹੀਂ ਕਰਨਾ)। ਬਜਰ ਕੁਰਹਿਤ ਕਰਨ ਵਾਲਾ ਪਤਿਤ ਹੋ ਜਾਏਗਾ ਅਤੇ ਉਸ ਨੂੰ ਤਨਖ਼ਾਹ ਲੁਆ ਕੇ, ਇਸ ਨੂੰ ਭੁਗਤਣ ਮਗਰੋਂ ਦੁਬਾਰਾ ਖੰਡੇ ਦੀ ਪਾਹੁਲ ਲੈਣੀ ਪਏਗੀ । ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ ਤੇ ਸਿਰਗੁੰਮ (ਮੋਨੇ); ਇਨ੍ਹਾਂ ਪੰਜਾਂ ਨਾਲ ਮੇਲ ਨਹੀਂ ਰੱਖਣਾ। ਗੋਰ (ਕਬਰ), ਮੜ੍ਹੀ (ਸਮਾਧ), ਮੱਠ (ਜਠੇਰਿਆਂ ਦੀਆਂ ਸਮਾਧਾਂ) ਭੁੱਲ ਕੇ ਨਹੀਂ ਮੰਨਣਾ। ਤੁਹਾਨੂੰ ਸੁਨਹਿਰੇ ਵਿਚ ਰਲਾ ਦਿੱਤਾ ਹੈ। ਆਪਸ 'ਚ ਭਰਮ ਭੇਦ ਨਹੀਂ ਰੱਖਣਾ।

ਭਾਈ ਦਯਾ ਸਿੰਘ ਨੇ ਤਾਂ 1677 ਤੋਂ ਮਗਰੋਂ ਸਾਰਾ ਸਮਾਂ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਬਿਤਾਇਆ ਸੀ। 5 ਤੇ 6 ਦਸੰਬਰ 1705 ਦੀ ਰਾਤ ਨੂੰ ਜਦ ਗੁਰੂ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਭਾਈ ਦਯਾ ਸਿੰਘ ਗੁਰੂ ਸਾਹਿਬ ਦੇ ਨਾਲ ਹੀ ਸੀ ਤੇ 7 ਦਸੰਬਰ ਨੂੰ ਚਮਕੌਰ ਵਿਚ ਵੀ ਉਹ ਗੁਰੂ ਸਾਹਿਬ ਦੇ ਅੰਗ-ਸੰਗ ਸੀ। ਉਹ 1706 ਵਿਚ ਗੁਰੂ ਸਾਹਿਬ ਦੇ ਨਾਲ ਤਲਵੰਡੀ ਸਾਬੋ ਵਿਚ ਹੀ ਰਿਹਾ ਸੀ ਅਤੇ ਜਦ ਗੁਰੂ ਸਾਹਿਬ ਦੱਖਣ ਗਏ ਤਾਂ ਵੀ ਉਹ ਨਾਲ ਸੀ। ਔਰੰਗਜ਼ੇਬ ਨੂੰ ਗੁਰੂ ਸਹਿਬ ਦੀ ਚਿੱਠੀ ਪਹੁੰਚਾਉਣ ਦੀ ਸੇਵਾ ਵੀ ਉਸ ਨੇ ਭਾਈ ਧਰਮ ਸਿੰਘ ਦੇ ਨਾਲ ਰਲ ਕੇ ਨਿਭਾਈ ਸੀ। ਗੁਰੂ ਗੋਬਿੰਦ ਸਾਹਿਬ 6-7 ਅਕਤੂਬਰ 1708 ਦੀ ਰਾਤ ਨੂੰ ਜੋਤੀ-ਜੋਤਿ ਸਮਾ ਗਏ; ਭਾਈ ਦਯਾ ਸਿੰਘ ਗੁਰੂ ਸਾਹਿਬ ਤੋਂ ਵਿਛੋੜਾ ਨਾ ਸਹਿ ਸਕਿਆ ਅਤੇ ਇਸ ਤੋਂ ਥੋੜ੍ਹੇ ਚਿਰ ਮਗਰੋਂ ਹੀ ਦੀ ਵੀ ਮੌਤ ਨੰਦੇੜ ਵਿਚ ਹੀ ਹੋ ਗਈ (ਉਸ ਨੂੰ 31 ਸਾਲ ਗੁਰੂ ਸਾਹਿਬ ਦੀ ਸੰਗਤ ਵਿਚ ਰਹਿਣ ਦਾ ਮਾਣ ਹਾਸਿਲ ਹੋਇਆ ਸੀ)।

1931: ਸ਼੍ਰੋਮਣੀ ਅਕਾਲੀ ਦਲ ਨੇ ਡਸਕਾ ਮੋਰਚਾ ਲਾਉਣ ਦਾ ਫ਼ੈਸਲਾ ਕੀਤਾ

ਡਸਕਾ (ਪਾਕਿਸਤਾਨ ਦੇ ਜ਼ਿਲ੍ਹਾ ਸਿਆਲਕੋਟ ਵਿਚ) ਕਸਬੇ ਵਿਚ ਭਾਈ ਵਰਿਆਮ ਸਿੰਘ ਦਾ ਗੁਰਦੁਆਰਾ ਹੈ। ਉੱਥੋਂ ਦੇ ਇੰਤਜ਼ਾਮ ਸਬੰਧੀ ਕੁਝ ਚਿਰ ਤੋਂ ਹਿੰਦੂਆਂ ਅਤੇ ਸਿੱਖਾਂ ਵਿਚ ਝਗੜਾ ਚਲਦਾ ਆਉਂਦਾ ਸੀ। ਗੁਰਦੁਆਰੇ ਦਾ ਇੰਤਜ਼ਾਮ ਸਿੱਖਾਂ ਕੋਲ ਸੀ ਤੇ ਦੁਕਾਨਾਂ ਹਿੰਦੂਆਂ ਕੋਲ ਸਨ। ਸਿੱਖਾਂ ਨੇ ਹਿੰਦੂਆਂ ਤੋਂ ਦੁਕਾਨਾਂ ਦਾ ਕਬਜ਼ਾ ਲੈਣ ਦੀ ਕੋਸ਼ਿਸ਼ ਕੀਤੀ ਪਰ ਉਹ ਅਦਾਲਤੀ ਤਰੀਕੇ ਨਾਲ ਕਾਮਯਾਬ ਨਾ ਹੋ ਸਕੇ। ਇਸ 'ਤੇ ਬਾਬਾ ਖੜਕ ਸਿੰਘ ਨੇ ਮੋਰਚਾ ਲਾਉਣ ਦਾ ਐਲਾਨ ਕਰ ਦਿਤਾ। ਮਾਸਟਰ ਤਾਰਾ ਸਿੰਘ ਚਾਹੁੰਦੇ ਸਨ ਕਿ ਪਹਿਲਾਂ ਅਦਾਲਤ ਵਿਚ ਅਪੀਲ ਕੀਤੀ ਜਾਵੇ ਤੇ ਫੇਰ ਮੋਰਚਾ ਲਾਇਆ ਜਾ ਸਕਦਾ ਹੈ। ਪਰ ਬਾਬਾ ਖੜਕ ਸਿੰਘ, ਹਮੇਸ਼ਾ ਵਾਂਗ, ਆਪਣੀ ਜ਼ਿਦ 'ਤੇ ਅੜ ਗਏ। ਉਹ 17 ਅਗਸਤ 1931 ਦੇ ਦਿਨ 25 ਸਿੱਖਾਂ ਦਾ ਜਥਾ ਲੈ ਕੇ ਜੇਲ੍ਹ ਚਲੇ ਗਏ। ਇਸ ਤੋਂ ਮਗਰੋਂ ਕੋਈ ਹੋਰ ਜਥਾ ਨਾ ਗਿਆ। ਬਾਬਾ ਖੜਕ ਸਿੰਘ ਦੇ ਪਿਛੋਂ ਕਿਸ ਵਲੋਂ ਵੀ ਗ੍ਰਿਫ਼ਤਾਰੀ ਨਾ ਦੇਣਾ ਬਾਬਾ ਖੜਕ ਸਿੰਘ ਹੀ ਨਹੀਂ ਬਲਕਿ ਅਕਾਲੀ ਦਲ ਦੀ ਵੀ ਬੇਇਜ਼ਤੀ ਸੀ। ਇਹ ਵੇਖ ਕੇ ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ 27 ਅਗਸਤ 1931 ਨੂੰ ਬੁਲਾ ਲਈ। ਇਸ ਮੀਟਿੰਗ ਵਿਚ ਮਤਾ ਪਾਸ ਕੀਤਾ ਗਿਆ ਕਿ ਬਾਬਾ ਖੜਕ ਸਿੰਘ ਦੀ ਇੱਜ਼ਤ ਰੱਖਣ ਵਾਸਤੇ ਮੋਰਚਾ ਲਾਇਆ ਜਾਵੇ।

1980: ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਨੇ ਦਰਬਾਰ ਸਾਹਿਬ ਦੇ ਉਪਰਲੇ ਹਾਲ ਵਿਚ ਬੀਬੀ ਕਿਸ਼ਨ ਕੌਰ ਦਾ ਕੀਰਤਨ ਕਰਵਾਇਆ

ਭਾਵੇਂ 1920 ਵਿਚ ਸਿੱਖਾਂ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰ ਲਿਆ ਸੀ ਪਰ 1986 ਤੋਂ ਦਰਬਾਰ ਸਾਹਿਬ 'ਤੇ ਜਥਾ ਭਿੰਡਰਾਂ (ਚੌਕ ਮਹਿਤਾ ਡੇਰਾ) ਦੇ ਨਿਰਮਲੇ ਅਤੇ ਉਦਾਸੀ ਪੁਜਾਰੀਆਂ ਦਾ ਕਬਜ਼ਾ ਹੋ ਗਿਆ ਸੀ। ਇਸ ਜਥੇ ਦੇ ਗ੍ਰੰਥੀਆਂ ਤੇ ਪੁਜਾਰੀਆਂ ਨੇ ਦਰਬਾਰ ਸਾਹਿਬ ਵਿਚ ਸਿੱਖੀ ਅਸੂਲਾਂ ਦੇ ਉਲਟ ਬਹੁਤ ਸਾਰੀਆਂ ਬ੍ਰਾਹਮਣੀ ਰਿਵਾਇਤਾਂ ਕਾਇਮ ਕਰ ਲਈਆਂ ਹਨ। ਇਨ੍ਹਾਂ ਵਿਚੋਂ ਇਕ ਧੱਕਾ ਇਹ ਵੀ ਹੈ ਕਿ ਪੁਜਾਰੀਆਂ ਬੀਬੀਆਂ ਨੂੰ ਦਰਾਬਰ ਸਾਹਿਬ ਵਿਚ ਕੀਰਤਨ ਤੇ ਹਰ ਸੇਵਾ ਨਹੀਂ ਕਰਨ ਦੇਂਦੇ; ਇਹ ਗੁਰੂ ਨਾਨਕ ਸਾਹਿਬ ਦੀ ਸਿੱਖਿਆ ਦੇ ਮੂਲੋਂ ਹੀ ਉਲਟ ਹੈ। ਇਸ ਦੇ ਖ਼ਿਲਾਫ਼ ਸਿੱਖ ਕਈ ਚਿਰ ਤੋਂ ਜਦੋਜਹਿਦ ਕਰ ਰਹੇ ਹਨ ਪਰ ਕਿਉਂ ਕਿ ਜਥਾ ਭਿੰਡਰਾਂ (ਚੌਕ ਮਹਿਤਾ ਡੇਰਾ), ਯਾਨਿ ਨਿਰਮਲੇ ਅਤੇ ਉਦਾਸੀ ਪੁਜਾਰੀਆਂ, ਦੇ ਕਬਜ਼ੇ ਤੋਂ ਦਰਬਾਰ ਸਾਹਿਬ ਅਜੇ ਤਕ ਆਜ਼ਾਦ ਨਹੀਂ ਕਰਵਾਇਆ ਜਾ ਸਕਿਆ ਅਤੇ ਹਿੰਦੂ ਬ੍ਰਾਹਮਣੀ ਰੀਤਾਂ ਦਾ ਉਥੇ ਬੋਲਬਾਲਾ ਹੈ। ਭਾਵੇਂ ਹੋਰ ਕੋਈ ਜਥਾ ਇਸ ਵਾਸਤੇ ਜੁਰਅਤ ਨਾਲ ਅੱਗੇ ਨਹੀਂ ਆਉਂਦਾ ਪਰ 26 ਅਗਸਤ 1980 ਦੇ ਦਿਨ ਨਿਹਾਲ ਸਿੰਘ ਮੁਖੀ ਤਰੁਣਾ ਦਲ ਨਿਹੰਗ ਜਥਾ ਨੇ ਦਰਬਾਰ ਸਾਹਿਬ ਦੀ ਉਪਰਲੀ ਮੰਜ਼ਲ ਵਿਚ ਬੀਬੀ ਕਿਸ਼ਨ ਕੌਰ ਤੋਂ ਕੀਰਤਨ ਜ਼ਰੂਰ ਕਰਵਾ ਲਿਆ ਸੀ। ਦੇਖੋ ਦਰਬਾਰ ਸਾਹਿਬ ਨਿਰਮਲੇ ਅਤੇ ਉਦਾਸੀ ਪੁਜਾਰੀਆਂ ਤੋਂ ਕਦੋਂ ਅਜ਼ਾਦ ਹੁੰਦਾ ਹੈ।

1987: ਗੁਰਮੀਤ ਸਿੰਘ ਚਹੇੜੂ ਤੇ ਰਤਨ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

26 ਅਗਸਤ 1987 ਦੇ ਦਿਨ ਪੰਜਾਬ ਪੁਲਸ ਨੇ ਖਾਲਿਸਤਾਨੀ ਲਹਿਰ ਦੇ ਇਕ ਵੱਡੇ ਥੰਮ੍ਹ ਗੁਰਮੀਤ ਸਿੰਘ ਚਹੇੜੂ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸ ਨਾਲ ਲਹਿਰ ਨੂੰ ਇਕ ਨਾ ਪੂਰਾ ਹੋਣ ਵਾਲਾ ਘਾਟਾ ਪਿਆ।ਇਸੇ ਦਿਨ ਇਕ ਹੋਰ ਸਿੱਖ ਨੌਜਵਾਨ ਰਤਨ ਸਿੰਘ ਨੂੰ ਵੀ ਨਕਲੀ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ।

1989: ਸਤਨਾਮ ਸਿੰਘ ਸੱਤਾ ਭਰੋਵਾਲ, ਹਜ਼ੂਰਾ ਸਿੰਘ ਬੋਹ, ਕਸ਼ਮੀਰ ਸਿੰਘ ਵੇਰਕਾ, ਬਲਵਿੰਦਰ ਸਿੰਘ ਬਿੱਲਾ ਮਾਹਣੇ ਮੱਲੀਆਂ, ਜਸਬੀਰ ਸਿੰਘ ਪਿੰਕਾ ਮੋਹਾਲੀ, ਰਣਜੀਤ ਸਿੰਘ ਸੋਹਲ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

26 ਅਗਸਤ 1989 ਦੇ ਦਿਨ ਪੰਜਾਬ ਪੁਲਸ ਨੇ ਸਤਨਾਮ ਸਿੰਘ ਸੱਤਾ ਉਰਫ਼ ਛੋਟਾ ਬ੍ਰਹਮਾ (ਵਾਸੀ ਭਰੋਵਾਲ, ਅੰਮ੍ਰਿਤਸਰ), ਹਜ਼ੂਰਾ ਸਿੰਘ (ਵਾਸੀ ਬੋਹ, ਅੰਮ੍ਰਿਤਸਰ), ਕਸ਼ਮੀਰ ਸਿੰਘ ਵੇਰਕਾ, ਬਲਵਿੰਦਰ ਸਿੰਘ ਬਿੱਲਾ (ਵਾਸੀ ਮਾਹਣੇ ਮੱਲੀਆਂ, ਅੰਮ੍ਰਿਤਸਰ), ਜਸਬੀਰ ਸਿੰਘ ਪਿੰਕਾ (ਵਾਸੀ ਮੋਹਾਲੀ), ਰਣਜੀਤ ਸਿੰਘ (ਵਾਸੀ ਸੋਹਲ ਗੁਰਦਾਸਪੁਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਇਕਬਾਲ ਸਿੰਘ ਰੌਂਤਾ ਤੇ ਜਗਜੀਤ ਸਿੰਘ ਅਕਲੀਆ ਨਕਲੀ ਮੁਕਾਬਲੇ ਵਿਚ ਸ਼ਹੀਦ

26 ਅਗਸਤ 1990 ਦੇ ਦਿਨ ਪੰਜਾਬ ਪੁਲਸ ਨੇ ਇਕਬਾਲ ਸਿੰਘ ਮਿੰਨੀ ਬਾਬਾ (ਵਾਸੀ ਰੌਂਤਾ) ਤੇ ਜਗਜੀਤ ਸਿੰਘ ਚੰਡੀਗੜ੍ਹੀਆ (ਵਾਸੀ ਅਕਲੀਆ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਕੁਲਵੰਤ ਸਿੰਘ ਕੇਹਰੀ ਚਹਾਲਾ, ਗੁਰਮੀਤ ਸਿੰਘ ਤੇ ਦਯਾ ਸਿੰਘ ਸ਼ੇਰਪੁਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

26 ਅਗਸਤ 1991 ਦੇ ਦਿਨ ਪੰਜਾਬ ਪੁਲਸ ਨੇ ਕੁਲਵੰਤ ਸਿੰਘ ਬਬਰ (ਵਾਸੀ ਕੇਹਰੀ ਚਹਾਲਾ), ਗੁਰਮੀਤ ਸਿੰਘ ਤੇ ਦਯਾ ਸਿੰਘ (ਦੋਵੇਂ ਵਾਸੀ ਸ਼ੇਰਪੁਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

27 ਅਗਸਤ

1923: ਰਾਜਾ ਨਾਭਾ ਨੂੰ ਗੱਦੀਓਂ ਲਾਹੁਣ ਵਿਰੁਧ ਜੈਤੋ ਵਿਚ ਦੀਵਾਨ ਕਰਨ 'ਤੇ ਗ੍ਰਿਫ਼ਤਾਰੀਆਂ

ਜਿਸ ਵੇਲੇ ਗੁਰਦੁਆਰਾ ਲਹਿਰ ਸ਼ੁਰੂ ਹੋਈ ਤਾਂ ਅੰਗਰੇਜ਼ੀ ਸਰਕਾਰ ਨੇ ਮਹੰਤਾਂ ਦਾ ਸਾਥ ਦਿੱਤਾ ਪਰ ਦੂਜੇ ਪਾਸੇ ਸਿੱਖ ਰਾਜਿਆਂ ਨੇ ਵੀ ਅਕਾਲੀਆਂ ਦਾ ਬਿਲਕੁਲ ਸਾਥ ਨਾ ਦਿੱਤਾ। ਸਿਰਫ਼ ਨਾਭਾ ਦੇ ਮਹਾਰਾਜੇ ਰਿਪੁਦਮਨ ਸਿੰਘ ਨੇ ਅਕਾਲੀ ਲਹਿਰ ਦੀ ਪੁਰਜ਼ੋਰ ਹਮਾਇਤ ਕੀਤੀ। ਜਦੋਂ ਨਾਨਕਾਣਾ ਸਾਹਿਬ ਕਤਲੇਆਮ ਦੇ ਖ਼ਿਲਾਫ਼ ਸ਼੍ਰੋਮਣੀ ਕਮੇਟੀ ਨੇ ਰੋਸ ਦਿਨ ਮਨਾਉਣ ਹਿਤ ਕਾਲੇ ਦਸਤਾਰੇ ਸਜਾਉਣ ਦੀ ਅਪੀਲ ਜਾਰੀ ਕੀਤੀ ਤਾਂ ਮਹਾਰਾਜਾ ਨਾਭਾ ਨੇ ਤਾਂ ਆਪ ਵੀ ਕਾਲੀ ਦਸਤਾਰ ਸਜਾਈ ਅਤੇ ਨਾਨਕਾਣਾ ਸਾਹਿਬ ਸਬੰਧੀ ਅਰਦਾਸ ਦਿਨ 'ਤੇ ਸਰਕਾਰੀ ਛੁੱਟੀ ਵੀ ਕੀਤੀ। ਅੰਗਰੇਜ਼ੀ ਸਰਕਾਰ ਨੂੰ ਇਸ ਨਾਲ ਬੜੀ ਤਕਲੀਫ਼ ਹੋਈ ਕਿਉਂ ਕਿ ਸਰਕਾਰ ਤਾਂ ਕਾਲਾ ਦਸਤਾਰਾ ਸਜਾਉਣ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਕੇ ਸਜ਼ਾਵਾਂ ਦੇ ਰਹੀ ਸੀ। ਹਾਲਾਂ ਕਿ ਨਵੰਬਰ 1920 ਵਿਚ ਜਦੋਂ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਢੱਠੀ ਦੀਵਾਰ ਮੁੜ ਉਸਾਰਨ ਵਾਸਤੇ 'ਸ਼ਹੀਦੀ ਜਥਾ' ਦਿੱਲੀ ਲਿਜਾਣ ਦੀ ਤਾਰੀਖ਼ ਦਾ ਐਲਾਨ ਹੋਇਆ ਤਾਂ ਇਸ ਮਹਾਰਾਜਾ ਨਾਭਾ ਨੇ ਵਿਚੋਲਾ ਬਣ ਕੇ ਦੀਵਾਰ ਉਸਰਵਾ ਕੇ ਸਰਕਾਰ ਨੂੰ ਮੁਸ਼ਕਲ 'ਚੋਂ ਕੱਢ ਲਿਆ ਸੀ। ਪਰ ਫਿਰ ਵੀ ਸਰਕਾਰ ਨੂੰ ਨਾਭੇ ਦਾ ਮਹਾਰਾਜਾ ਚੁਭਦਾ ਹੀ ਰਿਹਾ। ਪਟਿਆਲੇ ਦੇ ਰਾਜੇ ਭੂਪਿੰਦਰ ਸਿੰਘ ਦੇ ਸਬੰਧ ਅੰਗਰੇਜ਼ਾਂ ਨਾਲ ਬੜੇ ਡੂੰਘੇ ਸਨ। ਉਨ੍ਹੀਂ ਦਿਨੀਂ ਦੋਹਾਂ ਰਿਆਸਤਾਂ ਵਿਚਕਾਰ ਝਗੜੇ ਵਾਲੇ ਨੁਕਤਿਆਂ ਬਾਰੇ ਪੜਤਾਲ ਕਰਨ ਵਾਸਤੇ ਬਰਤਾਨਵੀ ਹਕੂਮਤ ਨੇ ਅਲਾਹਬਾਦ ਹਾਈ ਕੋਰਟ ਦੇ ਇਕ ਜੱਜ ਨੂੰ ਤਾਇਨਾਤ ਕੀਤਾ ਹੋਇਆ ਸੀ। ਇਸ ਜੱਜ ਨੇ

ਚਾਰ ਮਹੀਨੇ (ਜਨਵਰੀ ਤੋਂ ਅਪ੍ਰੈਲ 1923) ਪੜਤਾਲ ਕੀਤੀ ਅਤੇ ਜੂਨ ਦੇ ਪਹਿਲੇ ਹਫ਼ਤੇ ਆਪਣੀ ਰਿਪੋਰਟ ਗਵਰਨਰ ਜਨਰਲ ਕੋਲ ਪੇਸ਼ ਕਰ ਦਿੱਤੀ। ਮਗਰੋਂ ਸਰਕਾਰ ਦੇ ਪੋਲੀਟੀਕਲ ਏਜੰਟ ਕਰਨਲ ਮਿੰਚਨ ਨੇ ਇਸ 'ਤੇ ਵਿਚਾਰ ਕਰਨ ਵਾਸਤੇ ਮਹਾਰਾਜਾ ਨਾਭਾ ਨੂੰ ਕਸੌਲੀ ਬੁਲਾਇਆ। ਦੋਵੇਂ ਜਣੇ 5 ਜੂਨ 1923 ਦੇ ਦਿਨ ਕਸੌਲੀ ਵਿਚ ਮਿਲੇ। ਕਰਨਲ ਮਿੰਚਨ ਨੇ ਮਹਾਰਾਜਾ ਨਾਭਾ ਨੂੰ ਸਲਾਹ ਦਿੱਤੀ ਕਿ ਰਿਪੋਰਟ ਨੂੰ ਮੱਦੇ-ਨਜ਼ਰ ਰੱਖਦਿਆਂ ਉਸ ਨੂੰ ਚਾਹੀਦਾ ਹੈ ਕਿ ਉਹ ਆਪ ਹੀ ਤਖ਼ਤ ਛੱਡ ਕੇ ਰਿਆਸਤ ਨੂੰ ਆਪਣੇ ਨਾਬਾਲਗ ਪੁੱਤਰ ਦੇ ਹਵਾਲੇ ਕਰ ਦੇਵੇ। ਕਸੌਲੀ ਤੋਂ ਮੁੜਨ ਮਗਰੋਂ ਮਹਾਰਾਜਾ ਨਾਭਾ ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਨੂੰ ਮਿਲੇ ਅਤੇ ਸਾਰੀ ਹਾਲਤ ਦੱਸੀ।ਉਨ੍ਹਾਂ ਦੋਹਾਂ ਨੇ ਮਹਾਰਾਜੇ ਨੂੰ ਅਸਤੀਫ਼ਾ ਦੇਣ ਤੋਂ ਰੋਕਿਆ ਅਤੇ ਸ਼੍ਰੋਮਣੀ ਕਮੇਟੀ ਵਲੋਂ ਪੂਰੀ ਮਦਦ ਦਾ ਵਅਦਾ ਕੀਤਾ। ਪਰ ਕਰਨਲ ਮਿੰਚਨ ਬਹੁਤ ਚਾਲਾਕ ਸ਼ਖ਼ਸ ਸੀ। ਉਸ ਨੇ ਫੇਰ ਮਹਾਰਾਜੇ ਨਾਲ ਮੀਟਿੰਗ ਕੀਤੀ ਅਤੇ ਅਖ਼ੀਰ 7 ਜੁਲਾਈ 1923 ਦੇ ਦਿਨ ਮਹਾਰਾਜੇ ਕੋਲੋਂ ਤਖ਼ਤ ਛੱਡਣ ਦੇ ਕਾਗਜ਼ 'ਤੇ ਦਸਤਖ਼ਤ ਕਰਵਾ ਲਏ। ਅਗਲੇ ਦਿਨ ਹੀ ਮਿੰਚਨ ਅੰਗਰੇਜ਼ ਫੌਜਾਂ ਅਤੇ ਪੂਰਾ ਫ਼ੌਜੀ ਅਮਲਾ ਅਤੇ ਗੱਡੀਆਂ ਲੈ ਕੇ ਨਾਭੇ ਪਹੁੰਚ ਗਿਆ ਤੇ ਰਿਆਸਤ ਦਾ ਨਿਜ਼ਾਮ ਸੰਭਾਲ ਲਿਆ। ਮਹਾਰਾਜਾ ਰਿਪੁਦਮਨ ਸਿੰਘ ਨੂੰ ਦੇਹਰਾਦੂਨ ਭੇਜ ਦਿੱਤਾ ਗਿਆ।ਮਹਾਰਾਜਾ ਨਾਭਾ ਦੇ ਦੇਹਰਾਦੂਨ ਜਾਣ ਮਗਰੋਂ ਸਰਕਾਰ ਨੇ ਐਲਾਨ ਜਾਰੀ ਕੀਤਾ ਕਿ ਮਹਾਰਾਜਾ ਨਾਭਾ ਨੇ ਆਪਣੀ ਮਰਜ਼ੀ ਨਾਲ ਗੱਦੀ ਛੱਡੀ ਹੈ। ਪਰ ਅਸਲੀਅਤ ਸਭ ਨੂੰ ਪਤਾ ਸੀ। ਇਸੇ ਦਿਨ ਸ਼੍ਰੋਮਣੀ ਕਮੇਟੀ ਨੇ ਐਲਾਨ ਜਾਰੀ ਕਰ ਕੇ ਸਰਕਾਰ ਵੱਲੋਂ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰਨ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ। ਸ਼੍ਰੋਮਣੀ ਕਮੇਟੀ ਨੇ ਇਸ ਦੇ ਖ਼ਿਲਾਫ਼ ਪ੍ਰੋਟੈਸਟ ਕਰਨ ਵਾਸਤੇ 29 ਜੁਲਾਈ ਨੂੰ 'ਅਰਦਾਸ ਦਿਨ' ਅਤੇ 9 ਸਤੰਬਰ ਨੂੰ 'ਨਾਭਾ ਦਿਨ' ਵਜੋਂ ਮਨਾਉਣ ਦਾ ਐਲਾਨ ਕੀਤਾ। ਇਸ ਦਿਨ ਹਰ ਪਾਸੇ ਦੀਵਾਨ ਸਜਾਏ ਗਏ ਅਤੇ ਸਰਕਾਰ ਵੱਲੋਂ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰਨ ਦੀ ਜ਼ਬਰਦਸਤ ਮੁਜ਼ੰਮਤ ਕੀਤੀ ਗਈ। ਸਰਕਾਰ ਤੋਂ ਮੰਗ ਕੀਤੀ ਗਈ ਕਿ ਉਹ ਮਹਾਰਾਜਾ ਨਾਭਾ ਨੂੰ ਵਾਪਿਸ ਗੱਦੀ 'ਤੇ ਬਿਠਾਵੇ। ਇਸ ਦੌਰਾਨ 20 ਜੁਲਾਈ ਨੂੰ ਸਰਕਾਰ ਨੇ ਪਟਿਆਲੇ ਦੇ ਸੈਸ਼ਨ ਜੱਜ ਨੂੰ ਅੰਮ੍ਰਿਤਸਰ ਭੇਜਿਆ ਅਤੇ ਅਕਾਲੀਆਂ ਨੂੰ ਨਾਭਾ ਸਬੰਧੀ ਕੇਸ ਦੇ ਸਾਰੇ ਕਾਗਜ਼ਾਤ ਦਿਖਾਉਣ ਦੀ ਪੇਸ਼ਕਸ਼ ਕੀਤੀ। ਸ਼੍ਰੋਮਣੀ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਜੇ ਕਾਗਜ਼ਾਤ ਠੀਕ ਹੋਏ ਤਾਂ ਅਸੀਂ ਰਾਜਾ ਨਾਭਾ ਦੀ ਬਹਾਲੀ ਵਾਸਤੇ ਜੱਦੋਜਹਿਦ ਨਹੀਂ ਕਰਾਂਗੇ। ਦੇ ਅਗਸਤ ਨੂੰ ਸ਼੍ਰੋਮਣੀ ਕਮੇਟੀ ਨੇ ਗਵਰਨਰ ਜਨਰਲ ਨੂੰ ਇਕ ਤਾਰ ਭੇਜੀ ਅਤੇ ਮਹਾਰਾਜਾ ਨਾਭਾ ਕੋਲੋਂ ਗੱਦੀ ਛੱਡਣ ਦੇ ਕਾਗ਼ਜ਼ਾਂ 'ਤੇ ਜਬਰੀ ਜਾਂ ਧਮਕੀ ਨਾਲ ਦਸਤਖ਼ਤ ਕਰਵਾਉਣ ਦੀ ਪੜਤਾਲ ਕਰਵਾਉਣ ਵਾਸਤੇ ਮੰਗ ਕੀਤੀ। ਸਰਕਾਰ ਨੇ ਸ਼੍ਰੋਮਣੀ ਕਮੇਟੀ ਦੀ ਇਸ ਮੰਗ ਦੀ ਪ੍ਰਵਾਹ ਨਾ ਕੀਤੀ। ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ ਚਾਰ ਅਗਸਤ ਨੂੰ ਹੋਇਆ, ਜਿਸ ਵਿਚ ਮਹਾਰਾਜਾ ਨਾਭਾ ਦੇ ਹਟਾਏ ਜਾਣ ਬਾਰੇ ਕਾਰਵਾਈ ਕਰਨ ਵਾਸਤੇ ਸ਼੍ਰੋਮਣੀ ਦੀ ਐਗਜ਼ੈਕਟਿਵ ਨੂੰ ਹੱਕ ਦੇ ਦਿੱਤੇ ਗਏ।ਐਗਜ਼ੈਕਟਿਵ ਨੇ 27 ਅਗਸਤ 1923 ਦੇ ਦਿਨ ਨਾਭਾ ਰਿਆਸਤ ਦੇ ਨਗਰ ਜੈਤੋਂ ਵਿਚ ਇਕ ਦੀਵਾਨ ਰੱਖ ਦਿੱਤਾ।ਇਸ ਦੀਵਾਨ ਵਿਚ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰਨ ਦੀ ਜ਼ਬਰਦਸਤ ਨਿੰਦਾ ਕੀਤੀ ਗਈ। ਨਾਭਾ ਸਰਕਾਰ ਨੇ ਇਸ ਦੀਵਾਨ 'ਚ ਹਿੱਸਾ ਲੈਣ ਵਾਲੇ ਸਿੱਖ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਗ੍ਰਿਫ਼ਤਾਰੀਆਂ ਦੀ ਸਖ਼ਤ ਮੁਖ਼ਾਲਫ਼ਤ ਕੀਤੀ ਤੇ ਨਾਲ ਹੀ ਜੈਤੋ ਵਿਚ 27 ਅਗਸਤ ਵਾਲੇ ਦੀਵਾਨ ਨੂੰ 'ਜਾਰੀ ਰੱਖਣ' ਦਾ ਐਲਾਨ ਕਰ ਦਿੱਤਾ। ਇਸ ਦਾ ਮਾਅਨਾ ਇਹ ਸੀ ਕਿ ਜਦੋਂ ਤਕ ਸਿੱਖ ਆਜ਼ਾਦੀ ਨਾਲ ਅਤੇ ਆਪਣੀ ਮਰਜ਼ੀ ਮੁਤਾਬਿਕ ਦੀਵਾਨ ਨਹੀਂ ਕਰ ਲੈਂਦੇ, ਉਦੋਂ ਤਕ ਦੀਵਾਨ ਕਰਨ ਵਾਸਤੇ ਐਜੀਟੇਸ਼ਨ ਚਲਦੀ ਰਹੇਗੀ। ਨਾਭਾ ਦੀ ਸਰਕਾਰ (ਜਿਸ ਨੂੰ ਇਕ ਅੰਗਰੇਜ਼ ਐਡਮਨਿਸਟਰੇਟਰ

ਵਿਲਸਨ ਜਾਹਨਸਟਨ ਚਲਾ ਰਿਹਾ ਸੀ) ਨੇ ਸਿੱਖਾਂ ਨੂੰ ਦੀਵਾਨ ਕਰਨ ਦੀ ਇਜਾਜ਼ਤ ਨਾ ਦਿੱਤੀ। ਇਸ ਕਰ ਕੇ ਐਜੀਟੇਸ਼ਨ ਸ਼ੁਰੂ ਹੋ ਗਈ।

1921: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਾਕਾਇਦਾ ਕੰਮ ਕਰਨਾ ਸ਼ੁਰੂ ਕੀਤਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 15-16 ਨਵੰਬਰ 1920 ਦੇ ਦਿਨ ਕਾਇਮ ਹੋਈ ਸੀ; ਉਸ ਦਿਨ ਇਸ ਦੇ ਪ੍ਰਧਾਨ ਸੁੰਦਰ ਸਿੰਘ ਮਜੀਠਾ ਚੁਣੇ ਗਏ ਸਨ। ਸ਼ਰੋਮਣੀ ਕਮੇਟੀ ਨੂੰ 30 ਅਪ੍ਰੈਲ 1921 ਦੇ ਦਿਨ ਕਾਨੂੰਨ ਮੁਤਾਬਿਕ ਰਜਿਸਟਰ ਕਰਵਾਇਆ ਗਿਆ ਸੀ। 14 ਅਗਸਤ 1921 ਦੇ ਦਿਨ ਫਿਰ ਨਵੀਂ ਚੋਣ ਹੋਈ। ਇਸ ਵਿਚ ਬਾਬਾ ਖੜਕ ਸਿੰਘ ਪ੍ਰਧਾਨ, ਸ. ਬ. ਮਹਿਤਾਬ ਸਿੰਘ ਮੀਤ ਪ੍ਰਧਾਨ ਤੇ ਸੁੰਦਰ ਸਿੰਘ ਰਾਮਗੜ੍ਹੀਆ ਸੈਕਟਰੀ ਚੁਣੇ ਗਏ। ਪਰ ਸ਼ਰੋਮਣੀ ਕਮੇਟੀ ਕਾਨੂੰਨੀ ਤੌਰ 'ਤੇ ਅਤੇ ਰਸਮੀ ਤੌਰ 'ਤੇ ਆਪਣਾ ਦਫ਼ਤਰੀ ਕੰਮ 27 ਅਗਸਤ 1921 ਦੇ ਦਿਨ ਹੀ ਸ਼ੁਰੂ ਕੀਤਾ ਸੀ ਜਿਹੜਾ ਕਿ 1926 ਤਕ ਉਦੋਂ ਤਕ ਚਲਦਾ ਰਿਹਾ ਜਦ ਤਕ ਗੁਰਦੁਆਰਾ ਐਕਟ ਹੇਠ ਚੋਣਾਂ ਨਹੀਂ ਹੋ ਗਈਆਂ।

1986: ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਆਗੂ ਸਰਬਜੀਤ ਸਿੰਘ ਰੋਪੜ ਦਾ ਕਤਲ

ਦਰਬਾਰ ਸਾਹਿਬ ਦੇ ਹਮਲੇ ਤੋਂ ਮਗਰੋਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਬਹੁਤੇ ਆਗੂ ਜੇਲਾਂ ਵਿਚ ਸਨ। ਉਸ ਵਕਤ ਹਰਵਿੰਦਰ ਸਿੰਘ ਖ਼ਾਲਸਾ ਬਠਿੰਡਾ ਬਾਹਰ ਸੀ ਤੇ ਮੀਤ ਪ੍ਰਧਾਨ ਹੋਣ ਦੇ ਨਾਤੇ ਉਹ ਐਕਟਿੰਗ ਪ੍ਰਧਾਨ ਵਜੋਂ ਕਾਰਵਾਈ ਕਰਦਾ ਰਿਹਾ ਸੀ। ਇਸ ਮਗਰੋਂ, ਜਦ ਭਿੰਡਰਾਂ ਮਹਿਤਾ ਜਥਾ ਅਤੇ ਫ਼ੈਡਰੇਸ਼ਨ ਦੇ ਕਾਰਕੁੰਨਾਂ ਦਾ 26 ਜਨਵਰੀ 1986 ਦਾ ਦਰਬਾਰ ਸਾਹਿਬ ਦਾ ਇਕੱਠ ਹੋਇਆ ਤਾਂ ਫ਼ੈਡਰੇਸ਼ਨ ਨੂੰ ਮੁੜ ਜਥੇਬੰਦ ਕਰਨ ਦਾ ਫ਼ੈਸਲਾ ਹੋਇਆ। ਇਸ ਵੇਲੇ ਅਤਿੰਦਰਪਾਲ ਸਿੰਘ ਭੂਪਾਲ ਫ਼ੈਡਰੇਸ਼ਨ ਦਾ ਸੀਨੀਅਰ ਮੀਤ ਪ੍ਰਧਾਨ ਸੀ ਪਰ ਉਹ ਇੰਦਰਾ ਕਤਲ ਕੇਸ ਵਿਚ ਵਾਰੰਟਡ ਸੀ ਅਤੇ ਜੂਨੀਅਰ ਮੀਤ ਪ੍ਰਧਾਨ ਹਰਵਿੰਦਰ ਸਿੰਘ ਖ਼ਾਲਸਾ ਬਠਿੰਡਾ ਨੇ ਇਕ ਦਿਨ ਹਰਚੰਦ ਸਿੰਘ ਲੌਂਗੋਵਾਲ ਦੇ ਹਕ ਵਿਚ ਬਿਆਨ ਦੇ ਦਿੱਤਾ। ਇਸ ਕਰ ਕੇ ਫ਼ੈਡਰੇਸ਼ਨ ਵਾਲਿਆਂ ਨੇ ਹਰਿੰਦਰ ਸਿੰਘ ਕਾਹਲੋਂ ਨੂੰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਕਨਵੀਨਰ ਬਣਾ ਦਿੱਤਾ ਸੀ। 30 ਮਾਰਚ 1986 ਦੇ ਦਿਨ ਮਨਜੀਤ ਸਿੰਘ ਤੇ ਹਰਮਿੰਦਰ ਸਿੰਘ ਸੰਧੂ ਨੇ ਫ਼ੈਡਰੇਸ਼ਨ ਦੇ ਕਨਵੀਨਰ ਹਰਿੰਦਰ ਸਿੰਘ ਕਾਹਲੋਂ ਨੂੰ ਹਟਾ ਕੇ ਇਕ 'ਪ੍ਰੀਜ਼ੀਡੀਅਮ' ਬਣਾ ਦਿੱਤੀ। ਇਸ ਵਿਚ ਗੁਰਜੀਤ ਸਿੰਘ, ਕੁਲਵੰਤ ਸਿੰਘ ਕੰਵਲ, ਸੁਖਦੇਵ ਸਿੰਘ ਅੱਕਾਂਵਾਲੀ, ਧਰਮਬੀਰ ਸਿੰਘ, ਸੁਖਬੀਰ ਸਿੰਘ ਦਿੱਲੀ ਸ਼ਾਮਿਲ ਸਨ।ਫ਼ੈਡਰੇਸ਼ਨ ਦੀ ਇਕ ਸਤ ਮੈਂਬਰੀ ਸਲਾਹਕਾਰ ਕਮੇਟੀ ਵੀ ਬਣਾਈ ਗਈ। ਇਸ ਵਿਚ ਸ਼ਾਮਿਲ ਸਨ: ਦਲਬੀਰ ਸਿੰਘ, (ਪ੍ਰੋ:) ਮਹਿੰਦਰ ਸਿੰਘ ਧਾਲੀਵਾਲ ਅਤਿੰਦਰਪਾਲ ਸਿੰਘ (ਭੋਪਾਲ) ਵਗ਼ੈਰਾ। ਹਰਿੰਦਰ ਸਿੰਘ ਕਾਹਲੋਂ, ਭਗਵਾਨ ਸਿੰਘ ਮੋਕਲ, ਹਰਦੀਪ ਸਿੰਘ ਸਹੋਤਾ, ਹਰਮਿੰਦਰ ਸਿੰਘ ਅਤੇ ਚਰਨਜੀਤ ਸਿੰਘ ਚੰਨੀ (ਜ: ਤਲਵੰਡੀ ਦਾ ਭਤੀਜਾ) ਨੇ ਇਸ ਪ੍ਰੀਜ਼ੀਡੀਅਮ ਨੂੰ ਮੰਨਣ ਤੋਂ ਨਾਂਹ ਕਰ ਦਿਤੀ ਤੇ ਆਖਿਆ ਕਿ ਨਵੀਂ ਪ੍ਰੀਜ਼ੀਡੀਅਮ ਦੇ ਬਹੁਤਿਆਂ ਮੈਂਬਰਾਂ ਦਾ ਕਿਰਦਾਰ ਸ਼ੱਕੀ ਹੈ। ਮਗਰੋਂ ਗੁਰਜੀਤ ਸਿੰਘ ਹਰੀਹਰ ਝੱਕ (ਭਤੀਜ ਜੁਆਈ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ) ਨੇ ਵੀ ਇਸ ਨੂੰ ਰੱਦ ਕਰ ਦਿੱਤਾ। ਇਸ ਨਾਲ ਫ਼ੈਡਰੇਸ਼ਨ ਦੋ ਟੁਕੜਿਆਂ ਵਿਚ ਵੰਡੀ ਗਈ। ਉਧਰ 5 ਅਪ੍ਰੈਲ 1986 ਦੇ ਦਿਨ ਮਨਬੀਰ ਸਿੰਘ ਚਹੇੜੂ ਵੱਲੋਂ ਸੁਖਦੇਵ ਸਿੰਘ (ਉਰਫ਼ ਜਨਰਲ ਲਾਭ ਸਿੰਘ) ਅਤੇ ਗੁਰਿੰਦਰ ਸਿੰਘ ਭੋਲਾ ਨੂੰ ਪੁਲੀਸ ਹਿਰਾਸਤ ਵਿਚੋਂ ਛੁਡਾਇਆ ਜਾ ਚੁਕਾ ਸੀ।

ਇਨ੍ਹੀਂ ਦਿਨੀਂ ਹੀ, 5 ਜੁਲਾਈ 1986 ਦੇ ਦਿਨ, ਬਰਨਾਲਾ ਸਰਕਾਰ ਨੇ ਹਰਿੰਦਰ ਸਿੰਘ ਕਾਹਲੋਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ 'ਤੇ ਫ਼ੈਡਰੇਸ਼ਨ ਵਰਕਰਾਂ ਨੇ ਮਨਬੀਰ ਸਿੰਘ

ਚਹੇੜੂ ਨਾਲ ਸਲਾਹ ਕਰ ਕੇ ਸਰਬਜੀਤ ਸਿੰਘ ਰੋਪੜ ਨੂੰ ਫ਼ੈਡਰੇਸ਼ਨ ਦਾ ਕਨਵੀਨਰ ਐਲਾਨ ਕਰ ਦਿੱਤਾ। ਸੁਖਦੇਵ ਸਿੰਘ (ਉਰਫ਼ ਜਨਰਲ ਲਾਭ ਸਿੰਘ) ਚਾਹੁੰਦਾ ਸੀ ਕਿ ਸਰਬਜੀਤ ਸਿੰਘ ਰੋਪੜ ਹਰਮਿੰਦਰ ਸਿੰਘ ਸੰਧੂ, ਰਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਚਾਵਲਾ, ਵਿਰਸਾ ਸਿੰਘ ਵਲਟੋਹਾ ਨੂੰ ਫ਼ੈਡਰੇਸ਼ਨ ਵਿਚੋਂ ਕੱਢ ਦੇਵੇ। ਪਰ, ਜਦ ਸਰਬਜੀਤ ਸਿੰਘ ਰੋਪੜ ਨੇ ਸੁਖਦੇਵ ਸਿੰਘ (ਉਰਫ਼ ਜਨਰਲ ਲਾਭ ਸਿੰਘ) ਦੀਆਂ ਹਦਾਇਤਾਂ ਹੇਠ ਚੱਲਣ ਤੋਂ ਨਾਂਹ ਕਰ ਦਿੱਤੀ ਤਾਂ ਉਸ ਨੇ ਉਸ ਨੂੰ ਰਸਤੇ ਵਿਚੋਂ ਹਟਾਉਣ ਦੀ ਸਕੀਮ ਬਣਾਈ। ਇਸ ਸਾਜ਼ਸ਼ ਹੇਠ ਉਸ ਦੇ ਖ਼ਿਲਾਫ਼ ਇਹ ਖ਼ਬਰਾਂ ਫੈਲਾਈਆਂ ਗਈਆਂ ਕਿ ਉਹ ਸਰਕਾਰ ਨਾਲ ਮਿਲਿਆ ਹੋਇਆ ਹੈ। ਉਦੋਂ ਮਨਬੀਰ ਸਿੰਘ ਚਹੇੜੂ ਅਜੇ ਗ੍ਰਿਫ਼ਤਾਰ ਨਹੀਂ ਹੋਇਆ ਸੀ। ਉਸ ਨੇ ਸਰਬਜੀਤ ਸਿੰਘ ਰੋਪੜ ਦੇ ਖ਼ਿਲਾਫ਼ ਫ਼ੈਲਾਈਆਂ ਜਾ ਰਹੀਆਂ ਅਫ਼ਵਾਹਾਂ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਉਸ ਦਾ ਪੂਰਾ ਪੂਰਾ ਸਾਥ ਦਿੱਤਾ।।

8-9 ਅਗਸਤ 1986 ਦੀ ਰਾਤ ਨੂੰ ਮਨਬੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਬਾਰੇ ਇਹ ਚਰਚਾ ਵੀ ਚਲਿਆ ਕਿ ਇਸ ਗ੍ਰਿਫ਼ਤਾਰੀ ਪਿੱਛੇ ਗੁਰਜੀਤ ਸਿੰਘ ਦਾ ਹੱਥ ਸੀ (ਕਿਉਂਕਿ ਮਨਬੀਰ ਸਿੰਘ ਦੀ ਗ੍ਰਿਫ਼ਤਾਰੀ ਅਤੇ ਸਰਬਜੀਤ ਸਿੰਘ ਰੋਪੜ ਦੇ ਕਤਲ ਦਾ ਉਸ ਨੂੰ ਸਿੱਧਾ ਫ਼ਾਇਦਾ ਮਿਲਿਆ ਅਤੇ ਉਹ ਫ਼ੈਡਰੇਸ਼ਨ ਦਾ ਐਕਟਿੰਗ ਪ੍ਰਧਾਨ ਬਣ ਗਿਆ)। ਸਰਬਜੀਤ ਸਿੰਘ ਦੇ ਸਾਥੀਆਂ ਮੁਤਾਬਿਕ ਜਨਰਲ ਲਾਭ ਸਿੰਘ ਨੇ ਇਸ ਦਾ ਫ਼ਾਇਦਾ ਉਠਾਉਂਦਿਆਂ ਮਨਬੀਰ ਸਿੰਘ ਦੀ ਗ੍ਰਿਫ਼ਤਾਰੀ ਪਿੱਛੇ ਸਰਬਜੀਤ ਸਿੰਘ ਰੋਪੜ ਦਾ ਨਾਂ ਪਰਚਾਰਨਾ ਸ਼ੁਰੂ ਕਰ ਦਿੱਤਾ ਤੇ ਉਸ ਨੂੰ ਖ਼ਤਮ ਕਰਨ ਦੀ ਸਕੀਮ ਘੜੀ।

ਉਸ ਨੇ 27 ਅਗਸਤ 1986 ਦੇ ਦਿਨ ਸਰਬਜੀਤ ਸਿੰਘ ਰੋਪੜ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਬੁਲਾ ਲਿਆ ਅਤੇ ਉਸ ਨੂੰ ਉਸ ਦੇ ਇਕ ਸਾਥੀ ਹਰਦੀਪ ਸਿੰਘ ਸਹੋਤਾ ਸਣੇ ਖ਼ਤਮ ਕਰ ਦਿੱਤਾ ਅਤੇ ਮਗਰੋਂ ਉਲਟਾ ਇਹ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਉਹ ਪੁਲਸ ਕੈਟ ਬਣ ਗਿਆ ਹੈ। ਇਸ ਮਗਰੋਂ 17 ਸਤੰਬਰ 1986 ਦੇ ਦਿਨ ਗੁਰਿੰਦਰ ਸਿੰਘ ਭੋਲਾ ਨੂੰ ਵੀ ਖ਼ਤਮ ਕਰ ਦਿੱਤਾ ਗਿਆ। ਇੰਝ ਆਪਣੀ ਦੁਸ਼ਮਣੀ ਵਿਚ ਸਰਬਜੀਤ ਸਿੰਘ ਰੋਪੜ ਤੇ ਗੁਰਿੰਦਰ ਸਿੰਘ ਭੋਲਾ ਨੂੰ ਕਤਲ ਕਰ ਦਿੱਤਾ ਗਿਆ। ਇਸ ਤੋਂ ਇਕ ਦਮ ਬਾਅਦ ਜਨਰਲ ਲਾਭ ਸਿੰਘ ਨੇ ਭਾਈ ਮਨਜੀਤ ਸਿੰਘ ਨੂੰ ਪ੍ਰਧਾਨ ਮੰਨ ਕੇ ਗੁਰਜੀਤ ਸਿੰਘ ਹਰੀਹਰ ਝੋਕ ਨੂੰ ਫ਼ੈਡਰੇਸ਼ਨ ਦਾ ਕਨਵੀਨਰ ਬਣਾ ਦਿੱਤਾ ਅਤੇ ਨਾਲ ਹੀ ਹਰਮਿੰਦਰ ਸਿੰਘ ਸੰਧੂ, ਅਮਰਜੀਤ ਸਿੰਘ ਚਾਵਲਾ, ਰਜਿੰਦਰ ਸਿੰਘ ਮਹਿਤਾ ਤੇ ਵਿਰਸਾ ਸਿੰਘ ਵਲਟੋਹਾ ਨੂੰ ਫ਼ੈਡਰੇਸ਼ਨ ਵਿਚੋਂ ਕੱਢਣ ਦਾ ਐਲਾਨ ਕਰ ਦਿੱਤਾ। ਭਾਈ ਮਨਜੀਤ ਸਿੰਘ ਪਹਿਲਾਂ ਤਾਂ ਜਨਰਲ ਲਾਭ ਸਿੰਘ ਦੇ ਨਾਲ ਸੀ ਪਰ ਜਦ ਉਸ ਨੇ ਹਰਮਿੰਦਰ ਸਿੰਘ ਸੰਧੂ ਵਗੈਰਾ ਨੂੰ ਫ਼ੈਡਰੇਸ਼ਨ ਵਿਚੋਂ ਕੱਢਿਆ ਤਾਂ ਉਸ ਨੇ ਇਸ ਫ਼ੈਸਲੇ ਦੀ ਮੁਖ਼ਾਲਫ਼ਤ ਕੀਤੀ ਅਤੇ ਇਸ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ।

1989: ਕੋਟਲਾ ਗੁੱਜਰਾਂ ਦੇ ਲਾਲ ਸਿੰਘ ਤੇ ਬਲਰਾਜ ਸਿੰਘ, ਵੇਰਕਾ ਦਾ ਕਸ਼ਮੀਰ ਸਿੰਘ ਅਤੇ ਨਵਦੀਪ ਸਿੰਘ ਲੁਧਿਆਣਾ ਸ਼ਹੀਦ

27 ਅਗਸਤ 1989 ਦੇ ਦਿਨ ਪੁਲਸ ਨੇ ਲਾਲ ਸਿੰਘ (ਪੁੱਤਰ ਅਪਾਰ ਸਿੰਘ) ਤੇ ਬਲਰਾਜ ਸਿੰਘ ਉਰਫ਼ ਟੀਟਾ (ਪੁੱਤਰ ਸੁਖਦੇਵ ਸਿੰਘ) ਦੋਵੇਂ ਵਾਸੀ ਕੋਟਲਾ ਗੁੱਜਰਾਂ (ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੁਲਸ ਨੇ ਕਸ਼ਮੀਰ ਸਿੰਘ (ਪੁੱਤਰ ਚੰਨਣ ਸਿੰਘ, ਵਾਸੀ ਵੇਰਕਾ, ਅੰਮ੍ਰਿਤਸਰ) ਪ੍ਰਧਾਨ ਪੰਜਾਬ ਆਈ.ਟੀ. ਆਈ. ਨੂੰ ਉਸ ਦੇ ਘਰ ਵਿਚ ਦਾਖ਼ਿਲ ਹੋ ਕੇ ਸ਼ਹੀਦ ਕਰ ਦਿੱਤਾ ਅਤੇ ਉਸ ਦੇ ਪਰਵਾਰ 'ਤੇ ਬੇਪਨਾਹ

ਤਸ਼ੱਦਦ ਢਾਹਿਆ। ਇਸੇ ਦਿਨ ਪੰਜਾਬ ਪੁਲਸ ਨੇ ਨਵਦੀਪ ਸਿੰਘ (ਵਾਸੀ ਮਧੂਬਨ ਇਨਕਲੇਵ, ਲੁਧਿਆਣਾ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸਤਨਾਮ ਸਿੰਘ ਭੁੱਲਰ ਤੇ ਬਲਦੇਵ ਸਿੰਘ ਹੁਸੈਨਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

27 ਅਗਸਤ 1990 ਦੇ ਦਿਨ ਪੰਜਾਬ ਪੁਲਸ ਨੇ ਸਤਨਾਮ ਸਿੰਘ (ਵਾਸੀ ਭੁੱਲਰ) ਤੇ ਬਲਦੇਵ ਸਿੰਘ (ਵਾਸੀ ਹੁਸੈਨਪੁਰ, ਕਪੂਰਥਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸੁਖਦੇਵ ਸਿੰਘ ਕਾਦੀਆਂ ਗੁੱਜਰਾਂ ਨਕਲੀ ਮੁਕਾਬਲੇ ਵਿਚ ਸ਼ਹੀਦ

27 ਅਗਸਤ 1991 ਦੇ ਦਿਨ ਪੁਲਸ ਨੇ ਸੁਖਦੇਵ ਸਿੰਘ (ਪੁੱਤਰ ਕੇਸਰ ਸਿੰਘ, ਵਾਸੀ ਕਾਦੀਆਂ ਗੁੱਜਰਾਂ, ਨੇੜੇ ਸ਼ਾਹਪੁਰ ਗਰਾਇਆ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਕੁਲਵਿੰਦਰ ਸਿੰਘ ਚਾਚੋਵਾਲੀ, ਬੂੜ ਸਿੰਘ ਸਹਿੰਸਰਾ ਕਲਾਂ, ਬਲਕਾਰ ਸਿੰਘ ਨੱਟ, ਬਲਜੀਤ ਸਿੰਘ ਚਾਚੋਵਾਲੀ, ਆਤਮਾ ਸਿੰਘ ਮਾਨੋਚਾਹਲ, ਮਲੂਕ ਸਿੰਘ ਬਾਠ), ਮੱਸਾ ਸਿੰਘ ਪੂਨੀਆ, ਕੁਲਵੰਤ ਸਿੰਘ ਤੇ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

27 ਅਗਸਤ 1992 ਦੇ ਦਿਨ ਪੁਲਸ ਨੇ ਸਤਾਈ ਅਗਸਤ ਨੂੰ ਕੁਲਵਿੰਦਰ ਸਿੰਘ (ਪੁੱਤਰ ਮੋਹਨ ਸਿੰਘ, ਵਾਸੀ ਚਾਚੋਵਾਲੀ, ਨੇੜੇ ਜੈਂਤੀਪੁਰ, ਜ਼ਿਲ੍ਹਾ ਅੰਮ੍ਰਿਤਸਰ), ਬੂੜ ਸਿੰਘ (ਪੁੱਤਰ ਵਿਸਾਖਾ ਸਿੰਘ, ਵਾਸੀ ਸਹਿੰਸਰਾ ਕਲਾਂ, ਜ਼ਿਲ੍ਹਾ ਅੰਮ੍ਰਿਤਸਰ), ਬਲਕਾਰ ਸਿੰਘ (ਪੁੱਤਰ ਭਗਤ ਸਿੰਘ, ਵਾਸੀ ਨੱਟ, ਨੇੜੇ ਚਾਹਲ ਕਲਾਂ, ਜ਼ਿਲ੍ਹਾ ਗੁਰਦਾਸਪੁਰ), ਬਲਜੀਤ ਸਿੰਘ (ਪੁੱਤਰ ਮੋਹਨ ਸਿੰਘ, ਵਾਸੀ ਚਾਚੋਵਾਲੀ, ਜ਼ਿਲ੍ਹਾ ਅੰਮ੍ਰਿਤਸਰ), ਆਤਮਾ ਸਿੰਘ* (ਪੁੱਤਰ ਨੌਰੰਗ ਸਿੰਘ, ਵਾਸੀ ਮਾਨੋਚਾਹਲ ਕਲਾਂ, ਜ਼ਿਲ੍ਹਾ ਅੰਮ੍ਰਿਤਸਰ), ਮਲੂਕ ਸਿੰਘ (ਪੁੱਤਰ ਖ਼ਜ਼ਾਨ ਸਿੰਘ, ਵਾਸੀ ਪਿੰਡ ਬਾਠ), ਮੱਸਾ ਸਿੰਘ (ਪੁੱਤਰ ਚਰਨ ਸਿੰਘ, ਵਾਸੀ ਪੂਨੀਆ, ਨੇੜੇ ਬਟਾਲਾ), ਕੁਲਵੰਤ ਸਿੰਘ ਤੇ ਦੋ ਹੋਰ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ । (*ਇਹ ਆਤਮਾ ਸਿੰਘ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦਾ ਪਿਤਾ ਨਹੀਂ ਸੀ; ਉਸ ਨੂੰ ਤਾਂ 13 ਅਪ੍ਰੈਲ 1992 ਦੇ ਦਿਨ ਸ਼ਹੀਦ ਕੀਤਾ ਜਾ ਚੁਕਾ ਸੀ)।

28 ਅਗਸਤ

1670: ਗੁਰੂ ਗੋਬਿੰਦ ਸਿੰਘ ਲਖਨੌਰ ਪੁੱਜੇ ਤੇ ਉਨ੍ਹਾਂ ਦੇ ਮਾਮੇ ਨੇ ਉਨ੍ਹਾਂ ਨੂੰ ਜ਼ਮਰੂਦੀ ਰੰਗ ਦੀ ਦਸਤਾਰ ਸਜਾਈ

ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ ਪਟਨਾ ਸ਼ਹਿਰ ਵਿਚ ਹੋਇਆ ਸੀ। ਆਪ ਨੇ ਆਪਣਾ ਬਚਪਣ ਉੱਥੇ ਹੀ ਬਿਤਾਇਆ ਸੀ। ਜੁਲਾਈ 1670 ਵਿਚ ਮਾਤਾ ਗੁਜਰੀ, ਮਾਮਾ ਕਿਰਪਾਲ ਅਤੇ ਕੁਝ ਸਿੱਖਾਂ ਨਾਲ ਬਾਲ ਗੋਬਿੰਦ ਦਾਸ ਪੰਜਾਬ ਵਲ ਚਲ ਪਏ। ਆਪ ਪਟਨਾ ਤੋਂ ਅਯੁੱਧਿਆ, ਲਖਨਊ, ਨਾਨਕਮੱਤਾ, ਕਨਖਲ (ਹਰਦੁਆਰ) ਤੇ ਅੰਬਾਲਾ ਹੁੰਦੇ ਹੋਏ 27 ਅਗਸਤ 1670 ਦੇ ਦਿਨ ਆਪਣੇ ਨਾਨਕੇ ਪਿੰਡ ਲਖਨੌਰ ਪੁੱਜੇ। ਲਖਨੌਰ ਵਿਚ 28 ਅਗਸਤ 1670 ਦੇ ਦਿਨ ਆਪ ਦੇ ਵੱਡੇ ਮਾਮੇ ਮਿਹਰ ਚੰਦ ਸੁਭਿੱਖੀ ਨੇ ਆਪ ਨੂੰ ਜ਼ਮਰੂਦੀ ਰੰਗ ਦੀ ਦਸਤਾਰ ਸਜਾਈ। ਇਸ ਵੇਲੇ ਆਪ ਦੀ ਉਮਰ 8 ਸਾਲ 8 ਮਹੀਨੇ 10 ਦਿਨ ਸੀ। (ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ 1661 ਵਿਚ ਹੋਇਆ ਸੀ। ਚੇਤੇ ਰਹੇ ਕਿ ਪਹਿਲਾਂ ਇਹ ਲਿਖਿਆ ਜਾਂਦਾ ਰਿਹਾ ਹੈ, ਤੇ ਕਈ ਅਜੇ ਵੀ ਲਿਖ ਦੇਨਦੇ ਹਨ, ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ

1666 ਵਿਚ ਹੋਇਆ ਸੀ; ਅਤੇ ਜੇ 1666 ਮੰਨ ਲਿਆ ਜਾਵੇ ਤਾਂ ਗੁਰੂ ਸਾਹਿਬ ਦੀ ਦਸਤਾਰਬੰਦੀ 3 ਸਾਲ ਦੀ ਉਮਰ ਵਿਚ ਹੋਈ ਹੋਵੇਗੀ)।

ਇਸ ਦਸਤਾਰਬੰਦੀ ਸਬੰਧੀ ਇਕ ਇੰਦਰਾਜ ਭੱਟ ਵਹੀਆਂ ਵਿਚ ਇੰਝ ਮਿਲਦਾ ਹੈ: *"ਗੁਰੂ ਗੋਬਿੰਦ ਦਾਸ ਜੀ ਬੇਟਾ ਗੁਰੂ ਤੇਗ ਬਹਾਦਰ ਮਹਲ ਨਾਮੇ ਕਾ, ਪੋਤਾ ਗੁਰੂ ਹਰਿਗੋਬਿੰਦ ਜੀ ਕਾ, ਪਤਪੋਤਾ ਗੁਰੂ ਅਰਜਨ ਜੀ ਕਾ, ਧੰਨ ਗੁਰੂ ਰਾਮਦਾਸ ਜੀ ਕੀ ਗੋਸਲ ਗੋਤਰ ਸੋਢੀ ਖਤਰੀ, ਲਖਨੌਰ ਆਏ, ਪਰਗਨਾ ਅੰਬਾਲਾ ਸੰਮਤ ਸਤਰਾਂ ਸੈ ਸਤਾਈਸ ਅਸ਼ਵ ਮਾਸੇ ਸ਼ੁਕਲਾ ਪੱਖੇ, ਨਵੀਂ ਕੇ ਦਿਹੁੰ। ਗੈਲ ਮਾਤਾ ਗੁਜਰੀ ਜੀ ਆਏ, ਇਸਤਰੀ ਗੁਰੂ ਤੇਗ ਬਹਾਦਰ ਜੀ ਕੀ, ਕਿਰਪਾਲ ਚੰਦ ਆਇਆ ਬੇਟਾ ਲਾਲ ਚੰਦ ਸੁਭਿਖੀ ਕਾ, ਸਾਧੂ ਰਾਮ ਆਇਆ ਬੇਟਾ ਧਰਮੇ ਖੋਸਲੇ ਕਾ, ਚਉਪਤਿ ਰਾਇ ਆਇਆ ਬੇਟਾ ਪੈਰੇ ਛਿਬਰ ਕਾ, ਗੁਆਲ ਦਾਸ ਆਇਆ ਬੇਟਾ ਛੁਟ ਮਲ ਛਿਬਰ ਕਾ, ਕਿਰਪਾ ਰਾਮ ਆਇਆ ਬੇਟਾ ਅੜੂ ਰਾਮ ਦਤ ਕਾ। ਦਸਮੀ ਕੇ ਰੋਜ਼ ਮਾਮੂ ਮੇਹਰ ਚੰਦ ਨੇ ਗੁਰੂ ਗੋਬਿੰਦ ਜੀ ਕੋ ਜ਼ਮਰੁਦੀ ਰੰਗ ਦੀ ਪਾਗ ਬੰਧਾਈ।"* (ਭੱਟ ਵਹੀ ਮੁਲਤਾਨੀ ਸਿੰਧੀ)

1922: ਗੁਰੂ ਦਾ ਬਾਗ਼ (ਅੰਮ੍ਰਿਤਸਰ) ਵਿਚ ਪੁਲਸ ਵੱਲੋਂ ਸਿੱਖਾਂ ਦੀ ਵਹਿਸ਼ੀਆਣਾ ਕੁੱਟ-ਮਾਰ ਵੇਖਣ ਵਾਸਤੇ ਅਮਰੀਕਾ ਤੇ ਹੋਰ ਮੁਲਕਾਂ ਦਾ ਮੀਡੀਆ ਪੁੱਜਾ

ਅੰਮ੍ਰਿਤਸਰ ਤੋਂ ਤਕਰੀਬਨ 20 ਕਿਲੋਮੀਟਰ ਦੂਰ ਪਿੰਡ ਘੁੱਕੇਵਾਲੀ ਵਿਚ ਗੁਰਦੁਆਰਾ ਗੁਰੂ ਦਾ ਬਾਗ ਹੈ। ਇਹ ਗੁਰਦੁਆਰਾ ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿਚ ਬਣਿਆ ਹੋਇਆ ਹੈ। ਸਿੱਖ ਸਰਦਾਰਾਂ ਨੇ ਇਸ ਗੁਰਦੁਆਰੇ ਨਾਲ ਵੀ ਕਾਫ਼ੀ ਜ਼ਮੀਨ ਅੰਗਰੇਜ਼ਾਂ ਨੇ ਹੜਪ ਵੀ ਕਰ ਲਈ ਸੀ। ਇੱਥੋਂ ਦਾ ਮਹੰਤ ਸੁੰਦਰ ਦਾਸ ਸੀ। ਲੋਕਾਂ ਨੂੰ ਉਸ ਦੇ ਇਖ਼ਲਾਕ ਬਾਰੇ ਬਹੁਤ ਸ਼ਿਕਾਇਤਾਂ ਸਨ। 31 ਜਨਵਰੀ 1921 ਦੇ ਦਿਨ ਦਾਨ ਸਿੰਘ ਵਡੈਚਾ ਦੀ ਅਗਵਾਈ ਵਿਚ ਕੁਝ ਸਿੱਖ ਉਸ ਕੋਲ ਗਏ ਅਤੇ ਉਸ ਨੂੰ ਆਪਣਾ ਸੁਧਾਰ ਕਰਨ ਵਾਸਤੇ ਆਖਿਆ। ਮਹੰਤ ਨੇ ਆਪਣੇ ਕੋਲ 50-60 ਬੰਦੇ ਇਕੱਠੇ ਕੀਤੇ ਹੋਏ ਸਨ। ਜਦੋਂ ਮਹੰਤ ਨੇ ਵੇਖਿਆ ਕਿ ਸਿੱਖ ਉਸ ਨੂੰ ਕੱਢਣਾ ਨਹੀਂ ਚਾਹੁੰਦੇ ਤਾਂ ਉਸ ਨੇ ਸਿੱਖਾਂ ਨਾਲ ਸਮਝੌਤਾ ਕਰ ਲਿਆ ਅਤੇ ਲਿਖਤੀ ਦਸਤਾਵੇਜ਼ 'ਤੇ ਦਸਤਖ਼ਤ ਵੀ ਕਰ ਦਿੱਤੇ। ਸਮਝੌਤੇ ਮੁਤਾਬਿਕ ਉਸ ਨੇ ਆਪਣੀ ਰਖੈਲ ਨਾਲ ਵਿਆਹ ਕਰਨਾ ਮੰਨ ਲਿਆ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਨਾਮਜ਼ਦ ਕੀਤੀ ਕਮੇਟੀ ਦੀਆਂ ਹਦਾਇਤਾਂ ਮੁਤਾਬਿਕ ਮਰਿਆਦਾ ਨਿਭਾਉਣ ਦਾ ਵਾਅਦਾ ਕੀਤਾ। ਗੁਰਦੁਆਰੇ ਦੇ ਇੰਤਜ਼ਾਮ ਵਾਸਤੇ ਇਕ 5 ਮੈਂਬਰੀ ਕਮੇਟੀ ਚੁਣੀ ਗਈ। ਕਾਫ਼ੀ ਸਮੇਂ ਤਕ 'ਗੁਰੂ ਦਾ ਬਾਗ' ਗੁਰਦੁਆਰੇ ਦਾ ਇੰਤਜ਼ਾਮ ਠੀਕ ਠਾਕ ਚਲਦਾ ਰਿਹਾ ਪਰ ਜਦੋਂ ਸਰਕਾਰ ਨੇ ਅਕਾਲੀਆਂ 'ਤੇ ਸਖ਼ਤੀ ਦਾ ਦੌਰ ਚਲਾਉਣਾ ਸ਼ੁਰੂ ਕੀਤਾ ਅਤੇ ਬਹੁਤ ਸਾਰੇ ਆਗੂਆਂ ਨੂੰ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਦੇ ਨਾਂ 'ਤੇ ਗ੍ਰਿਫ਼ਤਾਰ ਕਰ ਲਿਆ ਤਾਂ ਅਪ੍ਰੈਲ 1921 ਵਿਚ ਇਹ ਮਹੰਤ ਵੀ ਵਿੱਟਰ ਗਿਆ। ਇਸ ਮਗਰੋਂ ਸਿੱਖ ਮਹੰਤ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਰਹੇ ਪਰ ਜਦੋਂ ਮਹੰਤ ਨਾ ਟਲਿਆ ਤਾਂ 23 ਅਗਸਤ 1921 ਦੇ ਦਿਨ ਸਿੱਖ ਸੰਗਤਾਂ ਨੇ ਗੁਰਦੁਆਰੇ ਉੱਤੇ ਕਬਜ਼ਾ ਕਰ ਲਿਆ। ਮਹੰਤ ਨੇ ਸਰਕਾਰੇ ਦਰਬਾਰੇ ਪਹੁੰਚ ਕੀਤੀ ਪਰ ਜਦੋਂ ਐਸ.ਪੀ. ਮੈਕਫ਼ਰਸਨ ਮੌਕਾ ਵੇਖਣ ਪੁੱਜਾ ਤਾਂ ਉਸ ਨੇ ਗੁਰਦੁਆਰੇ 'ਤੇ ਅਕਾਲੀਆਂ ਦੇ ਕਬਜ਼ੇ ਦੀ ਤਸਦੀਕ ਕੀਤੀ ਅਤੇ ਅਕਾਲੀਆਂ ਦੀ ਹਿਫ਼ਾਜ਼ਤ ਵਾਸਤੇ ਪੁਲੀਸ ਵੀ ਤਾਇਨਾਤ ਕਰ ਦਿੱਤੀ। ਕੁਝ ਦਿਨਾਂ ਬਾਅਦ ਅਕਾਲੀਆਂ ਦੇ ਆਖਣ 'ਤੇ ਪੁਲੀਸ ਨੂੰ ਵਾਪਸ ਬੁਲਾ ਲਿਆ ਗਿਆ।

ਗੁਰਦੁਆਰਾ ਗੁਰੂ ਦਾ ਬਾਗ਼ ਦੇ ਲੰਗਰ ਵਾਸਤੇ ਬਾਲਣ ਦੀ ਲੱਕੜ ਗੁਰਦੁਆਰੇ ਦੀ ਜ਼ਮੀਨ ਵਿਚ ਖੜੇ ਕਿੱਕਰ ਦੇ ਦਰਖ਼ਤਾਂ ਤੋਂ ਲਿਆਂਦੀ ਜਾਂਦੀ ਸੀ। 8 ਅਗਸਤ 1922 ਦੇ ਦਿਨ ਪੰਜ ਅਕਾਲੀ ਲੰਗਰ ਵਾਸਤੇ ਇਕ ਸੁੱਕੇ ਕਿੱਕਰ ਦੀ ਲੱਕੜ ਕੱਟ ਕੇ ਲਿਆਏ। ਉਨ੍ਹਾਂ ਨੂੰ 9 ਅਗਸਤ ਦੇ ਦਿਨ ਡੰਨਟ (ਡੀ.ਸੀ.) ਦੇ ਹੁਕਮ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਹੋਰ ਤਾਂ ਹੋਰ ਇਸ ਸਬੰਧ ਵਿਚ ਸਾਬਕ ਮਹੰਤ ਸੁੰਦਰ ਦਾਸ ਨੇ ਲਿਖਤੀ ਤੌਰ 'ਤੇ ਕੋਈ ਸ਼ਿਕਾਇਤ ਵੀ ਨਹੀਂ ਕੀਤੀ ਸੀ ਤੇ ਸਿੱਖ ਚੋਖੇ ਚਿਰ ਤੋਂ ਲੰਗਰ ਵਾਸਤੇ ਲੱਕੜ ਇੱਥੋਂ ਲਿਜਾਂਦੇ ਰਹੇ ਸਨ। 10 ਅਗਸਤ ਨੂੰ ਪੁਲੀਸ ਅਫ਼ਸਰ ਮਿਸਟਰ ਬੀਟੀ (S.G.M. Beaty) gurU ਦਾ ਬਾਗ਼ ਪਹੁੰਚਿਆ ਅਤੇ ਮਹੰਤ ਕੋਲੋਂ ਲਿਖਤੀ ਸ਼ਿਕਾਇਤ ਲੈ ਲਈ

ਇਸ ਮਗਰੋਂ ਵੀ ਸਿੱਖ ਲੱਕੜ ਕੱਟਦੇ ਰਹੇ ਸਨ ਪਰ 22 ਅਗਸਤ 1922 ਦੇ ਦਿਨ ਸਰਕਾਰ ਨੇ ਲੱਕੜ ਕੱਟਣ ਵਾਲੇ ਸਿੱਖਾਂ ਨੂੰ ਫੇਰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। 24 ਅਗਸਤ ਤਕ 180 ਗ੍ਰਿਫ਼ਤਾਰੀਆਂ ਹੋ ਚੁੱਕੀਆਂ ਸਨ। ਗੁਰੂ ਦਾ ਬਾਗ਼ ਮੋਰਚਾ ਵਿਚ ਪਹਿਲਾਂ ਤਾਂ ਪੁਲਸ ਗ੍ਰਿਫ਼ਤਾਰੀਆਂ ਕਰਦੀ ਰਹੀ ਪਰ 25 ਅਗਸਤ 1922 ਦੇ ਦਿਨ ਜਦੋਂ 136 ਸਿੱਖਾਂ ਦਾ ਜਥਾ ਗੁਰੂ ਕਾ ਬਾਗ ਗਿਆ ਤਾਂ ਗ੍ਰਿਫ਼ਤਾਰੀ ਤੋਂ ਪਹਿਲਾਂ ਦੀਵਾਨ ਸਜਾਇਆ ਗਿਆ। ਇਸ ਮੌਕੇ 'ਤੇ ਐਸ. ਪੀ. ਪੁਲੀਸ ਮੈਕਫ਼ਰਸਨ ਨੇ ਐਡੀਸ਼ਨ ਐਸ. ਪੀ. ਮਿਸਟਰ ਐਸ. ਜੀ. ਐਮ. ਬੀਟੀ* ਨੂੰ ਨਿਗਰਾਨੀ ਵਾਸਤੇ ਭੇਜਿਆ। ਉਸ ਨੇ ਉੱਥੇ ਪੁੱਜ ਕੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ ਕੁੱਟਣਾ ਸ਼ੁਰੂ ਕਰ ਦਿੱਤਾ; ਤਕਰੀਬਨ 100 ਸਿੱਖਾਂ ਨੂੰ ਪੁਲੀਸ ਨੇ ਵਹਿਸ਼ੀਆਣਾ ਤਰੀਕੇ ਨਾਲ ਡਾਂਗਾ ਮਾਰ-ਮਾਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ।ਇਸ ਮਗਰੋਂ ਜੱਥਿਆਂ ਨੂੰ ਗ੍ਰਿਫ਼ਤਾਰ ਕਰਨ ਦੀ ਜਗਹ ਕੁੱਟਣ ਦਾ ਇਹ ਸਿਲਸਿਲਾ ਬਾਕਾਇਦਾ ਸ਼ੁਰੂ ਹੋ ਗਿਆ।ਇਸ ਸਾਰੀ ਕਾਰਵਾਈ ਨੂੰ ਬਹੁਤ ਸਾਰੇ ਲੋਕ ਵੇਖਣ ਆਉਂਦੇ ਸਨ। ਜਦ ਇਸ ਦੀ ਖ਼ਬਰ ਅਖ਼ਬਾਰਾਂ ਵਾਲਿਆਂ ਤਕ ਪੁੱਜੀ ਤਾਂ 28 ਅਗਸਤ 1922 ਦੇ ਦਿਨ ਦੁਨੀਆਂ ਭਰ ਦੀਆਂ ਅਖ਼ਬਾਰਾਂ ਦੇ ਨਾਮਨਿਗਾਰ ਇਸ ਮਾਰ-ਕੁੱਟ ਨੂੰ ਵੇਖਣ ਆਏ ਅਤੇ ਇਕ ਅਮਰੀਕਨ ਪਾਰਟੀ ਨੇ ਤਾਂ ਇਸ ਮਾਰਕੁਟਾਈ ਦੀ ਫ਼ਿਲਮ ਵੀ ਤਿਆਰ ਕੀਤੀ ਸੀ। ਕੈਪਟਨ ਏ. ਐਲ. ਵਰਗੀਸ ਵੱਲੋਂ ਬਣਾਈ ਗਈ ਇਸ ਫ਼ਿਲਮ ਦਾ ਨਾਂ ਸੀ "ਐਕਸਕਲੂਸਿਵ ਪਿਕਚਰ ਆਫ਼ ਇੰਡੀਆਜ਼ ਮਾਰਟਿਅਰਡੰਮ" (ਮਗਰੋਂ ਬਰਤਾਨਵੀ ਸਰਕਾਰ ਨੇ ਕੋਸ਼ਿਸ਼ ਕੀਤੀ ਕਿ ਇਹ ਫ਼ਿਲਮ ਛਾਇਆ ਨਾ ਕੀਤੀ ਜਾਵੇ ਪਰ ਵਰਗੀਜ਼ ਨਾ ਮੰਨਿਆ)। ਇਹ ਕੁੱਟ-ਮਾਰ 13 ਸਤੰਬਰ ਨੂੰ ਉਦੋਂ ਬੰਦ ਹੋਈ ਜਦ ਈਸਾਈ ਪਾਦਰੀ ਸੀ. ਐਫ਼. ਐਂਡਰਿਊਜ਼ ਨੇ ਇਹ ਜ਼ੁਲਮ ਵੇਖਿਆ ਅਤੇ ਗਵਰਨਰ ਨੂੰ ਮਿਲ ਕੇ ਗੁਰੂ ਕਾ ਬਾਗ਼ 'ਚ ਪੁਲੀਸ ਦੇ ਜ਼ੁਲਮ ਬਾਰੇ ਗੱਲਬਾਤ ਕੀਤੀ। ਉਸ ਦਿਨ ਗਵਰਨਰ ਆਪ ਗੁਰੂ ਦਾ ਬਾਗ਼ ਗਿਆ। ਉਸ ਨਾਲ ਪੰਜਾਬ ਕੌਂਸਲ ਦੇ ਕੁਝ ਮੈਂਬਰ ਵੀ ਸਨ। ਇਸ ਮਗਰੋਂ ਗਵਰਨਰ ਨੇ ਸਿੱਖ ਜਥਿਆਂ ਦੀ ਕੁੱਟ-ਮਾਰ ਬੰਦ ਕਰਵਾ ਦਿੱਤੀ ਅਤੇ ਹੁਕਮ ਜਾਰੀ ਕੀਤਾ ਕਿ ਅੱਗੇ ਤੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ। ਭਾਵੇਂ 13 ਸਤੰਬਰ ਤੋਂ ਜਥਿਆਂ ਦੀ ਜ਼ਾਹਰਾ ਕੁੱਟ-ਮਾਰ ਬੰਦ ਹੋ ਗਈ ਪਰ ਪੁਲੀਸ ਫੇਰ ਵੀ ਇਕੱਲੇ-ਦੁਕੱਲੇ ਸਿੱਖ ਨੂੰ ਡਾਂਗਾਂ ਦਾ ਸ਼ਿਕਾਰ ਬਣਾਉਂਦੀ ਰਹੀ।

(*ਬਾਅਦ ਵਿਚ ਇਸ ਬੀਟੀ ਨੂੰ ਮਲੇਰਕੋਟਲਾ ਦੇ ਨਵਾਬ ਨੇ ਪੁਲੀਸ ਦਾ ਮੁਖੀ ਬਣਾ ਦਿੱਤਾ ਸੀ। ਉੱਥੋਂ ਹਟਾਏ ਜਾਣ ਮਗਰੋਂ ਉਹ ਹਰਨਾਮੀ ਨਾਂ ਦੀ ਇਕ ਔਰਤ ਨਾਲ ਰਹਿਣ ਲਗ ਪਿਆ। 27 ਜੂਨ 1940 ਦੇ ਦਿਨ ਕਰਤਾਰ ਸਿੰਘ ਤੇ ਬਚਨ ਸਿੰਘ ਨੇ ਉਸ ਦੇ ਘਰ ਜਾ ਕੇ ਉਸ ਨੂੰ ਚਾਲਾਕੀ ਨਾਲ ਕਤਲ ਕਰ ਦਿੱਤਾ। ਇਸ ਕੇਸ ਵਿਚੋਂ ਇਹ ਦੋਵੇਂ ਤਾਂ ਬਰੀ ਹੋ ਗਏ ਪਰ ਕਿਸੇ ਹੋਰ ਕੇਸ ਵਿਚ ਉਹ 1952 ਤਕ ਪਟਿਆਲੇ ਵਿਚ ਕੈਦ ਰਹੇ)।

1987: ਜਤਿੰਦਰ ਸਿੰਘ ਸੋਹੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

28 ਅਗਸਤ 1987 ਦੇ ਦਿਨ ਪੁਲਸ ਨੇ ਜਤਿੰਦਰ ਸਿੰਘ (ਪੁੱਤਰ ਹਰਨੇਕ ਸਿੰਘ, ਵਾਸੀ ਸੋਹੀਆਂ, ਜ਼ਿਲ੍ਹਾ ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਅਮਰਜੀਤ ਸਿੰਘ ਲੌਂਗੀਆ ਨਕਲੀ ਮੁਕਾਬਲੇ ਵਿਚ ਸ਼ਹੀਦ

28 ਅਗਸਤ 1989 ਦੇ ਦਿਨ ਪੁਲਸ ਨੇ ਅਮਰਜੀਤ ਸਿੰਘ ਲੌਂਗੀਆ (ਪੁੱਤਰ ਪ੍ਰੀਤਮ ਸਿੰਘ, ਵਾਸੀ ਮਲਕਪੁਰ, ਜ਼ਿਲ੍ਹਾ ਰੋਪੜ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਹਰਪ੍ਰੀਤ ਸਿੰਘ ਬਡਲਾ, ਹਰਜੀਤ ਸਿੰਘ ਓਡਰ, ਸ਼ਮਸ਼ੇਰ ਸਿੰਘ ਅਤੇ ਗੁਰਨਾਮ ਸਿੰਘ ਮੁੰਦ ਖੇੜਾ ਨਕਲੀ ਮੁਕਾਬਲੇ ਵਿਚ ਸ਼ਹੀਦ

28 ਅਗਸਤ 1991 ਦੇ ਦਿਨ ਪੁਲਸ ਨੇ ਹਰਪ੍ਰੀਤ ਸਿੰਘ (ਪੁੱਤਰ ਗੁਰਦੇਵ ਸਿੰਘ, ਵਾਸੀ ਬਡਲਾ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਹਰਜੀਤ ਸਿੰਘ (ਵਾਸੀ ਓਡਰ), ਸ਼ਮਸ਼ੇਰ ਸਿੰਘ ਅਤੇ ਉਸ ਦੇ ਪਿਤਾ ਗੁਰਨਾਮ ਸਿੰਘ (ਵਾਸੀ ਮੁੰਦ ਖੇੜਾ, ਪਟਿਆਲਾ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਬਲਬੀਰ ਸਿੰਘ ਬੀਰਾ ਸੀਟਾ, ਮਨਜੀਤ ਸਿੰਘ ਪੱਪੂ ਮੜ੍ਹੀ ਨੌਬਾਦ, ਭਜਨ ਸਿੰਘ ਟੁੱਟੇ ਕਲਾਂ, ਗੁਰਵੇਲ ਸਿੰਘ ਕਾਕਾ ਮਲਮੋਰੀ, ਗੁਰਮੀਤ ਸਿੰਘ ਕਾਲਾ, ਬਲਜੋੜ ਸਿੰਘ ਤੇ ਸਤਦੇਵ ਸਿੰਘ ਬਬਰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

28 ਅਗਸਤ 1992 ਦੇ ਦਿਨ ਪੁਲਸ ਨੇ ਬਲਬੀਰ ਸਿੰਘ ਉਰਫ਼ ਬੀਰਾ (ਪੁੱਤਰ ਜਰਨੈਲ ਸਿੰਘ, ਵਾਸੀ ਸੀਟਾ ਪਿੰਡ), ਮਨਜੀਤ ਸਿੰਘ ਉਰਫ਼ ਪੱਪੂ (ਪੁੱਤਰ ਪੂਰਨ ਸਿੰਘ, ਵਾਸੀ ਮੜ੍ਹੀ ਨੌਬਾਦ), ਭਜਨ ਸਿੰਘ (ਪੁੱਤਰ ਟਹਿਲ ਸਿੰਘ, ਵਾਸੀ ਟੁੱਟੇ ਕਲਾਂ), ਗੁਰਵੇਲ ਸਿੰਘ ਉਰਫ਼ ਕਾਕਾ (ਪੁੱਤਰ ਇੰਦਰ ਸਿੰਘ, ਵਾਸੀ ਮਲਮੋਰੀ), ਗੁਰਮੀਤ ਸਿੰਘ ਕਾਲਾ, ਬਲਜੋੜ ਸਿੰਘ ਉਰਫ਼ ਬਲਜੀਤ ਸਿੰਘ ਤੇ ਸਤਦੇਵ ਸਿੰਘ ਬਬਰ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

2014: ਆਸ਼ੂਤੋਸ ਦੀ ਲਾਸ਼ ਨੂੰ ਜ਼ੈਡ ਸੁਰੱਖਿਆ

28 ਅਗਸਤ 2014 ਦੇ ਦਿਨ ਹਾਈ ਕੋਰਟ ਦਾ ਪੰਜਾਬ ਸਰਕਾਰ ਨੂੰ ਨੋਟਿਸ ਦਿੱਤਾ ਕਿ ਆਸ਼ੂਤੋਸ (ਜੋ 28-29 ਜਨਵਰੀ ਦੀ ਰਾਤ ਨੂੰ ਮਰ ਗਿਆ ਸੀ) ਦੀ ਲਾਸ਼ ਨੂੰ ਜ਼ੈਡ ਸੁਰੱਖਿਆ ਕਿਉਂ ਦਿੱਤੀ ਹੈ, ਅਤੇ 11 ਸਤੰਬਰ ਤਕ ਜੁਆਬ ਦਾਖ਼ਿਲ ਕਰਨ ਵਾਸਤੇ ਕਿਹਾ।। ਪੰਜਾਬ ਪੁਲਸ ਦੇ 6 ਏ.ਐਸ.ਆਈ., 48 ਹੈਡ ਕਾਂਸਟੇਬਲ ਤੇ ਕਾਂਸਟੇਬਲ ਤਾਈਨਾਤ ਹਨ। ਸੀ.ਆਰ.ਪੀ.ਐਫ਼. ਦਾ 1 ਏ.ਐਸ.ਆਈ, 2 ਹੈਡ ਕਾਂਸਟੇਬਲ ਤੇ 10 ਕਾਂਸਟੇਬਲ ਤਾਈਨਾਤ ਹਨ। ਪਹਿਲਾਂ 500 ਪੁਲਸ ਮੁਲਾਜ਼ਮ ਤਾਈਨਾਤ ਸਨ। ਸਰਕਾਰ ਨੇ ਅਦਾਲਤ ਨੂੰ ਜਵਾਬ ਦਿੱਤਾ ਕਿ ਸਕਿਉਰਿਟੀ ਡੇਰੇ ਨੂੰ ਹੈ, ਲਾਸ਼ ਨੂੰ ਨਹੀਂ। 23 ਸਤੰਬਰ ਹਾਈ ਕੋਰਟ ਨੇ ਦਲੀਪ ਝਾਅ ਨੂੰ ਕਿਹਾ ਉਹ ਆਸ਼ੂਤੋਸ਼ ਦੇ ਪੁੱਤਰ ਹੋਣ ਦਾ ਸਬੂਤ ਪੇਸ਼ ਕਰੇ ਤਾਂ ਉਸ ਨੂੰ ਲਾਸ਼ ਦਿਵਾਉਣ ਬਾਰੇ ਹਦਾਇਤ ਦਿੱਤੀ ਜਾ ਸਕਦੀ ਹੈ।

29 ਅਗਸਤ

1700: ਤਾਰਾ ਗੜ੍ਹ (ਅਨੰਦਪੁਰ ਦੇ ਨੇੜੇ) 'ਤੇ ਬਿਲਾਸਪੁਰ ਦੀਆਂ ਪਹਾੜੀ ਫ਼ੌਜਾਂ ਨੇ ਹਮਲਾ ਕੀਤਾ

12 ਜੁਲਾਈ 1698 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਕੁਝ ਸਿੰਘਾਂ ਨੂੰ ਨਾਲ ਲੈ ਕੇ ਨੇੜੇ ਦੇ ਪਹਾੜੀ ਜੰਗਲ ਵਿਚ ਸ਼ਿਕਾਰ ਕਰਨ ਗਏ। ਇਸ ਮੌਕੇ 'ਤੇ ਉਨ੍ਹਾਂ ਦਾ ਸਾਹਮਣਾ ਕਾਂਗੜੇ ਦੇ ਰਾਜੇ ਆਲਮ ਚੰਦ ਕਟੋਚ ਅਤੇ ਉਸ ਦੇ ਜਰਨੈਲ ਬਲੀਆ ਚੰਦ ਕਟੋਚ ਨਾਲ ਹੋ ਗਿਆ। ਕਟੋਚਾਂ ਵੱਲੋਂ ਗੁਰੂ ਸਾਹਿਬ 'ਤੇ ਹਮਲਾ ਕੀਤੇ ਜਾਣ 'ਤੇ ਭਾਈ ਉਦੈ ਸਿੰਘ, ਤੇ ਭਾਈ ਆਲਮ ਸਿੰਘ ਨੇ ਵੀ ਤਲਵਾਰਾਂ ਸੂਤ ਲਈਆਂ। ਦੋਹਾਂ ਪਾਸਿਓਂ ਜ਼ਬਰਦਸਤ ਲੜਾਈ ਸ਼ੁਰੂ ਹੋ ਗਈ। ਇਨ੍ਹਾਂ ਝੜਪਾਂ ਦੌਰਾਨ ਭਾਈ ਉਦੈ ਸਿੰਘ ਹੱਥੋਂ ਬਲੀਆ ਚੰਦ ਦੀ ਇਕ ਬਾਂਹ ਵੱਢੀ ਗਈ। ਆਲਮ ਚੰਦ ਕਟੋਚ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਮਗਰੋਂ ਇਨ੍ਹਾਂ ਜ਼ਖ਼ਮਾਂ ਕਾਰਨ ਬਲੀਆ ਚੰਦ ਦੀ ਮੌਤ ਹੋ ਗਈ।

ਬਲੀਆ ਚੰਦ ਤੇ ਆਲਮ ਚੰਦ ਦੀ ਬੁਰੀ ਤਰ੍ਹਾਂ ਹਾਰ ਹੋਣ ਮਗਰੋਂ, ਹੁਣ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਆਪ ਹੱਥ ਅਜ਼ਮਾਉਣ ਦੀ ਕੋਸ਼ਿਸ਼ ਕੀਤੀ। ਤਾਰਾਗੜ੍ਹ ਦਾ ਕਿਲ੍ਹਾ ਅਨੰਦਪੁਰ ਸਾਹਿਬ ਤੋਂ ਪੰਜ ਕਿਲੋਮੀਟਰ ਦੂਰ ਪਿੰਡ ਤਾਰਾਪੁਰ ਵਿਚ ਸੀ। ਇੱਥੇ ਖ਼ਾਲਸਾ ਫ਼ੌਜਾਂ ਦਾ ਸਿਰਫ਼ ਇਕ ਛੋਟਾ ਜਿਹਾ ਜੱਥਾ ਰਿਹਾ ਕਰਦਾ ਸੀ। ਇਸ ਦੀ ਕਮਾਨ ਸਾਹਿਬਜ਼ਾਦਾ ਅਜੀਤ ਸਿੰਘ ਕੋਲ ਸੀ। 29 ਅਗਸਤ 1700 ਵੀਰਵਾਰ ਦੇ ਦਿਨ ਅਜਮੇਰ ਚੰਦ ਨੇ ਅਚਾਨਕ ਇਸ ਕਿਲ੍ਹੇ 'ਤੇ ਹਮਲਾ ਕਰ ਦਿੱਤਾ। ਸਾਹਿਬਜ਼ਾਦਾ ਅਜੀਤ ਸਿੰਘ ਨੇ ਇਸ ਹਮਲੇ ਨੂੰ ਪਛਾੜਨ ਵਾਸਤੇ ਕੁਝ ਸਿੰਘ ਅੱਗੇ ਕੀਤੇ। ਇਨ੍ਹਾਂ ਨੇ ਬੜੀ ਬਹਾਦਰੀ ਨਾਲ ਦੁਸ਼ਮਣ ਦੀ ਫ਼ੌਜ ਦਾ ਟਾਕਰਾ ਕੀਤਾ। ਉਧਰ ਜਦੋਂ ਗੁਰੂ ਸਾਹਿਬ ਨੂੰ ਹਮਲੇ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਭਾਈ ਉਦੈ ਸਿੰਘ ਦੀ ਅਗਵਾਈ ਵਿਚ ਸਵਾ ਸੌ ਸਿੰਘਾਂ ਦਾ ਜਥਾ ਭੇਜਿਆ। ਇਸ ਗਹਿਗੱਚ ਲੜਾਈ ਵਿਚ ਬਹੁਤ ਸਾਰੇ ਪਹਾੜੀ ਫ਼ੌਜੀ ਮਾਰੇ ਗਏ। ਪਹਾੜੀ ਰਾਜਿਆਂ ਦਾ ਆਗੂ ਘੁਮੰਡ ਚੰਦ ਭਾਈ ਉਦੈ ਸਿੰਘ ਦੇ ਹੱਥੋਂ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਕ ਪਹਿਰ (3 ਘੰਟੇ) ਦੀ ਲੜਾਈ ਮਗਰੋਂ ਪਹਾੜੀ ਫ਼ੌਜਾਂ ਦੌੜ ਗਈਆਂ। ਇਸ ਲੜਾਈ ਵਿਚ ਭਾਈ ਕਲਿਆਣ ਸਿੰਘ (ਪੁੱਤਰ ਸ਼ਹੀਦ ਭਾਈ ਦਿਆਲ ਦਾਸ), ਭਾਈ ਮੰਗਤ ਸਿੰਘ (ਭਰਾ ਭਾਈ ਫੇਰੂ ਉਰਫ਼ 'ਸੱਚੀ ਦਾੜ੍ਹੀ') ਤੇ ਭਾਈ ਈਸ਼ਰ ਸਿੰਘ ਵੀ ਸ਼ਹੀਦ ਹੋਏ। ਸ਼ਾਮ ਵੇਲੇ ਗੁਰੂ ਸਾਹਿਬ ਨੇ ਬਾਕੀ ਚਾਰਾਂ ਕਿਲ੍ਹਿਆਂ ਦੇ ਜਥੇਦਾਰਾਂ ਨੂੰ ਵੀ ਚੌਕਸ ਕਰ ਦਿੱਤਾ।

ਇਸ ਲੜਾਈ ਸਬੰਧੀ ਭੱਟ ਵਹੀ ਤੁਮਰ ਬਿੰਜਲਉਂਤੋ ਕੀ ਵਿਚ ਇਕ ਇੰਦਰਾਜ ਇੰਝ ਮਿਲਦਾ ਹੈ: "ਈਸ਼ਰ ਸਿੰਘ ਬੇਟਾ ਕੇਵਲ ਕਾ ਪੋਤਾ ਆਤੂ ਕਾ, ਬਿੰਜਲਉਂਤ, ਕਲਿਆਨ ਸਿੰਘ ਬੇਟਾ ਦਿਆਲ ਦਾਸ ਕਾ ਪੋਤਾ ਮਾਈਦਾਸ ਕਾ, ਬੰਝਰਉਤ, ਮੰਗਤ ਸਿੰਘ ਬੇਟਾ ਬਿੰਨੈ ਉਪਲ ਕਾ....ਵਾਸੀ ਅੰਬ ਮਾੜੀ ਪ੍ਰਗਨਾ ਲਾਹੌਰ...ਸਾਲ ਸਤਰਾਂ ਸੈ ਸਤਵੰਜਾ ਭਾਦਵ ਪ੍ਰਵਿਸ਼ਟੇ ਉਨੱਤੀਸ ਵੀਰਵਾਰ ਦੇ ਦਿਹੁੰ, ਗੁਰੂ ਕੇ ਸ਼ਹਿਜ਼ਾਦੇ ਅਜੀਤ ਸਿੰਘ ਕਾ ਬਚਨ ਪਾਇ, ਕਿਲਾ ਤਾਰਾਗੜ੍ਹ ਕੇ ਮਲਹਾਨ, ਪ੍ਰਗਨਾ ਤਾਰਾਪੁਰ, ਏਕ ਪਹਿਰ ਘੋਰ ਜੁਧ ਕਰ ਕੇ, ਘਣੇ ਪਰਬਤੀ ਮਾਰ, ਸਾਹਮੇਂ ਮਾਥੇ ਰਣ ਮੇਂ ਜੂਝ ਕਰ ਸ਼ਹਾਦਤਾਂ ਪਾਇ ਗਏ। ਘੁਮੰਡ ਚੰਦ ਬੇਟਾ ਗੰਭੀਰ ਚੰਦ ਕਾ, ਭਾਈ ਉਦੈ ਸਿੰਘ ਕੇ ਹਾਥ ਸੇ ਘਾਇਲ ਹੋਇਆ।" (ਭੱਟ ਵਹੀ ਤੁਮਰ ਬਿੰਜਲਉਂਤੋਂ ਕੀ)।

1933: ਸਿੰਘ ਸਭਾ ਲਹਿਰ ਦੇ ਆਗੂ ਤੇਜਾ ਸਿੰਘ ਭਸੌੜ ਦੀ ਮੌਤ ਹੋਈ

ਪੰਚ ਖ਼ਾਲਸਾ ਦੀਵਾਨ ਦੇ ਮੁਖੀ ਆਗੂ ਤੇਜਾ ਸਿੰਘ ਭਸੌੜ 29 ਅਗਸਤ 1933 ਦੇ ਦਿਨ ਚੜ੍ਹਾਈ ਕਰ ਗਏ। ਉਨ੍ਹਾਂ ਨੇ ਸਿੰਘ ਸਭਾ ਲਹਿਰ ਦੌਰਾਨ ਸੈਂਕੜੇ ਲੋਕਾਂ ਨੂੰ ਸਿੱਖੀ ਵਿਚ

ਲਿਆਂਦਾ ਸੀ। ਉਨ੍ਹਾਂ ਨੇ ਸਿੱਖ ਬੱਚੀਆਂ ਵਾਸਤੇ ਇਕ ਸਕੂਲ ਤੇ ਹੋਸਟਲ ਵੀ ਚਲਾਏ ਸਨ। ਬਕਾਪੁਰ (ਫ਼ਿਲੌਰ, ਜਲੰਧਰ) ਵਿਚ ਇਕ ਮੁਸਲਮਾਨ ਪਰਵਾਰ ਤੇ ਹੋਰ ਗ਼ੈਰ ਸਿੱਖਾਂ ਨੂੰ ਸਿੱਖੀ ਵਿਚ ਲਿਆਉਣ ਦੀ ਸੇਵਾ ਵੀ ਉਨ੍ਹਾਂ ਨੇ ਹੀ ਕੀਤੀ ਸੀ। ਗੁਰਦੁਆਰਾ ਸੁਧਾਰ ਲਹਿਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਵਿਚ ਵੀ ਉਨ੍ਹਾਂ ਦਾ ਅਹਿਮ ਰੋਲ ਸੀ। ਪਰ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚੋਂ ਭਗਤ ਬਾਣੀ ਕੱਢਣ ਅਤੇ ਹੋਰ ਜਿਹੇ ਕਾਰਨਾਂ ਕਰ ਕੇ ਸ਼੍ਰੋਮਣੀ ਕਮੇਟੀ ਨੇ 1927 ਵਿਚ ਪੰਥ ਚੋਂ 'ਖਾਰਜ' ਕਰਨ ਦਾ ਹੁਕਮਨਾਮਾ ਤਿਆਰ ਕਰ ਕੇ ਅਕਾਲ ਤਖ਼ਤ ਤੋਂ ਜਾਰੀ ਕਰਵਾਇਆ ਸੀ ਪਰ ਉਨ੍ਹਾਂ ਨੇ ਆਪਣੇ ਆਖ਼ਰੀ ਸਾਹਾਂ ਤਕ ਇਸ 'ਹੁਕਮਨਾਮੇ' ਦੀ ਪਰਵਾਹ ਨਾ ਕੀਤੀ ਅਤੇ ਆਪਣੀ ਧੁਨ ਵਿਚ ਚਲਦੇ ਰਹੇ ਸਨ।

1958: ਬਾਬਾ ਬਕਾਲਾ ਅਕਾਲੀ ਕਾਨਫ਼ਰੰਸ ਨੇ ਪੰਜਾਬੀ ਸੂਬਾ ਦੀ ਮੰਗ ਕੀਤੀ

ਮਾਰਚ 1956 ਵਿਚ ਭਾਰਤ ਸਰਕਾਰ ਨੇ ਪੰਜਾਬੀ ਸੂਬੇ ਦੇ ਬਦਲ ਵਜੋਂ **'ਰਿਜਨਲ ਫ਼ਾਰਮੂਲਾ'** ਪੇਸ਼ ਕੀਤਾ। ਇਸ ਮੁਤਾਬਿਕ ਪੰਜਾਬ ਅਤੇ ਪੈਪਸੂ ਨੂੰ ਇਕ ਕਰਨ ਅਤੇ ਇਸ ਦੇ ਦੋ ਜ਼ੋਨ ਬਨਾਉਣ ਦਾ ਫ਼ੈਸਲਾ ਹੋਇਆ। ਹਿਮਾਚਲ ਵੱਖਰਾ ਹੋਣਾ ਸੀ ਅਤੇ ਪੰਜਾਬ ਵਿਚ ਪੰਜਾਬੀ ਜ਼ੋਨ ਅਤੇ ਹਿੰਦੀ ਜ਼ੋਨ ਦੋ ਹਿੱਸੇ ਹੋਣੇ ਸਨ।

ਇਸ ਵਿਚ ਵੱਖ-ਵੱਖ ਦੋ ਰਿਜਨਲ ਕੌਂਸਲਾਂ ਹੋਈਆਂ ਸਨ। ਇਨ੍ਹਾਂ ਕੌਂਸਲਾਂ ਨੂੰ ਲਾਅ ਐਂਡ ਆਰਡਰ, ਟੈਕਸ, ਤੇ ਫ਼ਿਨਾਂਸ ਤੋਂ ਬਿਨਾਂ ਬਾਕੀ ਸਾਰੇ ਹੱਕ ਹੋਣੇ ਸਨ ਅਤੇ ਇਨ੍ਹਾਂ ਦੇ ਫ਼ੈਸਲੇ ਵਜ਼ਾਰਤ 'ਤੇ ਲਾਗੂ ਹੋਣੇ ਸਨ। ਆਪਸੀ ਝਗੜਾ ਹੋਣ ਦੀ ਸੂਰਤ ਵਿਚ ਗਵਰਨਰ ਦਾ ਫ਼ੈਸਲਾ ਆਖ਼ਰੀ ਹੋਣਾ ਸੀ। ਪੰਜਾਬੀ ਰਿਜਨ ਦੀ ਬੋਲੀ ਪੰਜਾਬੀ (ਗੁਰਮੁਖੀ ਲਿੱਪੀ ਵਿਚ) ਮੰਨੀ ਗਈ। ਪੈਪਸੂ ਵਿਚ ਪੰਜਾਬੀ ਜ਼ੋਨ 'ਤੇ ਪੰਜਾਬੀ ਫ਼ਾਰਮੂਲਾ ਅਤੇ ਹਿੰਦੀ ਜ਼ੋਨ 'ਤੇ ਸੱਚਰ ਫ਼ਾਰਮੂਲਾ ਲਾਗੂ ਹੋਣਾ ਮੰਨਿਆ ਗਿਆ।ਜਦੋਂ ਅਕਾਲੀ ਦਲ ਨੇ ਰਿਜਨਲ ਫ਼ਾਰਮੂਲਾ ਮਨਜ਼ੂਰ ਕੀਤਾ ਤੇ ਕਾਂਗਰਸ ਨੇ ਇਸ ਉਪਰ ਪੱਕੀ ਹਾਂ ਦੀ ਮੋਹਰ ਲਾ ਦਿੱਤੀ ਤਾਂ ਪੰਜਾਬ ਵਿਚ 'ਮਹਾਂ ਪੰਜਾਬ' ਦੇ ਨਾਂ 'ਤੇ ਮੋਰਚਾ ਸ਼ੁਰੂ ਹੋ ਗਿਆ। ਅਪ੍ਰੈਲ ਤੋਂ ਜੂਨ 1956 ਤਕ ਅੰਮ੍ਰਿਤਸਰ, ਪਠਾਨਕੋਟ, ਬਟਾਲਾ, ਲੁਧਿਆਣਾ, ਜਲੰਧਰ ਅਤੇ ਹੋਰ ਕਈ ਸ਼ਹਿਰਾਂ ਵਿਚ ਜਨਸੰਘੀਆਂ ਤੇ ਮਹਾਂ ਪੰਜਾਬੀਆਂ ਨੇ ਜਲੂਸ ਕੱਢੇ, ਸਿੱਖਾਂ ਉੱਤੇ ਹਮਲੇ ਕੀਤੇ, ਪੰਜਾਬੀ ਸੂਬੇ ਵਿਰੁੱਧ ਗੰਦ ਉਛਾਲਿਆ ਅਤੇ ਪੁਲਿਸ ਨਾਲ ਲੜੇ। ਜੂਨ ਵਿਚ ਇਹ ਲਹਿਰ ਘਟਦੀ-ਘਟਦੀ ਆਪਣੇ-ਆਪ ਖ਼ਤਮ ਹੋ ਗਈ। ਇਸ ਦੌਰਾਨ ਫ਼ਿਰਕੂ ਹਿੰਦੂਆਂ ਨੇ ਪੰਜਾਬੀ ਦੇ ਰਿਧ ਵਿਚ ਲਹਿਰ ਚਲਾਈ ਜਿਸ 'ਤੇ ਸਰਕਾਰ ਨੇ ਰੀਜਨਲ ਫ਼ਾਰਮੂਲੇ ਨੂੰ ਠੰਡੇ ਬਸਤੇ ਵਿਚ ਪਾ ਦਿੱਤਾ।ਅਕਾਲੀ ਦਲ ਨੇ ਰਿਜਨਲ ਫ਼ਾਰਮੂਲੇ ਵਿਚ ਕੋਈ ਵੀ ਤਬਦੀਲੀ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਗੋਲਮੇਜ਼ ਕਾਨਫ਼ਰੰਸ ਦੀਆਂ ਗੱਲਾਂ ਵੀ ਚਲਾਈਆਂ ਪਰ ਛੇਤੀ ਹੀ ਮੁਕ ਗਈਆਂ। ਨਹਿਰੂ ਨੇ ਵੀ ਇਸ ਬਾਰੇ ਕੋਈ ਮੁਆਮਲਾ ਫ਼ੇਡਨ ਤੋਂ ਇਨਕਾਰ ਕਰ ਦਿੱਤਾ। ਰਾਜ ਗੋਪਾਲ ਅਚਾਰੀਆ ਨੇ ਇਸ ਹਾਲਤ ਨੂੰ ਵੇਖ ਕੇ ਆਖਿਆ ਕਿ ਹੁਣ ਹਿੰਦੀ ਨੂੰ ਲਿੰਕ ਜ਼ਬਾਨ ਮੰਨਣ ਬਾਰੇ ਮੁੜ ਵਿਚਾਰ ਕਰਨੀ ਚਾਹੀਦੀ ਹੈ। ਮਦਰਾਸ ਦੇ 34 ਹੋਰ ਲੀਡਰਾਂ ਨੇ ਵੀ ਇਸ ਬਾਰੇ ਬਿਆਨ ਦਿੱਤਾ। ਮਾਸਟਰ ਤਾਰਾ ਸਿੰਘ ਨੇ ਕਿਹਾ ਕਿ 'ਜੇ ਰਿਜਨਲ ਫ਼ਾਰਮੂਲਾ ਤੋੜਿਆ ਗਿਆ ਤਾਂ ਸਿੱਖ ਪੰਜਾਬੀ ਸੂਬਾ ਮੰਗਣਗੇ।' 16-17 ਨਵੰਬਰ 1957 ਨੂੰ ਅਕਾਲੀ ਦਲ 11ਵੀਂ ਕਾਨਫ਼ਰੰਸ ਬਠਿੰਡਾ ਵਿਚ ਹੋਈ। 'ਸੇਵਾ ਸਿੰਘ ਠੀਕਰੀ ਵਾਲਾ ਨਗਰ' ਦੇ ਵੱਡੇ ਪੰਡਾਲ ਵਿਚ ਇਕ ਲੱਖ ਤੋਂ ਵਧ ਸਿੱਖ ਇਕੱਠੇ ਹੋਏ। ਪਹਿਲੇ ਦਿਨ ਜਲੂਸ ਦੀ ਅਗਵਾਈ ਮਾਸਟਰ ਤਾਰਾ ਸਿੰਘ, ਸੰਪੂਰਨ ਸਿੰਘ ਰਾਮਾ ਤੇ ਫ਼ਤਹਿ ਸਿੰਘ ਗੰਗਾਨਗਰ ਕਰ ਰਹੇ ਸਨ। ਇਸ ਸਮਾਗਮ ਵਿਚ ਪੁਰਾਣੇ ਆਗੂਆਂ (ਰਾੜੇਵਾਲਾ, ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ ਵਗ਼ੈਰਾ, ਜੋ ਲਾਲਚਾਂ ਕਰ ਕੇ ਕਾਂਗਰਸ

ਦੀ ਝੋਲੀ ਵਿਚ ਪੈ ਚੁਕੇ ਸਨ) ਦੀ ਥਾਂ ਨਵੇਂ ਆਗੂ ਸਾਹਮਣੇ ਆਏ। ਇਸ ਕਾਨਫ਼ਰੰਸ ਨੇ ਰਿਜਨਲ ਫ਼ਾਰਮੂਲੇ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਮੰਗ ਕੀਤੀ। ਪਰ ਸਰਕਾਰ ਨੇ ਇਸ ਦੀ ਕੋਈ ਪਰਵਾਹ ਨਾ ਕੀਤੀ। ਇਸ ਵੇਲੇ ਤਕ ਸਾਰਾ ਭਾਰਤ ਬੋਲੀ ਦੇ ਅਧਾਰ 'ਤੇ ਸੂਬਿਆਂ ਵਿਚ ਵੰਡਿਆ ਜਾ ਚੁਕਾ ਸੀ। ਹੁਣ ਸਿਰਫ਼ ਬੰਬਈ ਅਤੇ ਪੰਜਾਬ ਹੀ ਰਹਿ ਗਏ ਸਨ ਜਿਨ੍ਹਾਂ ਦੀ ਵੰਡ ਬੋਲੀ ਦੇ ਅਧਾਰ ਤੇ ਨਹੀਂ ਸੀ ਹੋਈ। 29 ਅਗਸਤ 1958 ਨੂੰ ਬਾਬੇ ਬਕਾਲੇ ਵਿਚ ਇਕ ਬਹੁਤ ਵੱਡੀ ਅਕਾਲੀ ਕਾਨਫ਼ਰੰਸ ਹੋਈ ਜਿਸ ਨੇ ਬੋਲੀ ਦੇ ਅਧਾਰ 'ਤੇ ਪੰਜਾਬੀ ਸੂਬਾ, ਮਹਾਂਰਾਸ਼ਟਰ ਅਤੇ ਗੁਜਰਾਤ ਸੂਬੇ ਬਣਾਉਣ ਦੀ ਮੰਗ ਕੀਤੀ ਅਤੇ ਇਹ ਮੰਗ ਨਾ ਮੰਨੇ ਜਾਣ 'ਤੇ ਮੋਰਚਾ ਲਾਉਣ ਦਾ ਐਲਾਨ ਕੀਤਾ।

1987: ਪਰਮਜੀਤ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

29 ਅਗਸਤ 1987 ਦੇ ਦਿਨ ਪੰਜਾਬ ਪੁਲਸ ਨੇ ਪਰਮਜੀਤ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

1990: ਹਰਦੇਵ ਸਿੰਘ ਫ਼ੌਜੀ ਬਾਬਾ ਬਕਾਲਾ, ਬਲਵਿੰਦਰ ਸਿੰਘ ਕਿਰਤੋਵਾਲ, ਬਲਜੀਤ ਸਿੰਘ ਬਿੱਟੂ ਬੇਲਾਪੁਰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

29 ਅਗਸਤ 1990 ਦੇ ਦਿਨ ਪੰਜਾਬ ਪੁਲਸ ਨੇ ਹਰਦੇਵ ਸਿੰਘ ਫ਼ੌਜੀ ਉਰਫ਼ ਹੀਰਾ (ਵਾਸੀ ਬਾਬਾ ਬਕਾਲਾ, ਅੰਮ੍ਰਿਤਸਰ), ਬਲਵਿੰਦਰ ਸਿੰਘ ਲਾਡੀ (ਵਾਸੀ ਕਿਰਤੋਵਾਲ), ਬਲਜੀਤ ਸਿੰਘ ਬਿੱਟੂ ਉਰਫ਼ ਗਰਜਾ ਸਿੰਘ (ਵਾਸੀ ਬੇਲਾਪੁਰ, ਗੁਰਦਾਸਪੁਰ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਮਲਕੀਤ ਸਿੰਘ ਢਡਿਆਲਾ ਨਜ਼ਾਰਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

29 ਅਗਸਤ 1991 ਦੇ ਦਿਨ ਪੰਜਾਬ ਪੁਲਸ ਨੇ ਮਲਕੀਤ ਸਿੰਘ (ਵਾਸੀ ਢਡਿਆਲਾ ਨਜ਼ਾਰਾ, ਗੁਰਦਾਸਪਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

2014: ਬਲਜੀਤ ਸਿੰਘ ਦਾਦੂਵਾਲ ਨੇ ਹਰਿਆਣਾ ਦੀ ਗੁਰਦੁਆਰਾ ਕਮੇਟੀ ਦੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣ ਦੀ ਅਫ਼ਵਾਹ ਉਡਾਈ

ਜਦੋਂ ਹਰਿਆਣਾ ਸਰਕਾਰ ਨੇ ਸੂਬੇ ਦੇ ਗੁਰਦੁਆਰਿਆਂ ਵਾਸਤੇ ਕਮੇਟੀ ਬਣਾਈ ਤਾਂ ਬਲਜੀਤ ਸਿੰਘ ਦਾਦੂਵਾਲ ਨੂੰ, ਅੰਬਾਲੇ ਦਾ ਸਿਰਨਾਵਾਂ ਦੇ ਕੇ, ਇਸ ਵਿਚ ਮੈਂਬਰ ਪਾ ਲਿਆ ਗਿਆ। ਪਰਕਾਸ਼ ਸਿੰਘ ਬਾਦਲ ਨੇ ਸੈਂਟਰ ਵਿਚ ਭਾਜਪਾ ਦੀ ਸਰਕਾਰ ਰਾਹੀਂ ਬਹੁਤ ਹੱਥ ਪੈਰ ਮਾਰੇ ਪਰ ਪ੍ਰਾਈਮ ਮਨਿਸਟਰ ਨਰੇਂਦਰ ਮੋਦੀ ਅਤੇ ਹੋਮ ਮਨਿਸਟਰ ਰਾਜਨਾਥ ਨੇ ਬਾਦਲ ਨੂੰ ਸਪਸ਼ਟ ਕਰ ਦਿੱਤਾ ਕਿ ਉਹ ਕਾਨੂੰਨੀ ਤੌਰ 'ਤੇ ਕੁਝ ਨਹੀਂ ਕਰ ਸਕਦੇ। ਇਸ ਮਗਰੋਂ ਬਾਦਲ ਨੇ ਹੋਰ ਵੀ ਹੱਥ ਪੈਰ ਮਾਰੇ ਪਰ ਅਖ਼ੀਰ ਨਿਰਾਸ ਹੋ ਕੇ ਚੁਪ ਕਰ ਗਿਆ।ਬਾਦਲ ਹੋਛੇ ਹਥਿਆਰਾਂ 'ਤੇ ਉਤਰ ਆਇਆ। ਉਸ ਨੇ ਬਲਜੀਤ ਸਿੰਘ ਦਾਦੂਵਾਲ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ। ਉਸ 'ਤੇ 15 ਮਾਰਚ 2009 ਦੇ ਦਿਨ ਬਾਜਾਖਾਨਾ (ਫ਼ਰੀਦਕੋਟ) ਵਿਚ ਸਰਸਾ ਸਾਧ ਦੇ ਚੇਲਿਆਂ ਅਤੇ ਸਿੱਖਾਂ ਵਿਚ ਹੋਏ ਇਕ ਝਗੜੇ ਸਬੰਧੀ, ਕਤਲ ਕਰਨ ਦੀ ਕੋਸ਼ਿਸ਼ ਦੀ ਧਾਰਾ ਹੇਠ ਦਰਜ ਕੀਤਾ ਕੇਸ ਖੋਲ੍ਹ ਕੇ ਉਸ ਨੂੰ 22 ਅਗਸਤ 2014 ਦੀ ਅੱਧੀ ਰਾਤ ਨੂੰ, ਉਸ ਦੇ ਗੁਰਦੁਆਰੇ ਜੰਡਾਲੀਸਰ (ਕੋਟਸ਼ਮੀਰ ਪਿੰਡ) ਵਿਚੋਂ, ਉਸ ਦੇ ਦੋ ਸਾਥੀਆਂ ਹਰਜਿੰਦਰ ਸਿੰਘ ਅਤੇ ਰਣਧੀਰ ਸਿੰਘ ਨਾਲ ਗ੍ਰਿਫ਼ਤਾਰ ਕਰ ਲਿਆ ਅਤ ਉਸ ਦਾ ਇਕ ਦਿਨ ਵਾਸਤੇ ਪੁਲਸ

ਰੀਮਾਂਡ ਲੈ ਲਿਆ ਗਿਆ ਜੋ ਮਗਰੋਂ ਇਕ ਦਿਨ ਹੋਰ ਵਧਾ ਦਿੱਤਾ ਗਿਆ। ਇਸ ਦੇ ਨਾਲ ਹੀ ਉਸ ਦੇ ਗੁਰਦੁਆਰੇ 'ਤੇ ਕਬਜ਼ਾ ਵੀ ਕਰ ਲਿਆ ਗਿਆ। 24 ਤਾਰੀਖ਼ ਨੂੰ ਉਸ ਦੇ 7 ਹੋਰ ਸਾਥੀਆਂ ਸਣੇ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਸ ਮੌਕੇ 'ਤੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਹੁਤ ਸਾਰੇ ਮੈਂਬਰ ਉਸ ਦੀ ਹਿਮਾਇਤ ਦਾ ਇਜ਼ਹਾਰ ਕਰਨ ਵਾਸਤੇ ਪੁੱਜੇ ਹੋਏ ਸਨ। ਪਰ ਇਸ ਮਗਰੋਂ 2 ਜਨਵਰੀ 2011 ਦੇ ਭੀਖੀ ਥਾਣੇ ਵਿਚ ਰਜਿਸਟਰ ਹੋਏ ਕਤਲ ਕਰਨ ਦੀ ਕੋਸ਼ਿਸ਼ ਸਬੰਧੀ ਕੇਸ ਵਿਚ ਉਸ ਦਾ ਇਕ ਦਿਨਾ ਪੁਲਸ ਰੀਮਾਂਡ ਲੈ ਲਿਆ। 28 ਅਗਸਤ 2014 ਦੇ ਦਿਨ ਕੁਝ ਸਿੱਖ ਜਥੇਬੰਦੀਆਂ ਨੇ ਇਸ ਧੱਕੇ-ਸ਼ਾਹੀ ਦੇ ਖ਼ਿਲਾਫ਼ ਗਵਰਨਰ ਨੂੰ ਮੈਮੋਰੰਡਮ ਵੀ ਦਿੱਤਾ। ਪੁਲਸ ਨੇ ਬਲਜੀਤ ਸਿੰਘ ਦਾਦੂਵਾਲ ਨਾਲ ਸਬੰਧਤ ਇਕ ਗੱਡੀ ਵਿਚੋਂ ਇਕ ਏ.ਕੇ. 47 ਰਾਈਫ਼ਲ ਦੇ ਕਾਰਤੂਸ ਮਿਲ ਦਾ ਵੀ ਦਾਅਵਾ ਕੀਤਾ ਤੇ ਇਹ ਵੀ ਕਿਹਾ ਕਿ ਦਾਦੂਵਾਲ ਨੇ ਪਿਛਲੇ ਦੋ ਸਾਲਾਂ ਵਿਚ ਤਿੰਨ ਬੈਂਕਾਂ ਵਿਚ 4 ਕਰੋੜ 13 ਲੱਖ ਰੁਪੈ ਦਾ ਲੈਣ-ਦੇਣ ਕੀਤਾ ਹੈ।

ਇਸ ਹਾਲਤ ਵਿਚ ਬਲਜੀਤ ਸਿੰਘ ਦਾਦੂਵਾਲ, ਜੋ ਥੋੜ੍ਹਾ ਚਿਰ ਪਹਿਲਾਂ ਹੀ ਸਾਧ ਬਣਿਆ ਸੀ ਅਤੇ ਉਸ ਨੂੰ ਕਦੇ ਸਰਕਾਰੀ ਧੱਕੇਸ਼ਾਹੀ ਦਾ ਸੇਕ ਨਹੀਂ ਸੀ ਲੱਗਾ; ਕੁਝ ਚਿਰ ਪਹਿਲਾਂ ਹੀ ਉਸ ਦਾ ਵਿਆਹ ਹੋਇਆ ਸੀ। ਜਿਹਾ ਕਿ ਆਸ ਸੀ, ਉਹ ਵਿਚਾਰਾ ਛੇਤੀ ਹੀ ਹਿੰਮਤ ਹਾਰ ਗਿਆ ਅਤੇ ਅੰਦਰੋਂ ਟੁੱਟ ਗਿਆ ਤੇ ਜੇਲ੍ਹ ਵਿਚ ਬੀਮਾਰ ਪੈ ਗਿਆ। 30 ਅਗਸਤ 2014 ਦੇ ਦਿਨ ਪੰਜਾਬ ਪੁਲਸ ਨੇ ਉਸ ਦਾ ਇਕ ਬਿਆਨ ਰਲੀਜ਼ ਕੀਤਾ ਕਿ ਉਸ ਨੇ ਹਰਿਆਣਾ ਦੀ ਗੁਰਦੁਆਰਾ ਕਮੇਟੀ ਦੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ ਅਤੇ ਕਿਹਾ ਹੈ ਕਿ ਕਾਂਗਰਸ ਨੇ ਹਰਿਆਣਾ ਦੇ ਗੁਰਦੁਆਰਿਆਂ ਦੇ ਮਸਲੇ ਦਾ ਸਿਆਸੀਕਰਣ ਕੀਤਾ ਹੈ। ਪਰ, ਇਹ ਬਿਆਨ ਪੁਲਸ ਵੱਲੋਂ ਫੈਲਾਈ ਝੂਠੀ ਅਫ਼ਵਾਹ ਸੀ।

1992: ਕਸ਼ਮੀਰ ਸਿੰਘ ਸਠਿਆਲਾ, ਭਾਨ ਸਿੰਘ ਰੰਘੜ ਨੰਗਲ ਤੇ ਬਾਪੂ ਬਚਿਤਰ ਸਿੰਘ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

29 ਅਗਸਤ 1992 ਦੇ ਦਿਨ ਪੰਜਾਬ ਪੁਲਸ ਨੇ ਕਸ਼ਮੀਰ ਸਿੰਘ (ਪੁੱਤਰ ਸੁੱਚਾ ਸਿੰਘ, ਵਾਸੀ ਸਠਿਆਲਾ, ਜ਼ਿਲ੍ਹਾ ਅੰਮ੍ਰਿਤਸਰ), ਭਾਨ ਸਿੰਘ (ਪੁੱਤਰ ਗੁਰਦਿੱਤ ਸਿੰਘ, ਵਾਸੀ ਰੰਘੜ ਨੰਗਲ, ਜ਼ਿਲ੍ਹਾ ਅੰਮ੍ਰਿਤਸਰ) ਤੇ ਬਾਪੂ ਬਚਿਤਰ ਸਿੰਘ ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ ਗਿਆ।

1992: ਬੂਟਾ ਸਿੰਘ ਭੁਰੇ ਕਲਾਂ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

29 ਅਗਸਤ 1992 ਦੇ ਦਿਨ ਪੁਲਸ ਨੇ ਬੂਟਾ ਸਿੰਘ (ਪੁੱਤਰ ਗੁਰਦੀਪ ਸਿੰਘ, ਵਾਸੀ ਭੁਰੇ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

2014: ਪੁਲਸ ਕੈਟ ਨਕਲੀ ਨਿਹੰਗ ਅਜੀਤ ਪੂਹਲਾ ਦੀ ਦੂਜੀ ਬਰਸੀ ਤੇ ਬਾਦਲ ਦਲ ਦਾ ਐਮ.ਐ.ਏ. ਵੀ ਪੁੱਜਾ

29 ਅਗਸਤ 2014 ਦੇ ਦਿਨ ਬਾਬਾ ਬਕਾਲਾ ਵਿਚ ਪੁਲਸ ਕੈਟ ਨਕਲੀ ਨਿਹੰਗ ਅਜੀਤ ਪੂਹਲਾ, ਜਿਸ ਨੂੰ ਜੇਲ੍ਹ ਵਿਚ ਅੱਗ ਾ ਕੇ ਸਾੜ ਕੇ ਮਾਰ ਦਿੱਤਾ ਗਿਆ ਸੀ, ਦੀ ਦੂਜੀ ਬਰਸੀ ਉਸ ਦੇ ਚੇਲਿਆਂ ਵੱਲੋਂ ਮਨਾਈ ਗਈ। ਇਸ ਮੌਕੇ 'ਤੇ ਗਿਣਤੀ ਦੇ ਹਾਜ਼ਰ ਲੋਕਾਂ ਵਿਚ ਬਲਬੀਰ ਸਿੰਘ ਬਾਠ (ਬਾਦਲ ਅਕਾਲੀ ਦਲ ਦਾ ਐਮ.ਐਲ.ਏ.), ਸੁਖਪਾਲ ਸਿੰਘ ਖਹਿਰਾ

(ਕਾਂਗਰਸ ਦਾ ਸਾ ਬਕਾ ਐਮ.ਐਲ.ਏ.), ਕਸ਼ਮੀਰ ਸਿੰਘ (ਮੈਨੇਜਰ ਗੁਰਦੁਆਰਾ ਭੈਣੀ) ਤੇ ਕੁਝ ਸੀਨੀਅਰ ਕਾਂਗਰਸੀ ਵਰਕਰ ਵੀ ਸ਼ਾਮਿਲ ਸਨ।

30 ਅਗਸਤ

1700: ਅਨੰਦਪੁਰ ਵਿਚ ਫ਼ਤਹਿਗੜ੍ਹ ਕਿਲ੍ਹੇ 'ਤੇ ਬਿਲਾਸਪੁਰ ਦੀਆਂ ਪਹਾੜੀ ਫ਼ੌਜਾਂ ਨੇ ਹਮਲਾ ਕੀਤਾ

29 ਅਗਸਤ 1700 ਦੇ ਦਿਨ ਅਨੰਦਪੁਰ ਤੋਂ 5 ਕਿਲੋਮੀਟਰ ਦੂਰ ਤਾਰਾਗੜ੍ਹ ਦੇ ਕਿਲ੍ਹੇ 'ਤੇ ਹਮਲੇ ਵਿਚ ਬੁਰੀ ਤਰ੍ਹਾਂ ਹਾਰਨ ਮਗਰੋਂ ਅਜਮੇਰ ਚੰਦ ਤੇ ਉਸ ਦੇ ਸਾਥੀਆਂ ਦੀਆਂ ਫ਼ੌਜਾਂ ਨੇ ਅਗਲੇ ਦਿਨ ਸ਼ੁਕਰਵਾਰ 30 ਅਗਸਤ ਨੂੰ ਅਨੰਦਪੁਰ ਦੇ ਪਹਿਲੇ ਪਿੰਡ ਚੱਕ ਨਾਨਕੀ ਵਿਚ ਕਿਲ੍ਹਾ ਫ਼ਤਹਿਗੜ੍ਹ 'ਤੇ ਵੀ ਹਮਲਾ ਕਰ ਦਿੱਤਾ। ਇਸ ਕਿਲ੍ਹੇ ਦੀ ਕੇਸਗੜ੍ਹ ਸਾਹਿਬ ਵਾਲੇ ਪਾਸੇ ਵੱਲ ਦੀ ਕੰਧ ਅਜੇ ਅਧੂਰੀ ਸੀ। ਇਸ ਕਿਲ੍ਹੇ ਦਾ ਜਥੇਦਾਰ ਭਾਈ ਭਗਵਾਨ ਸਿੰਘ (ਪੁੱਤਰ ਭਾਈ ਮਨੀ ਸਿੰਘ) ਸੀ। ਭਾਈ ਭਗਵਾਨ ਸਿੰਘ ਦੀ ਜਥੇਦਾਰੀ ਹੇਠ ਗਿਣਤੀ ਦੇ ਸਿੰਘਾਂ ਨੇ ਹੀ ਪਹਾੜੀ ਫ਼ੌਜਾਂ ਦਾ ਡਟ ਕੇ ਮੁਕਾਬਲਾ ਕੀਤਾ ਤੇ ਬਹੁਤ ਸਾਰੇ ਪਹਾੜੀ ਫ਼ੌਜੀ ਮਾਰ ਮੁਕਾਏ। ਸ਼ਾਮ ਹੋਣ ਮਗਰੋਂ ਪਹਾੜੀ ਫ਼ੌਜਾਂ ਮੈਦਾਨ ਛੱਡ ਕੇ ਦੌੜ ਗਈਆਂ। ਇਸ ਲੜਾਈ ਵਿਚ ਭਾਈ ਭਗਵਾਨ ਸਿੰਘ, ਭਾਈ ਜਵਾਹਰ ਸਿੰਘ (ਪੁੱਤਰ ਭਾਈ ਲੱਖੀ ਰਾਏ ਵਣਜਾਰਾ), ਭਾਈ ਨੰਦ ਸਿੰਘ (ਪੁੱਤਰ ਭਾਈ ਆਲਮ ਸਿੰਘ ਅਤੇ ਪੋਤਾ ਭਾਈ ਦਵੀਆ) ਸ਼ਹੀਦ ਹੋ ਗਏ। ਇਸ ਬਾਰੇ ਭੱਟ ਵਹੀ ਜਾਦੋਬੰਸੀਆਂ ਕੀ ਵਿਚ ਇੰਵ ਜ਼ਿਕਰ ਆਉਂਦਾ ਹੈ: "ਭਗਵਾਨ ਸਿੰਘ ਬੇਟਾ ਮਨੀ ਸਿੰਘ ਕਾ, ਪੋਤਾ ਮਾਈਦਾਸ ਕਾ...ਪੁਆਰ, ਜਵਾਹਰ ਸਿੰਘ ਬੇਟਾ ਲਖੀਏ ਕਾ, ਪੋਤਾ ਗੋਧੂ ਕਾ ਬੜਤੀਆਂ ਕਨਾਵਤ, ਨੰਦ ਸਿੰਘ ਬੇਟਾ ਆਲਮ ਸਿੰਘ ਕਾ, ਪੋਤਾ ਦਰੀਆ ਕਾ...ਪੁਆਰ ਜਲਹਾਨਾ ਆਦਿ...ਸਾਲ ਸਤ ਕਾਂ ਸੈ ਸਤਵੰਜਾ, ਭਾਦਵਾ ਪ੍ਰਵਿਸ਼ਟੇ ਤੀਸ ਗੁਰੂਵਾਰ ਕੇ ਦਿਹੁੰ, ਗੁਰੂ ਕਾ ਬਚਨ ਪਾਇ, ਕਿਲਾ ਫ਼ਤੇ ਗੜ੍ਹ ਪਰਗਨਾ ਸਹੋਟਾ ਕੇ ਮਲਹਾਨ, ਸਾਮ੍ਹੇ ਮਾਥੇ ਜੂਝ ਕਰ ਮਰੇ, ਆਗੇ ਗੁਰੂ ਭਾਣੇ ਕਾ ਖਾਬਿੰਦ ਹੈ, ਗੁਰੂ ਕੀ ਗਤਿ ਗੁਰੂ ਜਾਨੇ।" (ਭੱਟ ਵਹੀ ਜਾਦੋਬੰਸੀਆਂ ਕੀ, ਖਾਤਾ ਬੜ੍ਹਤੀਏ ਕਨਾਉਂਤੋ ਕਾ)।

1845: ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਚੌਥੇ ਕੰਵਰ ਪਿਸ਼ੌਰਾ ਸਿੰਘ ਦਾ ਕਤਲ ਹੋਇਆ

21 ਦਸੰਬਰ 1844 ਦੇ ਦਿਨ ਹੀਰਾ ਸਿੰਘ ਡੋਗਰੇ ਨੂੰ ਖ਼ਤਮ ਕਰਨ ਨਾਲ ਭਾਵੇਂ ਲਾਹੌਰ ਦਰਬਾਰ ਵੱਡੇ ਡੋਗਰਿਆਂ ਤੋਂ ਤਾਂ ਆਜ਼ਾਦ ਹੋ ਗਿਆ ਸੀ ਪਰ ਇਕ ਡੋਗਰਾ ਗੁਲਾਬ ਸਿੰਘ ਅਜੇ ਵੀ ਜੰਮੂ ਵਿਚ ਰਾਜ ਕਰ ਰਿਹਾ ਸੀ। ਹੁਣ ਰਾਣੀ ਜਿੰਦਾਂ ਨੇ ਆਪਣੇ ਭਰਾ ਜਵਾਹਰ ਸਿੰਘ ਨੂੰ ਵਜ਼ੀਰ ਬਣਾ ਦਿਤਾ ਤੇ ਮਿਸਰ ਲਾਲ ਸਿੰਘ (ਬ੍ਰਾਹਮਣ) ਨੂੰ ਉਸ ਦਾ ਮੁਖ ਸਲਾਹਕਾਰ ਲਾ ਦਿਤਾ। ਇਸ ਦੇ ਨਾਲ ਹੀ ਇਕ "ਪੰਚਾਇਤ" ਵੀ ਕਾਇਮ ਕਰ ਦਿਤੀ ਗਈ। 'ਖਾਲਸਾ' ਫ਼ੌਜ ਦੇ ਪੰਚਾਂ ਵਿਚ ਜਵਾਹਰ ਸਿੰਘ, ਭਾਈ ਰਾਮ ਸਿੰਘ (ਪੁਤਰ ਵਸਤੀ ਰਾਮ), ਦੀਵਾਨ ਦੀਨਾ ਨਾਥ, ਬਖ਼ਸ਼ੀ ਭਗਤ ਰਾਮ ਅਤੇ ਫ਼ਕੀਰ ਨੂਰ-ਉਦ-ਦੀਨ ਸ਼ਾਮਿਲ ਸਨ। ਭਾਵੇਂ ਇਨ੍ਹਾਂ ਵਿਚ ਇਕ ਵੀ ਡੋਗਰਾ ਨਹੀਂ ਸੀ ਪਰ ਪੰਜਾਂ ਵਿਚੋਂ ਦੋ ਹਿੰਦੂ ਅਤੇ ਇਕ (ਰਾਮ ਸਿੰਘ) ਅਰਧ-ਹਿੰਦੂ ਸਨ। ਇਨ੍ਹਾਂ ਵਿਚੋਂ ਦੀਵਾਨ ਦੀਨਾ ਨਾਥ ਸ਼ੱਕੀ ਕਾਰਵਾਈਆਂ ਵਿਚ ਮਸਰੂਫ਼ ਸੀ ਤੇ ਉਸ ਦਾ ਰਾਬਤਾ ਅੰਗਰੇਜਾਂ ਨਾਲ ਬਣਿਆ ਹੋਇਆ ਸੀ।

ਇਸ ਵੇਲੇ ਸਰਕਾਰੀ ਖ਼ਜ਼ਾਨੇ ਦਾ ਵੀ ਮਾੜਾ ਹਾਲ ਸੀ। ਪਹਿਲਾਂ (ਜਨਵਰੀ 1841 ਵਿਚ) ਮਹਾਰਾਜਾ ਖੜਕ ਸਿੰਘ ਦੀ ਵਿਧਵਾ ਰਾਣੀ ਚੰਦ ਕੌਰ ਵੱਲੋਂ ਤਖ਼ਤ ਛੱਡਣ ਵੇਲੇ, ਉਸ ਦੀ ਦੌਲਤ ਦੀ ਹਿਫ਼ਾਜ਼ਤ ਦੇ ਨਾਂ 'ਤੇ, ਗੁਲਾਬ ਸਿੰਘ ਡੋਗਰਾ ਬੜਾ ਮਾਲ-ਮੱਤਾ ਜੰਮੂ ਲਿਜਾ ਚੁਕਾ

ਸੀ। ਪਿਛਲੇ ਪੰਜ ਸਾਲਾਂ ਵਿਚ 35 ਹਜ਼ਾਰ ਤੋਂ ਵਧ ਨਵੇਂ ਸਿਪਾਹੀ ਭਰਤੀ ਕੀਤੇ ਜਾਣ ਕਰ ਕੇ ਫ਼ੌਜ ਦੀ ਗਿਣਤੀ 85 ਹਜ਼ਾਰ ਤੋਂ ਵਧ ਕੇ ਇਕ ਲੱਖ ਵੀਹ ਹਜ਼ਾਰ ਹੋ ਚੁਕੀ ਸੀ। ਇਨ੍ਹਾਂ ਦੀਆਂ ਤਨਖਾਹਾਂ 'ਤੇ ਵੀ ਬਹੁਤ ਖ਼ਰਚ ਹੋ ਰਿਹਾ ਸੀ। ਇਸ ਤੋਂ ਇਲਾਵਾ ਬਹੁਤ ਸਾਰੀ ਰਕਮ, ਵੱਖ-ਵੱਖ ਹਾਲਤਾਂ ਵਿਚ, ਮਹਾਰਾਜੇ, ਪ੍ਰਾਈਮ ਮਨਿਸਟਰ, ਧਰਮ-ਅਰਥ ਵਜ਼ੀਰ ਉਡਾ ਚੁਕੇ ਸਨ। ਅਯੋਤੀ ਦਾਨ-ਪੁੰਨ ਦੇ ਨਾਂ 'ਤੇ ਕਾਫ਼ੀ ਰਕਮ ਖ਼ਰਚ ਕੀਤੀ ਜਾ ਚੁਕੀ ਸੀ। ਉਧਰ ਕਈ ਜ਼ਮੀਦਾਰਾਂ, ਜਗੀਰਦਾਰਾਂ, ਫ਼ੌਜਦਾਰਾਂ, ਆਮਿਲਾਂ, ਕਰੋੜੀਆਂ, ਸੂਬੇਦਾਰਾਂ ਵਗ਼ੈਰਾ ਵਲ ਮਾਮਲੇ ਦੇ ਧੱਕੇ ਬਕਾਏ ਚਲੇ ਆ ਰਹੇ ਸਨ। ਇਨ੍ਹਾਂ ਵਿਚ ਦੀਵਾਨ ਮੂਲ ਰਾਜ (ਮੁਲਤਾਨ) ਅਤੇ ਗੁਲਾਬ ਸਿੰਘ (ਜੰਮੂ) ਵੀ ਸਨ। ਗੁਲਾਬ ਸਿੰਘ ਵੱਲ ਤਾਂ 35 ਲੱਖ ਰੁਪੈ ਨਿਕਲਦੇ ਸਨ (ਰਾਣੀ ਚੰਦ ਕੌਰ ਦਾ ਖ਼ੁਰਦ-ਬਰਦ ਕੀਤਾ ਖ਼ਜ਼ਾਨਾ ਵਖਰਾ ਸੀ)। ਵਾਰ-ਵਾਰ ਕਹਿਣ ਦੇ ਬਾਵਜੂਦ ਜਦ ਗੁਲਾਬ ਸਿੰਘ ਨੇ ਰਕਮ ਨਾ ਭੇਜੀ ਤਾਂ ਸਿੱਖ ਫ਼ੌਜਾਂ ਨੇ ਮਾਰਚ 1845 ਵਿਚ ਜੰਮੂ ਵਲ ਕੂਚ ਕਰ ਦਿਤਾ। ਜਦ ਸਿੱਖ ਫ਼ੌਜਾਂ ਜੰਮੂ ਪੁੱਜੀਆਂ ਤਾਂ ਉਸ ਨੇ ਸਿੱਖ ਫ਼ੌਜਾਂ ਅੱਗੇ ਹਥਿਆਰ ਸੁਟ ਦਿੱਤੇ ਅਤੇ ਉਨ੍ਹਾਂ ਨਾਲ ਲਾਹੌਰ ਜਾ ਕੇ ਦਰਬਾਰ ਵਿਚ ਪੇਸ਼ ਹੋਣ ਵਾਸਤੇ ਤਿਆਰ ਹੋ ਗਿਆ। ਉਸ ਨੇ 35 ਲੱਖ ਵਿਚੋਂ 27 ਲੱਖ ਰੁਪੈ ਮਾਮਲਾ ਵੀ ਦੇ ਦਿਤਾ।

ਕੁਝ ਦਿਨ ਲਾਹੌਰ ਰੁਕਣ ਮਗਰੋਂ ਗੁਲਾਬ ਸਿੰਘ ਵਾਪਿਸ ਜੰਮੂ ਚਲਾ ਗਿਆ ਜਿੱਥੇ ਜਾ ਕੇ ਉਸ ਨੇ ਅੰਗਰੇਜ਼ਾਂ ਨਾਲ ਰਾਬਤਾ ਬਣਾਉਣਾ ਸ਼ੁਰੂ ਕਰ ਦਿਤਾ। ਉਸ ਨੇ ਡੋਗਰਿਆਂ ਅਤੇ ਹੋਰ ਕਬਾਇਲੀਆਂ ਨੂੰ ਵੀ ਲਾਲਚ ਦੇ ਕੇ ਆਪਣੇ ਨਾਲ ਰਲਾ ਲਿਆ ਅਤੇ ਅੰਦਰੋਂ-ਅੰਦਰੀਂ ਬਗ਼ਾਵਤ ਦੀਆਂ ਤਿਆਰੀਆਂ ਕਰਨ ਲਗ ਪਿਆ। ਅਜੇ ਉਸ ਦੇ ਕੁਝ ਸਾਥੀ ਲਾਹੌਰ ਵਿਚ ਸਿੱਖ ਫ਼ੌਜ ਦਾ ਹਿੱਸਾ ਵੀ ਸਨ। ਇਨ੍ਹਾਂ ਵਿਚੋਂ ਪ੍ਰਿਥੀ ਸਿੰਘ ਡੋਗਰਾ ਲਾਹੌਰ ਦੀਆਂ ਸਾਰੀਆਂ ਖ਼ਬਰਾਂ ਜੰਮੂ ਵਿਚ ਗੁਲਾਬ ਸਿੰਘ ਨੂੰ ਪਹੁੰਚਾਉਂਦਾ ਰਹਿੰਦਾ ਸੀ। ਗੁਲਾਬ ਸਿੰਘ ਨੂੰ ਇਹ ਵੀ ਪਤਾ ਲਗ ਗਿਆ ਸੀ ਕਿ ਰਾਣੀ ਜਿੰਦਾਂ ਦਾ ਭਰਾ ਜਵਾਹਰ ਸਿੰਘ ਉਸ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਇਸ ਕਰ ਕੇ ਉਸ ਨੇ ਜਵਾਹਰ ਸਿੰਘ ਨੂੰ ਖ਼ਤਮ ਕਰਨ ਦੀ ਤਰਕੀਬ ਘੜਨੀ ਸ਼ੁਰੂ ਕਰ ਦਿਤੀ। ਉਸ ਨੇ ਪ੍ਰਿਥੀ ਸਿੰਘ ਡੋਗਰੇ ਰਾਹੀਂ ਫ਼ੌਜੀਆਂ ਨੂੰ ਰਿਸ਼ਵਤ ਦੇ ਕੇ ਜਵਾਹਰ ਸਿੰਘ ਦੇ ਖ਼ਿਲਾਫ਼ ਕਰ ਦਿਤਾ। ਉਧਰ ਜਵਾਹਰ ਸਿੰਘ ਵੀ ਗੁਲਾਬ ਸਿੰਘ ਦੇ ਖ਼ਿਲਾਫ਼ ਕਾਰਵਾਈ ਕਰਨ ਦੀ ਪਲਾਨ ਬਣਾ ਰਿਹਾ ਸੀ। ਇਸ ਵੇਲੇ ਕੰਵਰ ਪਿਸ਼ੌਰਾ ਸਿੰਘ ਸਿਆਲਕੋਟ ਵਿਚ ਸੀ। ਪਿਸ਼ੌਰਾ ਸਿੰਘ ਨੇ ਵੀ ਗੁਲਾਬ ਸਿੰਘ ਦੀ ਚੁਕ ਵਿਚ ਆ ਕੇ ਬਗ਼ਾਵਤ ਕਰ ਦਿਤੀ। ਜਵਾਹਰ ਸਿੰਘ ਨੇ ਫ਼ੌਜ ਭੇਜ ਕੇ ਉਸ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿਤਾ। ਜਦੋਂ ਇਹ ਫ਼ੌਜ ਜੰਮੂ ਵਲ ਗਈ ਤਾਂ ਪਿਸ਼ੌਰਾ ਸਿੰਘ ਨੇ ਹਥਿਆਰ ਸੁਟ ਦਿਤੇ। ਜਦੋਂ ਉਸ ਨੂੰ ਲਾਹੌਰ ਲਿਆਇਆ ਜਾ ਰਿਹਾ ਸੀ ਤਾਂ 30 ਅਗਸਤ 1845 ਦੇ ਦਿਨ ਉਸ ਨੂੰ ਰਾਹ ਵਿਚ ਕਤਲ ਕਰ ਦਿਤਾ ਗਿਆ (ਡੋਗਰਿਆਂ ਦੀਆਂ ਸਾਜ਼ਸ਼ਾਂ ਹੇਠ ਮਾਰਿਆ ਜਾਣ ਵਾਲਾ, ਖੜਕ ਸਿੰਘ, ਸ਼ੇਰ ਸਿੰਘ ਤੇ ਕਸ਼ਮੀਰਾ ਸਿੰਘ ਮਗਰੋਂ ਇਹ ਰਣਜੀਤ ਸਿੰਘ ਦਾ ਚੌਥਾ ਪੁੱਤਰ ਸੀ; ਉਹ ਰਣਜੀਤ ਸਿੰਘ ਦੇ ਦੋ ਪੋਤਿਆਂ (ਨੌਨਿਹਾਲ ਸਿੰਘ ਅਤੇ ਪ੍ਰਤਾਬ ਸਿੰਘ) ਨੂੰ ਵੀ ਮਰਵਾ ਚੁਕੇ ਸਨ। ਇਹ ਕਤਲ ਦਰਅਸਲ ਗੁਲਾਬ ਸਿੰਘ ਨੇ ਕਰਵਾਇਆ ਸੀ। ਉਲਟਾ ਉਸ ਨੇ ਪਰਚਾਰ ਸ਼ੁਰੂ ਕਰ ਦਿਤਾ ਕਿ ਇਹ ਕਤਲ ਜਵਾਹਰ ਸਿੰਘ ਦੀਆਂ ਹਦਾਇਤਾਂ 'ਤੇ ਹੋਇਆ ਸੀ। ਇਸ ਪ੍ਰਚਾਰ ਵਿਚ ਪ੍ਰਿਥੀ ਸਿੰਘ ਡੋਗਰੇ ਨੇ ਵੱਡਾ ਰੋਲ ਅਦਾ ਕੀਤਾ। ਇਸ ਦਾ ਨਤੀਜਾ ਇਹ ਹੋਇਆ ਕਿ ਸਿੱਖ ਫ਼ੌਜਾਂ ਜਵਾਹਰ ਸਿੰਘ ਦੇ ਖ਼ਿਲਾਫ਼ ਹੋ ਗਈਆਂ ਅਤੇ ਇਕ ਦਿਨ ਉਸ ਨੂੰ ਕਤਲ ਦਿਤਾ। ਜਿਸ ਵੇਲੇ ਉਸ ਨੂੰ ਕਤਲ ਕੀਤਾ ਗਿਆ, ਉਸ ਨੇ ਆਪਣਾ ਭਾਣਜਾ (ਮਹਾਰਾਜਾ ਦਲੀਪ ਸਿੰਘ) ਆਪਣੀ ਗੋਦ ਵਿਚ ਚੁਕਿਆ ਹੋਇਆ ਸੀ। ਸਿੱਖ ਫ਼ੌਜਾਂ ਨੇ ਮਹਾਰਾਜੇ ਨੂੰ ਉਸ ਤੋਂ ਖੋਹ ਲਿਆ ਤੇ ਉਸ (ਦਲੀਪ ਸਿੰਘ) ਦੇ ਸਾਹਮਣੇ ਹੀ ਜਵਾਹਰ ਸਿੰਘ ਨੂੰ ਕਤਲ ਕਰ ਦਿਤਾ।

1986: ਬੀ.ਐਸ. ਐਫ਼. ਨੇ 10 ਸਿੱਖ ਹੱਥ ਬੰਨ੍ਹ ਕੇ ਮਾਰੇ

30 ਅਗਸਤ ਨੂੰ ਬੀ.ਐਸ.ਐਫ਼. ਨੇ ਰੋਡੇ (ਡੇਰਾ ਬਾਬਾ ਨਾਨਕ) ਕੋਲ 10 ਸਿੱਖਾਂ ਨੂੰ ਹੱਥ ਬੰਨ੍ਹ ਕੇ ਗੋਲੀਆਂ ਮਾਰ ਕੇ ਕਤਲ ਕਰ ਦਿਤਾ। ਇਨ੍ਹਾਂ ਵਿਚ ਗੁਰਵਿੰਦਰ ਸਿੰਘ (ਭਾਗੋਵਾਲ, ਬਟਾਲਾ) ਤੇ ਸੂਰਤਾ ਸਿੰਘ (ਹਰਚੋਵਾਲ, ਹਰਗੋਬਿੰਦਪੁਰ) ਵੀ ਸ਼ਾਮਿਲ ਸਨ। ਇਸ ਸਬੰਧੀ ਬਣਾਈ ਗਈ ਬਰਨਾਲਾ ਸਰਕਾਰ ਦੇ ਵਜ਼ੀਰਾਂ (ਨਿਰਮਲ ਸਿੰਘ ਕਾਹਲੋਂ, ਨੱਥਾ ਸਿੰਘ ਦਾਲਮ) ਦੀ ਸਬ ਕਮੇਟੀ ਨੇ ਡੇਰਾ ਬਾਬਾ ਨਾਨਕ 'ਚ ਇਨ੍ਹਾਂ 10 ਸਿੱਖਾਂ ਦੇ ਮੁਕਾਬਲੇ 'ਚ ਮਾਰੇ ਜਾਣ ਨੂੰ "ਬੇਦਰਦੀ ਨਾਲ ਕੀਤਾ ਗਿਆ ਕਤਲੇਆਮ" ਆਖਿਆ। ਉਨ੍ਹਾਂ ਨੇ ਰਿਪੋਰਟ 'ਚ ਕਿਹਾ ਕਿ ਇਨ੍ਹਾਂ ਸਿੱਖਾਂ ਨੇ ਆਪਣੇ-ਆਪ ਨੂੰ ਬੀ.ਐਸ.ਐਫ਼. ਕੋਲ ਪੇਸ਼ ਕੀਤਾ ਸੀ ਤੇ ਉਨ੍ਹਾਂ ਨੂੰ ਫੜ ਕੇ ਉਨ੍ਹਾਂ ਦੇ ਹੱਥ ਪਿੱਠ ਪਿੱਛੇ ਬੰਨ੍ਹ ਦੇਣ ਤੋਂ ਬਾਅਦ ਗੋਲੀਆਂ ਮਾਰ ਦਿਤੀਆਂ ਗਈਆਂ। ਪਰ ਇਸ ਦੇ ਬਾਵਜੂਦ ਅਕਾਲੀਆਂ ਨੇ ਇਸ ਦੇ ਖ਼ਿਲਾਫ਼ ਕੋਈ ਪ੍ਰੋਟੈਸਟ ਨਾ ਕੀਤਾ।

1987: ਅਣੋਖ ਸਿੰਘ ਬਬਰ ਨੂੰ ਅੰਤਾਂ ਦੇ ਤਸੀਹੇ ਦੇਣ ਮਗਰੋਂ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕੀਤਾ ਗਿਆ

29 ਅਗਸਤ 1987 ਦੇ ਦਿਨ ਪੁਲਸ ਨੇ ਬਬਰ ਖਾਲਸਾ ਆਗੂ ਅਣੋਖ ਸਿੰਘ ਬਬਰ (ਪੁੱਤਰ ਮੱਖਣ ਸਿੰਘ, ਵਾਸੀ ਪਿੰਡ ਵੜਿੰਗ) ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਭਾਈ ਅਣੋਖ ਸਿੰਘ ਬਬਰ ਖਾਲਸਾ ਦਾ ਅਨਿੰਨ ਸੇਵਕ ਸੀ। ਉਹ ਭਾਈ ਫ਼ੌਜਾ ਸਿੰਘ ਅਤੇ ਜਥੇਦਾਰ ਤਲਵਿੰਦਰ ਸਿੰਘ ਕਨੇਡਾ ਦਾ ਸਾਥੀ ਰਿਹਾ ਸੀ। 1982 ਵਿਚ ਉਹ ਬਾਬਾ ਜਰਨੈਲ ਸਿੰਘ ਦੇ ਕੈਂਪ ਵਿਚ ਆ ਗਿਆ ਸੀ। 1984 ਤੋਂ ਮਗਰੋਂ ਵੀ ਉਸ ਨੇ ਬਹੁਤ ਖਾੜਕੂ ਐਕਸ਼ਨ ਕੀਤੇ ਸਨ। ਉਸ ਨੂੰ ਪਹਿਲਾਂ 12 ਜਨਵਰੀ 1987 ਦੇ ਦਿਨ ਡੇਹਲੋਂ ਨੇੜੇ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ ਪਰ 12 ਫ਼ਰਵਰੀ ਦੇ ਦਿਨ ਖਾੜਕੂਆਂ ਨੇ ਪੁਲਸ 'ਤੇ ਹਮਲਾ ਕਰ ਕੇ ਉਸ ਨੂੰ ਛੁਡਵਾ ਲਿਆ ਸੀ। ਫਿਰ ਉਸ ਨੂੰ 20 ਅਗਸਤ ਦੇ ਦਿਨ ਦੋਬਾਰਾ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਐਸ.ਐਸ.ਪੀ. ਇਜ਼ਹਾਰ ਆਲਮ* ਦੇ ਹੁਕਮ 'ਤੇ ਅਤੇ ਉਸ ਦੀ ਨਿਗਰਾਨੀ ਹੇਠ ਪੁਲਸ ਨੇ ਉਸ ਨੂੰ ਪੂਰਾ ਹਫ਼ਤਾ ਜ਼ਾਲਮਾਨਾ ਤਸੀਹੇ ਦਿੱਤੇ। ਉਸ ਨੂੰ ਕਈ ਦਿਨ ਪੁੱਠੇ ਲਟਕਾਇਆ ਗਿਆ। ਇਸ ਦੇ ਬਾਵਜੂਦ ਜਦ ਉਹ ਨਾ ਡੋਲਿਆ ਤਾਂ ਅੱਗ ਵਿਚ ਲਾਲ ਕੀਤੀਆਂ ਲੋਹੇ ਦੀਆਂ ਸਲਾਖਾਂ ਉਸ ਦੀ ਛਾਤੀ, ਢਿੱਡ ਤੇ ਪੱਟਾਂ ਵਿਚ ਚੋਭ ਦਿੱਤੀਆਂ ਗਈਆਂ ਤੇ ਫਿਰ ਉਸ ਦੇ ਗੁਪਤ ਅੰਗ ਅਤੇ ਹੋਰ ਥਾਂਵਾਂ ਵਿਚ ਲੋਹੇ ਦੀਆਂ ਪਿੰਨਾਂ ਠੋਕ ਕੇ ਉਨ੍ਹਾਂ ਰਾਹੀਂ ਬਿਜਲੀ ਦੇ ਕਰੰਟ ਲਾਏ ਗਏ। ਇਹ ਮਗਰੋਂ ਲਾਲ ਗਰਮ ਸਲਾਖਾਂ ਨਾਲ ਉਸ ਦੀਆਂ ਦੋਵੇਂ ਅੱਖਾਂ ਕੱਢ ਦਿੱਤੀਆਂ ਗਈਆਂ। 29 ਤਾਰੀਖ਼ ਦੀ ਸ਼ਾਮ ਵੇਲੇ ਤਕ ਉਸ ਦਾ ਜਿਸਮ ਅਧਮੋਇਆ ਹੋ ਚੁਕਾ ਸੀ ਪਰ ਇਸ ਦੇ ਬਾਵਜੂਦ ਉਸ ਨੇ ਮੱਧਮ ਆਵਾਜ਼ ਵਿਚ ਰਹਿਰਾਸ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਜਦ ਪਾਠ ਖ਼ਤਮ ਹੋਇਆ ਤਾਂ ਉਸ ਨੇ ਫ਼ਤਹਿ ਦਾ ਜੈਕਾਰਾ ਛੱਡਿਆ ਜੋ ਇਕ ਜ਼ਾਲਮ ਪੁਲਸੀਏ ਨੇ ਸੁਣ ਲਿਆ ਤੇ ਉਸ ਨੇ ਆ ਕੇ ਅਣੋਖ ਸਿੰਘ ਦੀ ਜੀਭ ਵੱਢ ਦਿੱਤੀ। ਅਗਲੇ ਦਿਨ ਉਸ ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ ਗਿਆ। (*2012 ਵਿਚ ਇਸ ਜ਼ਾਲਮ ਇਜ਼ਹਾਰ ਆਲਮ ਦੀ ਬੀਵੀ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਐਮ.ਐਲ.ਏ. ਬਣਾ ਕੇ ਪਾਰਲੀਮੈਂਟਰੀ ਸੈਕਟਰੀ ਬਣਾ ਦਿੱਤਾ ਅਤੇ ਵਜ਼ੀਰ ਦਾ ਦਰਜਾ ਦਿੱਤਾ)।

1987: ਹਰਜਿੰਦਰ ਸਿੰਘ ਜਿੰਦਾ, ਮਾਤਾ ਗੁਰਨਾਮ ਕੌਰ ਅਤੇ ਹਰਜਿੰਦਰ ਸਿੰਘ ਨਾਰੰਗ (ਜਿੰਮੀ) ਗ੍ਰਿਫ਼ਤਾਰ ਕੀਤੇ ਗਏ

30 ਅਗਸਤ 1987 ਦੇ ਦਿਨ ਮਸ਼ਹੂਰ ਖਾੜਕੂ ਹਰਜਿੰਦਰ ਸਿੰਘ ਜਿੰਦਾ (ਜਿਸ ਨੇ ਜਨਰਲ ਵੈਦਯ ਦਾ ਕਤਲ ਕੀਤਾ ਸੀ) ਨੂੰ ਦਿੱਲੀ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਤੋਂ ਇਲਾਵਾ ਉਸ ਦੇ ਨਾਲ ਹਰਜਿੰਦਰ ਸਿੰਘ ਉਰਫ਼ ਜਿੰਮੀ (ਪੁਤਰ ਕਰਤਾਰ ਸਿੰਘ ਨਾਰੰਗ) ਤੇ ਜਿੰਦਾ ਦੀ ਮਾਤਾ ਗੁਰਨਾਮ ਕੌਰ ਤੋਂ ਇਲਾਵਾ ਕਈ ਹੋਰ ਸਿੱਖ ਵੀ ਗ੍ਰਿਫ਼ਤਾਰ ਕੀਤੇ ਗਏ।

1990: ਪਰਮਿੰਦਰ ਸਿੰਘ ਕਾਲੀ ਸੰਤਰਾ ਤੇ ਨਰਿੰਦਰ ਸਿੰਘ ਖਵਾਲੀ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

30 ਅਗਸਤ 1990 ਦੇ ਦਿਨ ਪੁਲਸ ਨੇ ਪਰਮਿੰਦਰ ਸਿੰਘ ਉਰਫ਼ ਡਲੋਰ (ਪੁੱਤਰ ਅਮਰੀਕ ਸਿੰਘ, ਵਾਸੀ ਕਾਲੀ ਸੰਤਰਾ, ਨੇੜੇ ਖੇਮ ਕਰਨ, ਜ਼ਿਲ੍ਹਾ ਤਰਨ ਤਾਰਨ) ਤੇ ਨਰਿੰਦਰ ਸਿੰਘ (ਪੁੱਤਰ ਪਿਆਰਾ ਸਿੰਘ, ਵਾਸੀ ਖਵਾਲੀ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ ਗਿਆ।

1991: ਪਿਆਰਾ ਸਿੰਘ ਆਲੋਹਰਖ, ਬੀਬੀ ਭਰਪੂਰ ਕੌਰ, ਮੇਜਰ ਸਿੰਘ ਬੁਤਾਲਾ ਤੇ ਹਰਸਿਮਰਨਜੀਤ ਸਿੰਘ ਦਾਤਾਰਪੁਰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

30 ਅਗਸਤ 1991 ਦੇ ਦਿਨ ਪੁਲਸ ਨੇ ਪਿਆਰਾ ਸਿੰਘ ਆਲੋਹਰਖ, ਉਸ ਦੀ ਸਿੰਘਣੀ ਬੀਬੀ ਭਰਪੂਰ ਕੌਰ, ਮੇਜਰ ਸਿੰਘ ਬੁਤਾਲਾ ਤੇ ਹਰਸਿਮਰਨਜੀਤ ਸਿੰਘ (ਪੁੱਤਰ ਅਵਤਾਰ ਸਿੰਘ, ਵਾਸੀ ਦਾਤਾਰਪੁਰ, ਜ਼ਿਲ੍ਹਾ ਰੋਪੜ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਸਲਵਿੰਦਰ ਸਿੰਘ ਮਨਿਹਾਲਾ ਜੈ ਸਿੰਘ, ਹਰਜਿੰਦਰ ਸਿੰਘ, ਸੁਖਵਿੰਦਰ ਸਿੰਘ, ਕਸ਼ਮੀਰ ਸਿੰਘ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

30 ਅਗਸਤ 1992 ਦੇ ਦਿਨ ਪੰਜਾਬ ਪੁਲਸ ਨੇ ਸਲਵਿੰਦਰ ਸਿੰਘ (ਪੁਤਰ ਸ਼ਾਬੇਗ ਸਿੰਘ, ਵਾਸੀ ਮਨਿਹਾਲਾ ਜੈ ਸਿੰਘ, ਨੇੜੇ ਕੱਚਾ ਪੱਕਾ, ਜ਼ਿਲ੍ਹਾ ਅੰਮ੍ਰਿਤਸਰ), ਹਰਜਿੰਦਰ ਸਿੰਘ ਉਰਫ਼ ਜਲੰਧਰੀ, ਸੁਖਵਿੰਦਰ ਸਿੰਘ ਉਰਫ਼ ਹੀਰਾ, ਕਸ਼ਮੀਰ ਸਿੰਘ ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਗੁਰਬਖ਼ਸ਼ ਸਿੰਘ ਘੁਕਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

30 ਅਗਸਤ 1993 ਦੇ ਦਿਨ ਪੰਜਾਬ ਪੁਲਸ ਨੇ ਗੁਰਬਖ਼ਸ਼ ਸਿੰਘ ਘੁਕਰ ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

31 ਅਗਸਤ

1700: ਅਗੰਮਗੜ੍ਹ ਕਿਲ੍ਹੇ 'ਤੇ ਬਿਲਾਸਪੁਰ ਦੀਆਂ ਫ਼ੌਜਾਂ ਨੇ ਹਮਲਾ ਕੀਤਾ

ਲਗਾਤਾਰ ਦੋ ਦਿਨ ਤਾਰਾਗੜ੍ਹ ਅਤੇ ਫ਼ਤਹਿਗੜ੍ਹ ਦੇ ਕਿਲ੍ਹਿਆਂ 'ਤੇ ਹਮਲਾ ਕਰ ਕੇ ਹਾਰ ਖਾਣ ਮਗਰੋਂ ਅਜਮੇਰ ਚੰਦ ਨੇ ਤੀਜੇ ਦਿਨ 31 ਅਗਸਤ ਨੂੰ ਕਿਲ੍ਹਾ ਅਗੰਮਗੜ੍ਹ 'ਤੇ ਹਮਲਾ ਕਰ ਦਿੱਤਾ। ਕਿਲ੍ਹਾ ਅਗੰਮਗੜ੍ਹ ਅਨੰਦਪੁਰ ਤੋਂ ਤਕਰੀਬਨ ਡੇਢ ਕਿਲੋਮੀਟਰ ਦੀ ਦੂਰੀ 'ਤੇ ਚਰਨ ਗੰਗਾ ਚੋਅ ਦੇ ਦੂਜੇ ਪਾਸੇ, ਪਿੰਡ ਅਗੰਮਗੜ੍ਹ ਵਿਚ ਸੀ। ਉਸ ਵੇਲੇ ਇਸ ਕਿਲ੍ਹੇ ਵਿਚ ਵੀ

ਗਿਣਤੀ ਦੇ ਹੀ ਸਿੰਘ ਸਨ। ਤਕਰੀਬਨ ਡੇਢ ਪਹਿਰ (4-5 ਘੰਟੇ) ਲੜਾਈ ਹੋਈ ਅਤੇ ਅਜਮੇਰ ਚੰਦ ਤੇ ਉਸ ਦੇ ਸਾਥੀ ਇਸ ਲੜਾਈ ਵਿਚ ਵੀ ਬੁਰੀ ਤਰ੍ਹਾਂ ਸ਼ਿਕਸਤ ਖਾਣ ਮਗਰੋਂ ਹਿਰਨ ਹੋ ਗਏ। ਇਸ ਲੜਾਈ ਵਿਚ ਭਾਈ ਬਾਘ ਸਿੰਘ (ਪੁੱਤਰ ਰਾਏ ਸਿੰਘ ਤੇ ਭਤੀਜਾ ਭਾਈ ਮਨੀ ਸਿੰਘ) ਤੇ ਭਾਈ ਘਰਬਾਰਾ ਸਿੰਘ (ਪੁੱਤਰ ਨਾਨੂੰ ਸਿੰਘ ਦਿਲਵਾਲੀ ਤੇ ਭਰਾ ਦੀਵਾਨ ਦਰਬਾਰਾ ਸਿੰਘ) ਸ਼ਹੀਦੀਆਂ ਪਾ ਗਏ। ਭੱਟ ਵਹੀ ਤਲਾਉਂਚਾ ਵਿਚ ਇਸ ਲੜਾਈ ਦਾ ਜ਼ਿਕਰ ਇਨ੍ਹਾਂ ਲਫ਼ਜ਼ਾਂ ਵਿਚ ਆਇਆ ਹੈ:"ਬਾਘ ਸਿੰਘ ਬੇਟਾ ਰਾਇ ਸਿੰਘ ਕਾ, ਪੋਤਾ ਮਾਈ ਦਾਸ ਕਾ...ਘਰਬਾਰਾ ਸਿੰਘ ਬੇਟਾ ਨਾਨੂੰ ਸਿੰਘ ਕਾ, ਪੋਤਾ ਬਾਘੇ ਕਾ...ਵਾਸੀ ਦਿਲਵਾਲੀ, ਸਾਲ ਸਤਰਾਂ ਸੈ ਸਤਵੰਜਾ ਭਾਦਵ ਦਿਹੁੰ ਇਕੱਤੀਸ, ਸ਼ਨੀਵਾਰ ਕੇ ਦਿਵਸ, ਗੁਰੂ ਕਾ ਬਚਨ ਪਾਇ, ਕਿਲ੍ਹਾ ਅਗੰਮਗੜ੍ਹ ਪਰਗਨਾ ਅਗੰਮਪੁਰਾ ਕੇ ਮਲਹਾਨ, ਪਰਬਤੀ ਰਾਜਯੋਂ ਕੇ ਗੈਲ ਡੇਢ ਪਹਿਰ ਘੋਰ ਜੁਧ ਕਰ ਕੇ, ਸਾਮ੍ਹੇਂ ਮਾਥੇ ਜੂਝ ਕਰ ਸੁਆਸ ਦੀਏ।" (ਭੱਟ ਵਹੀ ਤਲਾਉਂਚਾ ਪਰਗਨਾ ਜੀਂਦ, ਖਾਤਾ ਜਲ੍ਹਾਨੇ ਪੁਆਰੋਂ ਕਾ)।

1986: ਬੀ.ਐਸ.ਐਫ਼. ਨੇ ਖੇਤਾਂ ਵਿਚ ਕੰਮ ਕਰਦੇ ਸਿੱਖ ਮਾਰੇ

ਅਗਸਤ 1986 ਵਿਚ ਬਾਰਡ ਸਕਿਊਰਿਟੀ ਫ਼ੋਰਸ (ਬੀ.ਐਸ.ਐਫ਼.) ਨੇ ਖੇਤਾਂ ਵਿਚ ਕੰਮ ਕਰਦੇ ਤਿੰਨ ਸਿੱਖਾਂ ਰਣਜੀਤ ਸਿੰਘ, ਮੱਖਣ ਸਿੰਘ ਤੇ ਗੁਰਦੇਵ ਸਿੰਘ ਨੂੰ ਬੇਵਜਹ ਗੋਲੀਆਂ ਮਾਰ ਕੇ ਮਾਰ ਦਿੱਤਾ। ਸੀ.ਆਰ.ਪੀ.ਐਫ਼. ਅਤੇ ਬੀ.ਐਸ.ਐਫ਼. ਨੇ 1980 ਅਤੇ 1995 ਵਿਚਕਾਰ ਸਿੱਖਾਂ 'ਤੇ ਬਹੁਤ ਜ਼ੁਲਮ ਕੀਤੇ ਸਨ। ਮੁਲਕ ਦੀ ਹਿਫ਼ਾਜ਼ਤ ਕਰਨ ਵਾਸਤੇ ਬਣਾਈ ਇਸ ਫ਼ੋਰਸ ਦਾ ਰੋਲ ਘਟੀਆ ਫ਼ਿਰਕਾਪ੍ਰਸਤ ਐਂਟੀ-ਸਿੱਖ ਟੋਲੇ ਵਾਲਾ ਰਿਹਾ ਸੀ ਤੇ ਇਨ੍ਹਾਂ ਨੇ ਬਹੁਤ ਜ਼ੁਲਮ ਕੀਤੇ ਸਨ। 31 ਅਗਸਤ 1986 ਦੇ ਦਿਨ ਜਨਤਾ ਪਾਰਟੀ ਦਾ ਸੀਨੀਅਰ ਆਗੂ ਸੁਭਰਾਮਨੀਅਮ ਸੁਆਮੀ ਜਦ ਪੰਜਾਬ ਆਇਆ ਤਾਂ ਉਸ ਨੇ ਇਨ੍ਹਾਂ ਫ਼ੋਰਸਿਜ਼ ਦੇ ਜ਼ੁਲਮ ਦੀ ਨਿੰਦਾ ਕੀਤੀ (ਪਰ ਇਸ ਦੇ ਬਾਵਜੂਦ ਇਨ੍ਹਾਂ ਫ਼ਿਰਕੂ ਫ਼ੋਰਸਿਜ਼ ਦਾ ਰੋਲ ਨੀਚਤਾ ਤੇ ਨਫ਼ਰਤ ਵਾਲਾ ਹੀ ਰਿਹਾ)।

1988: ਕਈ ਸਿੱਖ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਅਗਸਤ 1988 ਵਿਚ ਪੰਜਾਬ ਪੁਲਸ ਨੇ ਬਹੁਤ ਸਾਰੇ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਜਿਨ੍ਹਾਂ ਨੂੰ ਅਗਸਤ 1988 ਵਿਚ ਸ਼ਹੀਦ ਕੀਤੇ ਜਾਣ ਦੀ ਸਹੀ ਤਾਰੀਖ਼ ਨਹੀਂ ਮਿਲਦੀ ਉਨ੍ਹਾਂ ਵਿਚ ਸ਼ਾਮਿਲ ਸਨ: ਦਲਬੀਰ ਸਿੰਘ, ਗੁਰਦੇਵ ਸਿੰਘ (ਵਾਸੀ ਰੁੜਕਾ ਕਲਾ, ਜਲੰਧਰ), ਗੁਰਦੀਪ ਸਿੰਘ ਗੀਪਾ (ਵਾਸੀ ਘੱਲ ਕਲਾਂ, ਨੇੜੇ ਮੋਗਾ), ਬਲਦੇਵ ਸਿੰਘ ਬਬਰ (ਵਾਸੀ ਪੂਨੀਆਂ, ਨੇੜੇ ਬੰਗਾ, ਨਵਾਂਸ਼ਹਿਰ), ਦਵਿੰਦਰ ਸਿੰਘ ਬਬਰ (ਵਾਸੀ ਠੱਠਵਾਲ, ਗੁਰਦਾਸਪੁਰ) ਤੇ ਕਈ ਹੋਰ।

1990: ਜਤਿੰਦਰ ਸਿੰਘ ਅੰਮ੍ਰਿਤਸਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

31 ਅਗਸਤ 1990 ਦੇ ਦਿਨ ਪੁਲਸ ਨੇ ਜਤਿੰਦਰ ਸਿੰਘ (ਪੁੱਤਰ ਦਿਲਾਵਰ ਸਿੰਘ, ਵਾਸੀ ਅੰਮ੍ਰਿਤਸਰ ਸ਼ਹਿਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਦਰਜਨਾਂ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਅਗਸਤ 1990 ਵਿਚ ਪੰਜਾਬ ਪੁਲਸ ਨੇ ਬਹੁਤ ਸਾਰੇ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਨ੍ਹਾਂ ਵਿਚ ਸ਼ਾਮਿਲ ਸਨ: ਨਿਰੰਜਣ ਸਿੰਘ (ਵਾਸੀ ਭਾਗੋ ਕਾਵਾਂ, ਗੁਰਦਾਸਪੁਰ), ਸੁਖਦੇਵ ਸਿੰਘ ਸੁੱਖਾ (ਵਾਸੀ ਮੀਆਵਿੰਡ), ਜੋਗਿੰਦਰ ਸਿੰਘ ਬਬਰ (ਵਾਸੀ

ਭੱਠਲ ਭਾਈਕੇ, ਅੰਮ੍ਰਿਤਸਰ), ਹਰਪਾਲ ਸਿੰਘ (ਵਾਸੀ ਜਫ਼ਰਵਾਲ), ਬਲਵਿੰਦਰ ਸਿੰਘ (ਵਾਸੀ ਕੋਟਲਾ ਮੁਗਲਾਂ), ਜਸਵਿੰਦਰ ਸਿੰਘ ਕਿੱਟੂ (ਵਾਸੀ ਮਾਣਕ ਖੁਰਦ, ਹੁਸ਼ਿਆਰਪੁਰ), ਰਣਧੀਰ ਸਿੰਘ ਟੀਟੂ (ਵਾਸੀ ਮੁੰਡਾ ਪਿੰਡ), ਗੁਰਨਾਮ ਸਿੰਘ ਗਾਮਾ (ਵਾਸੀ ਮਾਹਣ ਮੱਲੀਆਂ), ਪ੍ਰੇਮ ਸਿੰਘ ਤੁਰ ਉਰਫ਼ ਰੂਸ (ਵਾਸੀ ਤੁਰ ਅੰਮ੍ਰਿਤਸਰ), ਸੁਖਦੇਵ ਸਿੰਘ ਕਾਲਾ ਉਰਫ਼ ਬਿੱਲਾ, ਪ੍ਰੇਮ ਸਿੰਘ ਦਿਊ (ਵਾਸੀ ਝਬਾਲ (?), ਜਸਪਾਲ ਸਿੰਘ ਜੱਸਾ (ਵਾਸੀ ਕਿੱਲੀ ਬੋਦਲਾਂ), ਅਮਰੀਕ ਸਿੰਘ ਉਰਫ਼ ਬੰਬ (ਵਾਸੀ ਕਿੱਲੀ ਬੋਦਲਾਂ), ਜਗਜੀਤ ਸਿੰਘ ਜੰਮੂ ਬਬਰ, ਮੁਖਵਿੰਦਰ ਸਿੰਘ ਤਾਰੀ ਉਰਫ਼ ਅਡਵਾਨੀ (ਵਾਸੀ ਸ਼ਾਹਬਾਦ, ਗੁਰਦਾਸਪੁਰ), ਗੁਰਮੇਜ ਸਿੰਘ (ਵਾਸੀ ਨਾਗੋਕੇ), ਲਖਵਿੰਦਰ ਸਿੰਘ ਲੱਖਾ (ਵਾਸੀ ਮੰਮਣਕੇ), ਅਵਤਾਰ ਸਿੰਘ (ਵਾਸੀ ਸੁਲਤਾਨਵਿੰਡ), ਬਲਵਿੰਦਰ ਸਿੰਘ ਪੱਪੂ ਉਰਫ਼ ਦਲੇਰ ਸਿੰਘ ਦਲੇਰਾ (ਵਾਸੀ ਤੇਜਾ ਵਹੀਲਾ), ਸੇਵਾ ਸਿੰਘ ਉਰਫ਼ ਜਸਕਰਨਜੀਤ ਸਿੰਘ ਜੱਸਾ ਉਰਫ਼ ਬਿੱਲਾ (ਵਾਸੀ ਤੇਜਾ ਵਹੀਲਾ, ਗੁਰਦਾਸਪੁਰ), ਜਗਤਾਰ ਸਿੰਘ ਜੋਗਾ (ਵਾਸੀ ਸੁਰ ਸਿੰਘ), ਨਿਸ਼ਾਨ ਸਿੰਘ (ਵਾਸੀ ਖੇਮਕਰਨ) ਗੁਰਬਚਨ ਸਿੰਘ ਪੱਪੂ (ਵਾਸੀ ਓਠੀਆਂ), ਬਲਦੇਵ ਸਿੰਘ ਲਾਡੀ (ਵਾਸੀ ਮੁੱਛਲ), ਸ਼ਮਿੰਦਰ ਸਿੰਘ (ਵਾਸੀ ਜਗਤਪੁਰ), ਮਲਾਗਰ ਸਿੰਘ (ਵਾਸੀ ਮਹਿਮੂਦਪੁਰ), ਹਰਜੀਤ ਸਿੰਘ ਤੋਤੀ (ਵਾਸੀ ਲਾਲੂ ਘੁਮਾਣ), ਕਸ਼ਮੀਰ ਸਿੰਘ (ਵਾਸੀ ਲਾਲੂ ਘੁਮਾਣ), ਸਰਬਜੀਤ ਸਿੰਘ(ਵਾਸੀ ਧਰਮਕੋਟ), ਲਖਵਿੰਦਰ ਸਿੰਘ (ਵਾਸੀ ਠੱਠੀਆਂ), ਸੁਖਦੇਵ ਸਿੰਘ (ਵਾਸੀ ਪੰਡੋਰੀ ਮਹਿਮਾ), ਨਛੱਤਰ ਸਿੰਘ ਭੋਲਾ (ਵਾਸੀ ਰੱਤਾ ਗੱਡਾ), ਜਸਵੰਤ ਸਿੰਘ ਬਿਜਲੀ, ਸਵਿੰਦਰ ਸਿੰਘ ਛਿੰਦਾ (ਵਾਸੀ ਜਗਤਪੁਰਾ), ਰਣਜੋਧ ਸਿੰਘ ਬਬਰ, ਸਖੀਰਾ), ਸੁੱਖਾ ਸਿੰਘ (ਵਾਸੀ ਸਖੀਰਾ), ਸੁਖਜਿੰਦਰ ਸਿੰਘ ਨਿੱਕੂ (ਵਾਸੀ ਤਰਨ ਤਾਰਨ), ਤਰਸੇਮ ਸਿੰਘ ਰਬੇਰੋ (ਵਾਸੀ ਤੇਜਾ ਵਹੀਲਾ, ਗੁਰਦਾਸਪੁਰ), ਜਸਬੀਰ ਸਿੰਘ ਪਿੰਕਾ (ਵਾਸੀ ਕਮਲਾਪੁਰਾ, ਅੰਮ੍ਰਿਤਸਰ), ਬਲਕਾਰ ਸਿੰਘ ਬਿੱਟੂ (ਵਾਸੀ ਫਤਹਿਗੜ੍ਹ ਚੂੜੀਆਂ, ਗੁਰਦਾਸਪੁਰ), ਬਲਦੇਵ ਸਿੰਘ ਉਰਫ਼ ਦੇਬਾ (ਵਾਸੀ ਦੀਪ ਸਿੰਘ ਵਾਲਾ, ਅੰਮ੍ਰਿਤਸਰ) ਅਤੇ ਹੋਰ ਕਈ। ਇਨ੍ਹਾਂ ਦੀ ਸ਼ਹੀਦੀ ਅਗਸਤ ਵਿਚ ਹੋਈ ਸੀ ਪਰ ਸਹੀ ਤਾਰੀਖ਼ ਦਾ ਪਤਾ ਨਹੀਂ ਲਗ ਸਕਿਆ।

1991: ਗੁਰਜੰਟ ਸਿੰਘ ਰਾਜਸਥਾਨੀ, ਅਵਤਾਰ ਸਿੰਘ ਕੱਥੂ ਨੰਗਲ, ਰਣਧੀਰ ਸਿੰਘ ਧੀਰਾ ਨਸੀਬਪੁਰਾ ਜਲੰਧਰ, ਬਾਪੂ ਖੜਕ ਸਿੰਘ , ਸ਼ਿੰਦਰ ਸਿੰਘ ਕਾਹਨ ਸਿੰਘ ਵਾਲਾ ਤੇ ਨਿਰਭੈ ਸਿੰਘ ਧੀਰਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

31 ਅਗਸਤ 1991 ਦੇ ਦਿਨ ਪੰਜਾਬ ਪੁਲਸ ਨੇ ਗੁਰਜੰਟ ਸਿੰਘ ਰਾਜਸਥਾਨੀ, ਅਵਤਾਰ ਸਿੰਘ ਕੱਥੂ ਨੰਗਲ, ਰਣਧੀਰ ਸਿੰਘ ਉਰਫ਼ ਧੀਰਾ (ਪੁੱਤਰ ਚੰਨਣ ਸਿੰਘ, ਵਾਸੀ ਨਸੀਬਪੁਰਾ, ਨੇੜੇ ਮਾਡਲ ਟਾਊਨ ਜਲੰਧਰ) ਅਤੇ ਬਾਪੂ ਖੜਕ ਸਿੰਘ ਉਰਫ਼ ਸਖਦੇਵ ਸਿੰਘ (ਵਾਸੀ ਕਾਦੀਆਂ, ਨੇੜੇ ਡੇਰਾ ਬਾਬਾ ਨਾਨਕ), ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਹੀ ਪੰਜਾਬ ਪੁਲਸ ਨੇ ਸ਼ਿੰਦਰ ਸਿੰਘ (ਵਾਸੀ ਕਾਹਨ ਸਿੰਘ ਵਾਲਾ) ਤੇ ਨਿਰਭੈ ਸਿੰਘ ਧੀਰਾ ਉਰਫ਼ ਸਾਧੂ ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਖਾਨਪੁਰ ਵਿਚ ਬਲਵਿੰਦਰ ਸਿੰਘ ਜਟਾਣਾ ਦੇ ਸਾਰੇ ਪਰਵਾਰ ਦਾ ਕਤਲ

30 ਅਗਸਤ 1991 ਦੀ ਰਾਤ ਨੂੰ ਸੁਮੇਧ ਸੈਣੀ (ਉਦੋਂ ਐਸ.ਐਸ.ਪੀ ਤੇ ਹੁਣ ਡੀ.ਜੀ.ਪੀ. ਪੰਜਾਬ) ਦੀ ਭੇਜੇ ਪੁਲਸ ਪਾਰਟੀ ਅਤੇ ਅਜੀਤ ਪੁਹਲਾ ਦੇ ਸਾਥੀ ਪੁਲਸ ਕੈਟਜ਼ (ਬਲੈਕ ਕੈਟਜ਼) ਨੇ ਪਿੰਡ ਜਟਾਣਾ ਵਿਚ ਬਲਵਿੰਦਰ ਸਿੰਘ ਜਟਾਣਾ ਦੇ ਘਰ 'ਤੇ ਧਾਵਾ ਬੋਲ ਕੇ ਉਸ ਦੇ ਸਾਰੇ ਪਰਵਾਰ (ਜੋ ਉਸ ਵੇਲੇ ਸੌਂ ਰਿਹਾ ਸੀ) ਨੂੰ ਜ਼ੁਲਮ ਦਾ ਸ਼ਿਕਾਰ ਬਣਾਉਣ ਮਗਰੋਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਤੇ ਫਿਰ ਉਨ੍ਹਾਂ ਦੇ ਘਰ ਨੂੰ ਅੱਗ ਲਾ ਦਿੱਤੀ। ਕਤਲ ਕੀਤੇ

ਜਾਣ ਵਾਲਿਆਂ ਵਿਚ ਬਲਵਿੰਦਰ ਸਿੰਘ ਦੀ ਦਾਦੀ ਮਾਤਾ ਦਵਾਰਕੀ ਕੌਰ (ਉਮਰ 80 ਸਾਲ), ਚਾਚੀ ਜਸਮੇਰ ਕੌਰ (ਪੁਤਰੀ ਬਚਨ ਸਿੰਘ, ਉਮਰ 40 ਸਾਲ), ਚਚੇਰੀ ਭੈਣ ਮਨਪ੍ਰੀਤ ਕੌਰ (ਬੇਟੀ ਰਾਮਦਾਸ ਸਿੰਘ, ਉਮਰ 13 ਸਾਲ) ਤੇ ਭਤੀਜਾ ਸਿਮਰਜੀਤ ਸਿੰਘ (ਉਮਰ 5 ਸਾਲ) ਵੀ ਸ਼ਾਮਿਲ ਸਨ। ਇਕ ਬੱਚਾ ਬਲਵਿੰਦਰ ਸਿੰਘ ਜੋ ਨਾਲ ਦੇ ਘਰ ਸੁੱਤਾ ਪਿਆ ਸੀ, ਬਚ ਗਿਆ। ਇਨ੍ਹਾਂ ਕਤਲਾਂ ਨੂੰ ਐਸ.ਪੀ. ਪਰਮਰਾਜ ਉਮਰਾਨੰਗਲ (ਪੋਤਾ ਜੀਵਨ ਸਿੰਘ ਉਮਰਾਨੰਗਲ), ਡੀ.ਆਈ.ਜੀ. ਜਸਮਿੰਦਰ ਸਿੰਘ, ਐਸ.ਐਸ.ਪੀ. ਅੰਮ੍ਰਿਤਸਰ ਅਜੀਤ ਸੰਧੂ ਤੇ ਪੁਲਸ ਕੈਂਟ ਅਮਰੀਕੋ ਦੀ ਸਰਪਰਸਤੀ ਵੀ ਸਾਮਿਲ ਸੀ। ਇਸ ਤੋਂ ਪੰਜ ਦਿਨ ਮਗਰੋਂ 4 ਸਤੰਬਰ 1991 ਦੇ ਦਿਨ ਬਲਵਿੰਦਰ ਸਿੰਘ ਜਟਾਣਾ ਖ਼ੁਦ ਵੀ ਸ਼ਹੀਦ ਹੋ ਗਿਆ।

1992: ਸਾਧਾ ਸਿੰਘ ਸਰਹਾਲੀ, ਹਰਬੰਸ ਸਿੰਘ, ਜੰਟਾ ਸਿੰਘ, ਗੁਰਮੇਜ ਸਿੰਘ, ਗੁਰਪਾਲ ਸਿੰਘ, ਚਰਨਜੀਤ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

31 ਅਗਸਤ 1992 ਦੇ ਦਿਨ ਪੁਲਸ ਨੇ ਸਾਧਾ ਸਿੰਘ ਉਰਫ਼ ਹਿੰਮਤ ਸਿੰਘ (ਪੁੱਤਰ ਕੁੰਦਨ ਸਿੰਘ, ਵਾਸੀ ਸਰਹਾਲੀ), ਹਰਬੰਸ ਸਿੰਘ, ਜੰਟਾ ਸਿੰਘ, ਗੁਰਮੇਜ ਸਿੰਘ, ਗੁਰਪਾਲ ਸਿੰਘ ਉਰਫ਼ ਲਾਲੀ, ਚਰਨਜੀਤ ਸਿੰਘ ਘੁੱਲੂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1995: ਚੀਫ਼ ਮਨਿਸਟਰ ਬੇਅੰਤ ਸਿੰਘ ਦਾ ਕਤਲ ਅਤੇ ਦਿਲਾਵਰ ਸਿੰਘ ਦੀ ਸ਼ਹੀਦੀ

1992 ਵਿਚ ਨਰਸਿੰਮ੍ਹਾ ਰਾਓ ਨੇ ਪ੍ਰਾਈਮ ਮਨਿਸਟਰ ਬਣ ਕੇ, 19 ਫ਼ਰਵਰੀ ਦੇ ਦਿਨ ਪੰਜਾਬ ਵਿਚ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ। ਇਸ ਵੇਲੇ ਖਾੜਕੂ ਅਤੇ ਅਕਾਲੀ ਚੋਣਾਂ ਵਾਸਤੇ ਪੂਰੀ ਤਰ੍ਹਾਂ ਤਿਆਰ ਸਨ।

ਕਾਂਗਰਸ ਪਾਰਟੀ ਤੇ ਸੈਂਟਰ ਸਰਕਾਰ ਨੇ ਖਾੜਕੂਆਂ ਵਿਚ ਆਪਣੇ ਅੰਸਰਾਂ ਰਾਹੀਂ ਜ਼ੋਰ ਪੁਆ ਕੇ, ਅਕਾਲੀਆਂ ਨੂੰ ਧਮਕੀਆਂ ਦੇ ਕੇ, ਤੇ ਕਈ ਅਕਾਲੀ ਉਮੀਦਵਾਰਾਂ, ਆਗੂਆਂ ਤੇ ਵਰਕਰਾਂ ਨੂੰ ਕਤਲ ਕਰਵਾ ਕੇ, ਵੋਟਰਾਂ ਨੂੰ ਡਰਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਪਰ ਇਸ ਦੇ ਬਾਵਜੂਦ ਨਾ ਤਾਂ ਅਕਾਲੀ ਚੋਣ ਮੈਦਾਨ ਚੋਂ ਹਟੇ ਤੇ ਨਾ ਹੀ ਖਾੜਕੂ। ਜੇ ਚੋਣਾਂ ਹੁੰਦੀਆਂ ਤਾਂ ਖਾੜਕੂਆਂ ਦੀ ਹਕੂਮਤ ਹੋਣੀ ਸੀ ਪਰ ਖ਼ੁਫ਼ੀਆ ਏਜੰਸੀਆਂ ਨੇ ਆਪਣਾ ਅਸਰ ਵਰਤ ਕੇ, ਕੁਝ ਖਾੜਕੂ ਆਗੂਆਂ ਨੂੰ ਬੇਵਕੂਫ਼ ਬਣ ਕੇ ਇਨ੍ਹਾਂ ਚੋਣਾਂ ਦਾ ਬਾਈਕਾਟ ਕਰਵਾ ਦਿਤਾ। ਇਸ ਬਾਈਕਾਟ ਤੋਂ ਪਹਿਲਾਂ ਦਲਜੀਤ ਸਿੰਘ ਬਿੱਟੂ ਅਤੇ ਸੁਖਦੇਵ ਸਿੰਘ ਬਬਰ ਨੇ ਚੋਣਾਂ ਲੜਨ ਵਾਲੇ ਅਕਾਲੀਆਂ ਨੂੰ 'ਖ਼ਤਰਨਾਕ' ਸਿੱਟਿਆਂ ਦੀ ਵਾਰਨਿੰਗ ਦਿੱਤੀ ਸੀ। ਇਸ ਕਾਰਨ ਅਕਾਲੀ ਆਗੂ ਡਰ ਗਏ ਤੇ ਉਨ੍ਹਾਂ ਨੇ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿੱਤਾ। ਇਸ ਦਾ ਇੰਕਸ਼ਾਫ਼ ਕੈਪਟਨ ਅਮਰਿੰਦਰ ਸਿੰਘ ਨੇ 2005 ਵਿਚ ਪੰਜਾਬ ਅਸੈਂਬਲੀ ਦੀ ਇਕ ਕਾਰਵਾਈ ਵਿਚ ਸ਼ਰੇਆਮ ਕੀਤਾ ਸੀ। ਇਹ ਸੁਣ ਕੇ ਉੱਚੇ ਬੈਠਾ ਪ੍ਰਕਾਸ਼ ਸਿੰਘ ਬਾਦਲ ਖਚਰਾ ਹਾਸਾ ਹਸਦਾ ਰਿਹਾ ਪਰ ਕੁਝ ਨਾ ਬੋਲਿਆ।

ਇਸ ਸਾਰੇ ਗੁਨਾਹ ਦਾ ਨਤੀਜਾ ਖਾੜਕੂਆਂ ਨੂੰ ਹੀ ਨਹੀਂ, ਹਜ਼ਾਰਾਂ ਬੇਗੁਨਾਹ ਸਿੱਖਾਂ ਨੂੰ ਵੀ ਭੁਗਤਣਾ ਪਿਆ। ਚੋਣਾਂ ਵਿਚ ਸਿੱਖਾਂ ਵਲੋਂ ਬਾਈਕਾਟ ਕਰਨ ਕਰ ਕੇ ਵੱਖ-ਵੱਖ ਸੀਟਾਂ 'ਤੇ ਸਿਰਫ਼ 10 ਤੋਂ 20 ਫ਼ੀ ਸਦੀ ਪੋਲਿੰਗ ਹੋਈ। ਕਾਂਗਰਸ ਪਾਰਟੀ ਦਾ ਬੇਅੰਤ ਸਿੰਘ ਚੀਫ਼ ਮਨਿਸਟਰ ਬਣ ਗਿਆ। ਉਸ ਨੇ ਚੀਫ਼ ਮਨਿਸਟਰ ਬਣਦਿਆਂ ਹੀ ਬੁੱਚੜ ਪੁਲੀਸ ਚੀਫ਼ ਕੇ.ਪੀ.ਐਸ. ਗਿੱਲ ਨੂੰ ਸਿੱਖਾਂ ਦਾ ਕਤਲੇਆਮ ਸ਼ੁਰੂ ਕਰਨ ਵਾਸਤੇ ਹਰੀ ਝੰਡੀ ਦੇ ਦਿੱਤੀ। ਬੇਅੰਤ ਵਲੋਂ ਹਰੀ ਝੰਡੀ ਮਿਲਦਿਆਂ ਹੀ ਕੇ. ਪੀ. ਐਸ. ਗਿੱਲ ਨੇ ਦਹਿਸ਼ਤ ਫ਼ਲਾਉਣ ਵਾਸਤੇ ਸਿੱਖ ਨੌਜਵਾਨਾਂ ਦਾ ਇਕ ਵੱਢਿਓਂ ਕਤਲੇਆਮ ਕਰਨਾ ਸ਼ੁਰੂ ਕਰ ਦਿਤਾ। ਪਹਿਲਾਂ ਤਾਂ ਕੁਝ ਗਿਣੇ ਚੁਣੇ

ਪਰ ਪਹਿਲੀ ਅਪ੍ਰੈਲ 1992 ਤੋਂ ਹਰ ਰੋਜ਼ ਸਿੱਖ ਨੌਜਵਾਨ ਗ੍ਰਿਫਤਾਰ ਕਰ ਕੇ ਨਕਲੀ ਮੁਕਾਬਲਿਆਂ ਵਿਚ ਕਤਲ ਕੀਤੇ ਜਾਣੇ ਸ਼ੁਰੂ ਹੋ ਗਏ।

ਬੇਅੰਤ ਤੇ ਕੇ.ਪੀ.ਗਿੱਲ ਨੇ ਤਾਂ ਸਿੱਖ ਨੌਜਵਾਨਾਂ ਦਾ ਕਤਲੇਆਮ ਕਰ ਕੇ ਉਨ੍ਹਾ ਦੀਆਂ ਲਾਸ਼ਾਂ ਨੂੰ ਦਰਿਆਵਾਂ ਤੇ ਨਹਿਰਾਂ ਵਿਚ ਰੋੜ੍ਹਨਾ ਵੀ ਸ਼ੁਰੂ ਕਰ ਦਿੱਤਾ ਸੀ (ਪੰਜਾਬ ਤੋਂ ਹਰਿਆਣਾ ਤੇ ਰਾਜਿਸਥਾਨ ਜਾਂਦੀਆਂ ਨਹਿਰਾਂ ਵਿਚੋਂ ਰੋਜ਼ ਕਈ-ਕਈ ਲਾਸ਼ਾਂ ਨਿਕਲਦੀਆਂ ਸਨ)। ਹਜ਼ਾਰਾਂ ਲਾਸ਼ਾਂ ਇੰਵ ਸੁੱਟੀਆਂ ਗਈਆਂ ਜਾਂ ਲਾਵਾਰਿਸ ਕਹਿ ਕੇ ਸਾੜ ਦਿੱਤੀਆਂ ਗਈਆਂ। ਜਦ ਜਸਵੰਤ ਸਿੰਘ ਖਾਲੜਾ ਨੇ ਪੰਝੀ ਹਜ਼ਾਰ ਲਾਸ਼ਾਂ ਬਾਰੇ ਰਾਜ਼ ਖੋਲ੍ਹਿਆ ਤਾਂ ਕੇ.ਪੀ. ਗਿੱਲ ਦੇ ਹੁਕਮ ਹੇਠ ਉਸ ਨੂੰ ਵੀ ਘਰੋਂ ਚੁੱਕ ਕੇ ਖ਼ਤਮ ਕਰ ਦਿੱਤਾ ਗਿਆ। ਬੇਅੰਤ ਤੇ ਕੇ.ਪੀ.ਗਿੱਲ ਨੇ ਤਾਂ ਇੱਥੋਂ ਤਕ ਜ਼ੁਲਮ ਕੀਤਾ ਕਿ ਖਾੜਕੂ ਪਰਵਾਰਾਂ ਦੀਆਂ ਧੀਆਂ ਨੂੰਹਾਂ ਵੀ ਚੁੱਕ ਲਈਆਂ। ਜਸਟਿਸ ਅਜੀਤ ਸਿੰਘ ਬੈਂਸ ਨੇ ਸਿੱਖ ਬੀਬੀਆਂ ਦੇ ਅਜਿਹੇ ਸੈਂਕੜੇ ਕੇਸ ਜ਼ਾਹਰ ਕੀਤੇ ਸਨ।

ਸਿੱਖਾਂ ਦੇ ਕਤਲੇਆਮ ਦਾ ਇਹ ਦੌਰ ਜੂਨ 1993 ਤੋਂ ਮਗਰੋਂ ਕੁਝ ਘਟ ਗਿਆ ਸੀ ਕਿਉਂ ਕਿ ਬਥਹੁਤੇ ਖਾੜਕੂ ਮਾਰੇ ਜਾ ਚੁਕੇ ਸਨ। ਪਰ ਹੁਣ ਪੁਲੀਸ ਦੇ ਮੂੰਹ ਨੂੰ ਲਹੂ ਲਗ ਚੁਕਾ ਸੀ ਤੇ ਉਹ ਹੁਣ ਆਮ ਲੋਕਾਂ ਤੋਂ ਵੀ ਪੈਸੇ ਬਟੋਰਨ ਵਲ ਲਗ ਪਈ। ਪੁਲੀਸ ਦੀ ਦਹਿਸ਼ਤਗਰਦੀ ਦੀ ਸੋਚ ਨੇ ਇਕ ਨਵੀਂ ਜੁਰਮ ਲਹਿਰ ਕਾਇਮ ਕੀਤੀ। ਪੁਲੀਸ ਵਾਲੇ ਖੁੰਖਾਰ, ਦਹਿਸ਼ਤਗਰਦ, ਲੁਟੇਰੇ, ਠੱਗ ਬਣਨ ਵੱਲ ਟੁਰ ਪਏ। ਇੰਵ ਕਈ ਪੁਲਸੀਆਂ ਨੇ ਹਜ਼ਾਰਾਂ ਬੇਗੁਨਾਹ ਲੋਕ ਮਾਰੇ, ਜੇਲ੍ਹਾਂ ਵਿਚ ਸੁੱਟੇ ਅਤੇ ਲੁੱਟ ਕੇ ਕੰਗਾਲ ਕੀਤੇ। ਇਸ ਵੇਲੇ ਪੰਜਾਬ ਵਿਚ ਕੋਈ ਕਾਨੂੰਨ, ਅਪੀਲ, ਦਲੀਲ ਨਹੀਂ ਸੀ। ਇਹੋ ਜਿਹਾ ਤਾਂ ਹਿਟਲਰ ਨੇ ਯਹੂਦੀਆਂ ਨਾਲ ਵੀ ਨਹੀਂ ਕੀਤਾ ਸੀ।

ਤਿੰਨ ਸਾਲ ਪੰਜ ਮਹੀਨੇ, ਮਾਰਚ 1992 ਤੋਂ ਅਗਸਤ 1995 ਤਕ, ਪੰਜਾਬ ਵਿਚ ਹਜ਼ਾਰਾਂ ਬੇਗੁਨਾਹ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਮਾਰ ਦਿੱਤੇ ਗਏ। ਖਾੜਕੂਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਤਸੀਹੇ ਦੇ-ਦੇ ਕੇ ਕਤਲ ਕੀਤਾ ਗਿਆ। ਉਂਵ ਬੇਅੰਤ ਦਾ ਆਪਣਾ ਹਸ਼ਰ ਵੀ ਰਾਜੀਵ ਗਾਂਧੀ ਵਾਂਗ ਮਾੜਾ ਹੀ ਹੋਇਆ। ਉਸ ਨੂੰ 31 ਅਗਸਤ 1995 ਦੇ ਦਿਨ ਦਿਲਾਵਰ ਸਿੰਘ ਨੇ 'ਇਨਸਾਨੀ ਬੰਬ' ਬਣ ਕੇ, ਉਡਾ ਦਿੱਤਾ ਤੇ ਉਸ ਦੀ ਲਾਸ਼ ਦਾ ਤੂੰਬਾ-ਤੂੰਬਾ ਹੋ ਗਿਆ।

ਬੇਅੰਤ ਸਿੰਘ ਦੇ ਨਾਲ ਹੀ 17 ਹੋਰ ਜਣੇ ਵੀ ਮਾਰੇ ਗਏ। (ਪੁਲੀਸ ਨੇ ਇਸ ਕੇਸ ਵਿਚ 8 ਸਿੱਖਾਂ ਨੂੰ ਚਾਰਜ ਕੀਤਾ। 31 ਜੁਲਾਈ 2007 ਦੇ ਦਿਨ, ਜੇਲ੍ਹ ਵਿਚ ਲਗਦੀ ਅਦਾਲਤ ਨੇ ਬਲਵੰਤ ਸਿੰਘ ਰਾਜੋਆਣਾ ਅਤੇ ਜਗਤਾਰ ਸਿੰਘ ਹਵਾਰਾ ਨੂੰ ਫ਼ਾਂਸੀ; ਸ਼ਮਸ਼ੇਰ ਸਿੰਘ, ਗੁਰਮੀਤ ਸਿੰਘ, ਲਖਵਿੰਦਰ ਸਿੰਘ ਨੂੰ ਉਮਰ ਕੈਦ ਅਤੇ ਨਸੀਬ ਸਿੰਘ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਈ (ਨਸੀਬ ਸਿੰਘ ਕੈਦ ਭੁਗਤ ਚੁਕਾ ਸੀ; ਇਸ ਕਰ ਕੇ ਉਸ ਨੂੰ ਰਿਹਾ ਕਰ ਦਿੱਤਾ ਗਿਆ) ਅਤੇ ਨਵਜੋਤ ਸਿੰਘ ਨੂੰ ਬਰੀ ਕਰ ਦਿੱਤਾ ਗਿਆ। ਜਗਤਾਰ ਸਿੰਘ ਹਵਾਰਾ ਨੇ ਹਾਈ ਕੋਰਟ ਵਿਚ ਅਪੀਲ ਦਾਇਰ ਕੀਤੀ। 10 ਅਕਤੂਬਰ 2010 ਦੇ ਦਿਨ ਅਦਾਲਤ ਨੇ ਉਸ ਦੀ ਸਜ਼ਾ ਉਮਰ ਕੈਦ (ਮਰਨ ਤਕ ਜੇਲ੍ਹ ਵਿਚ) ਵਿਚ ਬਦਲ ਦਿੱਤੀ। ਬਲਵੰਤ ਸਿੰਘ ਰਾਜੋਆਣਾ ਨੇ ਇਸ ਸਜ਼ਾ ਦੇ ਖ਼ਿਲਾਫ਼ ਅਪੀਲ ਕਰਨ ਤੋਂ ਨਾ ਸਿਰਫ਼ ਨਾਂਹ ਕੀਤੀ ਸੀ। ਇਸ ਕੇਸ ਵਿਚ ਨਾਮਜ਼ਦ ਜਗਤਾਰ ਸਿੰਘ ਹਵਾਰਾ, ਜਗਤਾਰ ਸਿੰਘ ਤਾਰਾ ਤੇ ਪਰਮਜੀਤ ਸਿੰਘ ਭਿਓਰਾ, ਇਕ ਹੋਰ ਕੈਦੀ ਨਾਲ 22 ਜਨਵਰੀ 2004 ਦੇ ਦਿਨ ਜੇਲ੍ਹ ਵਿਚੋਂ ਸੁਰੰਗ ਬਣਾ ਕੇ ਨਿਕਲ ਗਏ ਸਨ।* ਮਗਰੋਂ ਜਗਤਾਰ ਸਿੰਘ ਹਵਾਰਾ ਜੂਨ 2005 ਵਿਚ ਤੇ ਪਰਮਜੀਤ ਸਿੰਘ ਭਿਓਰਾ ਮਾਰਚ 2006 ਵਿਚ ਫੜੇ ਗਏ ਸਨ। 30 ਮਾਰਚ 2010 ਦੇ ਦਿਨ ਪਰਮਜੀਤ ਸਿੰਘ ਭਿਓਰਾ ਮਾਰਚ ਨੂੰ ਵੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

*(*22 ਜਨਵਰੀ 2004 ਦੇ ਦਿਨ ਚੰਡੀਗੜ੍ਹ ਦੀ ਬੁਰੈਲ ਜੇਲ੍ਹ ਵਿਚ ਸੁਰੰਗ ਬਣਾ ਕੇ 3 ਖਾੜਕੂ ਫ਼ਰਾਰ ਹੋਣ ਵਿਚ ਕਾਮਯਾਬ ਹੋ ਗਏ। ਇਹ ਖਾੜਕੂ ਬੇਅੰਤ ਕਤਲ ਕੇਸ ਵਿਚ ਗ੍ਰਿਫ਼ਤਾਰ ਕੀਤੇ ਹੋਏ ਸਨ: ਜਗਤਾਰ ਸਿੰਘ ਹਵਾਰਾ (ਵਾਸੀ ਹਵਾਰਾ ਕਲਾਂ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ), ਜਗਤਾਰ ਸਿੰਘ ਤਾਰਾ (ਵਾਸੀ ਪਿੰਡ ਦੇਗਵਾਲਾ ਰੋਪੜ) ਅਤੇ ਪਰਮਜੀਤ ਸਿੰਘ ਭਿਓਰਾ (ਵਾਸੀ ਪਿੰਡ ਭਿਓਰਾ, ਰੋਪੜ)। ਉਨ੍ਹਾਂ ਨਾਲ ਇਕ ਇਸ਼ਲਾਕੀ ਕੇਦੀ ਦੇਵ ਸਿੰਘ ਵੀ ਫ਼ਰਾਰ ਹੋ ਗਿਆ। ਉਨ੍ਹਾਂ ਨੇ ਢਾਈ ਫੁੱਟ ਚੌੜੀ, 14 ਫੁੱਟ ਡੂੰਘੀ ਅਤੇ 94 ਫੁੱਟ (ਇਕ ਸੋਮੇ ਮੁਤਾਬਿਕ 108 ਫੁੱਟ) ਲੰਮੀ ਸੁਰੰਗ ਇਕ ਸਾਲ ਵਿਚ ਬਣਾਈ ਸੀ। ਪਰ ਇਨ੍ਹਾਂ ਵਿਚੋਂ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਓਰਾ ਇਕ ਮਹੀਨੇ ਮਗਰੋਂ ਹੀ ਗ੍ਰਿਫ਼ਤਾਰ ਕਰ ਲਏ ਗਏ, ਪਰ ਜਗਤਾਰ ਸਿੰਘ ਤਾਰਾ ਕਦੇ ਵੀ ਗ੍ਰਿਫ਼ਤਾਰ ਨਾ ਕੀਤਾ ਜਾ ਸਕਿਆ)।*

ਬੇਅੰਤ ਸਿੰਘ ਦਾ ਰਾਜ ਸੀ ਖ਼ਾਤਮਾ ਖਾੜਕੂ ਦੌਰ ਦਾ, ਖਾੜਕੂਆਂ ਦੇ ਚੜ੍ਹਾਅ ਅਤੇ ਉਨ੍ਹਾਂ ਦੇ ਜ਼ਵਾਲ ਦਾ; ਜੁਝਾਰਵਾਦ ਦੀ ਸ਼ਾਨ ਦਾ, ਖਾਲਿਸਤਾਨ ਦੀ ਜਦੋਜਹਿਦ ਦੇ ਇਕ ਵੱਡੇ ਦੌਰ ਦਾ; ਅਤੇ 31 ਅਗਸਤ 1995 ਦੇ ਦਿਨ ਬੇਅੰਤ ਦਾ ਖ਼ਾਤਮਾ ਸੀ ਸਿੱਖਾਂ 'ਤੇ ਹੋਏ ਜ਼ੁਲਮ ਦੀ ਤਵਾਰੀਖ਼ ਦੇ ਖ਼ਾਤਮੇ ਦਾ। ਪੰਜਾਬ ਦੀ ਧਰਤੀ 'ਤੇ ਹੀ ਨਹੀਂ ਬਲਕਿ ਦੁਨੀਆਂ ਭਰ ਵਿਚ ਬੇਅੰਤ ਤੇ ਕੇ.ਪੀ.ਗਿਲ ਵਰਗਾ ਪਾਪ ਸ਼ਾਇਦ ਹੀ ਮੁੜ ਕੇ ਕਦੇ ਪੈਦਾ ਹੋਵੇ।

2012: ਬੇਅੰਤ ਸਿੰਘ ਨੂੰ ਕਤਲ ਕਰਨ ਵਾਲੇ ਭਾਈ ਦਿਲਾਵਰ ਸਿੰਘ ਨੂੰ ਕੌਮੀ ਸ਼ਹੀਦ ਐਲਾਨਿਆ ਗਿਆ

31 ਅਗਸਤ 2012 ਦੇ ਦਿਨ ਅਕਾਲ ਤਖ਼ਤ ਦੇ ਪੁਜਾਰੀਆਂ ਨੇ ਪੰਜਾਬ ਦਾ ਸਾਬਕਾ ਚੀਫ਼ ਮਨਿਸਟਰ ਬੇਅੰਤ ਸਿੰਘ ਨੂੰ ਮਨੁੱਖੀ ਬੰਬ ਬਣ ਕੇ ਉਡਾਉਣ ਵਾਲੇ ਭਾਈ ਦਿਲਾਵਰ ਸਿੰਘ ਨੂੰ ਕੌਮੀ ਸ਼ਹੀਦ ਐਲਾਨਿਆ।

2012: ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਬੇਅਦਬੀ ਕਰਨ ਵਾਲੇ ਭਈਏ ਨੂੰ ਮਨਦੀਪ ਸਿੰਘ ਨੇ ਗੋਲੀ ਮਾਰੀ

31 ਅਗਸਤ 2012 ਦੇ ਦਿਨ ਲੁਧਿਆਣਾ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਬੇਅਦਬੀ ਕਰਨ ਵਾਸਤੇ ਗ੍ਰਿਫ਼ਤਾਰ ਕੀਤੇ ਭਈਏ ਨੂੰ ਮਨਦੀਪ ਸਿੰਘ ਸਾਹਨੇਵਾਲ ਨੇ ਥਾਣੇ ਵਿਚ ਗੋਲੀ ਮਾਰ ਦਿੱਤੀ। ਉਹ ਮਰਨੋਂ ਤਾਂ ਬਚ ਗਿਆ ਪਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਸ ਕੇਸ ਵਿਚ ਮਨਜੀ ਸਿੰਗ ਨੂੰ ਦਸ ਸਾਲ ਕੈਦ ਦੀ ਸਜ਼ਾ ਸੁਣਾਈ ਗਈ।

2012: ਦਲ ਖਾਲਸਾ ਦੇ ਹਾਈਜੈਕਰਾਂ ਦੇ ਦੋਬਾਰਾ ਵਾਰੰਟ ਕੱਢੇ

31 ਅਗਸਤ 2012 ਦੇ ਦਿਨ ਦਿੱਲੀ ਦੀ ਇਕ ਅਦਾਲਤ ਨੇ 29 ਸਤੰਬਰ 1981 ਦੀ ਦਲ ਖਾਲਸਾ ਦੀ ਹਾਈਜੈਕਿੰਗ ਦੇ ਕੇਸ ਵਿਚ 5 ਅਗਵਾਕਾਰਾਂ ਦੇ ਦੋਬਾਰਾ ਵਾਰੰਟ ਕੱਢ ਦਿੱਤੇ; ਹਾਲਾਂ ਕਿ ਉਹ ਸਾਰੇ ਪਾਕਿਸਤਾਨ ਵਿਚ ਇਸ ਕੇਸ ਦੀ ਸਜ਼ਾ ਭੁਗਤ ਚੁਕੇ ਸਨ।

1 ਸਤੰਬਰ

1700: ਲੋਹਗੜ੍ਹ ਦੇ ਕਿਲ੍ਹੇ 'ਤੇ ਬਿਲਾਸਪੁਰ ਦੀਆਂ ਪਹਾੜੀ ਫ਼ੌਜਾਂ ਦਾ ਹਮਲਾ: ਬਚਿਤਰ ਸਿੰਘ ਤੇ ਉਦੈ ਸਿੰਘ ਨੇ ਜੌਹਰ ਦਿਖਾਏ

ਬਿਲਾਸਪੁਰ ਪਹਾੜੀ ਰਿਆਸਤ ਵੱਲੋਂ ਅਨੰਦਪੁਰ 'ਤੇ 29 ਅਗਸਤ ਤੋਂ ਸ਼ੁਰੂ ਹੋਏ ਹਮਲਿਆਂ ਦੇ ਤੀਜੇ ਦਿਨ ਅਗੰਮਗੜ੍ਹ ਵਿਚ ਵੀ ਬੁਰੀ ਤਰ੍ਹਾਂ ਹਾਰ ਖਾਣ ਮਗਰੋਂ ਉਸ ਰਾਤ ਨੂੰ

ਅਜਮੇਰ ਚੰਦ, ਦੂਜੇ ਪਹਾੜੀ ਰਾਜੇ ਤੇ ਉਨ੍ਹਾਂ ਦੇ ਵਜ਼ੀਰ ਇਕੱਠੇ ਹੋਏ। ਇਨ੍ਹਾਂ ਵਿਚ ਅਜਮੇਰ ਚੰਦ ਦਾ ਮਾਮਾ ਕੇਸਰੀ ਚੰਦ ਵੀ ਸੀ। ਕੇਸਰੀ ਚੰਦ ਨੇ ਹੁਣ ਲੋਹਗੜ੍ਹ ਕਿਲ੍ਹੇ 'ਤੇ ਹਮਲਾ ਕਰਨ ਵਾਸਤੇ ਆਖਿਆ। ਉਸ ਨੇ ਕਿਹਾ ਕਿ 'ਗੁਰੂ ਜੀ ਦਾ ਹਥਿਆਰਾਂ ਦਾ ਖ਼ਜ਼ਾਨਾ ਕਿਲ੍ਹਾ ਲੋਹਗੜ੍ਹ ਵਿਚ ਹੈ ਤੇ ਜੇ ਉਹ ਸਾਡੇ ਕਬਜ਼ੇ ਵਿਚ ਆ ਗਿਆ ਤਾਂ ਗੁਰੂ ਜੀ ਅਸਲਾ-ਰਹਿਤ ਹੋ ਜਾਣਗੇ।' ਇਸ ਕਿਲ੍ਹੇ ਦਾ ਦਰਵਾਜ਼ਾ ਸਭ ਕਿਲਿਆਂ ਦੇ ਦਰਵਾਜ਼ਿਆਂ ਤੋਂ ਵਧ ਮਜ਼ਬੂਤ ਸੀ। ਕੇਸਰੀ ਚੰਦ ਦੇ ਵਜ਼ੀਰ ਕਰਮ ਚੰਦ ਨੇ ਚੌਥੀ ਲੜਾਈ ਕਰਨ ਤੋਂ ਰੋਕਿਆ, ਪਰ ਕਿਸੇ ਨੇ ਉਸ ਦੀ ਇਕ ਨਾ ਸੁਣੀ। ਅਜਮੇਰ ਚੰਦ ਨੇ ਆਪਣੇ ਬ੍ਰਾਹਮਣ ਵਜ਼ੀਰ ਪਰਮਾ ਨੰਦ ਦੀ ਸਲਾਹ 'ਤੇ ਇਕ ਹਾਥੀ ਨੂੰ, ਸ਼ਰਾਬ ਪਿਆ ਕੇ, ਕਿਲ੍ਹੇ ਦਾ ਦਰਵਾਜ਼ਾ ਤੋੜਨ ਵਾਸਤੇ ਭੇਜਣ ਦਾ ਫੈਸਲਾ ਕੀਤਾ। ਇਸ ਮੌਕੇ 'ਤੇ ਕੇਸਰੀ ਚੰਦ ਨੇ ਇਹ 'ਦਲੇਰਾਨਾ' ਐਲਾਨ ਵੀ ਕੀਤਾ ਕਿ "ਮੈਂ ਗੁਰੂ ਗੋਬਿੰਦ ਸਿੰਘ ਦਾ ਸਿਰ ਲਾਹ ਕੇ ਲਿਆਵਾਂਗਾ, ਨਹੀ ਤਾਂ ਮੈਂ ਵਾਪਿਸ ਘਰ ਨਹੀਂ ਮੁੜਾਂਗਾ।" ਉਸ ਰਾਤ ਗੁਰੂ ਸਾਹਿਬ ਕਿਲ੍ਹਾ ਅਨੰਦਗੜ੍ਹ ਸਾਹਿਬ ਵਿਚ ਬੈਠੇ ਸਨ। ਭਾਈ ਚਤਰ ਸਿੰਘ ਬਰਾੜ ਨੇ ਗੁਰੂ ਸਾਹਿਬ ਨੂੰ ਇਸ ਪਲਾਨਿੰਗ ਦੀ ਸੂਹ ਦਿੱਤੀ। ਗੁਰੂ ਸਾਹਿਬ ਨੇ ਹਾਜ਼ਰ ਸਿੰਘਾਂ ਵਿੱਚੋਂ ਮਜੀਠੇ ਦੇ ਦੁਨੀ ਚੰਦ ਧਾਲੀਵਾਲ ਮਸੰਦ (ਜੋ ਬੜੇ ਭਾਰੇ ਜਿਸਮ ਵਾਲਾ ਸ਼ਖ਼ਸ ਸੀ) ਦੀ ਡਿਊਟੀ ਲਾਈ ਕਿ ਉਹ ਸ਼ਰਾਬੀ ਹਾਥੀ ਨੂੰ ਰੋਕੇ। ਇਹ ਬੁਜ਼ਦਿਲ ਦੁਨੀ ਚੰਦ ਧਾਲੀਵਾਲ ਡਰਦਾ ਮਾਰਾ ਰਾਤ ਨੂੰ ਕਿਲ੍ਹੇ ਦੀ ਕੰਧ ਤੋਂ ਰੱਸੇ ਨਾਲ ਉਤਰ ਕੇ ਅਨੰਦਪੁਰ ਸਾਹਿਬ ਤੋਂ ਭੱਜ ਗਿਆ। ਇਸ ਮਗਰੋਂ ਭਾਈ ਬਚਿਤਰ ਸਿੰਘ ਨੇ ਗੁਰੂ ਸਾਹਿਬ ਤੋਂ ਹਾਥੀ ਦਾ ਮੁਕਾਬਲਾ ਕਰਨ ਦੀ ਇਜਾਜ਼ਤ ਮੰਗੀ। ਗੁਰੂ ਸਾਹਿਬ ਨੇ ਬਚਿਤਰ ਸਿੰਘ ਨੂੰ ਆਪਣਾ 'ਨਾਗਨੀ ਬਰਛਾ' ਦੇ ਕੇ ਲੜਾਈ ਵਾਸਤੇ ਤਿਆਰ ਕੀਤਾ। ਇਸ ਦੇ ਨਾਲ ਹੀ ਭਾਈ ਉਦੈ ਸਿੰਘ ਨੇ ਜਸਵਾਰੀਏ ਰਾਜੇ ਕੇਸਰੀ ਚੰਦ ਨੂੰ ਸੋਧਣ ਦੀ ਇਜਾਜ਼ਤ ਮੰਗੀ। ਗੁਰੂ ਸਾਹਿਬ ਨੇ ਉਸ ਨੂੰ 'ਕਰਪਾ' ਨਾਂ ਦਾ ਬਰਛਾ ਦੇ ਕੇ ਥਾਪਣਾ ਦਿੱਤੀ। ਸਵੇਰ ਚੜ੍ਹਨ ਤੋਂ ਪਹਿਲਾਂ ਦੋਵੇਂ ਭਰਾ ਕਿਲ੍ਹਾ ਲੋਹਗੜ੍ਹ ਦੇ ਬਾਹਰ ਪੁੱਜ ਗਏ।

ਅਗਲੇ ਦਿਨ ਪਹਿਲੀ ਸਤੰਬਰ ਨੂੰ ਜਦੋਂ ਮਦਮਸਤ ਹਾਥੀ ਲੋਹਗੜ੍ਹ ਵੱਲ ਆਇਆ ਤਾਂ ਭਾਈ ਬਚਿਤਰ ਸਿੰਘ ਨੇ ਪੂਰਾ ਜ਼ੋਰ ਲਾ ਕੇ ਬਰਛੇ ਨੂੰ ਹਾਥੀ ਦੇ ਮੱਥੇ ਵਿਚ ਐਨੇ ਜ਼ੋਰ ਨਾਲ ਮਾਰਿਆ ਕਿ ਉਹ ਬਰਛਾ, ਹਾਥੀ ਦੇ ਮੱਥੇ 'ਤੇ ਬੰਨ੍ਹੀਆਂ ਤਵੀਆਂ ਵਿੰਨ੍ਹ ਕੇ, ਅੰਦਰ ਤਕ ਧਸ ਗਿਆ। ਇਸ ਦੇ ਨਾਲ ਹੀ ਭਾਈ ਬਚਿਤਰ ਸਿੰਘ ਨੇ ਇਕ ਦਮ ਬਰਛੇ ਨੂੰ ਜ਼ੋਰ ਨਾਲ ਵਾਪਿਸ ਖਿੱਚ ਲਿਆ। ਹਾਥੀ ਦਰਦ ਨਾਲ ਚਿੰਘਾੜਦਾ ਪਿੱਛੇ ਵੱਲ ਨੂੰ ਭੱਜਿਆ। ਹਾਥੀ ਦੇ ਪੈਰਾਂ ਹੇਠ ਆ ਕੇ ਬਹੁਤ ਸਾਰੇ ਪਹਾੜੀ ਫ਼ੌਜੀ ਮਾਰੇ ਗਏ । ਉਧਰ ਭਾਈ ਉਦੈ ਸਿੰਘ ਤੇਜ਼ੀ ਨਾਲ ਘੋੜਾ ਦੌੜਾ ਕੇ ਕੇਸਰੀ ਚੰਦ ਕੋਲ ਪੁੱਜ ਗਿਆ ਤੇ ਕਿਹਾ ਕਿ "ਤੂੰ ਗੁਰੂ ਸਾਹਿਬ ਦਾ ਸਿਰ ਲੈਣ ਆਇਆ ਸੀ। ਲੈ ਪਹਿਲੋਂ ਆਪਣਾ ਸਿਰ ਬਚਾਅ।" ਇਹ ਕਹਿ ਕੇ ਭਾਈ ਉਦੈ ਸਿੰਘ ਨੇ ਕਿਰਪਾਨ ਦੇ ਇੱਕੋ ਵਾਰ ਨਾਲ ਕੇਸਰੀ ਚੰਦ ਦਾ ਸਿਰ ਵੱਢ ਲਿਆ ਤੇ ਨੇਜ਼ੇ 'ਚ ਪਰੋਅ ਕੇ ਅਨੰਦਗੜ੍ਹ ਕਿਲ੍ਹੇ 'ਚ ਜਾ ਕੇ ਗੁਰੂ ਸਾਹਿਬ ਦੇ ਪੈਰਾਂ ਵਿਚ ਜਾ ਰੱਖਿਆ। ਰਾਜਾ ਕੇਸਰੀ ਚੰਦ ਦੇ ਮਰਨ ਮਗਰੋਂ ਭਾਈ ਮਨੀ ਸਿੰਘ, ਭਾਈ ਸ਼ੇਰ ਸਿੰਘ ਤੇ ਭਾਈ ਨਾਹਰ ਸਿੰਘ ਦੀ ਅਗਵਾਈ 'ਚ ਸਿੰਘਾਂ ਨੇ ਬਹੁਤ ਸਾਰੇ ਪਹਾੜੀ ਫ਼ੌਜੀ ਪਾਰ ਬੁਲਾਏ। ਲੋਹਗੜ੍ਹ ਦੇ ਬਾਹਰ ਚਰਨ ਗੰਗਾ ਦੇ ਮੈਦਾਨ 'ਚ ਪਹਾੜੀ ਫ਼ੌਜੀਆਂ ਦੀਆਂ ਲਾਸ਼ਾਂ ਦੇ ਢੇਰ ਲੱਗ ਗਏ। ਇਸ ਮਗਰੋਂ ਕੁਝ ਹੀ ਪਲਾਂ ਵਿਚ ਅਜਮੇਰ ਚੰਦ ਤੇ ਉਸ ਦੇ ਸਾਥੀ ਪਹਾੜੀਆਂ ਦੀ ਫ਼ੌਜ ਸਿਰ 'ਤੇ ਪੈਰ ਰੱਖ ਕੇ ਭੱਜ ਗਈ ਤੇ ਬਿਲਾਸਪੁਰ ਜਾ ਕੇ ਹੀ ਸਾਹ ਲਿਆ। ਇਸ ਲੜਾਈ ਵਿਚ ਭਾਈ ਮਨੀ ਸਿੰਘ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਹੋਏ। ਭਾਈ ਆਲਮ ਸਿੰਘ (ਭਾਈ ਮਨੀ ਸਿੰਘ ਦੇ ਦਾਦੇ ਬੱਲੂ ਦੇ ਭਰਾ ਦਰੀਆ ਦਾ ਪੁੱਤਰ), ਸੁੱਖਾ ਸਿੰਘ (ਭਤੀਜਾ ਭਾਈ ਮਨੀ ਸਿੰਘ), ਖੁਸ਼ਹਾਲ ਸਿੰਘ (ਪੁੱਤਰ ਭਾਈ ਮੱਖਣ ਸ਼ਾਹ ਲੁਬਾਣਾ) ਸ਼ਹੀਦੀਆਂ ਪਾ ਗਏ।

ਇਸ ਬਾਰੇ ਭੱਟ ਵਹੀ ਤਲਾਉਂਚਾ ਇੰਵ ਦਸਦੀ ਹੈ: *"ਗੁਰੂ ਕਾ ਬਚਨ ਪਾਇ ਮਨੀ ਸਿੰਘ ਬੇਟਾ ਮਾਈਦਾਸ ਕਾ, ਪੋਤਾ ਬੱਲੂ ਰਾਇ ਕਾ...ਬਚਿਤਰ ਸਿੰਘ ਬੇਟਾ ਮਨੀ ਸਿੰਘ ਕਾ, ਉਦੈ ਸਿੰਘ ਬੇਟਾ ਮਨੀ ਸਿੰਘ ਕਾ....ਆਲਮ ਸਿੰਘ ਬੇਟਾ ਦੁਰਗਾਦਾਸ ਕਾ, ਪੋਤਾ ਪਦਮੇਂ ਕਾ...ਹਜਾਵਤ ਆਂਬਿਆਨਾ...ਸਾਲ ਸਤਰਾਂ ਸੈ ਸਤਵੰਜਾ ਅਸੂਜ ਪ੍ਰਵਿਸ਼ਟੇ ਪਹਿਲੀ ਰਵੀਵਾਰ ਕੇ ਦਿਹੁੰ ਕਿਲ੍ਹਾ ਲੋਹਗੜ੍ਹ, ਪਰਗਨਾ ਮਾਖੋਵਾਲ ਸੇ, ਖਾਲਸਾ ਦਲ ਕੋ ਗੈਲ ਲੈ ਚਰਨ ਗੰਗਾ ਨਦੀ ਕੇ ਮਲ੍ਹਾਨ ਸਾਮ੍ਹੇਂ ਮਾਥੇ ਘੋਰ ਜੁਧ ਕੀਆ। ਬਚਿਤਰ ਸਿੰਘ ਨੇ ਹਾਥੀ ਕੋ ਮਾਰ ਭਗਾਇਆ। ਉਦੈ ਸਿੰਘ ਕੇ ਹਾਥ ਸੇ ਕੇਸਰੀ ਚੰਦ ਜਸਵਾਰੀਆ ਮਾਰਾ ਗਿਆ। ਮਨੀ ਸਿੰਘ ਸਸ਼ਤ ਘਾਇਲ ਹੁਏ। ਆਲਮ ਸਿੰਘ ਬੇਟਾ ਦਰੀਆ ਦਾ ਪੋਤਾ ਮੂਲੇ ਕਾ....ਜਲ੍ਹਾਨਾ, ਸੁਖਾ ਸਿੰਘ ਬੇਟਾ ਰਾਇ ਸਿੰਘ ਕਾ, ਪੋਤਾ ਮਾਈ ਦਾਸ ਕਾ, ਕੁਸ਼ਾਲ ਸਿੰਘ ਬੇਟਾ ਮਖਨ ਸ਼ਾਹ ਕਾ, ਪੋਤਾ ਦਾਸੇ ਕਾ, ਪੇਲੀਆ ਬਨਜਾਰਾ ਰਣ ਮੇਂ ਜੂਝ ਕਰ ਮਰੇ। ਆਗੇ ਗੁਰੂ ਭਾਣੇ ਕਾ ਖਾਬਿੰਦ ਹੈ, ਗੁਰੂ ਕੀ ਗਤਿ ਗੁਰੂ ਜਾਣੇ। "*(ਭੱਟ ਵਹੀ ਤਲਾਉਂਚਾ ਪਰਗਨਾ ਜੀਂਦ, ਖਾਤਾ ਜਲਹਾਨੋਂ ਕਾ)।

1923: ਬਬੇਲੀ ਪਿੰਡ ਵਿਚ ਬਬਰਾਂ (ਕਰਮ ਸਿੰਘ ਦੌਲਤਪੁਰ, ਬਿਸ਼ਨ ਸਿੰਘ ਮਾਂਗਟ, ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ, ਉਦੈ ਸਿੰਘ ਰਾਮਗੜ੍ਹ ਝੁੰਗੀਆਂ) ਦੀਆਂ ਸ਼ਹੀਦੀਆਂ

ਬਬਰ ਅਕਾਲੀ ਲਹਿਰ (1921-25) ਵਿਚ ਸ਼ਾਮਿਲ ਹੋਏ ਅਨੂਪ ਸਿੰਘ ਮਣਕੋ ਨੇ ਈਨਾਮ ਦੇ ਲਾਲਚ ਵਿਚ ਇੰਦਰ ਸਿੰਘ ਤੇ ਬੋਧ ਸਿੰਘ (ਸਪੈਸ਼ਲ ਕਾਂਸਟੇਬਲ) ਰਾਹੀਂ ਪੁਲਸ ਨਾਲ ਮਿਲ ਕੇ ਗ਼ਦਾਰੀ ਕਰਨ ਦਾ ਫ਼ੈਸਲਾ ਕਰ ਲਿਆ। ਇਸ ਸਾਜ਼ਸ਼ ਹੇਠ ਉਸ ਨੇ ਬਬਰ ਅਕਾਲੀ ਲਹਿਰ ਦੇ ਮੁਖੀ ਆਗੂ ਕਰਮ ਸਿੰਘ ਦੌਲਤਪੁਰ, ਬਿਸ਼ਨ ਸਿੰਘ, ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ, ਉਦੈ ਸਿੰਘ ਰਾਮਗੜ੍ਹ ਝੁੰਗੀਆਂ ਨੂੰ 31 ਅਗਸਤ 1923 ਦੇ ਦਿਨ ਪਿੰਡ ਬਬੇਲੀ ਵਿਚ ਮੇਹਰ ਸਿੰਘ ਦੇ ਘਰ ਲੈ ਆਂਦਾ ਤੇ ਉਧਰ ਉਸੇ ਸ਼ਾਮ ਨੂੰ ਬੋਧ ਸਿੰਘ ਤੇ ਉਸ ਦੇ ਪੁੱਤਰ ਜਸਵੰਤ ਸਿੰਘ ਨੂੰ ਪੁਲਸ ਸੁਪਰਡੈਂਟ ਮਿਸਟਰ ਸਮਿਥ ਨੂੰ ਇਤਲਾਹ ਦੇਣ ਵਾਸਤੇ ਭੇਜ ਦਿੱਤਾ। ਉਸੇ ਰਾਤ ਨੂੰ ਹੀ ਪੁਲਸ ਦੀ ਇਕ ਵੱਡੀ ਧਾੜ ਨੇ ਪਿੰਡ ਬਬੇਲੀ ਨੂੰ ਘੇਰਾ ਪਾ ਲਿਆ ਅਤੇ 1 ਸਤੰਬਰ 1923 ਦੀ ਸਵੇਰ ਨੂੰ ਜਦ ਇਨ੍ਹਾਂ ਬਬਰਾਂ ਨੇ ਵੇਖਿਆ ਕਿ ਪੁਲਸ ਦੀ ਵੱਡੀ ਧਾੜ ਉਨ੍ਹਾਂ ਨੂੰ ਘੇਰੀ ਖੜੀ ਹੈ ਤਾਂ ਉਨ੍ਹਾਂ ਨੇ ਪੁਲਸ 'ਤੇ ਗੋਲੀਆਂ ਚਲਾਉਣੀ ਸ਼ੁਰੂ ਕਰ ਦਿੱਤੀ ਅਤੇ ਨਾਲ-ਨਾਲ ਬੇਈਂ ਨਦੀ ਵਲ ਵਧਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਪੁਲਸ ਵੀ ਉਨ੍ਹਾ ਦਾ ਪਿੱਛਾ ਕਰਦੀ ਰਹੀ। ਅਖ਼ੀਰ ਉਹ ਚਾਰੇ ਹੀ ਨਦੀ ਵਿਚ ਠਿਲ੍ਹ ਪਏ ਪਰ ਪੁਲਸ ਨੇ ਉਨ੍ਹਾਂ 'ਤੇ ਨਦੀ ਵਿਚ ਵੀ ਗੋਲੀਆਂ ਦਾ ਮੀਂਹ ਵਰ੍ਹਾਉਣਾ ਜਾਰੀ ਰੱਖਿਆ; ਇਸ ਨਾਲ ਉਦੈ ਸਿੰਘ ਤੇ ਮਹਿੰਦਰ ਸਿੰਘ ਸ਼ਹੀਦ ਹੋ ਗਏ ਪਰ ਕਰਮ ਸਿੰਘ ਤੇ ਬਿਸ਼ਨ ਸਿੰਘ ਜ਼ਖ਼ਮੀ ਹੋ ਕੇ ਪਾਰ ਲੰਘ ਗਏ। ਪੁਲਸ ਨੇ ਇਸ ਦੌਰਾਨ ਵੀ ਗੋਲੀਆਂ ਚਲਾਉਣੀਆਂ ਜਾਰੀ ਰੱਖੀਆਂ ਜਿਸ ਨਾਲ ਅਖ਼ੀਰ ਭਾਈ ਕਰਮ ਸਿੰਘ ਤੇ ਬਿਸ਼ਨ ਸਿੰਘ ਵੀ ਸ਼ਹੀਦ ਹੋ ਗਏ। ਇਸ ਹਮਲੇ ਵਿਚ 1400 ਪੁਲਸੀਆਂ ਤੇ ਫ਼ੌਜੀਆਂ ਨੇ ਹਿੱਸਾ ਲਿਆ ਸੀ। ਇਨ੍ਹਾਂ ਚਾਰ ਸ਼ਹੀਦੀਆਂ ਨਾਲ ਬਬਰ ਲਹਿਰ ਦਾ ਤਕਰੀਬਨ ਖ਼ਾਤਮਾ ਹੀ ਹੋ ਗਿਆ।

1951: ਪਟਿਆਲਾ ਵਿਚ ਅਕਾਲੀ ਦਲ ਦਾ ਮਹਾਂ ਜਪ ਤਪ ਸਮਾਗਮ ਹੋਇਆ

1951 ਵਿਚ ਮਰਦਮ ਸ਼ੁਮਾਰੀ ਦਾ ਕੰਮ ਜ਼ੋਰਾਂ ਨਾਲ ਸ਼ੁਰੂ ਸੀ। ਪੰਜਾਬ ਦਾ ਦਹਿਸ਼ਤਗਰਦੀ ਦੀ ਸੋਚ ਵਾਲਾ ਫ਼ਿਰਕਾਪ੍ਰਸਤ ਮਹਾਸ਼ਾ ਪਰੈੱਸ ਅਪਣੀ ਜ਼ਹਿਰੀਲੀ ਕਲਮ ਨਾਲ ਪੰਜਾਬੀ ਹਿੰਦੂ ਦੀ ਬੋਲੀ ਬਦਲਣ ਲਈ ਸਾਰਾ ਟਿਲ ਲਾ ਰਿਹਾ ਸੀ ਅਤੇ ਪੰਜਾਬ ਦਾ ਮਾਹੌਲ ਖ਼ਰਾਬ ਕਰ ਰਿਹਾ ਸੀ। ਹਿੰਦੂ ਸਿੱਖਾਂ ਵਿਚ ਪਈ ਵੰਡ ਦੀ ਲਕੀਰ ਨੂੰ ਕਾਲੇ ਰੰਗ ਨਾਲ ਭਰਨ

ਲਈ ਮਹਾਸ਼ਾ ਪਰੈੱਸ ਨੇ ਪੂਰੀ ਕੋਸ਼ਿਸ਼ ਕੀਤੀ ਅਤੇ ਕਾਮਯਾਬੀ ਵੀ ਹਾਸਿਲ ਕੀਤੀ। ਇਸ ਵੇਲੇ ਤਕ ਅਕਾਲੀ ਦਲ ਦਾ ਅਪਣਾ ਕੋਈ ਅਖ਼ਬਾਰ ਨਹੀਂ ਸੀ। ਇਸ ਵਾਸਤੇ ਹਿੰਦੂਆਂ ਤੇ ਹਰੀਜਨਾਂ ਨੂੰ ਮਹਾਸ਼ਾ ਪਰੈੱਸ ਨੇ ਅਪਣੀ ਫ਼ਿਰਕਾਪ੍ਰਸਤੀ ਦੀ ਛੂਤ ਦਾ ਨਿਸ਼ਾਨਾ ਸੌਖਿਆਂ ਹੀ ਬਣਾ ਲਿਆ। ਨਤੀਜੇ ਵਜੋਂ ਹਰ ਸਿੱਖ ਨੇ ਪੰਜਾਬੀ ਅਤੇ ਹਰ ਹਿੰਦੂ ਨੇ ਹਿੰਦੀ ਨੂੰ ਅਪਣੀ ਬੋਲੀ ਲਿਖਾਇਆ। ਟਾਈਮਜ਼ ਆਫ਼ ਇੰਡੀਆ ਦੇ 15 ਅਗਸਤ 1951 ਦੇ ਪਰਚੇ ਵਿਚ ਉਨ੍ਹਾਂ ਦੇ ਨਾਮਾਨਿਗਾਰ ਨੇ ਵੀ ਇਹ ਲਿਖਿਆ ਕਿ "ਪੰਜਾਬ ਦੇ ਸਿੱਖ ਕਾਂਗਰਸ ਦੇ ਵਿਰੁਧ ਹਨ ਕਿਉਂ ਕਿ ਸਿੱਖਾਂ ਦੀ ਹਰ ਗੱਲ ਦਾ ਵਿਰੋਧ ਕੀਤਾ ਜਾਂਦਾ ਹੈ। ਇਸ ਵਿਚ ਪੰਜਾਬੀ ਬੋਲੀ ਵਿਰੋਧੀ ਵਤੀਰੇ ਦਾ ਸਭ ਤੋਂ ਵਧ ਹਿੱਸਾ ਹੈ। ਕਿਸੇ ਵੀ ਕਾਂਗਰਸੀ (ਹਿੰਦੂ) ਨੇ ਕਦੇ ਇਹ ਨਹੀਂ ਸੋਚਿਆ ਕਿ ਸਿੱਖਾਂ ਦਾ ਕੀ ਕਰਨਾ ਹੈ। ਕਾਂਗਰਸੀ ਤਾਂ ਸਿੱਖਾਂ ਨੂੰ ਹਰ ਹਥਿਆਰ ਨਾਲ ਭੰਡਦੇ ਹਨ। ਇਸੇ ਕਰ ਕੇ ਸਿੱਖ ਪੰਜਾਬੀ ਸੂਬਾ ਮੰਗਦੇ ਹਨ। ਇਹੀ ਸਿੱਖਾਂ ਦੇ ਮਸਲੇ ਦਾ ਇਕ ਹੱਲ ਹੈ।"

ਅਪਰੈਲ 1951 ਵਿਚ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ''ਪੰਜਾਬੀ ਸੂਬਾ ਨਾ ਬਣਾਉਣ ਦਾ ਕਾਰਨ ਸਿੱਖਾਂ ਤੇ ਬੇਵਿਸਾਹੀ ਹੈ। ਕੁਝ ਜਨਸੰਘੀ ਆਗੂਆਂ ਨੇ ਕੁਝ ਦਿਨ ਪਹਿਲਾ ਜਲੰਧਰ ਵਿਚ ਬਿਆਨ ਦੇਂਦਿਆਂ ਕਿਹਾ ਸੀ ਕਿ **''ਸਿੱਖਾਂ ਹੱਥ ਤਾਕਤ ਸੌਂਪਣਾ ਸਾਡੇ ਲਈ ਖ਼ਤਰਨਾਕ ਹੈ ਕਿਉਂ ਕਿ ਸਿੱਖ ਭਾਰਤ ਦੀ ਸਰਹਦ 'ਤੇ ਬੈਠੇ ਹਨ। ਨਹਿਰੂ ਨੂੰ ਬੋਲੀ ਦੀ ਬਿਨਾਅ ਤੇ ਸੂਬੇ ਉੱਤੇ ਕੋਈ ਇਤਰਾਜ਼ ਨਹੀਂ ਜੇ ਕਰ ਸਿੱਖਾਂ ਨੂੰ ਇਸ ਨਾਲ ਡਰਾਇਦਾ ਨਾ ਹੋਵੇ ਤਾਂ।"** ਇਸ 'ਤੇ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਇਹ ਹਿੰਦੂ ਉਨ੍ਹਾਂ ਮੁਗ਼ਲਾਂ ਵਾਂਗ ਹਨ ਜਿਨ੍ਹਾਂ ਨਾਲ ਰਲ ਕੇ ਇਨ੍ਹਾਂ (ਹਿੰਦੂਆਂ) ਨੇ ਕਈ ਵਾਰ ਸਿੱਖਾਂ ਉਪਰ ਹਮਲੇ ਕੀਤੇ ਸਨ।

1951 ਵਿਚ ਕੁਝ ਸਿੱਖ ਵਕੀਲਾਂ ਤੇ ਉੱਲਮਾ (ਵਿਦਵਾਨਾਂ) ਨੇ ਇਕ ਖੁਲ੍ਹੀ ਚਿਠੀ ਨਹਿਰੂ ਦੇ ਨਾਂ ਲਿਖੀ ਜਿਸ ਵਿਚ ਉਨ੍ਹਾਂ ਕਿਹਾ ਕਿ ''ਸਿੱਖਾਂ ਦੀ ਹੋਂਦ ਨੂੰ ਵਰਤਮਾਨ ਮਾਹੌਲ ਵਿਚ ਖਤਰਾ ਹੈ। ਸਾਨੂੰ ਬਹੁ-ਗਿਣਤੀ ਦੀ ਫ਼ਿਰਕਾਪ੍ਰਸਤੀ ਤੋਂ ਬਚਾਓ" ਇਸ ਉਪਰ ਅਜਮੇਰ ਸਿੰਘ (ਪਿਛੋਂ ਕੈਰੋਂ ਵੇਲੇ ਵਜ਼ੀਰ), ਦਸੌਂਧਾ ਸਿੰਘ, ਗੋਪਾਲ ਸਿੰਘ ਖਾਲਸਾ, ਜਸਵੰਤ ਸਿੰਘ ਨੇਕੀ, ਭਾਨ ਸਿੰਘ (ਸਿੱਖ ਸਟੂਡੈਂਟਜ਼ ਫ਼ੈਡਰਸ਼ਨ) ਵਗ਼ੈਰਾ ਦੇ ਦਸਤਖ਼ਤ ਸਨ। **ਹੈਰਾਨੀ ਦੀ ਗੱਲ ਤਾਂ ਇਹ ਸੀ ਕਿ ਸਿੱਖ ਵਿਦਵਾਨਾਂ ਵਲੋਂ ਇਕ ਫ਼ਿਰਕੂ ਆਗੂ ਤੋਂ ਫ਼ਿਰਕਾਪ੍ਰਸਤੀ ਦੇ ਖ਼ਿਲਾਫ਼ ਮਦਦ ਮੰਗੀ ਜਾ ਰਹੀ ਸੀ।**

ਨਹਿਰੂ ਨੇ ਸਿੱਖਾਂ ਦੀ ਮਦਦ ਤਾਂ ਕੀਹ ਕਰਨੀ ਸੀ, ਉਲਟਾ ਉਸ ਨੇ ਮਾਸਟਰ ਤਾਰਾ ਸਿੰਘ ਨੂੰ ਡੇਗਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਉਸ ਨੇ ਤਾਂ ਬਾਬਾ ਖੜਕ ਸਿੰਘ (ਜੋ ਹਮੇਸ਼ਾ ਕਾਂਗਰਸ ਦਾ ਵੱਡਾ ਮੁਖ਼ਾਲਿਫ਼ ਹੋਇਆ ਕਰਦਾ ਸੀ ਤੇ ਜਿਸ ਨੂੰ 1930 ਵਿਚ ਹਟਾ ਕੇ ਮਾਸਟਰ ਤਾਰਾ ਸਿੰਘ ਨੂੰ ਲਿਆਉਣ ਵਿਚ ਕਾਂਗਰਸ ਦਾ ਵੱਡਾ ਰੋਲ ਸੀ) ਨੂੰ ਮੁੜ ਉਭਾਰਨ ਦੀ ਕੋਸ਼ਿਸ਼ ਵੀ ਕੀਤੀ। ਖੜਕ ਸਿੰਘ ਦਾ ਜਨਮ ਦਿਨ 20 ਜੂਨ 1951 ਦੇ ਦਿਨ ਮਨਾਉਣ ਦੇ ਮੌਕੇ 'ਤੇ ਨਹਿਰੂ ਉਚੇਚੇ ਤੌਰ 'ਤੇ ਉੱਥੇ ਪੁੱਜਾ ਤੇ ਖੜਕ ਸਿੰਘ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੇ।
ਅਕਾਲੀ ਦਲ ਨੇ ਇਸ ਸਾਜ਼ਿਸ਼ ਨੂੰ ਤਾੜਦਿਆਂ 1 ਅਤੇ 2 ਸਤੰਬਰ 1951 ਦੇ ਦਿਨ ਪਟਿਆਲੇ ਵਿਚ 'ਗੁਰਮਤ ਮਹਾਂ ਸਮਾਗਮ' ਦੇ ਨਾਂ ਹੇਠ ਇਕ ਵੱਡੀ ਕਾਨਫ਼ਰੰਸ ਕੀਤੀ। ਇਸ ਵਿਚ ਤਿੰਨ ਲੱਖ ਸਿੱਖ ਸ਼ਾਮਿਲ ਹੋਏ। ਇਸ ਸਮਾਗਮ ਅਤੇ ਜਲੂਸ ਵਿਚ ਸਿੱਖ ਸਟੂਡੈਂਟਜ਼ ਫ਼ੈਡਰੇਸ਼ਨ, ਅਕਾਲੀ ਦਲ ਅਤੇ ਅਕਾਲੀ ਜਥੇ ਵੱਡੀ ਗਿਣਤੀ ਵਿਚ ਮਾਰਚ ਕਰਦੇ ਸਿੱਖ-ਏਕਤਾ ਅਤੇ ਅਕਾਲੀ ਦਲ ਦੀ ਹਿਮਾਇਤ ਦਾ ਇਜ਼ਹਾਰ ਕਰ ਰਹੇ ਸਨ। ਅਸਲ ਵਿਚ ਇਹ ਗੁਰਮਤ ਮਹਾਂ ਸਮਾਗਮ ਦੇ ਨਾਂ ਹੇਠਾਂ ਪੰਜਾਬੀ ਸੂਬੇ ਦੀ ਹਿਮਾਇਤ ਦਾ ਸਮਾਗਮ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਇਸ ਦੀਆਂ ਪਾਲਸੀਆਂ ਦੇ ਹੱਕ ਵਿਚ ਦਿਖਾਵਾ ਸੀ।

1988: ਐਸ.ਐਸ.ਪੀ. ਗੋਬਿੰਦ ਰਾਮ ਵੱਲੋਂ ਗੁਰਦੇਵ ਕੌਰ ਅਤੇ ਗੁਰਮੀਤ ਕੌਰ 'ਤੇ ਜ਼ੁਲਮ ਕਰਨ ਦੇ ਖ਼ਿਲਾਫ਼ ਜਲੂਸ ਕਢਿਆ ਗਿਆ

1987-88 ਵਿਚ ਬੇਗੁਨਾਹ ਸਿੱਖਾਂ 'ਤੇ ਤਸ਼ਦਦ ਕਰਨ ਵਿਚ ਸਭ ਤੋਂ ਵੱਧ ਬਦਨਾਮ ਪੁਲਸੀਏ ਸਨ: ਰਬੈਰੋ, ਕੇ.ਪੀ.ਐਸ. ਗਿੱਲ, ਗੋਬਿੰਦ ਰਾਮ, ਸਵਰਨ ਘੋਟਨਾ, ਪੀ.ਐਮ. ਦਾਸ, ਇਜ਼ਹਾਰ ਆਲਮ, ਅਜੀਤ ਸੰਧੂ, ਸੁਮੇਧ ਸੈਣੀ ਵਗ਼ੈਰਾ। ਗੋਬਿੰਦ ਰਾਮ ਨੇ 21 ਅਗਸਤ ਨੂੰ ਬਬਰ ਖਾਲਸਾ ਦੇ ਇਕ ਆਗੂ ਮਹਿਲ ਸਿੰਘ (ਭਰਾ ਸੁਖਦੇਵ ਸਿੰਘ ਦਾਸੂਵਾਲ) ਦੀ ਘਰਵਾਲੀ ਗੁਰਦੇਵ ਕੌਰ ਅਤੇ ਸ਼ਹੀਦ ਕੁਲਵੰਤ ਸਿੰਘ ਨਾਗੋਕੇ ਦੀ ਪਤਨੀ ਗੁਰਮੀਤ ਕੌਰ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਨੂੰ ਬਹੁਤ ਤਸੀਹੇ ਦਿੱਤੇ। ਗੋਬਿੰਦ ਰਾਮ ਨੇ ਆਪਣਾ ਪੇਸ਼ਾਬ ਜਬਰੀ ਗੁਰਦੇਵ ਕੌਰ ਦੇ ਮੂੰਹ ਵਿਚ ਪਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਏਥੋਂ ਤਕ ਵੀ ਕਿਹਾ ਕਿ 'ਤੂੰ ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਪੀਤਾ ਹੈ, ਹੁਣ ਗੋਬਿੰਦ ਰਾਮ ਦਾ ਮੂਤਰ ਵੀ ਪੀ।'

ਗੁਰਦੇਵ ਕੌਰ ਅਤੇ ਗੁਰਮੀਤ ਕੌਰ 'ਤੇ ਜ਼ੁਲਮ ਕਰਨ ਦੇ ਖ਼ਿਲਾਫ਼ ਪ੍ਰੋ: ਦਰਸ਼ਨ ਸਿੰਘ ਦੀ ਅਗਵਾਈ ਹੇਠ ਸਿੱਖਾਂ ਨੇ ਪਹਿਲੀ ਸਤੰਬਰ 1988 ਦੇ ਦਿਨ ਇਕ ਪ੍ਰੋਟੈਸਟ ਜਲੂਸ ਕਢਿਆ।

ਮਗਰੋਂ ਸਰਕਾਰ ਨੇ ਗੋਬਿੰਦ ਰਾਮ ਨੂੰ ਐਸ.ਐਸ.ਪੀ. ਤੋਂ ਡੀ.ਆਈ.ਜੀ. ਬਣਾ ਕੇ ਪਹਿਲਾਂ ਤਾਂ ਸਭ ਤੋਂ ਮਹਿਫ਼ੂਜ਼ ਜਗਹ ਪੀ.ਏ.ਪੀ. ਜਲੰਧਰ ਤੇ ਫਿਰ ਫ਼ਿਲੌਰ ਕਿਲ੍ਹੇ ਵਿਚ ਲਾ ਦਿੱਤਾ ਕਿਉਂ ਕਿ ਜੋ ਉੱਥੇ ਖਾੜਕੂ ਤਾਂ ਕੀ ਪੁਲੀਸ ਦੀ ਮਰਜ਼ੀ ਬਿਨਾਂ ਇਕ ਚਿੜੀ ਵੀ ਨਹੀਂ ਸੀ ਫੜਕ ਸਕਣੀ। ਪਰ ਵਾਹਿਗੁਰੂ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਖਾੜਕੂਆਂ ਨੇ ਇਸ ਜ਼ਾਲਮ ਨੂੰ ਸਜ਼ਾ ਦੇਣ ਵਾਸਤੇ ਪਹਿਲਾਂ ਜਲੰਧਰ ਵਿਚ ਇਸ ਦਾ ਇਕਲੌਤਾ ਪੁੱਤਰ ਕਤਲ ਕੀਤਾ ਤੇ ਮਗਰੋਂ, ਉਸ ਗੋਬਿੰਦ ਰਾਮ ਨੂੰ ਵੀ ਫ਼ਿਲੌਰ ਕਿਲ੍ਹੇ ਵਿਚ ਹੀ ਬੰਬ ਨਾਲ ਉਡਾ ਦਿੱਤਾ ਗਿਆ ਸੀ। ਇਹ ਐਕਸਨ ਸ਼ਾਇਦ ਖਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਕੰਵਲਜੀਤ ਸਿੰਘ, ਉਸ ਦੇ ਸਾਥੀਆਂ ਅਤੇ ਬਬਰ ਖਾਲਸਾ ਵਲੋਂ ਅੰਜਾਮ ਕੀਤਾ ਗਿਆ ਸੀ।

1989: ਰਛਪਾਲ ਸਿੰਘ ਪਾਲਾ ਕਰਨਾਨਾ ਤੇ ਹਰਜਿੰਦਰ ਸਿੰਘ ਬਿੱਟੂ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਪਹਿਲੀ ਸਤੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਰਾਜਪਾਲ ਸਿੰਘ (ਵਾਸੀ ਹਰੀਆਂ, ਅੰਮ੍ਰਿਤਸਰ), ਸਤਨਾਮ ਸਿੰਘ ਪੱਪੂ (ਵਾਸੀ ਸਕੱਤਰਾ), ਕੁਲਦੀਪ ਸਿੰਘ ਬਬਰ ਉਰਫ਼ ਸ਼ਰਮਾ (ਵਾਸੀ ਕੋਟਲਾ ਦੂਮ), ਮਹਿੰਦਰ ਸਿੰਘ ਪੱਪੂ (ਵਾਸੀ ਓਠੀਆਂ), ਦਿਲਬਾਗ ਸਿੰਘ ਬਾਗਾ (ਵਾਸੀ ਕੋਹਾਲੀ, ਅੰਮ੍ਰਿਤਸਰ), ਧਰਮ ਸਿੰਘ ਬਾਬਾ, ਦਲਜੀਤ ਸਿੰਘ ਬਿੱਲੂ ਤੇ ਗੁਰਮੇਜ ਸਿੰਘ ਕਾਲਾ (ਤਿੰਨੇ ਵਾਸੀ ਵੇਈਂ ਪੂਈਂ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਤਰਸੇਮ ਸਿੰਘ ਸਾਂਝਣਾ ਤੇ ਚਰਨਜੀਤ ਸਿੰਘ ਘੁੱਲੂ ਜਲਾਲਾਬਾਦ ਨਕਲੀ ਮੁਕਾਬਲੇ ਵਿਚ ਸ਼ਹੀਦ

ਪਹਿਲੀ ਸਤੰਬਰ 1992 ਦੇ ਦਿਨ ਪੁਲਸ ਨੇ ਤਰਸੇਮ ਸਿੰਘ (ਪੁੱਤਰ ਅੱਛਰ ਸਿੰਘ, ਵਾਸੀ ਸਾਂਝਣਾ, ਨੇੜੇ ਝਬਾਲ, ਜ਼ਿਲ੍ਹਾ ਤਰਨਤਾਰਨ) ਤੇ ਚਰਨਜੀਤ ਸਿੰਘ ਉਰਫ਼ ਘੁੱਲੂ (ਪੁੱਤਰ ਹਰਬੰਸ ਸਿੰਘ, ਵਾਸੀ ਜਲਾਲਾਬਾਦ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2004: ਫ਼ਰਾਂਸ ਵਿਚ ਦਸਤਾਰ 'ਤੇ ਪਾਬੰਦੀ ਦਾ ਕਾਨੂੰਨ ਪਾਸ ਹੋਇਆ

2000 ਸੰਨ ਤੋਂ ਮਗਰੋਂ ਯੂਰਪ ਵਿਚ ਮੁਸਲਮਾਨਾਂ ਦੀ ਗਿਣਤੀ ਲਗਾਤਾਰ ਬਹੁਤ ਵਧ ਰਹੀ ਸੀ। ਨਸਲਵਾਦੀ ਤਾਕਤਾਂ ਉਨ੍ਹਾਂ ਦੇ ਖ਼ਿਲਾਫ਼ ਸਾਜ਼ਿਸ਼ਾਂ ਕਰਦੀਆਂ ਰਹਿੰਦੀਆਂ ਸਨ। ਉਨ੍ਹਾਂ ਦੇ ਖ਼ਿਲਾਫ਼ ਕਦੇ ਇਕ ਕਾਨੂੰਨ ਤੇ ਕਦੇ ਦੂਜਾ ਕਾਨੂੰਨ ਬਣਾਇਆ ਜਾ ਰਿਹਾ ਸੀ। 2003 ਵਿਚ ਫ਼ਰਾਂਸ ਨੇ ਮੁਸਲਮਾਨਾਂ ਨੂੰ ਤੰਗ ਕਰਨ ਵਾਸਤੇ ਇਕ ਨਵੇਂ ਕਾਨੂੰਨ ਦੀ ਸਾਜ਼ਿਸ਼ ਘੜੀ। ਇਸ ਮੁਤਾਬਿਕ ਉਨ੍ਹਾਂ ਦਾ ਬੁਰਕਾ ਹੀ ਨਹੀਂ ਸਕਾਰਫ਼ ਵੀ ਬੈਨ ਕਰਨਾ ਸੀ। ਸਰਕਾਰ ਨੇ ਇਹ ਕਾਨੂੰਨ ਬਣਾਉਣ ਦਾ ਫ਼ੈਸਲਾ ਕੀਤਾ ਕਿ ਸਕੂਲਾਂ ਤੇ ਕੰਮ ਵਾਲੀਆਂ ਥਾਂਵਾਂ 'ਤੇ ਕੋਈ ਵੀ ਸ਼ਖ਼ਸ ਆਪਣੇ ਧਾਰਮਿਕ ਚਿਨ੍ਹ ਨਹੀਂ ਪਾ ਸਕੇਗਾ। ਇਸ ਕਾਨੂੰਨ ਦੀ ਜ਼ਦ ਵਿਚ ਸਿੱਖ ਦਸਤਾਰ ਨੂੰ ਵੀ ਰੱਖਣ ਦੀ ਸਕੀਮ ਸੀ। ਕਾਨੂੰਨ ਭਾਵੇਂ 4 ਮਾਰਚ 2004 ਨੂੰ ਪਾਸ ਹੋਇਆ ਪਰ ਇਸ ਦਾ ਚਰਚਾ ਕਈ ਮਹੀਨੇ ਪਹਿਲਾਂ ਚਲਦਾ ਰਿਹਾ ਸੀ। ਸਿੱਖਾਂ ਨੇ ਇਸ ਬਾਰੇ ਕਈ ਪ੍ਰੋਟੈਸਟ ਵੀ ਕੀਤੇ। ਸ਼ਾਇਦ ਸਭ ਤੋਂ ਪਹਿਲਾ ਐਕਸ਼ਨ 16 ਜਨਵਰੀ 2004 ਦੇ ਦਿਨ ਸਿਮਰਨਜੀਤ ਸਿੰਘ ਮਾਨ ਵੱਲੋਂ ਫ਼ਰਾਂਸ ਦੇ ਨਵੀਂ ਦਿੱਲੀ ਵਿਚ ਸਫ਼ੀਰ ਨੂੰ ਮੈਮੋਰੰਡਮ ਦੇਣਾ ਸੀ। 30 ਜਨਵਰੀ ਨੂੰ ਕੈਥੋਲਿਕ ਪੋਪ ਨੇ ਵੀ ਸਿੱਖਾਂ ਦੀ ਹਿਮਾਇਤ ਕੀਤੀ। ਪਹਿਲੀ ਫ਼ਰਵਰੀ ਨੂੰ ਪੈਰਿਸ ਵਿਚ ਸਿੱਖਾਂ ਨੇ ਇਕ ਵੱਡਾ ਜਲੂਸ ਵੀ ਕੱਢਿਆ ਜਿਸ ਵਿਚ ਮੋਨੇ ਵਧੇਰੇ ਸਨ ਤੇ ਸਿੱਖ ਬਹੁਤ ਘਟ ਇਸ ਕਰ ਕੇ ਇਸ ਦਾ ਅਸਰ ਸਗੋਂ ਨਾਂਹ-ਪੱਖੀ ਪਿਆ। ਅਖ਼ੀਰ ਫ਼ਰਾਂਸ ਸਰਕਾਰ ਨੇ ਕਾਨੂੰਨ ਪਾਸ ਕਰ ਦਿੱਤਾ। ਇਹ ਕਾਨੂੰਨ ਰੁਕ ਸਕਦਾ ਸੀ ਜੇ ਕਰ ਭਾਰਤੀ ਪ੍ਰਾਈਮ ਮਨਿਸਟਰ ਮਨਮੋਹਣ ਸਿੰਘ ਫ਼ਰਾਂਸ ਨਾਲ ਅਰਬਾਂ ਰੁਪੈ ਦੇ ਸਮਝੌਤਿਆਂ ਵੇਲੇ ਸ਼ਰਤ ਰੱਖਦਾ। ਪਰ ਮਨਮੋਹਣ ਸਿੰਘ ਭਾਵੇਂ ਸਿੱਖੀ ਸਰੂਪ ਵਿਚ ਸੀ ਪਰ ਉਸ ਦੇ ਘਰ ਵਿਚ ਸਿੱਖੀ ਦਾ ਮਾਹੌਲ ਨਹੀਂ ਸੀ। ਉਸ ਨੇ ਦੋਵੇਂ ਧੀਆਂ ਹਿੰਦੂਆਂ ਨਾਲ ਵਿਆਹੀਆਂ ਸਨ।

ਖ਼ੈਰ, ਫ਼ਰਾਂਸ ਵਿਚ ਦਸਤਾਰ 'ਤੇ ਪਾਬੰਦੀ ਸਤੰਬਰ 2004 ਤੋਂ ਲਾਗੂ ਹੋ ਗਈ ਤੇ ਇਸ ਦੇ ਖ਼ਿਲਾਫ਼ ਅਦਾਲਤਾਂ ਵਿਚ ਕੇਸ ਕੀਤਾ ਗਿਆ ਜੋ ਫ਼ਰਾਂਸ ਦੀ ਸੁਪਰੀਮ ਕੋਰਟ ਤਕ ਤਾਂ ਹਾਰਿਆ ਹੀ ਜਾਣਾ ਸੀ। ਹਾਂ ਇਨਸਾਨੀ ਹਕੂਕ ਅਦਾਲਤ ਵਰਗੇ ਅਦਾਰੇ ਵਿਚ ਇਹ ਕਾਮਯਾਬ ਜ਼ਰੂਰ ਹੋ ਸਕਦਾ ਹੈ ਕਿਉਂ ਕਿ ਇਹ ਤਾਂ ਸਿੱਖਾਂ ਨੂੰ ਉਨ੍ਹਾਂ ਦਾ ਮੁੱਢਲਾ ਧਾਰਮਿਕ ਹੱਕ ਦੇਣ 'ਤੇ ਪਾਬੰਦੀ ਹੈ। ਸਿੱਖ ਵਾਸਤੇ ਦਸਤਾਰ ਚਿੰਨ੍ਹ ਜਾਂ ਕਲਚਰ ਨਹੀਂ ਇਹ ਤਾਂ ਧਰਮ ਦਾ ਅਟੁੱਟ ਹਿੱਸਾ ਹੈ।

2 ਸਤੰਬਰ

1920: ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਕੰਧ ਉਸਾਰਨ ਵਾਸਤੇ 'ਸ਼ਹੀਦੀ ਜਥੇ' ਵਾਸਤੇ ਸਰਦੂਲ ਸਿੰਘ ਕਵੀਸ਼ਰ ਦੀ ਤਵਾਰੀਖ਼ੀ ਚਿੱਠੀ ਛਪੀ

ਨਵੀਂ ਦਿੱਲੀ ਵਿਚ ਅੰਗਰੇਜ਼ਾਂ ਨੇ ਨਵੀਂ ਰਾਜਧਾਨੀ ਬਣਾਉਣ ਵਾਸਤੇ ਵਾਇਸਰਾਏ ਦੇ ਮਹਲ ਦੇ ਰਾਹ ਵਿਚ ਪੈਂਦੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹ ਨੂੰ 14 ਜਨਵਰੀ 1914 ਦੇ ਦਿਨ ਢਾਹ ਕੇ ਸਿੱਖਾਂ ਨਾਲ ਟੱਕਰ ਲੈਣ ਦਾ ਨਵਾਂ ਫ਼ਰੰਟ ਖੋਲ੍ਹਿਆ ਸੀ ਜਿਹੜਾ ਪਹਿਲੀ ਜੰਗ ਸ਼ੁਰੂ ਹੋਣ ਕਰ ਕੇ ਰੁਕ ਗਿਆ ਤੇ ਕੰਧ ਦਾ ਮਸਲਾ ਮੁਲਤਵੀ ਰਿਹਾ। ਪਰ ਅਕਾਲੀ ਲਹਿਰ ਸ਼ੁਰੂ ਹੋਣ 'ਤੇ ਜੁਲਾਈ-ਅਗਸਤ 1920 ਵਿਚ ਗੁਰਦੁਆਰਾ ਰਕਾਬ ਗੰਜ ਦਾ ਮਸਲਾ ਫੇਰ ਖੜਾ ਹੋ ਗਿਆ ਸੀ। ਅਗਸਤ 1920 ਦੇ ਆਖ਼ਰੀ ਹਫ਼ਤੇ 'ਚ ਸਰਕਾਰ ਨੇ ਢੱਠੀ ਦੀਵਾਰ ਦੇ ਬਾਹਰ ਇਕ ਨਿੱਕੀ ਦੀਵਾਰ ਬਣਾਉਣ ਦੀ ਸਾਜ਼ਿਸ਼ ਰਚੀ ਸੀ। ਇਸ 'ਤੇ ਸਰਦੂਲ ਸਿੰਘ ਕਵੀਸ਼ਰ ਨੇ 2 ਸਤੰਬਰ 1920 ਦੇ 'ਅਕਾਲੀ' ਅਖ਼ਬਾਰ ਵਿਚ ਇਕ ਲੇਖ ਵਿਚ ਸਿੱਖਾਂ ਨੂੰ ਗੁਰਦੁਆਰਾ ਰਕਾਬ ਗੰਜ ਦੀ ਢੱਠੀ ਹੋਈ ਕੰਧ ਨੂੰ ਉਸਾਰਨ ਵਾਸਤੇ 100 ਸਿੱਖਾਂ ਦਾ ਇਕ ਸ਼ਹੀਦੀ ਜਥਾ

ਬਣਾਉਣ ਦੀ ਅਪੀਲ ਕਰ ਕੇ ਸਿੱਖਾਂ ਨੂੰ ਆਪਣੇ ਨਾਂ ਲਿਖਾਉਣ ਵਾਸਤੇ ਆਖਿਆ ਸੀ। ਇਹ ਚਿੱਠੀ ਦੀ ਸ਼ੁਰੂਆਤ ਇੰਞ ਸੀ:

ਸਿੱਖ ਗੁਰਦੁਆਰਿਆਂ ਨੂੰ ਬਚਾਵਣ ਵਾਸਤੇ ਸੌ ਸ਼ਹੀਦਾਂ ਦੀ ਲੋੜ

ਗੁਰਦੁਆਰਾ ਰਕਾਬ ਗੰਜ ਨੂੰ ਕਹੀ

(ਵੱਲੋਂ ਸਰਦੂਲ ਸਿੰਘ ਜੀ ਕਵੀਸ਼ਰ)

ਖਾਲਸਾ ਜੀ ਕੀ ਆਪ ਭੁੱਲ ਗਏ ਹੋ ਕਿ ਗੁਰਦੁਆਰਾ ਰਕਾਬ ਗੰਜ ਨੂੰ, ਜਿੱਥੇ ਸਤਿਗੁਰੂ ਤੇਗ ਬਹਾਦਰ ਜੀ ਦਾ ਸਸਕਾਰ ਇਕ ਗਰੀਬ ਸਿੱਖ ਨੇ ਆਪਣਾ ਘਰ ਬਾਰ ਸਾਤ ਕੇ ਕੀਤਾ ਸੀ, ਕਹੀ ਲਗ ਚੁਕੀ ਹੈ ਅਤੇ ਉਸ ਨੂੰ ਢਾਹ ਦੇਣ ਦੀਆਂ ਗੁਨਤੀਆਂ ਗੁੰਦੀਆਂ ਜਾ ਰਹੀਆਂ ਹਨ। ਕੀ ਹੁਣ ਤੁਸੀਂ ਇਹ ਸੁਣਨ ਤੇ ਦੇਖਣ ਨੂੰ ਤਿਆਰ ਹੋ ਕਿ ਆਪ ਦੇ ਸਤਿਗੁਰਾਂ ਦੇ ਲਹੂ ਨਾਲ ਸਿੰਜੇ ਹੋਏ ਪਵਿੱਤਰ ਅਸਥਾਨ ਮੁਕਾਮੀ ਹਾਕਮਾਂ ਦੀ ਮਰਜ਼ੀ ਅਨੁਸਾਰ, ਅਜ ਬਾਗ਼ ਬਗੀਚੇ ਅਤੇ ਕਲ੍ਹ ਅਸਤਬਲ ਬਣਾਨ ਦੀ ਖ਼ਾਤਿਰ, ਭੰਨ ਤੋੜ ਕੀਤੇ ਜਾਨ।

ਤੁਹਾਡੇ ਵਿਚ ਇਹ ਗੱਲ ਸਮਝਣ ਦੀ ਸ਼ਕਤੀ ਨਹੀਂ ਰਹੀ ਕਿ ਇਹ ਜੋ ਪੁਰਾਣਾ ਗੁਰਦੁਆਰਾ ਸਾਹਿਬ ਰਕਾਬ ਗੰਜ ਨੂੰ ਕਹੀ ਲੱਗੀ ਹੈ ਇਸ ਕਹੀ ਨੇ ਇਸ ਜਗਾਹ ਹੀ ਬੰਦ ਨਹੀਂ ਹੋਣਾ ਬਲਕਿ ਇਹ ਇਕ ਇਕ ਕਰ ਕੇ ਸਭ ਗੁਰ ਅਸਥਾਨਾਂ ਦੀ ਨੀਂਹ ਖੋਖਲੀ ਕਰ ਦੇਵੇਗੀ; ਨਹੀਂ ਨਹੀਂ ਖਾਲਸੇ ਧਰਮ ਨੂੰ ਹੌਲੀ ਹੌਲੀ ਇਟ ਇਟ ਪੁੱਟ ਕੇ ਜ਼ਮੀਨ ਨਾਲ ਮਿਲਾ ਦੇਵੇਗੀ, ਅਤੇ ਮਿਲਾ ਵੀ ਐਸਾ ਦੇਵੇਗੀ ਕਿ ਫਿਰ ਖਾਲਸੇ ਦਾ ਨਾਮ ਸ਼ੈਦ ਕਿਤੇ ਇਤਿਹਾਸ ਦੀਆਂ ਕਿਤਾਬਾਂ ਵਿਚ ਨਜ਼ਰ ਆਵੇ ਤਾਂ ਪਰ ਜ਼ਿੰਦਗੀ ਦੇ ਤਖ਼ਤੇ ਤੇ ਕੋਈ ਨਾਮ ਜਾਂ ਨਿਸ਼ਾਨ ਨਾ ਰਹੇਗਾ ਅਤੇ ਆਪ ਹੀ "ਕੇਤੀ ਗਈ ਦੇਖ ਵਾਜੇ ਵਜਾ" ਦੀ ਗਿਣਤੀ ਵਿਚ ਸ਼ਾਮਿਲ ਹੋ ਜਾਵੇਗਾ।

ਚਿੱਠੀ ਦੇ ਅਖ਼ੀਰ ਵਿਚ ਸ਼ਹੀਦੀ ਜਥਾ ਬਣਾ ਕੇ ਦਿੱਲੀ ਜਾ ਕੇ ਕੰਧ ਆਪ ਉਸਰਾਨ ਦਾ ਐਲਾਣ ਕੀਤਾ ਹੋਇਆ ਸੀ: "*100 ਖਾਲਸਾ ਜੀ ਫਿਰ ਆਪ ਦਿੱਲੀ ਜਾ ਕੇ ਗੁਰੂ ਪੰਥ ਦੀ ਆਗਿਆ ਅਨੁਸਾਰ ਕੰਧ ਦੀ ਸੇਵਾ ਆਪਣੇ ਹੱਥੀਂ ਕਰੇਗਾ ਅਤੇ ਗੁਰੂ ਦੀਆਂ ਖ਼ੁਸ਼ੀਆਂ ਲਵੇਗਾ।...ਤਾਂ ਤੇ ਖਾਲਸਾ ਜੀ ਉਠੋ ਅਤੇ ਆਪਣੇ ਧਰਮ ਦੀ ਰੱਖਿਆ ਖ਼ਾਤਰ ਸਾਵਧਾਨ ਹੋ ਜਾਵੋ। ਹੁਣ ਆਪ ਵਿਚ ਭਾਈ ਮਨੀ ਸਿੰਘ ਅਤੇ ਭਾਈ ਤਾਰੂ ਸਿੰਘ ਜੀ* ਦੇ ਸਿਦਕ ਦੀ ਲੋੜ ਹੈ। ਜੇ ਕੋਈ ਅਧਰਮੀ ਆਪ ਨੂੰ ਆਪ ਦੇ ਧਰਮ ਅਸਥਾਨ ਦੀ ਸੇਵਾ ਤੋਂ ਰੋਕੇ ਤਾਂ ਭਾਵੇਂ ਆਪ ਦਾ ਪੁਰਜ਼ਾ ਪੁਰਜ਼ਾ ਕਟਿਆ ਜਾਵੇ ਪਰ ਆਪ ਨੇ ਗੁਰੂ ਸੇਵਾ ਤੋਂ ਨਹੀਂ ਮੁੜਨਾ। ਆਪ ਨੇ ਕਿਸੇ ਤੇ ਨਾਜਾਇਜ਼ ਤੌਰ ਤੇ ਹੱਥ ਨਹੀਂ ਉਠਾਣਾ। ਪਰ ਜੇ ਕੋਈ ਆਪ ਨੂੰ ਆਪਣੇ ਪਿਆਰੇ ਦੇ ਮੰਦਰਾਂ ਦੀ ਸੇਵਾ ਤੋਂ ਜ਼ਬਰਦਸਤੀ ਰੋਕੇ ਤਾਂ ਆਪ ਨੇ ਪਿੱਠ ਨਹੀਂ ਦਿਖਾਣੀ।*"

(*ਨੋਟ: ਇਸ ਚਿੱਠੀ ਵਿਚ ਭਾਈ ਮਨੀ ਸਿੰਘ ਤੇ ਭਾਈ ਤਾਰੂ ਸਿੰਘ ਦਾ ਵਾਸਤਾ ਪਾਇਆ ਹੈ ਦੀਪ ਸਿੰਘ (ਬਾਬਾ) ਦਾ ਨਹੀਂ। ਦੀਪ ਸਿੰਘ ਦੇ ਨਾਂ ਨੂੰ ਮਸ਼ਹੂਰੀ 1970ਵਿਆਂ ਵਿਚ ਭਿੰਡਰਾਂ-ਮਹਿਤਾ ਜਥੇ ਨੇ ਦੇਣੀ ਸ਼ੁਰੂ ਕੀਤੀ ਸੀ)।

ਇਹ ਚਿੱਠੀ ਛਪਣ ਮਗਰੋਂ ਕੁਝ ਹੀ ਦਿਨਾਂ ਵਿਚ 800 ਤੋਂ ਵੱਧ ਨਾਂ ਆ ਗਏ ਸਨ। ਇਸ ਨੇ ਭਾਰਤ ਦੀ ਬਰਤਾਨਵੀ ਸਰਕਾਰ ਨੂੰ ਵਖਤ ਪਾ ਦਿੱਤਾ ਸੀ। (*ਰੋਜ਼ਾਨਾ ਅਕਾਲੀ*, 18,20,27 ਸਤੰਬਰ 1920 ਵਿਚ ਇਹ ਪੂਰੀ ਚਿੱਠੀ ਅਤੇ ਇਹ 800 ਨਾਂ ਛਪੇ ਸਨ, ਵੇਖੋ: *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ*, ਸਫ਼ੇ 405-09)।

1926: ਭਾਈ ਹੀਰਾ ਸਿੰਘ ਰਾਗੀ ਦੀ ਮੌਤ

2 ਸਤੰਬਰ 1926 ਦੇ ਦਿਨ ਮਸ਼ਹੂਰ ਕੀਰਤਨੀਏ ਭਾਈ ਹੀਰਾ ਸਿੰਘ ਰਾਗੀ ਚੜ੍ਹਾਈ ਕਰ ਗਏ। ਵੀਹਵੀਂ ਸਦੀ ਦੇ ਕੀਰਤਨੀਆਂ ਵਿਚ ਆਪ ਦਾ ਨਾਂ ਸਭ ਤੋਂ ਵਧ ਅਹਮੀਅਤ ਵਾਲਾ ਮੰਨਿਆ ਜਾਂਦਾ ਹੈ।

1984: ਪੰਜ ਗ੍ਰੰਥੀਆਂ ਨੇ ਵਿਸ਼ਵ ਸਿੱਖ ਕਾਨਫ਼ਰੰਸ' ਦੇ ਨਾਂ 'ਤੇ ਅਖੌਤੀ ਸਰਬਤ ਖਾਲਸਾ ਇਕੱਠ ਕੀਤਾ

ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹਮਲੇ ਦੌਰਾਨ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਬੁਰੀ ਤਰ੍ਹਾਂ ਤਬਾਹ ਹੋ ਚੁੱਕੀ ਸੀ। ਇਸ ਦੌਰਾਨ ਹੀ ਸਿੱਖ ਵਿਦਵਾਨਾਂ ਅਤੇ ਆਗੂਆਂ ਨੇ ਆਖਣਾ ਸ਼ੁਰੂ ਕਰ ਦਿੱਤਾ ਸੀ ਕਿ ਅਕਾਲ ਤਖ਼ਤ ਸਾਹਿਬ ਦੀ ਤਬਾਹ ਹੋਈ ਈਮਾਰਤ ਨੂੰ ਹੂ-ਬ-ਹੂ ਰਖਿਆ ਜਾਵੇ ਤਾਂ ਜੋ ਆਉਣ ਵਾਲੀਆਂ ਨਸਲਾਂ, ਇੰਦਰਾ ਦੇ ਹੁਕਮ ਨਾਲ ਭਾਰਤੀ ਫ਼ੌਜ ਵਲੋਂ ਅਕਾਲ ਪੁਰਖ ਦੇ ਤਖ਼ਤ 'ਤੇ ਕੀਤੇ ਹਮਲੇ ਨੂੰ ਕਦੇ ਵੀ ਨਾ ਭੁਲਾ ਸਕਣ। ਭਾਰਤੀ ਫ਼ੌਜ, ਭਾਰਤੀ ਖ਼ੁਫ਼ੀਆ ਪੁਲੀਸ ਅਤੇ ਸਰਕਾਰੀ ਸੂਹੀਆਂ ਨੇ, ਇਸ ਕਰ ਕੇ, ਇੰਦਰਾ ਨੂੰ ਸਲਾਹ ਦਿੱਤੀ ਕਿ ਦਰਬਾਰ ਸਾਹਿਬ ਨੂੰ ਉਦੋਂ ਤਕ ਸੀਲ ਰਖਿਆ ਜਾਵੇ, ਜਦੋਂ ਤਕ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਪੂਰੀ ਮੁਰੰਮਤ ਨਾ ਹੋ ਜਾਵੇ।

ਅਕਾਲ ਤਖ਼ਤ ਸਾਹਿਬ ਨੂੰ ਪੁਰਾਣੀ ਹਾਲਾਤ ਵਿਚ ਲਿਆਉਣ ਵਾਸਤੇ ਇੰਦਰਾ ਨੇ ਬੂਟਾ ਸਿੰਘ ਦੀ ਡਿਊਟੀ ਲਾਈ। ਬੂਟਾ ਸਿੰਘ ਨੇ ਕਾਰ ਸੇਵਾ ਵਾਲੇ ਬਾਬਾ ਖੜਕ ਸਿੰਘ ਤੇ ਕਈ ਹੋਰ ਬਾਬਿਆਂ ਤਕ ਪਹੁੰਚ ਕੀਤੀ, ਪਰ ਕੋਈ ਵੀ ਸਰਕਾਰ ਦੀ ਸਰਪ੍ਰਸਤੀ ਅਤੇ ਫ਼ੌਜ ਦੀ ਨਿਗਰਾਨੀ ਹੇਠ 'ਕਾਰ ਸੇਵਾ' ਕਰਵਾਉਣ ਵਾਸਤੇ ਨਾ ਮੰਨਿਆ। ਸਾਰਿਆਂ ਦੀ ਇਹੀ ਸ਼ਰਤ ਸੀ ਕਿ ਪਹਿਲਾਂ ਭਾਰਤੀ ਫ਼ੌਜ ਦਰਬਾਰ ਸਾਹਿਬ ਕੰਪਲੈਕਸ ਨੂੰ ਸਿੱਖ-ਸੰਗਤਾਂ ਵਾਸਤੇ ਖੋਲ੍ਹ ਦੇਵੇ ਤੇ ਆਪ ਉੱਥੋਂ ਚਲੀ ਜਾਵੇ, ਫੇਰ ਹੀ ਉਹ ਕਾਰ-ਸੇਵਾ ਕਰਵਾਉਣਗੇ। ਅਖ਼ੀਰ ਇੰਦਰਾ ਨੇ ਆਪਣਾ ਪੁਰਾਣਾ ਮੁਹਰਾ ਸੰਤਾ ਸਿੰਘ ਨਿਹੰਗ ਅੱਗੇ ਲਿਆਂਦਾ। ਉਸ ਦੇ ਨਾਲ ਕਲੇਰਾਂ ਵਾਲੇ ਡੇਰੇ ਦਾ ਨਰੈਣ ਸਿੰਘ ਖੜ੍ਹਾ ਕਰ ਕੇ ਸਰਕਾਰੀ ਸੇਵਾ ਨਾਲ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਮੁਰੰਮਤ ਸ਼ੁਰੂ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਵਾਸਤੇ ਸੰਤਾ ਸਿੰਘ ਨੇ ਇਕ ਇਕੱਠ ਵੀ ਬੁਲਾਇਆ। ਇਹ ਇਕੱਠ 11 ਅਗਸਤ 1984 ਦੇ ਦਿਨ ਹੋਇਆ। ਇਸ ਵਿਚ ਜਗਮੀਤ ਸਿੰਘ ਬਰਾੜ, ਬੂਟਾ ਸਿੰਘ ਤੇ ਦੋ ਕੁ ਹੋਰ ਸਿੱਖ ਸ਼ਾਮਿਲ ਹੋਏ ਬਾਕੀ ਸਾਰੀ ਹਾਜ਼ਰੀ ਪੁਲੀਸ, ਫੌਜ ਅਤੇ ਗ਼ੈਰ-ਸਿੱਖਾਂ ਦੀ ਹੀ ਸੀ।

ਉੱਤੋਂ-ਉੱਤੋਂ ਤਾਂ ਇਸ ਈਮਾਰਤ ਦੀ ਮੁਰੰਮਤ ਵਾਸਤੇ ਸੰਤਾ ਸਿੰਘ ਦਾ ਨਾਂ ਵਰਤਿਆ ਗਿਆ ਪਰ ਅਸਲ 'ਚ ਇਹ ਸਾਰੀ ਕਾਰਵਾਈ 'ਸਕਿਪਰ ਬਿਲਡਰਜ਼' ਨਾਂ ਦੀ ਫ਼ਰਮ, ਜਿਸ ਦਾ ਮਾਲਕ ਤੇਜਵੈਤ ਸਿੰਘ ਸੀ (ਕੁਝ ਸਾਲ ਮਗਰੋਂ ਸ਼ਹੀਦ ਭਾਈ ਅਮਰੀਕ ਸਿੰਘ ਦੇ ਭਰਾ ਭਾਈ ਮਨਜੀਤ ਸਿੰਘ ਨੇ ਇਸੇ ਤੇਜਵੰਤ ਸਿੰਘ ਨੂੰ ਆਪਣੇ 'ਅਕਾਲੀ ਦਲ' ਦਾ ਦਿੱਲੀ ਦਾ ਚੀਫ਼ ਬਣਾਇਆ ਸੀ), ਦੀ ਨਿਗਰਾਨੀ ਹੇਠ ਅਤੇ ਸਰਕਾਰੀ ਖ਼ਰਚੇ ਨਾਲ, ਮਜ਼ਦੂਰ ਲਾ ਕੇ, ਸ਼ੁਰੂ ਕੀਤੀ ਗਈ। ਪੀ.ਡਬਲਯੂ.ਡੀ. ਮਹਿਕਮੇ ਦੇ ਸਾਬਕ ਚੀਫ਼ ਇੰਜੀਨੀਅਰ ਪੰਡਤ ਕੇ.ਡੀ. ਬਾਲੀ ਨੂੰ ਇਸ ਸਾਰੇ ਦਾ ਇੰਚਾਰਜ ਬਣਾਇਆ ਗਿਆ ਸੀ। ਬਹੁਤੇ ਮਜ਼ਦੂਰ ਰਾਜਸਥਾਨ, ਉੱਤਰ ਪ੍ਰਦੇਸ਼ ਵਗ਼ੈਰਾ ਤੋਂ ਲਿਆਂਦੇ ਗਏ ਸਨ। ਮਲਬਾ ਅੰਮ੍ਰਿਤਸਰ ਦੇ ਜਮਾਂਦਾਰਾਂ ਤੋਂ ਚੁਕਵਾਇਆ ਗਿਆ ਸੀ। ਸਰਕਾਰੀ ਇੰਜੀਨੀਅਰਾਂ, ਮਜ਼ਦੂਰਾਂ, ਸਰਕਾਰੀ ਖ਼ਰਚੇ ਤੇ ਮਸ਼ੀਨਗੀ ਨਾਲ ਇਹ ਮੁਰੰਮਤ ਕਈ ਦਿਨ ਚਲਦੀ ਰਹੀ। ਇਸ ਦੌਰਾਨ ਕਿਰਪਾਲ ਸਿੰਘ, ਸਾਹਿਬ ਸਿੰਘ ਤੇ ਪ੍ਰੀਤਮ ਸਿੰਘ, ਤਿੰਨੇ ਗ੍ਰੰਥੀ, ਇਸ ਦੀ ਪੂਰੀ ਨਿਗਰਾਨੀ ਕਰਦੇ ਰਹੇ। ਉਹ ਥਾਂ-ਥਾਂ 'ਤੇ ਆਪਣੀ ਸਲਾਹ

ਤੇ ਅਗਵਾਈ ਦੇਂਦੇ ਰਹੇ। ਛੇ ਕਰੋੜ ਰੁਪਏ ਨਾਲ ਇਹ ਢਾਂਚਾ ਤਕਰੀਬਨ ਦੋ ਮਹੀਨੇ ਵਿਚ ਤਿਆਰ ਹੋ ਗਿਆ।

ਇਕ ਪਾਸੇ ਤਾਂ ਇਹ ਤਿੰਨੇ ਗ੍ਰੰਥੀ ਸਰਕਾਰੀ ਸੇਵਾ ਦੀ ਅਣ-ਐਲਾਨੀ ਸਰਪ੍ਰਸਤੀ ਕਰਦੇ ਰਹੇ ਤੇ ਦੂਜੇ ਪਾਸੇ ਸਰਕਾਰ ਵਲੋਂ ਮੁਰੰਮਤ ਕਰਵਾਉਣ ਦੀ ਮੁਖ਼ਾਲਫ਼ਤ ਵਾਲੇ ਬਿਆਨ ਵੀ ਜਾਰੀ ਕਰਦੇ ਰਹੇ। ਭਾਰਤ ਸਰਕਾਰ ਦਾ ਨਿਸ਼ਾਨਾ ਸੀ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਸਤੰਬਰ ਦੇ ਆਖ਼ਰੀ ਹਫ਼ਤੇ ਤਕ ਮੁਕੰਮਲ ਕਰ ਦੇਵੇਗੀ। ਉਸ ਨੇ ਕਿਰਪਾਲ ਸਿੰਘ ਨੂੰ ਇਸ ਬਾਰੇ ਇਤਲਾਹ ਦੇ ਦਿੱਤੀ ਸੀ ਇਸ 'ਤੇ ਕਿਰਪਾਲ ਸਿੰਘ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ 2 ਸਤੰਬਰ 1984 ਦੇ ਦਿਨ 'ਵਿਸ਼ਵ ਸਿੱਖ ਕਾਨਫ਼ਰੰਸ' ਕਰਨ ਦਾ ਐਲਾਨ ਕਰ ਦਿੱਤਾ। ਇਹ ਕਾਨਫ਼ਰੰਸ ਸਰਬੱਤ ਖ਼ਾਲਸਾ ਇਕੱਠ ਵਜੋਂ ਨਹੀਂ ਸੀ ਬੁਲਾਈ ਗਈ। ਇਹ ਕਾਨਫ਼ਰੰਸ ਸ਼੍ਰੋਮਣੀ ਅਕਾਲੀ ਦਲ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਹੀਂ ਬੁਲਾਈ ਸੀ ਕਿਉਂਕਿ ਸਾਰੇ ਅਕਾਲੀ ਆਗੂ ਇੰਦਰਾ ਨੇ ਜੇਲ੍ਹਾਂ ਵਿਚ ਸੁੱਟੇ ਹੋਏ ਸਨ। ਉਂਞ ਇਹ ਦੁਨੀਆਂ ਭਰ ਦੇ (ਵਿਸ਼ਵ) ਸਿੱਖਾਂ ਦੀ ਕਾਨਫ਼ਰੰਸ ਵੀ ਨਹੀਂ ਸੀ, ਕਿਉਂਕਿ ਇਸ ਵਿਚ ਵਿਦੇਸ਼ਾਂ ਵਿਚੋਂ ਕੋਈ ਵੀ ਸਿੱਖ ਨਹੀਂ ਸੀ ਆਇਆ (ਉਦੋਂ ਤਾਂ ਬਾਹਰਲੇ ਮੁਲਕਾਂ ਵਿਚੋਂ ਸਿੱਖਾਂ ਦੇ ਆਉਣ 'ਤੇ ਮੁਕੰਮਲ ਪਾਬੰਦੀ ਲਗੀ ਹੋਈ ਸੀ)।

ਇਸ 'ਕਾਨਫ਼ਰੰਸ' ਵਿਚ ਕਿਰਪਾਲ ਸਿੰਘ ਤੇ ਉਸ ਦੇ ਸਾਥੀਆਂ ਨੇ ਭਾਰਤ ਸਰਕਾਰ ਨੂੰ ਅਖੌਤੀ 'ਅਲਟੀਮੇਟਮ' ਦਿੱਤਾ ਕਿ ਜੇ ਕਰ 30 ਸਤੰਬਰ ਤਕ ਫ਼ੌਜ ਦਰਬਾਰ ਸਾਹਿਬ ਕੰਪਲੈਕਸ 'ਚੋਂ ਨਾ ਨਿਕਲੀ ਤਾਂ ਮੋਰਚਾ ਲਾਇਆ ਜਾਵੇਗਾ। ਇਹ 28 ਦਿਨ ਦਾ ਏਨਾ ਲੰਬਾ ਨੋਟਿਸ ਇਕ ਮਜ਼ਾਕ ਸੀ। ਅਸਲੀਅਤ ਇਹ ਹੈ ਕਿ ਸਰਕਾਰ ਨੇ ਕਿਰਪਾਲ ਸਿੰਘ ਨੂੰ ਯਕੀਨ ਦਿਵਾਇਆ ਸੀ ਕਿ 25 ਸਤੰਬਰ ਦੇ ਨੇੜੇ-ਤੇੜੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਠੀਕ-ਠਾਕ ਕਰ ਦਿੱਤੀ ਜਾਵੇਗੀ। ਉਂਞ ਇਸ ਮਗਰੋਂ ਤਾਂ ਸਰਕਾਰ ਨੇ, ਖ਼ੁਦ, ਫ਼ੌਜ ਨੂੰ ਉੱਥੋਂ ਹਟਾਉਣ ਵਾਸਤੇ ਕੋਈ ਬਹਾਨਾ ਢੂੰਢਣਾ ਸੀ। (ਕਿਰਪਾਲ ਸਿੰਘ ਵਲੋਂ ਬੁਲਾਏ ਇਸ ਇਕਠ ਵਿਚ ਦਿਖਾਵੇ ਵਜੋਂ ਜ਼ੈਲ ਸਿੰਘ, ਬੂਟਾ ਸਿੰਘ, ਸੰਤਾ ਸਿੰਘ ਨਿਹੰਗ, ਨਰੈਣ ਸਿੰਘ ਕਲੇਰਾਂ ਵਾਲੇ ਸਾਧ ਨੂੰ ਪੰਥ 'ਚੋਂ 'ਖਾਰਿਜ' ਵੀ ਕੀਤਾ ਗਿਆ)

1989: ਅਮਰਜੀਤ ਸਿੰਘ ਲੌਂਗੀਆਂ ਮਲਕਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

2 ਸਤੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਅਮਰਜੀਤ ਸਿੰਘ ਲੌਂਗੀਆਂ (ਵਾਸੀ ਮਲਕਪੁਰ, ਰੋਪੜ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਬੀਬੀ ਤੇਜ ਕੌਰ ਲਹਿਰਾ ਬੇਗਾ, ਲਖਵਿੰਦਰ ਸਿੰਘ ਲੱਖਾ ਸਿਵੀਆਂ ਅਤੇ ਅਵਤਾਰ ਸਿੰਘ ਤਾਰੀ ਤੂਰ ਬੰਜਰਾ ਨੂੰ ਪੁਲਸ ਨੇ ਸ਼ਹੀਦ ਕੀਤਾ

2 ਸਤੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਤੇਜ ਕੌਰ (ਪਤਨੀ ਹਰਨੇਕ ਸਿੰਘ, ਵਾਸੀ ਲਹਿਰਾ ਬੇਗਾ, ਨੇੜੇ ਭੁੱਚੋ ਮੰਡੀ, ਜ਼ਿਲ੍ਹਾ ਬਠਿੰਡਾ) ਨੂੰ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਲਖਵਿੰਦਰ ਸਿੰਘ ਲੱਖਾ ਉਰਫ਼ ਪੰਜਾਬ ਸਿੰਘ ਖ਼ਾਲਸਾ (ਵਾਸੀ ਸਿਵੀਆਂ ਲੁਧਿਆਣਾ) ਅਤੇ ਅਵਤਾਰ ਸਿੰਘ ਤਾਰੀ (ਵਾਸੀ ਤੂਰ ਬੰਜਰਾ, ਸੰਗਰੂਰ) ਨੂੰ ਵੀ ਨਕਲੀ ਮੁਕਾਬਲਿਆਂ ਦੇ ਨਾਂ 'ਤੇ ਸ਼ਹਦਿ ਕਰ ਦਿੱਤਾ।

1992: ਬਲਵਿੰਦਰ ਸਿੰਘ ਬਿੱਲਾ, ਦਲਜੀਤ ਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

2 ਸਤੰਬਰ 1992 ਦੇ ਦਿਨ ਪੁਲਸ ਨੇ ਬਲਵਿੰਦਰ ਸਿੰਘ ਬਿੱਲਾ, ਦਲਜੀਤ ਸਿੰਘ ਤੇ ਇਕ ਹੋਰ ਸਿੱਖ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2013: ਕੁਲਦੀਪ ਸਿੰਘ ਸਾਖਤ ਗ੍ਰਿਫ਼ਤਾਰ

2 ਸਤੰਬਰ 2013 ਦੇ ਦਿਨ ਪੰਜਾਬ ਦੀ ਬਾਦਲ ਸਰਕਾਰ ਨੇ ਸਿੱਖ ਪ੍ਰਚਾਰਕ ਕੁਲਦੀਪ ਸਿੰਘ ਸਾਖਤ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ। ਉਸ 'ਤੇ ਸਰਸੇ ਦੇ ਸੌਦਾ ਸਾਧ ਦੇ ਖ਼ਿਲਾਫ਼ ਬੋਲਣ ਦੇ ਨਾਂ 'ਤੇ ਦਫ਼ਾ 295 ਹੇਠ ਕੇਸ ਦਰਜ ਕੀਤਾ ਗਿਆ ਸੀ।

2014 : ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਸੋਨੇ ਦਾ ਚੌਰ ਭੇਟ

2 ਸਤੰਬਰ 2014 ਦੇ ਦਿਨ, ਬੰਬਈ ਦੀ ਇਕ ਬੀਬੀ ਨੇ ਸੋਨੇ ਦੀ ਮੁੱਠ ਵਾਲਾ, ਹੀਰਿਆਂ ਨਾਲ ਜੜਿਆ, 16 ਲੱਖ 97 ਹਜ਼ਾਰ 532 ਰੁਪੈ ਦੀ ਕੀਮਤ ਵਾਲਾ, ਚੌਰ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਭੇਟ ਕੀਤਾ। ਉਸ ਬੀਬੀ ਨੇ ਇਹ ਗੱਲ ਵੀ ਦਸੀ ਕਿ ਉਹ ਪਹਿਲਾਂ ਵੀ 15 ਲੱਖ ਰੁਪੈ ਸੋਨੇ ਦੇ ਛੱਬਿਆਂ, ਝਾਲਰਾਂ ਅਤੇ ਚਾਂਦੀ ਦੇ ਦਰਵਾਜ਼ਿਆਂ ਵਾਸਤੇ ਭੇਟ ਕਰ ਚੁਕੀ ਸੀ। ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਇਸ ਬੀਬੀ ਦੀ ਇਹ ਭੇਟਾ ਭਾਵੇਂ ਕਬੂਲ ਕਰ ਕੇ ਉਸ ਦੇ ਗਲ ਵਿਚ ਦੋ ਮੀਟਰ ਕਪੜਾ ਪਾ ਦਿੱਤਾ ਪਰ ਲੋਕਾਂ ਵਿਚ ਇਹ ਚਰਚਾ ਚਲਿਆ ਕਿ ਇਸ ਤਰ੍ਹਾਂ ਦੀਆਂ ਭੇਟਾ ਮਲਕ ਭਾਗੋ ਸੋਚ ਦੀਆਂ ਕਾਰਵਾਈਆਂ ਹਨ ਅਤੇ ਸਿੱਖੀ ਅਸੂਲਾਂ ਦੇ ਉਲਟ ਹਨ।

3 ਸਤੰਬਰ

1914: ਕਨੇਡਾ ਵਿਚ ਸਰਕਾਰੀ ਏਜੰਟ ਅਰਜਨ ਸਿੰਘ ਆਪਣੇ ਦੋਸਤ ਦੀ ਗ਼ਲਤੀ ਨਾਲ ਮਾਰਿਆ ਗਿਆ

ਕਾਮਾਗਾਟਾਮਾਰੂ ਜਹਾਜ਼ ਦੇ ਮੁੜ ਜਾਣ ਮਗਰੋਂ ਕਨੇਡਾ ਦੇ ਅੰਗਰੇਜ਼ ਹਾਕਮ ਸਿੱਖਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਸਜ਼ਾ ਦੇਣਾ ਚਾਹੁੰਦੇ ਸਨ। ਉਨ੍ਹਾਂ ਨੂੰ ਭਾਈ ਭਾਗ ਸਿੰਘ (ਭਿੱਖੀ ਵਿੰਡ), ਭਾਈ ਬਲਵੰਤ ਸਿੰਘ (ਗ੍ਰੰਥੀ), ਭਾਈ ਬਤਨ ਸਿੰਘ (ਦਲੇਲ ਸਿੰਘ ਵਾਲਾ), ਭਾਈ ਸੁੰਦਰ ਸਿੰਘ (ਬਾੜੀਆਂ) ਤੇ ਹਰਨਾਮ ਸਿੰਘ ਸਾਹਰੀ ਵਧੇਰੇ ਚੁਭਦੇ ਸਨ। ਅੰਗਰੇਜ਼ਾਂ ਨੇ ਸਿੱਖਾਂ ਦੇ ਖ਼ਿਲਾਫ਼ ਪੁਲੀਸ ਤੇ ਖ਼ੁਫ਼ੀਆ ਮਹਿਕਮੇ ਵਿਚ ਇਕ ਸੈੱਲ ਕਾਇਮ ਕੀਤਾ ਹੋਇਆ ਸੀ ਜਿਸ ਦਾ ਇੰਚਾਰਜ ਇਕ ਅੰਗਰੇਜ਼ ਹਾਪਕਿਨਸਨ ਸੀ ਜੋ ਇੰਟੈਲੀਜੈਂਸ ਮਹਿਕਮੇ ਦਾ ਇਕ ਅਫ਼ਸਰ ਸੀ (ਉਹ ਇਕ ਹਿੰਦੂ ਮਾਂ ਤੇ ਗੋਰੇ ਬਾਪ ਤੋਂ ਹੋਣ ਕੇ ਕੁਝ-ਕੁਝ ਪੰਜਾਬੀ ਵੀ ਸਮਝ ਸਕਦਾ ਸੀ)। ਉਸ ਨੇ ਬੇਲਾ ਸਿੰਘ ਜਿਆਣ, ਬਾਬੂ ਸਿੰਘ, ਹਰਨਾਮ ਸਿੰਘ (ਮਿਲਸਾਈਡ ਗੁਰਦੁਆਰੇ ਦਾ ਇਕ ਸਾਬਕਾ ਗ੍ਰੰਥੀ, ਜੋ ਬਾਬੂ ਸਿੰਘ ਦੇ ਨਾਲ ਇਕੋ ਕਮਰੇ ਵਿਚ ਰਹਿੰਦਾ ਸੀ), ਅਰਜਨ ਸਿੰਘ ਤੇ ਇਕ ਦੋ ਹੋਰ ਪੰਜਾਬੀ ਆਪਣੇ ਏਜੰਟ ਬਣਾਏ ਹੋਏ ਸਨ। ਇਸ ਦੌਰਾਨ, 31 ਅਗਸਤ 1914 ਦੇ ਦਿਨ, ਜੰਗਲ ਵਿਚ ਹਰਨਾਮ ਸਿੰਘ ਗ਼ਦਾਰ ਦੀ ਲਾਸ਼ ਮਿਲੀ। ਕਿਸੇ ਨੇ ਉਸ ਦਾ ਸਿਰ ਵੱਢ ਕੇ ਲਾਸ਼ ਜੰਗਲ ਵਿਚ ਸੁੱਟ ਦਿੱਤੀ ਸੀ (ਡਾ: ਪੂਰਨ ਸਿੰਘ ਦੀ 'ਭਾਈ ਕਾਮਾਗਾਟਾਮਾਰੂ ਦਾ ਦੁਖਾਂਤ' ਮੁਤਾਬਿਕ ਇਹ ਐਕਸ਼ਨ ਜਗਤ ਸਿੰਘ ਸੁਰਸਿੰਘ ਦਾ ਸੀ; ਇਹ ਜਗਤ ਸਿੰਘ ਸਾਜ਼ਿਸ਼ ਕੇਸ ਵਿਚ ਫ਼ਾਂਸੀ ਲਗਣ ਵਾਲਾ ਨਹੀਂ, ਇਕ ਹੋਰ ਸੀ)। ਇਹ ਮਾਰਿਆ ਗਿਆ ਹਰਨਾਮ ਸਿੰਘ ਦੋ ਹਫ਼ਤੇ ਪਹਿਲਾਂ, 17 ਅਗਸਤ ਤੋਂ ਹੀ ਗ਼ਾਇਬ ਸੀ। ਕਿਉਂ ਕਿ ਪੁਲਸ ਨੂੰ ਕਾਤਲਾਂ ਦਾ ਪਤਾ ਨਾ ਲੱਗਾ ਇਸ ਕਰ ਕੇ ਗ਼ਦਾਰਾਂ ਦੇ ਹੌਸਲੇ ਬਹੁ ਤਰ੍ਹਾਂ ਡਿਗੇ ਸਨ। ਗ਼ਦਾਰਾਂ ਦੀ ਬਦਕਿਸਮਤੀ

ਕਿ ਕੁਝ ਦਿਨ ਮਗਰੋਂ, ਅਪਣੇ ਹੀ ਇਕ ਦੋਸਤ, ਰਾਮ ਸਿੰਘ ਹੱਥੋਂ ਗ਼ਲਤੀ ਨਾਲ ਗੋਲੀ ਚਲ ਜਾਣ ਕਾਰਨ ਅਰਜਨ ਸਿੰਘ ਵੀ ਮਾਰਿਆ ਗਿਆ। ਇਸ ਮਗਰੋਂ ਹੀ ਬੇਲਾ ਸਿੰਘ ਗ਼ਦਾਰ ਨੇ ਸਿੱਖ ਆਗੂਆਂ 'ਤੇ ਵਾਰ ਕਰਨ ਦੀ ਪਲਾਨਿੰਗ ਬਣਾਈ ਸੀ।

1922: ਮਦਨ ਮੋਹਨ ਮਾਲਵੀਆ ਅਤੇ ਪੰਜਾਬ ਕੌਂਸਲ ਦੇ ਕੁਝ ਮੈਂਬਰ ਗੁਰੂ-ਦਾ-ਬਾਗ ਸਿੱਖਾਂ 'ਤੇ ਪੁਲਸ ਦਾ ਜ਼ੁਲਮ ਵੇਖਣ ਪੁੱਜੇ

ਅਗਸਤ 1922 ਵਿਚ ਗੁਰੂ-ਦਾ-ਬਾਗ਼ ਮੋਰਚੇ ਦੌਰਾਨ ਜੱਥਿਆਂ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਇ ਪੁਲਸ ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁੱਟ ਕੇ ਅਧਮੋਏ ਕਰ ਦੇਂਦੀ ਸੀ। ਇਸ ਸਾਰੀ ਕਾਰਵਾਈ ਨੂੰ ਬਹੁਤ ਸਾਰੇ ਲੋਕ ਵੇਖਣ ਆਉਂਦੇ ਸਨ ਅਤੇ ਇਕ ਅਮਰੀਕਨ ਪਾਰਟੀ ਨੇ ਤਾਂ ਇਸ ਮਾਰਕੁਟਾਈ ਦੀ ਫ਼ਿਲਮ ਵੀ ਤਿਆਰ ਕੀਤੀ ਸੀ। ਕੈਪਟਨ ਏ.ਐਲ.ਵਰਗੀਸ ਦੀ ਇਸ ਫ਼ਿਲਮ ਦਾ ਨਾਂ ਸੀ *"ਐਕਸਕਲੂਸਿਵ ਪਿਕਚਰ ਆਫ਼ ਇੰਡੀਆਜ਼ ਮਾਰਟਿਅਰਡਮ"*। ਮਗਰੋਂ ਬਰਤਾਨਵੀ ਸਰਕਾਰ ਨੇ ਕੋਸ਼ਿਸ਼ ਕੀਤੀ ਕਿ ਇਹ ਫ਼ਿਲਮ ਛਾਇਆ ਨਾ ਕੀਤੀ ਜਾਵੇ ਪਰ ਵਰਗੀਜ਼ ਨਾ ਮੰਨਿਆ। ਸਿੱਖਾਂ 'ਤੇ ਜ਼ੁਲਮ ਦੀਆਂ ਖ਼ਬਰਾਂ ਪੰਜਾਬ, ਹਿੰਦੁਸਤਾਨ ਤੇ ਪ੍ਰਦੇਸਾਂ ਵਿਚ ਵੀ ਪਹੁੰਚ ਰਹੀਆਂ ਸਲ ਅਤੇ ਸਾਰੇ ਪਾਸੇ ਇਸ ਦੀ ਜ਼ਬਰਦਸਤ ਮੁਜ਼ੰਮਤ (ਨਿੰਦਾ) ਹੋ ਰਹੀ ਸੀ। 3 ਸਤੰਬਰ 1922 ਦੇ ਦਿਨ ਛੀਨਾ ਪੁਲ 'ਤੇ ਪੰਡਤ ਮਦਨ ਮੋਹਨ ਮਾਲਵੀਆ, ਸਰ ਜੋਗਿੰਦਰਾ ਸਿੰਘ, ਤਕਰੀਬਨ 20 ਸਿਰਕਰਦਾ ਅਕਾਲੀ ਆਗੂ, ਪੰਜਾਬ ਕੌਂਸਲ ਦੇ ਕੁਝ ਮੈਂਬਰ, ਚੀਫ਼ ਖਾਲਸਾ ਦੀਵਾਨ ਦੇ ਆਗੂ ਅਤੇ ਕੁਝ ਹੋਰ ਸ਼ਖ਼ਸੀਅਤਾਂ ਪੁੱਜੀਆਂ ਅਤੇ ਉਨ੍ਹਾਂ ਨੇ ਜਥੇ ਨੂੰ ਆਪਣੇ ਅੱਖੀਂ ਵੇਖਿਆ। ਉਹ ਸ਼ਾਮ ਤੋਂ ਰਾਤ ਸਾਢੇ ਅੱਠ ਵਜੇ ਤਕ ਉੱਥੇ ਰਹੇ। ਉਨ੍ਹਾਂ ਨੂੰ ਦਸਿਆ ਗਿਆ ਕਿ ਜਥੇ ਨੂੰ ਰਾਤ ਵੇਲੇ ਕੁੱਟ-ਮਾਰ ਨਹੀਂ ਕੀਤੀ ਜਾਵੇਗੀ। ਇਸ 'ਤੇ ਇਹ ਸਾਰੇ ਮੋਹਤਬਰ ਸ਼ਖ਼ਸ ਉੱਥੋਂ ਚਲੇ ਗਏ। ਜਿਉਂ ਹੀ ਉਹ ਅੱਖੋਂ ਓਹਲੇ ਹੋਏ ਪੁਲੀਸ ਨੇ ਸਿੱਖਾਂ ਨੂੰ ਫਿਰ ਬੇਤਹਾਸ਼ਾ ਕੁੱਟਣਾ ਸ਼ੁਰੂ ਕਰ ਦਿੱਤਾ ਅਤੇ ਡਾਂਗਾਂ ਵਰ੍ਹਾਉਂਦੀ ਰਹੀ। ਮਗਰੋਂ ਇਨ੍ਹਾਂ ਵਿੱਚੋਂ ਕੁਝ ਨੂੰ ਘਸੀਟ ਕੇ ਪਾਣੀ ਦੇ ਇਕ ਖਾਲੇ ਵਿਚ ਸੁੱਟ ਦਿੱਤਾ ਗਿਆ। ਦੋ ਸਤੰਬਰ 1922 ਤੋਂ ਤਾਂ ਪੁਲੀਸ ਨੇ ਡਾਂਗਾਂ ਦੇ ਨਾਲ ਨਾਲ ਡਰੰਮ ਵੀ ਲੈ ਆਂਦੇ ਸਨ ਤੇ ਇਨ੍ਹਾਂ ਨੂੰ ਸਿੱਖਾਂ ਦੇ ਸਿਰ, ਮੂੰਹ ਅਤੇ ਜਿਸਮ ਤੇ ਮਾਰ ਮਾਰ ਕੇ ਬੇਹੋਸ਼ ਕੀਤਾ ਜਾਂਦਾ ਸੀ। ਪੁਲੀਸ ਨੇ ਸਿੱਖਾਂ ਨੂੰ ਮਾਰਨ ਵਾਸਤੇ ਅੰਗਰੇਜ਼ ਪੁਲੀਸ ਤੇ ਹਿੰਦੁਸਤਾਨੀ ਪੁਲੀਸ ਤੋਂ ਇਲਾਵਾ ਕੁੱਝ ਮੁਸਲਮਾਨ, ਪਠਾਣ ਹੋਰ ਤੇ ਬਦਮਾਸ਼ ਵੀ ਭਾੜੇ 'ਤੇ ਰੱਖ ਲਏ ਸਨ। ਪੁਲੀਸ ਦੀ ਇਸ ਕੁਟ-ਮਾਰ ਤੇ ਜ਼ੁਲਮ ਦੀਆਂ ਰਿਪੋਰਟਾਂ ਦੁਨੀਆਂ ਭਰ ਦੇ ਅਖ਼ਬਾਰਾਂ ਵਿਚ ਛਪ ਰਹੀਆਂ ਸਨ।

1965: ਫਤਹਿ ਸਿੰਘ ਨੇ ਫੜ ਮਾਰੀ ਕਿ 'ਮੈਨੂੰ ਪੰਜਾਬੀ ਸੂਬਾ ਦੇਸ ਤੋਂ ਵਧ ਪਿਆਰਾ ਹੈ' (ਪਰ ਕੁਝ ਦਿਨ ਮਗਰੋਂ ਹੀ ਮੁਕਰ ਗਿਆ)

ਅਗਸਤ 1965 ਵਿਚ ਭਾਰਤ-ਪਾਕਿ ਜੰਗ ਦੇ ਆਸਾਰ ਦਿਸ ਰਹੇ ਸਨ। ਉਧਰ ਵਾਰ-ਵਾਰ ਸਰਕਾਰ ਵੱਲੋਂ ਲਾਏ ਜਾਂਦੇ ਲਾਰਿਆਂ ਦੇ ਜਵਾਬ ਵਜੋਂ 10 ਅਗਸਤ 1965 ਨੂੰ ਫਤਹਿ ਸਿੰਘ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਫਤਹਿ ਸਿੰਘ ਨੂੰ ਪੰਜਾਬੀ ਸੂਬੇ ਸਬੰਧੀ ਲੈਣ ਲਈ ਅਖ਼ਤਿਆਰ ਦੇ ਦਿੱਤਾ। ਇਸੇ ਦਿਨ ਦਰਸ਼ਨ ਸਿੰਘ ਫੇਰੂਮਾਨ ਨੇ ਫਤਹਿ ਸਿੰਘ ਤੇ ਮਾਸਟਰ ਨੂੰ 15 ਅਗਸਤ ਤੱਕ ਏਕਤਾ ਕਰਨ ਦਾ ਨੋਟਿਸ ਦਿੱਤਾ ਅਤੇ ਨਾ ਹੋਣ ਤੇ 15 ਅਗਸਤ ਤੋਂ ਮੰਜੀ ਸਾਹਿਬ 'ਤੇ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ *(ਇਸੇ ਦਰਸ਼ਨ ਸਿੰਘ ਫੇਰੂਮਾਨ ਨੇ ਅਜੇ ਦਸ ਸਾਲ ਪਹਿਲਾਂ, ਕਾਂਗਰਸ ਦਾ ਹੱਥ-ਠੋਕਾ ਬਣ ਕੇ, 26 ਜੂਨ 1955 ਨੂੰ ਅਕਾਲੀ ਦਲ ਦੇ ਪੰਜਾਬੀ ਸੂਬਾ ਮੋਰਚੇ ਦੇ ਖ਼ਿਲਾਫ਼ ਦਰਬਾਰ ਸਾਹਿਬ ਨੂੰ ਜੱਥਾ ਲਿਜਾਉਣ ਦੀਆਂ*

ਧਮਕੀਆਂ ਦਿੱਤੀਆਂ ਸਨ; ਉਂਞ ਉਸ ਨੇ ਸਿੱਖਾਂ ਦੇ ਰੋਹ ਤੋਂ ਡਰਦਿਆਂ ਅਜਿਹਾ ਕਰਨ ਦੀ ਹਰਕਤ ਨਹੀਂ ਸੀ ਕੀਤੀ)। ਹੁਣ 16 ਅਗਸਤ ਨੂੰ ਫਤਹਿ ਸਿੰਘ ਨੇ ਪੰਜਾਬੀ ਸੂਬੇ ਵਾਸਤੇ 25 ਦਿਨ ਦੇ ਅਲਟੀਮੇਟਮ ਤੋਂ ਬਾਅਦ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ। ਇਸ ਸਮੇਂ ਅਕਾਲੀ ਤਖ਼ਤ ਸਾਹਿਬ ਅੱਗੇ 25000 ਸੰਗਤਾਂ, ਅਕਾਲੀ ਦਲ ਦੇ 350 ਡੈਲੀਗੇਟ, ਸ਼ਰੋਮਣੀ ਕਮੇਟੀ ਦੇ 100 ਮੈਂਬਰ ਤੇ 8 ਐਮ.ਐਲ.ਏ. ਹਾਜ਼ਰ ਸਨ। (ਜਸਟਿਸ ਗੁਰਨਾਮ ਸਿੰਘ ਇਨ੍ਹਾਂ ਵਿਚ ਸ਼ਾਮਿਲ ਨਹੀਂ ਸੀ)।

22 ਅਗਸਤ ਨੂੰ ਮਾਸਟਰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਵੀ ਪੰਜਾਬੀ ਸੂਬੇ ਲਈ ਸਾਂਝੀ ਜੱਦੋ-ਜਹਿਦ ਕਰਨ ਦਾ ਐਲਾਨ ਕਰ ਦਿੱਤਾ। ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਮਾਸਟਰ ਤਾਰਾ ਸਿੰਘ ਹਾਜ਼ਿਰ ਨਹੀਂ ਸੀ ਪਰ ਕਪੂਰ ਸਿੰਘ, ਧੰਨਾ ਸਿੰਘ ਗੁਲਸ਼ਨ ਅਤੇ ਬੂਟਾ ਸਿੰਘ ਹਾਜ਼ਰ ਸਨ। ਵਰਕਿੰਗ ਕਮੇਟੀ ਨੇ ਗਿਆਨੀ ਭੂਪਿੰਦਰ ਸਿੰਘ ਨੂੰ ਪੂਰੇ ਹੱਕ ਦੇ ਦਿੱਤੇ ਤਾਂ ਜੋ ਉਹ ਫਤਹਿ ਸਿੰਘ ਧੜੇ ਨਾਲ ਮਿਲ ਕੇ ਕੋਸ਼ਿਸ਼ਾਂ ਕਰਨ। 23 ਅਗਸਤ 1965 ਨੂੰ ਮੰਜੀ ਸਾਹਿਬ ਵਿਚ ਹੋਏ ਦੀਵਾਨ ਵਿਚ ਮਾਸਟਰ ਅਕਾਲੀ ਦਲ ਅਤੇ ਫਤਹਿ ਸਿੰਘ ਅਕਾਲੀ ਦਲ ਦੋਹਾਂ ਦੇ ਆਗੂਆਂ ਨੇ ਤਕਰੀਰਾਂ ਕੀਤੀਆਂ। 25 ਅਗਸਤ ਨੂੰ ਮਾਸਟਰ ਤਾਰਾ ਸਿੰਘ ਨੇ ਫਤਹਿ ਸਿੰਘ ਦੇ ਵਰਤ ਦੀ ਹਿਮਾਇਤ ਕਰ ਦਿੱਤੀ। 27 ਅਗਸਤ 1965 ਨੂੰ ਮਾਸਟਰ ਤਾਰਾ ਸਿੰਘ ਫਤਹਿ ਸਿੰਘ ਨੂੰ, 37 ਮਹੀਨਿਆਂ ਮਗਰੋਂ ਪਹਿਲੀ ਵਾਰੀ ਮਿਲ।

28 ਅਗਸਤ ਨੂੰ ਕਮਿਊਨਿਸਟ ਪਾਰਟੀ ਨੇ ਪੰਜਾਬੀ ਸੂਬੇ ਦੀ ਮੰਗ ਅਸੂਲੀ ਤੌਰ 'ਤੇ ਮਨਜ਼ੂਰ ਕਰਨ ਦੀ ਮੰਗ ਕੀਤੀ। ਗਿਆਨ ਸਿੰਘ ਰਾੜੇਵਾਲਾ ਨੇ 31 ਅਗਸਤ 1965 ਨੂੰ ਪੰਜਾਬ ਦੇ ਸਿੱਖ ਐਮ.ਐਲ.ਏਜ਼ ਦੀ ਮੀਟਿੰਗ ਸੱਦ ਲਈ ਜਿਸ ਵਿਚ 40 'ਚੋਂ 15 ਕਾਂਗਰਸੀ ਹਾਜ਼ਰ ਹੋਏ। ਇਨ੍ਹਾਂ ਵਿਚ ਗਿਆਨੀ ਕਰਤਾਰ ਸਿੰਘ, ਨਰੈਣ ਸਿੰਘ ਸ਼ਾਹਬਾਜ਼ਪੁਰੀ, ਤਰਲੋਚਨ ਸਿੰਘ ਰਿਆਸਤੀ, ਪ੍ਰੀਤਮ ਸਿੰਘ ਸਾਹੋਕੇ, ਹਰਚਰਨ ਸਿੰਘ ਬਰਾੜ, ਹਰਚੰਦ ਸਿੰਘ, ਉਮਰਾਓ ਸਿੰਘ, ਗੁਰਦਰਸ਼ਨ ਸਿੰਘ, ਜਸਦੇਵ ਸਿੰਘ ਬਰਾੜ, ਹਰਚੰਦ ਸਿੰਘ ਨੈਣਾਂਵਾਲਾ ਵੀ ਸ਼ਾਮਿਲ ਸਨ। ਇਨ੍ਹਾਂ ਨੇ ਸਰਕਾਰ ਤੋਂ ਪੰਜਾਬੀ ਸੂਬੇ ਨੂੰ ਅਸੂਲੀ ਤੌਰ 'ਤੇ ਮੰਨਣ ਦੀ ਮੰਗ ਕੀਤੀ। ਇਨ੍ਹਾਂ ਦਿਨਾਂ ਵਿਚ ਪੰਜਾਬੀ ਪੂਰੇ ਪੰਜਾਬ ਵਿਚ ਲਾਗੂ ਕਰਨ ਦੀ ਗੱਲ ਵੀ ਚੱਲੀ ਪਰ ਕਿਸੇ ਨੇ ਵੀ ਇਸ ਦੀ ਹਿਮਾਇਤ ਨਾ ਕੀਤੀ। ਪਰ ਇਨ੍ਹਾਂ ਦਿਨਾਂ ਵਿਚ ਹੀ ਭਾਰਤ ਪਾਕਿ ਜੰਗ ਸ਼ੁਰੂ ਹੋ ਗਈ।

ਇਨ੍ਹਾਂ ਦਿਨਾਂ ਵਿਚ ਕਾਂਗਰਸ ਨਾਲ ਨੇੜਤਾ ਰੱਖਣ ਵਾਲੇ ਜਰਨਲਿਸਟ ਖ਼ੁਸ਼ਵੰਤ ਸਿੰਘ ਨੇ ਇਕ ਲੇਖ ਰਾਹੀਂ ਪੰਜਾਬੀ ਸੂਬਾ ਦੀ ਹਿਮਾਇਤ ਕੀਤੀ। ਉਸ ਨੇ ਇਸ ਲੇਖ ਵਿਚ ਇਹ ਵੀ ਕਿਹਾ ਕਿ ਜਿਉਂ ਹੀ ਇਹ ਸੂਬਾ ਬਣੇਗਾ ਸਿੱਖ ਆਪਣੇ ਹੋਰ ਸ਼ਿਕਵਿਆਂ (ਫ਼ੌਜ ਵਿਚ ਘਟ ਭਰਤੀ, ਪੰਜਾਬ ਨੂੰ ਸਨਅਤ ਨਾ ਦੇਣ ਦਾ ਵਿਤਕਰਾ ਵਗ਼ੈਰਾ) ਨੂੰ ਨਜ਼ਰ ਅੰਦਾਜ਼ ਕਰ ਦੇਣਗੇ। ਇਹ ਸੂਬਾ ਭਾਰਤ ਨੂੰ ਕਮਜ਼ੋਰ ਨਹੀਂ ਬਲਕਿ ਤਗੜਾ ਕਰੇਗਾ। ਦਰਅਸਲ ਇਹ ਲੇਖ ਐਵੇਂ ਨਹੀਂ ਸੀ ਲਿਖਿਆ ਗਿਆ। ਸਰਕਾਰ ਅਜਿਹਾ ਕਰ ਕੇ ਪੰਜਾਬੀ ਸੂਬੇ ਦੀ ਮੰਗ ਨੂੰ ਮੰਨਣ ਵਾਸਤੇ ਹਿਮਾਇਤ ਜੁਟਾ ਰਹੀ ਸੀ।

1 ਸਤੰਬਰ 1965 ਨੂੰ ਗਿਆਨ ਸਿੰਘ ਰਾੜੇਵਾਲੇ ਨੇ ਇਕ ਬਿਆਨ ਵਿਚ ਕਿਹਾ ਕਿ ਜੇ ਰੀਜਨਲ ਫ਼ਾਰਮੂਲੇ ਨੂੰ ਦਿਆਨਤਦਾਰੀ ਨਾਲ ਲਾਗੂ ਕੀਤਾ ਜਾਂਦਾ ਤਾਂ ਇਹ ਨੌਬਤ ਨਾ ਆਉਂਦੀ। ਇਸੇ ਕਰ ਕੇ ਹੁਣ ਸਰਕਾਰ ਰੀਜਨਲ ਫਾਰਮੂਲੇ ਨੂੰ ਲਾਗੂ ਕਰਨ ਦੀਆਂ ਗੱਲਾਂ ਕਰਦੀ ਹੈ। 2 ਸਤੰਬਰ ਨੂੰ ਸਰਕਾਰ ਨੇ ਪੰਜਾਬੀ ਸੂਬੇ ਲਈ ਕਮਿਸ਼ਨ ਬਣਾਉਣ ਦੀ ਪੇਸ਼ਕਸ਼ ਕੀਤੀ। 3 ਸਤੰਬਰ ਨੂੰ ਮਾਸਟਰ ਤਾਰਾ ਸਿੰਘ, ਗਿਆਨੀ ਭੂਪਿੰਦਰ ਸਿੰਘ, ਆਤਮਾ ਸਿੰਘ, ਵੈਰਾਗੀ, ਅਜਮੇਰ ਸਿੰਘ, ਰਵੇਲ ਸਿੰਘ, ਸਰਦਾਰਾ ਸਿੰਘ ਕੋਹਲੀ ਤੇ ਸੰਤੋਖ ਸਿੰਘ ਨੇ ਸਰਕਾਰ ਨੂੰ ਨਤੀਜਿਆਂ ਸਬੰਧੀ ਵਾਰਨਿੰਗ ਦਿੱਤੀ।

ਇਨ੍ਹੀਂ ਦਿਨੀਂ ਭਾਰਤ-ਪਾਕਿ ਜੰਗ ਦੇ ਆਸਾਰ ਬਣ ਚੁਕੇ ਸਨ। ਇਸ ਸਬੰਧੀ ਫਤਹਿ ਸਿੰਘ ਨੇ 3 ਸਤੰਬਰ ਨੂੰ ਇਕ ਬਿਆਨ ਦੇਂਦਿਆਂ ਕਿਹਾ ਕਿ **"ਮੈਨੂੰ ਦੇਸ਼ ਤੋਂ ਵਧੇਰੇ ਪੰਜਾਬੀ ਸੂਬਾ ਪਿਆਰਾ ਹੈ। ਪੰਜਾਬੀ ਸੂਬੇ ਲਈ ਕਮਿਸ਼ਨ ਨਹੀਂ ਮੰਨਿਆ ਜਾ ਸਕਦਾ। ਸੀ.ਪੀ.ਆਈ. ਦੀ ਅਸੂਲੀ ਤੌਰ 'ਤੇ ਮੰਗ ਮੰਨਣ ਵਾਲੀ ਗੱਲ ਵੀ ਗ਼ਲਤ ਹੈ। ਸਿਰਫ਼ ਪੰਜਾਬੀ ਸੂਬਾ ਮੰਨਣ 'ਤੇ ਹੀ ਮਰਨ ਵਰਤ ਛੱਡਿਆ ਜਾਵੇਗਾ ਨਹੀਂ ਤਾਂ ਮੈਂ 25 ਸਤੰਬਰ ਨੂੰ ਆਪਣੇ ਆਪ ਨੂੰ ਅਗਨ ਭੇਂਟ ਕਰ ਦਿਆਂਗਾ।"**

10 ਸਤੰਬਰ ਨੂੰ ਫਤਹਿ ਸਿੰਘ ਨੇ ਮਰਨ ਵਰਤ ਸ਼ੁਰੂ ਕਰਨਾ ਸੀ ਪਰ 9 ਸਤੰਬਰ ਨੂੰ ਫਤਹਿ ਸਿੰਘ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਉਸ ਨੂੰ ਵਰਤ ਤੇ ਅਗਨ ਭੇਂਟ ਹੋਣ ਦਾ ਐਲਾਨ ਮੁਲਤਵੀ ਕਰਨ ਲਈ ਕਿਹਾ। ਇਸ ਮਗਰੋਂ ਫਤਹਿ ਸਿੰਘ ਨੇ ਭਾਰਤ ਪਾਕਿ ਜੰਗ ਦੇ ਬਹਾਨੇ ਵਰਤ ਦਾ ਪ੍ਰੋਗਰਾਮ ਛੱਡ ਦਿੱਤਾ।

1989: ਹਰਭਜਨ ਸਿੰਘ ਜੰਡੋਕੇ, ਜੈਮਲ ਸਿੰਘ ਸਰਹਾਲੀ ਖੁਰਦ ਤੇ ਰਘਬੀਰ ਸਿੰਘ ਸਰਹਾਲੀ ਖੁਰਦ ਤੇ ਨਿਸ਼ਾਨ ਸਿੰਘ (ਮੁਕਤੀ ਬਾਹਨੀ ਫ਼ੋਰਸ) **ਨਕਲੀ ਮੁਕਾਬਲਿਆਂ ਵਿਚ ਸ਼ਹੀਦ**

3 ਸਤੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਹਰਭਜਨ ਸਿੰਘ (ਪੁੱਤਰ ਫ਼ੌਜਾ ਸਿੰਘ, ਵਾਸੀ ਜੰਡੋਕੇ, ਜ਼ਿਲ੍ਹਾ ਤਰਨਤਾਰਨ), ਜੈਮਲ ਸਿੰਘ (ਪੁੱਤਰ ਗੁਰਦੀਪ ਸਿੰਘ, ਵਾਸੀ ਸਰਹਾਲੀ ਖੁਰਦ, ਜ਼ਿਲ੍ਹਾ ਤਰਨਤਾਰਨ) ਤੇ ਰਘਬੀਰ ਸਿੰਘ (ਪੁੱਤਰ ਮਹਿੰਦਰ ਸਿੰਘ, ਵਾਸੀ ਸਰਹਾਲੀ ਖੁਰਦ, ਜ਼ਿਲ੍ਹਾ ਤਰਨਤਾਰਨ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। 3 ਸਤੰਬਰ 1989 ਦੇ ਦਿਨ ਹੀ ਪੰਜਾਬ ਪੁਲਸ ਨੇ ਨਿਸ਼ਾਨ ਸਿੰਘ (ਮੁਕਤੀ ਬਾਹਨੀ ਫ਼ੋਰਸ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਗੁਰਪਾਲ ਸਿੰਘ ਪਾਹੜਾ ਭਕਨਾ, ਮਸਤਾਨ ਸਿੰਘ ਲਾਲੋ ਹੁਸ਼ਿਆਰ ਨਗਰ), ਅਵਤਾਰ ਸਿੰਘ, ਦਿਲਬਾਗ ਸਿੰਘ ਉਰਫ਼ ਬੰਬ ਨਕਲੀ ਮੁਕਾਬਲਿਆਂ ਵਿਚ ਸ਼ਹੀਦ

3 ਸਤੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਗੁਰਪਾਲ ਸਿੰਘ ਪਾਹੜਾ (ਪੁੱਤਰ ਬਚਨ ਸਿੰਘ, ਵਾਸੀ ਭਕਨਾ), ਮਸਤਾਨ ਸਿੰਘ ਲਾਲੋ (ਵਾਸੀ ਹੁਸ਼ਿਆਰ ਨਗਰ), ਅਵਤਾਰ ਸਿੰਘ (ਪੁੱਤਰ ਜਸਵੰਤ ਸਿੰਘ), ਦਿਲਬਾਗ ਸਿੰਘ ਉਰਫ਼ ਬੰਬ (ਵਾਸੀ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਮਿੱਠੂ ਸਿੰਘ ਕੋਟ ਦੁੰਨਾ ਤੇ ਕੁਲਦੀਪ ਸਿੰਘ ਉਸਮਾਨ ਸ਼ਹੀਦ ਨਕਲੀ ਮੁਕਾਬਲਿਆਂ ਵਿਚ ਸ਼ਹੀਦ

3 ਸਤੰਬਰ 1991 ਦੇ ਦਿਨ ਪੁਲਸ ਨੇ ਮਿੱਠੂ ਸਿੰਘ (ਪੁੱਤਰ ਸੁਰਜੀਤ ਸਿੰਘ, ਵਾਸੀ ਕੋਟ ਦੁੰਨਾ, ਜ਼ਿਲ੍ਹਾ ਸੰਗਰੂਰ) ਤੇ ਕੁਲਦੀਪ ਸਿੰਘ (ਪੁੱਤਰ ਤਰਲੋਕ ਸਿੰਘ, ਵਾਸੀ ਪਿੰਡ ਉਸਮਾਨ ਸ਼ਹੀਦ, ਜ਼ਿਲ੍ਹਾ ਹੁਸ਼ਿਆਰਪੁਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਮੇਜਰ ਸਿੰਘ ਘੁੱਕ ਸੁਰਸਿੰਘ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

4 ਸਤੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਮੇਜਰ ਸਿੰਘ ਘੁੱਕ (ਵਾਸੀ ਪਿੰਡ ਸੁਰਸਿੰਘ, ਹੁਣ ਜ਼ਿਲ੍ਹਾ ਤਰਨਤਾਰਨ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਗੁਰਦੇਵ ਸਿੰਘ, ਕੇਵਲ ਸਿੰਘ ਜੱਟ ਤੇ ਹੋਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

3 ਸਤੰਬਰ 1992 ਦੇ ਦਿਨ ਪੁਲਸ ਨੇ ਗੁਰਦੇਵ ਸਿੰਘ ਸਰਪੰਚ, ਕੇਵਲ ਸਿੰਘ ਉਰਫ਼ ਜੱਟ ਤੇ ਚਾਰ ਹੋਰ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਗੁਰਨੈਬ ਸਿੰਘ ਭਾਈ ਰੂਪਾ ਅਸਲ ਮੁਕਾਬਲੇ ਵਿਚ ਸ਼ਹੀਦ ਹੋ ਗਿਆ

3 ਸਤੰਬਰ 1992 ਦੇ ਦਿਨ ਗੁਰਨੈਬ ਸਿੰਘ (ਪੱਤਰ ਭਾਗ ਸਿੰਘ, ਵਾਸੀ ਭਾਈ ਰੂਪਾ) ਦਿਆਲਪੁਰ ਕੇਸਰ ਸਿੰਘਵਾਲਾ (ਜ਼ਿਲ੍ਹਾ ਬਠਿੰਡਾ) ਵਿਚ, ਕਈ ਘੰਟੇ ਪੁਲਸ ਨਾਲ ਅਸਲ ਮੁਕਾਬਲੇ ਵਿਚ ਸ਼ਹੀਦ ਹੋ ਗਿਆ। ਕੁਝ ਚਿਰ ਪਹਿਲਾਂ ਹੀ, ਜਦ ਉਹ ਆਪਣੇ ਇਕ ਸਾਥੀ ਬਲਬੀਰ ਸਿੰਘ ਬੀਰਾ ਨਾਲ, ਪਿੰਡ ਭਾਈ ਰੂਪਾ ਵਿਚ ਪੁਲਸ ਘੁਰੇ ਵਿਚ ਆ ਗਿਆ ਸੀ ਤਾਂ ਉਹ ਦੋਵੇਂ ਸਿੰਘ ਮੁਕਬਾਲਾ ਕਰਦੇ ਕਰਦੇ ਬਚ ਕੇ ਨਿਕਲ ਗਏ ਸਨ।

2013: ਸੁਖਬੀਰ ਆਪਣੇ ਦਲ ਦਾ ਮੁੜ ਪ੍ਰਧਾਨ ਚੁਣਿਆ ਗਿਆ। ਸਮਾਗਮ ਦੀ ਅਰਦਾਸ ਮੁਜਰਿਮ ਜਗੀਰ ਕੌਰ ਨੇ ਕੀਤੀ

3 ਸਤੰਬਰ 2013 ਦੇ ਦਿਨ ਸੁਖਬੀਰ ਬਾਦਲ ਆਪਣੇ ਦਲ ਦਾ ਮੁੜ ਪ੍ਰਧਾਨ ਚੁਣਿਆ ਗਿਆ। ਚੋਣ ਸਿਰਫ਼ ਇਕ ਦਿਖਾਵਾ ਸੀ ਕਿਉਂਕਿ ਦਲ ਦੇ ਡੈਲੀਗੇਟ ਉਸ ਨੇ ਆਪ ਹੀ ਨਾਮਜ਼ਦ ਕੀਤੇ ਸਨ। ਸਮਾਗਮ ਦੀ ਅਰਦਾਸ ਜਗੀਰ ਕੌਰ ਨੇ ਕੀਤੀ ਜਿਹੜੀ ਕਿ ਧੀ ਦੇ ਅਗਵਾ ਅਤੇ ਉਸ ਦੀ ਗ਼ੈਰ-ਕਾਨੂੰਨੀ ਅਬਾਰਸ਼ਨ ਦੇ ਕੇਸ ਵਿਚ ਸਜ਼ਾ ਭੁਗਤ ਰਹੀ ਸੀ ਤੇ ਉਸ ਵਕਤ ਜ਼ਮਾਨਤ 'ਤੇ ਰਿਹਾ ਸੀ।

2014: ਪਾਕਿਸਤਾਨ ਵਿਚ ਮੁਸਲਮਾਨ ਦਹਿਸ਼ਤਗਰਦਾਂ ਵੱਲੋਂ ਅਮਰਜੀਤ ਸਿੰਘ ਕਤਲ

4 ਸਤੰਬਰ 2014 ਦੇ ਦਿਨ ਪਾਕਿਸਤਾਨ ਵਿਚ ਪਖ਼ਤੂਨਵਾ ਸੂਬੇ ਦੇ ਜ਼ਿਲ੍ਹਾ ਪਿਸ਼ਾਵਰ ਦੇ ਮਰਦਾਨ ਸ਼ਹਿਰ ਦੇ ਸ਼ਹੀਦਾਂ ਬਜ਼ਾਰ ਵਿਚ ਮੁਸਲਮਾਨ ਦਹਿਸ਼ਤਗਰਦਾਂ ਵੱਲੋਂ ਇਕ ਦੁਕਾਨਦਾਰ ਅਮਰਜੀਤ ਸਿੰਘ ਦਾ ਕਤਲ ਕਰ ਦਿੱਤਾ ਗਿਆ। ਪਿਛਲੇ ਮਹੀਨੇ ਹਸਤਨਮਰੀ ਇਲਾਕੇ ਵਿਚ ਗੋਲੀਆਂ ਚਲਾ ਕੇ ਜਗਮੀਤ ਸਿੰਘ ਮਾਰ ਦਿੱਤਾ ਸੀ ਤੇ ਮਨਮੀਤ ਸਿੰਘ ਤੇ ਇਕ ਹੋਰ ਸਿੱਖ ਨੂੰ ਜ਼ਖ਼ਮੀ ਕਰ ਦਿੱਤਾ ਸੀ। ਪਿਛਲੇ ਕੁਝ ਮਹੀਨਿਆਂ ਵਿਚ ਪਾਕਿਸਤਾਨ ਦੇ ਇਸ ਸੂਬੇ ਵਿਚ ਅੱਧੀ ਦਰਜਨ ਦੇ ਕਰੀਬ ਸਿੱਖ ਕਤਲ ਕੀਤੇ ਜਾ ਚੁਕੇ ਸਨ। ਦਹਿਸ਼ਤਗਰਦਾਂ ਦਾ ਨਿਸ਼ਾਨਾ ਸਿੱਖਾਂ ਨੂੰ ਏਥੋਂ ਚਲੇ ਜਾਣ ਵਾਸਤੇ ਮਜਬੂਰ ਕਰਨਾ ਸੀ।

2014 : ਬਾਦਲ ਅਕਾਲੀ ਦਲ ਦੀ ਨਵੀਂ ਐਗਜ਼ੈਕਟਿਵ ਵਿਚ ਬੁੱਚੜਾਂ ਅਤੇ ਕੁੜੀ ਮਾਰਾਂ ਨੂੰ ਵੱਡੇ ਅਹੁਦੇ ਦਿੱਤੇ

3 ਸਤੰਬਰ 2014 ਦੇ ਦਿਨ ਬਾਦਲ ਅਕਾਲੀ ਦਲ ਦੀ ਨਵੀਂ ਐਗਜ਼ੈਕਟਿਵ ਦਾ ਐਲਾਨ ਕੀਤਾ ਗਿਆ। ਇਸ ਵਿਚ (ਵੀਕੀਲਿਕਸ ਦੀ 19 ਦਸੰਬਰ 2005 ਦੀ ਅਮਰੀਕੀ ਰਿਪੋਰਟ ਮੁਤਾਬਿਕ 150 ਗੁੰਡਿਆਂ ਦੀ 'ਆਲਮ ਸੈਨਾ' ਬਣਾ ਕੇ ਸੈਂਕੜੇ ਸਿੱਖਾਂ ਨੂੰ ਕਤਲ ਕਰਨ ਵਾਲੇ) ਇਜ਼ਹਾਰ ਆਲਮ ਬਾਦਲ ਨੂੰ ਕੌਮੀ ਮੀਤ ਪ੍ਰਧਾਨ ਬਣਾਇਆ ਗਿਆ ਸੀ; ਅਤੇ ਆਪਣੀ ਧੀ ਹਰਪ੍ਰੀਤ ਕੌਰ ਦਾ ਨਾਜਾਇਜ਼ ਗਰਭਪਾਤ ਕਰਵਾ ਕੇ ਉਸ ਨੂੰ ਮਾਰਨ ਦੇ ਜੁਰਮ ਵਿਚ ਪੰਜ ਸਾਲ ਵਾਸਤੇ ਕੈਦ (ਉਦੋਂ ਜ਼ਮਾਨਤ 'ਤੇ ਰਿਹਾ) ਜਗੀਰ ਕੌਰ ਨੂੰ 'ਇਸਤਰੀ ਅਕਾਲੀ ਦਲ' ਦੀ ਪ੍ਰਧਾਨ ਬਣਾਇਆ। ਲੋਕਾਂ ਵਿਚ ਚਰਚਾ ਸੀ ਕਿ ਇਸ ਨਾਲ ਹੁਣ ਬਾਦਲ ਅਕਾਲੀ

ਦਲ ਬੁੱਚੜਾਂ ਅਤੇ ਕੁੜੀ ਮਾਰਾਂ ਦਾ ਦਲ ਬਣ ਗਿਆ ਹੈ। ਟਕਸਾਲੀ ਅਕਾਲੀਆਂ ਨੂੰ ਇਹ ਦੇਖ ਕੇ ਵੀ ਸ਼ਰਮ ਨਹੀਂ ਆਈ। ਸ਼ਾਇਦ ਉਨ੍ਹਾਂ ਦਾ ਗੁਰੂ ਤੋਂ ਅਕੀਦਾ ਉਠ ਗਿਆ ਸੀ!

4 ਸਤੰਬਰ

1687: ਗੁਰੂ ਹਰ ਰਾਇ ਦੇ ਵੱਡੇ ਪੁੱਤਰ ਰਾਮ ਰਾਏ ਦੀ ਮੌਤ ਹੋਈ

ਗੁਰੂ ਗੋਬਿੰਦ ਸਿੰਘ ਸਾਹਿਬ ਅਪਰੈਲ 1685 ਤੋਂ ਅਕਤੂਬਰ 1688 ਤਕ, ਤਿੰਨ ਸਾਲ ਪੰਜ ਮਹੀਨੇ, ਪਾਉਂਟਾ ਸਾਹਿਬ ਵਿਚ ਰਹੇ ਸਨ। ਇੱਥੇ 11 ਮਈ 1685 ਦੇ ਦਿਨ ਰਾਮਰਾਇ (ਜਿਸ ਨੂੰ ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰਗੱਦੀ ਤੋਂ ਮੋਕੂਫ਼ ਕਰ ਦਿਤਾ ਸੀ) ਗੁਰੂ ਸਾਹਿਬ ਨੂੰ ਮਿਲਣ ਆਇਆ। ਉਸ ਨੇ ਗੁਰੂ ਜੀ ਤੋਂ ਆਪਣੀ ਭੁੱਲ ਬਖ਼ਸ਼ਵਾਈ ਅਤੇ ਮੁੜ ਸਿੱਖ ਜਗਤ ਵਿਚ ਸ਼ਾਮਿਲ ਹੋ ਗਿਆ। 4 ਸਤੰਬਰ 1687 ਦੇ ਦਿਨ ਰਾਮ ਰਾਏ ਦੀ ਮੌਤ ਹੋ ਗਈ। ਦਰਅਸਲ ਰਾਮ ਰਾਇ ਨੂੰ ਉਸ ਦੇ ਮਸੰਦਾਂ ਨੇ ਕਤਲ ਕਰ ਦਿੱਤਾ ਸੀ; ਇਕ ਰਿਵਾਇਤ ਮੁਤਾਬਿਕ ਉਸ ਨੂੰ ਬੇਹੋਸ਼ ਕਰ ਕੇ ਉਸ ਦਾ ਜਿਉਂਦੇ ਦਾ ਸਸਕਾਰ ਕਰ ਦਿੱਤਾ ਸੀ। ਗੁਰੂ ਸਾਹਿਬ ਉਸ ਸਬੰਧੀ ਹੋਏ ਸਮਾਗਮ ਵਿਚ ਸ਼ਾਮਿਲ ਹੋਣ ਵਾਸਤੇ ਖੁਰਵੱਧੀ ਗਏ। ਇਸ ਮੌਕੇ 'ਤੇ ਭਾਈ ਮਨੀ ਸਿੰਘ ਵੀ ਉਨ੍ਹਾਂ ਦੇ ਨਾਲ ਗਏ। ਅਗਲੇ ਸਾਲ ਰਾਮ ਰਾਏ ਦੀ ਪਤਨੀ ਪੰਜਾਬ ਕੌਰ ਨੇ ਫਿਰ ਇਕ ਸਮਾਗਮ ਕੀਤਾ। ਇਸ ਵਾਰ ਗੁਰੂ ਸਾਹਿਬ ਨੇ ਦੀਵਾਨ ਨੰਦ ਚੰਦ ਅਤੇ ਭਾਈ ਮਨੀ ਸਿੰਘ ਨੂੰ ਭੇਜਿਆ। ਭੋਗ ਵੇਲੇ ਗੁਰਬਖ਼ਸ਼ ਰਾਏ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਸੀ। ਜਦੋਂ ਦੀਵਾਨ ਨੰਦ ਚੰਦ ਅਰਦਾਸ ਕਰਨ ਲੱਗਾ ਤਾਂ ਮਸੰਦ ਗੁਰਬਖ਼ਸ਼ ਰਾਏ ਨੇ ਕੋਈ ਮਾੜਾ ਬੋਲ ਬੋਲਿਆ। ਇਸ 'ਤੇ ਭਾਈ ਮਨੀ ਸਿੰਘ ਨੇ ਉਸ ਨੂੰ ਬਾਂਹ ਤੋਂ ਫੜ ਲਿਆ ਅਤੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਤੋਂ ਉਠਾ ਕੇ ਹੇਠਾ ਸੁੱਟ ਦਿੱਤਾ। ਹੇਠਾਂ ਡਿੱਗਣ ਮਗਰੋਂ ਜਦੋਂ ਗੁਰਬਖ਼ਸ਼ ਰਾਏ ਨੇ ਫੇਰ ਬੋਲਣਾ ਸ਼ੁਰੂ ਕੀਤਾ ਤਾਂ ਸਿੰਘਾਂ ਨੇ ਕਿਰਪਾਨਾਂ ਧੂਹ ਲਈਆਂ। ਇਸ 'ਤੇ ਮਸੰਦ ਗੁਰਬਖ਼ਸ਼ ਰਾਏ ਅਤੇ ਉਸ ਦੇ ਸਾਥੀ ਦੌੜ ਗਏ। (ਮਗਰੋਂ ਗੁਰਬਖ਼ਸ਼ ਰਾਏ ਨੇ ਗੜ੍ਹਵਾਲ ਦੇ ਰਾਜੇ ਫਤਹਿ ਸ਼ਾਹ ਨੂੰ ਭੜਕਾ ਕੇ ਪਾਉਂਟਾ ਸਾਹਿਬ 'ਤੇ ਹਮਲਾ ਕਰਵਾ ਦਿੱਤਾ। 18 ਸਤੰਬਰ 1688 ਦੇ ਦਿਨ ਭੰਗਾਣੀ ਵਿਖੇ ਗੜ੍ਹਵਾਲੀ ਫ਼ੌਜਾਂ ਅਤੇ ਸਿੱਖਾਂ ਵਿਚ ਜ਼ਬਰਦਸਤ ਲੜਾਈ ਹੋਈ)।

1708: ਬੰਦਾ ਸਿੰਘ ਬਹਾਦਰ ਨੇ ਖੰਡੇ ਦੀ ਪਾਹੁਲ ਹਾਸਿਲ ਕੀਤੀ

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਬਹਾਦਰ ਸ਼ਾਹ ਨਾਲ ਦੱਖਣ ਵਲ ਚਲਦੇ-ਚਲਦੇ ਬੁਰਹਾਨਪੁਰ ਪੁੱਜੇ ਤਾਂ ਬਾਦਸ਼ਾਹ ਨੂੰ ਜੰਗ ਵਿਚ ਮਦਦ ਵਾਸਤੇ ਸਾਹਰੰਦ (ਹੁਣ ਇਸ ਦਾ ਨਾਂ ਸਰਹੰਦ ਬਣ ਚੁਕਾ ਹੈ) ਦੇ ਸੂਬੇਦਾਰ ਵਜ਼ੀਰ ਖ਼ਾਨ ਦੀ ਭੇਜੀ ਇਕ ਵੱਡੀ ਰਕਮ (ਇਕ ਰਿਵਾਇਤ ਮੁਤਾਬਿਕ 20 ਲੱਖ ਰੁਪੈ) ਪੁੱਜ ਗਈ (ਵਜ਼ੀਰ ਖ਼ਾਨ ਦਾ ਅਸਲ ਨਾਂ ਮਿਰਜ਼ਾ ਅਸਕਰੀ ਸੀ। ਉਸ ਦਾ ਮਨਸਬ ਦੋ ਹਜ਼ਾਰ ਜ਼ਾਤ ਸੀ)। ਉਹ ਬਾਦਸ਼ਾਹ, ਜੋ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਇਹ ਵਾਅਦਾ ਕਰ ਰਿਹਾ ਸੀ ਕਿ ਉਹ ਸਰਹੰਦ ਦੇ ਜ਼ਾਲਮ ਸੂਬੇਦਾਰ ਨੂੰ ਸਜ਼ਾ ਦੇਵੇਗਾ, ਹੁਣ ਉਸ ਦੇ ਤੌਰ-ਤਰੀਕੇ ਬਦਲ ਗਏ। ਤਾਪਤੀ ਦਰਿਆ ਪਾਰ ਕਰ ਕੇ ਜਦੋਂ ਗੁਰੂ ਜੀ ਬਾਲਾਪੁਰ ਪੁਜੇ ਤਾਂ ਇੱਥੇ ਉਨ੍ਹਾਂ ਦੀ ਬਹਾਦਰ ਸ਼ਾਹ ਨਾਲ ਆਖ਼ਰੀ ਮੁਲਾਕਾਤ ਹੋਈ। ਇਹ ਗੱਲ ਜੁਲਾਈ 1708 ਦੇ ਪਿਛਲੇ-ਅੱਧ ਦੀ ਹੈ। ਜਦ ਗੁਰੂ ਜੀ ਨੂੰ ਬਾਦਸ਼ਾਹ ਦੀ ਬਦਲੀ ਨੀਅਤ ਦਾ ਪਤਾ ਲਗਾ ਤਾਂ ਉਨ੍ਹਾਂ ਨੇ ਉਸ ਦਾ ਸਾਥ ਛੱਡ ਦਿਤਾ ਅਤੇ ਨੰਦੇੜ ਵਿਚ ਰੁਕ ਗਏ। ਇੱਥੇ ਉਨ੍ਹਾਂ ਨੂੰ ਪਤਾ ਲੱਗਾ ਕਿ ਮਾਧੋ ਦਾਸ ਦਾ ਡੇਰਾ ਵੀ ਨਜ਼ਦੀਕ ਹੀ ਸੀ। ਵਾਪਿਸ ਪੰਜਾਬ ਮੁੜਨ ਤੋਂ ਪਹਿਲਾਂ ਆਪ ਨੇ ਮਾਧੋ ਦਾਸ ਨੂੰ ਮਿਲਣ ਦਾ ਫ਼ੈਸਲਾ ਕੀਤਾ।

ਜਦ ਗੁਰੂ ਜੀ ਮਾਧੋ ਦਾਸ ਦੇ ਡੇਰੇ 'ਤੇ ਗਏ ਤਾਂ ਉਹ ਉੱਥੇ ਨਹੀਂ ਸੀ। ਉਸ ਦੀ ਗ਼ੈਰ-ਹਾਜ਼ਰੀ ਵਿਚ ਗੁਰੂ ਜੀ ਨੇ ਬਕਰੇ ਝਟਕਾ ਕੇ ਲੰਗਰ ਤਿਆਰ ਕੀਤਾ ਤੇ ਸਾਰੇ ਸਿੰਘਾਂ ਨੂੰ ਛਕਾਇਆ। ਮਾਧੋ ਦਾਸ ਤਾਂ ਹਿਰਨੀ ਦੇ ਸ਼ਿਕਾਰ ਮਗਰੋਂ ਸ਼ਾਕਾਹਾਰੀ (ਸਬਜ਼ੀ-ਹਾਰੀ) ਹੋ ਚੁਕਾ ਸੀ ਤੇ ਮਾਸ-ਮੱਛੀ ਨੂੰ ਸਖਤ ਨਫ਼ਰਤ ਕਰਦਾ ਸੀ। ਗੁਰੂ ਜੀ ਵੱਲੋਂ ਬਕਰੇ ਝਟਕਾਉਣ ਦਾ ਡੇਰੇ ਦੇ ਸੇਵਾਦਾਰਾਂ ਨੇ ਬਹੁਤ ਬੁਰਾ ਮਨਾਇਆ ਪਰ ਏਨੀ ਵੱਡੀ ਗਿਣਤੀ ਵਿਚ ਹਥਿਆਰਬੰਦ ਸਿੱਖਾਂ ਦੇ ਹੁੰਦਿਆਂ ਉਹ ਸਾਧੂ ਤੇ ਯੋਗੀ ਕੁਝ ਨਾ ਕਰ ਸਕੇ। ਗੁਰੂ ਜੀ ਨੇ ਇਸ ਤੋਂ ਮਗਰੋਂ ਮਾਧੋ ਦਾਸ ਦਾ ਪਲੰਘ (ਜਿਸ 'ਤੇ ਬੈਠ ਕੇ ਉਹ ਆਪਣਾ ਦਰਬਾਰ ਲਾਇਆ ਕਰਦਾ ਸੀ) ਵੀ ਮੱਲ ਲਿਆ ਤੇ ਬਾਕੀ ਸਿੱਖ ਉਨ੍ਹਾਂ ਕੋਲ ਬੈਠ ਗਏ। ਬੇਵੱਸ ਹੋਏ ਚੇਲਿਆਂ ਨੇ ਇਕ ਸਾਥੀ ਨੂੰ ਬਾਬਾ ਮਾਧੋ ਦਾਸ ਨੂੰ ਖ਼ਬਰ ਦੇਣ ਵਾਸਤੇ ਭੇਜ ਦਿਤਾ। ਥੋੜ੍ਹੀ ਦੇਰ ਮਗਰੋਂ ਮਾਧੋ ਦਾਸ ਵੀ ਉੱਥੇ ਪੁਜ ਗਿਆ। ਉਸ ਨੂੰ ਵੇਖ ਕੇ ਗੁਰੂ ਸਾਹਿਬ ਨੇ ਉਸ ਨੂੰ ਕਿਹਾ, "ਮਾਧੋ ਦਾਸ, ਅਸੀਂ ਤੈਨੂੰ ਮਿਲਣ ਆਏ ਹਾਂ। ਤੂੰ ਕਿੱਥੇ ਗਿਆ ਹੋਇਆ ਸੀ।" ਇਸ 'ਤੇ ਮਾਧੋ ਦਾਸ ਬੋਲਿਆ, "ਗ਼ਰੀਬ ਨਿਵਾਜ਼, ਮੈਂ ਤੁਹਾਨੂੰ ਨਹੀਂ ਜਾਣਦਾ। ਆਪ ਕਿੱਥੋਂ ਆਏ ਹੋ? ਜੇ ਤੁਸੀਂ ਮੈਨੂੰ ਜਾਣਦੇ ਸੀ ਤਾਂ ਮੈਨੂੰ ਉਡੀਕ ਲੈਣਾ ਸੀ। ਇਹ ਜਾਨਵਰ ਕਿਉਂ ਮਾਰਨੇ ਸੀ। ਇਹ ਡੇਰਾ ਵੈਸ਼ਨੋ ਸਾਧੂਆਂ ਦਾ ਹੈ।" ਗੁਰੂ ਜੀ ਨੇ ਉਸ ਨੂੰ ਦੱਸਿਆ, "ਮਾਧੋ ਦਾਸ, ਸਾਡੇ ਨਾਲ ਤੇਰੀ ਜਾਣ-ਪਛਾਣ ਇਕ ਦਫ਼ਾ ਕਨਖਲ ਵਿਚ ਹੋਈ ਸੀ। ਉਸ ਵੇਲੇ ਤੂੰ ਸਾਧੂਆਂ ਦੀ ਇਕ ਮੰਡਲੀ ਵਿਚ ਸੀ, ਜਿਸ ਦਾ ਮੁਖੀ ਔਘੜ ਨਾਥ ਜੋਗੀ, ਨਾਸਕ ਵਾਲਾ ਸੀ। ਮਾਧੋ ਦਾਸ ਨੇ ਇਹ ਸੁਣ ਕੇ ਅੱਖ ਉਠਾਈ ਤੇ ਗੁਰੂ ਜੀ ਵੱਲ ਵੇਖ ਕੇ ਬੋਲਿਆ, "ਆਪ ਗੁਰੂ ਗੋਬਿੰਦ ਸਿੰਘ ਹੋ, ਜਿਨ੍ਹਾਂ ਦੇ ਪਿਤਾ ਗੁਰੂ ਤੇਗ਼ ਬਹਾਦਰ ਜੀ ਨੇ ਦਿੱਲੀ ਵਿਚ ਜਾ ਕੇ ਅਪਣਾ ਬਲੀਦਾਨ ਦਿੱਤਾ ਸੀ।" ਸਤਿਗੁਰੂ ਜੀ ਨੇ ਆਖਿਆ,"ਹਾਂ ਮਾਧੋ ਦਾਸ, ਮੈਂ ਉਹੀ ਹਾਂ।" ਇਸ 'ਹਾਂ' ਦੀ ਆਵਾਜ਼ ਸੁਣ ਕੇ ਉਸ ਨੇ ਆਪਣਾ ਸੀਸ ਗੁਰੂ ਜੀ ਦੇ ਪੈਰਾਂ ਵਿਚ ਝੁਕਾ ਕੇ ਖਿਮਾ ਮੰਗੀ। ਸਤਿਗੁਰਾਂ ਫਿਰ ਕਿਹਾ, "ਮਾਧੋ ਦਾਸ, ਤੁਸਾਂ ਪੁੱਛਿਆ ਹੈ ਕਿ ਇਹ ਡੇਰਾ ਵੈਸ਼ਨੋ ਸਾਧੂਆਂ ਦਾ ਸੀ ਜਿੱਥੇ ਜਾਨਵਰ ਨਹੀਂ ਮਾਰਨੇ ਸਨ। ਮਾਧੋ ਦਾਸ, ਮੈਨੂੰ ਇਹ ਪਤਾ ਸੀ ਕਿ ਇਹ ਡੇਰਾ ਵੈਸ਼ਨੂਆਂ ਦਾ ਹੈ ਤਾਂ ਹੀ ਇਹ ਜਾਨਵਰ ਮਾਰੇ ਹਨ। ਮੈਂ ਤੈਨੂੰ ਜਗਾਉਣ ਵਾਸਤੇ ਏਥੇ ਆਇਆ ਹਾਂ। ਇਹ ਤਿੰਨ-ਚਾਰ ਜਾਨਵਰ ਮਰਨ ਨਾਲ ਤੇਰਾ ਇਹ ਡੇਰਾ ਭਿੱਟਿਆ ਗਿਆ ਹੈ। ਤੈਨੂੰ ਵੱਡੇ ਡੇਰੇ ਆਪਣੇ ਮੁਲਕ ਦਾ ਪਤਾ ਨਹੀਂ, ਜਿੱਥੇ ਰੋਜ਼ ਸੈਂਕੜੇ ਤੇ ਹਜ਼ਾਰਾਂ ਮਜ਼ਲੂਮ, ਨਿਰਦੋਸ਼ ਕੋਹੇ ਜਾ ਰਹੇ ਹਨ। ਮੈਂ ਸਿਰਫ਼ ਤੇਰਾ ਧਿਆਨ ਦਿਵਾਉਣ ਵਾਸਤੇ ਇਸ ਡੇਰੇ ਵਿਚ ਆਇਆ ਹਾਂ।" ਇਹ ਸੁਣ ਕੇ ਮਾਧੋ ਦਾਸ ਤਰੁਬਕ ਕੇ ਬੋਲਿਆ, "ਮੈਂ ਅੱਜ ਤੋਂ ਦਿਲੋ-ਜਾਨ ਤੋਂ ਤੁਹਾਡਾ **ਬੰਦਾ** ਹਾਂ, ਮੈਨੂੰ ਅੱਗੇ ਵਾਸਤੇ ਕਾਰ ਸੇਵਾ ਦੱਸੋ।" ਗੁਰੂ ਜੀ ਮੁਸਕੁਰਾਏ, ਮਾਧੋ ਦਾਸ ਦੀ ਤਰਫ਼ ਦੇਖਿਆ ਅਤੇ ਕਿਹਾ, "ਮਾਧੋ ਦਾਸ, ਬੰਦਾ ਹੋ ਕੇ ਕਿਸੇ ਦੀ ਤਾਬਿਆਦਾਰੀ ਕਰਨਾ ਬੜਾ ਔਖਾ ਹੈ। ਬੰਦਾ ਉਹੀ ਹੈ ਜੋ ਤਨ, ਮਨ, ਧਨ ਮਾਲਿਕ ਦੇ ਹੁਕਮ ਹੇਠ ਕੁਰਬਾਨ ਕਰ ਦੇਵੇ।"

ਮਾਧੋ ਦਾਸ ਹੁਣ ਪਹਿਲਾਂ ਵਾਲਾ ਮਾਧੋ ਦਾਸ ਨਹੀਂ ਸੀ ਰਿਹਾ। ਉਹ ਆਪਣਾ ਮਾਣ-ਤਾਣ ਤਜ ਕੇ, ਨਿਮਾਣਾ ਹੋ ਕੇ, ਗੁਰੂ ਜੀ ਦਾ ਬੰਦਾ ਬਣ ਗਿਆ ਸੀ। ਸਤਿਗੁਰਾਂ ਫੇਰ ਆਖਿਆ,"ਮਾਧੋ ਦਾਸ ਇਹ ਗੁਰੂ ਨਾਨਕ ਸਾਹਿਬ ਦਾ ਦਰ ਹੈ, ਇਸ ਦਰ 'ਤੇ ਜੋ ਵੀ ਆਉਂਦਾ ਹੈ ਉਸ ਦਾ ਪਿਛਲਾ ਜਨਮ, ਧਰਮ, ਕਰਮ, ਸ਼ਰਮ ਤੇ ਭਰਮ ਸਾਰੇ ਜਾਂਦੇ ਰਹਿੰਦੇ ਹਨ।" ਮਾਧੋ ਦਾਸ ਫੇਰ ਹੱਥ ਬੰਨ੍ਹ ਕੇ ਬੋਲਿਆ, "ਮਹਾਰਾਜ, ਮੈਨੂੰ ਅੱਜ ਤੋਂ ਕਿਸੇ ਤਰਫ਼ ਦੀ ਝਾਕ ਨਹੀਂ ਰਹੀ। ਮੈਂ ਪੂਰੇ ਤੌਰ 'ਤੇ ਆਪ ਦੇ ਦਰ ਦਾ ਬੰਦਾ ਬਣ ਗਿਆ ਹਾਂ।"

4 ਸਤੰਬਰ 1708 ਦੇ ਦਿਨ, ਬੰਦਾ ਸਿੰਘ ਨੇ ਖੰਡੇ ਦੀ ਪਾਹੁਲ ਲਈ। ਸਤਿਗੁਰਾਂ ਨੇ ਆਪਣੇ ਦਸਤ ਮੁਬਾਰਕ ਨਾਲ ਉਸ ਨੂੰ ਕੰਘਾ, ਕਿਰਪਾਨ, ਕੜਾ, ਕਛਹਿਰਾ ਭੇਟ ਕੀਤੇ। ਸਿਰ

'ਤੇ ਛੋਟੀ ਦਸਤਾਰ-ਕੇਸਕੀ ਸਜਾ ਕੇ ਬੈਰਾਗੀ ਤੋਂ ਸਿੰਘ ਰੂਪ ਵਿਚ ਲੈ ਆਂਦਾ। ਸਤਿਗੁਰਾਂ ਇਸ ਨੂੰ ਭਾਈ ਦਇਆ ਸਿੰਘ ਤੇ ਤਿੰਨ ਹੋਰ ਸਿੱਖਾਂ ਨੂੰ ਲੈ ਕੇ ਆਪਣੇ ਹੱਥੀਂ ਮਾਧੋ ਦਾਸ ਨੂੰ ਖੰਡੇ ਦੀ ਪਾਹੁਲ ਦੇ ਕੇ ਸਿੰਘ ਸਜਾ ਦਿੱਤਾ। ਸਤਿਗੁਰਾਂ ਉਸ ਦਾ ਨਾਂ ਬੰਦਾ ਸਿੰਘ ਰੱਖਿਆ। ਇਸ ਮੌਕੇ 'ਤੇ ਸਿੰਘਾਂ ਨੇ 'ਅਕਾਲ! ਅਕਾਲ!' ਦੇ ਜੈਕਾਰੇ ਬੁਲਾ ਕੇ ਆਸਮਾਨ ਗੁੰਜਾ ਦਿੱਤਾ। (ਕਿਸੇ ਲੇਖਕ ਨੇ ਭੁਲੇਖੇ ਵਿਚ ਲਿਖਿਆ ਸੀ ਕਿ ਉਸ ਦਾ ਨਾਂ ਗੁਰਬਖ਼ਸ਼ ਸਿੰਘ ਰੱਖਿਆ ਗਿਆ ਸੀ ਜੋ ਕਿਸੇ ਵੀ ਸੋਮੇ ਵਿਚ ਲਿਖਿਆ ਨਹੀਂ ਮਿਲਦਾ, ਸੋ ਸਹੀ ਨਹੀਂ ਹੈ)।

ਪੰਜਾਬ ਦੀ ਹਾਲਤ ਸੁਣ ਕੇ ਅਤੇ ਮੁਗ਼ਲ ਹਾਕਮਾਂ ਦੀਆਂ ਕਰਤੂਤਾਂ ਸੁਣ ਕੇ ਬੰਦਾ ਸਿੰਘ ਨੇ ਗੁਰੂ ਜੀ ਤੋਂ ਪੰਜਾਬ ਜਾ ਕੇ ਦੁਸ਼ਟਾਂ ਨੂੰ ਸੋਧਣ ਦੀ ਇਜਾਜ਼ਤ ਮੰਗੀ। ਗੁਰੂ ਜੀ ਨੇ ਬੰਦਾ ਸਿੰਘ ਨੂੰ 4 ਸਤੰਬਰ 1708 ਦੇ ਦਿਨ ਖੰਡੇ ਦੀ ਪਾਹੁਲ ਦੇਣ ਮਗਰੋਂ ਪੂਰਾ ਇਕ ਮਹੀਨਾ ਬੰਦਾ ਸਿੰਘ ਨੂੰ ਪੂਰੀ ਸਿਖਲਾਈ ਦਿੱਤੀ। ਅਕਤੂਬਰ ਚੜ੍ਹਦਿਆਂ ਹੀ ਗੁਰੂ ਸਾਹਿਬ ਨੇ ਬੰਦਾ ਸਿੰਘ ਨੂੰ ਹੁਕਮਨਾਮੇ ਦੇ ਕੇ ਸਿੱਖਾਂ ਨੂੰ ਇਕੱਠਿਆਂ ਕਰਨ ਵਾਸਤੇ ਭੇਜਣ ਦੀ ਤਿਆਰੀ ਕੀਤੀ। ਇੰਝ ਲਗਦਾ ਹੈ ਕਿ ਗੁਰੂ ਸਾਹਿਬ ਬਾਬਾ ਬੰਦਾ ਸਿੰਘ ਨੂੰ ਭੇਜ ਕੇ, ਤਿਆਰੀ ਹੋਣ ਮਗਰੋਂ ਆਪ ਵੀ ਛੇਤੀ ਪੰਜਾਬ ਪਰਤਣਾ ਚਾਹੁੰਦੇ ਸਨ

1922: ਗੁਰੂ ਦਾ ਬਾਗ ਨੇੜੇ ਖੇਤਾਂ ਵਿਚ ਬਰਤਾਨਵੀ ਪੁਲਸ ਵੱਲੋਂ ਬੇਵਜਹ ਕੁੱਟੇ: ਭਗਤ ਸਿੰਘ ਦੀ ਮੌਤ ਹੋਈ

ਗੁਰੂ ਦਾ ਬਾਗ਼ ਮੋਰਚਾ ਦੌਰਾਨ ਜੱਥਿਆਂ ਦੀ ਜ਼ਾਲਮਾਨਾ ਕੁਟ ਦੇ ਨਾਲ-ਨਾਲ ਪੁਲੀਸ ਨੇ ਗੁਰੂ ਦਾ ਬਾਗ਼ ਦੇ ਆਲੇ-ਦੁਆਲੇ ਦੇ ਖੇਤਾਂ ਵਿਚ ਕੰਮ ਕਰਦੇ ਸਿੱਖਾਂ ਨੂੰ ਵੀ ਆਪਣੇ ਜ਼ੁਲਮ ਦਾ ਸ਼ਿਕਾਰ ਬਣਾਇਆ। ਇਸ ਸਰਕਾਰੀ ਜ਼ੁਲਮ ਨਾਲ ਸ਼ਹੀਦ ਹੋਣ ਵਾਲੇ ਪਹਿਲੇ ਦੋ ਸਿੰਘ ਭਗਤ ਸਿੰਘ ਤੇ ਤਾਰਾ ਸਿੰਘ (ਬਾਪ ਤੇ ਬੇਟਾ) ਸਨ, ਜਿਨ੍ਹਾਂ ਨੂੰ ਪਿੰਡ 'ਤੇਰਾ' ਦੇ ਖੇਤਾਂ ਵਿਚ ਸ਼ਹੀਦ ਕੀਤਾ ਗਿਆ; ਪੁਲਸ ਦੇ ਜ਼ੁਲਮ ਨਾਲ ਹੋਏ ਜ਼ਖ਼ਮਾਂ ਕਾਰਨ ਭਗਤ ਸਿੰਘ 4 ਸਤੰਬਰ ਨੂੰ ਚੜ੍ਹਾਈ ਕਰ ਗਿਆ (ਉਸ ਦੇ ਪੁੱਤਰ ਤਾਰਾ ਸਿੰਘ ਦੀ ਮੌਤ 17 ਸਤੰਬਰ ਨੂੰ ਹੋਈ ਸੀ)। ਮਗਰੋਂ ਪੁਲਸ ਨੇ ਇਨ੍ਹਾਂ 'ਤੇ ਇਹ ਦੋਸ਼ ਲਾਇਆ ਕਿ ਇਹ ਸੰਗਤਾਂ ਨੂੰ ਲੰਗਰ ਵਾਸਤੇ ਰਸਦ ਪਹੁੰਚਾਇਆ ਕਰਦੇ ਸਨ।ਇਸ ਦੀਆਂ ਦੇਹਾਂ ਦੇ ਸਸਕਾਰ ਸਮੇ ਹਜ਼ਾਰਾਂ ਸੰਗਤਾਂ ਸ਼ਾਮਿਲ ਹੋਈਆਂ।

1926: ਗੁਰਦੁਆਰਾ ਐਕਟ ਹੇਠ ਚੁਣੀ ਸ਼੍ਰੋਮਣੀ ਕਮੇਟੀ ਪਹਿਲਾ ਇਜਲਾਸ ਅੰਮ੍ਰਿਤਸਰ ਦੇ ਟਾਊਨ ਹਾਲ ਵਿਚ ਹੋਇਆ

1925 ਵਿਚ ਗੁਰਦੁਆਰਾ ਐਕਟ ਹੋਣ ਮਗਰੋਂ ਇਸ ਐਕਟ ਹੇਠ ਜੂਨ 1926 ਵਿਚ ਸੈਂਟਰਲ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੀਆਂ ਚੋਣਾਂ ਹੋਈਆਂ। ਚੋਣਾਂ ਵਿਚ ਬਾਬਾ ਖੜਕ ਸਿੰਘ-ਮਾਸਟਰ ਤਾਰਾ ਸਿੰਘ ਧੜੇ ਨੇ ਜ਼ਬਰਦਸਤ ਕਾਮਯਾਬੀ ਹਾਸਿਲ ਕੀਤੀ। ਇਸ ਮਗਰੋਂ ਇਸ ਧੜੇ ਦਾ ਨਾਂ ''ਅਕਾਲੀ ਪਾਰਟੀ'' ਵਜੋਂ ਜਾਣਿਆ ਜਾਣ ਲਗ ਪਿਆ ਅਤੇ ਦੂਜਾ ਧੜਾ ਜਿਸ ਦੇ ਮੁਖ ਆਗੂ ਸਰਦਾਰ ਬਹਾਦਰ ਮਹਿਤਾਬ ਸਿੰਘ ਅਤੇ ਗਿ: ਸ਼ੇਰ ਸਿੰਘ ਸਨ (ਜੋ ਇਨ੍ਹਾਂ ਚੋਣਾਂ ਤੋਂ ਪਹਿਲਾਂ 'ਸ਼੍ਰੋਮਣੀ ਕਮੇਟੀ ਧੜਾ' ਵਜੋਂ ਜਾਣਿਆ ਜਾਂਦਾ ਸੀ)। ਸ਼ਰਤਾਂ ਮੰਨ ਕੇ ਰਿਹਾਈਆਂ ਲੈਣ ਕਾਰਨ ਇਹ ਧੜਾ ਮਿਲਵਰਤਣੀਆ ਧੜਾ ਤੇ 'ਸ਼ਰਤਾਂ ਮੰਨੂ ਧੜਾ' ਵਜੋਂ ਮਸ਼ਹੂਰ ਹੋ ਗਿਆ। ਕਾਫ਼ੀ ਦੇਰ ਤਕ ਦੋਵੇਂ ਧੜੇ ਇਕ ਦੂਜੇ ਤੇ ਇਲਜ਼ਾਮ ਲਾਉਂਦੇ ਰਹੇ ਤੇ ਕਈ ਵਾਰ ਤਾਂ ਉਨ੍ਹਾਂ ਦੀ ਲੱਫਾਜ਼ੀ ਘਟੀਆ ਦਰਜੇ ਦੀ ਵੀ ਹੋ ਜਾਇਆ ਕਰਦੀ ਸੀ। ਖ਼ੈਰ, ਇਹ ਮਾਹੌਲ ਕਈ ਮਹੀਨੇ ਚਲਦਾ ਰਿਹਾ ਪਰ ਸ਼੍ਰੋਮਣੀ ਕਮੇਟੀ 'ਤੇ ''ਅਕਾਲੀ ਪਾਰਟੀ'' ਦੇ ਕਬਜ਼ੇ

ਤੋਂ ਕੁਝ ਚਿਰ ਮਗਰੋਂ ਇਸ ਇਲਜ਼ਾਮ-ਬਾਜ਼ੀ ਦੀ ਤੇਜ਼ੀ ਘਟ ਗਈ ਤੇ ਹੌਲੀ-ਹੌਲੀ ਉਨ੍ਹਾਂ ਦੀ ਸਰਗਰਮੀ ਵੀ ਘਟ ਗਈ। ਜੂਨ 1926 ਵਿਚ ਹੋਈਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਮਗਰੋਂ 4 ਸਤੰਬਰ ਦੇ ਦਿਨ ਇਸ ਨਵੀਂ ਕਮੇਟੀ ਦਾ ਪਹਿਲਾ ਰਸਮੀ ਇਜਲਾਸ ਟਾਊਨ ਹਾਲ ਅੰਮ੍ਰਿਤਸਰ ਵਿਚ ਹੋਇਆ ਜਿਸ ਵਿਚ ਨਾਮਜ਼ਦ ਮੈਂਬਰਾਂ ਦੀ ਚੋਣ ਕੀਤੀ ਗਈ।

1985: 'ਖ਼ੂਨੀ ਨਵੰਬਰ 1984' ਦੌਰਾਨ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਕਰਵਾਉਣ ਦਾ ਦੋਸ਼ੀ ਅਰਜਨ ਦਾਸ ਮਾਰਿਆ ਗਿਆ

'ਖ਼ੂਨੀ ਨਵੰਬਰ 1984' ਵਿਚ ਦਿੱਲੀ ਵਿਚ ਸਿੱਖਾਂ ਉੱਤੇ ਜ਼ੁਲਮ ਕਰਨ ਵਾਲੇ ਇੱਕ ਜ਼ਾਲਮ ਅਰਜਨ ਦਾਸ ਨੂੰ 4 ਸਤੰਬਰ 1985 ਦੇ ਦਿਨ ਖਾੜਕੂਆਂ ਨੇ ਮਾਰ ਦਿੱਤਾ। ਸਿਰਫ਼ 35 ਦਿਨ ਪਹਿਲਾਂ ਹੀ, 30 ਜੁਲਾਈ 1985 ਨੂੰ, ਸਿੱਖਾਂ ਦਾ ਕਤਲੇਆਮ ਕਰਵਾਉਣ ਵਾਲਾ ਇਕ ਹੋਰ ਜ਼ਾਲਮ ਲਲਿਤ ਮਾਕਨ ਵੀ ਮਾਰਿਆ ਜਾ ਚੁਕਾ ਸੀ। ਇਸ ਤੋਂ ਬਾਅਦ ਇਸ ਕਤਲੇਆਮ ਦੇ ਬਾਕੀ ਦੇ ਸਾਰੇ ਮੁਜਰਿਮਾਂ ਉੱਤੇ ਖ਼ਾਸ ਪਹਿਰੇ ਲਾ ਦਿੱਤੇ ਗਏ ਤੇ ਉਨ੍ਹਾਂ ਨੂੰ ਆਪਣੇ ਘਰਾਂ ਵਿਚ ਹੀ ਕੈਦੀ ਬਣਾ ਦਿੱਤਾ ਗਿਆ।

1987: ਗੁਰਦੇਵ ਸਿੰਘ ਤੇ ਗੁਰਦੀਪ ਸਿੰਘ ਦੀਪਾ ਸੋਮਲ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

4 ਸਤੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਗੁਰਦੇਵ ਸਿੰਘ (ਦੁਸ਼ਟ ਸੋਧ ਕਮਾਂਡੋ ਫੋਰਸ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਗੁਰਦੀਪ ਸਿੰਘ ਦੀਪਾ (ਪੁੱਤਰ ਪਾਲ ਸਿੰਘ ਸੋਮਲ, ਵਾਸੀ ਦੌਲਤਪੁਰ, ਲੁਧਿਆਣਾ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸੁਖਵਿੰਦਰ ਸਿੰਘ ਸੁੱਖਾ ਬੁਟਾਰੀ ਤੇ ਬਿਕਰਮਜੀਤ ਸਿੰਘ ਸੁਲਤਾਨਵਿੰਡ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

4 ਸਤੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਸੁਖਵਿੰਦਰ ਸਿੰਘ ਸੁੱਖਾ, ਬੁਟਾਰੀ ਤੇ ਬਿਕਰਮਜੀਤ ਸਿੰਘ (ਪੁੱਤਰ ਅਮਰੀਕ ਸਿੰਘ ਵਾਸੀ ਸੁਲਤਾਨਵਿੰਡ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਬਲਵਿੰਦਰ ਸਿੰਘ ਜਟਾਣਾ ਅਤੇ ਚਰਨਜੀਤ ਸਿੰਘ ਚੰਨਾ ਪੁਲਸ ਮੁਕਾਬਲੇ ਵਿਚ ਸ਼ਹੀਦ 4 ਸਤੰਬਰ 1991 ਦੇ ਦਿਨ ਭਾਈ ਬਲਵਿੰਦਰ ਸਿੰਘ ਜਟਾਣਾ ਉਤੇ ਚਰਨਜੀਤ ਸਿੰਘ ਚੰਨਾ ਪੁਲਸ ਨਾਲ ਇਕ ਅਸਲ ਮੁਕਾਬਲੇ ਦੌਰਾਨ ਸ਼ਹੀਦ ਹੋ ਗਏ। ਸਿਰਫ਼ 25 ਸਾਲ ਦੀ ਉਮਰ ਦੇ ਜਵਾਨ ਬਲਵਿੰਦਰ ਸਿੰਘ (ਪੁੱਤਰ ਸੋਹਨ ਸਿੰਘ, ਵਾਸੀ ਪਿੰਡ ਜਟਾਣਾ, ਜ਼ਿਲ੍ਹਾ ਰੋਪੜ) ਦਾ ਸਭ ਤੋਂ ਅਹਿਮ ਐਕਸ਼ਨ ਸਤਲੁਜ-ਜਮਨਾ ਲਿੰਕ ਨਹਿਰ ਰੋਕਣ ਵਾਸਤੇ ਇਸ ਪ੍ਰਾਜੈਕਟ ਦੇ ਇੰਜਨੀਅਰਾਂ ਐਮ.ਐਸ. ਸੀਕਰੀ ਤੇ ਅਵਤਾਰ ਔਲਖ ਨੂੰ 23 ਜੁਲਾਈ 1990 ਦੇ ਦਿਨ ਉਨ੍ਹਾਂ ਦੇ ਦਫ਼ਤਰ ਸੈਕਟਰ 26 ਚੰਡੀਗੜ੍ਹ ਵਿਚ ਕਤਲ ਕਰਨਾ ਸੀ। ਇਸ ਵਿਚ ਉਸ ਨਾਲ ਜਗਤਾਰ ਸਿੰਘ ਪੰਜੋਲਾ, ਬਲਬੀਰ ਸਿੰਘ ਫ਼ੌਜੀ ਤੇ ਹਰਮੀਤ ਸਿੰਘ ਭਊਵਾਲ ਵੀ ਸਾਮਿਲ ਸਨ। ਇਸ ਮਗਰੋਂ ਉਸ ਨੇ ਜ਼ਾਲਮ ਪੁਲਸ ਅਫ਼ਸਰ ਸੁਮੇਧ ਸੈਣੀ ਨੂੰ ਖ਼ਤਮ ਕਰਨ ਵਾਸਤੇ 29 ਅਗਸਤ ਦੇ ਦਿਨ ਉਸ ਦੀ ਗੱਡੀ 'ਤੇ ਹਮਲਾ ਕੀਤਾ ਸੀ ਜਿਸ ਵਿਚ ਸੁਮੇਧ ਸੈਣੀ ਬੁਰੀ ਤਰ੍ਹਾਂ ਜ਼ਖ਼ਮੀ ਹੋਇਆ ਸੀ ਪਰ ਉਸ ਦਾ ਡਰਾਇਵਰ ਮਾਰਿਆ ਗਿਆ ਸੀ। ਇਸ 'ਤੇ ਸੈਣੀ ਨੇ ਅਗਲੇ ਦਿਨ

ਆਪਣੇ ਟਾਊਟ ਨਕਲੀ ਨਿਹੰਗ ਅਜੀਤ ਪੂਹਲਾ ਤੇ ਆਪਣੇ ਕੁਝ ਵਫ਼ਾਦਾਰ ਪੁਲਸੀਆਂ ਨੂੰ ਭੇਜ ਕੇ 30 ਅਗਸਤ 1991 ਦੇ ਦਿਨ ਬਲਵਿੰਦਰ ਸਿੰਘ ਜਟਾਣਾ (ਉਸ ਦੀ ਦਾਦੀ, ਚਾਚੀ, ਚੇਚਰੀ ਭੈਣ ਤੇ ਭਤੀਜਾ) ਦਾ ਟੱਬਰ ਕਤਲ ਕਰਵਾ ਦਿੱਤਾ ਸੀ। ਪੁਲਸ ਨੇ ਜਟਾਣਾ ਦੇ ਸਿਰ 'ਤੇ 16 ਲੱਖ ਰੁਪੈ ਦਾ ਈਨਾਮ ਰੱਖਿਆ ਹੋਇਆ ਸੀ।

ਚਰਨਜੀਤ ਸਿੰਘ ਚੰਨਾ (ਪੁੱਤਰ ਰਾਮ ਕਿਸ਼ਨ, ਵਾਸੀ ਝੱਲੀਆਂ ਖੁਰਦ, ਜ਼ਿਲ੍ਹਾ ਰੋਪੜ) ਵੀ 1978-95 ਦੀ ਖਾੜਕੂ ਲਹਿਰ ਦਾ ਇਕ ਅਹਿਮ ਜਰਨੈਲ ਸੀ। ਪੁਲਸ ਨੇ 1984 ਦੇ ਅਖ਼ੀਰ ਵਿਚ ਉਸ ਨੂੰ ਇਕ ਝੂਠੇ ਕੇਸ ਵਿਚ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ। 1986 ਵਿਚ ਜਸਟਿਸ ਅਜੀਤ ਸਿੰਘ ਬੈਂਸ ਦੀ ਅਗਵਾਈ ਹੇਠ ਬਣੇ ਕਮਿਸ਼ਨ ਨੇ ਉਸ ਦੀ ਰਿਹਾਈ ਕਰਵਾਈ ਤੇ ਉਸ ਦੇ ਸਾਰੇ ਕੇਸ ਵਾਪਿਸ ਕਰਵਾਏ। ਇਸ ਮਗਰੋਂ ਉਹ ਮੋਰਿੰਡਾ ਦੀ ਸ਼ੂਗਰਮਿਲ ਵਿਚ ਕੰਮ ਕਰਨ ਲਗ ਪਿਆ; ਪਰ ਜਦ ਵੀ ਕੋਈ ਵਾਰਦਾਤ ਹੁੰਦੀ ਤਾਂ ਪੁਲਸ ਉਸ ਨੂੰ ਫੜ ਕੇ ਲੈ ਜਾਂਦੀ। ਅਖ਼ੀਰ ਤੰਗ ਆ ਕੇ ਉਹ ਘਰ ਛੱਡ ਗਿਆ ਤੇ ਫਿਰ ਕਿਸੇ ਹੋਰ ਨਾਂ ਹੇਠ ਪਾਸਪੋਰਟ ਬਣਾ ਕੇ ਅਮਰੀਕਾ ਚਲਾ ਗਿਆ। ਹੁਣ ਉਸ ਦਾ ਸਾਥੀ ਬਲਵਿੰਦਰ ਸਿੰਘ ਜਟਾਣਾ ਇਕੱਲਾ ਰਹਿ ਗਿਆ; ਇਸ ਕਰ ਕੇ ਜੁਲਾਈ 1991 ਵਿਚ ਉਹ ਵਾਪਿਸ ਪਰਤ ਆਇਆ ਸੀ। 4 ਸਤੰਬਰ 1991 ਦੇ ਦਿਨ ਬਲਵਿੰਦਰ ਸਿੰਘ ਜਟਾਣਾ ਤੇ ਚਰਨਜੀਤ ਸਿੰਘ ਚੰਨਾ ਪਟਿਆਲਾ ਵਿਚ ਇਕ ਮੀਟਿੰਗ ਤੋਂ ਪਰਤ ਰਹੇ ਸਨ ਤਾਂ ਸਾਧੂਗੜ੍ਹ ਕੋਲ ਪੁਲਸ ਨੇ ਉਨ੍ਹਾਂ ਦੀ ਗੱਡੀ ਰੋਕ ਲਈ। ਉਨ੍ਹਾਂ ਨੇ ਪੁਲਸ ਦੇ ਹੱਥ ਆਉਣ ਦੀ ਬਜਾਇ ਖੇਤਾਂ ਵੱਲ ਮੋੜ ਲਈ ਤੇ ਮੁਕਾਬਲਾ ਸ਼ੁਰੂ ਕਰ ਦਿੱਤਾ। ਪਰ, ਉਨ੍ਹਾਂ ਕੋਲ ਅਸਲਾ ਥੋੜ੍ਹਾ ਸੀ ਇਸ ਕਰ ਕੇ ਉਹ ਬਹੁਤੀ ਦੇਰ ਟੱਕਰ ਨਾ ਲੈ ਸਕੇ ਅਤੇ ਜਦ ਉਨ੍ਹਾਂ ਦਾ ਅਸਲਾ ਮੁਕ ਗਿਆ ਤਾਂ ਉਨ੍ਹਾਂ ਨੇ ਪੁਲਸ ਦੇ ਹੱਥ ਆ ਕੇ ਜ਼ੁਲਮ ਸਹਿ ਕੇ ਨਕਲੀ ਮੁਕਾਬਲੇ ਵਿਚ ਸ਼ਹੀਦ ਹੋਣ ਦੀ ਬਜਾਇ ਸਾਇਆਨਾਈਡ ਦੇ ਕੈਪਸੂਲ ਖਾ ਕੇ ਸ਼ਹੀਦ ਹੋਣਾ ਮਨਜ਼ੂਰ ਕੀਤਾ।

1991: ਦਿਲਬਾਗ ਸਿੰਘ ਬਾਗਾ ਪੰਡੋਰੀ ਰਣ ਸਿੰਘ, ਮੇਜਰ ਸਿੰਘ ਘੁੱਕ ਸੁਰ ਸਿੰਘ, ਅਵਤਾਰ ਸਿੰਘ ਬਿੱਲਾ ਕੱਲ੍ਹਾ, ਲਖਵਿੰਦਰ ਸਿੰਘ ਲੱਖਾ ਹਰਚੋਵਾਲ, ਵਰਿੰਦਰ ਸਿੰਘ ਬੱਬੀ ਭੱਖਾ, ਕੇ.ਬੀ ਸਿੰਘ ਸਠਿਆਲਾ, ਦਾਸੂਵਾਲ ਦੇ ਜਗੀਰ ਸਿੰਘ ਤੇ ਦੇਸਾ ਸਿੰਘ, ਸਤਨਾਮ ਸਿੰਘ ਚੁਸਲੇਵੜ, ਸੁਖਵਿੰਦਰ ਸਿੰਘ ਪਟਿਆਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

4 ਸਤੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਦਿਲਬਾਗ ਸਿੰਘ ਬਾਗਾ (ਵਾਸੀ ਪੰਡੋਰੀ ਰਣ ਸਿੰਘ), ਮੇਜਰ ਸਿੰਘ ਘੁੱਕ (ਵਾਸੀ ਸੁਰ ਸਿੰਘ), ਅਵਤਾਰ ਸਿੰਘ ਬਿੱਲਾ (ਵਾਸੀ ਕੱਲ੍ਹਾ), ਲਖਵਿੰਦਰ ਸਿੰਘ ਲੱਖਾ (ਵਾਸੀ ਹਰਚੋਵਾਲ), ਵਰਿੰਦਰ ਸਿੰਘ ਬੱਬੀ, ਉਰਫ਼ ਗੁਜਰ ਸਿੰਘ (ਵਾਸੀ ਭੱਖਾ), ਕੇ.ਬੀ ਸਿੰਘ (ਵਾਸੀ ਸਠਿਆਲਾ), ਜਗੀਰ ਸਿੰਘ ਤੇ ਦੇਸਾ ਸਿੰਘ (ਦੋਵੇਂ ਵਾਸੀ ਦਾਸੂਵਾਲ), ਸਤਨਾਮ ਸਿੰਘ (ਵਾਸੀ ਚੁਸਲੇਵੜ), ਸੁਖਵਿੰਦਰ ਸਿੰਘ (ਵਾਸੀ ਪਟਿਆਲਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਸੁਖਵਿੰਦਰ ਸਿੰਘ ਲੋਹਾਰ, ਗੁਲਾਬ ਸਿੰਘ ਗੁਲਾਬਾ, ਗੁਰਮੀਤ ਸਿੰਘ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

4 ਸਤੰਬਰ 1992 ਦੇ ਦਿਨ ਪੁਲਸ ਨੇ ਸੁਖਵਿੰਦਰ ਸਿੰਘ (ਪਤਰ ਕਸ਼ਮੀਰ ਸਿੰਘ, ਵਾਸੀ ਲੋਹਾਰ, ਨੇੜੇ ਜੌਹਲ ਢਹੇ ਵਾਲਾ, ਜ਼ਿਲ੍ਹਾ ਅੰਮ੍ਰਿਤਸਰ), ਗੁਲਾਬ ਸਿੰਘ ਗੁਲਾਬਾ, ਗੁਰਮੀਤ ਸਿੰਘ ਤੇ ਤਿੰਨ ਹੋਰ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1992: ਅੰਮ੍ਰਿਤਪਾਲ ਸਿੰਘ, ਰਣਜੀਤ ਸਿੰਘ ਹੈਪੀ, ਉਸ ਦੀ ਪਤਨੀ ਅਤੇ ਸ਼ਮਸ਼ੇਰ ਸਿੰਘ ਭਾਈ ਰੂਪਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

4 ਸਤੰਬਰ 1992 ਦੇ ਦਿਨ ਹੀ ਪੁਲਸ ਨੇ ਅੰਮ੍ਰਿਤਪਾਲ ਸਿੰਘ, ਰਣਜੀਤ ਸਿੰਘ ਹੈਪੀ ਤੇ ਉਸ ਦੀ ਪਤਨੀ ਅਤੇ ਸ਼ਮਸ਼ੇਰ ਸਿੰਘ (ਵਾਸੀ ਭਾਈ ਰੂਪਾ) ਨੂੰ ਨਕਲੀ ਮੁਕਾਬਲਿਆਂ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

2014: ਸਿੱਖ ਪ੍ਰਿੰਸੀਪਲ ਨੇ ਸਿੱਖ ਬੱਚਿਆਂ ਦੇ ਕੜੇ ਤੇ ਹੋਰ ਕਕਾਰ ਲੁਹਾਏ

4 ਸਤੰਬਰ 2014 ਦੇ ਦਿਨ ਬਰਨਾਲਾ ਦੇ ਇਕ ਸਿੱਖ ਸਕੂਲ 'ਗਾਂਧਾ ਸਿੰਘ ਸਕੂਲ' ਵਿਚ ਸਿੱਖ ਪ੍ਰਿੰਸੀਪਲ ਨੇ ਬੱਚਿਆਂ ਦੇ ਕੜੇ ਤੇ ਕਕਾਰ ਲੁਹਾਏ। ਮਗਰੋਂ ਸਿਰਫ਼ 'ਗ਼ਲਤੀ ਹੋ ਗਈ' ਕਹਿ ਕੇ ਖਹਿੜਾ ਛੁਡਾਇਆ।

5 ਸਤੰਬਰ

1623: ਗੁਰੂ ਹਰਗੋਬਿੰਦ ਸਾਹਿਬ ਦੇ ਬੇਟੇ ਸੂਰਜ ਮੱਲ ਦਾ ਜਨਮ ਹੋਇਆ

ਗੁਰੂ ਹਰਗੋਬਿੰਦ ਸਾਹਿਬ ਦੇ ਬੇਟੇ ਸੂਰਜ ਮੱਲ ਦਾ ਜਨਮ 5 ਸਤੰਬਰ 1623 ਦੇ ਦਿਨ ਮਾਤਾ ਮਹਾਂਦੇਵੀ ਦੀ ਕੁੱਖ ਤੋਂ ਅੰਮ੍ਰਿਤਸਰ ਵਿਚ ਹੋਇਆ ਸੀ। ਸੂਰਜ ਮੱਲ ਬਹੁਤਾ ਸਮਾਂ ਕੀਰਤਪੁਰ ਵਿਚ ਹੀ ਰਿਹਾ। ਉਸ ਦਾ ਵਿਆਹ ਬੀਬੀ ਖੇਮ ਕੌਰ ਪੁਤਰੀ ਭਾਈ ਖੇਮ ਚੰਦ ਸਿੱਲੀ ਦੀ ਬੇਟੀ ਨਾਲ ਹੋਇਆ ਸੀ। ਉਨ੍ਹਾਂ ਦੇ ਘਰ ਦੀਪ ਚੰਦ ਤੇ ਨੰਦ ਚੰਦ ਦੋ ਬੇਟੇ ਪੈਦਾ ਹੋਏ। ਇਨ੍ਹਾਂ ਵਿਚੋਂ ਦੀਪ ਚੰਦ ਦੇ ਘਰ ਦੋ ਬੇਟੇ ਗੁਲਾਬ ਸਿੰਘ ਅਤੇ ਸ਼ਯਾਮ ਸਿੰਘ ਪੈਦਾ ਹੋਏ। ਅਨੰਦਪੁਰ ਦੇ ਮੌਜੂਦਾ ਸੋਢੀ ਇਸੇ ਪਰਵਾਰ ਚੋਂ ਹਨ ਤੇ 'ਵੱਡੇ ਮੇਲ ਦੇ ਸੋਢੀ' ਅਖਵਾਉਂਦੇ ਹਨ।

1914: ਕਨੇਡਾ ਵਿਚ ਗ਼ਦਾਰ ਬੇਲਾ ਸਿੰਘ ਜਿਆਣ ਨੇ ਭਾਈ ਭਾਗ ਸਿੰਘ ਭਿੱਖੀ ਵਿੰਡ ਤੇ ਭਾਈ ਬਤਨ ਸਿੰਘ ਦਲੇਲਸਿੰਘਵਾਲਾ ਨੂੰ ਸ਼ਹੀਦ ਕੀਤਾ

ਕਾਮਾਗਾਟਾਮਾਰੂ ਜਹਾਜ਼ ਦੇ ਮਾਮਲੇ ਵਿਚ ਸਰਕਾਰ ਨਾਲ ਟੱਕਰ ਲੈਣ ਕਰ ਕੇ ਕਨੇਡਾ ਦੇ ਅੰਗਰੇਜ਼ ਹਾਕਮ ਕਨੇਡਾ ਦੇ ਸਿੱਖਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਸਜ਼ਾ ਦੇਣਾ ਚਾਹੁੰਦੇ ਸਨ। ਉਨ੍ਹਾਂ ਨੂੰ ਵੈਨਕੂਵਰ ਗੁਰਦੁਆਰੇ ਦੇ ਪ੍ਰਧਾਨ ਭਾਈ ਭਾਗ ਸਿੰਘ (ਭਿੱਖੀ ਵਿੰਡ), ਗ੍ਰੰਥੀ ਭਾਈ ਬਲਵੰਤ ਸਿੰਘ (ਖੁਰਦਪੁਰ), ਭਾਈ ਬਤਨ ਸਿੰਘ (ਦਲੇਲ ਸਿੰਘ ਵਾਲਾ), ਭਾਈ ਸੁੰਦਰ ਸਿੰਘ (ਬਾੜੀਆਂ) ਤੇ ਹਰਨਾਮ ਸਿੰਘ (ਸਾਹਰੀ) ਵਧੇਰੇ ਚੁਭਦੇ ਸਨ। ਅੰਗਰੇਜ਼ਾਂ ਨੇ ਸਿੱਖਾਂ ਦੇ ਖ਼ਿਲਾਫ਼ ਪੁਲੀਸ ਤੇ ਖ਼ੁਫ਼ੀਆ ਮਹਿਕਮੇ ਵਿਚ ਇਕ ਸੈੱਲ ਕਾਇਮ ਕੀਤਾ ਹੋਇਆ ਸੀ ਜਿਸ ਦਾ ਇੰਚਾਰਜ ਇਕ ਅੰਗਰੇਜ਼ ਹਾਪਕਿਨਸਨ ਸੀ ਜੋ ਇੰਟੈਲੀਜੈਂਸ ਮਹਿਕਮੇ ਦਾ ਇਕ ਅਫ਼ਸਰ ਸੀ (ਉਹ ਇਕ ਹਿੰਦੂ ਮਾਂ ਤੇ ਗੋਰੇ ਬਾਪ ਤੋਂ ਹੋਣ ਕੇ ਕੁਝ-ਕੁਝ ਪੰਜਾਬੀ ਵੀ ਸਮਝ ਸਕਦਾ ਸੀ)। ਉਸ ਨੇ ਬੇਲਾ ਸਿੰਘ (ਜਿਆਣ), ਬਾਬੂ ਸਿੰਘ, ਹਰਨਾਮ ਸਿੰਘ (ਮਿਲਸਾਈਡ ਗੁਰਦੁਆਰੇ ਦਾ ਇਕ ਸਾਬਕਾ ਗ੍ਰੰਥੀ ਜੋ ਬਾਬੂ ਸਿੰਘ ਦੇ ਨਾਲ ਇਕੋ ਕਮਰੇ ਵਿਚ ਰਹਿੰਦਾ ਸੀ), ਅਰਜਨ ਸਿੰਘ ਤੇ ਇਕ ਦੋ ਹੋਰ ਪੰਜਾਬੀ ਆਪਣੇ ਏਜੰਟ ਬਣਾਏ ਹੋਏ ਸਨ। 31 ਅਗਸਤ 1914 ਦੇ ਦਿਨ ਨੇੜੇ ਦੇ ਜੰਗਲ ਵਿਚ ਹਰਨਾਮ ਸਿੰਘ ਦੀ ਲਾਸ਼ ਮਿਲੀ; ਕਿਸੇ ਨੇ ਉਸ ਦਾ ਸਿਰ ਵੱਢ ਕੇ ਲਾਸ਼ ਜੰਗਲ ਵਿਚ ਸੁੱਟ ਦਿੱਤੀ ਸੀ (ਇਹ ਐਕਸ਼ਨ ਜਗਤ ਸਿੰਘ ਸੁਰਸਿੰਘ ਦਾ ਸੀ; ਇਹ ਜਗਤ ਸਿੰਘ ਸਾਜ਼ਿਸ਼ ਕੇਸ ਵਿਚ ਫ਼ਾਂਸੀ ਲਗਣ ਵਾਲਾ ਨਹੀਂ, ਇਕ ਹੋਰ ਸੀ)। ਇਹ ਹਰਨਾਮ ਸਿੰਘ 17 ਅਗਸਤ ਤੋਂ ਹੀ ਗ਼ਾਇਬ ਸੀ। ਕਿਉਂ ਕਿ ਪੁਲਸ ਨੂੰ ਕਾਤਲਾਂ ਦਾ ਪਤਾ ਨਾ ਲੱਗਾ ਇਸ ਕਰ ਕੇ ਗ਼ਦਾਰਾਂ ਦੇ ਹੌਸਲੇ ਬਹੁ ਤਰ੍ਹਾਂ ਡਿਗੇ ਸਨ। ਗ਼ਦਾਰਾਂ ਦੀ ਬਦਕਿਸਮਤੀ ਕਿ 3 ਸਤੰਬਰ ਨੂੰ,

ਅਪਣੇ ਹੀ ਇਕ ਦੋਸਤ, ਰਾਮ ਸਿੰਘ ਹੱਥੋਂ ਗ਼ਲਤੀ ਨਾਲ ਗੋਲੀ ਚਲ ਜਾਣ ਕਾਰਨ ਅਰਜਨ ਸਿੰਘ ਵੀ ਮਾਰਿਆ ਗਿਆ।

ਹੁਣ ਬੇਲਾ ਸਿੰਘ (ਗੋਰਿਆਂ ਦਾ ਟਾਊਟ) ਸਿੱਖ ਆਗੂਆਂ 'ਤੇ ਵਾਰ ਕਰਨਾ ਚਾਹੁੰਦਾ ਸੀ। ਅਰਜਨ ਸਿੰਘ ਦਾ ਸਸਕਾਰ 5 ਸਤੰਬਰ ਨੂੰ ਹੋਇਆ; ਸਸਕਾਰ ਮਗਰੋਂ ਸਿੱਖ ਗੁਰਦੁਆਰੇ ਵਿਚ ਬੈਠੇ ਸੀ ਤਾਂ ਅਰਜਨ ਸਿੰਘ ਦੇ ਯਾਰ ਬੇਲਾ ਸਿੰਘ, ਜੋ ਪਹਿਲਾਂ ਹੀ ਤਿਆਰੀ ਕਰ ਕੇ ਆਇਆ ਹੋਇਆ ਸੀ, ਨੇ ਗੁਰਦੁਆਰੇ ਦੇ ਪ੍ਰਧਾਨ ਭਾਈ ਭਾਗ ਸਿੰਘ (ਭਿੱਖੀ ਵਿੰਡ, ਪਹਿਲੋਂ ਜ਼ਿਲ੍ਹਾ ਲਾਹੌਰ, 1947 ਤੋਂ ਅੰਮ੍ਰਿਤਸਰ ਤੇ 2006 ਤੋਂ ਜ਼ਿਲ੍ਹਾ ਤਰਨਤਾਰਨ) 'ਤੇ ਗੋਲੀਆਂ ਚਲਾਈਆਂ। ਉਸ ਦੇ ਬਚਾਅ ਵਾਸਤੇ ਬਤਨ ਸਿੰਘ (ਦਲੇਲ ਸਿੰਘ ਵਾਲਾ, ਹੁਣ ਜ਼ਿਲ੍ਹਾ ਮਾਨਸਾ) ਅੱਗੇ ਆਇਆ। ਬੇਲਾ ਸਿੰਘ ਨੇ ਉਸ 'ਤੇ ਵੀ ਫ਼ਾਇਰ ਕਰ ਦਿੱਤਾ। ਉਹ ਦੋਵੇਂ ਅਗਲੇ ਦਿਨ ਚੜ੍ਹਾਈ ਕਰ ਗਏ।

ਭਾਵੇਂ ਸਰਕਾਰ ਨੇ ਬੇਲਾ ਸਿੰਘ 'ਤੇ ਮੁਕੱਦਮਾ ਚਲਾਇਆ ਪਰ ਇਹ ਦਿਖਾਵੇ ਦੀ ਕਾਰਵਾਈ ਸੀ। ਬੇਲਾ ਸਿੰਘ ਦੇ ਹੱਕ ਵਿਚ ਸਾਰੇ ਮੁਕਾਮੀ ਹਿੰਦੂਆਂ ਬਾਬੂ, ਠਾਕਰ, ਸੇਵਾ, ਅਮਰ, ਨੱਥਾ, ਗੰਗੂ ਰਾਮ ਤੇ ਡਾ: ਰਘੂ ਨਾਥ ਤੋਂ ਇਲਾਵਾ ਹਾਪਕਿਨਸਨ ਸਫ਼ਾਈ ਦੇ ਗਵਾਹ ਵਜੋਂ ਪੇਸ਼ ਹੋਇਆ ਤੇ ਇਨ੍ਹਾਂ ਦੋ ਕਤਲਾਂ ਨੂੰ ਆਪਣੇ ਬਚਾਅ ਵਾਸਤੇ ਕੀਤੇ ਕਤਲ ਗਰਦਾਨਿਆ। ਇਹ ਸਾਰੀ ਸਕੀਮ ਤੇ ਕਾਰਵਾਈ ਹਾਪਕਿਨਸਨ ਦੀ ਸੀ। ਇਹ ਧੱਕਾ ਵੇਖ ਕੇ ਭਾਈ ਮੇਵਾ ਸਿੰਘ ਲੋਪੋਕੇ ਜਰ ਨਾ ਸਕਿਆ ਤੇ ਉਸ ਨੇ ਹਾਪਕਿਨਸਨ ਨੂੰ ਸਜ਼ਾ ਦੇਣ ਦਾ ਫ਼ੈਸਲਾ ਕੀਤਾ। 21 ਅਕਤੂਬਰ 114 ਦੇ ਦਿਨ ਜਦ ਹਾਪਕਿਨਸਨ ਅਦਾਲਤ ਵਿਚ ਬੇਲਾ ਸਿੰਘ ਦੇ ਹੱਕ ਵਿਚ ਗਵਾਹੀ ਦੇਣ ਵਾਸਤੇ ਪੁੱਜਾ ਹੋਇਆ ਸੀ ਤਾਂ ਮੇਵਾ ਸਿੰਘ ਨੇ ਉਸ ਨੂੰ ਉੱਥੇ ਹੀ ਗੋਲੀਆਂ ਮਾਰ ਕੇ ਮਾਰ ਦਿੱਤਾ। ਮੇਵਾ ਸਿੰਘ ਨੂੰ 11 ਜਨਵਰੀ 1915 ਦੇ ਦਿਨ ਫ਼ਾਂਸੀ ਦਿੱਤੀ ਗਈ।

1922: ਲਾਇਲਪੁਰ ਅਕਾਲੀ ਜਥੇ ਦਾ ਜਥੇਦਾਰ ਪ੍ਰਿਥੀਪਾਲ ਸਿੰਘ ਗੁਰੂ ਦਾ ਬਾਗ ਮੋਰਚੇ ਵਿਚ ਜੱਥਾ ਲੈ ਕੇ ਗਿਆ

ਗੁਰੂ-ਦਾ-ਬਾਗ ਮੋਰਚਾ (1922) ਦੌਰਾਨ ਪੁਲੀਸ ਜੱਥਿਆਂ 'ਤੇ ਬਹੁਤ ਜ਼ੁਲਮ ਕਰਿਆ ਕਰਦੀ ਸੀ; ਲਾਠੀਆਂ ਅਤੇ ਡਰੱਮਾਂ ਨਾਲ ਕੁੱਟ-ਮਾਰ ਕੀਤੀ ਜਾਂਦੀ ਸੀ; ਇਸ ਦੇ ਬਾਵਜੂਦ ਜੱਥਿਆਂ ਵਿਚ ਸ਼ਾਮਿਲ ਹੋਣ ਵਾਲੇ ਸਿੱਖਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਜਾਂਦਾ ਸੀ। 5 ਸਤੰਬਰ 1922 ਦੇ ਦਿਨ ਲਾਇਲਪੁਰ ਦੇ ਅਕਾਲੀ ਜਥਾ ਦਾ ਮੁਖੀ ਪ੍ਰਿਥੀਪਾਲ ਸਿੰਘ ਜੱਥਾ ਲੈ ਕੇ ਗਿਆ; ਪੁਲਸ ਨੇ ਬੁਰੀ ਤਰ੍ਹਾਂ ਕੁੱਟ-ਮਾਰ ਕਰ ਕੇ ਸਾਰੇ ਸਿੱਖਾਂ ਨੂੰ ਬੇਹੋਸ਼ ਕਰ ਦਿੱਤਾ ਪਰ ਪ੍ਰਿਥੀਪਾਲ ਸਿੰਘ ਵਾਰ-ਵਾਰ ਉਠਣ ਦੀ ਕੋਸ਼ਿਸ਼ ਕਰਦਾ ਰਿਹਾ; ਜਦ ਹੀ ਉਹ ਸਿਰ ਚੁੱਕਦਾ ਪੁਲਸ ਦੀਆਂ ਲਾਠੀਆਂ ਉਸ 'ਤੇ ਵਰ੍ਹ ਪੈਂਦੀਆਂ; ਅਖ਼ੀਰ ਬੇਹੋਸ਼ ਹੋਏ ਨੂੰ ਗੁਰੂ ਰਾਮਦਾਸ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦਾ ਇਲਾਜ ਕੀਤਾ ਗਿਆ। ਪ੍ਰਿਥੀਪਾਲ ਸਿੰਘ ਦੀਆਂ ਸੱਟਾਂ ਏਨੀਆਂ ਗਹਿਰੀਆਂ ਸਨ ਕਿ ਉਹ ਕਦੇ ਵੀ ਰਾਜ਼ੀ ਨਾ ਹੋ ਸਕਿਆ ਅਤੇ 2 ਅਪਰੈਲ 1924 ਦੇ ਦਿਨ ਚੜ੍ਹਾਈ ਕਰ ਗਿਆ।

1987: ਸਵਿੰਦਰ ਸਿੰਘ ਬੱਗੇ ਖੁਰਦ, ਸ਼ਮਸੇਰ ਸਿੰਘ ਸੰਮੀ ਰਾਏਕੋਟ ਤੇ ਜਤਿੰਦਰ ਸਿੰਘ ਸੋਹੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

5 ਸਤੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਸਵਿੰਦਰ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਬੱਗੇ ਖੁਰਦ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਸ਼ਮਸੇਰ ਸਿੰਘ ਸੰਮੀ (ਪੁੱਤਰ ਮਿਲਖਾ ਸਿੰਘ ਲਿਲਾਰੀ

(ਵਾਸੀ ਬਰਨਾਲਾ ਰੋਡ, ਰਾਏਕੋਟ, ਲੁਧਿਆਣਾ), ਜਤਿੰਦਰ ਸਿੰਘ ਸੋਹੀ (ਪੁੱਤਰ ਜਥੇਦਾਰ ਹਰਨੇਕ ਸਿੰਘ, ਵਾਸੀ ਸੋਹੀਆਂ, ਜਗਰਾਉਂ, ਲੁਧਿਆਣਾ) ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਗੁਰਜੰਟ ਸਿੰਘ ਜੋਗਾ, ਗੁਰਲਾਲ ਸਿੰਘ ਲੀਲਾ ਚੂਸਲ ਖੁਰਦ, ਗੁਰਜੰਟ ਸਿੰਘ ਬੀਰੇਵਾਲਾ ਤੇ ਬਲਬੀਰ ਸਿੰਘ ਲੁਧੜ ਨਕਲੀ ਮੁਕਾਬਲੇ ਵਿਚ ਸ਼ਹੀਦ

5 ਸਤੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਗੁਰਜੰਟ ਸਿੰਘ ਜੋਗਾ, ਗੁਰਲਾਲ ਸਿੰਘ ਲੀਲਾ (ਵਾਸੀ ਚੂਸਲ ਖੁਰਦ) ਤੇ ਗੁਰਜੰਟ ਸਿੰਘ (ਵਾਸੀ ਬੀਰੇਵਾਲਾ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।15 ਸਤੰਬਰ 1991 ਦੇ ਦਿਨ ਹੀ ਪੰਜਾਬ ਪੁਲਸ ਨੇ ਬਲਬੀਰ ਸਿੰਘ ਲੁਧੜ ਉਰਫ਼ ਜਲਜੰਤ ਸਿੰਘ ਬਬਰ (ਪੁੱਤਰ ਬੰਤਾ ਸਿੰਘ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਵਿਜੈਪਾਲ ਸਿੰਘ ਤੇ ਗੁਰਜਿੰਦਰ ਸਿੰਘ ਜਲੰਧਰ ਨਕਲੀ ਮੁਕਾਬਲੇ ਵਿਚ ਸ਼ਹੀਦ

5 ਸਤੰਬਰ 1992 ਦੇ ਦਿਨ ਪੁਲਸ ਨੇ ਵਿਜੈਪਾਲ ਸਿੰਘ ਤੇ ਗੁਰਜਿੰਦਰ ਸਿੰਘ ਜਲੰਧਰ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਟੀਚਰਜ਼ ਡੇਅ 'ਤੇ ਮੋਦੀ ਨੇ ਲੈਕਚਰ ਧੱਕੇ ਨਾਲ ਬੱਚਿਆਂ ਨੂੰ ਲੈਕਚਰ ਸੁਣਵਾਇਆ

5 ਸਤੰਬਰ 2014 ਦੇ ਦਿਨ 'ਟੀਚਰਜ਼ ਡੇਅ' 'ਤੇ, ਭਾਰਤ ਦੇ ਭਾਜਪਾ ਦੇ ਪ੍ਰਾਈਮ ਮਨਿਸਟਰ, ਨਰੇਂਦਰ ਮੋਦੀ ਨੇ ਧੱਕੇ ਨਾਲ ਬੱਚਿਆਂ ਨੂੰ ਆਪਣਾ ਲੈਕਚਰ ਸੁਣਵਾਇਆ। ਇਸ ਵਾਸਤੇ ਪ੍ਰਾਇਮਰੀ ਦੇ ਬੱਚਿਆਂ ਨੂੰ ਵੀ ਸ਼ਾਮ ਸਾਢੇ 3 ਤੋਂ ਪੌਣੇ 5 ਵਜੇ ਤਕ ਬੰਨ੍ਹੀ ਰੱਖਿਆ।ਮੋਦੀ ਨੇ ਇਹ ਹਰਕਤ ਆਪਣੀ ਮਸ਼ਹੂਰੀ ਵਾਸਤੇ ਕੀਤੀ ਸੀ ਪਰ ਲੋਕਾਂ ਨੇ ਇਸ ਹੋਛਾਪਣ ਵਾਸਤੇ ਮੋਦੀ ਨੂੰ ਸਗੋਂ ਗਾਲ੍ਹਾਂ ਕੱਢੀਆਂ।

6 ਸਤੰਬਰ

1838: ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਦਲੀਪ ਸਿੰਘ ਦਾ ਜਨਮ ਹੋਇਆ

ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਦਲੀਪ ਸਿੰਘ ਦਾ ਜਨਮ ਰਾਣੀ ਜਿੰਦਾਂ ਦੀ ਕੁੱਖ ਤੋਂ 6 ਸਤੰਬਰ 1838 ਦੇ ਦਿਨ ਹੋਇਆ ਸੀ। ਉਹ ਪੰਜ ਸਾਲ ਦੀ ਉਮਰ ਵਿਚ 18 ਸਤੰਬਰ 1843 ਦੇ ਦਿਨ ਲਾਹੌਰ ਸਲਤਨਤ ਦਾ ਮਹਾਰਾਜਾ ਬਣਿਆ। ਇਸ ਤੋਂ ਸਿਰਫ਼ ਦੋ ਸਾਲ ਮਗਰੋਂ ਹੀ ਜੰਮੂ ਦੇ ਡੋਗਰਿਆਂ ਤੇ ਹਿੰਦੁਸਤਾਨ ਦੇ ਬ੍ਰਾਹਮਣ ਗ਼ਦਾਰਾਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਇਸ ਮੁਲਕ ਨੂੰ ਅੰਗਰੇਜ਼ਾਂ ਦੀ ਝੋਲੀ ਵਿਚ ਪਾ ਦਿੱਤਾ। 29 ਮਾਰਚ 1849 ਦੇ ਦਿਨ ਜਦ ਅੰਗਰੇਜ਼ਾਂ ਨੇ ਪੰਜਾਬ 'ਤੇ ਪੱਕਾ ਕਬਜ਼ਾ ਕਰ ਲਿਆ ਤਾਂ ਦਲੀਪ ਸਿੰਘ 'ਸਾਬਕਾ' ਮਹਾਰਾਜਾ ਬਣ ਗਿਆ।

1901: ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਚੜ੍ਹਾਈ ਕਰ ਗਏ

ਸਿੰਘ ਸਭਾ ਲਹਿਰ ਦੇ ਮਹਾਨ ਆਗੂ ਪੰਥ ਰਤਨ ਗਿਆਨੀ ਦਿੱਤ ਸਿੰਘ 6 ਸਤੰਬਰ 1901 ਦੇ ਦਿਨ ਚੜ੍ਹਾਈ ਕਰ ਗਏ।ਪੰਥ ਰਤਨ ਗਿਆਨੀ ਦਿੱਤ ਸਿੰਘ ਦਾ ਜਨਮ 21 ਅਪ੍ਰੈਲ

1853 ਦੇ ਦਿਨ ਕੌਲਗੜ੍ਹ (ਰਿਆਸਤ ਪਟਿਆਲਾ) ਵਿਚ ਹੋਇਆ ਸੀ। (ਉਨ੍ਹਾਂ ਦੀ ਜੀਵਨੀ ਵਾਸਤੇ ਵੇਖੋ 20 ਅਪ੍ਰੈਲ ਦਾ ਇਤਿਹਾਸ)।

1922: ਤੇਜਾ ਕਲਾਂ ਗੁਰਦੁਆਰੇ 'ਤੇ ਪੰਥ ਦਾ ਕਬਜ਼ਾ ਹੋ ਗਿਆ

ਗੁਰਦੁਆਰਾ ਸੁਧਾਰ ਲਹਿਰ ਦੌਰਾਨ 6 ਸਤੰਬਰ 1922 ਦੇ ਦਿਨ ਅਕਾਲੀਆਂ ਨੇ ਤੇਜਾ ਕਲਾਂ ਦੇ ਗੁਰਦੁਆਰੇ ਨੂੰ ਵੀ ਮਹੰਤਾਂ ਤੋਂ ਅਜ਼ਾਦ ਕਰਵਾ ਲਿਆ।

1960: ਪੰਜਾਬੀ ਸੂਬਾ ਮੋਰਚਾ ਦੌਰਾਨ ਦਰਬਾਰ ਸਾਹਿਬ ਦੇ ਹੈਡ ਗੰਥੀ ਗਿਆਨੀ ਭੂਪਿੰਦਰ ਸਿੰਘ ਗ੍ਰਿਫ਼ਤਾਰ ਕੀਤੇ ਗਏ

1960 ਦੇ ਪੰਜਾਬੀ ਸੂਬਾ ਮੋਰਚੇ ਦੀ ਕਾਮਯਾਬੀ ਤੋਂ ਬੌਖ਼ਲਾਈ ਹੋਈ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਨੇ 6 ਸਤੰਬਰ 1960 ਦੇ ਦਿਨ ਦਰਬਾਰ ਸਾਹਿਬ ਦੇ ਹੈਡ-ਗਰੰਥੀ ਗਿਆਨੀ ਭੁਪਿੰਦਰ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਇਹ ਗ੍ਰਿਫ਼ਤਾਰੀ ਵੀ ਸਿੱਖਾਂ ਦੇ ਹੌਸਲੇ ਡੇਗਣ ਵਾਸਤੇ ਕੀਤੀ ਗਈ ਸੀ। ਪਰ ਇਸ ਨਾਲ ਵੀ ਸਿੱਖਾਂ ਵਿਚ ਸਗੋਂ ਰੋਸ ਅਤੇ ਰੋਹ ਦੇ ਨਾਲ ਨਾਲ ਜੋਸ਼ ਵੀ ਵਧਿਆ। ਇਸ ਗ੍ਰਿਫ਼ਤਾਰੀ ਦੇ ਖ਼ਿਲਾਫ਼ ਸਾਰੇ ਸਿੱਖ ਪੰਥ ਨੇ ਜ਼ਬਰਦਸਤ ਪ੍ਰੋਟੈਸਟ ਕੀਤਾ। 11 ਸਤੰਬਰ 1960 ਦਾ ਦਿਨ ਸਿੱਖਾਂ ਨੇ ਇਸ ਗ੍ਰਿਫ਼ਤਾਰੀ ਦੇ ਖ਼ਿਲਾਫ਼ 'ਰੋਸ ਦਿਨ' ਵਜੋਂ ਮਨਾਇਆ। ਇਸ ਦਿਨ ਪੰਜਾਬੀ ਹੀ ਨਹੀਂ ਬਲਕਿ ਪਰਦੇਸਾਂ ਦੇ ਸਾਰੇ ਗੁਰਦੁਆਰਿਆਂ ਵਿਚ ਵੀ ਦੀਵਾਨ ਸਜਾਏ ਗਏ। ਇਕ ਖ਼ਬਰ ਮੁਤਾਬਿਕ ਮਲੇਸ਼ੀਆ ਅਤੇ ਸਿੰਘਾਪੁਰ ਦੇ ਸਾਰੇ ਸਵਾ ਸੌ ਗੁਰਦੁਆਰਿਆਂ ਵਿਚ ਸਿੱਖਾਂ ਨੇ ਦੀਵਾਨ ਕੀਤੇ ਅਤੇ ਇਸ ਗ੍ਰਿਫ਼ਤਾਰੀ ਦੇ ਖ਼ਿਲਾਫ਼ ਰੋਸ ਜ਼ਾਹਿਰ ਕੀਤਾ।

1965: ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗ ਸ਼ੁਰੂ ਹੋਈ (ਜੰਗ ਦੌਰਾਨ ਸਿੱਖ ਜਰਨੈਲਾਂ ਨੇ ਕਮਾਲ ਦੀ ਅਗਵਾਈ ਦਿੱਤੀ)

ਸਤੰਬਰ 1965 ਵਿਚ ਜਦ ਭਾਰਤ ਪਾਕਿ ਜੰਗ ਹੋਈ; ਇਸ ਜੰਗ ਵਿਚ ਖੇਮਕਰਨ ਸੈਕਟਰ ਵਿਚ ਪਾਕਿਸਤਾਨ ਦੀਆਂ ਫ਼ੌਜਾਂ ਬਹੁਤ ਅੱਗੇ ਵਧ ਆਈਆਂ। ਭਾਰਤੀ ਫ਼ੌਜ ਦੇ ਮੁਖੀ ਨੇ ਫ਼ੌਜੀਆਂ ਨੂੰ ਪਿੱਛੇ ਹਟ ਕੇ ਦਰਿਆ ਬਿਆਸ 'ਤੇ ਮੋਰਚੇ ਗੱਡਣ ਵਾਸਤੇ ਹਦਾਇਤ ਦਿਤੀ। ਪਰ ਜਨਰਲ ਹਰਬਖ਼ਸ਼ ਸਿੰਘ ਕਮਾਂਡਰ ਵੈਸਟਨ ਕਮਾਂਡ ਤੇ ਹੋਰ ਸਿੱਖ ਜਰਨੈਲਾਂ ਨੇ ਅੰਮ੍ਰਿਤਸਰ ਨੂੰ ਪਾਕਿਸਤਾਨ ਦੇ ਹਵਾਲੇ ਕਰਨ ਦੀ ਬਜਾਇ ਡੱਟ ਕੇ ਜੂਝਣ ਦਾ ਫ਼ੈਸਲਾ ਕਰ ਲਿਆ। ਇਸ ਮੌਕੇ 'ਤੇ ਜਨਰਲ ਹਰਬਖ਼ਸ਼ ਸਿੰਘ, ਮੇਜਰ ਜਨਰਲ ਜੋਗਿੰਦਰ ਸਿੰਘ, ਮੇਜਰ ਜਨਰਲ ਨਰਿੰਦਰ ਸਿੰਘ (ਜੋ ਮਗਰੋਂ ਖਾਲਿਸਤਾਨ ਲਹਿਰ ਦੇ ਆਗੂ ਵੀ ਬਣੇ), ਲੈਫ਼ਟੀਨੈਂਟ ਜਨਰਲ ਜੋਗਿੰਦਰ ਸਿੰਘ ਢਿੱਲੋਂ, ਬਰਗੇਡੀਅਰ ਪ੍ਰਕਾਸ਼ ਸਿੰਘ ਗਰੇਵਾਲ, ਬਰਗੇਡੀਅਰ ਐਸ.ਐਸ. ਕਲ੍ਹਾ, ਮੇਜਰ ਜਰਨਲ ਮਹਿੰਦਰ ਸਿੰਘ, ਬਰਗੇਡੀਅਰ ਬੰਤ ਸਿੰਘ, ਮੇਜਰ ਜਨਰਲ ਗੁਰਬਖ਼ਸ਼ ਸਿੰਘ ਨੇ ਕਮਾਲ ਦੀ ਅਗਵਾਈ ਦਿੱਤੀ; ਏਅਰ ਮਾਰਸ਼ਲ ਅਰਜਨ ਸਿੰਘ ਦੀ ਅਗਵਾਈ ਵਿਚ ਏਅਰ ਫ਼ੋਰਸ ਨੇ ਵੀ ਕਮਾਲ ਦਾ ਰੋਲ ਅਦਾ ਕੀਤਾ। ਕੈਪਟਨ ਅਮਰਿੰਦਰ ਸਿੰਘ (ਜੋ 2002 ਤੋਂ 2007 ਤਕ ਪੰਜਾਬ ਦਾ ਚੀਫ਼ ਮਨਿਸਟਰ ਰਿਹਾ) ਇਸ ਜੰਗ ਵੇਲੇ ਏ.ਡੀ.ਸੀ. ਵਜੋਂ ਤਇਨਾਤ ਸੀ। ਇਸ ਜੰਗ ਦੌਰਾਨ ਆਮ ਪੰਜਾਬੀਆਂ (ਦਰਅਸਲ ਸਿੱਖਾਂ) ਨੇ ਵੀ ਫ਼ੌਜ ਨੂੰ ਕਮਾਲ ਦਾ ਮਿਲਵਰਤਣ ਦਿੱਤਾ। ਉਸ ਸਮੇਂ ਦੌਰਾਨ ਸੜਕਾਂ 'ਤੇ ਚਲ ਰਹੀਆਂ ਫ਼ੌਜੀ ਗੱਡੀਆਂ ਅਤੇ ਸਰਹੱਦ 'ਤੇ ਤਾਇਨਾਤ ਫ਼ੌਜੀਆਂ ਤਕ ਨੂੰ ਸਿੱਖਾਂ ਦੇ ਘਰਾਂ ਤੋਂ ਸ਼ਾਨਦਾਰ ਖਾਣੇ ਬਣਾ ਕੇ ਪਹੁੰਚਾਏ ਜਾਂਦੇ ਸਨ। ਇਸ ਨੇ ਫ਼ੌਜੀਆਂ ਨੂੰ ਰੋਟੀ ਹੀ ਨਹੀਂ ਬਲਕਿ ਰੂਹਾਨੀ ਖੁਰਾਕ ਦੇ ਕੇ ਵੀ ਉਨ੍ਹਾ ਦੇ ਹੌਸਲੇ ਬੁਲੰਦ

ਕੀਤੇ। ਸਿੱਖ ਜਰਨੈਲਾਂ ਅਤੇ ਸਿੱਖ ਜਨਤਾ ਦੀ ਇਸ ਬਹਾਦਰੀ ਅਤੇ ਦਿਆਲਤਾ ਨੇ ਪ੍ਰਾਈਮ ਮਨਿਸਟਰ ਲਾਲ ਬਹਾਦਰ ਸ਼ਾਸਤਰੀ ਨੂੰ ਮਜਬੂਰ ਕਰ ਦਿੱਤਾ ਕਿ ਉਹ ਸਿੱਖਾਂ ਨਾਲ ਪੰਜਾਬੀ ਸੂਬਾ ਸਬੰਧੀ ਹੋ ਰਿਹਾ ਧੱਕਾ ਖ਼ਤਮ ਕਰ ਦੇਵੇ।

22 ਸਤੰਬਰ ਨੂੰ ਭਾਰਤ-ਪਾਕਿ ਜੰਗ ਮੁਕਦਿਆਂ ਹੀ ਸਰਕਾਰ ਨੇ ਅਗਲੇ ਦਿਨ 23 ਸਤੰਬਰ 1965 ਨੂੰ ਪੰਜਾਬੀ ਸੂਬੇ ਦੀ ਮੰਗ ਬਾਰੇ ਮਰਕਜ਼ੀ ਵਜ਼ੀਰਾਂ ਦੀ ਇਕ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ। ਇਸ ਕਮੇਟੀ ਵਿਚ ਇਦਰਾ ਗਾਂਧੀ, ਚਵਾਨ ਤੇ ਮਹਾਂਵੀਰ ਤਿਆਗੀ ਤਿੰਨ ਮੈਂਬਰ ਸਨ। ਇਸ ਦੇ ਨਾਲ ਹੀ 22 ਐਮ.ਪੀਜ਼. ਇਕ 'ਸਲਾਹਕਾਰ ਕਮਟੀ' ਵੀ ਬਣਾ ਦਿੱਤੀ ਗਈ। ਇਸ ਕਮੇਟੀ ਦਾ ਚੇਅਰਮੈਨ ਹੁਕਮ ਸਿੰਘ ਸਪੀਕਰ ਸੀ।ਇਸ ਦੌਰਾਨ ਪ੍ਰਾਈਮ ਮਨਿਸਟਰ ਲਾਲ ਬਹਾਦਰ ਸ਼ਾਸ਼ਤਰੀ ਦੀ ਰੂਸ ਦੌਰੇ ਦੌਰਾਨ ਤਾਸ਼ਕੰਦ ਵਿਚ ਮੌਤ ਹੋ ਗਈ। 19 ਜਨਵਰੀ 1966 ਨੂੰ ਇੰਦਰਾ ਗਾਂਧੀ ਪ੍ਰਧਾਨ ਬਣ ਗਈ। ਇੰਦਰਾ ਪੰਜਾਬੀ ਸੂਬਾ ਬਣਾਉਣ ਦੇ ਖ਼ਿਲਾਫ਼ ਸੀ ਕਿਉਂਕਿ ਉਹ ਪੰਜਾਬ ਦੇ ਹਿੰਦੂਆਂ ਨੂੰ ਨਾਰਾਜ਼ ਨਹੀਂ ਸੀ ਕਰਨਾ ਚਾਹੁੰਦੀ (ਇੰਦਰਾ ਗਾਂਧੀ ਨੇ ਇਹ ਗੱਲ ਆਪਣੀ ਕਿਤਾਬ, 'ਮਾਈ ਟਰੂਥ' ਦੇ ਸਫ਼ਾ 117 ਤੇ ਖ਼ੁਦ ਲਿਖੀ ਹੈ)। ਏਨੀ ਮੁਖ਼ਾਲਫਤ ਦੇ ਬਾਵਜੂਦ, ਮਿਲੀਆਂ ਜੁਲੀਆਂ ਕੋਸ਼ਿਸ਼ਾਂ ਮਗਰੋਂ 9 ਮਾਰਚ 1966 ਦੇ ਦਿਨ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਨੇ ਪੰਜਾਬੀ ਸੂਬਾ ਬਣਾਉਣ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ।

1966: ਲੋਕ ਸਭਾ ਵਿਚ ਕਪੂਰ ਸਿੰਘ ਨੇ 'ਪੰਜਾਬੀ ਸੂਬਾ' ਬਿੱਲ ਨੂੰ ਰੱਦ ਕੀਤਾ

10 ਅਗਸਤ 1966 ਨੂੰ ਲੋਕ ਸਭਾ ਨੇ ਪੰਜਾਬ ਰੀਆਰਗੇਨਾਈਜ਼ੇਸ਼ਨ ਬਿਲ ਪੇਸ਼ ਹੋਇਆ ਇਸ 'ਤੇ 6 ਸਤੰਬਰ ਨੂੰ ਰਸਮੀ ਬਹਿਸ ਹੋਈ। ਬਹਿਸ ਦੌਰਾਨ, 6 ਸਤੰਬਰ 1966 ਦੇ ਦਿਨ, ਸ: ਕਪੂਰ ਸਿੰਘ ਐਮ.ਪੀ. ਨੇ ਪੰਜਾਬ ਬਿੱਲ ਤੇ ਬਹਿਸ ਦੌਰਾਨ ਨੂੰ ਬੋਲਦਿਆਂ ਕਿਹਾ ਕਿ ਇਸ ਬਿੱਲ ਨੂੰ ਸਿੱਖ ਕਬੂਲ ਨਹੀਂ ਕਰ ਸਕਦੇ ਕਿਉਂਕਿ (1) ਇਹ ਪਾਪ ਦੀ ਪੈਦਾਇਸ਼ ਹੈ (2) ਇਸ ਨੂੰ ਇਕ ਨਾਕਾਬਿਲ ਦਾਈ ਨੇ ਜਨਮ ਦਿੱਤਾ ਹੈ ਅਤੇ (3) ਇਹ ਕੌਮੀ ਹਿੱਤਾਂ ਦੇ ਵਿਰੁੱਧ ਹੈ ਅਤੇ ਇਹ ਕੌਮੀ ਏਕਤਾ ਨੂੰ ਸੱਟ ਮਾਰਦਾ ਹੈ। ਸ: ਕਪੂਰ ਸਿੰਘ ਨੇ ਕਿਹਾ ਹੈ ਕਿ ਇਹ ਸਿੱਖਾਂ ਨਾਲ ਦਗ਼ਾ ਹੈ ਜਿਨ੍ਹਾਂ ਨੇ ਹਿੰਦੂ ਕੌਮ ਦੀ ਰੱਖਿਆ ਕੀਤੀ ਸੀ। ਸ: ਕਪੂਰ ਸਿੰਘ ਨੇ ਸਿੱਖ ਹੋਮਲੈਂਡ ਦੀ ਹਿਮਾਇਤ ਕੀਤੀ ਅਤੇ ਸਿੱਖਾਂ ਨਾਲ ਵਿਤਕਰਾ ਖ਼ਤਮ ਕਰਨ ਲਈ ਕਿਹਾ। ਅਕਾਲੀ ਦਲ (ਫਤਹਿ ਸਿੰਘ) ਦੇ ਐੱਮ.ਪੀ. ਉੱਤਮ ਸਿੰਘ ਦੁੱਗਲ ਨੇ ਸਿਰਫ਼ ਏਨਾ ਕੰਮ ਕੀਤਾ ਕਿ ਉਸ ਨੇ ਇਕ 'ਸੋਧ' ਦਾ ਮਤਾ ਰੱਖਿਆ ਕਿ ਪੰਜਾਬ ਦਾ ਨਾਮ 'ਪੰਜਾਬੀ ਸੂਬਾ' ਰੱਖਿਆ ਜਾਵੇ। ਇਹ ਤਰਮੀਮ ਨਾ-ਮਨਜ਼ੂਰ ਕਰ ਦਿੱਤੀ ਗਈ। ਮਗਰੋਂ ਰਾਜ ਸਭਾ ਨੇ ਵੀ ਇਹ ਬਿੱਲ ਪਾਸ ਕਰ ਦਿੱਤਾ। ਭੂਪੇਸ਼ ਗੁਪਤਾ ਨੇ ਰਾਜ ਸਭਾ ਵਿਚ ਬੋਲਦਿਆਂ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਮੰਗ ਕੀਤੀ। ਅਖ਼ੀਰ 1 ਨਵੰਬਰ 1966 ਨੂੰ ਪੰਜਾਬੀ ਸੂਬਾ ਵਜੂਦ ਵਿਚ ਆ ਗਿਆ। ਪਰ ਇਸ ਸੂਬੇ ਕੋਲੋਂ ਪਾਣੀ, ਬਿਜਲੀ, ਰਾਜਧਾਨੀ ਅਤੇ ਹੋਰ ਕਈ ਕੁਝ ਖੋਹ ਕੇ ਸੈਂਟਰ ਨੇ ਆਪਣੇ ਕੋਲ ਰੱਖ ਲਿਆ। ਦਰਜਨਾਂ ਨੁਕਤਿਆਂ ਤੇ ਹਰਿਆਣਾ ਨਾਲ ਸਾਂਝੀਆਂ ਕੜੀਆਂ ਕਾਇਮ ਕਰ ਦਿੱਤੀਆਂ। ਯਾਨਿ ਇਹ ਸੂਬਾ ਪੂਰਾ ਸੂਬਾ ਨਹੀਂ ਸੀ ਬਲਕਿ ਇਕ ਤਰ੍ਹਾਂ ਦਾ 'ਉਪ-ਸੂਬਾ' ਸੀ।

ਪੰਜਾਬੀ ਸੂਬੇ ਵਾਸਤੇ ਵੱਖ-ਵੱਖ ਲੋਕਾਂ ਨੇ ਵੱਖ-ਵੱਖ ਜੱਥੇਬੰਦੀਆਂ ਤੇ ਸ਼ਖ਼ਸੀਅਤਾਂ ਦੇ ਸਿਰ ਸਿਹਰਾ ਬੰਨਣ ਦੀ ਕੋਸ਼ਿਸ਼ ਕੀਤੀ। ਅਸਲ ਵਿਚ ਸਚਾਈ ਇਹ ਹੈ ਕਿ ਪੰਜਾਬੀ ਸੂਬੇ ਦੀ ਕਾਇਮੀ ਦਾ ਸਿਹਰਾ ਸਿੱਖ ਜਨਤਾ, ਅਕਾਲੀ ਵਰਕਰਾਂ, ਪੰਜਾਬੀ ਸੂਬੇ ਲਈ ਜੇਲ੍ਹਾਂ ਭਰਨ ਵਾਲਿਆਂ, ਮਾਸਟਰ ਤਾਰਾ ਸਿੰਘ, 1965 ਦੀ ਲੜਾਈ ਵਿਚ ਜਾਨਾਂ ਦੇਣ ਵਾਲੇ ਸਿੱਖ ਫ਼ੌਜੀਆਂ ਦੇ ਸਿਰ ਸਾਂਝਾ ਬੰਨਿਆ ਜਾਣਾ ਚਾਹੀਦਾ ਹੈ।

1989: ਅਵਤਾਰ ਸਿੰਘ ਮਨਖੇੜਾ ਨਕਲੀ ਮੁਕਾਬਲੇ ਵਿਚ ਸ਼ਹੀਦ

6 ਸਤੰਬਰ 1989 ਦੇ ਦਿਨ ਪੁਲਸ ਨੇ ਅਵਤਾਰ ਸਿੰਘ (ਪੁੱਤਰ ਜਰਨੈਲ ਸਿੰਘ, ਵਾਸੀ ਮਨਖੇੜਾ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਕਰਮ ਸਿੰਘ ਨਿਹੰਗ ਚੂਸਲੇਵੜ ਤੇ ਗੁਰਮੀਤ ਸਿੰਘ ਘਰਿਆਲੇ ਭੁੱਲਰ ਨਕਲੀ ਮੁਕਾਬਲੇ ਵਿਚ ਸ਼ਹੀਦ

6 ਸਤੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਕਰਮ ਸਿੰਘ ਨਿਹੰਗ (ਵਾਸੀ ਚੂਸਲੇਵੜ, ਜ਼ਿਲ੍ਹਾ ਤਰਨਤਾਰਨ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਗੁਰਮੀਤ ਸਿੰਘ (ਵਾਸੀ ਘਰਿਆਲੇ ਭੁੱਲਰ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਦਵਿੰਦਰ ਸਿੰਘ ਮਾਂਟਰੀਆਲ ਪੁਲਸ ਮੁਕਾਬਲੇ ਵਿਚ ਸ਼ਹੀਦ

6 ਸਤੰਬਰ 1992 ਦੇ ਦਿਨ ਦਵਿੰਦਰ ਸਿੰਘ (ਪੁੱਤਰ ਕਰਤਾਰ ਸਿੰਘ, ਵਾਸੀ ਸਿੰਘਪੁਰ, ਜ਼ਿਲ੍ਹਾ ਹਸ਼ਿਆਰਪੁਰ), ਜੋ ਮਾਂਟਰੀਆਲ, ਕਨੇਡਾ) ਤੋਂ ਖਾਲਿਸਤਾਨ ਲਹਿਰ ਵਿਚ ਹਿੱਸਾ ਪਾਉਣ ਵਾਸਤੇ ਪੰਜਾਬ ਆਇਆ ਹੋਇਆ ਸੀ, ਇਕ ਮੁਕਾਬਲੇ 'ਚ ਸ਼ਹੀਦ ਹੋ ਗਿਆ।

1995: ਪੁਲਸ ਨੇ ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰ ਕੇ, ਉਸ 'ਤੇ ਬੇਪਨਾਹ ਜ਼ੁਲਮ ਕਰ ਕੇ, ਉਸ ਨੂੰ ਸ਼ਹੀਦ ਕੀਤਾ

ਜਸਵੰਤ ਸਿੰਘ ਖਾਲੜਾ ਅੰਮ੍ਰਿਤਸਰ 'ਚ ਇਕ ਬੈਂਕ ਦਾ ਡਾਇਰੈਕਟਰ ਸੀ। ਇਕ ਵਾਰ ਇਕ ਗੁੰਮ ਹੋ ਚੁਕੇ ਦੋਸਤ ਦੀ ਭਾਲ ਕਰਨ ਵਾਸਤੇ ਜਦ ਉਸ ਨੇ ਅੰਮ੍ਰਿਤਸਰ ਮਿਉਂਸਪਲ ਕਮੇਟੀ ਦੇ ਰਿਕਾਰਡ ਫਰੋਲੇ ਤਾਂ ਉਸ ਨੇ ਵੇਖਿਆ ਕਿ ਉਨ੍ਹਾਂ ਵਿਚ ਸੈਂਕੜੇ ਬੰਦਿਆਂ ਦੀਆਂ ਲਾਸ਼ਾਂ ਨੂੰ ਅਣਪਛਾਤੇ ਕਹਿ ਕੇ ਸਸਕਾਰਿਆ ਦਿਖਾਇਆ ਹੋਇਆ ਸੀ। ਘੋਖ ਕਰਨ 'ਤੇ ਉਸ ਨੂੰ ਪਤਾ ਲੱਗਾ ਕਿ ਇਹ ਸਭ ਉਨ੍ਹਾਂ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਦੇ ਸਸਕਾਰ ਸਨ ਜਿਨ੍ਹਾਂ ਨੂੰ 1984 ਤੋਂ 1995 ਦੇ ਸਮੇਂ ਦੌਰਾਨ ਪੰਜਾਬ ਵਿਚ ਨਕਲੀ ਮੁਕਾਬਲਿਆਂ ਦੇ ਨਾਂ ਹੇਠ ਕਤਲ ਕਰ ਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ 'ਅਣਪਛਾਤੀਆਂ' ਕਹਿ ਕੇ ਸਸਕਾਰ ਦਿੱਤਾ ਗਿਆ ਸੀ। ਅੰਮ੍ਰਿਤਸਰ ਮਿਉਂਸਪਲ ਕਮੇਟੀ ਦੇ ਰਿਕਾਰਡ ਵੇਖਣ ਮਗਰੋਂ ਉਸ ਨੇ ਤਿੰਨ ਹੋਰ ਜ਼ਿਲ੍ਹਿਆਂ ਦੇ ਰਿਕਾਰਡ ਇਕੱਠੇ ਕੀਤੇ ਤੇ ਵੇਖਿਆ ਕਿ ਹਜ਼ਾਰਾਂ ਸਿੱਖਾਂ ਦੀਆਂ ਲਾਸ਼ਾਂ ਨੂੰ ਅਣਪਛਾਤੀਆਂ ਲਾਸ਼ਾਂ ਕਹਿ ਕੇ ਸਸਕਾਰਿਆ ਦਿਖਾਇਆ ਹੋਇਆ ਸੀ। ਉਸ ਨੇ ਇਹ ਸਾਰੇ ਸਬੂਤ ਇਕੱਠੇ ਕਰ ਕੇ ਇਸ ਜ਼ੁਲਮ ਦਾ ਪਰਦਾ ਫ਼ਾਸ਼ ਕੀਤਾ ਸੀ। ਉਸ ਨੇ ਕਨੇਡਾ ਵਿਚ ਜਾ ਕੇ ਵੀ ਇਸ ਸਬੰਧੀ ਵਿਦੇਸ਼ੀ ਸਰਕਾਰਾਂ ਤੇ ਲੋਕਾਂ ਨੂੰ ਵੀ ਜਾਣਕਾਰੀ ਦਿੱਤੀ ਸੀ। ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ ਜੂਨ 1984 ਤੋਂ ਦਸੰਬਰ 1994 ਤਕ ਅੰਮ੍ਰਿਤਸਰ, ਮਜੀਠਾ ਤੇ ਤਰਨਤਾਰਨ ਵਿਚ ਅਜਿਹੇ ਜ਼ੁਲਮ ਦੀ (2097 ਅਣਪਛਾਤੀਆਂ ਲਾਸ਼ਾਂ ਦੇ ਸਸਕਾਰ) ਦੀ ਲਿਸਟ ਰਲੀਜ਼ ਕੀਤੀ ਤਾਂ ਪੰਜਾਬ ਪੁਲਸ ਦੇ ਚੀਫ਼ ਕੇ.ਪੀ. ਗਿੱਲ, ਅੰਮ੍ਰਿਤਸਰ ਦੇ ਜ਼ਾਲਮ ਐਸ.ਐਸ.ਪੀ. ਅਜੀਤ ਸੰਧੂ ਤੇ ਹੋਰ ਜ਼ਾਲਮ ਅਫ਼ਸਰਾਂ ਦੇ ਪਾਪ ਕੰਬਨ ਲੱਗ ਪਏ ਤੇ ਉਨ੍ਹਾਂ ਨੇ ਜਸਵੰਤ ਸਿੰਘ ਖਾਲੜਾ ਨੂੰ ਹੀ ਖ਼ਤਮ ਕਰ ਦੇਣ ਦਾ ਫ਼ੈਸਲਾ ਕਰ ਲਿਆ।

6 ਸਤੰਬਰ 1995 ਦੇ ਦਿਨ ਅਜੀਤ ਸੰਧੂ ਦੇ ਭੇਜੇ ਪੁਲਸੀਆਂ ਨੇ (ਜਿਨ੍ਹਾਂ ਵਿਚ ਅਸ਼ੋਕ ਕੁਮਾਰ ਡੀ.ਐਸ.ਪੀ., ਸੁਰਿੰਦਰਪਾਲ ਸਿੰਘ ਐਸ.ਐਚ.ਓ, ਸਰਹਾਲੀ ਤੇ ਪ੍ਰਿਥੀਪਾਲ

ਸਿੰਘ ਹੈਡ ਕਾਂਸਟੇਬਲ ਮਾਨੋਚਾਹਲ ਪੁਲਸ ਸਟੇਸ਼ਨ ਵੀ ਸ਼ਾਮਿਲ ਸਨ) ਜਸਵੰਤ ਸਿੰਘ ਕਾਲੜਾ ਨੂੰ ਉਸ ਦੇ ਘਰ, ਕਬੀਰ ਪਾਰਕ ਅੰਮ੍ਰਿਤਸਰ, ਦੇ ਮੁਹਰਿਓਂ ਆਪਣੀ ਕਾਰ ਨੂੰ ਧੱਦੇ ਨੂੰ ਚੁੱਕ ਲਿਆ ਅਤੇ ਝਬਾਲ ਥਾਣੇ ਵਿਚ ਲੈ ਗਏ। ਉਥੇ ਡੀ.ਐਸ.ਪੀ. ਜਸਪਾਲ ਦੀ ਨਿਗਰਾਨੀ ਵਿਚ ਨੇ 7 ਸਿਪਾਹੀਆਂ ਨੇ ਉਸ ਦੀਆਂ ਲੱਤਾਂ ਦੋਹੀਂ ਪਾਸੀਂ ਖਿੱਚ ਕੇ ਉਸ ਦੀ ਛਾਤੀ ਵਿਚ ਨੁੱਡੇ ਮਾਰੇ; ਫਿਰ 24 ਅਕਤੂਬਰ 1995 ਦੇ ਦਿਨ ਗੋਲੀਆਂ ਮਾਰ ਕੇ ਖ਼ਤਮ ਕਰ ਦਿੱਤਾ ਅਤੇ ਉਸ ਦੀ ਲਾਸ਼ ਹਰੀਕੇ ਨਹਿਰ ਵਿਚ ਸੁੱਟ ਦਿੱਤੀ।

ਮਗਰੋਂ, ਬਹੁਤ ਰੌਲਾ ਪਾਉਣ, ਕੌਮਾਂਤਰੀ ਦਬਾਅ ਅਤੇ ਕਾਨੂੰਨੀ ਲੜਾਈ ਲੜਨ ਮਗਰੋਂ ਇਸ ਦੀ ਪੜਤਾਲ ਸੀ.ਬੀ.ਆਈ. ਹੱਥੋਂ ਹੋਈ ਅਤੇ ਨੌਂ ਪੁਲਸੀਆਂ 'ਤੇ ਮੁਕੱਦਮਾ ਚਲਾਇਆ ਗਿਆ। ਇਸ ਕਤਲ ਦੇ 10 ਸਾਲ ਮਗਰੋਂ ਸੈਸ਼ਨ ਅਦਾਲਤ ਨੇ 18 ਨਵੰਬਰ 2005 ਨੂੰ ਇਨ੍ਹਾਂ ਵਿਚੋਂ ਛੇ ਮੁਜਰਮਾਂ ਨੂੰ ਸੱਤ-ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਮਗਰੋਂ ਹਾਈ ਕੋਰਟ ਨੇ 16 ਅਕਤੂਬਰ 2007 ਦੇ ਦਿਨ ਇਨ੍ਹਾਂ ਵਿਚੋਂ ਚਾਰਾਂ ਸਤਨਾਮ ਸਿੰਘ, ਸੁਰਿੰਦਰਪਾਲ ਸਿੰਘ, ਜਸਬੀਰ ਸਿੰਘ (ਤਿੰਨੇ ਸਭ ਇੰਸਪੈਕਟਰ) ਤੇ ਪ੍ਰਿਥੀਪਾਲ ਸਿੰਘ (ਹੈਡ ਕਾਂਸਟੇਬਲ) ਦੀ ਸਜ਼ਾ ਵਧਾ ਕੇ ਉਮਰ ਕੈਦ ਕਰ ਦਿੱਤੀ। ਪਰ ਇਸ ਕਤਲ ਕੇਸ ਦੇ ਦੋ ਮੁਜਰਿਮ (ਕੇ.ਪੀ.ਗਿੱਲ ਡੀ.ਜੀ.ਪੀ. ਅਤੇ ਅਜੀਤ ਸੰਧੂ ਐਸ.ਐਸ.ਪੀ.) ਸਜ਼ਾ ਤੋਂ ਬਚ ਗਏ। ਅਜੀਤ ਸੰਧੂ ਬਾਰੇ ਇਹ ਖ਼ਬਰ ਛਪੀ ਸੀ ਕਿ ਉਸ ਨੇ ਕੈਦ ਦੇ ਡਰ ਤੋਂ 23 ਮਈ 1997 ਦੇ ਦਿਨ ਗੱਡੀ ਅੱਗੇ ਛਾਲ ਮਰ ਕੇ ਖ਼ੁਦਕੁਸ਼ੀ ਕਰ ਲਈ ਸੀ। ਪਰ ਇਹ ਚਰਚਾ ਹੈ ਕਿ ਉਸ ਨੇ ਕਿਸੇ ਹੋਰ ਨੂੰ ਆਪਣੇ ਕਪੜੇ ਪਾ ਕੇ ਮਾਰ ਦਿੱਤਾ ਸੀ ਤੇ ਉਹ ਡੁਪਲੀਕੇਟ ਪਾਸਪੋਰਟ 'ਤੇ ਆਪ ਅਮਰੀਕਾ ਦੌੜ ਗਿਆ ਸੀ ਤੇ ਉਥੇ ਲੁਕ ਕੇ ਰਹਿਣ ਲਗ ਪਿਆ; ਅਤੇ ਦੂਜੇ ਮੁਜਰਿਮ ਕੇ.ਪੀ. ਗਿੱਲ 'ਤੇ ਮੁਕੱਦਮਾ ਕਦੇ ਵੀ ਨਾ ਚਲਾਇਆ ਗਿਆ।

7 ਸਤੰਬਰ

1539: ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿਚ ਜੋਤੀ-ਜੋਤਿ ਸਮਾ ਗਏ

7 ਸਤੰਬਰ 1539 ਦੇ ਦਿਨ ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿਚ ਜੋਤੀ-ਜੋਤਿ ਸਮਾ ਗਏ। ਆਪ ਦਾ ਸਸਕਾਰ ਰਾਵੀ ਦਰਿਆ ਦੇ ਕੰਢੇ 'ਤੇ ਕੀਤਾ ਗਿਆ। ਮਗਰੋਂ ਕੁਝ ਲੋਕਾਂ ਨੇ ਇਹ ਮਨਘੜਤ ਕਹਾਣੀ ਬਣਾਈ ਕਿ ਸਸਕਾਰ ਵੇਲੇ ਹਿੰਦੂਆਂ ਅਤੇ ਮੁਸਲਮਾਨਾਂ ਦਾ ਝਗੜਾ ਹੋ ਗਿਆ ਅਤੇ ਹਿੰਦੂ ਸਸਕਾਰ ਕਰਨਾ ਚਾਹੁੰਦੇ ਸਨ ਅਤੇ ਮੁਸਲਮਾਨ ਦਫ਼ਨਾਉਣਾ ਚਾਹੁੰਦੇ ਸਨ। ਇਹ ਕਹਾਣੀ ਝੂਠੀ ਵੀ ਹੈ ਤੇ ਬੇਮਤਲਬ ਵੀ ਹੈ। ਪਹਿਲੀ ਗੱਲ ਤਾਂ ਗੁਰੂ ਨਾਨਕ ਸਾਹਿਬ ਨੇ ਸਾਫ਼ ਕਿਹਾ ਸੀ ਕਿ ਉਹ ਨਾ ਹਿੰਦੂ ਹਨ ਅਤੇ ਨਾ ਮੁਸਲਮਾਨ। ਉਨ੍ਹਾਂ ਦਾ ਆਪਣਾ ਪੰਥ ਸੀ। ਦੂਜਾ, ਕਿਸੇ ਦੇ ਚੜ੍ਹਾਈ ਕਰ ਜਾਣ ਮਗਰੋਂ ਉਸ ਦਾ ਸਸਕਾਰ ਉਸ ਦੇ ਘਰ ਵਾਲੇ ਕਰਿਆ ਕਰਦੇ ਹਨ। ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਵੇਲੇ ਮਾਤਾ ਸੁਲੱਖਣੀ ਤੇ ਦੋਵੇਂ ਪੁਤਰ ਸ੍ਰੀਚੰਦ ਤੇ ਲਖਮੀ ਦਾਸ ਹਾਜ਼ਿਰ ਸਨ। ਇਸ ਮੌਕੇ 'ਤੇ ਕਿਸੇ ਬਾਹਰਲੇ ਦਖ਼ਲ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ ਸੀ। ਇਹ ਠੀਕ ਹੈ ਕਿ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਵਿਚੋਂ ਹੀ ਬਹੁਤ ਸਾਰੇ ਲੋਕ ਸਿੱਖ ਸਜੇ ਸਨ, ਪਰ, ਕਰਤਾਰਪੁਰ, ਜਿਸ ਨੂੰ ਗੁਰੂ ਸਾਹਿਬ ਨੇ 'ਸਿੱਖ ਨਗਰ' ਵਜੋਂ ਵਸਾਇਆ ਸੀ, ਇਕ ਆਮ ਨਗਰ ਨਹੀਂ ਸੀ। ਉੱਥੇ ਸਿਰਫ਼ ਸਿੱਖ ਹੀ ਵਸਦੇ ਸਨ ਨਾ ਕਿ ਹਿੰਦੂ ਤੇ ਮੁਸਲਮਾਨ। ਇਸ ਕਰ ਕੇ ਸਸਕਾਰ ਸਬੰਧੀ ਘੜੀ ਹੋਈ ਕਹਾਣੀ ਦਾ ਇਸ ਨਾਲ ਕੋਈ ਮਤਲਬ ਹੀ ਨਹੀਂ ਸੀ। ਉਂਵ ਜੇ ਇਸ ਗੱਪ ਕਹਾਣੀ ਨੂੰ ਮੰਨ ਲਈਏ ਤਾਂ ਇਸ ਦਾ ਮਤਲਬ ਇਹ ਹੋ ਗਿਆ ਕਿ ਸਸਕਾਰ ਕਰਨ ਦਾ ਹੱਕ ਸਿਰਫ਼ ਹਿੰਦੂਆਂ ਤੇ ਮੁਸਲਮਾਨਾਂ ਦਾ ਹੀ ਸੀ ਤੇ ਸਿੱਖਾਂ ਦਾ ਕੋਈ ਹਿੱਸਾ ਨਹੀਂ ਸੀ। ਇਸ ਕਰ ਕੇ ਇਹ ਕਹਾਣੀ

ਕਿਸੇ ਸਾਜ਼ਿਸ਼ ਹੇਠ ਘੜੀ ਗਈ ਹੋ ਸਕਦੀ ਹੈ ਜਿਸ ਦਾ ਮਤਲਬ ਇਹ ਵੀ ਬਣਦਾ ਹੈ ਕਿ ਉਦੋਂ ਸਿਰਫ਼ ਹਿੰਦੂ ਤੇ ਮੁਸਲਮਾਨ ਹੀ ਸਨ ਤੇ ਸਿੱਖ ਹੁੰਦੇ ਹੀ ਨਹੀਂ ਸਨ।

ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਮਗਰੋਂ, ਉਨ੍ਹਾਂ ਦੇ ਪੁਤਰਾਂ ਨੇ, ਗੁਰੂ ਸਾਹਿਬ ਦੇ ਹੁਕਮ ਦੀ ਅਦੂਲੀ ਕਰਦਿਆਂ, ਗੁਰੂ ਸਾਹਿਬ ਦੀ ਸਮਾਧ ਵੀ ਬਣਾ ਲਈ ਸੀ (ਸਿੱਖ ਧਰਮ ਵਿਚ ਸਮਾਧ ਬਣਾਉਣ ਦੀ ਮਨਾਹੀ ਹੈ)। ਮਗਰੋਂ ਰਾਵੀ ਦਰਿਆ ਨੇ ਇਸ ਸਮਾਧ ਨੂੰ ਰੋੜ੍ਹ ਦਿਤਾ ਸੀ।ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤ ਸਮਾਉਣ ਦੇ 15 ਦਿਨ ਮਗਰੋਂ, 22 ਸਤੰਬਰ 1539 ਦੇ ਦਿਨ ਮਾਤਾ ਸੁਲੱਖਣੀ ਜੀ ਵੀ ਗੁਰੂ ਚਰਨਾਂ ਵਿਚ ਜਾ ਬਿਰਾਜੇ।

1950: 'ਆਜ਼ਾਦ' ਭਾਰਤ ਵਿਚ ਮਾਸਟਰ ਤਾਰਾ ਸਿੰਘ ਦੂਜੀ ਵਾਰ ਗ੍ਰਿਫ਼ਤਾਰ ਕੀਤੇ ਗਏ

26 ਨਵੰਬਰ 1949 ਦੇ ਦਿਨ ਹਿੰਦੁਸਤਾਨ ਦਾ ਨਵਾਂ ਆਈਨ ਪਾਸ ਕੀਤਾ ਗਿਆ। ਜਿਸ ਵਿਚ ਸਿੱਖਾਂ ਵਾਸਤੇ ਕੋਈ ਵੱਖਰੀ ਨੁਮਾਇੰਦਗੀ, ਹੱਕ ਜਾਂ ਹਿਫ਼ਾਜ਼ਤ ਨਹੀਂ ਸੀ। ਇਸ ਕਰ ਕੇ ਇਸ ਦੇ ਪਾਸ ਹੋਣ ਵੇਲੇ ਅਕਾਲੀ ਮੈਂਬਰਾਂ (ਹੁਕਮ ਸਿੰਘ ਤੇ ਭੂਪਿੰਦਰ ਸਿੰਘ ਮਾਨ) ਨੇ ਇਸ ਦੀ ਮੁਖ਼ਾਲਫ਼ਤ ਕੀਤੀ ਅਤੇ ਇਸ 'ਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿਤੀ। ਪਰ ਕਾਂਗਰਸੀ ਮੈਂਬਰਾਂ ਗੁਰਮੁਖ ਸਿੰਘ ਮੁਸਾਫ਼ਿਰ, ਬਲਦੇਵ ਸਿੰਘ ਤੋਂ ਇਲਾਵਾ ਰਿਆਸਤਾਂ ਦੇ ਸਿੱਖ ਨੁਮਾਇੰਦਿਆਂ ਸ:ਬ: ਰਣਜੀਤ ਸਿੰਘ, ਸੁਚੇਤ ਸਿੰਘ ਔਜਲਾ ਨੇ ਦਸਤਖ਼ਤ ਕਰ ਦਿੱਤੇ ਸਨ। ਪਰ ਇਹ ਇਨਕਾਰ ਬੇ-ਫ਼ਾਇਦਾ ਸੀ ਕਿਉਂ ਕਿ ਆਈਨ ਬਣਨ ਤੋਂ ਪਹਿਲਾਂ ਇਸ ਦੀ ਮੁਖ਼ਾਲਫ਼ਤ ਹੁੰਦੀ ਤੇ ਐਜੀਟੇਸ਼ਨ ਹੁੰਦੀ ਤਾਂ ਤੇ ਕੋਈ ਗੱਲ ਵੀ ਸੀ ਪਰ ਖ਼ਾਲੀ 'ਦਸਤਖ਼ਤ ਨਾ ਕਰਨ' ਦੀ ਗੱਲ ਦੀ ਕੋਈ ਕੀਮਤ ਨਹੀਂ ਸੀ। ਵੱਡੀ ਗਲ ਤਾਂ ਇਹ ਕਿ ਅਕਾਲੀ ਦਲ ਦੀ ਨੇ ਮਗਰੋਂ ਇਸੇ ਆਈਨ ਹੇਠਾਂ ਚੋਣਾਂ ਲੜੀਆਂ ਤੇ ਮੁੜ ਕੇ ਇਸ ਆਈਨ ਦੀ ਮੁਖ਼ਾਲਫ਼ਤ, ਇਸ ਵਿਚ ਤਰਮੀਮ ਕਰਵਾਉਣ ਜਾਂ ਇਸ ਨੂੰ ਰੱਦ ਕਰਵਾਉਣ ਬਾਰੇ ਕੁਝ ਵੀ ਨਾ ਕੀਤਾ।

1950 ਦਾ ਸਾਲ ਪੰਜਾਬ ਵਿਚ ਨਵਾਂ ਮਾਹੌਲ ਲੈ ਕੇ ਪੈਦਾ ਹੋਇਆ। ਅਕਾਲੀਆਂ ਨੇ ਹਿੰਦੂ ਪਰੈਸ ਦੀਆਂ ਹਰਕਤਾਂ ਦੇ ਜਵਾਬ ਵਿਚ ਕਹਿਣਾ ਸ਼ੁਰੂ ਕੀਤਾ ਕਿ ਸਿੱਖ ਹਿੰਦੂਆਂ ਤੋਂ ਵੱਖਰੇ ਹਨ। ਸਿੱਖ ਕਲਚਰ, ਸਿੱਖ ਰਿਵਾਇਤਾਂ, ਸਿੱਖ ਤਿਉਹਾਰ, ਸਿੱਖ ਗੁਰੂ ਤੇ ਹੀਰੋ ਹਿੰਦੂਆਂ ਤੋਂ ਵੱਖਰੇ ਹਨ।ਆਰਥਰ ਮੂਰ (*ਥੱਟ ਹਫ਼ਤਾਵਾਰ*, 29-10-1949) ਦੇ ਲਫ਼ਜ਼ਾਂ ਵਿਚ ਪੰਜਾਬ ਦੇ ਹਿੰਦੂ ਪਰੈਸ (ਮਹਾਸ਼ਾ ਪਰੈਸ) ਨੇ **"ਪੰਜਾਬ ਵਿਚ ਉਹੀ ਹਰਕਤਾਂ ਸ਼ੁਰੂ ਕਰ ਦਿੱਤੀਆਂ ਜੋ ਉਹ ਪਾਕਿਸਤਾਨ ਦਾ ਸੁਫ਼ਨਾ ਆਉਣ ਤੋਂ ਵੀ ਪਹਿਲਾਂ ਕਰਦੇ ਸਨ।"** ਆਰੀਆ ਸਮਾਜ ਇਕ ਵਾਰ ਫੇਰ ਪੰਜਾਬ ਦਾ ਬੇੜਾ ਗ਼ਰਕ ਕਰਨ ਤੇ ਤੁਲਿਆ ਹੋਇਆ ਸੀ। ਹਿੰਦੂ, ਹਿੰਦੀ, ਹਿੰਦੂਸਤਾਨ ਦਾ ਖ਼ਤਰਨਾਕ ਨਾਅਰਾ ਸਿਰਫ਼ ਆਰੀਆ ਸਮਾਜ ਹੀ ਨਹੀਂ ਸਗੋਂ ਬਹੁਤੇ ਕਾਂਗਰਸੀ ਹਿੰਦੂਆਂ ਦੇ ਜ਼ਿਹਨ ਵਿਚ ਵੀ ਸਮਾਇਆ ਹੋਇਆ ਸੀ ਆਰਥਰ ਮੂਰ ਕਹਿੰਦਾ ਹੈ ਕਿ **''ਮਾਸਟਰ ਤਾਰਾ ਸਿੰਘ ਵੱਖ ਸਿੱਖ ਸੂਬਾ ਨਹੀਂ ਮੰਗਦਾ; ਇਹ ਸਿਰਫ਼ ਬਿਰਲਾ (ਮਹਾਸ਼ਾ) ਪਰੈੱਸ ਹੀ ਸਿੱਖਾਂ ਨੂੰ ਦੇਣਾ ਚਾਹੁੰਦਾ ਹੈ।"**

1 ਜਨਵਰੀ 1950 ਨੂੰ ਬੰਬਈ ਵਿਚ ਹੁਕਮ ਸਿੰਘ (ਪ੍ਰਧਾਨ ਅਕਾਲੀ ਦਲ) ਨੇ ਇਕ ਪਰੈੱਸ ਕਾਨਫ਼ਰੰਸ ਵਿਚ ਕਿਹਾ ਕਿ ਪੰਜਾਬ ਦੀ ਬੋਲੀ ਤੇ ਕਲਚਰ ਦੇ ਆਧਾਰ 'ਤੇ ਵੰਡ ਬੜੀ ਜ਼ਰੂਰੀ ਹੈ। ਇਹ ਇਕ ਜਮਹੂਰੀ ਮੰਗ ਹੈ ਅਤੇ ਇਸ ਨੂੰ ਫ਼ਿਰਕੂ ਕਹਿਣ ਵਾਲੇ ਖ਼ੁਦ ਫ਼ਿਰਕੂ ਹਨ। ਇਹ ਮੰਗ ਉਹੀ ਹੈ ਜਿਸ ਦੀ ਹਿਮਾਇਤ 1947 ਤੋਂ ਪਹਿਲਾਂ ਗਾਂਧੀ ਅਤੇ ਬਾਕੀ ਕਾਂਗਰਸੀ ਆਗੂ ਕਰਦੇ ਰਹੇ ਹਨ। 26 ਫ਼ਰਵਰੀ 1950 ਨੂੰ ਲੁਧਿਆਣੇ ਵਿਚ ਅਕਾਲੀ ਦਲ ਦੀ ਕਾਨਫ਼ਰੰਸ ਵਿਚ ਹੁਕਮ ਸਿੰਘ ਨੇ ਆਪਣੀ ਤਕਰੀਰ ਵਿਚ ਪੰਜਾਬੀ ਸੂਬੇ ਦੀ ਮੰਗ ਫਿਰ ਦੁਹਰਾਈ।

ਇਨ੍ਹੀਂ ਦਿਨੀਂ ਗਿਆਨੀ ਕਰਤਾਰ ਸਿੰਘ ਕਾਂਗਰਸ ਵਿਚ ਜਾਣ ਵਾਸਤੇ ਭੰਨਤੋੜ ਕਰ ਰਿਹਾ ਸੀ। ਉਸ ਵਜ਼ੀਰੀ ਦਾ ਚਾਹਵਾਨ ਸੀ। ਅਖ਼ੀਰ 5 ਮਈ 1950 ਨੂੰ ਉਸ ਨੂੰ ਵਜ਼ੀਰੀ ਮਿਲ ਗਈ। ਹੁਣ ਉਸ ਨੇ ਵਜ਼ੀਰੀ ਦਾ ਮੁੱਲ ਤਾਰਨ ਵਾਸਤੇ ਸਿੱਖ ਆਗੂਆਂ ਦੀ ਹਰ ਗੱਲ ਦੀ ਮੁਖਾਲਫ਼ਤ ਕਰਨੀ ਸ਼ੁਰੂ ਕਰ ਦਿੱਤੀ। 18 ਜੁਲਾਈ 1950 ਨੂੰ ਜਲੰਧਰ ਵਿਚ, ਦਲਿਤਾਂ ਦੀ ਇਕ ਕਾਨਫ਼ਰੰਸ ਵਿਚ, ਪੰਜਾਬ ਸਰਕਾਰ ਦੇ ਮਾਲ ਵਜ਼ੀਰ ਗਿਆਨੀ ਕਰਤਾਰ ਸਿੰਘ (ਸਾਬਕਾ ਪ੍ਰਧਾਨ ਅਕਾਲੀ ਦਲ) ਨੇ ਕਿਹਾ ਕਿ ''ਅਕਾਲੀ ਦਲ ਦੀ ਮੰਗ ਸਿੱਖ ਸਟੇਟ ਦੀ ਮੰਗ ਹੈ ਪੰਜਾਬੀ ਸੂਬੇ ਦੀ ਨਹੀਂ। ਸਿੱਖ ਇਸ ਵਕਤ ਸਿਰਫ਼ ਦੋ ਤਹਿਸੀਲਾਂ ਤਰਨ ਤਾਰਨ ਤੇ ਮੋਗਾ ਵਿਚ ਹੀ ਬਹੁਸੰਮਤੀ ਵਿਚ ਹਨ ਇਸ ਕਰ ਕੇ ਮੰਗ ਗ਼ਲਤ ਹੈ।'' ਇਕ ਦਿਲਚਸਪ ਗੱਲ ਇਹ ਹੈ ਕਿ ਇਸ ਗਿਆਨੀ ਕਰਤਾਰ ਸਿੰਘ ਨੂੰ ਨਹਿਰੂ ਤੇ ਪਟੇਲ ਨਫ਼ਰਤ ਕਰਦੇ ਸਨ। ਪਟੇਲ ਤਾਂ ਇਸ ਨੂੰ ਵਜ਼ੀਰ ਵੀ ਨਹੀਂ ਸੀ ਬਣਨ ਦੇਣਾ ਚਾਹੁੰਦਾ। ਗਿਆਨੀ ਕਰਤਾਰ ਸਿੰਘ ਨੂੰ ਵਜ਼ੀਰੀ ਅਕਾਲੀਆਂ ਦੀ ਹਰ ਗੱਲ ਦੀ ਮੁਖਾਲਫ਼ਤ ਕਰਨ ਦੀ ਸ਼ਰਤ 'ਤੇ ਹੀ ਮਿਲੀ ਸੀ। ਈਸ਼ਰ ਸਿੰਘ ਮਝੈਲ (ਉਦੋਂ ਡਿਵੈਲਪਮੈਂਟ ਮਨਿਸਟਰ ਪੰਜਾਬ) ਨੇ ਵੀ ਅਜਿਹੇ ਬਿਆਨ ਦਿੱਤੇ ਸਨ।

ਇਸ ਵੇਲੇ ਅਕਾਲੀ ਦਲ ਦੇ ਐਮ.ਐਲ.ਏ. ਅਸੈਂਬਲੀ ਵਿਚ ਕਾਂਗਰਸ ਪਾਰਟੀ ਦਾ ਹਿੱਸਾ ਸਨ। ਕਾਂਗਰਸ ਸਰਕਾਰ ਵਲੋਂ ਸਿੱਖਾਂ ਨਾਲ ਜ਼ਿਆਦਤੀਆਂ ਨੂੰ ਸਾਹਵੇਂ ਰੱਖ ਕੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 20 ਜੁਲਾਈ 1950 ਨੂੰ 3 ਦੇ ਮੁਕਾਬਲੇ 10 ਵੋਟਾਂ ਨਾਲ (ਦੁਸਾਂਝ ਤੇ ਗੋਜਰਾਂ ਨਿਰਪੱਖ ਰਹੇ) ਅਕਾਲੀ ਐਮ.ਐਲ.ਏਜ. ਅਤੇ ਐਮ.ਪੀਜ਼. ਤੋਂ ਮੰਗ ਕੀਤੀ ਕਿ ਉਹ ਕਾਂਗਰਸ ਪਾਰਟੀ ਤੋਂ ਬਾਹਰ ਆ ਜਾਣ। ਇਹ ਫ਼ੈਸਲਾ ਬਲਦੇਵ ਸਿੰਘ (ਸੈਂਟਰ ਦੇ ਡਿਫ਼ੈਂਸ ਮਨਿਟਰ) ਅਤੇ ਗਿਆਨੀ ਕਰਤਾਰ ਸਿੰਘ ਤੇ ਈਸ਼ਰ ਸਿੰਘ ਮਝੈਲ (ਪੰਜਾਬ ਦੇ ਵਜ਼ੀਰਾਂ) ਨੂੰ ਭੇਜਿਆ ਗਿਆ। ਪੰਥਕ ਲੈਜਿਸਲੇਚਰ ਇਸ 'ਤੇ ਵਿਚਾਰ ਕਰਨ ਲਈ 23 ਜੁਲਾਈ 1950 ਨੂੰ ਅੰਬਾਲੇ ਵਿਚ ਇਕੱਠੇ ਹੋਏ ਅਤੇ ਇਕ ਪੰਜ ਮੈਂਬਰੀ ਕਮੇਟੀ ਬਣਾਈ ਜਿਹੜੀ ਇਸ ਬਾਰੇ ਅਕਾਲੀ ਹਾਈ ਕਮਾਂਡ ਨੂੰ ਮਿਲ ਕੇ ਫ਼ੈਸਲਾ ਕਰੇਗੀ। ਇਸ ਮੀਟਿੰਗ ਵਿਚ ਬਲਦੇਵ ਸਿੰਘ, ਈਸਰ ਸਿੰਘ ਮਝੈਲ, ਗਿ: ਕਰਤਾਰ ਸਿੰਘ, ਉੱਜਲ ਸਿੰਘ, ਸਵਰਨ ਸਿੰਘ, ਗੁਰਬਚਨ ਸਿੰਘ ਬਾਜਵਾ, ਸ਼ਿਵ ਸਿੰਘ, ਮਾਨ ਸਿੰਘ ਹੰਬੋ, ਸਰਦੂਲ ਸਿੰਘ, ਤਾਰਾ ਸਿੰਘ, ਸਰਮੁਖ ਸਿੰਘ, ਜਸਵੰਤ ਸਿੰਘ ਦੁੱਗਲ, ਵਰਿਆਮ ਸਿੰਘ, ਨਰਿੰਦਰ ਸਿੰਘ, ਦਲੀਪ ਸਿੰਘ ਕੰਗ ਤੇ ਗੁਰਬਚਨ ਸਿੰਘ ਫ਼ੀਰੋਜ਼ਪੁਰੀ ਸ਼ਾਮਿਲ ਹੋਏ।

ਮੀਟਿੰਗ ਤੋਂ ਬਾਅਦ ਇਨ੍ਹਾਂ ਸਾਰਿਆਂ ਨੇ ਅਕਾਲੀ ਦਲ ਦੇ ਹੁਕਮ ਨੂੰ ਠੁਕਰਾ ਕੇ ਕਾਂਗਰਸ ਵਿਚ ਹੀ ਰਹਿਣ ਦਾ ਫ਼ੈਸਲਾ ਕੀਤਾ। ਸਿਰਫ਼ ਇਕੱਲੇ ਸਿਰਦਾਰ ਜਸਵੰਤ ਸਿੰਘ ਦੁੱਗਲ ਨੇ ਹੀ ਕਾਂਗਰਸ ਪਾਰਟੀ ਛੱਡੀ। ਇਸ ਤਰ੍ਹਾਂ ਗੱਦੀਆਂ ਤੇ ਤਾਕਤ ਦੇ ਲਾਲਚ ਖ਼ਾਤਿਰ ਗਿ: ਕਰਤਾਰ ਸਿੰਘ, ਈਸ਼ਰ ਸਿੰਘ ਮਝੈਲ, ਉੱਜਲ ਸਿੰਘ, ਸਵਰਨ ਸਿੰਘ ਤੇ ਕਈ ਹੋਰਾਂ ਨੇ ਕਾਂਗਰਸ ਛੱਡਣ ਤੋਂ ਨਾਂਹ ਕਰ ਦਿੱਤੀ। ਮੋਰਚਿਆਂ ਵਿਚ ਜੇਲ੍ਹ ਜਾਣ ਤੋਂ ਡਰਨ ਅਤੇ ਅਕਾਲੀ ਦਲ ਦੇ ਸ਼ਾਇਦ ਕਦੇ ਵੀ ਹਕੂਮਤ ਵਿਚ ਨਾ ਆ ਸਕਣ ਦੀ ਸੋਚ ਅਤੇ ਕਾਂਗਰਸ ਵਿਚ ਰਹਿਣ ਦੇ ਫ਼ਾਇਦੇ ਤੇ ਲਾਲਚ ਵੇਖ ਕੇ ਮੌਕਾ-ਪ੍ਰਸਤੀ ਦੀ ਸਿਆਸਤ ਕਾਰਨ ਇਹ ਸਾਰੇ ਕਾਂਗਰਸ ਵਿਚ ਹੀ ਰਹੇ। ਪਰ, ਅਜਿਹੇ ਮਾਹੌਲ ਵਿਚ ਸਿੱਖ ਸੰਗਤਾਂ ਨੇ ਅਕਾਲੀ ਦਲ ਨੂੰ ਪੂਰੀ ਹਿਮਾਇਤ ਤੇ ਤਾਕਤ ਦਿੱਤੀ ਅਤੇ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਰਹੇ।

ਮਾਸਟਰ ਤਾਰਾ ਸਿੰਘ ਵੱਲੋਂ ਜੱਦੋਜਹਿਦ ਦੀ ਆਸ ਨੂੰ ਮੁੱਖ ਰਖ ਕੇ ਸਰਕਾਰ ਨੇ ਉਨ੍ਹਾਂ ਨੂੰ 7 ਸਤੰਬਰ 1950 ਦੇ ਦਿਨ ਬਗ਼ਾਵਤ ਦੇ ਜੁਰਮ ਦੇ ਨਾਂ 'ਤੇ, ਯਾਨਿ ਦਫ਼ਾ 124 ਏ ਹੇਠ, ਗ੍ਰਿਫ਼ਤਾਰ ਕਰ ਲਿਆ ('ਅਜ਼ਾਦ' ਭਾਰਤ ਵਿਚ ਇਹ ਮਾਸਟਰ ਜੀ ਦੀ ਦੂਜੀ ਗ੍ਰਿਫ਼ਤਾਰੀ ਸੀ)। ਉਨ੍ਹਾਂ ਦਾ ਕੇਸ ਐਨ.ਸੀ.ਚੈਟਰਜੀ ਨੇ ਲੜਿਆ ਅਤੇ ਧਾਰਾ 124 ਏ, ਜਿਸ ਹੇਠ ਮਾਸਟਰ

ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਸੰਵਿਧਾਨ ਦੇ ਉਲਟ ਤੇ ਗ਼ੈਰ-ਕਾਨੂੰਨੀ ਕਰਾਰ ਦਿਵਾਇਆ ਤੇ ਮਾਸਟਰ ਤਾਰਾ ਸਿੰਘ ਨੂੰ 20 ਨਵੰਬਰ ਨੂੰ ਰਿਹਾ ਕਰਵਾ ਲਿਆ।

1990: ਗੁਰਚਰਨ ਸਿੰਘ ਉਰਫ਼ ਹੁਸੈਨ ਸਿੰਘ ਹੁਸਨਾ ਤੇ ਸਵਰਨ ਸਿੰਘ ਕਲਸੀ ਨੁਸ਼ਹਿਰਾ ਪੰਨੂਆਂ ਨਕਲੀ ਮੁਕਾਬਲੇ ਵਿਚ ਸ਼ਹੀਦ

7 ਸਤੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਗੁਰਚਰਨ ਸਿੰਘ ਉਰਫ਼ ਹੁਸੈਨ ਸਿੰਘ ਹੁਸਨਾ ਤੇ ਸਵਰਨ ਸਿੰਘ ਕਲਸੀ (ਵਾਸੀ ਨੁਸ਼ਹਿਰਾ ਪੰਨੂਆਂ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਹਰਜੀਤ ਸਿੰਘ ਜਨਹੇੜੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

7 ਸਤੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਹਰਜੀਤ ਸਿੰਘ (ਪੁੱਤਰ ਜਰਨੈਲ ਸਿੰਘ, ਵਾਸੀ ਜਨਹੇੜੀਆਂ, ਜ਼ਿਲ੍ਹਾ ਪਟਿਆਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸੁਖਵਿੰਦਰ ਸਿੰਘ ਸੁਲਤਾਨਵਿੰਡ, ਵੀਰੂ ਦਿਓਪੁਰਾ, ਅਮਰੀਕ ਮਸੀਹ ਨਈ ਆਬਾਦੀ, ਬੀਰਾ ਸਿੰਘ ਕੰਡੇ ਵਾਲਾ ਖੂਹ, ਬੰਸਾ ਬਿਲਚਾ ਕਿਲ੍ਹਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

7 ਸਤੰਬਰ 1992 ਦੇ ਦਿਨ ਪੁਲਸ ਨੇ ਸੁਖਵਿੰਦਰ ਸਿੰਘ (ਪੁੱਤਰ ਹਰਦਿਆਲ ਸਿੰਘ, ਵਾਸੀ ਸੁਲਤਾਨਵਿੰਡ, ਜ਼ਿਲ੍ਹਾ ਅੰਮ੍ਰਿਤਸਰ), ਵੀਰੂ (ਪੁੱਤਰ ਦਲੀਪ ਸਿੰਘ, ਵਾਸੀ ਦਿਓਪੁਰਾ), ਅਮਰੀਕ ਮਸੀਹ (ਪੁੱਤਰ ਰਹਿਮਤ ਮਸੀਹ, ਵਾਸੀ ਨਈ ਆਬਾਦੀ), ਬੀਰਾ ਸਿੰਘ (ਪੁੱਤਰ ਨਿਰੰਜਨ ਸਿੰਘ, ਵਾਸੀ ਕੰਡੇ ਵਾਲਾ ਖੂਹ), ਬੰਸਾ ਉਰਫ਼ ਕਾਲਾ (ਪੁੱਤਰ ਰਾਮ ਸਿੰਘ, ਵਾਸੀ ਬਿਲਚਾ ਕਿਲ੍ਹਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਹਰਮਨਦੀਪ ਸਿੰਘ ਕਾਕਾ ਤਰਨਤਾਰਨੀ ਨਕਲੀ ਮੁਕਾਬਲੇ ਵਿਚ ਸ਼ਹੀਦ

7 ਸਤੰਬਰ 1993 ਦੇ ਦਿਨ ਪੁਲਸ ਨੇ ਹਰਮਨਦੀਪ ਸਿੰਘ ਉਰਫ਼ ਕਾਕਾ (ਪੁੱਤਰ ਪ੍ਰੇਮ ਸਿੰਘ, ਵਾਸੀ ਤਰਨਤਾਰਨ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

8 ਸਤੰਬਰ

1922: ਗੁਰੂ-ਦਾ-ਬਾਗ ਮੋਰਚਾ ਦੌਰਾਨ ਪੁਲਸ ਵੱਲੋਂ 836 ਸਿੱਖਾਂ ਦੀ ਮਾਰ-ਕੁਟ ਹੋਈ

ਅੰਮ੍ਰਿਤਸਰ ਤੋਂ ਤਕਰੀਬਨ 23 ਕਿਲੋਮੀਟਰ ਦੂਰ ਪਿੰਡ ਘੁੱਕੇਵਾਲੀ ਵਿਚ ਗੁਰਦੁਆਰਾ ਗੁਰੂ ਦਾ ਬਾਗ ਹੈ। ਇਹ ਗੁਰਦੁਆਰਾ ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿਚ ਬਣਿਆ ਹੋਇਆ ਹੈ। ਸਿੱਖ ਸਰਦਾਰਾਂ ਨੇ ਇਸ ਗੁਰਦੁਆਰੇ ਨਾਲ ਵੀ ਕਾਫ਼ੀ ਜ਼ਮੀਨ ਅੰਗਰੇਜ਼ਾਂ ਨੇ ਹੜਪ ਵੀ ਕਰ ਲਈ ਸੀ। ਇੱਥੋਂ ਦਾ ਮਹੰਤ ਸੁੰਦਰ ਦਾਸ ਸੀ। ਲੋਕਾਂ ਨੂੰ ਉਸ ਦੇ ਇਖ਼ਲਾਕ ਬਾਰੇ ਬਹੁਤ ਸ਼ਿਕਾਇਤਾਂ ਸਨ। 31 ਜਨਵਰੀ 1921 ਦੇ ਦਿਨ ਦਾਨ ਸਿੰਘ ਵਛੋਆ ਦੀ ਅਗਵਾਈ ਵਿਚ ਕੁਝ ਸਿੱਖ ਉਸ ਕੋਲ ਗਏ ਅਤੇ ਉਸ ਨੂੰ ਆਪਣਾ ਸੁਧਾਰ ਕਰਨ ਵਾਸਤੇ ਆਖਿਆ। ਮਹੰਤ ਨੇ ਆਪਣੇ ਕੋਲ 50-60 ਬੰਦੇ ਇਕੱਠੇ ਕੀਤੇ ਹੋਏ ਸਨ। ਜਦੋਂ ਮਹੰਤ ਨੇ ਵੇਖਿਆ ਕਿ ਸਿੱਖ ਉਸ ਨੂੰ ਕੱਢਣਾ ਨਹੀਂ ਚਾਹੁੰਦੇ ਤਾਂ ਉਸ ਨੇ ਸਿੱਖਾਂ ਨਾਲ ਸਮਝੌਤਾ ਕਰ ਲਿਆ ਅਤੇ ਲਿਖਤੀ ਦਸਤਾਵੇਜ਼ 'ਤੇ ਦਸਤਖ਼ਤ ਵੀ ਕਰ ਦਿੱਤੇ। ਸਮਝੌਤੇ ਮੁਤਾਬਿਕ ਉਸ ਨੇ ਆਪਣੀ ਰਖੈਲ ਨਾਲ ਵਿਆਹ ਕਰਨਾ ਮੰਨ ਲਿਆ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਨਾਮਜ਼ਦ ਕੀਤੀ ਕਮੇਟੀ ਦੀਆਂ ਹਦਾਇਤਾਂ ਮੁਤਾਬਿਕ ਮਰਿਆਦਾ ਨਿਭਾਉਣ ਦਾ ਵਾਅਦਾ ਕੀਤਾ। ਗੁਰਦੁਆਰੇ

ਦੇ ਇੰਤਜ਼ਾਮ ਵਾਸਤੇ ਇਕ 5 ਮੈਂਬਰੀ ਕਮੇਟੀ ਚੁਣੀ ਗਈ। 8 ਫ਼ਰਵਰੀ ਨੂੰ ਮਹੰਤ ਨੇ ਅੰਮ੍ਰਿਤ ਵੀ ਛਕ ਲਿਆ। ਉਸ ਦਾ ਨਵਾਂ ਨਾਂ ਜੋਗਿੰਦਰ ਸਿੰਘ ਤੇ ਉਸ ਦੀ ਰਖੈਲ ਈਸ਼ਰੀ ਦਾ ਨਾਂ ਗਿਆਨ ਕੌਰ ਰੱਖਿਆ ਗਿਆ। ਦੋਹਾਂ ਨੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਵਿਆਹ ਕਰਵਾ ਲਿਆ।

ਤਕਰੀਬਨ 2 ਮਹੀਨੇ ਤਕ ਗੁਰੂ-ਦਾ-ਬਾਗ਼ ਗੁਰਦੁਆਰੇ ਦਾ ਇੰਤਜ਼ਾਮ ਠੀਕ ਠਾਕ ਚਲਦਾ ਰਿਹਾ ਪਰ ਜਦੋਂ ਸਰਕਾਰ ਨੇ ਅਕਾਲੀਆਂ 'ਤੇ ਸਖ਼ਤੀ ਦਾ ਦੌਰ ਚਲਾਉਣਾ ਸ਼ੁਰੂ ਕੀਤਾ ਅਤੇ ਬਹੁਤ ਸਾਰੇ ਆਗੂਆਂ ਨੂੰ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਦੇ ਨਾਂ 'ਤੇ ਗ੍ਰਿਫ਼ਤਾਰ ਕਰ ਲਿਆ ਤਾਂ ਅਪ੍ਰੈਲ 1921 ਵਿਚ ਇਹ ਮਹੰਤ ਵੀ ਵਿੱਟਰ ਗਿਆ। ਇਸ ਮਗਰੋਂ ਦੋ ਤਿੰਨ ਮਹੀਨੇ ਸਿੱਖ ਮਹੰਤ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਰਹੇ ਪਰ ਜਦੋਂ ਮਹੰਤ ਨਾ ਟਲਿਆ ਤਾਂ 23 ਅਗਸਤ 1921 ਦੇ ਦਿਨ ਸਿੱਖ ਸੰਗਤਾਂ ਨੇ ਗੁਰਦੁਆਰੇ ਉੱਤੇ ਕਬਜ਼ਾ ਕਰ ਲਿਆ। ਮਹੰਤ ਨੇ ਸਰਕਾਰੇ ਦਰਬਾਰੇ ਪਹੁੰਚ ਕੀਤੀ ਪਰ ਜਦੋਂ ਐਸ.ਪੀ. ਮੈਕਫ਼ਰਸਨ ਮੌਕਾ ਵੇਖਣ ਪੁੱਜਾ ਤਾਂ ਉਸ ਨੇ ਗੁਰਦੁਆਰੇ 'ਤੇ ਅਕਾਲੀਆਂ ਦੇ ਕਬਜ਼ੇ ਦੀ ਤਸਦੀਕ ਕੀਤੀ ਅਤੇ ਅਕਾਲੀਆਂ ਦੀ ਹਿਫ਼ਾਜ਼ਤ ਵਾਸਤੇ ਪੁਲੀਸ ਵੀ ਤਾਇਨਾਤ ਕਰ ਦਿੱਤੀ। ਕੁਝ ਦਿਨਾਂ ਬਾਅਦ ਅਕਾਲੀਆਂ ਦੇ ਆਖਣ 'ਤੇ ਪੁਲੀਸ ਨੂੰ ਵਾਪਸ ਬੁਲਾ ਲਿਆ ਗਿਆ।

ਫ਼ਰਵਰੀ 1922 ਵਿਚ ਮਹੰਤ ਨੇ ਤੇਜਾ ਸਿੰਘ ਸਮੁੰਦਰੀ ਤਕ ਪਹੁੰਚ ਕੀਤੀ। ਤੇਜਾ ਸਿੰਘ, ਗੁਰਚਰਨ ਸਿੰਘ ਤੇ ਬਾਲ ਸਿੰਘ ਨੇ ਵਿਚੋਲਗੀ ਕਰ ਕੇ ਮਹੰਤ ਨੂੰ 120 ਰੁਪਏ ਮਹੀਨਾ 'ਤੇ ਅੰਮ੍ਰਿਤਸਰ ਵਿਚ ਇਕ ਮਕਾਨ ਦਿਵਾ ਦਿੱਤਾ। ਅਪ੍ਰੈਲ 1922 'ਚ ਮਹੰਤ ਫੇਰ ਮੁੱਕਰ ਗਿਆ ਅਤੇ ਗੁਰਦੁਆਰੇ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ ਲੱਗਾ। ਤਿੰਨ ਕੁ ਮਹੀਨੇ ਇਵੇਂ ਹੀ ਗੁਜ਼ਰ ਗਏ। ਇਸ ਦੌਰਾਨ ਸਰਕਾਰ ਅਤੇ ਅਕਾਲੀਆਂ ਵਿਚਕਾਰ ਗੁਰਦੁਆਰਾ ਬਿੱਲ ਸਬੰਧੀ ਸਮਝੌਤੇ ਦੀ ਗਲਬਾਤ ਫ਼ੇਲ੍ਹ ਹੋ ਗਈ। ਸਰਕਾਰ ਨੇ ਸਿੱਖਾਂ ਨੂੰ ਦਬਾਉਣ ਲਈ ਦਹਿਸ਼ਤ ਦਾ ਨਵਾਂ ਦੌਰ ਸ਼ੁਰੂ ਕਰਨ ਦਾ ਫੈਸਲਾ ਕੀਤਾ।

ਗੁਰਦੁਆਰਾ ਗੁਰੂ ਦਾ ਬਾਗ਼ ਦੇ ਲੰਗਰ ਵਾਸਤੇ ਬਾਲਣ ਦੀ ਲੱਕੜ ਗੁਰਦੁਆਰੇ ਦੀ ਜ਼ਮੀਨ ਵਿਚ ਖੜੇ ਕਿੱਕਰ ਦੇ ਦਰਖ਼ਤਾਂ ਤੋਂ ਲਿਆਂਦੀ ਜਾਂਦੀ ਸੀ। 8 ਅਗਸਤ 1922 ਦੇ ਦਿਨ ਪੰਜ ਅਕਾਲੀ ਲੰਗਰ ਵਾਸਤੇ ਇਕ ਸੁੱਕੇ ਕਿੱਕਰ ਦੀ ਲੱਕੜ ਕੱਟ ਕੇ ਲਿਆਏ। ਉਨ੍ਹਾਂ ਨੂੰ 9 ਅਗਸਤ ਦੇ ਦਿਨ ਡੈਨਟ (ਡੀ.ਸੀ.) ਦੇ ਹੁਕਮ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਹੋਰ ਤਾਂ ਹੋਰ ਇਸ ਸਬੰਧ ਵਿਚ ਸਾਬਕ ਮਹੰਤ ਸੁੰਦਰ ਦਾਸ ਨੇ ਲਿਖਤੀ ਤੌਰ 'ਤੇ ਕੋਈ ਸ਼ਿਕਾਇਤ ਵੀ ਨਹੀਂ ਕੀਤੀ ਸੀ ਤੇ ਸਿੱਖ ਚੋਖੇ ਚਿਰ ਤੋਂ ਲੰਗਰ ਵਾਸਤੇ ਲੱਕੜ ਇੱਥੋਂ ਲਿਜਾਂਦੇ ਰਹੇ ਸਨ। 10 ਅਗਸਤ ਨੂੰ ਪੁਲੀਸ ਅਫ਼ਸਰ ਐਸ.ਜੀ.ਐਮ. ਬੀਟੀ (S.G.M. Beaty) ਗੁਰੂ ਦਾ ਬਾਗ਼ ਪਹੁੰਚਿਆ ਅਤੇ ਮਹੰਤ ਕੋਲੋਂ ਲਿਖਤੀ ਸ਼ਿਕਾਇਤ ਲੈ ਲਈ। ਇਸੇ ਦਿਨ 8 ਅਗਸਤ ਨੂੰ ਗ੍ਰਿਫ਼ਤਾਰ ਕੀਤੇ ਸਿੱਖਾਂ ਨੂੰ ਕਾਹਲੀ ਵਿਚ ਛੇ ਮਹੀਨੇ ਦੀ ਕੈਦ ਤੇ 50 ਰੁਪਏ ਜੁਰਮਾਨਾ ਕਰ ਦਿੱਤਾ ਗਿਆ।

ਇਸ ਮਗਰੋਂ ਵੀ ਸਿੱਖ ਲੱਕੜ ਕੱਟਦੇ ਰਹੇ ਸਨ ਪਰ 22 ਅਗਸਤ 1922 ਦੇ ਦਿਨ ਸਰਕਾਰ ਨੇ ਲੱਕੜ ਕੱਟਣ ਵਾਲੇ ਸਿੱਖਾਂ ਨੂੰ ਫੇਰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। 24 ਅਗਸਤ ਤਕ 180 ਗ੍ਰਿਫ਼ਤਾਰੀਆਂ ਹੋ ਚੁੱਕੀਆਂ ਸਨ। 25 ਅਗਸਤ ਨੂੰ 30 ਹੋਰ ਸਿੱਖ ਗ੍ਰਿਫ਼ਤਾਰ ਕੀਤੇ ਗਏ। 25 ਅਗਸਤ ਨੂੰ ਜਦੋਂ 136 ਸਿੱਖਾਂ ਦਾ ਜਥਾ ਗੁਰੂ ਕਾ ਬਾਗ ਗਿਆ ਤਾਂ ਪੁਲੀਸ ਨੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ ਕੁੱਟਣਾ ਸ਼ੁਰੂ ਕਰ ਦਿੱਤਾ। ਤਕਰੀਬਨ 100 ਸਿੱਖਾਂ ਨੂੰ ਪੁਲੀਸ ਨੇ ਵਹਿਸ਼ੀਆਣਾ ਤਰੀਕੇ ਨਾਲ ਡਾਂਗਾ ਮਾਰ-ਮਾਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਇਸ ਕੁੱਟਮਾਰ ਦਾ ਇੰਚਾਰਜ ਐਸ. ਜੀ. ਐਮ. ਬੀਟੀ (S.G.M. Beaty)' ਸੀ ਜਿਸ ਨੂੰ ਐਸ. ਪੀ. ਪੁਲੀਸ ਮੈਕਫ਼ਰਸਨ ਨੇ ਇਸ ਡਿਊਟੀ 'ਤੇ ਤਾਇਨਤ ਕੀਤਾ ਹੋਇਆ ਸੀ।

27 ਅਗਸਤ ਨੂੰ ਗੁਰੂ ਦਾ ਬਾਗ਼ ਗਏ ਜਥੇ ਨੂੰ ਅੰਮ੍ਰਿਤਸਰ ਨੂੰ ਮਾਰਚ ਕਰਨ ਵਾਸਤੇ ਕਿਹਾ ਗਿਆ, ਉਨ੍ਹਾਂ ਨੂੰ ਰਸਤੇ ਵਿਚ ਡਾਂਗਾ ਮਾਰ-ਮਾਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਗਿਆ। ਗੁਰੂ ਦਾ ਬਾਗ਼ ਜਾਣ ਵਾਲੀਆਂ ਸਾਰੀਆਂ ਸੜਕਾਂ ਦੀ ਨਾਕਾਬੰਦੀ ਕਰ ਦਿੱਤੀ ਗਈ। ਨਾਲ ਦੇ ਪਿੰਡਾਂ ਵਿਚ ਵੀ ਸਿੱਖਾਂ ਦੇ ਹਿਮਾਇਤੀਆਂ ਦੀ ਵੀ ਕੁੱਟ-ਮਾਰ ਕੀਤੀ ਗਈ ਅਤੇ ਉਨ੍ਹਾਂ ਤੋਂ ਲੰਗਰ ਤੇ ਰਸਦ-ਪਾਣੀ ਵੀ ਖੋਹ ਲਿਆ ਗਿਆ। ਹੋਰ ਤਾਂ ਹੋਰ ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਇਕ ਪ੍ਰੋਫ਼ੈਸਰ, ਜੋ ਪਰਿਵਾਰ ਸਣੇ ਗੁਰਦੁਆਰਾ ਗੁਰੂ ਦਾ ਬਾਗ਼ ਵੱਲ ਜਾ ਰਿਹਾ ਸੀ, ਨੂੰ ਔਰਤਾਂ ਦੇ ਸਾਹਮਣੇ ਬੁਰੀ ਤਰ੍ਹਾਂ ਕੁੱਟਿਆ ਗਿਆ। ਅੰਮ੍ਰਿਤਸਰ ਜਾਣ ਵਾਲੀਆਂ ਗੱਡੀਆਂ ਅਤੇ ਮੋਟਰਾਂ ਨੂੰ ਰੋਕ ਕੇ ਸਿੱਖਾਂ ਨੂੰ ਉਤਾਰਿਆ ਗਿਆ ਅਤੇ ਜਾਂ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਾਂ ਵਾਪਿਸ ਭੇਜ ਦਿੱਤਾ ਗਿਆ। ਅੰਮ੍ਰਿਤਸਰ ਦੇ ਆਲੇ-ਦੁਆਲੇ, ਦੂਰ-ਦੂਰ ਤਕ, ਸੜਕਾਂ, ਪੁਲਾਂ ਅਤੇ ਪੱਤਣਾਂ 'ਤੇ ਪੁਲੀਸ ਤਾਇਨਾਤ ਕਰ ਦਿੱਤੀ ਗਈ।

31 ਅਗਸਤ ਤੋਂ ਰੋਜ਼ਾਨਾ ਇਕ ਸੌ ਸਿੱਖਾਂ ਦਾ ਜਥਾ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਦਾ ਬਾਗ਼ ਜਾਣ ਲੱਗ ਪਿਆ। ਇਸ ਜਥੇ ਦੇ ਨਾਲ ਇਕ ਐਂਬੂਲੈਂਸ ਵੀ ਹੋਇਆ ਕਰਦੀ ਸੀ। ਇਸ ਜਥੇ ਨੂੰ ਰਾਹ ਵਿਚ ਰਾਜਾਸਾਂਸੀ, ਛੀਨਾ ਤੇ ਗੁਮਟਾਲਾ ਪੁੱਲ 'ਤੇ ਰੋਕ ਲਿਆ ਜਾਂਦਾ ਅਤੇ ਲਾਠੀਆਂ ਮਾਰ-ਮਾਰ ਕੇ ਹਰ ਇਕ ਨੂੰ ਬੇਹੋਸ਼ ਕਰ ਦਿੱਤਾ ਜਾਂਦਾ। ਜਦੋਂ ਸਾਰੇ ਸਿੱਖ ਬੇਹੋਸ਼ ਹੋ ਜਾਂਦੇ ਤਾਂ ਪੁਲੀਸ ਉਨ੍ਹਾਂ ਨੂੰ ਵਾਲਾਂ ਤੋਂ ਫੜ੍ਹ ਕੇ, ਧੂਹ ਕੇ, ਚਿਕੜ ਵਾਲੇ ਟੋਇਆਂ ਵਿਚ ਸੁੱਟ ਦਿਆ ਕਰਦੀ ਸੀ। ਇਸ ਮਗਰੋਂ ਮੈਡੀਕਲ ਟੀਮ ਆਪਣੀ ਕਾਰਵਾਈ ਸ਼ੁਰੂ ਕਰਿਆ ਕਰਦੀ ਸੀ। ਇਨ੍ਹਾਂ ਸਾਰੇ ਜ਼ਖ਼ਮੀਆਂ ਨੂੰ ਅੰਮ੍ਰਿਤਸਰ ਲਿਜਾਇਆ ਜਾਂਦਾ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਹਸਪਤਾਲਾਂ 'ਚ ਦਾਖ਼ਿਲ ਕੀਤਾ ਜਾਂਦਾ। **8 ਸਤੰਬਰ 1922 ਤਕ 836 ਸਿੱਖ ਪੁਲਸ ਵੱਲੋਂ ਕੁੱਟੇ ਜਾ ਚੁਕੇ ਸਨ ਪਰ ਅਜੇ ਵੀ ਸੈਂਕੜੇ ਸਿੱਖ ਜਥਿਆਂ ਵਿਚ ਜਾਣ ਵਾਸਤੇ ਆ ਰਹੇ ਸਨ।**

(ਬਾਅਦ ਵਿਚ ਇਸ ਪੁਲਸ ਅਫ਼ਸਰ ਬੀਟੀ ਨੂੰ ਮਲੇਰਕੋਟਲਾ ਦੇ ਨਵਾਬ ਨੇ ਪੁਲੀਸ ਦਾ ਮੁਖੀ ਬਣਾ ਦਿੱਤਾ ਸੀ। ਉੱਥੋਂ ਹਟਦੇ ਜਾਣ ਮਗਰੋਂ ਉਹ ਹਰਨਾਮੀ ਨਾਂ ਦੀ ਇਕ ਔਰਤ ਨਾਲ ਰਹਿਣ ਲਗ ਪਿਆ। 27 ਜੂਨ 1940 ਦੇ ਦਿਨ ਕਰਤਾਰ ਸਿੰਘ ਤੇ ਬਚਨ ਸਿੰਘ ਨੇ ਉਸ ਦੇ ਘਰ ਜਾ ਕੇ ਉਸ ਨੂੰ ਚਾਲਾਕੀ ਨਾਲ ਕਤਲ ਕਰ ਦਿੱਤਾ। ਇਸ ਕੇਸ ਵਿਚੋਂ ਇਹ ਦੋਵੇਂ ਤਾਂ ਬਰੀ ਹੋ ਗਏ ਪਰ ਕਿਸੇ ਹੋਰ ਕੇਸ ਵਿਚ ਉਹ 1952 ਤਕ ਪਟਿਆਲੇ ਵਿਚ ਕੈਦ ਰਹੇ)।

1955: ਮਾਸਟਰ ਤਾਰਾ ਸਿੰਘ ਚਾਰ ਮਹੀਨੇ ਜੇਲ੍ਹ ਵਿਚ ਰਹਿਣ ਮਗਰੋਂ ਰਿਹਾ ਕੀਤੇ ਗਏ

ਪੰਜਾਬ ਸਰਕਾਰ ਨੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਰਾਹੀਂ, ਅੰਮ੍ਰਿਤਸਰ ਜ਼ਿਲ੍ਹੇ ਵਿਚ, 6 ਅਪ੍ਰੈਲ 1955 ਤੋਂ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ 'ਤੇ ਪਾਬੰਦੀ ਲਾ ਦਿੱਤੀ ਤੇ ਇਸ ਦੇ ਨਾਲ ਹੀ ਪੰਜਾਬ ਵਿਚ ਸਰਕਾਰੀ ਇਜਾਜ਼ਤ ਬਿਨਾ ਜਲਸੇ-ਜਲੂਸਾਂ 'ਤੇ ਵੀ ਪਾਬੰਦੀ ਲਾ ਦਿੱਤੀ।

15 ਅਪ੍ਰੈਲ 1955 ਦੇ ਦਿਨ ਗੁਰੂ ਦਾ ਬਾਗ਼ (ਦਰਬਾਰ ਸਾਹਿਬ ਅੰਤ੍ਰਿਸਰ) ਵਿਚ ਸਜੇ ਦੀਵਾਨ ਵਿਚ ਮਾਸਟਰ ਤਾਰਾ ਸਿੰਘ ਬੋਲਦਿਆਂ ਨੇ ਐਲਾਨ ਕੀਤਾ ਕਿ ਸਿੱਖ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ 'ਤੇ ਪਾਬੰਦੀ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਨੇ ਐਲਾਨ ਕੀਤਾ ਕਿ ਜੇ 23 ਅਪ੍ਰੈਲ ਤਕ ਇਹ ਪਾਬੰਦੀ ਨਾ ਹਟਾਈ ਗਈ ਤਾਂ ਇਸ ਦੇ ਖ਼ਿਲਾਫ਼ ਮੋਰਚਾ ਲਾ ਦਿੱਤਾ ਜਾਵੇਗਾ। ਸਰਕਾਰ ਨੇ ਇਸ ਐਲਾਨ ਦੀ ਪ੍ਰਵਾਹ ਨਾ ਕੀਤੀ। 24 ਅਪ੍ਰੈਲ ਦੇ ਦਿਲ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 10 ਮਈ 1955 ਤੋਂ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਪਹਿਲੀ ਮਈ ਨੂੰ ਲੁਧਿਆਣੇ ਵਿਚ ਸਾਰੀਆਂ ਪਾਰਟੀਆਂ ਦੀ ਇਕ ਸਾਂਝੀ ਮੀਟਿੰਗ ਹੋਈ, ਜਿਸ ਵਿਚ ਇਹ ਫੈਸਲਾ ਲਿਆ ਗਿਆ ਕਿ ਸਿੱਖ ਤੇ ਹਿੰਦੂ ਇਕ ਦੂਜੇ ਦੇ ਖ਼ਿਲਾਫ਼ ਨਾਅਰੇ ਨਹੀਂ ਲਾਉਣਗੇ। ਉਸ ਤੋਂ ਦੋ ਦਿਨ ਬਾਅਦ ਭੀਮ ਸੈਨ ਸੱਚਰ ਨੇ ਨਾਅਰਿਆਂ ਤੋਂ ਪਾਬੰਦੀ ਵਾਪਸ ਲੈਣ ਦਾ ਫੈਸਲਾ ਕਰ ਲਿਆ ਪਰ ਕੁਝ ਹਿੰਦੂ ਆਗੂਆਂ ਨੇ ਸੱਚਰ ਨੂੰ ਭੜਕਾ ਕੇ ਅਕਾਲੀਆਂ ਦੇ

ਖ਼ਿਲਾਫ਼ ਫੇਰ ਬਿਆਨ ਦਿਵਾ ਦਿੱਤਾ। ਉਸ ਨੇ ਕਿਹਾ ਕਿ ਸਰਕਾਰ ਅਕਾਲੀਆਂ ਅੱਗੇ ਨਹੀਂ ਝੁਕੇਗੀ ਜੇ ਕਰ ਅਕਾਲੀ ਮੋਰਚਾ ਲਾਉਣਗੇ ਤਾਂ ਉਨ੍ਹਾਂ ਨੂੰ ਕੁਚਲ ਕੇ ਰੱਖ ਦਿੱਤਾ ਜਾਵੇਗਾ। ਹੁਣ ਯਕੀਨੀ ਹੋ ਗਿਆ ਸੀ ਕਿ 10 ਮਈ ਨੂੰ ਅਕਾਲੀ ਦਲ ਦਾ ਮੋਰਚਾ ਜ਼ਰੂਰ ਸ਼ੁਰੂ ਹੋ ਜਾਵੇਗਾ।

ਜਦ ਸਰਕਾਰ ਨੇ ਪਾਬੰਦੀ ਹਟਾਉਣ ਤੋਂ ਨਾਂਹ ਕਰ ਦਿੱਤੀ ਤਾਂ ਐਲਾਣ ਮੁਤਾਬਿਕ 10 ਮਈ 1955 ਦੇ ਦਿਨ ਅਕਾਲੀ ਦਲ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ' ਨਾਅਰੇ 'ਤੇ ਲਾਈ ਪਾਬੰਦੀ ਦੇ ਖ਼ਿਲਾਫ਼ ਮੋਰਚਾ ਲਾ ਦਿੱਤਾ। ਉਸ ਦਿਨ ਪਹਿਲਾ ਜਥਾ ਭੇਜਿਆ ਜਾਣਾ ਸੀ। ਸ਼ਾਮ ਨੂੰ 7 ਵਜੇ ਮੰਜੀ ਸਾਹਿਬ ਵਿਚ ਇਕ ਭਾਰੀ ਦੀਵਾਨ ਸਜਾਇਆ ਗਿਆ। ਇਸ ਦੀਵਾਨ ਵਿਚ ਇਕ ਲੱਖ ਦੇ ਕਰੀਬ ਸਿੱਖ ਹਾਜ਼ਰ ਸਨ। ਮਾਸਟਰ ਤਾਰਾ ਸਿੰਘ ਨੇ ਮੰਜੀ ਸਾਹਿਬ ਦੀ ਸਟੇਜ ਤੋਂ ਐਲਾਨ ਕੀਤਾ:

''ਸਿੱਖੋ ਅਸੀਂ ਆਜ਼ਾਦੀ ਮੰਗਦੇ ਹਾਂ ਅਤੇ ਇਹ ਅਸਾਨੂੰ ਡੂੰਘੀ ਗ਼ੁਲਾਮੀ ਹੇਠਾਂ ਫ਼ਸਾਉਣ ਨੂੰ ਫਿਰਦੇ ਹਨ। ਅਸੀਂ ਅਜੋਕੀ ਹਾਲਤ ਤੋਂ ਸੰਤੁਸ਼ਟ ਨਹੀਂ ਹਾਂ ਤੇ ਪੰਜਾਬੀ ਸੂਬਾ ਮੰਗਦੇ ਹਾਂ ਪਰ ਇਹ ਸਾਨੂੰ ਪੰਜਾਬੀ ਸੂਬੇ ਦੀ ਮੰਗ ਦਾ ਪ੍ਰਚਾਰ ਕਰਨ ਤੋਂ ਵੀ ਰੋਕਦੇ ਹਨ। ਇਸ ਨਾਅਰੇ 'ਤੇ ਪਾਬੰਦੀ ਲਾ ਦਿੱਤੀ ਗਈ। ਖਾਲਸਾ ਜੀ! ਇਹ ਸਮਝ ਲਓ ਕਿ ਇਹ ਸਭ ਕੁਝ ਸਾਡੀ ਅਣਖ ਮਾਰਨ ਲਈ ਹੀ ਹੋ ਰਿਹਾ ਹੈ। ਇਹੀ ਕੁਝ ਤਾਂ ਸਾਡੇ ਕੋਲ ਹੈ, ਜੇ ਇਹੋ ਚਲੀ ਗਈ ਤਾਂ ਸਮਝ ਲਓ, ਸਭ ਕੁਝ ਗਿਆ। ਇਸ ਲਈ ਅਣਖ ਕਾਇਮ ਰੱਖਣ ਲਈ ਸਭ ਕੁਝ ਦਾਅ 'ਤੇ ਲਾ ਦਿਓ। ਇਹ ਸਮਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪੂਰਨਿਆਂ 'ਤੇ ਚਲ ਕੇ ਸ਼ਾਂਤਮਈ ਰਹਿੰਦੀਆਂ ਹੋਇਆਂ ਸੀਸ ਭੇਟ ਕਰਨ ਦਾ ਹੈ। ਮੁਕਾਬਲਾ ਹੰਕਾਰੀ ਹਾਕਮਾਂ ਨਾਲ ਹੈ, ਪਰ ਸਾਨੂੰ ਭਰੋਸਾ ਉਸ ਗੁਰੂ ਉੱਤੇ ਹੈ ਜਿਸ ਨੇ ਕਿਹਾ ਸੀ: ਗਰੀਬਾ ਉਪਰਿ ਜਿ ਖਿੰਜੈ ਦਾੜੀ। ।ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ। ।''

ਮਾਸਟਰ ਤਾਰਾ ਸਿੰਘ ਦਾ ਇਹ ਸੁਨੇਹਾ ਸਾਰੀ ਸਿੱਖ ਕੌਮ ਨੂੰ ਟੁੰਬ ਗਿਆ ਅਤੇ ਕੌਮ ਦਾ ਇਕ-ਇਕ ਬੱਚਾ, ਬੁੱਢਾ ਤੇ ਜਵਾਨ, ਕੁਰਬਾਨੀ ਦੇਣ ਲਈ ਤਿਆਰ ਹੋ ਗਿਆ। ਮਾਸਟਰ ਨੇ ਐਲਾਨ ਕੀਤਾ ਕਿ ਅਸੀਂ ਦਫ਼ਾ 144 ਨਹੀਂ ਤੋੜਨੀ। ਅਸੀਂ ਸਿਰਫ਼ 'ਪੰਜਾਬੀ ਸੂਬਾ ਜ਼ਿੰਦਾਬਾਦ' ਨਾਅਰੇ 'ਤੇ ਲੱਗੀ ਹੋਈ ਨਾਜਾਇਜ਼ ਪਾਬੰਦੀ ਤੋੜਨੀ ਹੈ। ਇਸ ਲਈ ਅਸੀਂ 4-4 ਦੇ ਜਥਿਆਂ ਵਿਚ ਜਾ ਕੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ ਮਾਰ ਕੇ ਗ੍ਰਿਫ਼ਤਾਰੀ ਦੇਵਾਂਗੇ।

ਇਸ ਮਗਰੋਂ ਮਾਸਟਰ ਤਾਰਾ ਸਿੰਘ ਆਪਣੇ ਤਿੰਨ ਹੋਰ ਸਾਥੀਆਂ ਸਮੇਤ ਗ੍ਰਿਫ਼ਤਾਰੀ ਦੇਣ ਲਈ ਮੰਜੀ ਸਾਹਿਬ ਦੇ ਦੀਵਾਨ ਵਿਚੋਂ ਬਾਹਰ ਨਿਕਲਿਆ। ਪੁਲੀਸ ਦੀ ਭਾਰੀ ਫ਼ੋਰਸ ਬ੍ਰਹਮ ਬੂਟਾ ਅਖਾੜਾ ਸਾਹਮਣੇ ਉਸ ਨੂੰ ''ਜੀ ਆਇਆਂ'' ਆਖਣ ਵਾਸਤੇ ਮੌਜੂਦ ਸੀ। ਜਦ ਮਾਸਟਰ ਤਾਰਾ ਸਿੰਘ ਗ੍ਰਿਫ਼ਤਾਰੀ ਦੇਣ ਵਾਸਤੇ ਜਾ ਰਹੇ ਸਨ ਤਾਂ ਲੋਕ ਉਹਨਾਂ ਉੱਤੇ ਪੈਸਿਆਂ, ਨੋਟਾਂ ਅਤੇ ਫੁੱਲਾਂ ਦਾ ਮੀਂਹ ਵਰ੍ਹਾ ਰਹੇ ਸਨ। ਨਾਕੇ 'ਤੇ ਪੁੱਜਦਿਆਂ ਹੀ ਪੁਲੀਸ ਨੇ ਮਾਸਟਰ ਜੀ ਨੂੰ ਗ੍ਰਿਫ਼ਤਾਰ ਕਰ ਕੇ ਆਪਣੀ ਜੀਪ ਵਿਚ ਬਿਠਾ ਲਿਆ। ਇਸ ਪਿੱਛੋਂ ਦੋ ਹੋਰ ਜਥਿਆਂ ਨੇ ਏਸੇ ਤਰ੍ਹਾਂ ਮਿੱਥੇ ਹੋਏ ਨਾਅਰੇ ਲਾ ਕੇ ਗ੍ਰਿਫ਼ਤਾਰੀ ਦਿੱਤੀ। ਇਸ ਤਰ੍ਹਾਂ ਮੋਰਚੇ ਦੇ ਪਹਿਲੇ ਦਿਨ ਮਾਸਟਰ ਜੀ ਦੀ ਜਥੇਦਾਰੀ ਹੇਠ ਲਿਖੇ ਸਿੱਖਾਂ ਨੇ ਗ੍ਰਿਫ਼ਤਾਰੀ ਦਿੱਤੀ: ਮੱਖਣ ਸਿੰਘ ਵੇਰਕਾ, ਕਾਲਾ ਸਿੰਘ ਸੁਲਤਾਨਵਿੰਡ, ਨਰੈਣ ਸਿੰਘ ਹਮਜ਼ਾ, ਤਾਰਾ ਸਿੰਘ ਸ਼ਹੀਦ, ਸ਼ੇਰ ਸਿੰਘ ਜੇਜਾ, ਦਲਜੀਤ ਸਿੰਘ (ਇੰਚਾਰਜ ਬੀਰ ਖਾਲਸਾ ਦਲ), ਅਵਤਾਰ ਸਿੰਘ ਛਤੀਰੀਆਂ ਵਾਲੇ, ਬਾਬਾ ਕਰਤਾਰ ਸਿੰਘ (ਕੋਟ ਬਾਬਾ ਦੀਪ ਸਿੰਘ), ਸੰਤੋਖ ਸਿੰਘ, ਬਲਬੀਰ ਸਿੰਘ।

ਮਾਸਟਰ ਜੀ ਦੇ ਜਥੇ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਸਰਕਾਰ ਨੇ ਮੋਰਚੇ ਨੂੰ ਕੁਚਲ ਦਣ ਵਾਸਤੇ ਅਕਾਲੀ ਵਰਕਰਾਂ ਦੀਆਂ ਧੜਾਧੜ ਗ੍ਰਿਫ਼ਤਾਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਦੂਜੇ ਪਾਸੇ ਇਹ ਮੋਰਚਾ ਬੜੀ ਸ਼ਾਨ ਨਾਲ ਚਲਣਾ ਸ਼ੁਰੂ ਹੋ ਗਿਆ। ਇਸ ਵੇਲੇ ਤਕ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 138 ਵਿਚੋਂ 113 ਮੈਂਬਰ ਜੇਲ੍ਹ ਵਿਚ ਸਨ। 12 ਜੁਲਾਈ ਦੇ ਦਿਨ ਪੰਜਾਬੀ ਦੇ ਨਾਅਰੇ 'ਤੇ ਲੱਗੀ ਪਾਬੰਦੀ ਦੇ ਖ਼ਿਲਾਫ਼ 64 ਰੋਜ਼ਾ ਮੋਰਚਾ ਜਿੱਤਿਆ ਗਿਆ। ਪਹਿਲਾਂ ਤਾਂ ਸੱਚਰ ਨੇ ਮੋਰਚੇ ਵਿਚ ਗ੍ਰਿਫ਼ਤਾਰ ਸਿੱਖਾਂ ਨੂੰ ਰਿਹਾ ਕਰਨ ਤੋਂ ਨਾਂਹ ਕਰ ਦਿੱਤੀ ਪਰ ਨਵੇਂ ਮੋਰਚੇ ਤੋਂ ਡਰ ਕੇ ਸਾਰੇ ਕੈਦੀ ਰਿਹਾ ਕਰ ਦਿੱਤੇ। ਸਭ ਤੋਂ ਅਖ਼ੀਰ 'ਤੇ ਮਾਸਟਰ ਤਾਰਾ ਸਿੰਘ ਨੂੰ 8 ਸਤੰਬਰ 1955 ਦੇ ਦਿਨ ਰਿਹਾ ਕੀਤਾ ਗਿਆ।

1989: ਕੰਵਰਪਾਲ ਸਿੰਘ ਮੋਹਾਲੀ ਤੇ ਸੁਖਮੰਦਰ ਸਿੰਘ ਫ਼ੀਰੋਜਪੁਰ ਨਕਲੀ ਮੁਕਾਬਲੇ ਚ ਸ਼ਹੀਦ

8 ਸਤੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਕੰਵਰਪਾਲ ਸਿੰਘ (ਪੁੱਤਰ ਮਾਸਟਰ ਅਜੈਬ ਸਿੰਘ, ਵਾਸੀ ਗਲੀ ਨੰਬਰ 5, ਸਹਿਬਜ਼ਾਦਾ ਅਜੀਤ ਸਿੰਘ ਨਗਰ), ਸੁਖਮੰਦਰ ਸਿੰਘ (ਵਾਸੀ ਦੀਪ ਸਿੰਘ ਵਾਲਾ, ਫ਼ੀਰੋਜਪੁਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਪਰਮਜੀਤ ਸਿੰਘ ਲੁਧਿਆਣਾ ਨਕਲੀ ਮੁਕਾਬਲੇ ਵਿਚ ਸ਼ਹੀਦ

8 ਸਤੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਪਰਮਜੀਤ ਸਿੰਘ (ਪੁੱਤਰ ਹਰਨਾਮ ਸਿੰਘ, ਵਾਸੀ ਹੀਰਾ ਨਗਰ, ਨੇੜੇ ਸਲੇਮ ਟਾਬਰੀ, ਜ਼ਿਲ੍ਹਾ ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਮੋਜਿਆਂ ਪਿੰਡ ਵਿਚ ਹੋਏ ਅਸਲ ਮੁਕਾਬਲੇ ਵਿਚ 8 ਖਾੜਕੂ ਸ਼ਹੀਦ

7 ਸਤੰਬਰ 1991 ਦੇ ਦਿਨ ਬਾਬਰਾਬ ਦੀ ਚੈਕ ਪੋਸਟ 'ਤੇ ਖਾੜਕੂਆਂ ਦੀ ਪੁਲਸ ਅਤੇ ਸੀ.ਆਰ.ਪੀ.ਐਫ਼. ਦੀਆਂ ਫ਼ੋਰਸਿਜ਼ ਨਾਲ ਟੱਕਰ ਹੋ ਗਈ। ਇਸ ਅਚਾਨਕ ਹੋਈ ਟੱਕਰ ਵਿਚ ਪੁਲਸ ਦੇ ਦੋ ਅਤੇ ਸੀ.ਆਰ.ਪੀ.ਐਫ਼. ਦੇ ਤਿੰਨ ਸਿਪਾਹੀ ਮਾਰੇ ਗਏ। ਇਧਰ ਖੇਮ ਸਿੰਘ ਬਲਦ ਕਲਾਂ ਵੀ ਜ਼ਖ਼ਮੀ ਹੋ ਗਿਆ। ਇਸ ਮਗਰੋਂ ਗਮਦੂਰ ਸਿੰਘ, ਬਸ਼ੀਰ ਮੁਹੰਮਦ (ਲਖਸ਼ਮਨ ਸਿੰਘ), ਤੇ ਜੁਗਰਾਜ ਸਿੰਘ ਰਾਈਸਨ ਉਸ ਨੂੰ ਉਥੋਂ ਕੱਢ ਕੇ ਲੈ ਗਏ। ਕਿਉਂਕਿ ਉਹ ਬਹੁਤ ਜ਼ਖ਼ਮੀ ਸੀ, ਇਸ ਕਰ ਕੇ ਪਹਿਲਾਂ ਤਾਂ ਉਸ ਨੂੰ ਪਿੰਡ ਮੋਜਿਆਂ ਅਤੇ ਰਾਏਪੁਰ ਦੇ ਵਿਚਕਾਰ ਖੇਤਾਂ ਵਿਚ ਲਿਜਾ ਕੇ ਛੁਪਾ ਦਿੱਤਾ ਗਿਆ। ਏਨੇ ਵਿਚ ਕਿਸੇ ਮੁਖ਼ਬਰ ਨੇ ਉਨ੍ਹਾਂ ਦੇ ਉਥੇ ਲੁਕੇ ਹੋਣ ਦੀ ਖ਼ਬਰ ਫ਼ੋਰਸਿਜ਼ ਨੂੰ ਦੇ ਦਿੱਤੀ ਅਤੇ ਵੱਡੀ ਗਿਣਤੀ ਵਿਚ ਪੁਲਸ ਅਤੇ ਸੀ.ਆਰ.ਪੀ.ਐਫ਼. ਦੀਆਂ ਫ਼ੋਰਸਿਜ਼ ਨੇ ਉਸ ਥਾਂ ਨੂੰ ਅਤੇ ਆਲੇ ਦੁਆਲੇ ਦੇ ਦਰਜਨ ਦੇ ਕਰੀਬ ਪਿੰਡਾਂ ਨੂੰ ਘੇਰਾ ਪਾ ਲਿਆ। ਸਪੀਕਰ 'ਤੇ ਪੁਲਸ ਨੇ ਐਲਾਨ ਕੀਤਾ ਕਿ ਫ਼ੋਰਸਿਜ਼ ਨੇ ਘੇਰਾ ਪਾਇਆ ਹੋਇਆ ਹੈ ਤੇ ਉਹ ਹੱਥ ਖੜੇ ਕਰ ਕੇ ਬਾਹਰ ਆ ਜਾਣ। ਖਾੜਕੂਆਂ ਦੀ ਗਿਣਤੀ ਅੱਠ ਸੀ ਤੇ ਇਨ੍ਹਾਂ ਵਿਚ ਬਲਬਿੰਦਰ ਸਿੰਘ ਗੱਗਾ, ਗੁਰਮੇਲ ਸਿੰਘ (ਪੁੱਤਰ ਜ਼ੋਰਾ ਸਿੰਘ, ਵਾਸੀ ਰਾਏਪੁਰ, ਜ਼ਿਲ੍ਹਾ ਮਾਨਸਾ), ਜੁਗਰਾਜ ਸਿੰਘ, ਬਲਵਿੰਦਰ ਸਿੰਘ ਉਰਫ਼ ਗੋਲੀ, ਬਸ਼ੀਰ ਮੁਹੰਮਦ (ਲਖਸ਼ਮਨ ਸਿੰਘ), ਖੇਮ ਸਿੰਘ, ਪਰਮਜੀਤ ਸਿੰਘ ਫੂਲੇਵਾਲ, ਗੁਰਮੇਲ ਸਿੰਘ ਸੈਕਟਰੀ। ਇਹ ਮੁਕਾਬਲਾ 24 ਘੰਟੇ ਚਲਦਾ ਰਿਹਾ। ਅਖ਼ੀਰ 100 ਤੋਂ ਵਧ ਫ਼ੋਰਸਿਜ਼ ਨਾਲ ਟੱਕਰ ਲੈਂਦੇ ਦਰਜਨ ਤੋਂ ਵਧ ਸਿਪਾਹੀਆਂ ਨੂੰ ਮਾਰਨ ਮਗਰੋਂ ਉਹ ਸਾਰੇ ਸ਼ਹੀਦ ਹੋ ਗਏ। ਇਸ ਤੋਂ ਕੁਝ ਚਿਰ ਮਗਰੋਂ ਹੀ ਸੋਦਾਗਰ ਸਿੰਘ ਵੀ ਇਕ ਵੱਖਰੇ ਅਸਲ ਮੁਕਾਬਲੇ ਵਿਚ ਸ਼ਹੀਦ ਹੋ ਗਿਆ ਤੇ ਲੱਖਾ ਸਿੰਘ ਰਾਏਪੁਰ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਸ਼ਹੀਦ ਕਰ ਦਿੱਤਾ।

1991: ਸੁਖਪਾਲ ਸਿੰਘ, ਸੱਜਣ ਸਿੰਘ ਬੱਗਾ, ਇਕਬਾਲ ਸਿੰਘ ਬਾਲਾ ਬੁੱਟਰ ਰੌਸ਼ਨ ਸ਼ਾਹ ਵਾਲਾ, ਗੁਲਾਬ ਸਿੰਘ ਵੰਗੇਪੁਰ ਕਲਾਂ ਨਕਲੀ ਮੁਕਾਬਲਿਆਂ ਵਿਚ ਸ਼ਹੀਦ

8 ਸਤੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਸੁਖਪਾਲ ਸਿੰਘ, ਸੱਜਣ ਸਿੰਘ ਬੱਗਾ, ਇਕਬਾਲ ਸਿੰਘ ਬਾਲਾ (ਵਾਸੀ ਬੁੱਟਰ ਰੌਸ਼ਨ ਸ਼ਾਹ ਵਾਲਾ, ਫ਼ੀਰੋਜਪੁਰ), ਗੁਲਾਬ ਸਿੰਘ (ਵਾਸੀ ਵੰਗੇਪੁਰ) ਨੂੰ ਵੀ ਵੱਖ ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਗੁਰਦੀਪ ਸਿੰਘ ਭਾਊਵਾਲ, ਕੁਲਦੀਪ ਸਿੰਘ ਕੀਪਾ, ਮਨਜਿੰਦਰ ਸਿੰਘ ਬਿੱਲਾ ਤੇ ਗੁਰਮੇਲ ਸਿੰਘ ਬਬਰ ਰਾਏਪੁਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

8 ਸਤੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਗੁਰਦੀਪ ਸਿੰਘ (ਪੁੱਤਰ ਜਗੀਰ ਸਿੰਘ ਰੰਧਾਵਾ, ਵਾਸੀ ਭਾਊਵਾਲ, ਜ਼ਿਲ੍ਹਾ ਰੋਪੜ), ਕੁਲਦੀਪ ਸਿੰਘ ਕੀਪਾ, ਮਨਜਿੰਦਰ ਸਿੰਘ ਉਰਫ਼ ਬਿੱਲਾ ਤੇ ਗੁਰਮੇਲ ਸਿੰਘ ਬਬਰ ਰਾਏਪੁਰ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ

9 ਸਤੰਬਰ

1961: ਸਿੱਖਾਂ ਨੇ ਯੂ.ਐਨ.ਓ. ਨੂੰ ਸਿੱਖਾਂ ਨਾਲ ਵਿਤਕਰੇ ਬਾਰੇ ਮੈਮੋਰੰਡਮ ਦਿੱਤਾ

(29 ਮਈ 1960 ਦੇ ਦਿਨ ਸ਼ੁਰੂ ਹੋਏ) ਪੰਜਾਬੀ ਸੂਬਾ ਮੋਰਚਾ ਦੌਰਾਨ 9 ਸਤੰਬਰ 1961 ਦੇ ਦਿਨ ਲੰਡਨ ਦੇ ਸਿੱਖਾਂ ਨੇ ਪੰਜਾਬੀ ਸੂਬਾ ਨਾ ਬਣਾਉਣ ਨੂੰ ਸਿੱਖਾਂ ਨਾਲ ਵਿਤਕਰਾ ਕਹਿ ਕੇ ਯੂ.ਐਨ.ਓ. ਵਿਚ ਇਕ ਲਿਖਤੀ ਪ੍ਰੋਟੈਸਟ ਭੇਜਿਆ।

1965: ਫਤਹਿ ਸਿੰਘ ਨੇ ਬਿਨਾ ਮੰਗ ਪੂਰੀ ਕਰਵਾਏ ਮਰਨ ਵਰਤ ਛੱਡ ਦਿੱਤਾ

ਦੋ ਮੋਰਚੇ (1955 ਤੇ 1960) ਲਾਉਣ ਮਗਰੋਂ ਅਤੇ ਦੋ ਮਰਨ ਵਰਤ ਰੱਖਣ ਮਗਰੋਂ ਵੀ ਜਦ ਸਰਕਾਰ ਨਾ ਝੁਕੀ ਤਾਂ 10 ਅਗਸਤ 1965 ਨੂੰ ਫਤਹਿ ਸਿੰਘ ਨੇ 16 ਅਗਸਤ ਨੂੰ 25 ਦਿਨ ਦੇ ਅਲਟੀਮੇਟਮ ਤੋਂ ਬਾਅਦ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ। ਇਸ ਸਮੇਂ ਅਕਾਲੀ ਤਖ਼ਤ ਸਾਹਿਬ ਅੱਗੇ 25000 ਸੰਗਤਾਂ, ਅਕਾਲੀ ਦਲ ਦੇ 350 ਡੈਲੀਗੇਟ, ਸ਼ਰੋਮਣੀ ਕਮੇਟੀ ਦੇ 100 ਮੈਂਬਰ ਤੇ 8 ਐਮ.ਐਲ.ਏ. ਹਾਜ਼ਰ ਸਨ। (ਜਸਟਿਸ ਗੁਰਨਾਮ ਸਿੰਘ ਇਨ੍ਹਾਂ ਵਿਚ ਸ਼ਾਮਿਲ ਨਹੀਂ ਸੀ)। 22 ਅਗਸਤ ਨੂੰ ਮਾਸਟਰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਵੀ ਪੰਜਾਬੀ ਸੂਬੇ ਲਈ ਸਾਂਝੀ ਜੱਦੋ-ਜਹਿਦ ਕਰਨ ਦਾ ਐਲਾਨ ਕਰ ਦਿੱਤਾ। ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਮਾਸਟਰ ਤਾਰਾ ਸਿੰਘ ਹਾਜ਼ਿਰ ਨਹੀਂ ਸੀ ਪਰ ਕਪੂਰ ਸਿੰਘ, ਧੰਨਾ ਸਿੰਘ ਗੁਲਸ਼ਨ ਅਤੇ ਬੂਟਾ ਸਿੰਘ ਹਾਜ਼ਰ ਸਨ। ਵਰਕਿੰਗ ਕਮੇਟੀ ਨੇ ਗਿਆਨੀ ਭੂਪਿੰਦਰ ਸਿੰਘ ਨੂੰ ਪੂਰੇ ਹੱਕ ਦੇ ਦਿੱਤੇ ਤਾਂ ਜੋ ਉਹ ਫਤਹਿ ਸਿੰਘ ਧੜੇ ਨਾਲ ਮਿਲ ਕੇ ਕੋਸ਼ਿਸ਼ਾਂ ਕਰਨ। 23 ਅਗਸਤ 1965 ਨੂੰ ਮੰਜੀ ਸਾਹਿਬ ਵਿਚ ਹੋਏ ਦੀਵਾਨ ਵਿਚ ਮਾਸਟਰ ਅਕਾਲੀ ਦਲ ਅਤੇ ਫਤਹਿ ਸਿੰਘ ਅਕਾਲੀ ਦਲ ਦੋਹਾਂ ਦੇ ਆਗੂਆਂ ਨੇ ਤਕਰੀਰਾਂ ਕੀਤੀਆਂ। 25 ਅਗਸਤ ਨੂੰ ਮਾਸਟਰ ਤਾਰਾ ਸਿੰਘ ਨੇ ਫਤਹਿ ਸਿੰਘ ਦੇ ਵਰਤ ਦੀ ਹਿਮਾਇਤ ਕਰ ਦਿੱਤੀ। 27 ਅਗਸਤ 1965 ਨੂੰ ਮਾਸਟਰ ਤਾਰਾ ਸਿੰਘ ਫਤਹਿ ਸਿੰਘ ਨੂੰ, 37 ਮਹੀਨਿਆਂ ਮਗਰੋਂ ਪਹਿਲੀ ਵਾਰੀ ਮਿਲ।

28 ਅਗਸਤ ਨੂੰ ਕਮਿਊਨਿਸਟ ਪਾਰਟੀ ਨੇ ਪੰਜਾਬੀ ਸੂਬੇ ਦੀ ਮੰਗ ਅਸੂਲੀ ਤੌਰ 'ਤੇ ਮਨਜ਼ੂਰ ਕਰਨ ਦੀ ਮੰਗ ਕੀਤੀ। ਗਿਆਨ ਸਿੰਘ ਰਾੜੇਵਾਲਾ ਨੇ 31 ਅਗਸਤ 1965 ਨੂੰ ਪੰਜਾਬ ਦੇ ਸਿੱਖ ਐਮ.ਐਲ.ਏਜ਼ ਦੀ ਮੀਟਿੰਗ ਸੱਦ ਲਈ ਜਿਸ ਵਿਚ 40 'ਚੋਂ 15 ਕਾਂਗਰਸੀ ਹਾਜ਼ਰ ਹੋਏ। ਇਨ੍ਹਾਂ ਵਿਚ ਗਿਆਨੀ ਕਰਤਾਰ ਸਿੰਘ, ਨਰੈਣ ਸਿੰਘ ਸ਼ਾਹਬਾਜ਼ਪੁਰੀ, ਤਰਲੋਚਨ ਸਿੰਘ

ਰਿਆਸਤੀ, ਪ੍ਰੀਤਮ ਸਿੰਘ ਸਾਹੋਕੇ, ਹਰਚਰਨ ਸਿੰਘ ਬਰਾੜ, ਹਰਚੰਦ ਸਿੰਘ, ਉਮਰਾਓ ਸਿੰਘ, ਗੁਰਦਰਸ਼ਨ ਸਿੰਘ, ਜਸਦੇਵ ਸਿੰਘ ਬਰਾੜ, ਹਰਚੰਦ ਸਿੰਘ ਨੈਣਾਂਵਾਲਾ ਵੀ ਸ਼ਾਮਿਲ ਸਨ। ਇਨ੍ਹਾਂ ਨੇ ਸਰਕਾਰ ਤੋਂ ਪੰਜਾਬੀ ਸੂਬੇ ਨੂੰ ਅਸੂਲੀ ਤੌਰ 'ਤੇ ਮੰਨਣ ਦੀ ਮੰਗ ਕੀਤੀ। ਇਨ੍ਹਾਂ ਦਿਨਾਂ ਵਿਚ ਪੰਜਾਬੀ ਪੂਰੇ ਪੰਜਾਬ ਵਿਚ ਲਾਗੂ ਕਰਨ ਦੀ ਗੱਲ ਵੀ ਚੱਲੀ ਪਰ ਕਿਸੇ ਨੇ ਵੀ ਇਸ ਦੀ ਹਿਮਾਇਤ ਨਾ ਕੀਤੀ। ਪਰ ਇਨ੍ਹਾਂ ਦਿਨਾਂ ਵਿਚ ਹੀ ਭਾਰਤ ਪਾਕਿ ਜੰਗ ਸ਼ੁਰੂ ਹੋ ਗਈ।

ਇਨ੍ਹਾਂ ਦਿਨਾਂ ਵਿਚ ਕਾਂਗਰਸ ਨਾਲ ਨੇੜਤਾ ਰੱਖਣ ਵਾਲੇ ਜਰਨਲਿਸਟ ਖ਼ੁਸ਼ਵੰਤ ਸਿੰਘ ਨੇ ਇਕ ਲੇਖ ਰਾਹੀਂ ਪੰਜਾਬੀ ਸੂਬਾ ਦੀ ਹਿਮਾਇਤ ਕਤਿੀ। ਉਸ ਨੇ ਇਸ ਲੇਖ ਵਿਚ ਇਹ ਵੀ ਕਿਹਾ ਕਿ ਜਿਉਂ ਹੀ ਇਹ ਸੂਬਾ ਬਣੇਗਾ ਸਿੱਖ ਆਪਣੇ ਹੋਰ ਸ਼ਿਕਵਿਆਂ (ਫ਼ੌਜ ਵਿਚ ਘਟ ਭਰਤੀ, ਪੰਜਾਬ ਨੂੰ ਸਨਅਤ ਨਾ ਦੇਣ ਦਾ ਵਿਤਕਰਾ ਵਗ਼ੈਰਾ) ਨੂੰ ਨਜ਼ਰ ਅੰਦਾਜ਼ ਕਰ ਦੇਣਗੇ। ਇਹ ਸੂਬਾ ਭਾਰਤ ਨੂੰ ਕਮਜ਼ੋਰ ਨਹੀਂ ਬਲਕਿ ਤਗੜਾ ਕਰੇਗਾ (*ਸਿੱਖ ਰੀਵਿਊ*, ਸਤੰਬਰ 1965)। ਦਰਅਸਲ ਇਹ ਲੇਖ ਐਵੇਂ ਨਹੀਂ ਸੀ ਲਿਖਿਆ ਗਿਆ। ਸਰਕਾਰ ਅਜਿਹਾ ਕਰ ਕੇ ਪੰਜਾਬੀ ਸੂਬੇ ਦੀ ਮੰਗ ਨੂੰ ਮੰਨਣ ਵਾਸਤੇ ਹਿਮਾਇਤ ਜੁਟਾ ਰਹੀ ਸੀ।

1 ਸਤੰਬਰ 1965 ਨੂੰ ਗਿਆਨ ਸਿੰਘ ਰਾੜੇਵਾਲੇ ਨੇ ਇਕ ਬਿਆਨ ਵਿਚ ਕਿਹਾ ਕਿ ਜੇ ਰੀਜਨਲ ਫ਼ਾਰਮੂਲੇ ਨੂੰ ਦਿਆਨਤਦਾਰੀ ਨਾਲ ਲਾਗੂ ਕੀਤਾ ਜਾਂਦਾ ਤਾਂ ਇਹ ਨੌਬਤ ਨਾ ਆਉਂਦੀ। ਇਸੇ ਕਰ ਕੇ ਹੁਣ ਸਰਕਾਰ ਰੀਜਨਲ ਫਾਰਮੂਲੇ ਨੂੰ ਲਾਗੂ ਕਰਨ ਦੀਆਂ ਗੱਲਾਂ ਕਰਦੀ ਹੈ। 2 ਸਤੰਬਰ ਨੂੰ ਸਰਕਾਰ ਨੇ ਪੰਜਾਬੀ ਸੂਬੇ ਲਈ ਕਮਿਸ਼ਨ ਬਣਾਉਣ ਦੀ ਪੇਸ਼ਕਸ਼ ਕੀਤੀ। 3 ਸਤੰਬਰ ਨੂੰ ਮਾਸਟਰ ਤਾਰਾ ਸਿੰਘ, ਗਿਆਨੀ ਭੂਪਿੰਦਰ ਸਿੰਘ, ਆਤਮਾ ਸਿੰਘ, ਵੈਰਾਗੀ, ਅਜਮੇਰ ਸਿੰਘ, ਰਵੇਲ ਸਿੰਘ, ਸਰਦਾਰਾ ਸਿੰਘ ਕੋਹਲੀ ਤੇ ਸੰਤੋਖ ਸਿੰਘ ਨੇ ਸਰਕਾਰ ਨੂੰ ਨਤੀਜਿਆਂ ਸਬੰਧੀ ਵਾਰਨਿੰਗ ਦਿੱਤੀ।

ਇਨ੍ਹੀਂ ਦਿਨੀਂ ਭਾਰਤ-ਪਾਕਿ ਜੰਗ ਦੇ ਆਸਾਰ ਬਣ ਚੁਕੇ ਸਨ। ਇਸ ਸਬੰਧੀ ਫਤਹਿ ਸਿੰਘ ਨੇ 3 ਸਤੰਬਰ ਨੂੰ ਇਕ ਬਿਆਨ ਦੇਂਦਿਆਂ ਕਿਹਾ ਕਿ **"ਮੈਨੂੰ ਦੇਸ਼ ਤੋਂ ਵਧੇਰੇ ਪੰਜਾਬੀ ਸੂਬਾ ਪਿਆਰਾ ਹੈ। ਪੰਜਾਬੀ ਸੂਬੇ ਲਈ ਕਮਿਸ਼ਨ ਨਹੀਂ ਮੰਨਿਆ ਜਾ ਸਕਦਾ। ਸੀ.ਪੀ.ਆਈ. ਦੀ ਅਸੂਲੀ ਤੌਰ 'ਤੇ ਮੰਗ ਮੰਨਣ ਵਾਲੀ ਗੱਲ ਵੀ ਗ਼ਲਤ ਹੈ। ਸਿਰਫ਼ ਪੰਜਾਬੀ ਸੂਬਾ ਮੰਨਣ 'ਤੇ ਹੀ ਮਰਨ ਵਰਤ ਛੱਡਿਆ ਜਾਵੇਗਾ ਨਹੀਂ ਤਾਂ ਮੈਂ 25 ਸਤੰਬਰ ਨੂੰ ਆਪਣੇ ਆਪ ਨੂੰ ਅਗਨ ਭੇਂਟ ਕਰ ਦਿਆਂਗਾ।"**

10 ਸਤੰਬਰ ਨੂੰ ਫਤਹਿ ਸਿੰਘ ਨੇ ਮਰਨ ਵਰਤ ਸ਼ੁਰੂ ਕਰਨਾ ਸੀ ਪਰ 9 ਸਤੰਬਰ 1965 ਦੇ ਦਿਨ ਫਤਹਿ ਸਿੰਘ ਨੇ ਭਾਰਤ ਪਾਕਿ ਜੰਗ ਦੇ ਬਹਾਨੇ ਵਰਤ ਦਾ ਪ੍ਰੋਗਰਾਮ ਛੱਡ ਦਿੱਤਾ।

1981: ਫ਼ਿਰਕੂ ਅਖ਼ਬਾਰ ਨਵੀਸ ਲਾਲਾ ਜਗਤ ਨਾਰਾਇਣ ਦਾ ਕਤਲ

20 ਅਪ੍ਰੈਲ 1980 ਦੇ ਦਿਨ ਨਿਰੰਕਾਰੀ ਟੋਲੇ ਦੇ ਮੁਖੀ ਦਾ ਕਤਲ ਕੀਤਾ ਗਿਆ ਸੀ। ਉਦੋਂ ਵੀ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨੇ (ਬਾਬਾ) ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਇਸ ਵਿਚ ਲਪੇਟਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋ ਸਕੇ ਕਿਉਂਕਿ ਸਰਕਾਰ ਕੋਲ ਕੋਈ ਸਬੂਤ ਨਹੀਂ ਸੀ। ਨਿਰੰਕਾਰੀ ਮੁਖੀ ਦੇ ਕਤਲ ਮਗਰੋਂ ਐਂਟੀ-ਸਿੱਖ ਪਰਾਪੇਗੰਡਾ ਦੀ ਲਹਿਰ ਕੁਝ ਘਟ ਗਈ ਪਰ ਹੌਲੀ-ਹੌਲੀ ਸਿੱਖਾਂ ਦੇ ਖ਼ਿਲਾਫ਼ ਜ਼ਹਿਰ ਉਗਲਣ ਵਾਲਾ ਲਾਲਾ ਜਗਤ ਨਰਾਇਣ ਤੇ ਹੋਰ ਸਿੱਖ ਮੁਖ਼ਾਲਿਫ਼ ਫ਼ਿਰਕੂ ਹਿੰਦੂ ਆਗੂ ਤੇ ਅਖ਼ਬਾਰ ਨਵੀਸ ਫੇਰ ਆਪਣੇ ਰੰਗ ਵਿਚ ਆਉਣ ਲਗ ਪਏ। ਲਾਲਾ ਜਗਤ ਨਾਰਾਇਣ ਤਾਂ ਸਿੱਖਾਂ ਦੇ ਖ਼ਿਲਾਫ਼ ਰੱਜ ਕੇ ਪ੍ਰਚਾਰ ਕਰਦਾ ਹੁੰਦਾ ਸੀ। ਉਹ ਨਿਰੰਕਾਰੀ ਦੇ ਖ਼ਿਲਾਫ਼ 13 ਸਿੱਖਾਂ ਦੇ ਕਤਲ ਕੇਸ ਵਿਚ ਉਸ ਦੇ ਹੱਕ ਵਿਚ ਅਦਾਲਤ ਵਿਚ ਉਸ ਦਾ ਗਵਾਹ ਬਣ ਕੇ ਪੇਸ਼ ਵੀ

ਹੋਇਆ ਸੀ। ਇਨ੍ਹਾਂ ਦਿਨਾਂ ਵਿਚ ਕਨੇਡਾ ਦੇ ਜਥੇਦਾਰ ਤਲਵਿੰਦਰ ਸਿੰਘ ਨੇ 'ਬਬਰ ਖਾਲਸਾ' ਨਾਂ ਦੀ ਇਕ ਖਾੜਕੂ ਜਥੇਬੰਦੀ ਕਾਇਮ ਕਰ ਲਈ ਹੋਈ ਸੀ ਅਤੇ ਇੰਜ ਹੀ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ ਵੀ ਖਾੜਕੂ ਨੌਜਵਾਨਾਂ ਦੀ ਸਰਪਰਸਤੀ ਕਰਨ ਲਗ ਪਏ ਸਨ। ਇਸ ਮਾਹੌਲ ਵਿਚ ਭਿੰਡਰਾਂਵਾਲਿਆਂ ਨਾਲ ਸਬੰਧਤ ਕੁਝ ਖਾੜਕੂ ਨੌਜਵਾਨਾਂ ਨੇ 9 ਸਤੰਬਰ 1981 ਦੇ ਦਿਨ ਜਗਤ ਨਰਾਇਣ ਨੂੰ ਲੁਧਿਆਣਾ ਦੇ ਨੇੜੇ ਕਤਲ ਕਰ ਦਿੱਤਾ। ਇਹ ਕਤਲ ਕਰਨ ਵਾਲੇ ਸਵਰਨ ਸਿੰਘ ਰੋਡੇ (ਭਤੀਜਾ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ), ਦਲਬੀਰ ਸਿੰਘ ਅਭਿਆਸੀ ਅਤੇ ਨਛੱਤਰ ਸਿੰਘ ਸਨ; ਨਛੱਤਰ ਸਿੰਘ ਮੋਟਰ ਸਾਈਕਲ ਨਾ ਚਲ ਸਕਣ ਕਾਰਨ ਦਲਦਲ ਵਿਚ ਫਸ ਗਿਆ ਤੇ ਫੜਿਆ ਗਿਆ ਜਿਸ ਨਾਲ ਪੁਲਸ ਨੂੰ ਸਾਰੇ ਰਾਜ਼ ਮਿਲ ਗਏ।

1981: ਜਥੇਦਾਰ ਸੰਤੋਖ ਸਿੰਘ ਦਿੱਲੀ ਨੂੰ ਅਕਾਲ ਤਖ਼ਤ 'ਤੇ ਸਜ਼ਾ ਲਾਈ ਗਈ

1981 ਵਿਚ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਇੰਗਲੈਂਡ ਗਏ ਤਾਂ ਦਿੱਲੀ ਦੇ (ਜਥੇਦਾਰ) ਸੰਤੋਖ ਸਿੰਘ ਨੇ ਉਨ੍ਹਾਂ ਬਾਰੇ ਇਕ ਬਿਆਨ ਦੇ ਮਾਰਿਆ ਕਿ ਉਹ ਵਿਦੇਸ਼ਾਂ ਵਿਚ ਖਾਲਿਸਤਾਨ ਵਾਸਤੇ ਫ਼ੰਡ ਇਕੱਠੇ ਕਰਨ ਗਏ ਹੋਏ ਹਨ। ਇਹ ਬਿਆਨ ਅਗਸਤ 1981 ਵਿਚ ਸਿਰਫ਼ ਲਾਲਾ ਜਗਤ ਨਾਰਾਇਣ ਦੀ ਅਖ਼ਬਾਰ ਵਿਚ ਹੀ ਛਪਿਆ ਸੀ। ਇਸ ਬਿਆਨ ਕਰ ਕੇ ਸੰਤੋਖ ਸਿੰਘ ਨੂੰ ਅਕਾਲ ਤਖ਼ਤ ਦੇ ਮੁਖ ਸੇਵਾਦਾਰ ਅਤੇ ਹੋਰ ਗ੍ਰੰਥੀਆਂ ਵੱਲੋਂ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਲਿਆ ਗਿਆ। ਉਸ ਨੇ ਆਪਣੀ 'ਜਾਨ ਨੂੰ ਖਤਰਾ' ਆਖ ਕੇ ਪੇਸ਼ ਹੋਣ ਤੋਂ ਨਾਂਹ ਕਰ ਦਿੱਤੀ ਪਰ ਨਾਲ ਹੀ ਅਕਾਲ ਤਖ਼ਤ ਦੇ ਮੁਖ ਸੇਵਾਦਾਰ ਦੇ ਸਬੰਧ ਵਿਚ ਕੋਈ ਵੀ ਬਿਆਨ ਦਿੱਤੇ ਹੋਣ ਤੋਂ ਵੀ ਮੁਕਰ ਗਿਆ। 23 ਅਗਸਤ ਨੂੰ ਤਖ਼ਤ ਸਾਹਿਬ ਨੇ ਉਸ ਦੇ ਮੁਕਰ ਜਾਣ ਨੂੰ ਹੀ ਸਫ਼ਾਈ ਮੰਨ ਕੇ ਉਸ ਨੂੰ ਮੁਆਫ਼ ਕਰ ਦਿੱਤਾ ਗਿਆ ਪਰ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਣ ਤੋਂ ਨਾਂਹ ਕਰਨ ਵਾਸਤੇ 'ਤਨਖਾਹੀਆ' ਕਰਾਰ ਦੇ ਦਿੱਤਾ। ਅਖੀਰ ਸੰਤੋਖ ਸਿੰਘ ਨੂੰ 9 ਸਤੰਬਰ 1981 ਨੂੰ ਤਖ਼ਤ ਸਾਹਿਬ 'ਤੇ ਪੰਜ ਗ੍ਰੰਥੀਆਂ ਕੋਲ ਪੇਸ਼ ਹੋਣਾ ਹੀ ਪਿਆ ਤੇ ਅਕਾਲ ਤਖ਼ਤ ਸਾਹਿਬ ਤੋਂ ਉਸ ਨੂੰ ਤਨਖ਼ਾਹ ਲਾਈ ਗਈ। ਸੰਤੋਖ ਸਿੰਘ ਵੱਲੋਂ ਅਕਾਲ ਤਖ਼ਤ 'ਤੇ ਪੇਸ਼ ਹੋਣ 'ਤੇ ਇੰਦਰਾ ਗਾਂਧੀ ਉਸ ਨਾਲ ਬਹੁਤ ਨਾਰਾਜ਼ ਹੋ ਗਈ (ਇਸ ਕਾਰਨ ਮਗਰੋਂ ਜਥੇਦਾਰ ਸੰਤੋਖ ਸਿੰਘ ਨੂੰ ਜਾਨ ਵੀ ਦੇਣੀ ਪਈ)।

1986: ਪੁਲਸ ਦਾ ਗੁਰਦੁਆਰਾ ਦੂਖ ਨਿਵਾਰਨ ਪਟਿਆਲਾ 'ਤੇ ਧਾਵਾ

'ਅਕਾਲੀ' ਚੀਫ਼ ਮਨਿਸਟਰ ਸੁਰਜੀਤ ਬਰਨਾਲਾ ਦੀ ਹਕੂਮਤ ਦੌਰਾਨ ਪੁਲਸ ਨੇ ਵਾਰ-ਵਾਰ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਦਰਜਨਾਂ ਗੁਰਦੁਆਰਿਆਂ 'ਤੇ 'ਧਾਵਾ' ਬੋਲਿਆ ਅਤੇ ਬੇਗੁਨਾਹ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਕੀਤੀਆਂ। ਇਸੇ ਸਿਲਸਿਲੇ ਵਿਚ 9 ਸਤੰਬਰ 1986 ਦੇ ਦਿਨ ਪੁਲਸ ਨੇ ਗੁਰਦੁਆਰਾ ਦੂਖ ਨਿਵਾਰਨ ਪਟਿਆਲਾ ਵਿਚ ਦਾਖ਼ਲ ਹੋ ਕੇ ਪਾਠੀ ਸੁਖਦੇਵ ਸਿੰਘ, ਹਰਜਿੰਦਰ ਸਿੰਘ ਤੇ ਰਣਧੀਰ ਸਿੰਘ ਨੂੰ ਪਾਠ ਕਰਦਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਅਖੰਡ ਪਾਠ ਰੋਕ ਦਿਤਾ।

1987: ਵਰਿੰਦਰ ਸਿੰਘ ਦਾਖਾ ਤੇ ਬਘੇਲ ਸਿੰਘ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

9 ਸਤੰਬਰ 1987 ਦੇ ਦਿਨ ਪੁਲਸ ਨੇ ਵਰਿੰਦਰ ਸਿੰਘ ਦਾਖਾ (ਪੁੱਤਰ ਬਚਿੱਤਰ ਸਿੰਘ) ਤੇ ਬਘੇਲ ਸਿੰਘ (ਜਨਰਲ ਖਾਲਿਸਤਾਨ ਰੀਜ਼ਰਵ ਫ਼ੋਰਸ) ਨੂੰ ਨਕਲੀ ਮੁਕਾਬਲਿਆਂ ਵਿਚ

ਸ਼ਹੀਦ ਕਰ ਦਿੱਤਾ। ਵਰਿੰਦਰ ਸਿੰਘ ਦਾਖਾ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੂੰ ਅਕਾਲੀ ਆਗੂ ਮੱਲ ਸਿੰਘ ਘੁਮਾਣ ਨੇ ਗ੍ਰਿਫ਼ਤਾਰ ਕਰਵਾਇਆ ਸੀ।

1992: ਨਿਰਵੈਰ ਸਿੰਘ ਮਾਨੋਚਾਹਲ ਨਕਲੀ ਮੁਕਾਬਲੇ ਵਿਚ ਸ਼ਹੀਦ

11 ਸਤੰਬਰ 1992 ਦੇ ਦਿਨ ਪੁਲਸ ਨੇ ਬਾਬਾ ਗੁਰਬਚਨ ਸਿੰਘ ਮਾਨੋਚਹਲ ਦਾ ਨਿੱਕਾ ਵੀਰ ਨਿਰਵੈਰ ਸਿੰਘ (ਪੁੱਤਰ ਆਤਮਾ ਸਿੰਘ, ਜੋ ਇਕ ਮਹੀਨਾ ਪਹਿਲਾਂ ਗ੍ਰਿਫ਼ਤਾਰ ਕੀਤਾ ਹੋਇਆ ਸੀ, ਨੂੰ ਇਕ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਉਹ ਪਹਿਲਾਂ 16 ਜੂਨ 1987 ਦੇ ਦਿਨ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਜੁ' 1990 ਵਿਚ ਰਿਹਾ ਹੋਇਆ ਸੀ।

1991: ਤਸਬੀਰ ਸਿੰਘ ਡੰਡੇਰ, ਨਾਇਬ ਸਿੰਘ ਗਿੱਲ ਖੁਰਦ, ਸੁਖਦੇਵ ਸਿੰਘ ਦੌਣ ਖੁਰਦ, ਹਰਜਿੰਦਰਪਾਲ ਸਿੰਘ ਮਿੱਠਾ, ਅਮਰਜੀਤ ਸਿੰਘ ਤਖਤੂ ਚੱਕ, ਜੱਸਾ ਸਿੰਘ ਘੁੱਕ ਤੇ ਗੁਰਾ ਸਿੰਘ ਸੁਰ ਸਿੰਘ, ਦਲਬੀਰ ਸਿੰਘ ਬਿੱਟੂ ਸਿਓਪਾਰੀਵਿੰਡ, ਬਲਰਾਜ ਸਿੰਘ, ਸਤਨਾਮ ਸਿੰਘ ਸਠਿਆਲਾ, ਅਵਤਾਰ ਸਿੰਘ ਛੋਟੇ ਬੋਏ ਰਾਏ, ਗੁਰਮੀਤ ਸਿੰਘ ਬਿੱਲਾ ਬੋਏ ਰਾਏ, ਸੁਖਵਿੰਦਰ ਸਿੰਘ ਫ਼ੌਜੀ ਸੋਹਲ, ਜਗੀਰ ਸਿੰਘ ਢੋਲਾ, ਗੁਰਬੋਹੜ ਸਿੰਘ ਜੈਦਾਂ ਸਿੰਘ ਵਾੜਾ, ਵੱਸਣ ਸਿੰਘ ਸਮਰਾਲਾ, ਮੱਖਣ ਸਿੰਘ ਮਨਿਆਲਾ,ਇਕਬਾਲ ਸਿੰਘ ਬਾਲਾ ਗੱਗੋਬੂਹਾ), ਬਲਬੀਰ ਸਿੰਘ ਸ਼ਹੀਦ ਜੱਬੋਵਾਲ, ਜਸਪਾਲ ਸਿੰਘ ਪਾਲੂ ਬੋਆੜਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

9 ਸਤੰਬਰ 1991 ਦੇ ਦਿਨ ਪੁਲਸ ਨੇ ਤਸਬੀਰ ਸਿੰਘ (ਪੁਤਰ ਜਥੇਦਾਰ ਅਨੂਪ ਸਿੰਘ, ਵਾਸੀ ਡੰਡੇਰ, ਜ਼ਿਲ੍ਹਾ ਅੰਮ੍ਰਿਤਸਰ), ਨਾਇਬ ਸਿੰਘ (ਪੁੱਤਰ ਸਰਦਾਰਾ ਸਿੰਘ, ਵਾਸੀ ਗਿੱਲ ਖੁਰਦ, ਜ਼ਿਲ੍ਹਾ ਬਠਿੰਡਾ), ਸੁਖਦੇਵ ਸਿੰਘ (ਪੁੱਤਰ ਸੌਦਾਗਰ ਸਿੰਘ, ਵਾਸੀ ਦੌਣ ਖੁਰਦ, ਨੇੜੇ ਬੋਹੜਪੁਰ ਜਨਹੇੜੀਆਂ, ਜ਼ਿਲ੍ਹਾ ਪਟਿਆਲਾ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ। ਇਸੇ ਦਿਨ ਹੀ ਪੰਜਾਬ ਪੁਲਸ ਨੇ ਹਰਜਿੰਦਰਪਾਲ ਸਿੰਘ ਮਿੱਠਾ, ਅਮਰਜੀਤ ਸਿੰਘ (ਵਾਸੀ ਤਖਤੂ ਚੱਕ, ਜੱਸਾ ਸਿੰਘ ਘੁੱਕ (ਵਾਸੀ ਸੁਰ ਸਿੰਘ), ਗੁਰਾ ਸਿੰਘ (ਵਾਸੀ ਸੁਰ ਸਿੰਘ), ਦਲਬੀਰ ਸਿੰਘ ਬਿੱਟੂ (ਵਾਸੀ ਸਿਓਪਾਰੀਵਿੰਡ), ਬਲਰਾਜ ਸਿੰਘ ਉਰਫ਼ ਚੁਬਾਰਾ ਸਿੰਘ, ਸਤਨਾਮ ਸਿੰਘ (ਵਾਸੀ ਸਠਿਆਲਾ), ਅਵਤਾਰ ਸਿੰਘ ਤਾਰੀ ਉਰਫ਼ ਭੂਤਨਾ (ਵਾਸੀ ਛੋਟੇ ਬੋਏ ਰਾਏ), ਗੁਰਮੀਤ ਸਿੰਘ ਬਿੱਲਾ (ਵਾਸੀ ਬੋਏ ਰਾਏ), ਸੁਖਵਿੰਦਰ ਸਿੰਘ ਫ਼ੌਜੀ (ਵਾਸੀ ਸੋਹਲ), ਜਗੀਰ ਸਿੰਘ ਢੋਲਾ, ਗੁਰਬੋਹੜ ਸਿੰਘ (ਵਾਸੀ ਜੈਦਾਂ ਸਿੰਘ ਵਾੜਾ), ਵੱਸਣ ਸਿੰਘ (ਵਾਸੀ ਸਮਰਾਲਾ), ਮੱਖਣ ਸਿੰਘ (ਵਾਸੀ ਮਨਿਆਲਾ),ਇਕਬਾਲ ਸਿੰਘ ਬਾਲਾ (ਵਾਸੀ ਗੱਗੋਬੂਹਾ), ਬਲਬੀਰ ਸਿੰਘ ਸ਼ਹੀਦ (ਵਾਸੀ ਜੱਬੋਵਾਲ), ਜਸਪਾਲ ਸਿੰਘ ਪਾਲੂ (ਵਾਸੀ ਬੋਆੜਾ, ਲੁਧਿਆਣਾ) ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਤਸਬੀਰ ਸਿੰਘ ਤਸਬੀਰਾ, ਜਤਿੰਦਰ ਸਿੰਘ ਰਾਜੂ ਤੇ ਕਰਮਜੀਤ ਸਿੰਘ ਸ਼ਹੀਦ

9 ਸਤੰਬਰ 1992 ਦੇ ਦਿਨ ਜਦ ਤਸਬੀਰ ਸਿੰਘ ਤਸਬੀਰਾ ਵਾਸੀ ਪੁਲੀਸ ਘੇਰੇ ਵਿਚ ਆ ਗਿਆ ਤਾਂ ਉਸ ਨੇ ਗ੍ਰਿਫ਼ਤਾਰ ਹੋ ਕੇ ਤਸ਼ੱਦਦ ਸਹਿਣ ਅਤੇ ਨਕਲੀ ਮੁਕਾਬਲੇ ਵਿਚ ਮਾਰੇ ਜਾਣ ਦੀ ਬਜਾਏ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿੱਤੀ। ਇਸੇ ਦਿਨ ਪੁਲਸ ਨੇ ਜਤਿੰਦਰ ਸਿੰਘ ਉਰਫ਼ ਰਾਜੂ ਅਤੇ ਕਰਮਜੀਤ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਸਾਧ ਸੂਰਜ ਮੁਨੀ ਨੂੰ ਕਤਲ ਕਰਨ ਵਾਲੇ ਨਰਿੰਦਰ ਸਿੰਘ ਤੇ ਨਿਰਮਲ ਸਿੰਘ ਖਰਲੀਆਂ ਨੂੰ ਉਮਰ ਕੈਦ

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਸਾਧ ਸੂਰਜ ਮੁਨੀ ਨੂੰ 10 ਜੂਨ 2012 ਦੇ ਦਿਨ ਕਤਲ ਕਰਨ ਵਾਲੇ ਨਰਿੰਦਰ ਸਿੰਘ (ਗੁਰਦੁਆਰਾ ਪਾਤਸ਼ਾਹੀ ਛੇਵੀਂ ਸ਼ਹਿਣਾ) ਅਤੇ ਨਿਰਮਲ ਸਿੰਘ ਖਰਲੀਆਂ ਨੂੰ 9 ਸਤੰਬਰ 2014 ਦੇ ਦਿਨ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਇਸੇ ਵਿਚ ਅੰਮ੍ਰਿਤਪਾਲ ਸਿੰਘ ਗੋਲੂਵਾਲਾ ਤੇ ਗੁਰਸੇਵਕ ਸਿੰਘ ਧੂਰਕੋਟ ਸਬੂਤਾਂ ਦੀ ਘਾਟ ਦੀ ਬਿਨਾ 'ਤੇ ਬਰੀ ਕਰ ਦਿੱਤੇ ਗਏ।

10 ਸਤੰਬਰ

1758: ਪੰਜਾਬ ਦਾ ਸੂਬੇਦਾਰ ਅਦੀਨਾ ਬੇਗ਼ ਮਰ ਗਿਆ

11 ਅਪਰੈਲ 1758 ਦੇ ਦਿਨ ਸਿੱਖਾਂ, ਮਰਹੱਟਿਆਂ ਅਤੇ ਅਦੀਨਾ ਬੇਗ ਦੀ ਫ਼ੌਜ ਨੇ ਮਿਲ ਕੇ ਲਾਹੌਰ 'ਤੇ ਕਬਜ਼ਾ ਕਰ ਲਿਆ। ਇਸ ਲੜਾਈ ਵਿਚ ਹਜ਼ਾਰਾਂ ਅਫ਼ਗ਼ਾਨ ਫ਼ੌਜੀ ਮਾਰੇ ਗਏ ਤੇ ਤਕਰੀਬਨ 200 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਅਫ਼ਗ਼ਾਨ ਸਿਪਾਹੀਆਂ ਨੂੰ ਅੰਮ੍ਰਿਤਸਰ ਲਿਜਾਇਆ ਗਿਆ ਅਤੇ ਉਨ੍ਹਾਂ ਹੱਥੋਂ ਅੰਮ੍ਰਿਤਸਰ ਸਰੋਵਰ 'ਚ ਉਨ੍ਹਾਂ ਵਲੋਂ ਹੀ ਸਿਰਫ਼ ਇਕ ਸਾਲ ਪਹਿਲਾਂ ਸੁੱਟਿਆ ਮਲਬਾ ਕਢਵਾਇਆ ਗਿਆ।

ਲਾਹੌਰ 'ਤੇ ਕਬਜ਼ਾ ਕਰਨ ਮਗਰੋਂ ਅਦੀਨਾ ਬੇਗ਼ ਨੇ ਲਾਹੌਰ ਵਿਚ ਇਕ ਜਲਸਾ ਕੀਤਾ। ਇਸ ਜਲਸੇ ਵਾਸਤੇ ਇਕ ਖ਼ਾਸ ਸ਼ਾਹੀ ਸਟੇਜ ਬਣਾਈ ਗਈ ਜਿਸ ਦੇ ਬਣਾਉਣ 'ਤੇ ਇਕ ਲੱਖ (ਉਦੋਂ ਦੇ) ਰੁਪੈ ਖ਼ਰਚ ਆਏ। ਸ਼ਾਲੀਮਾਰ ਬਾਗ਼ ਦੇ ਫ਼ੁਹਾਰਿਆਂ ਵਿਚ ਗ਼ੁਲਾਬ ਦਾ ਅਰਕ ਭਰ ਕੇ ਉਨ੍ਹਾਂ ਨੂੰ ਚਲਾਇਆ ਗਿਆ। ਸ਼ਹਿਰ ਵਿਚ ਹਰ ਪਾਸੇ ਦੀਵੇ ਜਗਾ ਕੇ ਰੌਸ਼ਨੀ ਕੀਤੀ ਗਈ। ਇਸ ਸਟੇਜ 'ਤੇ ਰਾਘੋ ਨਾਥ ਮਰਹੱਟੇ ਨੂੰ ਬਾਦਸ਼ਾਹਾਂ ਵਾਲਾ ਮਾਣ ਦਿੱਤਾ ਗਿਆ। ਇਸ ਸਾਰਾ ਕੁਝ ਦੇ ਬਾਵਜੂਦ ਰਾਘੋ ਨਾਥ ਲਾਹੌਰ ਵਿਚ ਠਹਿਰਨਾ ਨਹੀਂ ਚਾਹੁੰਦਾ ਸੀ। ਸ਼ਾਇਦ ਉਸ ਨੂੰ ਅਹਿਮਦ ਸ਼ਾਹ ਤੋਂ ਡਰ ਲਗਦਾ ਸੀ। ਇਸ ਕਰ ਕੇ ਉਸ ਨੇ ਅਦੀਨਾ ਬੇਗ਼ ਨੂੰ ਸਭ ਕੁਝ ਸੌਂਪ ਦਿੱਤਾ ਤੇ ਉਸ ਨਾਲ ਲਾਹੌਰ ਬਾਰੇ ਸਮਝੌਤਾ ਕਰ ਲਿਆ, ਜਿਸ ਮੁਤਾਬਿਕ ਅਦੀਨਾ ਬੇਗ ਲਾਹੌਰ ਦਾ ਸੂਬੇਦਾਰ ਬਣਿਆ ਅਤੇ ਉਸ ਨੇ ਹਰ ਸਾਲ 75 ਲੱਖ ਰੁਪਏ ਮਰਹੱਟਿਆਂ ਨੂੰ ਦੇਣਾ ਮੰਨ ਲਿਆ। 10 ਮਈ 1758 ਨੂੰ ਰਾਘੋ ਨਾਥ ਪੰਜਾਬ ਤੋਂ ਵਾਪਿਸ ਚਲ ਪਿਆ।

ਉਨ੍ਹੀਂ ਦਿਨੀਂ ਤਿੰਨ ਧੜੇ ਆਪਣੇ ਆਪ ਨੂੰ ਪੰਜਾਬ ਦੇ ਹਾਕਮ ਅਖਵਾਉਂਦੇ ਸਨ: ਅਫ਼ਗਾਨ, ਮੁਗ਼ਲ ਅਤੇ ਮਰਹੱਟੇ। ਪਰ ਅਫ਼ਗ਼ਾਨ ਭਜਾਏ ਜਾ ਚੁਕੇ ਸਨ, ਮਰਹੱਟੇ ਪੈਸੇ ਵਸੂਲ ਕਰ ਕੇ ਪੰਜਾਬ ਵਿਚੋਂ ਚਲੇ ਗਏ ਸਨ ਤੇ ਮੁਗ਼ਲ ਅਫ਼ਗ਼ਾਨਾਂ ਤੋਂ ਡਰਦੇ ਪੰਜਾਬ ਵੱਲ ਮੂੰਹ ਨਹੀਂ ਸਨ ਕਰਦੇ। ਇਸ ਕਰ ਕੇ ਪੰਜਾਬ ਦੇ ਅਸਲ ਹਾਕਮ ਇਨ੍ਹਾਂ ਤਿੰਨਾਂ ਵਿਚੋਂ ਕੋਈ ਵੀ ਨਹੀਂ ਸੀ ਬਲਕਿ ਸਿਰਫ਼ ਅਦੀਨਾ ਬੇਗ ਅਤੇ ਸਿੱਖ ਹੀ ਸਨ। ਲਾਹੌਰ ਵਿਚ ਭਾਵੇਂ ਅਦੀਨਾ ਬੇਗ ਦਾ ਕਬਜ਼ਾ ਸੀ, ਪਰ ਅਮਲੀ ਤੌਰ 'ਤੇ ਬਾਕੀ ਦੇ ਪੰਜਾਬ 'ਚ ਸਿੱਖਾਂ ਦਾ ਹੀ ਬੋਲ-ਬਾਲਾ ਸੀ। ਇਹ ਦੋਵੇਂ ਹੁਣ ਪੰਜਾਬ ਦੀ ਪੂਰੀ ਸਿਰਦਾਰੀ ਵਾਸਤੇ ਇਕ ਦੂਜੇ ਤੋਂ ਅੱਗੇ ਨਿਕਲ ਜਾਣ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ।

ਲਾਹੌਰ 'ਤੇ ਪੂਰੀ ਤਰ੍ਹਾਂ ਕਾਬਜ਼ ਹੋ ਜਾਣ ਮਗਰੋਂ ਅਦੀਨਾ ਬੇਗ਼ ਨੇ ਆਪਣੇ ਜੁਆਈ ਖ਼ਵਾਜਾ ਮਿਰਜ਼ਾ ਖ਼ਾਨ ਨੂੰ ਲਾਹੌਰ ਦਾ ਨਾਇਬ (ਡਿਪਟੀ) ਸੂਬੇਦਾਰ ਬਣਾ ਦਿੱਤਾ ਤੇ ਆਪ ਜਲੰਧਰ ਚਲਾ ਗਿਆ। ਅਦੀਨਾ ਬੇਗ਼ ਨੇ ਦੀ ਸੂਬੇਦਾਰੀ ਸੱਦੀਕ ਬੇਗ਼ ਨੂੰ ਸੌਂਪ ਦਿੱਤੀ।

ਹੁਣ ਅਹਿਸਾਨ-ਫ਼ਰਾਮੋਸ਼ ਅਦੀਨਾ ਬੇਗ ਨੇ ਸਿੱਖਾਂ ਤੇ ਇਕ ਵੱਡਾ ਹਮਲਾ ਕਰਨ ਦੀ ਪਲਾਨ ਬਣਾਈ। ਉਸ ਕੋਲ ਸਿਰਫ਼ ਦਸ-ਬਾਰ੍ਹਾਂ ਹਜ਼ਾਰ ਫ਼ੌਜ ਸੀ। ਉਸ ਨੇ ਸਿੱਖਾਂ ਨੂੰ ਖ਼ਤਮ

ਕਰਨ ਵਾਸਤੇ ਗੱਖੜ, ਜੰਜੂਆ, ਵੜੈਚ, ਰੰਧਾਵਾ ਤੇ ਘੈਬ ਇਲਾਕੇ ਦੇ ਜੱਟਾਂ, ਪਠਾਣਾਂ ਅਤੇ ਡੋਗਰਿਆਂ ਦੀ 15 ਹਜ਼ਾਰ ਨਵੀਂ ਫ਼ੌਜ ਭਰਤੀ ਕੀਤੀ। ਇਸ ਫ਼ੌਜ ਨੇ ਦੀਵਾਨ ਹੀਰਾ ਮੱਲ ਅਤੇ ਜੰਡਿਆਲਾ ਦੇ ਆਕਲ ਦਾਸ (ਹਰਭਗਤ) ਨਿਰੰਜਨੀਆ ਦੇ ਹੁਕਮਾਂ ਅਤੇ ਅਗਵਾਈ ਹੇਠ ਕੰਮ ਕਰਨਾ ਸੀ।

ਅਖ਼ੀਰ 1758 ਦੀਆਂ ਗਰਮੀਆਂ ਵਿਚ ਇਕ ਦਿਨ ਇਸ ਫ਼ੌਜ ਅਤੇ ਸਿੱਖਾਂ ਵਿਚਕਾਰ ਕਾਦੀਆਂ (ਜ਼ਿਲ੍ਹਾ ਗੁਰਦਾਸਪੁਰ) ਕੋਲ ਇਕ ਟੱਕਰ ਹੋ ਗਈ। ਇਸ ਲੜਾਈ ਵਿਚ ਹੀਰਾ ਮੱਲ ਮਾਰਿਆ ਗਿਆ ਤੇ ਹਰਭਗਤ ਨਿਰੰਜਨੀਆ ਮੈਦਾਨ ਚੋਂ ਭੱਜ ਗਿਆ। ਜੇਤੂ ਖ਼ਾਲਸਾ ਫ਼ੌਜਾਂ ਨੇ ਭੱਜੀ ਜਾਂਦੀ ਫ਼ੌਜ ਦੇ ਅਸਲੇ ਦੀ ਵੱਡੀ ਖੇਪ ਆਪਣੇ ਕਬਜ਼ੇ ਵਿਚ ਲੈ ਲਈ। ਇਨ੍ਹੀਂ ਦਿਨੀਂ ਹੀ (ਅਗਸਤ 1758 ਵਿਚ) ਇਕ ਝੜਪ ਵਿਚ ਲਾਹੌਰ ਦੇ ਨਾਇਬ ਸੂਬੇਦਾਰ ਖਵਾਜਾ ਮਿਰਜ਼ਾ ਜਾਨ ਦੇ ਇਕ ਜਰਨੈਲ ਗੁਲਸ਼ੇਰ ਖ਼ਾਨ ਨੂੰ ਵੀ ਸਿੱਖਾਂ ਨੇ, ਜੱਸਾ ਸਿੰਘ ਆਹਲੂਵਾਲੀਆ ਤੇ ਜੈ ਸਿੰਘ ਕਨ੍ਹਈਆ ਦੀ ਅਗਵਾਈ ਵਿਚ, ਮਾਰ ਮੁਕਾਇਆ।

ਹੁਣ ਅਦੀਨਾ ਬੇਗ ਨੇ ਮੀਰ ਮੰਨੂ ਵਾਂਗ ਸਿੱਖਾਂ ਦਾ ਕਤਲੇਆਮ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਇਸ ਦੌਰ ਵਿਚ ਬਹੁਤ ਸਾਰੇ ਸਿੱਖ ਕਤਲ ਕੀਤੇ ਗਏ। ਬਹੁਤ ਸਾਰੇ ਚੌਧਰੀਆਂ ਨੇ ਉਸ ਦਾ ਸਾਥ ਦਿੱਤਾ। ਇਨ੍ਹਾਂ ਵਿੱਚੋਂ ਮੁਖ ਸਨ: ਚੌਧਰੀ ਰਣਜੀਤ ਦੇਵ (ਜੰਮੂ), ਪੀਰ ਮੁਹੰਮਦ ਚੱਠਾ ਤੇ ਇੱਜ਼ਤ ਬਖ਼ਸ਼ ਭੱਟੀ (ਰਾਵੀ ਤੇ ਝਨਾਂ ਵਿਚਕਾਰਲਾ ਇਲਾਕਾ), ਘੁਮੰਡ ਚੰਦ (ਕਾਂਗੜਾ), ਮਿਰਜ਼ਾ ਮੁਹੰਮਦ (ਕਾਦੀਆਂ), ਰਾਏ ਇਬਰਾਹੀਮ (ਕਪੂਰਥਲਾ), ਚੌਧਰੀ ਰਹਿਮਤ ਖ਼ਾਨ ਵੜੈਚ (ਝਨਾਂ ਤੇ ਜਿਹਲਮ ਵਿਚਕਾਰ) ਅਤੇ ਰਾਹੋਂ, ਦਸੂਹਾ, ਫ਼ਗਵਾੜਾ, ਕਸੂਰ ਤੇ ਸਿੰਧ ਸਾਗਰ ਦੇ ਇਲਾਕੇ ਦੇ ਗੱਖੜ, ਘੇਬੇ ਤੇ ਜੰਜੂਏ ਵਗ਼ੈਰਾ। ਅਦੀਨਾ ਬੇਗ਼ ਨੇ ਇਨ੍ਹਾਂ ਸਾਰਿਆਂ ਨੂੰ ਸਿੱਖਾਂ ਦੇ ਕਤਲੇਆਮ ਵਾਸਤੇ ਹਦਾਇਤਾਂ ਦਿੱਤੀਆਂ। ਅਦੀਨਾ ਬੇਗ਼ ਨੇ ਇਕ ਹਜ਼ਾਰ ਤਰਖਾਣਾਂ ਨੂੰ ਪੰਜਾਬ ਦੇ ਜੰਗਲ ਵੱਢਣ ਵਾਸਤੇ ਤਾਇਨਾਤ ਕੀਤਾ ਤਾਂ ਜੋ ਸਿੱਖਾਂ ਦੀਆਂ ਛੁਪਣਗਾਹਾਂ ਖ਼ਤਮ ਕੀਤੀਆਂ ਜਾ ਸਕਣ। ਇਸ ਦੇ ਨਾਲ ਹੀ ਉਸ ਨੇ ਅਜ਼ੀਜ਼ ਬਖ਼ਸ਼ੀ ਨੂੰ ਹਜ਼ਾਰਾਂ ਫ਼ੌਜੀ ਦੇ ਕੇ ਸਿੱਖਾਂ ਦੀ ਭਾਲ ਵਿਚ ਟੋਰ ਦਿੱਤਾ।

ਅਦੀਨਾ ਬੇਗ ਦੇ ਜ਼ੁਲਮਾਂ ਦਾ ਦੌਰ ਸਿਰਫ਼ ਕੁਝ ਹਫ਼ਤੇ ਹੀ ਚਲ ਸਕਿਆ। 10 ਸਤੰਬਰ 1758 ਦੇ ਦਿਨ ਅਦੀਨਾ ਬੇਗ ਦੀ ਅਚਾਣਕ ਮੌਤ ਹੋ ਗਈ। ਹੁਣ ਸਿਰਫ਼ ਸਿੱਖ ਹੀ ਪੰਜਾਬ ਦੇ ਹਾਕਮ ਸਨ।

1930: ਸਿੱਖ ਤਾਰੀਖ਼ਦਾਨ ਕਰਮ ਸਿੰਘ ਹਿਸਟੋਰੀਅਨ ਦੀ ਮੌਤ ਹੋਈ

ਮਸ਼ਹੂਰ ਸਿੱਖ ਹਿਸਟੋਰੀਅਨ ਕਰਮ ਸਿੰਘ 10 ਸਤੰਬਰ 1930 ਦੇ ਦਿਨ ਚੜ੍ਹਾਈ ਕਰ ਗਏ। ਕਰਮ ਸਿੰਘ ਹਿਸਟੋਰੀਅਨ ਨੇ 'ਬੰਦਾ ਸਿੰਘ ਬਹਾਦਰ', 'ਮਹਾਰਾਜਾ ਆਲਾ ਸਿੰਘ' ਬਾਰੇ ਕਿਤਾਬਾਂ ਲਿਖਣ ਤੋਂ ਇਲਾਵਾ ਭਾਈ ਬਾਲੇ ਵਾਲੀ ਜਨਮ ਸਾਖੀ ਤੇ ਹੋਰ ਨੁਕਤਿਆਂ ਬਾਰੇ ਬਹੁਤ ਖੋਜ ਕੀਤੀ ਅਤੇ ਰਣਜੀਤ ਸਿੰਘ ਕਾਲ ਦੇ ਉਸ ਵਕਤ ਜਿਉਂਦੇ ਬਿਰਧਾਂ ਦੇ ਬਿਆਨ ਨੋਟ ਕਰ ਕੇ ਸਿੱਖ ਤਵਾਰੀਖ਼ ਦੀ ਕਮਾਲ ਦੀ ਸੇਵਾ ਕੀਤੀ ਸੀ। ਉਸ ਦੀ ਖੋਜ ਨੂੰ ਫ਼ੁਲਵਾੜੀ ਮੈਗ਼ਜ਼ੀਨ ਨੇ 'ਕਰਮ ਸਿੰਘ ਹਿਸਟੋਰੀਅਨ ਦੀ ਇਤਹਾਸਕ ਖੋਜ' ਦੇ ਨਾਂ ਹੇਠ ਛਾਪਿਆ ਸੀ।

1981: ਚੰਦੋ ਕਲਾਂ (ਹਰਿਆਣਾ) ਵਿਚ ਪੁਲਸ ਨੇ ਜ਼ੁਲਮ ਕੀਤਾ

9 ਸਤੰਬਰ 1982 ਦੇ ਦਿਨ ਕਤਲ ਹੋਏ ਲਾਲਾ ਜਗਤ ਨਾਰਾਇਣ ਦੇ ਕਤਲ ਦੇ ਸਬੰਧ ਵਿਚ ਪੁਲੀਸ ਨੇ ਭਿੰਡਰਾਂ-ਮਹਿਤਾ ਜਥਾ ਦੇ ਮੁਖੀ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲਾ 'ਤੇ ਵੀ ਕੇਸ ਦਰਜ ਕਰ ਲਿਆ ਤੇ ਉਸ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਪੁਲੀਸ ਭੇਜ ਦਿੱਤੀ। ਭਿੰਡਰਾਂਵਾਲਾ ਉਸ ਵੇਲੇ ਹਰਿਆਣਾ ਦੇ ਪਿੰਡ ਚੰਦੋ ਕਲਾਂ ਵਿਚ ਸਨ। ਜਦੋਂ ਉਨ੍ਹਾਂ ਨੂੰ ਪਤਾ ਲਾ

ਕਿ ਪੁਲੀਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਆ ਰਹੀ ਹੈ ਤਾਂ ਉਹ ਉੱਥੋਂ ਨਿਕਲ ਗਏ ਅਤੇ ਰਾਜਿਸਥਾਨ ਰਾਹੀਂ ਪੰਜਾਬ ਆ ਗਏ ਅਤੇ ਆਪਣੇ ਡੇਰੇ ਚੌਂਕ ਮਹਿਤਾ ਪੁੱਜ ਗਏ। ਪੰਜਾਬ ਪੁਲੀਸ ਨੇ ਜਦੋਂ ਚੰਦੋਂ ਕਲਾਂ ਪੁੱਜ ਕੇ ਵੇਖਿਆ ਕਿ ਭਿੰਡਰਾਂਵਾਲਾ ਉੱਥੋਂ ਜਾ ਚੁਕੇ ਹਨ ਤਾਂ ਸਿਪਾਹੀਆਂ ਨੇ ਭਿੰਡਰਾਂ-ਮਹਿਤਾ ਜਥੇ ਦੀਆਂ ਬੱਸਾਂ ਅਤੇ ਹੋਰ ਸਾਮਾਨ ਨੂੰ ਅੱਗ ਲਾ ਦਿੱਤੀ। ਇਸ ਵਿਚ ਗੁਰਬਾਣੀ ਦੇ ਗੁਟਕੇ ਤੇ ਕੁਝ ਹੋਰ ਧਾਰਮਿਕ ਲਿਟਰੇਚਰ ਵੀ ਸੀ। ਇਸ ਤੋਂ ਇਲਾਵਾ ਪੁਲਸ ਨੇ ਬੇਗੁਨਾਹ ਪਿੰਡ ਵਾਸੀਆਂ 'ਤੇ ਜ਼ੁਲਮ ਵੀ ਕੀਤਾ। ਇਸ ਜ਼ੁਲਮ ਦੇ ਜ਼ਿੰਮੇਦਾਰ ਪੁਲਸ ਡੀ.ਆਈ.ਜੀ. ਮਾਂਗਟ ਅਤੇ ਲੁਧਿਆਣਾ ਦਾ ਐਸ.ਐਸ.ਪੀ. ਡੀ.ਆਰ. ਭੱਟੀ ਸਨ।

1982: ਤਰਨ ਤਾਰਨ ਬੱਸ-ਰੇਲ ਹਾਦਸੇ ਵਿਚ 34 ਅਕਾਲੀ ਮਾਰੇ ਗਏ

ਅਕਾਲੀ ਦਲ ਵੱਲੋਂ ਲਾਏ ਧਰਮਯੁੱਧ ਮੋਰਚੇ ਵਿਚ ਗ੍ਰਿਫ਼ਤਾਰ ਅਕਾਲੀਆਂ ਦਾ ਇਕ ਵੱਡਾ ਜੱਥਾ 10 ਸਤੰਬਰ 1982 ਦੇ ਦਿਨ ਬੱਸਾਂ ਰਾਹੀਂ ਅੰਮ੍ਰਿਤਸਰ ਸਾਹਿਬ ਤੋਂ ਲਿਜਾਇਆ ਜਾ ਰਿਹਾ ਸੀ। ਤਰਨਤਾਰਨ ਕੋਲ ਪੁਲਸੀਆਂ ਨੇ ਰੇਲਵੇ ਲਾਈਨ ਤੋਂ (ਜਿੱਥੇ ਫਾਟਕ ਨਹੀਂ ਸੀ) ਧੱਕੇ ਨਾਲ ਬੱਸਾਂ ਲੰਘਾਉਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਵਿਚੋਂ ਇਕ ਬੱਸ ਦੀ ਟੱਕਰ ਗੱਡੀ ਨਾਲ ਹੋ ਗਈ ਤੇ 34 ਸਿੱਖ ਮਾਰੇ ਗਏ। ਅਕਾਲੀ ਪਾਰਟੀ ਨੇ ਇਨ੍ਹਾਂ ਮੌਤਾਂ ਨੂੰ ਇੱਕ ਸਾਜ਼ਿਸ਼ ਆਖਿਆ ਤੇ ਇਨ੍ਹਾਂ ਨੂੰ ਦਰਬਾਰਾ ਸਿੰਘ ਅਤੇ ਉਸ ਦੇ ਹੁਕਮ ਨਾਲ ਕੀਤੇ ਗਏ ਕਤਲ ਗਰਦਾਨਿਆ ਤੇ ਇਨ੍ਹਾਂ ਨੂੰ ਸ਼ਹੀਦ ਕਿਹਾ। ਮਾਰੇ ਗਏ ਸਿੱਖ ਇਹ ਸਨ: ਜਗਤਾਰ ਸਿੰਘ, ਨਸੀਬ ਸਿੰਘ, ਮਨਸਾ ਸਿੰਘ, ਮੇਹਰ ਸਿੰਘ, ਦੀਵਾਨ ਸਿੰਘ, ਕਿਸ਼ਨ ਸਿੰਘ, ਪ੍ਰੀਤਮ ਸਿੰਘ, ਮੰਗਲ ਸਿੰਘ, ਦਰਸ਼ਨ ਸਿੰਘ, ਦਰਸ਼ਨ ਸਿੰਘ (ਦੂਜਾ), ਜੋਗਾ ਸਿੰਘ, ਬੰਤਾ ਸਿੰਘ, ਨਾਹਰ ਸਿੰਘ, ਹਰਬੰਸ ਸਿੰਘ, ਚੇਤ ਸਿੰਘ, ਨੱਥਾ ਸਿੰਘ, ਬੰਤਾ ਸਿੰਘ, ਨਰਿੰਜਨ ਸਿੰਘ, ਭਜਨ ਸਿੰਘ, ਰਾਜਾ ਸਿੰਘ, ਛੱਜੂ ਸਿੰਘ, ਬੁੱਧ ਸਿੰਘ, ਮੁਨਸ਼ਾ ਸਿੰਘ, ਬਚਨ ਸਿੰਘ, ਚੇਤਾ ਰਾਮ, ਨਸੀਬ ਸਿੰਘ, ਸੋਹਨ ਸਿੰਘ, ਰੰਗਾ ਸਿੰਘ, ਕੇਵਲ ਸਿੰਘ, ਮੋਹਨ ਸਿੰਘ, ਸੀਤਲ ਸਿੰਘ ਆਦਿ।

1987: ਸਰਬਜੀਤ ਸਿੰਘ ਜੌਹਲ ਨਕਲੀ ਮੁਕਾਬਲੇ ਵਿਚ ਸ਼ਹੀਦ

10 ਸਤੰਬਰ 1987 ਦੇ ਦਿਨ ਪੁਲਸ ਨੇ ਸਰਬਜੀਤ ਸਿੰਘ (ਪੁੱਤਰ ਬਲਵੀਰ ਸਿੰਘ, ਵਾਸੀ ਜੌਹਲ, ਜ਼ਿਲ੍ਹਾ ਹੁਸ਼ਿਆਰਪੁਰ) ਨੂੰ ਇਕ ਨਕਲੀ ਮੁਕਾਬਲੇ ਚ ਸ਼ਹੀਦ ਕਰ ਦਿੱਤਾ।

1990: ਦਰਸ਼ਨ ਸਿੰਘ ਸਭਰਾ ਨਕਲੀ ਮੁਕਾਬਲੇ ਵਿਚ ਸ਼ਹੀਦ

10 ਸਤੰਬਰ 1990 ਦੇ ਦਿਨ ਪੁਲਸ ਨੇ ਦਰਸ਼ਨ ਸਿੰਘ (ਪੁੱਤਰ ਜਰਨੈਲ ਸਿੰਘ, ਵਾਸੀ ਸਭਰਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਰਣਬੀਰ ਸਿੰਘ ਬਠਿੰਡਾ, ਸੁਖਵਿੰਦਰ ਸਿੰਘ ਸੁੱਖਾ ਬੁਟਾਰੀ, ਨੈਬ ਸਿੰਘ ਗਿੱਲ ਭੁੱਚੋ, ਸੁਖਪਾਲ ਸਿੰਘ ਸਿੰਘ ਪੁਰਾ, ਸੁਖਦੇਵ ਸਿੰਘ ਫੇਗਾ ਸੁਰ ਵਿੰਡ ਨਕਲੀ ਮੁਕਾਬਲੇ ਵਿਚ ਸ਼ਹੀਦ

10 ਸਤੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਰਣਬੀਰ ਸਿੰਘ ਮਨਸ਼ਾਹੀਆ (ਪੁੱਤਰ ਜਰਨੈਲ ਸਿੰਘ, ਵਾਸੀ ਡਬਵਾਲੀ ਰੋਡ, ਬਠਿੰਡਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਸੁਖਵਿੰਦਰ ਸਿੰਘ ਸੁੱਖਾ (ਵਾਸੀ ਬੁਟਾਰੀ), ਨੈਬ ਸਿੰਘ ਗਿੱਲ (ਵਾਸੀ ਭੁੱਚੋ ਮੰਡੀ), ਸੁਖਪਾਲ ਸਿੰਘ ਪਾਲ ਉਰਫ਼ ਭੀਮ ਸੇਨ (ਵਾਸੀ ਸਿੰਘ ਪੁਰਾ),

ਸੁਖਦੇਵ ਸਿੰਘ ਫੇਗਾ ਉਰਫ਼ ਪਹਿਲਵਾਨ (ਵਾਸੀ ਸੁਰ ਵਿੰਡ) ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਗੁਰਵਿੰਦਰ ਸਿੰਘ ਕੁੰਭੜਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

10 ਸਤੰਬਰ 1992 ਦੇ ਦਿਨ ਪੁਲਸ ਨੇ ਗੁਰਵਿੰਦਰ ਸਿੰਘ (ਪੁੱਤਰ ਕੌਰ ਸਿੰਘ, ਵਾਸੀ ਕੁੰਭੜਵਾਲ, ਜ਼ਿਲ੍ਹਾ ਸੰਗਰੂਰ)) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਬੀਰ ਸਿੰਘ ਮੱਤੇਵਾਲ ਤੇ ਗੁਲਾਬ ਸਿੰਘ ਲਹਿਰਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

10 ਸਤੰਬਰ 1993 ਦੇ ਦਿਨ ਪੁਲਸ ਨੇ ਬੀਰ ਸਿੰਘ (ਪੁੱਤਰ ਲਾਲ ਸਿੰਘ, ਵਾਸੀ ਮੱਤੇਵਾਲ) ਤੇ ਗੁਲਾਬ ਸਿੰਘ (ਪੁੱਤਰ ਧਿਆਨ ਸਿੰਘ, ਵਾਸੀ ਲਹਿਰਾ, ਜ਼ਿਲ੍ਹਾ ਲੁਧਿਆਣਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

11 ਸਤੰਬਰ

1931: ਤਰਨ ਤਾਰਨ ਸਰੋਵਰ ਦੀ ਕਾਰ ਸੇਵਾ ਸ਼ੁਰੂ ਹੋਈ

ਗੁਰੂ ਰਾਮ ਦਾਸ ਸਾਹਿਬ ਦੇ ਅਹਿਦ ਦਾ ਇਕ ਬੜਾ ਵੱਡਾ ਕਦਮ ਗੁਰੂ ਦਾ ਚੱਕ (ਹੁਣ ਅੰਮ੍ਰਿਤਸਰ) ਨਗਰ ਨੂੰ ਕਾਇਮ ਕਰਨਾ ਸੀ। 1553 ਵਿਚ ਜਦ ਗੁਰੂ ਅਮਰ ਦਾਸ ਸਾਹਿਬ ਨੇ ਗੋਇੰਦਵਾਲ ਨਗਰ ਵਸਾਇਆ ਤਾਂ ਗੁਰੂ ਰਾਮ ਦਾਸ ਸਾਹਿਬ (ਉਦੋਂ ਭਾਈ ਜੇਠਾ) ਵੀ ਉਨ੍ਹਾਂ ਦੇ ਨਾਲ ਅੱਗੇ ਵਧ ਕੇ ਹੱਥ ਵੰਡਾਉਂਦੇ ਰਹੇ ਸਨ। ਇਸ ਕਰ ਕੇ ਉਨ੍ਹਾਂ ਨੂੰ ਇਕ ਨਵਾਂ ਨਗਰ ਵਸਾਉਣ ਦਾ ਬੜਾ ਤਜਰਬਾ ਸੀ ਜਿਸ ਨੂੰ ਉਨ੍ਹਾਂ ਨੇ ਗੁਰੂ ਦਾ ਚੱਕ ਵਸਾਉਣ ਵਾਸਤੇ ਬਖ਼ੂਬੀ ਵਰਤਿਆ। ਮਗਰੋਂ ਆਪ ਨੇ 1564 ਵਿਚ ਤੁੰਗ, ਸੁਲਤਾਨਵਿੰਡ ਤੇ ਗੁਮਟਾਲੀ ਪਿੰਡਾਂ ਦੀ ਜ਼ਮੀਨ 700 ਅਕਬਰੀ ਰੁਪੈ ਦੇ ਕੇ ਖ਼ਰੀਦੀ ਅਤੇ ਸਭ ਤੋਂ ਪਹਿਲਾਂ ਸੰਤੋਖਸਰ ਸਰੋਵਰ ਦੀ ਪੁਟਾਈ ਸ਼ੁਰੂ ਕੀਤੀ। ਪਰ, ਇਸ ਦੀ ਪੁਟਾਈ ਅਜੇ ਪੂਰੀ ਤਰ੍ਹਾਂ ਨਹੀਂ ਸੀ ਹੋਈ ਕਿ ਗੁਰੂ ਅਮਰ ਦਾਸ ਸਾਹਿਬ ਨੇ ਭਾਈ ਜੇਠਾ ਨੂੰ ਵਾਪਿਸ ਗੋਇੰਦਵਾਲ ਬੁਲਾ ਲਿਆ ਕਿਉਂ ਕਿ ਗੁਰੂ ਦਰਬਾਰ ਅਤੇ ਨਗਰ ਦਾ ਇੰਤਜ਼ਾਮ ਉਨ੍ਹਾਂ ਕੋਲੋਂ ਇਕੱਲਿਆਂ ਨਹੀਂ ਸੀ ਹੋ ਰਿਹਾ। ਇਸ ਕਰ ਕੇ 1564 ਵਿਚ ਗੁਰੂ ਦਾ ਚੱਕ ਨਗਰ ਦੀ ਕਾਇਮੀ ਅੱਧ-ਵਿਚਕਾਰ ਹੀ ਰੁਕ ਗਈ ਅਤੇ ਅਗਲੇ ਦਸ ਸਾਲ ਤਕ ਇਹ ਨਗਰ ਵੱਸ ਨਾ ਸਕਿਆ। 1574 ਵਿਚ ਗੁਰੂ ਅਮਰ ਦਾਸ ਸਾਹਿਬ ਜੋਤੀ-ਜੋਤਿ ਸਮਾ ਗਏ ਤੇ ਭਾਈ ਜੇਠਾ ਚੌਥੇ ਗੁਰੂ ਬਣੇ। ਗੁਰੂ ਅਮਰ ਦਾਸ ਸਾਹਿਬ ਦੇ ਬਿੰਦੀ ਪੁੱਤਰਾਂ ਮੋਹਨ ਤੇ ਮੋਹਰੀ ਨੂੰ ਗੋਇੰਦਵਾਲ ਦੀ ਜਾਇਦਾਦ ਸੰਭਾਲ ਕੇ ਗੁਰੂ ਰਾਮ ਦਾਸ ਸਾਹਿਬ ਗੁਰੂ ਦਾ ਚੱਕ ਆ ਗਏ ਅਤੇ ਇੱਥੇ ਅਜੋਕੇ ਗੁਰਦੁਆਰਾ 'ਗੁਰੂ ਦੇ ਮਹਿਲ' ਵਾਲੀ ਥਾਂ 'ਤੇ ਘਰ ਬਣਾ ਕੇ ਰਹਿਣ ਲਗ ਪਏ। ਹਾਲਾਂ ਕਿ 10 ਸਾਲ ਪਹਿਲਾਂ ਉਨ੍ਹਾਂ ਨੇ ਸੰਤੋਖਸਰ ਸਰੋਵਰ ਦੀ ਪੁਟਾਈ ਸ਼ੁਰੂ ਕਰ ਦਿਤੀ ਸੀ ਪਰ ਕੁਝ ਕਾਰਨਾਂ ਨੂੰ ਮੁਖ ਰਖ ਕੇ ਉਨ੍ਹਾਂ ਪਹਿਲਾਂ ਅੰਮ੍ਰਿਤਸਰ ਸਰੋਵਰ ਦੀ ਪੁਟਾਈ ਸ਼ੁਰੂ ਕਰ ਦਿਤੀ ਤਿੰਨ ਸਾਲ ਵਿਚ ਹੀ (1577 ਵਿਚ) ਸਰੋਵਰ ਤਿਆਰ ਹੋ ਗਿਆ। ਕਿਸੇ ਵੀ ਨਵੇਂ ਨਗਰ ਦੀ ਸਭ ਤੋਂ ਪਹਿਲੀ ਜ਼ਰੂਰਤ ਪਾਣੀ ਦੀ ਹੁੰਦੀ ਹੈ ਇਸ ਕਰ ਕੇ ਗੁਰੂ ਸਾਹਿਬ ਨੇ ਪਹਿਲਾਂ ਅੰਮ੍ਰਿਤਸਰ ਤੇ ਫਿਰ 1578 ਵਿਚ ਸੰਤੋਖਸਰ ਸਰੋਵਰ ਵੀ ਤਿਆਰ ਕਰਵਾ ਲਿਆ।1581 ਵਿਚ ਗੁਰੂ ਰਾਮ ਦਾਸ ਜੀ ਦੇ ਜੋਤੀ-ਜੋਤਿ ਸਮਾਉਣ ਮਗਰੋਂ ਗੁਰੂ ਅਰਜਨ ਸਾਹਿਬ ਨੇ ਗੁਰਗੱਦੀ ਦੀ ਸੇਵਾ ਸੰਭਾਲੀ।ਉਨ੍ਹਾਂ ਨੇ 1586 ਵਿਚ ਅੰਮ੍ਰਿਤਸਰ ਸਰੋਵਰ ਨੂੰ ਪੱਕਿਆਂ ਕਰਵਾਇਆ। ਦੋ ਸਾਲ ਮਗਰੋਂ ਸੰਤੋਖਸਰ ਸਰੋਵਰ ਵੀ ਪੱਕਾ ਹੋ ਗਿਆ। ਇਸ ਸਮੇਂ

ਵਿਚ ਸੰਗਤਾਂ ਦੀ ਗਿਣਤੀ ਵਿਚ ਭਰਪੂਰ ਵਾਧਾ ਹੋ ਚੁਕਾ ਸੀ। ਬਹੁਤ ਸਾਰੀਆਂ ਸੰਗਤਾਂ ਦੂਰ ਦੁਰਾਡਿਓਂ ਆਇਆ ਕਰਦੀਆਂ ਸਨ ਤੇ ਉਹ ਰਾਹ ਵਿਚ ਮੌਜੂਦਾ ਤਰਨ ਤਾਰਨ ਸ਼ਹਿਰ ਵਾਲੀ ਜਗ੍ਹਾ ਪੜਾਅ ਕਰਿਆ ਕਰਦੇ ਸਨ; ਪਰ ਇਨ੍ਹਾਂ ਸੰਗਤਾਂ ਵਾਸਤੇ ਨਹਾਉਣ ਅਤੇ ਪੀਣ ਦੇ ਪਾਣੀ ਦਾ ਮਸਲਾ ਹੁੰਦਾ ਸੀ। ਇਸ ਮੁਸ਼ਕਿਲ ਨੂੰ ਸਾਹਵੇਂ ਰੱਖ ਕੇ ਗੁਰੂ ਅਰਜਨ ਸਾਹਿਬ ਨੇ 1590 ਵਿਚ ਤਰਨ ਤਾਰਨ ਸਰੋਵਰ ਦੀ ਪੁਟਾਈ ਸ਼ੁਰੂ ਕੀਤੀ। ਇਹ ਸਾਰੇ ਸਰੋਵਰ ਸੰਗਤਾਂ ਦੇ ਨਹਾਉਣ ਵਾਸਤੇ ਬਣਾਏ ਗਏ ਸਨ। ਮਗਰੋਂ ਜਦ ਮਹੰਤਾਂ, ਉਦਾਸੀਆਂ ਉਤੇ ਨਿਰਮਲਿਆਂ ਦੇ ਹੱਥ ਹਕੂਮਤ ਆਈ ਤਾਂ ਉਨ੍ਹਾਂ ਨੇ ਇਨ੍ਹਾਂ ਸਰੋਵਰਾਂ ਨੂੰ ਅਖੌਤੀ ਤੌਰ 'ਤੇ ਪਵਿੱਤਰ ਗਰਦਾਨਣਾ ਸ਼ੁਰੂ ਕਰ ਦਿੱਤਾ ਤੇ ਇੰਨ੍ਹਾਂ ਸਰੋਵਰਾਂ ਦੇ ਪਾਣੀਆਂ ਨੂੰ ਅਖੌਤੀ ਤੌਰ 'ਤੇ ਅੰਮ੍ਰਿਤ ਕਰਾਰ ਦੇਣਾ ਸ਼ੁਰੂ ਕਰ ਦਿੱਤਾ; ਇਹ ਸਾਰੀ ਬ੍ਰਾਹਮਣੀ ਕਰਮ ਕਾਂਡ ਵਾਲੀ ਸੋਚ ਸੀ। 1635 ਵਿਚ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਕੀਰਤਪੁਰ ਚਲੇ ਜਾਣ ਮਗਰੋਂ ਸੰਗਤਾਂ ਨੇ ਗੁਰੂ-ਦਾ-ਚੱਕ ਆਉਣਾ ਤਕਰੀਬਨ ਬੰਦ ਹੀ ਕਰ ਦਿੱਤਾ ਇਸ ਕਰ ਕੇ ਅੰਮ੍ਰਿਤਸਰ (ਦਰਬਾਰ ਸਾਹਿਬ ਦਾ ਸਰੋਵਰ), ਸੰਤੋਖਸਰ ਤੇ ਸ਼ਹਿਰ ਦੇ ਹੋਰ ਸਰੋਵਰ ਅਤੇ ਤਰਨ ਤਾਰਨ ਸਰੋਵਰ ਸੀ ਸੇਵਾ ਸੰਭਾਲ ਬਹੁਤ ਘਟ ਹੋਈ। ਸਿੱਖ ਮਿਸਲ ਕਾਲ ਤੇ ਰਣਜੀਤ ਸਿੰਘ ਕਾਲ ਵੇਲੇ ਵੀ ਤਰਨਤਾਰਨ ਮਹੰਤਾਂ ਦੇ ਕਬਜ਼ੇ ਵਿਚ ਸੀ ਤੇ ਉਹ ਸਾਰਾ ਚੜ੍ਹਾਵਾ ਹਜ਼ਮ ਕਰ ਜਾਂਦੇ ਸਨ ਤੇ ਇੱਥੋਂ ਦਾ ਸਰੋਵਰ ਤਾਂ ਤਕਰੀਬਨ ਨਜ਼ਰ-ਅੰਦਾਜ਼ ਹੀ ਰਿਹਾ। 1921 ਵਿਚ ਜਦ ਇਸ ਦਾ ਇੰਤਜ਼ਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਬਜ਼ੇ ਵਿਚ ਆਇਆ ਤਾਂ ਇਸ ਦੀ ਸੇਵਾ ਸੰਭਾਲ ਵੱਲ ਵੀ ਖਿਆਲ ਗਿਆ। ਪਰ ਅਗਲੇ ਦਸ ਸਾਲ ਤਕ ਇਹ ਪ੍ਰਾਜੈਕਟ ਸ਼ੁਰੂ ਨਾ ਕੀਤਾ ਜਾ ਸਕਿਆ। ਅਖ਼ੀਰ ਤਰਨ ਤਾਰਨ ਸਰੋਵਰ ਦੀ ਕਾਰ ਸੇਵਾ 11 ਸਤੰਬਰ 1931 ਦੇ ਦਿਨ ਸ਼ੁਰੂ ਹੋਈ ਜੋ ਕੁਝ ਹੀ ਦਿਨਾਂ ਵਿਚ ਪੂਰੀ ਕਰ ਲਈ ਗਈ।

1989: ਰੁਪਿੰਦਰ ਸਿੰਘ ਰੂਪੀ ਨਕਲੀ ਮੁਕਾਬਲੇ ਵਿਚ ਸ਼ਹੀਦ

11 ਸਤੰਬਰ 1988 ਦੇ ਦਿਨ ਪੰਜਾਬ ਪੁਲਸ ਨੇ ਰੁਪਿੰਦਰ ਸਿੰਘ ਰੂਪੀ (ਪੁੱਤਰ ਰਜਿੰਦਰ ਸਿੰਘ ਸ਼ੇਰਾ, ਵਾਸੀ ਫਗਵਾੜਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਖਾਲਿਸਤਾਨ ਦੀ ਤਵਾਰੀਖ਼ ਦਾ ਸਭ ਤੋਂ ਲੰਬਾ ਅਸਲ ਮੁਕਾਬਲਾ ਹੋਇਆ; 12000 ਸਿਪਾਹੀਆਂ ਨਾਲ, ਦਸਮੇਸ਼ ਰਜਮੈਂਟ ਦੇ ਸੀਤਲ ਸਿੰਘ ਮੱਤੇਵਾਲ ਦੀ ਅਗਵਾਈ ਹੇਠ ਚਾਰ ਖਾੜਕੂਆਂ ਨੇ 48 ਘੰਟੇ ਜੰਗ ਕੀਤੀ

11 ਸਤੰਬਰ 1991 ਦੇ ਦਿਨ ਪੁਲਸ ਨੂੰ ਮੁਖਬਰੀ ਮਿਲੀ ਕਿ ਬੋਲੋਵਾਲੀ ਪਿੰਡ ਵਿਚ ਦਸਮੇਸ਼ ਰਜੰਮਟ ਦੇ ਮੁਖੀ ਸੀਤਲ ਸਿੰਘ ਮੱਤੇਵਾਲ ਅਤੇ ਉਸ ਦੇ ਕੁਝ ਸਾਥੀ ਮੌਜੂਦ ਸਨ। ਹਜ਼ਾਰਾਂ ਦੀ ਗਿਣਤੀ ਵਿਚ (ਖਾੜਕੂਆਂ ਮੁਤਾਬਿਕ 12000) ਪੁਲਸ, ਸੀ.ਆਰ.ਪੀ. ਤੇ ਦੂਜੀਆਂ ਫ਼ੋਰਸਿਜ਼ ਦੇ ਫ਼ੌਜੀਆਂ ਨੇ ਹਰ ਤਰ੍ਹਾਂ ਦਾ ਅਸਲਾ ਲੈ ਕੇ ਪਿੰਡ ਨੂੰ ਸਾਰੇ ਪਾਸਿਆਂ ਤੋਂ ਘੇਰਾ ਪਾ ਲਿਆ ਤੇ ਖਾੜਕੂਆਂ ਨੂੰ ਹਥਿਆਰ ਸੁੱਟਣ ਵਾਸਤੇ ਕਿਹਾ ਪਰ ਜਦ ਉਨ੍ਹਾਂ ਨੇ ਨਾਂਹ ਕਰ ਦਿੱਤੀ ਤਾਂ ਪੁਲਸ ਨੇ ਉਨ੍ਹਾਂ 'ਤੇ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਖਾੜਕੂਆਂ ਨੇ ਵੀ ਇਸ ਦਾ ਬਰਾਬਰ ਦਾ ਜਵਾਬ ਦਿੱਤਾ। ਇਹ ਜੰਗ 48 ਘੰਟੇ ਤੋਂ ਵਧ ਚੱਲੀ। ਇਸ ਦੌਰਾਨ ਪੁਲਸ ਤੇ ਦੂਜੀਆਂ ਫ਼ੋਰਸਿਜ਼ ਨੇ ਖਾੜਕੂਆਂ 'ਤੇ ਮੋਰਟਰ ਗੋਲੇ ਤੇ ਬੰਬ ਵੀ ਦਾਗੇ ਗਏ ਅਤੇ ਪੁਲਸ ਵਾਲੇ ਬੁਲਟ-ਪਰੂਫ਼ ਟਰੈਕਟਰਾਂ ਰਾਹੀਂ ਅੱਗੇ ਵਧਣ ਦੀ ਕੋਸ਼ਿਸ਼ ਵੀ ਕਰਦੇ ਰਹੇ। ਇਸ ਲੜਾਈ ਵਿਚ ਬਹੁਤ ਸਾਰੇ ਸਿਪਾਹੀ ਤੇ ਦੂਜੀਆਂ ਫ਼ੋਰਸਿਜ਼ ਦੇ ਜਵਾਨ ਮਾਰੇ ਗਏ। ਦੂਜੇ ਪਾਸੇ ਜਦ ਖਾੜਕੂਆਂ ਦਾ ਅਸਲਾ ਮੁਕ ਗਿਆ ਤਾਂ ਉਹ, ਜੋ ਸਿਰਫ਼ 5 ਸਨ, ਵੀ ਸ਼ਹੀਦ ਹੋ ਗਏ। ਇਹ ਜਰਨੈਲ

ਸਨ: ਸੀਤਲ ਸਿੰਘ ਮੱਤੇਵਾਲ, ਤਰਸੇਮ ਸਿੰਘ, ਗੁਰਦਿਆਲ ਸਿੰਘ, ਗੁਰਮੁਖ ਸਿੰਘ ਤੇ ਗੁਰਨਾਮ ਸਿੰਘ। ਇਹ ਸ਼ਹੀਦੀਆਂ 12 ਸਤੰਬਰ ਨੂੰ ਹੋਈਆਂ ਸਨ।

1991: ਹਰਜੀਤ ਸਿੰਘ ਵਲਟੋਹਾ, ਪਰਮਜੀਤ ਸਿੰਘ ਪੰਮਾ ਬਸਤੀ ਜੋਧੇਵਾਲ, ਤੇ ਕੁਲਦੀਪ ਸਿੰਘ ਬਿੱਟੂ ਬਬਰ ਢਡਿਆਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

11 ਸਤੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਹਰਜੀਤ ਸਿੰਘ (ਪੁੱਤਰ ਪੂਰਨ ਸਿੰਘ, ਵਾਸੀ ਵਲਟੋਹਾ, ਜ਼ਿਲ੍ਹਾ ਤਰਨਤਾਰਨ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਪਰਮਜੀਤ ਸਿੰਘ ਪੰਮਾ (ਵਾਸੀ ਅਟੱਲ ਨਗਰ, ਬਸਤੀ ਜੋਧੇਵਾਲ, ਲੁਧਿਆਣਾ) ਤੇ ਕੁਲਦੀਪ ਸਿੰਘ ਬਿੱਟੂ ਬਬਰ (ਵਾਸੀ ਢਡਿਆਲਾ) ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਨਿਸ਼ਾਨ ਸਿੰਘ ਬਬਰ ਰਸੀਕੇ ਕਲਾਂ, ਮਨਜੀਤ ਸਿੰਘ ਰਾਮਨਗਰ, ਸਵਰਨ ਸਿੰਘ ਜਵੰਦਾ ਮਸਤੂਆਣਾ, ਰੇਸ਼ਮ ਸਿੰਘ ਡੇਰੀਵਾਲ ਤੇ ਜਸਪਾਲ ਸਿੰਘ ਜੱਸਾ ਡੇਰੀਵਾਲ ਤੇ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

11 ਸਤੰਬਰ 1992 ਦੇ ਦਿਨ ਪੁਲਸ ਨੇ ਨਿਸ਼ਾਨ ਸਿੰਘ ਬਬਰ ਵਾਸੀ ਰਸੀਕੇ ਕਲਾਂ, ਮਨਜੀਤ ਸਿੰਘ ਵਾਸੀ ਰਾਮਨਗਰ, ਸਵਰਨ ਸਿੰਘ ਜਵੰਦਾ (ਮਸਤੂਆਣਾ), ਰੇਸ਼ਮ ਸਿੰਘ (ਪੁੱਤਰ ਸਵਰਨ ਸਿੰਘ, ਵਾਸੀ ਡੇਰੀਵਾਲ) ਤੇ ਜਸਪਾਲ ਸਿੰਘ ਉਰਫ਼ ਜੱਸਾ (ਪੁੱਤਰ ਨਿਰਮਲ ਸਿੰਘ, ਵਾਸੀ ਡੇਰੀਵਾਲ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

12 ਸਤੰਬਰ

1859: ਦਰਬਾਰ ਸਾਹਿਬ ਦਾ ਦਸਤੂਰ-ਇ-ਅਮਲ ਤਿਆਰ ਹੋਇਆ

ਦਰਬਾਰ ਸਾਹਿਬ ਦੀ ਸੇਵਾ ਸੰਭਾਲ ਮਿਸਲ ਸ਼ਹੀਦਾਂ ਕੋਲ ਸੀ; 1799 ਵਿਚ ਇਸ ਮਿਸਲ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਸਨ। 1799 ਵਿਚ ਰਣਜੀਤ ਸਿੰਘ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। 1804 ਵਿਚ ਉਸ ਨੇ ਅੰਮ੍ਰਿਤਸਰ 'ਤੇ ਵੀ ਕਬਜ਼ਾ ਕਰ ਲਿਆ। ਉਸ ਨੇ ਅੰਮ੍ਰਿਤਸਰ ਸ਼ਹਿਰ ਦੀ ਦੇਖ ਭਾਲ ਲਹਿਣਾ ਸਿੰਘ ਮਜੀਠੀਆ ਨੂੰ ਸੰਭਾਲ ਦਿੱਤੀ। ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਅਕਾਲੀ ਫੂਲਾ ਸਿੰਘ ਕੋਲ ਸੀ। ਦਰਬਾਰ ਸਾਹਿਬ ਦੇ ਮਸਲੇ 'ਤੇ ਲਹਿਣਾ ਸਿੰਘ ਨੇ ਕਦੇ ਵੀ ਕੋਈ ਦਖ਼ਲ ਨਾ ਦਿੱਤਾ।

1839 ਵਿਚ ਮਹਾਰਾਜਾ ਰਣਜੀਤ ਸਿੰਘ ਚੜ੍ਹਾਈ ਕਰ ਗਿਆ। ਅਕਾਲੀ ਫੂਲਾ ਸਿੰਘ 1823 ਵਿਚ ਪਹਿਲੋਂ ਹੀ ਸ਼ਹੀਦ ਹੋ ਚੁੱਕੇ ਸਨ। ਉਨ੍ਹਾਂ ਦੀ ਸ਼ਹੀਦੀ ਤੋਂ ਪਹਿਲਾਂ (ਅਤੇ ਉਸ ਮਗਰੋਂ) ਵੀ ਰਣਜੀਤ ਸਿੰਘ ਦੀ ਸਰਕਾਰ ਸਹੀ ਮਾਅਨਿਆਂ ਵਿਚ ਡੋਗਰੇ ਅਤੇ ਭਈਏ ਬ੍ਰਾਹਮਣ ਹੀ ਚਲਾ ਰਹੇ ਸਨ। ਉਨ੍ਹਾਂ ਨੇ ਦਰਬਾਰ ਸਾਹਿਬ ਤੇ ਹੋਰ ਵੱਡੇ ਗੁਰਦੁਆਰਿਆਂ ਦੇ ਮਹੰਤਾਂ ਨੂੰ ਵੀ ਆਪਣੇ ਹੱਥਾਂ ਵਿਚ ਲੈ ਲਿਆ। ਇਸ ਮਗਰੋਂ ਗੁਰਦੁਆਰਿਆਂ ਵਿਚ ਗ਼ਲਤ ਰਵਾਇਤਾਂ ਸ਼ੁਰੂ ਹੋ ਗਈਆਂ। (ਅੱਜ ਜਿੰਨੀਆਂ ਵੀ ਗ਼ਲਤ ਰਵਾਇਤਾਂ ਗੁਰਦੁਆਰਿਆਂ ਵਿਚ ਨਜ਼ਰ ਆ ਰਹੀਆਂ ਹਨ, ਉਹ ਸਾਰੀਆਂ ਡੋਗਰਿਆਂ ਦੀ ਸਾਜ਼ਿਸ਼ ਹੇਠ ਉਦਾਸੀ ਅਤੇ ਨਿਰਮਲੇ ਮਹੰਤਾਂ (ਜੋ ਦਰਅਸਲ ਹਿੰਦੂ ਸਨ) ਨੇ ਸ਼ੁਰੂ ਕੀਤੀਆਂ ਸਨ)।

ਮਾਰਚ 1849 ਵਿਚ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰ ਲਿਆ। ਗੁਰਦੁਆਰਿਆਂ 'ਤੇ ਕਾਬਜ਼ ਮਹੰਤ ਹੁਣ ਅੰਗਰੇਜ਼ਾਂ ਦੇ ਮਾਤਹਿਤ ਹੋ ਗਏ। ਅੰਗਰੇਜ਼ਾਂ ਨੇ ਆਮ ਗੁਰਦੁਆਰਿਆਂ ਹੀ ਨਹੀਂ ਬਲਕਿ ਦਰਬਾਰ ਸਾਹਿਬ 'ਤੇ ਵੀ ਆਪਣਾ ਪੂਰਾ ਕੰਟਰੋਲ ਕਰ ਲਿਆ ਪਰ ਮਹੰਤਾਂ ਨੂੰ

ਗੁਰਦੁਆਰਿਆਂ ਦੇ ਚੜ੍ਹਾਵੇ ਨੂੰ ਵਰਤਣ ਦੀ ਪੂਰੀ ਅਜ਼ਾਦੀ ਦੇ ਦਿੱਤੀ। ਮਹੰਤਾਂ ਨੇ ਗੁਰਦੁਆਰਿਆਂ ਦਾ ਚੜ੍ਹਾਵਾ ਆਪਣੀ ਨਿੱਜੀ ਜਾਗੀਰ ਦੀ ਆਮਦਨੀ ਵਾਂਗ ਵਰਤਣਾ ਸ਼ੁਰੂ ਕਰ ਦਿੱਤਾ। ਹੁਣ ਗੁਰਦੁਆਰਿਆਂ ਵਿਚ ਮਨਮਤਿ ਦੇ ਨਾਲ ਨਾਲ ਗੁਨਾਹ ਤੇ ਜੁਰਮ ਵੀ ਆਮ ਹੋਣ ਲਗ ਪਏ।

1859 ਵਿਚ ਰਾਜਾ ਤੇਜਾ ਸਿੰਹ (ਅਸਲ ਨਾਂ ਬ੍ਰਾਹਮਣ ਤੇਜ ਰਾਮ ਮਿਸਰ), ਮਿਸਟਰ ਕੂਪਰ (ਡਿਪਟੀ ਕਮਿਸ਼ਨਰ ਅੰਮ੍ਰਿਤਸਰ) ਅਤੇ ਜੋਧ ਸਿੰਘ ਸਰਬਰਾਹ ਨੇ ਇਕ ਮੀਟਿੰਗ (5 ਤੋਂ 12 ਸਤੰਬਰ 1859) ਕਰ ਕੇ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਗੁਰਦੁਆਰਿਆਂ ਬਾਰੇ ਜ਼ਾਬਤਾ ਅਤੇ ਮਰਿਆਦਾ (ਦਸਤੂਰ-ਇ-ਅਮਲ) ਤਿਆਰ ਕੀਤੀ। ਇਸ ਖਰੜੇ 'ਤੇ ਸਿੱਖ ਆਗੂਆਂ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਤੋਂ ਇਲਾਵਾ ਸਰਬਰਾਹ, ਗ੍ਰੰਥੀਆਂ ਅਤੇ ਪੁਜਾਰੀਆਂ ਨੇ ਵੀ ਆਪਣੇ ਦਸਤਖ਼ਤ ਕੀਤੇ। ਇਸ ਮੌਕੇ 'ਤੇ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਪ੍ਰਬੰਧ ਵਾਸਤੇ ਇਕ ਕਮੇਟੀ ਵੀ ਬਣਾਈ ਗਈ। ਇਸ ਵਿਚ ਸ਼ਾਮਿਲ ਸਨ: ਰਾਜਾ ਤੇਜਾ ਸਿੰਹ ਮਿਸਰ ਬ੍ਰਾਹਮਣ (ਮੁਖੀ), ਸ਼ਮਸ਼ੇਰ ਸਿੰਘ ਸੰਧਾਵਾਲੀਆ, ਰਾਜਾ ਸੂਰਤ ਸਿੰਘ ਮਜੀਠੀਆ, ਭਗਵਾਨ ਸਿੰਘ, ਗਿਆਨੀ ਪਰਦੁਮਨ ਸਿੰਘ ਨਿਰਮਲਾ (ਪੋਤਾ ਗਿਆਨੀ ਸੰਤ ਸਿੰਘ ਤੇ ਪੁੱਤਰ ਗਿਆਨੀ ਗੁਰਮੁਖ ਸਿੰਘ), ਗੁਲਾਬ ਸਿੰਘ ਭਾਗੋਵਾਲੀਆ, ਜੈਮਲ ਸਿੰਘ ਖੰਡਾ, ਸਰਦੂਲ ਸਿੰਘ, ਰਾਏ ਮੂਲ ਸਿੰਘ, ਰਾਜਾ ਸਿੰਘ ਮਾਨ। ਇਹ ਕਮੇਟੀ ਕੁਝ ਚਿਰ ਕਾਇਮ ਰਹੀ। ਮਗਰੋਂ ਸਰਕਾਰ ਨੇ ਇਸ ਦੀ ਜਗਹ ਇਕ ਹੋਰ ਕਮੇਟੀ ਬਣਾ ਦਿੱਤੀ। ਇਸ ਵਿਚ ਮੈਂਬਰ ਸਨ : ਰਾਜਾ ਦਿਆਲ ਸਿੰਘ, ਰਾਜਾ ਹਰਬੰਸ ਸਿੰਘ, ਠਾਕਰ ਸਿੰਘ ਸੰਧਾਵਾਲੀਆ, ਅਜੀਤ ਸਿੰਘ ਅਟਾਰੀ ਵਾਲਾ, ਅਰਜਨ ਸਿੰਘ ਚਾਹਲ, ਰਾਏ ਕਲਿਆਣ ਸਿੰਘ, ਅਤਰ ਸਿੰਘ ਭਦੌੜ, ਜਗਤ ਸਿੰਘ ਜੀਂਦ। ਰਣਜੀਤ ਸਿੰਘ ਦੇ ਵੇਲੇ ਤਕ ਅੰਮ੍ਰਿਤਸਰ ਦੀ ਚੁੰਗੀ ਦਰਬਾਰ ਸਾਹਿਬ ਨੂੰ ਮਿਲਦੀ ਹੁੰਦੀ ਸੀ। ਜਦ ਅੰਗਰੇਜ਼ਾਂ ਨੇ ਮਿਉਂਸਪਲ ਕਮੇਟੀ ਬਣਾਈ ਤਾਂ ਇਹ ਚੁੰਗੀ ਸਰਕਾਰ ਨੂੰ ਮਿਲਣ ਲਗ ਪਈ। ਇਸ ਵਿਚੋਂ ਸਿਰਫ਼ 2% ਦਰਬਾਰ ਸਾਹਿਬ ਦੇ ਬਿਜਲੀ ਪਾਣੀ ਵਾਸਤੇ ਮਿਲਦੀ ਸੀ।

1897: ਸਾਰਾਗੜ੍ਹੀ ਦੀ ਲੜਾਈ ਵਿਚ ਸਿੱਖ ਫ਼ੌਜੀਆਂ ਨੇ ਤਵਾਰੀਖ਼ੀ ਮਿਸਾਲ ਕਾਇਮ ਕੀਤੀ

12 ਸਤੰਬਰ 1897 ਦੇ ਦਿਨ ਸਾਰਾਗੜ੍ਹੀ ਕਿਲ੍ਹੇ (ਸੂਬਾ ਸਰਹੱਦ, ਪਾਕਿਸਤਾਨ) ਵਿਚ, ਈਸ਼ਰ ਸਿੰਘ ਹਵਾਲਦਾਰ ਦੀ ਕਮਾਂਡ ਹੇਠ, 36ਵੀਂ ਸਿੱਖ ਬਟਾਲੀਅਨ ਦੇ, ਸਿਰਫ਼ 21 ਸਿੱਖ ਫ਼ੌਜੀ ਤਾਇਨਾਤ ਸਨ। ਇਸ ਸਮੇਂ ਗੁਲ ਬਦਾਸ਼ ਦੀ ਅਗਵਾਈ ਵਿਚ ਦਸ ਹਜ਼ਾਰ ਅਫ਼ਰੀਦੀਆਂ (ਅਫ਼ਗ਼ਾਨ ਤੇ ਔਰਕਜ਼ਾਈ ਪਠਾਣ) ਨੇ ਇਸ ਕਿਲ੍ਹੇ 'ਤੇ ਹਮਲਾ ਕਰ ਦਿੱਤਾ। ਇਨ੍ਹਾਂ 21 ਸਿੱਖ ਫ਼ੌਜੀਆਂ ਨੇ ਉਨ੍ਹਾਂ ਹਮਲਾਵਰਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਆਖ਼ਰੀ ਦਮ ਤਕ ਚੌਕੀ ਨੂੰ ਬਚਾਉਣ ਵਾਸਤੇ ਜੂਝਦੇ ਰਹੇ। ਉਹ ਸਾਰੇ ਇਸ ਲੜਾਈ ਵਿਚ ਮਾਰੇ ਗਏ ਤੇ 600 ਤੋਂ ਵਧ ਅਫ਼ਗ਼ਾਨਾਂ ਨੂੰ ਵੀ ਮਾਰ ਮੁਕਾਇਆ। ਦੁਨੀਆਂ ਭਰ ਦੀਆਂ ਅਸਾਂਵੀਆਂ ਜੰਗਾਂ ਵਿਚੋਂ ਇਹ ਇਕ ਅਹਿਮ ਲੜਾਈ ਜਾਣੀ ਜਾਂਦੀ ਹੈ। ਉਂਵ ਇਸ ਤੋਂ ਪਹਿਲਾਂ ਸਿੱਖਾਂ ਨੇ 7 ਤੇ 8 ਦਸੰਬਰ 1705 (ਚਮਕੌਰ), 29 ਦਸੰਬਰ 1705 (ਖਿਦਰਾਨੇ ਦੀ ਢਾਬ), 1 ਦਸੰਬਰ 1764 (ਅਕਾਲ ਤਖ਼ਤ) ਵਿਚ ਪਹਿਲਾਂ ਵੀ ਅਜਿਹਾ ਜੌਹਰ ਦਿਖਾਏ ਸਨ ਤੇ ਮਗਰੋਂ ਵੀ ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹਮਲੇ ਦੌਰਾਨ ਸਾਬਿਤ ਕੀਤਾ ਸੀ ਕਿ ਇਕ ਇਕੱਲਾ ਸਿੱਖ ਸਚਮੁਚ ਸਵਾ ਲੱਖ ਨਾਲ ਲੜਨ ਦੀ ਜੁਰਅਤ ਕਰ ਸਕਦਾ ਹੈ। ਸਾਰਾ ਗੜ੍ਹੀ ਦੀ ਲੜਾਈ ਯੂਰਪ ਦੇ ਕੁਝ ਮੁਲਕਾਂ ਵਿਚ ਸਕੂਲ ਸਿਲੇਬਸ ਦਾ ਹਿੱਸਾ ਹੈ ਜਿਸ ਰਾਹੀਂ ਬੱਚਿਆਂ ਤੇ ਫ਼ੌਜੀਆਂ ਨੂੰ ਬਹਾਦਰੀ ਅਤੇ ਵਫ਼ਾਦਾਰੀ ਦਾ ਸਬਕ ਦਿੱਤਾ ਜਾਂਦਾ ਹੈ। ਸਾਰਾਗੜ੍ਹੀ ਵਿਚ ਬਹਾਦਰੀ ਦਿਖਾਉਣ ਬਦਲੇ

ਇਨ੍ਹਾਂ ਸਿੱਖ ਫ਼ੌਜੀਆਂ ਨੂੰ ਬਹਾਦਰੀ ਦੇ ਤਗ਼ਮੇ 'ਇੰਡੀਅਨ ਆਰਡਰ ਆਫ਼ ਮੈਰਿਟ' ਦਿੱਤੇ ਗਏ ਸਨ (ਮਗਰੋਂ ਇਸ ਤਗ਼ਮੇ ਦਾ ਨਾਂ 'ਵਿਕਟੋਰੀਆ ਕਰਾਸ' ਰੱਖ ਦਿੱਤਾ ਗਿਆ ਸੀ)। ਇਸ ਤੋਂ ਇਲਾਵਾ ਅੰਗਰੇਜ਼ ਸਰਕਾਰ ਨੇ ਸਾਰਾਗੜ੍ਹੀ, ਫ਼ੀਰੋਜ਼ਪੁਰ ਅਤੇ ਅੰਮ੍ਰਿਤਸਰ ਵਿਚ ਇਸ ਸਾਕੇ ਦੀ ਯਾਦ ਵਿਚ ਤਿੰਨ ਗੁਰਦੁਆਰੇ ਵੀ ਉਸਾਰੇ ਸਨ।

1922: ਸੀ. ਐਫ਼. ਐਂਡਰਿਊਜ਼ ਨੇ ਗੁਰੂ ਦਾ ਬਾਗ਼ ਵਿਚ ਸਿੱਖਾਂ ਦੀ ਮਾਰ ਕੁਟਾਈ ਦੀ ਭਰਪੂਰ ਨਿੰਦਾ ਕੀਤੀ

ਅੰਮ੍ਰਿਤਸਰ ਤੋਂ ਤਕਰੀਬਨ 23 ਕਿਲੋਮੀਟਰ ਦੂਰ ਪਿੰਡ ਘੁੱਕੇਵਾਲੀ ਵਿਚ ਗੁਰਦੁਆਰਾ ਗੁਰੂ ਦਾ ਬਾਗ ਹੈ। ਇਹ ਗੁਰਦੁਆਰਾ ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿਚ ਬਣਿਆ ਹੋਇਆ ਹੈ। ਸਿੱਖ ਸਰਦਾਰਾਂ ਨੇ ਇਸ ਗੁਰਦੁਆਰੇ ਨਾਲ ਵੀ ਕਾਫ਼ੀ ਜ਼ਮੀਨ ਅੰਗਰੇਜ਼ਾਂ ਨੇ ਹੜਪ ਵੀ ਕਰ ਲਈ ਸੀ। ਇੱਥੋਂ ਦਾ ਮਹੰਤ ਸੁੰਦਰ ਦਾਸ ਸੀ। ਲੋਕਾਂ ਨੂੰ ਉਸ ਦੇ ਇਖ਼ਲਾਕ ਬਾਰੇ ਬਹੁਤ ਸ਼ਿਕਾਇਤਾਂ ਸਨ। 31 ਜਨਵਰੀ 1921 ਦੇ ਦਿਨ ਦਾਨ ਸਿੰਘ ਵਛੋਆ ਦੀ ਅਗਵਾਈ ਵਿਚ ਕੁਝ ਸਿੱਖ ਉਸ ਕੋਲ ਗਏ ਅਤੇ ਉਸ ਨੂੰ ਆਪਣਾ ਸੁਧਾਰ ਕਰਨ ਵਾਸਤੇ ਆਖਿਆ। ਮਹੰਤ ਨੇ ਆਪਣੇ ਕੋਲ 50-60 ਬੰਦੇ ਇਕੱਠੇ ਕੀਤੇ ਹੋਏ ਸਨ। ਜਦੋਂ ਮਹੰਤ ਨੇ ਵੇਖਿਆ ਕਿ ਸਿੱਖ ਉਸ ਨੂੰ ਕੱਢਣਾ ਨਹੀਂ ਚਾਹੁੰਦੇ ਤਾਂ ਉਸ ਨੇ ਸਿੱਖਾਂ ਨਾਲ ਸਮਝੌਤਾ ਕਰ ਲਿਆ ਅਤੇ ਲਿਖਤੀ ਦਸਤਾਵੇਜ਼ 'ਤੇ ਦਸਤਖ਼ਤ ਵੀ ਕਰ ਦਿੱਤੇ। ਸਮਝੌਤੇ ਮੁਤਾਬਿਕ ਉਸ ਨੇ ਆਪਣੀ ਰਖੈਲ ਨਾਲ ਵਿਆਹ ਕਰਨਾ ਮੰਨ ਲਿਆ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਨਾਮਜ਼ਦ ਕੀਤੀ ਕਮੇਟੀ ਦੀਆਂ ਹਦਾਇਤਾਂ ਮੁਤਾਬਿਕ ਮਰਿਆਦਾ ਨਿਭਾਉਣ ਦਾ ਵਾਅਦਾ ਕੀਤਾ। ਗੁਰਦੁਆਰੇ ਦੇ ਇੰਤਜ਼ਾਮ ਵਾਸਤੇ ਇਕ 5 ਮੈਂਬਰੀ ਕਮੇਟੀ ਚੁਣੀ ਗਈ। ਤਕਰੀਬਨ 2 ਮਹੀਨੇ ਤਕ 'ਗੁਰੂ ਦਾ ਬਾਗ' ਗੁਰਦੁਆਰੇ ਦਾ ਇੰਤਜ਼ਾਮ ਠੀਕ ਠਾਕ ਚਲਦਾ ਰਿਹਾ ਪਰ ਜਦੋਂ ਸਰਕਾਰ ਨੇ ਅਕਾਲੀਆਂ 'ਤੇ ਸਖ਼ਤੀ ਦਾ ਦੌਰ ਚਲਾਉਣਾ ਸ਼ੁਰੂ ਕੀਤਾ ਅਤੇ ਬਹੁਤ ਸਾਰੇ ਆਗੂਆਂ ਨੂੰ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਦੇ ਨਾਂ 'ਤੇ ਗ੍ਰਿਫ਼ਤਾਰ ਕਰ ਲਿਆ ਤਾਂ ਅਪ੍ਰੈਲ 1921 ਵਿਚ ਇਹ ਮਹੰਤ ਵੀ ਵਿੱਟਰ ਗਿਆ। ਗੁਰਦੁਆਰਾ ਗੁਰੂ ਦਾ ਬਾਗ਼ ਦੇ ਲੰਗਰ ਵਾਸਤੇ ਬਾਲਣ ਦੀ ਲੱਕੜ ਗੁਰਦੁਆਰੇ ਦੀ ਜ਼ਮੀਨ ਵਿਚ ਖੜੇ ਕਿੱਕਰ ਦੇ ਦਰਖ਼ਤਾਂ ਤੋਂ ਲਿਆਂਦੀ ਜਾਂਦੀ ਸੀ। 8 ਅਗਸਤ 1922 ਦੇ ਦਿਨ ਪੰਜ ਅਕਾਲੀ ਲੰਗਰ ਵਾਸਤੇ ਇਕ ਸੁੱਕੇ ਕਿੱਕਰ ਦੀ ਲੱਕੜ ਕੱਟ ਕੇ ਲਿਆਏ। ਉਨ੍ਹਾਂ ਨੂੰ 9 ਅਗਸਤ ਦੇ ਦਿਨ ਡੈਨਟ (ਡੀ.ਸੀ.) ਦੇ ਹੁਕਮ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਹੋਰ ਤਾਂ ਹੋਰ ਇਸ ਸਬੰਧ ਵਿਚ ਸਾਬਕ ਮਹੰਤ ਸੁੰਦਰ ਦਾਸ ਨੇ ਲਿਖਤੀ ਤੌਰ 'ਤੇ ਕੋਈ ਸ਼ਿਕਾਇਤ ਵੀ ਨਹੀਂ ਕੀਤੀ ਸੀ ਤੇ ਸਿੱਖ ਚੋਖੇ ਚਿਰ ਤੋਂ ਲੰਗਰ ਵਾਸਤੇ ਲੱਕੜ ਇੱਥੋਂ ਲਿਜਾਂਦੇ ਰਹੇ ਸਨ। 10 ਅਗਸਤ ਨੂੰ ਐਡੀਸ਼ਨਲ ਐਸ. ਪੀ. ਪੁਲੀਸ ਐਸ.ਜੀ.ਐਮ. ਬੀਟੀ (S.G.M. Beaty) ਗੁਰੂ ਦਾ ਬਾਗ਼ ਪਹੁੰਚਿਆ ਅਤੇ ਮਹੰਤ ਕੋਲੋਂ ਲਿਖਤੀ ਸ਼ਿਕਾਇਤ ਲੈ ਲਈ। ਇਸੇ ਦਿਨ 8 ਅਗਸਤ ਨੂੰ ਗ੍ਰਿਫ਼ਤਾਰ ਕੀਤੇ ਸਿੱਖਾਂ ਨੂੰ ਕਾਹਲੀ ਵਿਚ ਛੇ ਮਹੀਨੇ ਦੀ ਕੈਦ ਤੇ 50 ਰੁਪਏ ਜੁਰਮਾਨਾ ਕਰ ਦਿੱਤਾ ਗਿਆ।। 25 ਅਗਸਤ ਨੂੰ ਜਦੋਂ 136 ਸਿੱਖਾਂ ਦਾ ਜਥਾ ਗੁਰੂ ਕਾ ਬਾਗ ਗਿਆ ਤਾਂ ਪੁਲੀਸ ਨੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ ਕੁੱਟਣਾ ਸ਼ੁਰੂ ਕਰ ਦਿੱਤਾ। ਤਕਰੀਬਨ 100 ਸਿੱਖਾਂ ਨੂੰ ਪੁਲੀਸ ਨੇ ਵਹਿਸ਼ੀਆਣਾ ਤਰੀਕੇ ਨਾਲ ਡਾਂਗਾ ਮਾਰ-ਮਾਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। 31 ਅਗਸਤ ਤੋਂ ਰੋਜ਼ਾਨਾ ਇਕ ਸੌ ਸਿੱਖਾਂ ਦਾ ਜਥਾ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਦਾ ਬਾਗ਼ ਜਾਣ ਲੱਗ ਪਿਆ। ਇਸ ਜਥੇ ਦੇ ਨਾਲ ਇਕ ਐਂਬੂਲੈਂਸ ਵੀ ਹੋਇਆ ਕਰਦੀ ਸੀ। ਇਸ ਜਥੇ ਨੂੰ ਰਾਹ ਵਿਚ ਰਾਜਾਸਾਂਸੀ, ਛੀਨਾ ਤੇ ਗੁਮਟਾਲਾ ਪੁੱਲ 'ਤੇ ਰੋਕ ਲਿਆ ਜਾਂਦਾ ਅਤੇ ਲਾਠੀਆਂ ਮਾਰ-ਮਾਰ ਕੇ ਹਰ ਇਕ ਨੂੰ ਬੇਹੋਸ਼ ਕਰ ਦਿੱਤਾ ਜਾਂਦਾ।

ਜਦੋਂ ਸਾਰੇ ਸਿੱਖ ਬੇਹੋਸ਼ ਹੋ ਜਾਂਦੇ ਤਾਂ ਪੁਲੀਸ ਉਨ੍ਹਾਂ ਨੂੰ ਵਾਲਾਂ ਤੋਂ ਫੜ੍ਹ ਕੇ, ਘੂਹ ਕੇ, ਚਿਕੜ ਵਾਲੇ ਟੋਇਆਂ ਵਿਚ ਸੁੱਟ ਦਿਆ ਕਰਦੀ ਸੀ। ਇਸ ਮਗਰੋਂ ਮੈਡੀਕਲ ਟੀਮ ਆਪਣੀ ਕਾਰਵਾਈ ਸ਼ੁਰੂ ਕਰਿਆ ਕਰਦੀ ਸੀ। ਇਨ੍ਹਾਂ ਸਾਰੇ ਜ਼ਖ਼ਮੀਆਂ ਨੂੰ ਅੰਮ੍ਰਿਤਸਰ ਲਿਜਾਇਆ ਜਾਂਦਾ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਹਸਪਤਾਲਾਂ 'ਚ ਦਾਖ਼ਿਲ ਕੀਤਾ ਜਾਂਦਾ। ਇਸ ਸਾਰੀ ਕਾਰਵਾਈ ਨੂੰ ਬਹੁਤ ਸਾਰੇ ਲੋਕ ਵੇਖਣ ਆਉਂਦੇ ਸਨ ਅਤੇ ਇਕ ਅਮਰੀਕਨ ਪਾਰਟੀ ਨੇ ਤਾਂ ਇਸ ਮਾਰਕੁਟਾਈ ਦੀ ਫ਼ਿਲਮ ਵੀ ਤਿਆਰ ਕੀਤੀ ਸੀ। ਕੈਪਟਨ ਏ.ਐਲ.ਵਰਗੀਸ ਦੀ ਇਸ ਫ਼ਿਲਮ ਦਾ ਨਾਂ ਸੀ "ਐਕਸਕਲੂਸਿਵ ਪਿਕਚਰ ਆਫ਼ ਇੰਡੀਆਜ਼ ਮਾਰਟਿਅਰਡੰਮ।" ਮਗਰੋਂ ਭਰਤਾਨਵੀ ਸਰਕਾਰ ਨੇ ਕੋਸ਼ਿਸ਼ ਕੀਤੀ ਕਿ ਇਹ ਫ਼ਿਲਮ ਛਾਇਆ ਨਾ ਕੀਤੀ ਜਾਵੇ ਪਰ ਵਰਗੀਜ਼ ਨਾ ਮੰਨਿਆ। 12 ਸਤੰਬਰ ਨੂੰ ਮਸ਼ਹੂਰ ਈਸਾਈ ਪਾਦਰੀ ਸੀ.ਐਫ਼. ਐਂਡਰਿਊਜ਼ (ਜੋ ਐਂਗਲੀਕਨ ਚਰਚ ਦਾ ਪ੍ਰਚਾਰਕ ਸੀ ਤੇ 1904 ਤੋਂ ਕਲਕੱਤਾ ਵਿਚ ਰਹਿ ਰਿਹਾ ਸੀ) ਅੰਮ੍ਰਿਤਸਰ ਆਇਆ। ਉਸ ਨੇ ਅੰਮ੍ਰਿਤਸਰ ਦੇ ਹਸਪਤਾਲਾਂ ਵਿਚ ਗੁਰੂ ਦਾ ਬਾਗ਼ ਮੋਰਚੇ ਦੇ ਫੱਟੜਾਂ ਦੀ ਹਾਲਤ ਵੇਖੀ। ਸ਼ਾਮ ਵੇਲੇ ਉਹ ਗੁਰੂ ਦਾ ਬਾਗ਼ ਵਿਚ ਪੁੱਜਿਆ। ਉਸ ਨੇ ਉੱਥੇ ਗੁਰਦੁਆਰੇ ਦੇ ਦਰਸ਼ਨ ਕੀਤੇ। ਉਸ ਨੇ ਸਿੱਖਾਂ 'ਤੇ ਪੁਲੀਸ ਦਾ ਜ਼ੁਲਮ ਆਪਣੀਆਂ ਅੱਖਾਂ ਨਾਲ ਵੇਖਿਆ। ਉਸ ਨੇ ਇਸ ਮਾਰ-ਕੁਟਾਈ ਨੂੰ "ਹੈਵਾਨੀਅਤ ਭਰੀ, ਜਾਂਗਲੀ, ਘਿਣਾਉਣੀ, ਬੁਜ਼ਦਿਲਾਣਾ, ਇਕ ਅੰਗਰੇਜ਼ ਵਾਸਤੇ ਨਾਮੰਨਣਯੋਗ ਕਾਰਵਾਈ ਅਤੇ ਇੰਗਲੈਂਡ ਦੀ ਰੂਹਾਨੀ ਹਾਰ" ਕਿਹਾ। ਉਸ ਨੇ ਕਿਹਾ ਕਿ "ਮੈਨੂੰ ਜਾਪਦਾ ਸੀ ਕਿ ਗੁਰੂ ਦਾ ਬਾਗ਼ ਵਿਚ ਹਜ਼ਾਰਾਂ ਈਸਾ ਮਸੀਹ ਸੂਲੀ 'ਤੇ ਚੜ੍ਹਾਏ ਜਾ ਰਹੇ ਹਨ।"

1987: ਧਰਮ ਸਿੰਘ ਤੇ ਸਰਬਜੀਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

12 ਸਤੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਧਰਮ ਸਿੰਘ ਤੇ ਸਰਬਜੀਤ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਰਜਿੰਦਰ ਸਿੰਘ ਜੱਜ ਨਗਰ ਅੰਮ੍ਰਿਤਸਰ ਤੇ ਗੁਰਬੱਖਸ ਕਮਲਵਾਲਾ ਫ਼ੀਰੋਜਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

12 ਸਤੰਬਰ 1988 ਦੇ ਦਿਨ ਪੰਜਾਬ ਪੁਲਸ ਨੇ ਰਜਿੰਦਰ ਸਿੰਘ (ਵਾਸੀ ਜੱਜ ਨਗਰ, ਅੰਮ੍ਰਿਤਸਰ) ਤੇ ਗੁਰਬੱਖਸ ਸਿੰਘ (ਪੁੱਤਰ ਦਰਬਾਰਾ ਸਿੰਘ, ਵਾਸੀ ਕਮਲਵਾਲਾ, ਫ਼ੀਰੋਜਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸੁਖਦੇਵ ਸਿੰਘ ਸੁੱਖਾ ਗਿੱਲ ਤੇ ਨਿਰਮਲ ਸਿੰਘ ਨਿੰਮਾ ਮਾਨ ਸਿੰਘ ਵਾਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

12 ਸਤੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਸੁਖਦੇਵ ਸਿੰਘ ਸੁੱਖਾ (ਵਾਸੀ ਗਿੱਲ, ਲੁਧਿਆਣਾ) ਤੇ ਨਿਰਮਲ ਸਿੰਘ ਨਿੰਮਾ ਉਰਫ਼ ਸੰਤ ਸਿੰਘ (ਵਾਸੀ ਮਾਨ ਸਿੰਘ ਵਾਲਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਖਜ਼ਾਨ ਸਿੰਘ ਸਤੋਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

12 ਸਤੰਬਰ 1992 ਦੇ ਦਿਨ ਪੁਲਸ ਨੇ ਖ਼ਜ਼ਾਨ ਸਿੰਘ ਸੱਤੋਵਾਲ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2012: ਸੌਦਾ ਸਾਧ 'ਤੇ ਹਮਲੇ ਦੇ ਦੋਸ਼ ਵਿਚ ਬਖ਼ਸ਼ੀਸ਼ ਸਿੰਘ ਬਾਬਾ ਤੇ 6 ਹੋਰ ਨੂੰ 10-10 ਤੇ 5-5 ਸਾਲ ਕੈਦ ਦੀ ਸਜ਼ਾ

12 ਸਤੰਬਰ 2012 ਦੇ ਦਿਨ ਕਰਨਾਲ (ਹਰਿਆਣਾ) ਦੀ ਇਕ ਅਦਾਲਤ ਨੇ ਸੌਦਾ ਸਾਧ ਰਾਮ ਰਹੀਮ 'ਤੇ ਹਮਲਾ ਕਰਨ ਦੇ ਦੋਸ਼ ਵਿਚ ਬਖ਼ਸ਼ੀਸ਼ ਸਿੰਘ ਬਾਬਾ, ਸਵਰਨ ਸਿੰਘ ਤੇ ਮਹਿੰਦਰ ਸਿੰਘ ਤੇ ਹੋਰ ਸਿੱਖਾਂ ਨੂੰ 10-10 ਸਾਲ, ਗੁਰਿੰਦਰ ਸਿੰਘ (ਪਟਿਆਲਾ), ਹੁਸ਼ਿਆਰ ਸਿੰਘ (ਭੰਡਾਕਲਾਂ, ਮਾਨਸਾ), ਧਰਮਿੰਦਰ ਸਿੰਘ (ਯੂ.ਪੀ.), ਜਸਵੰਤ ਸਿੰਘ ਜੱਸਾ ਨੂੰ 5-5 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਤੇ ਬੀਬੀ ਪਰਵੀਨ ਕੌਰ ਨੂੰ ਬਰੀ ਕਰ ਦਿੱਤਾ। ਚਰਚਾ ਸੀ ਕਿ ਜੱਜ ਰਵੀ ਕੁਮਾਰ ਨੂੰ ਸੌਦਾ ਸਾਧ ਨੇ ਚੋਖੀ ਰਿਸ਼ਵਤ ਦਿੱਤੀ ਸੀ। ਇਨ੍ਹਾਂ 'ਤੇ 2 ਫ਼ਰਵਰੀ 2008 ਦੇ ਦਿਨ ਕਰਨਾਲ ਕੋਲ ਨੀਲੋਖੇਤੀ ਵਿਚ ਸੌਦਾ ਸਾਧ ਨੂੰ ਬੰਬ ਨਾਲ ਉਡਾਉਣ ਦੀ ਕੋਸ਼ਿਸ਼ ਕਰਨ ਦਾ ਕੇਸ ਪਾਇਆ ਗਿਆ ਸੀ।

2013: ਖ਼ੂਨੀ ਨਵੰਬਰ 1984 ਦੇ ਸਬੰਧ ਵਿਚ ਸੋਨੀਆ ਨੂੰ ਅਮਰੀਕੀ ਅਦਾਲਤ ਦੇ ਸੰਮਨ ਦਿੱਤੇ ਗਏ

ਖ਼ੂਨੀ ਨਵੰਬਰ 1984 ਵਿਚ ਸਿੱਖਾਂ ਦਾ ਕਤਲੇਆਮ ਕਰਵਾਉਣ ਵਾਲੇ ਕਾਂਗਰਸੀ ਚੌਧਰੀਆਂ (ਕਮਲ ਨਾਥ, ਸੱਜਣ ਕੁਮਾਰ, ਜਗਦੀਸ਼ ਟਾਈਟਲਰ ਵਗ਼ੈਰਾ) ਨੂੰ ਹਿਫ਼ਾਜ਼ਤ ਦੇਣ, ਸਜ਼ਾਵਾਂ ਤੋਂ ਬਚਾਉਣ ਅਤੇ ਉਨ੍ਹਾਂ ਨੂੰ ਵੱਡੇ ਵੱਡੇ ਅਹੁਦਿਆਂ 'ਤੇ ਨਿਵਾਜਨ ਵਿਚ ਰੋਲ ਅਦਾ ਕਰਨ ਦੇ ਦੋਸ਼ ਵਿਚ ਰਾਜੀਵ ਗਾਂਧੀ ਦੀ ਵਿਧਵਾ ਤੇ ਕਾਂਗਰਸ ਦੀ ਪ੍ਰਧਾਨ ਸੋਨੀਆ ਨੂੰ ਅਮਰੀਕੀ ਅਦਾਲਤ ਦੇ ਸੰਮਨ ਦਿੱਤੇ ਗਏ। ਉਸ ਵਕਤ ਉਹ ਨਿਊਯਾਰਕ ਵਿਚ ਮੈਮੋਰੀਅਲ ਸਲੋਅਨ ਕੈਟਿਰਿੰਗ ਕੈਂਸਰ ਸੈਂਟਰ ਵਿਚ ਆਪਣਾ ਇਲਾਜ ਕਰਵਾਉਣ ਵਾਸਤੇ ਦਾਖ਼ਲ ਹੋਈ ਹੋਈ ਸੀ। ਜੱਜ ਬਰਾਇਨ ਐਮ. ਖੋਜਨ ਦੇ ਦਸਤਖ਼ਤਾਂ ਹੇਠ 3 ਸਤੰਬਰ 2013 ਦੇ ਦਿਨ ਜਾਰੀ ਹੋਏ ਇਹ ਸੰਮਨ ਸੋਨੀਆ ਦੀ ਨਰਸ ਐਸਥਰ ਰੁਇਜ਼ ਰਾਹੀਂ ਦਿੱਤੇ ਗਏ। ਇਨ੍ਹਾਂ ਸੰਮਨਾਂ ਮੁਤਾਬਿਕ ਸੋਨੀਆ ਨੂੰ ਉਸ 'ਤੇ ਲੱਗੇ ਦੋਸ਼ਾਂ ਦਾ ਜਵਾਬ 21 ਦਿਨ ਦੇ ਅੰਦਰ ਦਾਖ਼ਿਲ ਕਰਨ ਵਾਸਤੇ ਕਿਹਾ ਗਿਆ ਸੀ। ਇਸ ਸਬੰਧੀ 'ਸਿਖਜ਼ ਫ਼ਾਰ ਜਸਟਿਸ' ਜਮਾਤ ਵੱਲੋਂ, ਗੁਰਪਤਵੰਤ ਸਿੰਘ ਪੰਨੂ ਦੀ ਅਗਵਾਈ ਹੇਠ, ਏਲੀਅਨ ਟੋਰਟ ਕਲੇਮਜ਼ ਐਕਟ ਅਤੇ ਟਾਰਚਰ ਵਿਕਟਿਮ ਪ੍ਰੋਟੈਕਸ਼ਨ ਐਕਟ ਹੇਠ ਦਾਇਰ ਕੀਤੀ ਦਰਖ਼ਾਸਤ ਦੇ ਸਬੰਧ ਵਿਚ ਜਾਰੀ ਕੀਤੇ ਗਏ ਸਨ। ਇਹ ਜਮਾਤ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਦੇ ਪੁੱਤਰ ਸੁਖਬੀਰ ਦੇ ਖ਼ਿਲਾਫ਼ ਵੀ ਅਜਿਹੀ ਕਾਨੂੰਨੀ ਚਾਰਾਜੋਈ ਕਰ ਚੁਕੀ ਹੈ ਪਰ ਉਨ੍ਹਾਂ ਨੂੰ ਅਜੇ ਤਕ ਸੰਮਨ ਨਹੀਂ ਦਿੱਤੇ ਜਾ ਸਕੇ। ਉਹ ਦੋਵੇਂ ਪਿਓ ਪੁੱਤਰ ਇਸ ਡਰ ਕਾਰਨ ਉਦੋਂ ਦੇ ਅਮਰੀਕਾ ਤੇ ਕਨੇਡਾ ਵਿਚ ਦਾਖ਼ਿਲ ਨਹੀਂ ਹੋ ਰਹੇ।

13 ਸਤੰਬਰ

1915: ਗਦਰ ਪਾਰਟੀ ਦੇ ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰਸਿੰਘ, ਹਰਨਾਮ ਸਿੰਘ ਭੱਟੀ, ਬਖ਼ਸ਼ੀਸ਼ ਸਿੰਘ ਗਿਲਵਾਲੀ, ਸੁਰੈਣ ਸਿੰਘ ਗਿਲਵਾਲੀ, ਵਿਸ਼ਨੂ ਗਣੇਸ਼ ਪਿੰਗਲੇ ਵਗ਼ੈਰਾ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ

ਗ਼ਦਰ ਲਹਿਰ ਦਾ ਵੱਡਾ ਐਕਸ਼ਨ ਨਾਕਾਮਯਾਬ ਹੋਣ ਮਗਰੋਂ ਗ੍ਰਿਫ਼ਤਾਰ ਕੀਤੇ ਗਏ ਗ਼ਦਰੀਆਂ ਉੱਪਰ ਚਾਰ ਮੁਕੱਦਮੇ ਚਲਾਏ ਗਏ। ਇਨ੍ਹਾਂ ਨੂੰ **ਲਾਹੌਰ ਕਾਂਸਪੀਰੇਸੀ ਕੇਸ** (ਲਾਹੌਰ ਸਾਜ਼ਿਸ਼ ਕੇਸ) ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਪਹਿਲਾ ਮੁਕੱਦਮਾ 26 ਅਪਰੈਲ 1915 ਨੂੰ ਸ਼ੁਰੂ ਹੋਇਆ ਤੇ 13 ਸਤੰਬਰ 1915 ਨੂੰ ਪੰਡਿਤ ਸ਼ਿਵ ਨਰਾਇਣ ਤੇ ਦੋ ਅੰਗਰੇਜ਼ ਕਮਿਸ਼ਨਰਾਂ ਨੇ ਫ਼ੈਸਲਾ ਸੁਣਾ ਕੇ 82 'ਮੁਲਜ਼ਮਾਂ' (ਗ਼ਦਰੀਆਂ) ਵਿਚੋਂ ਕਰਤਾਰ ਸਿੰਘ (ਸਰਾਭਾ, ਜ਼ਿਲ੍ਹਾ

ਲੁਧਿਆਣਾ), ਜਗਤ ਸਿੰਘ (ਪਿੰਡ ਸੁਰਸਿੰਘ, ਜ਼ਿਲ੍ਹਾ ਲਾਹੌਰ, ਹੁਣ ਜ਼ਿਲ੍ਹਾ ਅੰਮ੍ਰਿਤਸਰ), ਹਰਨਾਮ ਸਿੰਘ ਭੱਟੀ ਗੋਰਾਇਆ, ਸਿਆਲਕੋਟ), ਬਖ਼ਸ਼ੀਸ਼ ਸਿੰਘ (ਪਿੰਡ ਗਿਲਵਾਲੀ, ਜ਼ਿਲ੍ਹਾ ਅੰਮ੍ਰਿਤਸਰ), ਸੁਰੈਣ ਸਿੰਘ ਪੁਤਰ ਬੂੜ ਸਿੰਘ (ਪਿੰਡ ਗਿਲਵਾਲੀ), ਸੁਰੈਣ ਸਿੰਘ ਪੁਤਰ ਈਸ਼ਰ ਸਿੰਘ (ਪਿੰਡ ਗਿਲਵਾਲੀ) ਤੇ ਵਿਸ਼ਨੂ ਗਣੇਸ਼ ਪਿੰਗਲੇ ਤੇ 17 ਹੋਰਾਂ ਨੂੰ ਫ਼ਾਂਸੀ, 23 ਨੂੰ ਉਮਰ ਕੈਦ ਤੇ 6 ਨੂੰ ਘੱਟ ਸਜ਼ਾਵਾਂ ਸੁਣਾਈਆਂ (ਮਗਰੋਂ 17 ਦੀ ਫ਼ਾਂਸੀ ਉਮਰ ਕੈਦ ਵਿਚ ਬਦਲ ਗਈ)।ਘਟ ਸਜ਼ਾਵਾਂ ਵਾਲਿਆਂ ਵਿਚ ਸੋਹਣ ਸਿੰਘ ਭਕਨਾ, ਨਿਧਾਨ ਸਿੰਘ ਚੁੱਘਾ, ਜੁਆਲਾ ਸਿੰਘ ਠੱਠੀਆਂ, ਵਿਸਾਖਾ ਸਿੰਘ ਦਦੇਹਰ, ਪਿਆਰਾ ਸਿੰਘ ਲੰਗੇਰੀ, ਊਧਮ ਸਿੰਘ ਕਸੇਲ, ਹਰਨਾਮ ਸਿੰਘ ਟੁੰਡੀਲਾਟ (ਹਰਿਆਣਾ, ਹੁਸ਼ਿਆਰਪੁਰ) ਵੀ ਸਨ। ਇਨ੍ਹਾਂ ਸਾਰਿਆਂ ਨੂੰ 16 ਨਵੰਬਰ 1915 ਦੇ ਦਿਨ ਲਾਹੌਰ ਜੇਲ੍ਹ ਵਿਚ ਫ਼ਾਂਸੀ ਦਿੱਤੀ ਗਈ।

1922: ਗੁਰੂ ਦਾ ਬਾਗ਼ ਵਿਚ ਸਿੱਖ ਜੱਥਿਆਂ ਦੀ ਮਾਰ ਕੁਟ ਬੰਦ ਹੋਈ

12 ਸਤੰਬਰ 1922 ਦੇ ਦਿਨ ਮਸ਼ਹੂਰ ਈਸਾਈ ਪਾਦਰੀ ਸੀ.ਐਫ਼. ਐਂਡਰਿਊਜ਼ ਨੇ ਗੁਰੂ-ਦਾ-ਬਾਗ ਵਿਚ ਸਿੱਖਾਂ 'ਤੇ ਪੁਲੀਸ ਦਾ ਜ਼ੁਲਮ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਉਹ ਅਗਲੇ ਦਿਨ 13 ਸਤੰਬਰ ਨੂੰ ਪੰਜਾਬ ਦਾ ਗਵਰਨਰ ਅੰਮ੍ਰਿਤਸਰ ਆਇਆ। ਐਂਡਰਿਊਜ਼ ਨੇ ਗਵਰਨਰ ਨੂੰ ਮਿਲ ਕੇ ਗੁਰੂ ਕਾ ਬਾਗ਼ 'ਚ ਪੁਲੀਸ ਦੇ ਜ਼ੁਲਮ ਬਾਰੇ ਗੱਲਬਾਤ ਕੀਤੀ। ਉਸ ਦਿਨ ਗਵਰਨਰ ਆਪ ਗੁਰੂ ਦਾ ਬਾਗ਼ ਗਿਆ। ਉਸ ਨਾਲ ਪੰਜਾਬ ਕੌਂਸਲ ਦੇ ਕੁਝ ਮੈਂਬਰ ਵੀ ਸਨ। ਇਸ ਮਗਰੋਂ ਗਵਰਨਰ ਨੇ ਸਿੱਖ ਜਥਿਆਂ ਦੀ ਕੁੱਟ-ਮਾਰ ਬੰਦ ਕਰਵਾ ਦਿੱਤੀ ਅਤੇ ਹੁਕਮ ਜਾਰੀ ਕੀਤਾ ਕਿ ਅੱਗੇ ਤੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ। ਭਾਵੇਂ ਇਸ ਮਗਰੋਂ ਜਥਿਆਂ ਦੀ ਜ਼ਾਹਰਾ ਕੁੱਟ-ਮਾਰ ਬੰਦ ਹੋ ਗਈ ਪਰ ਪੁਲੀਸ ਫੇਰ ਵੀ ਇਕੱਲੇ-ਦੁਕੱਲੇ ਸਿੱਖ ਨੂੰ ਡਾਂਗਾਂ ਦਾ ਸ਼ਿਕਾਰ ਬਣਾਉਂਦੀ ਰਹੀ। ਹੋਰ ਤਾਂ ਹੋਰ ਪੁਲੀਸ ਨੇ ਕਈ ਸਿੱਖਾਂ ਤੋਂ ਸਾਮਾਨ ਤੇ ਰਕਮਾਂ ਵੀ ਖੋਹੀਆਂ ਅਤੇ ਇਹ ਸਾਰੀਆਂ ਕਾਰਵਾਈਆਂ ਸੈਂਕੜੇ ਲੋਕਾਂ ਦੀ ਹਾਜ਼ਰੀ ਵਿਚ ਹੁੰਦੀਆਂ ਰਹੀਆਂ। 13 ਸਤੰਬਰ ਤੋਂ ਬਾਅਦ ਗੁਰੂ ਦਾ ਬਾਗ਼ ਜਾਣ ਵਾਲੇ ਜਥਿਆਂ ਨੂੰ ਕੁੱਟਣ-ਮਾਰਨ ਦੀ ਬਜਾਇ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ ਗਿਆ।

1931: ਅਕਾਲੀ ਦਲ ਨੇ ਡਸਕਾ ਗੁਰਦੁਆਰੇ ਦੇ ਕੰਟਰੋਲ ਵਾਸਤੇ ਮੋਰਚਾ ਲਾਉਣ ਦਾ ਮਤਾ ਪਾਸ ਕੀਤਾ

ਡਸਕਾ ਕਸਬੇ ਵਿਚ ਭਾਈ ਵਰਿਆਮ ਸਿੰਘ ਦਾ ਗੁਰਦੁਆਰਾ ਹੈ। ਉੱਥੋਂ ਦੇ ਇੰਤਜ਼ਾਮ ਸਬੰਧੀ ਕੁਝ ਚਿਰ ਤੋਂ ਹਿੰਦੂਆਂ ਅਤੇ ਸਿੱਖਾਂ ਵਿਚ ਝਗੜਾ ਚਲਦਾ ਆਉਂਦਾ ਸੀ। ਗੁਰਦੁਆਰੇ ਦਾ ਇੰਤਜ਼ਾਮ ਸਿੱਖਾਂ ਕੋਲ ਸੀ ਤੇ ਦੁਕਾਨਾਂ ਹਿੰਦੂਆਂ ਕੋਲ ਸਨ। ਸਿੱਖਾਂ ਨੇ ਹਿੰਦੂਆਂ ਤੋਂ ਦੁਕਾਨਾਂ ਦਾ ਕਬਜ਼ਾ ਲੈਣ ਦੀ ਕੋਸ਼ਿਸ਼ ਕੀਤੀ ਪਰ ਉਹ ਅਦਾਲਤੀ ਤਰੀਕੇ ਨਾਲ ਕਾਮਯਾਬ ਨਾ ਹੋ ਸਕੇ। ਇਸ 'ਤੇ ਬਾਬਾ ਖੜਕ ਸਿੰਘ ਨੇ ਮੋਰਚਾ ਲਾਉਣ ਦਾ ਐਲਾਨ ਕਰ ਦਿਤਾ। ਮਾਸਟਰ ਤਾਰਾ ਸਿੰਘ ਚਾਹੁੰਦੇ ਸਨ ਕਿ ਪਹਿਲਾਂ ਅਦਾਲਤ ਵਿਚ ਅਪੀਲ ਕੀਤੀ ਜਾਵੇ ਤੇ ਫੇਰ ਮੋਰਚਾ ਲਾਇਆ ਜਾ ਸਕਦਾ ਹੈ। ਪਰ ਬਾਬਾ ਖੜਕ ਸਿੰਘ, ਹਮੇਸ਼ਾ ਵਾਂਗ, ਆਪਣੀ ਜ਼ਿਦ 'ਤੇ ਅੜ ਗਏ। ਉਹ 17 ਅਗਸਤ 1931 ਦੇ ਦਿਨ 25 ਸਿੱਖਾਂ ਦਾ ਜਥਾ ਲੈ ਕੇ ਜੇਲ੍ਹ ਚਲੇ ਗਏ। ਇਸ ਤੋਂ ਮਗਰੋਂ ਕੋਈ ਹੋਰ ਜਥਾ ਨਾ ਗਿਆ। ਬਾਬਾ ਖੜਕ ਸਿੰਘ ਦੇ ਪਿਛੋਂ ਕਿਸ ਵਲੋਂ ਵੀ ਗ੍ਰਿਫ਼ਤਾਰੀ ਨਾ ਦੇਣਾ ਬਾਬਾ ਖੜਕ ਸਿੰਘ ਹੀ ਨਹੀਂ ਬਲਕਿ ਅਕਾਲੀ ਦਲ ਦੀ ਵੀ ਬੇਇਜ਼ਤੀ ਸੀ। ਇਹ ਵੇਖ ਕੇ ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ 27 ਅਗਸਤ 1931 ਨੂੰ ਬੁਲਾ ਲਈ। ਉਨ੍ਹਾਂ ਮੈਂਬਰਾਂ ਨੂੰ ਅਪੀਲ ਕੀਤੀ ਕਿ ਬਾਬਾ

ਖੜਕ ਸਿੰਘ ਦੀ ਇੱਜ਼ਤ ਰੱਖਣ ਵਾਸਤੇ ਮੋਰਚਾ ਲਾਇਆ ਜਾਵੇ। ਇਨ੍ਹਾਂ ਦਿਨਾਂ ਵਿਚ ਅਕਾਲੀ ਦਲ ਦੇ ਫ਼ੈਸਲੇ ਮੁਤਾਬਿਕ 13 ਸਤੰਬਰ ਨੂੰ ਮੋਰਚਾ ਲਾਇਆ ਗਿਆ। ਮਾਸਟਰ ਤਾਰਾ ਸਿੰਘ ਪਹਿਲਾ ਜਥਾ ਲੈ ਕੇ ਗ੍ਰਿਫ਼ਤਾਰ ਹੋ ਗਿਆ। ਇਸ ਮਗਰੋਂ ਬਾਕਾਇਦਾ ਜਥੇ ਜਾਣ ਲਗ ਪਏ।

1943: ਸਿੱਖ ਸਟੂਡੈਂਟਸ ਫ਼ੈਡਰੇਸ਼ਨ ਜਥੇਬੰਦੀ ਬਣੀ

ਸਿੱਖ ਸਟੂਡੈਂਟਸ ਦਾ ਮੁੱਢ 1943 ਵਿਚ ਬੱਝਾ ਸੀ; 13 ਸਤੰਬਰ 1943 ਦੇ ਦਿਨ ਹੋਈ ਇਸ ਦੀ ਪਲੇਠੀ ਮੀਟਿੰਗ ਵਿਚ ਅਮਰ ਸਿੰਘ ਅੰਬਾਲਵੀ, ਸਰੂਪ ਸਿੰਘ, ਜਵਾਹਰ ਸਿੰਘ ਗਰੇਵਾਲ, ਨਰਿੰਦਰ ਸਿੰਘ, ਕੇਸਰ ਸਿੰਘ, ਰਮਵੀਰ ਸਿੰਘ, ਜਾਗੀਰ ਸਿੰਘ, ਇੰਦਰਪਾਲ ਸਿੰਘ, ਆਗਿਆ ਸਿੰਘ ਤੇ ਬਲਬੀਰ ਸਿੰਘ ਵਗ਼ੈਰਾ ਸ਼ਾਮਿਲ ਹੋਏ। ਸਰੂਪ ਸਿੰਘ ਇਸ ਦੇ ਪਹਿਲੇ ਪ੍ਰਧਾਨ ਚੁਣੇ ਗਏ। ਇਸ ਦਾ ਪਹਿਲਾ ਦਫ਼ਤਰ 13 ਮੈਕਲੇਗਨ ਰੋਡ ਲਾਹੌਰ ਵਿਚ ਕਾਇਮ ਕੀਤਾ ਗਿਆ (ਸ਼੍ਰੋਮਣੀ ਅਕਾਲੀ ਦਲ ਦਾ ਦਫ਼ਤਰ ਵੀ ਇੱਥੇ ਹੀ ਸੀ)। ਵਧੇਰੇ ਜਾਣਕਾਰੀ ਵਾਸਤੇ ਪੜ੍ਹੋ: 'ਬਾਜ਼ਨਾਮਾ' (ਲੇਖਕ ਜਸਬੀਰ ਸਿੰਘ ਸਰਨਾ) ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਛਾਪਿਆ ਹੈ।

1987: ਸਰਬਜੀਤ ਸਿੰਘ ਜੋਹਲ ਨਕਲੀ ਮੁਕਾਬਲੇ ਵਿਚ ਸ਼ਹੀਦ

13 ਸਤੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਸਰਬਜੀਤ ਸਿੰਘ (ਪੁੱਤਰ ਬਲਬੀਰ ਸਿੰਘ, ਵਾਸੀ ਜੋਹਲ, ਨੇੜੇ ਟਾਂਡਾ, ਹੁਸ਼ਿਆਰਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਜ਼ਾਲਮ ਪੁਲਸ ਅਫ਼ਸਰ ਗੋਬਿੰਦ ਰਾਮ ਦਾ ਪੁਤਰ ਮਾਰਿਆ ਗਿਆ

1988-89 ਵਿਚ ਵਿਚ ਬੇਗੁਨਾਹ ਸਿੱਖਾਂ 'ਤੇ ਤਸ਼ਦਦ ਕਰਨ ਵਿਚ ਸਭ ਤੋਂ ਵੱਧ ਬਦਨਾਮ ਪੁਲਸੀਏ ਸਨ: ਰਬੈਰੋ, ਕੇ.ਪੀ.ਐਸ. ਗਿੱਲ, ਗੋਬਿੰਦ ਰਾਮ, ਸਵਰਨ ਘੋਟਨਾ, ਪੀ.ਐਮ. ਦਾਸ, ਇਜ਼ਹਾਰ ਆਲਮ, ਅਜੀਤ ਸੰਧੂ, ਸੁਮੇਧ ਸੈਣੀ ਵਗ਼ੈਰਾ। ਗੋਬਿੰਦ ਰਾਮ ਨੇ 21 ਅਗਸਤ ਨੂੰ ਬਬਰ ਖਾਲਸਾ ਦੇ ਇਕ ਆਗੂ ਮਹਿਲ ਸਿੰਘ (ਭਰਾ ਸੁਖਦੇਵ ਸਿੰਘ ਦਾਸੂਵਾਲ) ਦੀ ਘਰਵਾਲੀ ਗੁਰਦੇਵ ਕੌਰ ਅਤੇ ਸ਼ਹੀਦ ਕੁਲਵੰਤ ਸਿੰਘ ਨਾਗੋਕੇ ਦੀ ਪਤਨੀ ਗੁਰਮੀਤ ਕੌਰ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਨੂੰ ਬਹੁਤ ਤਸੀਹੇ ਦਿੱਤੇ। ਗੋਬਿੰਦ ਰਾਮ ਨੇ ਆਪਣਾ ਪਾਖਾਨਾ ਜਬਰੀ ਗੁਰਦੇਵ ਕੌਰ ਦੇ ਮੂੰਹ ਵਿਚ ਪਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਏਥੋਂ ਤਕ ਵੀ ਕਿਹਾ ਕਿ 'ਤੂੰ ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਪੀਤਾ ਹੈ, ਹੁਣ ਗੋਬਿੰਦ ਰਾਮ ਦਾ ਮੂਤਰ ਵੀ ਪੀ।' ਗੁਰਦੇਵ ਕੌਰ ਅਤੇ ਗੁਰਮੀਤ ਕੌਰ 'ਤੇ ਜ਼ੁਲਮ ਕਰਨ ਦੇ ਖ਼ਿਲਾਫ਼ ਸਿੱਖਾਂ ਨੇ ਪਹਿਲੀ ਸਤੰਬਰ ਨੂੰ ਇਕ ਪ੍ਰੋਟੈਸਟ ਜਲੂਸ ਕਢਿਆ।

ਮਗਰੋਂ ਸਰਕਾਰ ਨੇ ਗੋਬਿੰਦ ਰਾਮ ਨੂੰ ਐਸ.ਐਸ.ਪੀ. ਤੋਂ ਡੀ.ਆਈ.ਜੀ. ਬਣਾ ਕੇ ਪਹਿਲਾਂ ਤਾਂ ਸਭ ਤੋਂ ਮਹਿਫ਼ੂਜ਼ ਜਗਹ ਪੀ.ਏ.ਪੀ. ਜਲੰਧਰ ਤੇ ਫਿਰ ਫ਼ਿਲੌਰ ਕਿਲ੍ਹੇ ਵਿਚ ਲਾ ਦਿੱਤਾ ਤਾਂ ਜੋ ਉੱਥੇ ਖਾੜਕੂ ਤਾਂ ਕੀ ਪੁਲੀਸ ਦੀ ਮਰਜ਼ੀ ਬਿਨਾਂ ਇਕ ਚਿੜੀ ਵੀ ਨਹੀਂ ਸੀ ਫੜਕ ਸਕਣੀ।

ਗੋਬਿੰਦ ਰਾਮ ਦੇ ਗੁਨਾਹਾਂ ਦੀ ਸਜ਼ਾ ਦੇਣ ਵਾਸਤੇ ਖਾੜਕੂਆਂ ਨੇ ਪਹਿਲਾਂ 13 ਸਤੰਬਰ 1989 ਦੇ ਦਿਨ ਜਲੰਧਰ ਵਿਚ ਇਸ ਦਾ ਇਕਲੌਤਾ ਪੁੱਤਰ ਕਤਲ ਕੀਤਾ ਅਤੇ ਮਗਰੋਂ, ਸ਼ਾਇਦ ਖਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਕੰਵਲਜੀਤ ਸਿੰਘ, ਉਸ ਦੇ ਸਾਥੀਆਂ ਅਤੇ ਬਬਰ ਖਾਲਸਾ ਵਲੋਂ, ਗੋਬਿੰਦ ਰਾਮ ਨੂੰ ਬੰਬ ਨਾਲ ਉਡਾ ਦਿੱਤਾ ਗਿਆ ਸੀ।

1992: ਲਖਵਿੰਦਰ ਸਿੰਘ ਸੁਲਤਾਨਵਿੰਡ ਤੇ ਬਲਦੇਵ ਸਿੰਘ ਬਾਸਰਕੇ ਭੇਣੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ

13 ਸਤੰਬਰ 1992 ਦੇ ਦਿਨ ਪੁਲਸ ਨੇ ਲਖਵਿੰਦਰ ਸਿੰਘ ਉਰਫ਼ ਲੱਖਾ (ਪੁੱਤਰ ਧਰਮ ਸਿੰਘ, ਵਾਸੀ, ਸੁਲਤਾਨਵਿੰਡ, ਅੰਮ੍ਰਿਤਸਰ) ਤੇ ਬਲਦੇਵ ਸਿੰਘ ਉਰਫ਼ ਫ਼ੌਜੀ (ਪੁੱਤਰ ਬੂਟਾ ਸਿੰਘ, ਵਾਸੀ ਬਾਸਰਕੇ ਭੈਣੀ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਜਸਵੰਤ ਸਿੰਘ ਜੱਸਾ, ਧੁੰਨ ਪਿੰਡ, ਨਕਲੀ ਮੁਕਾਬਲੇ ਵਿਚ ਸ਼ਹੀਦ

13 ਸਤੰਬਰ 1993 ਦੇ ਦਿਨ ਪੁਲਸ ਨੇ ਜਸਵੰਤ ਸਿੰਘ ਉਰਫ਼ ਜੱਸਾ (ਪੁੱਤਰ ਬੀਰ ਸਿੰਘ, ਵਾਸੀ ਪਿੰਡ ਧੁੰਨ) ਨੂੰ ਇਕ ਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਭਾਜਪਾ ਦੇ ਮਨਿਸਟਰ ਅਰੁਣ ਜੈਤਲੀ ਨੇ ਫ਼ੌਜ ਵਿਚ ਸਿੱਖਾਂ ਦੀ ਭਰਤੀ ਸਬੰਧੀ ਨੀਤੀ ਬਦਲਣ ਤੋਂ ਕੋਰੀ ਨਾਂਹ ਕੀਤੀ

13 ਸਤੰਬਰ 2014 ਦੇ ਦਿਨ ਭਾਜਪਾ ਦੇ ਡਿਫ਼ੈਂਸ ਮਨਿਸਟਰ ਅਰੁਣ ਜੈਤਲੀ ਨੇ ਫ਼ੌਜ ਵਿਚ ਸਿੱਖਾਂ ਦੀ ਭਰਤੀ ਸਬੰਧੀ ਨੀਤੀ ਬਦਲਣ ਤੋਂ ਕੋਰੀ ਨਾਂਹ ਕਰ ਦਿੱਤੀ। ਉਸ ਨੇ ਕਿਹਾ ਕਿ ਭਰਤੀ ਸੂਬੇ ਦੀ ਅਬਾਦੀ ਦੇ ਹਿਸਾਬ ਨਾਲ਼ ਹੀ ਕੀਤੀ ਜਾਂਦੀ ਰਹੇਗੀ। ਪਹਿਲਾਂ ਉਹ ਬਾਦਲ ਨੂੰ ਪੰਜਾਬ ਵਾਸਤੇ ਮਾਲੀ ਮਦਦ ਤੋਂ ਨਾਂਹ ਕਰ ਚੁਕਾ ਸੀ; ਉਸ ਦਾ ਕਹਿਣਾ ਸੀ ਕਿ ਕਾਂਗਰਸ ਸਰਕਾਰ ਨੇ ਪੰਜਾਬ ਨੂੰ ਪਹਿਲਾਂ ਹੀ ਦੁਗਣੀ ਰਕਮ ਦੇ ਦਿੱਤੀ ਹੋਈ ਸੀ।

14 ਸਤੰਬਰ

1777: ਜ਼ਾਬਤਾ ਖ਼ਾਨ ਰੁਹੀਲਾ ਸਿੱਖੀ ਵਿਚ ਸ਼ਾਮਿਲ ਹੋ ਕੇ ਧਰਮ ਸਿੰਘ ਬਣਿਆ

ਕਈ ਸਾਲ ਅਲਾਹਾਬਾਦ ਵਿਚ ਆਪ ਸਹੇੜੀ ਜਲਾਵਤਨੀ ਕੱਟਣ ਮਗਰੋਂ ਮੁਗਲ ਬਾਦਸ਼ਾਹ ਸ਼ਾਹ ਆਲਮ ਦੂਜਾ ਮਰਹੱਟਿਆਂ ਦੀ ਮਦਦ ਨਾਲ਼ ਦਿੱਲੀ ਵਿਚ ਦਾਖ਼ਿਲ ਹੋਇਆ ਤੇ 6 ਜਨਵਰੀ 1770 ਨੂੰ ਪਹਿਲੀ ਵਾਰ ਤਖ਼ਤ 'ਤੇ ਬੈਠਿਆ। ਕੁਝ ਚਿਰ ਪਹਿਲਾਂ ਉਸ ਨੇ ਸਿੱਖਾਂ ਤੋਂ ਵੀ ਮਦਦ ਮੰਗੀ ਸੀ ਪਰ ਉਸ ਦੀ ਸ਼ਰਤ ਸੀ ਕਿ ਸਿੱਖਾਂ ਦੀਆਂ ਸਾਰੀਆਂ ਮਿਸਲਾਂ ਦੇ ਆਗੂ ਉਸ ਨੂੰ ਇਕੱਠਿਆਂ ਲਿਖਤੀ ਯਕੀਨ ਦਿਵਾਉਣ ਤਾਂ ਉਹ ਉਨ੍ਹਾਂ ਦੀ ਹਿਫ਼ਾਜ਼ਤ ਵਿਚ ਦਿੱਲੀ ਆਵੇਗਾ। ਪਰ ਸਿੱਖ ਅਜਿਹਾ ਨਾ ਕਰ ਸਕੇ ਤੇ ਮਰਹੱਟਿਆਂ ਨੇ ਇਹ ਮੌਕਾ ਸੰਭਾਲ ਲਿਆ। ਪਰ ਮਰਹੱਟੇ ਵੀ ਇਸ ਦਾ ਫ਼ਾਇਦਾ ਨਾ ਉਠਾ ਸਕੇ ਕਿਉਂਕਿ ਉਨ੍ਹਾਂ ਦੇ ਮੁਖੀ ਪੇਸ਼ਵਾ ਮਾਧਵ ਰਾਓ ਦੀ ਮੌਤ ਹੋ ਗਈ ਤੇ ਉਨ੍ਹਾਂ ਵਿਚ ਘਰੇਗੀ ਲੜਾਈ ਸ਼ੁਰੂ ਹੋ ਗਈ। ਇਹ ਮਰਹੱਟਿਆਂ ਦੇ ਜ਼ਵਾਲ ਦਾ ਦੂਜਾ ਪੜਾਅ ਸੀ (ਪਹਿਲਾ ਪੜਾਅ 14 ਜਨਵਰੀ 1761 ਦੀ ਪਾਨੀਪਤ ਦੀ ਲੜਾਈ ਵਿਚ ਇਕ ਲੱਖ ਤੋਂ ਵਧ ਮਰਹੱਟਿਆਂ ਦਾ ਕਤਲ ਸੀ)।

ਹੁਣ ਭਾਵੇਂ ਸ਼ਾਹ ਆਲਮ ਦਿੱਲੀ ਆ ਚੁਕਾ ਸੀ ਪਰ ਉਸ ਦੇ ਦੋ ਵਜ਼ੀਰਾਂ ਨਜਫ਼ ਖ਼ਾਨ ਅਤੇ ਅਬਦੁੱਲ ਅਹਿਦ ਖ਼ਾਨ ਦੀਆਂ ਸਾਜ਼ਿਸ਼ਾਂ ਦਿੱਲੀ ਸਰਕਾਰ ਦਾ ਬੜਾ ਨੁਕਸਾਨ ਕਰ ਰਹੀਆਂ ਸਨ। ਦੋ ਵਜ਼ੀਰਾਂ ਦੀ ਇਸ ਲੜਾਈ ਦਾ ਸਿੱਖਾਂ ਨੂੰ ਬੜਾ ਫ਼ਾਇਦਾ ਹੋਇਆ। ਇਧਰ 1773 ਦੇ ਅਖ਼ੀਰ ਵਿਚ ਸਿੱਖਾਂ ਨੇ ਜ਼ਾਬਤਾ ਖ਼ਾਨ ਰੋਹੀਲਾ ਨਾਲ ਸਾਂਝਾ ਫ਼ਰੰਟ ਬਣਾ ਲਿਆ ਅਤੇ ਦਸੰਬਰ 1773 ਅਤੇ ਜਨਵਰੀ 1774 ਵਿਚ ਦਿੱਲੀ 'ਤੇ ਦੋ ਤੋਂ ਵਧ ਵਾਰ ਹਮਲਾ ਕੀਤਾ ਅਤੇ ਬਹੁਤ ਲੁੱਟ-ਮਾਰ ਕੀਤੀ। ਸਿੱਖ ਤਾਂ ਸ਼ਾਹਦਰਾ ਵਿਚ ਵੀ ਲੁੱਟ-ਮਾਰ ਕਰਦੇ ਰਹੇ।

ਮਈ 1774 ਵਿਚ ਸ਼ਾਹ ਆਲਮ ਨੇ ਸਿੱਖਾਂ ਨੂੰ ਸ਼ਾਹਬਾਜ਼ਪੁਰ ਦੀ ਜਾਗੀਰ ਦੇਣ ਅਤੇ 10ਹਜ਼ਾਰ ਘੋੜਸਵਾਰ ਰੱਖਣ ਵਾਸਤੇ ਖ਼ਰਚੇ ਦੀ ਪੇਸ਼ਕਸ਼ ਕੀਤੀ। ਉਸ ਸਿੱਖ ਆਗੂਆਂ ਨੂੰ

ਖਿੱਲਤ ਵੀ ਭੇਜੀ। ਜਦ ਸਿੱਖਾਂ ਨੇ ਉਸ ਦਾ ਸਾਥ ਦੇਣਾ ਨਾ ਮੰਨਿਆ ਤਾਂ ਉਸ ਨੇ 80ਹਜ਼ਾਰ ਫ਼ੌਜ ਭਰਤੀ ਕਰ ਕੇ ਸਿੱਖਾਂ ਦੇ ਇਲਾਕੇ ਖੋਹਣ ਦੀ ਸਕੀਮ ਬਣਾਈ। ਇਸ ਨੂੰ ਸਾਹਵੇਂ ਰੱਖ ਕੇ ਅਬਦੁਲ ਅਹਿਦ ਖ਼ਾਨ ਨੇ ਸ਼ਹਿਜ਼ਾਦਾ ਫ਼ਰਖੁੰਦਾ ਬਖ਼ਤ ਨੂੰ ਦਾ ਸੂਬੇਦਾਰ ਬਣਾ ਕੇ ਐਕਸ਼ਨ ਦੀ ਤਿਆਰੀ ਸ਼ੁਰੂ ਕਰਵਾ ਦਿੱਤੀ। ਉਸ ਨੇ ਵਾਲਟਰ ਰਾਈਹਾਰਟ (ਸਮਰੂ) ਨੂੰ ਦਾ ਨਾਇਬ ਸੂਬੇਦਾਰ ਵੀ ਬਣਵਾ ਲਿਆ ਤੇ ਉਸ ਦੀ ਕਮਾਨ ਹੇਠ ਫ਼ੌਜ ਭੇਜ ਦਿੱਤੀ। ਪਰ ਉਹ ਸਿੱਖਾਂ ਹੱਥੋਂ ਹਾਰ ਗਿਆ ਅਤੇ ਦਿੱਲੀ ਨੂੰ ਭੱਜ ਗਿਆ। ਇਸ ਮਗਰੋਂ ਅਬਦੁਲ ਅਹਿਦ ਖ਼ਾਨ ਨੇ ਸਿੱਖਾਂ ਨਾਲ ਖ਼ੁਫ਼ੀਆ ਸਮਝੌਤਾ ਕਰ ਲਿਆ ਅਤੇ ਇਸ ਪਲਾਨ ਹੇਠ ਸਿੱਖਾਂ ਨੇ ਦਿੱਲੀ ਦੇ ਆਲੇ-ਦੁਆਲੇ ਕਈ ਹਮਲੇ ਕੀਤੇ ਅਤੇ ਨਜਫ਼ ਖ਼ਾਨ ਨੂੰ ਵਖ਼ਤ ਪਾਈ ਰੱਖਿਆ।

ਉਧਰ ਜ਼ਾਬਤਾ ਖ਼ਾਨ ਨੇ ਨਜਫ਼ ਖ਼ਾਨ ਨਾਲ ਸਮਝੌਤਾ ਕਰ ਲਿਆ ਤੇ ਆਪਣੀਆਂ ਜਾਗੀਰਾਂ ਵੀ ਮੁੜ ਹਾਸਿਲ ਕਰ ਲਈਆਂ। ਇਸ 'ਤੇ ਗੁੱਸਾ ਕਰ ਕੇ ਸਿੱਖਾਂ ਨੇ ਰਾਏ ਸਿੰਘ, ਤਾਰਾ ਸਿੰਘ ਗੈਬਾ ਤੇ ਬਘੇਲ ਸਿੰਘ ਦੀ ਅਗਵਾਈ ਵਿਚ ਜ਼ਾਬਿਤਾ ਖ਼ਾਨ ਦੇ ਇਲਾਕੇ 'ਤੇ ਹਮਲਾ ਕਰ ਦਿੱਤਾ ਅਤੇ ਗੁੰਗੋ, ਨਨੌਤਾ ਅਤੇ ਦਿਓਬੰਦ ਵਿਚ ਲੁੱਟ-ਮਾਰ ਕੀਤੀ। ਅਖ਼ੀਰ ਜ਼ਾਬਤਾ ਖ਼ਾਨ ਨੇ ਸਿੱਖਾਂ ਨੂੰ 50 ਹਜ਼ਾਰ ਰੁਪਏ ਨਜ਼ਰਾਨਾ ਦੇ ਕੇ ਛੁਟਕਾਰਾ ਪਾਇਆ। ਇੱਥੋਂ ਚਲ ਕੇ ਸਿੱਖ ਫ਼ੌਜਾਂ ਮੇਰਠ ਤੇ ਸੋਨੀਪਤ ਰਾਹੀਂ ਦਿੱਲੀ ਵਿਚ ਦਾਖ਼ਿਲ ਹੋਈਆਂ ਤੇ ਇੱਥੋਂ ਦੇ ਅਮੀਰਾਂ-ਵਜ਼ੀਰਾਂ ਨੂੰ ਲੁੱਟਿਆ। ਹੁਣ ਸਹਾਰਨਪੁਰ ਤੇ ਬੂੜੀਆ ਵੀ ਸਿੱਖਾਂ ਦੇ ਰਹਿਮੋ-ਕਰਮ 'ਤੇ ਸਨ।

1776 ਵਿਚ ਸਿੱਖਾਂ ਅਤੇ ਜ਼ਾਬਤਾ ਖ਼ਾਨ ਵਿਚ ਫਿਰ ਸਮਝੌਤਾ ਹੋ ਗਿਆ। ਦੋਹਾਂ ਦੀ ਸਾਂਝੀ 30-40 ਹਜ਼ਾਰ ਫ਼ੌਜ ਨੇ ਹੁਣ ਦਿੱਲੀ ਵੱਲ ਕੂਚ ਕਰ ਦਿੱਤਾ। ਉਧਰ ਨਜਫ਼ ਖ਼ਾਨ ਨੇ ਵੀ ਇਨ੍ਹਾਂ ਦਾ ਟਾਕਰਾ ਕਰਨ ਵਾਸਤੇ ਕਾਸਿਮ ਅਲੀ ਖ਼ਾਨ ਨੂੰ ਫ਼ੌਜ ਦੇ ਕੇ ਟੋਰ ਦਿੱਤਾ ਪਰ ਉਹ ਇਨ੍ਹਾਂ ਨਾਲ ਲੜਾਈ ਵਿਚ ਮਾਰਿਆ ਗਿਆ। ਭਾਵੇਂ ਸਿੱਖ ਦਿੱਲੀ 'ਤੇ ਕਬਜ਼ਾ ਤਾਂ ਨਾ ਕਰ ਸਕੇ ਪਰ ਉਨ੍ਹਾਂ ਨੇ ਅਲੀਗੜ੍ਹ, ਮੇਰਠ, ਸਿਕੰਦਰਾ, ਖੁਰਜਾ ਵਗ਼ੈਰਾ 'ਤੇ ਹਮਲੇ ਕਰ ਕੇ ਬੜਾ ਖ਼ਜ਼ਾਨਾ ਹਾਸਿਲ ਕੀਤਾ। ਜ਼ਾਬਤਾ ਖ਼ਾਨ ਤਾਂ ਸਿੱਖਾਂ ਦੇ ਅਸਰ ਹੇਠਾਂ ਏਨਾ ਆ ਗਿਆ ਕਿ ਉਸ ਨੇ 'ਖੰਡੇ ਦੀ ਪਾਹੁਲ' ਵੀ ਲੈ ਲਈ ਅਤੇ ਧਰਮ ਸਿੰਘ ਨਾਂ ਰੱਖ ਲਿਆ। ਇਸ ਬਾਰੇ ਇਹ ਬੋਲ ਅੱਜ ਵੀ ਮਸ਼ਹੂਰ ਹੈ: **ਏਕ ਗੁਰੂ ਕਾ ਦੋ ਚੇਲਾ, ਆਧਾ ਸਿਖ ਆਧਾ ਰੁਹੇਲਾ।**

ਇਨ੍ਹੀਂ ਦਿਨੀਂ ਮੁਗ਼ਲ ਦਰਬਾਰ ਦੇ ਨਵਾਬ ਵਜ਼ੀਰ ਆਸਿਫ਼-ਉਦ-ਦੌਲਾ ਨੇ ਵੀ ਸਿੱਖਾਂ ਤਕ ਪਹੁੰਚ ਕੀਤੀ ਤੇ ਸਮਝੌਤੇ ਵਜੋਂ ਦਸ ਲੱਖ ਰੁਪਏ ਦੀ ਪੇਸ਼ਕਸ਼ ਕੀਤੀ। ਪਹਿਲਾਂ ਤਾਂ ਰਾਏ ਸਿੰਘ ਨੇ ਇਸ ਨੂੰ ਮਨਜ਼ੂਰ ਨਾ ਕੀਤਾ ਪਰ ਜਦੋਂ ਉਨ੍ਹਾਂ ਹਾਂ ਕੀਤੀ ਤਾਂ ਵਜ਼ੀਰ ਨੇ ਪੇਸ਼ਕਸ਼ ਵਾਪਿਸ ਲੈ ਲਈ। ਉਧਰ ਨਜਫ਼ ਖ਼ਾਨ ਨੇ ਸਮਰੂ ਨੂੰ ਨਾਲ ਰਲਾ ਕੇ ਜ਼ਾਬਤਾ ਖ਼ਾਨ ਦੇ ਇਲਾਕੇ 'ਤੇ ਹਮਲਾ ਕਰ ਦਿੱਤਾ। ਅਮੀਰਗੜ੍ਹ ਅਤੇ ਗੌਸਗੜ੍ਹ ਵਿਚਕਾਰ ਹੋਈ ਲੜਾਈ ਵਿਚ ਜ਼ਾਬਤਾ ਖ਼ਾਨ ਨੂੰ ਹਾਰ ਹੋਈ। 14 ਸਤੰਬਰ 1777 ਦੀ ਇਸ ਹਾਰ ਮਗਰੋਂ ਗ਼ੁਲਾਮ ਕਾਦਰ, ਅਫ਼ਜ਼ਲ ਖ਼ਾਨ, ਸੁਲਤਾਨ ਖ਼ਾਨ ਤੇ ਹੋਰ ਰੋਹੀਲਾ ਜਰਨੈਲਾਂ ਨੇ ਹਥਿਆਰ ਸੁੱਟ ਦਿੱਤੇ ਪਰ ਜ਼ਾਬਤਾ ਖ਼ਾਨ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ। ਉਹ ਜਮਨਾ ਪਾਰ ਚਲਾ ਗਿਆ ਤੇ ਸਿੱਖਾਂ ਦੀ ਪਨਾਹ ਵਿਚ ਰਹਿਣ ਲਗ ਪਿਆ।

1924: ਰਾਜਾ ਨਾਭਾ ਦੀ ਬਹਾਲੀ ਵਾਸਤੇ ਜੈਤੋ ਵਿਚ ਰੱਖੇ ਅਖੰਡ ਪਾਠ ਕਰਦੇ ਪਾਠੀ ਗ੍ਰਿਫ਼ਤਾਰ ਕਰ ਲਏ ਗਏ ਅਤੇ ਜੈਤੋ ਮੋਰਚਾ ਸ਼ੁਰੂ ਹੋ ਗਿਆ

ਜਿਸ ਵੇਲੇ ਗੁਰਦੁਆਰਾ ਲਹਿਰ ਸ਼ੁਰੂ ਹੋਈ ਤਾਂ ਅੰਗਰੇਜ਼ੀ ਸਰਕਾਰ ਨੇ ਮਹੰਤਾਂ ਦਾ ਸਾਥ ਦਿੱਤਾ ਪਰ ਦੂਜੇ ਪਾਸੇ ਸਿੱਖ ਰਾਜਿਆਂ ਨੇ ਵੀ ਅਕਾਲੀਆਂ ਦਾ ਬਿਲਕੁਲ ਸਾਥ ਨਾ ਦਿੱਤਾ। ਸਿਰਫ਼ ਨਾਭਾ ਦੇ ਮਹਾਰਾਜੇ ਰਿਪੁਦਮਨ ਸਿੰਘ ਨੇ ਅਕਾਲੀ ਲਹਿਰ ਦੀ ਪੁਰਜ਼ੋਰ

ਹਮਾਇਤ ਕੀਤੀ। ਜਦੋਂ ਨਾਨਕਾਣਾ ਸਾਹਿਬ ਕਤਲੇਆਮ ਦੇ ਖ਼ਿਲਾਫ਼ ਸ਼੍ਰੋਮਣੀ ਕਮੇਟੀ ਨੇ ਰੋਸ ਦਿਨ ਮਨਾਉਣ ਹਿਤ ਕਾਲੇ ਦਸਤਾਰੇ ਸਜਾਉਣ ਦੀ ਅਪੀਲ ਜਾਰੀ ਕੀਤੀ ਤਾਂ ਮਹਾਰਾਜਾ ਨਾਭਾ ਨੇ ਤਾਂ ਆਪ ਵੀ ਕਾਲੀ ਦਸਤਾਰ ਸਜਾਈ ਅਤੇ ਨਾਨਕਾਣਾ ਸਾਹਿਬ ਸਬੰਧੀ ਅਰਦਾਸ ਦਿਨ 'ਤੇ ਸਰਕਾਰੀ ਛੁੱਟੀ ਵੀ ਕੀਤੀ। ਅੰਗਰੇਜ਼ੀ ਸਰਕਾਰ ਨੂੰ ਇਸ ਨਾਲ ਬੜੀ ਤਕਲੀਫ਼ ਹੋਈ ਕਿਉਂ ਕਿ ਸਰਕਾਰ ਤਾਂ ਕਾਲਾ ਦਸਤਾਰਾ ਸਜਾਉਣ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਕੇ ਸਜ਼ਾਵਾਂ ਦੇ ਰਹੀ ਸੀ। ਹਾਲਾਂ ਕਿ ਨਵੰਬਰ 1920 ਵਿਚ ਜਦੋਂ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਢੱਠੀ ਦੀਵਾਰ ਮੁੜ ਉਸਾਰਨ ਵਾਸਤੇ 'ਸ਼ਹੀਦੀ ਜਥਾ' ਦਿੱਲੀ ਲਿਜਾਣ ਦੀ ਤਾਰੀਖ਼ ਦਾ ਐਲਾਨ ਹੋਇਆ ਤਾਂ ਇਸ ਮਹਾਰਾਜਾ ਨਾਭਾ ਨੇ ਵਿਚੋਲਾ ਬਣ ਕੇ ਦੀਵਾਰ ਉਸਰਵਾ ਕੇ ਸਰਕਾਰ ਨੂੰ ਮੁਸ਼ਕਲ 'ਚੋਂ ਕੱਢ ਲਿਆ ਸੀ। ਪਰ ਫਿਰ ਵੀ ਸਰਕਾਰ ਨੂੰ ਨਾਭੇ ਦਾ ਮਹਾਰਾਜਾ ਚੁਭਦਾ ਹੀ ਰਿਹਾ।

ਪਟਿਆਲੇ ਦੇ ਰਾਜੇ ਭੂਪਿੰਦਰ ਸਿੰਘ ਦੇ ਸਬੰਧ ਅੰਗਰੇਜ਼ਾਂ ਨਾਲ ਬੜੇ ਡੂੰਘੇ ਸਨ। ਉਨ੍ਹੀਂ ਦਿਨੀਂ ਦੋਹਾਂ ਰਿਆਸਤਾਂ ਵਿਚ ਝਗੜੇ ਵਾਲੇ ਨੁਕਤਿਆਂ ਬਾਰੇ ਪੜਤਾਲ ਕਰਨ ਵਾਸਤੇ ਬਰਤਾਨਵੀ ਹਕੂਮਤ ਨੇ ਅਲਾਹਬਾਦ ਹਾਈ ਕੋਰਟ ਦੇ ਇਕ ਜੱਜ ਨੂੰ ਤਾਇਨਾਤ ਕੀਤਾ ਹੋਇਆ ਸੀ। ਇਸ ਜੱਜ ਨੇ ਜੂਨ ਵਿਚ ਆਪਣੀ ਰਿਪੋਰਟ ਗਵਰਨਰ ਜਨਰਲ ਕੋਲ ਪੇਸ਼ ਕਰ ਦਿੱਤੀ। ਇਸ ਮਗਰੋਂ ਸਰਕਾਰ ਨੇ ਮਹਾਰਾਜੇ ਨਾਲ ਮੀਟਿੰਗ ਕੀਤੀ ਅਤੇ ਅਖ਼ੀਰ 7 ਜੁਲਾਈ 1923 ਦੇ ਦਿਨ ਮਹਾਰਾਜੇ ਕੋਲੋਂ ਤਖ਼ਤ ਛੱਡਣ ਦੇ ਕਾਗਜ਼ 'ਤੇ ਦਸਤਖ਼ਤ ਕਰਵਾ ਲਏ। ਮਹਾਰਾਜਾ ਨਾਭਾ ਦੇ ਦੇਹਰਾਦੂਨ ਜਾਣ ਮਗਰੋਂ ਸਰਕਾਰ ਨੇ ਐਲਾਨ ਜਾਰੀ ਕੀਤਾ ਕਿ ਮਹਾਰਾਜਾ ਨਾਭਾ ਨੇ ਆਪਣੀ ਮਰਜ਼ੀ ਨਾਲ ਗੱਦੀ ਛੱਡੀ ਹੈ। ਪਰ ਅਸਲੀਅਤ ਸਭ ਨੂੰ ਪਤਾ ਸੀ। ਇਸੇ ਦਿਨ ਸ਼੍ਰੋਮਣੀ ਕਮੇਟੀ ਨੇ ਐਲਾਨ ਜਾਰੀ ਕਰ ਕੇ ਸਰਕਾਰ ਵੱਲੋਂ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰਨ ਦੀ ਜ਼ਬਰਦਸ਼ਤ ਮੁਖ਼ਾਲਫ਼ਤ ਕੀਤੀ। ਸ਼੍ਰੋਮਣੀ ਕਮੇਟੀ ਨੇ ਇਸ ਦੇ ਖ਼ਿਲਾਫ਼ ਪ੍ਰੋਟੈਸਟ ਕਰਨ ਵਾਸਤੇ 29 ਜੁਲਾਈ ਨੂੰ 'ਅਰਦਾਸ ਦਿਨ' ਅਤੇ 9 ਸਤੰਬਰ ਨੂੰ 'ਨਾਭਾ ਦਿਨ' ਵਜੋਂ ਮਨਾਉਣ ਦਾ ਐਲਾਨ ਕੀਤਾ। ਇਸ ਸਬੰਧ ਵਿਚ ਸਿੱਖਾਂ ਦਾ ਇਕ ਇਕੱਠ 27 ਅਗਸਤ ਨੂੰ ਜੈਤੋ ਵਿਚ ਵੀ ਹੋਇਆ। ਇਸ ਦੀਵਾਨ ਵਿਚ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰਨ ਦੀ ਜ਼ਬਰਦਸਤ ਨਿੰਦਾ ਕੀਤੀ ਗਈ। ਨਾਭਾ ਸਰਕਾਰ ਨੇ ਇਸ ਦੀਵਾਨ 'ਚ ਹਿੱਸਾ ਲੈਣ ਵਾਲੇ ਸਿੱਖ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਗ੍ਰਿਫ਼ਤਾਰੀਆਂ ਦੀ ਸਖ਼ਤ ਮੁਖ਼ਾਲਫ਼ਤ ਕੀਤੀ ਤੇ ਨਾਲ ਹੀ ਜੈਤੋ ਵਿਚ 27 ਅਗਸਤ ਵਾਲੇ ਦੀਵਾਨ ਨੂੰ ''ਜਾਰੀ ਰੱਖਣ'' ਦਾ ਐਲਾਨ ਕਰ ਦਿੱਤਾ। ਇਸ ਦਾ ਮਾਅਨਾ ਇਹ ਸੀ ਕਿ ਜਦੋਂ ਤਕ ਸਿੱਖ ਆਜ਼ਾਦੀ ਨਾਲ ਅਤੇ ਆਪਣੀ ਮਰਜ਼ੀ ਮੁਤਾਬਿਕ ਦੀਵਾਨ ਨਹੀਂ ਕਰ ਲੈਂਦੇ, ਉਦੋਂ ਤਕ ਦੀਵਾਨ ਕਰਨ ਵਾਸਤੇ ਐਜੀਟੇਸ਼ਨ ਚਲਦੀ ਰਹੇਗੀ। ਨਾਭਾ ਦੀ ਸਰਕਾਰ (ਜਿਸ ਨੂੰ ਇਕ ਅੰਗਰੇਜ਼ ਐਡਮਨਿਸਟਰੇਟਰ ਵਿਲਸਨ ਜਾਹਨਸਟਨ ਚਲਾ ਰਿਹਾ ਸੀ) ਨੇ ਸਿੱਖਾਂ ਨੂੰ ਦੀਵਾਨ ਕਰਨ ਦੀ ਇਜਾਜ਼ਤ ਨਾ ਦਿੱਤੀ। ਇਸ ਕਰ ਕੇ ਐਜੀਟੇਸ਼ਨ ਸ਼ੁਰੂ ਹੋ ਗਈ। ਇਸ ਸਬੰਧ ਵਿਚ ਇਕ ਜਲੂਸ 9 ਸਤੰਬਰ ਨੂੰ ਕੱਢਿਆ ਗਿਆ। ਇਸ ਜਲੂਸ ਦੇ ਸਬੰਧ ਵਿਚ 25 ਸਿੱਖ ਗ੍ਰਿਫ਼ਤਾਰ ਲਏ ਗਏ। ਇਸ ਮਗਰੋਂ 14 ਸਤੰਬਰ ਨੂੰ ਗੰਗਸਰ ਗੁਰਦੁਆਰੇ ਵਿਚ ਇਕ ਅਖੰਡ ਪਾਠ ਰੱਖਿਆ ਗਿਆ। ਅੰਗਰੇਜ਼ ਫ਼ੌਜੀਆਂ ਨੇ ਗੁਰਦੁਆਰੇ ਵਿਚ ਦਾਖ਼ਿਲ ਹੋ ਕੇ ਪਾਠ ਕਰਦੇ ਗ੍ਰੰਥੀ ਗਿਆਨੀ ਇੰਦਰ ਸਿੰਘ ਸਮੇਤ ਸਾਰੇ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ 'ਤੇ ਸਾਰੇ ਪਾਸੇ ਜ਼ਬਰਦਸਤ ਰੋਹ ਪੈਦਾ ਹੋਇਆ ਤੇ ਇਸ ਦੇ ਨਾਲ ਹੀ ਜੈਤੋ ਮੋਰਚਾ ਸ਼ੁਰੂ ਹੋ ਗਿਆ।

1940: ਗਾਂਧੀ ਨੇ ਸਿੱਖਾਂ ਦੇ ਕਿਰਪਾਨ ਪਾਉਣ ਦੇ ਖ਼ਿਲਾਫ਼ ਭੜਾਸ ਕੱਢੀ

ਦੂਜੀ ਜੰਗ ਦੌਰਾਨ ਅਗਸਤ 1940 ਮਾਸਟਰ ਤਾਰਾ ਸਿੰਘ ਨੇ ਕਾਂਗਰਸ ਪ੍ਰਧਾਨ ਮੌਲਾਨਾ ਆਜ਼ਾਦ ਨੂੰ ਲਿਖੇ ਇਕ ਖ਼ਤ ਵਿਚ ਫ਼ੌਜ ਵਿਚ ਸਿੱਖਾਂ ਦੀ ਵਧੇਰੇ ਭਰਤੀ ਦੀ ਗੱਲ ਆਖੀ ਸੀ। ਮਾਸਟਰ ਤਾਰਾ ਸਿੰਘ ਨੇ ਇਸ ਦੀ ਇਕ ਕਾਪੀ ਗਾਂਧੀ ਨੂੰ ਵੀ ਭੇਜ ਦਿਤੀ ਸੀ। ਗਾਂਧੀ ਨੇ ਮਾਸਟਰ ਤਾਰਾ ਸਿੰਘ ਦੀ ਚਿੱਠੀ ਦੇ ਜਵਾਬ ਵਿਚ ਇਹ ਵੀ ਲਿਖਿਆ: "You have nothing in common with Congress --- you believe in the rule of sword, the Congress does not..." ('ਤੁਹਾਡੇ ਅਤੇ ਕਾਂਗਰਸ ਵਿਚ ਕੁਝ ਵੀ ਸਾਂਝਾ ਨਹੀਂ। ਤੁਸੀਂ ਕਿਰਪਾਨ ਵਿਚ ਯਕੀਨ ਰਖਦੇ ਹੋ ਤੇ ਕਾਂਗਰਸ ਨਹੀਂ")।

ਇਸ 'ਤੇ ਮਾਸਟਰ ਤਾਰਾ ਸਿੰਘ ਨੇ ਗਾਂਧੀ ਨਾਲ ਹੋਈ ਖ਼ਤੋ-ਖ਼ਿਤਾਬਤ ਪ੍ਰੈਸ ਨੂੰ ਰਿਲੀਜ਼ ਕਰਨ ਦੇ ਨਾਲ ਹੀ 12 ਸਤੰਬਰ 1940 ਨੂੰ ਕੌਮੀ ਤੇ ਸੂਬਾਈ ਕਾਂਗਰਸ ਤੋਂ ਅਸਤੀਫ਼ੇ ਦੇ ਦਿੱਤੇ। ਪਰ 18 ਸਤੰਬਰ 1940 ਨੂੰ ਮਾਸਟਰ ਤਾਰਾ ਸਿੰਘ ਨੇ ਐਲਾਨ ਕੀਤਾ ਕਿ ਕਾਂਗਰਸ ਤੋਂ ਮੇਰਾ ਅਸਤੀਫ਼ਾ ਸ਼ਖ਼ਸੀ ਹੈ ਅਕਾਲੀ ਦਲ ਕਾਂਗਰਸ ਦੇ ਨਾਲ ਹੀ ਰਹੇਗਾ। 28 ਸਤੰਬਰ 1940 ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਗਾਂਧੀ ਦੇ ਸਿੱਖਾਂ ਸਬੰਧੀ ਲਫ਼ਜ਼ਾਂ ਦੀ ਨਿੰਦਾ ਕੀਤੀ ਤੇ ਮੰਗ ਕੀਤੀ ਕਿ ਕਾਂਗਰਸ ਮੌਲਾਨਾ ਆਜ਼ਾਦ ਦੇ ਬਿਆਨ ਬਾਰੇ ਆਪਣੀ ਪੁਜੀਸ਼ਨ ਸਾਫ਼ ਕਰੇ। ਕੁਝ ਸਿੱਖ ਆਗੂਆਂ ਨੇ ਗਾਂਧੀ ਦੇ ਖ਼ਿਲਾਫ਼ ਬਿਆਨ ਜ਼ਰੂਰ ਦਿੱਤੇ ਪਰ ਉਹ ਵੀ ਨਰਮ-ਨਰਮ ਜਿਹੇ ਪਰ ਇਸ ਦੇ ਬਾਵਜੂਦ ਉਹ ਗਾਂਧੀ ਨੂੰ ਆਪਣਾ ਲੀਡਰ ਮੰਨਣ ਲਗ ਪਏ। ਏਨੀ ਕੁ ਸੂਝ ਸੀ ਅਕਾਲੀ ਆਗੂਆਂ ਵਿਚ ਕਿ ਉਹ ਆਪਣਾ ਗੁੱਝਾ ਦੁਸ਼ਮਣ ਵੀ ਨਹੀਂ ਸਨ ਪਹਿਚਾਣਦੇ ਤੇ ਨਾ ਹੀ ਉਹ ਜੁਰਅਤ ਰਖਦੇ ਸਨ ਕਿ ਇਹੋ ਜਿਹੇ ਦੰਭੀ, ਬੇਈਮਾਨ ਤੇ ਧੋਖੇਬਾਜ਼ ਨੂੰ ਰੱਦ ਕਰ ਸਕਦੇ। ਸਭ ਤੋਂ ਅਜੀਬ ਰੋਲ ਸੀ ਅਮਰ ਸਿੰਘ ਝਬਾਲ ਧੜਾ, ਊਧਮ ਸਿੰਘ ਨਾਗੋਕੇ ਧੜਾ, ਮੰਗਲ ਸਿੰਘ ਗਿੱਲ, ਹੀਰਾ ਸਿੰਘ ਦਰਦ, ਗੁਰਮੁਖ ਸਿੰਘ ਮੁਸਾਫ਼ਿਰ ਵਰਗੇ ਆਗੂਆਂ ਦਾ ਜੋ ਇਸ ਸਭ ਦੇ ਬਾਵਜੂਦ ਗਾਂਧੀ ਨੂੰ ਹੀ ਸਭ ਕੁਝ ਮੰਨਦੇ ਸਨ ਤੇ ਉਨ੍ਹਾਂ ਨੂੰ ਉਸ ਦਾ ਫ਼ਿਰਕੂ ਤੇ ਐਂਟੀ-ਸਿੱਖ ਰੋਲ ਵੀ ਝੰਝੋੜਦਾ ਨਹੀਂ ਸੀ। ਇਹ ਹਾਲਤ ਸੀ ਅਹਿਮਕ ਸਿੱਖ ਚੌਧਰੀਆਂ ਦੀ। ਇਹ ਲੋਕ ਮੂਰਖਾਨਾ ਹੱਦ ਤੱਕ ਕਾਂਗਰਸ ਤੇ ਗਾਂਧੀ ਦੀ ਪੈਰੋਕਾਰੀ ਤੇ ਚਾਪਲੂਸੀ ਤਕ ਕਰਦੇ ਸਨ।ਗਾਂਧੀ ਤਾਂ ਕ੍ਰਿਪਾਨ ਅਤੇ ਸਿੱਖੀ ਦੇ ਖ਼ਿਲਾਫ਼ 1947 ਤੋਂ ਮਗਰੋਂ ਵੀ, ਮੌਤ ਤੋਂ ਕੁਝ ਦਿਨ ਪਹਿਲਾਂ ਤਕ ਵੀ ਬੋਲਦਾ ਰਿਹਾ ਸੀ। (ਗਾਂਧੀ ਦੇ ਸਿੱਖ ਵਿਰੋਧੀ ਰੋਲ ਬਾਰੇ ਪੜ੍ਹੋ ਕਿਤਾਬ **'ਨਾਨਕਸ਼ਾਹੀ ਕੈਲੰਡਰ ਤੇ ਹੋਰ ਲੇਖ'**)।

1989: ਦਰਸ਼ਨ ਸਿੰਘ ਮਹਿਮੂਦਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ ਤੇ ਬਖਤਾਵਰ ਸਿੰਘ ਪੁਲਸ ਤਸ਼ੱਦਦ ਨਾਲ ਸ਼ਹੀਦ

14 ਸਤੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਦਰਸ਼ਨ ਸਿੰਘ (ਪੁੱਤਰ ਦਿਆਲ ਸਿੰਘ, ਵਾਸੀ ਮਹਿਮੂਦਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਬਖਤਾਵਰ ਸਿੰਘ (ਪੁੱਤਰ ਮਖਤੂਲ ਸਿੰਘ ਸਰਪੰਚ, ਦਿਆਲਪੁਰ, ਅੰਮ੍ਰਿਤਸਰ) ਜਿਸ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੋਇਆ ਸੀ ਤੇ ਉਸ 'ਤੇ ਬਹੁਤ ਤਸ਼ੱਦਦ ਕੀਤਾ ਗਿਆ ਸੀ, ਦੀ ਪੁਲਸ ਹਿਰਾਸਤ ਵਿਚ ਮੌਤ ਹੋ ਗਈ।

1990: ਸਤਪਾਲ ਸਿੰਘ ਢਿਲੋਂ ਪੁਲਸ ਕੈਟਾਂ ਹੱਥੋਂ ਸ਼ਹੀਦ

ਸਤਪਾਲ ਸਿੰਘ ਢਿਲੋ ਉਰਫ਼ ਬਾਪੂ (ਪੁੱਤਰ ਕਰਤਾਰ ਸਿੰਘ, ਵਾਸੀ ਡਲੇਵਾਲ, ਜ਼ਿਲ੍ਹਾ ਨਵਾਂਸ਼ਹਿਰ), ਸਿੱਖ ਸਟੂਡੈਂਟ ਫ਼ੈਡਰੇਸ਼ਨ ਦਾ ਇਕ ਬਹੁਤ ਸੀਨੀਅਰ ਆਗੂ ਸੀ। ਪੁਲਸ ਨੇ ਉਸ

'ਤੇ ਬਹੁਤ ਸਾਰੇ ਮੁਕੱਦਮੇ ਬਣਾਏ ਹੋਏ ਸਨ ਤੇ ਉਹ ਸਤੰਬਰ 1985 ਤੇ ਫਿਰ ਸਤੰਬਰ 1987 ਵਿਚ ਦੋ ਵਾਰ ਗ੍ਰਿਫ਼ਤਾਰ ਵੀ ਕੀਤਾ ਜਾ ਚੁਕਾ ਸੀ ਅਤੇ ਉਨ੍ਹਾਂ ਕੇਸਾਂ ਵਿਚ ਜ਼ਮਾਨਤ 'ਤੇ ਰਿਹਾ ਸੀ। ਪੁਲਸ ਉਸ ਤੋਂ ਪਿੱਛਾ ਛੁਡਾਉਣਾ ਚਾਹੁੰਦੀ ਸੀ। ਉਸ ਵੇਲੇ ਤਕ ਉਸ ਦੇ ਪੁਰਾਣੇ ਨਜ਼ਦੀਕੀ ਜਸਜਿੰਦਰ ਸਿੰਘ ਡਲੇਵਾਲ ਅਤੇ ਕਈ ਹੋਰ ਪੁਲਸ ਕੈਟ ਬਣ ਚੁਕੇ ਸਨ ਤੇ ਉਨ੍ਹਾਂ ਬਾਰੇ ਸਾਰੀਆਂ ਖ਼ਬਰਾਂ ਪੁਲਸ ਨੂੰ ਦੇਂਦੇ ਰਹਿੰਦੇ ਸਨ। ਅਖ਼ੀਰ 14 ਸਤੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਆਪਣੇ ਕੈਟ ਸੁਖਵਿੰਦਰ ਸਿੰਘ ਨੂੰ ਉਸ ਦੇ ਪਿੱਛੇ ਲਾ ਕੇ ਮੌਕਾ ਤਾੜ ਕੇ ਜਲੰਧਰ ਦੇ ਨਕੋਦਰ ਚੌਕ ਵਿਚ ਉਸ 'ਤੇ ਗੋਲੀ ਚਲਾ ਕੇ ਉਸ ਨੂੰ ਸ਼ਹੀਦ ਕਰ ਦਿੱਤਾ ਤੇ ਉਸ ਦਾ ਇਕ ਹੋਰ ਸਾਥੀ ਇਕ ਝੂਠੇ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ।

1990: ਬਿਲਗਾ ਦੇ ਮਨਜੀਤ ਸਿੰਘ ਤੇ ਰਜਿੰਦਰ ਸਿੰਘ, ਸਵਰਨ ਸਿੰਘ ਗ੍ਰੰਥੀ, ਕਾਲੀਆ ਤੇ ਅਜਮੇਰ ਸਿੰਘ ਖਾਰਾ ਕਲਸੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

14 ਸਤੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਮਨਜੀਤ ਸਿੰਘ ਤੇ ਰਜਿੰਦਰ ਸਿੰਘ (ਦੋਵੇਂ ਵਾਸੀ ਬਿਲਗਾ), ਸਵਰਨ ਸਿੰਘ ਗ੍ਰੰਥੀ, (ਕਾਲੀਆ, ਅੰਮ੍ਰਿਤਸਰ), ਅਜਮੇਰ ਸਿੰਘ ਖਾਰਾ, ਕਲਸੀਆਂ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਅਮਰਜੀਤ ਸਿੰਘ ਸੰਧੂ ਮਾੜੀ ਖੁਰਦ ਤੇ ਗੁਰਮੀਤ ਸਿੰਘ ਬੰਟੀ (ਵਾਸੀ ਨੰਗਲ ਨਕਲੀ ਮੁਕਾਬਲੇ ਵਿਚ ਸ਼ਹੀਦ

14 ਸਤੰਬਰ 1991 ਦੇ ਦਿਨ ਪੁਲਸ ਨੇ ਅਮਰਜੀਤ ਸਿੰਘ ਸੰਧੂ (ਪੁੱਤਰ ਅਰਜਨ ਸਿੰਘ, ਵਾਸੀ ਮਾੜੀ ਖੁਰਦ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਹੀ ਪੰਜਾਬ ਪੁਲਸ ਨੇ ਗੁਰਮੀਤ ਸਿੰਘ ਬੰਟੀ (ਵਾਸੀ ਨੰਗਲ, ਗੁਰਦਾਸਪੁਰ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸਾਹਿਬ ਸਿੰਘ, ਦਰਸ਼ਨ ਸਿੰਘ ਕਾਲਾ ਤੇ ਉਸ ਦਾ ਭਰਾ ਬਲਵਿੰਦਰ ਸਿੰਘ ਅਤੇ 10 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਚੌਦਾਂ ਸਤੰਬਰ 1992 ਦੇ ਦਿਨ ਪੁਲਸ ਨੇ ਸਾਹਿਬ ਸਿੰਘ (ਪੁੱਤਰ ਕਾਹਨ ਸਿੰਘ, ਵਾਸੀ ਘੁੰਜ), ਦਲਬੀਰ ਸਿੰਘ ਉਰਫ਼ ਕਾਲਾ ਤੇ ਉਸ ਦਾ ਭਰਾ ਬਲਵਿੰਦਰ ਸਿੰਘ (ਪੁੱਤਰ ਨਾਜਰ ਸਿੰਘ, ਵਾਸੀ ਪੱਲਾ) ਤੇ ਦਸ ਹੋਰ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

15 ਸਤੰਬਰ

1843: ਸੰਧਾਵਾਲੀਆਂ ਨੇ ਮਹਾਰਾਜਾ ਸ਼ੇਰ ਸਿੰਘ ਤੇ ਧਿਆਨ ਸਿੰਘ ਡੋਗਰਾ ਕਤਲ ਕਰ ਦਿੱਤੇ

ਰਣਜੀਤ ਸਿੰਘ ਦੀ ਮੌਤ ਮਗਰੋਂ ਉਸ ਦਾ ਸਭ ਤੋਂ ਵੱਡਾ ਪੁੱਤਰ ਖੜਕ ਸਿੰਘ ਮਹਾਰਾਜਾ ਬਣਿਆ। ਰਣਜੀਤ ਸਿੰਘ ਨੇ ਆਪਣੀ ਹਕੂਮਤ ਦੀ ਬਹੁਤੀ ਤਾਕਤ ਧਿਆਨ ਸਿੰਹ ਡੋਗਰਾ ਤੇ ਉਸ ਦੇ ਪੁੱਤਰ ਹੀਰਾ ਸਿੰਹ ਅਤੇ ਧਿਆਨ ਸਿੰਹ ਦੇ ਭਰਾਵਾਂ (ਗੁਲਾਬ ਸਿੰਹ ਤੇ ਸੁਚੇਤ ਸਿੰਹ) ਵਡੀਰਾ ਨੂੰ ਸੌਂਪੀ ਹੋਈ ਸੀ। ਧਿਆਨ ਸਿੰਹ ਪ੍ਰਾਈਮ ਮਨਿਸਟਰ ਸੀ। ਖੜਕ ਸਿੰਘ ਡੋਗਰਿਆਂ ਦੀਆਂ ਸਾਜ਼ਸ਼ੀ ਕਾਰਵਾਈਆਂ ਤੋਂ ਦੁਖੀ ਸੀ। ਉਸ ਦਾ ਸਭ ਤੋਂ ਵੱਡਾ ਸਲਾਹਕਾਰ ਚੇਤ ਸਿੰਘ ਬਾਜਵਾ ਸੀ। ਡੋਗਰੇ ਸਮਝਦੇ ਸਨ ਕਿ ਚੇਤ ਸਿੰਘ ਨੂੰ ਰਾਹ ਵਿਚੋਂ ਹਟਾਉਣ ਨਾਲ ਹੀ ਉਹ ਸਾਰੀ ਤਾਕਤ ਆਪਣੇ ਹੱਥ ਵਿਚ ਰੱਖ ਸਕਦੇ ਸਨ। ਇਸ ਕਰ ਕੇ ਉਨ੍ਹਾਂ ਨੇ ਚੇਤ ਸਿੰਘ ਦੇ ਖ਼ਿਲਾਫ਼ ਇਕ ਸਾਜ਼ਿਸ਼ ਘੜੀ। ਉਨ੍ਹਾਂ ਨੇ ਚੇਤ ਸਿੰਘ ਵੱਲੋਂ ਅੰਗਰੇਜ਼ਾਂ ਨੂੰ ਲਿਖੀਆਂ ਨਕਲੀ

ਚਿੱਠੀਆਂ ਤਿਆਰ ਕੀਤੀਆਂ ਅਤੇ ਉਸ ਨੂੰ "ਗ਼ਦਾਰ" ਐਲਾਨ ਕਰਵਾਉਣ ਵਾਸਤੇ, ਇਨ੍ਹਾਂ ਖ਼ਤਾਂ ਨੂੰ ਆਪੇ ਬਣਾਈ ਇਕ "ਕੌਂਸਲ" ਕੋਲ ਪੇਸ਼ ਕੀਤਾ। ਇਸ 11 ਮੈਂਬਰੀ ਕੌਂਸਲ ਵਿਚ ਤਿੰਨ ਡੋਗਰੇ (ਧਿਆਨ ਸਿੰਘ, ਕੇਸਰੀ ਸਿੰਘ ਤੇ ਹੀਰਾ ਸਿੰਘ), ਚਾਰ ਸੰਧਾਵਾਲੀਏ* (ਅਤਰ ਸਿੰਘ, ਕਿਹਰ ਸਿੰਘ, ਲਹਿਣਾ ਸਿੰਘ, ਸ਼ੇਰ ਸਿੰਘ), ਮਿਸਰ ਲਾਲ ਸਿੰਘ ਬ੍ਰਾਹਮਣ, ਅਲੈਗਜ਼ੈਂਦਰ ਗਾਰਡਨਰ ਤੋਂ ਇਲਾਵਾ ਰਾਣੀ ਚੰਦ ਕੌਰ (ਮਹਾਰਾਣੀ) ਅਤੇ ਕੰਵਰ ਨੌਨਿਹਾਲ ਸਿੰਘ ਸ਼ਾਮਿਲ ਸਨ। ਇਸ ਕੌਂਸਲ ਦੀ ਸਾਜ਼ਸ਼ੀ ਮੀਟਿੰਗ ਵਿਚ ਡੋਗਰਿਆਂ ਨੇ ਮਤਾ ਪਾਸ ਕਰਵਾਇਆ ਕਿ ਚੇਤ ਸਿੰਘ ਨੂੰ (ਜਾਅਲੀ) ਚਿੱਠੀਆਂ ਲਿਖਣ ਬਦਲੇ ਸਜ਼ਾਏ-ਮੌਤ ਦਿਤੀ ਜਾਵੇ ਤੇ ਖੜਕ ਸਿੰਘ ਨੂੰ ਹਟਾ ਕੇ ਤਾਕਤ ਕੰਵਰ ਨੌਨਿਹਾਲ ਸਿੰਘ ਨੂੰ ਸੌਂਪ ਦਿਤੀ ਜਾਵੇ।

**ਸੰਧਾਵਾਲੀਏ ਰਣਜੀਤ ਸਿੰਘ ਦੇ ਦਾਦੇ ਦੇ ਭਰਾ ਦੇ ਪੋਤੇ ਸਨ। ਉਨ੍ਹਾਂ ਨੇ ਰਣਜੀਤ ਸਿੰਘ ਦੀਆਂ ਜਿੱਤਾਂ ਵਿਚ ਭਾਵੇਂ ਕੋਈ ਬਹੁਤਾ ਰੋਲ ਅਦਾ ਨਹੀਂ ਸੀ ਕੀਤਾ ਪਰ ਸੁਕਰਚਕੀਆ ਮਿਸਲ ਦੇ ਖ਼ੈਰ-ਖ਼ਾਹ ਹੋਣ ਦਾ ਦਾਅਵਾ ਕਰ ਕੇ ਉਨ੍ਹਾਂ ਨੇ ਦਰਬਾਰ ਵਿਚ ਆਪਣੀ ਥਾਂ ਬਣਾ ਲਈ ਹੋਈ ਸੀ। ਉਨ੍ਹਾਂ ਦੇ ਦਿਲ ਵਿਚ ਸ਼ਰੀਕ ਹੋਣ ਦਾ ਸਾੜਾ ਜ਼ਰੂਰ ਸੀ ਤੇ, ਡੋਗਰਿਆਂ ਵਾਂਗ, ਉਹ ਵੀ ਚਾਹੁੰਦੇ ਸੀ ਕਿ ਰਣਜੀਤ ਸਿੰਘ ਦੇ ਸਾਰੇ ਮਰਦ-ਵਾਰਿਸ ਖ਼ਤਮ ਕਰ ਕੇ ਉਹ ਹਕੂਮਤ ਸੰਭਾਲ ਲੈਣ।*

9 ਅਕਤੂਬਰ 1839 ਨੂੰ ਧਿਆਨ ਸਿੰਘ ਡੋਗਰਾ ਦੀ ਅਗਵਾਈ ਹੇਠ ਇਸ "ਕੌਂਸਲ" ਦੇ ਕੁਝ ਮੈਂਬਰ ਖੜਕ ਸਿੰਘ ਦੇ ਕਮਰੇ ਵਿਚ ਦਾਖ਼ਿਲ ਹੋਏ। ਉਨ੍ਹਾਂ ਨੇ ਚੇਤ ਸਿੰਘ ਬਾਜਵਾ ਨੂੰ ਲੱਭ ਕੇ ਖੜਕ ਸਿੰਘ ਦੇ ਸਾਹਮਣੇ ਕਤਲ ਕਰ ਦਿੱਤਾ। ਉਨ੍ਹਾਂ ਨੇ ਖੜਕ ਸਿੰਘ ਨੂੰ ਵੀ ਉਸ ਦੀ ਰਿਹਾਇਸ਼ ਵਿਚ ਹੀ ਨਜ਼ਰਬੰਦ ਕਰ ਦਿਤਾ ਤੇ ਨੌਨਿਹਾਲ ਸਿੰਘ ਨੂੰ ਗੱਦੀ 'ਤੇ ਬਿਠਾ ਦਿਤਾ। ਖੜਕ ਸਿੰਘ ਏਨਾ ਦੁਖੀ ਹੋਇਆ ਕਿ ਉਸ ਨੇ ਕਈ ਦਿਨ ਖਾਣਾ ਵੀ ਨਾ ਖਾਧਾ। ਨਜ਼ਰਬੰਦੀ ਵਿਚ ਹੀ ਡੋਗਰਿਆਂ ਨੇ ਉਸ ਨੂੰ ਜ਼ਹਿਰੀਲੀ ਖੁਰਾਕ ਦੇਣੀ ਸ਼ੁਰੂ ਕਰ ਦਿਤੀ।

ਹੁਣ ਕੰਵਰ ਨੌਨਿਹਾਲ ਸਿੰਘ ਨੂੰ ਵੀ ਡੋਗਰਿਆਂ ਦੀਆਂ ਚਾਲਾਂ ਸਮਝ ਆਉਣ ਲੱਗ ਪਈਆਂ। ਉਸ ਨੇ ਧਿਆਨ ਸਿੰਘ ਨੇ ਨਾਲ-ਨਾਲ ਫ਼ਕੀਰ ਅਜ਼ੀਜ਼-ਉਦ-ਦੀਨ, ਦੋ ਬ੍ਰਾਹਮਣਾਂ ਜਮਾਂਦਰ ਖੁਸ਼ਹਾਲ ਸਿੰਘ ਤੇ ਭਈਆ ਰਾਮ ਸਿੰਘ) ਤੋਂ ਇਲਾਵਾ ਲਹਿਣਾ ਸਿੰਘ ਮਜੀਠੀਆ ਅਤੇ ਅਜੀਤ ਸਿੰਘ ਸੰਧਾਵਾਲੀਆ ਨੂੰ ਵੀ ਨਿਜ਼ਾਮ ਵਿਚ ਭਾਈਵਾਲ ਬਣਾ ਦਿਤਾ। ਇੰਝ ਡੋਗਰੇ ਪੂਰੀ ਹਕੂਮਤ 'ਤੇ ਕਾਬਜ਼ ਨਾ ਹੋ ਸਕੇ। ਇਹ ਗੱਲ ਧਿਆਨ ਸਿੰਘ ਨੂੰ ਮਨਜ਼ੂਰ ਨਹੀਂ ਸੀ। ਇਸ ਕਰ ਕੇ ਉਸ ਨੇ ਨੌਨਿਹਾਲ ਸਿੰਘ ਨੂੰ ਵੀ ਖ਼ਤਮ ਕਰਨ ਦਾ ਫ਼ੈਸਲਾ ਕਰ ਲਿਆ। ਉਧਰ ਜ਼ਹਿਰੀਲੀ ਖੁਰਾਕ ਕਾਰਨ 4-5 ਨਵੰਬਰ ਦੀ ਰਾਤ ਨੂੰ ਖੜਕ ਸਿੰਘ ਦੀ ਮੌਤ ਹੋ ਗਈ।

ਜਦ ਸਾਰੇ ਜਣੇ ਖੜਕ ਸਿੰਘ ਦਾ ਸਸਕਾਰ ਕਰ ਕੇ ਵਾਪਿਸ ਕਿਲ੍ਹੇ ਨੂੰ ਜਾ ਰਹੇ ਸਨ ਤਾਂ, ਪਹਿਲੋਂ ਘੜੀ ਸਾਜ਼ਿਸ਼ ਮੁਤਾਬਿਕ, ਧਿਆਨ ਸਿੰਘ ਨੇ ਰੌਸ਼ਨੀ ਗੇਟ ਦਾ ਛੱਜਾ ਸੁਟਵਾ ਕੇ ਨੌਨਿਹਾਲ ਸਿੰਘ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਨੌਨਿਹਾਲ ਸਿੰਘ ਨੂੰ ਐਵੇਂ ਥੋੜ੍ਹੀਆਂ ਜਹੀਆਂ ਝਰੀਟਾਂ ਹੀ ਆਈਆਂ ਸਨ। ਪਰ, ਪਹਿਲਾਂ ਤੋਂ ਹੀ ਕੀਤੀ ਤਿਆਰੀ ਮੁਤਾਬਿਕ, ਨੌਨਿਹਾਲ ਸਿੰਘ ਨੂੰ ਇਕ ਦਮ ਜਬਰੀ ਇਕ ਪਾਲਕੀ ਵਿਚ ਪਾ ਲਿਆ ਗਿਆ। ਧਿਆਨ ਸਿੰਘ ਨੇ ਸਿਰ ਵਿਚ ਪੱਥਰ ਮਰਵਾ-ਮਰਵਾ ਕੇ ਨੌਨਿਹਾਲ ਸਿੰਘ ਨੂੰ ਖ਼ਤਮ ਕਰਵਾ ਦਿਤਾ। ਇਸ ਮਗਰੋਂ ਕੁਝ ਚਿਰ ਚੰਦ ਕੌਰ ਰਾਣੀ ਬਣੀ ਰਹੀ। 18 ਜਨਵਰੀ 1841 ਦੇ ਦਿਨ ਸ਼ੇਰ ਸਿੰਘ ਲਾਹੌਰ ਸਲਤਨਤ ਦਾ ਮਹਾਰਾਜਾ ਬਣਿਆ ਅਤੇ 20 ਤਾਰੀਖ਼ ਨੂੰ ਲਾਹੌਰ ਦੇ ਤਖ਼ਤ 'ਤੇ ਬੈਠ ਗਿਆ।ਵੀ ਸ਼ਾਮਿਲ ਸੀ। ਕਿਉਂ ਕਿ ਧਿਆਨ ਸਿੰਘ ਡੋਗਰਾ ਨੇ ਸ਼ੇਰ ਸਿੰਘ ਦੀ ਸਭ ਤੋਂ ਵਧ ਮਦਦ ਕੀਤੀ ਸੀ, ਇਸ ਕਰ ਕੇ ਉਸੇ ਨੇ ਹੀ ਪ੍ਰਾਈਮ ਮਨਿਸਟਰ ਬਣਨਾ ਸੀ। ਉਸ ਨੇ ਹੌਲੀ-ਹੌਲੀ ਫੇਰ ਸਾਰੀ ਤਾਕਤ

ਆਪਣੇ ਹੱਥ ਵਿੱਚ ਲੈਣੀ ਸ਼ੁਰੂ ਕਰ ਦਿਤੀ। ਉਸ ਨੇ ਲਹਿਣਾ ਸਿੰਘ ਤੇ ਕੇਹਰ ਸਿੰਘ ਸੰਧਾਵਾਲੀਆ ਨੂੰ ਵੀ ਗ੍ਰਿਫ਼ਤਾਰ ਕਰ ਕੇ ਜੇਲ੍ਹ ਪਾ ਦਿਤਾ।

ਇਸ ਸਾਰੇ ਸਾਜ਼ਸ਼ੀ ਮਾਹੌਲ ਵਿਚ ਅੰਗਰੇਜ਼ ਦੋਹਰਾ-ਰੋਲ ਅਦਾ ਕਰ ਰਹੇ ਸਨ। ਉਨ੍ਹਾਂ ਦੀ ਡੋਗਰਿਆਂ ਨਾਲ ਵੀ ਭਾਈਵਾਲੀ ਸੀ ਅਤੇ ਉਹ ਸੰਧਾਂਵਾਲੀਆਂ ਨਾਲ ਰਲ ਕੇ ਵੀ ਸਾਜ਼ਿਸ਼ਾਂ ਘੜ ਰਹੇ ਸਨ। ਜਦੋਂ ਰਾਜਾ ਸ਼ੇਰ ਸਿੰਘ ਗੱਦੀ 'ਤੇ ਬੈਠਾ ਤਾਂ ਅਤਰ ਸਿੰਘ ਤੇ ਅਜੀਤ ਸਿੰਘ ਸੰਧਾਵਾਲੀਆ ਸਤਲੁਜ ਪਾਰ ਕਰ ਕੇ ਅੰਗਰੇਜ਼ੀ ਇਲਾਕੇ ਵਿਚ ਚਲੇ ਗਏ ਸਨ। ਕੁਝ ਚਿਰ ਮਗਰੋਂ ਅੰਗਰੇਜ਼ਾਂ ਨੇ ਆਪਣੇ ਏਜੰਟ ਮਿਸਟਰ ਕਲਾਰਕ ਰਾਹੀ ਇਨ੍ਹਾਂ ਦੋਹਾਂ ਨੂੰ ਸ਼ੇਰ ਸਿੰਘ ਤੋਂ ਮਆਫ਼ੀ ਦਿਵਾ ਕੇ ਵਾਪਿਸ ਲਾਹੌਰ ਜਾਣ ਦੀ ਇਜਾਜ਼ਤ ਲੈ ਦਿੱਤੀ ਤੇ ਇਨ੍ਹਾਂ ਨੂੰ ਜਾਗੀਰਾਂ ਵੀ ਵਾਪਿਸ ਦਿਵਾ ਦਿਤੀਆਂ। ਇਸ ਦੇ ਨਾਲ ਹੀ ਲਹਿਣਾ ਸਿੰਘ ਤੇ ਕੇਹਰ ਸਿੰਘ ਸੰਧਾਵਾਲੀਆ ਨੂੰ ਵੀ ਰਿਹਾ ਕਰ ਦਿੱਤਾ ਗਿਆ। ਇਨ੍ਹਾਂ ਚੌਹਾਂ ਸੰਧਾਂਵਾਲੀਆਂ ਨੇ ਵਾਪਿਸ ਆ ਕੇ ਕੁਝ ਮਹੀਨੇ ਤਾਂ ਵਫ਼ਾਦਾਰੀ ਅਤੇ ਸ਼ਰਾਫ਼ਤ ਵਾਲੇ ਮਾਹੌਲ ਵਿਚ ਬਿਤਾਏ ਪਰ ਫਿਰ ਅੰਗਰਜ਼ਾਂ ਨਾਲ ਸਲਾਹਾਂ ਕਰ ਕੇ ਦੋਬਾਰਾ ਸਾਜ਼ਿਸ਼ਾਂ ਸ਼ੁਰੂ ਕਰ ਦਿਤੀਆਂ। ਉਧਰ ਧਿਆਨ ਸਿੰਹ ਵੀ ਅੰਦਰੋਂ-ਅੰਦਰੀਂ ਮਹਾਰਾਜਾ ਸ਼ੇਰ ਸਿੰਘ ਤੋਂ ਖਾਰ ਖਾਣ ਲਗ ਪਿਆ ਸੀ ਕਿਉਂ ਕਿ ਮਹਾਰਾਜੇ ਨੇ ਧਿਆਨ ਸਿੰਹ ਡੋਗਰੇ ਨੂੰ ਆਪਣੇ 'ਤੇ ਹਾਵੀ ਨਹੀਂ ਸੀ ਹੋਣ ਦਿੱਤਾ, ਜਦ ਕਿ ਧਿਆਨ ਸਿੰਹ ਪਹਿਲਾਂ ਰਣਜੀਤ ਸਿੰਘ ਤੇ ਫਿਰ ਨੌਨਿਹਾਲ ਸਿੰਘ ਵੇਲੇ ਮੁਕੰਮਲ ਤਾਕਤ ਨੂੰ ਆਪਣੇ ਹੱਥ ਵਿਚ ਰੱਖਿਆ ਕਰਦਾ ਸੀ। ਇਸ ਦੌਰਾਨ ਸੰਧਾਵਾਲੀਆਂ ਅਤੇ ਧਿਆਨ ਸਿੰਹ ਵਿਚ ਹਕੂਮਤ 'ਤੇ ਕਬਜ਼ਾ ਕਰ ਕੇ ਇਸ ਨੂੰ ਆਪਸ ਵਿਚ ਵੰਡ ਲੈਣ ਬਾਰੇ ਸਮਝੌਤਾ ਵੀ ਹੋ ਗਿਆ ਸੀ। ਇਹ ਵੀ ਚਰਚਾ ਸੀ ਸੰਧਾਵਾਲੀਆਂ ਨੇ ਇਕ ਝੂਠਾ ਹੁਕਮ ਤਿਆਰ ਕਰਵਾ ਲਿਆ ਸੀ ਜਿਸ ਮੁਤਾਬਿਕ ਮਹਾਰਾਜਾ ਸ਼ੇਰ ਸਿੰਘ ਨੇ ਧਿਆਨ ਸਿੰਹ ਡੋਗਰੇ ਨੂੰ ਖ਼ਤਮ ਕਰਨ ਦੇ ਹੁਕਮ ਜਾਰੀ ਕੀਤੇ ਹੋਏ ਸਨ। ਆਪਣੀ ਮੌਤ ਨੂੰ ਸਾਹਮਣੇ ਵੇਖ ਕੇ ਹੀ ਧਿਆਨ ਸਿੰਹ ਨੇ ਸੰਧਾਵਾਲੀਆਂ ਨਾਲ ਨੇੜਤਾ ਕਾਇਮ ਕਰ ਲਈ ਸੀ।

15 ਸਤੰਬਰ 1843 ਦੇ ਦਿਨ ਮੌਕਾ ਤਾੜ ਕੇ ਅਜੀਤ ਸਿੰਘ ਸੰਧਾਵਾਲੀਆ ਨੇ ਮਹਾਰਾਜਾ ਸ਼ੇਰ ਸਿੰਘ ਨੂੰ ਗੋਲੀ ਮਾਰ ਕੇ ਮਾਰ ਦਿਤਾ ਤੇ ਉਸ ਦਾ ਸਿਰ ਵੱਢ ਲਿਆ। ਦੂਜੇ ਪਾਸੇ ਲਹਿਣਾ ਸਿੰਘ ਸੰਧਾਵਾਲੀਆਂ ਨੇ ਰੋਂਦੇ-ਕੁਰਲਾਂਦੇ 12 ਸਾਲ ਦੇ ਬੱਚੇ ਪ੍ਰਤਾਬ ਸਿੰਘ (ਪੁਤਰ ਮਹਾਰਾਜਾ ਸ਼ੇਰ ਸਿੰਘ) ਨੂੰ ਵੀ ਕਤਲ ਕਰ ਦਿੱਤਾ। ਕੁਝ ਮਗਰੋਂ ਦੋਵੇਂ ਸੰਧਾਵਾਲੀਏ ਧਿਆਨ ਸਿੰਹ ਕੋਲ ਹਜ਼ੂਰੀ ਬਾਗ ਗਏ ਤੇ ਗਲਬਾਤ ਕਰਨ ਦੇ ਬਹਾਨੇ ਉਸ ਨੂੰ ਕਿਲ੍ਹੇ ਵਿਚ ਲਿਜਾ ਕੇ ਕਤਲ ਕਰ ਦਿੱਤਾ। ਹੁਣ ਉਨ੍ਹਾਂ ਨੇ ਆਪਣੇ ਸਾਥੀਆਂ ਨੂੰ ਕਿਲ੍ਹੇ ਦੀ ਕਮਾਂਡ ਸੌਂਪ ਦਿੱਤੀ ਅਤੇ ਦਰਵਾਜ਼ੇ ਬੰਦ ਕਰਵਾ ਦਿੱਤੇ। ਸੰਧਾਵਾਲੀਏ ਹੀਰਾ ਸਿੰਹ ਤੇ ਸੁਚੇਤ ਸਿੰਹ ਡੋਗਰਾ ਨੂੰ ਵੀ ਕਤਲ ਕਰਨਾ ਚਾਹੁੰਦੇ ਸਨ ਪਰ ਉਹ ਦੋਵੇਂ ਇਨ੍ਹਾਂ ਦੇ ਹੱਥ ਨਾ ਲਗੇ।

1981: ਜਲੰਧਰ ਅਤੇ ਹਰਿਆਣਾ ਦੇ ਕਈ ਸ਼ਹਿਰਾਂ ਵਿਚ ਸਿੱਖਾਂ ਅਤੇ ਗੁਰਦੁਆਰਿਆਂ 'ਤੇ ਹਮਲੇ ਕੀਤੇ ਗਏ

9 ਸਤੰਬਰ 1981 ਦੇ ਦਿਨ ਮਾਰੇ ਗਏ ਲਾਲਾ ਜਗਤ ਨਾਰਾਇਣ ਦੀ ਦੇਹ ਨੂੰ 10 ਸਤੰਬਰ 1981 ਦੇ ਦਿਨ ਜਲੰਧਰ ਦੇ ਸ਼ਮਸ਼ਾਨ ਘਾਟ ਵਿਚ ਸਸਕਾਰਿਆ ਗਿਆ। ਉਸ ਦੀ ਲਾਸ਼ ਨੂੰ ਸ਼ਮਸ਼ਾਨ ਵੱਲ ਲਿਜਾਂਦੀ ਦਹਿਸ਼ਤਗਰਦ ਹਿੰਦੂ ਭੀੜ ਨੇ ਸਿੱਖਾਂ ਦੇ ਖ਼ਿਲਾਫ਼ ਭੜਕਾਊ ਨਾਅਰੇ ਲਾਏ ਅਤੇ ਸਿੱਖਾਂ ਅਤੇ ਸਿੱਖ ਅਦਾਰਿਆਂ ਉੱਤੇ ਹਮਲੇ ਕੀਤੇ ਜਿਸ ਨਾਲ ਕਈ ਸਿੱਖ ਜ਼ਖ਼ਮੀ ਹੋਏ। ਦਹਿਸ਼ਤਗਰਦ ਹਿੰਦੂਆਂ ਦੇ ਹਮਲੇ ਜਲੰਧਰ ਤਕ ਹੀ ਮਹਿਦੂਦ ਨਹੀਂ ਰਹੇ; 15

ਸਤੰਬਰ ਦੇ ਦਿਨ ਹਰਿਆਣਾ ਸੂਬੇ ਦੇ ਕਈ ਸ਼ਹਿਰਾਂ ਤੇ ਕਸਬਿਆਂ ਵਿਚ ਵੀ ਸਿੱਖਾਂ ਅਤੇ ਗੁਰਦੁਆਰਿਆਂ 'ਤੇ ਹਮਲੇ ਕੀਤੇ ਗਏ।

1987: ਗੁਰਦੇਵ ਸਿੰਘ ਨੰਦਾਚੌਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

15 ਸਤੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਗੁਰਦੇਵ ਸਿੰਘ ਉਰਫ਼ ਹੁਕਮ ਸਿੰਘ (ਵਾਸੀ ਨੰਦਾਚੌਰ, ਹੁਸ਼ਿਆਰਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: 'ਖ਼ੂਨੀ ਨਵੰਬਰ 1984' ਵਾਂਙ ਬਿਦਰ (ਕਰਨਾਟਕ) ਵਿਚ ਵੀ ਸਿੱਖਾਂ ਦਾ ਕਤਲੇਆਮ। ਸ਼ਿਵ ਸੈਨਾ ਦੇ ਦਹਿਸ਼ਤਗਰਦ ਹਿੰਦੂਆਂ ਨੇ ਸਿੱਖਾਂ ਦੇ ਘਰਾਂ, ਦੁਕਾਨਾਂ, ਗੁਰਦੁਆਰਿਆਂ ਅਤੇ ਖਾਲਸਾ ਕਾਲਜ 'ਤੇ ਹਮਲੇ ਕਰ ਕੇ 6 ਸਿੱਖ ਸਟੂਡੈਂਟ ਸ਼ਹੀਦ ਤੇ 125 ਜ਼ਖ਼ਮੀ ਕੀਤੇ ਤੇ 2 ਕਰੋੜ ਰੁਪੈ ਦੀ ਲੁਟਮਾਰ ਕੀਤੀ

15 ਤੇ 16 ਸਤੰਬਰ 1988 ਦੇ ਦਿਨ (ਅਤੇ ਫਿਰ ਤੀਜੀ ਵਾਰ 25 ਸਤੰਬਰ ਦੇ ਦਿਨ) ਬਿਦਰ ਸ਼ਹਿਰ ਵਿਚ ਹਿੰਦੂ ਦਹਿਸ਼ਤਗਰਦਾਂ ਨੇ ਸਿੱਖ ਇੰਜਨੀਅਰਿੰਗ ਕਾਲਜ 'ਤੇ, ਸਿੱਖ ਅਦਾਰਿਆਂ, ਘਰਾਂ ਅਤੇ ਗੁਰਦੁਆਰਿਆਂ 'ਤੇ ਹਮਲੇ ਕਰ ਕੇ 6 ਸਿੱਖ ਨੌਜਵਾਨਾਂ ਨੂੰ ਕਤਲ ਕਰ ਦਿੱਤਾ ਅਤੇ 125 ਦੇ ਕਰੀਬ ਸਿੱਖਾਂ ਨੂੰ ਜ਼ਖ਼ਮੀ ਵੀ ਕਰ ਦਿੱਤਾ, ਜਿਨ੍ਹਾਂ ਵਿਚੋਂ ਇਕ ਦਰਜਨ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਸਨ। ਕਤਲ ਕੀਤੇ ਗਏ ਨੌਜਵਾਨਾਂ ਵਿਚੋਂ 1 ਫ਼ਾਰਮੇਸੀ ਕਾਲਜ ਦਾ ਤੇ 5 ਗੁਰੂ ਨਾਨਕ ਇੰਜਨੀਅਰਿੰਗ ਕਾਲਜ ਦੇ ਸਟੂਡੈਂਟ ਸਨ: 1. ਉਪਕਾਰ ਸਿੰਘ ਪੁੱਤਰ ਲਖਬੀਰ ਸਿੰਘ, ਵਾਸੀ ਧਾਰੀਵਾਲ, ਗੁਰਦਾਸਪੁਰ. 2. ਜਸਬੀਰ ਸਿੰਘ ਪੁੱਤਰ ਜੋਗਿੰਦਰ ਸਿੰਘ ਅਨੰਦ, ਵਾਸੀ ਕੁਰੁਕਸ਼ੇਤਰ, ਹਰਿਆਣਾ. 3 ਗੁਰਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ, ਵਾਸੀ ਦਿੱਲੀ. 4. ਹਰਵਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ, ਵਾਸੀ ਬਾਰਾਬੰਕੀ, ਯੂ.ਪੀ. 5 ਅਮਰਜੀਤ ਸਿੰਘ ਪੁੱਤਰ ਗੁਰਚਰਨ ਸਿੰਘ, ਵਾਸੀ ਯੂ.ਪੀ. 6. ਬਲਵਿੰਦਰ ਸਿੰਘ ਬਾਵਰਾ ਪੁੱਤਰ ਪੂਰਨ ਸਿੰਘ ਵਾਸੀ ਜੈਪੁਰ)।

ਏਨਾ ਹੀ ਨਹੀਂ, ਪੁਲਸ ਨੇ ਸਗੋਂ ਸ਼ਿਵ ਸੈਨਾ ਦਾ ਇੱਥੋਂ ਤਕ ਸਾਥ ਦਿੱਤਾ ਕਿ ਕਾਤਲਾਂ ਨੂੰ ਫੜਨ ਦੀ ਬਜਾਇ 41 ਸਿੱਖ ਸਟੂਡੈਂਟਸ ਨੂੰ ਹੀ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਇਲਵਾ ਸਿੱਖਾਂ ਦੀ 2 ਕਰੋੜ ਰੁਪੈ ਦੀ ਦੌਲਤ ਅਤੇ ਜਾਇਦਾਦ ਜਾਂ ਤਾਂ ਲੁੱਟ ਲਈ ਤੇ ਜਾਂ ਸਾੜ ਦਿੱਤੀ। ਬਿਦਰ ਵਿਚ ਉਸ ਵੇਲੇ ਸਿੱਖਾਂ ਦੇ ਸਿਰਫ਼ 11 ਘਰ ਅਤੇ 9 ਵਪਾਰਕ ਅਦਾਰੇ ਸਨ। ਇਸ ਨਗਰ ਵਿਚ ਮਾਈ ਭਾਗੋ ਦਾ ਗੁਰਦੁਆਰਾ ਮੁਖ ਗੁਰਦੁਆਰਾ ਹੈ। ਲੋਕਲ ਫ਼ਿਰਕਾਪ੍ਰਸਤ ਪ੍ਰੈਸ ਨੇ ਇਸ ਕਤਲੇਆਮ ਤੇ ਲੁੱਟਮਾਰ ਦੀ ਖ਼ਬਰ ਤਕ ਨਾ ਦਿੱਤੀ। ਇਸ ਘਟਨਾ ਦਾ ਕਾਰਨ ਇਹ ਸੀ ਕਿ ਸ਼ਿਵ ਸੈਨਾ ਵਾਲੇ ਸਿੱਖਾਂ ਤੋਂ ਹਿੰਦੂ ਤਿਉਹਾਰਾਂ ਵਾਸਤੇ ਜਬਰੀ ਚੰਦੇ ਮੰਗਣ ਆ ਜਾਂਦੇ ਸਨ ਤੇ ਜਦ ਇਕ ਵਾਰ ਉਨ੍ਹਾਂ ਨੇ ਨਾਂਹ ਕਰ ਦਿੱਤੀ ਤਾਂ ਸੈਂਕੜੇ ਹਿੰਦੂ ਦਹਿਸ਼ਤਗਰਦਾਂ ਨੇ ਇਕੱਠੇ ਹੋ ਕੇ ਉਨ੍ਹਾਂ 'ਤੇ ਹਥਿਆਰਬੰਦ ਹਮਲਾ ਕਰ ਦਿੱਤਾ। ਇਸ ਮੌਕੇ ਤੇ ਪੁਲਸ ਚੁਪਚਾਪ ਤਮਾਸ਼ਾ ਵੇਖਦੀ ਰਹੀ। ਇਸ ਕਰ ਕੇ ਹਿੰਦੂ ਭੀੜ 'ਪੁਲਸ ਜ਼ਿੰਦਾਬਾਦ' ਦੇ ਨਾਅਰੇ ਵੀ ਲਾਉਂਦੀ ਰਹੀ। ਇਸ ਮਸਲੇ ਵਿਚ ਕਰਨਾਟਕ ਦੀ ਕਾਂਗਰਸੀ ਸਰਕਾਰ ਨੇ ਉਹੀ ਰੋਲ ਅਦਾ ਕੀਤਾ ਜੋ ਦਿੱਲੀ ਦੇ ਕਤਲੇਆਮ ਵੇਲੇ ਰਾਜੀਵ ਗਾਂਧੀ ਸਰਕਾਰ ਨੇ ਕੀਤਾ ਸੀ। ਇੰਞ ਸਾਰਾ ਕੁਝ ਖ਼ੂਨੀ ਨਵੰਬਰ 1984 ਵਾਂਙ ਹੀ ਦੁਹਰਾਇਆ ਗਿਆ।

1989: ਦਲਜੀਤ ਸਿੰਘ ਭੀਖੀ ਨਕਲੀ ਮੁਕਾਬਲੇ ਵਿਚ ਸ਼ਹੀਦ

15 ਸਤੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਦਲਜੀਤ ਸਿੰਘ (ਵਾਸੀ ਭੀਖੀ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਮਾਤਾ ਗੁਰਮੇਜ ਕੌਰ ਸ਼ਹੀਦ

15 ਸਤੰਬਰ 1992 ਦੇ ਦਿਨ ਪੁਲਸ ਨੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਮਾਤਾ ਗੁਰਮੇਜ ਕੌਰ (ਪੁੱਤਰੀ ਉਜਾਗਰ ਸਿੰਘ, ਪਤਨੀ ਬਾਪੂ ਆਤਮਾ ਸਿੰਘ, ਵਾਸੀ ਮਾਨੋਚਾਹਲ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਸ. ਸੁਰਜੀਤ ਸਿੰਘ (ਕਟੜਾ ਸ਼ੇਰ ਸਿੰਘ ਅੰਮ੍ਰਿਤਸਰ) ਦੇ ਘਰ ਤੋਂ ਗ੍ਰਿਫ਼ਤਾਰ ਕੀਤਾ।ਅਜੇ ਚਾਰ ਦਿਨ ਪਹਿਲਾਂ ਹੀ ਪੁਲਸ ਨੇ ਮਾਤਾ ਦੇ ਇਕ ਪੁੱਤਰ ਨਿਰਵੈਰ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕੀਤਾ ਸੀ।ਇਸ ਤੋਂ ਪਹਿਲਾਂ 13 ਅਪ੍ਰੈਲ 1992 ਦੇ ਦਿਨ ਪੁਲਸ ਨੇ ਬਾਬਾ ਮਾਨੋਚਾਹਲ ਦੇ ਪਿਤਾ ਬਾਪੂ ਆਤਮਾ ਸਿੰਘ ਨੂੰ ਵੀ ਇਕ ਨਕਲੀ ਮੁਕਾਬਲਾ ਦੇ ਨਾਂ 'ਤੇ ਸ਼ਹੀਦ ਕੀਤਾ ਸੀ। ਇਸ ਤੋਂ ਇਲਾਵਾ ਉਸ ਦੇ ਚਚੇਰੇ ਭਰਾ ਬਲਵਿੰਦਰ ਸਿੰਘ, ਮਹਿੰਦਰ ਸਿੰਘ ਤੇ ਹਰਜਿੰਦਰ ਸਿੰਘ ਵੀ ਪੁਲਸ ਨੇ ਨਕਲੀ ਮੁਕਾਬਲਿਆਂ ਦੇ ਨਾਂ 'ਤੇ ਮਾਰ ਦਿੱਤੇ ਸਨ। ਪੁਲਸ ਨੇ ਬਾਬਾ ਮਾਨੋਚਾਹਲ ਦੇ 42 ਰਿਸ਼ਤੇਦਾਰਾਂ ਨੂੰ ਜਾਂ ਸ਼ਹੀਦ ਕੀਤਾ ਸੀ ਜਾਂ ਜੇਲ੍ਹ ਵਿਚ ਸੁਟਿਆ ਸੀ ਤੇ ਇਹ ਸਾਰੇ ਪੁਲਸ ਦੀ ਤਸ਼ੱਦਦ ਅਤੇ ਜ਼ੁਲਮ ਦਾ ਸ਼ਿਕਾਰ ਵੀ ਹਏ ਸਨ।

ਮਾਤਾ ਜੀ ਤੋਂ ਜਥੇਦਾਰ ਮਾਨੋਚਾਹਲ ਦਾ ਪਤਾ ਲਾਉਣ ਵਾਸਤੇ ਸੀ.ਆਈ.ਏ. ਸਟਾਫ਼ ਵਿਚ ਉਨ੍ਹਾਂ 'ਤੇ ਬੇਪਨਾਹ ਤਸ਼ੱਦਦ ਕੀਤਾ ਗਿਆ, ਪਰ ਪੁਲਸੀਏ ਮਾਤਾ ਤੋਂ ਕੁਝ ਵੀ ਹਾਸਿਲ ਨਾ ਕਰ ਸਕੇ। ਉਧਰ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੂੰ 28 ਫ਼ਰਵਰੀ 1993 ਦੇ ਦਿਨ ਧੋਖੇ ਨਾਲ ਫੜ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਮਗਰੋਂ ਪੁਲਸ ਨੇ ਮਾਤਾ ਗੁਰਮੇਜ ਕੌਰ ਨੂੰ ਵੀ 16 ਮਾਰਚ 1993 ਦੇ ਦਿਨ ਸ਼ਹੀਦ ਕਰ ਦਿੱਤਾ (ਉਸ ਦਿਨ ਉਨ੍ਹਾਂ ਨੂੰ ਵੈਰੋਵਾਲ ਥਾਣੇ ਵਿਚ ਦੇਖਿਆ ਗਿਆ ਸੀ; ਇਸ ਕਰ ਕੇ ਉਸ ਦਿਨ ਜਾਂ ਇਸ ਤੋਂ ਬਾਅਦ ਸ਼ਹੀਦ ਕਰ ਦਿੱਤਾ ਗਿਆ) ਅਤੇ ਲਾਵਾਰਿਸ ਕਹਿ ਕੇ ਸਸਕਾਰ ਕਰ ਦਿੱਤਾ।

1992: ਵਰਿੰਦਰਪਾਲ ਸਿੰਘ ਬਬਰ ਦਿੱਲੀ, ਅਵਤਾਰ ਸਿੰਘ ਨੀਟਾ ਤੇ ਨਿਸ਼ਾਨ ਸਿੰਘ ਰੱਬ ਸਰਹਾਲੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਦਰਾਂ ਸਤੰਬਰ 1992 ਦੇ ਦਿਨ ਪੁਲਸ ਨੇ ਵਰਿੰਦਰਪਾਲ ਸਿੰਘ ਲੱਕੀ ਬਬਰ ਵਾਸੀ ਦਿੱਲੀ, ਅਵਤਾਰ ਸਿੰਘ ਉਰਫ਼ ਨੀਟਾ, ਨਿਸ਼ਾਨ ਸਿੰਘ ਉਰਫ਼ ਰੱਬ ਵਾਸੀ ਸਰਹਾਲੀ, ਜ਼ਿਲ੍ਹਾ ਤਰਨਤਾਰਨ ਤੇ ਸੱਤ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

2013: ਪਰਮਜੀਤ ਸਿੰਘ ਸਰਨਾ ਦੀ 'ਪੰਥਕ ਕਾਨਫ਼ਰੰਸ' ਵਿਚ ਕੂਕੇ ਨੇ ਲੈਕਚਰ ਕੀਤਾ

15 ਸਤੰਬਰ 2013 ਦੇ ਦਿਨ ਪਰਮਜੀਤ ਸਿੰਘ ਸਰਨਾ ਨੇ ਆਪਣੇ ਅਕਾਲੀ ਦਲ ਦੀ ਇਕ 'ਪੰਥਕ ਕਾਨਫ਼ਰੰਸ' ਕੀਤੀ ਜਿਸ ਵਿਚ ਕੂਕਾ ਹਰਵਿੰਦਰ ਹੰਸਪਾਲ ਸ਼ਾਮਿਲ ਹੋਣ ਵਾਸਤੇ ਪੁੱਜਾ ਤੇ ਉਸ ਨੇ ਲੈਕਚਰ ਵੀ ਕੀਤਾ (ਕੂਕੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਾ ਮੰਨਣ ਕਰ ਕੇ ਸਿੱਖੀ ਦਾ ਹਿੱਸਾ ਨਹੀਂ ਮੰਨੇ ਜਾਂਦੇ)।

16 ਸਤੰਬਰ

1692: ਬਿਲਾਸਪੁਰ ਦਾ ਰਾਜਾ ਭੀਮ ਚੰਦ ਚੜ੍ਹਾਈ ਕਰ ਗਿਆ

ਬਿਲਾਸਪੁਰ ਰਿਆਸਤ ਦਾ ਸਿੱਖ ਧਰਮ ਨਾਲ ਬਹੁਤ ਨੇੜਵਾਂ ਸਬੰਧ ਰਿਹਾ ਸੀ। 1619 ਵਿਚ ਇੱਥੋ ਦਾ ਰਾਜਾ ਕਲਿਆਣ ਚੰਦ ਤੇ ਉਸ ਦਾ ਪੁੱਤਰ ਕੰਵਰ ਤਾਰਾ ਚੰਦ, ਦੋਵੇਂ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਸਨ। ਉਨ੍ਹਾਂ ਨੂੰ ਗੁਰੂ ਹਰਗੋਬਿੰਦ ਸਾਹਿਬ ਨੇ ਰਿਹਾ ਕਰਵਾਇਆ ਸੀ। ਇਸ ਮਗਰੋਂ 1626 ਵਿਚ ਗੁਰੂ ਜੀ ਨੇ ਬਿਲਾਸਪੁਰ ਰਿਆਸਤ ਵਿਚ ਕੀਰਤਪੁਰ ਪਿੰਡ ਵਸਾਇਆ ਸੀ ਤੇ 1635 ਤੋਂ ਗੁਰੂ ਹਰਗੋਬਿੰਦ ਖ਼ੁਦ ਉਥੇ ਰਹਿਣ ਲਗ ਪਏ ਸਨ।ਕਲਿਆਣ ਚੰਦ ਤੇ ਤਾਰਾ ਚੰਦ ਰਾਜੇ ਗੁਰੂ ਸਾਹਿਬ ਦੇ ਤਾਬਿਆਦਾਰ ਰਹੇ ਸਨ ਤੇ ਤਾਰਾ ਚੰਦ ਦਾ ਪੁੱਤਰ ਦੀਪ ਚੰਦ ਵੀ ਗੁਰੂ ਜੀ ਦਾ ਵਫ਼ਾਦਾਰ ਰਿਹਾ ਸੀ। 1665 ਵਿਚ ਦੀਪ ਚੰਦ ਮਰ ਗਿਆ ਤੇ ਉਸ ਦਾ ਪੁੱਤਰ ਭੀਮ ਚੰਦ ਅਜੇ ਨਾਬਾਲਗ ਸੀ ਇਸ ਕਰ ਕੇ ਸਾਰੀ ਤਾਕਤ ਦੀਪ ਚੰਦ ਦੀ ਵਿਧਵਾ ਰਾਣੀ ਚੰਪਾ ਨੇ ਸੰਭਾਲ ਲਈ। ਉਹ ਵੀ ਸਾਰੀ ਉਮਰ ਗੁਰੂ ਜੀ ਦੀ ਵਫ਼ਾਦਾਰ ਰਹੀ। ਇਸ ਦੌਰਾਨ ਗੁਰੂ ਤੇਗ਼ ਬਹਾਦਰ ਸਾਹਿਬ ਨੇ 1665 ਵਿਚ ਚੱਕ ਨਾਨਕੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ 1689 ਵਿਚ ਅਨੰਦਪੁਰ ਵਸਾਇਆ। ਰਾਜਾ ਭੀਮ ਚੰਦ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪੂਰੀ ਤਰ੍ਹਾਂ ਵਫ਼ਾਦਾਰ ਸੀ ਪਰ ਉਸ ਦਾ ਪੁੱਤਰ ਅਜਮੇਰ ਚੰਦ ਆਪਣੇ ਵਜ਼ੀਰ ਪੰਡਿਤ ਪਰਮਾ ਨੰਦ ਦੇ ਅਸਰ ਹੇਠਾਂ ਬਹੁਤ ਜ਼ਿਆਦਾ ਸੀ ਤੇ ਪੰਡਿਤ ਪਰਮਾ ਨੰਦ ਸਿੱਖ ਧਰਮ ਨਾਲ ਖਾਰ ਖਾਂਦਾ ਸੀ। ਉਸ ਦੀ ਸਿੱਖ-ਨਫ਼ਰਤ ਹੌਲੀ-ਹੌਲੀ ਅਜਮੇਰ ਚੰਦ ਦੀ ਰੂਹ 'ਚ ਸਮਾਂਦੀ ਗਈ। ਪਰ ਜਦੋਂ ਤਕ ਭੀਮ ਚੰਦ ਤੇ ਰਾਣੀ ਚੰਪਾ ਜਿਉਂਦੇ ਰਹੇ, ਬਿਲਾਸਪੁਰ ਰਿਆਸਤ ਗੁਰੂ ਸਾਹਿਬ ਦੀ ਪੂਰੀ ਤਰ੍ਹਾਂ ਵਫ਼ਾਦਾਰ ਰਹੀ। ਗੁਰੂ ਸਾਹਿਬ ਨੇ ਵੀ ਹਰ ਵੇਲੇ ਬਿਲਾਸਪੁਰ ਰਿਆਸਤ ਅਤੇ ਹੋਰ ਪਹਾੜੀ ਰਾਜਿਆਂ ਨੂੰ ਪੂਰੀ ਸਰਪ੍ਰਸਤੀ ਦਿੱਤੀ।

12 ਮਈ 1691 ਦੇ ਦਿਨ ਬਿਲਾਸਪੁਰ ਦੀ ਮਹਾਰਾਣੀ ਚੰਪਾ ਚੜ੍ਹਾਈ ਕਰ ਗਈ। ਰਾਣੀ ਚੰਪਾ ਦਾ ਗੁਰੂ ਸਾਹਿਬ ਨਾਲ ਬੜਾ ਪਿਆਰ ਸੀ। ਰਾਣੀ ਦੀ ਸਤਾਰ੍ਹਵੀਂ 27 ਮਈ ਦੇ ਦਿਨ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਆਪਣੀ ਦਾਦੀ ਮਾਤਾ ਨਾਨਕੀ, ਪਰਿਵਾਰ ਅਤੇ ਮੁਖੀ ਸਿੱਖਾਂ ਨੂੰ ਨਾਲ ਲੈ ਕੇ ਬਿਲਾਸਪੁਰ ਗਏ। ਗੁਰੂ ਸਾਹਿਬ ਤਿੰਨ ਦਿਨ ਉੱਥੇ ਰਹੇ ਆਖ਼ਰੀ ਰਸਮਾਂ ਮਗਰੋਂ ਅਨੰਦਪੁਰ ਮੁੜ ਆਏ। ਇਸ ਵੇਲੇ ਤਕ ਅਨੰਦਪੁਰ ਸਾਹਿਬ 'ਚ ਕਾਫ਼ੀ ਮਕਾਨ ਬਣ ਚੁਕੇ ਸਨ ਤੇ ਕਿਲ੍ਹੇ ਵੀ ਪੂਰੀ ਤਰ੍ਹਾਂ ਤਿਆਰ ਹੋ ਚੁਕੇ ਸਨ। ਹੁਣ ਗੁਰੂ ਸਾਹਿਬ ਵਧੇਰਾ ਸਮਾਂ ਚੱਕ ਨਾਨਕੀ ਦੀ ਥਾਂ 'ਤੇ ਇੱਥੇ ਲੱਗ ਪਏ ਤੇ ਇੱਥੇ ਹੀ ਸੰਗਤਾਂ ਨੂੰ ਦਰਸ਼ਨ ਦੇਣ ਲਗ ਪਏ।

ਮਾਰਚ 1692 ਵਿਚ ਰਾਜਾ ਭੀਮ ਚੰਦ ਨੇ ਪਹਾੜ ਦੀਆਂ ਬਾਈ ਧਾਰਾਂ ਦੇ ਰਾਜਿਆਂ ਦਾ ਇਕੱਠ ਬੁਲਾਇਆ। ਨਦੌਣ ਦੀ ਲੜਾਈ ਮਗਰੋਂ ਮੁਗ਼ਲ ਸਰਕਾਰ ਦੇ ਹੋਣ ਵਾਲੇ ਹਮਲਿਆਂ ਦੇ ਡਰ ਹੇਠ ਰਹਿ ਰਹੇ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਦੀ ਸਰਪ੍ਰਸਤੀ ਹਾਸਿਲ ਕਰਨ ਦੀ ਖ਼ਾਹਿਸ਼ ਜ਼ਾਹਿਰ ਕੀਤੀ। ਮਾਰਚ 1692 ਦੇ ਆਖ਼ਰੀ ਹਫ਼ਤੇ ਗੁਰੂ ਸਾਹਿਬ ਬਿਲਾਸਪੁਰ ਤੇ ਮੰਡੀ ਵੱਲ ਗਏ। 29 ਮਾਰਚ ਦੇ ਦਿਨ ਰਵਾਲਸਰ 'ਚ ਸਾਰੇ ਪਹਾੜੀ ਰਾਜੇ ਇਕੱਠੇ ਹੋਏ। ਉਨ੍ਹਾਂ ਦੀ ਸਦਾਰਤ ਗੁਰੂ ਸਾਹਿਬ ਨੇ ਕੀਤੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਜੇ ਉਹ ਮੁਗ਼ਲਾਂ ਦੀ ਗ਼ੁਲਾਮੀ ਵਿਚ ਨਾ ਰਹਿਣਾ ਚਾਹੁਣ ਤਾਂ ਉਹ (ਗੁਰੂ ਸਾਹਿਬ) ਉਨ੍ਹਾਂ ਦੀ ਨਿਗਹਬਾਨੀ ਤੇ ਸਰਪ੍ਰਸਤੀ ਕਰਨ ਵਾਸਤੇ ਤਿਆਰ ਹਨ। ਸਾਰੇ ਰਾਜਿਆਂ ਨੇ ਗੁਰੂ ਸਾਹਿਬ ਦੇ ਹੁਕਮ ਨੂੰ ਮੰਨਣ ਦਾ ਵਾਅਦਾ ਕੀਤਾ। ਗੁਰੂ ਸਾਹਿਬ ਕੁਝ ਦਿਨ ਰਵਾਲਸਰ ਰਹੇ ਤੇ ਫੇਰ ਪੁਰਮੰਡਲ, ਜੰਮੂ, ਚੱਕ-ਕਾਨ੍ਹਾ, ਰਾਮਗੜ੍ਹ ਖਿਰੜੀ, ਸਾਂਬਾ, ਪਠਾਨਕੋਟ, ਹੁਸ਼ਿਆਰਪੁਰ 'ਚ ਸੰਗਤਾਂ ਨੂੰ ਦਰਸ਼ਨ ਦੇਂਦੇ ਹੋਏ ਵਾਪਿਸ ਅਨੰਦਪੁਰ ਆ ਗਏ। ਗੁਰੂ ਸਾਹਿਬ ਦੇ ਆਉਣ ਦਾ ਪਤਾ ਲੱਗਣ 'ਤੇ ਸੰਗਤਾਂ ਦੇ ਕਾਫ਼ਲੇ ਫੇਰ ਅਨੰਦਪੁਰ ਸਾਹਿਬ ਵੱਲ ਆਉਣੇ ਸ਼ੁਰੂ ਹੋ ਗਏ।

16 ਸਤੰਬਰ 1692 ਦੇ ਦਿਨ ਬਿਲਾਸਪੁਰ ਦਾ ਰਾਜਾ ਭੀਮ ਚੰਦ ਵੀ ਚੜ੍ਹਾਈ ਕਰ ਗਿਆ। ਉਸ ਦੀ ਅੰਤਿਮ ਰਸਮ 3 ਅਕਤੂਬਰ 1692 ਦੇ ਦਿਨ ਸੀ। ਭੀਮ ਚੰਦ ਦੀ ਸਤਾਰ੍ਹਵੀਂ ਦੇ ਸਬੰਧ ਵਿਚ ਗੁਰੂ ਸਾਹਿਬ ਆਪਣੀ ਦਾਦੀ ਮਾਤਾ ਨਾਨਕੀ, ਆਪਣੇ ਪਰਿਵਾਰ, ਭਾਈ ਚਉਪਤਿ ਰਾਇ ਤੇ ਕੁਝ ਮੁਖੀ ਸਿੱਖਾਂ ਨੂੰ ਲੈ ਕੇ ਅਨੰਦਪੁਰ ਤੋਂ ਬਿਲਾਸਪੁਰ ਗਏ।
ਭੀਮ ਚੰਦ ਦੀ ਮੌਤ ਮਗਰੋਂ ਅਜਮੇਰ ਚੰਦ ਹੁਣ ਪੂਰੀ ਤਰ੍ਹਾਂ ਪੰਡਿਤ ਪਰਮਾਨੰਦ ਦੇ ਅਸਰ ਹੇਠਾਂ ਆ ਗਿਆ। ਇਸ ਨਾਲ ਹੀ ਬਿਲਾਸਪੁਰ ਰਿਆਸਤ ਅਤੇ ਸਿੱਖਾਂ ਦੇ ਸਬੰਧਾਂ ਵਿਚ ਤਰੇੜ ਆਉਣੀ ਸ਼ੁਰੂ ਹੋ ਗਈ।

1843: ਮਹਾਰਾਜਾ ਸ਼ੇਰ ਸਿੰਘ ਨੂੰ ਕਤਲ ਕਰਨ ਵਾਲੇ ਸੰਧਾਵਾਲੀਏ ਮਾਰੇ ਗਏ

15 ਸਤੰਬਰ 1843 ਦੇ ਦਿਨ ਅਜੀਤ ਸਿੰਘ ਸੰਧਾਵਾਲੀਆ ਨੇ ਮਹਾਰਾਜਾ ਸ਼ੇਰ ਸਿੰਘ ਨੂੰ ਗੋਲੀ ਮਾਰ ਕੇ ਮਾਰ ਦਿਤਾ ਸੀ। ਦੂਜੇ ਪਾਸੇ ਲਹਿਣਾ ਸਿੰਘ ਸੰਧਾਵਾਲੀਆਂ ਨੇ ਰੋਂਦੇ-ਕੁਰਲਾਂਦੇ 12 ਸਾਲ ਦੇ ਬੱਚੇ ਪ੍ਰਤਾਬ ਸਿੰਘ (ਪੁਤਰ ਮਹਾਰਾਜਾ ਸ਼ੇਰ ਸਿੰਘ) ਨੂੰ ਵੀ ਕਤਲ ਕਰ ਦਿੱਤਾ। ਕੁਝ ਮਗਰੋਂ ਦੋਵੇਂ ਸੰਧਾਵਾਲੀਏ ਧਿਆਨ ਸਿੰਹ ਕੋਲ ਹਜ਼ੂਰੀ ਬਾਗ ਗਏ ਤੇ ਗਲਬਾਤ ਕਰਨ ਦੇ ਬਹਾਨੇ ਉਸ ਨੂੰ ਕਿਲ੍ਹੇ ਵਿਚ ਲਿਜਾ ਕੇ ਕਤਲ ਕਰ ਦਿੱਤਾ। ਉਧਰ ਜਦ ਹੀਰਾ ਸਿੰਹ ਡੋਗਰਾ ਨੂੰ ਆਪਣੇ ਬਾਪ ਦੇ ਕਤਲ ਦੀ ਖ਼ਬਰ ਮਿਲੀ ਤਾਂ ਉਹ ਰੋਣ-ਕੁਰਲਾਉਣ ਲਗ ਪਿਆ। ਉਸ ਦੇ ਵਜ਼ੀਰ ਪੰਡਤ ਜਲ੍ਹਾ ਨੇ ਉਸ ਨੂੰ ਸਲਾਹ ਦਿਤੀ ਕਿ ਉਹ ਫ਼ੌਜ ਨੂੰ ਆਪਣੇ ਨਾਲ ਰਲਾ ਲਏ। ਇਸ 'ਤੇ ਹੀਰਾ ਸਿੰਹ ਫ਼ੌਜ ਲੈ ਕੇ ਲਾਹੌਰ ਨੂੰ ਚਲ ਪਿਆ। ਉਸ ਨੇ ਬੁੱਧੂ ਦੇ ਆਵੇ ਕੋਲ ਜਾ ਡੇਰੇ ਲਾ ਲਏ। ਇਸ ਦੇ ਨਾਲ ਹੀ ਉਸ ਨੇ ਇਕ ਦਮ ਫ਼ੌਜੀਆਂ ਦੀਆਂ ਤਨਖ਼ਾਹਾਂ ਵਧਾ ਕੇ ਉਨ੍ਹਾਂ ਨੂੰ ਆਪਣੇ ਹਿਮਾਇਤੀ ਬਣਾ ਲਿਆ। ਹੀਰਾ ਸਿੰਹ ਨੇ ਸੰਧਾਵਾਲੀਆਂ ਨੂੰ ਅੰਗਰੇਜ਼ਾਂ ਦੇ ਏਜੰਟ ਆਖ ਕੇ ਫ਼ੌਜ ਨੂੰ ਭੜਕਾ ਵੀ ਦਿਤਾ। ਇਸ ਫ਼ੌਜ ਨੇ ਲਾਹੌਰ ਕਿਲ੍ਹੇ 'ਤੇ ਹਮਲਾ ਕਰ ਦਿਤਾ। ਡੇਢ ਦਿਨ ਦੀ ਲੜਾਈ ਮਗਰੋਂ ਕਿਲ੍ਹਾ ਜਿਤਿਆ ਗਿਆ। ਇਸ ਲੜਾਈ ਵਿਚ ਇਕ ਹਜ਼ਾਰ ਦੇ ਕਰੀਬ ਬੰਦੇ ਦੋਹਾਂ ਪਾਸਿਆਂ ਤੋਂ ਮਾਰੇ ਗਏ। ਲਹਿਣਾ ਸਿੰਘ ਨੂੰ ਇਸ ਲੜਾਈ ਵਿਚ ਗੋਲੀ ਲਗੀ ਤੇ ਉਹ ਥਾਏਂ ਹੀ ਮਾਰਿਆ ਗਿਆ। ਅਜੀਤ ਸਿੰਘ ਨੇ ਸੰਗਲ ਨਾਲ ਕਿਲ੍ਹੇ ਦੀ ਕੰਧ ਤੋਂ ਉਤਰਨ ਦੀ ਕੋਸ਼ਿਸ਼ ਕੀਤੀ। ਕਿਸੇ ਸਿਪਾਹੀ ਨੇ ਉਸ ਨੂੰ ਪਛਾਣ ਲਿਆ ਤੇ ਫੜ ਕੇ ਉਸ ਦਾ ਸਿਰ ਵੱਢ ਲਿਆ। ਅਜੀਤ ਸਿੰਘ ਦੇ ਨਾਲ ਹੀ ਲਹਿਣਾ ਸਿੰਘ ਦਾ ਸਿਰ ਵੀ ਵੱਢ ਕੇ ਕਿਲ੍ਹੇ ਦੇ ਦਰਵਾਜ਼ੇ 'ਤੇ ਲਟਕਾ ਦਿਤਾ ਗਿਆ। ਇਨਾਂ ਦੇ ਸਾਥੀਆਂ ਗੁਰਮੁਖ ਸਿੰਘ ਗਿਆਨੀ (ਪੁੱਤਰ ਸੰਤ ਸਿੰਘ ਗਿਆਨੀ), ਬੇਲੀ ਰਾਮ ਤੋਸ਼ਾਖ਼ਾਨੀਆ ਤੇ ਰਾਮ ਕਿਸ਼ਨ ਨੂੰ ਵੀ ਫੜ ਕੇ ਬੇਦਰਦੀ ਨਾਲ ਕਤਲ ਕਰ ਦਿੱਤਾ ਗਿਆ। ਉਨ੍ਹਾਂ ਦੀਆਂ ਲਾਸ਼ਾਂ ਵੀ ਗੰਦਗੀ ਵਿਚ ਸੁੱਟ ਕੇ ਜ਼ਮੀਨ ਵਿਚ ਦਬਾ ਦਿਤੀਆਂ ਗਈਆਂ।

1981 ਲਾਲਾ ਜਗਤ ਨਾਰਾਇਣ ਕਤਲ ਕਾਂਡ ਵਿਚ ਵਾਰੰਟ ਕੱਢੇ ਜਾਣ ਮਗਰੋਂ ਭਿੰਡਰਾਂਵਾਲਿਆਂ ਵੱਲੋਂ 20 ਸਤੰਬਰ ਨੂੰ ਗ੍ਰਿਫ਼ਤਾਰੀ ਦੇਣ ਦਾ ਐਲਾਨ

9 ਸਤੰਬਰ 1982 ਦੇ ਦਿਨ ਕਤਲ ਹੋਏ ਲਾਲਾ ਜਗਤ ਨਾਰਾਇਣ ਦੇ ਕਤਲ ਦੇ ਸਬੰਧ ਵਿਚ ਪੁਲੀਸ ਨੇ ਭਿੰਡਰਾਂਵਾਲਿਆਂ 'ਤੇ ਵੀ ਕੇਸ ਦਰਜ ਕਰ ਲਿਆ ਸੀ ਤੇ ਉਸ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਪੁਲੀਸ ਭੇਜ ਦਿੱਤੀ ਸੀ। ਭਿੰਡਰਾਂਵਾਲਾ ਉਸ ਵੇਲੇ ਹਰਿਆਣਾ ਦੇ ਪਿੰਡ ਚੌਦੋ ਕਲਾਂ ਵਿਚ ਸਨ। ਜਦੋਂ ਉਨ੍ਹਾਂ ਨੂੰ ਪਤਾ ਲਾ ਕਿ ਪੁਲੀਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਆ ਰਹੀ ਹੈ ਤਾਂ ਉਹ ਉੱਥੋਂ ਨਿਕਲ ਗਏ ਅਤੇ ਆਪਣੇ ਡੇਰੇ ਚੌਂਕ ਮਹਿਤਾ ਪੁੱਜ ਗਏ। ਪੰਜਾਬ ਪੁਲੀਸ ਨੇ ਜਦੋਂ ਚੌਦੋਂ ਕਲਾਂ ਪੁੱਜ ਕੇ ਵੇਖਿਆ ਕਿ ਭਿੰਡਰਾਂਵਾਲਾ ਉੱਥੋਂ ਜਾ ਚੁਕੇ ਹਨ ਤਾਂ

ਸਿਪਾਹੀਆਂ ਨੇ ਗੁੱਸੇ ਵਿਚ ਆ ਕੇ ਭਿੰਡਰਾਂ-ਮਹਿਤਾ ਜਥੇ ਦੀਆਂ ਬੱਸਾਂ ਅਤੇ ਹੋਰ ਕੁਝ ਸਾਮਾਨ ਨੂੰ ਅੱਗ ਲਾ ਦਿੱਤੀ। ਇਸ ਵਿਚ ਗੁਰਬਾਣੀ ਦੇ ਗੁਟਕੇ ਤੇ ਕੁਝ ਹੋਰ ਧਾਰਮਿਕ ਲਿਟਰੇਚਰ ਵੀ ਸੀ। ਇਸ ਤੋਂ ਇਲਾਵਾ ਪੁਲਸ ਨੇ ਬੇਗੁਨਾਹ ਪਿੰਡ ਵਾਸੀਆਂ 'ਤੇ ਜ਼ੁਲਮ ਵੀ ਕੀਤਾ। ਇਸ ਜ਼ੁਲਮ ਦੇ ਜ਼ਿੰਮੇਦਾਰ ਪੁਲਸ ਡੀ.ਆਈ.ਜੀ. ਮਾਂਗਟ ਅਤੇ ਲੁਧਿਆਣਾ ਦਾ ਐਸ.ਐਸ.ਪੀ. ਡੀ.ਆਰ. ਭੱਟੀ ਸਨ।

ਉਧਰ ਬਾਬਾ ਜਰਨੈਲ ਸਿੰਘ ਉੱਥੋਂ ਮਹਿਫ਼ੂਜ਼ ਨਿਕਲ ਗਏ ਅਤੇ ਰਾਜਿਸਥਾਨ ਦੇ ਰਸਤੇ ਆਪਣੇ ਡੇਰੇ ਚੌਂਕ ਮਹਿਤਾ ਪੁੱਜ ਗਏ। ਭਿੰਡਰਾਂਵਾਲਿਆਂ ਨੇ ਚੌਂਕ ਮਹਿਤਾ ਵਿਚ ਪੁੱਜ ਕੇ 16 ਸਤੰਬਰ ਦੇ ਦਿਨ ਐਲਾਨ ਕੀਤਾ ਕਿ ਮੈਂ 20 ਸਤੰਬਰ ਦੇ ਦਿਨ ਸੰਗਤਾਂ ਦਾ ਇਕੱਠ ਕਰ ਕੇ ਕੌਮ ਦੀ ਮਨਜ਼ੂਰੀ ਅਤੇ ਅਸੀਸ ਲੈ ਕੇ ਗ੍ਰਿਫ਼ਤਾਰੀ ਦੇਵਾਂਗਾ।

1981: ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ 'ਤੇ ਪੁਲਸ ਦਾ ਕਹਿਰ

ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਉੱਤੇ ਲਾਲ ਜਗਤ ਨਾਰਾਇਣ ਦੇ ਕਤਲ ਦਾ ਕੇਸ ਦਰਜ ਕਰਨ ਅਤੇ 12 ਸਤੰਬਰ ਦੇ ਦਿਨ ਚੰਦੋ ਕਲਾਂ ਪਿੰਡ ਵਿਚ ਪੁਲਸ ਦੇ ਜ਼ੁਲਮ ਦੇ ਖ਼ਿਲਾਫ਼ ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਨੇ 16 ਸਤੰਬਰ 1981 ਦੇ ਦਿਨ ਪ੍ਰੋਟੈਸਟ ਕੀਤਾ। ਪ੍ਰੋਟੈਸਟ ਕਰਦੇ ਵਿਦਿਆਰਥੀਆਂ ਉੱਤੇ ਪੁਲੀਸ ਵੱਲੋਂ ਬੇਤਹਾਸ਼ਾ ਲਾਠੀਚਾਰਜ ਕੀਤਾ ਗਿਆ। ਜਦੋਂ ਵਿਦਿਆਰਥੀ ਦੌੜ ਕੇ ਕਾਲਜ ਵਿਚ ਜਾ ਵੜੇ ਤਾਂ ਪੁਲੀਸ ਕਾਲਜ ਵਿਚ ਵੀ ਦਾਖ਼ਿਲ ਹੋ ਗਈ। ਪੁਲੀਸ ਨੇ ਕਾਲਜ ਅਤੇ ਹੋਸਟਲ ਦੀ ਇਮਾਰਤ ਵਿਚ ਦਾਖ਼ਿਲ ਹੋ ਕੇ ਅੰਨ੍ਹੇ-ਵਾਹ ਲਾਠੀਚਾਰਜ ਕੀਤਾ। ਇਸ ਨਾਲ 40-50 ਵਿਦਿਆਰਥੀ ਅਤੇ ਕੁਝ ਪ੍ਰੋਫ਼ੈਸਰ ਜ਼ਖ਼ਮੀ ਹੋ ਗਏ। ਇਸ ਤੋਂ ਇਲਾਵਾ 40 ਵਿਦਿਆਰਥੀ ਅਤੇ ਕੁਝ ਪ੍ਰੋਫ਼ੈਸਰ ਗ੍ਰਿਫ਼ਤਾਰ ਵੀ ਕੀਤੇ ਗਏ।

1987: ਲਹਿੰਬਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਸਿੱਖ ਨੌਜਵਾਨਾਂ ਦਾ ਕਤਲੇਆਮ ਕਰਨ ਦੀ ਮੁਹਿੰਮ ਹੇਠ ਪੰਜਾਬ ਪੁਲਸ ਨੇ 16 ਸਤੰਬਰ 1987 ਦੇ ਦਿਨ ਲਹਿੰਬਰ ਸਿੰਘ ਨਾਂ ਦੇ ਇਕ ਸਿੱਖ ਨੌਜਵਾਨ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਦਿਲਬਾਗ ਸਿੰਘ ਪੱਧਰੀ ਕਲਾਂ, ਜਸਵੰਤ ਸਿੰਘ ਭੱਠਲ ਭਾਈਕੇ ਤੇ ਬਖਤਾਵਰ ਸਿੰਘ ਮਨਿਹਾਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਸਿੱਖ ਨੌਜਵਾਨਾਂ ਦਾ ਕਤਲੇਆਮ ਕਰਨ ਦੀ ਮੁਹਿੰਮ ਹੇਠ ਪੰਜਾਬ ਪੁਲਸ ਨੇ 16 ਸਤੰਬਰ 1990 ਦੇ ਦਿਨ ਦਿਲਬਾਗ ਸਿੰਘ (ਵਾਸੀ ਪੱਧਰੀ ਕਲਾਂ), ਜਸਵੰਤ ਸਿੰਘ (ਵਾਸੀ ਭੱਠਲ ਭਾਈਕੇ) ਤੇ ਬਖਤਾਵਰ ਸਿੰਘ (ਵਾਸੀ ਮਨਿਹਾਲਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਡਾ. ਕੁਲਦੀਪ ਸਿੰਘ ਮਰੜ, ਨਰਿੰਦਰ ਸਿੰਘ ਕੁੱਕੂ ਮਲਕਸਰ ਘੜੂਆਂ) ਤੇ ਮਨਪ੍ਰੀਤ ਸਿੰਘ ਬਬਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਸਿੱਖ ਨੌਜਵਾਨਾਂ ਦਾ ਕਤਲੇਆਮ ਕਰਨ ਦੀ ਮੁਹਿੰਮ ਹੇਠ ਪੰਜਾਬ ਪੁਲਸ ਨੇ 16 ਸਤੰਬਰ 1990 ਦੇ ਦਿਨ ਡਾ. ਕੁਲਦੀਪ ਸਿੰਘ ਬਬਰ (ਵਾਸੀ ਮਰੜ, ਅੰਮ੍ਰਿਤਸਰ), ਨਰਿੰਦਰ

ਸਿੰਘ ਕੁੱਕੂ, (ਵਾਸੀ ਮਲਕਸਰ ਘੜੂਆਂ) ਤੇ ਮਨਪ੍ਰੀਤ ਸਿੰਘ ਬਬਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤੇ।

1992: ਸ਼ਾਮ ਸਿੰਘ ਮੱਤੇਵਾਲ, ਲਖਵਿੰਦਰ ਸਿੰਘ ਲੱਖਾ, ਪੰਥਜੀਤ ਸਿੰਘ ਦਿੱਲੀ, ਮਨਜਿੰਦਰ ਸਿੰਘ ਮਾਨੋਚਾਹਲ, ਅਵਤਾਰ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ। ਦਰਸ਼ਨ ਸਿੰਘ ਲਸੋਈ ਨੇ ਸਾਇਆਨਾਈਡ ਕੈਪਸੂਲ ਖਾ ਕੇ ਜਾਨ ਦਿੱਤੀ

ਸੋਲਾਂ ਸਤੰਬਰ 1992 ਦੇ ਦਿਨ ਪੁਲਸ ਨੇ ਸ਼ਾਮ ਸਿੰਘ ਮੱਤੇਵਾਲ (ਪੁੱਤਰ ਭਾਨ ਸਿੰਘ, ਵਾਸੀ ਮੱਤੇਵਾਲ, ਜ਼ਿਲ੍ਹਾ ਗੁਰਦਾਸਪੁਰ), ਲਖਵਿੰਦਰ ਸਿੰਘ ਉਰਫ਼ ਲੱਖਾ, ਪੰਥਜੀਤ ਸਿੰਘ ਦਿੱਲੀ, ਮਨਜਿੰਦਰ ਸਿੰਘ ਮਾਨੋਚਾਹਲ, ਅਵਤਾਰ ਸਿੰਘ ਉਰਫ਼ ਠਾਕਰ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ। ਦਿਨ ਹੀ ਜਦ ਦਰਸ਼ਨ ਸਿੰਘ ਲਸੋਈ ਪੁਲੀਸ ਘੇਰੇ ਵਿਚ ਆ ਗਿਆ ਤਾਂ ਉਸ ਨੇ ਪੁਲਸ ਤਸ਼ੱਦਦ ਸਹਿਣ ਮਗਰੋਂ ਨਕਲੀ ਮੁਕਾਬਲੇ ਵਿਚ ਮਾਰੇ ਜਾਣ ਦੀ ਜਗਹ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿੱਤੀ।

17 ਸਤੰਬਰ

1932: ਬ੍ਰਿਟਿਸ਼ ਸਰਕਾਰ ਦੇ ਫਿਰਕੂ ਫ਼ੈਸਲੇ ਦੇ ਖ਼ਿਲਾਫ਼ ਸਿੱਖਾਂ ਨੇ ਪ੍ਰੋਟੈਸਟ ਦਿਨ ਮਨਾਇਆ

ਨਵੰਬਰ 1927 ਵਿਚ ਲਾਰਡ ਬੀਰਕਨਹੈੱਡ ਨੇ ਆਖਿਆ ਸੀ ਕਿ ਭਾਰਤ ਦੀਆਂ ਵੱਖ-ਵੱਖ ਕੌਮਾਂ ਆਪਣੇ ਫ਼ਿਰਕੂ ਮਸਲੇ ਦਾ ਹੱਲ ਨਹੀਂ ਕੱਢ ਸਕਦੀਆਂ, ਹੁਣ ਜ਼ਾਹਿਰਾ ਤੌਰ 'ਤੇ ਸਾਬਿਤ ਹੋ ਗਿਆ ਸੀ। ਨਤੀਜੇ ਦੇ ਤੌਰ 'ਤੇ ਰੈਮਜ਼ੇ ਮੈਕਡਾਨਲਡ ਨੂੰ ਆਪਣਾ 'ਸਾਲਸੀ' ਫ਼ੈਸਲਾ ਦੇਣ ਦੀ ਖੁਲ੍ਹ ਮਿਲ ਗਈ (ਤੇ ਇਹ 17 ਅਗਸਤ 1932 ਦੇ ਦਿਨ 'ਫ਼ਿਰਕੂ ਫ਼ੈਸਲੇ' ਦੀ ਸ਼ਕਲ ਵਿਚ ਸਾਹਮਣੇ ਆਇਆ।)

ਜਦੋਂ ਹਿੰਦੂ, ਮੁਸਲਮਾਨ ਅਤੇ ਸਿੱਖ ਭਾਰਤੀ ਆਈਨ ਹੇਠ ਹੋਣ ਵਾਲੀਆਂ ਚੋਣਾਂ ਵਿਚ ਸੀਟਾਂ ਦੀ ਵੰਡ ਬਾਰੇ ਫ਼ਿਰਕੂ ਮਸਲੇ ਦਾ ਹੱਲ ਕੱਢਣ ਵਿਚ ਨਾਕਾਮਯਾਬ ਹੋ ਗਏ ਤਾਂ ਬਰਤਾਨਵੀ ਪ੍ਰਾਈਮ ਮਨਿਸਟਰ ਨੂੰ ਇਸ ਬਾਰੇ ਆਪਣਾ ਫ਼ੈਸਲਾ ਦੇਣਾ ਪਿਆ। ਇਹ ਫ਼ੈਸਲਾ 17 ਅਗਸਤ 1932 ਵਾਲੇ ਦਿਨ ਦਿੱਤਾ ਗਿਆ। ਇਸ ਦਾ ਨਾਂ ''ਫ਼ਿਰਕੂ ਫੈਸਲਾ'' ਵਜੋਂ ਜਾਣਿਆ ਗਿਆ। ਇਸ ਫ਼ੈਸਲੇ ਮੁਤਾਬਿਕ ਪੰਜਾਬ ਦੀ ਅਸੈਂਬਲੀ ਦੀਆਂ 17 ਅਗਸਤ 1932 ਤੋਂ ਪਹਿਲਾਂ ਦੀਆਂ 14 ਸਪੈਸ਼ਲ ਸੀਟਾਂ ਵਿਚੋਂ 2 ਮੁਸਲਮਾਨਾਂ ਨੂੰ ਅਤੇ ਇਕ-ਇਕ ਸਿੱਖਾਂ ਤੇ ਹਿੰਦੂਆਂ ਨੂੰ ਦੇ ਦਿਤੀ ਗਈ। ਇਹ ਦਰਅਸਲ ਪਹਿਲਾਂ ਵਾਲਾ ਤਨਾਸਬ ਹੀ ਸੀ, ਜਿਸ ਦਾ ਮਤਲਬ ਸੀ ਕੋਈ ਵੀ ਅਹਿਮ ਤਬਦੀਲੀ ਨਾ ਕਰਨਾ। ਉੱਵ ਇਹ ਅਸਿੱਧੇ ਤੌਰ ਤੇ ਮੁਸਲਿਮ ਅਕਸਰੀਅਤ ਹੀ ਸੀ, ਕਿਉਂਕਿ ਉਨ੍ਹਾਂ ਨੂੰ 175 ਵਿਚੋਂ ਅਕਸਰੀਅਤ ਵਾਸਤੇ ਸਿਰਫ਼ 88 ਸੀਟਾਂ ਦੀ ਲੋੜ ਸੀ। ਉਨ੍ਹਾਂ ਕੋਲ 86 ਸਿੱਧੀਆਂ ਸੀਟਾਂ ਸਨ ਅਤੇ ਜ਼ਿਮੀਦਾਰਾਂ, ਮਜ਼ਦੂਰਾਂ, ਯੂਨੀਵਰਸਿਟੀ ਤੇ ਵਪਾਰੀਆਂ ਦੀਆਂ ਸੀਟਾਂ ਵਿਚੋਂ 4-5 ਉਹ ਆਸਾਨੀ ਨਾਲ ਲਿਜਾ ਸਕਦੇ ਸਨ। ਸਿਰਫ਼ ਦੇਣਾ ਹੀ ਨਹੀਂ ਬਲਕਿ ਈਸਾਈਆਂ, ਐਂਗਲੋ ਇੰਡੀਅਨਜ਼ ਤੇ ਯੂਰਪੀਨਾਂ ਨੇ ਵੀ ਉਨ੍ਹਾਂ ਦਾ ਹੀ ਸਾਥ ਦੇਣਾ ਸੀ। ਪੰਜਾਬ ਵਿਚ ਮੁਸਲਿਮ ਅਕਸਰੀਅਤ ਮੰਨ ਲੈਣ ਨਾਲ ਸਾਰੇ ਭਾਰਤ ਵਿਚ ਆਮ ਕਰ ਕੇ, ਤੇ ਸਿੱਖਾਂ ਵਿਚ ਖ਼ਾਸ ਕਰ ਕੇ, ਤਿੱਖੀ ਮੁਖ਼ਾਲਫ਼ਤ ਹੋਈ। ਇਹ ਐਵਾਰਡ ਇਕ ਤਰ੍ਹਾਂ ਨਾਲ ਜਿਨਾਹ ਦੇ 14 ਨੁਕਾਤੀ ਐਲਾਨ ਨਾਮੇ ਦੇ ਇਕ ਨੁਕਤੇ ਨੂੰ ਪੂਰਾ ਕਰਦਾ ਸੀ।

ਇਸ ਫ਼ਿਰਕੂ ਫ਼ੈਸਲੇ ਦੇ ਨਤੀਜੇ ਦੀ ਭਿਣਕ ਸਾਰਿਆਂ ਨੂੰ ਪਹਿਲੋਂ ਹੀ ਪੈਣ ਲਗ ਪਈ ਸੀ। ਇਸ ਗੱਲ ਨੂੰ ਭਾਂਪਦਿਆਂ ਹੋਇਆਂ ਸੈਂਟਰਲ ਸਿੱਖ ਲੀਗ ਨੇ ਇਕ ਆਲ ਪਾਰਟੀਜ਼ ਸਿੱਖ ਕਾਨਫ਼ਰੰਸ 24 ਜੁਲਾਈ 1932 ਦੇ ਦਿਨ ਲਾਹੌਰ ਵਿਚ ਰਣਜੀਤ ਸਿੰਘ ਦੀ ਸਮਾਧ ਵਾਲੀ

ਬਿਲਡਿੰਗ ਵਿਚ ਬੁਲਾ ਲਈ ਸੀ। ਇਸ ਮੀਟਿੰਗ ਵਿਚ 500 ਤੋਂ ਵੱਧ ਸਿਰਕਰਦਾ ਸਿੱਖ ਆਗੂ ਤੇ ਵਰਕਰ ਸ਼ਾਮਿਲ ਹੋਏ। ਇਨ੍ਹਾਂ ਵਿਚੋਂ ਮੁਖ ਸਨ: ਸੰਪੂਰਨ ਸਿੰਘ ਐਮ.ਐਲ.ਸੀ., ਸੰਤ ਸਿੰਘ ਐਮ.ਪੀ., ਸ:ਬ: ਮਹਿਤਾਬ ਸਿੰਘ, ਗਿ: ਸ਼ੇਰ ਸਿੰਘ, ਅਮਰ ਸਿੰਘ ਸ਼ੇਰੇ-ਪੰਜਾਬ, ਭਗਤ ਜਸਵੰਤ ਸਿੰਘ, ਗੁਰਮੁਖ ਸਿੰਘ ਮੁਸਾਫ਼ਿਰ, ਅਵਤਾਰ ਸਿੰਘ ਬੈਰਿਸਟਰ, ਹੀਰਾ ਸਿੰਘ ਦਰਦ, ਗਿਆਨੀ ਕਰਤਾਰ ਸਿੰਘ, ਤੇਜਾ ਸਿੰਘ ਅਕਰਪੁਰੀ, ਗੋਪਾਲ ਸਿੰਘ ਕੌਮੀ, ਭਾਗ ਸਿੰਘ ਵਕੀਲ, ਕਰਤਾਰ ਸਿੰਘ ਝੱਬਰ, ਉੱਜਲ ਸਿੰਘ ਵਗ਼ੈਰਾ। ਇਸ ਇਕੱਠ ਵਿਚ ਸ਼੍ਰੋਮਣੀ ਅਕਾਲੀ ਦਲ, ਸੈਂਟਰਲ ਸਿੱਖ ਲੀਗ, ਚੀਫ਼ ਖਾਲਸਾ ਦੀਵਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੈਂਟਰਲ ਅਕਾਲੀ ਦਲ, ਸਿੱਖ ਨੈਸ਼ਨਲਿਸਟ ਪਾਰਟੀ ਅਤੇ ਹੋਰ ਕਈ ਜਥੇਬੰਦੀਆਂ ਦੇ ਨੁੰਮਾਇੰਦਿਆਂ ਨੇ ਹਿੱਸਾ ਲਿਆ। ਮਾਸਟਰ ਤਾਰਾ ਸਿੰਘ ਇਸ ਕਾਨਫ਼ਰੰਸ ਵਿਚ ਸ਼ਾਮਿਲ ਨਾ ਹੋ ਸਕਿਆ ਕਿਉਂ ਕਿ ਉਸ ਦੇ ਲਾਹੌਰ ਦਾਖ਼ਲੇ 'ਤੇ ਪਾਬੰਦੀ ਲਗੀ ਹੋਈ ਸੀ। ਪਰ ਉਹ ਰਾਵੀ ਤੋਂ ਪਾਰ ਸ਼ਾਹਦਰਾ ਵਿਚ ਬੈਠਾ ਕਾਨਫ਼ਰੰਸ ਦੀ ਕਾਰਵਾਈ ਚਲਾਉਂਦਾ ਰਿਹਾ।

ਇਸ ਆਲ ਪਾਰਟੀਜ਼ ਸਿੱਖ ਕਾਨਫ਼ਰੰਸ ਨੇ ਫ਼ੈਸਲਾ ਕੀਤਾ ਕਿ ਸਿੱਖ ਮੁਸਲਮਾਨਾਂ ਦੀ ਅਕਸਰੀਅਤ ਨੂੰ ਕਬੂਲ ਨਹੀਂ ਕਰਨਗੇ। ਸਿੱਖ ਅਜਿਹਾ ਫ਼ਿਰਕੂ ਫ਼ੈਸਲਾ ਮਨਜ਼ੂਰ ਨਹੀਂ ਕਰਨਗੇ। ਇਸ ਆ ਰਹੇ ਫ਼ਿਰਕੂ ਫ਼ੈਸਲੇ ਦੇ ਖ਼ਿਲਾਫ਼ ਜੱਦੋਜਹਿਦ ਕਰਨ ਵਾਸਤੇ ਇਕ 17 ਮੈਂਬਰੀ ''ਕੌਂਸਲ ਆਫ਼ ਐਕਸ਼ਨ'' ਬਣਾਈ ਗਈ। ਇਸ ''ਕੌਂਸਲ ਆਫ਼ ਐਕਸ਼ਨ'' ਵਿਚ ਹੋਰਨਾਂ ਤੋਂ ਇਲਾਵਾ ਹੇਠ ਲਿਖੇ ਮੈਂਬਰ ਵੀ ਸ਼ਾਮਿਲ ਸਨ: ਮਾਸਟਰ ਤਾਰਾ ਸਿੰਘ, ਗਿ: ਸ਼ੇਰ ਸਿੰਘ, ਭਾਗ ਸਿੰਘ ਵਕੀਲ, ਅਵਤਾਰ ਸਿੰਘ ਬੈਰਿਸਟਰ ਗੁਜਰਾਂਵਾਲਾ, ਸੰਪੂਰਨ ਸਿੰਘ ਐਮ.ਐਲ.ਸੀ., ਸੰਤ ਸਿੰਘ ਐਮ.ਪੀ., ਗਿ: ਕਰਤਾਰ ਸਿੰਘ, ਅਮਰ ਸਿੰਘ ਸ਼ੇਰੇ-ਪੰਜਾਬ, ਸੁੰਦਰ ਸਿੰਘ ਮਜੀਠੀਆ, ਸ:ਬ: ਮਹਿਤਾਬ ਸਿੰਘ, ਉੱਜਲ ਸਿੰਘ, ਬੂਟਾ ਸਿੰਘ ਐਮ.ਐਲ.ਸੀ.।

29 ਜੁਲਾਈ ਨੂੰ ਇਸ ਕੌਂਸਲ ਦੀ ਮੀਟਿੰਗ ਸ਼ਾਹਦਰਾ ਵਿਚ ਹੋਈ। ਇਸ ਵਿਚ ਸੇਵਾ ਸਿੰਘ ਠੀਕਰੀਵਾਲਾ ਨੂੰ ਵੀ ਨਵਾਂ ਮੈਂਬਰ ਪਾ ਲਿਆ ਗਿਆ। ਇਸ ਮੀਟਿੰਗ ਵਿਚ ਇਕ ਲੱਖ ਸਿੱਖਾਂ ਦੀ 'ਅਕਾਲੀ ਸ਼ਹੀਦੀ ਫੌਜ' ਬਣਾਉਣ ਵਾਸਤੇ ਭਰਤੀ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਗਿਆ।

ਇਨ੍ਹਾਂ ਦਿਨਾਂ ਵਿਚ ਹੀ ਪੰਜਾਬ ਦਾ ਗਵਰਨਰ ਚਾਰ ਮਹੀਨੇ ਵਾਸਤੇ ਛੁੱਟੀ ਤੇ ਜਾ ਰਿਹਾ ਸੀ। ਉਸ ਦੀ ਥਾਂ 'ਤੇ ਆਰਜ਼ੀ ਤੌਰ 'ਤੇ ਗਵਰਨਰ ਬਣਨ ਵਾਸਤੇ ਸਰ ਸਿਕੰਦਰ ਖ਼ਾਹਿਸ਼ਮੰਦ ਸੀ। ਉਸ ਨੇ ਆਪਣੇ ਆਪ ਨੂੰ ਸਾਰੇ ਫ਼ਿਕਰਿਆਂ ਨੂੰ ਮਨਜ਼ੂਰ ਸ਼ਖ਼ਸ ਸਾਬਿਤ ਕਰਨ ਵਾਸਤੇ ਸਿੱਖ ਨੁੰਮਾਇੰਦਿਆਂ ਦੀ ਵੀ ਹਿਮਾਇਤ ਹਾਸਿਲ ਕਰਨ ਦੀ ਕੋਸ਼ਿਸ਼ ਕੀਤੀ। ਇਸ ਸਬੰਧ ਵਿਚ ਉਸ ਨੇ 4 ਅਗਸਤ 1932 ਨੂੰ ਉੱਜਲ ਸਿੰਘ, ਸੰਪੂਰਨ ਸਿੰਘ, ਗਿ: ਸ਼ੇਰ ਸਿੰਘ ਤੇ ਗਿ: ਕਰਤਾਰ ਸਿੰਘ ਨੂੰ ਸ਼ਿਮਲੇ ਬੁਲਾਇਆ। ਸਿਕੰਦਰ ਨੇ ਇਨ੍ਹਾਂ ਨੂੰ 'ਯਕੀਨ' ਦਿਵਾਇਆ ਕਿ ਉਹ ਆ ਰਹੇ ਕਮਿਊਨਲ ਐਵਾਰਡ (ਫ਼ਿਰਕੂ ਫ਼ੈਸਲਾ) ਵਿਚ ਸਿੱਖਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰੇਗਾ। 14 ਅਗਸਤ ਦੇ ਦਿਨ 'ਕੌਂਸਲ ਆਫ਼ ਐਕਸ਼ਨ' ਨੇ ਸਰ ਸਿਕੰਦਰ ਦੀ ਮਦਦ ਵਾਸਤੇ ਸ਼ਿਮਲੇ ਪੁੱਜੇ ਚੌਹਾਂ ਸਿੱਖ ਆਗੂਆਂ ਦੀ ਨਿੰਦਾ ਕੀਤੀ ਅਤੇ ਐਲਾਨ ਕੀਤਾ ਕਿ ਉਹ ਚਾਰੇ ਜ਼ਾਤੀ ਤੌਰ ਤੇ ਸ਼ਿਮਲੇ ਪੁੱਜੇ ਸਨ ਨਾ ਕਿ ''ਕੌਂਸਲ'' ਦੇ ਨੁੰਮਾਇੰਦਿਆਂ ਵਜੋਂ।

17 ਅਗਸਤ ਨੂੰ ਉਸ ਫ਼ਿਰਕੂ ਫੈਸਲੇ, ਜਿਸ ਦੀ ਪਿਛਲੇ ਤਿੰਨ ਹਫ਼ਤੇ ਤੋਂ ਆਸ ਸੀ, ਦਾ ਰਸਮੀ ਐਲਾਨ ਕਰ ਦਿਤਾ ਗਿਆ। ਇਸ ਦੇ ਨਾਲ ਹੀ ਸਿੱਖਾਂ ਵਲੋਂ ਖਾਸ ਕਰ ਕੇ ਤੇ ਹਿੰਦੂਆਂ ਵਲੋਂ ਆਮ ਤੌਰ 'ਤੇ ਇਸ ਦੀ ਮੁਖ਼ਾਲਫ਼ਤ ਅਤੇ ਮੁਜ਼ੰਮਤ ਸ਼ੁਰੂ ਹੋ ਗਈ। ਪਹਿਲੇ ਦਿਨ ਹੀ ਅਮਰ ਸਿੰਘ ਸ਼ੇਰੇ-ਪੰਜਾਬ, ਸ:ਬ: ਮਹਿਤਾਬ ਸਿੰਘ, ਗੁਰਮੁਖ ਸਿੰਘ ਮੁਸਾਫ਼ਿਰ, ਗਿ: ਸ਼ੇਰ ਸਿੰਘ, ਸੰਤ ਸਿੰਘ ਐਮ.ਪੀ., ਗੋਕਲ ਚੰਦ ਨਾਰੰਗ, ਬੀ.ਆਰ. ਪੁਰੀ, ਰਾਏ ਬਹਾਦਰ ਦੁਰਗਾ

ਦਾਸ ਤੇ ਹੋਰਾਂ ਨੇ ਇਸ ਦੀ ਮੁਖ਼ਾਲਫ਼ਤ ਕੀਤੀ। ਪ੍ਰੋ. ਭੀ.ਸੀ. ਸ਼ਰਮਾ ਨੇ ਕਿਹਾ ਕਿ 'ਮੁਸਲਮਾਨਾਂ ਨੂੰ ਸਭ ਕੁਝ ਦੇ ਦਿਤਾ ਗਿਆ ਹੈ ਪਰ ਸਿੱਖਾਂ ਤੇ ਹਿੰਦੂਆਂ ਨਾਲ ਬੇਇਨਸਾਫ਼ੀ ਕੀਤੀ ਗਈ ਹੈ।' ਦੂਜੇ ਪਾਸੇ ਯੂਨੀਅਨਿਸਟ ਪਾਰਟੀ ਦੇ ਅਹਿਮਦ ਯਾਰ ਖ਼ਾਨ ਦੌਲਾਨਾ ਨੇ ਕਿਹਾ ਕਿ ਮੁਸਲਮਾਨਾਂ ਨੂੰ ਪੱਕੀ ਅਕਸਰੀਅਤ ਨਾ ਦੇ ਕੇ ਉਨ੍ਹਾਂ ਨਾਲ ਬੇਇਨਸਾਫ਼ੀ ਕੀਤੀ ਗਈ ਹੈ।

20 ਅਗਸਤ 1932 ਦੇ ਦਿਨ ਕੌਂਸਲ ਆਫ਼ ਐਕਸ਼ਨ ਦੀ ਇਕ ਮੀਟਿੰਗ ਲਾਹੌਰ ਵਿਚ ਹੋਈ। ਇਸ ਵਿਚ ਹੇਠ ਲਿਖੇ ਮਤੇ ਪਾਸ ਕੀਤੇ ਗਏ: (1) ਸਿੱਖ ਕਮਿਊਨਲ ਐਵਾਰਡ ਨੂੰ ਰੱਦ ਕਰਦੇ ਹਨ। (2) ਗੁਰਦੁਆਰਾ ਚੋਣਾਂ, ਜੋ 1933 ਵਿਚ ਹੋਣੀਆਂ ਸਨ, ਬਾਰੇ ਫ਼ੈਸਲਾ ਕੀਤਾ ਜਾਂਦਾ ਹੈ ਕਿ ਇਨ੍ਹਾਂ ਚੋਣਾਂ ਵਿਚ ਮੁਕਾਬਲਾ ਨਾ ਹੋਵੇ ਤੇ ਸੀਟਾਂ ਪਹਿਲਾਂ ਜਿੱਤੀ ਪਾਰਟੀ ਨੂੰ ਹੀ ਦੇ ਦਿਤੀਆਂ ਜਾਣ। (3) ਝਗੜੇ ਵਾਲੀਆਂ ਸੀਟਾਂ ਵਾਸਤੇ ਭਾਗ ਸਿੰਘ ਵਕੀਲ ਨੂੰ ਸਾਲਸ ਮੰਨਿਆ ਗਿਆ (4) 17 ਸਤੰਬਰ ਨੂੰ ਫ਼ਿਰਕੂ ਫ਼ੈਸਲੇ ਦੇ ਵਿਰੋਧ ਦੇ ਦਿਨ ਵਜੋਂ ਮਨਾਇਆ ਜਾਵੇ। (5) 25 ਸਤੰਬਰ ਨੂੰ 'ਗੁਰੂ ਖ਼ਾਲਸਾ ਦਰਬਾਰ' ਬਣਾ ਕੇ ਫ਼ਿਰਕੂ ਫ਼ੈਸਲੇ ਦੇ ਖਿਲਾਫ਼ ਜਦੋਜਹਿਦ ਸ਼ੁਰੂ ਕੀਤੀ ਜਾਵੇ। (6) ਅਕਾਲੀ ਸ਼ਹੀਦੀ ਫ਼ੌਜ ਨੂੰ ਸ਼੍ਰੋਮਣੀ ਅਕਾਲੀ ਦਲ ਹੀ ਭਰਤੀ ਕਰੇ ਅਤੇ ਇਹ ਅਕਾਲੀ ਦਲ ਦਾ ਹੀ ਇਕ ਵਿੰਗ ਹੋਵੇ।

ਇਸ ਦੇ ਨਾਲ ਹੀ ਸੰਪੂਰਨ ਸਿੰਘ ਅਤੇ ਉੱਜਲ ਸਿੰਘ ਨੇ ਰਾਊਂਡ-ਟੇਬਲ ਕਾਨਫ਼ਰੰਸ ਤੋਂ ਅਤੇ ਐਡਵਾਈਜ਼ਰੀ ਕਮੇਟੀ ਤੋਂ ਅਸਤੀਫ਼ੇ ਦੇ ਦਿੱਤੇ। ਕੌਂਸਲ ਆਫ਼ ਐਕਸ਼ਨ ਨੇ ਉਨ੍ਹਾਂ ਦੇ ਅਸਤੀਫ਼ਿਆਂ ਦੀ ਤਾਰੀਫ਼ ਕੀਤੀ।

17 ਸਤੰਬਰ ਨੂੰ ਹਰ ਪਾਸੇ ਸਿੱਖਾਂ ਨੇ ਰੋਸ ਦਿਨ ਮਨਾ ਕੇ ਫ਼ਿਰਕੂ ਫ਼ੈਸਲੇ ਨੂੰ ਵਾਪਿਸ ਲੈਣ ਦੀ ਮੰਗ ਕੀਤੀ।

1986: ਭਿੰਡਰਾਂਵਾਲਿਆਂ ਨੂੰ ਸ਼ਹੀਦ ਕਹਿਣ ਦਾ ਬਹਾਨਾ ਬਣਾ ਕੇ ਗੁਰਿੰਦਰ ਸਿੰਘ ਭੋਲਾ ਨੂੰ ਸ਼ਹੀਦ ਕਰ ਦਿੱਤਾ ਗਿਆ

ਗੁਰਿੰਦਰ ਸਿੰਘ ਭੋਲਾ (ਪੁੱਤਰ ਗੋਪਾਲ ਸਿੰਘ ਤੇ ਬੀਬੀ ਸੁਰਿੰਦਰ ਕੌਰ), ਵਾਸੀ ਤਾਰਨਤਾਰਨ ਧਰਮਯੁੱਧ ਮੋਰਚੇ ਦਾ ਇਕ ਸਰਗਰਮ ਕਾਰਕੁੰਨ ਸੀ। ਉਹ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਬਹੁਤ ਨਜ਼ਦੀਕ ਸੀ। ਇਸ ਲਹਿਰ ਦੌਰਾਨ ਉਸ ਨੂੰ ਜੰਡਿਆਲਾ ਤੋਂ ਗ੍ਰਿਫ਼ਤਾਰ ਕਰ ਕੇ ਉਸ ਨੂੰ ਜੋਧਪੁਰ ਜੇਲ੍ਹ ਵਿਚ ਰੱਖਿਆ ਗਿਆ ਸੀ। ਉਥੋਂ 5 ਅਪਰੈਲ 1986 ਦੇ ਦਿਨ ਉਸ ਨੂੰ ਤਿੰਨ ਹੋਰ ਸਾਥੀਆਂ ਸਣੇ ਰਮੇਸ਼ ਕਤਲ ਕਾਂਡ ਵਿਚ ਪੇਸ਼ ਕਰਨ ਵਾਸਤੇ ਜਲੰਧਰ ਲਿਆਂਦਾ ਗਿਆ ਤਾਂ ਉਸ ਦੇ ਸਾਥੀਆਂ ਨੇ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਮਨਬੀਰ ਸਿੰਘ ਚਹੇੜੂ ਦੀ ਅਗਵਾਈ ਵਿਚ ਐਕਸ਼ਨ ਕਰ ਕੇ ਉਸ ਨੂੰ ਦੋ ਹੋਰਾਂ ਸਾਥੀਆਂ (ਸੁਖਦੇਵ ਸਿੰਘ ਉਰਫ਼ ਜਨਰਲ ਲਾਭ ਸਿੰਘ ਅਤੇ ਸਵਰਨਜੀਤ ਸਿੰਘ ਅਲਾਦੀਨਪੁਰ) ਸਮੇਤ ਛੁਡਾ ਲਿਆ ਸੀ; ਇਸ ਐਕਸ਼ਨ ਦੌਰਾਨ 6 ਸਿਪਾਹੀ ਵੀ ਮਾਰੇ ਗਏ ਸਨ। ਇਸ ਮਗਰੋਂ ਗੁਰਿੰਦਰ ਸਿੰਘ ਭੋਲਾ ਨੇ ਬਹੁਤ ਸਾਰੀਆਂ ਕਾਰਵਾਈਆਂ ਵਿਚ ਹਿੱਸਾ ਲਿਆ। ਭੋਲਾ ਹਰਮਿੰਦਰ ਸਿੰਘ ਸੰਧੂ ਦੇ ਨੇੜੇ ਸੀ ਅਤੇ ਪੁਲਸ ਤੋਂ ਛੁਡਾਏ ਜਾਣ ਮਗਰੋਂ ਵੀ ਉਹ ਫ਼ੈਡਰੇਸ਼ਨ ਵਾਸਤੇ ਸੰਜੀਦਾ ਰੋਲ ਅਦਾ ਕਰ ਰਿਹਾ ਸੀ। ਭੋਲਾ ਦੇ ਸਾਥੀਆਂ ਮੁਤਾਬਿਕ, ਸੁਖਦੇਵ ਸਿੰਘ (ਉਰਫ਼ ਜਨਰਲ ਲਾਭ ਸਿੰਘ) ਹਰਮਿੰਦਰ ਸਿੰਘ ਸੰਧੂ ਦੇ ਸਾਥੀਆਂ ਨੂੰ ਰਸਤੇ ਵਿਚੋਂ ਹਟਾ ਕੇ ਸਾਰੀ ਲਹਿਰ ਦਾ ਡਿਕਟੇਟਰ ਬਣਨਾ ਚਾਹੁੰਦਾ ਸੀ। ਗੁਰਿੰਦਰ ਸਿੰਘ ਭੋਲਾ, ਸਰਬਜੀਤ ਸਿੰਘ ਰੋਪੜ ਤੇ ਮਨਬੀਰ ਸਿੰਘ ਨੂੰ ਉਹ ਆਪਣੇ ਰਾਹ ਦੇ ਰੋੜੇ ਸਮਝਦਾ ਸੀ। ਇਸ ਹਾਲਤ ਵਿਚ ਉਸ ਨੇ ਇਕ ਦਿਨ ਗੁਰਿੰਦਰ ਸਿੰਘ ਭੋਲਾ ਨੂੰ ਚੌਕ ਮਹਿਤਾ ਵਿਚ ਬੁਲਾ ਲਿਆ।

ਉਨ੍ਹਾਂ ਦਿਨਾਂ ਵਿਚ ਜਥਾ ਭਿੰਡਰਾਂ ਮਹਿਤਾ ਦੇ ਕੁਝ ਆਗੂ ਇਹ ਪ੍ਰਚਾਰ ਕਰ ਰਹੇ ਸਨ ਕਿ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ ਸ਼ਹੀਦ ਨਹੀਂ ਹੋਏ ਅਤੇ ਉਹ ਗੁਪਤ ਰਹਿ ਕੇ ਜੱਦੋਜਹਿਦ ਦੀ ਅਗਵਾਈ ਕਰ ਰਹੇ ਹਨ ਪਰ ਗੁਰਿੰਦਰ ਸਿੰਘ ਭੋਲਾ ਇਸ ਹਰਕਤ ਦੇ ਖ਼ਿਲਾਫ਼ ਸੀ। ਅਖ਼ੀਰ ਜਨਰਲ ਲਾਭ ਸਿੰਘ ਗਰੁੱਪ ਨੇ ਉਸ ਨੂੰ ਧੱਕੇ ਨਾਲ ਰੋਕਣ ਦਾ ਫ਼ੈਸਲਾ ਕਰ ਲਿਆ ਅਤੇ ਇਕ ਦਿਨ ਧੋਖੇ ਨਾਲ ਉਸ ਨੂੰ (ਸ਼ਾਇਦ ਚੌਕ ਮਹਿਤਾ ਡੇਰੇ 'ਤੇ) ਬੁਲਾ ਲਿਆ। ਇਸ ਮੌਕੇ 'ਤੇ ਉਸ ਨੂੰ ਕਿਹਾ ਗਿਆ ਕਿ ਉਹ ਭਿੰਡਰਾਂਵਾਲਾ ਨੂੰ ਸ਼ਹੀਦ ਨਾ ਕਿਹਾ ਕਰੇ। ਪਰ ਉਸ ਨੇ ਇਸ ਝੂਠ ਬੋਲਣ ਦੇ ਹੁਕਮ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ। ਇਸ 'ਤੇ ਉਸ ਨੂੰ ਫ਼ਤਵਾ ਦਿੱਤਾ ਗਿਆ ਕਿ "ਜਿਹੜਾ ਕਹੇਗਾ ਕਿ ਭਿੰਡਰਾਂਵਾਲਾ ਸ਼ਹੀਦ ਹੋ ਗਏ ਹਨ ਉਸ ਦੇ ਮੂੰਹ ਵਿਚ ਕੀੜੇ ਪੈਣਗੇ।" ਇਸ ਦੇ ਬਾਵਜੂਦ ਭੋਲਾ ਆਪਣੇ ਸਟੈਂਡ 'ਤੇ ਅੜਿਆ ਰਿਹਾ ਅਤੇ ਕਹਿਣ ਲੱਗਾ ਕਿ "ਮੈਂ ਸੱਚ ਬੋਲਾਂਗਾ ਮੈਨੂੰ ਕੀੜੇ ਪੈਣ ਦੀ ਪਰਵਾਹ ਨਹੀਂ।" ਜਨਰਲ ਲਾਭ ਸਿੰਘ ਕਿਸੇ ਨਾ ਕਿਸੇ ਬਹਾਨੇ ਉਸ ਨੂੰ ਰਾਹ ਵਿਚੋਂ ਹਟਾਉਣਾ ਚਾਹੁੰਦਾ ਸੀ। ਇਸ ਬੋਲ ਬੁਲਾਰੇ ਦਾ ਬਹਾਨਾ ਲਾ ਕੇ ਜਨਰਲ ਲਾਭ ਸਿੰਘ ਦੇ ਹੁਕਮ ਹੇਠ ਗੁਰਨਾਮ ਸਿੰਘ ਬੁੰਡਾਲਾ (ਜਿਸ ਨੂੰ ਜੱਲਾਦ ਕਿਹਾ ਜਾਂਦਾ ਸੀ) ਨੇ ਭੋਲਾ ਨੂੰ ਗੋਲੀ ਮਾਰ ਦਿੱਤੀ। ਇੰਝ ਉਹ ਸੱਚ ਬੋਲਣ ਬਦਲੇ ਸ਼ਹੀਦ ਹੋ ਗਿਆ।

1989: ਪਰਗਟ ਸਿੰਘ ਸੁਰਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਸਤਾਰਾਂ ਸਤੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਪਰਗਟ ਸਿੰਘ (ਪੁੱਤਰ ਪ੍ਰੀਤਮ ਸਿੰਘ, ਵਾਸੀ ਪਿੰਡ ਸੁਰਸਿੰਘ, ਜ਼ਿਲ੍ਹਾ ਤਰਨਤਾਰਨ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਮਨਜੀਤ ਸਿੰਘ ਦੁਰਗਾਬਾਦ ਤੇ ਲਖਬੀਰ ਸਿੰਘ ਬੀਰ ਘਸੀਟਪੁਰਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਸਤਾਰਾਂ ਸਤੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਮਨਜੀਤ ਸਿੰਘ (ਵਾਸੀ ਦੁਰਗਾਬਾਦ) ਤੇ ਲਖਬੀਰ ਸਿੰਘ ਬੀਰ (ਵਾਸੀ ਘਸੀਟਪੁਰਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਮਨਜੀਤ ਸਿੰਘ ਧਰਦਿਓ, ਹਰਚੰਦ ਸਿੰਘ ਸਲਾਣਾ ਜੀਵਨ ਸਿੰਘ, ਝਿਲਮਿਲ ਸਿੰਘ ਦੇਹਰ, ਜੀਤ ਸਿੰਘ ਸਿਧਵਾਂ ਦੋਨਾ, ਬਲਬੀਰ ਸਿੰਘ ਰਸੂਲਪੁਰ, ਨਿਰਮਲ ਸਿੰਘ ਖਾਨਾ ਖੁਰਦ, ਸੁਖਜੀਤ ਸਿੰਘ ਗਦਲੀ, ਨਿਰਵੈਰ ਸਿੰਘ ਓ.ਪੀ ਥਾਂਦੇ ਤੇ ਬਘੇਲ ਸਿੰਘ ਬਘੇਲਾ ਅਰਜਨ ਮਾਂਗਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਸਤਾਰਾਂ ਸਤੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਮਨਜੀਤ ਸਿੰਘ (ਪੁੱਤਰ ਹਰਭਜਨ ਸਿੰਘ, ਵਾਸੀ ਧਰਦਿਓ, ਜ਼ਿਲ੍ਹਾ ਅੰਮ੍ਰਿਤਸਰ), ਹਰਚੰਦ ਸਿੰਘ (ਪੁੱਤਰ ਜਗਤ ਸਿੰਘ, ਵਾਸੀ ਸਲਾਣਾ ਜੀਵਨ ਸਿੰਘ, ਜ਼ਿਲ੍ਹਾ ਫ਼ਤਹਗੜ੍ਹ ਸਾਹਿਬ), ਝਿਲਮਿਲ ਸਿੰਘ (ਪੁੱਤਰ ਪ੍ਰੀਤਮ ਸਿੰਘ, ਵਾਸੀ ਦੇਹਰ, ਜ਼ਿਲ੍ਹਾ ਰੋਪੜ), ਜੀਤ ਸਿੰਘ (ਪੁੱਤਰ ਚੰਨਣ ਸਿੰਘ, ਵਾਸੀ ਸਿਧਵਾਂ ਦੋਨਾ, ਜ਼ਿਲ੍ਹਾ ਕਪੂਰਥਲਾ) ਨੂੰ ਵੱਖ-ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਬਲਬੀਰ ਸਿੰਘ ਉਰਫ਼ ਬੀਰਾ ਸਾਸੀ (ਵਾਸੀ ਰਸੂਲਪੁਰ, ਅੰਮ੍ਰਿਤਸਰ), ਨਿਰਮਲ ਸਿੰਘ ਉਰਫ਼ ਕਾਕਾ (ਵਾਸੀ ਖਾਨਾ ਖੁਰਦ), ਸੁਖਜੀਤ ਸਿੰਘ (ਵਾਸੀ ਗਦਲੀ, ਅੰਮ੍ਰਿਤਸਰ), ਨਿਰਵੈਰ ਸਿੰਘ ਓ.ਪੀ (ਵਾਸੀ ਥਾਂਦੇ, ਅੰਮ੍ਰਿਤਸਰ) ਤੇ ਬਘੇਲ ਸਿੰਘ ਬਘੇਲਾ

(ਵਾਸੀ ਅਰਜਨ ਮਾਂਗਾ, ਅੰਮ੍ਰਿਤਸਰ) ਨੂੰ ਵੀ ਵੱਖ ਵੱਖ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਮਨਜਿੰਦਰ ਸਿੰਘ ਮੁੱਛਲ, ਰਛਪਾਲ ਸਿੰਘ ਗੁਰਦਾਸਪੁਰ, ਪੰਡਤ ਰਾਮ ਸਰੂਪ ਚਮੰਡਾ, ਰਾਜਵਿੰਦਰ ਸਿੰਘ ਰਾਜੂ ਧੂਰੀ, ਜਗਤਾਰ ਸਿੰਘ ਸ਼ੇਰਪੁਰ ਤੇ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਸਤਾਰਾਂ ਸਤੰਬਰ 1992 ਦੇ ਦਿਨ ਪੁਲੀਸ ਨੇ ਮਨਜਿੰਦਰ ਸਿੰਘ ਉਰਫ਼ ਸ਼ਮਸ਼ੇਰ ਸਿੰਘ (ਪੁੱਤਰ ਜਸਬੀਰ ਸਿੰਘ, ਵਾਸੀ ਮੁੱਛਲ), ਰਛਪਾਲ ਸਿੰਘ ਗੁਰਦਾਸਪੁਰ, ਰਾਮ ਸਰੂਪ ਪੰਡਤ ਉਰਫ਼ ਸੁਰਜੀਤ ਸਿੰਘ (ਵਾਸੀ ਚਮੰਡਾ, ਜੋ ਪੰਡਤ ਤੋਂ ਸਿੱਖ ਸਜਿਆ ਸੀ), ਰਾਜਵਿੰਦਰ ਸਿੰਘ ਰਾਜੂ (ਵਾਸੀ ਧੂਰੀ), ਜਗਤਾਰ ਸਿੰਘ (ਵਾਸੀ ਸ਼ੇਰਪੁਰ, ਨੇੜੇ ਕਾਦੀਆਂ) ਤੇ ਚਾਰ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1993: ਭਜਨ ਸਿੰਘ ਬਰਾਨਾ ਤੇ ਬਲਬੀਰ ਸਿੰਘ ਮਲਕਪੁਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

17 ਸਤੰਬਰ 1993 ਦੇ ਦਿਨ ਪੁਲਦ ਨੇ ਭਜਨ ਸਿੰਘ (ਪੁੱਤਰ ਨਾਨਕੂ, ਵਾਸੀ ਬਰਾਨਾ) ਤੇ ਬਲਬੀਰ ਸਿੰਘ (ਪੁੱਤਰ ਸਵਰਨ ਸਿੰਘ, ਵਾਸੀ ਮਲਕਪੁਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

2014: ਰਤਨਦੀਪ ਸਿੰਘ ਡਿਪਟੀ ਚੀਫ਼ (ਅਪਰੇਸ਼ਨਲ ਮੁਖੀ) ਬਬਰ ਖਾਲਸਾ ਇੰਟਰਨੈਸ਼ਨਲ ਗ੍ਰਿਫ਼ਤਾਰ

17 ਸਤੰਬਰ 2014 ਦੇ ਦਿਨ ਪੰਜਾਬ ਪੁਲਸ ਨੇ ਰਤਨਦੀਪ ਸਿੰਘ ਡਿਪਟੀ ਚੀਫ਼ (ਅਪਰੇਸ਼ਨਲ ਮੁਖੀ) ਬਬਰ ਖਾਲਸਾ ਇੰਟਰਨੈਸ਼ਨਲ ਨੂੰ ਗੋਰਖਪੁਰ (ਯੂ.ਪੀ.) ਵਿਚ ਗ੍ਰਿਫ਼ਤਾਰ ਕੀਤਾ। 14 ਸਤੰਬਰ ਨੂੰ ਉਸ ਦੀ ਗ੍ਰਿਫ਼ਤਾਰੀ ਵਾਸਤੇ 19 ਪੁਲਸ ਅਫ਼ਸਰ ਅੰਮ੍ਰਿਤਸਰ ਤੋਂ ਗੋਰਖਪੁਰ ਗਏ ਸਨ। ਉਸ ਕੋਲੋਂ ਹੁਸੈਨ ਸ਼ੈਖ਼ ਜ਼ਾਹਿਦ ਦੇ ਨਾਂ ਦਾ ਇਕ ਪਾਕਿਸਤਾਨੀ ਪਾਸਪੋਰਟ ਬਰਾਮਦ ਹੋਣ ਦਾ ਦਾਅਵਾ ਕੀਤਾ ਗਿਆ। ਪੁਲਸ ਨੇ ਉਸ ਦੇ ਸਿਰ 'ਤੇ 10 ਲੱਖ ਰੁਪੈ ਦਾ ਈਨਾਮ ਰੱਖਿਆ ਹੋਇਆ ਸੀ। ਪੁਲਸ ਮੁਤਾਬਿਕ ਉਹ ਪਹਿਲਾਂ ਖਾਲਿਸਤਾਨ ਕਮਾਂਡੋ ਫ਼ੋਰਸ ਦੇ ਨਾਲ ਸੀ ਪਰ ਫਿਰ ਬਬਰ ਖਾਲਸਾ ਇੰਟਰਨੈਸ਼ਨਲ ਵਿਚ ਸ਼ਾਮਿਲ ਹੋ ਗਿਆ ਸੀ। ਉਹ 1993 ਤੋਂ ਪਾਕਿਸਤਾਨ ਵਿਚ ਰਹਿ ਰਿਹਾ ਸੀ, ਪਰ 1999 ਵਿਚ ਭਾਰਤ ਆ ਕੇ 15 ਸਾਲ ਤੋਂ ਇਥੇ ਕਾਰਵਾਈਆਂ ਕਰ ਰਿਹਾ ਸੀ। ਗ੍ਰਿਫ਼ਤਾਰੀ ਮਗਰੋਂ ਉਸ ਨੂੰ ਪੰਜਾਬ ਲਿਆਂਦਾ ਗਿਆ ਤੇ ਵਖ ਵਖ ਕੇਸਾਂ ਵਿਚ ਉਸ ਦਾ ਪੁਲਸ ਰੀਮਾਂਡ ਲਿਆ ਜਾਂਦਾ ਰਿਹਾ। 16 ਅਕਤੂਬਰ ਦੇ ਦਿਨ ਤਕ ਉਸ ਦਾ 22 ਦਿਨ ਦਾ ਪੁਲਸ ਰੀਮਾਂਡ ਹੋ ਚੁਕਾ ਸੀ ਪਰ ਉਸ ਦਿਨ ਅੰਮ੍ਰਿਤਸਰ ਦੇ ਇਕ ਮੈਜਿਸਟਰੇਟ ਨੇ 4 ਦਿਨ ਦਾ ਹੋਰ ਪੁਲਸ ਰੀਮਾਂਡ ਦੇ ਦਿੱਤਾ। ਇਸ ਮਗਰੋਂ ਵੀ ਉਸ ਦਾ ਰੀਮਾਂਡ ਦਿੱਤਾ ਗਿਆ, ਯਾਨਿ ਉਹ ਇਕ ਮਹੀਨਾ ਤੋਂ ਵਧ ਪੁਲਸ ਰੀਮਾਂਡ 'ਤੇ ਰਿਹਾ।

18 ਸਤੰਬਰ

1688: ਭੰਗਾਣੀ (ਹਿਮਾਚਲ) ਵਿਚ ਸਿੱਖਾਂ ਅਤੇ ਗੜ੍ਹਵਾਲ ਦੇ ਰਾਜੇ ਫ਼ਤਹਿ ਸ਼ਾਹ ਦੀਆਂ ਫ਼ੌਜਾਂ ਵਿਚਕਾਰ ਜੰਗ ਹੋਈ

1685 ਵਿਚ 'ਚੱਕ ਨਾਨਕੀ' (ਹੁਣ ਅਨੰਦਪੁਰ ਸਾਹਿਬ ਦਾ ਇਕ ਹਿੱਸਾ) ਇਕ ਅਹਿਮ ਨਗਰ ਬਣ ਚੁਕਾ ਸੀ। ਇਸ ਨੂੰ ਵੇਖ ਕੇ ਕੁਝ ਪਹਾੜੀ ਰਾਜੇ ਈਰਖਾ ਕਰਨ ਲੱਗ ਪਏ ਸਨ। ਬਿਲਾਸਪੁਰ ਦਾ ਰਾਜਾ ਭੀਮ ਚੰਦ ਵੀ ਗੁਰੂ ਸਾਹਿਬ ਨਾਲ ਵਿੱਟਰ ਗਿਆ ਸੀ। ਇਕ ਰਿਵਾਇਤ ਮੁਤਾਬਿਕ ਉਹ ਇਸ ਕਰ ਕੇ ਨਾਰਾਜ਼ ਹੋ ਗਿਆ ਸੀ ਕਿਉਂਕਿ ਗੁਰੂ ਸਾਹਿਬ ਨੇ ਉਸ ਦੇ ਮੰਗਣ 'ਤੇ ਪਰਸਾਦੀ ਹਾਥੀ ਨਹੀਂ ਸੀ ਦਿੱਤਾ। ਉਸ ਨੇ 'ਚੱਕ ਨਾਨਕੀ' ਵੱਲ ਵੀ ਕੈਰੀ ਨਿਗਾਹ ਨਾਲ ਵੇਖਣਾ ਸ਼ੁਰੂ ਕਰ ਦਿੱਤਾ। ਇਸ ਹਾਲਤ ਵਿਚ, 1685 ਦੇ ਸ਼ੁਰੂ ਵਿਚ, ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਨੇ ਗੁਰੂ ਸਾਹਿਬ ਨੂੰ ਆਪਣੀ ਰਿਆਸਤ ਵਿਚ ਦਰਸ਼ਨ ਦੇਣ ਦੀ ਅਰਜ਼ ਕੀਤੀ। 14 ਅਪ੍ਰੈਲ 1685 ਦੇ ਦਿਨ ਗੁਰੂ ਸਾਹਿਬ ਨਾਹਨ ਪੁੱਜੇ। ਨਾਹਨ ਦੇ ਰਾਜੇ ਨੇ ਗੁਰੂ ਸਾਹਿਬ ਨੂੰ ਤਹਿ-ਦਿਲੋਂ 'ਜੀ ਆਇਆਂ' ਆਖਿਆ। ਗੁਰੂ ਸਾਹਿਬ ਕੁਝ ਦਿਨ ਨਾਹਨ ਦੇ ਰਾਜੇ ਦੇ ਮਹਲ ਵਿਚ ਠਹਿਰੇ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ ਰਾਜੇ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਉਸ ਦੀ ਰਿਆਸਤ ਵਿਚ ਨਿਵਾਸ ਰੱਖਣ। ਗੁਰੂ ਸਾਹਿਬ ਨੇ ਉਸ ਦੇ ਜਜ਼ਬਾਤ ਵੇਖਦੇ ਹੋਏ ਰਿਆਸਤ ਦਾ ਦੌਰਾ ਕੀਤਾ ਅਤੇ ਦਰਿਆ ਜਮਨਾ ਦੇ ਕੰਢੇ ਮੌਜੂਦਾ ਪਾਉਂਟਾ ਵਾਲੀ ਜਗ੍ਹਾ 'ਤੇ ਇੱਕ ਨਵਾਂ ਨਗਰ ਵਸਾਉਣ ਦਾ ਫ਼ੈਸਲਾ ਕੀਤਾ। ਪਾਉਂਟਾ ਦੀ ਨੀਂਹ ਗੁਰੂ ਸਾਹਿਬ ਨੇ 29 ਅਪਰੈਲ 1685 ਦੇ ਦਿਨ, ਦੀਵਾਨ ਨੰਦ ਚੰਦ ਸੰਘਾ ਕੋਲੋਂ ਅਰਦਾਸ ਕਰਵਾ ਕੇ, ਭਾਈ ਰਾਮ ਕੁੰਵਰ (ਖੰਡੇ ਦੀ ਪਾਹੁਲ ਮਗਰੋਂ ਭਾਈ ਗੁਰਬਖਸ਼ ਸਿੰਘ) ਦੇ ਹੱਥੋਂ ਮੋੜ੍ਹੀ ਗਡਵਾ ਕੇ ਰਖਵਾਈ। ਗੁਰੂ ਸਾਹਿਬ ਅਗਲੇ ਤਿੰਨ ਸਾਲ ਪੰਜ ਮਹੀਨੇ ਪਾਉਂਟਾ ਸਾਹਿਬ ਵਿਚ ਠਹਿਰੇ।

ਇੱਥੇ 11 ਮਈ 1685 ਦੇ ਦਿਨ ਰਾਮਰਾਇ (ਜਿਸ ਨੂੰ ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰਗੱਦੀ ਤੋਂ ਮੋਕੂਫ਼ ਕਰ ਦਿਤਾ ਸੀ) ਗੁਰੂ ਸਾਹਿਬ ਨੂੰ ਮਿਲਣ ਆਇਆ। ਉਸ ਨੇ ਗੁਰੂ ਜੀ ਤੋਂ ਆਪਣੀ ਭੁੱਲ ਬਖ਼ਸ਼ਵਾਈ ਅਤੇ ਮੁੜ ਸਿੱਖੀ ਪਰਵਾਰ ਵਿਚ ਸ਼ਾਮਿਲ ਹੋ ਗਿਆ (1687 ਵਿਚ ਰਾਮ ਰਾਏ ਦੀ ਮੌਤ ਹੋ ਗਈ)। ਦਰਅਸਲ ਰਾਮ ਰਾਏ ਨੂੰ ਉਸ ਦੇ ਮਸੰਦਾਂ ਨੇ ਬੇਹੋਸ਼ ਕਰ ਕੇ ਜਿਊਂਦੇ ਨੂੰ ਹੀ ਸਾੜ ਦਿੱਤਾ ਸੀ। ਇਸ ਮਗਰੋਂ ਗੁਰੂ ਸਾਹਿਬ ਖੁਰਵੰਧੀ ਗਏ ਸਨ ਤੇ ਰਾਮ ਰਾਏ ਦੇ ਸਾਜ਼ਸ਼ੀ ਮਸੰਦਾਂ ਨੂੰ ਸਜ਼ਾ ਦਿੱਤੀ ਸੀ। ਇਨ੍ਹਾਂ ਵਿਚੋਂ ਇਕ ਮਸੰਦ ਗੁਰਬਖਸ਼ ਗੜ੍ਹਵਾਲ ਦੇ ਰਾਜੇ ਫ਼ਤੇ ਸ਼ਾਹ ਕੋਲ ਜਾ ਪੁੱਜਾ ਅਤੇ ਉਸ ਨੂੰ ਗੁਰੂ ਸਾਹਿਬ ਦੇ ਖ਼ਿਲਾਫ਼ ਇਹ ਕਹਿ ਕੇ ਭੜਕਾਇਆ ਗੁਰੂ ਜੀ ਗੜ੍ਹਵਾਲ ਰਿਆਸਤ 'ਤੇ ਕਬਜ਼ਾ ਕਰਨ ਦੀ ਤਿਆਰੀ ਕਰ ਰਹੇ ਹਨ। ਇਸ 'ਤੇ ਫ਼ਤਹਿ ਸ਼ਾਹ ਨੇ 18 ਸਿਤੰਬਰ 1688 ਦੇ ਦਿਨ ਗੁਰੂ ਜੀ 'ਤੇ ਹਮਲਾ ਕਰ ਦਿੱਤਾ। ਇਸ ਮੌਕੇ 'ਤੇ ਪਿੰਡ ਭੰਗਾਣੀ ਵਿਚ ਬੜੀ ਜ਼ਬਰਦਸਤ ਜੰਗ ਹੋਈ। ਇਸ ਲੜਾਈ ਵਿਚ ਗੁਰੂ ਸਾਹਿਬ ਨੇ ਫ਼ਤਹਿ ਸ਼ਾਹ ਦੀਆਂ ਫੌਜਾਂ ਨੂੰ ਬੁਰੀ ਤਰ੍ਹਾਂ ਸ਼ਿਕਸਤ ਦਿੱਤੀ। ਇਸ ਲੜਾਈ ਵਿਚ ਕੁਝ ਸਿੱਖ ਵੀ ਸ਼ਹੀਦ ਹੋਏ।

ਭੰਗਾਣੀ ਦੀ ਲੜਾਈ ਵਿਚ ਗੁਰੂ ਸਹਿਬ ਦੀ ਸ਼ਾਨਦਾਰ ਜਿੱਤ ਮਗਰੋਂ ਬਿਲਾਸਪੁਰ ਦੇ ਰਾਜੇ ਭੀਮ ਚੰਦ ਨੂੰ ਅਹਿਸਾਸ ਹੋ ਗਿਆ ਕਿ ਜੇ ਕਰ ਗੁਰੂ ਸਾਹਿਬ ਫ਼ਤਹਿ ਸ਼ਾਹ ਵਰਗੇ ਤਗੜੇ ਰਾਜੇ ਨੂੰ ਹਰਾ ਸਕਦੇ ਹਨ ਤਾਂ ਉਨ੍ਹਾਂ ਦੀ ਫ਼ੌਜੀ ਤਾਕਤ ਦਾ ਫ਼ਾਇਦਾ ਉਠਾਉਣਾ ਚਾਹੀਦਾ ਹੈ। ਜੇ ਗੁਰੂ ਜੀ ਮੇਰੀ ਰਿਆਸਤ ਦੇ ਨੇੜੇ ਰਹੇ ਤਾਂ ਮੇਰੀ ਵੀ ਹਿਫ਼ਾਜ਼ਤ ਰਹੇਗੀ। ਇਸ ਖਿਆਲ ਨਾਲ ਉਹ ਹੁਣ ਮੁੜ ਗੁਰੂ ਸਾਹਿਬ ਦੇ ਨੇੜੇ ਆਉਣਾ ਚਾਹੁੰਦਾ ਸੀ। ਇਹ ਸੋਚ ਕੇ ਉਸ ਨੇ ਆਪਣੀ ਮਾਤਾ ਨੂੰ ਅਰਜ਼ ਕੀਤੀ ਕਿ ਉਹ ਗੁਰੂ ਸਾਹਿਬ ਨੂੰ ਖ਼ਤ ਲਿਖ ਕੇ 'ਚੱਕ ਨਾਨਕੀ' ਵਾਪਿਸ ਬੁਲਾ

ਲਵੇ। ਇਸ 'ਤੇ ਬਿਲਾਸਪੁਰ ਦੀ ਰਾਣੀ ਚੰਪਾ ਨੇ ਕਈ ਖ਼ਤ ਲਿਖ ਕੇ ਗੁਰੂ ਸਾਹਿਬ ਨੇ ਅਰਜ਼ ਕੀਤੀ ਸੀ ਕਿ ਉਹ ਉਸ ਦੀ ਰਿਆਸਤ ਵਿਚ ਵਾਪਿਸ ਆ ਕੇ ਮੁੜ ਰੌਣਕਾਂ ਕਾਇਮ ਕਰਨ। ਪਾਉਂਟਾ ਸਾਹਿਬ ਵਿਚ ਹਾਜ਼ਰ ਸਿੰਘਾਂ ਨਾਲ ਵਿਚਾਰ ਕਰ ਕੇ ਗੁਰੂ ਸਾਹਿਬ ਨੇ ਚੱਕ ਨਾਨਕੀ ਜਾਣ ਦਾ ਫ਼ੈਸਲਾ ਕਰ ਲਿਆ। ਨਾਹਨ ਦੇ ਰਾਜੇ ਨੇ ਬੜੀ ਕੋਸ਼ਿਸ਼ ਕੀਤੀ ਕਿ ਗੁਰੂ ਜੀ ਨਾਹਨ ਰਿਆਸਤ 'ਚੋਂ ਨਾ ਜਾਣ ਪਰ ਆਪ ਨੇ ਉਸ ਨੂੰ ਦਿਲਾਸਾ ਦਿੱਤਾ ਤੇ ਤਿਆਰੀ ਸ਼ੁਰੂ ਕਰ ਦਿੱਤੀ। ਆਪ 28 ਅਕਤੂਬਰ 1688 ਦੇ ਦਿਨ ਪਾਉਂਟਾ ਸਾਹਿਬ ਤੋਂ ਚੱਲੇ ਅਤੇ ਕਪਾਲ ਮੋਚਨ, ਲਾਹੜਪੁਰ, ਟੋਕਾ, ਦਾਬਰਾ, ਰਾਣੀ ਦਾ ਰਾਇਪੁਰ, ਢਕੌਲੀ, ਨਾਢਾ, ਮਨੀਮਾਜਰਾ, ਕੋਟਲਾ ਨਿਹੰਗ, ਘਨੌਲਾ, ਬੁੰਗਾ, ਅਟਾਰੀ, ਕੀਰਤਪੁਰ ਹੁੰਦੇ ਹੋਏ ਚੱਕ ਨਾਨਕੀ ਪਹੁੰਚ ਗਏ। ਆਪ ਦੇ ਆਉਣ ਨਾਲ ਚੱਕ ਨਾਨਕੀ ਵਿਚ ਫੇਰ ਰੌਣਕਾਂ ਸ਼ੁਰੂ ਹੋ ਗਈਆਂ। ਰਾਣੀ ਚੰਪਾ ਨੂੰ ਜਦੋਂ ਗੁਰੂ ਸਾਹਿਬ ਦਾ ਨਾਹਨ ਰਿਆਸਤ ਤੋਂ ਚੱਕ ਨਾਨਕੀ ਆਉਣ ਦਾ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਈ। ਉਹ ਕਈ ਸਾਲਾਂ ਤੋਂ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਤਾਂਘ ਰਹੀ ਸੀ। ਉਮਰ ਵੱਲੋਂ ਵੀ ਉਹ ਬਹੁਤ ਵਡੇਰੀ ਹੋ ਚੁੱਕੀ ਸੀ। ਜਿਉਂ ਹੀ ਉਸ ਨੂੰ ਗੁਰੂ ਸਾਹਿਬ ਦੇ ਆਉਣ ਦਾ ਪਤਾ ਲੱਗਾ, ਉਸ ਨੇ ਆਪਣੇ ਵਜ਼ੀਰ ਭੇਜ ਕੇ ਗੁਰੂ ਸਾਹਿਬ ਨੂੰ ਬਿਲਾਸਪੁਰ ਆਉਣ ਦੀ ਅਰਜ਼ ਕੀਤੀ। ਖ਼ਤ ਮਿਲਦਿਆਂ ਹੀ ਗੁਰੂ ਸਾਹਿਬ ਨੇ ਬਿਲਾਸਪੁਰ ਜਾਣ ਦਾ ਫ਼ੈਸਲਾ ਕੀਤਾ। ਜਦੋਂ ਰਾਣੀ ਨੂੰ ਗੁਰੂ ਸਾਹਿਬ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਆਪਣੇ ਪੁੱਤਰ ਰਾਜਾ ਭੀਮ ਚੰਦ ਨੂੰ ਲੈ ਕੇ ਗੁਰੂ ਸਾਹਿਬ ਨੂੰ ਜੀ ਆਇਆਂ ਆਖਣ ਵਾਸਤੇ ਨਗਰ ਦੇ ਦਰਵਾਜ਼ੇ ਤਕ ਪਹੁੰਚੀ। ਪੰਜ ਦਿਨ ਗੁਰੂ ਸਾਹਿਬ ਬਿਲਾਸਪੁਰ ਰਹੇ ਤੇ ਫੇਰ ਚੱਕ ਨਾਨਕੀ ਪਰਤ ਆਏ।

1843: ਮਹਾਰਾਜਾ ਦਲੀਪ ਸਿੰਘ ਨੇ ਲਾਹੌਰ ਦਾ ਤਖ਼ਤ ਸੰਭਾਲਿਆ

ਮਹਾਰਾਜਾ ਸ਼ੇਰ ਸਿੰਘ ਦੇ ਕਤਲ ਤੋਂ ਤਿੰਨ ਦਿਨ ਮਗਰੋਂ ਪੰਜ ਸਾਲ ਦੇ ਨਾਬਾਲਗ ਕੰਵਰ ਦਲੀਪ ਸਿੰਘ ਨੂੰ 18 ਸਤੰਬਰ 1843 ਦੇ ਦਿਨ ਗੱਦੀ 'ਤੇ ਬਿਠਾ ਦਿੱਤਾ ਗਿਆ। ਹੁਣ ਹੀਰਾ ਸਿੰਘ ਡੋਗਰਾ ਉਸ ਦਾ ਵਜ਼ੀਰ ਬਣ ਗਿਆ ਸੀ ਤੇ ਸਾਰੀ ਤਾਕਤ ਉਸ ਕੋਲ ਆ ਗਈ ਤਾਂ ਉਸ ਵਿਚ ਵੱਡੀ ਹੈਂਕੜ ਆ ਗਈ। ਹੁਣ ਉਹ ਸਾਰੀ ਤਾਕਤ ਆਪਣੇ ਕੋਲ ਰਖਣੀ ਚਾਹੁੰਦਾ ਸੀ ਅਤੇ ਆਪਣੇ ਚਾਚੇ ਨੂੰ ਵੀ ਹਿੱਸਾ ਨਹੀਂ ਦੇਣਾ ਚਾਹੁੰਦਾ ਸੀ।ਭਾਵੇਂ ਦਲੀਪ ਸਿੰਘ 'ਮਹਾਰਾਜਾ' ਸੀ ਤੇ ਰਾਣੀ ਜਿੰਦਾਂ ਉਸ ਦੀ ਗਾਰਡੀਅਨ ਸੀ ਪਰ ਅਸਲ ਤਾਕਤ ਹੀਰਾ ਸਿੰਘ ਡੋਗਰਾ ਅਤੇ ਉਸ ਦੇ ਵਜ਼ੀਰ ਪੰਡਤ ਜਲ੍ਹਾ ਕੋਲ ਸੀ। ਇਸ ਦੇ ਦੋ ਸਾਲ ਦੇ ਅੰਦਰ ਅੰਦਰ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰ ਲਿਆ।

1887: ਠਾਕਰ ਸਿੰਘ ਸੰਧਾਵਾਲੀਆ ਦੀ ਮੌਤ ਹੋਈ

ਅੰਗਰੇਜ਼ਾਂ ਦਾ ਪੰਜਾਬ 'ਤੇ ਕਬਜ਼ਾ ਹੋ ਜਾਣ ਮਗਰੋਂ ਸਿੱਖਾਂ ਦੀ ਨਿਘਰਦੀ ਹਾਲਤ ਵੇਖ ਕੇ ਠਾਕਰ ਸਿੰਘ ਸੰਧਾਵਾਲੀਆ ਨੇ ਪਹਿਲੀ ਅਕਤੂਬਰ 1873 ਦੇ ਦਿਨ ਸਿਰਕਰਦਾ ਸਿੱਖਾਂ ਦਾ ਇਕ ਇਕੱਠ ਅੰਮ੍ਰਿਤਸਰ ਵਿਚ ਬੁਲਾ ਲਿਆ। ਇਸ ਵਿਚ ਕੁਝ ਗਿਆਨੀ, ਪੁਜਾਰੀ, ਗ੍ਰੰਥੀ, ਉਦਾਸੀ, ਨਿਰਮਲੇ ਆਦਿਕ ਸ਼ਾਮਿਲ ਹੋਏ। ਇਨ੍ਹਾਂ ਵਿਚੋਂ ਬਹੁਤੇ ਉਸ ਬ੍ਰਾਹਮਣ ਦੇ ਗੁਰੂ-ਨਿੰਦਾ ਦੇ ਪਰਚਾਰ ਦੇ ਵਿਰੋਧ ਵਿਚ ਇਕੱਠੇ ਹੋਏ ਸਨ ਅਤੇ ਕਈ ਤਾਂ ਸਿੱਖ ਧਰਮ ਬਾਰੇ ਪੂਰੀ ਤਰ੍ਹਾਂ ਸੁਚੇਤ ਵੀ ਨਹੀਂ ਸਨ। ਇਨ੍ਹਾਂ ਸਾਰਿਆਂ ਨੇ ਮਿਲ ਕੇ "ਗੁਰੂ ਸਿੰਘ ਸਭਾ" ਬਣਾਉਣ ਦਾ ਮਤਾ ਪਾਸ ਕੀਤਾ। ਠਾਕਰ ਸਿੰਘ ਇਸ ਦੇ ਪ੍ਰਧਾਨ ਬਣਾਏ ਗਏ। ਉਹ ਕੁਝ ਸਮਾਂ ਤਾਂ ਸਿੰਘ ਸਭਾ ਦਾ ਦੀ ਅਗਵਾਈ ਕਰਦੇ ਰਹੇ ਪਰ ਫਿਰ ਉਹ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ 'ਤੇ ਬਿਠਾਉਣ

ਵਾਸਤੇ ਲਹਿਰ ਚਲਾਉਣ ਲਗ ਪਏ। ਦਲੀਪ ਸਿੰਘ ਨੇ ਉਨ੍ਹਾਂ ਨੂੰ ਆਪਣਾ ਪ੍ਰਾਈਮ ਮਨਿਸਟਰ ਐਲਾਨ ਦਿੱਤਾ। ਇਸ ਮਗਰੋਂ ਗ੍ਰਿਫ਼ਤਾਰੀ ਤੋਂ ਬਚਣ ਵਾਸਤੇ ਉਹ ਪਾਂਡੀਚਰੀ ਚਲੇ ਗਏ ਜਿਹੜਾ ਉਸ ਵੇਲੇ ਫ਼ਰਾਂਸ ਦੇ ਕਬਜ਼ੇ ਵਿਚ ਸੀ। ਇੱਥੇ ਹੀ ਉਹ 18 ਸਤਬੰਰ 1887 ਦੇ ਦਿਨ ਚੜ੍ਹਾਈ ਕਰ ਗਏ।

1992: ਬਲਵੰਤ ਸਿੰਘ, ਸੁਖਦੇਵ ਸਿੰਘ ਤੇ ਹੋਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ; ਮਨਜੀਤ ਸਿੰਘ ਬਠਿੰਡਾ ਨੇ ਸਾਈਨਾਈਡ ਖਾ ਕੇ ਜਾਨ ਦਿੱਤੀ

ਅਠਾਰਾਂ ਸਤੰਬਰ 1992 ਦੇ ਦਿਨ ਪੁਲਸ ਨੇ ਸੁਖਦੇਵ ਸਿੰਘ ਸੁੱਖਾ ਵਾਸੀ ਬਡਬਰ (ਪੰਜ ਸੌ ਕਤਲਾਂ ਦਾ ਜ਼ਿੰਮੇਦਾਰ ਆਖ ਕੇ) ਤੋਂ ਇਲਾਵਾ ਗੁਰਿੰਦਰ ਸਿੰਘ ਕੁੰਭੜਵਾਲਾ, ਪਰਮਜੀਤ ਸਿੰਘ ਪੰਮਾ ਖੰਨਾ, ਜੋਗਿੰਦਰ ਸਿੰਘ, ਹਰਪਾਲ ਸਿੰਘ ਉਰਫ਼ ਨਿੱਕੂ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

ਇਸੇ ਦਿਨ ਪੁਲੀਸ ਦੇ ਘੇਰੇ ਵਿਚ ਆ ਜਾਣ ਕਰ ਕੇ ਮਨਜੀਤ ਸਿੰਘ ਵਾਸੀ ਕਲਿਆਣਪੁਰ ਸੁੱਖਾ ਬਠਿੰਡਾ ਨੇ, ਗ੍ਰਿਫ਼ਤਾਰ ਹੋ ਕੇ ਘੋਰ ਤਸ਼ੱਦਦ ਸਹਿਣ ਮਗਰੋਂ ਨਕਲੀ ਮੁਕਾਬਲੇ ਵਿਚ ਮਾਰੇ ਜਾਣ ਦੀ ਬਜਾਇ, ਸਾਇਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿੱਤੀ।

1993: ਗੁਰਵਿੰਦਰ ਸਿੰਘ ਲੁਧਿਆਣਾ ਨਕਲੀ ਮੁਕਾਬਲੇ ਵਿਚ ਸ਼ਹੀਦ

ਅਠਾਰਾਂ ਸਤੰਬਰ 1993 ਦੇ ਦਿਨ ਪੁਲਸ ਨੇ ਗੁਰਵਿੰਦਰ ਸਿੰਘ (ਪੁੱਤਰ ਜੋਗਾ ਸਿੰਘ, ਵਾਸੀ ਲੁਧਿਆਣਾ ਸ਼ਹਿਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

19 ਸਤੰਬਰ

1687: ਗੁਰੂ ਗੋਬਿੰਦ ਸਿੰਘ ਜੀ ਨੇ ਰਾਮ ਰਾਏ ਦੇ ਮਸੰਦਾਂ ਨੂੰ ਸਜ਼ਾ ਦਿੱਤੀ

ਅਪਰੈਲ 1685 ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਪਾਉਂਟਾ ਵਿਚ ਰਹਿਣ ਲਗ ਪਏ ਸਨ; ਇੱਥੇ ਰਹਿੰਦਿਆਂ ਗੁਰੂ ਹਰਿ ਰਾਏ ਸਾਹਿਬ ਦਾ ਪੁੱਤਰ ਰਾਮ ਰਾਏ 11 ਮਈ 1685 ਦੇ ਦਿਨ ਖੁਰਵੱਧੀ (ਹੁਣ ਡੇਹਰਾਦੂਨ) ਤੋਂ ਗੁਰੂ ਸਾਹਿਬ ਨੂੰ ਮਿਲਣ ਆਇਆ ਅਤੇ ਔਰੰਗਜ਼ੇਬ ਨਾਲ ਸਮਝੌਤਾ ਕਰਨ ਦੀ ਮੁਆਫ਼ੀ ਮੰਗੀ ਤੇ ਸਿੱਖੀ ਵਿਚ ਮੁੜ ਸ਼ਾਮਿਲ ਹੋ ਗਿਆ। ਜਦ ਰਾਮ ਰਾਏ ਦੇ ਮਸੰਦਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਬਹੁਤ ਔਖੇ ਹੋਏ ਕਿਉਂ ਕਿ ਰਾਮ ਰਾਏ ਦਾ ਡੇਰਾ ਸਿੱਖ ਧਰਮਸਾਲਾ ਬਣ ਜਾਣ ਨਾਲ ਉਨ੍ਹਾਂ ਮਸੰਦਾਂ ਦੀ ਐਸ਼ ਖ਼ਤਮ ਹੋ ਜਾਣੀ ਸੀ ਇਸ ਕਰ ਕੇ ਉਨ੍ਹਾਂ ਉਸ ਨੂੰ ਰਸਤੇ ਵਿਚੋਂ ਹਟਾਉਣ ਦੀ ਪਲਾਨ ਬਣਾਈ। 4 ਸਤੰਬਰ 1687 ਦੇ ਦਿਨ ਸ਼ੱਕੀ ਹਾਲਤਾਂ ਵਿਚ ਰਾਮ ਰਾਏ ਦੀ ਮੌਤ ਹੋ ਗਈ। ਦਰਅਸਲ ਰਾਮ ਰਾਏ ਨੂੰ ਉਸ ਦੇ ਮਸੰਦਾਂ ਨੇ ਬੇਹੋਸ਼ ਕਰ ਕੇ ਜਿਊਂਦੇ ਨੂੰ ਹੀ ਸਾੜ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਰਾਮ ਰਾਏ ਦੀ ਯਾਦ ਵਿਚ ਰੱਖੇ ਸਮਾਗਮ ਵਿਚ 19 ਸਤੰਬਰ 1687 ਦੇ ਦਿਨ ਖੁਰਵੱਧੀ ਗਏ ਸਨ ਤੇ ਰਾਮ ਰਾਏ ਦੇ ਕਤਲ ਵਿਚ ਸ਼ਾਮਿਲ ਸਾਜ਼ਸ਼ੀ ਮਸੰਦਾਂ ਨੂੰ ਸਜ਼ਾ ਦਿੱਤੀ ਸੀ; ਵੱਡੇ ਸਾਜ਼ਸ਼ੀ ਮਸੰਦਾਂ ਨੂੰ ਸਜ਼ਾਏ ਮੌਤ ਦਿੱਤੀ ਗਈ। ਇਨ੍ਹਾਂ ਵਿਚੋਂ ਇਕ ਮਸੰਦ ਗੁਰਬਖ਼ਸ਼ ਗੜ੍ਹਵਾਲ ਦੇ ਰਾਜੇ ਫ਼ਤੇ ਸ਼ਾਹ ਕੋਲ ਜਾ ਪੁੱਜਾ ਅਤੇ ਉਸ ਨੂੰ ਗੁਰੂ ਸਾਹਿਬ ਦੇ ਖ਼ਿਲਾਫ਼ ਭੜਕਾਇਆ। ਇਸ 'ਤੇ ਫ਼ਤਹਿ ਸ਼ਾਹ ਨੇ 18 ਸਤੰਬਰ 1688 ਦੇ ਦਿਨ ਗੁਰੂ ਜੀ 'ਤੇ ਭੰਗਾਣੀ ਵਿਚ ਹਮਲਾ ਕਰ ਦਿੱਤਾ ਸੀ।

1988: ਸੁਰਿੰਦਰ ਸਿੰਘ ਗੜ੍ਹਦੀਵਾਲਾ, ਗੁਰਦਿਆਲ ਸਿੰਘ ਦਿੱਲੀ, ਬਾਰਾਂਬੰਕੀ, ਲਖਨਊ ਤੇ ਅਮਰਜੀਤ ਸਿੰਘ ਤੇ ਹਰਵਿੰਦਰ ਸਿੰਘ ਅਤੇ ਜੋਧ ਸਿੰਘ (ਵਾਸੀ ਕੋਟ ਬਾਬਾ ਦੀਪ ਸਿੰਘ ਜਲੰਧਰ) ਨਕਲੀ ਮੁਕਾਬਲਿਆਂ ਵਿਚ ਸ਼ਹੀਦ

19 ਸਤੰਬਰ 1988 ਦੇ ਦਿਨ ਪੰਜਾਬ ਪੁਲਸ ਨੇ ਸੁਰਿੰਦਰ ਸਿੰਘ ਬਾਬਾ (ਵਾਸੀ ਗੜ੍ਹਦੀਵਾਲਾ, ਹੁਸ਼ਿਆਰਪੁਰ), ਅਮਰਜੀਤ ਸਿੰਘ ਤੇ ਹਰਵਿੰਦਰ ਸਿੰਘ (ਦੋਵੇਂ ਵਾਸੀ ਬਾਰਾਂਬੰਕੀ, ਲਖਨਊ, ਯੂ.ਪੀ.), ਗੁਰਦਿਆਲ ਸਿੰਘ (ਵਾਸੀ ਦਿੱਲੀ) ਤੇ ਜੋਧ ਸਿੰਘ (ਵਾਸੀ ਕੋਟ ਬਾਬਾ ਦੀਪ ਸਿੰਘ ਜਲੰਧਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1989: ਦਵਿੰਦਰ ਸਿੰਘ ਬਬਰ ਫਤਹਿਗੜ੍ਹ ਸਭਰਾਵਾਂ, ਤਰਸੇਮ ਸਿੰਘ, ਬਲਵੀਰ ਸਿੰਘ ਤੇ ਸਵਰਨ ਸਿੰਘ ਕਮਾਲਪੁਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

19 ਸਤੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਦਵਿੰਦਰ ਸਿੰਘ ਬਬਰ (ਵਾਸੀ ਫਤਹਿਗੜ੍ਹ ਸਭਰਾਵਾਂ), ਤਰਸੇਮ ਸਿੰਘ, ਬਲਵੀਰ ਸਿੰਘ ਤੇ ਸਵਰਨ ਸਿੰਘ (ਵਾਸੀ ਕਮਾਲਪੁਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਮਨਜੀਤ ਸਿੰਘ ਫ਼ਰੀਦਕੋਟ, ਗੁਰਇੰਦਰ ਸਿੰਘ ਕੁੰਭੜਵਾਲਾ ਤੇ 7 ਹੋਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

19 ਸਤੰਬਰ 1992 ਦੇ ਦਿਨ ਪੁਲਸ ਨੇ ਮਨਜੀਤ ਸਿੰਘ (ਫ਼ਰੀਦਕੋਟ ਜ਼ਿਲ੍ਹੇ ਵਿਚ), ਗੁਰਇੰਦਰ ਸਿੰਘ ਵਾਸੀ ਕੁੰਭੜਵਾਲਾ (ਧਨੌਲੇ ਨੇੜੇ ਗੁਮਟੀ ਪਿੰਡ ਵਿਚ) ਅਤੇ ਸੱਤ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤੇ।

1993: ਪੁਲਸ ਨੇ ਗੁਜਰਵਾਲ ਅਖੰਡ ਪਾਠ 'ਖੰਡਤ' ਕੀਤਾ

19 ਸਤੰਬਰ 1993 ਦੇ ਦਿਨ ਪੁਲੀਸ ਨੇ ਗੁਜਰਵਾਲ ਵਿਚ ਹੋ ਰਹੇ ਇਕ ਅਖੰਡ ਪਾਠ ਨੂੰ ਰੋਕ ਦਿੱਤਾ। ਇਸ ਸਮੇਂ ਪੁਲੀਸ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਕਰਨ ਦੀ ਕੋਸ਼ਿਸ਼ ਵੀ ਕੀਤੀ। ਇਸ ਦੇ ਖ਼ਿਲਾਫ਼ ਚਾਰੇ ਪਾਸੇ ਰੋਸ ਜ਼ਾਹਿਰ ਕੀਤਾ ਗਿਆ। ਇਸ ਤੋਂ ਸ਼੍ਰੋਮਣੀ ਅਕਾਲੀ ਦਲ (ਬਾਦਲ-ਟੌਹੜਾ) ਨੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਇਹ ਮੋਰਚਾ ਕੁਝ ਦਿਨ ਚਲਿਆ। ਜਦੋਂ ਪੁਲੀਸ ਅਕਾਲੀ ਵਰਕਰਾਂ 'ਤੇ ਜ਼ੁਲਮ ਕਰਨ ਲੱਗ ਪਈ ਤਾਂ ਅਕਾਲੀ ਦਲ (ਬਾਦਲ-ਟੌਹੜਾ) ਨੇ 14 ਨਵੰਬਰ ਨੂੰ ਇਹ ਮੋਰਚਾ 'ਮੁਲਤਵੀ' (ਦਰਅਸਲ ਬੰਦ) ਕਰਨ ਦਾ ਐਲਾਨ ਕਰ ਦਿੱਤਾ। ਦੂਜੇ ਪਾਸੇ ਅਕਾਲੀ ਦਲ (ਮਾਨ) ਨੇ ਇਹ ਮੋਰਚਾ ਜਾਰੀ ਰੱਖਣ ਦਾ ਫ਼ੈਸਲਾ ਕੀਤਾ। ਪਰ, 15 ਨਵੰਬਰ ਨੂੰ, ਜਦੋਂ ਮਾਨ ਅਕਾਲੀ ਦਲ ਦਾ ਜੱਥਾ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਨ ਗਿਆ ਤਾਂ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਪੁਜਾਰੀਆਂ (ਗ੍ਰੰਥੀਆਂ) ਨੇ ਜਥੇ ਨੂੰ ਸਿਰੋਪਾਓ ਦੇਣ ਤੋਂ ਨਾਂਹ ਕਰ ਦਿੱਤੀ। ਇਸ ਦਾ ਮਤਲਬ ਸਾਫ਼ ਇਹ ਸੀ ਕਿ ਅਕਾਲ ਤਖ਼ਤ ਸਾਹਿਬ ਤੋਂ ਸਿਰਫ਼ ਕਾਬਜ਼ ਧੜੇ ਵਲੋਂ ਲਾਏ ਗਏ ਮੋਰਚੇ ਵਿਚ ਜਾਣ ਵਾਲੇ ਜਥਿਆਂ ਨੂੰ ਹੀ ਸਿਰੋਪਾਓ ਬਖ਼ਸ਼ਿਸ਼ ਕੀਤੇ ਜਾਂਦੇ ਹਨ।

ਇੱਥੇ ਇਕ ਹੋਰ ਗੱਲ ਵੀ ਕਾਬਲੇ-ਜ਼ਿਕਰ ਹੈ ਕਿ 1923 ਵਿਚ ਜੈਤੋ ਵਿਚ ਅਖੰਡ ਪਾਠ ਰੋਕਣ ਦੀ ਹਰਕਤ ਵਿਚ ਸ਼ਾਮਿਲ ਹੋਣ ਦੇ ਜੁਰਮ ਵਿਚ ਗੁਰਦਿਆਲ ਸਿੰਹ ਨੂੰ ਪੰਥ 'ਚੋਂ ਖਾਰਿਜ ਕੀਤਾ ਗਿਆ ਸੀ, ਪਰ ਗੁਜਰਵਾਲ ਦੇ ਮਾਮਲੇ ਵਿਚ ਬੇਅੰਤ ਜਾਂ ਗਿੱਲ ਨਾਲ ਅਜਿਹਾ ਨਹੀਂ ਸੀ ਕੀਤਾ ਗਿਆ। 14 ਨਵੰਬਰ 1993 ਦੇ ਦਿਨ ਹਿੰਦੂ ਦੀਵਾਲੀ ਦਾ ਤਿਉਹਾਰ ਮਨਾ ਰਹੇ ਸਨ। ਮਨਜੀਤ ਸਿੰਘ ਗ੍ਰੰਥੀ ਕੇਸਗੜ੍ਹ ਤੇ ਅਕਾਲ ਤਖ਼ਤ ਨੇ ਵੀ ਦਰਬਾਰ ਸਾਹਿਬ ਵਿਚ

ਦੀਵਾਲੀ ਮਨਾਉਣ ਦਾ ਐਲਾਣ ਕਰ ਦਿੱਤਾ। ਹਾਲਾਂ ਕਿ ਸਿੱਖਾਂ ਨੇ 1984 ਤੋਂ ਦਰਬਾਰ ਸਾਹਿਬ 'ਚ ਦੀਵਾਲੀ ਮਨਾਉਣਾ ਬੰਦ ਕੀਤਾ ਹੋਇਆ ਸੀ। ਪਿਛਲੇ 13 ਸਾਲਾਂ ਤੋਂ ਕੌਮ ਏਨਾ ਦਰਦ ਹੰਡਾ ਰਹੀ ਸੀ ਕਿ ਕਿਸੇ ਨੂੰ (ਤੇ ਉਹ ਵੀ ਹਿੰਦੂਆਂ ਦੀ) ਦੀਵਾਲੀ ਮਨਾ ਕੇ 'ਖ਼ੁਸ਼ੀਆਂ' ਦਾ ਦਿਖਾਵਾ ਕਰਨ ਦਾ ਖ਼ਿਆਲ ਤੱਕ ਨਹੀਂ ਸੀ ਸਕਦਾ। ਫਿਰ ਇਹ ਵੀ ਨਹੀਂ ਸੀ ਕਿ ਉਹ ਦਰਦ ਖ਼ਤਮ ਜਾਂ ਘੱਟ ਹੋ ਗਿਆ ਸੀ। ਬੇਅੰਤ ਬੇਗੁਨਾਹ ਸਿੱਖਾਂ ਨੂੰ ਕਤਲ ਕੀਤਾ ਜਾ ਰਿਹਾ ਸੀ। ਅਜੇ ਸਿਰਫ਼ 13 ਦਿਨ ਪਹਿਲਾਂ, ਭਾਈ ਬੇਅੰਤ ਸਿੰਘ ਦੀ ਯਾਦ 'ਚ ਰੱਖੇ ਸਮਾਗਮ ਨੂੰ ਰੋਕਣ ਵਾਸਤੇ, ਗੁਰਿੰਦਰ ਢਿਲੋਂ ਦੀ ਅਗਵਾਈ ਹੇਠ ਪੰਜਾਬ ਪੁਲੀਸ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰ ਕੇ ਕਰਫ਼ਿਊ ਵਾਲੀ ਹਾਲਤ ਪੈਦਾ ਕਰ ਦਿੱਤੀ ਸੀ ਅਤੇ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ ਸੀ। (ਇਸ ਕਰ ਕੇ ਅਕਾਲ ਤਖ਼ਤ ਸਾਹਿਬ ਤੋਂ ਕੌਮ ਨੂੰ ਕੋਈ ਪੈਗ਼ਾਮ ਦਿੱਤਾ ਜਾਣਾ ਚਾਹੀਦਾ ਸੀ ਨਾ ਕਿ ਹਿੰਦੂਆਂ ਦੇ ਤਿਉਹਾਰ ਦੀ ਖ਼ੁਸ਼ੀ 'ਚ ਦੀਵੇ ਜਗਾਣੇ)।

ਦੀਵਾਲੀ ਦਾ ਸਿੱਖਾਂ ਨਾਲ ਕੋਈ ਸਬੰਧ ਨਹੀਂ ਹੈ। (ਮਹਾਰਾਜਾ) ਰਣਜੀਤ ਸਿੰਘ ਵੇਲੇ ਦਰਬਾਰ ਸਾਹਿਬ 'ਤੇ ਕਾਬਜ਼ ਨਿਰਮਲੇ ਤੇ ਉਦਾਸੀ ਪੁਜਾਰੀਆਂ ਅਤੇ ਮਹੰਤਾਂ ਨੇ ਕਿਸੇ ਦਰਬਾਰ ਸਾਹਿਬ 'ਚ ਹਿੰਦੂ-ਦੀਵਾਲੀ ਦਾ ਤਿਉਹਾਰ ਮਨਾਉਣਾ ਸ਼ੁਰੂ ਕਰ ਦਿੱਤਾ ਸੀ ਤਾਂ ਜੋ ਇਸ ਦਿਨ ਦੇ ਨਾਂ 'ਤੇ ਸਿੱਖਾਂ ਦਾ ਚੜ੍ਹਾਵਾ ਵੀ ਆ ਸਕੇ। ਉਨ੍ਹਾਂ ਨੇ ਇਸ ਮਕਸਦ ਵਾਸਤੇ ਬਹਾਨਾ ਵੀ ਲੱਭ ਲਿਆ ਕਿ ਗਵਾਲੀਅਰ ਵਿਚੋਂ ਰਿਹਾ ਹੋ ਕੇ ਗੁਰੂ ਹਰਿਗੋਬਿੰਦ ਸਾਹਿਬ ਇਸ ਦਿਨ ਅੰਮ੍ਰਿਤਸਰ ਪੁੱਜੇ ਸਨ। (ਉਂਞ ਇਹ ਗੱਲ ਵੀ ਗ਼ਲਤ ਹੈ। ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਕਿਲ੍ਹੇ 'ਚੋਂ ਰਿਹਾਈ ਮਗਰੋਂ ਪਹਿਲੀ ਮਾਘ 1677 ਬਿਕਰਮੀ, ਯਾਨਿ 28 ਦਸੰਬਰ 1620, ਦੇ ਦਿਨ ਅੰਮ੍ਰਿਤਸਰ ਆਏ ਸਨ, ਨਾ ਕਿ ਦੀਵਾਲੀ ਵਾਲੇ ਦਿਨ)।

2014 : ਜਗਦੇਵ ਸਿੰਘ ਤਲਵੰਡੀ ਦੀ ਮੌਤ

19 ਸਤੰਬਰ 2014 ਦੇ ਦਿਨ, 'ਲੋਹ ਪੁਰਸ਼' ਅਖਵਾਉਣ ਵਾਲਾ, ਜਥੇਦਾਰ ਜਗਦੇਵ ਸਿੰਘ ਤਲਵੰਡੀ ਚੜ੍ਹਾਈ ਕਰ ਗਿਆ। ਛਾਂਗਾ ਸਿੰਘ ਦਾ ਇਹ ਪੁੱਤਰ ਚੱਕ ਨੰਬਰ 52 ਲਾਇਪੁਰ ਵਿਚ 1929 ਵਿਚ ਪੈਦਾ ਹੋਇਆ ਸੀ। ਉਹ 1977 ਵਿਚ ਲੋਕ ਸਭਾ ਦੀ ਚੋਣ ਜਿੱਤਿਆ ਸੀ ਤੇ 1978 ਵਿਚ ਅਕਾਲੀ ਦਲ ਦਾ ਪ੍ਰਧਾਨ ਬਣਿਆ ਸੀ। 2000 ਵਿਚ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਵੀ ਬਣਿਆ। 2001 ਵਿਚ ਉਸ ਨੂੰ ਬਡੂੰਗਰ ਦਾ ਵਿਰੋਧ ਕਰਨ 'ਤੇ ਬਾਦਲ ਨੇ ਪਾਰਟੀ ਵਿਚੋਂ ਕੱਢ ਦਿੱਤਾ ਸੀ। ਉਸ ਦਾ ਪੁੱਤਰ ਰਣਜੀਤ ਸਿੰਘ ਐਮ.ਐਲ.ਏ. ਰਹਿ ਚੁਕਾ ਹੈ ਤੇ ਦੂਜਾ ਪੁੱਤਰ ਜਗਜੀਤ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦਾ ਮੈਂਬਰ ਹੈ। ਇਸ ਦਾ ਭਰਾ ਦੇਵਰਾਜ ਸਿੰਘ ਤਲਵੰਡੀ ਵੀ ਐਮ.ਐਲ.ਏ. ਤੇ ਵਜ਼ੀਰ ਰਹਿ ਚੁਕਾ ਸੀ। ਉਸ ਦੇ ਭਰਾ ਦੇਵਰਾਜ ਸਿੰਘ ਤਲਵੰਡੀ ਦਾ ਪੁੱਤਰ ਚਰਨਜੀਤ ਸਿੰਘ ਚੰਨੀ ਖਾੜਕੂ ਲਹਿਰ ਦਾ ਇਕ ਵੱਡਾ ਆਗੂ ਸੀ।

20 ਸਤੰਬਰ

1956: ਹਜ਼ੂਰ ਸਾਹਿਬ ਦੇ ਇੰਤਜ਼ਾਮ ਵਾਸਤੇ ਮੈਨੇਜਮੈਂਟ ਬੋਰਡ ਬਣਿਆ

1925 ਵਿਚ ਗੁਰਦੁਆਰਾ ਐਕਟ ਬਣ ਜਾਣ ਮਗਰੋਂ ਪੰਜਾਬ ਦੇ ਗੁਰਦੁਆਰੇ ਸਿੱਖਾਂ ਦੀ ਸੇਵਾ ਸੰਭਾਲ ਹੇਠ ਆ ਗਏ ਪਰ ਪੰਜਾਬੋਂ ਬਾਹਰ ਦੇ ਗੁਰਦੁਆਰਿਆਂ ਦਾ ਸੁਧਾਰ ਨਾ ਹੋ ਸਕਿਆ। 1956 ਵਿਚ ਨੰਦੇੜ ਦੇ ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ ਸਰਕਾਰ ਨੇ ਇਕ ਬੋਰਡ ਬਣਾ ਦਿੱਤਾ ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਵੀ ਸਨ। ਭਾਵੇ ਵੇਖਣ ਨੂੰ ਇਸ

ਦਾ ਇੰਤਜ਼ਾਮ ਸਿੱਖਾਂ ਕੋਲ ਸੀ ਪਰ ਇਸ ਜਗਹ ਮਰਿਆਦਾ ਵਧੇਰੇ ਕਰ ਕੇ ਬ੍ਰਾਹਮਣਾਂ ਵਾਲੀ ਚਲਦੀ ਸੀ ਜੋ ਅੱਜ 56 ਸਾਲ ਮਗਰੋਂ ਵੀ ਠੀਕ ਨਹੀਂ ਕੀਤੀ ਜਾ ਸਕੀ।

1981: ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਗ੍ਰਿਫ਼ਤਾਰੀ ਦੇਣ ਸਮੇ ਚੌਕ ਮਹਿਤਾ ਵਿਚ ਗੋਲੀ ਚਲੀ ਤੇ 11 ਸਿੱਖ ਮਾਰੇ ਗਏ

16 ਸਤੰਬਰ ਨੂੰ ਕੀਤੇ ਐਲਾ ਮੁਤਾਬਿਕ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਗ੍ਰਿਫ਼ਤਾਰੀ ਤੋਂ ਪਹਿਲਾਂ ਚੌਕ ਮਹਿਤਾ ਪਿੰਡ ਵਿਚ ਇਕ ਕਾਨਫ਼ਰੰਸ ਰੱਖ ਦਿੱਤੀ ਸੀ। ਭਿੰਡਰਾਂਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਪੁਲੀਸ ਵੀ ਭਾਰੀ ਗਿਣਤੀ ਵਿਚ ਪਹੁੰਚੀ ਹੋਈ ਸੀ। ਅੰਗ੍ਰੇਜ਼ੀ ਅਖ਼ਬਾਰ 'ਟ੍ਰਿਬਿਊਨ' ਮੁਤਾਬਿਕ ਚੌਕ ਮਹਿਤੇ ਵਿਚ 19 ਸਤੰਬਰ ਨੂੰ ਬੀ.ਐਸ. ਐਫ. ਦੇ 1200 ਕਮਾਂਡੋ, ਪੀ.ਏ.ਪੀ. ਦੇ 4500 ਅਤੇ ਪੰਜਾਬ ਪੁਲੀਸ ਦੇ 10,000 ਸਿਪਾਹੀ ਤਾਇਨਾਤ ਸਨ।

20 ਸਤੰਬਰ ਨੂੰ ਚੌਕ ਮਹਿਤਾ ਵਿਚ ਹੋਏ ਦੀਵਾਨ ਵਿਚ ਤਿੰਨ ਲੱਖ ਤੋਂ ਵੱਧ ਸਿੱਖ ਪੁੱਜੇ। ਇਨ੍ਹਾਂ ਵਿਚ ਅਕਾਲੀ ਦਲ ਦੇ ਮੁੱਖ ਆਗੂਆਂ ਤੋਂ ਇਲਾਵਾ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਵੀ ਸ਼ਾਮਿਲ ਸਨ। ਇਸ ਦੀਵਾਨ ਵਿਚ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਅਤੇ ਅਕਾਲੀ ਦਲ ਦੇ ਪੰਜਾਬ ਅਤੇ ਦਿੱਲੀ ਦੇ ਸੀਨੀਅਰ ਆਗੂਆਂ ਨੇ ਸਰਕਾਰ ਨੂੰ ਵਾਰਨਿੰਗ ਦਿੱਤੀ ਕਿ ਜੇ ਬਾਬਾ ਜਰਨੈਲ ਸਿੰਘ ਦਾ ਵਾਲ ਵੀ ਵਿੰਗਾ ਹੋਇਆ ਤਾਂ ਪੰਜਾਬ ਅਤੇ ਭਾਰਤ ਸਿਵਲ ਵਾਰ ਦੀ ਲਪੇਟ ਵਿਚ ਆ ਜਾਣਗੇ।

ਜਦ ਪੁਲਸ ਬਾਬਾ ਜਰਨੈਲ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਕਾਰ ਵਿਚ ਬਿਠਾ ਕੇ ਲਿਜਾ ਰਹੀ ਸੀ ਤਾਂ ਜਥੇਦਾਰ ਸੰਤੋਖ ਸਿੰਘ ਦਿੱਲੀ ਨੇ ਇਕ ਡਰਾਮਾਈ ਪ੍ਰੋਟੈਸਟ ਕੀਤਾ; ਉਹ ਉਸ ਕਾਰ ਦੀ ਬੌਨਟ 'ਤੇ ਬੈਠ ਗਿਆ ਅਤੇ ਕਿਹਾ ਕਿ ਉਹ ਕਾਰ ਜਾਣ ਨਹੀਂ ਦੇਵੇਗਾ। ਕੁਝ ਚਿਰ ਮਗਰੋਂ ਭਿੰਡਰਾਂਵਾਲਿਆਂ ਦੇ ਕਹਿਣ 'ਤੇ ਉਹ ਬੌਨਟ ਤੋਂ ਉਤਰਿਆ ਤਾਂ ਹੀ ਪੁਲਸ ਦੀ ਗੱਡੀ ਅੱਗੇ ਜਾ ਸਕੀ। ਸੰਤੋਖ ਸਿੰਘ ਇੰਦਰਾ ਗਾਂਧੀ ਦਾ ਖ਼ਾਸਮ-ਖ਼ਾਸ ਸੀ ਪਰ ਕੁਝ ਚਿਰ ਤੋਂ ਦੋਹਾਂ ਵਿਚ ਫ਼ਰਕ ਆ ਗਏ ਸਨ ਅਤੇ ਸੰਤੋਖ ਸਿੰਘ ਨੇ ਬਾਗ਼ੀ ਸੁਰ ਅਖ਼ਤਿਆਰ ਕਰ ਲਈ ਹੋਈ ਸੀ। ਉਂਝ ਉਸ ਦਾ ਸੁਭਾਅ ਪਹਿਲਾਂ ਤੋਂ ਹੀ ਖਾੜਕੂ ਅਤੇ ਕੁਝ ਹੱਦ ਤਕ ਦਲੇਰਾਨਾ ਵੀ ਸੀ।

ਭਿੰਡਰਾਂਵਾਲਿਆਂ ਨੇ ਸ਼ਾਮ ਵੇਲੇ ਗ੍ਰਿਫ਼ਤਾਰੀ ਦੇ ਦਿੱਤੀ। ਉਨ੍ਹਾਂ ਦੀ ਗ੍ਰਿਫ਼ਤਾਰੀ ਮਗਰੋਂ ਪੁਲੀਸ ਨੇ ਟੀਅਰ ਗੈਸ, ਲਾਠੀਚਾਰਜ ਅਤੇ ਫ਼ਾਇਰਿੰਗ ਕੀਤੀ। ਗੁੱਸੇ ਵਿਚ ਆਏ ਲੋਕਾਂ ਨੇ ਪੁਲੀਸ ਦੇ ਟੈਂਟ ਅਤੇ ਗੱਡੀਆਂ ਸਾੜ ਕੇ ਸੁਆਹ ਕਰ ਦਿੱਤੇ ਗਏ। ਪੁਲੀਸ ਫ਼ਾਇਰਿੰਗ ਵਿਚ ਕਈ ਸਿੱਖ ਮਾਰੇ ਗਏ। ਇਨ੍ਹਾਂ ਦੀ ਗਿਣਤੀ 22 ਦੱਸੀ ਜਾਂਦੀ ਹੈ (ਪਰ ਹੁਣ ਤੱਕ ਸਿਰਫ਼ 11 ਸਿੱਖਾਂ ਦੇ ਨਾਂ ਰਿਲੀਜ਼ ਕੀਤੇ ਗਏ ਹਨ)। ਗੋਲੀ ਕਾਂਡ ਬਾਰੇ ਮੌਕੇ 'ਤੇ ਹਾਜ਼ਰ ਸ. ਮਹਿੰਦਰ ਸਿੰਘ ਪੱਤਰਕਾਰ (ਕਿਤਾਬ 'ਨੀਂਹ ਰੱਖੀ ਗਈ') ਦਾ ਕਹਿਣਾ ਹੈ ਕਿ ਪਹਿਲਾਂ ਸਿੱਖ ਨੌਜਵਾਨਾਂ ਨੇ ਪੁਲਸ ਦੇ ਟੈਂਟ ਸਾੜੇ ਸਨ ਤੇ ਪੁਲਸ ਨੇ ਗੋਲੀ ਬਾਅਦ ਵਿਚ ਚਲਾਈ ਸੀ।

1981: ਜਲੰਧਰ ਵਿਚ ਤਿੰਨ ਮੋਟਰ ਸਾਈਕਲ ਵਾਲਿਆਂ ਵੱਲੋਂ ਗੋਲੀਆਂ ਚਲਾਈਆਂ ਗਈਆਂ

10 ਸਤੰਬਰ 1981 ਨੂੰ ਲਾਲਾ ਜਗਤ ਨਾਰਾਇਣ ਦੀ ਦੇਹ ਨੂੰ ਜਲੰਧਰ ਦੇ ਸ਼ਮਸ਼ਾਨ ਘਾਟ ਵਿਚ ਸਸਕਾਰਿਆ ਗਿਆ। ਉਸ ਦੀ ਲਾਸ਼ ਨੂੰ ਸ਼ਮਸ਼ਾਨ ਵੱਲ ਲਿਜਾਂਦੀ ਦਹਿਸ਼ਤਗਰਦ ਹਿੰਦੂ ਭੀੜ ਨੇ ਸਿੱਖਾਂ ਦੇ ਖ਼ਿਲਾਫ਼ ਭੜਕਾਊ ਨਾਅਰੇ ਲਾਏ ਅਤੇ ਸਿੱਖਾਂ ਅਤੇ ਸਿੱਖ ਅਦਾਰਿਆਂ ਉੱਤੇ ਹਮਲੇ ਕੀਤੇ ਜਿਸ ਨਾਲ ਕਈ ਸਿੱਖ ਜ਼ਖ਼ਮੀ ਹੋਏ। ਰੋਜ਼ਾਨਾ ਅਕਾਲੀ ਪੱਤਰਕਾ ਦੇ ਦਫ਼ਤਰ ਨੂੰ ਵੀ ਅੱਗ ਲਾਈ ਗਈ ਸੀ। ਪੰਜਾਬ ਪੁਲੀਸ, ਜੋ ਉਸ ਵੇਲੇ ਇਸ ਹਜੂਮ ਦੇ ਅੱਗੇ

ਅਤੇ ਪਿੱਛੇ ਚਲ ਰਹੀ ਸੀ, ਨੇ ਸਿੱਖਾਂ 'ਤੇ ਹਮਲਿਆਂ ਨੂੰ ਰੋਕਣ ਦੀ ਜ਼ਰਾ-ਮਾਸਾ ਕੋਸ਼ਿਸ਼ ਵੀ ਨਾ ਕੀਤੀ।

ਖਾੜਕੂ ਸਿੰਘਾਂ ਦੇ ਦਿਲਾਂ ਵਿਚ ਜਲੰਧਰ ਵਿਚ ਸਿੱਖਾਂ 'ਤੇ ਕੀਤੇ ਗਏ ਇਨ੍ਹਾਂ ਹਮਲਿਆਂ ਦੇ ਖ਼ਿਲਾਫ਼ ਗੁੱਸਾ ਭਰਿਆ ਪਿਆ ਸੀ। 20 ਸਤੰਬਰ ਨੂੰ ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਮਗਰੋਂ ਇਕ ਮੋਟਰ ਸਾਈਕਲ ਉੱਤੇ ਤਿੰਨ ਸਿੱਖਾਂ ਨੇ ਜਲੰਧਰ ਵਿਚ ਗੋਲੀਆਂ ਚਲਾਈਆਂ ਜਿਸ ਨਾਲ 3 ਹਿੰਦੂ ਮਰੇ ਅਤੇ 12 ਜ਼ਖ਼ਮੀ ਹੋਏ। ਗੋਲੀਆਂ ਚਲਾਉਣ ਵਾਲਿਆਂ ਨੇ ਕਿਹਾ ਕਿ ਹਿੰਦੂਆਂ ਉੱਤੇ ਇਹ ਵਾਰ ਉਨ੍ਹਾਂ ਵਲੋਂ ਸਿੱਖਾਂ ਉੱਤੇ ਕੀਤੇ ਗਏ ਹਮਲਿਆਂ ਦਾ ਜੁਆਬ ਹਨ। ਇਹ ਤਿੰਨ ਮੋਟਰ ਸਾਈਕਲ ਵਾਲੇ ਸਨ: ਅਮਰਜੀਤ ਸਿੰਘ ਖੇਮਕਰਨ, ਗੁਰਨਾਮ ਸਿੰਘ ਤੇ ਸੇਵਾ ਸਿੰਘ (ਮਗਰੋਂ ਤਰਮਾਲਾ ਦਾ ਸਾਧ)।

1983: ਮੰਜੀ ਸਾਹਿਬ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਮਾਗਮ ਵਿਚ ਜਥੇਦਾਰ ਤਲਵੰਡੀ ਨੇ ਪੰਜਾਬ ਵਿਚ ਮੁਤਵਾਜ਼ੀ ਸਰਕਾਰ ਕਾਇਮ ਕਰਨ ਦੀ ਧਮਕੀ ਦਿੱਤੀ

ਅਗਸਤ 1983 ਵਿਚ ਭਿੰਡਰਾਂ-ਮਹਿਤਾ ਜਥਾ ਦੇ ਭਾਈ ਅਮਰੀਕ ਸਿੰਘ, ਬਾਬਾ ਠਾਰਾ ਸਿੰਘ, ਅਮਰਜੀਤ ਸਿੰਘ ਚਾਵਲਾ, ਹਰਵਿੰਦਰ ਸਿੰਘ ਗਿੱਲ, ਸਵਰਨ ਸਿੰਘ ਰੋਡੇ (ਲਾਲਾ ਜਗਤ ਨਾਰਾਇਣ ਕਤਲ ਕੇਸ) ਵੱਖ ਵੱਖ ਕੇਸਾਂ ਵਿੱਚੋਂ ਬਰੀ ਹੋ ਗਏ ਅਤੇ ਮਹਿਫ਼ੂਜ਼ ਦਰਬਾਰ ਸਾਹਿਬ ਪਹੁੰਚ ਗਏ। ਉਨ੍ਹਾਂ ਨੇ 20 ਸਤੰਬਰ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੰਜੀ ਸਾਹਿਬ ਦੀਵਾਨ ਹਾਲ ਵਿਚ, ਚੌਕ ਮਹਿਤਾ ਵਿਚ 1981 ਵਿਚ ਪੁਲੀਸ ਵੱਲੋਂ ਮਾਰੇ ਗਏ ਸਿੱਖਾਂ ਦੀ ਯਾਦ ਮਨਾਉਣ ਵਾਸਤੇ, ਇਕ ਇਕੱਠ ਬੁਲਾ ਲਿਆ। ਇਸ ਸਮਾਗਮ ਵਿਚ ਬਹੁਤ ਸਾਰੇ ਅਕਾਲੀ ਆਗੂਆਂ ਨੇ ਇੰਦਰਾ ਨੂੰ ਵਾਰਨਿੰਗ ਦਿੱਤੀ ਕਿ ਜੇ ਸਿੱਖਾਂ ਅਤੇ ਪੰਜਾਬ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਇਕ ਸਿਵਲ ਵਾਰ ਛਿੜ ਪਵੇਗੀ। ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਤਾਂ ਪੰਜਾਬ ਵਿਚ ਮੁਤਵਾਜ਼ੀ ਸਰਕਾਰ ਕਾਇਮ ਕਰਨ ਦੀ ਵੀ ਧਮਕੀ ਦਿੱਤੀ। ਇਸ 'ਤੇ ਉਸ ਨੂੰ ਅਤੇ ਸੁਖਜਿੰਦਰ ਸਿੰਘ ਨੂੰ ਨੈਸ਼ਨਲ ਸਕਿਉਰਿਟੀ ਐਕਟ ਹੇਠ ਨਜ਼ਰਬੰਦ ਕਰ ਦਿੱਤਾ ਗਿਆ। ਇਸ ਦਿਨ ਭਰਪੂਰ ਸਿੰਘ ਬਲਬੀਰ ਨੇ ਵੀ ਬਹੁਤ ਗਰਮ ਲੈਕਚਰ ਦਿੱਤਾ ਪਰ ਮਗਰੋਂ ਉਹ ਸਿੱਖੀ ਛੱਡ ਕੇ ਕੂਕਿਆਂ (ਨਾਮਧਾਰੀਆਂ) ਵਿਚ ਸ਼ਾਮਿਲ ਹੋ ਗਿਆ।

1987: ਸਰਬਜੀਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

20 ਸਤੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਸਰਬਜੀਤ ਸਿੰਘ ਨਾਂ ਦੇ ਇਕ ਸਿੱਖ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1990: ਸਰਭਪਾਲ ਸਿੰਘ ਕੱਚਾ ਪੱਕਾ ਨਕਲੀ ਮੁਕਾਬਲੇ ਵਿਚ ਸ਼ਹੀਦ

20 ਸਤੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਸਰਭਪਾਲ ਸਿੰਘ (ਵਾਸੀ ਕੱਚਾ ਪੱਕਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1992: ਦਰਸ਼ਨ ਸਿੰਘ ਦਰਸ਼ੀ, ਬਲਬੀਰ ਸਿੰਘ ਬੀਰਾ ਨੰਗਲ ਖੁਰਦ ਤੇ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

ਵੀਹ ਸਤੰਬਰ 1992 ਦੇ ਦਿਨ ਪੁਲਸ ਨੇ ਦਰਸ਼ਨ ਸਿੰਘ ਦਰਸ਼ੀ, ਬਲਬੀਰ ਸਿੰਘ ਉਰਫ਼ ਬੀਰਾ ਵਾਸੀ ਨੰਗਲ ਖੁਰਦ ਲੁਧਿਆਣਾ ਤੇ ਤਿੰਨ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤੇ।

1993: ਚੰਦ ਸਿੰਘ ਚੌਕੀ ਮਾਨ ਨਕਲੀ ਮੁਕਾਬਲੇ ਵਿਚ ਸ਼ਹੀਦ

20 ਸਤੰਬਰ 1993 ਦੇ ਦਿਨ ਪੁਲਸ ਨੇ ਚੰਦ ਸਿੰਘ (ਪੁੱਤਰ ਨਛੱਤਰ ਸਿੰਘ, ਵਾਸੀ ਚੌਕੀ ਮਾਨ, ਜ਼ਿਲ੍ਹਾ ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

2012: ਅਕਾਲੀ ਦਲ ਪੰਚ ਪ੍ਰਧਾਨੀ ਦਾ ਕੁਲਬੀਰ ਸਿੰਘ ਬੜਾਪਿੰਡ ਗ੍ਰਿਫ਼ਤਾਰ

19-20 ਸਤੰਬਰ 2012 ਦੀ ਅੱਧੀ ਰਾਤ ਵੇਲੇ ਪੰਜਾਬ ਪੁਲਸ ਨੇ ਅਕਾਲੀ ਦਲ ਪੰਚ ਪ੍ਰਧਾਨੀ ਦੇ ਇਕ ਮੁਖ ਆਗੂ ਤੇ ਮੈਂਬਰ ਸ਼੍ਰੋਮਣੀ ਕਮੇਟੀ ਕੁਲਬੀਰ ਸਿੰਘ ਬੜਾਪਿੰਡ ਨੂੰ ਉਸ ਦੇ ਘਰ ਵਿਚੋਂ ਗ੍ਰਿਫ਼ਤਾਰ ਕਰ ਲਿਆ। ਪਹਿਲਾਂ ਤਾਂ ਪੁਲਸ ਨੇ ਪ੍ਰੈਸ ਰਲੀਜ਼ ਜਾਰੀ ਕਰਦਿਆਂ ਕਿਹਾ ਕਿ ਉਸ ਕੋਲੋਂ ਹਥਿਆਰਾਂ ਦਾ ਬੜਾ ਵੱਡਾ ਜ਼ਖੀਰਾ ਬਰਾਮਦ ਕੀਤਾ ਗਿਆ ਹੈ, ਪਰ ਮਗਰੋਂ ਇਸ ਬਿਆਨ ਤੋਂ ਪਾਸਾ ਵੱਟ ਲਿਆ ਤੇ ਸਿਰਫ਼ .30 ਬੋਰ ਦਏ ਮਾਊਜ਼ਰ ਉਸ 'ਤੇ ਪਾ ਦਿੱਤਾ ਗਿਆ। ਦਰਅਸਲ ਕੁਲਬੀਰ ਸਿੰਘ ਬੜਾ ਪਿੰਡ, ਪ੍ਰਕਾਸ਼ ਸਿੰਘ ਬਾਦਲ ਅਤੇ ਪੁਲਸ ਮੁਖੀ ਸੁਮੇਧ ਸੈਣੀ, ਦੋਹਾਂ ਨੂੰ ਬਹੁਤ ਚੁਭਦਾ ਸੀ। ਇਕ ਤਾਂ ਉਸ ਨੇ ਬਾਦਲ ਅਕਾਲੀ ਦਲ ਦਾ ਸਾਰਾ ਜ਼ੋਰ ਲੱਗਣ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਜਿੱਤ ਹਾਸਿਲ ਕੀਤੀ ਸੀ ਤੇ ਦੂਜਾ ਉਸ ਨੇ ਸੁਮੇਧ ਸੈਣੀ ਨੂੰ ਪੁਲਸ ਮੁਖੀ ਬਣਾਉਣ ਦਾ ਡਟਵਾਂ ਵਿਰੋਧ ਕੀਤਾ ਸੀ। ਤੀਜਾ ਉਹ ਬਿਆਸ ਡੇਰੇ ਵੱਲੋਂ ਢਾਹੇ, ਵੜੈਚ ਪਿੰਡ ਦੇ, ਗੁਰਦੁਆਰੇ ਸਬੰਧੀ ਬਣ ਐਕਸ਼ਨ ਕਮੇਟੀ ਦਾ ਇਕ ਅਹਿਮ ਮੈਂਬਰ ਵੀ ਸੀ। ਇਹ ਵੀ ਚਰਚਾ ਰਿਹਾ ਕਿ ਇਸ ਗ੍ਰਿਫ਼ਤਾਰੀ ਪਿੱਛੇ ਪੁਲਸ ਕੈਂਟ ਲਸ਼ਵਿੰਦਰ ਡਲੇਵਾਲ ਅਤੇ ਉਸ ਦੇ ਸਾਥੀ ਚਰਨਜੀਤ ਸਿੰਘ ਸ਼ੂਜੋਂ ਦਾ ਹੱਥ ਸੀ। ਪਹਿਲਾਂ ਤਾਂ ਪੁਲਸ ਨੇ ਕੁਲਬੀਰ ਸਿੰਘ ਤੇ ਨਿੱਕੇ ਮੋਟੇ ਕੇਸ ਪਾਏ ਸਨ, ਪਰ ਫਿਰ ਉਸ 'ਤੇ ਦੋ ਬੁਲਟ ਪਰੂਫ਼ ਜਾਕਟਾਂ, ਇਕ ਵਾਕੀ-ਟਾਕੀ ਸੈਟ ਤੇ ਕਈ ਕਾਰਤੂਸ ਪਾ ਕੇ, 120 ਬੀ: ਸਾਜਸ਼, 121, 121 ਏ: ਸਰਕਾਰ ਦੇ ਖ਼ਿਲਾਫ਼ ਜੰਗ ਤੇ ਸਾਜ਼ਸ਼, 25/54/59: ਅਸਲਾ ਐਕਟ, 3,4,5 ਐਕਸਪਲੋਸਿਵ ਐਕਟ, 17, 18, 18 ਏ, 19, 20, 38, 39, 40 ਅਨ-ਲਾਅਫ਼ੁਲ ਐਕਟੀਵਿਟੀਜ਼ ਐਕਟ, ਵਗ਼ੈਰਾ ਹੇਠ ਉਸ 'ਤੇ ਬਹੁਤ ਸਾਰੇ ਝੂਠੇ ਕੇਸ ਪਾ ਕੇ ਉਸ ਦਾ ਕਈ ਦਿਨਾਂ ਦਾ ਰਿਮਾਂਡ ਲੈ ਕੇ ਉਸ 'ਤੇ ਤਸ਼ੱਦਦ ਵੀ ਕੀਤਾ ਅਤੇ ਜ਼ਮਾਨਤ ਵੀ ਨਾ ਹੋਣ ਦਿੱਤੀ। ਇਸ ਮਗਰੋਂ ਉਸ ਨੂੰ 2.7 ਕਿਲੋ ਆਰ.ਡੀ.ਐਕਸ. ਦੇ ਕੇਸ, ਜਿਸ ਵਿਚ ਸੰਦੀਪ ਸਿੰਘ ਤੇ ਸੁਖਵਿੰਦਰ ਸਿੰਘ ਪਹਿਲੋਂ ਹੀ ਗ੍ਰਿਫ਼ਤਾਰ ਕੀਤੇ ਹੋਏ ਸਨ, ਵਿਚ ਵੀ ਅੜੁੰਗ ਲਿਆ ਗਿਆ। ਇਹ ਧੱਕਾ ਬਾਦਲ ਤੇ ਪੁਲਾ ਚੀਫ਼ ਸੁਮੇਧ ਸੈਣੀ ਵੱਲੋਂ ਵਿਰੋਧੀਆਂ 'ਤੇ ਕੀਤੇ ਜਾਣ ਵਾਲੇ ਜ਼ੁਲਮਾਂ ਦਾ ਇਕ ਹਿੱਸਾ ਸੀ।

29 ਸਤੰਬਰ 2014 ਦੇ ਦਿਨ ਅਦਾਲਤ ਨੇ ਕੁਲਬੀਰ ਸਿੰਘ ਬੜਾਪਿੰਡ ਨੂੰ ਤੇ ਸੰਦੀਪ ਸਿੰਘ ਤੇ ਸੁਖਵਿੰਦਰ ਸਿੰਘ ਨੂੰ ਬਾਇਜ਼ਤ ਬਰੀ ਕਰ ਦਿੱਤਾ। ਪਰ ਉਹ ਤਿੰਨੇ ਬਿਨਾ ਵਜਹ ਦੋ ਸਾਲ ਤੋਂ ਵੀ ਵਧ ਸਮਾਂ ਜੇਲ੍ਹ ਵਿਚ ਰਹੇ। (ਕੁਲਬੀਰ ਸਿੰਘ ਪਹਿਲਾਂ ਅਮਰੀਕਾ ਚਲਾ ਗਿਆ ਸੀ; ਸਿਮਰਨਜੀਤ ਸਿੰਘ ਮਾਨ ਨੇ ਉਥੇ ਜਾ ਕੇ ਉਸ ਦੇ ਹੱਕ ਵਿਚ ਗਵਾਹੀ ਵੀ ਦਿੱਤੀ ਸੀ, ਪਰ, ਭਾਰਤ ਸਰਕਾਰ ਦਾ ਜ਼ੋਰ ਪੈਣ ਕਾਰਨ ਉਸ ਨੂੰ ਉਥੇ ਪਨਾਹ ਨਾ ਦਿੱਤੀ ਗਈ ਅਤੇ 2006 ਵਿਚ ਡਿਪੋਰਟ ਕਰ ਦਿੱਤਾ ਗਿਆ ਸੀ। ਜਦ ਮਾਨ ਤੇ ਦਲਜੀਤ ਸਿੰਘ ਬਿੱਟੂ ਅਲਗ-ਅਲਗ ਹੋਏ ਤਾਂ ਕੁਲਬੀਰ ਸਿੰਘ ਬਿੱਟੂ ਧੜੇ ਨਾਲ ਜਾ ਰਲਿਆ ਸੀ)। ਦੋ ਸਾਲ ਨਾਭਾ ਹਾਇਜ਼ ਜੇਲ੍ਹ ਵਿਚ ਰੱਖਣ ਮਗਰੋਂ 29 ਸਤੰਬਰ 2014 ਦੇ ਦਿਨ ਅਦਾਲਤ ਨੇ ਕੁਲਬੀਰ ਸਿੰਘ ਤੇ ਉਸ ਦੇ ਸਾਥੀਂ ਸੰਦੀਪ ਸਿੰਘ ਸੈਫ਼ਾਬਾਦ, ਸੁਖਵਿੰਦਰ ਸਿੰਘ ਨੂੰ ਬਾਦਲ ਵੱਲੋਂ ਬਣਾਏ ਝੂਠੇ ਕੇ... ਵਿਚੋਂ ਬਰੀ ਕਰ ਦਿੱਤਾ। ਉਸੇ ਦਿਨ ਤਿੰਨਾਂ ਨੂੰ ਨਾਭਾ ਜੇਲ੍ਹ ਤੋਂ ਰਿਹਾ ਕਰ ਦਿੱਤਾ ਗਿਆ।

2013: 24 ਫ਼ਰਵਰੀ 1993 ਦੇ ਟਾਡਾ ਕੇਸ ਵਿਚੋਂ ਰਜਿੰਦਰ ਸਿੰਘ ਪੱਪਾ ਬਰੀ

20 ਸਤੰਬਰ 2013 ਦੇ ਦਿਨ ਲੁਧਿਆਣਾ ਦੀ ਸਪੈਸ਼ਲ ਟਾਡਾ ਅਦਾਲਤ ਨੇ ਰਜਿੰਦਰ ਸਿੰਘ ਪੱਪਾ ਨੂੰ ਟਾਡਾ ਕੇਸ ਵਿਚੋਂ ਬਰੀ ਕਰ ਦਿੱਤਾ। ਰਜਿੰਦਰ ਸਿੰਘ ਨੂੰ ਟਾਡਾ ਦੀ ਧਾਰਾ 25 ਅਤੇ ਅਸਲਾ ਐਕਟ ਹੇਠ ਗ੍ਰਿਫ਼ਤਾਰ ਕੀਤਾ ਹੋਇਆ ਸੀ। ਦਰਅਸਲ ਉਹ ਸਾਥੀਆਂ ਸਣੇ ਮਿਲਟਰੀ ਕੈਂਪ ਬੱਸੀ ਪਠਾਣਾਂ ਵਿਚ ਖ਼ੁਦ ਪੇਸ਼ ਹੋਇਆ ਸੀ, ਪਰ ਉਸ 'ਤੇ ਕੇਸ ਪਾ ਦਿੱਤਾ ਗਿਆ ਸੀ। ਇਸ ਕੇਸ ਵਿਚ ਮਿਲਟਰੀ ਅਫ਼ਸਰ ਅਦਾਲਤ ਵਿਚ ਪੇਸ਼ ਨਾ ਕੀਤਾ ਜਾ ਸਕਿਆ ਜਿਸ ਕਾਰਨ ਅਖ਼ੀਰ 20 ਸਾਲ ਦੀ ਖੱਜਲ ਖ਼ੁਆਰੀ ਮਗਰੋਂ ਉਸ ਨੂੰ ਬਰੀ ਕਰਨਾ ਪਿਆ। ਉਹ 9 ਮਈ 1997 ਤੋਂ ਜ਼ਮਾਨਤ 'ਤੇ ਰਿਹਾ ਸੀ। ਇਸ ਮਗਰੋਂ ਉਹ ਇੰਗਲੈਂਡ ਚਲਾ ਗਿਆ ਸੀ ਅਤੇ ਉਥੇ ਸਿਆਸੀ ਪਨਾਹ ਲੈ ਲਈ ਸੀ। ਉਸ ਨੇ ਦੋਬਾਰਾ ਆ ਕੇ 26 ਫ਼ਰਵਰੀ 2013 ਦੇ ਦਿਨ ਅਦਾਲਤ ਵਿਚ ਆਪਣੇ ਆਪ ਨੂੰ ਪੇਸ਼ ਕਰ ਦਿੱਤਾ ਸੀ।

21 ਸਤੰਬਰ

1845: ਮਹਾਰਾਣੀ ਜਿੰਦਾ ਦੇ ਭਰਾ ਵਜ਼ੀਰ ਜਵਾਹਰ ਸਿੰਘ ਕਤਲ ਕੀਤਾ ਗਿਆ

ਸਤੰਬਰ 1843 ਤੋਂ ਦਲੀਪ ਸਿੰਘ ਲਾਹੌਰ ਹਕੂਮਤ ਦਾ 'ਮਹਾਰਾਜਾ' ਸੀ ਤੇ ਰਾਣੀ ਜਿੰਦਾਂ ਉਸ ਦੀ ਗਾਰਡੀਅਨ ਸੀ ਪਰ ਅਸਲ ਤਾਕਤ ਹੀਰਾ ਸਿੰਘ ਡੋਗਰਾ ਅਤੇ ਉਸ ਦੇ ਵਜ਼ੀਰ ਪੰਡਤ ਜਲ੍ਹਾ ਕੋਲ ਸੀ। ਇਸ ਵੇਲੇ ਹੀਰਾ ਸਿੰਘ ਦਾ ਤਾਇਆ ਗੁਲਾਬ ਸਿੰਘ ਜੰਮੂ ਦਾ ਰਾਜਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਦੋ ਹੋਰ ਪੁਤਰ ਪਿਸ਼ੌਰਾ ਸਿੰਘ ਤੇ ਕਸ਼ਮੀਰਾ ਸਿੰਘ ਇਸ ਵੇਲੇ ਸਿਆਲਕੋਟ ਵਿਚ ਸਨ। ਗੁਲਾਬ ਸਿੰਘ ਇਨ੍ਹਾਂ ਨੂੰ ਵੀ ਖਤਮ ਕਰਨਾ ਚਾਹੁੰਦਾ ਸੀ। ਦੋਹਾਂ ਸ਼ਹਿਜ਼ਾਦਿਆਂ ਦਾ ਇਕ ਅਹਿਲਕਾਰ ਮਹਿਤਾਬ ਸਿੰਘ, ਗੁਲਾਬ ਸਿੰਘ ਡੋਗਰੇ ਨਾਲ ਮਿਲਿਆ ਹੋਇਆ ਸੀ। ਜਦੋਂ ਉਨ੍ਹਾਂ ਨੂੰ ਇਹ ਰਾਜ਼ ਪਤਾ ਲਗਾ ਤਾਂ ਉਨ੍ਹਾਂ ਉਸ ਨੂੰ ਮਰਵਾ ਦਿਤਾ। ਇਸ 'ਤੇ ਗੁਲਾਬ ਸਿੰਘ ਗੁੱਸੇ ਹੋ ਗਿਆ। ਇਸੇ ਕਰ ਕੇ ਉਹ ਇਨ੍ਹਾਂ ਨੂੰ ਕੋਈ ਡਰਾਮਾ ਰਚ ਕੇ ਖ਼ਤਮ ਕਰਨਾ ਚਾਹੁੰਦਾ ਸੀ। ਅਪਰੈਲ 1844 ਦੇ ਸ਼ੁਰੂ ਵਿਚ ਜਰਨੈਲ ਗੁਲਾਬ ਸਿੰਘ ਕਾਹਲੋਂ ਮਨਹਾਲੀਆ (ਡੋਗਰਾ ਨਹੀਂ) ਨੇ ਉਨ੍ਹਾਂ ਨੂੰ ਸਿਆਲਕੋਟ' ਚੋਂ ਨਿਕਲਣ ਵਿਚ ਮਦਦ ਕੀਤੀ। ਕਸ਼ਮੀਰਾ ਸਿੰਘ ਉੱਥੋਂ ਨਿਕਲ ਕੇ ਨੌਰੰਗਾਬਾਦ ਵਿਚ ਬਾਬਾ ਬੀਰ ਸਿੰਘ ਦੇ ਡੇਰੇ 'ਤੇ ਪਹੁੰਚ ਗਿਆ। ਉਧਰ ਅਤਰ ਸਿੰਘ ਸੰਧਾਵਾਲੀਆ ਵੀ ਕੁਰੂਕਸ਼ੇਤਰ ਤੋਂ ਮੁੜ ਆਇਆ ਸੀ ਤੇ ਉਹ ਵੀ ਬਾਬਾ ਬੀਰ ਸਿੰਘ ਦੀ ਸ਼ਰਨ ਵਿਚ ਆ ਚੁਕਾ ਸੀ। ਹਰੀ ਸਿੰਘ ਨਲਵਾ ਦਾ ਪੁਤਰ ਜਵਾਹਰ ਸਿੰਘ ਵੀ ਉਨ੍ਹੀਂ ਦਿਨੀਂ ਉੱਥੇ ਹੀ ਸੀ।

ਜਦੋਂ ਹੀਰਾ ਸਿੰਘ ਨੂੰ ਅਤਰ ਸਿੰਘ ਸੰਧਾਵਾਲੀਏ ਅਤੇ ਕੰਵਰ ਕਸ਼ਮੀਰਾ ਸਿੰਘ ਦੇ ਨੌਰੰਗਾਬਾਦ ਵਿਚ ਹੋਣ ਦਾ ਪਤਾ ਲਗਾ ਤਾਂ ਉਸ ਨੇ ਫ਼ੌਜ ਨੂੰ ਉਸ ਪਾਸੇ ਕੂਚ ਕਰਨ ਦਾ ਹੁਕਮ ਦੇ ਦਿਤਾ। ਪਹਿਲਾਂ ਉਸ ਨੇ ਬਾਬਾ ਬੀਰ ਸਿੰਘ ਨੂੰ ਪੈਗ਼ਾਮ ਭੇਜਿਆ ਕਿ ਉਹ ਅਤਰ ਸਿੰਘ ਨੂੰ ਉਸ ਦੇ ਹਵਾਲੇ ਕਰ ਦੇਵੇ। ਇਸ 'ਤੇ ਬਾਬਾ ਬੀਰ ਸਿੰਘ ਨੇ ਜਵਾਬ ਭੇਜਿਆ ਕਿ ਜੋ ਸ਼ਖ਼ਸ ਗੁਰੂ ਘਰ ਵਿਚ ਪਨਾਹ ਮੰਗ ਲਏ ਉਸ ਨੂੰ ਸ਼ਰਣ ਦਿਤੀ ਜਾਂਦੀ ਹੈ ਤੇ ਕਿਸੇ ਦੁਸ਼ਮਣ ਦੇ ਹਵਾਲੇ ਨਹੀਂ ਕੀਤਾ ਜਾਂਦਾ। ਹੁਣ ਹੀਰਾ ਸਿੰਘ ਨੇ ਡੋਗਰਾ ਯੂਨਿਟਾਂ ਅਤੇ ਆਪਣੀਆਂ ਦੂਜੀਆਂ ਵਫ਼ਾਦਾਰ ਯੂਨਿਟਾਂ ਨੂੰ ਬਾਬਾ ਬੀਰ ਸਿੰਘ ਦੇ ਡੇਰੇ 'ਤੇ ਗੋਲਾਬਾਰੀ ਕਰਨ ਵਾਸਤੇ ਕਿਹਾ। ਹੀਰਾ ਸਿੰਘ ਦਾ ਹੁਕਮ ਸੀ ਕਿ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕਰਨਾ ਤੇ ਬਸ ਕਤਲ ਕਰੀ ਜਾਣਾ ਹੈ। ਇਸ ਹੁਕਮ ਹੇਠ ਲਾਭ ਸਿੰਘ ਡੋਗਰਾ ਦੀ ਫ਼ੌਜ ਨੇ ਆਉਂਦਿਆਂ ਹੀ ਗੋਲੇ ਚਲਾਏ। ਇਨ੍ਹਾਂ ਵਿਚੋਂ ਇਕ ਗੋਲਾ ਬਾਬਾ ਬੀਰ ਸਿੰਘ ਦੀ ਲੱਤ 'ਤੇ ਲੱਗਾ ਤੇ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਜਦੋਂ ਜਰਨੈਲ ਗੁਲਾਬ ਸਿੰਘ ਨੂੰ ਬਾਬੇ ਦੇ ਜ਼ਖ਼ਮੀ ਹੋਣ ਦਾ ਪਤਾ ਲਗਾ ਤਾਂ ਉਹ ਬਾਬਾ ਜੀ ਨੂੰ ਮਿਲਣ

ਆਇਆ। ਉਸ ਨੇ ਹਾਲ-ਚਾਲ ਪੁੱਛਣ ਮਗਰੋਂ ਬਾਬਾ ਜੀ ਨੂੰ ਕਿਹਾ ਕਿ ਉਹ ਅਤਰ ਸਿੰਘ ਨੂੰ ਉਨ੍ਹਾਂ ਦੇ ਹਵਾਲੇ ਕਰ ਦੇਣ। ਇਸ ਵੇਲੇ ਅਤਰ ਸਿੰਘ ਆਪ ਵੀ ਉੱਥੇ ਆ ਗਿਆ। ਗੁਲਾਬ ਸਿੰਘ ਉਸ ਵੇਲੇ ਅਜੀਤ ਸਿੰਘ ਸੰਧਾਵਾਲੀਏ ਦੇ ਘੋੜੇ 'ਤੇ ਸਵਾਰ ਸੀ। ਆਪਣੇ ਮਾਰੇ ਜਾ ਚੁਕੇ ਭਤੀਜੇ ਦਾ ਘੋੜਾ ਵੇਖ ਕੇ ਉਸ ਨੂੰ ਰੋਹ ਆ ਗਿਆ। ਉਸ ਨੇ ਆਪਣੀ ਦੋਨਾਲੀ ਬੰਦੂਕ ਚੋਂ ਇਕ ਗੋਲੀ ਜਨਰਲ ਗੁਲਾਬ ਸਿੰਘ 'ਤੇ ਚਲਾਈ, ਜਿਸ ਨਾਲ ਉਹ ਮਾਰਿਆ ਗਿਆ। ਇਸ 'ਤੇ ਗੁਲਾਬ ਸਿੰਘ ਦੇ ਫ਼ੌਜੀਆਂ ਨੇ ਬੰਦੂਕਾਂ ਚਲਾ ਕੇ ਅਤਰ ਸਿੰਘ ਨੂੰ ਮਾਰ ਦਿਤਾ ਤੇ ਉਸ ਦਾ ਸਿਰ ਵੱਢ ਲਿਆ। ਇਸ ਮਗਰੋਂ ਉਨ੍ਹਾਂ ਨੇ ਗੋਲੀਆਂ ਮਾਰ ਕੇ ਜਵਾਹਰ ਸਿੰਘ ਨਲਵਾ, ਕੰਵਰ ਕਸ਼ਮੀਰਾ ਸਿੰਘ, ਮਹਾਰਾਜਾ ਸ਼ੇਰ ਸਿੰਘ ਦਾ ਦੀਵਾਨ ਵਿਸਾਖਾ ਸਿੰਘ ਅਤੇ ਸੈਂਕੜੇ (ਸ਼ਾਇਦ ਹਜ਼ਾਰਾਂ) ਹੋਰ ਸਿੱਖ ਮਾਰ ਦਿਤੇ। ਇਸ ਦੇ ਨਾਲ ਹੀ ਹੀਰਾ ਸਿੰਹ ਦੀ ਫ਼ੌਜ ਨੇ ਸਾਰਾ ਡੇਰਾ ਵੀ ਲੁਟ ਲਿਆ। ਇਸ ਕਤਲੇਆਮ ਵਿਚੋਂ ਕੁਝ ਲੋਕ ਬਚ ਕੇ ਨਿਕਲ ਗਏ ਅਤੇ ਦਰਿਆ ਵਲ ਦੌੜੇ। ਦਰਿਆ ਦੇ ਦੂਜੇ ਪਾਸੇ ਕਪੂਰਥਲਾ ਦੀ ਫ਼ੌਜ ਨੇ ਗੋਲਾਬਾਰੀ ਕਰ ਕੇ ਇਨ੍ਹਾਂ ਵਿਚੋਂ ਬਹੁਤੇ ਸਿੱਖ ਮਾਰ ਦਿੱਤੇ। ਇਸ ਮਗਰੋਂ ਹੀਰਾ ਸਿੰਹ ਦੀ ਫ਼ੌਜ ਅਤਰ ਸਿੰਘ ਦਾ ਸਿਰ ਲੈ ਕੇ ਹੀਰਾ ਸਿੰਹ ਕੋਲ ਲਾਹੌਰ ਪੁੱਜੀ ਤੇ ਈਨਾਮ ਹਾਸਿਲ ਕੀਤੇ। ਇਹ ਕਤਲੇਆਮ 6 ਮਈ 1845 ਦੇ ਦਿਨ ਹੋਇਆ ਸੀ।

ਜਦ ਬਾਬਾ ਬੀਰ ਸਿੰਘ, ਕੰਵਰ ਕਸ਼ਮੀਰਾ ਸਿੰਘ ਤੇ ਜਵਾਹਰ ਸਿੰਘ ਨਲਵਾ ਤੇ ਸੈਂਕੜੇ ਸਿੱਖਾਂ ਦੇ ਕਤਲ ਦੀ ਖ਼ਬਰ ਸਿੱਖ ਫ਼ੌਜੀਆਂ ਤਕ ਪਹੁੰਚੀ ਤਾਂ ਉਨ੍ਹਾਂ ਵਿਚ ਹੀਰਾ ਸਿੰਹ ਦੇ ਖ਼ਿਲਾਫ਼ ਬਹੁਤ ਗੁੱਸਾ ਫ਼ੈਲਿਆ। ਜਦ ਇਸ ਦੀ ਸੂਹ ਹੀਰਾ ਸਿੰਹ ਨੂੰ ਮਿਲੀ ਤਾਂ ਉਸ ਨੇ ਬਹੁਤ ਸਾਰੇ ਸਿੱਖ ਜਰਨੈਲ ਹਟਾ ਦਿਤੇ ਅਤੇ ਵੱਡੀ ਗਿਣਤੀ ਵਿਚ ਸਿੱਖ ਫ਼ੌਜੀਆਂ ਦੀ ਛੁੱਟੀ ਕਰ ਦਿਤੀ। ਪੰਡਤ ਜਲ੍ਹੇ ਦੀ ਸਲਾਹ 'ਤੇ ਉਸ ਨੇ ਬਹੁਤ ਸਾਰੇ ਡੋਗਰੇ, ਹਿਮਾਚਲੀ ਪਹਾੜੀਏ ਅਤੇ ਮੁਸਲਮਾਨ ਫ਼ੌਜ ਵਿਚ ਭਰਤੀ ਕਰ ਲਏ। ਉਸ ਨੂੰ ਡਰ ਸੀ ਕਿ ਭਲਕ ਨੂੰ ਮਸਲਾ ਉੱਠਣ 'ਤੇ ਸਿੱਖ ਫ਼ੌਜੀ ਉਸ ਨੂੰ ਮਾਰ ਵੀ ਸਕਦੇ ਹਨ। ਹਜ਼ਾਰਾਂ ਗ਼ੈਰ-ਸਿੱਖਾਂ ਨੂੰ ਫ਼ੌਜ ਵਿਚ ਭਰਤੀ ਕਰਨ ਦੇ ਬਾਵਜੂਦ ਵੀ ਹੀਰਾ ਸਿੰਹ ਸਿੱਖਾਂ ਤੋਂ ਬੁਰੀ ਤਰ੍ਹਾਂ ਡਰਦਾ ਰਹਿੰਦਾ ਸੀ।

13 ਦਸੰਬਰ 1844 ਦੇ ਦਿਨ ਪੋਹ ਮਹੀਨੇ ਦੀ ਸੰਗਰਾਂਦ ਸੀ। ਬ੍ਰਾਹਮਣਾਂ ਨੇ ਰਾਣੀ ਜਿੰਦਾਂ ਨੂੰ ਭਰਮਾ ਕੇ ਦਾਨ-ਪੁੰਨ ਕਰਵਾਉਣ ਵਾਸਤੇ ਕਿਹਾ। ਰਾਣੀ ਨੇ ਬ੍ਰਾਹਮਣਾਂ ਦੇ ਨਾਲ-ਨਾਲ ਨਿਹੰਗਾਂ, ਫਕੀਰਾਂ ਅਤੇ ਗ਼ਰੀਬ-ਗੁਰਬੇ ਨੂੰ ਲੰਗਰ ਪਾਣੀ ਛਕਾਇਆ ਅਤੇ ਥੋੜ੍ਹੀ-ਥੋੜ੍ਹੀ ਰਕਮ ਵੀ ਦਿੱਤੀ। ਇਸ ਸਾਰੇ ਦਾ ਖਰਚ ਤਕਰੀਬਨ ਪੰਜ ਹਜ਼ਾਰ ਰੁਪੈ ਆਇਆ। ਰਾਣੀ ਨੇ ਹੀਰਾ ਸਿੰਹ ਨੂੰ ਧਰਮ-ਅਰਥ ਖਾਤੇ 'ਚੋਂ ਇਹ ਰਕਮ ਦੇਣ ਵਾਸਤੇ ਆਖਿਆ। ਉਸ ਵੇਲੇ ਇਸ ਮਹਿਕਮੇ ਦਾ ਚਾਰਜ ਪੰਡਤ ਜਲ੍ਹਾ ਕੋਲ ਸੀ। ਉਸ ਨੇ ਆਖ ਭੇਜਿਆ ਕਿ ਦਾਨ ਸਿਰਫ਼ ਬ੍ਰਾਹਮਣਾਂ ਨੂੰ ਮਿਲ ਸਕਦਾ ਹੈ, ਨਿਹੰਗਾਂ ਜਾਂ ਫਕੀਰਾਂ ਨੂੰ ਨਹੀਂ। ਜਲ੍ਹੇ ਨੇ ਸਿਰਫ਼ ਦੋ ਸੌ ਰੁਪੈ ਰਾਣੀ ਨੂੰ ਭੇਜੇ। ਰਾਣੀ ਨੇ ਇਹ ਰਕਮ ਵਾਪਿਸ ਮੋੜ ਦਿਤੀ ਅਤੇ ਸਿੱਖ ਜਰਨੈਲਾਂ ਤੇ ਹੋਰ ਮੋਹਤਬਰ ਸਿੱਖਾਂ ਦਾ ਇਕੱਠ ਬੁਲਾ ਲਿਆ। ਰਾਣੀ ਨੇ ਹੱਥ ਜੋੜ ਕੇ ਇਨ੍ਹਾਂ ਨੂੰ ਮੁਖ਼ਾਤਿਬ ਹੁੰਦਿਆ ਆਖਿਆ: *"ਖਾਲਸਾ ਜੀ ਇਹ ਪਾਤਸ਼ਾਹੀ ਤੁਹਾਡੀ ਹੈ। ਤੁਸੀਂ ਹੀ ਸਾਨੂੰ ਬਖ਼ਸ਼ੀ ਹੈ। ਦਲੀਪ ਸਿੰਘ ਬਾਲਕ ਹੈ। ਇਹ ਪਹਾੜੀਏ ਰਾਜੇ ਅਤੇ ਜਲ੍ਹਾ ਦਿਲੋਂ ਸਾਨੂੰ ਮਾਰ ਦੇਣਾ ਚਾਹੁੰਦੇ ਹਨ। ਇਹ ਸਾਡਾ ਕਿਹਾ ਵੀ ਨਹੀਂ ਮੰਨਦੇ। ਸਾਡਾ-ਤੁਹਾਡਾ ਇਸ਼ਟ ਖਾਲਸਾ ਜੀ ਹੈ । ਉਸ ਦੀ ਸੇਵਾ ਪੂਜਾ ਨਹੀਂ ਕਰਨ ਦੇਂਦੇ। ਏਥੇ ਸਾਡੇ ਰਿਹਾਇਸ਼ੀ ਕਮਰਿਆਂ ਵਿਚ ਵੀ ਜ਼ੋਰੀ ਵੜ ਆਉਂਦੇ ਹਨ ਤੇ ਧੱਕਾ ਕਰਦੇ ਹਨ। ਜਾਂ ਤੁਸੀਂ ਸਾਨੂੰ ਮਾਰ ਦਿਓ ਜਾਂ ਇਨ੍ਹਾਂ ਦੀ ਕੈਦ ਚੋਂ ਕੱਢੋ।"* ਇਹ ਸੁਣ ਕੇ ਸਿੰਘਾਂ ਨੇ ਰਾਣੀ ਦੀ ਮਦਦ ਕਰਨ ਦਾ ਵਾਅਦਾ ਕੀਤਾ। ਅਗਲੇ ਪੰਜ-ਛੇ ਦਿਨ ਕਈ

ਸਿੱਖ ਰਾਣੀ ਨੂੰ ਮਿਲਣ ਆਉਂਦੇ ਤੇ ਮਦਦ ਕਰਨ ਦਾ ਵਾਅਦਾ ਕਰਦੇ ਰਹੇ। ਉਨ੍ਹਾਂ ਵਿਚੋਂ ਕਈ ਏਂ ਰਾਣੀ ਦੀ ਰੱਖਿਆ ਵਾਸਤੇ ਉਸ 'ਤੇ ਪਹਿਰਾ ਵੀ ਦੇਣ ਲਗ ਪਏ।

ਹੀਰਾ ਸਿੰਹ ਡੋਗਰੇ ਨੂੰ ਰਾਣੀ ਜਿੰਦਾਂ ਦੇ ਇਕੱਠਾਂ ਦਾ ਪਤਾ ਲਗਾ ਤਾਂ ਉਹ ਘਬਰਾ ਗਿਆ। ਹੁਣ ਉਸ ਨੂੰ ਜਾਪਣ ਲਗ ਪਿਆ ਕਿ ਕੋਈ ਨਾ ਕੋਈ ਸਿੱਖ ਫ਼ੌਜੀ ਉਸ ਨੂੰ ਜ਼ਰੂਰ ਕੈਤਲ ਕਰ ਦੇਵੇਗਾ। ਇਸ ਕਰ ਕੇ ਉਸ ਨੇ ਜੰਮੂ ਨੂੰ ਭੱਜ ਜਾਣ ਦਾ ਫ਼ੈਸਲਾ ਕੀਤਾ। ਉਸ ਨੇ ਆਪਣਾ ਅਤੇ ਲਾਹੌਰ ਦਰਬਾਰ ਦੇ ਹੀਰੇ-ਜਵਾਹਰਾਤ ਤੇ ਹੋਰ ਸਾਰਾ ਖ਼ਜ਼ਾਨਾ ਇਕੱਠਾ ਕੀਤਾ ਅਤੇ ਸੱਤ ਹਾਥੀਆਂ 'ਤੇ ਲੱਦ ਲਿਆ। 21 ਦਸੰਬਰ 1844 ਨੂੰ ਉਹ ਸਾਰੀ ਚਾਰ ਹਜ਼ਾਰ ਡੋਗਰਾ ਫ਼ੌਜ ਨਾਲ ਲਾਹੌਰ ਤੋਂ ਜੰਮੂ ਵਲ ਚਲ ਪਿਆ। ਛੇਤੀ ਹੀ ਇਸ ਦੀ ਖ਼ਬਰ ਸਿੱਖ ਜਰਨੈਲਾਂ ਨੂੰ ਮਿਲ ਗਈ। ਬਹੁਤ ਸਾਰੀ ਸਿੱਖ ਫ਼ੌਜ ਘੋੜਿਆਂ 'ਤੇ ਸਵਾਰ ਹੋ ਕੇ ਇਨ੍ਹਾਂ ਦੇ ਪਿੱਛੇ ਚਲ ਪਈ। ਰਾਸਤੇ ਵਿਚ ਸਿੱਖਾਂ ਅਤੇ ਡੋਗਰਿਆਂ ਵਿਚ ਖ਼ੂਬ ਲੜਾਈ ਹੋਈ। ਸਿੱਖ ਫ਼ੌਜਾਂ ਨੇ ਡੋਗਰਿਆਂ ਦੇ ਖ਼ੂਬ ਆਹੂ ਲਾਹੇ। ਬਹੁਤ ਸਾਰੇ ਡੋਗਰੇ ਮਾਰੇ ਗਏ। ਲਾਹੌਰ ਤੋਂ 35-40 ਕਿਲੋਮੀਟਰ ਦੂਰ ਤਕ ਲੜਾਈ ਹੁੰਦੀ ਗਈ। ਇੱਥੇ ਇਕ ਪਿੰਡ ਲੁਬਾਣਿਆਂ ਦਾ ਸੀ। ਸਿੱਖ ਫ਼ੌਜ ਨੇੜੇ ਪੁੱਜੀ ਵੇਖ ਕੇ, ਹੀਰਾ ਸਿੰਹ, ਪੰਡਤ ਜੱਲ੍ਹਾ, ਸੋਹਣ ਸਿੰਹ (ਪੁਤਰ ਗੁਲਾਬ ਸਿੰਹ ਡੋਗਰਾ) ਤੇ ਲਾਭ ਸਿੰਹ ਡੋਗਰਾ ਇੱਥੇ ਲੁਕ ਗਏ। ਪਰ ਕੁਝ ਚਿਰ ਮਗਰੋਂ, ਜਦ ਉਨ੍ਹਾਂ ਨੂੰ ਬਹੁਤ ਪਿਆਸ ਲਗੀ ਤਾਂ ਉਹ ਇਕ ਖੂਹ ਵਲ ਆਏ। ਸਿੱਖ ਫ਼ੌਜੀਆਂ ਦੀ ਨਿਗਾਹ ਉਨ੍ਹਾਂ ਵਲ ਪਈ ਤਾਂ ਉਨ੍ਹਾਂ ਨੇ ਇਨ੍ਹਾਂ ਤੇ ਬੰਦੂਕਾਂ ਨਾਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਨਾਲ ਹਾਥੀ ਤੇ ਬੈਠਾ ਸੋਹਣ ਸਿੰਹ ਮਾਰਿਆ ਗਿਆ। ਲਾਭ ਸਿੰਹ ਡੋਗਰੇ ਨੂੰ ਵੀ ਗੋਲੀ ਲਗੀ। ਉਹ ਘੋੜਾ ਭਜਾ ਕੇ ਜੰਮੂ ਵਲ ਚਲਾ ਗਿਆ। ਸਿੱਖ ਫ਼ੌਜਾਂ ਨੇ ਉਸ ਦਾ ਪਿੱਛਾ ਕੀਤਾ ਤੇ 7-8 ਕਿਲੋਮੀਟਰ ਦੂਰ ਜਾ ਕੇ ਉਸ ਨੂੰ ਘੇਰ ਕੇ ਮਾਰ ਦਿਤਾ। ਇਸ ਦੇ ਨਾਲ ਹੀ ਸਿੱਖ ਫੌਜੀਆਂ ਨੇ ਹੀਰਾ ਸਿੰਹ 'ਤੇ ਵੀ ਹਮਲਾ ਕੀਤਾ। ਉਸ ਨੇ ਅੱਗੋਂ ਟਾਕਰਾ ਕੀਤਾ ਪਰ ਇਕ ਸਿੱਖ ਦੇ ਨੇਜ਼ੇ ਨਾਲ ਉਹ ਵੀ ਮਾਰਿਆ ਗਿਆ। ਪੰਡਤ ਜੱਲ੍ਹਾ ਤਾਂ ਤਲਵਾਰ ਦੇ ਇਕ ਵਾਰ ਨਾਲ ਹੀ ਮਾਰਿਆ ਗਿਆ। ਇਨ੍ਹਾਂ ਸਾਰਿਆਂ ਦੇ ਮਰਨ ਮਗਰੋਂ ਫ਼ੌਜਾਂ ਦਰਬਾਰ ਦਾ ਸਾਰਾ ਖ਼ਜ਼ਾਨਾ ਤੇ ਹੋਰ ਸਾਰਾ ਮਾਲ-ਮੱਤਾ ਲੈ ਕੇ ਲਾਹੌਰ ਮੁੜ ਆਈਆਂ।

ਹੀਰਾ ਸਿੰਹ ਡੋਗਰੇ ਨੂੰ ਖ਼ਤਮ ਕਹਨ ਨਾਲ ਭਾਵੇਂ ਲਾਹੌਰ ਦਰਬਾਰ ਵੱਡੇ ਡੋਗਰਿਆਂ ਤੋਂ ਤਾਂ ਆਜ਼ਾਦ ਹੋ ਗਿਆ ਸੀ ਪਰ ਇਕ ਡੋਗਰਾ ਗੁਲਾਬ ਸਿੰਹ ਅਜੇ ਵੀ ਜੰਮੂ ਵਿਚ ਰਾਜ ਕਰ ਰਿਹਾ ਸੀ। ਹੁਣ ਰਾਣੀ ਜਿੰਦਾਂ ਨੇ ਆਪਣੇ ਭਰਾ ਜਵਾਹਰ ਸਿੰਘ ਨੂੰ ਵਜ਼ੀਰ ਬਣਾ ਦਿਤਾ ਤੇ ਮਿਸਰ ਲਾਲ ਸਿੰਹ (ਬ੍ਰਾਹਮਣ) ਨੂੰ ਉਸ ਦਾ ਮੁਖ ਸਲਾਹਕਾਰ ਲਾ ਦਿਤਾ। ਇਸ ਦੇ ਨਾਲ ਹੀ ਇਕ "ਪੰਚਾਇਤ" ਵੀ ਕਾਇਮ ਕਰ ਦਿਤੀ ਗਈ। 'ਖਾਲਸਾ' ਫ਼ੌਜ ਦੇ ਪੰਚਾਂ ਵਿਚ ਜਵਾਹਰ ਸਿੰਘ, ਭਾਈ ਰਾਮ ਸਿੰਘ (ਪੁਤਰ ਵਸਤੀ ਰਾਮ), ਦੀਵਾਨ ਦੀਨਾ ਨਾਥ, ਬਖ਼ਸ਼ੀ ਭਗਤ ਰਾਮ ਅਤੇ ਫ਼ਕੀਰ ਨੂਰ-ਉਦ-ਦੀਨ ਸ਼ਾਮਿਲ ਸਨ। ਭਾਵੇਂ ਇਨ੍ਹਾਂ ਵਿਚ ਇਕ ਵੀ ਡੋਗਰਾ ਨਹੀਂ ਸੀ ਪਰ ਪੰਜਾਂ ਵਿਚੋਂ ਦੋ ਹਿੰਦੂ ਅਤੇ ਇਕ (ਰਾਮ ਸਿੰਘ) ਅਰਧ-ਹਿੰਦੂ ਸਨ। ਇਨ੍ਹਾਂ ਵਿਚੋਂ ਦੀਵਾਨ ਦੀਨਾ ਨਾਥ ਸ਼ੱਕੀ ਕਾਰਵਾਈਆਂ ਵਿਚ ਮਸਰੂਫ਼ ਸੀ ਤੇ ਉਸ ਦਾ ਰਾਬਤਾ ਅੰਗਰੇਜਾਂ ਨਾਲ ਬਣਿਆ ਹੋਇਆ ਸੀ।

ਇਸ ਵੇਲੇ ਸਰਕਾਰੀ ਖ਼ਜ਼ਾਨੇ ਦਾ ਵੀ ਮਾੜਾ ਹਾਲ ਸੀ। ਪਹਿਲਾਂ (ਜਨਵਰੀ 1841 ਵਿਚ) ਮਹਾਰਾਜਾ ਖੜਕ ਸਿੰਘ ਦੀ ਵਿਧਵਾ ਰਾਣੀ ਚੰਦ ਕੌਰ ਵੱਲੋਂ ਤਖ਼ਤ ਛੱਡਣ ਵੇਲੇ, ਉਸ ਦੀ ਦੌਲਤ ਦੀ ਹਿਫ਼ਾਜ਼ਤ ਦੇ ਨਾਂ 'ਤੇ, ਗੁਲਾਬ ਸਿੰਹ ਡੋਗਰਾ ਬੜਾ ਮਾਲ-ਮੱਤਾ ਜੰਮੂ ਲਿਜਾ ਚੁਕਾ ਸੀ। ਪਿਛਲੇ ਪੰਜ ਸਾਲਾਂ ਵਿਚ 35 ਹਜ਼ਾਰ ਤੋਂ ਵਧ ਨਵੇਂ ਸਿਪਾਹੀ ਭਰਤੀ ਕੀਤੇ ਜਾਣ ਕਰ ਕੇ ਫ਼ੌਜ ਦੀ ਗਿਣਤੀ ਇਕ ਲੱਖ ਵੀਹ ਹਜ਼ਾਰ ਹੋ ਚੁਕੀ ਸੀ। ਇਨ੍ਹਾਂ ਦੀਆਂ ਤਨਖ਼ਾਹਾਂ 'ਤੇ ਵੀ

ਬਹੁਤ ਖ਼ਰਚ ਹੋ ਰਿਹਾ ਸੀ। ਇਸ ਤੋਂ ਇਲਾਵਾ ਬਹੁਤ ਸਾਰੀ ਰਕਮ, ਵੱਖ-ਵੱਖ ਹਾਲਤਾਂ ਵਿਚ, ਮਹਾਰਾਜੇ, ਪ੍ਰਾਈਮ ਮਨਿਸਟਰ, ਧਰਮ-ਅਰਥ ਵਜ਼ੀਰ ਉਡਾ ਚੁਕੇ ਸਨ। ਅਖੌਤੀ ਦਾਨ-ਪੁੰਨ ਦੇ ਨਾਂ 'ਤੇ ਕਾਫ਼ੀ ਰਕਮ ਖ਼ਰਚ ਕੀਤੀ ਜਾ ਚੁਕੀ ਸੀ। ਉਧਰ ਕਈ ਜ਼ਮੀਦਾਰਾਂ, ਜਗੀਰਦਾਰਾਂ, ਫ਼ੌਜਦਾਰਾਂ, ਆਮਿਲਾਂ, ਕਰੋੜੀਆਂ, ਸੂਬੇਦਾਰਾਂ ਵਗ਼ੈਰਾ ਵਲ ਮਾਮਲੇ ਦੇ ਚੋਖੇ ਬਕਾਏ ਚਲੇ ਆ ਰਹੇ ਸਨ। ਇਨ੍ਹਾਂ ਵਿਚ ਦੀਵਾਨ ਮੂਲ ਰਾਜ (ਮੁਲਤਾਨ) ਅਤੇ ਗੁਲਾਬ ਸਿੰਘ (ਜੰਮੂ) ਵੀ ਸਨ। ਗੁਲਾਬ ਸਿੰਘ ਵੱਲ ਤਾਂ 35 ਲੱਖ ਰੁਪੈ ਨਿਕਲਦੇ ਸਨ (ਰਾਣੀ ਚੰਦ ਕੌਰ ਦਾ ਖੁਰਦ-ਬਰਦ ਕੀਤਾ ਖ਼ਜ਼ਾਨਾ ਵਖਰਾ ਸੀ)। ਵਾਰ-ਵਾਰ ਕਹਿਣ ਦੇ ਬਾਵਜੂਦ ਜਦ ਗੁਲਾਬ ਸਿੰਘ ਨੇ ਰਕਮ ਨਾ ਭੇਜੀ ਤਾਂ ਸਿੱਖ ਫ਼ੌਜਾਂ ਨੇ ਮਾਰਚ 1845 ਵਿਚ ਜੰਮੂ ਵਲ ਕੂਚ ਕਰ ਦਿਤਾ। ਜਦ ਸਿੱਖ ਫ਼ੌਜਾਂ ਜੰਮੂ ਪੁੱਜੀਆਂ ਤਾਂ ਉਸ ਨੇ ਸਿੱਖ ਫ਼ੌਜਾਂ ਅੱਗੇ ਹਥਿਆਰ ਸੁਟ ਦਿੱਤੇ ਅਤੇ ਉਨ੍ਹਾਂ ਨਾਲ ਲਾਹੌਰ ਜਾਣ ਵਾਸਤੇ ਤਿਆਰ ਹੋ ਗਿਆ। ਉਸ ਨੇ 35 ਵਿਚੋਂ 27 ਲੱਖ ਰੁਪੈ ਮਾਮਲਾ ਵੀ ਦੇ ਦਿਤਾ।

ਕੁਝ ਦਿਨ ਲਾਹੌਰ ਰੁਕਣ ਮਗਰੋਂ ਗੁਲਾਬ ਸਿੰਘ ਵਾਪਿਸ ਜੰਮੂ ਚਲਾ ਗਿਆ ਜਿੱਥੇ ਜਾ ਕੇ ਉਸ ਨੇ ਅੰਗਰੇਜ਼ਾਂ ਨਾਲ ਰਾਬਤਾ ਬਣਾਉਣਾ ਸ਼ੁਰੂ ਕਰ ਦਿਤਾ। ਉਸ ਨੇ ਡੋਗਰਿਆਂ ਅਤੇ ਹੋਰ ਕਬਾਇਲੀਆਂ ਨੂੰ ਵੀ ਲਾਲਚ ਦੇ ਕੇ ਆਪਣੇ ਨਾਲ ਰਲਾ ਲਿਆ ਅਤੇ ਅੰਦਰੋਂ-ਅੰਦਰੀਂ ਬਗ਼ਾਵਤ ਦੀਆਂ ਤਿਆਰੀਆਂ ਕਰਨ ਲਗ ਪਿਆ। ਅਜੇ ਉਸ ਦੇ ਕੁਝ ਸਾਥੀ ਲਾਹੌਰ ਵਿਚ ਸਿੱਖ ਫ਼ੌਜ ਦਾ ਹਿੱਸਾ ਵੀ ਸਨ। ਇਨ੍ਹਾਂ ਵਿਚੋਂ ਪ੍ਰਿਥੀ ਸਿੰਘ ਡੋਗਰਾ ਲਾਹੌਰ ਦੀਆਂ ਸਾਰੀਆਂ ਖ਼ਬਰਾਂ ਜੰਮੂ ਵਿਚ ਗੁਲਾਬ ਸਿੰਘ ਨੂੰ ਪਹੁੰਚਾਉਂਦਾ ਰਹਿੰਦਾ ਸੀ। ਗੁਲਾਬ ਸਿੰਘ ਨੂੰ ਇਹ ਵੀ ਪਤਾ ਲਗ ਗਿਆ ਸੀ ਕਿ ਜਵਾਹਰ ਸਿੰਘ ਉਸ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਇਸ ਕਰ ਕੇ ਉਸ ਨੇ ਜਵਾਹਰ ਸਿੰਘ ਨੂੰ ਖ਼ਤਮ ਕਰਨ ਦੀ ਤਰਕੀਬ ਘੜਨੀ ਸ਼ੁਰੂ ਕਰ ਦਿਤੀ। ਉਸ ਨੇ ਪ੍ਰਿਥੀ ਸਿੰਘ ਡੋਗਰੇ ਰਾਹੀਂ ਫ਼ੌਜੀਆਂ ਨੂੰ ਰਿਸ਼ਵਤ ਦੇ ਕੇ ਜਵਾਹਰ ਸਿੰਘ ਦੇ ਖ਼ਿਲਾਫ਼ ਕਰ ਦਿਤਾ। ਉਧਰ ਜਵਾਹਰ ਸਿੰਘ ਵੀ ਗੁਲਾਬ ਸਿੰਘ ਦੇ ਖ਼ਿਲਾਫ਼ ਕਾਰਵਾਈ ਕਰਨ ਦੀ ਪਲਾਨ ਬਣਾ ਰਿਹਾ ਸੀ। ਇਸ ਵੇਲੇ ਕੰਵਰ ਪਿਸ਼ੌਰਾ ਸਿੰਘ ਸਿਆਲਕੋਟ ਵਿਚ ਸੀ। ਪਿਸ਼ੌਰਾ ਸਿੰਘ ਨੇ ਵੀ ਗੁਲਾਬ ਸਿੰਘ ਦੀ ਚੁਕ ਵਿਚ ਆ ਕੇ ਬਗ਼ਾਵਤ ਕਰ ਦਿਤੀ। ਜਵਾਹਰ ਸਿੰਘ ਨੇ ਫ਼ੌਜ ਭੇਜ ਕੇ ਉਸ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿਤਾ। ਜਦੋਂ ਇਹ ਫ਼ੌਜ ਜੰਮੂ ਵਲ ਗਈ ਤਾਂ ਪਿਸ਼ੌਰਾ ਸਿੰਘ ਨੇ ਹਥਿਆਰ ਸੁਟ ਦਿਤੇ। ਜਦੋਂ ਉਸ ਨੂੰ ਲਾਹੌਰ ਲਿਆਇਆ ਜਾ ਰਿਹਾ ਸੀ ਤਾਂ ਉਸ ਨੂੰ ਰਾਹ ਵਿਚ ਕਤਲ ਕਰ ਦਿਤਾ ਗਿਆ। ਇਹ ਕਤਲ ਦਰਅਸਲ ਗੁਲਾਬ ਸਿੰਘ ਨੇ ਕਰਵਾਇਆ ਸੀ। ਉਲਟਾ ਉਸ ਨੇ ਪਰਚਾਰ ਸ਼ੁਰੂ ਕਰ ਦਿਤਾ ਕਿ ਇਹ ਕਤਲ ਜਵਾਹਰ ਸਿੰਘ ਦੀਆਂ ਹਦਾਇਤਾਂ 'ਤੇ ਹੋਇਆ ਸੀ। ਇਸ ਪ੍ਰਚਾਰ ਵਿਚ ਪ੍ਰਿਥੀ ਸਿੰਘ ਡੋਗਰੇ ਨੇ ਵੱਡਾ ਰੋਲ ਅਦਾ ਕੀਤਾ। ਇਸ ਦਾ ਨਤੀਜਾ ਇਹ ਹੋਇਆ ਕਿ ਸਿੱਖ ਫ਼ੌਜਾਂ ਜਵਾਹਰ ਸਿੰਘ ਦੇ ਖ਼ਿਲਾਫ਼ ਹੋ ਗਈਆਂ ਅਤੇ ਇਕ ਦਿਨ ਉਸ ਨੂੰ ਕਤਲ ਦਿਤਾ। ਜਿਸ ਵੇਲੇ ਉਸ ਨੂੰ ਕਤਲ ਕੀਤਾ ਗਿਆ, ਉਸ ਨੇ ਆਪਣਾ ਭਾਣਜਾ (ਮਹਾਰਾਜਾ ਦਲੀਪ ਸਿੰਘ) ਆਪਣੀ ਗੋਦ ਵਿਚ ਚੁਕਿਆ ਹੋਇਆ ਸੀ। ਸਿੱਖ ਫ਼ੌਜਾਂ ਨੇ ਮਹਾਰਾਜੇ ਨੂੰ ਉਸ ਤੋਂ ਖੋਹ ਲਿਆ ਤੇ ਉਸ (ਦਲੀਪ ਸਿੰਘ) ਦੇ ਸਾਹਮਣੇ ਹੀ ਜਵਾਹਰ ਸਿੰਘ ਨੂੰ ਕਤਲ ਕਰ ਦਿਤਾ। ਇਹ ਘਟਨਾ 21 ਸਤੰਬਰ 1845 ਦੀ ਹੈ।

1989: ਜਾਗੀਰ ਸਿੰਘ ਸਹਿੰਸਰਾ, ਸੁਖਵਿੰਦਰ ਸਿੰਘ ਕਸੋਆਨਾ, ਹਰਦੀਪ ਸਿੰਘ ਦੀਪਾ ਸੁਖੇਵਾਲਾ, ਰਣਜੀਤ ਸਿੰਘ ਤਲਵੰਡੀ ਜ਼ਲੇ ਖਾਨ, ਸੁਖਦੇਵ ਸਿੰਘ ਰੁੜਕਾ ਕਲਾ,ਜਲੰਧਰ ਨਕਲੀ ਮੁਕਾਬਲੇ ਵਿਚ ਸ਼ਹੀਦ

21 ਸਤੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਜਾਗੀਰ ਸਿੰਘ (ਪੁੱਤਰ ਧਰਮ ਸਿੰਘ, ਵਾਸੀ ਸਹਿੰਸਰਾ ਕਲਾਂ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ

ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਵੱਖ ਵੱਖ ਨਕਲੀ ਮੁਕਾਬਲਿਆਂ ਵਿਚ ਸੁਖਵਿੰਦਰ ਸਿੰਘ (ਵਾਸੀ ਕਸੋਆਨਾ, ਫ਼ੀਰੋਜਪੁਰ), ਹਰਦੀਪ ਸਿੰਘ ਦੀਪਾ ਉਰਫ਼ ਭੁਝੰਗੀ ਬਾਬਾ (ਵਾਸੀ ਸੁਖੇਵਾਲਾ, ਫ਼ੀਰੋਜਪੁਰ), ਰਣਜੀਤ ਸਿੰਘ ਉਰਫ ਪੱਪੂ (ਵਾਸੀ ਤਲਵੰਡੀ ਜ਼ਲੇ ਖਾਨ, ਫ਼ੀਰੋਜਪੁਰ), ਸੁਖਦੇਵ ਸਿੰਘ (ਪੁੱਤਰ ਸਰਵਣ ਸਿੰਘ ਬਿਲਗੀਆ, ਵਾਸੀ ਰੁੜਕਾ ਕਲਾ,ਜਲੰਧਰ) ਨੂੰ ਵੀ ਸ਼ਹੀਦ ਕਰ ਦਿੱਤਾ।

1990: ਗੁਰਦੇਵ ਸਿੰਘ ਧਰਦਿਓ ਨਕਲੀ ਮੁਕਾਬਲੇ ਵਿਚ ਸ਼ਹੀਦ

21 ਸਤੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਗੁਰਦੇਵ ਸਿੰਘ (ਪੁੱਤਰ ਹਰਭਜਨ ਸਿੰਘ, ਵਾਸੀ ਧਰਦਿਓ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਹੀ ਪੰਜਾਬ ਪੁਲਸ ਨੇ ਭਾਈ ਬਿੱਟੂ, ਗੁਰਦੇਵ ਸਿੰਘ (ਪੁੱਤਰ ਹਰਭਜਨ ਸਿੰਘ), ਕੁਲਦੀਪ ਸਿੰਘ ਕੱਕੜ, ਗੁਰਮੀਤ ਸਿੰਘ, ਠੱਠੀਆਂ ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਤਰਲੋਚਨ ਸਿੰਘ ਕਪਿਤਾਲ ਤੇ ਸਤਪਾਲ ਸਿੰਘ ਰੋਪੜ ਨਕਲੀ ਮੁਕਾਬਲਿਆਂ ਵਿਚ ਸ਼ਹੀਦ

21 ਸਤੰਬਰ 1992 ਦੇ ਦਿਨ ਪੁਲਸ ਨੇ ਤਰਲੋਚਨ ਸਿੰਘ (ਪੁੱਤਰ ਮਾਨ ਮਹਿੰਦਰ ਸਿੰਘ, ਵਾਸੀ ਕਪਿਤਾਲ, ਜ਼ਿਲ੍ਹਾ ਸੰਗਰੂਰ) ਤੇ ਸ਼ਤਪਾਲ ਸਿੰਘ (ਪੁੱਤਰ ਸੁਰਜੀਤ ਸਿੰਘ, ਵਾਸੀ ਰੋਪੜ ਸ਼ਹਿਰ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

22 ਸਤੰਬਰ

1539: ਮਾਤਾ ਸੁਲੱਖਣੀ ਚੜ੍ਹਾਈ ਕਰ ਗਏ

7 ਸਤੰਬਰ 1539 ਦੇ ਦਿਨ (69 ਸਾਲ ਤੇ ਸਾਢੇ 10 ਮਹੀਨੇ ਦੀ ਉਮਰ ਵਿਚ) ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿਚ ਜੋਤੀ ਜੋਤਿ ਸਮਾ ਗਏ। ਆਪ ਦਾ ਸਸਕਾਰ ਰਾਵੀ ਦਰਿਆ ਦੇ ਕੰਢੇ 'ਤੇ ਕੀਤਾ ਗਿਆ। ਮਗਰੋਂ ਕੁਝ ਲੋਕਾਂ ਨੇ ਇਹ ਮਨਘੜਤ ਕਹਾਣੀ ਬਣਾਈ ਕਿ ਸਸਕਾਰ ਵੇਲੇ ਹਿੰਦੂਆਂ ਅਤੇ ਮੁਸਲਮਾਨਾਂ ਦਾ ਝਗੜਾ ਹੋ ਗਿਆ ਅਤੇ ਹਿੰਦੂ ਸਸਕਾਰ ਕਰਨਾ ਚਾਹੁੰਦੇ ਸਨ ਅਤੇ ਮੁਸਲਮਾਨ ਦਫ਼ਨਾਉਣਾ ਚਾਹੁੰਦੇ ਸਨ। ਇਹ ਕਹਾਣੀ ਬੇਮਤਲਬ ਹੈ। ਪਹਿਲੀ ਗੱਲ ਤਾਂ ਗੁਰੂ ਨਾਨਕ ਸਾਹਿਬ ਨੇ ਸਾਫ਼ ਕਿਹਾ ਸੀ ਕਿ ਉਹ ਨਾ ਹਿੰਦੂ ਹਨ ਅਤੇ ਨਾ ਮੁਸਲਮਾਨ। ਉਨ੍ਹਾਂ ਦਾ ਆਪਣਾ ਪੰਥ ਸੀ। ਦੂਜਾ, ਕਿਸੇ ਦੇ ਚੜ੍ਹਾਈ ਕਰ ਜਾਣ ਮਗਰੋਂ ਉਸ ਦਾ ਸਸਕਾਰ ਉਸ ਦੇ ਘਰ ਵਾਲੇ ਕਰਿਆ ਕਰਦੇ ਹਨ। ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਵੇਲੇ ਮਾਤਾ ਸੁਲੱਖਣੀ ਤੇ ਦੋਵੇਂ ਪੁਤਰ ਸ੍ਰੀਚੰਦ ਤੇ ਲਖਮੀ ਦਾਸ ਹਾਜ਼ਿਰ ਸਨ। ਇਸ ਮੌਕੇ 'ਤੇ ਕਿਸੇ ਬਾਹਰਲੇ ਦਖ਼ਲ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ ਸੀ। ਇਹ ਠੀਕ ਹੈ ਕਿ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਵਿਚੋਂ ਹੀ ਬਹੁਤ ਸਾਰੇ ਲੋਕ ਸਿੱਖ ਸਜੇ ਸਨ ਪਰ, ਕਰਤਾਰਪੁਰ, ਜਿਸ ਨੂੰ ਗੁਰੂ ਸਾਹਿਬ ਨੇ 'ਸਿੱਖ ਨਗਰ' ਵਜੋਂ ਵਸਇਆ ਸੀ, ਇਕ ਆਮ ਨਗਰ ਨਹੀਂ ਸੀ। ਉੱਥੇ ਸਿਰਫ਼ ਸਿੱਖ ਹੀ ਵਸਦੇ ਸਨ ਨਾ ਕਿ ਹਿੰਦੂ ਤੇ ਮੁਸਲਮਾਨ। ਇਸ ਕਰ ਕੇ ਸਸਕਾਰ ਸਬੰਧੀ ਘੜੀ ਹੋਈ ਕਹਾਣੀ ਦਾ ਇਸ ਨਾਲ ਕੋਈ ਮਤਲਬ ਹੀ ਨਹੀਂ ਸੀ। ਉੱਵ ਜੇ ਇਸ ਗਪੋੜ ਕਹਾਣੀ ਨੂੰ ਮੰਨ ਲਈਏ ਤਾਂ ਇਸ ਦਾ ਮਤਲਬ ਇਹ ਹੋ ਗਿਆ ਕਿ ਸਸਕਾਰ ਕਰਨ ਦਾ ਹੱਕ ਸਿਰਫ਼ ਹਿੰਦੂਆਂ ਤੇ ਮੁਸਲਮਾਨਾਂ ਦਾ ਹੀ ਸੀ ਤੇ ਸਿੱਖਾਂ ਦਾ ਕੋਈ ਹਿੱਸਾ ਨਹੀਂ ਸੀ। ਇਸ ਕਰ ਕੇ ਇਹ ਕਹਾਣੀ ਕਿਸੇ ਸਾਜ਼ਿਸ਼ ਹੇਠ ਘੜੀ ਗਈ ਹੋ ਸਕਦੀ ਹੈ ਜਿਸ ਦਾ ਮਤਲਬ ਇਹ ਬਣਦਾ ਹੈ ਕਿ ਉਦੋਂ ਸਿਰਫ਼ ਹਿੰਦੂ ਤੇ ਮੁਸਲਮਾਨ ਹੀ ਸਨ ਤੇ ਸਿੱਖ ਹੁੰਦੇ ਹੀ ਨਹੀਂ ਸਨ।

ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਮਗਰੋਂ, ਉਨ੍ਹਾਂ ਦੇ ਪੁਤਰਾਂ ਨੇ, ਗੁਰੂ ਸਾਹਿਬ ਦੇ ਹੁਕਮ ਦੀ ਅਦੂਲੀ ਕਰਦਿਆਂ, ਗੁਰੂ ਸਾਹਿਬ ਦੀ ਸਮਾਧ ਵੀ ਬਣਾ ਲਈ ਸੀ (ਸਿੱਖ ਧਰਮ ਵਿਚ ਸਮਾਧ ਬਣਾਉਣ ਦੀ ਮਨਾਹੀ ਹੈ)। ਮਗਰੋਂ ਰਾਵੀ ਦਰਿਆ ਨੇ ਇਸ ਸਮਾਧ ਨੂੰ ਰੋੜ੍ਹ ਦਿਤਾ ਸੀ। ਸ੍ਰੀ ਚੰਦ ਨੇ ਤਾਂ ਗੁਰੂ ਨਾਨਕ ਸਾਹਿਬ ਦੇ ਮੁਕਾਬਲੇ ਵਿਚ ਵਖਰਾ ਉਦਾਸੀ ਮਤ ਵੀ ਚਲਾ ਕੇ ਗੁਰੂ ਨਾਨਕ ਸਾਹਿਬ ਤੋਂ ਬਗ਼ਾਵਤ ਵੀ ਕੀਤੀ। ਸ੍ਰੀ ਚੰਦ ਅਤੇ ਲਖਮੀ ਦਾਸ ਦੀਆਂ ਹਰਕਤਾਂ ਨੂੰ ਵੇਖ ਕੇ ਮਾਤਾ ਸੁਲੱਖਣੀ ਬਹੁਤ ਉਦਾਸ ਰਹਿਣ ਲਗ ਪਈ ਅਤੇ 22 ਸਤੰਬਰ 1539 ਦੇ ਦਿਨ ਮਾਤਾ ਸੁਲੱਖਣੀ ਜੀ ਇਸ ਫ਼ਾਨੀ ਜਹਾਨ ਨੂੰ ਅਲਵਿਦਾ ਕਹਿ ਗਏ।

1944: ਸਿੱਖਾਂ ਨੇ ਰਾਜਾ ਜੀ ਫ਼ਾਰਮੂਲਾ ਰੱਦ ਕੀਤਾ

16 ਜੁਲਾਈ 1944 ਨੂੰ ਰਾਜਗੋਪਾਲ ਅਚਾਰੀਆ ਨੇ ਹਿੰਦੂ-ਮੁਸਲਮ ਝਗੜਿਆਂ ਦਾ ਹੱਲ ਕਰਨ ਵਾਸਤੇ ਇਕ ਫ਼ਾਰਮੂਲਾ ਸੁਝਾਇਆ। ਇਸ ਫ਼ਾਰਮੂਲੇ ਮੁਤਾਬਿਕ ਮੁਸਲਮਾਨਾਂ ਨੂੰ ਇਕ ਤਰੀਕੇ ਨਾਲ ਪਾਕਿਸਤਾਨ ਦੇਣ ਦੀ ਗੱਲ ਕੀਤੀ ਗਈ ਸੀ ਪਰ ਸਿੱਖਾਂ ਬਾਰੇ ਕੁਝ ਵੀ ਨਹੀਂ ਸੀ ਕੀਤਾ ਗਿਆ। ਇਸ ਦੀ ਵੀ ਹਰ ਪਾਸਿਓਂ ਮੁਖ਼ਾਲਫ਼ਤ ਹੋਈ; ਹਿੰਦੂ ਆਗੂ ਸ਼ਿਆਮਾ ਪ੍ਰਸਾਦ ਮੁਕਰਜੀ ਨੇ 26 ਜੁਲਾਈ ਨੂੰ ਇਸ ਦੀ ਨਿੰਦਾ ਕੀਤੀ। ਅਕਾਲੀਆਂ ਨੇ ਵੀ 24 ਜੁਲਾਈ ਨੂੰ ਇਸ ਦੇ ਖ਼ਿਲਾਫ਼ ਬਿਆਨ ਦਿੱਤੇ।ਅਕਾਲੀ ਦਲ ਨੇ ਰਾਜਾ ਜੀ ਫ਼ਾਰਮੂਲਾ ਦਾ ਵਿਰੋਧ ਕਰਨ ਵਾਸਤੇ ਆਲ ਪਾਰਟੀਜ਼ ਸਿੱਖ ਕਾਨਫ਼ਰੰਸ ਬੁਲਾ ਲਈ। ਇਹ ਕਾਨਫ਼ਰੰਸ ਪਹਿਲੀ ਅਗਸਤ 1944 ਨੂੰ ਲਾਹੌਰ ਵਿਖੇ ਹੋਈ। ਇਸ ਵਿਚ (1) ਰਾਜਾ ਜੀ ਫ਼ਾਰਮੂਲਾ ਰਦ ਕਰੋ (2) ਮਾਸਟਰ ਜੀ ਪੰਥ ਦੀ ਵਾਗਡੋਰ ਸੰਭਾਲਣ (3) ਸੈਂਟਰ 'ਚ ਸਿੱਖਾਂ ਨੂੰ 20 ਫ਼ੀ ਸਦੀ ਸੀਟਾਂ ਮਿਲਣ (4) ਗਾਂਧੀ ਨੂੰ ਰਾਜਾ ਜੀ ਫ਼ਾਰਮੂਲੇ ਦੇ ਖ਼ਿਲਾਫ਼ ਡੈਪੂਟੇਸ਼ਨ ਭੇਜਿਆ ਜਾਵੇ, ਮਤੇ ਪਾਸ ਹੋਏ। ਇਸ ਕਾਨਫ਼ਰੰਸ ਵਿਚ ਸੈਂਟਰਲ ਅਕਾਲੀ ਦਲ ਤੋਂ ਬਿਨਾਂ ਬਾਕੀ ਸਭ ਸਿੱਖ ਜਥੇਬੰਦੀਆਂ ਦੇ ਆਗੂ ਸ਼ਾਮਿਲ ਹੋਏ। ਇਸੇ ਦਿਨ ਲਾਹੌਰ ਵਿਚ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 'ਰਾਜਾ ਜੀ ਵਿਰੋਧੀ ਦਿਵਸ' ਮਨਾਉਣ ਦਾ ਫ਼ੈਸਲਾ ਕੀਤਾ।

'ਰਾਜਾ ਜੀ ਫ਼ਾਰਮੂਲਾ' ਦਾ ਵਿਰੋਧ ਵੇਖ ਕੇ ਜਿਨਾਹ ਨੇ ਸਿੱਖਾਂ ਨੂੰ ਭਰਮਾਉਣ ਦੀ ਕੋਸ਼ਿਸ਼ ਵਿਚ 5 ਅਗਸਤ ਨੂੰ ਬਿਆਨ ਦਿੱਤਾ ਕਿ 'ਸਿੱਖ ਇਕ ਵਖਰੀ ਕੌਮ ਹਨ। ਮੈਂ ਯਕੀਨ ਦਿਵਾਂਦਾ ਹਾਂ ਕਿ ਮੁਸਲਮ ਲੀਗ ਸਿੱਖਾਂ ਨਾਲ ਆਦਲਾਨਾ ਵਰਤਾਓ ਕਰੇਗੀ। ਸਿੱਖਾਂ ਦੇ ਲੀਡਰ ਆਪਣੀਆਂ ਮੁਨਾਸਿਬ ਮੰਗਾਂ ਮੈਨੂੰ ਲਿਖ ਭੇਜਣ। ਸਿੱਖਾਂ ਦਾ ਤੁਅੱਲਕ ਸਿਰਫ਼ ਪੰਜਾਬ ਨਾਲ ਹੈ ਅਤੇ ਮੁਸਲਮ ਲੀਗ ਦਾ ਨਿਸ਼ਾਨਾ ਹਰ ਘਟ-ਗਿਣਤੀ, ਖ਼ੁਆਹ ਉਹ ਹਿੰਦ ਜਾਂ ਜਾਂ ਪਾਕਿ 'ਚ ਹੋਏ, ਕੁਲ ਦੇ ਮੁਨਾਸਿਬ ਹੱਕਾਂ ਦੀ ਰਾਖੀ ਕਰਨਾ ਹੈ। ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਬਾਹਰਲੇ ਅੰਸਰ ਤੋਂ ਅਸਰ-ਅੰਦਾਜ਼ ਨਾ ਹੋਣ।'

28 ਜੁਲਾਈ ਨੂੰ ਮੰਗਲ ਸਿੰਘ ਐਮ.ਪੀ. ਨੇ ਆਜ਼ਾਦ ਪੰਜਾਬ ਦੀ ਹਿਮਾਇਤ ਕਰਦਿਆਂ ਕਿਹਾ ਕਿ 'ਆਜ਼ਾਦ ਪੰਜਾਬ ਦੀ ਮੰਗ ਪਾਕਿਸਤਾਨ ਦੇ ਵਜੂਦ ਵਿਚ ਆਉਣ ਤੇ ਹੋਵੇਗੀ, ਜੇ ਪਾਕਿਸਤਾਨ ਨਾ ਬਣੇ ਤਾਂ ਸਾਡੀ ਕੋਈ ਮੰਗ ਨਹੀਂ। ਫਿਰ, ਆਜ਼ਾਦ ਪੰਜਾਬ ਤਾਂ ਭਾਰਤ ਦਾ ਹਿੱਸਾ ਹੋਵੇਗਾ। ਇਹ ਪਾਕਿਸਤਾਨ ਤੋਂ ਵੱਖਰੀ ਚੀਜ਼ ਹੈ, ਪਾਕਿਸਤਾਨ ਦੀਆਂ ਲੀਹਾਂ ਤੇ ਨਹੀਂ...।'

ਰਾਜਾ ਜੀ ਫ਼ਾਰਮੂਲੇ ਬਾਰੇ ਗਾਂਧੀ ਦਾ ਰੋਲ ਬੜਾ ਅਜੀਬ ਤੇ ਸਾਜ਼ਸ਼ੀ ਸੀ। 6 ਅਗਸਤ ਦੇ ਬਿਆਨ ਵਿਚ ਉਸ ਨੇ ਕਿਹਾ ਕਿ 'ਇਹ ਸਮਝੌਤੇ ਦੀ ਕੋਸ਼ਿਸ਼ ਵਲ ਠੀਕ ਨੀਂਹ ਹੈ, ਪੰਜਾਬ ਵਿਚ ਇਸ ਬਾਰੇ ਫ਼ਿਕਰ ਇਨਸਾਫ਼ ਵਾਲਾ ਨਹੀਂ ਹੈ।'

16 ਅਗਸਤ ਨੂੰ ਸ੍ਰੀਨਗਰ ਵਿਚ ਹੋਈ ਅਕਾਲੀ ਕਾਨਫ਼ਰੰਸ ਨੇ ਰਾਜਾ ਜੀ ਫ਼ਾਰਮੂਲੇ ਦੇ ਖ਼ਿਲਾਫ਼ ਮਤਾ ਪਾਸ ਕੀਤਾ ਤੇ ਕਿਹਾ ਕਿ ਅਸਾਡੇ ਲਈ 'ਪੰਥ ਪਹਿਲੋਂ' ਹੈ।ਮਾਸਟਰ ਤਾਰਾ ਸਿੰਘ ਦੀਆਂ ਕੋਸ਼ਿਸ਼ਾਂ ਨਾਲ ਬੁਲਾਈ ਗਈ ਆਲ ਸਿੱਖ ਪਾਰਟੀਜ਼ ਕਾਨਫ਼ਰੰਸ 20 ਅਗਸਤ 1944 ਦੇ ਦਿਨ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਖੇ ਹੋਈ। ਇਸ ਵਾਸਤੇ ਸੱਦੇ 714 ਆਗੂਆਂ ਵਿਚੋਂ 561 ਹਾਜ਼ਰ ਹੋਏ। ਮਾਸਟਰ ਤਾਰਾ ਸਿੰਘ ਖ਼ੁਦ ਅਮਰ ਸਿੰਘ (ਸ਼ੇਰੇ ਪੰਜਾਬ) ਨੂੰ ਸੱਦਣ ਗਏ ਪਰ ਉਸ ਨੇ ਆਉਣ ਤੋਂ ਕੋਰਾ ਇਨਕਾਰ ਕੀਤਾ। ਮੀਟਿੰਗ ਵਿਚ ਮਾਸਟਰ ਤਾਰਾ ਸਿੰਘ, ਬਲਦੇਵ ਸਿੰਘ, ਉੱਜਲ ਸਿੰਘ, ਅਜੀਤ ਸਿੰਘ ਸਰਹੱਦੀ, ਗਿਆਨੀ ਸ਼ੇਰ ਸਿੰਘ, ਜਥੇਦਾਰ ਮੋਹਨ ਸਿੰਘ, ਪ੍ਰੀਤਮ ਸਿੰਘ ਗੌਜਰਾਂ, ਮੰਗਲ ਸਿੰਘ, ਬਸੰਤ ਸਿੰਘ ਮੋਗਾ, ਗਿਆਨੀ ਕਰਤਾਰ ਸਿੰਘ, ਮਾਸਟਰ ਅਜੀਤ ਸਿੰਘ, ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਵਿਸਾਖਾ ਸਿੰਘ ਤੇ ਸਕਤਰ ਹਜ਼ੂਰਾ ਸਿੰਘ, ਨਾਮਧਾਰੀ, ਰਾਮਗੜ੍ਹੀਏ, ਮਜ਼ਹਬੀ, ਸਿੰਘ ਸਭਾਵਾਂ ਦੇ ਨੁੰਮਾਇੰਦੇ ਸ਼ਾਮਿਲ ਹੋਏ। ਕਮਿਊਨਿਸਟਾਂ ਨੂੰ ਸੱਦੇ ਨਹੀਂ ਭੇਜੇ ਗਏ ਸਨ। ਜਥੇਬੰਦੀਆਂ ਵਿਚ ਅਕਾਲੀ ਦਲ, ਸ਼੍ਰੋਮਣੀ ਕਮੇਟੀ, ਚੀਫ਼ ਖਾਲਸਾ ਦੀਵਾਨ, ਸਿੱਖ ਐਮ.ਐਲ.ਏਜ਼., ਨਿਰਮਲੇ, ਨਾਮਧਾਰੀ, ਸਿੱਖ ਡਿਫੈਂਸ ਆਫ਼ ਇੰਡੀਆ ਲੀਗ ਵਗ਼ੈਰਾ ਪੁੱਜੇ। ਸਿਰਫ਼ ਸੈਂਟਰਲ ਅਕਾਲੀ ਦਲ ਦੇ ਆਗੂ ਇਸ ਮੀਟਿੰਗ ਵਿਚ ਨਹੀਂ ਆਏ ਅਤੇ ਰਾਵਲਪਿੰਡੀ ਸਿੰਘ ਸਭਾ ਦੇ ਕੁਝ ਕੁ ਆਦਮੀ ਮੀਟਿੰਗ ਵਿਚੋਂ ਵਾਕ ਆਊਟ ਕਰ ਗਏ। ਉਨ੍ਹਾਂ ਨੇ ਮੰਗ ਕੀਤੀ ਸੀ ਕਿ ਮੀਟਿੰਗ ਅਕਾਲ ਤਖ਼ਤ ਸਾਹਿਬ ਵਲੋਂ ਬੁਲਾਈ ਜਾਣੀ ਚਾਹੀਦੀ ਸੀ ਤੇ ਦੂਜਾ ਇਸ ਵਿਚ ਬਾਬਾ ਖੜਕ ਸਿੰਘ ਹਾਜ਼ਰ ਨਹੀਂ ਹਨ।

ਇਸ ਕਾਨਫ਼ਰੰਸ ਨੇ ਮਾਸਟਰ ਤਾਰਾ ਸਿੰਘ ਨੂੰ ਹੁਕਮ ਕੀਤਾ (ਅਰਜ਼ ਨਹੀਂ) ਕਿ ਉਹ ਰਾਜਾ ਜੀ ਫ਼ਾਰਮੂਲੇ ਖ਼ਿਲਾਫ਼ ਮੋਰਚਾ ਲਾਉਣ। ਕਾਨਫ਼ਰੰਸ ਨੇ (1) ਰਾਜਾ ਜੀ ਫ਼ਾਰਮੂਲਾ ਰੱਦ ਕਰੋ ਤੇ (2) ਸਿੱਖ ਸਟੇਟ ਕਾਇਮ ਕੀਤੀ ਜਾਵੇ ਦੇ ਮਤੇ ਪਾਸ ਕੀਤੇ। ਮਤਿਆਂ ਦੀ ਹਿਮਾਇਤ ਗਿਆਨੀ ਕਰਤਾਰ ਸਿੰਘ ਤੇ ਮਹਿੰਦਰ ਸਿੰਘ ਨੇ ਕੀਤੀ। ਸਿੱਖ ਸਟੇਟ ਬਾਰੇ ਮੰਗਲ ਸਿੰਘ ਦਾ ਮਤਾ ਤਰਮੀਮ ਕਰ ਕੇ ਮਾਸਟਰ ਤਾਰਾ ਸਿੰਘ ਤੇ ਉਸ ਦੀ ਬਣਾਈ ਸਬ ਕਮੇਟੀ ਦੇ ਵਿਚਾਰ ਗੋਚਰੇ ਛੱਡ ਦਿੱਤਾ ਗਿਆ। ਮੰਗਲ ਸਿੰਘ ਨੇ ਮਤੇ ਵਿਚ 'ਸਿੱਖ ਸਟੇਟ' ਐਸਾ ਇਲਾਕਾ ਮੰਗਿਆ ਸੀ ਜਿਸ ਵਿਚ ਕਿਸੇ ਗਰੁਪ ਦੀ ਅਕਸਰੀਅਤ ਨਾ ਹੋਵੇ। ਸਭ ਤੋਂ ਵਧੇਰੇ ਮੁਖਾਲਫ਼ਤ ਰਾਜਾ ਜੀ ਫ਼ਾਰਮੂਲੇ ਦੀ ਹੋਈ ਕਿਉਂਕਿ ਇਸ ਮੁਤਾਬਿਕ ਸਿੱਖਾਂ ਦੀ ਆਬਾਦੀ ਦੇ 17 ਜ਼ਿਲੇ ਪਾਕਿਸਤਾਨ ਵਿਚ ਤੇ 12 ਜ਼ਿਲ੍ਹੇ ਭਾਰਤ ਵਿਚ ਆ ਜਾਂਦੇ ਸਨ। ਕਾਨਫ਼ਰੰਸ ਨੇ ਤਿੰਨ ਸਤੰਬਰ ਨੂੰ 'ਐਂਟੀ ਰਾਜਾ ਜੀ ਫ਼ਾਰਮੂਲਾ ਦਿਨ' ਮਨਾਉਣ ਦਾ ਐਲਾਨ ਕੀਤਾ।

ਇਸੇ ਦਿਨ ਗਾਂਧੀ ਨੇ ਬਿਆਨ ਦਿੱਤਾ ਕਿ 'ਆਖ਼ਰੀ' ਸਮਝੌਤੇ ਤੋਂ ਪਹਿਲਾਂ ਸਿੱਖਾਂ ਨਾਲ ਸਲਾਹ ਮਸ਼ਵਰਾ ਕੀਤਾ ਜਾਵੇਗਾ।

31 ਅਗਸਤ 1944 ਨੂੰ ਅਕਾਲੀ ਦਲ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਤਿੰਨ ਸਤੰਬਰ ਨੂੰ ਰੋਸ ਦਿਵਸ ਮਨਾਇਆ ਜਾਵੇ ਅਤੇ ਇਸ ਵਿਚ ਰਾਜਾ ਜੀ ਫ਼ਾਰਮੂਲੇ ਦੇ ਖ਼ਿਲਾਫ਼ ਮਤੇ ਪਾਸ ਕੀਤੇ ਜਾਣ। ਕਿਉਂਕਿ "1942 ਵਿਚ ਕਾਂਗਰਸ ਨੇ ਫ਼ੈਸਲਾ ਕੀਤਾ ਸੀ ਕਿ ਉਹ ਸਿੱਖਾਂ ਦੀ ਮਰਜ਼ੀ ਬਿਨਾਂ ਕੋਈ ਗਲ ਨਹੀਂ ਮੰਨੇਗੀ। ਪੰਜਾਬ ਵਿਚ 700 ਗੁਰਦੁਆਰੇ ਹਨ ਜਿਨ੍ਹਾਂ ਵਾਸਤੇ ਸਿੱਖਾਂ ਦਾ ਖ਼ੂਨ ਡੁਲ੍ਹਿਆ ਹੈ। ਗਾਂਧੀ ਤੇ ਜਿਨਾਹ ਹਿੰਦੂ ਮੁਸਲਮ ਭਾਰਤ ਦੀਆਂ ਵੰਡੀਆਂ ਪਾ ਰਹੇ ਹਨ। ਕੇਂਦਰ ਵਿਚ ਸਿੱਖ ਹੱਕਾਂ ਤੇ ਛਾਪਾ ਮਾਰਿਆ ਜਾ ਰਿਹਾ ਹੈ।" ਅਜਿਹੇ ਮਤੇ ਪਾਸ ਕਰ ਕੇ ਕੇਂਦਰ ਵਿਚ ਸਿੱਖ ਮੰਤਰੀ ਜੋਗਿੰਦਰ ਸਿੰਘ ਨੂੰ ਭੇਜੇ ਜਾਣ।

3 ਸਤੰਬਰ 1944 ਨੂੰ ਹਰ ਪਾਸੇ ਰਾਜਾ ਜੀ ਫ਼ਾਰਮੂਲੇ ਦੇ ਖ਼ਿਲਾਫ਼ ਦਿਨ ਮਨਾਇਆ ਗਿਆ। ਇਸ ਦਿਨ ਦਿੱਲੀ ਵਿਚ ਅਕਾਲੀ ਕਾਨਫ਼ਰੰਸ ਨੇ ਆਜ਼ਾਦ ਪੰਜਾਬ ਦੇ ਹੱਕ ਵਿਚ ਮਤਾ ਪਾਸ ਕੀਤਾ। ਕਾਨਫ਼ਰੰਸ ਵਿਚ ਬੋਲਦਿਆਂ ਅਮਰ ਸਿੰਘ ਦੁਸਾਂਝ ਨੇ ਕਿਹਾ ਕਿ ਜਿਨਾਹ ਦੀ

ਪਾਕਿਸਤਾਨ ਦੀ ਮੰਗ ਅੰਬਾਲੇ ਤਕ ਦੀ ਹੈ ਤੇ ਰਾਜਾ ਜੀ ਫ਼ਾਰਮੂਲਾ ਫਗਵਾੜੇ ਤਕ ਪਾਕਿਸਤਾਨ ਕਾਇਮ ਕਰਦਾ ਹੈ। ਸਿੱਖਾਂ ਵਾਸਤੇ ਦੋਵੇਂ ਗ਼ਲਤ ਹਨ। ਸਰ ਸੋਭਾ ਸਿੰਘ ਨੇ ਮੰਗ ਕੀਤੀ ਕਿ ਅੰਗਰੇਜ਼ਾਂ ਨੇ ਸਿੱਖਾਂ ਤੋਂ ਪੰਜਾਬ ਲਿਆ ਸੀ ਤੇ ਸਿੱਖਾਂ ਨੂੰ ਹੀ ਵਾਪਸ ਕੀਤਾ ਜਾਵੇ।

ਪੰਜ ਸਤੰਬਰ ਨੂੰ ਦਿੱਲੀ ਵਿਚ ਮਾਸਟਰ ਤਾਰਾ ਸਿੰਘ ਨੇ ਸਿੱਖ ਸਟੇਟ ਦੀ ਮੰਗ ਕੀਤੀ। ਉਸ ਨੇ ਕਿਹਾ ਕਿ ਸਿੱਖ 26 ਫ਼ੀ ਸਦੀ ਮਾਲੀਆ ਦੇਂਦੇ ਹਨ ਤੇ ਪੰਜਾਬ ਦੀ ਤੀਜਾ ਹਿੱਸਾ ਜਾਇਦਾਦ ਸਿੱਖਾਂ ਦੀ ਹੈ।

13 ਸਤੰਬਰ ਨੂੰ ਲਾਇਲਪੁਰ ਵਿਚ ਅਕਾਲੀ ਕਾਨਫ਼ਰੰਸ ਨੇ ਫ਼ੈਸਲਾ ਕੀਤਾ ਕਿ ਰਾਜਾ ਜੀ ਫ਼ਾਰਮੂਲੇ ਦੇ ਖ਼ਿਲਾਫ਼ ਸਿੱਖ ਡੈਪੂਟੇਸ਼ਨ ਇੰਗਲੈਂਡ ਭੇਜਿਆ ਜਾਵੇ। 22 ਸਤੰਬਰ ਨੂੰ ਬੁੰਡਾਲਾ (ਜਲੰਧਰ) ਅਕਾਲੀ ਕਾਨਫ਼ਰੰਸ ਨੇ ਵੀ ਰਾਜਾ ਜੀ ਫ਼ਾਰਮੂਲੇ ਦੇ ਖ਼ਿਲਾਫ਼ ਮਤਾ ਪਾਸ ਕੀਤਾ।
24 ਸਤੰਬਰ 1944 ਨੂੰ ਗਾਂਧੀ ਦੇ ਨਿਵਾਸ ਤੇ ਗਾਂਧੀ ਤੇ ਜਿਨਾਹ ਵਿਚਕਾਰ ਗਲਬਾਤ ਸ਼ੁਰੂ ਹੋਈ। ਕੁਝ ਸਿੱਖਾਂ ਨੇ ਇਸ ਦੇ ਖ਼ਿਲਾਫ਼ ਗਾਂਧੀ ਦੇ ਘਰ ਦੇ ਬਾਹਰ ਪਿਕਟਿੰਗ ਕੀਤੀ ਜਿਸ 'ਤੇ 8 ਸਿੱਖ ਗ੍ਰਿਫ਼ਤਾਰ ਕਰ ਲਏ ਗਏ। ਪਰ, 28 ਸਤੰਬਰ ਨੂੰ ਗਾਂਧੀ-ਜਿਨਾਹ ਗਲਬਾਤ ਫ਼ੇਲ੍ਹ ਹੋਣ ਦਾ ਐਲਾਨ ਹੋ ਗਿਆ।

1960: ਕਾਕਾ ਇੰਦਰਜੀਤ ਸਿੰਘ ਨੂੰ ਕਰਨਾਲ ਦੇ ਇਕ ਖੂਹ ਵਿਚ ਸ਼ਹੀਦ ਕੀਤਾ ਗਿਆ

1960 ਵਿਚ ਪੰਜਾਬ ਸਰਕਾਰ ਅਤੇ ਪੁਲਿਸ ਪੰਜਾਬੀ ਸੂਬਾ ਮੋਰਚੇ ਦੀ ਕਾਮਯਾਬੀ ਤੋਂ ਏਨਾ ਮੱਚੀ ਹੋਈ ਸੀ ਕਿ ਉਹ ਸਾਰੇ ਸਿੱਖਾਂ ਨੂੰ ਆਪਣਾ ਨਿਜੀ ਦੁਸ਼ਮਣ ਸਮਝਣ ਲਗ ਪਈ ਸੀ। ਦੂਜੇ ਪਾਸੇ ਸਿੱਖਾਂ ਵਿਚ ਏਨਾ ਉਤਸ਼ਾਹ ਸੀ ਕਿ ਵੱਡੇ ਹੀ ਨਹੀਂ ਬਲਕਿ ਛੋਟੇ-ਛੋਟੇ ਬੱਚੇ ਵੀ ਪੰਜਾਬੀ ਸੂਬੇ ਦੇ ਰੰਗ ਵਿਚ ਰੰਗੇ ਹੋਏ ਸਨ। ਆਮ ਗਲੀਆਂ-ਬਾਜ਼ਾਰਾਂ ਵਿਚ ਸਿੱਖ ਬੱਚੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਨਜ਼ਰ ਆਉਂਦੇ ਸਨ। 22 ਸਤੰਬਰ ਦੇ ਦਿਨ ਕਰਨਾਲ ਵਿਚ ਕੁਝ ਨਿੱਕੇ-ਨਿੱਕੇ ਬੱਚੇ "ਪੰਜਾਬੀ ਸੂਬਾ ਜ਼ਿੰਦਾਬਾਦ" ਦੇ ਨਾਅਰੇ ਲਾਉਂਦੇ ਘੁੰਮ ਰਹੇ ਸਨ। ਇਨ੍ਹਾਂ ਵਿਚ ਭੁਪਿੰਦਰਾ ਹਾਈ ਸਕੂਲ ਮੋਗਾ ਦਾ ਪੰਜਵੀਂ ਜਮਾਤ ਦਾ ਇਕ ਬੱਚਾ ਵੀ ਸੀ ਜੋ ਕਰਨਾਲ ਵਿਚ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਗਿਆ ਹੋਇਆ ਸੀ। ਇਹ ਬੱਚੇ ਨਾਅਰੇ ਲਾਉਂਦੇ ਘੁੰਮ ਰਹੇ ਸਨ ਕਿ ਪੁਲਿਸ ਨੇ ਆ ਕੇ ਇਨ੍ਹਾਂ ਨੂੰ ਘੇਰ ਲਿਆ। ਪੁਲਿਸ ਦੀਆਂ ਡਾਂਗਾਂ ਦੀ ਮਾਰ ਨਾਲ ਇਹ ਉੱਥੇ ਇਕ ਖੂਹ ਵਿਚ ਡਿੱਗ ਪਿਆ। ਪੁਲਿਸ ਨੇ ਉਸ ਨੂੰ ਖੂਹ ਵਿਚੋਂ ਨਿਕਲਣ ਨਾ ਦਿੱਤਾ ਅਤੇ ਏਸੇ ਤਰ੍ਹਾਂ ਉਹ ਖੂਹ ਵਿਚ ਹੀ ਸ਼ਹੀਦ ਹੋ ਗਿਆ। ਪੁਲਿਸ ਦੀ ਇਸ ਗੁੰਡਾਗਰਦੀ ਅਤੇ ਜ਼ੁਲਮ ਦੇ ਖ਼ਿਲਾਫ਼ ਸਾਰੇ ਪਾਸੇ ਬੜਾ ਰੋਹ ਫੈਲਿਆ। ਸ਼੍ਰੋਮਣੀ ਅਕਾਲੀ ਦਲ ਨੇ 24 ਸਤੰਬਰ ਨੂੰ 'ਕਾਕਾ ਇੰਦਰਜੀਤ ਸਿੰਘ ਦਿਨ' ਮਨਾਉਣ ਦਾ ਐਲਾਨ ਕੀਤਾ। ਇਸ ਦਿਨ ਕਰਨਾਲ, ਪਟਿਆਲਾ ਅਤੇ ਅੰਮ੍ਰਿਤਸਰ ਵਿਚ ਜਲੂਸ ਅਤੇ ਜਲਸੇ ਹੋਏ। ਇਸ ਤੋਂ ਇਲਾਵਾ ਸਾਰੇ ਪੰਜਾਬ ਵਿਚ ਅਖੰਡ ਪਾਠ ਵੀ ਰੱਖੇ ਗਏ। ਜਿਨ੍ਹਾਂ ਦੇ ਭੋਗ 26 ਸਤੰਬਰ ਨੂੰ ਪਏ।

ਇਸ ਸ਼ਹੀਦੀ ਨੇ 'ਪੰਜਾਬੀ ਸੂਬਾ ਸਟੂਡੈਂਟਸ ਫ਼ਰੰਟ' ਨੂੰ ਜਨਮ ਦਿਤਾ। ਇਸ ਫ਼ਰੰਟ ਨੇ 26 ਸਤੰਬਰ ਨੂੰ ਸਾਰੇ ਪੰਜਾਬ ਵਿਚ ਜ਼ਬਰਦਸਤ ਮੁਜ਼ਾਹਰੇ ਕੀਤੇ। ਇਨ੍ਹਾਂ ਮੁਜ਼ਾਹਰਿਆਂ ਦੌਰਾਨ ਅੰਮ੍ਰਿਤਸਰ ਵਿਚ ਪੁਲਿਸ ਨੇ ਖਾਲਸਾ ਕਾਲਜ ਦੇ ਪਾੜ੍ਹਿਆਂ 'ਤੇ ਲਾਠੀਚਾਰਜ ਵੀ ਕੀਤਾ। ਇਸ ਲਾਠੀਚਾਰਜ ਵਿਚ ਬਹੁਤ ਸਾਰੇ ਮੁੰਡੇ ਜ਼ਖਮੀ ਹੋਏ ਅਤੇ 50 ਤੋਂ ਜ਼ਿਆਦਾ ਗ੍ਰਿਫ਼ਤਾਰ ਵੀ ਕੀਤੇ ਗਏ। ਇਸ ਦਿਨ ਪਟਿਆਲਾ ਵਿਚ ਵੀ ਬੜਾ ਜ਼ਬਰਦਸਤ ਜਲੂਸ ਨਿਕਲਿਆ। ਏਥੇ ਵੀ ਪੁਲਿਸ ਨੇ ਸਟੂਡੈਂਟਸ ਗ੍ਰਿਫ਼ਤਾਰ ਕੀਤੇ ਜਿਨ੍ਹਾਂ ਵਿਚ ਸੁਰਿੰਦਰ ਸਿੰਘ, ਰਾਜਿੰਦਰ ਸਿੰਘ ਅਤੇ ਹਰਮੀਤ ਸਿੰਘ ਵੀ ਸ਼ਾਮਿਲ ਸਨ। ਇਨ੍ਹਾਂ ਗ੍ਰਿਫ਼ਤਾਰਾਂ ਚੋਂ 11 ਬੱਚੇ ਸਕੂਲਾਂ ਦੇ ਵਿਦਿਆਰਥੀ ਸਨ। ਇਹੋ ਜਿਹੇ ਜਲੂਸ ਲੁਧਿਆਣਾ, ਮੋਗਾ ਅਤੇ ਹੋਰ ਜਗ੍ਹਾ ਤੇ ਵੀ ਨਿਕਲੇ। 29 ਸਤੰਬਰ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਟੂਡੈਂਟਸ ਨੇ ਫੇਰ ਮੁਜ਼ਾਹਿਰਾ ਕੀਤਾ। ਪੁਲਿਸ

ਨੇ ਖਿਝ ਕੇ ਖਾਲਸਾ ਕਾਲਜ ਦੇ ਅੰਦਰ ਦਾਖਲ ਹੋ ਕੇ ਬਹੁਤ ਸਾਰੇ ਵਿਦਿਆਰਥੀ ਗ੍ਰਿਫਤਾਰ ਕਰ ਲਏ। ਇਸ ਜ਼ੁਲਮ ਦੇ ਖ਼ਿਲਾਫ਼ 5 ਅਕਤੂਬਰ ਨੂੰ ਫੇਰ ਸਾਰੇ ਪੰਜਾਬ ਵਿਚ ਮੁਜ਼ਾਹਰੇ ਕੀਤੇ ਗਏ ਅਤੇ ਜਲੂਸ ਕੱਢੇ ਗਏ। ਇਸ ਮਗਰੋਂ 29 ਅਕਤੂਬਰ ਨੂੰ ਵਿਦਿਆਰਥੀਆਂ ਨੇ ਫੇਰ ਮਿਸ਼ਾਲਾਂ ਨਾਲ ਜਲੂਸ ਕੱਢਿਆ।

1965: ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗ ਖ਼ਤਮ ਹੋਈ

6 ਸਤੰਬਰ 1965 ਦੇ ਦਿਨ ਭਾਰਤ ਤੇ ਪਾਕਿਸਤਾਨ ਵਿਚ ਜੰਗ ਸ਼ੁਰੂ ਹੋ ਗਈ; ਇਸ ਜੰਗ ਵਿਚ ਖੇਮਕਰਨ ਸੈਕਟਰ ਵਿਚ ਪਾਕਿਸਤਾਨ ਦੀਆਂ ਫ਼ੌਜਾਂ ਬਹੁਤ ਅੱਗੇ ਵਧ ਆਈਆਂ। ਫ਼ੌਜ ਦੇ ਜਰਨੈਲ ਨੇ ਫ਼ੌਜੀਆਂ ਨੂੰ ਪਿੱਛੇ ਹਟ ਕੇ ਦਰਿਆ ਬਿਆਸ 'ਤੇ ਮੋਰਚੇ ਗੱਡਣ ਵਾਸਤੇ ਹਦਾਇਤ ਦਿਤੀ। ਪਰ ਜਨਰਲ ਹਰਬਖ਼ਸ਼ ਸਿੰਘ ਕਮਾਂਡਰ ਵੈਸਟਨ ਕਮਾਂਡ ਤੇ ਹੋਰ ਸਿੱਖ ਜਰਨੈਲਾਂ ਨੇ ਅੰਮ੍ਰਿਤਸਰ ਨੂੰ ਪਾਕਿਸਤਾਨ ਦੇ ਹਵਾਲੇ ਕਰਨ ਦੀ ਬਜਾਇ ਡੱਟ ਕੇ ਜੂਝਣ ਦਾ ਫ਼ੈਸਲਾ ਕਰ ਲਿਆ। ਇਸ ਮੌਕੇ 'ਤੇ ਜਨਰਲ ਹਰਬਖ਼ਸ਼ ਸਿੰਘ, ਮੇਜਰ ਜਨਰਲ ਜੋਗਿੰਦਰ ਸਿੰਘ, ਮੇਜਰ ਜਨਰਲ ਨਰਿੰਦਰ ਸਿੰਘ (ਜਿਸ ਨੂੰ 1984 ਤੋਂ ਮਗਰੋਂ ਸਿੱਖ ਮੰਗਾਂ ਦੀ ਹਿਮਾਇਤ ਕਾਰਨ ਕਈ ਸਾਲ ਜੇਲ੍ਹ ਰਹਿਣਾ ਪਿਆ), ਲੈਫ਼ਟੀਨੈਂਟ ਜਨਰਲ ਜੋਗਿੰਦਰ ਸਿੰਘ ਢਿੱਲੋਂ, ਬਰਗੇਡੀਅਰ ਪ੍ਰਕਾਸ਼ ਸਿੰਘ ਗਰੇਵਾਲ, ਬਰਗੇਡੀਅਰ ਐਸ.ਐਸ. ਕਲ੍ਹਾ, ਮੇਜਰ ਜਰਨਲ ਮਹਿੰਦਰ ਸਿੰਘ, ਬਰਗੇਡੀਅਰ ਬੰਤ ਸਿੰਘ, ਮੇਜਰ ਜਰਨਲ ਗੁਰਬਖ਼ਸ਼ ਸਿੰਘ ਨੇ ਕਮਾਲ ਦੀ ਅਗਵਾਈ ਦਿੱਤੀ; ਏਅਰ ਮਾਰਸ਼ਲ ਅਰਜਨ ਸਿੰਘ ਦੀ ਅਗਵਾਈ ਵਿਚ ਏਅਰ ਫ਼ੋਰਸ ਨੇ ਵੀ ਕਮਾਲ ਦਾ ਰੋਲ ਅਦਾ ਕੀਤਾ।ਕੈਪਟਨ ਅਮਰਿੰਦਰ ਸਿੰਘ ਇਸ ਜੰਗ ਵੇਲੇ ਏ.ਡੀ.ਸੀ. ਵਜੋਂ ਤਇਨਾਤ ਸੀ। ਸਿੱਖ ਜਰਨੈਲਾਂ ਤੇ ਫ਼ੌਜੀਆਂ ਦੀ ਇਸ ਬਹਾਦਰੀ ਦੇ ਨਾਲ ਇਸ ਜੰਗ ਵਿਚ ਇਕ ਹੋਰ ਗੱਲ ਕਮਾਲ ਦੀ ਇਹ ਵੀ ਸੀ ਕਿ ਆਮ ਸਿੱਖ ਅਵਾਮ ਨੇ ਵੀ ਕਮਾਲ ਕੀਤੀ; ਜਦ ਫ਼ੌਜ ਦੀਆਂ ਗੱਡੀਆਂ ਜਵਾਨਾਂ ਨੂੰ ਲੈ ਕੇ ਸਰਹੱਦ ਵੱਲ ਜਾ ਰਹੀਆਂ ਹੁੰਦੀਆਂ ਸਨ ਤਾਂ ਲੋਕਾਂ ਨੇ ਮਣਾਂ ਮੂੰਹੀ ਫਲ, ਖ਼ੂਬਸੂਰਤ ਪਕਵਾਨ ਅਤੇ ਫ਼ੌਜੀਆਂ ਵਾਸਤੇ ਹੋਰ ਸੁਖ ਦਾ ਸਮਾਨ ਲੈ ਕੇ ਰਾਹ ਵਿਚ ਲੰਗਰ ਲਾਏ ਹੋਏ ਸਨ; ਕਮਾਲ ਤਾਂ ਇਹ ਸੀ ਕਿ ਪਿੰਡਾਂ ਵਿਚ ਮਰਦ ਤੇ ਔਰਤਾਂ ਨੇ ਏਥੋਂ ਕਰ ਕੀਤਾ ਕਿ ਮੋਰਚਿਆਂ ਵਿਚ ਵੀ ਫ਼ੌਜੀਆਂ ਦੀ ਉਹ ਸੇਵਾ ਕੀਤੀ ਜਿਹੜੀ ਉਨ੍ਹਾਂ ਨੂੰ ਘਰ ਵਿਚ ਵੀ ਹਾਸਿਲ ਨਾ ਹੋਈ ਹੋਏ। ਇਸ ਨੇ ਫ਼ੌਜੀਆਂ ਦੇ ਹੌਸਲੇ ਬੁਲੰਦ ਕੀਤੇ ਅਤੇ ਉਨ੍ਹਾਂ ਨੇ ਭਾਰਤ ਨੂੰ ਕਮਾਲ ਦੀ ਕਾਮਯਾਬੀ ਦਿਵਾਈ। (ਪਰ 1984 ਵਿਚ ਭਾਰਤੀ ਫ਼ੌਜ ਦੇ ਅਹਿਸਾਨ ਫ਼ਰਾਮੋਸ਼ ਹਿੰਦੂ ਫ਼ੌਜੀਆਂ ਨੇ ਉਨ੍ਹਾਂ ਪਿੰਡਾਂ ਵਿਚ ਹੀ ਬੇਪਨਾਹ ਜ਼ੁਲਮ ਕੀਤੇ ਜਿੱਥੇ 1965 ਸਤੰਬਰ ਵਿਚ ਉਨ੍ਹਾਂ ਨੂੰ ਆਲੀਸ਼ਾਨ ਮਹਿਮਾਨ ਨਿਵਾਜ਼ੀ ਮਿਲੀ ਸੀ)।

1981: ਪ੍ਰਾਈਮ ਮਨਿਸਟਰ ਇੰਦਰਾ ਚੰਡੀਗੜ੍ਹ ਆਈ; ਕਾਂਗਰਸੀਆਂ ਨੇ ਉਸ ਨੂੰ ਸਮਝਾਇਆ ਕਿ ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਭਿੰਡਰਾਂਵਾਲਿਆਂ ਨੂੰ ਰਿਹਾ ਕਰ ਦਿੱਤਾ ਜਾਵੇ

20 ਸਤੰਬਰ 1981 ਦੇ ਦਿਨ ਬਾਬਾ ਜਰਨੈਲ ਸਿੰਘ ਦੀ ਗ੍ਰਿਫ਼ਤਾਰੀ ਤੋਂ ਮਗਰੋਂ ਪੰਜਾਬ ਵਿਚ ਰੋਸ ਮੁਜ਼ਾਹਰੇ ਤੇ ਜਲਸੇ ਹੋਣ ਦੀ ਬਜਾਇ ਖ਼ੂਨੀ ਹੋਲੀ ਦਾ ਮਾਹੌਲ ਬਣ ਗਿਆ। ਇਸ 'ਤੇ ਘਬਰਾ ਕੇ 22 ਸਤੰਬਰ ਨੂੰ ਇੰਦਰਾ ਗਾਂਧੀ ਸਭ ਕੁਝ ਛੱਡ-ਛਡਾ ਕੇ ਚੰਡੀਗੜ੍ਹ ਪੁੱਜੀ। ਉਸ ਨੇ ਅਕਾਲੀਆਂ ਤਕ ਪਹੁੰਚ ਕੀਤੀ ਪਰ ਅਕਾਲੀ ਆਗੂਆਂ ਨੇ ਉਸ ਨਾਲ ਗਲਬਾਤ ਕਰਨ ਤੋਂ ਨਾਂਹ ਕਰ ਦਿੱਤੀ ਤੇ ਪਹਿਲਾਂ ਭਿੰਡਰਾਂਵਾਲਿਆਂ ਨੂੰ ਰਿਹਾ ਕਰਨ ਵਾਸਤੇ ਆਖਿਆ। ਚੰਡੀਗੜ੍ਹ ਵਿਚ ਉਸ ਨੇ ਸੀਨੀਅਰ ਕਾਂਗਰਸੀਆਂ ਨਾਲ ਇਕ ਖ਼ੁਫ਼ੀਆ ਮੀਟਿੰਗ ਕੀਤੀ; ਮੁਖੀ ਕਾਂਗਰਸੀਆਂ ਨੇ

ਉਸ ਨੂੰ ਸਮਝਾਇਆ ਕਿ ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਭਿੰਡਰਾਂਵਾਲਿਆਂ ਨੂੰ ਰਿਹਾ ਕਰ ਦਿੱਤਾ ਜਾਵੇ। ਉਧਰ ਅਕਾਲੀਆਂ ਨੇ 45 ਸਿੱਖ-ਮੰਗਾਂ ਦਾ ਇਕ ਚਾਰਟਰ ਤਿਆਰ ਕੀਤਾ।

1987: ਬਲਦੇਵ ਸਿੰਘ ਤੇ ਹਰੀ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਬਾਈ ਸਤੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਬਲਦੇਵ ਸਿੰਘ (ਵਾਸੀ ਕਾਲਾ ਓਠੀਆ) ਤੇ ਹਰੀ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤ।

1990: ਬਲਦੇਵ ਸਿੰਘ ਬਿੱਲਾ ਵਕੀਲ ਗੁਰਦਾਸਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

ਬਾਈ ਸਤੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਬਲਦੇਵ ਸਿੰਘ ਬਿੱਲਾ ਉਰਫ ਵਕੀਲ (ਵਾਸੀ ਇੰਦਰਜੀਤ ਕੀ ਬਾਉਲੀ, ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਹਲਵਿੰਦਰ ਸਿੰਘ ਕਾਕੜ, ਹਮੀਰ ਸਿੰਘ ਆਸਰੋਂ, ਕੁਲਵਿੰਦਰ ਸਿੰਘ ਰਾਜਗੜ੍ਹ ਕੁੱਬੇ, ਡਾਕਟਰ ਗੁਰਮੇਲ ਸਿੰਘ ਮਿੰਗੋ, ਹਰਬੰਸ ਸਿੰਘ, ਡਾਕਟਰ ਦਰਸ਼ਨ ਸਿੰਘ, ਜਸਬੀਰ ਸਿੰਘ, ਜਸਵੰਤ ਸਿੰਘ ਮੁੰਢਾਲੀ,ਬਲਦੀਪ ਸਿੰਘ ਕੁੱਕੂ, ਬਲਦੇਵ ਸਿੰਘ ਤੇ ਕੇਵਲ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਬਾਈ ਸਤੰਬਰ 1992 ਦੇ ਦਿਨ ਹਲਵਿੰਦਰ ਸਿੰਘ (ਪੁੱਤਰ ਇੰਦਰਜੀਤ ਸਿੰਘ, ਵਾਸੀ ਪਿੰਡ ਕਾਕੜ, ਜ਼ਿਲ੍ਹਾ ਅੰਮ੍ਰਿਤਸਰ), ਹਮੀਰ ਸਿੰਘ (ਪੁੱਤਰ ਹਰਦੇਵ ਸਿੰਘ, ਵਾਸੀ ਆਸਰੋਂ, ਜ਼ਿਲ੍ਹਾ ਨਵਾਂਸ਼ਹਿਰ), ਕੁਲਵਿੰਦਰ ਸਿੰਘ ਰਾਜਗੜ੍ਹ ਕੁੱਬੇ, ਡਾਕਟਰ ਗੁਰਮੇਲ ਸਿੰਘ ਮਿੰਗੋ, ਹਰਬੰਸ ਸਿੰਘ, ਡਾਕਟਰ ਦਰਸ਼ਨ ਸਿੰਘ, ਜਸਬੀਰ ਸਿੰਘ ਤੇ ਛੇ ਹੋਰ ਬਠਿੰਡਾ ਜ਼ਿਲ੍ਹੇ ਦੇ ਪਿੰਡ ਕਮਾਲੂ ਵਿਚ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ। ਇਸੇ ਦਿਨ ਜਸਵੰਤ ਸਿੰਘ ਮੁੰਢਾਲੀ (ਭਾਈ ਮਨਜੀਤ ਸਿੰਘ ਅਕਾਲੀ ਦਲ ਦਾ ਪ੍ਰੈੱਸ ਸਕੱਤਰ), ਬਲਦੀਪ ਸਿੰਘ ਉਰਫ਼ ਕੁੱਕੂ, ਬਲਦੇਵ ਸਿੰਘ ਤੇ ਕੇਵਲ ਸਿੰਘ (ਪਿੰਡ ਭਿੰਡੀ ਔਲਖ ਵਿਚ) ਵੀ ਸ਼ਹੀਦ ਕੀਤੇ ਗਏ ਸਨ।

23 ਸਤੰਬਰ

1965: ਪੰਜਾਬੀ ਸੂਬਾ ਮਸਲੇ ਵਾਸਤੇ 3 ਮੈਂਬਰੀ ਕੈਬਨਿਟ ਕਮੇਟੀ ਅਤੇ ਐਮ.ਪੀਜ਼. ਦੀ 22 ਮੈਂਬਰੀ ਕਮੇਟੀ ਬਣਾਈ

22 ਸਤੰਬਰ 1965 ਦੇ ਦਿਨ ਭਾਰਤ-ਪਾਕਿ ਜੰਗ ਮੁਕਦਿਆਂ ਹੀ ਲਾਲ ਬਹਾਦਰ ਸ਼ਾਸਤਰੀ ਨੇ ਵਾਅਦੇ ਮੁਤਾਬਿਕ 23 ਸਤੰਬਰ 1965 ਨੂੰ ਪੰਜਾਬੀ ਸੂਬੇ ਦੀ ਮੰਗ ਬਾਰੇ ਸੈਂਟਰ ਦੇ ਵਜ਼ੀਰਾਂ ਦੀ ਇਕ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ। ਇਸ ਕਮੇਟੀ ਵਿਚ ਇਦਰਾ ਗਾਂਧੀ, ਚਵਾਨ ਤੇ ਮਹਾਂਵੀਰ ਤਿਆਗੀ ਤਿੰਨ ਮੈਂਬਰ ਸਨ। ਇਸ ਦੇ ਨਾਲ ਹੀ 22 ਐਮ.ਪੀਜ਼. ਇਕ 'ਸਲਾਹਕਾਰ ਕਮਟੀ' ਵੀ ਬਣਾ ਦਿੱਤੀ ਗਈ। ਇਸ ਕਮੇਟੀ ਦਾ ਚੇਅਰਮੈਨ ਹੁਕਮ ਸਿੰਘ ਸਪੀਕਰ ਲੋਕ ਸਭਾ ਸੀ। ਉਸ ਵੇਲੇ ਦੋ ਅਕਾਲੀ ਦਲ ਕਾਇਮ ਸਨ (ਮਾਸਟਰ ਅਕਾਲੀ ਦਲ ਤੇ ਫ਼ਤਹਿ ਸਿੰਘ ਅਕਾਲੀ ਦਲ); ਫਤਹਿ ਸਿੰਘ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 1 ਅਕਤੂਬਰ ਨੂੰ ਤਿੰਨ ਮੈਂਬਰੀ ਕੇਂਦਰੀ ਕਮੇਟੀ ਅਤੇ 22 ਐਮ.ਪੀਜ਼ ਦੀ ਕਮੇਟੀ ਬਣਾਉਣ 'ਤੇ ਸਰਕਾਰ ਦੀ ਸਰਾਹਣਾ ਕੀਤੀ। ਮਾਸਟਰ ਤਾਰਾ ਸਿੰਘ ਨੇ ਪਹਿਲਾਂ ਹੀ 25 ਸਤੰਬਰ ਨੂੰ ਇਕ ਕਮੇਟੀ ਦੀ ਸਰਾਹਣਾ ਕਰ ਦਿੱਤੀ ਸੀ। 2 ਅਕਤੂਬਰ 1965 ਨੂੰ ਫਤਹਿ ਸਿੰਘ ਅਕਾਲੀ ਦਲ ਦੀ ਮੀਟਿੰਗ ਹੋਈ ਜਿਸ ਵਿਚ ਫਤਹਿ ਸਿੰਘ ਪਰਦੇ ਦੇ ਪਿੱਛੇ ਬੈਠਾ ਹੋਇਆ ਸੀ। ਇਸ ਮੀਟਿੰਗ

ਨੇ ਪੰਜਾਬੀ ਸੂਬੇ ਸਬੰਧੀ ਕਿਸੇ ਮੋਰਚੇ ਦਾ ਐਲਾਨ ਨਾ ਕਰਨ ਦਾ ਮਤਾ ਪਾਸ ਕੀਤਾ ਤੇ ਸਰਕਾਰ ਵੱਲੋਂ ਕਮੇਟੀਆਂ ਬਣਾਉਣ 'ਤੇ ਤਸੱਲੀ ਜ਼ਾਹਿਰ ਕੀਤੀ।

5 ਅਕਤੂਬਰ 1965 ਨੂੰ ਚੀਫ਼ ਮਨਿਸਟਰ ਕਾਮਰੇਡ ਰਾਮ ਕ੍ਰਿਸ਼ਨ (ਉਹ ਭਾਵੇਂ ਨਾਂ ਨਾਲ ਕਾਮਰੇਡ ਲਿਖਦਾ ਸੀ ਪਰ ਉਹ ਕੱਟੜ ਆਰੀਆ ਸਮਾਜੀ ਤੇ ਹੱਦ ਦਰਜੇ ਦਾ ਫ਼ਿਰਕੂ ਹਿੰਦੂ ਸੀ) ਨੇ ਪੰਜਾਬੀ ਸੂਬੇ ਦੀ ਭਰਵੀਂ ਮੁਖ਼ਾਲਫ਼ਤ ਕੀਤੀ। ਇਸ ਤੋਂ ਅਗਲੇ ਦਿਨ ਫ਼ਿਰਕੂ ਹਿੰਦੂ ਅਖ਼ਬਾਰ ਨਵੀਸ ਲਾਲਾ ਜਗਤ ਨਾਰਾਇਣ ਅਤੇ ਆਰੀਆ ਸਮਾਜ ਨੇ ਵੀ ਇਸ ਦੇ ਖ਼ਿਲਾਫ਼ ਬਿਆਨ ਦਿੱਤੇ। ਅਕਾਲੀ ਦਲ ਨੇ ਕਾਮਰੇਡ ਰਾਮ ਕਿਸ਼ਨ ਦੇ ਬਿਆਨ ਦੀ ਨਿੰਦਾ ਕੀਤੀ। 11 ਸਤੰਬਰ ਨੂੰ ਪੰਜਾਬ ਕਾਂਗਰਸ ਕਮੇਟੀ ਨੇ ਵੀ ਪੰਜਾਬੀ ਸੂਬੇ ਦੀ ਮੁਖ਼ਾਲਫ਼ਤ ਕੀਤੀ। 21 ਅਕਤੂਬਰ ਨੂੰ ਯੋਗੀ ਸੂਰਯ ਦੇਵ ਨੇ ਪੰਜਾਬੀ ਸੂਬੇ ਦੀ ਮੰਗ ਮੰਨੇ ਜਾਣ 'ਤੇ ਮਰਨ ਵਰਤ ਦੀ ਧਮਕੀ ਦਿੱਤੀ। 7 ਨਵੰਬਰ ਨੂੰ ਇਕ ਸਰਬ-ਪਾਰਟੀ ਪੰਜਾਬੀ ਸੂਬਾ ਕਨਵੈਨਸ਼ਨ ਨੇ ਪੰਜਾਬੀ ਸੂਬੇ ਦੀ ਹਿਮਾਇਤ ਕੀਤੀ ਇਸ ਮੀਟਿੰਗ ਵਿਚ ਅਵਤਾਰ ਸਿੰਘ ਮਲਹੋਤਰਾ ਤੇ ਸ਼ਮਸ਼ੇਰ ਸਿੰਘ ਜੋਸ਼ (ਦੋਵੇਂ ਕਮਿਊਨਿਸਟ), ਚਰਨ ਦਾਸ ਨਿਧੜਕ (ਰੀਪਬਲੀਕਨ), ਨੇਤ ਰਾਮ (ਸੋਸ਼ਲਿਸਟ), ਚੌਧਰੀ ਕਰਤਾਰ ਸਿੰਹ (ਅਕਾਲੀ ਦਲ ਮਾਸਟਰ) ਅਤੇ ਹਰਚਰਨ ਸਿੰਘ ਹੁੰਡਿਆਰਾ (ਅਕਾਲੀ ਦਲ ਫਤਹਿ ਸਿੰਘ) ਸ਼ਾਮਿਲ ਸਨ।

ਅਕਾਲੀ ਦਲ (ਮਾਸਟਰ) ਦੀ 16 ਵੀਂ ਸਰਬ ਹਿੰਦ ਅਕਾਲੀ ਕਾਨਫ਼ਰੰਸ, ਜੋ ਦਿੱਲੀ ਵਿਚ ਹੋਈ, ਨੇ ਪੰਜਾਬੀ ਸੂਬੇ ਬਾਰੇ ਕਮੇਟੀਆਂ ਦਾ ਸਵਾਗਤ ਕੀਤਾ ਅਤੇ ਪੰਜਾਬੀ ਰਿਜਨ ਨੂੰ ਹੀ ਪੰਜਾਬੀ ਸੂਬਾ ਬਣਾਉਣ ਦੀ ਮੰਗ ਕੀਤੀ। 16 ਨਵੰਬਰ ਨੂੰ ਪੰਜਾਬ ਕਾਂਗਰਸ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਜ਼ੈਲ ਸਿੰਘ, ਰਾਮ ਸਿੰਘ ਦੱਤ, ਮੋਹਨ ਸਿੰਘ, ਨਰੈਣ ਸਿੰਘ ਸ਼ਾਹਬਾਜ਼ਪੁਰੀ ਆਦਿਕ ਨੇ ਪੰਜਾਬੀ ਸੂਬੇ ਦੀ ਹਿਮਾਇਤ ਕੀਤੀ ਅਤੇ ਕਾਮਰੇਡ ਰਾਮ ਕਿਸ਼ਨ, ਦਰਬਾਰਾ ਸਿੰਘ, ਗੁਰਦਿਆਲ ਸਿੰਘ ਢਿੱਲੋਂ, ਮੋਹਨ ਲਾਲ ਨੇ ਮੁਖ਼ਾਲਫ਼ਤ ਕੀਤੀ।

1 ਦਸੰਬਰ ਨੂੰ ਫਤਹਿ ਸਿੰਘ ਨੇ ਐਲਾਨ ਕੀਤਾ ਕਿ ਉਹ ਪੰਜਾਬੀ ਸੂਬੇ ਦੀ ਹਦਬੰਦੀ ਦੀ ਕੋਈ ਪ੍ਰਵਾਹ ਨਹੀਂ ਕਰਦਾ। ਮਾਸਟਰ ਤਾਰਾ ਸਿੰਘ ਨੇ 20 ਦਸੰਬਰ ਨੂੰ ਕਿਹਾ ਕਿ ਉਸ ਦਾ ਪੰਜਾਬੀ ਸੂਬਾ ਫਤਹਿ ਸਿੰਘ ਤੋਂ ਵੱਖਰਾ ਹੈ, ਫਤਹਿ ਸਿੰਘ ਦੇ ਸੂਬੇ ਦਾ ਹਾਲ ਪੈਪਸੂ ਵਾਲਾ ਹੋਵੇਗਾ। 28 ਦਸੰਬਰ 1965 ਨੂੰ ਪੰਜਾਬ ਸੂਬੇ ਦੀ ਕਾਂਗਰਸ ਕਮੇਟੀ ਨੇ ਪੰਜਾਬੀ ਸੂਬੇ ਬਾਰੇ ਕਮੇਟੀ ਨੂੰ ਖ਼ਤਮ ਕਰਨ ਦੀ ਮੰਗ ਕੀਤੀ।

ਇਸ ਦੌਰਾਨ ਪ੍ਰਾਈਮ ਮਨਿਸਟਰ ਲਾਲ ਬਹਾਦਰ ਸ਼ਾਸ਼ਤਰੀ ਦੀ ਰੂਸ ਦੌਰੇ ਦੌਰਾਨ ਤਾਸ਼ਕੰਦ ਵਿਚ ਮੌਤ ਹੋ ਗਈ। 19 ਜਨਵਰੀ 1966 ਨੂੰ ਇੰਦਰਾ ਗਾਂਧੀ ਪ੍ਰਧਾਨ ਬਣ ਗਈ। ਇੰਦਰਾ ਪੰਜਾਬੀ ਸੂਬਾ ਬਣਾਉਣ ਦੇ ਖ਼ਿਲਾਫ਼ ਸੀ ਕਿਉਂਕਿ ਉਹ ਪੰਜਾਬ ਦੇ ਹਿੰਦੂਆਂ ਨੂੰ ਨਾਰਾਜ਼ ਨਹੀਂ ਸੀ ਕਰਨਾ ਚਾਹੁੰਦੀ; ਉਸ ਨੇ ਇਹ ਗੱਲ ਸਾਫ਼ ਲਫ਼ਜ਼ਾਂ ਵਿਚ ਆਪਣੀ ਕਿਤਾਬ 'ਮਾਈ ਟਰੂਥ' ਦੇ ਸਫ਼ਾ 117-18 ਤੇ ਮੰਨੀ ਵੀ ਹੈ। ਉਧਰ ਪੰਜਾਬੀ ਸੂਬੇ ਬਾਰੇ ਬਣੀਆਂ ਕਮੇਟੀਆਂ ਦਾ ਕੰਮ ਬੜੀ ਹੌਲੀ-ਹੌਲੀ ਚਲ ਰਿਹਾ ਸੀ ਅਤੇ ਕੋਈ ਸਿੱਟਾ ਨਿਕਲਦਾ ਨਜ਼ਰ ਨਹੀਂ ਆਉਂਦਾ ਸੀ। ਆਰੀਆ ਸਮਾਜੀ, ਜਨਸੰਘੀ, ਹਿੰਦੂ-ਕਾਂਗਰਸੀ, ਸਾਰੇ ਹੀ ਪੰਜਾਬੀ ਸੂਬੇ ਦੀ ਮੰਗ ਦੀ ਜ਼ੋਰ-ਸ਼ੋਰ ਨਾਲ ਮੁਖ਼ਾਲਫ਼ਤ ਕਰ ਰਹੇ ਸਨ। ਫਤਹਿ ਸਿੰਘ ਠੰਡੀ ਬੋਲੀ ਵਿਚ ਸੂਬੇ ਦੀਆਂ ਹੱਦਾਂ ਦੀ ਵੀ ਪ੍ਰਵਾਹ ਨਾ ਕਰਨ ਬਾਰੇ ਬਿਆਨ ਦੇ ਚੁੱਕਾ ਸੀ। ਅਕਾਲੀ ਦਲ (ਮਾਸਟਰ) ਦੀ 17ਵੀਂ ਅਕਾਲੀ ਕਾਨਫ਼ਰੰਸ 27 ਫ਼ਰਵਰੀ 1966 ਨੂੰ ਜਲੰਧਰ ਵਿਚ ਹੋਈ ਜਿਸ ਵਿਚ ਮਤਾ ਪਾਸ ਕੀਤਾ ਗਿਆ ਕਿ **''ਸਿੱਖ ਆਪਣੇ ਲਈ ਅਜ਼ਾਦ ਭਾਰਤ ਵਿਚ ਅਜਿਹੀ ਸਿਆਸੀ ਥਾਂ ਮੰਗਣ ਲਈ ਮਜਬੂਰ ਹੋਏ ਹਨ ਜਿਸ ਵਿਚ ਸਿੱਖਾਂ ਨੂੰ ਆਤਮ ਨਿਰਣੈ ਦਾ ਹੱਕ ਹਾਸਿਲ ਹੋਵੇ ਤਾਂ ਜੋ ਸਿੱਖ ਆਪਣੇ ਆਪ ਨੂੰ ਅਜ਼ਾਦੀ ਤੇ ਖ਼ੁਸ਼ਹਾਲੀ ਦੇ ਮਾਹੌਲ ਵਿਚ ਮਹਿਸੂਸ ਕਰ**

ਸਕਣ।" ਮਾਸਟਰ ਤਾਰਾ ਸਿੰਘ ਨੇ 26 ਫ਼ਰਵਰੀ 1966 ਨੂੰ ਇਕ ਬਿਆਨ ਵਿਚ ਕਿਹਾ ਸਿਰਫ਼ ਪੰਜਾਬੀ ਸੂਬੇ ਦੀ ਕਾਇਮੀ ਵੀ ਸਿੱਖਾਂ ਵਾਸਤੇ ਆਖ਼ਰੀ ਅਤੇ ਪੱਕਾ ਹੱਲ ਨਹੀਂ ਹੋ ਸਕਦਾ।

1987: ਜਗਦੀਸ਼ ਸਿੰਘ ਜੌੜਾ ਨਕਲੀ ਮੁਕਾਬਲੇ ਵਿਚ ਸ਼ਹੀਦ

23 ਸਤੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਸਿੰਘ ਜੌੜਾ ਨੇੜੇ ਜ਼ੀਰਾ ਫ਼ੀਰੋਜ਼ਪੁਰ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਬੋਹੜ ਸਿੰਘ ਵਲਟੋਹਾ, ਲਖਵਿੰਦਰ ਸਿੰਘ ਗੇਜਾ ਸੁਰ ਸਿੰਘ, ਅਨੂਪ ਸਿੰਘ ਫ਼ੌਜੀ ਸੁਰ ਸਿੰਘ), ਰਜਵਿੰਦਰ ਸਿੰਘ ਮੰਨਣ, ਮਨਜੀਤ ਸਿੰਘ ਪਹੂਵਿੰਡ ਨਕਲੀ ਮੁਕਾਬਲਿਆਂ ਵਿਚ ਸ਼ਹੀਦ

23 ਸਤੰਬਰ 1990 ਦੇ ਦਿਨ ਪੰਜਾਬ ਪੁਲਸ ਬੋਹੜ ਸਿੰਘ (ਵਾਸੀ ਵਲਟੋਹਾ), ਲਖਵਿੰਦਰ ਸਿੰਘ ਉਰਫ਼ ਗੇਜਾ ਸਿੰਘ (ਵਾਸੀ ਸੁਰ ਸਿੰਘ), ਅਨੂਪ ਸਿੰਘ ਫ਼ੌਜੀ (ਵਾਸੀ ਸੁਰ ਸਿੰਘ), ਰਜਵਿੰਦਰ ਸਿੰਘ ਉਰਫ਼ ਬੂਟਾ ਸਿੰਘ (ਵਾਸੀ ਮੰਨਣ), ਮਨਜੀਤ ਸਿੰਘ (ਵਾਸੀ ਪਹੂਵਿੰਡ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਕਾਂਸਟੇਬਲ ਗੁਰਦੀਪ ਸਿੰਘ, ਕੁਲਵੰਤ ਸਿੰਘ ਕੈਰੋਂ, ਹਰਦੇਵ ਸਿੰਘ ਭੈਹਰੀਵਾਲਾ, ਜਗਤਾਰ ਸਿੰਘ ਪਰਲੋ ਅੰਮ੍ਰਿਤਸਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ; ਰਣਜੀਤ ਸਿੰਘ ਨੇ ਸਾਈਨਾਈਡ ਕੈਪਸੂਲ ਖਾ ਕੇ ਜਾਨ ਦਿੱਤੀ

ਤੇਈ ਸਤੰਬਰ 1992 ਦੇ ਦਿਨ ਪੁਲਸ ਨੇ ਸਾਬਕ ਕਾਂਸਟੇਬਲ ਗੁਰਦੀਪ ਸਿੰਘ ਨੂੰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ। ਇਸੇ ਦਿਨ ਕੁਲਵੰਤ ਸਿੰਘ (ਪੁੱਤਰ ਅਜੀਤ ਸਿੰਘ, ਵਾਸੀ ਕੈਰੋਂ, ਜ਼ਿਲ੍ਹਾ ਤਰਨਤਾਰਨ), ਹਰਦੇਵ ਸਿੰਘ (ਪੁੱਤਰ ਨਰਿੰਦਰ ਸਿੰਘ, ਵਾਸੀ ਭੈਹਰੀਵਾਲਾ, ਨੇੜ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ), ਜਗਤਾਰ ਸਿੰਘ ਉਰਫ਼ ਪਰਲੋ (ਪੁੱਤਰ ਸਵਰਨ ਸਿੰਘ, ਵਾਸੀ ਪੁਤਲੀ ਘਰ, ਅੰਮ੍ਰਿਤਸਰ ਸ਼ਹਿਰ) ਨੂੰ ਵੀ ਪੁਲਸ ਨੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

ਇਸੇ ਦਿਨ ਪੁਲੀਸ ਘੇਰੇ 'ਚ ਆ ਜਾਣ 'ਤੇ ਸੁਖਵੀਰ ਸਿੰਘ ਉਰਫ਼ ਰਣਜੀਤ ਸਿੰਘ ਭੱਖੜ ਨੇ ਮਹਿਸੂਸ ਕੀਤਾ ਕਿ ਉਹ ਬਚ ਕੇ ਨਿਕਲ ਨਹੀਂ ਸਕੇਗਾ ਅਤੇ ਗ੍ਰਿਫ਼ਤਾਰੀ ਮਗਰੋਂ ਪੁਲਸ ਦੇ ਵਹਿਸ਼ੀਆਨਾ ਤਸ਼ੱਦਦ ਤੋਂ ਬਾਅਦ ਨਕਲੀ ਮੁਕਾਬਲੇ ਵਿਚ ਮਾਰਿਆ ਜਾਵੇਗਾ। ਉਸ ਨੇ ਇਸ ਦੀ ਬਜਾਇ ਸਾਇਆਨਾਈਡ ਖਾ ਕੇ ਜਾਨ ਦੇਣੀ ਮਨਜ਼ੂਰ ਕੀਤੀ।

1993: ਸੁਲੱਖਣ ਸਿੰਘ ਕਲੇਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

23 ਸਤੰਬਰ 1993 ਦੇ ਦਿਨ ਪੁਲਸ ਨੇ ਸੁਲੱਖਣ ਸਿੰਘ (ਪੁੱਤਰ ਠਾਕਰ ਸਿੰਘ, ਵਾਸੀ ਕਲੇਰ ਪਿੰਡ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

24 ਸਤੰਬਰ

1487: ਗੁਰੂ ਨਾਨਕ ਸਾਹਿਬ ਦਾ ਬਟਾਲਾ ਵਿਖੇ ਵਿਆਹ ਹੋਇਆ

ਗੁਰੂ ਨਾਨਕ ਸਾਹਿਬ ਦਾ ਵਿਆਹ 24 ਸਤੰਬਰ 1487 ਦੇ ਦਿਨ ਬਟਾਲਾ ਪੱਖੋਕੇ ਰੰਧਾਵਾ ਦੇ ਰਹਿਣ ਵਾਲੇ ਭਾਈ ਮੂਲ ਚੰਦ ਚੌਣਾ ਦੀ ਧੀ ਸੁਲੱਖਣੀ ਨਾਲ ਹੋਇਆ।(ਜਿਸ ਜਗਹ

ਆਪ ਦਾ ਵਿਆਹ ਹੋਇਆ ਸੀ ਉਸ ਜਗਹ ਗੁਰਦੁਆਰਾ ਕੰਧ ਸਾਹਿਬ ਬਣਿਆ ਹੋਇਆ ਹੈ)। ਮਾਤਾ ਸੁਲੱਖਣੀ ਨੇ 10 ਅਗਸਤ 1494 ਦੇ ਦਿਨ ਸ੍ਰੀਚੰਦ ਅਤੇ 13 ਫਰਵਰੀ 1497 ਦੇ ਦਿਨ ਲਖਮੀ ਦਾਸ (ਦੋ ਬੇਟਿਆਂ) ਨੂੰ ਜਨਮ ਦਿੱਤਾ।

1534: ਗੁਰੂ ਰਾਮ ਦਾਸ ਸਾਹਿਬ ਦਾ ਜਨਮ ਹੋਇਆ

ਗੁਰੂ ਰਾਮਦਾਸ ਸਾਹਿਬ ਦਾ ਜਨਮ 24 ਸਤੰਬਰ 1534 ਦੇ ਦਿਨ ਮਾਤਾ ਦਯਾ ਕੌਰ ਤੇ ਬਾਬਾ ਹਰੀ ਦਾਸ {ਪੁਤਰ ਠਾਕਰ ਦਾਸ ਤੇ ਪੋਤਰਾ ਬਾਬਾ ਗੁਰਦਿਆਲ} ਦੇ ਘਰ ਮੌਜੂਦਾ ਚੂਨਾ ਮੰਡੀ ਲਾਹੌਰ (ਹੁਣ ਪਾਕਿਸਤਾਨ) ਦੇ ਇਕ ਘਰ ਵਿਚ ਹੋਇਆ ਸੀ। (ਗੁਰੂ ਜੀ ਦੀ ਯਾਦ ਵਿਚ ਇਸ ਥਾਂ 'ਤੇ ਇਕ ਗੁਰਦੁਆਰਾ ਬਣਿਆ ਹੋਇਆ ਹੈ)। ਆਪ ਦਾ ਬਚਪਨ ਦਾ ਨਾਂ 'ਜੇਠਾ' ਸੀ। ਆਪ ਅਜੇ ਸਿਰਫ਼ ਸਾਢੇ ਸੱਤ ਸਾਲ ਦੇ ਸਨ ਕਿ ਆਪ ਦੇ ਪਿਤਾ ਬਾਬਾ ਹਰੀ ਦਾਸ (1496-1542) ਚੜ੍ਹਾਈ ਕਰ ਗਏ। ਇਸ ਮਗਰੋਂ ਆਪ ਦੇ ਮਾਤਾ ਜੀ ਆਪ ਨੂੰ ਪਿੰਡ ਬਾਸਰਕੇ (ਹੁਣ ਬਾਸਰਕੇ ਗਿੱਲਾਂ) ਲੈ ਆਏ। ਆਪ ਨੇ ਅਗਲੇ ਤਿੰਨ ਚਾਰ ਸਾਲ ਬਾਸਰਕੇ ਗਿੱਲਾਂ ਵਿਚ ਹੀ ਬਿਤਾਏ। ਇੱਥੇ ਰਹਿੰਦਿਆਂ ਆਪ ਦੀ ਨੇੜਤਾ ਭਾਈ ਅਮਰ ਦਾਸ ਸਾਹਿਬ (ਮਗਰੋਂ ਗੁਰੂ ਅਮਰ ਦਾਸ ਸਾਹਿਬ) ਨਾਲ ਹੋ ਗਈ। ਉਨ੍ਹਾਂ ਨੇ ਭਾਈ ਜੇਠਾ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਵਿਚ ਬੜੀ ਮਦਦ ਕੀਤੀ। 1544 ਵਿਚ (ਗੁਰੂ) ਅਮਰ ਦਾਸ ਸਾਹਿਬ ਖਡੂਰ ਸਾਹਿਬ ਵਿਚ ਗੁਰੂ ਅੰਗਦ ਸਾਹਿਬ ਨੂੰ ਮਿਲੇ ਅਤੇ ਤੇ ਕੁਝ ਚਿਰ ਮਗਰੋਂ ਉੱਥੇ ਹੀ ਰਹਿਣ ਲਗ ਪਏ। ਇਸ ਤੋਂ ਕੁਝ ਚਿਰ ਮਗਰੋਂ ਭਾਈ ਜੇਠਾ ਵੀ ਖਡੂਰ ਜਾਣ ਲਗ ਪਏ। ਭਾਈ ਜੇਠਾ ਨੇ ਵੀ ਖਡੂਰ ਸਾਹਿਬ ਵਿਚ ਕਾਫ਼ੀ ਸਮਾਂ ਬਿਤਾਇਆ। 1552 ਵਿਚ ਜਦ ਗੁਰੂ ਅਮਰ ਦਾਸ ਸਾਹਿਬ ਨੇ ਗੁਰਗੱਦੀ ਸੰਭਾਲੀ ਤਾਂ ਆਪ ਵੀ ਉਨ੍ਹਾਂ ਦੇ ਨਾਲ ਗੋਇੰਦਵਾਲ ਜਾ ਕੇ ਰਹਿਣ ਲਗ ਪਏ। ਭਾਈ ਜੇਠਾ ਦਾ ਗੁਰੂ ਅਮਰ ਦਾਸ ਸਾਹਿਬ ਨਾਲ ਏਨਾ ਪਿਆਰ ਸੀ ਕਿ ਉਹ ਉਨ੍ਹਾਂ ਨੂੰ ਆਪਣੇ ਘਰ ਦਾ ਇਕ ਜੀਅ ਹੀ ਸਮਝਦੇ ਸਨ।

1896: ਸਿੰਘ ਸਭਾ ਲਹਿਰ ਦੇ ਮੋਢੀ ਆਗੂ ਪ੍ਰੋ ਗੁਰਮੁਖ ਸਿੰਘ ਚੜ੍ਹਾਈ ਕਰ ਗਏ

1873 ਵਿਚ ਸ਼ੁਰੂ ਹੋਈ ਸਿੰਘ ਸਭਾ ਲਹਿਰ ਨੇ ਅਗਲੇ ਵੀਹ ਸਾਲ ਤਕ ਕਮਾਲ ਦਾ ਰੋਲ ਅਦਾ ਕੀਤਾ ਪਰ 1896 ਤੋਂ ਮਗਰੋਂ ਇਕ-ਇਕ ਕਰ ਕੇ ਸਿੰਘ ਸਭਾ ਲਹਿਰ ਦੇ ਸਾਰੇ ਮੋਢੀ ਆਗੂ ਚੜ੍ਹਾਈ ਕਰਨ ਲਗ ਪਏ। ਸਭ ਤੋਂ ਪਹਿਲਾਂ, 8 ਮਈ 1887 ਦੇ ਦਿਨ ਕੰਵਰ ਬਿਕਰਮ ਸਿੰਘ ਕਪੂਰਥਲਾ (ਜਲੰਧਰ), ਫਿਰ 18 ਸਤਬੰਰ 1887 ਨੂੰ ਠਾਕਰ ਸਿੰਘ ਸੰਧਾਵਾਲੀਆ (ਜੋ ਉਦੋਂ ਜਲਾਵਤਨ ਹੋ ਕੇ ਪਾਂਡੀਚਰੀ ਵਿਚ ਰਹਿੰਦੇ ਸਨ), 10 ਜੂਨ 1896 ਨੂੰ ਅਤਰ ਸਿੰਘ ਭਦੌੜ, 8 ਅਗਸਤ 1898 ਨੂੰ ਰਾਜਾ ਬਿਕਰਮਾ ਸਿੰਘ ਫ਼ਰੀਦਕੋਟ, 9 ਜੂਨ 1898 ਨੂੰ ਡਾ: ਜੈ ਸਿੰਘ, **24 ਸਤੰਬਰ 1898 ਨੂੰ ਪ੍ਰੋ: ਗੁਰਮੁਖ ਸਿੰਘ** ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਪਰ ਪ੍ਰੋ ਗੁਰਮੁਖ ਸਿੰਘ ਅਤੇ ਮਗਰੋਂ ਗਿਆਨੀ ਦਿੱਤ ਸਿੰਘ (6 ਸਤੰਬਰ 1901 ਨੂੰ) ਦੀ ਮੌਤ ਨਾਲ ਸਿੰਘ ਸਭਾ ਲਹਿਰ ਦਾ ਪਹਿਲਾ ਪੜਾਅ ਖ਼ਤਮ ਹੋ ਗਿਆ।

1980: ਸਿੱਖਾਂ ਨੇ ਅੰਮ੍ਰਿਤਸਰ ਨੂੰ ਪਵਿਤਰ ਕਰਾਰ ਦੇਣ ਦੀ ਮੰਗ ਕੀਤੀ ਗਈ

ਅੰਮ੍ਰਿਤਸਰ ਸ਼ਹਿਰ (ਪਹਿਲੋਂ 'ਗੁਰੂ ਦਾ ਚੱਕ') ਚੌਥੇ ਗੁਰੂ, ਗੁਰੂ ਰਾਮਦਾਸ ਸਾਹਿਬ, ਨੇ ਵਸਾਇਆ ਸੀ, ਪੰਜਵੇਂ ਗੁਰੂ ਸਾਹਿਬ ਨੇ ਏਥੇ ਦਰਬਾਰ ਸਾਹਿਬ ਅਤੇ ਸਰੋਵਰ ਬਣਾਇਆ, ਛੇਵੇਂ ਗੁਰੂ ਸਾਹਿਬ ਨੇ ਏਥੇ ਅਕਾਲ ਤਖ਼ਤ ਸਾਹਿਬ (ਉਦੋਂ ਸਿਰਫ਼ ਇਕ ਥੜ੍ਹਾ) ਬਣਾਇਆ;

ਏਸ ਸ਼ਹਿਰ ਵਿਚ ਤਕਰੀਬਨ ਇਕ ਲੱਖ ਸਿੱਖਾਂ ਨੇ ਸ਼ਹੀਦੀਆਂ ਦਿੱਤੀਆਂ ਸਨ; ਇਨ੍ਹਾਂ ਸਾਰਿਆਂ ਕਾਰਨਾਂ ਕਰ ਕੇ ਅੰਮ੍ਰਿਤਸਰ ਇਕ ਪਾਕ (ਪਵਿੱਤਰ) ਸ਼ਹਿਰ ਹੈ।

ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਸਤੰਬਰ 1915 ਵਿਚ ਇੱਕ ਹੁਕਮ ਜਾਰੀ ਕਰ ਕੇ ਇਸ ਸ਼ਹਿਰ ਵਿਚ ਸ਼ਰਾਬ ਦੀ ਵੇਚ 'ਤੇ ਪਾਬੰਦੀ ਲਾ ਕੇ, ਇਸ ਸ਼ਹਿਰ ਦੇ 'ਗੁਰੂ ਦੀ ਨਗਰੀ' ਅਤੇ 'ਪਾਕ' ਹੋਣ ਨੂੰ ਦੁਹਰਾਇਆ ਵੀ ਸੀ। ਪਰ 1947 ਵਿਚ ਜਦ ਫ਼ਿਰਕੂ ਹਿੰਦੂ ਹਾਕਮਾਂ ਨੇ ਅੰਗਰੇਜ਼ਾਂ ਤੋਂ ਹਕੂਮਤ ਸੰਭਾਲੀ ਤਾਂ ਹਿੰਦੂਆਂ ਨਾਲ ਸਬੰਧਤ ਸ਼ਹਿਰਾਂ ਨੂੰ ਛੱਡ ਕੇ ਬਾਕੀ ਸਾਰੇ ਧਰਮਾਂ ਨਾਲ ਸਬੰਧਤ ਸ਼ਹਿਰ ਨਾ-ਪਾਕ (ਅਪਵਿੱਤਰ), ਆਮ ਤੇ ਛੋਟੀ ਹੈਸੀਅਤ ਦੇ ਹੋ ਗਏ। ਕੁਰੂਕਸ਼ੇਤਰ, ਹਰਦੁਆਰ, ਰਿਸ਼ੀਕੇਸ਼, ਕਿਦਾਰਨਾਥ, ਬਦਰੀਨਾਥ 'ਪਾਕ' ਰਹਿ ਗਏ ਪਰ ਅੰਮ੍ਰਿਤਸਰ, ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ, ਕਰਤਾਰਪੁਰ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਤਲਵੰਡੀ ਸਾਬੋ (ਦਮਦਮਾ ਸਾਹਿਬ), ਫ਼ਤਹਿਗੜ੍ਹ ਸਾਹਿਬ, ਚਮਕੌਰ ਸਾਹਿਬ ਜਾਂ ਫਿਰ ਅਜਮੇਰ ਸ਼ਰੀਫ਼ ਵਗੈਰਾ 'ਪਾਕ' ਨਹੀਂ ਰਹੇ ਕਿਉਂਕਿ ਇਹ ਸ਼ਹਿਰ ਸਿੱਖਾਂ ਜਾਂ ਮੁਸਲਮਾਨਾਂ ਨਾਲ ਸਬੰਧਤ ਹਨ।

ਸਿੱਖ ਨੌਜਵਾਨ ਕਈ ਚਿਰ ਤੋਂ ਸਰਕਾਰ ਤੋਂ ਮੰਗ ਕਰ ਰਹੇ ਸਨ ਕਿ ਅੰਮ੍ਰਿਤਸਰ ਨੂੰ 'ਪਵਿੱਤਰ ਸ਼ਹਿਰ' ਐਲਾਨਿਆ ਜਾਵੇ। ਸਿੱਖ ਕਾਫ਼ੀ ਦੇਰ ਤਕ ਸਰਕਾਰ ਦਾ ਐਲਾਨ ਉਡੀਕਦੇ ਰਹੇ। 24 ਸਤੰਬਰ 1980 ਨੂੰ ਗੁਰਚਰਨ ਸਿੰਘ ਟੌਹੜਾ ਨੇ ਪ੍ਰਾਈਮ ਮਨਿਸਟਰ ਇੰਦਰਾ ਨਾਲ ਇਕ ਮੁਲਾਕਾਤ ਵਿਚ ਅੰਮ੍ਰਿਤਸਰ ਬਾਰੇ ਐਲਾਨ ਕਰਨ ਵਾਸਤੇ ਮੰਗ ਕੀਤੀ ਵੀ ਸੀ ਪਰ (ਇਕ ਪਾਰਸੀ, ਯਾਨਿ ਗ਼ੈਰ-ਹਿੰਦੂ, ਨਾਲ ਪਿਆਰ-ਵਿਆਹ/ਲਵਮੈਰਿਜ ਕਰਵਾਉਣ ਦੇ ਬਾਵਜੂਦ) ਫ਼ਿਰਕੂ ਪੱਤਾ ਖੇਡਣ ਵਾਲੀ ਇੰਦਰਾ ਅਜਿਹੀ ਗੱਲ ਸੁਣਨ ਵਾਸਤੇ ਵੀ ਤਿਆਰ ਨਹੀਂ ਸੀ। ਅਖੀਰ ਸਿੱਖਾਂ ਨੇ, ਖਾਸ ਕਰ ਕੇ ਦਲ ਖ਼ਾਲਸਾ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ, ਇਸ ਵਾਸਤੇ ਜੱਦੋ-ਜਹਿਦ ਕਰਨ ਦਾ ਤਹੱਈਆ ਕਰ ਲਿਆ। ਇਨ੍ਹਾਂ ਦੋਹਾਂ ਜੱਥੇਬੰਦੀਆਂ ਨੇ ਐਲਾਨ ਕੀਤਾ ਕਿ 31 ਮਈ 1981 ਨੂੰ ਆਪਣੀ ਮੰਗ ਦੇ ਹੱਕ ਵਿਚ ਇਕ ਜਲੂਸ ਅੰਮ੍ਰਿਤਸਰ ਸ਼ਹਿਰ ਵਿਚ ਕੱਢਿਆ ਜਾਵੇ।

ਪਰ ਦਹਿਸ਼ਤਗਰਦ, ਬੁਨਿਆਦਪ੍ਰਸਤ ਅਤੇ ਫ਼ਿਰਕਾਪ੍ਰਸਤੀ ਦੀ ਜ਼ਹਿਰ ਨਾਲ ਭਰੇ ਹੋਏ ਹਿੰਦੂਆਂ ਕੋਲੋਂ ਏਨਾ ਵੀ ਨਾ ਜਰ ਹੋਇਆ ਕਿ ਸਿੱਖ 'ਮੁੰਡੇ' ਕੋਈ ਨਿੱਕਾ ਜਿਹਾ ਜਲੂਸ ਹੀ ਕੱਢ ਲੈਣ। ਉਨ੍ਹਾਂ ਨੇ ਸਿੱਖਾਂ ਦੇ ਜਲੂਸ ਤੋਂ ਦੋ ਦਿਨ ਪਹਿਲਾਂ ਹੀ, ਯਾਨੀ ਕਿ 29 ਮਈ ਨੂੰ, ਇਕ ਐਂਟੀ-ਸਿੱਖ ਜਲੂਸ ਕੱਢਣ ਦਾ ਐਲਾਨ ਕਰ ਦਿੱਤਾ। ਇਸ ਜਲੂਸ ਵਿਚ ਪੰਜਾਬ ਦੇ ਸਾਰੇ ਕਾਂਗਰਸੀ, ਜਨਸੰਘੀ (ਭਾਜਪਾ), ਆਰੀਆ ਸਮਾਜੀ, ਰਾਸ਼ਟਰ ਸੰਘੀ ਤੇ ਹੋਰ ਫ਼ਿਰਕੂ ਤੇ ਬੁਨਿਆਦਪ੍ਰਸਤ ਹਿੰਦੂ ਆਗੂ ਸ਼ਾਮਿਲ ਹੋਏ। ਉਨ੍ਹਾਂ ਵਿਚੋਂ ਬਹੁਤਿਆਂ ਨੇ ਸਿੱਖਾਂ ਨੂੰ ਚਿੜਾਉਣ ਵਾਸਤੇ ਇਸ ਜਲੂਸ ਵਿਚ ਤ੍ਰਿਸ਼ੂਲ, ਤਲਵਾਰਾਂ, ਬਰਛਿਆਂ ਅਤੇ ਡਾਂਗਾਂ ਉੱਤੇ ਸਿਗਰਟਾਂ ਦੀਆਂ ਡੱਬੀਆਂ ਟੰਗੀਆਂ ਹੋਈਆਂ ਸਨ। ਇਹ ਹਿੰਦੂ ਨਾਅਰੇ ਲਾ ਰਹੇ ਸਨ: *'ਸਿਗਰਟ ਬੀੜੀ ਪੀਏਂਗੇ ਔਰ ਸ਼ਾਨ ਸੇ ਜੀਏਂਗੇ। 'ਕੱਛ ਕੜਾ ਕਿਰਪਾਨ। ਸਿੱਖਾਂ ਨੂੰ ਭੇਜੋ ਪਾਕਿਸਤਾਨ। 'ਹਿੰਦੂ-ਹਿੰਦੂ ਭਾਈ ਭਾਈ। 'ਸਿੱਖਾ-ਸ਼ਾਹੀ ਨਹੀਂ ਚਲੇਗੀ। 'ਉੜੀ ਐੜੀ ਨਹੀਂ ਪੜ੍ਹਗੇਂ। ਜੂੜਾ ਜੂੜੀ ਕਾਟ ਧਰੇਂਗੇ।'*

ਇਸ ਜਲੂਸ ਵਿਚ ਚਲ ਰਹੇ ਹਿੰਦੂਆਂ ਨੇ ਰਾਹ ਜਾਂਦੇ ਸਿੱਖਾਂ ਅਤੇ ਸਿੱਖ ਅਦਾਰਿਆਂ ਉੱਤੇ ਹਮਲੇ ਕਰ ਕੇ ਨੁਕਸਾਨ ਵੀ ਪਹੁੰਚਾਇਆ। 10,000 ਹਿੰਦੂਆਂ ਦੇ ਇਸ ਜਲੂਸ ਦੇ ਇਸ ਘਟੀਆ ਰੋਲ, ਗੁੰਡਾਗਰਦੀ, ਧੱਕੇ-ਸ਼ਾਹੀ ਅਤੇ ਬੇਵਕੂਫ਼ੀ ਬਾਰੇ ਇਕ ਹਿੰਦੂ ਅਖ਼ਬਾਰ ਨਵੀਸ, ਪ੍ਰੇਮ ਭਾਟੀਆ, ਨੇ 30 ਮਈ ਨੂੰ ਟ੍ਰਿਬਿਊਨ ਅਖ਼ਬਾਰ ਦੇ ਐਡੀਟੋਰੀਅਲ ਵਿਚ ਲਿਖਿਆ ਕਿ, 'ਕਲ੍ਹ 29 ਮਈ ਤੱਕ ਅਜੇਹਾ ਜਾਪਦਾ ਸੀ ਕਿ 500 ਤੋਂ 1000 ਤੱਕ ਸਿੱਖ ਇਸ ਜਲੂਸ ਵਿਚ

ਸ਼ਾਮਿਲ ਹੋਣਗੇ ਪਰ ਏਡੇ ਵੱਡੇ ਹਿੰਦੂ ਜਲੂਸ ਦੇ ਨਤੀਜੇ ਵਜੋਂ ਦਲ ਖਾਲਸਾ ਤੇ ਸਿੱਖ ਸਟੂਡੈਂਟਸ ਦੇ ਜਲੂਸ ਦੀ ਤਾਦਾਦ ਬਹੁਤ ਵੱਡੀ ਹੋਵੇਗੀ।' ਹੋਇਆ ਵੀ ਇੰਵ ਹੀ। 31 ਮਈ ਨੂੰ ਸਿੱਖਾਂ ਦੇ ਜਲੂਸ ਦੀ ਗਿਣਤੀ 25000 ਦੇ ਕਰੀਬ ਸੀ ਅਤੇ ਹਜ਼ਾਰਾਂ ਸਿੱਖਾਂ ਨੇ ਨੰਗੀਆਂ ਕਿਰਪਾਨਾਂ ਨਾਲ ਜਲੂਸ ਕੱਢ ਕੇ ਦਹਿਸ਼ਤਗਰਦ ਹਿੰਦੂਆਂ ਦੀ ਜ਼ਹਿਰੀਲੀ ਅਤੇ ਫ਼ਿਰਕੂ ਜ਼ਿਹਨੀਅਤ ਦਾ ਮੂੰਹ ਤੋੜਵਾਂ ਜਵਾਬ ਦਿੱਤਾ। ਇਸ ਮਸਲੇ 'ਤੇ ਲਾਲ ਜਗਤ ਨਰੈਣ, ਯਸ਼, ਵੀਰੇਂਦਰ, ਰਮੇਸ਼, ਲਲਿਤ ਮੋਹਨ, ਕਾਮਰੇਡ ਜਗਜੀਤ ਸਿੰਘ ਅਨੰਦ, ਵਗੈਰਾ ਨੇ ਅਖ਼ਬਾਰਾਂ ਰਾਹੀਂ ਸਿੱਖਾਂ ਦੇ ਖ਼ਿਲਾਫ਼ ਰੱਜ ਕੇ ਜ਼ਹਿਰ ਘੋਲਿਆ।

1992: ਕੁਲਵੰਤ ਸਿੰਘ ਯਦੂਪੁਰ, ਗੁਰਜੀਤ ਸਿੰਘ ਜੇਠੂ ਨੰਗਲ, ਹਰਜੀਤ ਸਿੰਘ ਲਾਡੀ ਦਾਦੂਪੁਰ, ਸੁਖਦੇਵ ਸਿੰਘ ਸੁੱਖਾ ਨੰਗਲ ਪੰਨੂਆਂ, ਸੁਖਵਿੰਦਰ ਸਿੰਘ ਛਿੰਦਾ ਠੱਠੀਆਂ ਖੁਰਦ, ਮਲੂਕ ਸਿੰਘ, ਮਨਜੀਤ ਸਿੰਘ ਬਿੱਟੂ ਛੋਟਾ ਕਲਯੁਗ ਘਸੀਟਪੁਰ, ਜਸਵੰਤ ਸਿੰਘ ਨਿੱਕੀ ਮਾਨੋਚਾਹਲ ਤੇ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਚੀਫ਼ ਮਨਿਸਟਰ ਬੇਅੰਤ ਸਿੰਘ ਅਤੇ ਪੁਲਸ ਮੁਖੀ ਕੇ.ਪੀ.ਗਿੱਲ ਦੇ ਹੁਕਮਾਂ ਹੇਠ ਪੁਲਸ ਨੇ 24 ਸਤੰਬਰ 1992 ਦੇ ਦਿਨ ਕੁਲਵੰਤ ਸਿੰਘ (ਵਾਸੀ ਯਦੂਪੁਰ), ਗੁਰਜੀਤ ਸਿੰਘ (ਵਾਸੀ ਜੇਠੂ ਨੰਗਲ), ਹਰਜੀਤ ਸਿੰਘ ਉਰਫ਼ ਲਾਡੀ (ਵਾਸੀ ਦਾਦੂਪੁਰ), ਸੁਖਦੇਵ ਸਿੰਘ ਸੁੱਖਾ (ਵਾਸੀ ਨੰਗਲ ਪੰਨੂਆਂ), ਸੁਖਵਿੰਦਰ ਸਿੰਘ ਛਿੰਦਾ (ਪੁੱਤਰ ਬੰਤਾ ਸਿੰਘ, ਵਾਸੀ ਠੱਠੀਆਂ ਖੁਰਦ), ਮਲੂਕ ਸਿੰਘ, ਮਨਜੀਤ ਸਿੰਘ ਬਿੱਟੂ ਉਰਫ਼ ਛੋਟਾ ਕਲਯੁਗ (ਵਾਸੀ ਘਸੀਟਪੁਰ), ਜਸਵੰਤ ਸਿੰਘ (ਵਾਸੀ ਨਿੱਕੀ ਮਾਨੋਚਾਹਲ ਲੁਧਿਆਣਾ) ਤੇ ਕਈ ਹੋਰ ਸਿੱਖ ਵੱਖ-ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤੇ।

2014: ਗੰਗਾ ਸਿੰਘ ਢਿੱਲੋਂ ਦੀ ਮੌਤ

24 ਸਤੰਬਰ 2014 ਦੇ ਦਿਨ ਸਿੱਖ ਆਗੂ ਗੰਗਾ ਸਿੰਘ ਢਿੱਲੋਂ ਦੀ ਮੌਤ ਹੋ ਗਈ। ਗੰਗਾ ਸਿੰਘ ਢਿੱਲੋਂ (5 ਜੁਲਾਈ 1928 – 24 ਸਤੰਬਰ 2014), ਪੁੱਤਰ ਕਾਹਨ ਸਿੰਘ ਢਿੱਲੋਂ ਦਾ ਜਨਮ ਸ਼ੇਖੂਪੁਰਾ ਦੇ ਪਿੰਡ ਚਕ ਨੰਬਰ 18 (ਨਾਨਕਾਣਾ ਸਾਹਿਬ ਦੇ ਨੇੜੇ) ਵਿਚ ਹੋਇਆ ਸੀ। ਉਹ 1958 ਵਿਚ ਅਮਰੀਕਾ ਚਲਾ ਗਿਆ ਤੇ ਵਰਜੀਨੀਆ ਵਿਚ ਸੈਟਲ ਹੋ ਗਿਆ। 1975 ਵਿਚ ਉਹ ਪਾਕਿਸਤਾਨ ਗਿਆ। 1971 ਦੀ ਬੰਗਲਾ ਦੇਸ਼ ਵਾਲੀ ਜੰਗ ਮਗਰੋਂ ਸਿੱਖਾਂ ਦੇ ਜੱਥਿਆਂ ਦਾ ਨਾਨਕਣਾ ਸਾਹਿਬ ਆਉਣਾ ਬੰਦ ਹੋ ਚੁਕਾ ਸੀ। ਇਸ ਮਾਹੌਲ ਵਿਚ ਉਸ ਨੇ 'ਨਾਨਕਾਣਾ ਸਾਹਿਬ ਫ਼ਾਊਂਡੇਸ਼ਨ' ਬਣਾਈ ਤੇ ਨਗਰ ਦੀ ਸੇਵਾ ਸੰਭਾਲ ਵਾਸਤੇ ਪ੍ਰਾਜੈਕਟ ਸ਼ੁਰੂ ਕਰਵਾਏ। ਉਸੇ ਸਾਲ ਉਸ ਦੀ ਵਜ਼ੀਰ ਜ਼ਹੂਰ ਇਲਾਹੀ ਨਾਲ ਵੀ ਗੱਲਬਾਤ ਹੋਈ ਜੋ ਦੋਸਤੀ ਵਿਚ ਬਦਲ ਗਈ। ਇਸ ਨਾਲ ਵਿਦੇਸ਼ੀ ਸਿੱਖਾਂ ਵਾਸਤੇ ਪਾਕਿਸਤਾਨ ਦੇ ਦਰਵਾਜ਼ੇ ਖੁਲ੍ਹ ਗਏ ਤੇ ਫਿਰ ਭਾਰਤ ਤੋਂ ਸਿੱਖਾਂ ਦਾ ਆਉਣਾ ਜਾਣਾ ਵੀ ਆਮ ਹੋ ਗਿਆ। ਜ਼ਹੂਰ ਇਲਾਹੀ ਨੇ ਗੁਰੂ ਨਾਨਕ ਪੁਰਬ 'ਤੇ ਹਰ ਸਾਲ 3000 ਸਿੱਖਾਂ ਨੂੰ ਵੀਜ਼ਾ ਦੇਣ ਦੀ ਸ਼ੁਰੂਆਤ ਕੀਤੀ। ਮਾਰਚ 1981 ਵਿਚ ਚੀਫ਼ ਖਾਲਸਾ ਦੀਵਾਨ ਨੇ ਸਾਲਾਨਾ 'ਸਿੱਖ ਐਜੂਕੇਸ਼ਨਲ ਕਾਨਫ਼ਰੰਸ' ਚੰਡੀਗੜ੍ਹ ਵਿਚ ਕਰਵਾਈ। ਇਸ ਕਾਨਫ਼ਰੰਸ ਦੀ ਪ੍ਰਧਾਨਗੀ ਗੰਗਾ ਸਿੰਘ ਢਿੱਲੋਂ ਕੋਲੋਂ ਕਰਵਾਈ ਗਈ। ਇਸ ਦੇ 15 ਮਾਰਚ 1981 ਦੇ ਸੈਸ਼ਨ ਵਿਚ ਬਹੁਤ ਸਾਰੇ ਸਿੱਖ ਨੌਜਵਾਨ ਅਤੇ ਵਿਦਵਾਨ ਹਾਜ਼ਿਰ ਸਨ। ਇਸ ਕਾਨਫ਼ਰੰਸ ਵਿਚ ਅਚਾਨਕ ਹੀ ਅਜਿਹਾ ਮਾਹੌਲ ਬਣ ਗਿਆ ਕਿ ਇਸ ਮੌਕੇ 'ਤੇ ਹਾਜ਼ਿਰ ਵਿਦਵਾਨਾਂ ਅਤੇ ਨੌਜਵਾਨਾਂ ਨੇ 'ਸਿੱਖ ਇਕ ਵੱਖਰੀ ਕੌਮ ਹਨ' ਅਤੇ 'ਸਿੱਖਾਂ ਨੂੰ ਯੂ.ਐਨ.ਓ. ਵਿਚ ਐਸੋਸਿਏਟ ਮੈਂਬਰਸ਼ਿਪ ਦਿੱਤੀ ਜਾਵੇ' ਦਾ ਮਤਾ ਜ਼ੋਰ ਪਾ ਕੇ ਪਾਸ ਕਰਵਾ ਲਿਆ। 1984

ਦੇ ਸਾਕੇ ਤੋਂ ਬਾਅਦ ਉਸ ਦੇ ਭਾਰਤ ਆਉਣ 'ਤੇ ਪਾਬੰਦੀ ਲਾ ਦਿੱਤੀ। 1991 ਵਿਚ ਉਸ ਨੇ ਭਾਰਤ ਆਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੂੰ ਦਿੱਲੀ ਤੋਂ ਡਿਪੋਰਟ ਕਰ ਦਿੱਤਾ ਗਿਆ (ਕਈ ਸਾਲ ਮਗਰੋਂ ਜੁਲਾਈ 2010 ਵਿਚ ਉਸ ਦਾ ਨਾਂ ਕੱਢ ਦਿੱਤਾ ਗਿਆ। ਗੰਗਾ ਸਿੰਘ ਢਿੱਲੋਂ ਨੇ 1999 ਵਿਚ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਵਾਈ ਸੀ।

2014: ਹਵਾਰਾ ਦੇ ਸਾਥੀ ਗੁਰਦੀਪ ਸਿੰਘ ਰਾਣਾ ਪੁਲਸ ਕੋਲ ਪੇਸ਼ ਹੋ ਗਿਆ

24 ਸਤੰਬਰ 2014 ਦੇ ਦਿਨ ਜਗਤਾਰ ਸਿੰਘ ਹਵਾਰਾ ਦੇ ਸਾਥੀ ਗੁਰਦੀਪ ਸਿੰਘ ਰਾਣਾ (ਵਾਸੀ ਆਲਮਪੁਰ, ਤਹਿਸੀਲ ਨੰਗਾਵਾਂ, ਫ਼ਤਹਿਗੜ੍ਹ ਸਾਹਿਬ ਜ਼ਿਲ੍ਹਾ) ਨੇ ਰਾਜਪੁਰਾ ਵਿਚ ਪੁਲਸ ਕੋਲ ਪੇਸ਼ ਹੋ ਗਿਆ। ਉਸ 'ਤੇ ਬੁੜੈਲ ਜੇਲ੍ਹ ਵਿਚ ਸੁਰੰਗ ਬਣਾਉਣ ਤੇ ਬੇਅੰਤ ਦੇ ਕਾਤਲਾਂ ਨੂੰ ਜੇਲ੍ਹ ਵਿਚ ਦੁੜਾਉਣ ਸਬੰਧੀ ਅਤੇ ਸਾਧ ਪਿਆਰਾ ਭਨਿਆਰੇ 'ਤੇ ਹਮਲਾ ਕਰਨ ਸਬੰਧੀ ਕੇਸ ਪਾਏ ਹੋਏ ਸਨ। ਕੁਝ ਚਿਰ ਪਹਿਲਾਂ ਉਹ ਗ੍ਰਿਫ਼ਤਾਰੀ ਮਗਰੋਂ ਜ਼ਮਾਨਤ 'ਤੇ ਰਿਹਾ ਹੋ ਕੇ ਸੀ ਭਗੌੜਾ ਹੋ ਗਿਆ ਸੀ। ਪੁਲਸ ਉਸ ਦੇ ਟੱਬਰ ਨੂੰ ਤੰਗ ਕਰਦੀ ਸੀ ਤੇ ਉਸ ਦੇ ਪੁੱਤਰ ਨੂੰ ਚੁਕ ਕੇ ਵੀ ਲੈ ਗਈ ਸੀ ਇਸ ਕਰ ਕੇ ਉਸ ਨੇ ਗ੍ਰਿਫ਼ਤਾਰੀ ਦੇ ਦਿੱਤੀ।

25 ਸਤੰਬਰ

1969: ਚੰਡੀਗੜ੍ਹ ਪੰਜਾਬ ਨੂੰ ਦਿਵਾਉਣ ਵਾਸਤੇ ਆਲ ਪਾਰਟੀਜ਼ ਕਾਨਫ਼ਰੰਸ ਹੋਈ

1 ਨਵੰਬਰ 1966 ਦੇ ਦਿਨ ਪੰਜਾਬੀ ਬੋਲੀ ਦਾ ਵਖਰਾ ਸੂਬਾ ਤਾਂ ਬਣ ਗਿਆ ਪਰ ਭਾਰਤ ਸਰਕਾਰ ਨੇ ਧੱਕ ਕਰਦਿਆਂ ਇਸ ਦੀ ਰਾਜਧਾਨੀ ਚੰਡੀਗੜ੍ਹ ਅਤੇ ਬਾਖੜਾ ਨੰਗਲ ਅਤੇ ਹੋਰ ਕਈ ਸੋਮਿਆਂ ਤੇ ਕਬਜ਼ਾ ਕਰ ਲਿਆ। 5 ਦਸੰਬਰ 1966 ਨੂੰ ਫਤਹਿ ਸਿੰਘ ਨੇ ਐਲਾਨ ਕੀਤਾ ਕਿ ਉਹ ਚੰਡੀਗੜ੍ਹ ਤੇ ਹੋਰ ਮੰਗਾਂ ਵਾਸਤੇ 17 ਦਸੰਬਰ ਨੂੰ ਮਰਨ ਵਰਤ ਰੱਖੇਗਾ ਅਤੇ 10 ਦਿਨ ਬਾਅਦ 27 ਦਸੰਬਰ ਨੂੰ ਅਗਨ ਕੁੰਡ ਵਿਚ ਆਪਣੇ ਆਪ ਨੂੰ ਸਾੜ ਲਵੇਗਾ–ਚਾਰ ਵਜੇ ਫਤਹਿ ਸਿੰਘ ਨੇ ਸੜ ਮਰਨਾ ਸੀ। (ਪਰ ਇਹ ਨਾ ਹੋਣਾ ਸੀ ਨਾ ਹੋਇਆ)! ਫਤਹਿ ਸਿੰਘ ਨੇ ਇੰਦਰਾ ਗਾਂਧੀ ਨੂੰ ਸਾਲਸ ਮੰਨ ਕੇ ਮਰਨ ਵਰਤ ਅਤੇ ਸੜ ਮਰਨ ਦਾ ਪ੍ਰੋਗਰਾਮ ਖ਼ਤਮ ਕਰ ਦਿੱਤਾ। ਇਸ ਮਗਰੋਂ ਪੁਰਾਣੇ ਅਕਾਲੀ, ਬਾਅਦ ਵਿਚ ਕਾਂਗਰਸੀ ਅਤੇ ਜੁਲਾਈ 1969 ਵਿਚ ਸੁਤੰਤਰ ਪਾਰਟੀ ਦੇ ਆਗੂ, ਦਰਸ਼ਨ ਸਿੰਘ ਫੇਰੂਮਾਨ ਨੇ ਚੰਡੀਗੜ੍ਹ ਤੇ ਹੋਰ ਮੰਗਾਂ ਦੇ ਨਾਲ-ਨਾਲ ਸਿੱਖ ਧਰਮ ਉੱਤੇ ਫਤਹ ਸਿੰਘ-ਮਾਸਟਰ ਤਾਰਾ ਸਿੰਘ-ਸੰਪੂਰਨ ਸਿੰਘ ਰਾਮਾ-ਚੰਨਣ ਸਿੰਘ-ਉਮਰਾਨੰਗਲ-ਸ਼ਰੀਂਹ ਵਗ਼ੈਰਾ ਦੇ ਵਰਤ ਛੱਡਣ ਨਾਲ ਲੱਗੇ 'ਕਲੰਕ' ਨੂੰ ਲਾਹੁਣ ਵਾਸਤੇ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ।

ਦਰਸ਼ਨ ਸਿੰਘ ਫੇਰੂਮਾਨ ਦੇ ਮਰਨ ਵਰਤ ਦਾ ਐਲਾਨ ਕਰਨ 'ਤੇ ਉਸ ਨੂੰ ਪੰਜਾਬ ਦੀ ਅਕਾਲੀ ਸਰਕਾਰ ਨੇ 12 ਅਗਸਤ ਨੂੰ ਗ੍ਰਿਫ਼ਤਾਰ ਕਰ ਕੇ ਸੈਂਟਰਲ ਜੇਲ੍ਹ ਅੰਮ੍ਰਿਤਸਰ ਵਿਚ ਭੇਜ ਦਿੱਤਾ। ਦਰਸ਼ਨ ਸਿੰਘ ਫੇਰੂਮਾਨ ਨੇ ਐਲਾਨ ਮੁਤਾਬਿਕ 15 ਅਗਸਤ 1969 ਨੂੰ ਜੇਲ੍ਹ ਵਿਚ ਹੀ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ। ਉਸ ਦੇ ਵਿਰੋਧ ਵਿਚ ਹਰਿਆਣੇ ਦੇ ਜਾਟ ਉਦੈ ਸਿੰਘ ਮਾਨ ਨੇ ਵੀ ਪਹਿਲੀ ਸਤੰਬਰ 1969 ਨੂੰ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ।

25 ਸਤੰਬਰ 1969 ਨੂੰ ਜਦੋਂ ਫੇਰੂਮਾਨ ਦਾ ਮਰਨ ਵਰਤ 42ਵੇਂ ਦਿਨ ਵਿਚ ਦਾਖ਼ਲ ਹੋ ਚੁੱਕਾ ਸੀ ਤਾਂ ਗੁਰਨਾਮ ਸਿੰਘ ਦੀ ਪ੍ਰਧਾਨਗੀ ਹੇਠ ਸਰਬ-ਪਾਰਟੀ ਕਾਨਫ਼ਰੰਸ ਚੰਡੀਗੜ੍ਹ ਵਿਚ ਹੋਈ ਜਿਸ ਨੇ ਕੇਂਦਰ ਤੋਂ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਿਲ ਕਰਨ ਦੀ ਮੰਗ ਕੀਤੀ।

1984: ਰਾਸ਼ਟਰਪਤੀ ਜ਼ੈਲ ਸਿੰਘ ਦੀ ਚਿੱਠੀ ਲੈ ਕੇ ਉਸ ਦੇ ਏਲਚੀ ਪੁਜਾਰੀਆਂ ਤੇ ਗ੍ਰੰਥੀਆਂ ਕੋਲ ਪੁੱਜੇ

ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹਮਲੇ ਮਗਰੋਂ ਫ਼ੌਜ ਉਥੇ ਟਿਕੀ ਰਹੀ ਅਤੇ ਤਬਾਹ ਹੋਈ ਅਕਾਲ ਤਖ਼ਤ ਸਾਹਿਬ ਦੀ ਈਮਾਰਤ ਦੀ ਉਸਾਰੀ ਕਰਵਾਉਂਦੀ ਰਹੀ; ਜਦ ਈਮਾਰਤ ਤਕਰੀਬਨ ਤਿਆਰ ਹੋਣ ਵਾਲੀ ਸੀ ਤਾਂ ਫ਼ੌਜ ਨੇ ਇਥੋਂ ਨਿਕਲਣ ਦਾ ਬਹਾਨਾ ਲਭਣਾ ਸ਼ੁਰੂ ਕਰ ਦਿੱਤਾ। ਇਸ ਵੇਲੇ ਗਿਆਨੀ ਕਿਰਪਾਲ ਸਿੰਘ ਤੇ ਹੋਰ ਗ੍ਰੰਥੀ ਫ਼ੌਜ ਨਾਲ ਰਲੇ ਹੋਏ ਸਨ। ਫ਼ੌਜ ਅਤੇ ਗ੍ਰੰਥੀਆਂ ਨੇ ਆਪਸ ਵਿਚ ਪਲਾਨਿੰਗ ਕਰ ਲਈ ਤਾਂ ਗ੍ਰੰਥੀਆਂ ਨੇ 2 ਸਤੰਬਰ 1984 ਦੇ ਦਿਨ 'ਵਿਸ਼ਵ ਸਿੱਖ ਕਾਨਫ਼ਰੰਸ' ਕਰਨ ਦਾ ਐਲਾਨ ਕਰ ਦਿੱਤਾ। ਇਹ ਕਾਨਫ਼ਰੰਸ ਸਰਬੱਤ ਖਾਲਸਾ ਇਕੱਠ ਵਜੋਂ ਨਹੀਂ ਸੀ ਬੁਲਾਈ ਗਈ। ਇਹ ਕਾਨਫ਼ਰੰਸ ਸ਼੍ਰੋਮਣੀ ਅਕਾਲੀ ਦਲ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਹੀਂ ਬੁਲਾਈ ਸੀ ਕਿਉਂਕਿ ਸਾਰੇ ਅਕਾਲੀ ਆਗੂ ਇੰਦਰਾ ਨੇ ਜੇਲ੍ਹਾਂ ਵਿਚ ਸੁੱਟੇ ਹੋਏ ਸਨ। ਉਂਞ ਇਹ ਦੁਨੀਆਂ ਭਰ ਦੇ (ਵਿਸ਼ਵ) ਸਿੱਖਾਂ ਦੀ ਕਾਨਫ਼ਰੰਸ ਵੀ ਨਹੀਂ ਸੀ, ਕਿਉਂਕਿ ਇਸ ਵਿਚ ਵਿਦੇਸ਼ਾਂ ਵਿਚੋਂ ਕੋਈ ਵੀ ਸਿੱਖ ਨਹੀਂ ਸੀ ਆਇਆ (ਉਦੋਂ ਤਾਂ ਬਾਹਰਲੇ ਮੁਲਕਾਂ ਵਿਚੋਂ ਸਿੱਖਾਂ ਦੇ ਆਉਣ 'ਤੇ ਮੁਕੰਮਲ ਪਾਬੰਦੀ ਲਗੀ ਹੋਈ ਸੀ)।

ਇਸ 'ਕਾਨਫ਼ਰੰਸ' ਵਿਚ ਕਿਰਪਾਲ ਸਿੰਘ ਤੇ ਉਸ ਦੇ ਸਾਥੀਆਂ ਨੇ ਭਾਰਤ ਸਰਕਾਰ ਨੂੰ ਅਖੌਤੀ 'ਅਲਟੀਮੇਟਮ' ਦਿੱਤਾ ਕਿ ਜੇ ਕਰ 30 ਸਤੰਬਰ ਤਕ ਫ਼ੌਜ ਦਰਬਾਰ ਸਾਹਿਬ ਕੰਪਲੈਕਸ 'ਚੋਂ ਨਾ ਨਿਕਲੀ ਤਾਂ ਮੋਰਚਾ ਲਾਇਆ ਜਾਵੇਗਾ। ਇਹ 28 ਦਿਨ ਦਾ ਏਨਾ ਲੰਬਾ ਨੋਟਿਸ ਇਕ ਮਜ਼ਾਕ ਸੀ। ਅਸਲੀਅਤ ਇਹ ਹੈ ਕਿ ਸਰਕਾਰ ਨੇ ਕਿਰਪਾਲ ਸਿੰਘ ਨੂੰ ਯਕੀਨ ਦਿਵਾਇਆ ਸੀ ਕਿ 25 ਸਤੰਬਰ ਦੇ ਨੇੜੇ-ਤੇੜੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਠੀਕ-ਠਾਕ ਕਰ ਦਿੱਤੀ ਜਾਵੇਗੀ। ਉਂਞ ਇਸ ਮਗਰੋਂ ਤਾਂ ਸਰਕਾਰ ਨੇ, ਖ਼ੁਦ, ਫ਼ੌਜ ਨੂੰ ਉਂਥੋਂ ਹਟਾਉਣ ਵਾਸਤੇ ਕੋਈ ਬਹਾਨਾ ਢੂੰਢਣਾ ਸੀ। (ਕਿਰਪਾਲ ਸਿੰਘ ਵਲੋਂ ਬੁਲਾਏ ਇਸ ਇਕਠ ਵਿਚ ਜ਼ੈਲ ਸਿੰਘ, ਬੂਟਾ ਸਿੰਘ, ਸੰਤਾ ਸਿੰਘ ਨਿਹੰਗ, ਨਰੈਣ ਸਿੰਘ ਕਲੇਰਾਂ ਵਾਲੇ ਨੂੰ ਪੰਥ 'ਚੋਂ 'ਖਾਰਿਜ' ਵੀ ਕੀਤਾ ਗਿਆ)।

ਇਕ ਪਾਸੇ ਤਾਂ ਕਿਰਪਾਲ ਸਿੰਘ ਨੇ ਇਹ 'ਡਰਾਮਾ' ਕੀਤਾ ਅਤੇ ਦੂਜਾ ਪਾਸੇ ਉਸ ਦੀ ਜ਼ੈਲ ਨਾਲ ਵੀ ਗੰਢ-ਤਰੁੱਪ ਚੱਲ ਰਹੀ ਸੀ। ਇਕ ਸੋਮੇ ਮੁਤਾਬਿਕ ਤਰਲੋਚਨ ਸਿੰਘ (ਜ਼ੈਲ ਸਿੰਘ ਦਾ ਪੀ.ਏ. ਜੋ ਸੰਨ 2000 ਵਿਚ ਘਟ-ਗਿਣਤੀ ਕਮਿਸ਼ਨ ਦਾ ਵਾਈਸ-ਚੇਅਰਮੈਨ ਵੀ ਬਣਿਆ) ਨੇ ਇਸ ਸਬੰਧ ਵਿਚ ਅਹਿਮ ਰੋਲ ਅਦਾ ਕੀਤਾ।

ਜ਼ੈਲ ਸਿੰਘ ਨੇ ਰਵੇਲ ਸਿੰਘ (ਸਾਬਕਾ ਸਕੱਤਰ ਅਕਾਲੀ ਦਲ ਤੇ ਸਾਬਕਾ ਵਜ਼ੀਰ ਪੰਜਾਬ) ਰਾਹੀਂ ਪਹਿਲਾਂ ਤਾਂ ਗਿਆਨੀ ਕਿਰਪਾਲ ਸਿੰਘ ਨਾਲ ਖ਼ਾਲੀ ਗਲਬਾਤ ਚਲਾਈ ਅਤੇ ਮੂੰਹ-ਜ਼ਬਾਨੀ 'ਮੁਆਫ਼ੀ' ਲੈਣ ਦੀ ਕੋਸ਼ਿਸ਼ ਕੀਤੀ। ਪਰ ਜਦ ਕਿਰਪਾਲ ਸਿੰਘ ਨੇ ਮਜਬੂਰੀ ਜ਼ਾਹਿਰ ਕੀਤੀ ਤੇ ਕਿਹਾ ਕਿ "ਸਾਡਾ ਮੂੰਹ ਰੱਖਣ ਵਾਸਤੇ ਕੁਝ ਕਾਰਵਾਈ ਤਾਂ ਪਾ ਦਿਓ" ਤਾਂ ਰਵੇਲ ਸਿੰਘ ਫੇਰ ਦਿੱਲੀ ਗਿਆ ਅਤੇ ਜ਼ੈਲ ਸਿੰਘ ਨੇ ਰਵੇਲ ਸਿੰਘ ਅਤੇ ਆਪਣੇ ਪੀ.ਏ. ਕੁਲਵੰਤ ਸਿੰਘ ਰਾਹੀਂ ਇਕ 'ਦਿਖਾਵੇ ਦੀ' ਚਿੱਠੀ ਭੇਜ ਦਿੱਤੀ।

25-9-84 ਨੂੰ ਰਵੇਲ ਸਿੰਘ ਗਿਆਨੀ ਜ਼ੈਲ ਸਿੰਘ ਵੱਲੋਂ ਲਿਖਤੀ **ਸਪੱਸ਼ਟੀਕਰਨ** ਲੈ ਕੇ ਪੰਜ ਸਿੰਘ ਸਾਹਿਬਾਨ ਪਾਸ ਹਾਜ਼ਰ ਹੋਇਆ। ਇਹ ਸਪੱਸ਼ਟੀਕਰਨ ਇੰਞ ਸੀ:

"ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀਉ, ਆਪ ਦੇ ਦਸਤਖ਼ਤਾਂ ਹੇਠਾਂ ਜਾਰੀ ਕੀਤੇ ਹੁਕਮਨਾਮੇ ਦੀ ਕਾਪੀ ਮੈਨੂੰ ਮਿਲ ਗਈ ਹੈ। ਉਸ ਸਬੰਧੀ ਮੇਰੇ ਨਾਲ ਬਹੁਤ ਸਾਰੇ ਪੂਰਨ ਗੁਰਸਿੱਖਾਂ ਦੀ ਬਾਤ ਚੀਤ ਹੁੰਦੀ ਰਹੀ ਹੈ ਜਿਨ੍ਹਾਂ ਵਿਚ ਤੁਹਾਡੇ ਖ਼ਾਸ ਨਿਕਟਵਰਤੀ ਵੀ ਸਨ। ਜਿਨ੍ਹਾਂ ਨੇ ਲੋੜੀਂਦੇ ਕਾਗ਼ਜ਼ ਅਤੇ ਹੋਰ ਪੂਰੀ ਵਾਕਫ਼ੀਅਤ ਲੈ ਕੇ ਤੁਹਾਨੂੰ ਅਸਲੀਅਤ ਤੋਂ ਜਾਣੂ ਕਰਵਾਇਆ ਹੋਵੇਗਾ।

ਫਿਰ ਮੈਂ ਇਸ ਪੱਤਰ ਰਾਹੀਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਂ ਦਰਬਾਰ ਸਾਹਿਬ ਪਰਕਰਮਾ ਵਿਚ ਜੋੜੇ ਪਾ ਕੇ ਨਹੀਂ ਗਿਆ। ਛਤਰੀ ਲਾ ਕੇ ਜਾਣਾ ਵੀ ਗ਼ਲਤ ਹੈ। ਸਟਾਫ਼ ਵਿਚੋਂ ਇਕ ਸਰਕਾਰੀ ਮੁਲਾਜ਼ਮ ਸ਼ਿਸ਼ਾਵਤ ਖ਼ਾਨ ਨੇ ਛਤਰੀ ਖੋਲ੍ਹ ਕੇ ਮੇਰੇ ਵੱਲ ਲਿਆਉਣੀ ਚਾਹੀ, ਜੋ ਮੈਂ ਤੁਰੰਤ ਬੰਦ ਕਰਵਾ ਦਿੱਤੀ।

ਫ਼ੌਜ ਭੇਜਣ ਦਾ ਮਾਮਲਾ ਦੇਸ਼ ਦੇ ਸੰਵਿਧਾਨ ਅਤੇ ਕਾਨੂੰਨ ਨਾਲ ਸਬੰਧ ਰੱਖਦਾ ਹੈ, ਜਿਸ ਦੀ ਆਪ ਨੂੰ ਵਾਕਫ਼ੀਅਤ ਹੈ, ਪਰ ਮੇਰੇ ਮਨ ਦੀ ਭਾਵਨਾ ਦਾ ਦੁਖਦਾਈ ਪ੍ਰਗਟਾਵਾ, ਮੇਰੀ ਉਹ ਤਕਰੀਰ ਹੈ, ਜੋ ਮੈਂ ਰਾਸ਼ਟਰ ਦੇ ਨਾਮ ਸੰਦੇਸ਼ ਵਿਚ 27 ਜੂਨ 1984 ਨੂੰ ਕੀਤੀ ਸੀ, ਜਿਸ ਨੂੰ ਆਪ ਨੇ ਸੁਣ ਵੀ ਲਿਆ ਹੋਵੇਗਾ ਅਤੇ ਪੜ੍ਹ ਵੀ ਲਿਆ ਹੋਵੇਗਾ।

ਮੈਂ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਉਪਦੇਸ਼ ਮੁਤਾਬਿਕ ਹਰ ਧਾਰਮਿਕ ਅਸਥਾਨ ਦਾ ਪੂਰਾ ਸਤਿਕਾਰ ਕਰਦਾ ਹਾਂ ਅਤੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ, ਜੋ ਸਰਬ ਉਤਮ ਧਾਰਮਿਕ ਅਸਥਾਨ ਹਨ, ਉਨ੍ਹਾਂ ਦਾ ਸਤਿਕਾਰ ਅਤੇ ਸ਼ਰਧਾ ਮੇਰੇ ਲਈ ਅਟੁੱਟ ਹੈ।"

-ਆਪ ਦਾ ਸ਼ੁਭ ਚਿੰਤਕ, ਜ਼ੈਲ ਸਿੰਘ

ਗਿਆਨੀ ਜ਼ੈਲ ਸਿੰਘ ਦੀ ਇਸ ਚਿੱਠੀ ਵਿਚ ਕਿਤੇ ਵੀ ਦਰਬਾਰ ਸਾਹਿਬ ਦੇ ਹਮਲੇ ਨੂੰ ਗ਼ਲਤ ਨਹੀਂ ਕਿਹਾ ਗਿਆ ਤੇ ਨਾ ਹੀ 'ਅਫ਼ਸੋਸ' ਜਾਂ 'ਦੁੱਖ' ਜ਼ਾਹਿਰ ਕੀਤਾ ਗਿਆ ਹੈ।

1985: ਪੰਜਾਬ ਅਸੈਂਬਲੀ ਚੋਣਾਂ ਵਿਚ ਬਰਨਾਲਾ ਦੀ ਪਾਰਟੀ ਦੀ 'ਜਿੱਤ'

ਜੁਲਾਈ 1985 ਵਿਚ ਹੋਏ ਰਾਜੀਵ-ਲੌਂਗੋਵਾਲ ਸਮਝੌਤੇ ਵੇਲੇ ਖ਼ੁਫ਼ੀਆਂ ਤੌਰ 'ਤੇ ਇਹ ਵੀ ਤੈਅ ਹੋਇਆ ਸੀ ਕਿ ਸੁਰਜੀਤ ਬਰਨਾਲਾ ਨੂੰ ਪੰਜਾਬ ਦਾ ਚੀਫ਼ ਮਨਿਸਟਰ ਬਣਾਇਆ ਜਾਵੇਗਾ। 17 ਅਗਸਤ ਨੂੰ ਇਲੈਕਸ਼ਨ ਕਮਿਸ਼ਨ ਨੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਾਸਤੇ 25 ਸਤੰਬਰ ਤਾਰੀਖ਼ ਮਿੱਥ ਦਿੱਤੀ ਸੀ। ਲੌਂਗੋਵਾਲ ਧੜੇ ਨੇ ਚੋਣਾਂ ਵਿਚ ਇਕੱਲੇ ਲੜਨ ਦਾ ਐਲਾਨ ਕਰ ਦਿੱਤਾ। ਸਰਕਾਰੀ ਏਜੰਸੀਆਂ ਨੇ ਬਾਬਾ ਜੋਗਿੰਦਰ ਸਿੰਘ ਤੋਂ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕਰਵਾ ਦਿੱਤਾ। ਬਾਬਾ ਦਲ ਦਾ ਕਨਵੀਨਰ ਸਿਮਰਨਜੀਤ ਸਿੰਘ ਮਾਨ ਤੇ ਹੋਰ ਬਹੁਤ ਸਾਰੇ ਵਰਕਰ ਚੋਣ ਲੜਣ ਹੱਕ ਵਿਚ ਸਨ ਪਰ ਬਾਬੇ ਦੀ ਜ਼ਿਦ ਨੇ ਉਨ੍ਹਾਂ ਦੀ ਕੋਈ ਪੇਸ਼ ਨਾ ਜਾਣ ਦਿੱਤੀ। ਮਿੱਥੇ ਮੁਤਾਬਿਕ 25 ਸਤੰਬਰ ਨੂੰ ਪੰਜਾਬ 'ਚ ਵੋਟਾਂ ਪਈਆਂ। ਇਨ੍ਹਾਂ ਚੋਣਾਂ ਵਿਚ ਕਾਂਗਰਸ ਨੇ ਬੜੇ ਕਮਜ਼ੋਰ ਉਮੀਦਵਾਰ ਖੜ੍ਹੇ ਕੀਤੇ। ਦੂਜੇ ਪਾਸੇ ਸਰਕਾਰ ਦੀਆਂ ਏਜੰਸੀਆਂ ਨੇ ਬਾਬਾ ਜੋਗਿੰਦਰ ਸਿੰਘ (ਸੰਯੁਕਤ ਅਕਾਲੀ ਦਲ) ਕੋਲੋਂ ਚੋਣਾਂ ਦਾ ਬਾਈਕਾਟ ਕਰਵਾ ਦਿੱਤਾ ਹੋਇਆ ਸੀ। ਨਤੀਜੇ ਵਜੋਂ ਬਰਨਾਲੇ ਦੇ 74 ਉਮੀਦਵਾਰ ਜਿੱਤ ਗਏ ਤੇ ਉਹ 29 ਸਤੰਬਰ ਨੂੰ ਚੀਫ਼ ਮਨਿਸਟਰ ਵੀ ਬਣ ਗਿਆ। ਮਗਰੋਂ ਛੇ ਅਕਤੂਬਰ ਨੂੰ ਸੈਂਟਰਲ ਹੋਮ ਮਨਿਸਟਰ ਐਸ.ਬੀ.ਚਵਾਨ ਨੇ ਕਿਹਾ ਕਿ, 'ਪੰਜਾਬ ਵਿਚ ਕਾਂਗਰਸ ਦਾ ਮੁੜ ਤਾਕਤ ਵਿਚ ਆਉਣਾ ਠੀਕ ਨਹੀਂ ਸੀ।' (ਯਾਨੀ ਉਸ ਨੇ ਮੰਨਿਆ ਕਿ ਪੰਜਾਬ ਵਿਚ ਕਾਂਗਰਸ ਨੇ ਚੋਣਾਂ ਜਾਣ ਬੁਝ ਕੇ ਹਾਰੀਆਂ ਸਨ)।

1989: ਦਿਲਰਾਜ ਸਿੰਘ ਲਾਪਰਾ ਤੇ ਕੁਲਵਿੰਦਰ ਸਿੰਘ ਬੱਬੂ ਕਿੱਲੀ ਬੋਦਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

25 ਸਤੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਦਿਲਰਾਜ ਸਿੰਘ (ਪੁੱਤਰ ਜਰਨੈਲ ਸਿੰਘ ਐਡਵੋਕੇਟ, ਵਾਸੀ ਲਾਪਰਾ, ਲੁਧਿਆਣਾ) ਤੇ ਕੁਲਵਿੰਦਰ ਸਿੰਘ ਬੱਬੂ (ਵਾਸੀ ਕਿੱਲੀ ਬੋਦਲਾ, ਫ਼ੀਰੋਜ਼ਪੁਰ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਮਨਜਿੰਦਰ ਸਿੰਘ ਗਗੜੇਵਾਲ ਤੇ ਸਰਬਨ ਸਿੰਘ ਮਲਕ ਨੰਗਲ ਨਕਲੀ ਮੁਕਾਬਲੇ ਵਿਚ ਸ਼ਹੀਦ

25 ਸਤੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਮਨਜਿੰਦਰ ਸਿੰਘ (ਪੁੱਤਰ ਮੁਖਤਾਰ ਸਿੰਘ, ਵਾਸੀ ਗਗੜੇਵਾਲ, ਜ਼ਿਲ੍ਹਾ ਅੰਮ੍ਰਿਤਸਰ) ਤੇ ਸਰਬਨ ਸਿੰਘ (ਪੁੱਤਰ ਕਸ਼ਮੀਰ ਸਿੰਘ, ਵਾਸੀ ਮਲਕ ਨੰਗਲ, ਨੇੜੇ ਮਹਿਤਾ, ਜ਼ਿਲ੍ਹਾ ਅੰਮ੍ਰਿਤਸਰ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1992: ਗੁਰਮੁਖ ਸਿੰਘ ਛਿੱਟੇ ਵਿੰਡ, ਸੁਬੇਗ ਸਿੰਘ ਦੋਬੁਰਜੀ, ਸੁਰਜੀਤ ਸਿੰਘ ਖਾਲੜਾ, ਗੁਰਜੀਤ ਸਿੰਘ ਜੇਠੂ ਨੰਗਲ ਸਾਬਕਾ ਐਸ.ਪੀ.ਓ., ਹਰਮੀਤ ਸਿੰਘ ਲਾਡੀ ਦਾਦੂਪੁਰਾ, ਰਣਜੀਤ ਸਿੰਘ ਰਾਣਾ ਦਾਦੂਪੁਰਾ, ਸਰਬਜੀਤ ਸਿੰਘ ਚਾਚੋਵਾਲੀ, ਸਰਵਨ ਸਿੰਘ ਸਾਰੰਗੜਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

25 ਸਤੰਬਰ 1992 ਦੇ ਦਿਨ ਪੁਲਸ ਨੇ ਗੁਰਮੁਖ ਸਿੰਘ (ਛਿੱਟੇਵੱਢ ਵਿਚ), ਸੁਬੇਗ ਸਿੰਘ (ਦੋਬੁਰਜੀ ਵਿਚ) ਨੂੰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ। ਇਸੇ ਦਿਨ ਸੁਰਜੀਤ ਸਿੰਘ (ਪੁੱਤਰ ਸੱਜਣ ਸਿੰਘ, ਵਾਸੀ ਖਾਲੜਾ), ਗੁਰਜੀਤ ਸਿੰਘ ਸਾਬਕਾ ਐਸ.ਪੀ.ਓ. (ਪੁੱਤਰ ਮਹਿੰਦਰ ਸਿੰਘ, ਵਾਸੀ ਜੇਠੂਨੰਗਲ), ਹਰਮੀਤ ਸਿੰਘ ਉਰਫ਼ ਲਾਡੀ (ਪੁੱਤਰ ਨਿਰਮਲ ਸਿੰਘ, ਵਾਸੀ ਦਾਦੂਪੁਰਾ), ਰਣਜੀਤ ਸਿੰਘ ਉਰਫ਼ ਰਾਣਾ (ਪੁੱਤਰ ਦਯਾਲ ਸਿੰਘ, ਵਾਸੀ ਦਾਦੂਪੁਰਾ), ਸਰਬਜੀਤ ਸਿੰਘ (ਪੁੱਤਰ ਭਜਨ ਸਿੰਘ, ਵਾਸੀ ਚਾਚੋਵਾਲੀ), ਸਰਵਨ ਸਿੰਘ ਉਰਫ਼ ਸਰਮੁਖ ਸਿੰਘ (ਪੁੱਤਰ ਭਜਨ ਸਿਘ, ਵਾਸੀ ਸਾਰੰਗੜਾ) ਨੂੰ ਪੁਲਸ ਨੇ ਵੱਖ-ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

2012: ਰਾਧਾ ਸੁਆਮੀਆਂ ਨੇ ਪਿੰਡ ਵੜੈਚ ਵਿਚ ਨਵੇਂ ਗੁਰਦੁਆਰੇ ਦੀ ਇਮਾਰਤ ਬਣਾ ਕੇ ਦੇਣਾ ਮੰਨਿਆ

ਰਾਧਾ ਸੁਆਮੀ ਡੇਰਾ ਬਿਆਸ, ਜਿਸ ਨੇ ਪਿਛਲੇ ਕੁਝ ਸਾਲਾਂ ਵਿਚ, ਡੇਰੇ ਦੇ ਆਲੇ ਦੁਆਲੇ ਦੇ ਬਹੁਤ ਸਾਰੇ ਪਿੰਡਾਂ ਦੀ ਜ਼ਮੀਨ ਹਾਸਿਲ ਕਰ ਲਈ ਹੋਈ ਸੀ, ਨੇ ਜੁਲਾਈ 2012 ਵਿਚ ਵੜੈਚ ਪਿੰਡ ਦੀ ਜ਼ਮੀਨ ਵੀ ਖਰੀਦ ਲਈ; ਇਸ ਵਿਚ ਇਕ ਗੁਰਦੁਆਰਾ ਦੀ ਜ਼ਮੀਨ ਵੀ ਸ਼ਾਮਿਲ ਸੀ।ਦੋ ਸਾਲ ਤੋਂ ਇਸ ਗੁਰਦੁਆਰੇ ਦੀ ਬੱਤੀ ਵੀ ਬੰਦ ਕਰ ਦਿੱਤੀ ਹੋਈ ਸੀ। 6 ਜੁਲਾਈ ਦੇ ਦਿਨ ਰਾਧਾ ਸੁਆਮੀਆਂ ਨੇ ਉਸ ਗੁਰਦੁਆਰਾ ਇਮਾਰਤ ਦੀ ਬਾਹਰਲੀ ਕੰਧ ਢਾਹ ਦਿੱਤੀ। ਜਦ ਇਸ ਦੀ ਖ਼ਬਰ ਬਾਹਰ ਫੈਲੀ ਤਾਂ ਕੁਝ ਸਿੱਖ ਜਥੇਬੰਦੀਆਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਅਤੇ ਗੁਰਦੁਆਰੇ ਦੀ ਕੰਧ ਦੋਬਾਰਾ ਉਸਾਰਨ ਵਾਸਤੇ ਜੱਦੋਜਹਿਦ ਦਾ ਐਲਾਨ ਕਰ ਦਿੱਤਾ। ਹਾਲਾਂ ਕਿ ਇਹ ਗੁਰਦੁਆਰਾ ਤਵਾਰੀਖ਼ੀ ਨਹੀਂ ਸੀ ਅਤੇ ਨਾ ਹੀ ਇਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ; ਪਰ, ਗਰਮ ਖਿਆਲੀ ਜਾਣੀਆਂ ਜਾਂਦੀਆਂ ਜਥੇਬੰਦੀਆਂ ਨੇ ਇਸ ਮਸਲੇ ਨੂੰ ਚੁੱਕਣ ਦਾ ਫ਼ੈਸਲਾ ਕਰ ਲਿਆ। ਪਹਿਲਾਂ ਤਾਂ ਉਨ੍ਹਾਂ ਨੇ ਅਕਾਲ ਤਖ਼ਤ ਦੇ ਪੁਜਾਰੀਆਂ ਨੂੰ ਵਰਤਣ ਦੀ ਕੋਸ਼ਿਸ਼ ਕੀਤੀ ਪਰ ਉਹ ਤਾਂ ਬਾਦਲ ਦੇ ਵਫ਼ਾਦਾਰ ਸਨ ਤੇ ਬਾਦਲ ਰਾਧਾਸੁਆਮੀਆਂ ਨਾਲ ਦੋਸਤੀ ਰਖਦਾ ਸੀ; ਇਸ ਕਰ ਕੇ ਇਹ ਡਰਾਮਾ ਫ਼ਲਾਪ ਹੋਣਾ ਹੀ ਸੀ। ਫਿਰ 21 ਅਗਸਤ ਦੇ ਦਿਨ ਇਨ੍ਹਾਂ ਜਥੇਬੰਦੀਆਂ ਨੇ ਇਕ ਐਕਸ਼ਨ ਕਮੇਟੀ ਕਾਇਮ ਕਰ ਲਈ ਜਿਸ ਵਿਚ ਸਿਮਰਨਜੀਤ ਸਿੰਘ ਮਾਨ, ਭਾਈ ਮੋਹਕਮ ਸਿੰਘ, ਦਾਦੂਵਾਲ ਦਾ ਸਾਧ ਬਲਜੀਤ ਸਿੰਘ, ਸਿੰਘ ਮੰਡ (ਅੰਮ੍ਰਿਤਸਰ ਅਕਾਲੀ ਦਲ - ਮਾਨ), ਗੁਰਤੇਜ ਸਿੰਘ ਸਾਬਕਾ ਆਈ.ਏ.ਐਸ., ਕੁਲਬੀਰ ਸਿੰਘ ਬੜਾਪਿੰਡ (ਅਕਾਲੀ ਦਲ - ਪੰਚ ਪ੍ਰਧਾਨੀ), ਅਮਰੀਕ ਸਿੰਘ

ਅਜਨਾਲਾ (ਭਿੰਡਰਾਂ ਮਹਿਤਾ ਜਥਾ), ਦਲ ਖਾਲਸਾ ਦਾ ਕੰਵਰਪਾਲ ਸਿੰਘ ਬਿੱਟੂ ਤੇ ਸਰਬਜੀਤ ਸਿੰਘ ਸੋਹਲ, ਬਲਜੀਤ ਸਿੰਘ (ਐਡੀਟਰ ਵੰਗਾਰ), ਸਤਿਕਾਰ ਕਮੇਟੀ ਨਾਂ ਦੀ ਇਕ ਆਪੇ ਬਣੀ ਕਮੇਟੀ ਵਗ਼ੈਰਾ ਵੀ ਸ਼ਾਮਿਲ ਸਨ। ਇਸ ਕਮੇਟੀ ਨੇ ਗੁਰਦੁਆਰਾ ਦੋਬਾਰਾ ਉਸਾਰਨ ਦਾ ਐਲਾਨ ਕਰ ਦਿੱਤਾ ਅਤੇ ਇਸ ਵਾਸਤੇ 2 ਸਤੰਬਰ ਨੂੰ ਵੜੈਚ ਪਿੰਡ ਵਿਚ ਜਾ ਕੇ ਅਰਦਾਸ ਦਿਨ ਮਨਾ ਕੇ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਦੌਰਾਨ ਹੀ ਰਾਧਾ ਸੁਆਮੀ ਡੇਰੇ ਦੇ ਮੁਖੀ ਗੁਰਿੰਦਰ ਢਿੱਲੋਂ ਨੇ ਵਿਚੋਲਿਆਂ ਰਾਹੀਂ ਇਸ ਕਮੇਟੀ ਦੇ ਕੁਝ ਆਗੂਆਂ ਨਾਲ ਰਾਬਤਾ ਬਣਾਉਣਾ ਸ਼ੁਰੂ ਕਰ ਦਿੱਤਾ। ਉਹ ਸਿਮਰਨਜੀਤ ਸਿੰਘ ਮਾਨ ਤੇ ਬਲਜੀਤ ਸਿੰਘ ਦਾਦੂਵਾਲ ਨਾਲ ਗਲਬਾਤ ਕਰਨ ਵਿਚ ਕਾਮਯਾਬ ਹੋ ਗਿਆ।ਗੁਰਿੰਦਰ ਢਿੱਲੋਂ ਨੇ ਸਿਮਰਨਜੀਤ ਸਿੰਘ ਮਾਨ ਅਤੇ ਬਲਜੀਤ ਸਿੰਘ ਦਾਦੂਵਾਲ ਤਕ ਪਹੁੰਚ ਕੀਤੀ ਅਤੇ ਉਨ੍ਹਾਂ ਨੂੰ ਐਜੀਟੇਸ਼ਨ ਨਾ ਕਰਨ ਵਾਸਤੇ ਅਰਜ਼ ਕੀਤੀ। ਸਿਮਰਨਜੀਤ ਸਿੰਘ ਮਾਨ ਨੇ ਸ਼ਰਤ ਰੱਖੀ ਕਿ ਕਿ ਢਿੱਲੋਂ ਪਹਿਲਾਂ ਦਰਬਾਰ ਸਾਹਿਬ ਮੱਥਾ ਟੇਕ ਕੇ ਆਪਣੇ ਆਪ ਨੂੰ ਗੁਰੂ ਅਖਵਾਉਣ ਦੀ ਮੁਆਫ਼ੀ ਮੰਗੇ। ਇਸ 'ਤੇ ਰਾਧਾ ਸੁਆਮੀ ਡੇਰੇ ਦਾ ਮੁਖੀ ਗੁਰਿੰਦਰ ਢਿੱਲੋਂ 25 ਸਤੰਬਰ 2012 ਦੇ ਦਿਨ ਦਰਬਾਰ ਸਾਹਿਬ ਅੰਮ੍ਰਿਤਸਰ ਗਿਆ ਅਤੇ ਉਥੇ ਮੱਥਾ ਟੇਕਿਆ, ਜਿਸ ਦਾ ਮਤਲਬ ਉਸ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਅਧੀਨਗੀ ਮੰਨਣਾ ਸੀ। ਇਸ ਮਗਰੋਂ 9 ਨਵੰਬਰ ਦੇ ਦਿਨ ਗੁਰਿੰਦਰ ਢਿੱਲੋਂ ਨੇ ਸਿਮਰਨਜੀਤ ਸਿੰਘ ਮਾਨ ਅਤੇ ਬਲਜੀਤ ਸਿੰਘ ਦਾਦੂਵਾਲ ਨਾਲ ਵੱਖ-ਵੱਖ ਮੁਢੀਆ ਮੁਲਾਕਾਤ ਵੀ ਕੀਤੀ ਅਤੇ ਉਨ੍ਹਾਂ ਦੀਆਂ ਕੁਝ ਸ਼ਰਤਾਂ ਮੰਨ ਕੇ ਉਨ੍ਹਾਂ ਨੂੰ ਐਜੀਟੇਸ਼ਨ ਨਾ ਕਰਨ ਵਾਸਤੇ ਮਨਾ ਲਿਆ।ਗੁਰਿੰਦਰ ਢਿੱਲੋਂ ਦਾ ਇਹ ਕਦਮ ਉਸ ਵੱਲੋਂ ਪੰਥ ਅੱਗੇ ਸਿਰ ਝੁਕਾਉਣਾ ਮੰਨਿਆ ਗਿਆ। (ਮਗਰੋਂ 7 ਜੂਨ 2013 ਦੇ ਦਿਨ ਗੁਰਿੰਦਰ ਢਿੱਲੋਂ ਸਿਮਰਨਜੀਤ ਸਿੰਘ ਮਾਨ ਦੇ ਘਰ ਫ਼ਤਹਿਗੜ੍ਹ ਸਾਹਿਬ ਵੀ ਗਿਆ)। ਸਿਮਰਨਜੀਤ ਸਿੰਘ ਮਾਨ ਤੇ ਦਾਦੂਵਾਲ ਤਕ ਤਾਂ ਰਾਧਾਸੁਆਮੀ ਡੇਰੇ ਦੇ ਮੁਖੀ ਨੇ ਨਿਜੀ ਪਹੁੰਚ ਕੀਤੀ ਸੀ ਪਰ ਬਾਕੀ ਦੇ ਸਾਰੇ ਕਿਉਂ ਮੋਅਕ ਮਾਰ ਗਏ, ਇਸ ਦਾ ਪਤਾ ਨਹੀਂ ਲਗ ਸਕਿਆ। ਖ਼ੈਰ, ਸਿੱਖਾਂ ਅਤੇ ਰਾਧਾਸੁਆਮੀਆਂ ਵਿਚਕਾਰ 25 ਅਕਤੂਬਰ 2012 ਦੇ ਦਿਨ 'ਸਮਝੌਤਾ' ਹੋ ਗਿਆ। ਇਸ ਮਗਰੋਂ 21 ਨਵੰਬਰ ਦੇ ਦਿਨ ਰਾਧਾਸੁਆਮੀਆਂ ਨੇ ਐਲਾਨ ਕੀਤਾ ਕਿ ਉਹ ਵੜੈਚ ਪਿੰਡ ਵਿਚ (ਕਿਸੇ ਹੋਰ ਥਾਂ 'ਤੇ) ਇਕ ਨਵਾਂ ਗੁਰਦੁਆਰਾ ਬਣਾ ਕੇ ਦੇਣਗੇ। ਇਸ ਸਮਝੌਤੇ ਵਿਚ ਇਹ ਵੀ ਹੋਇਆ ਕਿ ਰਾਧਾਸੁਆਮੀ ਮੁਖੀ ਬਲਜੀਤ ਸਿੰਘ ਦਾਦੂਵਾਲ ਦੇ ਏਨਾ ਨੇੜੇ ਆ ਗਿਆ ਕਿ 3 ਅਪ੍ਰੈਲ 2013 ਦੇ ਦਿਨ ਜਦ ਬਲਜੀਤ ਸਿੰਘ ਨੇ ਵਿਆਹ ਕਰਵਾਇਆ ਤਾਂ ਗੁਰਿੰਦਰ ਢਿੱਲੋਂ ਇਸ ਦੀ ਬਰਾਤ ਅਤੇ ਅਨੰਦ ਕਾਰਨ ਵਿਚ ਸ਼ਾਮਿਲ ਹੋਣ ਵਾਸਤੇ ਪਿੰਡ ਸਰਾਏ ਨਾਗਾ ਪਹੁੰਚਿਆ। ਅਖ਼ੀਰ ਇਸ ਨਵੀ ਇਮਾਰਤ ਦੀ ਨੀਂਹ 5 ਮਾਰਚ 2013 ਦੇ ਦਿਨ ਰੱਖੀ ਗਈ। ਇਸ ਮੌਕੇ ਤੇ ਬਲਜੀਤ ਸਿੰਘ ਦਾਦੂਵਾਲ ਤੇ ਰਾਧਾਸੁਆਮੀ ਮੁਖੀ ਗੁਰਿੰਦਰ ਢਿੱਲੋਂ ਆਪ ਹਾਜ਼ਰ ਹੋਏ।

26 ਸਤੰਬਰ

1978: ਕਾਨਪੁਰ ਵਿਚ ਨਿਰੰਕਾਰੀਆਂ ਨੇ 10 ਸਿੱਖ ਸ਼ਹੀਦ ਕੀਤੇ

13 ਅਪ੍ਰੈਲ 1978 ਦੇ ਦਿਨ ਅੰਮ੍ਰਿਤਸਰ ਵਿਚ 13 ਸਿੱਖਾਂ ਨੂੰ ਕਤਲ ਕਰਨ ਮਗਰੋਂ ਨਿਰੰਕਾਰੀ ਚੀਫ਼ ਦੇ ਵਾਰੰਟ ਨਿਕਲਣ ਮਗਰੋਂ ਨਿਰੰਕਾਰੀ ਟੋਲੇ ਨੇ ਕੁਝ ਚਿਰ ਵਾਸਤੇ ਆਪਣੀਆਂ ਸਰਗਰਮੀਆਂ ਬੰਦ ਕਰ ਦਿੱਤੀਆਂ ਪਰ ਥੋੜ੍ਹੇ ਚਿਰ ਮਗਰੋਂ ਹੀ ਪੰਜਾਬ ਜਨਸੰਘ (ਹੁਣ ਭਾਜਪਾ), ਆਰੀਆਂ ਸਮਾਜ ਅਤੇ ਹੋਰ ਸਿੱਖ ਦੁਸ਼ਮਣ ਪਾਰਟੀਆਂ ਨੇ ਨਿਰੰਕਾਰੀਆਂ ਦੀਆਂ ਕਾਰਵਾਈਆਂ ਦੀ ਕਮਾਂਡ ਸੰਭਾਲ ਲਈ; ਪਰ ਬਾਦਲ ਨੇ ਤਰਲਾ ਕਰ ਕੇ ਉਨ੍ਹਾਂ ਨੂੰ ਚੁਪ ਕਰਵਾ ਦਿੱਤਾ ਅਤੇ ਸ਼ਰੇਆਮ ਸਰਗਰਮੀਆਂ ਕਰਨ ਤੋਂ ਰੋਕ ਲਿਆ। ਇਸ ਮਗਰੋਂ ਨਿਰੰਕਾਰੀਆਂ ਨੇ ਪੰਜਾਬੋਂ ਬਾਹਰ ਸਰਗਰਮੀਆਂ ਵਧਾ ਦਿੱਤੀਆਂ। 26 ਸਤੰਬਰ 1978 ਦੇ ਦਿਨ ਨਿਰੰਕਾਰੀਆਂ ਦਾ ਇਕ

ਸਮਾਗਮ ਕਾਨਪੁਰ ਵਿਚ ਸੀ; ਸਿੱਖਾਂ ਨੇ ਇਸ ਦੇ ਖ਼ਿਲਾਫ਼ ਵੀ ਪ੍ਰੋਟੈਸਟ ਕਰਨ ਦਾ ਐਲਾਨ ਕਰ ਦਿੱਤਾ ਤੇ ਜੱਥਾ ਬਣਾ ਕੇ ਉਧਰ ਚਲ ਪਏ। ਨਿਰੰਕਾਰੀਆਂ ਨੇ ਇੱਥੇ ਵੀ ਸਿੱਖਾਂ ਤੇ ਗੋਲੀਆਂ ਚਲਾਈਆਂ ਅਤੇ ਇਕ ਬੀਬੀ ਤੇ ਬੱਚੇ ਸਣੇ 10 ਸਿੱਖ ਸ਼ਹੀਦ ਕਰ ਦਿੱਤੇ; ਇਨ੍ਹਾਂ ਵਿਚ ਸ਼ਾਮਲ ਸਨ: ਹਰਚਰਨ ਸਿੰਘ ਚਾਵਲਾ, ਜਗਜੀਤ ਸਿੰਘ, ਕਿਸ਼ਨ ਸਿੰਘ ਚਾਨਾ, ਗੁਰਜੀਤ ਸਿੰਘ, ਮਨਮੋਹਣ ਸਿੰਘ ਚਾਵਲਾ, ਕਸ਼ਮੀਰਾ ਸਿੰਘ, ਬੀਬੀ ਦਰਸ਼ਨ ਕੌਰ, ਬਲਵੰਤ ਸਿੰਘ।

1984: ਗ੍ਰੰਥੀਆਂ ਅਤੇ ਪੁਜਾਰੀਆਂ ਨੇ ਜ਼ੈਲ ਸਿੰਘ ਨੂੰ ਦਰਬਾਰ ਸਾਹਿਬ 'ਤੇ ਹਮਲੇ ਦੇ ਦੋਸ਼ ਤੋਂ ਬਰੀ ਕੀਤਾ

ਬੀਤੇ ਦਿਨ 25 ਸਤੰਬਰ 1984 ਦੇ ਦਿਨ ਰਾਸ਼ਟਰਪਤੀ ਜ਼ੈਲ ਸਿੰਘ ਦਾ ਏਜੰਟ ਉਸ ਦੀ ਚਿੱਠੀ ਲਿਆ ਕੇ ਅੰਮ੍ਰਿਤਸਰ ਆ ਕੇ ਪੁਜਾਰੀਆਂ ਨਾਲ ਸਾਰੀ ਸੌਦੇਬਾਜ਼ੀ ਅਤੇ ਹੋਰ ਕਾਰਵਾਈ ਕਰ ਗਿਆ ਸੀ ਤਾਂ ਜੋ ਅਗਲੇ ਦਿਨ ਜ਼ੈਲ ਦੇ ਆਉਣ 'ਤੇ ਉਸ ਨੂੰ ਮੁਆਫ਼ ਕਰਨ ਦਾ ਡਰਾਮਾ ਕੀਤਾ ਜਾ ਸਕੇ। 26 ਸਤੰਬਰ 1984 ਨੂੰ ਰਵੇਲ ਸਿੰਘ ਐਡਵੋਕੇਟ ਅਤੇ ਕੁਲਵੰਤ ਸਿੰਘ ਨਿੱਜੀ ਸਕੱਤਰ ਜ਼ੈਲ ਸਿੰਘ, ਦੋਹਾਂ ਨੇ, ਫੇਰ ਹਾਜ਼ਰ ਹੋ ਕੇ ਪੁਜ਼ੀਸਨ ਵੇਖੀ ਅਤੇ ਅਕਾਲ ਤਖ਼ਤ ਸਾਹਿਬ ਦੇ ਨਾਂ 'ਤੇ ਕੀਤੇ ਜਾਣ ਵਾਲੇ 'ਐਲਾਨ' ਬਾਰੇ ਵਿਚਾਰਾਂ ਕੀਤੀਆਂ। ਹਾਲਾਂ ਕਿ ਬੀਤੇ ਦਿਨ ਜ਼ੈਲ ਸਿੰਘ ਵੱਲੋਂ ਭੇਜੀ ਗਈ ਚਿੱਠੀ ਵਿਚ (ਪੂਰੀ ਚਿੱਠੀ 25 ਸਤੰਬਰ 2011 ਦੀ 'ਸਪੋਕਸਮੈਨ' ਵਿਚ ਛਪੀ ਹੋਈ ਹੈ) ਕਿਤੇ ਵੀ ਦਰਬਾਰ ਸਾਹਿਬ ਦੇ ਹਮਲੇ ਨੂੰ ਗ਼ਲਤ ਨਹੀਂ ਕਿਹਾ ਗਿਆ ਤੇ ਨਾ ਹੀ 'ਅਫ਼ਸੋਸ' ਜਾਂ 'ਦੁੱਖ' ਜ਼ਾਹਿਰ ਕੀਤਾ ਗਿਆ ਹੈ। ਇਸ ਦੇ ਬਾਵਜੂਦ ਪੰਜਾਂ ਗ੍ਰੰਥੀਆਂ ਨੇ ਇਹ 'ਫ਼ੈਸਲਾ' (ਹੁਕਮਨਾਮਾ ਨਹੀਂ) ਦਿੱਤਾ:

ਫ਼ੈਸਲਾ

ਅਕਾਲ ਤਖ਼ਤ ਸਾਹਿਬ ਵੱਲੋਂ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਿਰੁੱਧ 2 ਸਤੰਬਰ 1984 ਨੂੰ ਜਾਰੀ ਕੀਤੇ ਹੁਕਮਨਾਮੇ ਸਬੰਧੀ 24 ਸਤੰਬਰ 1984 ਨੂੰ ਉਨ੍ਹਾਂ ਦੇ ਵਿਸ਼ੇਸ਼ ਦੂਤ ਰਵੇਲ ਸਿੰਘ ਐਡਵੋਕੇਟ ਸਿੰਘ ਸਾਹਿਬਾਨ ਪਾਸ ਉਨ੍ਹਾਂ ਦਾ ਲਿਖਤੀ ਸਪੱਸ਼ਟੀਕਰਨ ਪੱਤਰ ਲੈ ਕੇ ਹਾਜ਼ਰ ਹੋਏ। ਸਿੰਘ ਸਾਹਿਬਾਨ ਨੇ ਸਪੱਸ਼ਟੀਕਰਨ ਪੱਤਰ 'ਤੇ ਸੋਚ ਵਿਚਾਰ ਕੀਤੀ ਤੇ ਇਸ ਸਬੰਧੀ ਹੋਰ ਜਾਣਕਾਰੀ ਮੰਗੀ।

26 ਸਤੰਬਰ 1984 ਨੂੰ ਰਵੇਲ ਸਿੰਘ ਐਡਵੋਕੇਟ ਅਤੇ ਕੁਲਵੰਤ ਸਿੰਘ ਨਿੱਜੀ ਸਕੱਤਰ ਗਿਆਨੀ ਜ਼ੈਲ ਸਿੰਘ, ਦੋਹਾਂ ਨੇ ਹਾਜ਼ਰ ਹੋ ਕੇ ਲੋੜੀਂਦੀ ਜਾਣਕਾਰੀ ਦਿੱਤੀ। ਯਾਤਰਾ ਸਮੇਂ ਲਈਆਂ ਗਈਆਂ ਤਸਵੀਰਾਂ ਅਤੇ ਹੋਰ ਰਿਕਾਰਡ ਵੀ ਵੇਖਿਆ। ਪੂੰਜਾ ਸਪੱਸ਼ਟੀਕਰਨ ਤਸੱਲੀਬਖ਼ਸ਼ ਹੈ ਅਤੇ ਹੁਣ ਕਿਸੇ ਕਾਰਵਾਈ ਦੀ ਲੋੜ ਨਹੀਂ।"

ਇਸ "ਫ਼ੈਸਲੇ" ਹੇਠਾਂ ਇਨ੍ਹਾਂ ਛੇਆਂ ਗ੍ਰੰਥੀਆਂ (ਕਿਰਪਾਲ ਸਿੰਘ ਅਤੇ ਚਾਰ ਹੋਰ ਗ੍ਰੰਥੀਆਂ ਤੇ ਛੇਵੇਂ ਜੋਗਿੰਦਰ ਸਿੰਘ, ਮੁੱਖ ਸੇਵਾਦਾਰ, ਹਜ਼ੂਰ ਸਾਹਿਬ ਨੰਦੇੜ) ਦੇ ਦਸਤਖ਼ਤ ਸਨ। ਉਨ੍ਹਾਂ ਦਿਨਾਂ ਵਿਚ ਅਖ਼ਬਾਰਾਂ ਵਿਚ ਇਹ ਚਰਚਾ ਵੀ ਕੀਤਾ ਗਿਆ ਕਿ ਜ਼ੈਲ ਨੇ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਕਰਨ ਵਾਲੇ ਹੁਕਮਾਂ 'ਤੇ ਦਸਤਖ਼ਤ ਨਹੀਂ ਕੀਤੇ ਸਨ। ਇਹ ਵੀ ਆਖਿਆ ਗਿਆ ਸੀ ਕਿ ਇਸ ਬਾਰੇ ਸਾਰੇ ਕਾਗ਼ਜ਼ ਕਿਰਪਾਲ ਸਿੰਘ ਨੂੰ 'ਦਿਖਾਏ ਜਾ ਸਕਦੇ' ਹਨ। ਫਿਰ ਇਹ ਵੀ ਬਿਆਨ ਛਾਪਿਆ ਗਿਆ ਕਿ 'ਕਾਗ਼ਜ਼ ਦਿਖਾ ਦਿੱਤੇ ਗਏ ਹਨ'। ਇਹ ਸਾਰਾ ਕੁਝ ਮਹਿਜ ਇਕ ਡਰਾਮਾ ਸੀ। ਜ਼ੈਲ ਸਿੰਘ ਭਾਰਤ ਦਾ ਰਾਸ਼ਟਰਪਤੀ ਹੋਣ ਦੇ ਨਾਤੇ ਸਾਰੀਆਂ ਫ਼ੌਜਾਂ ਦਾ ਮੁਖੀ ਸੀ; ਭਾਵੇਂ ਉਹ ਹੁਕਮਾਂ ਦੇ ਦਸਤਖ਼ਤ ਕਰੇ ਜਾਂ ਨਾ ਕਰੇ। ਪਰ ਜੇ ਉਹ ਨਾ ਚਾਹੁੰਦਾ ਤਾਂ ਇਹ ਹਮਲਾ ਉਸੇ ਵੇਲੇ ਰੁਕ ਸਕਦਾ ਸੀ। ਉਹ ਹਮਲਾ ਹੋਣ ਮਗਰੋਂ ਰੋਸ ਵਜੋਂ (ਸਿਮਰਨਜੀਤ ਸਿੰਘ ਮਾਨ, ਚਰਨਜੀਤ ਸਿੰਘ ਕੋਕਾ ਕੋਲਾ ਤੇ ਅਮਰਿੰਦਰ ਸਿੰਘ ਵਾਂਗ) ਆਪਣੇ ਅਹੁਦੇ ਤੋਂ

ਅਸਤੀਫ਼ਾ ਵੀ ਦੇ ਸਕਦਾ ਸੀ। ਦਰਅਸਲ, ਉਸ ਦੀ ਮਰਜ਼ੀ ਇਸ ਹਮਲੇ ਵਿਚ ਸ਼ਾਮਿਲ ਸੀ ਤੇ ਉਸ ਨੇ ਆਪ ਦਸਤਖ਼ਤ ਕੀਤੇ ਸਨ। ਉਸ ਨੇ 8 ਜੂਨ 1984 ਦੇ ਦਰਬਾਰ ਸਾਹਿਬ ਦੀ ਤਬਾਹੀ ਵੇਖਣ ਮਗਰੋਂ ਇਸ ਨੂੰ ਇਕ ਤਕਰੀਰ ਵਿਚ ਸ਼ਰੇਆਮ ਸਹੀ ਠਹਿਰਾਇਆ ਸੀ ਅਤੇ ਮਗਰੋਂ ਇਸ ਹਮਲੇ ਵਿਚ ਸ਼ਾਮਿਲ ਫ਼ੌਜੀਆਂ ਨੂੰ 'ਬਹਾਦਰੀ ਦਿਖਾਉਣ ਬਦਲੇ' ਮੈਡਲ ਵੀ ਦਿੱਤੇ ਸਨ। ਇਨ੍ਹਾਂ 'ਬਹਾਦਰਾਂ' ਵਿਚ ਰਮੇਸ਼ਇੰਦਰ ਸਿੰਘ ਡੀ.ਸੀ. (ਬਾਦਲ ਦਾ ਚਹੇਤਾ ਚੀਫ਼ ਸੈਕਟਰੀ) ਵੀ ਸ਼ਾਮਿਲ ਸੀ (ਚੇਤੇ ਰਹੇ ਕਿ ਉਦੋਂ ਦੇ ਡੀ.ਸੀ. ਗੁਰਦੇਵ ਸਿੰਘ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਸਤੇ ਚਿੱਠੀ ਤੇ ਦਸਤਖ਼ਤ ਕਰਨੋਂ ਨਾਂਹ ਕਰ ਦਿੱਤੀ ਸੀ ਤੇ ਉਸ ਨੂੰ ਛੁੱਟੀ 'ਤੇ ਭੇਜ ਕੇ ਰਮੇਸ਼ਇੰਦਰ ਸਿੰਘ ਨੂੰ ਲਾ ਦਿੱਤਾ ਸੀ ਜਿਸ ਨੇ ਇਕ ਦਮ ਦਸਤਖ਼ਤ ਕਰ ਦਿੱਤੇ ਸਨ)।

ਇਹ ਸਾਰਾ ਕੁਝ ਜ਼ੈਲ ਸਿੰਘ ਨੂੰ ਬਰੀ ਕਰ ਕੇ ਉਸ ਦਾ ਅਕਾਲ ਤਖ਼ਤ 'ਤੇ 'ਸਨਮਾਨ' ਕਰਨ ਵਾਸਤੇ ਕੀਤਾ ਜਾ ਰਿਹਾ ਸੀ।27 ਸਤੰਬਰ ਨੂੰ ਜ਼ੈਲ ਸਿੰਘ ਅੰਮ੍ਰਿਤਸਰ ਆਇਆ ਤੇ ਦੋਬਾਰਾ ਦਰਬਾਰ ਸਾਹਿਬ ਦੀ ਤਬਾਹੀ ਦੇਖੀ। ਇਸ ਦਿਨ ਉਹ ਅਕਾਲ ਤਖ਼ਤ ਸਾਹਿਬ ਦੀ ਸਰਕਾਰ ਵੱਲੋਂ ਬਣੀ ਈਮਾਰਤ ਉੱਤੇ ਵੀ ਚੜ੍ਹਿਆ। **ਇਸ ਮੌਕੇ 'ਤੇ ਪੰਜੇ ਗ੍ਰੰਥੀ ਉਚੇਚੇ ਤੌਰ 'ਤੇ ਪੁੱਜੇ ਹੋਏ ਸਨ। (ਇਨ੍ਹਾਂ ਨੂੰ ਉਸ ਮੌਕੇ 'ਤੇ ਲਈ ਗਈ ਤਸਵੀਰ ਵਿਚ ਜ਼ੈਲ ਸਿੰਘ ਨਾਲ ਫੋਟੋ ਖਿਚਵਾਉਣ ਲਈ ਤਰਲੋ-ਮੱਛੀ ਹੁੰਦੇ ਦੇਖਿਆ ਜਾ ਸਕਦਾ ਹੈ)।** ਉਂਵ ਇਹ ਗ੍ਰੰਥੀ ਇਸ ਇਮਾਰਤ ਨੂੰ ਨਾਜਾਇਜ਼ ਢਾਂਚਾ ਆਖਦੇ ਸਨ ਤੇ ਨਾਲ ਹੀ ਜਨਵਰੀ 1986 ਤਕ (ਇਕ ਸਾਲ 3-4 ਮਹੀਨੇ) ਆਪਣੀ ਹਰ ਇਕ ਕਾਰਵਾਈ ਵੀ ਇਸੇ ਇਮਾਰਤ ਤੋਂ ਚਲਾਉਂਦੇ ਰਹੇ ਸਨ।

ਜਿਹਾ ਕਿ ਭਾਰਤ ਸਰਕਾਰ ਦਾ ਕਿਰਪਾਲ ਸਿੰਘ ਨਾਲ ਵਾਅਦਾ ਸੀ, ਫ਼ੌਜ ਨੇ 29 ਸਤੰਬਰ ਨੂੰ ਦਰਬਾਰ ਸਾਹਿਬ ਦਾ ਅੰਦਰੂਨੀ ਹਿੱਸਾ ਖ਼ਾਲੀ ਕਰ ਦਿੱਤਾ। ਪਰ ਦਰਬਾਰ ਸਾਹਿਬ ਦੇ ਆਲੇ-ਦੁਆਲੇ ਹਰ ਮੋੜ 'ਤੇ ਹੀ ਨਹੀਂ ਬਲਕਿ ਗੁਰੂ ਰਾਮਦਾਸ ਸਰਾਂ, ਗੁਰੂ ਨਾਨਕ ਨਿਵਾਸ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਦਫ਼ਤਰਾਂ 'ਤੇ ਅਜੇ ਵੀ ਬਾਵਰਦੀ ਤੇ ਹਥਿਆਰਬੰਦ ਭਾਰਤੀ ਫ਼ੌਜ ਤਾਇਨਾਤ ਸੀ। ਇਸ ਤੋਂ ਇਲਾਵਾ ਸਿਵਲੀਅਨ ਪਹਿਰਾਵੇ ਵਿਚ ਫ਼ੌਜ, ਸੀ.ਆਰ.ਪੀ.ਐਫ਼. ਅਤੇ ਪੰਜਾਬ ਪੁਲੀਸ ਦੇ ਸੈਂਕੜੇ ਮੁਲਾਜ਼ਮ ਅਜੇ ਵੀ ਦਰਬਾਰ ਸਾਹਿਬ ਕੰਪਲੈਕਸ ਵਿਚ ਡਿਊਟੀ 'ਤੇ ਮੌਜੂਦ ਸਨ। ਭਾਵੇਂ ਗ੍ਰੰਥੀਆਂ ਉਤੇ ਪੁਜਾਰੀਆਂ ਨੇ ਜ਼ੈਲ ਸਿੰਘ ਨੂੰ ਮੁਆਫ਼ ਕਰਨ ਦਾ ਡਰਾਮਾ ਤਾਂ ਕਰ ਦਿੱਤਾ ਸੀ ਪਰ ਸਿੱਖਾਂ ਨੇ ਉਸ ਨੂੰ ਕਦੇ ਮੁਆਫ਼ ਨਹੀਂ ਕੀਤਾ। ਕਿਸੇ ਵੀ ਸਿੱਖ ਨੇ ਜ਼ੈਲ ਸਿੰਘ ਨੂੰ ਕਦੇ ਵੀ ਫ਼ਤਹਿ ਨਹੀਂ ਬੁਲਾਈ ਤੇ ਜਦ ਉਹ ਮਰਿਆ ਤਾਂ ਉਸ ਦੇ ਰਿਸ਼ਤੇਦਾਰਾਂ ਤੋਂ ਸਿਵਾ ਇਕ ਵੀ ਸਿੱਖ ਉਸ ਦੇ ਸਸਕਾਰ ਜਾਂ ਭੋਦ 'ਤੇ ਨਹੀਂ ਪੁੱਜਾ; ਤੇ ਇੰਝ ਸਿੱਖਾਂ ਨੇ ਉਸ ਵਾਸਤੇ ਨਫ਼ਰਤ ਤੇ ਤ੍ਰਿਸਕਾਰ ਦਾ ਇਜ਼ਹਾਰ ਕੀਤਾ।

1989: ਜਸਪਾਲ ਸਿੰਘ ਭੰਬੜ ਕਾਦਰੀ ਚੱਕ ਨਕਲੀ ਮੁਕਾਬਲੇ ਵਿਚ ਸ਼ਹੀਦ

26 ਸਤੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਜਸਪਾਲ ਸਿੰਘ ਭੰਬੜ (ਪੁੱਤਰ ਜੋਗਿੰਦਰ ਸਿੰਘ, ਵਾਸੀ ਕਾਦਰੀ ਚੱਕ, ਹੁਸ਼ਿਆਰਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਕਸ਼ਮੀਰ ਸਿੰਘ ਅੰਮ੍ਰਿਤਸਰ ਤੇ ਜਸਪਾਲ ਸਿੰਘ ਮੁਸਤਫ਼ਾਬਾਦ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

26 ਸਤੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਕਸ਼ਮੀਰ ਸਿੰਘ ਉਰਫ਼ ਲੰਡੂ (ਪੁੱਤਰ ਕੁੰਦਨ ਸਿੰਘ, ਵਾਸੀ ਨਹਿਰੂ ਕਲੋਨੀ, ਅੰਮ੍ਰਿਤਸਰ) ਤੇ ਜਸਪਾਲ ਸਿੰਘ (ਪੁੱਤਰ ਪ੍ਰੀਤਮ ਸਿੰਘ, ਵਾਸੀ ਮੁਸਤਫ਼ਾਬਾਦ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਹਰਦੀਪ ਸਿੰਘ ਬਗੀਚਾ, ਹੀਰਾ ਸਿੰਘ ਨਾਮੀ ਜੋਗਾ ਲੱਖਣ ਤੱਪਾ, ਗੁਰਨਾਮ ਸਿੰਘ ਕਾਲਾ ਬਕਰਾ, ਗੁਰਕੀਰਤ ਸਿੰਘ, ਬਲਜਿੰਦਰ ਸਿੰਘ ਬੁੱਧੂ ਕੱਥੂ ਨੰਗਲ, ਜੱਸਾ ਸਿੰਘ, ਨਿਰਮਲ ਸਿੰਘ ਭੈਣੀ ਮਹਿਰਾਜ, ਲਖਵਿੰਦਰ ਸਿੰਘ ਲੱਖਾ ਮੰਡਵੀ ਤੇ ਕੌਰ ਸਿੰਘ ਹੁੰਬਣਵਾਲ ਤੇ ਹੋਰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

ਛਬੀ ਸਤੰਬਰ 1992 ਦੇ ਦਿਨ ਪੁਲਸ ਨੇ ਹਰਦੀਪ ਸਿੰਘ ਉਰਫ਼ ਬਗੀਚਾ ਸਿੰਘ (ਪੱਤਰ ਸੱਜਣ ਸਿੰਘ, ਵਾਸੀ ਬਾਠ), ਹੀਰਾ ਸਿੰਘ ਉਰਫ਼ ਨਾਮੀ, ਜੋਗਾ ਸਿੰਘ (ਪੁੱਤਰ ਦਯਾਲ ਸਿੰਘ, ਵਾਸੀ ਲੱਖਣ ਤੱਪਾ), ਗੁਰਨਾਮ ਸਿੰਘ (ਪੁੱਤਰ ਸਰਵਨ ਸਿੰਘ, ਵਾਸੀ ਕਾਲਾ ਬਕਰਾ), ਗੁਰਕੀਰਤ ਸਿੰਘ, ਬਲਜਿੰਦਰ ਸਿੰਘ ਬੁੱਧੂ (ਪੁੱਤਰ ਸਰਦੂਲ ਸਿੰਘ, ਵਾਸੀ ਕੱਥੂ ਨੰਗਲ) ਜੰਡਿਆਲਾ ਨੇੜੇ, ਪਿੰਡ ਭਾਨੀਆਂ ਵਿਚ; ਅਤੇ ਜੱਸਾ ਸਿੰਘ (ਬੁੱਟਰ ਪਿੰਡ, ਜ਼ਿਲ੍ਹਾ ਫ਼ਿਰੋਜ਼ਪੁਰ ਵਿਚ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ। ਇਸੇ ਦਿਨ ਮਸਤੂਆਣਾ ਕੋਲ ਹੋਏ ਮੁਕਾਬਲੇ ਵਿਚ ਨਿਰਮਲ ਸਿੰਘ ਭੈਣੀ ਮਹਿਰਾਜ, ਲਖਵਿੰਦਰ ਸਿੰਘ ਲੱਖਾ ਮੰਡਵੀ ਤੇ ਕੌਰ ਸਿੰਘ ਹੁੰਬਣਵਾਲ (ਵਾਸੀ ਧੂਰੀ) ਵੀ ਪੁਲਸ ਨੇ ਸ਼ਹੀਦ ਕਰ ਦਿੱਤੇ ਗਏ।

27 ਸਤੰਬਰ

1621: ਭਗਵਾਨ ਦਾਸ ਘੋਰੜ ਤੇ ਚੰਦੂ ਦੇ ਪੁੱਤਰ ਦੀ ਫ਼ੌਜ ਨੇ ਰੁਹੀਲਾ 'ਤੇ ਹਮਲਾ ਕੀਤਾ

ਗਵਾਲੀਅਰ ਕਿਲ੍ਹੇ ਵਿਚੋਂ 26 ਅਕਤੂਬਰ 1619 ਦੇ ਦਿਨ ਰਿਹਾਈ ਮਗਰੋਂ ਗੁਰੂ ਹਰਗੋਬਿੰਦ ਸਾਹਿਬ ਗੋਇੰਦਵਾਲ ਰਹਿਣ ਲਗ ਪਏ ਸਨ। ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਉਹ 28 ਦਸੰਬਰ 1620 ਦੇ ਦਿਨ ਸਿਰਫ਼ ਇਕ ਦਿਨ ਵਾਸਤੇ ਹੀ ਗਏ ਸਨ। ਗੋਇੰਦਵਾਲ ਰਹਿੰਦਿਆਂ ਗੁਰੂ ਸਾਹਿਬ ਨੇ ਰੁਹੀਲਾ ਦੀ ਸਾਰ ਵੀ ਲਈ (ਇਸ ਨੂੰ ਗੁਰੂ ਅਰਜਨ ਸਾਹਿਬ ਨੇ ਵਸਾਇਆ ਸੀ ਤੇ ਇਸ ਦਾ ਨਾਂ ਗੋਬਿੰਦਪੁਰ ਰੱਖਿਆ ਸੀ ਤੇ ਹੁਣ ਇਸ ਨੂੰ ਹਰਿਗੋਬਿੰਦਪੁਰ ਆਖਦੇ ਹਨ)। ਗੁਰੂ ਸਾਹਿਬ ਦੀ ਗਵਾਲੀਅਰ ਕੈਦ ਦੌਰਾਨ ਇਸ ਥਾਂ 'ਤੇ ਭਗਵਾਨ ਦਾਸ ਘੋਰੜ (ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਵੇਲੇ ਉਨ੍ਹਾਂ ਦੇ ਜਿਸਮ 'ਤੇ ਤੱਤੀ ਰੇਤ ਪੁਆਉਣ ਵਾਲੇ ਚੰਦੂ ਦਾ ਕੁੜਮ) ਨੇ ਨਾਜਾਇਜ਼ ਕਬਜ਼ਾ ਕਰ ਲਿਆ ਸੀ। ਗੁਰੂ ਸਾਹਿਬ ਨੇ ਭਗਵਾਨ ਦਾਸ ਤੋਂ ਇਸ ਦਾ ਕਬਜ਼ਾ ਵਾਪਿਸ ਖੋਹਿਆ ਅਤੇ ਇਸ ਥਾਂ ਨੂੰ ਫੇਰ ਸੰਵਾਰਿਆ ਤੇ ਵਸਾਇਆ। ਕੁਝ ਦਿਨਾਂ ਮਗਰੋਂ ਭਗਵਾਨ ਦਾਸ ਘੋਰੜ ਨੇ ਚੰਦੂ ਦੇ ਪੁੱਤਰ ਕਰਮ ਚੰਦ ਦੀ ਮਦਦ ਨਾਲ ਇਕ ਫ਼ੌਜ ਇਕੱਠੀ ਕੀਤੀ ਅਤੇ 27 ਸਤੰਬਰ 1621 ਦੇ ਦਿਨ ਰੁਹੀਲਾ 'ਤੇ ਹਮਲਾ ਕਰ ਦਿਤਾ। ਇਸ ਹਮਲੇ ਵਿਚ ਬੁਰੀ ਤਰ੍ਹਾਂ ਹਾਰ ਖਾਣ ਮਗਰੋਂ ਭਗਵਾਨ ਦਾਸ ਘੋਰੜ ਨੇ ਜਲੰਧਰ ਦੇ ਮੁਸਲਮਾਨ ਹਾਕਮ ਨੂੰ ਪੈਸੇ ਦੇ ਕੇ ਉਸ ਦੀ ਫ਼ੌਜ ਨੂੰ ਚੜ੍ਹਾ ਲਿਆਂਦਾ। 3 ਅਕਤੂਬਰ 1621 ਦੇ ਦਿਨ ਫੇਰ ਬੜੀ ਘਮਸਾਣ ਦੀ ਲੜਾਈ ਹੋਈ। ਇਸ ਲੜਾਈ ਵਿਚ ਭਗਵਾਨ ਦਾਸ ਘੋਰੜ, ਉਸ ਦਾ ਪੁੱਤਰ ਰਤਨ ਚੰਦ ਤੇ ਚੰਦੂ ਦਾ ਪੁੱਤਰ ਕਰਮ ਚੰਦ ਤਿੰਨੇ ਹੀ ਮਾਰੇ ਗਏ। ਇਸ ਹਾਰ ਮਗਰੋਂ ਕਿਸੇ ਹੋਰ ਨੂੰ ਗੁਰੂ ਸਾਹਿਬ 'ਤੇ ਹਮਲਾ ਕਰਨ ਦਾ ਹੌਸਲਾ ਨਾ ਪਿਆ।

1920: ਗੁਰਦੁਆਰਾ ਚੁਮਾਲਾ ਸਾਹਿਬ ਲਾਹੌਰ 'ਤੇ ਸੰਗਤ ਦਾ ਪੱਕਾ ਕਬਜ਼ਾ ਹੋ ਗਿਆ

ਲਾਹੌਰ ਵਿਚ ਗੁਰਦੁਆਰਾ ਚੁਮਾਲਾ ਸਾਹਿਬ (ਪਾਤਸ਼ਾਹੀ ਛੇਵੀਂ) ਦੇ ਗ੍ਰੰਥੀ ਹਰੀ ਸਿੰਘ ਨੇ ਗੁਰਦੁਆਰੇ 'ਚ ਮਨਮਤ ਦਾ ਮਾਹੌਲ ਪੈਦਾ ਕੀਤਾ ਹੋਇਆ ਸੀ। ਉਹ ਗੁਰਦੁਆਰੇ ਵਿਚ ਮੁਸਾਫ਼ਿਰਾਂ ਨੂੰ ਠਹਿਰਨ ਨਹੀਂ ਦੇਂਦਾ ਸੀ। ਉਸ ਨੇ ਸਰਾਂ ਦੇ ਕਮਰੇ ਬੁੱਚੜਾਂ ਤੇ ਮੀਟ ਵੇਚਣ ਵਾਲਿਆਂ ਨੂੰ ਦਿੱਤੇ ਹੋਏ ਸਨ। ਉਹ ਗ੍ਰੰਥੀ ਵਜੋਂ ਸੇਵਾ ਵੀ ਨਹੀਂ ਸੀ ਕਰਦਾ (ਹੋਰ ਤਾਂ ਹੋਰ ਉਸ ਨੂੰ ਜਪੁਜੀ ਸਾਹਿਬ ਤੇ ਰਹਿਰਾਸੁ ਸਾਹਿਬ ਦਾ ਪਾਠ ਵੀ ਨਹੀਂ ਆਉਂਦਾ ਸੀ) ਗੁਰਦੁਆਰੇ ਦੀ

ਸਫ਼ਾਈ ਵੀ ਨਹੀਂ ਹੁੰਦੀ ਸੀ। ਸੰਗਤਾਂ ਉਸ ਤੋਂ ਬਹੁਤ ਦੁਖੀ ਸਨ। ਇਕ ਵਾਰ ਹਿੰਮਤ ਕਰ ਕੇ ਖਾਲਸਾ ਪ੍ਰਚਾਰਕ ਜਥੇ ਨੇ ਇਕ ਮੀਟਿੰਗ 21 ਅਗਸਤ 1920 ਦੇ ਦਿਨ ਨੂੰ ਬੁਲਾ ਲਈ। ਇਸ 'ਤੇ ਗ੍ਰੰਥੀ ਨੇ ਆਪਣੇ ਘਰਾਂ ਦੀਆਂ ਔਰਤਾਂ ਨੂੰ ਭੇਜ ਕੇ ਹਮਲਾ ਕਰਵਾ ਕੇ ਮੀਟਿੰਗ 'ਚ ਖਲਲ ਪਾਇਆ ਅਤੇ ਨਾਲ ਹੀ ਇਨ੍ਹਾਂ ਦੀਆਂ ਕਾਰਵਾਈਆਂ ਨੂੰ ਰੋਕਣ ਵਾਸਤੇ ਅਦਾਲਤ ਵਿਚ ਦਾਅਵਾ ਵੀ ਕਰ ਦਿੱਤਾ। ਅਗਲੇ ਦਿਨ 22 ਅਗਸਤ ਨੂੰ ਗੁਰਦੁਆਰਾ ਸਾਹਿਬ 'ਚ ਇਸ ਬਾਰੇ ਇਕ ਦੀਵਾਨ ਸਜਾਇਆ ਗਿਆ। ਇਸ ਦੀਵਾਨ ਵਿਚ ਸਰਦੂਲ ਸਿੰਘ ਕਵੀਸ਼ਰ ਤੇ ਸੁੰਦਰ ਸਿੰਘ ਚਾਵਲਾ ਵਗ਼ੈਰਾ ਨੇ ਸੰਗਤਾਂ ਨੂੰ ਚੁਮਾਲਾ ਸਾਹਿਬ ਦੀ ਤਸਵੀਰ ਦੱਸੀ। ਸਾਰੇ ਪਾਸੇ ਸਿੱਖਾਂ ਵਿਚ ਇਸ ਦਾ ਚਰਚਾ ਸ਼ੁਰੂ ਹੋ ਗਿਆ।

ਜਦੋਂ ਇਸ ਗੁਰਦੁਆਰੇ ਦੇ ਸੁਧਾਰ ਬਾਰੇ ਬਹੁਤ ਪ੍ਰਚਾਰ ਹੋ ਗਿਆ ਤਾਂ ਮੁਕਾਮੀ ਸਿੱਖਾਂ ਨੇ ਇਕੱਠੇ ਹੋ ਕੇ 27 ਸਤੰਬਰ 1920 ਦੇ ਦਿਨ ਗੁਰਦੁਆਰਾ ਚੁਮਾਲਾ ਸਾਹਿਬ 'ਤੇ ਕਬਜ਼ਾ ਕਰ ਲਿਆ। ਸੰਗਤਾਂ ਨੇ ਗੁਰਦੁਆਰੇ ਦੇ ਪ੍ਰੰਬਧ ਵਾਸਤੇ 14 ਮੈਂਬਰਾਂ ਦਾ ਇਕ ਜਥਾ ਚੁਣ ਲਿਆ। ਇਹ 14 ਮੈਂਬਰ ਹੇਠ ਲਿਖੇ ਸਨ: ਸੰਤ ਸਿੰਘ, ਸਾਧੂ ਸਿੰਘ, ਬਾਵਾ ਸਿੰਘ, ਗੁਰਦਿੱਤ ਸਿੰਘ, ਬਿਸ਼ਨ ਸਿੰਘ, ਚਤਰ ਸਿੰਘ, ਦੀਵਾਨ ਸਿੰਘ, ਅਰੂੜ ਸਿੰਘ, ਵਰਿਆਮ ਸਿੰਘ, ਹਰੀ ਸਿੰਘ, ਚੇਤ ਸਿੰਘ, ਨੱਥਾ ਸਿੰਘ, ਚਰਨ ਸਿੰਘ, ਜਸਬੀਰ ਸਿੰਘ। ਇਸ ਦੌਰਾਨ ਪਹਿਲੋਂ ਕਾਬਜ਼ ਗ੍ਰੰਥੀ ਨੇ ਗੁਰਦੁਆਰੇ 'ਚ ਵੜਨ ਦੀ ਕੋਸ਼ਿਸ਼ ਕੀਤੀ ਤਾਂ ਇਨ੍ਹਾਂ ਨੇ ਉਸ ਨੂੰ ਅੰਦਰ ਦਾਖ਼ਿਲ ਹੀ ਨਾ ਹੋਣ ਦਿੱਤਾ। ਇਸ ਮਗਰੋਂ 2 ਅਕਤੂਬਰ ਨੂੰ ਗੁਰਦੁਆਰੇ ਦੇ ਇੰਤਜ਼ਾਮ ਵਾਸਤੇ ਸਿੱਖਾਂ ਦੀ ਇਕ ਬਾਕਾਇਦਾ 12 ਮੈਂਬਰੀ ਇੰਤਜ਼ਾਮੀਆ ਕਮੇਟੀ ਬਣਾ ਦਿੱਤੀ ਗਈ। ਇਸ ਵਿਚ ਹੇਠ ਲਿਖੇ ਮੈਂਬਰ ਚੁਣੇ ਗਏ: ਸੋਹਣ ਸਿੰਘ (ਸੈਕਟਰੀ ਸਿੰਘ ਸਭਾ ਸਿਆਲਕੋਟ), ਅਮਰ ਸਿੰਘ (ਲਾਇਲ ਗਜ਼ਟ), ਸ:ਬ: ਮਹਿਤਾਬ ਸਿੰਘ, ਸਰਦੂਲ ਸਿੰਘ ਕਵੀਸ਼ਰ , ਸੋਹਣ ਸਿੰਘ (ਐਡੀਟਰ ਸਿੱਖ ਅਖ਼ਬਾਰ), ਸੁੰਦਰ ਸਿਘ ਚਾਵਲਾ ਰਈਸ, ਮਾ: ਸੁੰਦਰ ਸਿੰਘ ਲਾਇਲਪੁਰੀ, ਗੁਰਦਿੱਤ ਸਿੰਘ, ਗੁਰਬਖਸ਼ ਸਿੰਘ, ਸੰਤ ਸਿੰਘ (ਪ੍ਰਧਾਨ ਪ੍ਰਚਾਰਕ ਜਥਾ), ਸਾਧੂ ਸਿੰਘ, ਮਹੰਤ ਤੇਜਾ ਸਿੰਘ (ਗੁਰਦੁਆਰਾ ਡੇਹਰਾ ਸਾਹਿਬ ਲਾਹੌਰ)।

(ਇਸ ਮਗਰੋਂ ਗ੍ਰੰਥੀ ਨੇ 4 ਨਵੰਬਰ ਨੂੰ ਦਫ਼ਾ 107 ਹੇਠ ਇਕ ਦੀਵਾਨੀ ਦਾਅਵਾ ਦਾਇਰ ਕਰ ਦਿੱਤਾ। ਸਿੱਖਾਂ ਨੇ ਇਸ ਦੇ ਖਿਲਾਫ਼ ਪੈਰਵੀ ਨਾ ਕਰਨ ਦਾ ਫੈਸਲਾ ਕੀਤਾ। 6 ਜਨਵਰੀ 1921 ਨੂੰ ਅਦਾਲਤ ਨੇ ਗ੍ਰੰਥੀ ਨੂੰ ਇਕ ਤਰਫ਼ਾ 'ਡਿਕਰੀ' ਦੇ ਦਿੱਤੀ। ਫਿਰ ਉਸ ਨੇ ਦਫ਼ਾ 145 ਹੇਠ ਕੇਸ ਦਾਇਰ ਕੀਤਾ ਪਰ ਡੀ.ਸੀ. ਨੇ ਇਸ ਕੇਸ ਨੂੰ ਖ਼ਾਰਿਜ ਕਰ ਦਿੱਤਾ। ਇੰਞ ਗੁਰਦੁਆਰੇ ਦਾ ਇੰਤਜ਼ਾਮ ਹਮੇਸ਼ਾ ਵਾਸਤੇ ਸਿੱਖਾਂ ਦੇ ਹੱਥ ਵਿਚ ਆ ਗਿਆ)। ਪੰਜਾਬ ਦੇ ਖ਼ੁਫ਼ੀਆ ਮਹਿਕਮੇ ਦੇ ਇਕ ਮੁਖੀ ਅਫ਼ਸਰ ਵੀ.ਡਬਲਯੂ. ਸਮਿੱਥ (ਐਸ.ਪੀ., ਸੀ.ਆਈ.ਡੀ.) ਵੱਲੋਂ 22 ਫਰਵਰੀ 1922 ਦੇ ਦਿਨ ਬਰਤਾਨਵੀ ਸਰਕਾਰ ਨੂੰ ਭੇਜੀ ਇਕ ਖ਼ੁਫ਼ੀਆ ਰਿਪੋਰਟ ਵਿਚ ਵੀ ਇਸ ਦਾ ਜ਼ਿਕਰ ਹੈ ਕਿ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਸਿੱਖਾਂ ਨੇ ਸਭ ਤੋਂ ਪਹਿਲਾ ਕਬਜ਼ਾ ਗੁਰਦੁਆਰਾ ਚੁਮਾਲਾ ਸਾਹਿਬ 'ਤੇ ਹੀ ਕੀਤਾ ਸੀ।

1926: ਅਕਾਲੀ ਲਹਿਰ ਦੇ ਸਾਰੇ ਅਕਾਲੀ ਆਗੂ ਜੇਲ੍ਹ ਵਿਚੋਂ ਰਿਹਾਅ ਕਰ ਦਿੱਤੇ ਗਏ

ਗੁਰਦੁਆਰਾ ਸੁਧਾਰ ਲਹਿਰ ਦੌਰਾਨ ਸਿੱਖ ਆਗੂ ਇਕ ਸੱਚੇ ਦਲ ਖਾਲਸਾ ਵਾਂਗ ਜੂਝਦੇ ਰਹੇ ਅਤੇ ਇਕ 'ਸਰਬਤ ਖਾਲਸਾ' ਵਾਂਗ ਫ਼ੈਸਲੇ ਲੈਂਦੇ ਰਹੇ ਪਰ ਖ਼ੁਫ਼ੀਆ ਏਜੰਸੀਆਂ ਦੇ ਏਜੰਟ ਅਤੇ ਹਿੰਦੂ ਆਗੂਆਂ ਨੇ ਉਨ੍ਹਾਂ ਦਾ ਇਹ ਏਕਾ ਕਾਇਮ ਨਾ ਰਹਿਣ ਦਿੱਤਾ।

ਉਂਞ ਤਾਂ ਅਕਾਲੀ ਲੀਡਰਸ਼ਿਪ ਵਿਚ ਫੁੱਟ ਦਾ ਆਗ਼ਾਜ਼ 26 ਜਨਵਰੀ 1926 ਦੇ ਦਿਨ ਹੀ ਹੋ ਗਿਆ ਸੀ ਜਿਸ ਦਿਨ ਸ:ਬ: ਮਹਿਤਾਬ ਸਿੰਘ, ਗਿ: ਸ਼ੇਰ ਸਿੰਘ ਅਤੇ ਉਨ੍ਹਾਂ ਦੇ 21 ਹੋਰ

ਸਾਥੀ ਗੁਰਦੁਆਰਾ ਐਕਟ 'ਤੇ ਅਮਲ ਕਰਨ ਦੀ ਸ਼ਰਤ 'ਤੇ ਰਿਹਾ ਕਰ ਦਿਤੇ ਗਏ ਸਨ। ਸ਼ਰਤਾਂ ਮੰਨ ਕੇ ਆਏ ਆਗੂਆਂ ਨੂੰ **'ਲਿੱਦ ਕਰ ਆਏ'**, ਗੀਦੀ, ਬੁਜ਼ਦਿਲ ਤੇ ਕਈ ਹੋਰ ਖ਼ਿਤਾਬਾਂ ਨਾਲ ਨਿਵਾਜਿਆ ਗਿਆ।

ਉਨ੍ਹਾਂ ਨੇ ਜੇਲ੍ਹ ਤੋਂ ਬਾਹਰ ਆ ਕੇ ਸ਼੍ਰੋਮਣੀ ਕਮੇਟੀ ਦੀ ਚੋਣ ਕੀਤੀ। ਚੋਣ ਵਿਚ ਸ:ਬ: ਮਹਿਤਾਬ ਸਿੰਘ 77 ਵੋਟਾਂ ਲੈ ਕੇ ਭਾਗ ਸਿੰਘ ਕਨੇਡੀਅਨ ਦੀਆਂ 44 ਵੋਟਾਂ ਦੇ ਮੁਕਾਬਲੇ ਪਰਧਾਨ ਚੁਣੇ ਗਏ। ਇਸ ਚੋਣ ਵਾਲੀ ਮੀਟਿੰਗ ਵਿਚੋਂ ਅਮਰ ਸਿੰਘ ਝਬਾਲ, ਜਸਵੰਤ ਸਿੰਘ ਝਬਾਲ ਅਤੇ ਮੰਗਲ ਸਿੰਘ ਆਦਿਕ ਵਾਕ ਆਊਟ ਕਰ ਗਏ ਅਤੇ ਬਾਹਰ ਆ ਕੇ ਸ਼੍ਰੋਮਣੀ ਕਮੇਟੀ ਦੇ ਅੰਦਰ ਇਕ 'ਅਕਾਲੀ ਪਾਰਟੀ' ਬਣਾ ਲਈ। (ਦਰਅਸਲ ਇਹੀ, ਮਗਰੋਂ, ਅਜੋਕਾ ਸ਼੍ਰੋਮਣੀ ਅਕਾਲੀ ਦਲ ਬਣਿਆ) ਇਸ ਦੀ ਪਹਿਲੀ ਮੀਟਿੰਗ ਇਕ ਫ਼ਰਵਰੀ 1926 ਨੂੰ ਹੋਈ ਜਿਸ ਵਿਚ ਭਾਗ ਸਿੰਘ ਕਨੇਡੀਅਨ ਪ੍ਰਧਾਨ ਅਤੇ ਜਸਵੰਤ ਸਿੰਘ ਝਬਾਲ ਜਨਰਲ ਸਕੱਤਰ ਚੁਣੇ ਗਏ। ਹੁਣ ਅਕਾਲੀ ਪਾਰਟੀ ਨੇ ਜੇਲ੍ਹ ਅੰਦਰਲੇ ਆਗੂਆਂ ਦੀ ਰਿਹਾਈ ਵਾਸਤੇ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਅਤੇ ਸਰਦਾਰ ਬਹਾਦਰ ਪਾਰਟੀ ਵਿਰੁਧ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਉਹ ਸ਼ਰਤਾਂ ਮੰਨ ਕੇ ਜੇਲ੍ਹ 'ਚੋਂ ਬਾਹਰ ਆਏ ਹਨ। ਸ:ਬ: ਪਾਰਟੀ ਨੇ ਇਨ੍ਹਾਂ ਦੇ ਪ੍ਰਚਾਰ ਤੋਂ ਘਬਰਾ ਕੇ ਪੰਥਕ ਏਕਤਾ ਦੀ ਸਕੀਮ ਬਣਾਈ ਅਤੇ ਮਾਰਚ ਵਿਚ ਸ਼੍ਰੋਮਣੀ ਕਮੇਟੀ ਦੀ ਵਰਕਿੰਗ ਕਮੇਟੀ ਨੇ ਨਵੀਆਂ ਚੋਣਾਂ ਕਰਵਾਉਣ ਦਾ ਫ਼ੈਸਲਾ ਵੀ ਕੀਤਾ। ਇਸ ਸਬੰਧ ਵਿਚ ਇਕ ਚੋਣ ਸਬ-ਕਮੇਟੀ ਵੀ ਬਣਾਈ ਗਈ। ਇਸ ਚੋਣ ਸਬ-ਕਮੇਟੀ ਵਿਚ ਮੰਗਲ ਸਿੰਘ ਨੂੰ ਵੀ ਸ਼ਾਮਿਲ ਕਰ ਲਿਆ ਗਿਆ। ਮੰਗਲ ਸਿੰਘ ਨੇ ਸਬ-ਕਮੇਟੀ ਵਲੋਂ 11 ਅਪ੍ਰੈਲ 1926 ਨੂੰ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ। ਪਰ ਮਹਿਤਾਬ ਸਿੰਘ ਵਲੋਂ ਇਸ ਐਲਾਨ ਨੂੰ ਕੈਂਸਲ ਕਰ ਦਿੱਤਾ ਗਿਆ ਜਿਸ ਨਾਲ ਮੰਗਲ ਸਿੰਘ ਨੇ ਅਸਤੀਫ਼ਾ ਦੇ ਦਿੱਤਾ। ਅਪਣਾ ਨਾਂ ਬਚਾਉਣ ਲਈ ਮਹਿਤਾਬ ਸਿੰਘ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਕੇ ਕਰਤਾਰ ਸਿੰਘ ਦੀਵਾਨਾ ਨੂੰ ਪ੍ਰਧਾਨ ਬਣਾ ਦਿੱਤਾ। 28 ਮਾਰਚ ਨੂੰ ਸ਼੍ਰੋਮਣੀ ਕਮੇਟੀ ਦਾ ਆਮ ਇਜਲਾਸ ਹੋਇਆ। ਇਸ ਵਿਚ ਦੋਹਾਂ ਧਿਰਾਂ ਦੇ 196 ਮੈਂਬਰ ਸ਼ਾਮਿਲ ਹੋਏ। ਇਸ ਵਿਚ ਮਹਿਤਾਬ ਸਿੰਘ ਨੂੰ ਪ੍ਰਧਾਨ ਬਣਾਈ ਰੱਖਣ ਅਤੇ ਚੋਣਾਂ ਮੁਲਤਵੀ ਕਰਨ ਦਾ ਫ਼ੈਸਲਾ ਕੀਤਾ ਗਿਆ। ਪਰ ਮਹਿਤਾਬ ਸਿੰਘ ਦੀ ਵਿਗੜੀ ਸਾਖ ਫਿਰ ਨਾ ਬਣ ਸਕੀ ਕਿਉਂ ਕਿ ਉਹ ਪੇਂਡੂ ਇਲਾਕੇ ਵਿਚ ਬਹੁਤ ਬਦਨਾਮ ਹੋ ਚੁਕਿਆ ਸੀ। ਇਸ ਸਰਬਤ ਖ਼ਾਲਸਾ ਕਾਨਫ਼ਰੰਸ ਤੋਂ ਪਹਿਲਾਂ ਦੋਹਾਂ ਅਕਾਲੀ ਧੜਿਆਂ ਵਿਚ ਸਮਝੌਤਾ ਕਰਵਾਉਣ ਦੀ ਇਕ ਹੋਰ ਕੋਸ਼ਿਸ਼ ਵੀ ਹੋਈ ਸੀ। 16 ਮਈ 1926 ਨੂੰ ਕੁਝ ਨਿਰਪੱਖ ਸਿੱਖ ਆਗੂਆਂ ਤੇ ਵਿਦਵਾਨਾਂ, ਜਿਨ੍ਹਾਂ ਵਿਚ ਪ੍ਰਿ: ਤੇਜਾ ਸਿੰਘ, ਨਰੈਣ ਸਿੰਘ ਵਕੀਲ, ਜੋਗਿੰਦਰ ਸਿੰਘ, ਅਭੈ ਸਿੰਘ, ਪ੍ਰਤਾਪ ਸਿੰਘ, ਪ੍ਰਿ: ਗੰਗਾ ਸਿੰਘ ਤੇ ਗੁਰਮੁੱਖ ਸਿੰਘ ਮੁਸਾਫ਼ਿਰ ਵੀ ਸਨ, ਦਾ ਇਕ ਸਾਲਸੀ ਬੋਰਡ ਬਣਿਆ। ਇਸ ਸਾਲਸੀ ਬੋਰਡ ਨੇ 6 ਜੂਨ 1926 ਨੂੰ ਆਪਣਾ ਫ਼ੈਸਲਾ ਦਿੱਤਾ, ਜੋ 7 ਜੂਨ ਨੂੰ ਅਕਾਲ ਤਖ਼ਤ ਸਾਹਿਬ ਤੋਂ ਸੁਣਾਇਆ ਗਿਆ। ਫ਼ੈਸਲੇ ਅਨੁਸਾਰ ਬੋਰਡ ਨੇ ਦੋਹਾਂ ਧਿਰਾਂ ਦੀ ਨਿੰਦਾ ਕੀਤੀ ਤੇ ਕਿਹਾ ਕਿ ਅਕਾਲੀ ਪਾਰਟੀ ਤੇ ਮਹਿਤਾਬ ਸਿੰਘ ਪਾਰਟੀ ਨੂੰ ਇਕ ਦੂਜੇ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ ਤੇ ਅਗੋਂ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਪਰ, ਪਰਨਾਲਾ ਉੱਥੇ ਦਾ ਉੱਥੇ ਰਿਹਾ।

ਸੈਂਟਰਲ ਬੋਰਡ ਦੀਆਂ ਚੋਣਾਂ ਤੋਂ ਇਕ ਮਹੀਨੇ ਮਗਰੋਂ 17 ਜੁਲਾਈ 1926 ਨੂੰ ਤੇਜਾ ਸਿੰਘ ਸਮੁੰਦਰੀ ਲਾਹੌਰ ਕਿਲੇ ਵਿਚ ਚਲਾਣਾ ਕਰ ਗਏ ਅਤੇ ਜੇਲ੍ਹ ਵਿਚ ਮਾਸਟਰ ਤਾਰਾ ਸਿੰਘ ਅਕਾਲੀ ਗਰੁਪ ਦੇ ਨੇਤਾ ਚੁਣੇ ਗਏ। ਸੈਂਟਰਲ ਬੋਰਡ ਦੀ ਪਹਿਲੀ ਮੀਟਿੰਗ 4 ਸਤੰਬਰ 1926 ਨੂੰ ਟਾਊਨ ਹਾਲ ਅੰਮ੍ਰਿਤਸਰ ਵਿਚ ਹੋਈ। ਡੀ.ਸੀ. ਦੀ ਹਾਜ਼ਰੀ ਵਿਚ ਸੈਂਟਰਲ ਬੋਰਡ ਦੇ ਅਹੁਦੇਦਾਰਾਂ ਦੀ ਪਹਿਲੀ ਚੋਣ ਹੋਈ। ਪ੍ਰਧਾਨਗੀ ਵਾਸਤੇ ਅਕਾਲੀ ਪਾਰਟੀ ਦੀ ਮਦਦ ਨਾਲ

ਜਿੱਤੇ ਜੋਗਿੰਦਰ ਸਿੰਘ ਵਕੀਲ ਰਾਏਪੁਰ, ਮਹਿਤਾਬ ਸਿੰਘ ਪਾਰਟੀ ਦੇ ਉਮੀਦਵਾਰ ਸਨ ਤੇ ਅਕਾਲੀ ਦਲ ਵਲੋਂ ਮੰਗਲ ਸਿੰਘ। ਮੰਗਲ ਸਿੰਘ 53 ਦੇ ਮੁਕਾਬਲੇ 82 ਵੋਟਾਂ ਨਾਲ ਚੁਣੇ ਗਏ। ਇਸੇ ਮੀਟਿੰਗ ਵਿਚ 14 ਮੈਂਬਰ ਨਾਮਜ਼ਦ ਹੋਏ ਜਿਸ ਵਿਚੋਂ 9 ਅਕਾਲੀ ਪਾਰਟੀ ਅਤੇ 5 ਸਰਦਾਰ ਬਹਾਦਰ ਪਾਰਟੀ ਦੇ ਸਨ। ਸੈਂਟਰਲ ਬੋਰਡ ਦੀ ਬਾਕਾਇਦਾ ਮੀਟਿੰਗ 2 ਅਕਤੂਬਰ 1926 ਨੂੰ ਹੋਈ। ਇਸ ਤੋਂ ਕੁਝ ਦਿਨ ਪਹਿਲਾਂ, 27 ਸਤੰਬਰ ਨੂੰ, ਲਾਹੌਰ ਕਿਲ੍ਹੇ ਦੇ ਬਾਕੀ ਅਕਾਲੀ ਲੀਡਰ ਵੀ ਛੱਡ ਦਿੱਤੇ ਗਏ ਸਨ।

1979: ਗੁਰਚਰਨ ਸਿੰਘ ਟੌਹੜਾ ਤੇ ਜਗਦੇਵ ਸਿੰਘ ਤਲਵੰਡੀ ਨੇ ਅਕਾਲ ਤਖ਼ਤ ਦੇ ਪੁਜਾਰੀਆਂ ਨੂੰ ਬਾਦਲ ਦੇ ਖ਼ਿਲਾਫ਼ ਵਰਤਣ ਦੀ ਕੋਸ਼ਿਸ਼ ਕੀਤੀ

ਜੂਨ 1977 ਵਿਚ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਬਣੀ ਸੀ। ਪ੍ਰਕਾਸ਼ ਸਿੰਘ ਬਾਦਲ ਚੀਫ਼ ਮਨਿਸਟਰ, ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਜਗਦੇਵ ਸਿੰਘ ਤਲਵੰਡੀ ਪ੍ਰਧਾਨ ਅਕਾਲੀ ਦਲ ਸਨ। ਬਾਦਲ ਸਰਕਾਰ ਹੋਣ ਕਰ ਕੇ ਸਾਰੀ ਸਿਆਸੀ ਤਾਕਤ ਉਸ ਦੇ ਹੱਥ ਵਿਚ ਸੀ। ਟੌਹੜਾ ਤੇ ਤਲਵੰਡੀ ਚਾਹੁੰਦੇ ਸਨ ਕਿ ਉਹ ਵੀ ਸਰਕਾਰੀ ਤਾਕਤ ਦਾ ਨਿੱਘ, ਆਨੰਦ ਤੇ ਨਸ਼ਾ ਮਾਨਣ। ਇੰਞ ਆਪਸ ਵਿਚ ਖਿੱਚੋਤਾਣ ਚੱਲ ਰਹੀ ਸੀ। ਦੂਜੇ ਪਾਸੇ, ਪ੍ਰਕਾਸ਼ ਸਿੰਘ ਬਾਦਲ ਸਾਰੀ ਤਾਕਤ ਆਪਣੇ ਹੱਥ ਵਿਚ ਰਖਣੀ ਚਾਹੁੰਦਾ ਸੀ। ਉਸ ਦੀ ਖ਼ਾਹਿਸ਼ ਸੀ ਕਿ ਉਹ ਕਿਸੇ ਅਜਿਹੇ ਬੰਦੇ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਵੇ, ਜੋ ਉਸ ਦਾ ਜੀ-ਹਜ਼ੂਰ ਹੋਵੇ ਤੇ ਇਸ ਮਗਰੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਵੀ ਆਪਣੇ ਕਿਸੇ ਵਫ਼ਾਦਾਰ ਨੂੰ ਦਿੱਤੀ ਜਾਵੇ। ਇੰਞ ਇਹ ਤਿੰਨ-ਧਿਰੀ ਸਾਜ਼ਸ਼ੀ ਮਾਹੌਲ ਕਾਫ਼ੀ ਦੇਰ ਪਨਪਦਾ ਰਿਹਾ।

ਸਤੰਬਰ 1979 ਦੇ ਆਖਰੀ ਦਿਨਾਂ ਵਿਚ ਬਾਦਲ ਧੜੇ ਦੇ 50 ਸਰਗਰਮ ਵਰਕਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਚੋਣ ਵਾਸਤੇ 10 ਅਕਤੂਬਰ ਨੂੰ ਮੀਟਿੰਗ ਬੁਲਾਉਣ ਦਾ ਨੋਟਿਸ ਦਿੱਤਾ। ਇਸ ਚਿੱਠੀ ਉੱਤੇ ਉਮਰਾਨੰਗਲ, ਵੈਦ ਕਰਤਾਰ ਸਿੰਘ, ਹਰੀ ਸਿੰਘ ਜ਼ੀਰਾ ਵਗੈਰਾ ਦੇ ਦਸਤਖਤ ਸਨ। ਤਲਵੰਡੀ ਨੇ ਮੀਟਿੰਗ ਬੁਲਾਉਣ ਦੀ ਥਾਂ ਇਨ੍ਹਾਂ 50 ਵਿਚੋਂ ਪੰਜ ਮੁਖ ਵਰਕਰਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ। ਇਸ ਦੇ ਨਾਲ ਹੀ ਤਲਵੰਡੀ ਨੇ ਇਕ ਬਿਆਨ ਵਿਚ ਆਖਿਆ ਕਿ ਮੀਟਿੰਗ ਬੁਲਾਉਣ ਦੀ ਚਿੱਠੀ 'ਤੇ ਦਸਤਖ਼ਤ ਕਰਨ ਵਾਲਿਆਂ ਵਿਚੋਂ ਬਹੁਤੇ ਤਾਂ ਪਾਰਟੀ ਵਿਚੋਂ ਕਾਫ਼ੀ ਦੇਰ ਪਹਿਲੋਂ ਹੀ ਕੱਢੇ ਜਾ ਚੁੱਕੇ ਸਨ। ਇਨ੍ਹਾਂ ਨੂੰ ਇਕ ਸਬ-ਕਮੇਟੀ, ਜਿਸ ਵਿਚ ਬਾਦਲ ਖ਼ੁਦ ਇਕ ਮੈਂਬਰ ਸੀ, ਨੇ ਪਾਰਟੀ ਵਿਚੋਂ ਇਸ ਕਰ ਕੇ ਖਾਰਿਜ ਕਰ ਦਿੱਤਾ ਸੀ, ਕਿਉਂਕਿ ਇਨ੍ਹਾਂ ਨੇ ਮਾਰਚ 1979 ਦੀਆਂ ਗੁਰਦੁਆਰਾ ਚੋਣਾਂ ਵਿਚ ਪਾਰਟੀ ਉਮੀਦਵਾਰਾਂ ਦੇ ਖ਼ਿਲਾਫ਼ ਚੋਣਾਂ ਲੜੀਆਂ ਸਨ ਜਾਂ ਮੁਖ਼ਾਲਿਫ਼ ਉਮੀਦਵਾਰਾਂ ਦੀ ਹਿਮਾਇਤ ਕੀਤੀ ਸੀ।

ਉਨ੍ਹੀਂ ਦਿਨੀਂ ਗੁਰਚਰਨ ਸਿੰਘ ਟੌਹੜਾ ਤੇ ਤਲਵੰਡੀ ਇਕ ਦੂਜੇ ਦੇ ਬਹੁਤ ਨੇੜੇ ਸਨ; ਸ਼ਾਇਦ ਇਸ ਕਰ ਕੇ ਦੋਵੇਂ ਬਾਦਲ ਦੇ ਹੱਥ ਆਈ ਸਰਕਾਰੀ ਤਾਕਤ ਤੋਂ ਮਰਿਹੂਮ ਸਨ। ਇਸ ਹਾਲਤ ਵਿਚ ਤਲਵੰਡੀ ਨੇ ਪਾਰਟੀ ਦਾ ਜਨਰਲ ਇਜਲਾਸ ਬੁਲਾਉਣ ਦੀ ਬਜਾਇ ਟੌਹੜਾ ਦਾ ਸਾਥ ਹਾਸਿਲ ਕਰ ਕੇ ਅਕਾਲ ਤਖ਼ਤ ਸਾਹਿਬ ਨੂੰ ਵਰਤਣ ਦੀ ਸਾਜ਼ਿਸ਼ ਘੜੀ। ਉਨ੍ਹਾਂ ਦੋਹਾਂ ਆਗੂਆਂ ਨੇ 26 ਸਤੰਬਰ 1979 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਕੋਲ ਇਕ 'ਪਟੀਸ਼ਨ' ਪੇਸ਼ ਕੀਤੀ, ਜਿਸ ਵਿਚ ਬਾਦਲ ਉੱਤੇ ਪੰਥ ਨੂੰ ਨੁਕਸਾਨ ਪਹੁੰਚਾਉਣ ਦਾ ਇਲਜ਼ਾਮ ਲਾਇਆ ਅਤੇ ਨਾਲ ਹੀ ਆਪਣੇ-ਆਪਣੇ ਅਹੁਦਿਆਂ ਤੋਂ ਅਸਤੀਫ਼ੇ ਵੀ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੂੰ ਪੇਸ਼ ਕਰ ਦਿੱਤੇ।

ਟੌਹੜਾ ਤੇ ਤਲਵੰਡੀ ਵਲੋਂ ਲਾਏ ਇਲਜ਼ਾਮ ਸਨ: *(ਤਲਵੰਡੀ ਤੇ ਟੌਹੜਾ ਵਲੋਂ ਛਾਪੇ ਪੈਂਫਲਟ 'ਸਾਡੇ ਅਸਤੀਫ਼ੇ ਕਿਉਂ' ਮੁਤਾਬਿਕ)*: *"ਬਾਦਲ ਅੰਦਰੋਂ-ਅੰਦਰੀਂ ਆਪਣੀ ਇਜਾਰੇਦਾਰੀ*

ਤੇ 'ਧੜਾ' ਕਾਇਮ ਕਰ ਰਿਹਾ ਹੈ। ਇਸ ਮਕਸਦ ਵਾਸਤੇ ਉਸ ਦਾ ਧੜਾ ਕਈ ਸਾਜ਼ਿਸ਼ਾਂ ਕਰ ਰਿਹਾ ਹੈ। ਇਸ ਲੜੀ ਵਿਚ ਸਭ ਤੋਂ ਪਹਿਲੀ ਸਾਜ਼ਿਸ਼ ਮਾਰਚ 1978 ਵਿਚ ਰਾਜ ਸਭਾ ਚੋਣਾਂ ਸੀ। ਇਨ੍ਹਾਂ ਚੋਣਾਂ ਵਿਚ ਬਾਦਲ ਧੜੇ ਦੇ 7 ਐਮ.ਐਲ.ਏਜ਼ ਨੇ ਆਪਣੀਆਂ ਵੋਟਾਂ ਅਕਾਲੀ ਉਮੀਦਵਾਰ ਡਾਕਟਰ ਰਾਜਿੰਦਰ ਕੌਰ ਦੀ ਥਾਂ ਕਾਂਗਰਸੀ ਉਮੀਦਵਾਰ ਨੂੰ ਪਾਈਆਂ, ਪਰ ਅਕਾਲੀ ਆਗੂਆਂ ਨੇ ਫੁਟ ਦੇ ਡਰ ਤੋਂ ਕੋਈ ਐਕਸ਼ਨ ਨਾ ਲਿਆ। ਫਿਰ ਅਕਤੂਬਰ 1978 ਵਿਚ ਬਾਦਲ ਨੇ ਹਿੰਦੂ ਫ਼ਿਰਕਾਪ੍ਰਸਤਾਂ ਦੇ ਖ਼ਿਲਾਫ਼ ਬੋਲਣ 'ਤੇ ਸੁਖਵਿੰਦਰ ਸਿੰਘ ਤੋਂ ਵਜ਼ੀਰੀ ਖੋਹ ਲਈ। ਅਕਾਲੀ ਦਲ ਨੇ ਇਸ ਮਸਲੇ 'ਤੇ ਵਿਚਾਰ ਕਰਨ ਵਾਸਤੇ 14 ਅਕਤੂਬਰ 1978 ਨੂੰ ਇਕ ਮੀਟਿੰਗ ਬੁਲਾ ਲਈ। ਬਾਦਲ ਨੇ ਹਜ਼ਾਰਾਂ ਬੰਦੇ ਅੰਮ੍ਰਿਤਸਰ ਢੋਅ ਕੇ ਤਾਕਤ ਦੇ ਸ਼ੋਅ ਨਾਲ ਇਸ ਮੀਟਿੰਗ ਨੂੰ ਤਾਰਪੀਡੋ ਕੀਤਾ। ਫਿਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ (ਮਾਰਚ 1979) ਦੇ ਉਮੀਦਵਾਰਾਂ ਦੀ ਚੋਣ ਵੇਲੇ ਵੀ ਬਾਦਲ ਨੇ ਪਾਰਟੀ ਉਮੀਦਵਾਰਾਂ ਦੇ ਖ਼ਿਲਾਫ਼ ਕਈ ਸਾਥੀ ਖੜ੍ਹੇ ਕਰ ਦਿੱਤੇ। ਉਧਰ ਉਮਰਾਨੰਗਲ ਸ਼ਰੇਆਮ ਨਿਰੰਕਾਰੀਆਂ ਦਾ ਪੱਖ ਲੈਂਦਾ ਰਿਹਾ। ਪਰ ਬਾਦਲ ਨੇ ਉਸ 'ਤੇ ਐਕਸ਼ਨ ਲੈਣੋਂ ਰੋਕਿਆ।

ਬਾਦਲ ਜਨਸੰਘੀਆਂ (ਹੁਣ ਭਾਜਪਾ) ਦੇ ਅਸਰ ਹੇਠ ਏਨਾ ਆ ਚੁਕਾ ਹੈ ਕਿ ਉਸ ਨੇ ਤਾਂ ਗੁਰਦੁਆਰਿਆਂ ਦੀਆਂ ਜ਼ਮੀਨਾਂ ਨੂੰ ਵੀ 'ਰੈਂਟ ਕੰਟਰੋਲ ਐਕਟ' ਤੋਂ ਆਜ਼ਾਦ ਕਰਾਉਣ ਤੋਂ ਨਾਂਹ ਕਰ ਦਿੱਤੀ ਤੇ ਇਸ ਮਸਲੇ ਬਾਰੇ ਮਨਮੋਹਣ ਕਾਲੀਆ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾ ਦਿੱਤੀ।

ਬਾਦਲ ਨੇ ਹਰ ਐਕਸ਼ਨ ਆਰ.ਐਸ.ਐਸ. ਦੀ ਸਲਾਹ ਨਾਲ ਕਰਨਾ ਸ਼ੁਰੂ ਕਰ ਦਿੱਤਾ। ਹਰ ਪਾਸੇ ਜਨਸੰਘੀਆਂ ਤੇ ਸਾਬਕ ਕਾਂਗਰਸੀਆਂ ਨੂੰ ਅਹੁਦੇ ਦੇ ਦਿੱਤੇ ਗਏ ਜਦ ਕਿ ਸੰਜੀਦਾ ਅਕਾਲੀ ਵਰਕਰਾਂ ਨੂੰ ਖੁੱਡੇ-ਲਾਈਨ ਲਾ ਦਿੱਤਾ ਗਿਆ। ਪੰਜਾਬ ਵਿਚ ਨਾਂ ਨੂੰ 'ਅਕਾਲੀ' ਸਰਕਾਰ ਹੈ ਪਰ ਅਸਲ ਵਿਚ ਇਸ ਦੀ ਵਾਗਡੋਰ ਜਨਸੰਘ ਤੇ ਆਰ.ਐਸ.ਐਸ. ਦੇ ਹੱਥ ਵਿਚ ਹੈ। ਬਾਦਲ ਨੇ ਅਕਾਲੀ ਦਲ ਦੀ ਪ੍ਰਧਾਨਗੀ ਨੂੰ ਵੀ ਆਪਣੀ ਮੁਠ ਵਿਚ ਰੱਖਣ ਦੀ ਸਾਜ਼ਿਸ਼ ਰਚ ਲਈ ਹੈ। ਉਸ ਨੇ ਤਾਂ ਤਰਨਤਾਰਨ ਵਿਚ ਲੌਂਗੋਵਾਲ ਨੂੰ ਦਲ ਦਾ ਪ੍ਰਧਾਨ ਵੀ ਐਲਾਨ ਕਰ ਦਿੱਤਾ ਸੀ। ਉਸ ਨੇ ਇਸ ਨੂੰ ਇਕ ਰਸਮੀ 'ਇਜਲਾਸ' ਵਿਚ ਅਮਲ ਵਿਚ ਲਿਆਉਣ ਦੀ ਸਕੀਮ ਵੀ ਤਿਆਰ ਕਰ ਲਈ ਹੈ। 10 ਅਕਤੂਬਰ ਦੇ ਦਿਨ ਇਜਲਾਸ ਵੀ ਸਦ ਲਿਆ ਹੈ। ਉਸ ਨੇ ਇਸ ਮਕਸਦ ਲਈ ਡੈਲੀਗੇਟਾਂ ਨੂੰ ਵੀ ਧਮਕਾਉਣਾ ਸ਼ੁਰੂ ਕਰ ਦਿੱਤਾ ਹੈ।"

ਟੌਹੜਾ ਤੇ ਤਲਵੰਡੀ ਦੀ ਦਰਖ਼ਾਸਤ ਮਗਰੋਂ ਸਾਧੂ ਸਿੰਘ (ਮੁਖ ਸੇਵਾਦਾਰ ਅਕਾਲ ਤਖ਼ਤ) ਨੇ ਲੌਂਗੋਵਾਲ ਨੂੰ ਅਕਾਲ ਤਖ਼ਤ 'ਤੇ ਤਲਬ ਕਰ ਲਿਆ। ਲੌਂਗੋਵਾਲ 30 ਸਤੰਬਰ ਨੂੰ ਸਾਧੂ ਸਿੰਘ ਭੌਰਾ ਨੂੰ ਮਿਲਿਆ। ਇਸੇ ਦਿਨ ਬਾਦਲ ਨੇ ਬਿਆਨ ਦਿੱਤਾ ਕਿ ਮੈਂ ਚੀਫ਼ ਮਨਿਸਟਰ ਵਜੋਂ ਨਹੀਂ ਬਲਕਿ ਇਕ ਨਿਮਾਣੇ ਸਿੱਖ ਵਜੋਂ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਵਾਂਗਾ।

1981: ਅਕਾਲੀ ਦਲ ਨੇ ਖ਼ੁਫ਼ੀਆ ਮੀਟਿੰਗ ਕਰ ਕੇ ਸਰਕਾਰ ਨੂੰ ਧਮਕੀ ਦਿੱਤੀ ਕਿ ਜੇ ਭਿੰਡਰਾਂਵਾਲਾ ਨੂੰ 18 ਨਵੰਬਰ ਤਕ ਰਿਹਾ ਨਾ ਕੀਤਾ ਤਾਂ ਅਸੀਂ ਨਾ ਮਿਲਵਰਤਣ ਲਹਿਰ ਚਲਾਵਾਂਗੇ

20 ਸਤੰਬਰ 1981 ਦੇ ਦਿਨ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਗ੍ਰਿਫ਼ਤਰੀ ਮਗਰੋਂ, ਸਿੱਖ ਨੌਜਵਾਨਾਂ ਅਤੇ ਆਮ ਸੰਗਤ ਵੱਲੋਂ ਭਿੰਡਰਾਂਵਾਲਿਆਂ ਨਾਲ ਏਨਾ ਜ਼ਿਆਦਾ ਮਿਲਵਰਤਣ ਦਿੱਤੇ ਜਾਣ ਨਾਲ ਅਕਾਲੀ ਦਲ ਦੇ ਕੁਝ ਆਗੂਆਂ ਨੂੰ ਇਹ ਸ਼ੱਕ ਪੈਣਾ ਸ਼ੁਰੂ ਹੋ ਗਿਆ ਕਿ ਜੇ ਇਸੇ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਸਿੱਖ ਕੌਮ ਦੀ ਅਗਵਾਈ ਅਕਾਲੀ ਪਾਰਟੀ ਦੇ ਹੱਥੋਂ ਨਿਕਲ ਕੇ ਭਿੰਡਰਾਂਵਾਲੇ ਦੇ ਹੱਥ ਵਿਚ ਆ ਜਾਵੇਗੀ। ਇਸੇ ਤਰ੍ਹਾਂ ਸਟੂਡੈਂਟਸ ਫ਼ੈਡਰੇਸ਼ਨ

ਵੀ, ਪ੍ਰਧਾਨ ਭਾਈ ਅਮਰੀਕ ਸਿੰਘ ਦੇ ਭਿੰਡਰਾਂ-ਮਹਿਤਾ ਜਥੇ ਨਾਲ ਸਬੰਧਤ ਹੋਣ ਕਰ ਕੇ ਭਿੰਡਰਾਂਵਾਲੇ ਦੇ ਨਾਲ ਸੀ। ਦਲ ਖਾਲਸਾ ਅਤੇ ਬਬਰ ਖਾਲਸਾ ਦੇ ਅਤੇ ਹੋਰ ਖਾੜਕੂ ਸਿੱਖ ਵੀ ਭਿੰਡਰਾਂਵਾਲੇ ਦੀ ਪੂਰੀ ਹਿਮਾਇਤ ਕਰਦੇ ਸਨ। ਡਾ: ਰਜਿੰਦਰ ਕੌਰ ਦਾ ਔਰਤਾਂ ਦਾ ਅਕਾਲੀ ਦਲ ਪਹਿਲੋਂ ਹੀ 'ਗਰਮ ਪਾਲਿਸੀ' ਵਾਲੀ ਜਥੇਬੰਦੀ ਸੀ।...ਇਹ ਸਾਰੀਆਂ ਗੱਲਾਂ ਸਾਹਵੇਂ ਰੱਖ ਕੇ ਅਕਾਲੀ ਦਲ ਨੇ 27 ਸਤੰਬਰ ਨੂੰ ਲੁਧਿਆਣੇ ਦੇ ਗੁਰਦੁਆਰਾ ਆਲਮਗੀਰ ਵਿਚ ਇਕ ਹੰਗਾਮੀ ਮੀਟਿੰਗ ਬੁਲਾ ਲਈ। ਇਸ ਮੀਟਿੰਗ ਦੀ ਕਾਰਵਾਈ ਪੂਰੀ ਤਰ੍ਹਾਂ ਖ਼ੁਫ਼ੀਆ ਰੱਖੀ ਗਈ ਸੀ। ਮੀਟਿੰਗ ਦੀ ਕਾਰਵਾਈ ਖਤਮ ਹੋਣ ਮਗਰੋਂ ਅਕਾਲੀ ਦਲ ਨੇ ਐਲਾਨ ਕੀਤਾ ਕਿ ਜੇ ਭਿੰਡਰਾਂਵਾਲੇ ਨੂੰ 17 ਅਕਤੂਬਰ ਤੱਕ ਰਿਹਾ ਨਾ ਕੀਤਾ ਗਿਆ ਤਾਂ ਅਕਾਲੀ ਦਲ 18 ਅਕਤੂਬਰ 1981 ਤੋਂ ਸਿਵਲ-ਨਾਫ਼ੁਰਮਾਨੀ ਦੀ ਲਹਿਰ ਸ਼ੁਰੂ ਕਰ ਦੇਵੇਗਾ।

1990: ਜਗਜੀਤ ਸਿੰਘ ਅੰਬਾਲਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

27 ਸਤੰਬਰ 1990 ਦੇ ਦਿਨ ਪੁਲਸ ਨੇ ਜਗਜੀਤ ਸਿੰਘ (ਪੁੱਤਰ ਅਮਰ ਸਿੰਘ, ਵਾਸੀ ਅੰਬਾਲਾ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਮਹਿੰਦਰ ਸਿੰਘ ਭਾਈ ਬਖ਼ਤੌਰ, ਹਰਦੇਵ ਸਿੰਘ ਠੱਠਾ, ਕੁਲਵੰਤ ਸਿੰਘ ਕੰਤਾ ਯਾਦੂਪੁਰ, ਅਵਤਾਰ ਸਿੰਘ ਬਿੱਲੂ, ਰਣਜੀਤ ਸਿੰਘ ਰਾਜੂ ਕਲੇਰ, ਕੁਲਵੰਤ ਸਿੰਘ ਬਹਿਲਾ ਤੇ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਸਤਾਈ ਸਤੰਬਰ 1992 ਦੇ ਦਿਨ ਪੁਲਸ ਨੇ ਮਹਿੰਦਰ ਸਿੰਘ (ਪੁੱਤਰ ਅਰਜਨ ਸਿੰਘ, ਵਾਸੀ ਭਾਈ ਬਖ਼ਤੌਰ, ਨੇੜੇ ਮੈਸਰ ਖਾਨਾ, ਜ਼ਿਲ੍ਹਾ ਬਠਿੰਡਾ), ਹਰਦੇਵ ਸਿੰਘ (ਪੁੱਤਰ ਮਹਿੰਦਰ ਸਿੰਘ, ਵਾਸੀ ਠੱਠਾ, ਜ਼ਿਲ੍ਹਾ ਅੰਮ੍ਰਿਤਸਰ), ਕੁਲਵੰਤ ਸਿੰਘ ਕੰਤਾ (ਵਾਸੀ ਯਾਦੂਪੁਰ), ਅਵਤਾਰ ਸਿੰਘ ਉਰਫ਼ ਬਿੱਲੂ (ਦੋ ਸੌ ਕਤਲਾਂ ਦਾ ਜ਼ਿੰਮੇਦਾਰ ਗਰਦਾਨ ਕੇ), ਰਣਜੀਤ ਸਿੰਘ ਉਰਫ਼ ਰਾਜੂ (ਪੁੱਤਰ ਸੇਵਾ ਸਿੰਘ, ਵਾਸੀ ਕਲੇਰ) ਤੇ ਕੁਲਵੰਤ ਸਿੰਘ (ਬਹਿਲਾ, ਤਰਨਤਾਰਨ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

28 ਸਤੰਬਰ

1940: ਅਕਾਲੀ ਦਲ ਨੇ ਮੋਹਨ ਦਾਸ (ਮਹਾਤਮਾ) ਗਾਂਧੀ ਵੱਲੋਂ ਕਿਰਪਾਨ ਦੇ ਖ਼ਿਲਾਫ਼ ਘਟੀਆ ਲਫ਼ਜ਼ ਕਹਿਣ 'ਤੇ ਨਿੰਦਾ ਦਾ ਮਤਾ ਪਾਸ ਕੀਤਾ

ਅਗਸਤ 1940 ਹੀ ਮਾਸਟਰ ਤਾਰਾ ਸਿੰਘ ਨੇ ਕਾਂਗਰਸ ਪ੍ਰਧਾਨ ਮੌਲਾਨਾ ਆਜ਼ਾਦ ਨੂੰ ਲਿਖੇ ਇਕ ਖ਼ਤ ਵਿਚ ਫ਼ੌਜ ਵਿਚ ਸਿੱਖਾਂ ਦੀ ਵਧੇਰੇ ਭਰਤੀ ਦੀ ਗੱਲ ਆਖੀ ਹੋਈ ਸੀ। ਮਾਸਟਰ ਤਾਰਾ ਸਿੰਘ ਨੇ ਇਸ ਦੀ ਇਕ ਕਾਪੀ ਗਾਂਧੀ ਨੂੰ ਵੀ ਭੇਜ ਦਿਤੀ ਸੀ। ਗਾਂਧੀ ਨੇ ਮਾਸਟਰ ਤਾਰਾ ਸਿੰਘ ਦੀ ਚਿੱਠੀ ਦੇ ਜਵਾਬ ਵਿਚ ਇਹ ਵੀ ਲਿਖਿਆ:

"You have nothing in common with Congress --- you believe in the rule of sword, the Congress does not... ('ਤੁਹਾਡੇ ਅਤੇ ਕਾਂਗਰਸ ਵਿਚ ਕੁਝ ਵੀ ਸਾਂਝਾ ਨਹੀਂ। ਤੁਸੀਂ ਕਿਰਪਾਨ ਵਿਚ ਯਕੀਨ ਰਖਦੇ ਹੋ ਤੇ ਕਾਂਗਰਸ ਨਹੀਂ')।

ਇਸ 'ਤੇ ਮਾਸਟਰ ਤਾਰਾ ਸਿੰਘ ਨੇ ਗਾਂਧੀ ਨਾਲ ਹੋਈ ਖ਼ਤੋ-ਖ਼ਿਤਾਬਤ ਪ੍ਰੈਸ ਨੂੰ ਰਿਲੀਜ਼ ਕਰਨ ਦੇ ਨਾਲ ਹੀ 12 ਸਤੰਬਰ 1940 ਨੂੰ ਕੌਮੀ ਤੇ ਸੂਬਾਈ ਕਾਂਗਰਸ ਤੋਂ ਅਸਤੀਫ਼ੇ ਦੇ ਦਿੱਤੇ। ਪਰ 18 ਸਤੰਬਰ 1940 ਨੂੰ ਮਾਸਟਰ ਤਾਰਾ ਸਿੰਘ ਨੇ ਐਲਾਨ ਕੀਤਾ ਕਿ ਕਾਂਗਰਸ ਤੋਂ ਮੇਰਾ ਅਸਤੀਫ਼ਾ ਸ਼ਖ਼ਸੀ ਹੈ ਅਕਾਲੀ ਦਲ ਕਾਂਗਰਸ ਦੇ ਨਾਲ ਹੀ ਰਹੇਗਾ। 28 ਸਤੰਬਰ 1940 ਨੂੰ

ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਗਾਂਧੀ ਦੇ ਸਿੱਖਾਂ ਸਬੰਧੀ ਲਫ਼ਜ਼ਾਂ ਦੀ ਨਿੰਦਾ ਕੀਤੀ ਤੇ ਮੰਗ ਕੀਤੀ ਕਿ ਕਾਂਗਰਸ ਮੌਲਾਨਾ ਆਜ਼ਾਦ ਦੇ ਬਿਆਨ ਬਾਰੇ ਆਪਣੀ ਪੁਜੀਸ਼ਨ ਸਾਫ਼ ਕਰੇ।

1968: ਬਟਾਲਾ ਦੀ ਅਕਾਲੀ ਕਾਨਫ਼ਰੰਸ ਨੇ ਸੂਬਿਆਂ ਵਾਸਤੇ ਵਧ ਹੱਕਾਂ ਦੀ ਮੰਗ ਦਾ ਮਤਾ ਪਾਸ ਕੀਤਾ

ਫਤਹਿ ਸਿੰਘ ਅਕਾਲੀ ਦਲ ਦੀ ਸਰਬ ਹਿੰਦ ਅਕਾਲੀ ਕਾਨਫ਼ਰੰਸ 28-29 ਸਤੰਬਰ 1968 ਦੇ ਦਿਨ ਬਟਾਲੇ ਵਿਖੇ ਹੋਈ। ਇਸ ਦੇ ਭਾਰੀ ਇਕੱਠ ਵਿਚ ਅਕਾਲੀ ਦਲ ਨੇ ਮਤਾ ਪਾਸ ਕਰ ਕੇ ਮੰਗ ਕੀਤੀ ਕਿ ਸੂਬਿਆਂ ਦੇ ਗਵਰਨਰਾਂ ਦੀ ਚੋਣ ਅਮਰੀਕਾ ਵਾਂਗ ਸਿੱਧੀ ਹੋਵੇ ਤੇ ਇਸ ਵਾਸਤੇ ਭਾਰਤ ਦੇ ਆਈਨ ਵਿਚ ਤਬਦੀਲੀ ਕੀਤੀ ਜਾਵੇ। ਇਸ ਤੋਂ ਇਲਾਵਾ ਪੰਜਾਬ ਵਿਚ ਭਾਰੀ ਇੰਡਸਟਰੀ ਲਾਉਣ ਦੀ ਮੰਗ ਕੀਤੀ ਗਈ ਤੇ ਚੰਡੀਗੜ੍ਹ, ਭਾਖੜਾ ਤੇ ਹੋਰ ਪੰਜਾਬੀ ਬੋਲਦੇ ਇਲਾਕੇ ਛੇਤੀ ਹੀ ਪੰਜਾਬ ਨੂੰ ਮੋੜਨ ਵਾਸਤੇ ਕਿਹਾ ਗਿਆ। ਇਨ੍ਹਾਂ ਗੱਲਾਂ ਦੇ ਅਧਾਰ 'ਤੇ ਇਕ 7-ਨੁਕਾਤੀ ਚੋਣ ਮੈਨੀਫ਼ੈਸਟੋ ਵੀ ਜਾਰੀ ਕੀਤਾ ਗਿਆ। ਇਸੇ ਮੈਨੀਫ਼ੈਸਟੋ ਵਿਚ ਸੂਬਾਈ ਖ਼ੁਦ ਮੁਖਤਿਆਰੀ (ਵਧੇਰੇ ਹੱਕ) ਦੀ ਮੰਗ ਕੀਤੀ ਗਈ ਅਤੇ ਸਿੱਖ ਹੋਮਲੈਂਡ ਦੇ ਨਾਂ ਤੋਂ ਬਿਨਾਂ ਅਕਾਲੀ ਦਲ (ਮਾਸਟਰ) ਵਾਲੀ ਸਾਰੀ ਮੰਗ ਨੂੰ ਅਪਣਾ ਲਿਆ ਗਿਆ।

1969: ਸੱਤ ਪਾਰਟੀਆਂ ਦੇ 60 ਐਮ.ਐਲ.ਏਜ਼. ਨੇ ਪਾਰਲੀਮੈਂਟ ਦੇ ਬਾਹਰ ਚੰਡੀਗੜ੍ਹ ਵਾਸਤੇ ਧਰਨਾ ਮਾਰਿਆ

ਜਦ ਦਰਸ਼ਨ ਸਿੰਘ ਫੇਰੂਮਾਨ ਦਾ 15 ਅਗਸਤ 1969 ਦੇ ਦਿਨ ਰੱਖਿਆ ਮਰਨ ਵਰਤ 45ਵੇਂ ਦਿਨ ਵਿਚ ਦਾਖ਼ਲ ਹੋ ਗਿਆ ਤਾਂ 28 ਸਤੰਬਰ 1969 ਨੂੰ ਸੱਤ ਪਾਰਟੀਆਂ ਦੇ 60 ਐਮ.ਐਲ.ਏਜ਼. ਨੇ ਪਾਰਲੀਮੈਂਟ ਦੇ ਬਾਹਰ ਚੰਡੀਗੜ੍ਹ ਵਾਸਤੇ ਧਰਨਾ ਮਾਰਿਆ। ਸਾਰੀਆਂ ਪਾਰਟੀਆਂ ਵੱਲੋਂ ਗਿਆਨੀ ਭੂਪਿੰਦਰ ਸਿੰਘ ਨੂੰ ਫੇਰੂਮਾਨ ਨੂੰ ਮਿਲ ਕੇ ਵਰਤ ਛੱਡਣ ਦੀ ਅਪੀਲ ਕਰਨ ਵਾਸਤੇ ਭੇਜਿਆ ਗਿਆ। ਪਹਿਲੀ ਅਕਤੂਬਰ 1969 ਨੂੰ ਜਦੋਂ ਵਰਤ ਨੂੰ 47ਵਾਂ ਦਿਨ ਸੀ ਗਿਆਨੀ ਭੂਪਿੰਦਰ ਸਿੰਘ ਫੇਰੂਮਾਨ ਨੂੰ ਮਿਲਿਆ ਅਤੇ ਵਰਤ ਛੱਡਣ ਦੀ ਅਪੀਲ ਕੀਤੀ। ਫੇਰੂਮਾਨ ਨੇ ਭੂਪਿੰਦਰ ਸਿੰਘ ਨੂੰ ਜਵਾਬ ਦਿੱਤਾ, ''ਤੁਸੀਂ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਰਹੇ ਹੋ। ਤੁਹਾਨੂੰ ਸਿੱਖ ਦੀ ਅਰਦਾਸ ਦਾ ਮਤਲਬ ਤੇ ਮਹਾਨਤਾ ਜਾਣਨੀ ਚਾਹੀਦੀ ਹੈ। ਮੈਂ ਤਾਂ ਚੰਡੀਗੜ੍ਹ ਮਿਲਣ 'ਤੇ ਹੀ ਮਰਨ ਵਰਤ ਛੱਡਾਂਗਾ।'' 12 ਅਕਤੂਬਰ ਨੂੰ ਹਰਿਆਣੇ ਦੇ ਉਦੈ ਸਿੰਘ ਮਾਨ ਨੇ ਆਪਣਾ ਵਰਤ ਛੱਡ ਦਿੱਤਾ ਪਰ ਫੇਰੂਮਾਨ ਨੇ ਸਭ ਅਪੀਲਾਂ ਠੁਕਰਾ ਦਿੱਤੀਆਂ। 11 ਅਕਤੂਬਰ ਨੂੰ ਫੇਰੂਮਾਨ ਤੋਂ ਪੁਲੀਸ ਦਾ ਪਹਿਰਾ ਵੀ ਹਟਾ ਲਿਆ ਤੇ ਸਾਰੇ ਮੁਕੱਦਮੇ ਵਾਪਸ ਲੈ ਲਏ ਗਏ।

17 ਅਕਤੂਬਰ 1969 ਨੂੰ ਸਾਰੀਆਂ ਪਾਰਟੀਆਂ ਵੱਲੋਂ ਚਡੀਗੜ੍ਹ ਵਿਚ ਇਕ ਵੱਡਾ ਜਲੂਸ ਕੱਢਿਆ ਗਿਆ ਜਿਸ ਵਿਚ 3 ਲੱਖ ਲੋਕ ਸ਼ਾਮਿਲ ਹੋਏ, ਪਰ ਫੇਰੂਮਾਨ ਦਾ ਮਰਨ ਵਰਤ ਕਿਸੇ ਨੇ ਵੀ ਨਾ ਅਪਣਾਇਆ। ਕਾਂਗਰਸ ਸਿਰਫ਼ ਬਿਆਨ ਦੇ ਕੇ ਹੀ ਫੇਰੂਮਾਨ ਦੀ ਹਿਮਾਇਤ ਕਰ ਰਹੀ ਸੀ। ਡਾਕਟਰ ਜਗਜੀਤ ਸਿੰਘ ਤੇ ਉਸ ਦੇ ਸਾਥੀ ਜਿਤਨੀ ਹੈਸੀਅਤ ਰੱਖਦੇ ਸਨ ਓਨਾ ਕੰਮ ਕਰ ਰਹੇ ਸਨ। ਪਰ ਦੂਜੇ ਪਾਸੇ ਫਤਹਿ ਸਿੰਘ ਤੇ ਉਮਰਾਨੰਗਲ ਤਾਂ ਅਜੇ ਤਕ ਇਸ ਵਰਤ ਨੂੰ ਸਟੰਟ ਤੇ ਫ਼ਰਾਡ ਆਇਕ ਦਾ ਨਾਮ ਦੇ ਰਹੇ ਸਨ।

27 ਅਕਤੂਬਰ 1969 ਨੂੰ ਦਰਸ਼ਨ ਸਿੰਘ ਫੇਰੂਮਾਨ ਆਪਣੇ ਮਰਨ ਵਰਤ ਦੇ 74ਵੇਂ ਦਿਨ ਚੜ੍ਹਾਈ ਕਰ ਗਿਆ। 28 ਅਕਤੂਬਰ ਨੂੰ ਉਸ ਦੇ ਪਿੰਡ ਫੇਰੂਮਾਨ ਵਿਚ ਸਸਕਾਰ ਹੋਇਆ। ਗੁਰਨਾਮ ਸਿੰਘ ਨੇ 28 ਅਕਤੂਬਰ ਨੂੰ ਸਰਕਾਰੀ ਛੁੱਟੀ ਦਾ ਐਲਾਨ ਕਰ ਦਿੱਤਾ ਅਤੇ ਆਪ

ਸੰਸਕਾਰ ਤੇ ਫੇਰੂਮਾਨ ਪਿੰਡ ਪੁੱਜਾ ਜਿੱਥੇ 50,000 ਲੋਕਾਂ ਨੇ ਚੰਨਣ ਸਿੰਘ ਤੇ ਗੁਰਨਾਮ ਸਿੰਘ ਨੂੰ ਪੱਥਰਾਂ ਨਾਲ 'ਜੀ ਆਇਆਂ' ਕਿਹਾ।

30 ਅਕਤੂਬਰ ਨੂੰ ਫੇਰੂਮਾਨ ਦੀਆਂ ਅਸਥੀਆਂ ਦੇ ਜਲੂਸ ਵੇਲੇ ਫੇਰ ਗੜਬੜ ਹੁੰਦੀ ਬਚੀ। ਡਾਕਟਰ ਜਗਜੀਤ ਸਿੰਘ ਤੇ ਕਾਂਗਰਸੀ ਨੇਤਾ ਚਾਹੁੰਦੇ ਸਨ ਕਿ ਇਨ੍ਹਾਂ ਅਸਥੀਆਂ ਦਾ ਅੰਮ੍ਰਿਤਸਰ ਵਿਚ ਜਲੂਸ ਕੱਢਿਆ ਜਾਵੇ ਪਰ ਅਕਾਲੀ ਚਾਹੁੰਦੇ ਸਨ ਕਿ ਇਨ੍ਹਾਂ ਅਸਥੀਆਂ ਨੂੰ ਕੀਰਤਪੁਰ ਸਿੱਧਾ ਭੇਜ ਦਿੱਤਾ ਜਾਵੇ ਪਰ ਪਿੰਡ ਵਾਲਿਆਂ ਇਨ੍ਹਾਂ ਦੋਹਾਂ ਵਿਚੋਂ ਕੋਈ ਗੱਲ ਨਾ ਮੰਨੀ ਤਾਂ ਕਿਤੇ ਜਾ ਕੇ ਅਮਨ ਅਮਾਨ ਰਹਿ ਗਿਆ।

ਜਥੇਦਾਰ ਫੇਰੂਮਾਨ ਦੀ ਸ਼ਹੀਦੀ ਦੇ ਸਬੰਧ ਵਿਚ ਥਾਂ-ਥਾਂ 'ਤੇ ਜਲੂਸ ਕੱਢੇ ਗਏ ਅਤੇ ਲੋਕਾਂ ਨੇ ਆਪਣੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ। ਸਿਰਦਾਰ ਕਪੂਰ ਸਿੰਘ ਨੇ ਫੇਰੂਮਾਨ ਨੂੰ ਪੰਜਾਬ ਅਸੈਂਬਲੀ ਵਿਚ 'ਸਿੱਖ ਹੋਮਲੈਂਡ' ਦਾ ਪਹਿਲਾ ਸ਼ਹੀਦ ਦੱਸਿਆ। ਹੋਰ ਵੀ ਕਈ ਆਗੂਆਂ ਨੇ ਫੇਰੂਮਾਨ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

1989: ਜਸਬੀਰ ਸਿੰਘ ਜੱਸਾ ਉਮਰਾਪੁਰਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

28 ਸਤੰਬਰ 1989 ਦੇ ਦਿਨ ਪੰਜਾਬ ਪੁਲਿਸ ਨੇ ਜਸਬੀਰ ਸਿੰਘ ਜੱਸਾ, (ਵਾਸੀ ਉਮਰਾਪੁਰਾ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸੁਰਿੰਦਰ ਸਿੰਘ ਚੁੰਨੀ ਕਲਾਂ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

28 ਸਤੰਬਰ 1990 ਦੇ ਦਿਨ ਪੰਜਾਬ ਪੁਲਿਸ ਨੇ ਸੁਰਿੰਦਰ ਸਿੰਘ (ਪੁੱਤਰ ਰਾਮ ਚੰਦ, ਵਾਸੀ ਚੁੰਨੀ ਕਲਾਂ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

29 ਸਤੰਬਰ

1664: ਬਾਬਾ ਗੁਰਦਿੱਤਾ ਦੀ ਪਤਨੀ ਮਾਤਾ ਕਿਸ਼ਨ ਕੌਰ ਚੜ੍ਹਾਈ ਕਰ ਗਏ

ਬਾਬਾ ਗੁਰਦਿੱਤਾ ਦੀ ਪਤਨੀ, ਗੁਰੂ ਹਰਿਰਾਇ ਸਾਹਿਬ ਜੀ ਦੀ ਮਾਤਾ, ਗੁਰੂ ਹਰਕਿਸ਼ਨ ਸਾਹਿਬ ਜੀ ਦੀ ਦਾਦੀ ਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਭਰਜਾਈ, ਮਾਤਾ ਕਿਸ਼ਨ ਕੌਰ (ਉਰਫ਼ ਮਾਤਾ ਅਨੰਤੀ ਉਰਫ਼ ਮਾਤਾ ਬਸੀ) 29 ਸਤੰਬਰ 1664 ਦੇ ਦਿਨ ਕੀਰਤਪੁਰ ਵਿਚ ਚੜ੍ਹਾਈ ਕਰ ਗਈ। ਉਸ ਸਬੰਧ ਵਿਚ ਰੱਖੇ ਪਾਠ ਦੀ ਅਰਦਾਸ ਚੌਦਾਂ ਅਕਤੂਬਰ ਨੂੰ ਹੋਈ। ਇਸ ਸਬੰਧੀ ਇਤਲਾਹ ਮਿਲਦਿਆਂ ਹੀ ਗੁਰੂ ਤੇਗ਼ ਬਹਾਦਰ ਸਾਹਿਬ, ਭਾਈ ਮੱਖਣ ਸ਼ਾਹ ਲੁਬਾਣਾ, ਦੀਵਾਨ ਦਰਗਹ ਮੱਲ ਅਤੇ ਕੁਝ ਹੋਰ ਦਰਬਾਰੀ ਸਿੱਖ ਦੀਵਾਲੀ ਤੋਂ ਅਗਲੇ ਦਿਨ ਚੱਲ ਕੇ ਇਸ ਅਰਦਾਸ ਵਿਚ ਸ਼ਾਮਿਲ ਹੋਣ ਵਾਸਤੇ ਬਾਰ੍ਹਾਂ ਅਕਤੂਬਰ ਦੇ ਦਿਨ ਕੀਰਤਪੁਰ ਪੁੱਜੇ ਤੇ ਤਿੰਨ ਦਿਨ ਉੱਥੇ ਰਹੇ।

1914: ਅੰਗਰੇਜ਼ੀ ਫ਼ੌਜ ਨੇ ਬਜਬਜ ਘਾਟ (ਕਲਕੱਤਾ) ਵਿਚ ਗੋਲੀ ਚਲਾ ਕੇ ਕਾਮਾਗਾਟਾਮਾਰੂ ਜਹਾਜ਼ ਦੇ 20 ਮੁਸਾਫ਼ਿਰ ਮਾਰ ਦਿੱਤੇ

ਗ਼ਦਰ ਪਾਰਟੀ ਵਲੋਂ ਇਨਕਲਾਬੀ ਐਕਸ਼ਨ 1924-25 ਵਿਚ ਕਰਨ ਵਾਸਤੇ ਤਿਆਰੀ ਕੀਤੀ ਜਾ ਰਹੀ ਸੀ, ਪਰ ਜੰਗ ਸ਼ੁਰੂ ਹੋ ਜਾਣ ਦੀ ਵਜਾਹ ਕਰ ਕੇ ਇਸ ਦੀ ਤਾਰੀਖ ਅਗਾਊਂ ਕਰ ਕੇ 1917 'ਤੇ ਲੈ ਆਂਦੀ ਗਈ। ਇਸ ਵਿਚਕਾਰ ਹੀ ਕਾਮਾਗਾਟਾਮਾਰੂ ਜਹਾਜ਼ ਵਾਲੀ ਘਟਨਾ ਹੋ ਗਈ। ਉਨ੍ਹਾਂ ਦਿਨਾਂ ਵਿਚ ਕਨੇਡਾ ਸਰਕਾਰ ਨੇ ਇਕ ਨਵਾਂ ਕਾਨੂੰਨ ਪਾਸ ਕੀਤਾ ਸੀ ਕਿ ਸਿਰਫ਼ ਸਿੱਧੇ ਕਨੇਡਾ ਪੁੱਜਣ ਵਾਲੇ ਮੁਸਾਫ਼ਿਰਾਂ ਨੂੰ ਹੀ ਕਨੇਡਾ ਵਿਚ ਉਤਰਨ ਅਤੇ

ਰਹਿਣ ਦੀ ਇਜਾਜ਼ਤ ਮਿਲੇਗੀ। ਇਸ ਮਸਲੇ ਨੂੰ ਹੱਲ ਕਰਨ ਵਾਸਤੇ ਗੁਰਦਿਤ ਸਿੰਘ ਸਰਹਾਲੀ (ਉਦੋਂ ਜ਼ਿਲ੍ਹਾ ਅੰਮ੍ਰਿਤਸਰ, ਹੁਣ ਤਾਰਨ ਤਾਰਨ) ਨੇ ਇਕ ਜਪਾਨੀ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਦਰਅਸਲ ਇਸ ਦਾ ਨਾਂ ਕੌਮਾਗਟਾ ਮਰੂ ਸੀ) ਕਿਰਾਏ 'ਤੇ ਲੈ ਲਿਆ ਤਾਂ ਜੋ ਕਾਨੂੰਨੀ ਅੜਿੱਚਣ ਨੂੰ ਦੂਰ ਕੀਤਾ ਜਾ ਸਕੇ। ਇਹ ਜਹਾਜ਼ 29 ਮਾਰਚ 1914 ਨੂੰ ਸਿੱਧੇ ਕੈਨੇਡਾ ਪਹੁੰਚਣਾ ਸੀ। ਪਰ ਰਸਤੇ ਵਿਚ ਦੇਰ ਹੋਣ ਕਾਰਨ ਇਹ ਜਹਾਜ਼ 22 ਮਈ 1914 ਨੂੰ ਵੈਨਕੂਵਰ ਪਹੁੰਚਿਆ। ਕੈਨੇਡਾ ਦੇ ਨਸਲੀ ਹਾਕਮਾਂ ਨੇ ਇੰਵ ਸਿੱਧੇ ਪੁੱਜੇ ਮੁਸਾਫ਼ਿਰਾਂ ਨੂੰ ਵੀ ਉਤਰਨ ਦੀ ਇਜ਼ਾਜ਼ਤ ਨਾ ਦਿੱਤੀ। ਕਾਫ਼ੀ ਲੰਬੀ ਜਦੋਜਹਿਦ ਮਗਰੋਂ ਵੀ ਜਦੋਂ ਇਜ਼ਾਜ਼ਤ ਨਾ ਮਿਲੀ ਤਾਂ ਸਿੱਖ ਵੀ ਡਟ ਗਏ। ਕੈਨੇਡਾ ਦੇ ਹਾਕਮਾਂ ਨੇ ਜਹਾਜ਼ 'ਤੇ ਫਾਇਰਿੰਗ ਕਰਨ ਦੀ ਧਮਕੀ ਦਿੱਤੀ। ਇਸ ਦੇ ਜਵਾਬ ਵਿਚ ਕੈਨੇਡਾ ਦੀ ਸਿੱਖ ਸੰਗਤ ਨੇ 21 ਜੁਲਾਈ 1914 ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਇਕ ਇਕੱਠ ਕੀਤਾ ਤੇ ਮਤਾ ਪਾਸ ਕੀਤਾ ਕਿ ਜੇ ਕਰ ਜਹਾਜ਼ 'ਤੇ ਗੋਲੀ ਚਲਾਈ ਗਈ ਤਾਂ ਸਿੱਖ ਵੈਨਕੂਵਰ ਸ਼ਹਿਰ ਨੂੰ ਸਾੜ ਕੇ ਸੁਆਹ ਕਰ ਦੇਣਗੇ।

ਸਿੱਖਾਂ ਦੇ ਇਸ ਐਲਾਨ-ਨਾਮੇ 'ਤੇ ਸਰਕਾਰ ਡਰ ਗਈ। ਹੁਣ ਸਰਕਾਰ ਨੇ ਸਿੱਖ ਆਗੂਆਂ ਨਾਲ ਮੁੜ ਕੇ ਗੱਲਬਾਤ ਕੀਤੀ। ਜਹਾਜ਼ ਵਿਚਲੇ ਸਿੱਖ ਵੀ ਇਕ ਹੋਰ ਨਵੇਂ ਬਣੇ ਕਾਨੂੰਨ ਦੀ ਚਾਲਾਕੀ ਦੇ ਖ਼ਿਲਾਫ਼ ਟੱਕਰ ਲੈਣ ਦੀ ਬਜਾਏ ਵਾਪਿਸ ਪੰਜਾਬ ਮੁੜਨ ਵਾਸਤੇ ਰਾਜ਼ੀ ਹੋ ਗਏ। ਕਨੇਡਾ ਸਰਕਾਰ ਨੇ ਵੀ ਜਹਾਜ਼ ਨੂੰ ਤੇਲ ਤੇ ਖਾਣ ਪੀਣ ਦਾ ਸਮਾਨ ਲੈਣ ਦੀ ਇਜ਼ਾਜ਼ਤ ਦੇ ਦਿੱਤੀ। ਅਖ਼ੀਰ 23 ਜੁਲਾਈ ਨੂੰ ਜਹਾਜ਼ ਕਲਕੱਤੇ ਨੂੰ ਵਾਪਿਸ ਮੁੜ ਪਿਆ। ਦੋ ਮਹੀਨੇ ਦੇ ਸਫ਼ਰ ਮਗਰੋਂ ਜਹਾਜ਼ 26 ਸਤੰਬਰ 1914 ਨੂੰ ਕਿਲਪੀ ਪਹੁੰਚਿਆ। ਉੱਥੇ ਇਸ ਦੀ ਪੂਰੀ ਤਲਾਸ਼ੀ ਲਈ ਗਈ। 29 ਸਤੰਬਰ ਨੂੰ ਜਹਾਜ਼ ਕਲਕੱਤਾ ਨੇੜੇ ਬਜਬਜ ਘਾਟ ਵਿਖੇ ਪੁੱਜਿਆ। *ਇੱਥੇ ਇਹ ਜ਼ਿਕਰ ਕਰ ਦੇਣਾ ਜ਼ਰੂਰੀ ਹੈ ਕਿ ਜਦੋਂ ਜਹਾਜ਼ ਕੈਨੇਡਾ ਤੋਂ ਕਲਕੱਤਾ ਦੇ ਰਾਹ ਵਿਚ ਹੀ ਸੀ ਤਾਂ ਅੰਗਰੇਜ਼ ਸਰਕਾਰ ਨੇ ਦੋ ਨਵੇਂ ਆਰਡੀਨੈਂਸ ਜਾਰੀ ਕਰ ਦਿੱਤੇ ਸਨ। ਪਹਿਲਾ ਆਰਡੀਨੈਂਸ 'ਗੈਰ ਮੁਲਕੀ ਆਰਡੀਨੈਂਸ' 29 ਅਗਸਤ 1914 ਨੂੰ ਜਾਰੀ ਹੋਇਆ ਸੀ ਤੇ ਦੂਜਾ 'ਇਨਗਰੈਸ ਇੰਟੂ ਇੰਡੀਆ ਆਰਡੀਨੈਂਸ' ਕੁਝ ਦਿਨ ਮਗਰੋਂ। ਇਨ੍ਹਾਂ ਦੋਹਾਂ ਆਰਡੀਨੈਂਸਜ਼ ਹੇਠ ਭਾਰਤ ਵਿਚ ਦਾਖ਼ਿਲ ਹੋਣ ਵਾਲੇ ਕਿਸੇ ਵੀ ਸ਼ਖਸ਼ ਨੂੰ ਬਿਨਾਂ ਵਜਹ ਦੱਸੇ ਹਿਰਾਸਤ ਵਿਚ ਲਿਆ ਜਾ ਸਕਦਾ ਸੀ।*

29 ਸਤੰਬਰ 1914 ਨੂੰ ਜਦੋਂ ਕਾਮਾਗਾਟਾਮਾਰੂ ਜਹਾਜ਼ ਬਜਬਜ ਘਾਟ ਪਹੁੰਚਿਆ ਤਾਂ ਇਕ ਸਪੈਸ਼ਲ ਗੱਡੀ ਮੁਸਾਫ਼ਿਰਾਂ ਨੂੰ ਉੱਥੋਂ ਪੰਜਾਬ ਲਿਜਾਣ ਵਾਸਤੇ ਅੱਗੇ ਖੜੀ ਸੀ। ਮੁਸਾਫ਼ਿਰਾਂ ਨੇ ਇਸ ਵਿਚ ਬੈਠਣ ਤੋਂ ਨਾਂਹ ਕਰ ਦਿੱਤੀ ਅਤੇ ਉਹ ਗੁਰੂ ਗਰੰਥ ਸਾਹਿਬ ਦੀ ਅਗਵਾਈ ਵਿਚ ਕਲਕੱਤਾ ਦੇ ਬੜਾ ਬਾਜ਼ਾਰ ਵਾਲੇ ਗੁਰਦੁਆਰੇ ਵਲ ਜਲੂਸ ਬਣਾ ਕੇ ਟੁਰ ਪਏ। ਇਸ 'ਤੇ ਪੁਲਿਸ ਨੇ ਮੁਸਾਫ਼ਿਰਾਂ 'ਤੇ ਗੋਲੀ ਚਲਾ ਦਿੱਤੀ। ਇਸ ਫ਼ਾਇਰਿੰਗ ਵਿਚ 15 ਮੁਸਾਫ਼ਿਰ ਮਾਰੇ ਗਏ। ਮਗਰੋਂ ਪੁਲਿਸ ਨੇ ਮੁਸਾਫ਼ਿਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਦੌਰਾਨ ਬਾਬਾ ਗੁਰਦਿੱਤ ਸਿੰਘ ਸਣੇ 30 ਸਿੱਖ ਫ਼ਰਾਰ ਹੋਣ ਵਿਚ ਕਾਮਯਾਬ ਹੋ ਗਏ।

ਕਾਮਾਗਾਟਾਮਾਰੂ ਜਹਾਜ਼ ਦੇ ਸਾਕੇ ਨੇ ਪੰਜਾਬ ਤੇ ਵਿਦੇਸ਼ਾਂ ਵਿਚ ਬੈਠੇ ਸਿੱਖਾਂ ਵਿਚ ਚੋਖਾ ਰੋਹ ਪੈਦਾ ਕੀਤਾ। ਇਸ ਨਾਲ ਗ਼ਦਰ ਲਹਿਰ ਨੂੰ ਹੋਰ ਵੀ ਤਾਕਤ ਮਿਲੀ। ਸਿਰਫ਼ ਚੀਫ਼ ਖਾਲਸਾ ਦੀਵਾਨ ਤੇ ਕਾਂਗਰਸ ਪਾਰਟੀ ਨੇ ਹੀ ਇਹਨਾਂ ਸਿੱਖਾਂ ਦੀ ਮੁਖ਼ਾਲਫ਼ਤ ਕੀਤੀ। ਇਹ ਵੀ ਚਰਚਾ ਸੀ ਕਿ ਅਕਾਲ ਤਖ਼ਤ ਸਾਹਿਬ ਤੋਂ ਇਨ੍ਹਾਂ ਸਿੱਖਾਂ ਦੇ ਖ਼ਿਲਾਫ਼ ਇਕ ਅਖੌਤੀ ਹੁਕਮਨਾਮਾ ਜਾਰੀ ਕੀਤਾ ਗਿਆ ਸੀ। ਪਰ ਕਿਸੇ ਵੀ ਅਖ਼ਬਾਰ, ਰਿਪੋਰਟ ਜਾਂ ਸੋਮੇ 'ਚੋਂ ਇਹ 'ਹੁਕਮਨਾਮਾ' ਨਹੀਂ ਮਿਲਦਾ। ਇਹ ਵੀ ਹੋ ਸਕਦਾ ਹੈ ਕਿ ਤਖ਼ਤ ਸਾਹਿਬ ਦੇ ਪੁਜਾਰੀ ਅਰੂੜ ਸਿੰਘ ਨੇ ਇਸ ਸਬੰਧੀ ਕੋਈ ਬਿਆਨ ਜਾਰੀ ਕੀਤਾ ਹੋਵੇ, ਜਿਸ ਤੋਂ ਹੁਕਮਨਾਮੇ ਵਾਲਾ ਚਰਚਾ ਛਿੜ ਪਿਆ

ਹੋਵੇਗਾ। ਹਾਂ, 12 ਅਕਤੂਬਰ 1920 ਦੇ ਦਿਨ ਦਰਬਾਰ ਸਾਹਿਬ 'ਤੇ ਕਬਜ਼ੇ ਵਾਲੇ ਦਿਨ ਤੇ ਮਗਰੋਂ ਅਤੇ ਸਿੱਖ ਲੀਗ ਦੇ ਦੀਵਾਨ ਵਿਚ ਅਰੂੜ ਸਿੰਘ ਦੀ ਇਸ ਕਾਰਵਾਈ ਦੀ ਨਿੰਦਾ ਜ਼ਰੂਰ ਕੀਤੀ ਗਈ ਸੀ।

1981: ਦਲ ਖਾਲਸਾ ਦੇ ਕਾਰਕੁੰਨਾਂ ਨੇ ਭਿੰਡਰਾਂਵਾਲਿਆਂ ਦੀ ਰਿਹਾਈ ਵਾਸਤੇ ਭਾਰਤੀ ਹਵਾਈ ਜਹਾਜ਼ ਹਾਈਜੈਕ ਕੀਤਾ

20 ਸਤੰਬਰ 1981 ਦੇ ਦਿਨ ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਸਤੇ ਸਾਰੇ ਪੰਜਾਬ ਵਿਚ ਮੁਜ਼ਾਹਰੇ ਕੀਤੇ ਗਏ ਪਰ ਦਲ ਖਾਲਸਾ ਦੇ ਕੁਝ ਵਰਕਰਾਂ ਨੇ ਇਸ ਮੁਹਾਜ਼ 'ਤੇ ਇੰਟਰਨੈਸ਼ਨਲ ਪੱਧਰ 'ਤੇ ਐਕਸ਼ਨ ਕਰਨ ਦਾ ਫ਼ੈਸਲਾ ਕੀਤਾ। ਕਿਉਂਕਿ ਇਸ ਜਥੇਬੰਦੀ ਦੇ ਬਹੁਤੇ ਮੈਂਬਰ ਮਾਲੀ ਪੱਖੋਂ ਕਮਜ਼ੋਰ ਸਨ ਇਸ ਕਰ ਕੇ ਇਸ ਐਕਸ਼ਨ ਵਾਸਤੇ ਜਥੇਦਾਰ ਤਲਵਿੰਦਰ ਸਿੰਘ ਪਰਮਾਰ ਬਾਨੀ ਬਬਰ ਖਾਲਸਾ ਨੇ ਸਾਰੀ ਰਕਮ ਦਿੱਤੀ। 29 ਸਤੰਬਰ 1981 ਦੇ ਦਿਨ ਖਾਲਸਾ ਦੇ ਪੰਜ ਵਰਕਰਾਂ (ਸਤਨਾਮ ਸਿੰਘ, ਗਜਿੰਦਰ ਸਿੰਘ, ਤੇਜਿੰਦਰਪਾਲ ਸਿੰਘ, ਜਸਬੀਰ ਸਿੰਘ, ਕਰਨ ਸਿੰਘ,) ਨੇ ਏਅਰ ਇੰਡੀਆ ਦਾ ਜਹਾਜ਼ ਅਗਵਾ ਕਰ ਲਿਆ ਅਤੇ ਉਸ ਨੂੰ ਲਾਹੌਰ ਲੈ ਗਏ। ਅਗਵਾਕਾਰਾਂ ਨੇ ਐਲਾਨ ਕੀਤਾ ਕਿ ਉਹ ਜਹਾਜ਼ ਦੇ ਮੁਸਾਫ਼ਿਰਾਂ ਨੂੰ ਆਪਣੀਆਂ ਸ਼ਰਤਾਂ ਮੰਨਵਾਉਣ ਮਗਰੋਂ ਹੀ ਛੱਡਣਗੇ। ਇਹ ਸ਼ਰਤਾਂ ਸਨ: (1) ਭਿੰਡਰਾਂਵਾਲਿਆਂ ਦੀ ਰਿਹਾਈ ਕੀਤੀ ਜਾਵੇ (2) ਖਾਲਿਸਤਾਨ ਦੇ ਹਿਮਾਇਤੀਆਂ ਦੀ ਜੇਲਾਂ ਵਿਚੋਂ ਰਿਹਾਈ ਕੀਤੀ ਜਾਵੇ (3) ਅਗਵਾਕਾਰਾਂ ਨੂੰ ਪੰਜ ਲੱਖ ਡਾਲਰ ਦਿੱਤੇ ਜਾਣ (4) ਚੌਕ ਮਹਿਤਾ ਵਿਚ ਪੁਲੀਸ ਫਾਇਰਿੰਗ ਨਾਲ 20 ਸਤੰਬਰ ਨੂੰ ਮਰਨ ਵਾਲੇ ਸਿੱਖਾਂ ਦੇ ਵਾਰਸਾਂ ਨੂੰ ਇਕ-ਇਕ ਲੱਖ ਰੁਪਏ ਦੀ ਅਦਾਇਗੀ ਕੀਤੀ ਜਾਵੇ। ਅਗਲੇ ਦਿਨ ਪਾਕਿਸਤਾਨੀ ਕਮਾਂਡੋਜ਼ ਦੇ ਐਕਸ਼ਨ ਮਗਰੋਂ ਇਨ੍ਹਾਂ ਅਗਵਾਕਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਹਾਜ਼ ਅਗਵਾ ਕਰਨ ਦੀ ਕਾਰਵਾਈ ਦੀ ਅਕਾਲੀ ਆਗੂ ਪਰਕਾਸ਼ ਸਿੰਘ ਮਜੀਠਾ ਤੋਂ ਇਲਾਵਾ ਕਿਸੇ ਨੇ ਵੀ ਨਿੰਦਾ ਨਾ ਕੀਤੀ। ਇਸ ਹਾਈਜੈਕਿੰਗ ਮਗਰੋਂ 30 ਸਤੰਬਰ ਤੋਂ 10 ਅਕਤੂਬਰ 1981 ਤਕ ਦਲ ਖਾਲਸਾ ਦੇ 50 ਤੋਂ ਜ਼ਿਆਦਾ ਵਰਕਰ ਗ੍ਰਿਫ਼ਤਾਰ ਕਰ ਲਏ ਗਏ। ਇਸ ਦੇ ਬਾਵਜੂਦ ਜੱਥੇਬੰਦੀ ਦੇ ਵੱਡੇ-ਵੱਡੇ ਥੰਮ ਪੁਲੀਸ ਦੇ ਹੱਥ ਨਾ ਆ ਸਕੇ। ਹਰਸਿਮਰਨ ਸਿੰਘ, ਜਸਵੰਤ ਸਿੰਘ ਠੇਕੇਦਾਰ ਗੁਰਦਾਸਪੁਰ (ਹੁਣ ਇੰਗਲੈਂਡ), ਹਰਜਿੰਦਰ ਸਿੰਘ ਦਿਲਗੀਰ, ਮਨਮੋਹਨ ਸਿੰਘ ਬਜਾਜ ਚੰਡੀਗੜ੍ਹ (ਹੁਣ ਇੰਗਲੈਂਡ), ਗੁਰਬਚਨ ਸਿੰਘ ਖਾਲਸਾ, ਸੁਖਜਿੰਦਰ ਸਿੰਘ ਕਾਹਨੂੰਵਾਨ, ਗੁਰਚਰਨ ਸਿੰਘ ਗਰੀਬ ਅਤੇ ਕਈ ਹੋਰ ਕਾਰਕੁਨ ਰੂਪੋਸ਼ ਹੋ ਗਏ।

1985: ਸੁਰਜੀਤ ਬਰਨਾਲਾ ਪੰਜਾਬ ਦਾ ਚੀਫ਼ ਮਨਿਸਟਰ ਬਣਿਆ

ਜਿਹਾ ਕਿ ਪਿੱਛੇ ਜ਼ਿਕਰ ਕੀਤਾ ਸੀ ਕਿ ਰਾਜੀਵ-ਲੌਂਗੋਵਾਲ ਸਮਝੌਤੇ ਵੇਲੇ ਇਹ ਵੀ ਤੈਅ ਹੋਇਆ ਸੀ ਕਿ ਸੁਰਜੀਤ ਬਰਨਾਲਾ ਨੂੰ ਪੰਜਾਬ ਦਾ ਚੀਫ਼ ਮਨਿਸਟਰ ਬਣਾਇਆ ਜਾਵੇਗਾ। 17 ਅਗਸਤ ਨੂੰ ਇਲੈਕਸ਼ਨ ਕਮਿਸ਼ਨ ਨੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਾਸਤੇ 25 ਸਤੰਬਰ ਤਾਰੀਖ਼ ਮਿੱਥ ਦਿੱਤੀ ਸੀ। ਇਨ੍ਹਾਂ ਚੋਣਾਂ ਵਿਚ ਕਾਂਗਰਸ ਨੇ ਬੜੇ ਕਮਜ਼ੋਰ ਉਮੀਦਵਾਰ ਖੜ੍ਹੇ ਕੀਤੇ। ਦੂਜੇ ਪਾਸੇ ਸਰਕਾਰ ਦੀਆਂ ਏਜੰਸੀਆਂ ਨੇ ਬਾਬਾ ਜੋਗਿੰਦਰ ਸਿੰਘ (ਸੰਯੁਕਤ ਅਕਾਲੀ ਦਲ) ਕੋਲੋਂ ਚੋਣਾਂ ਦਾ ਬਾਈਕਾਟ ਕਰਵਾ ਦਿੱਤਾ ਹੋਇਆ ਸੀ। ਨਤੀਜੇ ਵਜੋਂ ਬਰਨਾਲੇ ਦੇ 74 ਉਮੀਦਵਾਰ ਜਿੱਤ ਗਏ ਤੇ ਉਹ 29 ਸਤੰਬਰ ਨੂੰ ਚੀਫ਼ ਮਨਿਸਟਰ ਵੀ ਬਣ ਗਿਆ।

1985: ਬਰਨਾਲਾ ਨੇ ਅਸੈਂਬਲੀ ਵਿਚ ਇੰਦਰਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕੀਤੀ

ਸੁਰਜੀਤ ਬਰਨਾਲਾ ਨੇ ਪੰਜਾਬ ਦਾ ਚੀਫ਼ ਮਨਿਸਟਰ ਬਣਦਿਆਂ ਅਸੈਂਬਲੀ ਦੇ ਪਹਿਲੇ ਸੈਸ਼ਨ ਵਿਚ ਹੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੀ ਇੰਦਰਾ ਗਾਂਧੀ ਨੂੰ ਭਰਪੂਰ ਸ਼ਰਧਾਂਜਲੀ ਭੇਂਟ ਕੀਤੀ। ਇਕ ਵੀ ਅਕਾਲੀ ਨੇ ਇੰਦਰਾ ਦੇ ਜ਼ੁਲਮ ਦੇ ਖ਼ਿਲਾਫ਼ ਜ਼ਬਾਨ ਤਕ ਨਾ ਖੋਲ੍ਹੀ। ਬਰਨਾਲੇ ਨੇ ਤਾਂ ਜੂਨ 84 ਅਤੇ 'ਖ਼ੂਨੀ ਨਵੰਬਰ 84' ਦੌਰਾਨ ਸਿੱਖਾਂ ਦੇ ਵਹਿਸ਼ੀਆਨਾ ਕਤਲੇਆਮ ਦੀ ਨਿੰਦਾ ਦੇ ਮਤੇ ਵੀ ਪੇਸ਼ ਨਾ ਕੀਤੇ। ਉਸ ਨੇ ਸਿੱਖ ਸ਼ਹੀਦਾਂ ਨੂੰ 'ਸ਼ਰਧਾਂਜਲੀ' ਵੀ ਨਾ ਭੇਟ ਕੀਤੀ। ਪੰਜਾਬ ਅਸੈਂਬਲੀ ਦੇ ਇਜਲਾਸ ਵਿਚ ਸਿਰਫ਼ ਭਾਜਪਾ ਦੇ ਇਕ ਐਮ.ਐਲ.ਏ. ਨੇ ਇੰਦਰਾ ਦੀ ਭਰਪੂਰ ਨਿੰਦਾ ਕੀਤੀ।

1989: ਕੁਲਦੀਪ ਸਿੰਘ ਲੱਡੂ ਭਿੱਖੀਵਿੰਡ ਅਤੇ ਅਮਰਜੀਤ ਸਿੰਘ ਬ੍ਰਹਮਪੁਰਾ, ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

29 ਸਤੰਬਰ 1989 ਦੇ ਦਿਨ ਪੰਜਾਬ ਪੁਲਿਸ ਨੇ ਕੁਲਦੀਪ ਸਿੰਘ ਲੱਡੂ (ਵਾਸੀ ਭਿੱਖੀਵਿੰਡ) ਅਤੇ ਅਮਰਜੀਤ ਸਿੰਘ (ਵਾਸੀ ਬ੍ਰਹਮਪੁਰਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਗੁਰਦੀਪ ਸਿੰਘ ਬੀ.ਏ. ਲੁਹਾਮ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

29 ਸਤੰਬਰ 1990 ਦੇ ਦਿਨ ਪੰਜਾਬ ਪੁਲਿਸ ਨੇ ਗੁਰਦੀਪ ਸਿੰਘ ਬੀ.ਏ. (ਵਾਸੀ ਲੁਹਾਮ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਭਰਪੂਰ ਸਿੰਘ ਜਖਪਾਲ ਤੇ ਪਿਆਰਾ ਸਿੰਘ ਆਲੋ ਹਰਖ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

29 ਸਤੰਬਰ 1991 ਦੇ ਦਿਨ ਪੰਜਾਬ ਪੁਲਿਸ ਨੇ ਭਰਪੂਰ ਸਿੰਘ (ਪੁੱਤਰ ਪ੍ਰੀਤਮ ਸਿੰਘ, ਵਾਸੀ ਜਖਪਾਲ, ਨੇੜੇ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ) ਤੇ ਪਿਆਰਾ ਸਿੰਘ (ਪੁੱਤਰ ਭਗਵਾਨ ਸਿੰਘ, ਵਾਸੀ ਆਲੋ ਹਰਖ, ਨੇੜੇ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਖਜਾਲਾ ਵਿਚ ਖਾੜਕੂਆਂ ਅਤੇ ਪੁਲਸ ਵਿਚ ਅਸਲ ਮੁਕਾਬਲਾ 18 ਘੰਟੇ ਚੱਲਿਆ; ਲਾਭ ਸਿੰਘ, ਪ੍ਰਭਜੋਤ ਸਿੰਘ, ਹਰਪਾਲ ਸਿੰਘ ਪਾਲਾ, ਮੰਗਲ ਸਿੰਘ ਰੌਂਤਾ ਸ਼ਹੀਦ ਹੋਏ

ਉੱਨਤੀ ਸਤੰਬਰ 1992 ਦੇ ਦਿਨ ਖਜਾਲਾ ਕੋਲ ਭਾਰੀ ਪੁਲਸ ਫ਼ੋਰਸ ਅਤੇ ਸਿਰਫ਼ 6 ਖਾੜਕੂਆਂ ਵਿਚ ਇਕ 'ਅਸਲ ਮੁਕਾਬਲਾ' ਹੋਇਆ। ਤਕਰੀਬਨ 18 ਘੰਟੇ ਖਾੜਕੂਆਂ ਨੇ ਭਾਰੀ ਪੁਲਸ ਫ਼ੋਰਸ ਨਾਲ ਟੱਕਰ ਲਈ। ਅਖ਼ੀਰ ਜਦ ਉਨ੍ਹਾਂ ਕੋਲ ਅਸਲਾ ਮੁੱਕ ਗਿਆ ਤਾਂ ਉਹ ਸ਼ਹੀਦੀਆਂ ਪਾ ਗਏ। ਸ਼ਹੀਦ ਹੋਣ ਵਾਲੇ ਖਾੜਕੂ ਸਨ: ਲਾਭ ਸਿੰਘ, ਪ੍ਰਭਜੋਤ ਸਿੰਘ, ਹਰਪਾਲ ਸਿੰਘ ਪਾਲਾ, ਮੰਗਲ ਸਿੰਘ ਰੌਂਤਾ ਤੇ ਦੋ ਹੋਰ।

1992: ਨੱਥਾ ਸਿੰਘ, ਭੂਪਿੰਦਰ ਸਿੰਘ, ਰਣਜੀਤ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ

29 ਸਤੰਬਰ 1992 ਦੇ ਦਿਨ ਪੁਲਿਸ ਨੇ ਨੱਥਾ ਸਿੰਘ, ਭੂਪਿੰਦਰ ਸਿੰਘ ਉਰਫ਼ ਬਿੱਟੂ ਨੂੰ (ਖੰਨਾ ਕੋਲ ਭਗੌਰ ਵਿਚ), ਅਤੇ ਨੱਥਾ ਸਿੰਘ ਤੇ ਰਣਜੀਤ ਸਿੰਘ ਉਰਫ਼ ਬੁਰਜ ਨੂੰ (ਹਰਿਆਣੇ ਦੇ ਕੁਰੂਕਸ਼ੇਤਰ ਜ਼ਿਲ੍ਹਾ ਵਿਚ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਭੂਪਿੰਦਰ ਸਿੰਘ ਰੰਗੀਆਂ ਤੇ ਸੁਖਦੇਵ ਸਿੰਘ ਚੌਕੀ ਮਾਨ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

29 ਸਤੰਬਰ 1993 ਦੇ ਦਿਨ ਪੁਲਿਸ ਨੇ ਭੂਪਿੰਦਰ ਸਿੰਘ (ਪੁੱਤਰ ਅਮਰ ਸਿੰਘ, ਵਾਸੀ ਰੰਗੀਆਂ, ਜ਼ਿਲ੍ਹਾ ਰੋਪੜ) ਅਤੇ ਸੁਖਦੇਵ ਸਿੰਘ (ਪੁੱਤਰ ਨਛੱਤਰ ਸਿੰਘ, ਵਾਸੀ ਚੌਕੀ ਮਾਨ, ਜ਼ਿਲ੍ਹਾ ਲੁਧਿਆਣਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

30 ਸਤੰਬਰ

1953: ਪਛੜੀਆਂ ਜ਼ਾਤਾਂ ਦੇ ਸਿੱਖਾਂ ਨੂੰ ਰਾਖਵਾਂਕਰਨ ਦਾ ਹੱਕ ਦਿਵਾਉਣ ਵਾਸਤੇ ਅਕਾਲੀ ਦਲ ਨੇ ਮੋਰਚਾ ਲਾਉਣ ਦਾ ਐਲਾਨ ਕੀਤਾ

1949 ਵਿਚ ਜਦੋਂ ਭਾਰਤ ਦੇ ਆਈਨ (ਸੰਵਿਧਾਨ) 'ਤੇ ਬਹਿਸ ਹੋ ਰਹੀ ਸੀ ਤਾਂ 25 ਮਈ 1949 ਦੇ ਦਿਨ ਪਛੜੀਆਂ ਜ਼ਾਤਾਂ ਨੂੰ ਰਾਖਵਾਂਕਰਨ ਤੇ ਹੋਰ ਸਹੂਲਤ ਦੇਣ ਸਬੰਧੀ ਸਿਫ਼ਾਰਸ਼ਾਂ ਕਰਨ ਵੇਲੇ ਪਟੇਲ ਨੇ ਕਿਹਾ ਸੀ ਕਿ ਸਿਰਫ਼ ਹਿੰਦੂਆਂ ਵਿਚ ਹੀ ਪਛੜੀਆਂ ਜ਼ਾਤਾਂ ਹੁੰਦੀਆਂ ਹਨ ਤੇ ਕਿਸੇ ਹੋਰ ਧਰਮ ਵਿਚ ਨਹੀਂ ਇਸ ਕਰ ਕੇ ਇਹ ਸਹੂਲਤ ਸਿਰਫ਼ ਹਿੰਦੂ 'ਹਰੀਜਨਾਂ' ਨੂੰ ਹੀ ਮਿਲੇਗੀ। ਸਿੱਖਾਂ ਨੇ ਇਸ ਦੇ ਖ਼ਿਲਾਫ਼ ਪ੍ਰੋਟੈਸਟ ਕੀਤਾ ਪਰ ਇਕ ਵੀ ਹਿੰਦੂ ਮੈਂਬਰ ਨੇ ਉਨ੍ਹਾਂ ਦਾ ਸਾਥ ਨਾ ਦਿੱਤਾ। ਕੁਝ ਸਿੱਖ ਆਗੂ ਗਿਆਨੀ ਕਰਤਾਰ ਸਿੰਘ ਦੀ ਅਗਵਾਈ ਹੇਠ ਰਾਜਿੰਦਰ ਪ੍ਰਸਾਦ ਅਤੇ ਨਹਿਰੂ ਨੂੰ ਮਿਲੇ ਪਰ ਇਨ੍ਹਾਂ ਦੋਹਾਂ ਨੇ ਸਿੱਖਾਂ ਦੀ ਮਦਦ ਕਰਨੋਂ ਨਾਂਹ ਕਰ ਦਿੱਤੀ। ਆਖੀਰ ਬਹੁਤ ਰੌਲਾ ਪੈਣ 'ਤੇ ਪਟੇਲ ਸਿੱਖਾਂ ਵਿਚੋਂ ਰਵਿਦਾਸੀਆਂ (ਚਮਾਰਾਂ), ਕਬੀਰਪੰਥੀਆਂ (ਜੁਲਾਹਿਆਂ), ਮਜ਼ਹਬੀਆਂ ਤੇ ਸਿਕਲੀਗਰਾਂ ਨੂੰ ਪਛੜੀਆਂ ਜ਼ਾਤਾਂ ਵਿਚ ਰੱਖਣ ਵਾਸਤੇ ਮੰਨ ਗਿਆ। ਇਸ ਦਾ ਮਤਲਬ ਸਾਫ਼ ਸੀ ਕਿ ਅਖੌਤੀ ਪਛੜੀਆਂ ਜ਼ਾਤਾਂ ਵਾਲੇ ਸਿੱਖਾਂ ਵਿਚੋਂ ਕਮਜ਼ੋਰ ਸਿੱਖ ਰਾਖਵਾਂਕਰਨ ਦਾ ਫ਼ਾਇਦਾ ਲੈਣ ਵਾਸਤੇ ਹਿੰਦੂ ਬਣ ਜਾਣਗੇ।

ਪਰ 1953 ਵਿਚ ਜਦ ਇਹ ਕਾਨੂੰਨ ਬਣ ਗਿਆ ਤਾਂ ਇਸ ਹੇਠ ਸਿੱਖਾਂ ਨਾਲ ਵਿਤਕਰਾ ਸ਼ੁਰੂ ਹੋ ਗਿਆ ਤਾਂ ਇਸ ਸਬੰਧੀ ਕਾਰਵਾਈ ਕਰਨ ਵਾਸਤੇ ਅਕਾਲੀ ਦਲ ਨੇ 30 ਸਤੰਬਰ 1953 ਨੂੰ ਅੰਨਦਪੁਰ ਸਾਹਿਬ ਵਿਚ ਅਕਾਲੀ ਦਲ ਦੀ ਕਨਵੈਨਸ਼ਨ ਬੁਲਾਈ ਜਿਸ ਵਿਚ 50,000 ਸਿੱਖਾਂ ਨੇ ਹਿੱਸਾ ਲਿਆ। ਇਸ ਵਿਚ ਮਾਸਟਰ ਤਾਰਾ ਸਿੰਘ ਨੇ ਐਲਾਨ ਕੀਤਾ ਕਿ ਮੈਂ ਪਛੜੀਆਂ ਜ਼ਾਤਾਂ ਦੇ ਸਿੱਖਾਂ ਨਾਲ ਹੋ ਰਹੇ ਵਿਤਕਰਿਆਂ ਨੂੰ ਦੂਰ ਕਰਵਾਉਣ ਵਾਸਤੇ ਜੱਥਾ ਲੈ ਕੇ ਦਿੱਲੀ ਜਾਵਾਂਗਾ। ਉਧਰ ਸਿੱਖ ਪਛੜੀਆਂ ਜ਼ਾਤਾਂ ਨੂੰ ਹਿੰਦੂਆਂ ਵਾਂਗ ਹੱਕ ਦਿਵਾਉਣ ਲਈ 70 ਪਾਰਲੀਮੈਂਟ ਮੈਂਬਰਾਂ ਨੇ ਬਿਆਨ ਦਿੱਤਾ। ਸਰਕਾਰ ਫਿਰ ਵੀ ਨਾ ਮੰਨੀ ਤਾਂ ਮਾਸਟਰ ਜੀ ਨੇ ਐਲਾਨ ਕੀਤਾ ਤੇ ਕਿਹਾ ਕਿ, ''ਮੈਂ ਔਰੰਗਜ਼ੇਬ ਨਹਿਰੂ ਅਗੇ ਕੁਰਬਾਨੀ ਦਿਆਂਗਾ।''ਜੱਥਾ ਪਿੰਡਾਂ 'ਚੋਂ ਹੁੰਦਾ ਹੋਇਆ ਨਵੰਬਰ 1953 ਵਿਚ ਦਿੱਲੀ ਪਹੁੰਚਣਾ ਸੀ। ਰਾਹ ਵਿਚ 20 ਅਕਤੂਬਰ ਨੂੰ ਮਾਸਟਰ ਬਿਮਾਰ ਹੋ ਗਿਆ ਪਰ ਜਥਾ ਫਿਰ ਵੀ ਚਲਦਾ ਰਿਹਾ। ਇਸ ਮੌਕੇ 'ਤੇ ਅਚਾਰੀਆ ਕ੍ਰਿਪਲਾਨੀ ਨੇ ਵੀ ਸਿੱਖਾਂ ਦੀਆਂ ਮੰਗਾਂ ਦੀ ਹਿਮਾਇਤ ਕੀਤੀ। ਇਸ ਮੌਕੇ 'ਤੇ ਕਾਂਗਰਸ ਵਿਚ ਬੈਠਾ ਇਕ ਵੀ ਸਿੱਖ ਨਾ ਬੋਲਿਆ। ਏਡੇ ਖ਼ੁਦਗਰਜ਼ ਤੇ ਬੇਈਮਾਨ ਸਨ ਇਹ ਲੋਕ।

ਖ਼ੈਰ, ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ ਹੋਮ ਮਨਿਸਟਰ ਕਾਟਜੂ ਨੇ ਐਲਾਨ ਕੀਤਾ ਕਿ ਹਿੰਦੂ ਪਛੜੀਆਂ ਜ਼ਾਤਾਂ ਨੂੰ ਮਿਲਣ ਵਾਲੇ ਹੱਕ ਸਿੱਖ ਪਛੜੀਆਂ ਜ਼ਾਤਾਂ ਨੂੰ ਵੀ ਮਿਲਣਗੇ। ਇਸ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 18 ਨਵੰਬਰ 1953 ਨੂੰ ਮੋਰਚਾ ਵਾਪਸ ਲੈ ਲਿਆ।

1981: ਭਾਰਤੀ ਜਹਾਜ਼ਾਂ ਵਿਚ ਸਫ਼ਰ ਦੌਰਾਨ ਵਿਚ ਸਿੱਖਾਂ ਦੇ ਕਿਰਪਾਨ ਪਾਉਣ 'ਤੇ ਪਾਬੰਦੀ ਲਾ ਦਿੱਤੀ ਗਈ

ਦਲ ਖਾਲਸਾ ਵੱਲੋਂ ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਦੇ ਖ਼ਿਲਾਫ਼ ਪ੍ਰੋਟੈਸਟ ਕਰਨ ਵਾਸਤੇ ਬੀਤੇ ਦਿਨ 29 ਸਤੰਬਰ 1981 ਨੂੰ ਏਅਰ ਇੰਡੀਆ ਦਾ ਜਹਾਜ਼ ਹਾਈਜੈਕ ਕਰ ਕੇ ਲਾਹੌਰ ਲਿਜਾਇਆ ਗਿਆ ਸੀ ਅਤੇ ਇਸ ਹਾਈਜੈਕਿੰਗ ਵਾਸਤੇ ਕਿਰਪਾਨ ਦੀ ਵਰਤੋਂ ਕੀਤੀ ਗਈ ਸੀ। ਇਸ ਵੇਲੇ ਤਕ ਸਿੱਖਾਂ ਨੂੰ ਇਜਾਜ਼ਤ ਸੀ ਕਿ ਉਹ ਜਹਾਜ਼ ਦੇ ਸਫ਼ਰ ਦੌਰਾਨ ਕਿਰਪਾਨ ਪਹਿਣ ਸਕਦੇ ਸਨ। ਪਰ ਕਕਾਰ ਕਿਰਪਾਨ ਦੀ ਵਰਤੋਂ ਹਾਈਜੈਕਿੰਗ ਵਿਚ ਕੀਤਾ ਜਾਣ ਮਗਰੋਂ ਸਰਕਾਰ ਨੇ ਜਹਾਜ਼ ਵਿਚ ਕਿਰਪਾਨ ਪਾਉਣ 'ਤੇ ਪਾਬੰਦੀ ਲਾ ਦਿੱਤੀ।

1987: ਸੁਖਦੇਵ ਸਿੰਘ ਪਧਰੀ ਅਸਲ ਮੁਕਾਬਲੇ ਵਿਚ ਸ਼ਹੀਦ

30 ਸਤੰਬਰ 1987 ਦੇ ਦਿਨ ਖਾੜਕੂਆਂ ਦੇ ਇਕ ਜੱਥੇ ਨੇ ਤੋਲੇਨੰਗਲ ਵਿਚ ਇਕ ਪੁਲਸ ਟੋਲੀ 'ਤੇ ਹਮਲਾ ਕੀਤਾ। ਇਸ ਹਮਲੇ ਵਿਚ ਤਿੰਨ ਪੁਲਸੀਏ ਮਾਰੇ ਗਏ ਤੇ ਖਾੜਕੂ ਉਨ੍ਹਾਂ ਦੇ ਹਥਿਆਰ ਲੈ ਕੇ ਨਿਕਲ ਗਏ। ਇਨ੍ਹਾਂ ਵਿਚੋਂ ਦੋ (ਸੁਰਿੰਦਰ ਸਿੰਘ ਸੋਢੀ ਤੇ ਭੂਪਿੰਦਰ ਸਿੰਘ ਭਿੰਦਾ) ਇਕ ਪਾਸੇ ਨਿਕਲ ਗਏ ਤੇ ਤਿੰਨ (ਸੁਖਦੇਵ ਸਿੰਘ ਪਧਰੀ, ਸਤਨਾਮ ਸਿੰਘ ਛੀਨਾ ਤੇ ਕੁਲਦੀਪ ਸਿੰਘ ਤੋਲੇਨੰਗਲ) ਇਕ ਮੋਟਰ ਸਾਈਕਲ 'ਤੇ ਚਲ ਪਏ। ਰਸਤੇ ਵਿਚ ਮੋਟਰ ਸਾਈਕਲ ਖਰਾਬ ਹੋ ਗਿਆ। ਉਧਰੋਂ ਪੁਲਸ ਦਾ ਘੇਰਾ ਪੈ ਗਿਆ। ਸੁਖਦੇਵ ਸਿੰਘ ਪਧਰੀ ਨੇ ਸਤਨਾਮ ਸਿੰਘ ਛੀਨਾ ਤੇ ਕੁਲਦੀਪ ਸਿੰਘ ਤੋਲੇਨੰਗਲ ਨੂੰ ਨਿਕਲ ਜਾਣ ਵਾਸਤੇ ਕਿਹਾ ਤੇ ਆਪ ਮੋਰਚਾ ਸੰਭਾਲ ਲਿਆ। ਉਸ ਦੀਆਂ ਗੋਲੀਆਂ ਨਾਲ ਬਹੁਤ ਸਾਰੇ ਪੁਲਸ ਦੇ ਸਿਪਾਹੀ ਮਾਰੇ ਗਏ ਤੇ ਅਖ਼ੀਰ ਉਸ ਨੇ ਆਪ ਵੀ ਸ਼ਹੀਦੀ ਹਾਸਿਲ ਕੀਤੀ।

1989: ਦਰਜਨਾਂ ਸਿੱਖ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

30 ਸਤੰਬਰ 1989 ਅਤੇ ਇਨ੍ਹਾਂ ਹੀ ਦਿਨਾਂ ਵਿਚ ਪੰਜਾਬ ਪੁਲਸ ਨੇ ਕੁਲਦੀਪ ਸਿੰਘ (ਵਾਸੀ ਲੋਧੀ ਮਾਜਰਾ, ਰੋਪੜ), ਮੱਖਣ ਸਿੰਘ (ਵਾਸੀ ਪਵਾਦੜਾ, ਜਲੰਧਰ), ਮਹਿਲ ਸਿੰਘ (ਵਾਸੀ ਪੰਡੋਰੀ ਗੋਲ, ਅੰਮ੍ਰਿਤਸਰ), ਚੜ੍ਹਤ ਸਿੰਘ ਦਲੇਰਾ (ਵਾਸੀ ਜੌਹਲ ਰਾਜੂ ਸਿੰਘ, ਅੰਮ੍ਰਿਤਸਰ), ਦਰਸ਼ਨ ਸਿੰਘ (ਪੁੱਤਰ ਦਿਆਲ ਸਿੰਘ, ਵਾਸੀ ਮਹਿਮੂਦਪੁਰਾ ਅੰਮ੍ਰਿਤਸਰ), ਹਰਜਿੰਦਰ ਸਿੰਘ (ਵਾਸੀ ਸਖੀਰਾ), ਅਵਤਾਰ ਸਿੰਘ (ਵਾਸੀ ਠੇਠਰਕੇ, ਗੁਰਦਾਸਪੁਰ), ਰੁਪਿੰਦਰ ਸਿੰਘ ਰੂਪੀ (ਵਾਸੀ ਖਲਵਾੜਾ ਗੇਟ, ਫਗਵਾੜਾ), ਹਰਜਿੰਦਰ ਸਿੰਘ (ਵਾਸੀ ਕਿਸ਼ਨਪੁਰ ਕਲਾ, ਫ਼ੀਰੋਜਪੁਰ) ਅਤੇ ਹੋਰ ਕਈ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਦਰਜਨਾਂ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

30 ਸਤੰਬਰ 1990 ਅਤੇ ਇਨ੍ਹਾਂ ਹੀ ਦਿਨਾਂ ਵਿਚ ਪੰਜਾਬ ਪੁਲਸ ਨੇ ਗੁਰਜੀਤ ਸਿੰਘ ਉਰਫ ਕੰਤੀ (ਵਾਸੀ ਲੀਰ ਕਲਾ, ਗੁਰਦਾਸਪੁਰ), ਬਲਵਿੰਦਰ ਸਿੰਘ (ਵਾਸੀ ਚੀਮਾ ਖੁੱਡੀ), ਸੁਖਬੀਰ ਸਿੰਘ ਉਰਫ਼ ਪਿੰਕਾ (ਵਾਸੀ ਕਮਾਲਪੁਰਾ), ਸਤਨਾਮ ਸਿੰਘ ਸੱਤਾ ਐਮ.ਏ (ਵਾਸੀ

ਸੰਗਤਪੁਰਾ, ਗੁਰਦਾਸਪੁਰ), ਨਾਹਰ ਸਿੰਘ (ਵਾਸੀ ਮੱਲੋਕੇ, ਫ਼ੀਰੋਜਪੁਰ), ਕੁਲਦੀਪ ਸਿੰਘ (ਵਾਸੀ ਖਡੂਰ ਸਾਹਿਬ, ਅੰਮ੍ਰਿਤਸਰ), ਪਰਗਟ ਸਿੰਘ (ਵਾਸੀ ਸੁਰ ਸਿੰਘ), ਸਲਵਿੰਦਰ ਸਿੰਘ ਫਿੰਦੂ (ਵਾਸੀ ਸੁਰ ਸਿੰਘ), ਬਲਵਿੰਦਰ ਸਿੰਘ ਬਿੱਲਾ ਉਰਫ਼ ਤੂਫ਼ਾਨ ਸਿੰਘ ਅਤੇ ਉਜਾਗਰ ਸਿੰਘ ਕੈਰੋਵਾਲ (ਵਾਸੀ ਗੁਰੂ ਕੀ ਵਡਾਲੀ, ਚੜ੍ਹਦੀ ਪੱਟੀ, ਅੰਮ੍ਰਿਤਸਰ), ਸੁਖਵਿੰਦਰ ਸਿੰਘ ਪੱਟੂ ਉਰਫ਼ ਮਸਤਗੜ੍ਹ (ਵਾਸੀ ਮਸਤਗੜ੍ਹ), ਮਨਜੀਤ ਸਿੰਘ ਬਬਰ (ਵਾਸੀ ਦੁਰਗਾਬਾਦ), ਜਸਵੰਤ ਸਿੰਘ ਟੀਟੂ (ਵਾਸੀ ਛਿੱਬ), ਹਰਜਿੰਦਰ ਸਿੰਘ ਉਰਫ਼ ਗੁਲਾਬ ਸਿੰਘ (ਵਾਸੀ ਛਿੱਬ), ਰੇਸ਼ਮ ਸਿੰਘ ਬੱਬੀ (ਵਾਸੀ ਰੱਤਾ ਖੇੜਾ, ਫਰੀਦਕੋਟ), ਪਰਤਾਪ ਸਿੰਘ ਉਰਫ਼ ਕੈਰੋ ਉਰਫ਼ ਡਾ: ਕਬਰਵਾਲਾ (ਵਾਸੀ ਸਦਰਵਾਲਾ, ਫ਼ਰੀਦਕੋਟ), ਹਰਭਜਨ ਸਿੰਘ ਮਸਤਾਨਾ (ਵਾਸੀ ਬੱਲਪੁਰੀਆਂ), ਕੁਲਦੀਪ ਸਿੰਘ ਕੀਪਾ (ਵਾਸੀ ਬਲਪੁਰੀਆ), ਬਲਦੇਵ ਸਿੰਘ ਬਿੱਲਾ, (ਵਾਸੀ ਬਲਪੁਰੀਆ), ਦਿਆਲ ਸਿੰਘ ਢੋਲਾ (ਵਾਸੀ ਚਿਰਾਗਵਾਲੀ), ਮੁਖਤਿਆਰ ਸਿੰਘ ਮੁੱਖਾ (ਵਾਸੀ ਸਰੂਵਾਲ), ਫਤਹਿ ਸਿੰਘ (ਵਾਸੀ ਰੱਤਾ ਗੁੱਡਾ), ਸੁਬੇਗ ਸਿੰਘ ਦਲੇਰਾ (ਵਾਸੀ ਫਤਹਿਗੜ੍ਹ ਸਭਰਾ), ਜੋਗਾ ਸਿੰਘ (ਵਾਸੀ ਚੱਬਾ), ਜਗਰੂਪ ਸਿੰਘ (ਵਾਸੀ ਭੰਗੜ), ਬਲਜੀਤ ਸਿੰਘ (ਵਾਸੀ ਹਸਨ ਪੱਟੀ), ਸੇਵਕ ਸਿੰਘ (ਵਾਸੀ ਪਹਿਲੂਵਾਲਾ), ਤਰਸੇਮ ਸਿੰਘ (ਵਾਸੀ ਤੇਜਾ ਵਹੀਲਾ), ਦਲੀਪ ਸਿੰਘ ਤਾਇਆ (ਵਾਸੀ ਧਾਰੀਵਾਲ ਸੋਹੀਆਂ), ਗੁਰਜੰਟ ਸਿੰਘ (ਵਾਸੀ ਚੁਸੇਲਵੜ, ਅੰਮ੍ਰਿਤਸਰ), ਸੁਖਦੇਵ ਸਿੰਘ ਸੁੱਖਾ (ਵਾਸੀ ਭੱਗੂਪੁਰ, ਅੰਮ੍ਰਿਤਸਰ), ਰਾਮ ਸਿੰਘ (ਵਾਸੀ ਕੁਰਾਲੀ, ਰੋਪੜ) ਅਤੇ ਹੋਰ ਕਈ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਬਲਵਿੰਦਰ ਸਿੰਘ ਤੇ ਗੁਰਦੀਪ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਤੀਹ ਸਤੰਬਰ 1992 ਦੇ ਦਿਨ ਪੁਲਸ ਨੇ ਬਲਵਿੰਦਰ ਸਿੰਘ ਸ਼ਾਹਪੁਰ (ਅੰਮ੍ਰਿਤਸਰ ਵਿਚ) ਤੇ ਗੁਰਦੀਪ ਸਿੰਘ ਫ਼ੌਜੀ (ਬਟਾਲਾ ਵਿਚ) ਨਕਲੀ ਮੁਕਾਬਲਿਆਂ 'ਚ ਸ਼ਹੀਦ ਕਰ ਦਿੱਤੇ।

2012: ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਭਾਰਤੀ ਫ਼ੌਜ ਦੇ ਕੁਲਦੀਪ ਬਰਾੜ 'ਤੇ ਲੰਡਨ ਵਿਚ ਹਮਲਾ

30 ਸਤੰਬਰ 2012 ਦੇ ਦਿਨ ਲੰਡਨ (ਇੰਗਲੈਂਡ) ਵਿਚ ਵੁਲਵਰਹੈਂਪਟਨ ਦੇ ਕੁਝ ਸਿੱਖਾਂ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਭਾਰਤੀ ਫ਼ੌਜ ਦੇ 78 ਸਾਲਾ ਕੁਲਦੀਪ ਬਰਾੜ 'ਤੇ ਜਿਸਮਾਨੀ ਹਮਲਾ ਕੀਤਾ (ਉਸ ਦੀ ਪਤਨੀ ਮੀਨਾ ਵੀ ਉਸ ਦੇ ਨਾਲ ਸੀ)। ਇਸ ਬੇਹੂਦਾ ਹਮਲੇ ਵਿਚ ਬਰਾੜ ਨੂੰ ਜ਼ਰਾ ਮਾਸਾ ਸੱਟ ਲੱਗੀ ਪਰ ਇਸ ਕੇਸ ਵਿਚ ਚਾਰ ਸਿੱਖਾਂ (ਬਰਜਿੰਦਰ ਸਿੰਘ ਸੰਘਾ, ਮਨਦੀਪ ਸਿੰਘ ਸੰਧੂ, ਦਿਲਬਾਗ ਸਿੰਘ ਤੇ ਹਰਜੀਤ ਕੌਰ) ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਮੁਕੱਦਮਾ ਚਲਾਇਆ ਗਿਆ ਤੇ 31 ਜੁਲਾਈ 2013 ਦੇ ਦਿਨ ਸਾਊਥਵਾਰਕ ਕਰਾਊਨ ਕੋਰਟ (ਅਦਾਲਤ) ਨੇ ਉਨ੍ਹਾਂ ਨੂੰ ਦੋਸ਼ੀ ਗਰਦਾਨ ਕੇ 11 ਦਸੰਬਰ 2013 ਦੇ ਦਿਨ ਸਜ਼ਾ ਸੁਣਾਈ। ਅਦਾਲਤ ਨੇ ਬਰਜਿੰਦਰ ਸਿੰਘ ਸੰਘਾ (33)ਤੇ ਦਿਲਬਾਗ ਸਿੰਘ (36) ਨੂੰ 14 ਸਾਲ, ਮਨਦੀਪ ਸਿੰਘ ਸੰਧੂ (34) ਨੂੰ 10 ਸਾਲ ਤੇ ਹਰਜੀਤ ਕੌਰ (38) ਨੂੰ 11 ਸਾਲ ਕੈਦ ਦੀ ਸਜ਼ਾ ਸੁਣਾਈ। ਮਗਰੋਂ ਪੁਲਸ ਨੇ ਇਕ ਹੋਰ ਸਿੱਖ ਲਖਬੀਰ ਸਿੰਘ (ਇਟਲੀ) ਨੂੰ ਵੀ ਇਸ ਕੇਸ ਵਿਚ ਚਾਰਜ ਕੀਤਾ ਅਤੇ 21 ਮਾਰਚ 2014 ਦੇ ਦਿਨ ਅਦਾਲਤ ਨੇ ਉਸ ਨੂੰ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਇਹ ਦਿਲਚਸਪ ਗੱਲ ਹੈ ਕਿ ਪੰਜ ਜਣਿਆਂ ਨੇ ਇਕ 78 ਸਾਲਾ ਬੰਦੇ 'ਤੇ ਹਮਲਾ ਕੀਤਾ ਤੇ ਸਿਰਫ਼ ਦੋ ਕੁ ਝਰੀਟਾਂ ਤੋਂ ਸਿਵਾ ਉਸ ਦਾ ਕੁਝ ਨਾ ਵਿਗਾੜ ਸਕੇ ਤੇ ਐਨੇ ਸਾਲਾਂ ਵਾਸਤੇ ਕੈਦ ਹੋ ਗਏ।

2013: ਕਮਲਜੀਤ ਸਿੰਘ ਸੁਨਾਮ ਦੇ ਕਤਲ ਦੇ ਸਾਰੇ ਦੋਸ਼ੀ ਬਰੀ

30 ਸਤੰਬਰ 2013 ਦੇ ਦਿਨ ਸੰਗਰੂਰ ਦੇ ਸੈਸ਼ਨ ਜੱਜ ਨੇ 17 ਜੂਨ 2003 ਦੇ ਦਿਨ ਸੁਨਾਮ ਵਿਚ ਕਮਲਜੀਤ ਸਿੰਘ (ਪੁੱਤਰ ਬੰਤ ਸਿੰਘ) ਨੂੰ ਕਤਲ ਕਰਨ ਦੇ ਦੋਸ਼ ਵਿਚ ਚਾਰਜ ਕੀਤੇ ਸਰਸਾ ਡੇਰੇ ਦੇ 16 ਪੈਰੋਕਾਰਾਂ ਵਿਚੋਂ 14 ਜਣੇ ਬਰੀ ਕਰ ਦਿੱਤੇ (ਇਕ ਦੋਸ਼ੀ ਮਰ ਚੁਕਾ ਹੈ ਤੇ ਇਕ ਭਗੌਡਾ ਕਰਾਰ ਦਿੱਤਾ ਹੋਇਆ ਹੈ)।

1 ਅਕਤੂਬਰ

1710: ਸਿੱਖਾਂ ਹੱਥੋਂ ਰਾਹੋਂ ਖੁਸ ਗਿਆ

ਬੰਦਾ ਸਿੰਘ ਦੀ ਅਗਵਾਈ ਵਿਚ ਪੰਜਾਬ ਨੂੰ ਆਜ਼ਾਦ ਕਰਵਾਉਣ ਦੀ ਮੁਹਿੰਮ ਹੇਠ ਸਤੰਬਰ 1710 ਦੇ ਆਖ਼ਰੀ ਦਿਨ ਵਿਚ ਸਿੱਖਾਂ ਨੇ ਰਾਹੋਂ (ਉਦੋਂ ਜ਼ਿਲ੍ਹਾ ਜਲੰਧਰ, ਹੁਣ ਜ਼ਿਲ੍ਹਾ ਨਵਾਂਸ਼ਹਿਰ) 'ਤੇ ਵੀ ਹਮਲਾ ਕੀਤਾ ਤੇ ਕੁਝ ਚਿਰ ਵਾਸਤੇ ਤਾਂ ਉਹ ਇਸ ਸ਼ਹਿਰ ਅਤੇ ਇਸ ਦੇ ਕਿਲ੍ਹੇ 'ਤੇ ਕਾਬਜ਼ ਵੀ ਹੋ ਗਏ। ਜਦ ਇਸ ਦਾ ਪਤਾ ਜਲੰਧਰ-ਦੁਆਬ ਦੇ ਸੁਲਤਾਨਪੁਰ ਦੇ ਸਾਬਕਾ ਫ਼ੌਜਦਾਰ ਸ਼ਮਸ ਖ਼ਾਨ ਨੂੰ ਲੱਗਾ ਤਾਂ ਉਹ ਇਕ ਬਹੁਤ ਵੱਡੀ ਫ਼ੌਜ ਲੈ ਕੇ ਰਾਹੋਂ ਨੂੰ ਚੱਲ ਪਿਆ। ਪਹਿਲੀ ਅਕਤੂਬਰ 1710 ਦੇ ਦਿਨ ਉਸ ਨੇ ਰਾਹੋਂ ਦੇ ਕਿਲ੍ਹੇ 'ਤੇ ਹਮਲਾ ਕਰ ਦਿੱਤਾ। ਉਸ ਵੇਲੇ ਕਿਲ੍ਹੇ ਵਿਚ ਬਹੁਤੀ ਸਿੱਖ ਫ਼ੌਜ ਨਹੀਂ ਸੀ ਅਤੇ ਨਾ ਹੀ ਉੱਥੇ ਰਾਸ਼ਨ ਵਗ਼ੈਰਾ ਸੀ, ਇਸ ਕਰ ਕੇ ਸਿੱਖ ਕਿਲ੍ਹੇ ਚੋਂ ਨਿਕਲ ਕੇ ਹੇਠਾਂ ਮੈਦਾਨੀ ਇਲਾਕੇ ਵਿਚ ਆ ਗਏ। ਦੋਹਾਂ ਧਿਰਾਂ ਵਿਚ ਬੜੀ ਜ਼ਬਰਦਸਤ ਜੰਗ ਹੋਈ। ਸਿੱਖ ਵਧੀਆ ਅਸਲੇ ਦੀ ਅਣਹੋਂਦ ਤੇ ਗਿਣਤੀ ਵਿਚ ਥੋੜ੍ਹੇ ਹੋਣ ਦੇ ਬਾਵਜੂਦ ਡਟ ਕੇ ਲੜੇ ਅਤੇ ਇਕ ਵਾਰ ਤਾਂ ਸ਼ਮਸ ਖ਼ਾਨ ਨੂੰ ਹਾਰ ਸਾਹਮਣੇ ਨਜ਼ਰ ਆਈ। ਪਰ ਥੋੜ੍ਹੀ ਦੇਰ ਵਿਚ ਹੀ ਸ਼ਮਸ ਖ਼ਾਨ ਦਾ ਚਾਚਾ ਬਾਇਜ਼ੀਦ ਖ਼ਾਨ (ਕੁਤਬਦੀਨ ਮੋਜ਼ਗੀ), ਸੂਬੇਦਾਰ ਜੰਮੂ, ਵੀ ਉੱਥੇ ਪਹੁੰਚ ਗਿਆ। ਕਸੂਰ ਦਾ ਪਠਾਨ ਫ਼ੌਜਦਾਰ ਉਮਰ ਖ਼ਾਨ ਵੀ ਅਚਾਨਕ ਉਧਰ ਆ ਨਿਕਲਿਆ। ਇਨ੍ਹਾਂ ਸਾਰਿਆਂ ਨੇ ਕਿਲ੍ਹੇ ਅਤੇ ਸ਼ਹਿਰ ਨੂੰ ਸਾਰੇ ਪਾਸੇ ਤੋਂ ਘੇਰਾ ਪਾ ਲਿਆ। ਸਿੱਖਾਂ ਨੇ ਇਨ੍ਹਾਂ ਤਿੰਨਾਂ ਫ਼ੌਜਾਂ ਦਾ ਕਈ ਦਿਨ ਤਕ ਮੁਕਾਬਲਾ ਕੀਤਾ ਪਰ ਅਸਲੇ ਦੀ ਘਾਟ ਅਤੇ ਖਾਣ ਦਾ ਸਾਮਾਨ ਮੁੱਕ ਜਾਣ ਕਾਰਨ ਉਨ੍ਹਾਂ ਨੂੰ ਕਿਲ੍ਹਾ ਖ਼ਾਲੀ ਕਰ ਕੇ ਦੌੜਨਾ ਪਿਆ। ਮੁਗ਼ਲ ਫ਼ੌਜ ਦਾ ਘੇਰਾ ਚੀਰ ਕੇ ਨਿਕਲਦੇ ਬਹੁਤ ਸਾਰੇ ਸਿੱਖ ਸ਼ਹੀਦ ਹੋ ਗਏ। ਸਿਰਫ਼ ਥੋੜ੍ਹੇ ਜਿਹੇ ਹੀ ਬਚ ਕੇ ਨਿਕਲ ਸਕੇ।

ਇਸ ਜਿੱਤ ਮਗਰੋਂ ਸਾਰੀਆਂ ਮੁਗ਼ਲ ਤੇ ਪਠਾਨ ਫ਼ੌਜਾਂ ਦੇ ਹੌਸਲੇ ਬੁਲੰਦ ਹੋ ਗਏ ਅਤੇ ਉਹ ਵੱਲ ਚਲ ਪਏ ਤਾਂ ਜੋ ਉਸ ਨੂੰ ਸਿੱਖਾਂ ਤੋਂ ਆਜ਼ਾਦ ਕਰਵਾਇਆ ਜਾ ਸਕੇ। ਰਾਹੋਂ ਤੋਂ ਸ਼ਮਸ ਖ਼ਾਨ ਨੇ ਮਾਛੀਵਾੜਾ ਦੇ ਪੱਤਣ ਤੋਂ ਸਤਲੁਜ ਦਰਿਆ ਪਾਰ ਕੀਤਾ ਤੇ ਇੱਥੋਂ ਦੀ ਕਿਲ੍ਹਾ-ਨੁਮਾ ਪੱਕੀ ਸਰਾਂ ਵਿਚ ਪਹਿਲਾ ਪੜਾਅ ਕੀਤਾ (ਹੁਣ ਇਸ ਸਰਾਂ ਦਾ ਨਾਂ-ਨਿਸ਼ਾਨ ਵੀ ਬਾਕੀ ਨਹੀਂ ਹੈ)। ਰਾਹੋਂ 'ਤੇ ਸ਼ਮਸ ਖ਼ਾਨ ਦੀ ਫ਼ੌਜ ਦੇ ਕਬਜ਼ੇ ਦੀ ਖ਼ਬਰ ਬਾਦਸ਼ਾਹ ਨੂੰ 15 ਅਕਤੂਬਰ 1710 ਦੇ ਦਿਨ ਮਿਲੀ ਸੀ ਪਰ ਇਸ ਇਤਲਾਹ ਵਿਚ ਸ਼ਮਸ ਖ਼ਾਨ ਦੀ ਸਿੱਖਾਂ ਨਾਲ ਰਾਹੋਂ ਦੀ ਬਜਾਇ ਲੜਾਈ ਮਾਛੀਵਾੜਾ ਵਿਚ ਹੋਈ ਦੱਸੀ ਸੀ ਤੇ ਮਰਨ ਵਾਲੇ ਸਿੱਖਾਂ ਦੀ ਗਿਣਤੀ ਦੋ ਹਜ਼ਾਰ ਕਹੀ ਗਈ ਸੀ। ਇਸ ਤੋਂ ਕੁਝ ਚਿਰ ਮਗਰੋਂ ਸਿੱਖਾਂ ਨੇ ਫੇਰ ਰਾਹੋਂ 'ਤੇ ਕਬਜ਼ਾ ਕਰ ਲਿਆ। ਰਾਹੋਂ ਦੇ ਮੁਸਲਮਾਨ ਅਮੀਰ ਸਿੱਖਾਂ ਤੋਂ ਡਰਦੇ ਰਾਹੋਂ ਛੱਡ ਕੇ ਦੂਰ ਚਲੇ ਗਏ ਤੇ ਨੌਸ਼ਹਿਰਾ (ਹੁਣ ਨਵਾਂਸ਼ਹਿਰ) ਵਸਾ ਲਿਆ।

1778: ਦਿੱਲੀ ਵਿਚ ਬੰਗਲਾ ਸਾਹਿਬ, ਸੀਸ ਗੰਜ, ਰਕਾਬ ਗੰਜ ਅਤੇ ਹੋਰ ਗੁਰਦੁਆਰੇ ਬਣਨੇ ਸ਼ੁਰੂ ਹੋਏ

9 ਮਾਰਚ 1783 ਦੇ ਦਿਨ ਸਿੱਖ ਫ਼ੌਜਾਂ ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਬਘੇਲ ਸਿੰਘ, ਰਾਏ ਸਿੰਘ ਵਗ਼ੈਰਾ ਦੀ ਅਗਵਾਈ ਵਿਚ ਲਾਲ ਕਿਲ੍ਹਾ ਵਿਚ ਦਾਖ਼ਿਲ ਹੋ ਗਈਆਂ ਅਤੇ 11 ਮਾਰਚ ਦੇ ਦਿਨ ਕਿਲ੍ਹੇ 'ਤੇ ਖ਼ਾਲਸੇ ਦਾ ਨੀਲਾ ਨਿਸ਼ਾਨ ਸਾਹਿਬ ਲਹਿਰਾ ਦਿੱਤਾ। ਇਸ ਮੌਕੇ 'ਤੇ ਜਰਨੈਲਾਂ ਨੇ ਦਲ ਖ਼ਾਲਸਾ ਦਾ ਮੁਖੀ ਹੋਣ ਦੇ ਨਾਤੇ ਜੱਸਾ ਸਿੰਘ ਆਹਲੂਵਾਲੀਆ ਨੂੰ ਤਖ਼ਤ 'ਤੇ ਬੈਠਣ ਵਾਸਤੇ ਕਿਹਾ ਪਰ ਉਸ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਸਿੱਖਾਂ ਵਿਚ ਅਜਿਹੇ ਬਾਦਸ਼ਾਹ ਦਾ ਕੋਈ ਸਿਧਾਂਤ ਨਹੀਂ ਹੈ। ਇਸ ਕਰ ਕੇ ਕੋਈ ਵੀ ਉਸ ਤਖ਼ਤ 'ਤੇ ਬੈਠਣ ਵਾਸਤੇ ਤਿਆਰ ਨਾ ਹੋਇਆ। ਕੁਝ ਚਿਰ ਮਗਰੋਂ ਹੀ ਉਨ੍ਹਾਂ ਦਾ ਮੁਗ਼ਲ ਬਾਦਸ਼ਾਹ ਨਾਲ ਸਮਝੌਤਾ ਹੋ ਗਿਆ; ਇਸ ਸਮਝੌਤੇ ਹੇਠ ਬਾਦਸ਼ਾਹ ਨੇ ਦਿੱਲੀ ਦੀ ਚੁੰਗੀ ਵਿਚ ਰੁਪਏ ਵਿੱਚੋਂ ਛੇ ਆਨੇ (ਸਾਢੇ ਸੈਂਤੀ ਫ਼ੀ ਸਦੀ) ਹਿੱਸੇ ਦੇਣੇ ਮੰਨ ਕੇ ਉਨ੍ਹਾਂ ਨੂੰ ਭੇਜ ਦਿੱਤਾ। ਇਸ ਮੌਕੇ 'ਤੇ ਜੱਸਾ ਸਿੰਘ ਰਾਮਗੜ੍ਹੀਆ ਨੇ ਕਿਹਾ ਕਿ ਜੇ ਅਸੀਂ ਦਿੱਲੀ ਦੇ ਤਖ਼ਤ 'ਤੇ ਨਹੀਂ ਬੈਠਣਾ ਤਾਂ ਅਸੀਂ ਇਸ ਤਖ਼ਤ ਦਾ ਥੜ੍ਹਾ ਯਾਦਗਾਰ ਵਜੋਂ ਅੰਮ੍ਰਿਤਸਰ ਵਿਚ ਜ਼ਰੂਰ ਲੈ ਕੇ ਜਾਵਾਂਗੇ ਤਾਂ ਜੋ ਤਵਾਰੀਖ਼ ਵਿਚ ਇਹ ਸਨਦ (ਸਬੂਤ) ਰਹੇ ਕਿ ਕਦੇ ਦਿੱਲੀ ਦਾ ਤਖ਼ਤ ਵੀ ਕਦੇ ਸਿੱਖਾਂ ਦੇ ਕਦਮਾਂ ਹੇਠ ਰਿਹਾ ਸੀ ਤੇ ਇਸ ਦੀ ਸਿਲ ਹਮੇਸ਼ਾ ਹੀ ਸਿੱਖਾਂ ਦੇ ਪੈਰਾਂ ਹੇਠ ਰਹੇਗੀ। (ਤਖ਼ਤ ਵਾਲੀ ਇਹ ਸਿੱਲ ਜੱਸਾ ਸਿੰਘ ਰਾਮਗੜ੍ਹੀਆ ਆਪਣੇ ਬੁੰਗੇ ਵਿਚ ਲੈ ਗਿਆ ਸੀ ਜੋ ਅੱਜ ਵੀ ਉੱਥੇ ਮੌਜੂਦ ਹੈ)। ਇਸ ਦੇ ਨਾਲ ਹੀ ਸਿੱਖਾਂ ਨੇ ਦਿੱਲੀ ਵਿਚ ਗੁਰੂ ਸਾਹਿਬ ਨਾਲ ਸਬੰਧਤ ਥਾਵਾਂ 'ਤੇ ਯਾਦਗਾਰਾਂ ਬਣਾਉਣ ਵਾਸਤੇ ਜਗਹ ਵੀ ਲੈ ਲਈ। ਪਹਿਲੀ ਅਕਤੂਬਰ 1783 ਦੇ ਦਿਨ ਗੁਰਦੁਆਰਾ ਸੀਸ ਗੰਜ, ਰਕਾਬ ਗੰਜ, ਬੰਗਲਾ ਸਾਹਿਬ, ਬਾਲਾ ਸਾਹਿਬ, ਦਮਦਮਾ ਸਾਹਿਬ, ਮੋਤੀ ਬਾਗ਼ ਵਗ਼ੈਰਾ ਗੁਰਦੁਆਰੇ ਬਣਾਉਣੇ ਸ਼ੁਰੂ ਕੀਤੇ ਗਏ; ਇਨ੍ਹਾਂ ਗੁਰਦੁਆਰਿਆਂ ਦੀ ਉਸਾਰੀ ਵਾਸਤੇ ਬਾਬਾ ਬਘੇਲ ਸਿੰਘ ਤੇ ਜੱਸਾ ਸਿੰਘ ਰਾਮਗੜ੍ਹੀਆ ਨੇ ਖ਼ਾਸ ਰੋਲ ਅਦਾ ਕੀਤਾ।

1873: ਕੇਂਦਰੀ ਸਿੰਘ ਸਭਾ ਕਾਇਮ ਹੋਈ

ਰਾਵਲਪਿੰਡੀ ਦੇ ਨਿਰੰਕਾਰੀ ਦਰਬਾਰ ਦੇ ਮੁਖੀ ਭਾਈ ਦਰਬਾਰਾ ਸਿੰਘ ਦੀ ਮੌਤ (1870) ਅਤੇ ਭਾਈ ਰਾਮ ਸਿੰਘ ਕੂਕਾ ਦੀ ਗ੍ਰਿਫ਼ਤਾਰੀ (1872) ਵੇਲੇ ਤਕ ਪੰਜਾਬ ਦਾ ਸਿਆਸੀ ਮਾਹੌਲ ਗਰਮ ਹੋ ਚੁਕਾ ਸੀ। ਸਿੱਖਾਂ ਵਿਚ ਇਕ ਸਰਗਰਮ ਤਬਕਾ ਤਿਆਰ ਹੋ ਗਿਆ ਸੀ। ਲੋਕਾਂ ਵਿਚ ਧਾਰਮਿਕ ਪਛਾਣ ਦਾ ਅਹਿਸਾਸ, ਸਿਆਸੀ ਹੱਕਾਂ ਦੀ ਸੂਝ ਤੇ ਵਿਦਿਅਕ ਤਰੱਕੀ ਦਾ ਅਸਰ ਹੋਣਾ ਸ਼ੁਰੂ ਹੋ ਗਿਆ ਸੀ। ਭਾਵੇਂ ਇਹ ਦੋਵੇਂ ਲਹਿਰਾਂ (ਨਿਰੰਕਾਰੀ ਤੇ ਕੂਕੇ) ਪੋਠੋਹਾਰ ਅਤੇ ਜਿਲ੍ਹਾ ਲੁਧਿਆਣਾ ਤੇ ਮਲੇਰਕੋਟਲਾ ਰਿਆਸਤ ਤਕ ਹੀ ਮਹਿਦੂਦ (ਸੀਮਤ) ਰਹੀਆਂ ਸਨ। ਪਰ ਇਨ੍ਹਾਂ ਦੋਹਾਂ ਲਹਿਰਾਂ ਨੇ ਪੰਜਾਬ ਦੇ ਲੋਕਾਂ ਵਿਚ ਇਕ ਸਰਗਰਮੀ ਦੀ ਸ਼ੁਰੂਆਤ ਕਰ ਦਿੱਤੀ ਸੀ ਜਿਹੜੀ ਹੌਲੀ-ਹੌਲੀ ਫ਼ੈਲਣੀ ਸ਼ੁਰੂ ਹੋ ਗਈ। ਇਸ ਦੌਰ ਵਿਚ ਹੀ, 1866 ਵਿਚ, ਰਾਣੀ ਜਿੰਦਾਂ ਦੇ ਇਕ ਸਾਬਕਾ ਵਜ਼ੀਰ, ਦੀਵਾਨ/ਮੁਣਸ਼ੀ ਬੂਟਾ ਸਿੰਘ ਨੇ ਇਕ ਪ੍ਰੈਸ ਲਾਈ ਅਤੇ 1872 ਵਿਚ ਇਕ ਹਫ਼ਤਾਵਾਰ ਉਰਦੂ ਅਖ਼ਬਾਰ *ਆਫ਼ਤਾਬ-ਏ-ਪੰਜਾਬ* ਵੀ ਸ਼ੁਰੂ ਕਰ ਲਿਆ। ਇਹ ਪਰਚਾ ਹੌਲੀ-ਹੌਲੀ ਪੜ੍ਹੇ ਲਿਖੇ ਅਤੇ ਸਰਗਰਮ ਸਿੱਖਾਂ ਵਿਚ ਜਾਣਿਆ ਜਾਣ ਲਗ ਪਿਆ।

30 ਜੁਲਾਈ 1873 ਦੇ ਦਿਨ ਇਕ ਡਰਾਮਾਈ ਘਟਨਾ ਘਟੀ ਜਿਸ ਨੇ ਸਿੱਖ ਜਗਤ ਨੂੰ ਹਿਲਾ ਕੇ ਰੱਖ ਦਿੱਤਾ। ਅੰਮ੍ਰਿਤਸਰ ਮਿਸ਼ਨ ਸਕੂਲ ਵਿਚ ਪੜ੍ਹ ਰਹੇ ਚਾਰ ਸਿੱਖ ਬੱਚਿਆਂ (ਅਤਰ ਸਿੰਘ, ਸਾਧੂ ਸਿੰਘ, ਸੰਤੋਖ ਸਿੰਘ ਅਤੇ ਆਇਆ ਸਿੰਘ) ਨੇ ਐਲਾਨ ਕੀਤਾ ਕਿ ਉਹ ਈਸਾਈ ਧਰਮ

ਵਿਚ ਸ਼ਾਮਿਲ ਹੋਣਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਵੀ ਭਾਵੇਂ ਦੋ ਰਾਜ ਘਰਾਣਿਆਂ ਦੇ ਬੱਚੇ (ਦਲੀਪ ਸਿੰਘ ਤੇ ਹਰਨਾਮ ਸਿੰਘ ਕਪੂਰਥਲਾ) ਈਸਾਈ ਬਣ ਚੁਕੇ ਸਨ ਪਰ ਹੋਰ ਅਖੌਤੀ-ਉੱਚੇ ਖ਼ਾਨਦਾਨਾਂ ਵਿੱਚੋਂ ਹੋਰ ਕੋਈ ਵੀ ਈਸਾਈ ਨਹੀਂ ਸੀ ਬਣਿਆ। ਉੱਂਵ ਆਮ ਸਿੱਖਾਂ ਵਿੱਚੋਂ ਹੋਰ ਕਈ ਜਣੇ ਈਸਾਈ ਜ਼ਰੂਰ ਬਣ ਚੁਕੇ ਸਨ ਪਰ ਇਹੋ-ਜਿਹੇ ਲੋਕ, ਅਨਪੜ੍ਹ, ਅਖੌਤੀ-ਪਛੜੀਆਂ ਜਮਾਤਾਂ ਵਿਚੋਂ ਜਾਂ ਇਸ ਤਰ੍ਹਾਂ ਦੇ ਕੁਝ ਹੋਰ ਸ਼ਖ਼ਸ ਸਨ। ਪੜ੍ਹੇ ਲਿਖੇ ਚੰਗੇ ਗੁਰਸਿੱਖ ਘਰਾਂ ਵਿਚੋਂ ਇਕ ਵੀ ਬੰਦਾ ਅਜੇ ਤਕ ਈਸਾਈ ਨਹੀਂ ਸੀ ਬਣਿਆ। ਖ਼ੈਰ ਚਾਰ ਸਿੱਖ ਬੱਚਿਆਂ ਦੇ ਈਸਾਈ ਬਣਨ ਦੇ ਇਸ ਐਲਾਨ ਨਾਲ ਕੁਝ ਸਰਗਰਮ ਸਿੱਖ (ਅਜੇ ਸਿੱਖਾਂ ਵਿਚ ਸਾਂਝਾ ਆਗੂ ਕੋਈ ਨਹੀਂ ਸੀ) ਆਪਸ ਵਿਚ ਮਿਲੇ ਅਤੇ ਇਨ੍ਹਾਂ ਬੱਚਿਆਂ ਨੂੰ ਸਮਝਾ-ਬੁਝਾ ਕੇ ਇਸ ਹਰਕਤ ਤੋਂ ਰੋਕ ਲਿਆ।

ਇਨ੍ਹਾਂ ਦਿਨਾਂ ਵਿਚ ਹੀ 'ਗੁਰੂ ਦਾ ਬਾਗ' ਅੰਮ੍ਰਿਤਸਰ (ਦਰਬਾਰ ਸਾਹਿਬ ਦੀ ਹਦੂਦ) ਵਿਚ ਅੰਗਰੇਜ਼ਾਂ ਦੇ ਇਕ ਏਜੰਟ, ਫ਼ਿਲੌਰ ਦੇ ਇਕ ਬ੍ਰਾਹਮਣ (ਸ਼ਰਧਾ ਰਾਮ ਫ਼ਿਲੌਰੀ), ਨੇ 'ਕਥਾ' ਕਰਨੀ ਸ਼ੁਰੂ ਕਰ ਦਿਤੀ। ਉਸ ਨੇ ਹੋਰ ਊਲ-ਜਲੂਲ ਤੋਂ ਇਲਾਵਾ ਸਿੱਖ ਧਰਮ ਦੀ ਸ਼ਾਨ ਵਿਚ ਵੀ ਗੁਸਤਾਖ਼ੀ ਕੀਤੀ। ਉਸ ਦੀ ਇਸ ਬਕਵਾਸ ਨੂੰ ਸਿੱਖ ਚੁਪਚਾਪ ਸੁਣ ਕੇ ਨਜ਼ਰ-ਅੰਦਾਜ਼ ਕਰਦੇ ਰਹੇ ਅਤੇ ਨਾਮਰਦਾਂ ਵਾਂਗ ਚੁਪ ਕਰ ਕੇ ਬੈਠੇ ਰਹੇ। ਇਸ 'ਤੇ ਉਹ ਬ੍ਰਾਹਮਣ ਹੋਰ ਵੀ ਵਧੇਰੇ ਜ਼ੋਰ ਨਾਲ ਸਿੱਖੀ ਦੇ ਖਿਲਾਫ਼ ਹਮਲੇ ਕਰਨ ਲਗ ਪਿਆ। ਦਰਅਸਲ ਇਸ ਬ੍ਰਾਹਮਣ ਨੂੰ ਅੰਗਰੇਜ਼ ਸਰਕਾਰ ਦੀ ਸਰਪਰਸਤੀ ਹਾਸਿਲ ਸੀ। ਜਦ ਉਹ ਨਾ ਹਟਿਆ ਤਾਂ ਕੁਝ ਸਿੱਖ ਨੌਜਵਾਨਾਂ ਨੇ ਮਿਲ ਕੇ ਇਸ ਬ੍ਰਾਹਮਣ ਦੀ ਗੁਰੂ-ਨਿੰਦਾ ਦਾ ਜਵਾਬ ਦੇਣਾ ਸ਼ੁਰੂ ਕਰ ਦਿਤਾ। ਜਦ ਉਨ੍ਹਾਂ ਨੇ ਇਸ ਬ੍ਰਾਹਮਣ ਨੂੰ ਵੰਗਾਰਨਾ ਸ਼ੁਰੂ ਕਰ ਦਿਤਾ ਤਾਂ ਉਹ ਡਰਦਾ ਉੱਥੋਂ ਚਲਾ ਗਿਆ। ਇਸ ਦੀਆਂ ਖ਼ਬਰਾਂ ਹੋਰ ਸਿੱਖ ਸਰਗਰਮ ਤੇ ਸਿਰਕਰਦਾ ਸ਼ਖ਼ਸੀਅਤਾਂ ਨੂੰ ਵੀ ਪੁੱਜੀਆਂ। ਇਨ੍ਹਾਂ ਵਿਚ ਠਾਕਰ ਸਿੰਘ ਸੰਧਾਵਾਲੀਆ, ਗਿਆਨੀ ਗਿਆਨ ਸਿੰਘ (ਲੇਖਕ ਨਹੀਂ), ਗਿਆਨੀ ਸਰਦੂਲ ਸਿੰਘ ਵਗੈਰਾ ਵੀ ਸਨ। ਹੋਰਨਾਂ ਨਾਲ ਵੀ ਇਨ੍ਹਾਂ ਨੇ ਰਾਬਤਾ ਬਣਾਇਆ ਅਤੇ ਅਖ਼ੀਰ **ਪਹਿਲੀ ਅਕਤੂਬਰ 1873** ਦੇ ਦਿਨ ਠਾਕਰ ਸਿੰਘ ਸੰਧਾਵਾਲੀਆ ਨੇ ਸਿਰਕਰਦਾ ਸਿੱਖਾਂ ਦਾ ਇਕ ਇਕੱਠ ਅੰਮ੍ਰਿਤਸਰ ਵਿਚ ਬੁਲਾ ਲਿਆ। ਇਸ ਵਿਚ ਕੁਝ ਗਿਆਨੀ, ਪੁਜਾਰੀ, ਗ੍ਰੰਥੀ ਆਦਿਕ ਸ਼ਾਮਿਲ ਹੋਏ। ਇਨ੍ਹਾਂ ਵਿਚੋਂ ਬਹੁਤੇ ਉਸ ਬ੍ਰਾਹਮਣ ਦੇ ਗੁਰੂ-ਨਿੰਦਾ ਦੇ ਪਰਚਾਰ ਦੇ ਵਿਰੋਧ ਵਿਚ ਇਕੱਠੇ ਹੋਏ ਸਨ ਅਤੇ ਕਈ ਤਾਂ ਸਿੱਖ ਧਰਮ ਬਾਰੇ ਪੂਰੀ ਤਰ੍ਹਾਂ ਸੁਚੇਤ ਵੀ ਨਹੀਂ ਸਨ। ਇਨ੍ਹਾਂ ਸਾਰਿਆਂ ਨੇ ਮਿਲ ਕੇ "ਗੁਰੂ ਸਿੰਘ ਸਭਾ" ਬਣਾਉਣ ਦਾ ਮਤਾ ਪਾਸ ਕੀਤਾ। ਫਿਰ ਵੀ ਹਿੰਦੂ ਅਸਰ ਹੇਠਾਂ ਅਤੇ ਨਿਰਮਲਿਆਂ ਤੇ ਉਦਾਸੀਆਂ ਦੇ ਜ਼ੋਰ ਦੇਣ 'ਤੇ ਇਸ ਅੱਗੇ ਹਿੰਦੂ ਦੇਵੀ "ਸ੍ਰੀ" ਦਾ ਨਾਂ ਵੀ ਪਾ ਕੇ "ਸ੍ਰੀ ਗੁਰੂ ਸਿੰਘ ਸਭਾ" ਬਣਾ ਲਿਆ। ਇਸ ਦੇ ਪ੍ਰਧਾਨ ਠਾਕਰ ਸਿੰਘ ਸੰਧਾਵਾਲੀਆ (1832-1887), ਸਕੱਤਰ ਗਿਆਨੀ ਗਿਆਨ ਸਿੰਘ (1824-1884), ਮੀਤ ਸੇਵਕ (ਮੀਤ ਸਕੱਤਰ) ਅਮਰ ਸਿੰਘ ਤੇ ਖ਼ਜ਼ਾਨਚੀ ਧਰਮ ਸਿੰਘ (ਮਜੀਠਾ ਬੁੰਗਾ) ਬਣਾਏ ਗਏ। ਇਸ ਸਭਾ ਦਾ ਨਿਸ਼ਾਨਾ "ਸਿੱਖ ਧਰਮ ਅਤੇ ਸਮਾਜ ਵਿਚ ਆ ਪਈਆਂ ਕੁਰੀਤੀਆਂ ਦੂਰ ਕਰ ਕੇ ਸਿੱਖ ਧਰਮ ਦੀ ਅਸਲੀ ਮਰਿਆਦਾ ਕਾਇਮ ਕਰਨਾ" ਸੀ

1960: ਮਾਸਟਰ ਤਾਰਾ ਸਿੰਘ ਨੇ ਮਰਨ ਵਰਤ ਤੋੜਿਆ

12 ਮਈ 1961 ਨੂੰ ਤੀਜੀ ਨਹਿਰੂ-ਫਤਹਿ ਸਿੰਘ ਮੁਲਾਕਾਤ ਹੋਈ। ਇਸ ਮੁਲਾਕਾਤ ਨਾਲ ਨਹਿਰੂ ਨੇ 'ਪੰਜਾਬੀ ਸੂਬਾ' ਦੀ ਮੰਗ ਨੂੰ ਮੰਨਣ ਤੋਂ ਸਾਫ਼ ਨਾਂਹ ਕਰ ਦਿੱਤੀ ਜਿਸ ਨਾਲ ਮੁਲਾਕਾਤਾਂ ਦਾ ਸਿਲਸਿਲਾ ਖ਼ਤਮ ਹੋ ਗਿਆ (ਇਨ੍ਹਾਂ ਤਿੰਨ ਮੁਲਾਕਾਤਾਂ ਵਿਚ ਨਹਿਰੂ ਨੇ ਫਤਹਿ ਸਿੰਘ ਤੇ ਮਾਸਟਰ ਤਾਰਾ ਸਿੰਘ ਵਿਚ ਫੁੱਟ ਤਾਂ ਪਾ ਹੀ ਦਿੱਤੀ ਸੀ)। ਫਤਹਿ ਸਿੰਘ ਨਹਿਰੂ

ਮੁਲਾਕਾਤ ਫ਼ੇਲ੍ਹ ਹੋਣ ਤੋਂ ਪੰਜਾਬੀ ਸੂਬੇ ਦੇ ਸਵਾਲ 'ਤੇ ਜੱਦੋਜਹਿਦ ਦਾ ਅਗਲਾ ਪੜਾਅ ਸ਼ੁਰੂ ਹੋ ਗਿਆ। ਇਸੇ ਦਿਨ ਮਾਸਟਰ ਤਾਰਾ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਹੁਣ ਹਾਲਤ ਬੜੀ ਨਾਜ਼ੁਕ ਹੋ ਗਈ ਹੈ ਕਿਉਂਕਿ ਨਹਿਰੂ ਨੇ ਪੰਜਾਬੀ ਸੂਬਾ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। 13 ਮਈ ਨੂੰ ਮਾਸਟਰ ਤਾਰਾ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਪੰਜਾਬੀ ਸੂਬੇ ਲਈ ਜੱਦੋਜਹਿਦ ਜਾਰੀ ਰਹੇਗੀ। ਜੇ ਅਸੀਂ ਇਹ ਮੰਗ ਛੱਡਾਂਗੇ ਤਾਂ ਅਸੀਂ ਗ਼ਦਾਰ ਹੋਵਾਂਗੇ। ਹੁਣ ਜਦੋਂ 57129 ਗ੍ਰਿਫ਼ਤਾਰੀਆਂ ਅਤੇ ਇਕ ਮਰਨ ਵਰਤ ਮਗਰੋਂ ਵੀ ਕੁਝ ਨਹੀਂ ਬਣਿਆ ਤਾਂ ਇਕ ਮਹਾਨ ਕੁਰਬਾਨੀ ਦੇਣੀ ਪਵੇਗੀ। ਮਾਸਟਰ ਤਾਰਾ ਸਿੰਘ ਦਾ ਇਸ਼ਾਰਾ ਆਪਣੇ ਮਰਨ ਵਰਤ ਵੱਲ ਸੀ। 15 ਮਈ ਨੂੰ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਮੈਂ ਜਾਂ ਫਤਹਿ ਸਿੰਘ ਤੇ ਜਾਂ ਦੋਵੇਂ ਮਰਨ ਵਰਤ ਰੱਖਾਂਗੇ। 16 ਮਈ ਨੂੰ ਫਤਹਿ ਸਿੰਘ ਨੇ ਗੰਗਾਨਗਰ ਤੋਂ ਇਕ ਬਿਆਨ ਦੇ ਕੇ ਮੁਤ ਵਰਤ ਰੱਖਣ ਐਲਾਨ ਕੀਤਾ। 17 ਮਈ ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਦੋਹਾਂ ਆਗੂਆਂ ਦੀ ਮਰਨ ਵਰਤ ਰੱਖਣ ਦੀ ਪੇਸ਼ਕਸ਼ ਰੱਦ ਕਰ ਦਿੱਤੀ। ਮਾਸਟਰ ਤਾਰਾ ਸਿੰਘ ਨੇ ਮਰਨ ਵਰਤ ਰੱਖਣ ਦੀ ਗੱਲ ਫੇਰ ਕਹਿਣੀ ਸ਼ੁਰੂ ਕਰ ਦਿਤੀ। ਇਸ ਸਬੰਧ ਵਿਚ 27 ਮਈ ਨੂੰ ਦਲ ਦੀ ਵਰਕਿੰਗ ਕਮੇਟੀ ਅਤੇ 28 ਮਈ ਨੂੰ ਜਨਰਲ ਹਾਊਸ ਦੀ ਮੀਟਿੰਗ ਬੁਲਾ ਲਈ।28 ਮਈ 1961 ਨੂੰ ਅਕਾਲੀ ਦਲ ਦੀ ਮੀਟਿੰਗ ਵਿਚ ਗ਼ੈਰ-ਅਕਾਲੀ ਵੀ ਸੱਦੇ ਹੋਏ ਸਨ ਜਿਨ੍ਹਾਂ ਵਿਚ ਡਾ. ਕਿਚਲੂ, ਡਾਕਟਰ ਕਾਲੀ ਚਰਨ ਸ਼ਰਮਾ, ਕੇ.ਜੀ. ਜੋਧ, ਪੰਡਤ ਸੁੰਦਰ ਲਾਲ, ਸੇਠ ਰਾਮ ਨਾਥ, ਊਧਮ ਸਿੰਘ ਨਾਗੋਕੇ, ਹਰਭਜਨ ਸਿੰਘ (ਸੋਸ਼ਲਿਸਟ) ਤੇ ਕੁਝ ਹੋਰ ਸ਼ਾਮਿਲ ਸਨ। ਇਸ ਮੀਟਿੰਗ ਵਿਚ ਸ਼ਾਮਿਲ ਸਾਰੇ ਆਗੂਆਂ ਨੇ ਅਕਾਲੀ ਦਲ ਦੀ ਹਿਮਾਇਤ ਕੀਤੀ। ਅਖ਼ੀਰ ਵਿਚ ਫਤਹਿ ਸਿੰਘ ਨੇ ਮੁੱਖ ਮਤਾ ਪੇਸ਼ ਕੀਤਾ ਤੇ ਜਸਟਿਸ ਗੁਰਨਾਮ ਸਿੰਘ ਨੇ ਇਸ ਦੀ ਤਾਈਦ ਕੀਤੀ। ਇਸ ਮਤੇ ਵਿਚ ਪੰਜਾਬੀ ਸੂਬੇ ਵਾਸਤੇ ਮਾਸਟਰ ਤਾਰਾ ਸਿੰਘ ਨੂੰ ਮਰਨ ਵਰਤ ਦੀ ਇਜਾਜ਼ਤ ਦੇ ਦਿੱਤੀ ਗਈ। ਇਹ ਮਰਨ ਵਰਤ 15 ਅਗਸਤ ਨੂੰ ਰੱਖੇ ਜਾਣ ਦਾ ਐਲਾਨ ਕਰ ਦਿੱਤਾ ਗਿਆ।ਮਾਸਟਰ ਤਾਰਾ ਸਿੰਘ ਮਰਨ ਵਰਤ ਦਾ ਐਲਾਨ ਕਰ ਮਗਰੋਂ ਗ੍ਰਿਫ਼ਤਾਰੀ ਤੋਂ ਬਚਣ ਲਈ 1 ਜੂਨ ਨੂੰ ਦਰਬਾਰ ਸਾਹਿਬ ਵਿਚ ਆ ਗਿਆ।15 ਅਗਸਤ 1961 ਦੇ ਦਿਨ ਮਾਸਟਰ ਤਾਰਾ ਸਿੰਘ ਨੇ ਅਕਾਲ ਤਖ਼ਤ 'ਤੇ ਅਰਦਾਸ ਕਰ ਕੇ ਮੰਜੀ ਸਾਹਿਬ ਦੀ (ਫ਼ਤਹਿ ਸਿੰਘ ਵਲੋਂ ਦਸੰਬਰ 1960 ਵਿਚ ਉਚੇਚੇ ਤੌਰ 'ਤੇ ਤਿਆਰ ਕਰਵਾਈ ਗਈ) ਝੌਂਪੜੀ ਵਿਚ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ। 29 ਅਗਸਤ 1961 ਨੂੰ ਜਵਾਹਰ ਲਾਲ ਨਹਿਰੂ ਨੇ ਪਾਰਲੀਮੈਂਟ ਵਿਚ ਕਿਹਾ ਕਿ ਪੰਜਾਬ ਦੀ ਵੰਡ ਨੁਕਸਾਨਦੇਹ ਹੋਵੇਗੀ। ਨਹਿਰੂ ਨੇ ਸਿੱਖਾਂ ਨਾਲ ਵਿਤਕਰੇ ਸਬੰਧੀ ਪੜਤਾਲ ਕਰਾਉਣ ਦੀ 'ਹਾਂ' ਕੀਤੀ। ਨਹਿਰੂ ਦੇ 'ਪੰਜਾਬੀ ਸੂਬਾ ਨਹੀਂ ਬਣੇਗਾ' ਦੇ ਬਿਆਨ ਤੇ ਰਾਮੇਸ਼ਵਰਾਨੰਦ ਨੇ ਆਪਣਾ ਵਰਤ 31 ਅਗਸਤ ਨੂੰ ਖੋਲ੍ਹ ਦਿੱਤਾ। ਇਸ ਦਿਨ ਰਾਜ ਗੋਪਾਲ ਅਚਾਰੀਆ ਨੇ ਵੀ ਪੰਜਾਬੀ ਸੂਬੇ ਦੀ ਹਿਮਾਇਤ ਕੀਤੀ। ਪਹਿਲੀ ਸਤੰਬਰ ਨੂੰ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਪੰਜਾਬੀ ਸੂਬਾ ਨਾ ਬਣਾਉਣਾ ਸਿੱਖਾਂ ਨਾਲ ਵਿਤਕਰਾ ਹੈ ਤੇ ਜੇ ਸਰਕਾਰ ਸਿੱਖਾਂ ਨਾਲ ਵਿਤਕਰੇ ਬਾਰੇ ਇਕ 'ਹਾਈ ਪਾਵਰਡ ਕਮਿਸ਼ਨ' ਬਣਾ ਦੇਵੇ ਤਾਂ ਮੈਂ ਮਰਨ ਵਰਤ ਛੱਡ ਦੇਵਾਂਗਾ। ਇਸ ਮਗਰੋਂ ਸਰਕਾਰ ਅਤੇ ਸਿੱਖ ਆਗੂਆਂ ਵਿਚਕਾਰ ਵਿਚੋਲਿਆਂ ਰਾਹੀਂ ਗੱਲਬਾਤ ਜਾਰੀ ਰਹੀ। ਅਖ਼ੀਰ 29 ਸਤੰਬਰ ਨੂੰ ਮਲਿਕ ਹਰਦਿੱਤ ਸਿੰਘ ਅੰਮ੍ਰਿਤਸਰ ਪੁੱਜਿਆ ਤੇ ਇਸ ਮਗਰੋਂ ਉਹ ਦਿੱਲੀ ਜਾ ਕੇ ਸ਼ਾਸਤਰੀ ਨੂੰ 30 ਸਤੰਬਰ ਮਿਲਿਆ। ਮਹਾਰਾਜਾ ਪਟਿਆਲਾ ਅਤੇ ਮਲਿਕ ਹਰਦਿੱਤ ਸਿੰਘ ਉਸੇ ਦਿਨ ਸਰਕਾਰ ਦੇ ਸੁਨੇਹੇ ਲੈ ਕੇ ਅੰਮ੍ਰਿਤਸਰ ਪਹੁੰਚੇ। ਅਖ਼ੀਰ ਮਾਸਟਰ ਤਾਰਾ ਸਿੰਘ ਨੇ ਜੋ ਗੱਲ ਇਕ ਸਤੰਬਰ 1961 ਨੂੰ ਹਾਈ ਪਾਵਰ ਕਮਿਸ਼ਨ ਦੀ ਕਾਇਮੀ ਵਾਸਤੇ ਮੰਗ ਵਾਲੀ ਕਹੀ ਸੀ, ਉਸ ਨੂੰ ਮੰਨਵਾ ਕੇ ਮਲਿਕ ਹਰਦਿਤ ਸਿੰਘ ਅਤੇ ਮਹਾਰਾਜਾ ਪਟਿਆਲਾ ਅੰਮ੍ਰਿਤਸਰ ਪਹੁੰਚੇ ਤੇ ਇਸ ਸੁਝਾਅ ਨੂੰ ਅਕਾਲੀ

ਦਲ ਦੀ ਵਰਕਿੰਗ ਕਮੇਟੀ ਵਿਚ ਪੇਸ਼ ਕੀਤਾ। ਦਲ ਦੀ ਵਰਕਿੰਗ ਕਮੇਟੀ 90 ਮਿੰਟ ਬਹਿਸ ਕਰਦੀ ਰਹੀ। ਫਤਹਿ ਸਿੰਘ, ਮਲਿਕ ਮੁਖਬੈਨ ਸਿੰਘ, ਹਰਚੰਦ ਸਿੰਘ ਜੇਜੀ ਅਤੇ ਹੋਰ ਕਈ ਇਸ ਮੀਟਿੰਗ ਵਿਚ ਹਾਜ਼ਿਰ ਸਨ। ਅਖ਼ੀਰ ਵਰਕਿੰਗ ਕਮੇਟੀ ਨੇ ਮਾਸਟਰ ਤਾਰਾ ਸਿੰਘ ਦਾ ਵਰਤ ਤੁੜਵਾਉਣ ਲਈ ਫ਼ੈਸਲਾ ਕਰ ਦਿੱਤਾ।1 ਅਕਤੂਬਰ 1961 ਨੂੰ, ਸ਼ਾਮ ਸਤ ਵਜੇ, ਮਰਨ ਵਰਤ ਦੇ 48ਵੇਂ ਦਿਨ, ਮਾਸਟਰ ਤਾਰਾ ਸਿੰਘ ਨੇ ਆਪਣਾ ਵਰਤ ਖ਼ਤਮ ਕਰ ਦਿੱਤਾ। ਭਾਰਤ ਸਰਕਾਰ ਨੇ ਨੋਟੀਫ਼ੀਕੇਸ਼ਨ ਜਾਰੀ ਕਰਦਿਆਂ ਕਿਹਾ, ''ਸਰਕਾਰ ਨੇ ਸਿੱਖਾਂ ਨਾਲ ਕੀਤੇ ਜਾਂਦੇ ਅਖੌਤੀ ਵਿਤਕਰਿਆਂ ਸਬੰਧੀ ਇਕ ਕਮਿਸ਼ਨ ਬਣਾਉਣ ਦਾ ਨਿਰਣਾ ਕਰ ਦਿੱਤਾ ਹੈ। ਇਹ ਕਮਿਸ਼ਨ ਸਿੱਖਾਂ ਦੀਆਂ ਹਰ ਤਰ੍ਹਾਂ ਦੀਆਂ ਸ਼ਿਕਾਇਤਾਂ ਦੀ ਪੜਤਾਲ ਕਰੇਗਾ।''

1987: ਸੁਖਦੇਵ ਸਿੰਘ ਚਮਿਆਰੀ ਤੇ ਅਜਾਇਬ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ ਪਹਿਲੀ ਅਕਤੂਬਰ 1987 ਦੇ ਦਿਨ ਸੁਖਦੇਵ ਸਿੰਘ (ਪੁੱਤਰ ਅੰਗਰੇਜ਼ ਸਿੰਘ, ਵਾਸੀ ਚਮਿਆਰੀ) ਅਤੇ ਅਜਾਇਬ ਸਿੰਘ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਸੁਖਦੇਵ ਸਿੰਘ ਨੰਦਪੁਰ ਤੇ ਤਜਿੰਦਰ ਸਿੰਘ ਮਧੂ ਛਾਂਗਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪਹਿਲੀ ਅਕਤੂਬਰ 1990 ਦੇ ਦਿਨ ਪੰਜਾਬ ਪੁਲਸ ਨੇ ਸੁਖਦੇਵ ਸਿੰਘ (ਪੁੱਤਰ ਹਰਪਾਲ ਸਿੰਘ, ਨੰਦਪੁਰ, ਲੁਧਿਆਣਾ) ਤੇ ਤਜਿੰਦਰ ਸਿੰਘ ਉਰਫ਼ ਸੂਬਾ, ਮਧੂ ਛਾਂਗਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਅਮਰੀਕ ਸਿੰਘ ਅਮਰਗੜ੍ਹ, ਬਲਵਿੰਦਰ ਸਿੰਘ ਸ਼ਾਲੀਪੁਰ, ਰਣਧੀਰ ਸਿੰਘ ਧੀਰਾ ਤੇ 8 ਹੋਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲਸ ਨੇ 1 ਅਕਤੂਬਰ 1992 ਦੇ ਦਿਨ ਅਮਰੀਕ ਸਿੰਘ (ਪੁੱਤਰ ਫਕੀਰ ਸਿੰਘ, ਵਾਸੀ ਅਮਰਗੜ੍ਹ, ਸੰਗਰੂਰ), ਬਲਵਿੰਦਰ ਸਿੰਘ ਉਰਫ਼ ਬੱਜਰ (ਪੁੱਤਰ ਜਗੀਰ ਸਿੰਘ, ਵਾਸੀ ਸ਼ਾਲੀਪੁਰ, ਨੇੜੇ ਬਿਆਸ), ਰਣਧੀਰ ਸਿੰਘ ਧੀਰਾ ਵਾਸੀ ਰਕਬਾ, ਜਗਰਾਓਂ ਅਤੇ 7 ਹੋਰ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਰਣਜੀਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 1 ਅਕਤੂਬਰ 1993 ਦੇ ਦਿਨ ਰਣਜੀਤ ਸਿੰਘ (ਪੁੱਤਰ ਗੁਰਦੇਵ ਸਿੰਘ, ਵਾਸੀ ਚੌਕੀ ਮਾਨ, ਲੁਧਿਆਣਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਸੋਨੇ ਦੀ ਪਾਲਕੀ ਦਰਬਾਰ ਸਾਹਿਬ ਭੇਟ

1 ਅਕਤੂਬਰ 2014 ਦੇ ਦਿਨ ਆਗਰਾ ਵਾਸੀ ਮਹਿੰਦਰ ਸਿੰਘ ਕਥੂਰੀਆ ਤੇ ਉਸ ਦੀ ਪਤਨੀ ਪ੍ਰਭਜੀਤ ਕੌਰ ਨੇ ਇਕ ਸੋਨੇ ਦੀ ਪਾਲਕੀ, ਸੁਰਿੰਦਰ ਸਿੰਘ ਤੇ ਸਵਿੰਦਰਪਾਲ ਸਿੰਘ ਰਾਹੀਂ, ਦਰਬਾਰ ਸਾਹਿਬ ਵਿਚ ਭੇਟ ਕੀਤੀ। ਇਕ ਕਰੋੜ ਰੁਪੈ ਦੀ ਕੀਮਤ ਵਾਲੀ ਇਸ ਪਾਲਕੀ 'ਤੇ ਤਿੰਨ ਕਿਲੋ ਸੋਨਾ ਮੜ੍ਹਿਆ ਹੋਇਆ ਹੈ। ਇਸ ਦਾ ਸੋਨੇ ਦੇ ਗੁੰਬਦ 'ਤੇ ਸਵਾ ਕਿਲੋ ਸੋਨਾ ਚੜ੍ਹਿਆ ਹੋਇਆ ਹੈ। ਇਸੇ ਦਿਨ ਹੁਸ਼ਿਆਰਪੁਰ ਵਾਸੀ ਬੀਬੀ ਦਵਿੰਦਰ ਕੌਰ ਨੇ ਸਵਾ ਕਿਲੋ ਸੋਨੇ ਨਾਲ ਮੜ੍ਹੇ 'ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ' ਅੱਖਰ ਵੀ ਦਰਬਾਰ ਸਾਹਿਬ ਵਿਚ

ਭੇਟ ਕੀਤੇ। ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਇਸ ਬੀਬੀ ਦੀ ਇਹ ਭੇਟਾ ਭਾਵੇਂ ਕਬੂਲ ਕਰ ਕੇ ਉਸ ਦੇ ਗਲ ਵਿਚ ਦੋ ਮੀਟਰ ਕਪੜਾ ਪਾ ਦਿੱਤਾ ਪਰ ਲੋਕਾਂ ਵਿਚ ਇਹ ਚਰਚਾ ਚਲਿਆ ਕਿ ਇਸ ਤਰ੍ਹਾਂ ਦੀਆਂ ਭੇਟਾ ਮਲਕ ਭਾਗੋ ਸੋਚ ਦੀਆਂ ਕਾਰਵਾਈਆਂ ਹਨ ਅਤੇ ਸਿੱਖੀ ਅਸੂਲਾਂ ਦੇ ਉਲਟ ਹਨ।

2 ਅਕਤੂਬਰ

1813: ਮਹਾਰਾਜਾ ਰਣਜੀਤ ਸਿੰਘ ਨੇ ਦੁਸਹਿਰੇ ਦਾ ਤਿਓਹਾਰ ਮਨਾਉਣਾ ਸ਼ੁਰੂ ਕੀਤਾ

ਜਦੋਂ 1799 ਵਿਚ ਰਣਜੀਤ ਸਿੰਘ ਨੇ ਲਾਹੌਰ ਦੇ ਬੇਇਨਸਾਫ਼ ਭੰਗੀ ਹਾਕਮਾਂ ਤੋਂ ਲੋਕਾਂ ਦੀ ਜਾਨ ਦੀ ਖਲਾਸੀ ਕਰਵਾਈ ਤਾਂ ਉਹ ਸਰਬਤ ਖਾਲਸਾ ਦਾ ਅਸੂਲ ਤੋੜਨ ਦੇ ਬਾਵਜੂਦ, ਕੁਝ ਹੱਦ ਤਕ, ਸਹੀ ਚਲ ਰਿਹਾ ਸੀ। ਪਰ ਜਦੋਂ ਉਸ ਨੂੰ ਭੰਗੀਆਂ ਵਾਂਗ ਹਕੂਮਤ ਦਾ 'ਭਸ' ਪੈ ਗਿਆ ਤਾਂ ਉਹ ਇਕ ਆਮ ਰਾਜੇ ਵਾਂਗ ਕਰਨ ਲੱਗ ਪਿਆ। ਸੰਨ 1801 ਵਿਚ "ਮਹਾਰਾਜਾ" ਬਣਨ ਦਾ ਲਾਲਚ ਉਸ ਦੀ ਸਭ ਤੋਂ ਪਹਿਲੀ ਵੱਡੀ ਅ-ਸਿੱਖ ਕਾਰਵਾਈ ਸੀ। ਇਸ ਤੋਂ ਬਾਅਦ ਖ਼ੁਦਪ੍ਰਸਤੀ, ਹਾਕਮ-ਪਣ, ਆਪ-ਹੁਦਰਾਪਣ, ਹੈਂਕੜ ਤੇ ਅੱਯਾਸ਼ੀ ਆਪਣੇ ਆਪ ਹੀ ਤੁਰੀਆਂ ਆਉਣੀਆਂ ਸਨ। ਛੇਤੀ ਹੀ ਇਹ ਸਾਰੀਆਂ ਗੱਲਾਂ ਰਣਜੀਤ ਸਿੰਘ ਵਿਚ ਆਉਣੀਆਂ ਸ਼ੁਰੂ ਹੋ ਗਈਆਂ ਸਨ ਤੇ ਕੁਝ ਹੀ ਸਾਲਾਂ ਵਿਚ ਉਹ ਇਕ ਆਮ ਅੱਯਾਸ਼ ਰਾਜਾ ਬਣ ਚੁਕਿਆ ਸੀ। ਜਦ ਰਣਜੀਤ ਸਿੰਘ ਕੋਲ ਅਥਾਹ ਤਾਕਤ ਆ ਗਈ ਤਾਂ ਉਸ ਨੇ ਆਪਣੀ ਹਕੂਮਤ ਵਿਚ ਗ਼ੈਰ-ਸਿੱਖਾਂ ਨੂੰ ਵਧੇਰੇ ਤਾਕਤ ਦੇਣੀ ਸ਼ੁਰੂ ਕਰ ਦਿਤੀ। ਖ਼ੁਸ਼ਾਮਦ-ਪਸੰਦ ਤਬੀਅਤ ਵਾਲੇ ਰਾਜੇ ਨੂੰ ਖ਼ੂਬਸੂਰਤ ਕੁੜੀਆਂ, ਸ਼ਰਾਬ ਤੇ ਹੋਰ ਨਸ਼ੇ ਮੁਹੱਈਆ ਕਰਵਾ ਕੇ ਬ੍ਰਾਹਮਣ ਤੇ ਡੋਗਰੇ ਰਣਜੀਤ ਸਿੰਘ ਦੇ ਦਰਬਾਰ ਵਿਚ ਤਾਕਤ ਹਾਸਿਲ ਕਰਦੇ ਰਹੇ। 1811 ਵਿਚ ਖ਼ੁਸ਼ਹਾਲ ਚੰਦ ਮਿਸਰ (ਯੂ.ਪੀ. ਦਾ ਬ੍ਰਾਹਮਣ) ਉਸ ਦਾ ਡਿਓਢੀਬਰਦਾਰ ਬਣ ਚੁਕਾ ਸੀ। ਇੰਵ ਹੀ ਬ੍ਰਾਹਮਣ ਮਿਸਰ ਬੇਲੀ ਰਾਮ ਉਸ ਦਾ ਖ਼ਜ਼ਾਨਚੀ ਬਣ ਚੁਕਾ ਸੀ। ਰਣਜੀਤ ਸਿੰਘ ਦਾ ਧਰਮ-ਅਰਥ (ਦਾਨ ਦੇਣ ਦੇ ਫ਼ੈਸਲੇ ਕਰਨ ਵਾਲਾ) ਵਜ਼ੀਰ ਇਕ ਬ੍ਰਾਹਮਣ ਹੋਣ ਕਰ ਕੇ ਉਸ ਦੇ ਖ਼ਜ਼ਾਨੇ ਦਾ ਬਹੁਤਾ ਹਿੱਸਾ ਹਿੰਦੂ ਮੰਦਰਾਂ ਨੂੰ ਜਾਂਦਾ ਰਿਹਾ। ਇਹ ਵਜ਼ੀਰ ਜਾਣ ਬੁਝ ਕੇ, ਦਿਖਾਵੇ ਵਜੋਂ ਕੁਝ ਰਕਮ ਦਰਬਾਰ ਸਾਹਿਬ ਨੂੰ ਵੀ ਭੇਟ ਕਰਵਾ ਦੇਂਦਾ ਸੀ, ਪਰ ਉਸ ਤੋਂ ਕਈ ਗੁਣਾ ਵਧੇਰੇ ਮੰਦਰਾਂ ਨੂੰ ਦਿਵਾ ਦੇਂਦਾ ਸੀ। ਰਣਜੀਤ ਸਿੰਘ ਦੇ ਕਰੋੜਾਂ ਰੁਪੈ ਥਾਨੇਸਰ (ਕੁਰੁਕਸ਼ੇਤਰ), ਹਰਦੁਆਰ ਤੇ ਕਾਸ਼ੀ (ਬਨਾਰਸ) ਦੇ ਬ੍ਰਾਹਮਣਾਂ ਨੂੰ ਮਿਲੇ ਜਾਂ ਕਾਂਗੜਾ, ਜਵਾਲਾਮੁਖੀ, ਜੰਮੂ, ਕਾਸ਼ੀ ਦੇ ਮੰਦਰਾਂ 'ਤੇ ਸੋਨਾ ਚੜਾਉਣ ਵਾਸਤੇ ਦਿਤੇ ਗਏ। ਟਿੱਲਾ ਗੋਰਖ ਨਾਥ, ਧਿਆਨਪੁਰ, ਪੰਡੋਰੀ ਤੇ ਧਮਤਾਲ ਦੇ ਜੋਗੀਆਂ ਦੇ ਡੇਰੇ, ਦਰਜਨਾਂ ਸ਼ਿਵਾਲੇ ਤੇ ਮੰਦਰ ਵੀ ਰਣਜੀਤ ਸਿੰਘ ਤੋਂ ਵੱਡੀਆਂ ਰਕਮਾਂ ਹਾਸਿਲ ਕਰਦੇ ਰਹੇ। ਉਦਾਸੀਆਂ ਤੇ ਨਿਰਮਲਿਆਂ ਦੇ ਡੇਰੇ ਵੀ ਕਾਫ਼ੀ ਪੈਸਾ ਵਸੂਲ ਕਰਦੇ ਰਹੇ। ਰਣਜੀਤ ਸਿੰਘ ਦੇ ਇਸ ਬ੍ਰਾਹਮਣ ਵਜ਼ੀਰ ਨੇ ਦਰਬਾਰ ਸਾਹਿਬ ਦੇ ਦੁਆਲੇ ਬਹੁਤ ਸਾਰੀ ਜ਼ਮੀਨ ਉਦਾਸੀਆਂ ਨੂੰ ਦਿਵਾ ਦਿੱਤੀ ਸੀ (ਜਿੱਥੇ ਉਨ੍ਹਾਂ ਨੇ ਅਖਾੜੇ ਤੇ ਡੇਰੇ ਬਣਾ ਲਏ ਜਿੱਥੇ ਸਿੱਖ ਫ਼ਲਸਫ਼ੇ ਦੇ ਉਲਟ ਮਰਿਆਦਾ ਚਲਾਈ ਜਾਂਦੀ ਸੀ ਤੇ ਮਗਰੋਂ ਇਨ੍ਹਾਂ ਡੇਰਿਆਂ ਵਿਚ ਸਿੱਖ ਤਵਾਰੀਖ਼, ਫ਼ਿਲਾਸਫ਼ੀ ਤੇ ਗੁਰਬਾਣੀ ਨੂੰ ਵਿਗਾੜਨ ਵਾਲੀਆਂ ਕਈ ਕਿਤਾਬਾਂ ਵੀ ਲਿਖੀਆਂ ਤੇ ਪਰਚਾਰੀਆਂ ਗਈਆਂ), ਹਾਲਾਂ ਕਿ ਗੁਰੂ ਦਾ ਚੱਕ (ਅੰਮ੍ਰਿਤਸਰ) ਦੀ ਇਹ ਸਾਰੀ ਜ਼ਮੀਨ ਦਰਬਾਰ ਸਾਹਿਬ ਦੀ ਸੀ ਜਿਸ ਨੂੰ 1564 ਵਿਚ ਗੁਰੂ ਰਾਮ ਦਾਸ ਸਾਹਿਬ ਨੇ ਤੁੰਗ ਪਿੰਡ ਦੇ ਲੋਕਾਂ ਤੋਂ ਪੂਰਾ ਮੁੱਲ ਤਾਰ ਕੇ ਖ਼ਰੀਦਿਆ ਸੀ ਤੇ ਇਸ ਨੂੰ ਅੱਗੇ ਵੇਚਿਆ ਜਾਂ ਦਾਨ ਨਹੀਂ ਸੀ ਦਿੱਤਾ ਜਾ ਸਕਦਾ। ਛੇਤੀ ਹੀ ਖ਼ੁਸ਼ਹਾਲ ਚੰਦ ਬ੍ਰਾਹਮਣ ਦੀਆਂ ਕੋਸ਼ਿਸ਼ਾਂ ਸਦਕਾ ਰਣਜੀਤ ਸਿੰਘ ਨੇ ਦਸਹਿਰਾ, ਦੀਵਾਲੀ, ਹੋਲੀ ਤੇ ਹੋਰ ਕਈ ਹਿੰਦੂ ਤਿਓਹਾਰ ਵੀ ਮਨਾਉਣੇ ਸ਼ੁਰੂ ਕਰ ਦਿੱਤੇ

ਸਨ। ਇਸ ਮੁਹਿੰਮ ਹੇਠ ਸਭ ਤੋਂ ਪਹਿਲਾ ਦੁਸਹਿਰਾ 2 ਅਕਤੂਬਰ 1813 ਦੇ ਦਿਨ ਮਨਾਇਆ ਜਾਣਾ ਸ਼ੁਰੂ ਹੋਇਆ ਸੀ।

1926: ਗੁਰਦੁਆਰਾ ਐਕਟ ਹੇਠ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਨਾਂ ਨੂੰ ਮਨਜ਼ੂਰੀ ਮਿਲੀ

9 ਜੁਲਾਈ 1925 ਨੂੰ ਤਾਰਾ ਸਿੰਘ (ਮੈਂਬਰ ਕੌਂਸਲ) ਵਲੋਂ ਪੇਸ਼ ਕੀਤਾ ਗੁਰਦੁਆਰਾ ਬਿਲ ਸ਼ਿਮਲਾ ਇਜਲਾਸ ਵਿਚ ਪਾਸ ਕਰ ਦਿੱਤਾ ਗਿਆ। 28 ਜੁਲਾਈ ਨੂੰ ਗਵਰਨਰ ਵਲੋਂ ਮਨਜ਼ੂਰੀ ਦੇਣ 'ਤੇ ਇਹ ਬਿੱਲ ਗੁਰਦੁਆਰਾ ਐਕਟ ਬਣ ਗਿਆ ਅਤੇ ਇਹ ਐਕਟ 1 ਨਵੰਬਰ 1925 ਤੋਂ ਲਾਗੂ ਹੋ ਗਿਆ। ਇਸ ਬਿੱਲ ਵਿਚ ਇਹ ਵੀ ਕਲਾਜ਼ ਸ਼ਾਮਿਲ ਸੀ ਕਿ ਐਕਟ ਹੇਠ ਚੁਣੀ ਹੋਈ ਕਮੇਟੀ (ਜਿਸ ਦਾ ਨਾਂ ਐਕਟ ਵਿਚ 'ਸੈਂਟਰਲ ਬੋਰਡ' ਸੀ) ਆਪਣਾ ਕੋਈ ਵੀ ਨਾਂ ਰੱਖ ਸਕੇਗੀ; ਇਸ ਕਰ ਕੇ ਚੁਣੇ ਹੋਏ ਮੈਂਬਰਾਂ ਨੇ ਮਤਾ ਪਾਸ ਕਰ ਕੇ ਚੁਣੇ ਗਏ ਸੈਂਟਰਲ ਬੋਰਡ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਣ ਦਾ ਮਤਾ ਪਾਸ ਕਰ ਦਿੱਤਾ ਜਿਸ ਨੂੰ ਸਰਕਾਰ ਵੱਲੋਂ 2 ਅਕਤੂਬਰ 1926 ਦੇ ਦਿਨ ਮਨਜ਼ੂਰ ਕਰ ਲਿਆ ਗਿਆ।

1956: ਅਕਾਲੀ ਦਲ ਨੂੰ ਕਾਂਗਰਸ ਵਿਚ ਸ਼ਾਮਿਲ ਕਰਨ ਦਾ ਮਤਾ ਪਾਸ ਹੋਇਆ

ਰਿਜਨਲ ਫ਼ਾਰਮੂਲਾ ਮਾਰਚ 1956 ਵਿਚ ਕਾਂਗਰਸ ਨੇ ਮੰਨ ਲਿਆ ਸੀ ਤੇ ਹੁਕਮ ਸਿੰਘ ਨੂੰ ਇਸ ਦਾ ਇਨਾਮ ਵੀ ਡਿਪਟੀ ਸਪੀਕਰ ਵਜੋਂ ਮਿਲ ਗਿਆ ਸੀ। ਰੀਜਨਲ ਫ਼ਾਰਮੂਲੇ ਤੋਂ ਬਾਅਦ ਬਹੁਤ ਸਾਰੇ ਅਕਾਲੀ ਆਗੂ ਤਾਕਤ, ਅਹੁਦਿਆਂ ਅਤੇ ਹੋਰ ਲਾਲਚਾਂ ਕਾਰਨ ਕਾਂਗਰਸ ਵਿਚ ਜਾਣ ਵਾਸਤੇ ਤਰਲੋ-ਮੱਛੀ ਹੋ ਰਹੇ ਸਨ। ਇਸ ਧੜੇ ਨੇ ਅਕਾਲੀ ਦਲ ਅਤੇ ਕਾਂਗਰਸ ਵਿਚ ਏਕਤਾ ਦੀ ਗਲਬਾਤ ਵੀ ਸ਼ੁਰੂ ਕਰ ਦਿੱਤੀ। ਪਹਿਲਾਂ ਤਾਂ ਸਿਰਫ਼ ਅਕਾਲੀ ਲੈਜਿਸਲੇਚਰਾਂ ਦੇ ਕਾਂਗਰਸ ਨਾਲ ਸਮਝੌਤੇ ਦੀ ਗੱਲ ਟੁਰੀ ਪਰ ਫਿਰ ਕਾਂਗਰਸ ਨੇ ਅਕਾਲੀ ਦਲ ਨੂੰ ਬਿਲਕੁਲ ਖ਼ਤਮ ਕਰਨ ਦੀ ਪਲਾਨ ਬਣਾਈ। ਇਨ੍ਹਾਂ ਦਿਨਾਂ ਵਿਚ ਹੁਕਮ ਸਿੰਘ ਨੇ ਅਕਾਲੀ ਦਲ ਨਾਲੋਂ ਕਾਂਗਰਸ ਨਾਲ ਵਧੇਰੇ ਸਬੰਧ ਬਣਾਉਣੇ ਸ਼ੁਰੂ ਕੀਤੇ। ਗਿਆਨੀ ਕਰਤਾਰ ਸਿੰਘ ਨੂੰ ਇਸ ਸਬੰਧ ਵਿਚ ਉਸ ਨੇ ਨਾਲ ਗੰਢ ਕੇ ਵਜ਼ੀਰੀ ਦਿਵਾਉਣ ਦਾ ਵਾਇਦਾ ਕੀਤਾ। ਇਸ ਹਾਲਤ ਵਿਚ 28 ਅਗਸਤ 1956 ਨੂੰ ਨਹਿਰੂ ਅਤੇ ਮਾਸਟਰ ਤਾਰਾ ਸਿੰਘ ਵਿਚਕਾਰ ਮੁਲਾਕਾਤ ਹੋਈ ਅਤੇ ਇਸ ਮੀਟਿੰਗ ਵਿਚ ਅਕਾਲੀ ਦਲ ਤੇ ਕਾਂਗਰਸ ਦੀ ਦੋਹਰੀ ਮੈਂਬਰਸ਼ਿਪ ਬਾਰੇ ਜ਼ਿਕਰ ਹੋਇਆ। (ਚੇਤੇ ਰਹੇ ਕਿ 30 ਜੂਨ 1956 ਤਕ ਅਕਾਲੀ ਦਲ ਦੀ ਭਰਤੀ 3 ਲੱਖ 10 ਹਜ਼ਾਰ ਤਕ ਪੁੱਜ ਚੁਕੀ ਸੀ।) ਅਕਾਲੀ-ਕਾਂਗਰਸ ਸਮਝੌਤੇ ਵਾਸਤੇ ਬਲਦੇਵ ਸਿੰਘ ਵਿਚੋਲੇ ਵਜੋਂ ਕੰਮ ਕਰ ਰਿਹਾ ਸੀ। ਪਰ ਗਿਆਨੀ ਕਰਤਾਰ ਸਿੰਘ ਅਤੇ ਹੁਕਮ ਸਿੰਘ ਕੋਸ਼ਿਸ਼ਾਂ ਕਰ ਰਹੇ ਸਨ ਕਿ ਅਕਾਲੀ ਦਲ ਨੂੰ ਸਿਆਸੀ ਪੱਖ ਤੋਂ ਵੀ ਕਾਂਗਰਸ ਵਿਚ ਸ਼ਾਮਿਲ ਕਰ ਦਿੱਤਾ ਜਾਵੇ। ਅਗਸਤ ਤੇ ਸਤੰਬਰ 1956 ਵਿਚ ਗਿਆਨੀ ਕਰਤਾਰ ਸਿੰਘ ਤੇ ਹੁਕਮ ਸਿੰਘ ਕਾਂਗਰਸ ਦੇ ਪ੍ਰਧਾਨ ਮੌਲਾਨਾ ਆਜ਼ਾਦ ਨੂੰ 20 ਵਾਰੀ ਮਿਲੇ। ਅਖ਼ੀਰ **2 ਅਕਤੂਬਰ 1956 ਦੇ ਦਿਨ** ਸ਼੍ਰੋਮਣੀ ਅਕਾਲੀ ਦਲ ਦੇ 150 ਜਥੇਦਾਰ ਤੇ ਸਕੱਤਰ ਇਕਠੇ ਹੋਏ। ਪੰਜ ਘੰਟੇ ਦੀ ਮੀਟਿੰਗ ਮਗਰੋਂ ਅਕਾਲੀ ਦਲ ਨੂੰ ਕਾਂਗਰਸ ਵਿਚ ਸ਼ਾਮਿਲ ਕਰਨ ਦਾ ਫ਼ੈਸਲਾ ਹੋ ਗਿਆ। ਇਸ ਸਬੰਧ ਵਿਚ ਅਜੀਤ ਸਿੰਘ ਸਰਹੱਦੀ ਐਡਵੋਕੇਟ (ਜਲੰਧਰ) ਨੇ ਮਤਾ ਪੇਸ਼ ਕੀਤਾ ਅਤੇ ਹਰਚਰਨ ਸਿੰਘ ਹੁਡਿਆਰਾ ਨੇ ਤਾਈਦ ਕੀਤੀ। ਅਜੀਤ ਸਿੰਘ ਸਰਹੱਦੀ ਮੁਤਾਬਿਕ ਇਹ ਰੈਜੂਲੇਸ਼ਨ ਹੁਕਮ ਸਿੰਘ ਨੇ ਤਿਆਰ ਕੀਤਾ ਸੀ।

1962: ਚੰਨਣ ਸਿੰਘ ਗੰਗਾਨਗਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਿਆ

1962 ਵਿਚ ਅਕਾਲੀ ਦਲ ਵਿਚ ਫੁਟ ਪੈਣ ਮਗਰੋਂ ਫਤਹਿ ਸਿੰਘ ਗਰੁਪ ਨੇ ਮਾਸਟਰ ਤਾਰਾ ਸਿੰਘ ਤੋਂ ਸ਼੍ਰੋਮਣੀ ਕਮੇਟੀ ਖੋਹਣ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਸ਼ੇਰੇਵਾਲਾ ਦੇ ਵਿਰੁਧ ਬੇਵਿਸਾਹੀ ਦਾ ਮਤਾ ਰੱਖ ਦਿੱਤਾ। 2 ਅਕਤੂਬਰ 1962 ਦੇ ਦਿਨ ਬੇਵਿਸਾਹੀ ਦਾ ਮਤਾ 72 ਦੇ ਮੁਕਾਬਲੇ 76 ਵੋਟਾਂ ਨਾਲ ਪਾਸ ਹੋ ਗਿਆ। ਹੁਣ ਚੰਨਣ ਸਿੰਘ ਗੰਗਾਨਗਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣ ਗਿਆ। ਇਸ ਤਰ੍ਹਾਂ ਫ਼ਤਹਿ ਸਿੰਘ ਨੂੰ ਗੁਰਦੁਆਰਿਆਂ ਦੀ ਤਾਕਤ ਪੂਰੀ ਤਰ੍ਹਾਂ ਮਿਲ ਗਈ। ਅਕਾਲੀ ਦਲ ਦੀ ਅਸਲੀ ਤਾਕਤ ਗੁਰਦੁਆਰਾ ਸਟੇਜ ਅਤੇ ਗੁਰਦੁਆਰਾ ਇੰਤਜ਼ਾਮ ਹੋਇਆ ਕਰਦੀ ਹੈ ਅਤੇ ਇਸ ਹਾਰ ਨਾਲ ਮਾਸਟਰ ਤਾਰਾ ਸਿੰਘ ਦਾ ਜ਼ਵਾਲ ਸ਼ੁਰੂ ਹੋ ਗਿਆ।

1986: ਰਾਜੀਵ ਗਾਂਧੀ 'ਤੇ ਕਰਮਜੀਤ ਸਿੰਘ ਸੁਨਾਮ ਨੇ ਹਮਲਾ ਕੀਤਾ

2 ਅਕਤੂਬਰ 1986 ਦੇ ਦਿਨ ਜਦ ਰਾਜੀਵ ਗਾਂਧੀ ਮੋਹਨ ਦਾਸ ਕਰਮ ਚੰਦ (ਕੁਝ ਹਿੰਦੂਆਂ ਵਾਸਤੇ ਮਹਾਤਮਾ) ਗਾਂਧੀ ਦੀ ਸਮਾਧ 'ਤੇ 'ਮੱਥਾ ਟੇਕਣ' ਗਿਆ ਤਾਂ ਉਹ ਇਕ ਸਿੱਖ ਦੀ ਗੋਲੀ ਨਾਲ ਮਰਦਾ ਮਸਾਂ ਬਚਿਆ, ਪਰ ਰਾਜੀਵ ਦੇ ਕਈ ਸਾਥੀਆਂ ਨੂੰ ਗੋਲੀਆਂ ਦੇ ਛੱਰਰੇ ਲੱਗੇ। ਕਰਮਜੀਤ ਸਿੰਘ (ਉਮਰ 25 ਸਾਲ) ਦਾ ਹਥਿਆਰ ਮਾੜਾ ਸੀ (ਜੋ ਉਸ ਨੇ 300 ਰੁਪੈ ਵਿਚ ਖਰੀਦਿਆ ਸੀ) ਪਰ ਜੇ ਕਿਤੇ ਉਸ ਕੋਲ ਚੰਗਾ ਹਥਿਆਰ ਹੁੰਦਾ ਤਾਂ ਉਸ ਦਿਨ ਰਾਜੀਵ ਗਾਂਧੀ ਨੇ ਯਕੀਨਨ ਮਾਰਿਆ ਜਾਣਾ ਸੀ। ਉਸ 'ਤੇ **ਕਰਮਜੀਤ ਸਿੰਘ** ਪੁਤਰ ਅਮਰ ਸਿੰਘ (ਸ਼ਹੀਦ ਉਧਮ ਸਿੰਘ ਰੋਡ, ਸੰਗਰੂਰ) ਨੇ ਗੋਲੀ ਚਲਾਈ ਸੀ। ਕਰਮਜੀਤ ਸਿੰਘ ਦਾ ਸਬੰਧ ਕਿਸੇ ਜਥੇਬੰਦੀ ਨਾਲ ਨਹੀਂ ਸੀ ਤੇ ਉਹ ਇਕੱਲਾ ਹੀ ਜਜ਼ਬਾਤ ਨਾਲ ਭਰਿਆ ਇਸ ਐਕਸ਼ਨ ਵਾਸਤੇ ਆਇਆ ਸੀ। ਉਹ 3-4 ਦਿਨ ਇਸੇ ਜਗਹ ਲੁਕਿਆ ਰਿਹਾ ਤੇ ਇਹ ਸਾਰਾ ਸਮਾਂ ਉਸ ਨੇ ਛੋਲਿਆਂ ਦੀਆਂ ਤਿੰਨ ਚਾਰ ਮੁੱਠਾਂ ਨਾਲ ਬਿਤਾਇਆ ਸੀ।

ਪੰਜ ਅਕਤੂਬਰ ਨੂੰ ਕਰਮਜੀਤ ਸਿੰਘ ਦਾ ਪਿਤਾ ਅਮਰ ਸਿੰਘ, ਭਰਾ ਜਸਵਿੰਦਰ ਸਿੰਘ, ਉਸ ਦੇ ਦੋਸਤ ਬਲਦੇਵ ਸਿੰਘ ਮਸਤਾਨਾ (ਗਲਵੱਟੀ), ਗੁਰਦੁਆਰੇ ਦਾ ਗਰੰਥੀ, ਅਮਰਜੀਤ ਸਿੰਘ (ਇੰਦਰਾ ਬਸਤੀ ਸੁਨਾਮ), ਬਚਨ ਸਿੰਘ, ਪਰੇਮ ਸਿੰਘ (ਕੋਹਲੀਆਂ ਮੁਹੱਲਾ) ਤੇ ਅਮਰਜੀਤ ਸਿੰਘ ਵੀ ਗ੍ਰਿਫ਼ਤਾਰ ਕਰ ਲਏ ਗਏ। ਇਨ੍ਹਾਂ ਵਿਚੋਂ ਬਲਦੇਵ ਸਿੰਘ, ਅਮਰਜੀਤ ਸਿੰਘ, ਪਰਮਜੀਤ ਸਿੰਘ ਅਤੇ ਦੋ ਹੋਰਾਂ ਬਿਕਰਮ ਸਿੰਘ ਤੇ ਸ਼ੇਰ ਸਿੰਘ ਉਰਫ਼ ਕਾਲਾ (ਅੰਮ੍ਰਿਤਸਰ) ਨੂੰ 8 ਅਕਤੂਬਰ ਨੂੰ ਬਾਕਾਇਦਾ ਚਾਰਜ ਕਰ ਲਿਆ ਗਿਆ। ਇਸੇ ਕੇਸ ਵਿਚ 7 ਨਵੰਬਰ ਨੂੰ ਪਰਮਜੀਤ ਸਿੰਘ ਬੀ.ਡੀ.ਓ. ਦੀ ਪਤਨੀ ਵੀ ਗ੍ਰਿਫ਼ਤਾਰ ਕੀਤੀ ਗਈ। ਕਰਮਜੀਤ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। 13 ਸਾਲ ਤੋਂ ਵਧ ਕੈਦ ਕੱਟ ਮਗਰੋਂ ਉਹ ਸੁਪਰੀਮ ਕੋਰਟ ਦੇ ਆਰਡਰ ਹੇਠ ਮਈ 2000 ਵਿਚ ਰਿਹਾ ਹੋਇਆ। ਜੇਲ੍ਹ ਵਿਚ ਉਸ ਨੇ ਐਮ.ਏ. ਹਿਸਟਰੀ ਕੀਤੀ। ਮਗਰੋਂ ਬਾਹਰ ਆ ਕੇ ਐਲ.ਐਲ.ਬੀ. ਪਾਸ ਕਰਨ ਮਗਰੋਂ ਵਕਾਲਤ ਕਰ ਰਿਹਾ ਹੈ।

1989: ਅਜੀਤ ਸਿੰਘ ਸਾਹਨੀ ਲੁਧਿਆਣਾ ਨਕਲੀ ਮੁਕਾਬਲੇ ਵਿਚ ਸ਼ਹੀਦ

2 ਅਕਤੂਬਰ 1989 ਦੇ ਦਿਨ ਪੰਜਾਬ ਪੁਲਸ ਨੇ ਅਜੀਤ ਸਿੰਘ (ਪੁੱਤਰ ਗੁਰਦੇਵ ਸਿੰਘ ਸਾਹਨੀ, ਵਾਸੀ ਮਾਡਲ ਗਰਾਮ, ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਰਣਜੀਤ ਸਿੰਘ ਛੰਦੜਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੁਲਸ ਨੇ 2 ਅਕਤੂਬਰ 1991 ਦੇ ਦਿਨ ਰਣਜੀਤ ਸਿੰਘ (ਪੁੱਤਰ ਸੰਪੂਰਨ ਸਿੰਘ, ਵਾਸੀ ਛੰਦੜਾ, ਲੁਧਿਆਣਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਗੁਰਮੁਖ ਸਿੰਘ ਨਾਗੋਕੇ, ਤੇਜਿੰਦਰ ਕੌਰ, ਭੂਪਿੰਦਰ ਸਿੰਘ ਭਿੰਦਾ ਥਾਂਦੇ, ਅਮੀਰ ਸਿੰਘ ਪਟਿਆਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੁਲਸ ਨੇ 2 ਅਕਤੂਬਰ 1992 ਦੇ ਦਿਨ ਗੁਰਮੁਖ ਸਿੰਘ ਨਾਗੋਕੇ ਤੇ ਉਸ ਦੀ ਪਤਨੀ ਤੇਜਿੰਦਰ ਕੌਰ ਉਰਫ਼ ਰਾਜਬੀਰ ਕੌਰ, ਭੂਪਿੰਦਰ ਸਿੰਘ ਭਿੰਦਾ (ਪੁੱਤਰ ਬੀਰਾ ਸਿੰਘ, ਵਾਸੀ ਖਾਂਡੇ) ਦੋ ਸੌ ਕਤਲਾਂ ਦਾ ਜ਼ਿੰਮੇਦਾਰ ਆਖ ਕੇ, ਅਮੀਰ ਸਿੰਘ ਪਟਿਆਲਾ ਅਤੇ ਕਈ ਹੋਰ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

3 ਅਕਤੂਬਰ

1621: ਰੁਹੀਲਾ (ਹਰਗੋਬਿੰਦਪੁਰ) ਦੀ ਦੂਜੀ ਲੜਾਈ ਵਿਚ ਸਿੱਖਾਂ ਦੀ ਜਿੱਤ

ਰੁਹੀਲਾ ਪਿੰਡ ਨੂੰ ਗੁਰੂ ਅਰਜਨ ਸਾਹਿਬ ਨੇ ਵਸਾਇਆ ਸੀ ਤੇ ਇਸ ਦਾ ਨਾਂ ਗੋਬਿੰਦਪੁਰ ਰੱਖਿਆ ਸੀ (ਹੁਣ ਇਸ ਨੂੰ ਹਰਿਗੋਬਿੰਦਪੁਰ ਆਖਦੇ ਹਨ)। ਗੁਰੂ ਸਾਹਿਬ ਦੀ ਗਵਾਲੀਅਰ ਕੈਦ ਦੌਰਾਨ ਇਸ ਥਾਂ 'ਤੇ ਭਗਵਾਨ ਦਾਸ ਘੇਰੜ (ਚੰਦੂ ਦਾ ਕੁੜਮ) ਨੇ ਨਾਜਾਇਜ਼ ਕਬਜ਼ਾ ਕਰ ਲਿਆ ਸੀ। ਗੁਰੂ ਸਾਹਿਬ ਨੇ ਭਗਵਾਨ ਦਾਸ ਤੋਂ ਇਸ ਦਾ ਕਬਜ਼ਾ ਵਾਪਿਸ ਖੋਹਿਆ ਅਤੇ ਇਸ ਥਾਂ ਨੂੰ ਫੇਰ ਸੰਵਾਰਿਆ ਤੇ ਵਸਾਇਆ। ਕੁਝ ਦਿਨਾਂ ਮਗਰੋਂ ਭਗਵਾਨ ਦਾਸ ਘੇਰੜ ਨੇ ਚੰਦੂ ਦੇ ਪੁੱਤਰ ਕਰਮ ਚੰਦ ਦੀ ਮਦਦ ਨਾਲ ਇਕ ਫ਼ੌਜ ਇਕੱਠੀ ਕੀਤੀ ਅਤੇ 27 ਸਤੰਬਰ 1621 ਦੇ ਦਿਨ ਰੁਹੀਲਾ 'ਤੇ ਹਮਲਾ ਕਰ ਦਿਤਾ। ਇਸ ਹਮਲੇ ਵਿਚ ਬੁਰੀ ਤਰ੍ਹਾਂ ਹਾਰ ਖਾਣ ਮਗਰੋਂ ਭਗਵਾਨ ਦਾਸ ਘੇਰੜ ਨੇ ਜਲੰਧਰ ਦੇ ਮੁਸਲਮਾਨ ਹਾਕਮ ਨੂੰ ਪੈਸੇ ਦੇ ਕੇ ਉਸ ਦੀ ਫ਼ੌਜ ਨੂੰ ਚੜ੍ਹਾ ਲਿਆਂਦਾ। 3 ਅਕਤੂਬਰ (ਕਈ ਥਾਂਈਂ 4 ਤਾਰੀਖ਼ ਵੀ ਲਿਖੀ ਮਿਲਦੀ ਹੈ) 1621 ਦੇ ਦਿਨ ਫੇਰ ਬੜੀ ਘਮਸਾਨ ਦੀ ਲੜਾਈ ਹੋਈ। ਇਸ ਲੜਾਈ ਵਿਚ ਭਗਵਾਨ ਦਾਸ ਘੇਰੜ, ਉਸ ਦਾ ਪੁੱਤਰ ਰਤਨ ਚੰਦ ਤੇ ਚੰਦੂ ਦਾ ਪੁੱਤਰ ਕਰਮ ਚੰਦ ਤਿੰਨੇ ਹੀ ਮਾਰੇ ਗਏ। ਹਾਰ ਮਗਰੋਂ ਕਿਸੇ ਹੋਰ ਨੂੰ ਗੁਰੂ ਸਾਹਿਬ 'ਤੇ ਹਮਲਾ ਕਰਨ ਦਾ ਹੌਸਲਾ ਨਾ ਪਿਆ। 3 ਅਕਤੂਬਰ 1621 ਦੀ ਇਸ ਲੜਾਈ ਵਿਚ ਹੋਰਨਾਂ ਦੇ ਨਾਲ-ਨਾਲ ਭਾਈ ਨਾਨੂ (ਭਾਈ ਮਨੀ ਸਿੰਘ ਦੇ ਦਾਦੇ ਦੇ ਭਰਾ), ਭਾਈ ਪਰਾਗਾ (ਭਾਈ ਮਤੀ ਦਾਸ ਤੇ ਸਤੀ ਦਾਸ ਦੇ ਪੜਦਾਦਾ), ਭਾਈ ਮਥਰਾ ਭੱਟ (ਜਿਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ) ਨੇ ਵੀ ਲੜਾਈ ਵਿਚ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ ਅਤੇ ਇਸ ਲੜਾਈ ਵਿਚ ਉਸ ਨੇ ਸ਼ਹੀਦੀ ਜਾਮ ਵੀ ਪੀਤਾ। ਇਸ ਲੜਾਈ ਵਿਚ ਭਾਈ ਨਾਨੂ ਨੇ ਹੋਰਨਾਂ ਤੋਂ ਇਲਾਵਾ ਮੁਗ਼ਲ ਜਰਨੈਲਾਂ ਬੈਰਮ ਖਾਂ ਤੇ ਈਮਾਮ ਬਖ਼ਸ਼ ਨੂੰ ਵੀ ਮਾਰਿਆ ਸੀ। ਇਸ ਸਬੰਧੀ ਇਕ ਅੰਦਰਾਜ **ਭੱਟ ਵਹੀਆਂ** ਵਿਚ ਇਸ ਤਰ੍ਹਾਂ ਮਿਲਦਾ ਹੈ: *"ਨਾਨੂ ਬੇਟਾ ਮੂਲੇ ਕਾ, ਪੋਤਾ ਰਾਉ ਕਾ, ਪੜਪੋਤਾ ਚਾਹੜ ਕਾ, ਬੰਸ ਬੀਝੇ ਕਾ, ਬੰਝਰਾਉਂਤ, ਸਾਲ ਸੋਲਾਂ ਸੈ ਅਠੱਤਾ, ਕੱਤਕ ਪ੍ਰਵਿਸ਼ਟੇ ਤੀਜ ਕੇ ਦਿਹੁੰ, ਗਾਮ ਰੁਹੀਲਾ ਪਰਗਣਾ ਬਟਾਲਾ ਕੇ ਮਲ੍ਹਾਨ, ਗੁਰੂ ਕਾ ਬਚਨ ਪਾਇ ਰਤਨਾ ਬੇਟਾ ਭਗਵਾਨੇ ਕਾ, ਕਰਮਾ ਬੇਟਾ ਚੰਦੂ ਕਾ, ਬਾਸੀ ਕਲਾਨੌਰ ਕੋ ਮਾਰ ਕੇ ਮਰਾ। ਗੈਲੋਂ ਮਥਰਾ, ਬੇਟਾ ਭਿਖੇ ਕਾ, ਪੋਤਾ ਰਈਏ ਕਾ, ਪੜਪੋਤਾ ਨਰਸੀ ਕਾ, ਬੰਸ ਭਗੀਰਥ ਕਾ, ਕੌਸ਼ਿਸ਼ ਗੋਂਤ੍ਰ ਗੌਂਤ ਬ੍ਰਾਹਮਣ, ਪਰਾਗਾ ਬੇਟਾ ਗੌਤਮ ਕਾ,*

ਭਾਰਗਵ ਗੋਤ੍ਰ, ਛਿੱਬਰ ਬ੍ਰਾਹਮਣ, ਹੋਰ ਰਣ ਜੂਝੰਤੇ ਗੁਰੂ ਕੇ ਜੋਧੇ ਸਾਮ੍ਹੇ ਮਾਥੇ ਰਣ ਮੇਂ ਜੂਝ ਕਰ ਮਰੇ । "(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬੰਝਰਉੱਤੇ ਕਾ)।

1692: ਬਿਲਾਸਪੁਰ ਦੇ ਰਾਜੇ ਭੀਮ ਚੰਦ ਦੇ ਭੋਗ 'ਤੇ ਗੁਰੂ ਗੋਬਿੰਦ ਸਿੰਘ ਬਿਲਾਸਪੁਰ ਗਏ

ਬਿਲਾਸਪੁਰ ਦਾ ਰਾਜਾ ਭੀਮ ਚੰਦ ਸਿੱਖ ਪੰਥ ਦਾ ਸ਼ੈਰ ਖਾਹ ਸੀ। (ਇਕ ਲੇਖਕ ਨੇ ਉਸ ਨਾਲ ਜ਼ਿਆਦਤੀ ਕਰਦਿਆਂ ਉਸ ਨੂੰ ਗੁਰੂ ਸਾਹਿਬ 'ਤੇ ਹਮਲਾ ਕਰਨ ਵਾਲਾ ਲਿਖ ਦਿੱਤਾ ਸੀ। ਮਾਰਚ 1692 ਵਿਚ ਰਾਜਾ ਭੀਮ ਚੰਦ ਨੇ ਪਹਾੜ ਦੀਆਂ ਬਾਈ ਧਾਰਾਂ ਦੇ ਰਾਜਿਆਂ ਦਾ ਇਕੱਠ ਬੁਲਾਇਆ। ਨਦੌਣ ਦੀ ਲੜਾਈ ਮਗਰੋਂ ਮੁਗ਼ਲ ਸਰਕਾਰ ਦੇ ਹੋਣ ਵਾਲੇ ਹਮਲਿਆਂ ਦੇ ਡਰ ਹੇਠ ਰਹਿ ਰਹੇ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਦੀ ਸਰਪ੍ਰਸਤੀ ਹਾਸਿਲ ਕਰਨ ਦੀ ਖ਼ਾਹਿਸ਼ ਜ਼ਾਹਿਰ ਕੀਤੀ। ਮਾਰਚ 1692 ਦੇ ਆਖ਼ਰੀ ਹਫ਼ਤੇ ਗੁਰੂ ਗੋਬਿੰਦ ਸਿੰਘ ਸਾਹਿਬ ਬਿਲਾਸਪੁਰ ਤੇ ਮੰਡੀ ਵੱਲ ਗਏ। 29 ਮਾਰਚ ਦੇ ਦਿਨ ਰਵਾਲਸਰ 'ਚ ਸਾਰੇ ਪਹਾੜੀ ਰਾਜੇ ਇਕੱਠੇ ਹੋਏ। ਉਨ੍ਹਾਂ ਦੀ ਸਦਾਰਤ ਗੁਰੂ ਸਾਹਿਬ ਨੇ ਕੀਤੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਜੇ ਉਹ ਮੁਗ਼ਲਾਂ ਦੀ ਗ਼ੁਲਾਮੀ ਵਿਚ ਨਾ ਰਹਿਣਾ ਚਾਹੁਣ ਤਾਂ ਉਹ (ਗੁਰੂ ਸਾਹਿਬ) ਉਨ੍ਹਾਂ ਦੀ ਨਿਗਹਬਾਨੀ ਤੇ ਸਰਪ੍ਰਸਤੀ ਕਰਨ ਵਾਸਤੇ ਤਿਆਰ ਹਨ। ਸਾਰੇ ਰਾਜਿਆਂ ਨੇ ਗੁਰੂ ਸਾਹਿਬ ਦੇ ਹੁਕਮ ਨੂੰ ਮੰਨਣ ਦਾ ਵਾਅਦਾ ਕੀਤਾ। ਗੁਰੂ ਸਾਹਿਬ ਕੁਝ ਦਿਨ ਰਵਾਲਸਰ ਰਹੇ ਤੇ ਫੇਰ ਪੁਰਮੰਡਲ, ਜੰਮੂ, ਚੱਕ-ਕਾਨ੍ਹਾ, ਰਾਮਗੜ੍ਹ, ਖਿਰੜੀ, ਸਾਂਬਾ, ਪਠਾਨਕੋਟ, ਹੁਸ਼ਿਆਰਪੁਰ 'ਚ ਸੰਗਤਾਂ ਨੂੰ ਦਰਸ਼ਨ ਦੇਂਦੇ ਹੋਏ ਵਾਪਿਸ ਅਨੰਦਪੁਰ ਆ ਗਏ। ਗੁਰੂ ਸਾਹਿਬ ਦੇ ਆਉਣ ਦਾ ਪਤਾ ਲੱਗਣ 'ਤੇ ਸੰਗਤਾਂ ਦੇ ਕਾਫ਼ਲੇ ਫੇਰ ਅਨੰਦਪੁਰ ਸਾਹਿਬ ਵੱਲ ਆਉਣੇ ਸ਼ੁਰੂ ਹੋ ਗਏ। ਪਰ 16 ਸਤੰਬਰ 1692 ਦੇ ਦਿਨ ਬਿਲਾਸਪੁਰ ਦਾ ਰਾਜਾ ਭੀਮ ਚੰਦ ਚੜ੍ਹਾਈ ਕਰ ਗਿਆ। ਉਸ ਦੀ ਅੰਤਿਮ ਰਸਮ **3 ਅਕਤੂਬਰ 1692** ਦੇ ਦਿਨ ਸੀ। ਭੀਮ ਚੰਦ ਦੀ ਸਤਾਰ੍ਹਵੀਂ ਦੇ ਸਬੰਧ ਵਿਚ ਗੁਰੂ ਸਾਹਿਬ ਆਪਣੀ ਦਾਦੀ ਮਾਤਾ ਨਾਨਕੀ, ਆਪਣੇ ਪਰਿਵਾਰ, ਭਾਈ ਚਉਪਤਿ ਰਾਇ ਤੇ ਕੁਝ ਮੁਖੀ ਸਿੱਖਾਂ ਨੂੰ ਲੈ ਕੇ ਅਨੰਦਪੁਰ ਤੋਂ ਬਿਲਾਸਪੁਰ ਗਏ।ਭੀਮ ਚੰਦ ਦੀ ਮੌਤ ਮਗਰੋਂ ਉਸ ਦਾ ਪੁੱਤਰ ਅਜਮੇਰ ਚੰਦ ਰਾਜਾ ਬਣਿਆ ਜੋ ਛੇਤੀ ਹੀ ਪੂਰੀ ਤਰ੍ਹਾਂ ਆਪਣੇ ਬ੍ਰਾਹਮਣ ਵਜ਼ੀਰ ਪੰਡਿਤ ਪਰਮਾਨੰਦ ਦੇ ਅਸਰ ਹੇਠਾਂ ਆ ਗਿਆ। ਇਸ ਨਾਲ ਹੀ ਬਿਲਾਸਪੁਰ ਰਿਆਸਤ ਅਤੇ ਸਿੱਖਾਂ ਦੇ ਸਬੰਧਾਂ ਵਿਚ ਤਰੇੜ ਆਉਣੀ ਸ਼ੁਰੂ ਹੋ ਗਈ।

1930: ਜਥੇਦਾਰ ਤੇਜਾ ਸਿੰਘ ਭੁੱਚਰ ਦੀ ਮੌਤ ਹੋਈ

ਅਕਾਲੀ ਲਹਿਰ ਦਾ ਇਕ ਮੁਖ ਆਗੂ ਜਥੇਦਾਰ ਤੇਜਾ ਸਿੰਘ ਭੁੱਚਰ, ਜਿਸ ਦੇ ਨਾਂ ਤੋਂ ਅਕਾਲ ਤਖ਼ਤ ਸਾਹਿਬ ਦੇ ਅਖੌਤੀ ਜਥੇਦਾਰ ਦਾ ਅਹੁਦਾ ਸ਼ੁਰੂ ਹੋਇਆ ਸੀ, ਦੀ 3 ਅਕਤੂਬਰ 1930 ਦੇ ਦਿਨ ਆਪਣੇ ਭਰਾ ਵੀਰ ਸਿੰਘ ਨਾਲ ਇਕ ਝਗੜੇ ਵਿਚ ਮੌਤ ਹੋ ਗਈ।

1986: ਪੁਲਸ ਨੇ ਹਰਪ੍ਰੀਤ ਸਿੰਘ, ਜਗਤਾਰ ਸਿੰਘ ਤੇ ਬੀਬੀ ਕਿਰਨ ਕੌਰ ਨੂੰ ਗ੍ਰਿਫ਼ਤਾਰ ਕੀਤਾ

ਸੁਰਜੀਤ ਬਰਨਾਲਾ ਦੇ ਹੁਕਮ ਹੇਠ ਪੰਜਾਬ ਪੁਲੀਸ ਨੇ ਹਰਪ੍ਰੀਤ ਸਿੰਘ ਟੀਸੂ, ਜਗਤਾਰ ਸਿੰਘ ਤੇ ਬੀਬੀ ਕਿਰਨ ਕੌਰ ਨੂੰ 3 ਅਕਤੂਬਰ 1986 ਨੂੰ ਗ੍ਰਿਫ਼ਤਾਰ ਕੀਤਾ (ਮਗਰੋਂ

13 ਅਕਤੂਬਰ 1986 ਦੇ ਦਿਨ ਇਨ੍ਹਾਂ ਨੂੰ ਇਕ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ ਗਿਆ। ਪੰਝੀ ਅਕਤੂਬਰ ਨੂੰ ਅਕਾਲੀ ਐਮ.ਪੀ. ਤਰਲੋਚਨ ਸਿੰਘ ਤੁੜ ਨੇ ਇਹ ਰਾਜ਼ ਖੋਲ੍ਹਿਆ)।

1986: ਪੁਲਸ ਚੀਫ਼ ਰਬੈਰੋ ਉੱਤੇ ਉਸ ਦੇ ਘਰ ਦੇ ਮੂਹਰੇ ਹਮਲਾ

ਪੰਜਾਬ ਪੁਲਸ ਦਾ ਚੀਫ਼ ਬਣਨ ਮਗਰੋਂ ਜੂਲੀਓ ਰਬੈਰੋ ਸੁਰਜੀਤ ਬਰਨਾਲਾ ਦੇ ਹੁਕਮਾਂ ਹੇਠ ਸਿੱਖਾਂ ਦਾ ਸ਼ਿਕਾਰ ਕਰਦਾ ਰਿਹਾ ਸੀ; ਉਸ ਦੇ ਜ਼ੁਲਮਾਂ ਦਾ ਜਵਾਬ ਦੇਣ ਵਾਸਤੇ 3 ਅਕਤੂਬਰ 1986 ਦੇ ਦਿਨ ਜਲੰਧਰ ਪੀ.ਏ.ਪੀ. ਹੈੱਡਕੁਆਰਟਰਜ਼ ਵਿਚ ਉਸ 'ਤੇ ਹਮਲਾ ਕੀਤਾ ਗਿਆ। ਇਕ ਚਰਚੇ ਮੁਤਾਬਿਕ ਖਾੜਕੂ ਰਬੈਰੋ ਨੂੰ ਜਿਉਂਦਾ ਫੜਨ ਆਏ ਸੀ ਤੇ ਉਸ ਨੂੰ ਮਾਰਨ ਦਾ ਹੁਕਮ ਨਹੀਂ ਸੀ ਵਰਨਾ; ਉਸ ਨੇ ਉਦੋਂ ਹੀ ਮਰਿਆ ਜਾਣਾ ਸੀ। ਖਾੜਕੂਆਂ ਦਾ ਨਿਸ਼ਾਨਾ ਉਸ ਨੂੰ ਅਗਵਾ ਕਰ ਕੇ ਲਿਜਾ ਕੇ ਉਸ ਨੂੰ ਰਿਹਾ ਕਰਨ ਦੇ ਬਦਲੇ ਜਰਨੈਲ ਮਨਬੀਰ ਸਿੰਘ ਚਹੇੜੂ ਨੂੰ ਆਜ਼ਾਦ ਕਰਵਾਉਣਾ ਸੀ। ਉਂਵ ਜਦ ਰਬੈਰੋ ਕਾਬੂ ਨਾ ਜਾ ਆ ਸਕਿਆ ਤਾਂ ਖਾੜਕੂਆਂ ਨੂੰ ਬਚ ਕੇ ਨਿਕਲਣ ਵਾਸਤੇ ਗੋਲੀ ਚਲਾਉਣੀ ਪਈ। ਉਹ ਜ਼ਖ਼ਮੀ ਹੋ ਕੇ ਰੀਂਗ-ਰੀਂਗ ਕੇ ਅੱਗੇ ਵਧਦਾ ਗਿਆ। ਇਸ ਹਮਲੇ 'ਚ ਦੋ ਸਿਪਾਹੀ ਮਰੇ ਤੇ ਰਬੈਰੋ ਦੀ ਬੀਵੀ ਤੇ ਕੁਝ ਸਿਪਾਹੀ ਵੀ ਜ਼ਖ਼ਮੀ ਹੋਏ। ਇਸ ਦਲੇਰਾਨਾ ਐਕਸ਼ਨ ਮਗਰੋਂ ਸਾਰੇ ਸਿੱਖ ਬਚ ਕੇ ਨਿਕਲਣ 'ਚ ਕਾਮਯਾਬ ਹੋ ਗਏ। ਬਾਅਦ ਵਿਚ ਇਨ੍ਹਾਂ ਵਿਚੋਂ ਸਬ ਇਸਪੈਕਟਰ ਗੁਰਬਚਨ ਸਿੰਘ (20 ਅਕਤੂਬਰ ਨੂੰ), ਹਰਦੇਵ ਸਿੰਘ ਰਾਣਾ (28 ਅਕਤੂਬਰ ਨੂੰ) ਅਨੰਦਪੁਰ ਸਾਹਿਬ ਦੇ ਇਕ ਗ੍ਰੰਥੀ ਪਟਵਾਰੀ ਦੀ ਪਤਨੀ ਬੀਬੀ ਹਰਦੇਵ ਕੌਰ ਦੇ ਘਰੋਂ, ਸਰਦੂਲ ਸਿੰਘ, ਸਰਦਾਰ ਮਲਕੀਤ ਸਿੰਘ ਤੇ ਬਲਵਿੰਦਰ ਸਿੰਘ (27 ਅਕਤੂਬਰ ਨੂੰ) ਗ੍ਰਿਫ਼ਤਾਰ ਕੀਤੇ ਗਏ। ਉਨ੍ਹਾਂ ਤੋਂ ਇਲਾਵਾ ਟਰੱਕ ਮਾਲਕ ਕਾਰਜ ਸਿੰਘ, ਉਸ ਦਾ ਭਣੇਵਾਂ ਗੁਰਮੇਲ ਸਿੰਘ ਤੇ ਮੋਕਲ ਨਗਰ (ਹੁਸ਼ਿਆਰਪੁਰ) ਤੋਂ ਇਕ ਬਿਰਧ ਔਰਤ ਨੂੰ ਵੀ ਹਿਰਾਸਤ 'ਚ ਲਿਆ ਗਿਆ। ਛੇ ਨਵੰਬਰ ਨੂੰ ਬੰਗਾਲ ਚੋਂ ਭੂਪਿੰਦਰ ਸਿੰਘ, ਵਿੱਕੀ ਸਿੰਘ ਤੇ ਰਾਜੂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਇਲਾਵਾ ਕੇਵਲ ਸਿੰਘ (27 ਬਟਾਲੀਅਨ) ਤੇ ਮਨਜੀਤ ਸਿੰਘ (80 ਬਟਾਲੀਅਨ) ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਇਸ ਹਮਲੇ ਤੋਂ ਬਾਅਦ ਰਬੈਰੋ ਕੁਝ ਡਰ ਗਿਆ, ਜਿਸ ਨਾਲ ਕੁਝ ਚਿਰ ਸਿੱਖ ਨੌਜਵਾਨਾਂ ਦੇ ਨਕਲੀ ਪੁਲਿਸ ਮੁਕਾਬਲੇ ਰੁਕ ਗਏ। ਪਰ ਕੁਝ ਦਿਨ ਮਗਰੋਂ ਹੀ ਰਬੈਰੋ ਫੇਰ ਆਪਣੀਆਂ ਹਰਕਤਾਂ 'ਤੇ ਉਤਰ ਆਇਆ।

1987: ਬਲਕਾਰ ਸਿੰਘ ਪੰਜਵੜ, ਗੁਰਿੰਦਰ ਸਿੰਘ, ਮਨਜੀਤ ਸਿੰਘ, ਬਲਵਿੰਦਰ ਸਿੰਘ, ਤਰਸੇਮ ਸਿੰਘ ਤੇ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

3 ਅਕਤੂਬਰ 1987 ਦੇ ਦਿਨ ਪੁਲਸ ਨੇ ਬਲਕਾਰ ਸਿੰਘ ਉਰਫ਼ ਕਾਲਾ (ਪੁੱਤਰ ਬਖਸ਼ੀਸ਼ ਸਿੰਘ, ਵਾਸੀ ਓਠੀਆਂ, ਅਜਨਾਲਾ), ਗੁਰਿੰਦਰ ਸਿੰਘ ਤੇ ਮਨਜੀਤ ਸਿੰਘ, ਬਲਵਿੰਦਰ ਸਿੰਘ ਉਰਫ਼ ਬਾਬਾ, ਤਰਸੇਮ ਸਿੰਘ ਉਰਫ਼ ਪੱਪੂ ਤੇ ਹੋਰ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਅਜੀਤ ਸਿੰਘ ਕੰਦੋਵਾਲੀ, ਕੁਲਦੀਪ ਸਿੰਘ ਵੀਰਮ, ਹਰਪਾਲ ਸਿੰਘ ਗਗੜੇਵਾਲ ਤੇ ਹਰਪਾਲ ਸਿੰਘ ਮੋਹਨਪੁਰ ਵਿਨਿੰਗ ਨਕਲੀ ਮੁਕਾਬਲਿਆਂ ਵਿਚ ਸ਼ਹੀਦ

3 ਅਕਤੂਬਰ 1990 ਦੇ ਦਿਨ ਪੰਜਾਬ ਪੁਲਸ ਨੇ ਅਜੀਤ ਸਿੰਘ (ਵਾਸੀ ਕੰਦੋਵਾਲੀ, ਅੰਮ੍ਰਿਤਸਰ), ਕੁਲਦੀਪ ਸਿੰਘ (ਵਾਸੀ ਵੀਰਮ, ਅੰਮ੍ਰਿਤਸਰ), ਹਰਪਾਲ ਸਿੰਘ (ਵਾਸੀ

ਗਗੜੇਵਾਲ, ਅੰਮ੍ਰਿਤਸਰ) ਤੇ ਹਰਪਾਲ ਸਿੰਘ (ਵਾਸੀ ਮੋਹਨਪੁਰ ਵਿਨਿੰਗ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992 ਕਿਰਪਾ ਸਿੰਘ ਪੰਜਵੜ ਤੇ ਪਤਨੀ ਨਕਲੀ ਮੁਕਾਬਲੇ ਵਿਚ ਸ਼ਹੀਦ

3 ਅਕਤੂਬਰ 1992 ਦੇ ਦਿਨ ਪੁਲਸ ਨੇ ਕਿਰਪਾ ਸਿੰਘ (ਪੁੱਤਰ ਸੁਰਜਨ ਸਿੰਘ, ਵਾਸੀ ਪੰਜਵੜ ਖੁਰਦ) ਤੇ ਉਸ ਦੀ ਪਤਨੀ ਜੋਗਿੰਦਰ ਕੌਰ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਦਾ ਲੈਕਚਰ ਦੂਰਦਰਸ਼ਨ ਤੋਂ ਲਾਈਵ ਬਰਾਡਕਾਸਟ ਕੀਤਾ

3 ਅਕਤੂਬਰ 2014 ਦੇ ਦਿਨ ਫ਼ਿਰਕੂ ਹਿੰਦੂ ਜਮਾਤ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਦਾ 70 ਮਿਟ ਦਾ ਲੈਕਚਰ ਭਾਰਤ ਸਰਕਾਰ ਦੇ ਆਪਣੇ ਟੀ.ਵੀ. ਦੂਰਦਰਸ਼ਨ ਤੋਂ ਸਿੱਧਾ (ਲਾਈਵ) ਬਰਾਡਕਾਸਟ ਕੀਤਾ ਗਿਆ।

2014: ਨਾਗਪੁਰ ਗੁਰਦੁਆਰੇ 'ਤੇ ਹਮਲਾ

3 ਅਕਤੂਬਰ 2014 ਦੇ ਦਿਨ ਨਾਗਪੁਰ (ਮਹਾਂਰਾਟਰ) ਵਿਚ ਬੋਧੀਆਂ ਦਾ ਇਕ ਇਕੱਠ ਨਾਗਪੁਰ ਵਿਚ ਹੋ ਰਿਹਾ ਸੀ। ਇਸ ਵਿਚ 50 ਹਜ਼ਾਰ ਦੇ ਕਰੀਬ ਬੋਧੀ ਹਾਜ਼ਰ ਸਨ। ਕਿਸੇ ਸਿਖ ਦੁਸ਼ਮਣ ਨੇ ਅਫ਼ਵਾਹ ਫ਼ੈਲਾ ਦਿੱਤੀ ਕਿ ਸਿੱਖਾਂ ਨੇ ਮੁਕਾਮੀ ਪਾਰਕ ਵਿਚ ਲੱਗੀ ਡਾ: ਅੰਬੇਦਕਰ ਦੀ ਮੂਰਤੀ ਨੂੰ ਨੁਕਸਾਨ ਪਹੁੰਚਾਇਆ ਹੈ (ਦਰਅਸਲ ਇਕ ਦਿਨ ਪਹਿਲਾਂ ਸਿਕਲੀਗਰ ਸਿੱਖਾਂ ਤੇ ਬੋਧੀਆਂ ਵਿਚ ਇਕ ਨਿੱਕਾ ਜਿਹਾ ਝਗੜਾ ਹੋਇਆ ਸੀ; ਜਿਸ ਨੂੰ ਬਹਾਨਾ ਬਣਾ ਕੇ ਇਹ ਅਫ਼ਵਾਹ ਫ਼ੈਲਾ ਦਿੱਤੀ ਗਈ ਸੀ)। ਇਸ 'ਤੇ ਬੋਧੀਆਂ ਦੀ ਇਕ ਵੱਡੀ ਭੀੜ 'ਪੰਚਸ਼ੀਲ ਗੁਰਦੁਆਰਾ' ਵੱਲ ਚਲ ਪਈ। ਉਨ੍ਹਾਂ ਨੇ ਰਸਤੇ ਵਿਚ ਕੁਝ ਗੱਡੀਆਂ ਦੀ ਭੰਨ ਤੋੜ ਵੀ ਕੀਤੀ ਤੇ ਗੁਰਦੁਆਰੇ ਨੂੰ ਆ ਘੇਰਿਆ ਅਤੇ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਕਈ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ। ਉਸ ਵੇਲੇ ਗੁਰਦੁਆਰੇ ਵਿਚ 150 ਦੇ ਕਰੀਬ ਸਿੱਖ ਮਰਦ, ਔਰਤਾਂ ਤੇ ਬੱਚੇ ਮੌਜੂਦ ਸਨ। ਹਮਲਾਵਰਾਂ ਨੇ ਇਕ ਬਜ਼ੁਰਗ ਔਰਤ ਨੂੰ ਕੁੱਟਿਆ ਵੀ। ਪਰ ਪੁਲਸ ਦੇ ਮੌਕੇ 'ਤੇ ਪੁੱਜ ਜਾਣ ਕਾਰਨ ਵੱਡੀ ਘਟਨਾ ਹੋਣ ਤੋਂ ਬਚਾਅ ਹੋ ਗਿਆ। ਸ਼ਹਿਰ ਵਿਚ ਕੁਝ ਹੋਰ ਜਗਹ ਵੀ ਗੜਬੜ ਹੋਈ। ਹਮਲਾਵਰ ਭੀੜ ਦੇ 4 ਬੰਦੇ ਗ੍ਰਿਫ਼ਤਾਰ ਵੀ ਕੀਤੇ ਗਏ। ਪੁਲਸ ਨੇ ਇਕ ਦਿਨ ਦਾ ਕਰਫ਼ਿਊ ਲਾ ਦਿੱਤਾ।

2014: ਜੈਤੋ ਵਿਚ ਆਰ.ਐਸ.ਐਸ. ਦਾ ਹਥਿਆਰਬੰਦ ਜਲੂਸ; ਜਵਾਬ ਵਿਚ ਮਾਨ ਅਕਾਲੀ ਦਲ ਦਾ ਪ੍ਰੋਟੈਸਟ ਜਲੂਸ

3 ਅਕਤੂਬਰ 2014 ਦੇ ਦਿਨ ਜੈਤੋ (ਬਠਿੰਡਾ ਜ਼ਿਲ੍ਹਾ) ਵਿਚ ਆਰ.ਐਸ.ਐਸ. ਦੇ ਕਾਰਕੁੰਨਾਂ ਨੇ ਇਕ ਹਥਿਆਰਬੰਦ ਜਲੂਸ ਕੱਢਿਆ ਜਿਸ ਦਾ ਮਤਲਬ ਲੋਕਾਂ ਵਿਚ ਇਸ ਜਮਾਤ ਦੀ ਦਹਿਸ਼ਤ ਕਾਇਮ ਕਰਨਾ ਸੀ। ਆਰ.ਐਸ.ਐਸ. ਨੇ ਇਹੋ ਜਿਹੇ ਤਾਕਤ ਦੇ ਮੁਜ਼ਾਹਰੇ ਫ਼ਰੀਦਕੋਟ ਤੇ ਬਰਨਾਲਾ ਵਿਚ ਵੀ ਕੀਤੇ ਸਨ। ਪਰ ਪੰਜਾਬ ਦੀ ਬਾਦਲ ਸਰਕਾਰ ਨੇ ਕਿਸੇ 'ਤੇ ਕੋਈ ਐਕਸ਼ਨ ਨਾ ਲਿਆ। ਇਸ ਦੇ ਖ਼ਿਲਾਫ਼ ਪ੍ਰੋਟੈਸਟ ਵਜੋਂ ਅਕਾਲੀ ਦਲ (ਮਾਨ) ਨੇ 9 ਅਕਤੂਬਰ ਦੇ ਦਿਨ ਮੋਗਾ ਪੁਲਸ ਸਟੇਸ਼ਨ ਦੇ ਬਾਹਰ ਧਰਨਾ ਮਾਰਿਆ। ਪੁਲਸ ਨੇ ਮਾਨ ਦਲ ਦੇ 26 ਵਰਕਰ ਗ੍ਰਿਫ਼ਤਾਰ ਕਰ ਕੇ ਮਗਰੋਂ ਛੱਡ ਦਿੱਤੇ। ਫਿਰ ਅਕਾਲੀ ਦਲ (ਮਾਨ) ਨੇ 12

ਅਕਤੂਬਰ ਦੇ ਦਿਨ ਬਰਨਾਲਾ ਵਿਚ ਜਲੂਸ ਕੱਢਿਆ। ਬਾਦਲ ਦੀ ਪੁਲੀਸ ਨੇ ਇਸ ਜਲੂਸ ਨੂੰ ਸ਼ਹਿਰ ਦੇ ਅੰਦਰੂਨੀ ਇਲਾਕੇ ਵਿਚ ਨਾ ਜਾਣ ਦਿੱਤਾ ਤੇ ਇਸ ਦਾ ਸਿਰਫ਼ ਬਾਹਰ ਦਾ ਰੂਟ ਹੀ ਮਨਜ਼ੂਰ ਕੀਤਾ।

4 ਅਕਤੂਬਰ

1930: ਭਾਈ ਰਣਧੀਰ ਸਿੰਘ ਜੇਲ੍ਹ ਵਿਚੋਂ ਰਿਹਾ ਹੋਏ

ਗ਼ਦਰ ਪਾਰਟੀ ਸਾਜ਼ਿਸ਼ ਕੇਸ ਹੇਠ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਭਾਈ ਰਣਧੀਰ ਸਿੰਘ ਨਾਰੰਗਵਾਲ ਨੂੰ 14 ਸਾਲ ਜੇਲ੍ਹ ਵਿਚ ਰੱਖਣ ਮਗਰੋਂ 4 ਅਕਤੂਬਰ 1930 ਦੇ ਦਿਨ ਰਿਹਾ ਕਰ ਦਿੱਤਾ ਗਿਆ। ਰਿਹਾ ਹੋਣ ਮਗਰੋਂ ਉਹ ਅਕਾਲ ਤਖ਼ਤ ਤੇ ਪੁੱਜੇ ਜੱਥੇ ਉਨ੍ਹਾਂ ਨੂੰ ਖ਼ਾਸ ਸਨਮਾਨ ਦਿੱਤਾ ਗਿਆ। ਮਗਰੋਂ 7 ਦਸੰਬਰ 1930 ਦੇ ਦਿਨ ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਕਨੇਡਾ ਨੇ ਵੀ ਉਨ੍ਹਾਂ ਨੂੰ ਸਨਮਾਨ ਦਿੱਤਾ ਤੇ 500 ਰੁਪੈ ਦੀ ਥੈਲੀ ਅਤੇ ਇਕ ਕ੍ਰਿਪਾਨ ਭੇਟ ਕਰਨ ਵਾਸਤੇ ਮਇਆ ਕਿਸੇ ਸਿੱਖ ਹੱਥ ਨਾਰੰਗਵਾਲ ਭੇਜੀ। (ਵੇਖੋ: ਡਾ: ਪੂਰਨ ਸਿੰਘ ਸੰਪਾਦਤ *'ਭਾਈ ਅਰਜਨ ਸਿੰਘ ਚੰਦ ਦੀ ਇਤਿਹਾਸਕ ਡਾਇਰੀ'*, ਸਫ਼ਾ 123)।

1985: ਪੰਜਾਬ ਚ ਭਾਰਤੀ ਫ਼ੌਜ ਦੀ ਨਵੀਂ ਛਾਵਣੀ ਕਾਇਮ ਕੀਤੀ ਗਈ

ਜੂਨ 1985 ਵਿਚ ਪੰਜਾਬ ਦੇ ਨਵੇਂ ਗਵਰਨਰ ਅਰਜਨ ਸਿੰਹ ਨੇ ਸੁਰਜੀਤ ਬਰਨਾਲਾ, ਬਲਵੰਤ ਸਿੰਘ ਰਾਮੂਵਾਲੀਆ, ਮਨਜੀਤ ਖਹਿਰਾ, ਪ੍ਰਿਥੀਪਾਲ ਕਪੂਰ ਤੇ ਅਤਰ ਸਿੰਘ ਦੀ ਮਦਦ ਨਾਲ ਲੌਂਗੋਵਾਲ ਨਾਲ ਬੜੀ ਨੇੜਤਾ ਕਾਇਮ ਕਰ ਲਈ ਸੀ। ਪ੍ਰਿਥੀਪਾਲ ਕਪੂਰ ਤੇ ਅਤਰ ਸਿੰਘ ਨੇ ਅਕਾਲੀਆਂ ਦਾ ਸਰਕਾਰ ਨਾਲ ਰਾਬਤਾ ਬਣਾਉਣ ਵਿਚ ਸਭ ਤੋਂ ਵਧੇਰੇ ਰੋਲ ਅਦਾ ਕੀਤਾ ਸੀ। ਲੌਂਗੋਵਾਲ ਏਨਾ ਬੇਸਮਝ ਸੀ ਕਿ ਉਸ ਨੂੰ ਪਤਾ ਹੀ ਨਾ ਲਗ ਸਕਿਆ ਕਿ ਬਰਨਾਲਾ, ਪ੍ਰਿਥੀਪਾਲ ਕਪੂਰ ਤੇ ਅਤਰ ਸਿੰਘ ਉਸ ਤੋਂ ਕੀਹ ਕਰਵਾਈ ਜਾ ਰਹੇ ਹਨ। ਲੌਂਗੋਵਾਲ ਪ੍ਰਿਥੀਪਾਲ ਕਪੂਰ ਦਾ ਤਾਂ ਗ਼ੁਲਾਮ ਬਣ ਗਿਆ ਸੀ। ਉਸ ਨੇ ਤਾਂ ਟੌਹੜਾ ਤੇ ਬਾਦਲ ਨਾਲ ਵੀ ਸਲਾਹ ਕਰਨੀ ਬੰਦ ਕਰ ਦਿੱਤੀ ਸੀ। ਹੌਲੀ-ਹੌਲੀ ਰਾਜੀਵ ਤੇ ਲੌਂਗੋਵਾਲ ਵਿਚ ਇਕ ਸਮਝੌਤੇ ਬਾਰੇ 'ਰਜ਼ਾਮੰਦੀ' ਹੋ ਗਈ। ਇਹ 'ਸਮਝੌਤਾ' ਉਲਟਾ ਸਿੱਖਾਂ ਅਤੇ ਪੰਜਾਬ ਵਾਸਤੇ ਹੀ ਘਾਟੇਵੰਦਾ ਸੀ (ਇਸ ਵਿਚ ਸਿੱਖਾਂ ਦੀ ਇਕ ਵੀ ਮੰਗ ਨਹੀਂ ਸੀ ਮੰਨੀ ਹੋਣੀ, ਕਿਸੇ ਸਿੱਖ ਦੀ ਰਿਹਾਈ ਨਹੀਂ ਸੀ ਹੋਣੀ ਤੇ ਉਲਟਾ ਪੰਜਾਬ ਦਾ ਪਾਣੀ ਹਰਿਆਣਾ ਨੂੰ ਦੇਣਾ ਮੰਨਿਆ ਹੋਇਆ ਸੀ)। ਪਰ ਬਰਨਾਲਾ, ਕਪੂਰ, ਅਤਰ ਸਿੰਘ ਦੀ ਤਿੱਕੜੀ ਨੇ ਲੌਂਗੋਵਾਲ ਨੂੰ ਸੋਚਣ ਦਾ ਮੌਕਾ ਹੀ ਨਾ ਦਿੱਤਾ ਅਤੇ ਅਖ਼ੀਰ ਉਸ ਤੋਂ ਹਾਂ ਕਰਵਾ ਲਈ।

ਇਸ ਸਾਜ਼ਿਸ਼ ਹੇਠ ਲੌਂਗੋਵਾਲ ਕੋਲੋਂ ਰਾਜੀਵ ਨੂੰ ਖ਼ਤ ਲਿਖਵਾ ਕੇ ਪੰਜਾਬ ਦਾ ਮਸਲਾ ਹੱਲ ਕਰਨ ਵਾਸਤੇ ਕਦਮ ਚੁਕਣ ਵਾਸਤੇ ਕਿਹਾ ਗਿਆ। ਅਖ਼ੀਰ 23 ਜੁਲਾਈ ਨੂੰ ਰਾਜੀਵ ਤੇ ਲੌਂਗੋਵਾਲ ਵਿਚ ਮੁਲਾਕਾਤਾਂ ਕਰਵਾ ਕੇ 24 ਜੁਲਾਈ ਨੂੰ ਰਾਜੀਵ-ਲੌਂਗੋਵਾਲ ਸਮਝੌਤੇ ਦਾ ਐਲਾਨ ਵੀ ਕਰ ਦਿੱਤਾ ਗਿਆ। ਇਸ ਸਮਝੌਤੇ ਨੂੰ ਭਾਰਤੀ ਪਾਰਲੀਮੈਂਟ ਵਿਚ ਵੀ ਪਾਸ ਕਰ ਦਿੱਤਾ ਗਿਆ। ਖਾੜਕੂਆਂ ਨੇ ਇਸ ਨੂੰ 'ਸ਼ਰਮਨਾਕ ਹੇਠੀ' ਤੇ 'ਕੌਮ ਦੀ ਦਸਤਾਰ ਮਿੱਟੀ ਵਿਚ ਰੋਲਣਾ' ਆਖਿਆ। ਸਿੱਖਾਂ ਨੇ ਪੰਜਾਬ ਵਿਚ ਕਈ ਜਗਹ 'ਤੇ ਲੋਂਗੋਵਾਲ ਦਲ ਵੱਲੋਂ ਪੰਥ ਨਾਲ ਕੀਤੀ ਗ਼ੱਦਾਰੀ 'ਤੇ ਸਿਆਪਾ ਕੀਤਾ। ਹਰ ਪਾਸਿਉਂ ਇਸ ਦੀ ਜ਼ਬਰਦਸਤ ਮੁਖ਼ਾਲਫ਼ਤ ਹੋਈ ਪਰ ਲੌਂਗੋਵਾਲੀਏ ਇਸ ਨੂੰ 'ਕਾਮਯਾਬੀ' ਆਖ ਰਹੇ ਸਨ।

ਖਾੜਕੂ ਨੌਜਵਾਨ ਲੌਂਗੋਵਾਲ ਨੂੰ ਇਸ ਗ਼ਦਾਰੀ ਦੀ ਸਜ਼ਾ ਦੇਣੀ ਚਾਹੁੰਦੇ ਸਨ। ਅਖੀਰ ਪਲਾਨ ਬਣਾ ਕੇ 20 ਅਗਸਤ ਨੂੰ ਪਿੰਡ ਸ਼ੇਰਪੁਰ (ਜ਼ਿਲ੍ਹਾ ਸੰਗਰੂਰ) ਵਿਚ ਇਕ ਰੈਲੀ ਦੌਰਾਨ ਦੋ

ਖਾੜਕੂਆਂ ਗਿਆਨ ਸਿੰਘ ਲੀਲ੍ਹਾਂ ਅਤੇ ਪਰਵਿੰਦਰ ਸਿੰਘ ਨੇ ਹਰਚੰਦ ਸਿੰਘ ਲੌਂਗੋਵਾਲ ਨੂੰ ਗੋਲੀਆਂ ਮਾਰ ਕੇ ਖ਼ਤਮ ਕਰ ਦਿੱਤਾ। ਪਰਵਿੰਦਰ ਸਿੰਘ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਤੇ ਮਗਰੋਂ ਮਾਰ ਦਿੱਤਾ।

ਲੌਂਗੋਵਾਲ ਕਤਲ ਕੇਸ ਵਿਚ ਗਿਆਨ ਸਿੰਘ (ਪਿੰਡ ਪੁਹੀੜ, ਨੇੜੇ ਅਹਿਮਦਗੜ੍ਹ) ਅਤੇ ਹਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਹਲਵਿੰਦਰ ਸਿੰਘ 'ਤੇ ਪੁਲੀਸ ਨੇ ਬਹੁਤ ਤਸ਼ੱਦਦ ਕੀਤਾ ਤੇ ਉਸ ਨੂੰ ਜ਼ਹਿਰ ਦਾ ਟੀਕਾ ਲਾ ਦਿੱਤਾ ਜਿਸ ਨਾਲ ਉਹ 14 ਅਕਤੂਬਰ ਨੂੰ ਰਜਿੰਦਰਾ ਹਸਪਤਾਲ ਪਟਿਆਲਾ ਵਿਚ ਦਮ ਤੋੜ ਗਿਆ (ਜ਼ਹਿਰ ਦਾ ਟੀਕਾ ਪੁਲੀਸ ਮੁਖੀ ਡੀ.ਐਸ. ਮਾਂਗਟ ਦੇ ਡਾਕਟਰ ਪੁੱਤਰ ਨੇ ਲਾਇਆ ਸੀ, ਜਿਸ ਨੂੰ ਮਗਰੋਂ ਖਾੜਕੂਆਂ ਨੇ ਸਜ਼ਾਏ-ਮੌਤ ਦੇ ਦਿਤੀ ਸੀ)। ਇਨ੍ਹਾਂ ਤੋਂ ਇਲਾਵਾ ਪੰਜ ਹੋਰ ਖਾੜਕੂਆਂ ਦੀ ਗ੍ਰਿਫ਼ਤਾਰੀ ਵਾਸਤੇ ਈਨਾਮ ਐਲਾਨੇ ਗਏ। ਜਰਨੈਲ ਸਿੰਘ ਹਲਵਾਰਾ ਦਾ ਈਨਾਮ ਡੇਢ ਲੱਖ ਰੁਪੈ, ਚਰਨਜੀਤ ਸਿੰਘ ਹਲਵਾਰਾ ਦਾ ਇਕ ਲੱਖ ਰੁਪੈ, ਭਾ: ਗੁਰਮੇਲ ਸਿੰਘ ਹਲਵਾਰਾ ਦਾ ਪੰਜਾਹ ਹਜ਼ਾਰ ਰੁਪੈ, ਵਰਿੰਦਰ ਸਿੰਘ ਦਾਖਾ ਦਾ ਪੰਜਾਹ-ਹਜ਼ਾਰ ਰੁਪੈ ਅਤੇ ਇੰਦਰਜੀਤ ਸਿੰਘ ਸੰਗਰੂਰ ਦਾ ਪੰਜਾਹ ਹਜ਼ਾਰ ਰੁਪੈ ਈਨਾਮ ਰੱਖਿਆ ਗਿਆ। ਇਸ ਕਤਲ ਕੇਸ ਵਿਚ ਅਦਾਲਤ ਨੇ ਗਿਆਨ ਸਿੰਘ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ। (ਜੋ ਮਗਰੋਂ ਉਮਰ ਕੈਦ ਵਿਚ ਬਦਲ ਗਈ)।

ਲੌਂਗੋਵਾਲ ਦੀ ਲਾਸ਼ ਦਾ ਸਸਕਾਰ 21 ਅਗਸਤ ਨੂੰ ਕੀਤਾ ਤਾਂ ਉੱਥੇ ਉਸ ਧੜੇ ਦੇ ਕੁਝ ਵਰਕਰਾਂ ਨੇ ਅਜੀਤ ਸਿੰਘ ਪਰਵਾਰ ਵਿਛੋੜਾ ਨੂੰ ਪਾਰਟੀ ਦਾ ਐਕਟਿੰਗ ਪ੍ਰਧਾਨ ਚੁਣ ਲਿਆ। ਪਰ ਇਹ ਚੋਣ ਵਕਤੀ ਹੀ ਰਹੀ। ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਸੀਨੀਅਰ ਟਕਸਾਲੀ ਆਗੂਆਂ ਨੇ ਮਨਜ਼ੂਰ ਨਹੀਂ ਕੀਤਾ ਸੀ ਤੇ ਇਹ ਸਾਰੀ ਖੇਡ ਪੁਰਾਣੇ ਅਕਾਲੀਆਂ ਵਿਚੋਂ ਸਿਰਫ਼ ਬਰਨਾਲਾ ਦੀ ਸੀ। ਇਸ ਕਰ ਕੇ ਰਾਜੀਵ ਤੇ ਅਰਜਨ ਸਿੰਹ ਨੇ ਆਪਣਾ ਅਸਰ ਰਸੂਖ ਵਰਤ ਕੇ ਬਰਨਾਲੇ ਨੂੰ 25 ਸਤੰਬਰ ਨੂੰ ਅਕਾਲੀ ਦਲ ਦਾ ਐਕਟਿੰਗ ਪ੍ਰਧਾਨ ਬਣਵਾ ਦਿੱਤਾ। ਇਸ ਦੇ ਨਾਲ ਹੀ ਪੰਜਾਬ 'ਚ ਚੋਣਾਂ ਦਾ ਐਲਾਨ ਵੀ ਹੋ ਗਿਆ।

ਰਾਜੀਵ-ਲੌਂਗੋਵਾਲ ਸਮਝੌਤੇ ਵੇਲੇ ਇਹ ਵੀ ਤੈਅ ਹੋਇਆ ਸੀ ਕਿ ਸੁਰਜੀਤ ਬਰਨਾਲਾ ਨੂੰ ਪੰਜਾਬ ਦਾ ਚੀਫ਼ ਮਨਿਸਟਰ ਬਣਾਇਆ ਜਾਵੇਗਾ। 17 ਅਗਸਤ ਨੂੰ ਇਲੈਕਸ਼ਨ ਕਮਿਸ਼ਨ ਨੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਾਸਤੇ 25 ਸਤੰਬਰ ਤਾਰੀਖ਼ ਮਿੱਥ ਦਿੱਤੀ ਸੀ। ਲੌਂਗੋਵਾਲ ਧੜੇ ਨੇ ਚੋਣਾਂ ਵਿਚ ਇਕੱਲੇ ਲੜਨ ਦਾ ਐਲਾਨ ਕਰ ਦਿੱਤਾ। ਸਰਕਾਰੀ ਏਜੰਸੀਆਂ ਨੇ ਬਾਬਾ ਜੋਗਿੰਦਰ ਸਿੰਘ ਤੋਂ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕਰਵਾ ਦਿੱਤਾ। ਬਾਬਾ ਦਲ ਦਾ ਕਨਵੀਨਰ ਸਿਮਰਨਜੀਤ ਸਿੰਘ ਮਾਨ ਤੇ ਹੋਰ ਬਹੁਤ ਸਾਰੇ ਵਰਕਰ ਚੋਣ ਲੜਣ ਹੱਕ ਵਿਚ ਸਨ ਪਰ ਬਾਬੇ ਦੀ ਜ਼ਿਦ ਨੇ ਉਨ੍ਹਾਂ ਦੀ ਕੋਈ ਪੇਸ਼ ਨਾ ਜਾਣ ਦਿੱਤੀ। ਬਾਅਦ ਵਿਚ ਇਸ ਬੇਵਕੂਫ਼ੀ ਦਾ ਚੋਖਾ ਘਾਟਾ ਪਿਆ। ਇਨ੍ਹਾਂ ਚੋਣਾਂ 'ਚ ਫ਼ੈਡਰੇਸ਼ਨ ਦੇ ਬਹੁਤ ਸਾਰੇ ਵਰਕਰਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲਾਂ ਵਿਚ ਡੱਕ ਦਿੱਤਾ ਗਿਆ। ਇਨ੍ਹਾਂ ਗ੍ਰਿਫ਼ਤਾਰੀਆਂ ਦੀ ਗਿਣਤੀ ਇਕ ਹਜ਼ਾਰ ਦੇ ਕਰੀਬ ਸੀ।

ਮਿੱਥੇ ਮੁਤਾਬਿਕ 25 ਸਤੰਬਰ ਨੂੰ ਪੰਜਾਬ 'ਚ ਵੋਟਾਂ ਪਈਆਂ। ਇਨ੍ਹਾਂ ਚੋਣਾਂ ਵਿਚ ਕਾਂਗਰਸ ਨੇ ਬੜੇ ਕਮਜ਼ੋਰ ਉਮੀਦਵਾਰ ਖੜ੍ਹੇ ਕੀਤੇ। ਦੂਜੇ ਪਾਸੇ ਸਰਕਾਰ ਦੀਆਂ ਏਜੰਸੀਆਂ ਨੇ ਬਾਬਾ ਜੋਗਿੰਦਰ ਸਿੰਘ (ਸੰਯੁਕਤ ਅਕਾਲੀ ਦਲ) ਕੋਲੋਂ ਚੋਣਾਂ ਦਾ ਬਾਈਕਾਟ ਕਰਵਾ ਦਿੱਤਾ ਹੋਇਆ ਸੀ। ਨਤੀਜੇ ਵਜੋਂ ਬਰਨਾਲੇ ਦੇ 74 ਉਮੀਦਵਾਰ ਜਿੱਤ ਗਏ ਤੇ ਉਹ 29 ਸਤੰਬਰ ਨੂੰ ਚੀਫ਼ ਮਨਿਸਟਰ ਵੀ ਬਣ ਗਿਆ।

ਬਰਨਾਲਾ ਨੇ ਅਸੈਂਬਲੀ ਦੇ ਪਹਿਲੇ ਸੈਸ਼ਨ ਵਿਚ ਹੀ ਇੰਦਰਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕੀਤੀ। ਇਕ ਵੀ ਅਕਾਲੀ ਨੇ ਇੰਦਰਾ ਦੇ ਜ਼ੁਲਮ ਦੇ ਖ਼ਿਲਾਫ਼ ਜ਼ਬਾਨ ਤਕ ਨਾ ਖੋਲ੍ਹੀ। ਬਰਨਾਲੇ ਨੇ ਤਾਂ ਜੂਨ 84 ਅਤੇ ਨਵੰਬਰ 4 'ਚ ਸਿੱਖਾਂ ਦੇ ਕਤਲੇਆਮ ਦੀ ਨਿੰਦਾ ਦੇ ਮਤੇ ਵੀ ਨਾ ਪੇਸ਼ ਕੀਤੇ। ਉਸ ਨੇ ਸਿੱਖ ਸ਼ਹੀਦਾਂ ਨੂੰ 'ਸ਼ਰਧਾਂਜਲੀ' ਵੀ ਨਾ ਭੇਟ ਕੀਤੀ। ਪੰਜਾਬ ਅਸੈਂਬਲੀ ਦੇ ਇਜਲਾਸ ਵਿਚ ਸਿਰਫ਼ ਭਾਜਪਾ ਦੇ ਇਕ ਐਮ.ਐਲ.ਏ. ਨੇ ਇੰਦਰਾ ਦੀ ਭਰਪੂਰ ਨਿੰਦਾ ਕੀਤੀ।

ਰਾਜੀਵ ਗਾਂਧੀ ਨੇ ਬਰਨਾਲੇ ਨੂੰ ਇਸ ਵਾਸਤੇ ਅਕਾਲੀ ਦਲ ਦਾ ਪ੍ਰਧਾਨ ਤੇ ਚੀਫ਼ ਮਨਿਸਟਰ ਬਣਾਇਆ ਸੀ ਤਾਂ ਜੋ ਉਸ ਦੇ ਨਾਂ 'ਤੇ ਖਾੜਕੂਆਂ, ਖਾਲਿਸਤਾਨ, ਭਿੰਡਰਾਂਵਾਲਾ ਵਗ਼ੈਰਾ ਦੇ ਖ਼ਿਲਾਫ਼ ਪਰਾਕਸੀ (ਪਰੋਣੇ) ਲੜਾਈ ਲੜੀ ਜਾ ਸਕੇ। ਸ਼ੁਰੂ ਵਿਚ ਬਰਨਾਲੇ ਨੇ ਦਿਖਾਵੇ ਵਲੋਂ ਪੰਥਕ ਮੰਗਾਂ ਬਾਰੇ ਇਕ-ਅੱਧ ਬਿਆਨ ਵੀ ਦਿੱਤਾ। ਪਰ ਇਹ ਸਭ ਕਾਗ਼ਜ਼ੀ ਕਾਰਵਾਈ ਸੀ। ਉਸ ਵਕਤ 2000 ਤੋਂ ਵੱਧ ਬੇਗ਼ੁਨਾਹ ਸਿੱਖ ਟਾਡਾ ਕੇਸਾਂ ਹੇਠ ਪੰਜਾਬ ਦੀਆਂ ਜੇਲ੍ਹਾਂ ਵਿਚ ਸਨ; 500 ਦੇ ਕਰੀਬ ਹਰਿਆਣੇ ਵਿਚ, 400 ਦੇ ਕਰੀਬ ਜੈਪੁਰ-ਜੋਧਪੁਰ 'ਚ ਅਤੇ 500 ਦੇ ਕਰੀਬ ਹੋਰ ਜੇਲ੍ਹਾਂ ਵਿਚ ਵੀ ਸਨ। ਪੰਜਾਬ 'ਚ ਕੈਦ ਸਿੱਖਾਂ ਬਾਰੇ ਬਰਨਾਲਾ ਨੇ ਜਸਟਿਸ ਅਜੀਤ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਇਕ ਸਬ-ਕਮੇਟੀ ਬਣਾਈ। ਇਸ ਕਮੇਟੀ ਵਿਚ ਭਾਜਪਾ ਦਾ ਸੀਨੀਅਰ ਆਗੂ ਲਾਲ ਚੰਦ ਸਭਰਵਾਲ ਵੀ ਸ਼ਾਮਿਲ ਸੀ। ਇਸ ਕਮੇਟੀ ਨੇ ਬਰਨਾਲੇ ਨੂੰ ਸਿਫ਼ਾਰਸ਼ ਕੀਤੀ ਕਿ ਸਾਰੇ ਬੇਗ਼ੁਨਾਹ ਸਿੱਖ ਰਿਆਅ ਕਰ ਦਿੱਤੇ ਜਾਣ। ਪਰ ਬਰਨਾਲੇ ਨੇ ਸਿਰਫ਼ 26 ਸਿੱਖ ਹੀ ਰਿਹਾਅ ਕੀਤੇ। ਹੋਰ ਤਾਂ ਹੋਰ ਉਸ ਵੇਲੇ ਇਨ੍ਹਾਂ 2000 ਵਿਚੋਂ 224 ਬੇਗ਼ੁਨਾਹ ਸਿੱਖ ਪੰਜਾਬ ਦੀਆਂ ਜੇਲ੍ਹਾਂ 'ਚ ਕੈਦ ਹੀ ਨਹੀਂ 'ਨਜ਼ਰਬੰਦ' ਵੀ ਸਨ।

ਪਰ ਰਾਜੀਵ ਗਾਂਧੀ ਇਸ ਦੇ ਬਾਵਜੂਦ ਸਿੱਖਾਂ ਤੋਂ ਬੇਹੱਦ ਡਰਦਾ ਸੀ; ਉਸ ਨੇ ਪੰਜਾਬ ਵਿਚ ਵਧੇਰੇ ਫ਼ੌਜ ਤਾਇਨਾਤ ਕਰਨ ਦੀ ਸੋਚ ਨਾਲ ਹੋਰ ਫ਼ੌਜੀ ਛਾਵਣੀਆਂ ਕਾਇਮ ਕਰਨ ਦਾ ਫ਼ੈਸਲਾ ਕੀਤਾ। ਇਸ ਪਲਾਨ ਹੇਠ ਰਾਜੀਵ ਗਾਂਧੀ ਨੇ **ਚਾਰ ਅਕਤੂਬਰ 1985** ਦੇ ਦਿਨ ਹੁਸ਼ਿਆਰਪੁਰ 'ਚ ਫ਼ੌਜ ਦੀ ਛਾਉਣੀ ਕਾਇਮ ਕਰਨ ਵਾਸਤੇ 15 ਪਿੰਡਾਂ ਦੀ 6870 ਏਕੜ ਜ਼ਮੀਨ ਐਕੂਆਇਅਰ ਕਰ ਲੈਣ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਵਿਜੀਲੈਂਸ ਬਿਊਰੋ ਅਤੇ 'ਥਰਡ ਏਜੰਸੀ' ਦੀਆਂ ਸਿਫ਼ਾਰਸ਼ਾਂ ਹੇਠ ਰਾਜੀਵ ਗਾਂਧੀ ਵੱਲੋਂ ਸੀ.ਆਰ.ਪੀ.ਐਫ਼, ਇੰਡੋ ਤਿਬੇਤਨ ਫ਼ੋਰਸ ਅਤੇ ਕਈ ਹੋਰ ਫ਼ੋਰਸਾਂ ਦੇ ਨਾਂ ਹੇਠ ਪੰਜਾਬ ਵਿਚ ਦੋ ਲੱਖ ਦੇ ਕਰੀਬ ਫ਼ੌਜ ਰੱਖਣ ਦਾ ਪਲਾਨ ਬਣਾਇਆ ਗਿਆ।

1990: ਸਤਨਾਮ ਸਿੰਘ ਬਾਘੜੀ, ਦਲਜੀਤ ਸਿੰਘ ਸੁਲਤਾਨਵਿੰਡ, ਦਲਬੀਰ ਸਿੰਘ ਚਵਿੰਡਾ ਦੇਵੀ ਤੇ ਹਰਜਿੰਦਰ ਸਿੰਘ ਜਿੰਦਾ ਮੋਹਰੇਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

4 ਅਕਤੂਬਰ 1990 ਦੇ ਦਿਨ ਪੰਜਾਬ ਪੁਲਸ ਨੇ ਸਤਨਾਮ ਸਿੰਘ (ਪੁੱਤਰ ਭਜਨ ਸਿੰਘ, ਵਾਸੀ ਬਾਘੜੀ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਦਲਜੀਤ ਸਿੰਘ ਉਰਫ਼ ਕਾਲੀ (ਵਾਸੀ ਸੁਲਤਾਨਵਿੰਡ, ਅੰਮ੍ਰਿਤਸਰ), ਦਲਬੀਰ ਸਿੰਘ (ਵਾਸੀ ਚਵਿੰਡਾ ਦੇਵੀ, ਅੰਮ੍ਰਿਤਸਰ) ਤੇ ਹਰਜਿੰਦਰ ਸਿੰਘ ਜਿੰਦਾ* (ਵਾਸੀ ਮੋਹਰੇਵਾਲ, ਫ਼ੀਰੋਜ਼ਪੁਰ) ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। *(*ਹਰਜਿੰਦਰ ਸਿੰਘ ਜਿੰਦਾ ਦਾ ਪਿਤਾ ਭਾਈ ਮਾਨ ਸਿੰਘ ਅਤੇ ਉਸ ਦਾ ਭਰਾ ਭਾਈ ਗੁਰਬਿੰਦਰ ਸਿੰਘ 27 ਮਾਰਚ 1990 ਦੇ ਦਿਨ ਸ਼ਹੀਦ ਕੀਤੇ ਜਾ ਚੁਕੇ ਸਨ)।*

1992: ਬਲਬੀਰ ਸਿੰਘ ਕਲੇਰ, ਬਲਵਿੰਦਰ ਸਿੰਘ ਝਬਾਲ, ਬਲਵਿੰਦਰ ਸਿੰਘ ਸਭਰਾ, ਦਲਬੀਰ ਸਿੰਘ, ਬਲਵਿੰਦਰ ਸਿੰਘ ਗੁਮਟਾਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲਸ ਨੇ 4 ਅਕਤੂਬਰ 1992 ਦੇ ਦਿਨ ਬਲਬੀਰ ਸਿੰਘ (ਪੁੱਤਰ ਜੱਸਾ ਸਿੰਘ, ਵਾਸੀ ਕਲੇਰ), ਬਲਵਿੰਦਰ ਸਿੰਘ (ਪੁੱਤਰ ਅਮਰ ਸਿੰਘ, ਵਾਸੀ ਝਬਾਲ ਕਲਾਂ), ਬਲਵਿੰਦਰ ਸਿੰਘ ਉਰਫ਼ ਕਾਲੀ (ਪੁੱਤਰ ਬਲਬੀਰ ਸਿੰਘ, ਵਾਸੀ ਸਭਰਾ), ਬਲਵਿੰਦਰ ਸਿੰਘ (ਵਾਸੀ ਗੁਮਟਾਲਾ), ਦਲਬੀਰ ਸਿੰਘ ਤੇ ਦੋ ਹੋਰ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

5 ਅਕਤੂਬਰ

1708: ਬਾਬਾ ਬੰਦਾ ਸਿੰਘ ਨੰਦੇੜ ਤੋਂ ਪੰਜਾਬ ਵਾਸਤੇ ਰਵਾਨਾ ਹੋਇਆ; ਗੁਰੂ ਗੋਬਿੰਦ ਸਿੰਘ ਜੀ ਤੇ ਜਾਨ-ਲੇਵਾ ਹਮਲਾ ਹੋਇਆ

ਜਦ ਗੁਰੂ ਗੋਬਿੰਦ ਸਿੰਘ ਸਾਹਿਬ ਨੰਦੇੜ ਪੁੱਜੇ ਅਤੇ ਮਾਧੋ ਦਾਸ ਬੈਰਾਗੀ ਨੂੰ ਮਿਲੇ ਤਾਂ ਉਸ ਨੇ ਸਿੱਖੀ ਵਿਚ ਸ਼ਾਮਿਲ ਹੋਣ ਦੀ ਖ਼ਾਹਿਸ਼ ਜ਼ਾਹਿਰ ਕੀਤੀ। 4 ਸਤੰਬਰ 1708 ਦੇ ਦਿਨ, ਬੰਦਾ ਸਿੰਘ ਨੇ ਖੰਡੇ ਦੀ ਪਾਹੁਲ ਲਈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਹੱਥੀਂ ਉਸ ਨੂੰ ਕੰਘਾ, ਕਿਰਪਾਨ, ਕੜਾ, ਕਛਹਿਰਾ ਭੇਟ ਕੀਤੇ। ਸਿਰ 'ਤੇ ਛੋਟੀ ਦਸਤਾਰ-ਕੇਸਕੀ ਸਜਾ ਕੇ ਬੈਰਾਗੀ ਤੋਂ ਸਿੰਘ ਰੂਪ ਵਿਚ ਲੈ ਆਂਦਾ। ਸਤਿਗੁਰਾਂ ਇਸ ਨੂੰ ਭਾਈ ਦਇਆ ਸਿੰਘ ਤੇ ਤਿੰਨ ਹੋਰ ਸਿੱਖਾਂ ਨੂੰ ਲੈ ਕੇ ਆਪਣੇ ਹੱਥੀਂ ਮਾਧੋ ਦਾਸ ਨੂੰ ਖੰਡੇ ਦੀ ਪਾਹੁਲ ਦੇ ਕੇ ਸਿੰਘ ਸਜਾ ਦਿੱਤਾ। ਸਤਿਗੁਰਾਂ ਉਸ ਦਾ ਨਾਂ ਬੰਦਾ ਸਿੰਘ ਰੱਖਿਆ।ਪਾਹੁਲ ਦੇਣ ਮਗਰੋਂ ਗੁਰੂ ਜੀ ਨੇ ਬੰਦਾ ਸਿੰਘ ਨੂੰ ਵੇਰਵੇ ਨਾਲ ਪੰਜਾਬ ਦੀ ਹਾਲਤ ਬਿਆਨ ਕੀਤੀ। ਉਨ੍ਹਾਂ ਨੇ ਅਨੰਦਪੁਰ ਸਾਹਿਬ 'ਤੇ ਪਹਾੜੀਆਂ ਅਤੇ ਮੁਗ਼ਲਾਂ ਦੇ ਹਮਲਿਆਂ, ਸਿੱਖਾਂ ਦੇ ਉੱਥੋਂ ਨਿਕਲਣ, ਤਲਵੰਡੀ ਸਾਬੋ ਪੁੱਜਣ ਅਤੇ ਬਹਾਦਰ ਸ਼ਾਹ ਦੀ ਬਦਨੀਅਤੀ ਦੀ ਤਫ਼ਸੀਲ ਦੱਸੀ। ਉਨ੍ਹਾਂ ਨੇ ਮੁਗ਼ਲਾਂ ਦੇ ਜ਼ੁਲਮਾਂ ਦੀ ਕਹਾਣੀ ਵੀ ਸੁਣਾਈ। ਇਹ ਸਭ ਸੁਣ ਕੇ ਬੰਦਾ ਸਿੰਘ ਦਾ ਚਿਹਰਾ ਉਦਾਸ ਹੋ ਗਿਆ। ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਇਹ ਵੇਲਾ ਉਦਾਸ ਜਾਂ ਨਿੰਮੋਝੂਣਾ ਹੋਣ ਦਾ ਨਹੀਂ ਬਲਕਿ ਇਸ ਜ਼ੁਲਮ ਦਾ ਨਾਸ ਕਰਨ ਦਾ ਹੈ। ਬੰਦਾ ਸਿੰਘ ਨੇ ਇਕ ਦਮ ਕਿਹਾ "ਮੈਂ ਤਾਂ ਹੁਣ ਆਪ ਜੀ ਦਾ ਬੰਦਾ ਹਾਂ ਮੈਨੂੰ ਹੁਕਮ ਕਰੋ।" ਗੁਰੂ ਜੀ ਨੇ ਉਸ ਨੂੰ ਆਖਿਆ ਕਿ ਉਹ ਜ਼ਾਲਮਾਂ ਨੂੰ ਸਜ਼ਾ ਦੇਣ ਵਾਸਤੇ ਫ਼ੌਜ ਦੀ ਜਥੇਦਾਰੀ ਸੰਭਾਲੇ। ਬੰਦਾ ਸਿੰਘ ਨੇ ਇਕ ਦਮ ਆਪਣੀ ਰਜ਼ਾਮੰਦੀ ਜ਼ਾਹਿਰ ਕਰ ਦਿਤੀ। ਤਕਰੀਬਨ ਇਕ ਮਹੀਨਾ ਗੁਰੂ ਸਾਹਿਬ ਬੰਦਾ ਸਿੰਘ ਨੂੰ ਸਿੱਖ ਫ਼ਿਲਾਸਫ਼ੀ ਅਤੇ ਸਿੱਖ ਤਵਾਰੀਖ਼ ਸਮਝਾਉਂਦੇ ਰਹੇ ਤੇ ਨਾਲ ਹੀ ਉਸ ਦੇ ਸਿੱਖੇ ਸਬਕ ਦਾ ਇਮਤਿਹਾਨ ਵੀ ਲੈਂਦੇ ਰਹੇ।ਇਨ੍ਹੀਂ ਦਿਨੀਂ ਭਾਈ ਭਗਵੰਤ ਸਿੰਘ ਬੰਗੇਸ਼ਰੀ ਦਾ ਟਾਂਡਾ (ਵਪਾਰਿਕ ਕਾਫ਼ਲਾ) ਵੀ ਉਧਰੋਂ ਲੰਘ ਰਿਹਾ ਸੀ। ਜਦ ਉਸ ਨੂੰ ਪਤਾ ਲਗਾ ਕਿ ਗੁਰੂ ਸਾਹਿਬ ਨੰਦੇੜ ਵਿਚ ਰੁਕੇ ਹੋਏ ਹਨ ਤਾਂ ਉਹ ਗੁਰੂ ਜੀ ਨੂੰ ਮਿਲਣ ਆਇਆ। ਗੁਰੂ ਜੀ ਨੇ ਉਸ ਨਾਲ ਵਿਚਾਰ ਕਰ ਕੇ ਬੰਦਾ ਸਿੰਘ ਨੂੰ ਉਸ ਦੇ ਟਾਂਡੇ ਵਿਚ ਪੰਜਾਬ ਭੇਜਣ ਦਾ ਫ਼ੈਸਲਾ ਕਰ ਲਿਆ। ਬੰਦਾ ਸਿੰਘ **5 ਅਕਤੂਬਰ 1708 ਦੇ ਦਿਨ** ਨੰਦੇੜ ਤੋਂ ਪੰਜਾਬ ਵਲ ਚਲ ਪਿਆ। ਗੁਰੂ ਜੀ ਨੇ ਉਸ ਦਾ ਸਾਥ ਦੇਣ ਵਾਸਤੇ ਕੁਝ ਸਿੰਘ ਵੀ ਨਾਲ ਭੇਜੇ। (ਰਤਨ ਸਿੰਘ ਭੰਗੂ ਇਨ੍ਹਾਂ ਨੂੰ 'ਪੰਜ ਮੁਖੀ ਸਿੰਘ' ਕਹਿੰਦਾ ਹੈ ਤੇ ਇਨ੍ਹਾਂ ਦੇ ਨਾਂ ਬਿਨੋਦ ਸਿੰਘ, ਕਾਹਨ ਸਿੰਘ, ਬਾਜ ਸਿੰਘ, ਰਣ ਸਿੰਘ ਤੇ ਰਾਮ ਸਿੰਘ ਲਿਖਦਾ ਹੈ। ਸਰੂਪ ਸਿੰਘ ਕੋਸ਼ਿਸ਼ ਦੀ '*ਗੁਰੂ ਕੀਆਂ ਸਾਖੀਆਂ*' ਅਤੇ ਭੱਟ ਵਹੀਆਂ ਵਿਚ ਇਨ੍ਹਾਂ ਪੰਜਾਂ ਵਿਚੋਂ ਰਣ ਸਿੰਘ ਤੇ ਰਾਮ ਸਿੰਘ ਦਾ ਕੋਈ ਜ਼ਿਕਰ ਨਹੀਂ ਹੈ। ਹੋ ਸਕਦਾ ਹੈ ਕਿ ਰਤਨ ਸਿੰਘ ਨੇ

ਅਸਲ ਨਾਂ ਪਤਾ ਨਾ ਲਗ ਸਕਣ ਕਰ ਕੇ ਆਪਣੇ ਕੋਲੋਂ ਪਾ ਦਿੱਤੇ ਹੋਣ। ਇਹ ਵੀ ਹੋ ਸਕਦਾ ਹੈ ਕਿ ਇਹ ਨਾਂ ਅਖੌਤੀ ਤੱਤ ਖਾਲਸਾ ਨੇ ਮਗਰੋਂ ਪਰਚਾਰੇ ਹੋਣ)।

ਗੁਰੂ ਜੀ ਨੇ ਬੰਦਾ ਸਿੰਘ ਨੂੰ ਖਾਲਸੇ ਦਾ ਨੀਲਾ ਨਿਸ਼ਾਨ ਸਾਹਿਬ, ਇਕ ਨਗਾਰਾ ਤੇ ਪੰਜ ਤੀਰ ਵੀ ਦਿਤੇ। ਇਸ ਤੋਂ ਇਲਾਵਾ ਗੁਰੂ ਜੀ ਨੇ ਉਸ ਨੂੰ ਇਕ ਚਿੱਠੀ (ਜਿਸ ਨੂੰ ਹੁਕਮਨਾਮਾ ਵੀ ਕਿਹਾ ਜਾਂਦਾ ਹੈ) ਵੀ ਦਿੱਤੀ ਜਿਸ ਵਿਚ ਸਿੱਖਾਂ ਦੇ ਨਾਂ ਪੈਗ਼ਾਮ ਲਿਖਿਆ ਹੋਇਆ ਸੀ ਕਿ ਉਹ ਬੰਦਾ ਸਿੰਘ ਦਾ ਤਹਿ-ਦਿਲੋਂ ਸਾਥ ਦੇਣ। ਪੰਜ ਅਕਤੂਬਰ 1708 ਦੇ ਦਿਨ ਜਰਨੈਲ ਬੰਦਾ ਸਿੰਘ ਨੰਦੇੜ ਤੋਂ ਪੰਜਾਬ ਨੂੰ ਚਲਿਆ ਅਤੇ ਇਸੇ ਦਿਨ ਸ਼ਾਮ ਨੂੰ ਜਮਸ਼ੈਦ ਖ਼ਾਨ ਪਠਾਣ ਨੇ ਗੁਰੂ ਸਾਹਿਬ ਦੇ ਸੁੱਤਿਆਂ ਉਨ੍ਹਾਂ 'ਤੇ ਹਮਲਾ ਕਰ ਦਿਤਾ ਤੇ ਜਮਧਾਰ (ਕਟਾਰ) ਦੇ ਤਿੰਨ ਵਾਰ ਕਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿਤਾ। ਬੇਹੱਦ ਜ਼ਖ਼ਮੀ ਹੋਣ ਦੇ ਬਾਵਜੂਦ ਗੁਰੂ ਸਾਹਿਬ ਨੇ ਪਰਤਵਾਂ ਵਾਰ ਕਰ ਕੇ ਜਮਸ਼ੈਦ ਖ਼ਾਨ ਨੂੰ ਥਾਂਏਂ ਮਾਰ ਦਿਤਾ।

1920: ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ 'ਤੇ ਸਿੱਖਾਂ ਦਾ ਕਬਜ਼ਾ ਹੋਇਆ

ਗੁਰਦੁਆਰਾ ਬਾਬੇ ਦੀ ਬੇਰ ਦਾ ਮਹੰਤ ਹਰਨਾਮ ਸਿੰਘ 26 ਸਤੰਬਰ 1918 ਦੇ ਦਿਨ ਮਰ ਚੁੱਕਾ ਸੀ। ਉਸ ਦਾ ਜਾਂਨਸ਼ੀਨ ਥਾਪਣ ਬਾਰੇ ਝਗੜਾ ਚਲ ਰਿਹਾ ਸੀ। ਮਹੰਤ ਦੀ ਮੌਤ ਪਿੱਛੋਂ ਉਸ ਦੇ ਬਾਪ ਪ੍ਰੇਮ ਸਿੰਘ ਨੇ ਆਪਣਾ ਨਾਬਾਲਗ ਪੋਤਾ ਗੁਰਚਰਨ ਸਿੰਘ ''ਗੱਦੀਦਾਰ'' ਬਣਾ ਦਿੱਤਾ ਤੇ 8 ਨਵੰਬਰ 1918 ਦੇ ਦਿਨ ਗੱਦੀ-ਨਸ਼ੀਨੀ ਦਾ ਸਮਾਗਮ ਰੱਖ ਲਿਆ। ਮੁਕਾਮੀ ਸਿੱਖਾਂ ਨੇ ਇਸ ਦੀ ਮੁਖ਼ਾਲਫ਼ਤ ਕੀਤੀ ਤੇ ਡੀ.ਸੀ. ਤੱਕ ਪਹੁੰਚ ਕੀਤੀ। ਡੀ.ਸੀ. ਨੇ ਪਹਿਲਾਂ ਤਾਂ ਸਿੱਖਾਂ ਦਾ ਸਾਥ ਦਿੱਤਾ ਪਰ ਮਗਰੋਂ ਚੁਪ-ਚਾਪ ਗੁਰਚਰਨ ਸਿੰਘ ਦੇ ਨਾਂ ਤੇ ਜਮ੍ਹਾਂਬੰਦੀ ਕਰ ਦਿੱਤੀ। ਜਮ੍ਹਾਂਬੰਦੀ ਦੀ ਇਹ ਕਾਰਵਾਈ 6 ਮਈ 1919 ਦੇ ਦਿਨ ਹੋਈ ਸੀ। ਇਸ ਦੌਰਾਨ ਪ੍ਰੇਮ ਸਿੰਘ ਵੀ ਮਰ ਚੁੱਕਾ ਸੀ। ਗੁਰਚਰਨ ਸਿੰਘ ਅਜੇ ਨਾਬਾਲਗ ਸੀ। ਇਸ ਤੇ ਸਿੰਘ ਸਭਾ (ਮਗਰੋਂ ਖਾਲਸਾ ਦੀਵਾਨ) ਸਿਆਲਕੋਟ ਨੇ ਡੀ.ਸੀ. ਨੂੰ ਮਿਲ ਕੇ ਕਿਹਾ ਕਿ ਗੁਰਦੁਆਰੇ ਦਾ ਇੰਤਜ਼ਾਮ ਸੰਗਤਾਂ ਨੂੰ ਸੌਂਪ ਦਿੱਤਾ ਜਾਵੇ। ਇਸ ਬਾਰੇ ਇਕ 15 ਮੈਂਬਰੀ ਕਮੇਟੀ ਬਣਾਈ ਜਾਏ; ਜਿਸ ਵਿਚ ਪੰਜ ਮੈਂਬਰ ਖਾਲਸਾ ਦੀਵਾਨ ਦੇ, ਪੰਜ ਸਿੰਘ ਸਭਾਵਾਂ ਦੇ (ਹਰ ਤਹਿਸੀਲ ਚੋਂ ਇਕ), ਦੋ ਮੈਂਬਰ ਸਿਆਲਕੋਟ ਦੀ ਮੁਕਾਮੀ ਸੰਗਤ ਦੇ, ਦੋ ਸਿੱਖ ਜਾਗੀਰਦਾਰਾਂ ਦੇ ਨੁਮਾਇੰਦੇ ਤੇ ਇਕ ਨੁਮਾਇੰਦਾ ਮਹੰਤਾਂ ਦਾ ਹੋਵੇ। ਇਹ ਕਮੇਟੀ ਹੀ ਮਹੰਤ ਨੂੰ ਨਾਮਜ਼ਦ ਕਰੇ ਅਤੇ ਗੁਰਦੁਆਰੇ ਦਾ ਇੰਤਜ਼ਾਮ ਵੀ ਕਰੇ। ਅਜੇ ਇਹ ਗੱਲਬਾਤ ਚਲ ਰਹੀ ਸੀ ਕਿ ਇਕ ਦਿਨ ਸਾਬਕ ਮਹੰਤ ਦੀ ਵਿਧਵਾ ਨੇ ਇਕ ਪਤਿਤ ਗੰਡਾ ਸਿੰਹ ਉਬਰਾਏ ਨੂੰ ਆਪਣੇ ਨਾਬਾਲਗ ਪੁੱਤਰ ਦਾ ਗਾਰਡੀਅਨ ਅਤੇ ਗੁਰਦੁਆਰੇ ਦਾ ਮੈਨੇਜਰ ਲਾ ਦਿੱਤਾ। ਸਿੱਖਾਂ ਵਿਚ ਇਸ ਦੇ ਖ਼ਿਲਾਫ਼ ਸਖ਼ਤ ਰੋਹ ਪੈਦਾ ਹੋਇਆ। ਬਹੁਤ ਸਾਰੇ ਸਿੱਖਾਂ ਨੇ ਗਵਰਨਰ, ਕਮਿਸ਼ਨਰ ਤੇ ਡੀ.ਸੀ. ਨੂੰ ਖ਼ਤ ਅਤੇ ਤਾਰਾਂ ਭੇਜ ਕੇ ਆਪਣਾ ਰੋਹ ਜ਼ਾਹਿਰ ਕੀਤਾ। ਸਿੱਖਾਂ ਨੇ ਮਹੰਤ ਦੀਆਂ ਨਾਚੀਆਂ ਨਾਲ ਖਿਚਵਾਈਆਂ ਫ਼ੋਟੋਆਂ ਵੀ ਅਫ਼ਸਰਾਂ ਨੂੰ ਪੇਸ਼ ਕੀਤੀਆਂ। ਸਰਕਾਰ ਨੇ ਅੱਖਾਂ ਪੂੰਝਣ ਵਾਸਤੇ ਪੜਤਾਲੀਆ ਅਫ਼ਸਰ ਤਾਇਨਾਤ ਕਰ ਦਿੱਤਾ। ਕਮਿਸ਼ਨ ਦੀ ਰਸਮੀ ਰਿਪੋਰਟ ਮਗਰੋਂ ਸਰਕਾਰ ਨੇ ਪ੍ਰੇਮ ਸਿੰਘ ਦੀ ਮਹੰਤੀ ਮੰਨ ਲਈ ਤੇ ਪ੍ਰੋਟੈਸਟ ਦੇ ਬਾਵਜੂਦ ਗੰਡਾ ਸਿੰਹ ਉਬਰਾਏ ਨੂੰ ਜਾਇਦਾਦ ਦਾ ਮੈਨੇਜਰ ਬਣਾ ਦਿੱਤਾ। ਸਿੱਖਾਂ ਨੇ ਗੰਡਾ ਸਿੰਹ ਦੇ ਖ਼ਿਲਾਫ਼ ਮੁਹਿੰਮ ਸ਼ੁਰੂ ਕਰ ਦਿੱਤੀ। ਕੁਝ ਦਿਨ ਦੇ ਠੰਡੇ ਝਗੜੇ ਮਗਰੋਂ 23 ਜੁਲਾਈ ਨੂੰ ਸਿੱਖਾਂ ਨੇ ਇਕ 11-ਮੈਂਬਰੀ ਕਮੇਟੀ ਬਣਾ ਕੇ ਗੁਰਦੁਆਰੇ ਦੀ ਸੇਵਾ ਸ਼ੁਰੂ ਕਰ ਦਿੱਤੀ। ਇਸ ਕਰ ਕੇ ਕੁਝ ਚਿਰ ਗ਼ੈਰ-ਯਕੀਨੀ ਹਾਲਤ ਚਲਦੀ ਰਹੀ। 20 ਅਗਸਤ 1920 ਦੇ ਦਿਨ ਅਦਾਲਤ ਨੇ ਫ਼ੈਸਲਾ ਦਿੱਤਾ ਕਿ ਸਿੱਖ 50 ਹਜ਼ਾਰ ਰੁਪਏ ਕੋਰਟ ਫ਼ੀਸ ਲਾ ਕੇ 10 ਦਿਨ ਦੇ ਅੰਦਰ-ਅੰਦਰ ਦਾਅਵਾ ਦਾਇਰ ਕਰਨ। ਸਿੱਖ ਆਗੂਆਂ ਨੇ

ਇਹ ਫ਼ੀਸ ਭਰਨ ਦੀ ਥਾਂ ਐਜੀਟੇਸ਼ਨ ਕਰਨ ਦਾ ਫ਼ੈਸਲਾ ਕਰ ਲਿਆ। ਇਸ ਦੌਰਾਨ ਗੁਰਦੁਆਰੇ ਦੀ ਸੇਵਾ-ਸੰਭਾਲ ਸਿੱਖ ਜਥੇ ਕੋਲ ਹੀ ਰਹੀ।

ਸਤੰਬਰ ਦੇ ਦੂਜੇ ਅੱਧ ਵਿਚ ਬਾਬੇ ਦੀ ਬੇਰ ਦਾ ਮਸਲਾ ਫੇਰ ਭਖ ਪਿਆ। 21 ਸਤੰਬਰ ਦੇ ਦਿਨ ਮੋਚੀ ਦਰਵਾਜ਼ਾ ਲਾਹੌਰ ਵਿਚ ਸਿੱਖਾਂ ਦਾ ਇਕ ਇਕੱਠ ਹੋਇਆ। ਪੰਜ ਹਜ਼ਾਰ ਸਿੱਖਾਂ ਦੇ ਇਸ ਇਕੱਠ ਵਿਚ ਪ੍ਰੇਮ ਸਿੰਘ ਸੋਢੀ, ਸਰਦੂਲ ਸਿੰਘ ਕਵੀਸ਼ਰ, ਮਾ: ਮੋਤਾ ਸਿੰਘ, ਗਿ: ਸ਼ੇਰ ਸਿੰਘ ਵਗ਼ੈਰਾ ਪੁੱਜੇ। ਇਕੱਠ ਨੇ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦੇ ਪਤਿਤ ਮਹੰਤ ਗੰਡਾ ਸਿੰਹ ਦੇ ਖ਼ਿਲਾਫ਼ ਮਤਾ ਪਾਸ ਕੀਤਾ। ਇਸ ਬਾਰੇ ਖ਼ਬਰਾਂ ਵਾਇਸਰਾਏ ਤੱਕ ਵੀ ਪਹੁੰਚੀਆਂ। ਵਾਇਸਰਾਏ ਨੇ ਗੁਰਦੁਆਰੇ ਦਾ ਇੰਤਜ਼ਾਮ ਸਿੱਖਾਂ ਦੇ ਹਵਾਲੇ ਕਰਨ ਬਾਰੇ ਹਾਂ ਪੱਖੀ ਰਵੱਈਆ ਦਰਸਾਇਆ। ਇਸ ਮਾਹੌਲ ਵਿਚ ਸਿੱਖਾਂ ਦਾ ਇਕ ਇਕੱਠ ਸਿਆਲਕੋਟ ਵਿਚ 5 ਅਕਤੂਬਰ ਨੂੰ ਬੁਲਾਇਆ ਗਿਆ। ਸਤੰਬਰ ਦੇ ਅਖ਼ੀਰ 'ਚ ਅਮਰ ਸਿੰਘ ਝਬਾਲ ਸਿਆਲਕੋਟ ਪੁੱਜੇ। ਉਨ੍ਹਾਂ ਨੇ ਹੋਰ ਸਿੱਖ ਆਗੂਆਂ ਦੀ ਮਦਦ ਨਾਲ ਇਕ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਤੇ ਉਸ ਨੂੰ ਗੁਰਦੁਆਰੇ ਦਾ ਇੰਤਜ਼ਾਮ ਸੰਭਾਲਣ ਵਾਸਤੇ ਆਖਿਆ। ਇਹ ਪੰਜ ਸਿੰਘ ਸਨ: ਭਾਗ ਸਿੰਘ, ਜਵਾਹਰ ਸਿੰਘ, ਨਾਨਕ ਸਿੰਘ, ਰਾਮ ਸਿੰਘ ਤੇ ਮਹਾਂ ਸਿੰਘ। ਇਨ੍ਹਾਂ ਦਿਨ੍ਹਾਂ ਵਿਚ ਹੀ ਵਾਇਸਰਾਇ ਨੇ ਵੀ ਇਹ ਸਲਾਹ ਦਿੱਤੀ ਕਿ ਗੰਡਾ ਸਿੰਹ ਪਤਿਤ ਮੈਨੇਜਰ ਨੂੰ ਹਟਾ ਕੇ ਗੁਰਦੁਆਰੇ ਦਾ ਇੰਤਜ਼ਾਮ ਸਿੱਖਾਂ ਨੂੰ ਦੇ ਦਿੱਤਾ ਜਾਵੇ ਪਰ ਮਗਰੋਂ ਸਰਕਾਰ ਨੇ ਫ਼ੈਸਲਾ ਬਦਲ ਲਿਆ। ਇਸ ਕਰ ਕੇ ਡਿਪਟੀ ਕਮਿਸ਼ਨਰ ਨੇ ਇਸ ਕਮੇਟੀ ਨੂੰ ਕਬੂਲ ਕਰਨ ਦੀ ਜਗਹ ਇਨ੍ਹਾਂ ਪੰਜਾਂ ਦੇ ਵਾਰੰਟ ਜਾਰੀ ਕਰ ਦਿੱਤੇ। ਇਸੇ ਰਾਤ ਗੁਰਦੁਆਰੇ 'ਚ ਭਾਰੀ ਦੀਵਾਨ ਹੋਇਆ। ਦੀਵਾਨ ਨੇ ਮਤਾ ਪਾਸ ਕੀਤਾ ਕਿ ਸਿੱਖ ਗ੍ਰਿਫ਼ਤਾਰੀ ਦੇਣ, ਪਰ ਜ਼ਮਾਨਤ ਨਾ ਕਰਵਾਉਣ। ਅਗਲੇ ਦਿਨ ਸਿੰਘਾਂ ਨੇ ਗ੍ਰਿਫ਼ਤਾਰੀ ਦੇ ਦਿੱਤੀ। ਅਖ਼ੀਰ ਉਨ੍ਹਾਂ ਨੂੰ 4 ਅਕਤੂਬਰ ਨੂੰ ਬਿਨਾਂ ਸ਼ਰਤ ਰਿਹਾ ਕਰ ਦਿੱਤਾ ਗਿਆ। ਰਾਤ ਨੂੰ ਗੁਰਦੁਆਰੇ 'ਚ ਭਾਰੀ ਦੀਵਾਨ ਹੋਇਆ। ਇਸ ਦੀਵਾਨ 'ਚ ਖੜਕ ਸਿੰਘ ਰਈਸ (ਮਗਰੋਂ ਬਾਬਾ) ਦੀ ਸਦਾਰਤ ਹੇਠ ਗੁਰਦੁਆਰੇ ਦੇ ਇੰਤਜ਼ਾਮ ਵਾਸਤੇ 13 ਸਿੱਖਾਂ ਦੀ ਇਕ ਕਮੇਟੀ ਬਣਾ ਦਿੱਤੀ ਗਈ। 5 ਅਕਤੂਬਰ 1920 ਦੇ ਦਿਨ ਇਸ ਕਮੇਟੀ ਨੇ ਗੁਰਦੁਆਰੇ ਦਾ ਪੂਰਾ ਇੰਤਜ਼ਾਮ ਸਦਾ ਵਾਸਤੇ ਪੱਕੇ ਤੌਰਤ 'ਤੇ ਆਪਣੇ ਹੱਥਾਂ ਵਿਚ ਲੈ ਲਿਆ।

1983: ਢਿਲਵਾਂ ਵਿਚ ਬੱਸ ਵਿਚੋਂ ਕੱਢ ਕੇ 6 ਹਿੰਦੂ ਮਾਰੇ ਗਏ

5 ਅਕਤੂਬਰ 1983 ਦੇ ਦਿਨ ਢਿਲਵਾਂ ਨੇੜੇ ਇਕ ਬੱਸ ਨੂੰ ਰੋਕ ਕੇ 6 ਹਿੰਦੂ ਮੁਸਾਫ਼ਿਰਾਂ ਨੂੰ ਉਤਾਰ ਕੇ ਕਤਲ ਕਰ ਦਿੱਤਾ ਗਿਆ। ਮਗਰੋਂ ਰਾਜ਼ ਖੁਲ੍ਹਿਆ ਕਿ ਇਹ ਕਤਲ ਖਾੜਕੂਆਂ ਨੇ ਨਹੀਂ ਕੀਤੇ ਸਨ ਅਤੇ ਇਕ ਕਾਂਗਰਸ ਨੇ ਭਾੜੇ ਦੇ ਬੰਦਿਆਂ ਤੋਂ ਕਰਵਾਏ ਸਨ ਤਾਂ ਜੋ ਪੰਜਾਬ 'ਚ ਗਵਰਨਰੀ ਰਾਜ ਕਾਇਮ ਕੀਤਾ ਜਾ ਸਕੇ (ਬਾਅਦ ਵਿਚ ਇਹ ਚਰਚਾ ਚੱਲਿਆ ਕਿ ਇਹ ਐਕਸ਼ਨ ਦਰਬਾਰਾ ਸਿੰਘ ਚੀਫ਼ ਮਨਿਸਟਰ ਨੇ ਆਪ ਭਰਪੂਰ ਸਿੰਘ ਚੇਅਰਮੈਨ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਰਾਹੀਂ ਕਰਵਾਇਆ ਸੀ)। ਅਗਲੇ ਦਿਨ 6 ਅਕਤੂਬਰ ਨੂੰ ਪੰਜਾਬ 'ਚ ਹੋਰ ਵੀ ਕਈ ਬੇਗੁਨਾਹਾਂ ਦੇ ਕਤਲ ਹੋਏ। ਇਨ੍ਹਾਂ ਵਿਚੋਂ ਕਈ ਕਤਲ ਸਰਕਾਰੀ ਏਜੰਸੀਆਂ ਨੇ ਕਰਵਾਏ ਸਨ ਤੇ ਜਾਂ ਉਨ੍ਹਾਂ ਦੀ ਸਾਜ਼ਿਸ਼ ਤੇ ਭੜਕਾਹਟ ਹੇਠ ਹੋਏ ਸਨ।

1990: ਵਰਿਆਮ ਸਿੰਘ ਬੂੜੇ ਨੰਗਲ ਨਕਲੀ ਮੁਕਾਬਲੇ ਵਿਚ ਸ਼ਹੀਦ

5 ਅਕਤੂਬਰ 1990 ਦੇ ਦਿਨ ਪੰਜਾਬ ਪੁਲਸ ਨੇ ਵਰਿਆਮ ਸਿੰਘ (ਪੁੱਤਰ ਨਾਜਰ ਸਿੰਘ, ਵਾਸੀ ਬੂੜੇ ਨੰਗਲ, ਨੇੜੇ ਰੰਘੜ ਨੰਗਲ, ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਬਲਦੇਵ ਸਿੰਘ ਬੁਰਜ ਢਿਲਵਾਂ ਨਕਲੀ ਮੁਕਾਬਲੇ ਵਿਚ ਸ਼ਹੀਦ

5 ਅਕਤੂਬਰ 1991 ਦੇ ਦਿਨ ਪੰਜਾਬ ਪੁਲਸ ਨੇ ਬਲਦੇਵ ਸਿੰਘ (ਪੁੱਤਰ ਜੰਗੀਰ ਸਿੰਘ, ਵਾਸੀ ਬੁਰਜ ਢਿਲਵਾਂ, ਮਾਨਸਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸੁਖਵਿੰਦਰ ਸਿੰਘ ਔਲਖ ਕਲਾਂ ਤੇ ਖ਼ਜ਼ਾਨ ਸਿੰਘ ਪਾਇਲ ਨਕਲੀ ਮੁਕਾਬਲੇ 'ਚ ਸ਼ਹੀਦ

5 ਅਕਤੂਬਰ 1991 ਦੇ ਦਿਨ ਪੰਜਾਬ ਪੁਲਸ ਨੇ ਸੁਖਵਿੰਦਰ ਸਿੰਘ ਉਰਫ਼ ਬਿੱਟੂ ਔਲਖ (ਪੁਤਰ ਜੋਗਿੰਦਰ ਸਿੰਘ, ਵਾਸੀ ਔਲਖ ਕਲਾਂ, ਜ਼ਿਲ੍ਹਾ ਗੁਰਦਾਸਪੁਰ) ਲੈਫ਼ਟੀਨੈਂਟ ਜਨਰਲ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਅਤੇ ਖ਼ਜ਼ਾਨ ਸਿੰਘ (ਪੁੱਤਰ ਫ਼ੌਜਾ ਸਿੰਘ, ਵਾਸੀ ਪਾਇਲ, ਜ਼ਿਲ੍ਹਾ ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਅਜੀਤ ਸਿੰਘ ਜੀਤਾ, ਰਾਜਿੰਦਰ ਸਿੰਘ ਰਾਜੂ ਤੇ ਦਰਸ਼ਨ ਸਿੰਘ ਸੇਖੇ ਤੇ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲਸ ਨੇ 4 ਅਕਤੂਬਰ 1992 ਦੇ ਦਿਨ ਅਜੀਤ ਸਿੰਘ ਉਰਫ਼ ਜੀਤਾ, ਰਾਜਿੰਦਰ ਸਿੰਘ ਰਾਜੂ, ਦਰਸ਼ਨ ਸਿੰਘ (ਪੁੱਤਰ ਮਹਿੰਦਰ ਸਿੰਘ, ਵਾਸੀ ਸੇਖੇ, ਨੇੜੇ ਗੁਆਰਾ, ਸੰਗਰੂਰ) ਤੇ ਹੋਰ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

6 ਅਕਤੂਬਰ

1506: ਬਾਬਾ ਬੁੱਢਾ ਦਾ ਜਨਮ ਹੋਇਆ

(ਬਾਬਾ) ਬੁੱਢਾ ਦਾ ਜਨਮ 6 ਅਕਤੂਬਰ 1506 ਦੇ ਦਿਨ ਸੁੱਘਾ ਰੰਧਾਵਾ ਦੇ ਘਰ ਕੱਥੂ ਨੰਗਲ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਹੋਇਆ ਸੀ। ਉਸ ਦਾ ਪਹਿਲਾ ਨਾਂ 'ਬੂੜਾ' ਸੀ। 1518 ਵਿਚ 12 ਸਾਲ ਦੀ ਉਮਰ ਵਿਚ ਉਸ ਦਾ ਪਰਵਾਰ ਸਿੱਖੀ ਵਿਚ ਸ਼ਾਮਿਲ ਹੋਇਆ। ਇਸ ਮਗਰੋਂ ਬੂੜਾ (ਜਿਸ ਨੂੰ ਲੋਕ ਬੁੱਢਾ ਵਧੇਰੇ ਕਹਿਣ ਲਗ ਪਏ ਸਨ) ਸਾਰੀ ਉਮਰ ਗੁਰੂ ਪਰਵਾਰਾਂ ਉਹ ਨਾਲ ਜੁੜਿਆ ਰਿਹਾ। ਉਹ 1539 ਤਕ ਕਰਤਾਰਪੁਰ ਗੁਰੂ ਨਾਨਕ ਸਾਹਿਬ ਕੋਲ ਆਉਂਦਾ ਰਿਹਾ ਤੇ ਫਿਰ ਜਦ ਗੁਰੂ ਅੰਗਦ ਸਾਹਿਬ ਨੇ ਖਡੂਰ ਵਿਚ ਡੇਰਾ ਲਾਇਆ ਤਾਂ ਉਹ ਉਥੇ ਵੀ ਸੇਵਾ ਕਰਨ ਜਾਂਦਾ ਰਿਹਾ; ਇੰਞ ਹੀ ਗੁਰੂ ਅਮਰ ਦਾਸ ਸਾਹਿਬ ਵੇਲੇ ਗੋਇੰਦਵਾਲ ਤੇ ਮਗਰੋਂ ਗੁਰੂ-ਦਾ-ਚੱਕ (ਅੰਮ੍ਰਿਤਸਰ), ਕਰਤਾਰਪੁਰ (ਜਲੰਧਰ), ਰੁਹੀਲਾ (ਗੋਬਿੰਦਪੁਰ, ਹੁਣ ਹਰਿਗੋਬਿੰਦਪੁਰ) ਅਤੇ ਕੀਰਤਪੁਰ ਵਿਚ ਵੀ ਉਹ ਦਰਬਾਰ ਵਿਚ ਹਾਜ਼ਰ ਹੁੰਦਾ ਰਿਹਾ ਤੇ ਸੇਵਾ ਵਿਚ ਹਿੱਸਾ ਪਾਉਂਦਾ ਰਿਹਾ। (ਬਾਬਾ) ਬੁੱਢਾ ਨੂੰ ਗੁਰੂ ਸਾਹਿਬ ਦੀ ਸਿਖਿਆ ਸੁਣਨ ਦਾ ਬਹੁਤ ਮੌਕਾ ਮਿਲਿਆ ਅਤੇ ਛੇਤੀ ਹੀ ਉਹ ਗੁਰਬਾਣੀ ਦਾ ਗਿਆਨਵਾਨ ਬਣ ਗਿਆ। ਜਦ 16 ਅਗਸਤ 1604 ਦੇ ਦਿਨ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ ਤਾਂ ਉਸ ਨੂੰ ਪਹਿਲੇ ਪਾਠੀ (ਗ੍ਰੰਥੀ) ਹੋਣ ਦਾ ਮਾਣ ਮਿਲਿਆ। (ਬਾਬਾ) ਬੁੱਢਾ ਦੀ ਮੌਤ 17 ਨਵੰਬਰ 1631 ਦੇ ਦਿਨ ਹੋਈ ਸੀ ਇਸ ਹਿਸਾਬ ਨਾਲ ਉਸ ਨੇ ਪਹਿਲੇ ਸਤ ਗੁਰੂ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਦਰਸ਼ਨ ਕੀਤੇ ਸਨ ਕਿਉਂ ਕਿ ਗੁਰੂ ਹਰਿ ਰਾਇ ਸਾਹਿਬ ਦਾ ਜਨਮ 16 ਜਨਵਰੀ 1630 ਦਾ ਹੈ ਤੇ ਗੁਰੂ ਤੇਗ਼ ਬਹਾਦਰ ਸਾਹਿਬ ਦਾ 18 ਅਕਤੂਬਰ 1621 ਦਾ (ਇਕ ਰਿਵਾਇਤ ਮੁਤਾਬਿਕ 1 ਅਪ੍ਰੈਲ 1621 ਵੀ ਹੈ)। (ਬਾਬਾ) ਬੁੱਢਾ ਨੂੰ ਪੰਜ ਗੁਰੂ ਸਾਹਿਬਾਨ (ਦੂਜੇ ਤੋਂ ਛੇਵੇਂ) ਤਕ ਦੀ ਗੁਰਗੱਦੀ ਦੀ ਰਸਮ ਵੇਲੇ ਅਰਦਾਸ ਕਰਨ ਦਾ ਮਾਣ ਹਾਸਿਲ ਹੋਇਆ (ਕੁਝ ਲੋਕ

ਗ਼ਲਤੀ ਨਾਲ ਇਸ ਨੂੰ ਗੁਰਗੱਦੀ ਦਾ ਤਿਲਕ ਲਾਉਣਾ ਵੀ ਕਹਿ ਦੇਂਦੇ ਹਨ ਜੋ ਕਿ ਗ਼ਲਤ ਹੈ; ਸਿੱਖੀ ਵਿਚ ਸੇਵਾ ਸੰਭਾਲਣ ਵੇਲੇ ਅਰਦਾਸ ਹੁੰਦੀ ਹੈ ਨਾ ਕਿ ਤਿਲਕ ਲਾਇਆ ਜਾਂਦਾ ਹੈ)। (ਬਾਬਾ) ਬੁੱਢਾ ਦੇ 4 ਪੁਤਰ ਸਨ: ਸੁਧਾਰੀ, ਭਿਖਾਰੀ, ਸਹਿਮੂ ਤੇ ਭਾਨਾ (1536-1644); ਭਾਨਾ ਵੀ ਆਪਣੀ ਮੌਤ ਤਕ ਗੁਰੂ ਦਰਬਾਰ ਨਾਲ (ਗੁਰੂ ਹਰਿ ਰਾਇ ਤੋਂ ਗੁਰੂ ਤੇਗ਼ ਬਹਾਦਰ ਤਕ) ਜੁੜਿਆ ਰਿਹਾ ਅਤੇ ਅਤੇ ਉਸ ਦਾ ਪੁੱਤਰ ਗੁਰਦਿੱਤਾ ਗੁਰੂ ਤੇਗ਼ ਬਹਾਦਰ ਨਾਲ ਰਿਹਾ ਅਤੇ ਉਸ ਨੇ ਉਨ੍ਹਾਂ ਦੀ ਸ਼ਹੀਦੀ ਵਾਲੇ ਦਿਨ ਹੀ ਦਿੱਲੀ ਵਿਚ ਚੜ੍ਹਾਈ ਕੀਤੀ। ਇਸ ਮਗਰੋਂ ਉਸ ਦਾ ਪੁੱਤਰ ਉਸ ਦਾ ਪੁੱਤਰ ਰਾਮ ਕੰਵਰ (ਪਾਹੁਲ ਲੈਣ ਮਗਰੋਂ ਗੁਰਬਖ਼ਸ਼ ਸਿੰਘ) ਗੁਰੂ ਤੇਗ਼ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਦੇ ਨਾਲ ਰਿਹਾ ਅਤੇ ਉਹ ਤਾਂ ਨੰਦੇੜ ਤਕ ਵੀ ਪੁੱਜਾ। (ਬਾਬਾ) ਬੁੱਢਾ ਦੀ ਮੌਤ ਪਿੰਡ ਰਮਦਾਸ ਵਿਚ ਹੋਈ ਸੀ।

1661: ਗੁਰੂ ਹਰਿ ਰਾਇ ਸਾਹਿਬ ਜੋਤੀ ਜੋਤਿ ਸਮਾਏ

ਸਤਵੇਂ ਗੁਰੂ ਹਰਿ ਰਾਇ ਸਾਹਿਬ ਨੇ 6 ਅਕਤੂਬਰ 1661 ਦੇ ਦਿਨ ਆਪਣੇ ਨਿੱਕੇ ਬੇਟੇ (ਗੁਰੂ) ਹਰਿਕ੍ਰਿਸ਼ਨ ਸਾਹਿਬ ਨੂੰ ਗੁਰਗੱਦੀ ਸੌਂਪ ਦਿਤੀ ਅਤੇ ਕੀਰਤਪੁਰ ਸਾਹਿਬ ਵਿਚ ਜੋਤੀ ਜੋਤਿ ਸਮਾ ਗਏ। ਆਪ ਦਾ ਸਸਕਾਰ ਸਤਲੁਜ ਦਰਿਆ ਦੇ ਕੰਢੇ ਮੌਜੂਦਾ ਪਤਾਲਪੁਰੀ ਗੁਰਦੁਆਰੇ ਵਾਲੀ ਥਾਂ 'ਤੇ ਕੀਤਾ ਗਿਆ। ਗੁਰੂ ਹਰਿਰਾਇ ਸਾਹਿਬ ਨੇ 17 ਸਾਲ 7 ਮਹੀਨੇ ਤੇ 3 ਦਿਨ ਗੁਰਗੱਦੀ ਦੀ ਸੇਵਾ ਕੀਤੀ। ਆਪ ਦੀ ਕੁਲ ਉਮਰ ਭਾਵੇਂ ਸਿਰਫ਼ 31 ਸਾਲ ਤੇ ਪੰਜ ਮਹੀਨੇ ਹੀ ਸੀ, ਪਰ ਆਪ ਨੇ ਆਪਣੀ ਉਮਰ ਦੇ ਪਹਿਲੇ ਸਾਲ ਵਧੇਰੇ ਕਰ ਕੇ ਆਪਣੇ ਦਾਦਾ, ਗੁਰੂ ਹਰਿਗੋਬਿੰਦ ਸਾਹਿਬ ਜੀ, ਦੀ ਸੰਗਤ ਵਿਚ ਬਿਤਾਏ ਸਨ। ਗੁਰੂ ਹਰਿਰਾਇ ਸਾਹਿਬ ਨੇ ਕੁਝ ਮੁਗਲ ਸ਼ਹਿਜ਼ਾਦਿਆਂ ਅਤੇ ਰਾਜਪੂਤ ਰਾਜਿਆਂ ਦੇ ਸਰਦਾਰਾਂ ਨਾਲ ਵੀ ਬੜੀ ਨੇੜਤਾ ਕਾਇਮ ਕੀਤੀ ਹੋਈ ਸੀ। ਹੋਰ ਤਾਂ ਹੋਰ ਮੁਗ਼ਲ ਬਾਦਸ਼ਾਹ ਸ਼ਾਹਜਹਾਨ ਦਾ ਵੱਡਾ ਪੁੱਤਰ ਦਾਰਾ ਸ਼ਿਕੋਹ ਵੀ ਆਪ ਦੇ ਮੁਰੀਦਾਂ ਵਿਚ ਸ਼ਾਮਿਲ ਸੀ।

1708: ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦਿੱਤੀ ਗਈ

ਪੰਜ ਅਕਤੂਬਰ 1708 ਦੀ ਸ਼ਾਮ ਨੂੰ ਜਮਸ਼ੈਦ ਖ਼ਾਨ ਪਠਾਣ ਨੇ ਗੁਰੂ ਸਾਹਿਬ ਦੇ ਸੁੱਤਿਆਂ ਉਨ੍ਹਾਂ 'ਤੇ ਹਮਲਾ ਕਰ ਦਿਤਾ ਤੇ ਜਮਧਾਰ (ਕਟਾਰ) ਦੇ ਤਿੰਨ ਵਾਰ ਕਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿਤਾ। ਗੁਰੂ ਸਾਹਿਬ ਆਪ ਵੀ ਇਨ੍ਹਾਂ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ 7 ਅਕਤੂਬਰ ਨੂੰ ਤੜਕੇ ਵੇਲੇ ਜੋਤੀ-ਜੋਤਿ ਸਮਾ ਗਏ। ਉਨ੍ਹਾਂ ਦਾ ਸਸਕਾਰ ਇਸੇ ਦਿਨ ਨੂੰ ਗੋਦਾਵਰੀ ਦਰਿਆ ਦੇ ਕੰਢੇ ਕਰ ਦਿਤਾ ਗਿਆ। ਅਜਿਹਾ ਜਾਪਦਾ ਹੈ ਕਿ ਕਾਤਲ ਜਮਸ਼ੈਦ ਖ਼ਾਨ ਨੂੰ ਭਾਵੇਂ ਦੇ ਵਜ਼ੀਰ ਖ਼ਾਨ ਨੇ ਭੇਜਿਆ ਸੀ ਪਰ ਉਸ ਨੂੰ ਬਾਦਸ਼ਾਹ ਦੀ ਹਿਮਾਇਤ ਜਾਂ ਮਨਜ਼ੂਰੀ ਜ਼ਰੂਰ ਹਾਸਿਲ ਸੀ ਕਿਉਂ ਕਿ ਬਹਾਦਰ ਸ਼ਾਹ ਨੇ ਇਸ ਜਮਸੈਦ ਖ਼ਾਨ ਦੇ ਪੁਤਰ ਨੂੰ "ਉਸ ਦੇ ਬਾਪ ਦੇ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਮਾਰੇ ਜਾਣ ਕਾਰਨ" 30 ਅਕਤੂਬਰ 1708 ਦੇ ਦਿਨ ਆਪਣੇ ਦਰਬਾਰ ਵਿਚ ਖਿੱਲਤ ਭੇਂਟ ਕੀਤੀ ਸੀ। ਇਸ ਬਾਰੇ ਇਕ ਐਂਟਰੀ *ਅਖ਼ਬਾਰਾਤ-ਇ-ਦਰਬਾਰ-ਇ-ਮੁਅੱਲਾ* ਵਿਚ ਮਿਲਦੀ ਹੈ।

ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂਤਾ ਸੌਂਪ ਦਿੱਤੀ। ਉਨ੍ਹਾਂ ਕਿਹਾ ਕਿ ਅੱਗੇ ਤੋਂ ਸਿੱਖ ਇਨਸਾਨੀ ਗੁਰੂ ਦੀ ਥਾਂ 'ਤੇ ਸਿਰਫ਼ **ਸ਼ਬਦ-ਗੁਰੂ** ਤੋਂ ਅਗਵਾਈ ਲਿਆ ਕਰਨਗੇ। ਕੌਮ ਦੇ ਸਿਆਸੀ, ਸਮਾਜਿਕ ਤੇ ਭਾਈਚਾਰਕ ਮਸਲਿਆਂ ਵਾਸਤੇ ਉਹ ਗੁਰੂ ਦੀ ਮਤਿ (ਸਿਖਿਆ) ਮੁਤਾਬਿਕ ਵਿਚਾਰ ਕਰ ਕੇ ਫ਼ੈਸਲੇ ਲਿਆ ਕਰਨਗੇ। ਗੁਰੂ ਸਾਹਿਬ ਨੇ ਬਚਨ ਫ਼ੁਰਮਾਇਆ:

ਅਕਾਲ ਪੁਰਖ ਕੇ ਬਚਨ ਸਿਉਂ, ਪਰਗਟ ਚਲਾਇਓ ਪੰਥ।
ਸਭ ਸਿੱਖਣ ਕੋ ਬਚਨ ਹੈ, ਗੁਰੂ ਮਾਨਿਓ ਗ੍ਰੰਥ।
ਗੁਰੂ ਖਾਲਸਾ ਮਾਨਿਐ, ਪ੍ਰਗਟ ਗੁਰੂ ਕੀ ਦੇਹ।
ਜੋ ਸਿਖ ਮੋ ਮਿਲਬੋ ਚਹੈ, ਖੋਜ ਇਨਹੁ ਮੋਂ ਲੇਹ।

(ਉਪਰੋਕਤ ਲਫ਼ਜ਼ 1790 ਦੀ ਲਿਖੀ ਕਿਤਾਬ 'ਗੁਰੂ ਕੀਆਂ ਸਾਖੀਆਂ' ਵਿਚ ਮਿਲਦੇ ਹਨ ਪਰ ਅਜ ਕਲ੍ਹ ਹੇਠ ਲਿਖੇ ਵਧੇਰੇ ਪੜ੍ਹੇ ਜਾਂਦੇ ਹਨ):

ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ।
ਸਭ ਸਿੱਖਣ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੋਂ ਲੇਹ।

ਇਸ ਸਬੰਧੀ ਇਕ ਇੰਦਰਾਜ *ਭੱਟ ਵਹੀ ਤਲਾਉਂਡਾ, ਪਰਗਨਾ ਜੀਂਦ* ਵਿਚ ਇੰਝ ਮਿਲਦਾ ਹੈ: *"ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮਾਂ ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਮੁਕਾਮ ਨਦੇੜ ਤਟ ਗੁਦਾਵਰੀ ਦੇਸ ਦਖਣ, ਸਤਰਾਂ ਸੈ ਪੈਂਸਠ ਕਾਰਤਕ ਮਾਸੇ ਸੁਦੀ ਚਉਥ ਸ਼ੁਕਲਾ ਪੱਖੇ ਬੁਧਵਾਰ ਕੇ ਦਿਹੁੰ ਭਾਈ ਦੈਆ ਸਿੰਘ ਸੇ ਬਚਨ ਹੂਆ ਗ੍ਰੰਥ ਸਾਹਿਬ ਲੇ ਆਓ। ਬਚਨ ਪਾਇ ਦੈਆ ਸਿੰਘ ਗ੍ਰੰਥ ਸਾਹਿਬ ਲੇ ਆਏ। ਗੁਰੂ ਜੀ ਨੇ ਸਰਬਤ ਸੰਗਤ ਸੇ ਕਹਾ ਮੇਰਾ ਹੁਕਮ ਹੈ ਮੇਰੀ ਜਗਹ ਗ੍ਰੰਥ ਜੀ ਕੋ ਜਾਣਨਾ। ਜੋ ਸਿਖ ਜਾਨਿਗਾ ਤਿਸ ਕੀ ਘਾਲ ਥਾਂਇ ਪਏਗੀ, ਗੁਰੂ ਤਿਸ ਕੀ ਬਹੁੜੀ ਕਰੇਗਾ, ਸਤਿ ਕਰਿ ਮਾਨਨਾ।"*

1985: ਸੈਂਟਰ ਦੇ ਵਜ਼ੀਰ ਚਵਾਨ ਨੇ ਮੰਨਿਆ: 'ਸੁਰਜੀਤ ਬਰਨਾਲਾ ਨੂੰ ਅਸੀਂ ਆਪ ਜਾਣ ਬੁਝ ਕੇ ਜਿਤਾਇਆ'

ਰਾਜੀਵ-ਲੌਂਗੋਵਾਲ ਸਮਝੌਤੇ ਵੇਲੇ ਇਹ ਵੀ ਤੈਅ ਹੋਇਆ ਸੀ ਕਿ ਸੁਰਜੀਤ ਬਰਨਾਲਾ ਨੂੰ ਪੰਜਾਬ ਦਾ ਚੀਫ਼ ਮਨਿਸਟਰ ਬਣਾਇਆ ਜਾਵੇਗਾ। 17 ਅਗਸਤ ਨੂੰ ਇਲੈਕਸ਼ਨ ਕਮਿਸ਼ਨ ਨੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਾਸਤੇ 25 ਸਤੰਬਰ ਤਾਰੀਖ਼ ਮਿੱਥ ਦਿੱਤੀ ਸੀ। ਲੌਂਗੋਵਾਲ ਧੜੇ ਨੇ ਚੋਣਾਂ ਵਿਚ ਇਕੱਲੇ ਲੜਨ ਦਾ ਐਲਾਨ ਕਰ ਦਿੱਤਾ। ਸਰਕਾਰੀ ਏਜੰਸੀਆਂ ਨੇ ਬਾਬਾ ਜੋਗਿੰਦਰ ਸਿੰਘ ਤੋਂ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕਰਵਾ ਦਿੱਤਾ। ਬਾਬਾ ਦਲ ਦਾ ਕਨਵੀਨਰ ਸਿਮਰਨਜੀਤ ਸਿੰਘ ਮਾਨ (ਜੋ ਉਸ ਵਕਤ ਜੇਲ੍ਹ ਵਿਚ ਸੀ) ਤੇ ਹੋਰ ਬਹੁਤ ਸਾਰੇ ਵਰਕਰ ਚੋਣ ਲੜਣ ਹੱਕ ਵਿਚ ਸਨ ਪਰ ਬਾਬੇ ਦੀ ਜ਼ਿਦ ਨੇ ਉਨ੍ਹਾਂ ਦੀ ਕੋਈ ਪੇਸ਼ ਨਾ ਜਾਣ ਦਿੱਤੀ। ਬਾਅਦ ਵਿਚ ਇਸ ਬੇਵਕੂਫ਼ੀ ਦਾ ਚੋਖਾ ਘਾਟਾ ਪਿਆ। ਇਨ੍ਹਾਂ ਚੋਣਾਂ 'ਚ ਡੈਂਡਰੇਸ਼ਨ ਦੇ ਬਹੁਤ ਸਾਰੇ ਵਰਕਰਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲਾਂ ਵਿਚ ਡੱਕ ਦਿੱਤਾ ਗਿਆ। ਇਨ੍ਹਾਂ ਗ੍ਰਿਫ਼ਤਾਰੀਆਂ ਦੀ ਗਿਣਤੀ ਇਕ ਹਜ਼ਾਰ ਦੇ ਕਰੀਬ ਸੀ। ਮਿੱਥੇ ਮੁਤਾਬਿਕ 25 ਸਤੰਬਰ ਨੂੰ ਪੰਜਾਬ 'ਚ ਵੋਟਾਂ ਪਈਆਂ। ਇਨ੍ਹਾਂ ਚੋਣਾਂ ਵਿਚ ਕਾਂਗਰਸ ਨੇ ਬੜੇ ਕਮਜ਼ੋਰ ਉਮੀਦਵਾਰ ਖੜ੍ਹੇ ਕੀਤੇ। ਦੂਜੇ ਪਾਸੇ ਸਰਕਾਰ ਦੀਆਂ ਏਜੰਸੀਆਂ ਨੇ ਬਾਬਾ ਜੋਗਿੰਦਰ ਸਿੰਘ (ਸੰਯੁਕਤ ਅਕਾਲੀ ਦਲ) ਕੋਲੋਂ ਚੋਣਾਂ ਦਾ ਬਾਈਕਾਟ ਕਰਵਾ ਦਿੱਤਾ ਹੋਇਆ ਸੀ। ਨਤੀਜੇ ਵਜੋਂ ਬਰਨਾਲੇ ਦੇ 74 ਉਮੀਦਵਾਰ ਜਿੱਤ ਗਏ ਤੇ ਉਹ 29 ਸਤੰਬਰ ਨੂੰ ਚੀਫ਼ ਮਨਿਸਟਰ ਵੀ ਬਣ ਗਿਆ। **ਛੇ ਅਕਤੂਬਰ 1985** ਦੇ ਦਿਨ ਸੈਂਟਰਲ ਹੋਮ ਮਨਿਸਟਰ ਐਸ.ਬੀ.ਚਵਾਨ ਨੇ ਸ਼ਰੇਆਮ ਕਿਹਾ ਕਿ, 'ਪੰਜਾਬ ਵਿਚ ਕਾਂਗਰਸ ਦਾ ਮੁੜ ਤਾਕਤ ਵਿਚ ਆਉਣਾ ਠੀਕ ਨਹੀਂ ਸੀ।' ਦੂਜੇ ਲਫ਼ਜ਼ਾਂ ਵਿਚ ਉਸ ਨੇ ਮੰਨਿਆ ਕਿ ਪੰਜਾਬ ਵਿਚ ਕਾਂਗਰਸ ਨੇ ਚੋਣਾਂ ਜਾਣ ਬੁਝ ਕੇ ਹਾਰੀਆਂ ਸਨ।

1987: ਪੰਥਕ ਕਮੇਟੀ ਦੇ ਗੁਰਦੇਵ ਸਿੰਘ ਉਸਮਾਨਵਾਲਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕੀਤਾ

ਪੁਲਸ ਨੇ 6 ਅਕਤੂਬਰ 1987 ਦੇ ਦਿਨ ਭਾਈ ਗੁਰਦੇਵ ਸਿੰਘ ਉਸਮਾਨਵਾਲਾ (ਮੈਂਬਰ ਪੰਥਕ ਕਮੇਟੀ) ਨੂੰ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ। ਉਹ ਕਈ ਦਿਨਾਂ ਤੋਂ ਪੁਲਸ ਦੀ ਹਿਰਾਸਤ ਵਿਚ ਸੀ; ਉਸ 'ਤੇ ਬਹੱਦ ਤਸ਼ੱਦਦ ਕਤਿਾ ਗਿਆ ਸੀ; ਲੋਹੇ ਦਾ ਇਕ ਤਪਦਾ ਸਰੀਆਂ ਉਸ ਦੇ ਢਿੱਡ ਵਿਚ ਆਰ-ਪਾਰ ਕਰ ਦਿੱਤਾ ਗਿਆ ਸੀ (ਮਹਿੰਦਰ ਸਿੰਘ ਦੀ ਕਿਤਾਬ *'ਨੀਂਹ ਰੱਖੀ ਗਈ'* ਸਫ਼ਾ 215)।

1991: ਗੁਰਿੰਦਰ ਸਿੰਘ ਵੈਰੋਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

6 ਅਕਤੂਬਰ 1991 ਦੇ ਦਿਨ ਪੰਜਾਬ ਪੁਲਸ ਨੇ ਗੁਰਿੰਦਰ ਸਿੰਘ (ਪੁੱਤਰ ਮੇਜਰ ਸਿੰਘ, ਵਾਸੀ ਜਾਗੋਕੇ, ਨੇੜੇ ਵੈਰੋਵਾਲ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਅਮਰੀਕ ਸਿੰਘ ਮਹਿਮੂਦਪੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 6 ਅਕਤੂਬਰ 1992 ਦੇ ਦਿਨ ਅਮਰੀਕ ਸਿੰਘ (ਪੁੱਤਰ ਬਾਵਾ ਸਿੰਘ, ਵਾਸੀ ਮਹਿਮੂਦਪੁਰਾ) ਨੂੰ ਪੁਲਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2013: ਤੇਲੰਗਾਨਾਂ ਵਿਚ ਇਕ ਗੁਰਦੁਆਰੇ 'ਤੇ ਹਮਲਾ

6 ਅਕਤੂਬਰ 2013 ਦੇ ਦਿਨ ਤੇਲੰਗਾਨਾਂ ਦੀ ਕਾਇਮੀ ਦੀ ਮੁਖ਼ਲਾਫ਼ਤ ਕਰਦੀ ਭੀੜ ਨੇ ਵਿਜਯਾਨਾਗ੍ਰਾਮ ਨਾਂ ਦੇ ਪਿੰਡ ਵਿਚ ਇਕ ਗੁਰਦੁਆਰੇ 'ਤੇ ਹਮਲਾ ਕਰ ਕੇ ਗ੍ਰੰਥੀ ਅਤੇ ਸਟੇਵਾਦਾਰਾਂ ਨੂੰ ਮਾਰਿਆ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ। ਇਹ ਆਮ ਚਰਚਾ ਸੀ ਕਿ ਇਹ ਹਰਕਤ ਕਰਨ ਵਾਲੇ ਭਾਰਤੀ ਜਨਤਾ ਪਾਰਟੀ ਦੇ ਵਰਕਰ ਸਨ।

7 ਅਕਤੂਬਰ

1708: ਗੁਰੂ ਗੋਬਿੰਦ ਸਿੰਘ ਜੀ ਦਾ ਸਸਕਾਰ ਕੀਤਾ ਗਿਆ

ਪੰਜ ਅਕਤੂਬਰ 1708 ਦੀ ਸ਼ਾਮ ਨੂੰ ਜਮਸ਼ੈਦ ਖ਼ਾਨ ਪਠਾਣ ਨੇ ਗੁਰੂ ਸਾਹਿਬ ਦੇ ਸੁੱਤਿਆਂ ਉਨ੍ਹਾਂ 'ਤੇ ਹਮਲਾ ਕਰ ਦਿਤਾ ਸੀ ਤੇ ਜਮਧਾਰ (ਕਟਾਰ) ਦੇ ਤਿੰਨ ਵਾਰ ਕਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿਤਾ ਸੀ। ਗੁਰੂ ਸਾਹਿਬ ਆਪ ਵੀ ਇਨ੍ਹਾਂ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ 7 ਅਕਤੂਬਰ ਨੂੰ ਤੜਕੇ ਵੇਲੇ ਅਕਾਲ ਪੁਰਖ ਦੀ ਗੋਦ ਵਿਚ ਸਮਾ ਗਏ। ਉਨ੍ਹਾਂ ਦਾ ਸਸਕਾਰ ਇਸੇ ਸ਼ਾਮ ਨੂੰ ਗੋਦਾਵਰੀ ਦਰਿਆ ਦੇ ਕੰਢੇ ਕਰ ਦਿਤਾ ਗਿਆ (ਮਗਰੋਂ ਕਿਸੇ ਬ੍ਰਾਹਮਣ ਲਿਖਾਰੀ ਨੇ ਗੱਪ ਫੈਲਾ ਦਿੱਤੀ ਕਿ ਗੁਰੂ ਸਾਹਿਬ ਘੋੜੇ ਸਣੇ ਅਖੰਤੀ ਦੂਜੀ ਦੁਨੀਆਂ ਨੂੰ ਚਲੇ ਗਏ ਸਨ; ਅਜਿਹੀ ਗੱਪ ਗੁਰੂ ਨਾਨਕ ਸਾਹਿਬ ਬਾਰੇ ਵੀ ਪਰਚਾਰੀ ਗਈ ਸੀ)।

ਗੁਰੂ ਸਾਹਿਬ ਦੇ ਚੜ੍ਹਾਈ ਕਰਨ ਦਾ ਜ਼ਿਕਰ *ਅਖ਼ਬਾਰਾਤ-ਏ-ਦਰਬਾਰ-ਏ-ਮੁਅੱਲਾ* ਵਿਚ ਵਿਚ ਮੌਜੂਦ ਹੈ। ਇਸ ਤੋਂ ਇਲਾਵਾ ਇਹੀ ਜ਼ਿਕਰ ਇਕ ਸਿੱਖ ਲੇਖਕ ਸੈਨਾਪਤੀ ਦੀ *ਗੁਰਸੋਭਾ* (1709), ਬਹਾਦਰ ਸ਼ਾਹ ਦੇ ਤਿੰਨ ਸਮਕਾਲੀ ਮੁਸਲਮਾਨ ਲੇਖਕਾਂ ਦੀਆਂ ਕਿਤਾਬਾਂ ਮਿਰਜ਼ਾ ਮੁਹੰਮਦ ਦੀ *ਇਬ੍ਰਰਤਨਾਮਾ* (1716), ਮੁਹੰਮਦ ਕਾਸਿਮ ਦੀ *ਇਬ੍ਰਰਤਨਾਮਾ* (1723), ਮੁਹੰਮਦ ਸ਼ਫ਼ੀ ਦੀ *ਮੀਰਾਤ-ਏ-ਵਾਰਿਦਾਤ* (1734) ਅਤੇ ਇਕ ਹਿੰਦੂ ਲੇਖਕ ਚਤੁਰਮਾਨ ਸਕਸੇਨਾ ਦੀ *ਚਹਾਰ ਗੁਲਸ਼ਨ* ਵਿਚ ਵੀ ਮਿਲਦਾ ਹੈ । ਇਨ੍ਹਾਂ ਸਾਰੀਆਂ ਵਿਚ ਗੁਰੂ ਸਾਹਿਬ ਦੀ 'ਮੌਤ' ਛੁਰਿਆਂ ਦੇ ਵਾਰ ਨਾਲ ਹੋਣ ਦਾ ਜ਼ਿਕਰ ਹੈ ਅਤੇ ਬਾਦਸ਼ਾਹ ਦੇ

ਭੇਜੇ ਜਿਰਾਹ ਵਲੋਂ ਜ਼ਖ਼ਮ ਸੀਣ ਅਤੇ ਮਗਰੋਂ ਕਮਾਨ ਖਿੱਚਣ ਨਾਲ 'ਮੌਤ' ਦਾ ਜ਼ਰਾ ਮਾਸਾ ਜ਼ਿਕਰ ਵੀ ਨਹੀਂ। ਦਰਅਸਲ ਬਾਦਸ਼ਾਹ ਉਸ ਵੇਲੇ ਕਈ ਮੀਲ ਦੂਰ ਨਿਕਲ ਚੁਕਾ ਸੀ ਇਸ ਕਰ ਕੇ ਉਸ ਵੱਲੋਂ ਹਕੀਮ/ਜਿਰਾਹ ਭੇਜਣ ਵਾਲੀ ਗੱਲ ਸਿਰਫ਼ ਤੇ ਸਿਰਫ਼ ਨਾਮੁਮਕਿਨ ਹੀ ਸੀ। ਉੱਵ ਉਹ ਹਮਲੇ ਦੀ ਸਾਜਿਸ਼ ਵਿਚ ਸਾਮਿਲ ਵੀ ਸੀ।

ਅਜਿਹਾ ਜਾਪਦਾ ਹੈ ਕਿ ਗੁਰੂ ਸਾਹਿਬ ਦੇ ਜ਼ਖ਼ਮੀ ਹੋਣ, ਜ਼ਖ਼ਮ ਸੀਣ ਅਤੇ ਫਿਰ ਕਮਾਨ ਖਿੱਚਣ ਦੀ "ਦੁਰਘਟਨਾ/ਹਾਦਸੇ ਵਿਚ ਮੌਤ ਹੋਣ" ਜਾਂ "ਕਮਾਣ ਖਿੱਚ ਕੇ ਆਪ ਮਨਜ਼ੂਰ ਕੀਤੀ ਮੌਤ" ਦਾ ਪਰਚਾਰ ਵਜ਼ੀਰ ਖ਼ਾਨ ਜਾਂ/ਅਤੇ ਬਹਾਦਰ ਸ਼ਾਹ ਨੇ ਕਰਵਾਇਆ ਹੋਵੇਗਾ ਤਾਂ ਜੋ ਉਹ ਖ਼ੁਦ ਨੂੰ ਗੁਰੂ ਸਾਹਿਬ 'ਤੇ ਕਰਵਾਏ ਹਮਲੇ ਚੋਂ ਸੁਰਖ਼ਰੂ ਕਰ ਸਕਣ। ਗੁਰੂ ਸਹਿਬ ਦੀ "ਮੌਤ" ਇੰਵ ਦਿਖਾਉਣਾ ਵਜ਼ੀਰ ਖ਼ਾਨ ਅਤੇ ਬਹਾਦਰ ਸ਼ਾਹ ਦੇ ਜਾਲ ਵਿਚ ਫਸ ਕੇ ਤਵਾਰੀਖ਼ ਵਿਗਾੜਨਾ ਹੈ। ਕੁਝ ਸਿੱਖ ਲੇਖਕਾਂ ਨੇ ਸਰਕਾਰੀ ਪਰਾਪੇਗੰਡੇ ਦੀ ਸਾਜਿਸ਼ ਦੀ ਤਹਿ ਤਕ ਜਾਣ ਦੀ ਬਜਾਇ ਇਸ ਨੂੰ ਤਵਾਰੀਖ਼ ਬਣਾ ਕੇ ਅਹਿਮਕਤਾ ਦਾ ਇਜ਼ਹਾਰ ਕੀਤਾ ਜਿਸ ਨੂੰ ਕੁਝ ਅਗਲੇ ਬਚਕਾਨੇ ਲੇਖਕਾਂ ਨੇ ਲੋਕਾਂ ਦੇ ਕੰਨਾਂ ਵਿਚ ਚਾੜ੍ਹ ਦਿਤਾ। ਕੁਝ ਸਿੱਖ ਲਿਖਾਰੀ ਸ਼ਾਇਦ ਇਹ ਵੀ ਨਹੀਂ ਸਨ ਚਾਹੁੰਦੇ ਕਿ ਗੁਰੂ ਸਾਹਿਬ ਨੂੰ ਮੁਸਲਮਾਨੀ ਹਮਲੇ ਵਿਚ ਸ਼ਹੀਦ ਹੋਇਆ ਦਿਖਾਇਆ ਜਾਵੇ ਸੋ ਉਨ੍ਹਾਂ ਨੂੰ ਕਮਾਣ ਖਿੱਚਣ ਨਾਲ ਮੌਤ ਸਾਬਿਤ ਕਰਨ ਵਿਚ ਵਧੇਰੇ ਸ਼ਰਧਾ ਜਾਪੀ ਹੋਵੇ। ਏਨਾ ਹੀ ਨਹੀਂ ਇਕ ਅੱਧ ਲੇਖਕ ਨੇ ਤਾਂ ਇਹ ਵੀ ਲਿਖ ਮਾਰਿਆ ਕਿ ਗੁਰੂ ਸਾਹਿਬ ਨੂੰ ਇਕ ਪਠਾਣ ਨੇ ਘੋੜਿਆਂ ਦੀ ਕੀਮਤ ਦੇ ਲੈਣ-ਦੇਣ ਦੇ ਝਗੜੇ ਵਿਚ ਕਤਲ ਕਰ ਦਿਤਾ ਸੀ। ਦੋ ਲੇਖਕਾਂ ਨੇ ਇਹ ਬੋਥ੍ਹਵੀ ਵੀ ਮਾਰੀ ਕਿ ਗੁਰੂ ਸਾਹਿਬ ਨੇ ਹਮਲਾਵਰ ਪਠਾਣ ਨੂੰ ਉਨ੍ਹਾਂ (ਗੁਰੂ ਸਾਹਿਬ) ਤੋਂ ਬਦਲਾ ਲੈਣ ਵਾਸਤੇ ਆਪ ਭੜਕਾਇਆ ਸੀ। ਪਰ ਇਹ ਲੇਖਕ ਵੀ ਜ਼ਖ਼ਮ ਸੀਣ ਤੇ ਮਗਰੋਂ ਕਮਾਣ ਖਿਚਣ ਨਾਲ ਮੌਤ ਦੀ ਥਾਂ ਕਾਰੀ ਜ਼ਖ਼ਮਾਂ ਨਾਲ ਦੋ ਦਿਨ ਵਿਚ ਮੌਤ ਦਾ ਜ਼ਿਕਰ ਕਰਦੇ ਹਨ

1753: ਨਵਾਬ ਕਪੂਰ ਸਿੰਘ ਚੜ੍ਹਾਈ ਕਰ ਗਏ

7 ਅਕਤੂਬਰ 1753 ਦੇ ਦਿਨ ਦਲ ਖਾਲਸਾ ਦੇ ਜਥੇਦਾਰ ਨਵਾਬ ਕਪੂਰ ਸਿੰਘ ਚੜ੍ਹਾਈ ਕਰ ਗਏ। ਉਨ੍ਹਾਂ ਦੀ ਸਿਹਤ ਕਾਫ਼ੀ ਚਿਰ ਤੋਂ ਖ਼ਰਾਬ ਚਲੀ ਆ ਰਹੀ ਸੀ ਕਿਉਂਕਿ ਇਕ ਲੜਾਈ ਵਿਚ ਗੋਲੀ ਲਗਣ ਕਾਰਨ ਹੋਇਆ ਉਨ੍ਹਾਂ ਦਾ ਜ਼ਖ਼ਮ ਭਰ ਨਹੀਂ ਸੀ ਸਕਿਆ। ਨਵਾਬ ਕਪੂਰ ਸਿੰਘ ਦੀ ਮੌਤ ਨਾਲ ਸਿੱਖ ਪੰਥ ਤੋਂ ਇਕ ਮਹਾਨ ਜਰਨੈਲ ਖੁਸ ਗਿਆ। ਭਾਵੇਂ ਜੱਸਾ ਸਿੰਘ ਆਹਲੂਵਾਲੀਆ ਨੇ ਗ਼ੈਰ-ਰਸਮੀ ਤੌਰ 'ਤੇ ਦਲ ਖਾਲਸਾ ਦੀ ਕਮਾਨ ਸੰਭਾਲ ਲਈ ਸੀ ਪਰ ਬਤੌਰ ਜਥੇਦਾਰ ਰਸਮੀ ਚੋਣ (ਮਨਜ਼ੂਰੀ) 10 ਅਪਰੈਲ 1754 ਦੇ ਦਿਨ ਸਰਬਤ ਖਾਲਸਾ ਇਕੱਠ ਵਿਚ ਹੀ ਹੋਈ।

1944: ਅਕਾਲੀ ਆਗੂ ਗਿਆਨੀ ਸ਼ੇਰ ਸਿੰਘ ਚੜ੍ਹਾਈ ਕਰ ਗਏ

ਅਕਾਲੀ ਲਹਿਰ ਦੇ ਇਕ ਮਹਾਨ ਆਗੂ ਗਿਆਨੀ ਸ਼ੇਰ ਸਿੰਘ 7 ਅਕਤੂਬਰ 1944 ਦੇ ਦਿਨ ਚੜ੍ਹਾਈ ਕਰ ਗਏ। ਇਸ ਤੋਂ 7 ਦਿਨ ਬਾਅਦ 14 ਅਕਤੂਬਰ 1944 ਦੇ ਦਿਨ ਇਕ ਅਕਾਲੀ ਕਾਨਫ਼ਰੰਸ ਲਾਹੌਰ ਵਿਖੇ ਹੋਈ। ਇਸ ਵਿਚ ਇਕ ਗੇਟ ਗਿਆਨੀ ਸ਼ੇਰ ਸਿੰਘ ਜੀ ਦੇ ਨਾਂ ਤੇ ਬਣਾਇਆ ਗਿਆ ਸੀ। ਗਿਆਨੀ ਸ਼ੇਰ ਸਿੰਘ ਨੇ ਸਾਰੀ ਉਮਰ ਪੰਥਕ ਨਿਸ਼ਾਨੇ 'ਤੇ ਪਹਿਰਾ ਦਿੱਤਾ ਸੀ।

1985: ਰਾਜੀਵ ਗਾਂਧੀ ਦੇ ਖ਼ਿਲਾਫ਼ ਸਿੱਖ ਨੌਜਵਾਨਾਂ ਨੇ ਮੁਜ਼ਾਹਰਾ ਕੀਤਾ

ਸਤ ਅਕਤੂਬਰ 1985 ਦੇ ਦਿਨ ਸਿੱਖਾਂ ਨੇ ਦਿੱਲੀ 'ਚ ਰਾਜੀਵ ਗਾਂਧੀ ਦੇ ਖ਼ਿਲਾਫ਼ ਮੁਜ਼ਾਹਰਾ ਕਰ ਕੇ ਸਿੱਖਾਂ ਦੀਆਂ ਗ੍ਰਿਫਤਾਰੀਆਂ ਬੰਦ ਕਰਨ ਦੀ ਮੰਗ ਕੀਤੀ। ਇਸ 'ਤੇ ਪੰਜਾਬ ਦੇ ਚੀਫ਼ ਮਨਿਸਟਰ ਸੁਰਜੀਤ ਬਰਨਾਲੇ ਨੇ, ਚੋਣਾਂ ਜਿਤਾਏ ਜਾਣ ਦਾ ਮੁਲ ਤਾਰਦਿਆਂ, ਆਖਿਆ ਕਿ 'ਰਾਜੀਵ ਦੇ ਖ਼ਿਲਾਫ਼ ਮੁਜ਼ਾਹਰਾ ਕਰਨ ਵਾਲੇ ਸਿੱਖ ਗੁੰਮਰਾਹਕੁੰਨ ਅੰਸਰ ਹਨ।' ਇਸੇ ਦਿਨ ਹਰਿਆਣੇ ਦੇ ਕਰਤਾਰ ਸਿੰਘ ਟੱਕਰ ਨੇ ਕਿਹਾ ਕਿ ਹਰਿਆਣੇ 'ਚ 300 ਬੇਕਸੂਰ ਸਿੱਖ ਜੇਲ੍ਹਾਂ ਵਿਚ ਹਨ ਅਤੇ 1000 ਸਿੱਖਾਂ ਦੇ ਅਸਲਾ ਲਾਇਸੈਂਸ ਕੈਂਸਲ ਕੀਤੇ ਹੋਏ ਹਨ। ਜਸਟਿਸ ਅਜੀਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ 2000 ਸਿੱਖ ਬੰਦ ਹਨ।

1987: ਮੇਜਰ ਸਿੰਘ ਪੁੱਤਰ ਮੋਹਨ ਸਿੰਘ ਕੋਟ ਹਿਰਦੇ ਰਾਮ ਤੇ ਉਸ ਦਾ ਪੁੱਤਰ ਮੇਜਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

7 ਅਕਤੂਬਰ 1987 ਦੇ ਦਿਨ ਪੰਜਾਬ ਪੁਲਸ ਨੇ ਮੋਹਨ ਸਿੰਘ (ਪੁੱਤਰ ਗੰਗਾ ਸਿੰਘ, ਵਾਸੀ ਕੋਟ ਹਿਰਦੇ ਰਾਮ, ਨੇੜੇ ਚਵਿੰਡਾ ਦੇਵੀ, ਅੰਮ੍ਰਿਤਸਰ) ਅਤੇ ਉਸ ਦੇ ਪੁੱਤਰ ਮੇਜਰ ਸਿੰਘ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਤਰਸਿੱਕਾ ਦੇ ਮਲਕੀਅਤ ਸਿੰਘ ਤੇ ਅਮਰਜੀਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

7 ਅਕਤੂਬਰ 1989 ਦੇ ਦਿਨ ਪੰਜਾਬ ਪੁਲਸ ਨੇ ਮਲਕੀਅਤ ਸਿੰਘ (ਪੁਤਰ ਸ਼ਿੰਗਾਰਾ ਸਿੰਘ) ਤੇ ਅਮਰਜੀਤ ਸਿੰਘ (ਪੁੱਤਰ ਕਰਤਾਰ ਸਿੰਘ) ਦੋਵੇਂ ਵਾਸੀ ਤਰਸਿਕਾ, ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1992: ਰਛਪਾਲ ਸਿੰਘ ਝੰਡੇਰ, ਨਰੈਣ ਸਿੰਘ ਵਡਾਲਾ , ਅਵਤਾਰ ਸਿੰਘ ਤਾਰੀ, ਹਰਵਿੰਦਰ ਸਿੰਘ ਮੋਲੀਵਾਲਾ, ਸੁਖਵਿੰਦਰ ਸਿੰਘ, ਨਵਤੇਜ ਸਿੰਘ ਤੇ ਹੋਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੁਲਸ ਨੇ 7 ਅਕਤੂਬਰ 1992 ਦੇ ਦਿਨ ਰਛਪਾਲ ਸਿੰਘ (ਪੁੱਤਰ ਅਣੋਖ ਸਿੰਘ, ਵਾਸੀ ਝੰਡੇਰ, ਅੰਮ੍ਰਿਤਸਰ), ਨਰੈਣ ਸਿੰਘ ਨਰੈਣਾ ਉਰਫ਼ ਛੋਟਾ ਗੁਰੀਲਾ (ਪੁੱਤਰ ਬਰਿਜ ਸਿੰਘ, ਵਾਸੀ ਵਡਾਲਾ), ਅਵਤਾਰ ਸਿੰਘ ਤਾਰੀ ਉਰਫ਼ ਚਿੜੀ, ਹਰਵਿੰਦਰ ਸਿੰਘ ਬਿੱਟੂ ਮੋਲੀਵਾਲਾ, ਸੁਖਵਿੰਦਰ ਸਿੰਘ, ਨਵਤੇਜ ਸਿੰਘ ਤੇ ਹੋਰ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

8 ਅਕਤੂਬਰ

1700: ਨਿਰਮੋਹਗੜ੍ਹ 'ਤੇ ਪਹਾੜੀ ਫ਼ੌਜਾਂ ਦਾ ਹਮਲਾ

29 ਅਗਸਤ ਤੋਂ 1 ਸਤੰਬਰ 1700 ਤਕ, ਚਾਰ ਦਿਨ ਦੀ ਲੜਾਈ ਵਿਚ ਬੁਰੀ ਤਰ੍ਹਾਂ ਸ਼ਿਕਸਤ ਖਾਣ ਅਤੇ ਆਪਣੇ ਮਾਮੇ ਕੇਸਰੀ ਚੰਦ ਸਣੇ ਸੈਂਕੜੇ ਫ਼ੌਜੀ ਮਰਵਾਉਣ ਮਗਰੋਂ, ਅਜਮੇਰ ਚੰਦ ਨੇ ਬਿਲਾਸਪੁਰ ਦੇ ਥਾਈਂਧਾਰ ਦੇ ਪਹਾੜੀ ਰਾਜਿਆਂ ਦਾ ਇਕ ਇਕੱਠ ਬੁਲਾਇਆ। ਸਾਰਿਆਂ ਨੇ ਚਾਰ ਲੜਾਈਆਂ ਵਿਚ ਹਾਰ ਦਾ ਬੜਾ ਅਫ਼ਸੋਸ ਕੀਤਾ। ਕੇਸਰੀ ਚੰਦ ਦੇ ਮਰਨ 'ਤੇ ਸਾਰੇ ਪਹਾੜੀ ਰਾਜਿਆਂ ਨੂੰ ਸਦਮਾ ਪੁੱਜਾ। ਉਨ੍ਹਾਂ ਮਹਿਸੂਸ ਕੀਤਾ ਕਿ ਉਹ ਗੁਰੂ ਸਾਹਿਬ ਨੂੰ ਫ਼ੌਜੀ ਲੜਾਈ ਵਿਚ ਹਰਾ ਨਹੀਂ ਸਕਦੇ। ਅਖ਼ੀਰ ਉਨ੍ਹਾਂ ਇਕ ਤਰਕੀਬ ਸੋਚੀ। ਉਨ੍ਹਾਂ ਨੇ ਵਜ਼ੀਰ ਪੰਡਿਤ ਪਰਮਾ ਨੰਦ ਨੂੰ ਅਨੰਦਗੜ੍ਹ ਕਿਲ੍ਹੇ ਭੇਜਿਆ। ਉਸ ਨੇ ਪਹਿਲੀ

ਅਕਤੂਬਰ ਦੀ ਰਾਤ ਨੂੰ ਆਟੇ ਦੀ ਗਊ ਬਣਾ ਕੇ ਕਿਲ੍ਹੇ ਅੱਗੇ ਰੱਖ ਕੇ, ਨਾਲ ਇਕ ਚਿੱਠੀ ਬੰਨ੍ਹ ਦਿੱਤੀ, ਜਿਸ ਵਿਚ ਲਿਖਿਆ ਸੀ ਕਿ ਅਸੀ ਕਸਮ ਖਾਂਦੇ ਹਾਂ ਕਿ ਅੱਗੋਂ ਕਦੇ ਵੀ ਅਨੰਦਪੁਰ 'ਤੇ ਹਮਲਾ ਨਹੀਂ ਕਰਾਂਗੇ। ਸਾਰੇ ਪਾਸੇ ਸਾਡੀ ਬੇਇੱਜ਼ਤੀ ਹੋਈ ਹੈ। ਅਸੀਂ ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਰਹੇ। ਆਪ ਇਕ ਵਾਰੀ ਅਨੰਦਪੁਰ ਸਾਹਿਬ ਛੱਡ ਕੇ ਚਲੇ ਜਾਓ ਤੇ ਫੇਰ ਬੇਸ਼ਕ ਕੁਝ ਦਿਨਾਂ ਮਗਰੋਂ ਹੀ ਵਾਪਿਸ ਆ ਜਾਣਾ। ਅਸੀਂ ਲੋਕਾਂ ਨੂੰ ਕਹਿ ਸਕਾਂਗੇ ਕਿ ਅਸੀਂ ਅਨੰਦਪੁਰ 'ਤੇ ਕਬਜ਼ਾ ਕਰ ਲਿਆ ਹੈ। ਇਸ ਨਾਲ ਸਾਡੀ ਇੱਜ਼ਤ ਰਹਿ ਜਾਵੇਗੀ।

ਅਗਲੇ ਦਿਨ ਦੋ ਅਕਤੂਬਰ ਨੂੰ ਗੁਰੂ ਸਾਹਿਬ ਨੂੰ ਉਹ ਚਿੱਠੀ ਕਿਲ੍ਹੇ ਦੇ ਪਹਿਰੇਦਾਰ ਨੇ ਦਿੱਤੀ। ਗੁਰੂ ਸਾਹਿਬ ਨੇ ਆਖਿਆ ਕਿ ਇਹ ਪੱਥਰ-ਪੂਜ ਪਹਾੜੀਏ ਇਤਬਾਰ ਦੇ ਕਾਬਿਲ ਨਹੀਂ। ਪਰ ਫਿਰ ਵੀ ਜੇ ਇਨ੍ਹਾਂ 'ਤੇ ਤਰਸ ਕਰਨ ਨਾਲ ਇਨ੍ਹਾਂ ਦੀ ਇੱਜ਼ਤ ਬਚਦੀ ਹੈ ਤਾਂ ਸਾਨੂੰ ਕੋਈ ਫ਼ਰਕ ਨਹੀਂ ਪੈਂਦਾ। ਗੁਰੂ ਸਾਹਿਬ ਨੇ ਭਾਈ ਦਇਆ ਸਿੰਘ, ਭਾਈ ਉਦੈ ਸਿੰਘ ਤੇ ਹੋਰਨਾਂ ਨਾਲ ਮਸ਼ਵਰਾ ਕਰ ਕੇ ਅਨੰਦਪੁਰ ਸਾਹਿਬ ਛੱਡਣ ਦਾ ਫੈਸਲਾ ਕਰ ਲਿਆ। ਗੁਰੂ ਸਾਹਿਬ ਨੇ ਚਾਰ ਅਕਤੂਬਰ 1700 ਦੇ ਦਿਨ ਅਨੰਦਪੁਰ ਛੱਡ ਦਿਤਾ। ਇਹ ਨਗਰ ਇਕ ਵਾਰ ਫੇਰ ਵੀਰਾਨ ਹੋ ਗਿਆ। ਉਧਰ ਜਦੋਂ ਅਜਮੇਰ ਚੰਦ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਅਨੰਦਪੁਰ ਖ਼ਾਲੀ ਕਰ ਕੇ ਨਿਰਮੋਹਗੜ੍ਹ ਚਲੇ ਗਏ ਹਨ ਤਾਂ ਉਸ ਨੇ ਅਨੰਦਪੁਰ ਸਾਹਿਬ 'ਤੇ ਕਬਜ਼ਾ ਕਰ ਲਿਆ। ਹੁਣ ਉਸ ਨੇ ਆਪਣੇ ਸਾਥੀਆਂ ਨਾਲ ਸਲਾਹ ਕੀਤੀ ਕਿ ਇਸ ਵਕਤ ਗੁਰੂ ਸਾਹਿਬ ਕਿਸੇ ਕਿਲ੍ਹੇ ਵਿਚ ਨਹੀਂ ਬਲਕਿ ਇਕ ਪਹਾੜੀ 'ਤੇ ਤੰਬੂ ਗੱਡ ਕੇ ਬੈਠੇ ਹਨ ਤੇ ਜੇ ਇਸ ਮੌਕੇ 'ਤੇ ਹਮਲਾ ਕੀਤਾ ਜਾਏ ਤਾਂ ਗੁਰੂ ਸਾਹਿਬ ਨੂੰ ਘੇਰਾ ਪਾ ਕੇ ਖ਼ਤਮ ਜਾਂ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਜਦੋਂ ਅਜਮੇਰ ਚੰਦ ਦੀ ਇਸ ਸਾਜ਼ਿਸ਼ ਦਾ ਪਤਾ ਉਸ ਦੀ ਦਾਦੀ ਦੇ ਜੀਜੇ, ਬਸਾਲੀ ਦੇ ਰਾਜੇ ਸਲਾਹੀ ਚੰਦ, ਨੂੰ ਲੱਗਾ ਤਾਂ ਉਸ ਨੇ ਹਰਕਤ ਤੋਂ ਰੋਕਿਆ। ਪਰ ਅਜਮੇਰ ਚੰਦ 'ਤੇ ਸ਼ੈਤਾਨ ਸਵਾਰ ਸੀ, ਉਹ ਨਾ ਟਲਿਆ ਤੇ ਉਸ ਨੇ ਨਿਰਮੋਹਗੜ੍ਹ 'ਤੇ ਹਮਲਾ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ। **8 ਅਕਤੂਬਰ 1700 ਦੇ ਦਿਨ** (ਕਈ ਥਾਂਈਂ 7 ਤਾਰੀਖ਼ ਵੀ ਲਿਖੀ ਮਿਲਦੀ ਹੈ) ਅਜਮੇਰ ਚੰਦ ਦੀ ਫ਼ੌਜ ਨੇ ਨਿਰਮੋਹਗੜ੍ਹ ਵਿਚ ਗੁਰੂ ਸਾਹਿਬ 'ਤੇ ਹਮਲਾ ਬੋਲ ਦਿੱਤਾ। ਸਵਾ ਪਹਿਰ ਦੋਹਾਂ ਪਾਸਿਆਂ ਤੋਂ ਘਮਸਾਣ ਦੀ ਲੜਾਈ ਹੋਈ। ਅਜਮੇਰ ਚੰਦ ਦੀ ਫ਼ੌਜ ਕੋਲ ਗੋਲਾ ਬਰੂਦ ਕਾਫ਼ੀ ਸੀ ਤੇ ਉਸ ਦੀ ਫ਼ੌਜ ਦੀ ਗਿਣਤੀ ਵੀ ਬਹੁਤ ਸੀ। ਗੁਰੂ ਸਾਹਿਬ ਕੋਲ ਗਿਣਵੇਂ ਚੁਣਵੇਂ ਸਿੰਘ ਹੀ ਸਨ। ਇਸ ਦੇ ਬਾਵਜੂਦ ਸਿੰਘ ਸੀਸ ਤਲੀ 'ਤੇ ਰੱਖ ਕੇ ਲੜੇ। *(ਇੱਥੋਂ ਹੀ ਮੁਹਾਵਰਾ 'ਸੀਸ ਤਲੀ 'ਤੇ ਰੱਖ ਕੇ ਲੜਨਾ' ਸ਼ੁਰੂ ਹੋ ਗਿਆ ਸੀ, ਦਰਅਸਲ 'ਸੀਸ ਤਲੀ 'ਤੇ ਰੱਖਣ ਦਾ ਮਤਲਬ ਹੈ: ਜਾਨ ਦੀ ਪਰਵਾਹ ਕੀਤੇ ਬਿਨਾਂ ਲੜਨਾ।' ਮਗਰੋਂ ਕਿਸੇ ਕਲਾਕਾਰ ਨੇ ਬਾਬਾ ਦੀਪ ਸਿੰਘ ਦੀ ਇਕ ਖਿਆਲੀ ਤਸਵੀਰ ਬਣਾਈ ਜਿਸ ਵਿਚ ਉਸ ਨੇ ਉਨ੍ਹਾਂ ਦਾ ਕੱਟਿਆ ਹੋਇਆ ਸਿਰ ਉਨ੍ਹਾਂ ਦੀ ਤਲੀ 'ਤੇ ਰੱਖਿਆ ਹੋਇਆ ਦਿਖਾਇਆ ਸੀ)।*

1984: ਭਾਰਤੀ ਫ਼ੌਜ ਦਰਬਾਰ ਸਾਹਿਬ ਵਿਚੋਂ ਨਿਕਲੀ

ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਦੇ ਹਮਲੇ ਮਗਰੋਂ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਬੁਰੀ ਤਰ੍ਹਾਂ ਤਬਾਹ ਹੋ ਚੁੱਕੀ ਸੀ। ਇਸ ਦੌਰਾਨ ਹੀ ਸਿੱਖ ਵਿਦਵਾਨਾਂ ਅਤੇ ਆਗੂਆਂ ਨੇ ਆਖਣਾ ਸ਼ੁਰੂ ਕਰ ਦਿੱਤਾ ਸੀ ਕਿ ਅਕਾਲ ਤਖ਼ਤ ਸਾਹਿਬ ਦੀ ਤਬਾਹ ਹੋਈ ਈਮਾਰਤ ਨੂੰ ਹੂ-ਬ-ਹੂ ਰਖਿਆ ਜਾਵੇ ਤਾਂ ਜੋ ਆਉਣ ਵਾਲੀਆਂ ਨਸਲਾਂ, ਇੰਦਰਾ ਦੇ ਹੁਕਮ ਨਾਲ ਭਾਰਤੀ ਫ਼ੌਜ ਵਲੋਂ ਅਕਾਲ ਪੁਰਖ ਦੇ ਤਖ਼ਤ 'ਤੇ ਕੀਤੇ ਹਮਲੇ ਨੂੰ ਕਦੇ ਵੀ ਨਾ ਭੁਲਾ ਸਕਣ। ਭਾਰਤੀ ਫ਼ੌਜ, ਭਾਰਤੀ ਖ਼ੁਫ਼ੀਆ ਪੁਲੀਸ ਅਤੇ ਸਰਕਾਰੀ ਸੂਹੀਆਂ ਨੇ, ਇਸ ਕਰ ਕੇ, ਇੰਦਰਾ ਨੂੰ ਸਲਾਹ ਦਿੱਤੀ ਕਿ ਦਰਬਾਰ ਸਾਹਿਬ ਨੂੰ ਉਦੋਂ ਤਕ ਸੀਲ ਰਖਿਆ ਜਾਵੇ, ਜਦੋਂ ਤਕ ਅਕਾਲ ਤਖ਼ਤ

ਸਾਹਿਬ ਦੀ ਇਮਾਰਤ ਦੀ ਪੂਰੀ ਮੁਰੰਮਤ ਨਾ ਹੋ ਜਾਵੇ। ਅਕਾਲ ਤਖ਼ਤ ਸਾਹਿਬ ਨੂੰ ਪੁਰਾਣੀ ਹਾਲਾਤ ਵਿਚ ਲਿਆਉਣ ਵਾਸਤੇ ਇੰਦਰਾ ਨੇ ਬੂਟਾ ਸਿੰਘ ਦੀ ਡਿਊਟੀ ਲਾਈ। ਬੂਟਾ ਸਿੰਘ ਨੇ ਕਾਰ ਸੇਵਾ ਵਾਲੇ ਬਾਬਾ ਖੜਕ ਸਿੰਘ ਤੇ ਕਈ ਹੋਰ ਬਾਬਿਆਂ ਤਕ ਪਹੁੰਚ ਕੀਤੀ, ਪਰ ਕੋਈ ਵੀ ਸਰਕਾਰ ਦੀ ਸਰਪ੍ਰਸਤੀ ਅਤੇ ਫ਼ੌਜ ਦੀ ਨਿਗਰਾਨੀ ਹੇਠ 'ਕਾਰ ਸੇਵਾ' ਕਰਵਾਉਣ ਵਾਸਤੇ ਨਾ ਮੰਨਿਆ। ਸਾਰਿਆਂ ਦੀ ਇਹੀ ਸ਼ਰਤ ਸੀ ਕਿ ਪਹਿਲਾਂ ਭਾਰਤੀ ਫ਼ੌਜ ਦਰਬਾਰ ਸਾਹਿਬ ਕੰਪਲੈਕਸ ਨੂੰ ਸਿੱਖ-ਸੰਗਤਾਂ ਵਾਸਤੇ ਖੋਲ੍ਹ ਦੇਵੇ ਤੇ ਆਪ ਉੱਥੋਂ ਚਲੀ ਜਾਵੇ, ਫੇਰ ਹੀ ਉਹ ਕਾਰ-ਸੇਵਾ ਕਰਵਾਉਣਗੇ। ਅਖ਼ੀਰ ਇੰਦਰਾ ਨੇ ਆਪਣਾ ਪੁਰਾਣਾ ਮੁਹਰਾ ਸੰਤਾ ਸਿੰਘ ਨਿਹੰਗ ਅੱਗੇ ਲਿਆਂਦਾ। ਉਸ ਦੇ ਨਾਲ ਕਲੇਰਾਂ ਵਾਲੇ ਡੇਰੇ ਦਾ ਨਰੈਣ ਸਿੰਘ ਖੜ੍ਹਾ ਕਰ ਕੇ ਸਰਕਾਰੀ ਸੇਵਾ ਨਾਲ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਮੁਰੰਮਤ ਸ਼ੁਰੂ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਵਾਸਤੇ ਸੰਤਾ ਸਿੰਘ ਨੇ ਇਕ ਇਕੱਠ ਵੀ ਬੁਲਾਇਆ। ਇਹ ਇਕੱਠ 11 ਅਗਸਤ 1984 ਦੇ ਦਿਨ ਹੋਇਆ। ਇਸ ਵਿਚ ਜਗਮੀਤ ਸਿੰਘ ਬਰਾੜ, ਬੂਟਾ ਸਿੰਘ ਤੇ ਦੋ ਕੁ ਹੋਰ ਸਿੱਖ ਸ਼ਾਮਿਲ ਹੋਏ ਬਾਕੀ ਸਾਰੀ ਹਾਜ਼ਰੀ ਪੁਲੀਸ, ਫੌਜ ਅਤੇ ਗ਼ੈਰ-ਸਿੱਖਾਂ ਦੀ ਹੀ ਸੀ। ਉੱਤੋਂ-ਉੱਤੋਂ ਤਾਂ ਇਸ ਈਮਾਰਤ ਦੀ ਮੁਰੰਮਤ ਵਾਸਤੇ ਸੰਤਾ ਸਿੰਘ ਦਾ ਨਾਂ ਵਰਤਿਆ ਗਿਆ ਪਰ ਅਸਲ 'ਚ ਇਹ ਸਾਰੀ ਕਾਰਵਾਈ 'ਸਕਿਪਰ ਬਿਲਡਰਜ਼' ਨਾਂ ਦੀ ਫ਼ਰਮ, ਜਿਸ ਦਾ ਮਾਲਕ ਤੇਜਵੰਤ ਸਿੰਘ ਸੀ (ਕੁਝ ਸਾਲ ਮਗਰੋਂ ਸ਼ਹੀਦ ਭਾਈ ਅਮਰੀਕ ਸਿੰਘ ਦੇ ਭਰਾ ਭਾਈ ਮਨਜੀਤ ਸਿੰਘ ਨੇ ਇਸੇ ਤੇਜਵੰਤ ਸਿੰਘ ਨੂੰ ਆਪਣੇ 'ਅਕਾਲੀ ਦਲ' ਦਾ ਦਿੱਲੀ ਦਾ ਚੀਫ਼ ਬਣਾਇਆ ਸੀ), ਦੀ ਨਿਗਰਾਨੀ ਹੇਠ ਅਤੇ ਸਰਕਾਰੀ ਖ਼ਰਚੇ ਨਾਲ, ਮਜ਼ਦੂਰ ਲਾ ਕੇ, ਸ਼ੁਰੂ ਕੀਤੀ ਗਈ। ਪੀ.ਡਬਲਯੂ.ਡੀ. ਮਹਿਕਮੇ ਦੇ ਸਾਬਕ ਚੀਫ਼ ਇੰਜੀਨੀਅਰ ਪੰਡਤ ਕੇ.ਡੀ. ਬਾਲੀ ਨੂੰ ਇਸ ਸਾਰੇ ਦਾ ਇੰਚਾਰਜ ਬਣਾਇਆ ਗਿਆ ਸੀ। ਬਹੁਤੇ ਮਜ਼ਦੂਰ ਰਾਜਸਥਾਨ, ਉੱਤਰ ਪ੍ਰਦੇਸ਼ ਵਗ਼ੈਰਾ ਤੋਂ ਲਿਆਂਦੇ ਗਏ ਸਨ। ਮਲਬਾ ਅੰਮ੍ਰਿਤਸਰ ਦੇ ਜਮਾਂਦਾਰਾਂ ਤੋਂ ਚੁਕਵਾਇਆ ਗਿਆ ਸੀ। ਸਰਕਾਰੀ ਇੰਜੀਨੀਅਰਾਂ, ਮਜ਼ਦੂਰਾਂ, ਸਰਕਾਰੀ ਖ਼ਰਚੇ ਤੇ ਮਸ਼ੀਨਗੀ ਨਾਲ ਇਹ ਮੁਰੰਮਤ ਕਈ ਦਿਨ ਚਲਦੀ ਰਹੀ। ਇਸ ਦੌਰਾਨ ਕਿਰਪਾਲ ਸਿੰਘ, ਸਾਹਿਬ ਸਿੰਘ ਤੇ ਪ੍ਰੀਤਮ ਸਿੰਘ, ਤਿੰਨੇ ਗ੍ਰੰਥੀ, ਇਸ ਦੀ ਪੂਰੀ ਨਿਗਰਾਨੀ ਕਰਦੇ ਰਹੇ। ਉਹ ਥਾਂ-ਥਾਂ 'ਤੇ ਆਪਣੀ ਸਲਾਹ ਤੇ ਅਗਵਾਈ ਦੇਂਦੇ ਰਹੇ। ਛੇ ਕਰੋੜ ਰੁਪਏ ਨਾਲ ਇਹ ਢਾਂਚਾ ਤਕਰੀਬਨ ਦੋ ਮਹੀਨੇ ਵਿਚ ਤਿਆਰ ਹੋ ਗਿਆ।

ਇਕ ਪਾਸੇ ਤਾਂ ਇਹ ਤਿੰਨੇ ਗ੍ਰੰਥੀ ਸਰਕਾਰੀ ਸੇਵਾ ਦੀ ਅਣ-ਐਲਾਨੀ ਸਰਪ੍ਰਸਤੀ ਕਰਦੇ ਰਹੇ ਤੇ ਦੂਜੇ ਪਾਸੇ ਸਰਕਾਰ ਵਲੋਂ ਮੁਰੰਮਤ ਕਰਵਾਉਣ ਦੀ ਮੁਖ਼ਾਲਫ਼ਤ ਵਾਲੇ ਬਿਆਨ ਵੀ ਜਾਰੀ ਕਰਦੇ ਰਹੇ। ਭਾਰਤ ਸਰਕਾਰ ਦਾ ਨਿਸ਼ਾਨਾ ਸੀ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਸਤੰਬਰ ਦੇ ਆਖ਼ਰੀ ਹਫ਼ਤੇ ਤਕ ਮੁਕੰਮਲ ਕਰ ਦੇਵੇਗੀ। ਉਸ ਨੇ ਕਿਰਪਾਲ ਸਿੰਘ ਸਿੰਘ ਨੂੰ ਇਸ ਬਾਰੇ ਇਤਲਾਹ ਦੇ ਦਿੱਤੀ ਸੀ ਇਸ 'ਤੇ ਕਿਰਪਾਲ ਸਿੰਘ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ 'ਵਿਸ਼ਵ ਸਿੱਖ ਕਾਨਫ਼ਰੰਸ' ਕਰਨ ਦਾ ਐਲਾਨ ਕਰ ਦਿੱਤਾ। ਇਹ ਕਾਨਫ਼ਰੰਸ ਸਰਬੱਤ ਖ਼ਾਲਸਾ ਇਕੱਠ ਵਜੋਂ ਨਹੀਂ ਸੀ ਬੁਲਾਈ ਗਈ; ਇਹ ਕਾਨਫ਼ਰੰਸ ਸ਼੍ਰੋਮਣੀ ਅਕਾਲੀ ਦਲ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਹੀਂ ਬੁਲਾਈ ਸੀ ਕਿਉਂਕਿ ਸਾਰੇ ਅਕਾਲੀ ਆਗੂ ਇੰਦਰਾ ਨੇ ਜੇਲ੍ਹਾਂ ਵਿਚ ਸੁੱਟੇ ਹੋਏ ਸਨ। ਉਂਞ ਇਹ ਦੁਨੀਆਂ ਭਰ ਦੇ (ਵਿਸ਼ਵ) ਸਿੱਖਾਂ ਦੀ ਕਾਨਫ਼ਰੰਸ ਵੀ ਨਹੀਂ ਸੀ, ਕਿਉਂਕਿ ਇਸ ਵਿਚ ਵਿਦੇਸ਼ਾਂ ਵਿਚੋਂ ਕੋਈ ਵੀ ਸਿੱਖ ਨਹੀਂ ਸੀ ਆਇਆ (ਉਦੋਂ ਤਾਂ ਬਾਹਰਲੇ ਮੁਲਕਾਂ ਵਿਚੋਂ ਸਿੱਖਾਂ ਦੇ ਆਉਣ 'ਤੇ ਮੁਕੰਮਲ ਪਾਬੰਦੀ ਲਗੀ ਹੋਈ ਸੀ)।

ਇਸ 'ਕਾਨਫ਼ਰੈਂਸ' ਵਿਚ ਕਿਰਪਾਲ ਸਿੰਘ ਤੇ ਉਸ ਦੇ ਸਾਥੀਆਂ ਨੇ ਭਾਰਤ ਸਰਕਾਰ ਨੂੰ ਦਿਖਾਵੇ ਦਾ 'ਅਲਟੀਮੇਟਮ' ਦਿੱਤਾ ਕਿ ਜੇ ਕਰ 30 ਸਤੰਬਰ ਤਕ ਫ਼ੌਜ ਦਰਬਾਰ ਸਾਹਿਬ ਕੰਪਲੈਕਸ 'ਚੋਂ ਨਾ ਨਿਕਲੀ ਤਾਂ ਮੋਰਚਾ ਲਾਇਆ ਜਾਵੇਗਾ। ਇਹ 28 ਦਿਨ ਦਾ ਏਨਾ ਲੰਬਾ ਨੋਟਿਸ ਇਕ ਮਜ਼ਾਕ ਸੀ। ਅਸਲੀਅਤ ਇਹ ਹੈ ਕਿ ਸਰਕਾਰ ਨੇ ਕਿਰਪਾਲ ਸਿੰਘ ਨੂੰ ਯਕੀਨ ਦਿਵਾਇਆ ਸੀ ਕਿ 25 ਸਤੰਬਰ ਦੇ ਨੇੜੇ-ਤੇੜੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਠੀਕ-ਠਾਕ ਕਰ ਦਿੱਤੀ ਜਾਵੇਗੀ। ਉਂਞ ਇਸ ਮਗਰੋਂ ਤਾਂ ਸਰਕਾਰ ਨੇ, ਖ਼ੁਦ, ਫ਼ੌਜ ਨੂੰ ਉੱਥੋਂ ਹਟਾਉਣ ਵਾਸਤੇ ਕੋਈ ਬਹਾਨਾ ਢੂੰਢਣਾ ਸੀ। ਜਿਹਾ ਕਿ ਭਾਰਤ ਸਰਕਾਰ ਦਾ ਕਿਰਪਾਲ ਸਿੰਘ ਨਾਲ ਵਾਅਦਾ ਸੀ, ਫ਼ੌਜ ਨੇ 29 ਸਤੰਬਰ ਨੂੰ ਦਰਬਾਰ ਸਾਹਿਬ ਦਾ ਅੰਦਰੂਨੀ ਹਿੱਸਾ ਖ਼ਾਲੀ ਕਰ ਦਿੱਤਾ। ਪਰ ਦਰਬਾਰ ਸਾਹਿਬ ਦੇ ਆਲੇ-ਦੁਆਲੇ ਹਰ ਮੋੜ 'ਤੇ ਹੀ ਨਹੀਂ ਬਲਕਿ ਗੁਰੂ ਰਾਮਦਾਸ ਸਰਾਂ, ਗੁਰੂ ਨਾਨਕ ਨਿਵਾਸ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਦਫ਼ਤਰਾਂ 'ਤੇ ਅਜੇ ਵੀ ਬਾਵਰਦੀ ਤੇ ਹਥਿਆਰਬੰਦ ਭਾਰਤੀ ਫ਼ੌਜ ਤਾਇਨਾਤ ਸੀ। ਇਸ ਤੋਂ ਇਲਾਵਾ ਸਿਵਲੀਅਨ ਪਹਿਰਾਵੇ ਵਿਚ ਫ਼ੌਜ, ਸੀ.ਆਰ.ਪੀ.ਐਫ਼. ਅਤੇ ਪੰਜਾਬ ਪੁਲੀਸ ਦੇ ਸੈਂਕੜੇ ਮੁਲਾਜ਼ਮ ਅਜੇ ਵੀ ਦਰਬਾਰ ਸਾਹਿਬ ਕੰਪਲੈਕਸ ਵਿਚ ਡਿਊਟੀ 'ਤੇ ਮੌਜੂਦ ਸਨ। ਪਹਿਲੀ ਅਕਤੂਬਰ ਸਵੇਰ ਨੂੰ ਹੀ ਦਰਬਾਰ ਸਾਹਿਬ ਵਿਚ ਸਿੱਖਾਂ ਦੇ ਕਾਫ਼ਲੇ ਪੁੱਜਣੇ ਸ਼ੁਰੂ ਹੋ ਗਏ। ਇਨ੍ਹਾਂ ਵਿਚ ਬਹੁਤ ਸਾਰੇ ਨੌਜਵਾਨ ਵੀ ਸਨ। ਇਨ੍ਹਾਂ ਵਿਚੋਂ ਕੁਝ ਨੌਜਵਾਨਾਂ ਨੇ ਦਰਬਾਰ ਸਾਹਿਬ ਵਿਚ ਕਈ ਥਾਂਈਂ 'ਖਾਲਿਸਤਾਨੀ' ਝੰਡੇ ਗੱਡ ਦਿੱਤੇ। ਇਸ ਦੇ ਨਾਲ ਹੀ ਕੁਝ ਨੌਜਵਾਨ ਅਕਾਲ ਤਖ਼ਤ ਸਾਹਿਬ ਦੀ ਸਰਕਾਰ ਵਲੋਂ ਮੁਰੰਮਤ ਕੀਤੀ ਗਈ ਇਮਾਰਤ 'ਤੇ ਵੀ ਗਏ। ਉਨ੍ਹਾਂ ਨੇ ਕਿਰਪਾਲ ਸਿੰਘ ਦੀ ਬੁਰੀ ਤਰ੍ਹਾਂ ਕੁੱਟ-ਮਾਰ ਕੀਤੀ। ਇਸ 'ਤੇ ਕਿਰਪਾਲ ਸਿੰਘ ਨੇ ਫ਼ੌਜ ਦੋਬਾਰਾ ਬੁਲਾ ਲਈ ਤੇ 300 ਨੌਜਵਾਨ ਗ੍ਰਿਫ਼ਤਾਰ ਕਰਵਾ ਦਿੱਤੇ। **ਅਖ਼ੀਰ 8 ਅਕਤੂਬਰ 1984 ਦੇ ਦਿਨ ਭਾਰਤੀ ਫ਼ੌਜ ਦਰਬਾਰ ਸਾਹਿਬ ਵਿਚੋਂ ਚਲੀ ਗਈ।**

1987: ਮੇਜਰ ਸਿੰਘ ਸ਼ਹੂਰਾ ਨਕਲੀ ਮੁਕਾਬਲੇ ਵਿਚ ਸ਼ਹੀਦ

8 ਅਕਤੂਬਰ 1987 ਦੇ ਦਿਨ ਪੰਜਾਬ ਪੁਲਸ ਨੇ ਮੇਜਰ ਸਿੰਘ ਸ਼ਹੂਰਾ (ਪੁੱਤਰ ਦਰਸ਼ਨ ਸਿੰਘ, ਵਾਸੀ ਸ਼ਹੂਰਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸਹੀਦ ਕਰ ਦਿੱਤਾ। ਉਸ ਨੂੰ ਪੁਲਸ ਕੈਂਟਾਂ ਦੀ ਮਦਦ ਨਾਲ 14 ਸਤੰਬਰ 1987 ਦੇ ਦਿਨ ਗ੍ਰਿਫ਼ਤਾਰ ਕਰ ਕੇ ਕਈ ਦਿਨ ਉਸ 'ਤੇ ਬਹੁਤ ਤਸ਼ੱਦਦ ਕੀਤਾ ਗਿਆ ਸੀ। ਅਖ਼ੀਰ ਉਸ ਦਾ ਨਕਲੀ ਮੁਕਾਬਲਾ ਬਣਾ ਦਿੱਤਾ ਗਿਆ। ਉਸ ਦਾ ਸਿਰਫ਼ ਏਨਾ ਕਸੂਰ ਸੀ ਉਸ ਨੇ ਜੁਝਾਰੂ ਲਹਿਰ ਨਾਲ ਸਬੰਭਧਿਤ ਵਾਰਾਂ ਲਿਖੀਆਂ ਸਨ, ਜਿਨਾਂ ਵਿਚੋਂ ਇਹ ਬਹੁਤ ਮਸ਼ਹੂਰ ਹੋਈਆਂ ਸਨ: 'ਭੁੱਲ ਗਈ ਮੈਂ ਜੈਕਟ ਪਾਉਣੀ, ਗੋਲੀ ਨਾ ਮਾਰੀਂ ਵੇ' ਤੇ 'ਧੁੰਮਾਂ ਪੈ ਗਈਆਂ ਨੇ ਘਰ ਘਰ ਸਾਰੇ, ਭਾਈ ਬਿੱਲੇ ਵਰਪਾਲ ਦੀਆਂ'।

1990: ਤਰਲੋਚਨ ਸਿੰਘ ਸਾਧੂਪੁਰਾ ਚੋਗਾਵਾਂ ਨਕਲੀ ਮੁਕਾਬਲੇ ਵਿਚ ਸ਼ਹੀਦ

8 ਅਕਤੂਬਰ 1990 ਦੇ ਦਿਨ ਪੰਜਾਬ ਪੁਲਸ ਨੇ ਤਰਲੋਚਨ ਸਿੰਘ (ਪੁੱਤਰ ਹਰਭਜਨ ਸਿੰਘ, ਵਾਸੀ ਸਾਧੂਪੁਰਾ ਚੋਗਾਵਾਂ, ਅੰਮ੍ਰਿਤਸਰ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਬਿੱਲੂ ਸਿੰਘ ਨਕਲੀ ਮੁਕਾਬਲੇ ਵਿਚ ਸਿੱਖ ਸ਼ਹੀਦ

8 ਅਕਤੂਬਰ 1991 ਦੇ ਦਿਨ ਪੰਜਾਬ ਪੁਲਸ ਨੇ ਬਿੱਲੂ ਸਿੰਘ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2003: 'ਸਹਿਧਾਰੀਆਂ' ਦਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੋਟ ਹੱਕ ਖ਼ਤਮ ਹੋਇਆ

8 ਅਕਤੂਬਰ 2003 ਦੇ ਦਿਨ ਭਾਰਤ ਸਰਕਾਰ (ਅਟਲ ਬਿਹਾਰੀ ਵਾਜਪਾਈ ਪ੍ਰਾਈਮ ਮਨਿਸਟਰ ਅਤੇ ਲਾਲ ਕਿਸ਼ਨ ਅਡਵਾਨੀ ਹੋਮ ਮਨਿਸਟਰ ਹੋਣ) ਨੇ ਇਕ ਆਰਡੀਨੈਨਸ ਰਾਹੀਂ ਅਖੌਤੀ ਸਹਿਜਧਾਰੀਆਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਵੋਟਰ ਬਣਨ ਦਾ ਹੱਕ ਖ਼ਤਮ ਕਰ ਦਿਤਾ। ਪ੍ਰਕਾਸ਼ ਸਿੰਘ ਬਾਦਲ ਚੀਫ਼ ਮਨਿਸਟਰ ਨੇ ਇਹ ਆਰਡੀਨੈਂਸ ਇਕ ਕਰ ਕੇ ਜਾਰੀ ਕਰਵਾਇਆ ਸੀ ਤਾਂ ਜੋ ਕਾਂਗਰਸੀ ਸਿੱਖ ਹਿੰਦੂਆਂ ਨੂਮ 'ਸਹਿਜਧਾਰੀ' ਆਖ ਕੇ ਉਨ੍ਹਾਂ ਦੀਆਂ ਵੋਟਾਂ ਬਣਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਨਾ ਕਰ ਲਵੇ। ਹਾਲਾਂ ਕਿ 1978 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਲ ਇੰਡੀਆ ਗੁਰਦੁਆਰਾ ਐਕਟ ਦੀ ਮੰਗ ਕੀਤੀ ਸੀ ਅਤੇ ਇਸ ਵਾਸਤੇ ਬਿਲ ਵੀ ਤਿਆ ਕੀਤਾ ਸੀ; ਪਰ 35 ਸਾਲ ਮਗਰੋਂ ਵੀ ਉਹ ਕਾਨੂੰਨ ਨਹੀਂ ਸੀ ਬਣ ਸਕਿਆ। ਫਿਰ 30 ਨਵੰਬਰ 2000, 30 ਮਾਰਚ 2001 ਅਤੇ 30 ਮਾਰਚ 2002 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਨੇ ਮਤੇ ਪਾਸ ਕਰ ਕੇ ਸਰਕਾਰ ਨੂੰ ਕਿਹਾ ਸੀ ਕਿ ਹੁਣ ਕੋਈ ਵੀ ਸ਼ਖ਼ਸ ਅਖੌਤੀ ਸਹਿਜਧਾਰੀ ਨਹੀਂ ਰਿਹਾ ਇਸ ਕਰ ਕੇ ਗੁਰਦੁਆਰਾ ਐਕਟ ਵਿਚ ਤਰਮੀਮ ਕਰ ਕੇ ਇਸ ਧਾਰਾ ਨੂੰ ਖ਼ਤਮ ਕਰ ਕੇ ਅਖੌਤੀ ਸਹਿਜਧਾਰੀਆਂ ਦਾ ਵੋਟ ਦਾ ਹੱਕ ਖ਼ਤਮ ਕਰ ਦਿੱਤਾ ਜਾਵੇ। ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਨੇ ਵੀ 7 ਮਾਰਚ 2002 ਦੇ ਦਿਨ ਇਹੀ ਮਤਾ ਪਾਸ ਕੀਤਾ ਸੀ। ਅਖ਼ੀਰ 8 ਅਕਤੂਬਰ 2003 ਦੇ ਦਿਨ ਇਸ ਸਬੰਧੀ ਆਰਡੀਨੈਂਸ ਜਾਰੀ ਕਰ ਦਿੱਤਾ ਗਿਆ। ਇਕ ਆਰਡੀਨੈਨਸ ਉਦੋਂ ਜਾਰੀ ਕੀਤਾ ਜਾਂਦਾ ਹੈ ਜਦ ਪਾਰਲੀਮੈਨਟ ਦਾ ਸੈਸ਼ਨ ਨਾ ਚਲ ਰਿਹਾ ਹੋਵੇ ਅਤੇ ਇਸ ਦੀ ਮਿਆਦ 6 ਮਹੀਨੇ ਹੁੰਦੀ ਹੈ ਤੇ ਇਸ ਦੌਰਾਨ ਇਸ ਨੂੰ ਪਾਰਲੀਮੈਂਟ ਵਿਚ ਪਾਸ ਕਰਨਾ ਹੁੰਦਾ ਹੈ; ਪਰ ਅਜਿਹਾ ਨਹੀਂ ਕੀਤਾ ਗਿਆ। 2011 ਵਿਚ ਸ਼੍ਰੋਮਣੀ ਕਮੇਟੀ ਦੀਆਂ ਨਵੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਦੌਰਾਨ ਅਖੌਤੀ ਸਹਿਜਧਾਰੀਆਂ ਦੀਆਂ ਵੋਟਾਂ ਨਾ ਬਣਾਉਣ ਦਾ ਐਲਾਨ ਕੀਤਾ ਗਿਆ (ਹਾਲਾਂਕਿ ਕੁਲ ਵੋਟਾਂ ਦਾ 60 ਫ਼ੀਸਦੀ ਅਖੌਤੀ ਸਹਿਜਧਾਰੀ ਜਾਂ ਪਤਿਤ ਸਨ)। ਸਹਿਜਧਾਰੀ ਸਿੱਖ ਨਾਂ ਦੀ ਇਕ ਜਥੇਬੰਦੀ ਵੱਲੋਂ ਪਰਮਜੀਤ ਸਿੰਘ ਚਾਣੂੰ ਨੇ ਇਸ ਆਰਡੀਨੈਨਸ ਨੂੰ ਹਾਈ ਕੋਰਟ ਵਿਚ ਚੈਲੰਜ ਕਰ ਦਿੱਤਾ। ਹਾਈ ਕੋਰਟ ਨੇ 20 ਦਸੰਬਰ 2011 ਦੇ ਦਿਨ ਇਸ ਪਟੀਸ਼ਨ 'ਤੇ ਫ਼ੈਸਲਾ ਦੇਂਦਿਆਂ ਇਸ ਆਰਡੀਨੈਨਸ ਨੂੰ ਟੈਕਨੀਕਲ ਬਿਨਾ 'ਤੇ ਗ਼ੈਰ ਕਾਨੂੰਨੀ ਕਰਾਰ ਦੇ ਦਿੱਤਾ (ਕਿਉਂਕਿ ਇਸ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ ਇਸ ਨੂੰ ਪਾਰਲੀਮੈਂਟ ਵਿਚ ਪਾਸ ਨਹੀਂ ਕੀਤਾ ਗਿਆ ਸੀ)। ਇਸ ਦੇ ਨਾਲ ਹੀ 2011 ਦੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵੀ ਰੱਦ ਕਰ ਦਿੱਤੀਆਂ। ਪਰ ਅਦਾਲਤ ਨੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਨੂੰ ਨਵੀਆਂ ਚੋਣਾਂ ਤਕ ਕੰਮ ਚਲਾਉਣ ਦੇ ਹੱਕ ਦੇ ਦਿੱਤੇ।

9 ਅਕਤੂਬਰ

1664: 'ਗੁਰ ਲਾਧੋ ਰੇ' ਦੀ ਅਸਲੀਅਤ: ਮੱਖਣ ਸ਼ਾਹ ਲੁਬਾਣਾ ਦੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ 'ਲੱਭਣ' ਦੀ ਕਹਾਣੀ ਦਾ ਸੱਚ

9 ਅਕਤੂਬਰ 1664 ਦੇ ਦਿਨ ਹਿੰਦੂਆਂ ਦਾ ਦੀਵਾਲੀ ਦਾ ਤਿਉਹਾਰ ਸੀ। ਇਸ ਵੇਲੇ ਗੁਰੂ ਤੇਗ਼ ਬਹਾਦਰ ਸਾਹਿਬ ਬਕਾਲਾ ਵਿਚ ਸਨ। ਹਰ ਸਾਲ ਇਸ ਮੌਕੇ 'ਤੇ ਸਿੱਖ ਆਪਣਾ ਦਸਵੰਧ ਭੇਟ ਕਰਨ ਵਾਸਤੇ ਗੁਰੂ ਸਾਹਿਬਾਨ ਕੋਲ ਆਇਆ ਕਰਦੇ ਸਨ। ਗੁਰੂ ਹਰਕ੍ਰਿਸ਼ਨ ਸਾਹਿਬ ਦੇ ਜੋਤੀ-ਜੋਤ ਸਮਾਉਣ ਮਗਰੋਂ ਅਜੇ ਕਾਫ਼ੀ ਸੰਗਤਾਂ ਨੂੰ ਪਤਾ ਨਹੀਂ ਸੀ ਕਿ ਜਿਸ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਗੁਰਗੱਦੀ ਸੌਂਪੀ ਗਈ ਹੈ ਉਹ ਕਿੱਥੇ ਹਨ। ਇਨ੍ਹਾਂ ਸਿੱਖਾਂ ਵਿਚ ਭਾਈ

ਮੱਖਣ ਸ਼ਾਹ ਲੁਬਾਣਾ ਵੀ ਸੀ। ਜਦੋਂ ਉਸ ਨੂੰ ਪਤਾ ਕਿ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਗੁਰਗੱਦੀ ਦਿਤੀ ਗਈ ਹੈ ਅਤੇ ਉਹ ਕੀਰਤਪੁਰ ਵਿਚ ਨਹੀਂ ਬਲਕਿ ਬਕਾਲਾ ਵਿਚ ਹਨ ਤਾਂ ਉਹ ਲਭਦਾ-ਲਭਦਾ ਬਕਾਲੇ ਪੁੱਜਾ। ਬਕਾਲੇ ਪੁੱਜਣ 'ਤੇ ਉਸ ਨੂੰ ਅੱਗੋਂ ਧੀਰ ਮੱਲ ਦਾ ਇਕ ਏਜੰਟ ਮਿਲ ਪਿਆ। ਉਹ ਉਸ ਨੂੰ ਗੁਰੂ ਸਾਹਿਬ ਨੂੰ ਮਿਲਾਉਣ ਦਾ ਝੂਠ ਬੋਲ ਕੇ ਧੀਰ ਮਲ ਦੇ ਡੇਰੇ ਤੇ ਲੈ ਗਿਆ। ਮੱਖਣ ਸ਼ਾਹ ਹਰ ਸਾਲ ਇਕ ਸੌ ਮੁਹਰਾਂ ਗੁਰੂ ਦਰਬਾਰ ਵਿਚ ਭੇਟ ਕਰਿਆ ਕਰਦਾ ਸੀ। ਧੀਰ ਮੱਲ ਨੂੰ ਵੇਖਦਿਆਂ ਹੀ ਮੱਖਣ ਸਾਹ ਨੂੰ ਸ਼ੱਕ ਪੈ ਗਿਆ ਕਿ ਇਹ ਬੰਦਾ ਗੁਰੂ ਤੇਗ਼ ਬਹਾਦਰ ਸਾਹਿਬ ਨਹੀਂ ਹੋ ਸਕਦਾ। ਇਸ ਕਰ ਕੇ ਉਸ ਨੇ ਧੀਰ ਮੱਲ ਨੂੰ ਸਿਰਫ਼ ਪੰਜ ਮੁਹਰਾਂ ਭੇਟ ਕੀਤੀਆਂ। ਪਰ ਜਦ ਧੀਰ ਮੱਲ ਨੇ ਉਹ ਪੰਜ ਮੁਹਰਾਂ ਚੁਪ ਕਰ ਕੇ ਬੋਝੇ ਵਿਚ ਪਾ ਲਈਆਂ ਤਾਂ ਭਾਈ ਮੱਖਣ ਸ਼ਾਹ ਨੇ ਪੁੱਛਿਆ ਕਿ ਕੀ ਤੁਸੀਂ ਹੀ ਗੁਰੂ ਤੇਗ਼ ਬਹਾਦਰ ਹੋ? ਇਹ ਸੁਣ ਕੇ ਧੀਰ ਮੱਲ ਦਾ ਇਕ ਚੇਲਾ ਬੋਲਿਆ ਕਿ "ਇਹ ਗੁਰੂ ਧੀਰ ਮੱਲ ਜੀ ਹਨ।" ਇਹ ਸੁਣ ਕੇ ਮੱਖਣ ਸ਼ਾਹ ਇਕ ਦਮ ਉੱਥੋਂ ਆ ਗਿਆ। ਇਸ ਮਗਰੋਂ ਉਸ ਨੇ ਕੋਸ਼ਿਸ਼ ਕਰ ਕੇ, ਘੁੰਮਦਿਆਂ ਫਿਰਦਿਆਂ, ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਵੀ ਲੱਭ ਹੀ ਲਿਆ ਤੇ ਆਪਣੇ ਸਾਥੀਆਂ ਨੂੰ ਸੱਦਣ ਵਾਸਤੇ ਉੱਚੀ-ਉੱਚੀ ਬੋਲਣਾ ਸ਼ੁਰੂ ਕਰ ਦਿਤਾ 'ਗੁਰੂ ਲਾਧੋ ਰੇ'। ਹੁਣ ਸਾਰੇ ਲੋਕ ਧੀਰ ਮੱਲ ਅਤੇ ਹੋਰਨਾਂ ਦੰਭੀਆਂ ਨੂੰ ਛੱਡ ਕੇ ਗੁਰੂ ਸਾਹਿਬ ਵਲ ਆਉਣੇ ਸ਼ੁਰੂ ਹੋ ਗਏ। ਉਸ ਦਿਨ ਤੋਂ ਕੁਝ ਸਿੱਖ ਨੌਂ ਅਕਤੂਬਰ ਦਾ ਦਿਨ ਹਰ ਸਾਲ 'ਗੁਰੂ ਲਾਧੋ ਰੇ' ਦਿਨ ਵਜੋਂ ਮਨਾਉਂਦੇ ਹਨ। ਹਾਲਾਂ ਕਿ ਗੁਰੂ ਸਾਹਿਬ ਗੁਆਚੇ ਜਾਂ ਲੁਕੇ ਹੋਏ ਨਹੀਂ ਸਨ, ਪਰ ਮੱਖਣ ਸ਼ਾਹ ਨੂੰ ਉਨ੍ਹਾਂ ਦਾ ਪਤਾ ਨਹੀਂ ਸੀ ਤੇ ਧੀਰ ਮੱਲ ਦੇ ਚੇਲੇ ਸਾਰੇ ਸਿੱਖਾਂ ਨੂੰ ਗ਼ਲਤ ਦਸ ਕੇ ਉਸ ਕੋਲ ਲੈ ਆਉਂਦੇ ਸਨ।

ਕੁਝ ਲੇਖਕਾਂ ਨੇ ਇਸ ਘਟਨਾ ਵਿਚੋਂ ਮੱਖਣ ਸ਼ਾਹ ਦਾ ਬੇੜਾ ਡੁੱਬਣ ਵੇਲੇ ਗੁਰੂ ਤੇਗ਼ ਬਹਾਦਰ ਸਾਹਿਬ ਵਲੋਂ ਆਪਣਾ ਮੋਢਾ ਲਾ ਕੇ ਜਹਾਜ਼ ਡੁੱਬਣੋਂ ਬਚਾਉਣ ਦੀ ਕਰਾਮਾਤ ਦੀ ਕਹਾਣੀ ਘੜ ਲਈ ਸੀ। ਸਿੱਖ ਧਰਮ ਅਖੌਤੀ ਕਰਾਮਾਤ ਦੇ ਫ਼ਲਸਫ਼ੇ ਨੂੰ ਮੂਲੋਂ ਹੀ ਰੱਦ ਕਰਦਾ ਹੈ। ਇੰਞ ਹੀ ਇਕ ਸੌ ਮੁਹਰ ਜਾਂ ਘਟ-ਵਧ ਗੁਰੂ ਦੀ ਭੇਂਟ ਕਰਨਾ ਸਿਰਫ਼ ਮੱਖਣ ਸ਼ਾਹ ਹੀ ਨਹੀਂ ਬਲਕਿ ਹੋਰ ਵੀ ਬਹੁਤ ਸਾਰੇ ਸਿਖ ਪਰਵਾਰ ਕਰਿਆ ਕਰਦੇ ਸਨ। ਮੱਖਣ ਸ਼ਾਹ ਲੁਬਾਣਾ ਵਲੋਂ ਇਕ ਸੌ ਮੁਹਰਾਂ ਭੇਟ ਕਰਨ ਸਬੰਧੀ '**ਭੱਟ ਵਹੀ ਤੂੰਮਰ ਬਿੰਜਲਉਂਤੋ ਕੀ**' ਵਿਚ ਇੰਞ ਜ਼ਿਕਰ ਮਿਲਦਾ ਹੈ (ਏਥੇ ਵੀ ਭਾਈ ਮੱਖਣ ਸ਼ਾਹ ਦਾ ਬੇੜਾ ਡੁੱਬਣ, ਅਖੌਤੀ ਸੁਖਨਾ ਸੁਖਣ ਜਾਂ ਗੁਰੂ ਜੀ ਨੂੰ 'ਲੱਭਣ' ਦਾ ਕੋਈ ਜ਼ਿਕਰ ਨਹੀਂ ਹੈ): *"ਮੱਖਣ ਸ਼ਾਹ ਬੇਟਾ ਦਾਸੇ ਕਾ ਪੋਤਾ ਅਰਥੇ ਕਾ ਪੜਪੋਤਾ ਬਿੰਨੇ ਕਾ ਬੰਸ ਬਹੋੜੂ ਕੀ। ਲਾਲ ਚੰਦ ਮੱਖਣ ਸ਼ਾਹ ਕਾ, ਚੰਦੂ ਲਾਲ ਮੱਖਣ ਸ਼ਾਹ ਕਾ, ਕੁਸ਼ਾਲ ਚੰਦ ਮੱਖਣ ਸ਼ਾਹ ਕਾ, ਸੋਲਜ਼ਈ ਇਸਤਰੀ ਮੱਖਣ ਸ਼ਾਹ ਕੀ, ਗੋਤਰ ਪੇਲੀਆ ਬਨਜਾਰਾ, ਬਾਸੀ ਮੋਟਾ ਟਾਂਡਾ, ਪਰਗਣਾ ਮੁਜ਼ਫ਼ਰਾਬਾਦ, ਕਸ਼ਮੀਰ, ਸਾਲ ਸਤਰਾਂ ਸੈ ਇਕੀਸ ਦੀਵਾਲੀ 'ਤੇ ਸ਼ਨੀਵਾਰ ਦੇ ਦਿੰਹ ਬਕਾਲੇ ਨਗਰ ਆਇਆ। ਗੁਰੂ ਤੇਗ਼ ਬਹਾਦਰ ਮਹਲ ਨਾਮੇਂ ਕੇ ਦਰਬਾਰ ਮੇਂ ਇਕ ਸੌ ਮੋਹਰੇਂ ਭੇਂਟ ਕੀ। ਗੈਲ ਧੂੰਮਾ ਬੇਟਾ ਨਾਇਕ ਕਾਨ੍ਹੇ ਬਿੰਜਲਉਂਤ ਕਾ ਆਇਆ।"*

1839: ਮਹਾਰਾਜਾ ਖੜਕ ਸਿੰਘ ਦੇ ਸਲਾਹਕਾਰ ਚੇਤ ਸਿੰਘ ਬਾਜਵਾ ਦਾ ਕਤਲ

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਉਸ ਦਾ ਸਭ ਤੋਂ ਵੱਡਾ ਪੁੱਤਰ ਖੜਕ ਸਿੰਘ "ਮਹਾਰਾਜਾ" ਬਣਿਆ। ਰਣਜੀਤ ਸਿੰਘ ਨੇ ਆਪਣੀ ਹਕੂਮਤ ਦੀ ਬਹੁਤੀ ਤਾਕਤ ਧਿਆਨ ਸਿੰਹ ਡੋਗਰਾ ਤੇ ਉਸ ਦੇ ਪੁੱਤਰ ਹੀਰਾ ਸਿੰਹ ਅਤੇ ਧਿਆਨ ਸਿੰਹ ਦੇ ਭਰਾਵਾਂ (ਗੁਲਾਬ ਸਿੰਹ ਤੇ ਸੁਚੇਤ ਸਿੰਹ) ਵਗ਼ੈਰਾ ਨੂੰ ਸੌਂਪੀ ਹੋਈ ਸੀ। ਧਿਆਨ ਸਿੰਹ ਪ੍ਰਾਈਮ ਮਨਿਸਟਰ ਸੀ। ਖੜਕ ਸਿੰਘ ਡੋਗਰਿਆਂ ਦੀਆਂ ਸਾਜ਼ਸ਼ੀ ਕਾਰਵਾਈਆਂ ਤੋਂ ਦੁਖੀ ਸੀ। ਉਸ ਦਾ ਸਭ ਤੋਂ ਵੱਡਾ ਸਲਾਹਕਾਰ ਚੇਤ ਸਿੰਘ ਬਾਜਵਾ ਸੀ। ਡੋਗਰੇ ਸਮਝਦੇ ਸਨ ਕਿ ਚੇਤ ਸਿੰਘ ਨੂੰ ਰਾਹ ਵਿਚੋਂ

ਹਟਾਉਣ ਨਾਲ ਹੀ ਉਹ ਸਾਰੀ ਤਾਕਤ ਆਪਣੇ ਹੱਥ ਵਿਚ ਰੱਖ ਸਕਦੇ ਸਨ। ਇਸ ਕਰ ਕੇ ਉਨ੍ਹਾਂ ਨੇ ਚੇਤ ਸਿੰਘ ਦੇ ਖ਼ਿਲਾਫ਼ ਇਕ ਸਾਜ਼ਿਸ਼ ਘੜੀ। ਉਨ੍ਹਾਂ ਨੇ ਚੇਤ ਸਿੰਘ ਵੱਲੋਂ ਅੰਗਰੇਜ਼ਾਂ ਨੂੰ ਲਿਖੀਆਂ ਨਕਲੀ ਚਿੱਠੀਆਂ ਤਿਆਰ ਕੀਤੀਆਂ ਅਤੇ ਉਸ ਨੂੰ "ਗ਼ਦਾਰ" ਐਲਾਨ ਕਰਵਾਉਣ ਵਾਸਤੇ, ਇਨ੍ਹਾਂ ਖ਼ਤਾਂ ਨੂੰ ਆਪੇ ਬਣਾਈ ਇਕ "ਕੌਂਸਲ" ਕੋਲ ਪੇਸ਼ ਕੀਤਾ। ਇਸ 11 ਮੈਂਬਰੀ ਕੌਂਸਲ ਵਿਚ ਤਿੰਨ ਡੋਗਰੇ (ਧਿਆਨ ਸਿੰਘ, ਕੇਸਰੀ ਸਿੰਘ ਤੇ ਹੀਰਾ ਸਿੰਘ), ਚਾਰ ਸੰਧਾਵਾਲੀਏ (ਅਤਰ ਸਿੰਘ, ਕਿਹਰ ਸਿੰਘ, ਲਹਿਣਾ ਸਿੰਘ, ਸ਼ੇਰ ਸਿੰਘ), ਮਿਸਰ ਲਾਲ ਸਿੰਘ ਬ੍ਰਾਹਮਣ, ਅਲੈਗਜ਼ੈਂਦਰ ਗਾਰਡਨਰ ਤੋਂ ਇਲਾਵਾ ਰਾਣੀ ਚੰਦ ਕੌਰ (ਮਹਾਰਾਣੀ) ਅਤੇ ਕੰਵਰ ਨੌਨਿਹਾਲ ਸਿੰਘ ਸ਼ਾਮਿਲ ਸਨ। ਇਸ ਕੌਂਸਲ ਦੀ ਸਾਜ਼ਸ਼ੀ ਮੀਟਿੰਗ ਵਿਚ ਡੋਗਰਿਆਂ ਨੇ ਮਤਾ ਪਾਸ ਕਰਵਾਇਆ ਕਿ ਚੇਤ ਸਿੰਘ ਨੂੰ (ਜਾਅਲੀ) ਚਿੱਠੀਆਂ ਲਿਖਣ ਬਦਲੇ ਸਜ਼ਾਏ-ਮੌਤ ਦਿਤੀ ਜਾਵੇ ਤੇ ਖੜਕ ਸਿੰਘ ਨੂੰ ਹਟਾ ਕੇ ਤਾਕਤ ਕੰਵਰ ਨੌਨਿਹਾਲ ਸਿੰਘ ਨੂੰ ਸੌਂਪ ਦਿਤੀ ਜਾਵੇ।

9 ਅਕਤੂਬਰ 1839 ਦੇ ਦਿਨ ਧਿਆਨ ਸਿੰਘ ਡੋਗਰਾ ਦੀ ਅਗਵਾਈ ਹੇਠ ਇਸ "ਕੌਂਸਲ" ਦੇ ਕੁਝ ਮੈਂਬਰ ਖੜਕ ਸਿੰਘ ਦੇ ਕਮਰੇ ਵਿਚ ਦਾਖ਼ਿਲ ਹੋਏ। ਉਨ੍ਹਾਂ ਨੇ ਚੇਤ ਸਿੰਘ ਬਾਜਵਾ ਨੂੰ ਲੱਭ ਕੇ ਖੜਕ ਸਿੰਘ ਦੇ ਸਾਹਮਣੇ ਕਤਲ ਕਰ ਦਿੱਤਾ। ਖੜਕ ਸਿੰਘ ਰੋ-ਰੋ ਕੇ ਤੇ ਚੀਖ਼-ਚੀਖ਼ ਕੇ ਰੋਕਦਾ ਰਿਹਾ ਪਰ ਧਿਆਨ ਸਿੰਘ ਨੇ ਆਪਣੇ ਹੱਥੀਂ ਚੇਤ ਸਿੰਘ ਨੂੰ ਕਤਲ ਕਰ ਦਿਤਾ। (*ਇੱਥੋਂ ਪਤਾ ਲਗਦਾ ਹੈ ਕਿ ਖੜਕ ਸਿੰਘ ਕਿਹੋ-ਜਿਹਾ ਕਮਜ਼ੋਰ-ਦਿਲ ਤੇ ਬੇਜਾਨ ਰਾਜਾ ਸੀ ਜੋ ਆਪਣੇ ਸਲਾਹਕਾਰ ਨੂੰ ਵੀ ਬਚਾਅ ਨਾ ਸਕਿਆ ਤੇ ਉਸ ਦੇ ਕਤਲ ਸਮੇਂ ਸਿਰਫ਼ ਰੋਂਦਾ ਰਿਹਾ ਸੀ*)। ਉਨ੍ਹਾਂ ਨੇ ਖੜਕ ਸਿੰਘ ਨੂੰ ਵੀ ਉਸ ਦੀ ਰਿਹਾਇਸ਼ ਵਿਚ ਹੀ ਨਜ਼ਰਬੰਦ ਕਰ ਦਿਤਾ ਤੇ ਨੌਨਿਹਾਲ ਸਿੰਘ ਨੂੰ ਗੱਦੀ 'ਤੇ ਬਿਠਾ ਦਿਤਾ। ਖੜਕ ਸਿੰਘ ਏਨਾ ਦੁਖੀ ਹੋਇਆ ਕਿ ਉਸ ਨੇ ਕਈ ਦਿਨ ਖਾਣਾ ਵੀ ਨਾ ਖਾਧਾ। ਨਜ਼ਰਬੰਦੀ ਵਿਚ ਹੀ ਡੋਗਰਿਆਂ ਨੇ ਉਸ ਨੂੰ ਜ਼ਹਿਰੀਲੀ ਖੁਰਾਕ ਦੇਣੀ ਸ਼ੁਰੂ ਕਰ ਦਿਤੀ।

1960: ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਨੇ ਬਠਿੰਡਾ ਜੇਲ੍ਹ ਵਿਚ ਸਿੱਖਾਂ 'ਤੇ ਗੋਲੀਆਂ ਚਲਾ ਕੇ 4 ਸਿੱਖ ਸ਼ਹੀਦ ਕੀਤੇ

ਮਈ 1960 ਵਿਚ ਸ਼ੁਰੂ ਹੋਏ ਪੰਜਾਬੀ ਸੂਬਾ ਮੋਰਚਾ ਦੌਰਾਨ ਸਤੰਬਰ 1960 ਦੇ ਅਖ਼ੀਰ ਵਿਚ ਪੰਜਾਬ ਭਰ ਦੀਆਂ ਸਾਰੀਆਂ ਜੇਲ੍ਹਾਂ ਅਕਾਲੀ ਕੈਦੀਆਂ ਨਾਲ ਭਰੀਆਂ ਪਈਆਂ ਸਨ। ਹਰ ਰੋਜ਼ ਸੈਂਕੜੇ ਅਕਾਲੀ ਗ੍ਰਿਫ਼ਤਾਰੀਆਂ ਦੇ ਰਹੇ ਸਨ। ਪ੍ਰਤਾਪ ਸਿੰਘ ਕੈਰੋਂ ਚੀਫ਼ ਮਨਿਸਟਰ ਪੰਜਾਬ ਨੇ ਉੱਤਰ ਪ੍ਰਦੇਸ਼ ਸਰਕਾਰ ਨਾਲ ਗੱਲਬਾਤ ਕੀਤੀ ਤਾਂ ਜੋ ਅਕਾਲੀ ਕੈਦੀਆਂ ਨੂੰ ਮੇਰਠ, ਨੀਨਾ, ਯੋਲ ਕੈਂਪ ਜੇਲ੍ਹਾਂ ਵਿਚ ਭੇਜਿਆ ਜਾ ਸਕੇ। ਪਰ ਯੂ. ਪੀ. ਸਰਕਾਰ ਨੇ ਹਰ ਕੈਦੀ ਦਾ ਖਰਚਾ 10 ਰੁਪਏ ਰੋਜ਼ਾਨਾ ਮੰਗਿਆ ਤਾਂ ਪੰਜਾਬ ਸਰਕਾਰ ਨੇ ਇਹ ਇਰਾਦਾ ਛੱਡ ਦਿੱਤਾ। ਪੰਜਾਬ ਸਰਕਾਰ ਨੇ ਪਹਿਲਾਂ, ਅਗਸਤ ਦੇ ਸ਼ੁਰੂ ਵਿਚ, ਬਠਿੰਡਾ ਜ਼ਿਲ੍ਹੇ ਵਿਚ ਇਕ ਸਪੈਸ਼ਲ ਜੇਲ੍ਹ ਖੋਲ੍ਹ ਦਿੱਤੀ ਸੀ। ਉੱਥੇ ਸਿਰਫ਼ ਅਕਾਲੀ ਕੈਦੀ ਹੀ ਬੰਦ ਸਨ।

ਜੇਲ੍ਹਾਂ ਵਿਚ ਬੇਹਦ ਭੀੜ ਹੋਣ ਕਰ ਕੇ ਪ੍ਰਤਾਪ ਸਿੰਘ ਕੈਰੋਂ ਨੇ ਫ਼ੈਸਲਾ ਕੀਤਾ ਕਿ ਸਿਰਫ਼ ਅਕਾਲੀ ਆਗੂਆਂ ਨੂੰ ਹੀ ਜੇਲ੍ਹਾਂ ਵਿਚ ਰਖਿਆ ਜਾਵੇ ਤੇ ਆਮ ਕੈਦੀਆਂ ਨੂੰ ਰਿਹਾ ਕਰ ਦਿੱਤਾ ਜਾਵੇ। ਪਹਿਲਾਂ ਤਾਂ ਸਰਕਾਰ ਨੇ ਇਕ-ਇਕ, ਦੋ-ਦੋ, ਕਰ ਕੇ ਸਿੱਖਾਂ ਨੂੰ ਰਿਹਾ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਨੂੰ ਰਿਹਾ ਕਰਨ ਤੋਂ ਬਾਅਦ ਸਰਕਾਰ ਵਲੋਂ ਬਿਆਨ ਜਾਰੀ ਹੋ ਜਾਂਦਾ ਕਿ ਇਹ ਲੋਕ ਮੁਆਫ਼ੀ ਮੰਗ ਕੇ ਜੇਲ੍ਹ 'ਚੋਂ ਰਿਹਾਈ ਲੈ ਕੇ ਆ ਰਹੇ ਹਨ। ਜਦੋਂ ਇਨ੍ਹਾਂ ਖਬਰਾਂ ਦਾ ਰਿਹਾ ਹੋਏ ਸਿੰਘਾਂ ਨੂੰ ਪਤਾ ਲੱਗਦਾ ਤਾਂ ਉਹ ਫੇਰ ਜਥੇ ਵਿਚ ਸ਼ਾਮਿਲ ਹੋ ਕੇ ਜੇਲ੍ਹ ਚਲੇ ਜਾਂਦੇ। ਇਸ ਹਾਲਤ ਵਿਚ ਕਾਫ਼ੀ ਦੇਰ ਤਕ ਲੁਕਣ-ਮੀਟੀ ਚਲਦੀ ਰਹੀ ਪਰ ਅਖ਼ੀਰ ਅਕਾਲੀ ਦਲ ਨੇ

ਸਾਰੇ ਕੈਦੀਆਂ ਨੂੰ ਪੈਗ਼ਾਮ ਭੇਜਿਆ ਕਿ ਉਹ ਉਦੋਂ ਤਕ ਜੇਲ੍ਹ ਵਿਚੋਂ ਬਾਹਰ ਨਾ ਆਉਣ ਜਦੋਂ ਤਕ ਉਨ੍ਹਾਂ ਨੂੰ 'ਬਿਨ੍ਹਾਂ ਸ਼ਰਤ ਰਿਹਾਈ' ਦਾ ਸਰਟੀਫ਼ਿਕੇਟ ਨਾ ਮਿਲ ਜਾਵੇ। ਇਨ੍ਹਾਂ ਦਿਨਾਂ ਵਿਚ ਇਕ ਵਾਰ ਅਕਤੂਬਰ ਦੇ ਪਹਿਲੇ ਹਫ਼ਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਜੇਲ੍ਹ ਦਾ ਦੌਰਾ ਕੀਤਾ ਅਤੇ ਜੇਲ੍ਹ ਵਿਚ ਬੈਠੇ ਬੱਚਿਆਂ ਨੂੰ ਰਿਹਾ ਕਰਵਾਉਣ ਦਾ ਐਲਾਨ ਕੀਤਾ। ਉਸ ਵੇਲੇ ਉਸ ਜੇਲ੍ਹ ਵਿਚ ਮਾਸਟਰ ਪ੍ਰਤਾਪ ਸਿੰਘ ਐਮ.ਐਲ.ਏ. ਅਤੇ ਕਈ ਹੋਰ ਆਗੂ ਵੀ ਸਨ। ਜਦ ਇਨ੍ਹਾਂ ਆਗੂਆਂ ਨੇ ਬੱਚਿਆਂ ਦੀ ਰਿਹਾਈ ਵਾਸਤੇ ਬਿਨਾਂ ਸ਼ਰਤ ਰਿਹਾ ਕੀਤੇ ਜਾਣ ਦਾ ਸਰਟੀਫ਼ਿਕੇਟ ਮੰਗਿਆ ਤਾਂ ਸਰਕਾਰ ਚੁਪ ਕਰ ਗਈ।

ਬਠਿੰਡਾ ਜੇਲ੍ਹ ਵਿਚ ਇਸ ਵੇਲੇ ਤਕਰੀਬਨ ਸਾਢੇ ਚੌਦਾਂ ਸੌ ਕੈਦੀ ਸਨ ਜਦ ਕਿ ਜੇਲ੍ਹ ਵਿਚ ਸਿਰਫ਼ 400 ਕੈਦੀਆਂ ਦੇ ਰਹਿਣ ਦੀ ਜਗਹ ਸੀ। ਜੇਲ੍ਹ ਵਿਚ ਨਾ ਤਾਂ ਪਾਣੀ ਦਾ ਪ੍ਰਬੰਧ ਸੀ ਅਤੇ ਨਾ ਹੀ ਠੀਕ ਤਰੀਕੇ ਨਾਲ ਰੋਟੀ ਮਿਲਦੀ ਸੀ। ਇਸ ਹਾਲਤ ਵਿਚ ਸਿੱਖਾਂ ਨੇ ਪ੍ਰੋਟੈਸਟ ਸ਼ੁਰੂ ਕਰ ਦਿਤਾ। ਸਿੱਖਾਂ ਨੇ ਜੇਲ੍ਹ ਵਿਚ ਭੁੱਖ ਹੜਤਾਲ ਵੀ ਸ਼ੁਰੂ ਕਰ ਦਿੱਤੀ। ਸਿੱਖਾਂ ਨੂੰ ਤੰਗ ਕਰਨ ਵਾਸਤੇ ਜੇਲ੍ਹ ਹਾਕਮਾਂ ਨੇ ਬਹੁਤ ਸਾਰੀ ਪੁਲਿਸ ਇਕੱਠੀ ਕਰ ਲਈ ਅਤੇ ਨਾਲ ਹੀ ਲਾਠੀਆਂ ਤੇ ਟਕੂਏ ਵੀ ਇਕੱਠੇ ਕਰ ਲਏ। ਪੁਲਿਸ ਦੇ ਆਈ.ਜੀ. ਅਸ਼ਵਨੀ ਕੁਮਾਰ ਅਤੇ ਡੀ.ਆਈ.ਜੀ. ਚੌਧਰੀ ਰਾਮ ਸਿੰਹ ਜੇਲ੍ਹ ਦਾ ਦੌਰਾ ਕਰ ਗਏ ਸਨ। ਸਿੱਖ ਤਾੜ ਗਏ ਸਨ ਕਿ ਕੋਈ ਭਾਣਾ ਵਰਤਣ ਵਾਲਾ ਹੈ। ਇਸ ਕਰ ਕੇ ਜੇਲ੍ਹ ਵਿਚ ਦੋ ਦਿਨ ਤੋਂ ਲਗਾਤਾਰ ਮੁਜ਼ਾਹਰੇ ਹੋ ਰਹੇ ਸਨ ਅਤੇ ਇਹ ਕਾਰਵਾਈ 7-8 ਅਕਤੂਬਰ ਦੀ ਰਾਤ ਤਕ ਹੁੰਦੀ ਰਹੀ ਸੀ।

9 ਅਕਤੂਬਰ ਦੀ ਸਵੇਰ ਨੂੰ ਬਠਿੰਡਾ ਜੇਲ੍ਹ ਦੇ ਆਲੇ ਦੁਆਲੇ ਪੁਲਿਸ ਦੀਆਂ ਬਹੁਤ ਸਾਰੀਆਂ ਟੋਲੀਆਂ ਨੇ ਘੇਰਾ ਪਾ ਲਿਆ ਅਤੇ ਜੇਲ੍ਹ ਦੀ ਡਿਉੜੀ ਅਤੇ ਦਰਵਾਜ਼ੇ ਅੱਗੇ ਪੰਜ-ਪੰਜ ਸਿਪਾਹੀਆਂ ਦੀਆਂ ਲਾਈਨਾਂ ਖੜ੍ਹੀਆਂ ਕਰ ਦਿੱਤੀਆਂ। ਇਸ ਮੌਕੇ 'ਤੇ ਪੁਲਿਸ ਨੇ ਸੰਗੀਨਾਂ ਦੇ ਡਰ ਨਾਲ 246 ਆਦਮੀ ਜੇਲ੍ਹ ਦੀ ਡਿਉੜੀ ਵਿਚ ਵਾੜ ਲਏ। ਸਿੰਘਾਂ ਨੂੰ ਰੇਲਵੇ ਪਾਸ ਦੇਣ ਦੇ ਨਾਂ 'ਤੇ ਫ਼ਾਰਮਾਂ 'ਤੇ ਦਸਤਖ਼ਤ ਕਰਵਾਉਣੇ ਸ਼ੁਰੂ ਕਰ ਦਿਤੇ ਗਏ। ਜਦੋਂ ਜਸਵੰਤ ਸਿੰਘ (ਵਾਸੀ ਪਿੰਡ ਕੋਟ ਦਸੌਂਦੀ) ਦੀ ਵਾਰੀ ਆਈ ਤਾਂ ਉਸ ਨੇ ਇਸ ਫ਼ਾਰਮ 'ਤੇ ਲਿਖੇ ਲਫ਼ਜ਼ ਪੜ੍ਹ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਇਹ ਪਾਸ ਨਹੀਂ ਮੁਆਫ਼ੀਨਾਮੇ 'ਤੇ ਦਸਤਖ਼ਤ ਹਨ। ਜਦੋਂ ਜਸਵੰਤ ਸਿੰਘ ਨੇ ਸਰਕਾਰ ਦੀ ਚਾਲ ਨੂੰ ਨੰਗਿਆਂ ਕੀਤਾ ਤਾਂ ਪੁਲਿਸ ਨੇ ਜੇਲ੍ਹ ਵਿਚ ਕੈਦ ਕੱਟ ਰਹੇ ਕਾਤਲ ਕੈਦੀ ਇਕੱਠੇ ਕਰ ਲਏ, ਦੂਜੇ ਪਾਸੇ ਟੀਅਰ ਗੈਸ ਦੀ ਵੈਨ ਲਿਆ ਖੜ੍ਹੀ ਕੀਤੀ ਅਤੇ ਤੀਜੇ ਪਾਸੇ ਬੰਦੂਕਾਂ ਤਾਣੀ ਪੁਲਿਸ ਵਾਲੇ ਗੋਲੀ ਚਲਾਉਣ ਵਾਸਤੇ ਤਿਆਰ ਸਨ। ਇਸ ਤੋਂ ਇਲਾਵਾ ਸੈਂਕੜੇ ਸਿਪਾਹੀ ਲਾਠੀਆਂ ਲੈ ਕੇ ਲੈਸ ਹੋ ਕੇ ਖੜੇ ਹੋਏ ਸਨ। ਜਦ ਜਸਵੰਤ ਸਿੰਘ ਨੇ ਇਸ ਧੱਕੇਸ਼ਾਹੀ ਦੇ ਖਿਲਾਫ਼ ਨਾਅਰੇ ਲਾਉਣੇ ਸ਼ੁਰੂ ਕਰ ਦਿਤੇ ਤਾਂ ਪੁਲਿਸ ਨੇ ਉਸ ਤੇ ਗੋਲੀ ਦਾਗ਼ ਦਿਤੀ ਉਹ ''ਹੋਰ ਗੋਲੀ ਮਾਰੋ, ਹੋਰ ਗੋਲੀ ਮਾਰੋ'' ਕਹਿੰਦਾ ਹੋਇਆ ਧੜੰਮ ਕਰ ਕੇ ਡਿੱਗ ਪਿਆ। ਉਸ ਦੀ ਮਦਦ ਵਾਸਤੇ ਸੁਲਤਾਨਵਿੰਡ ਅੰਮ੍ਰਿਤਸਰ ਦਾ ਚੰਚਲ ਸਿੰਘ ਅੱਗੇ ਵਧਿਆ ਤਾਂ ਪੁਲਿਸ ਨੇ ਉਸ 'ਤੇ ਵੀ ਗੋਲੀ ਚਲਾਈ। ਉਸ ਦੇ ਪੇਟ ਵਿਚ ਗੋਲੀ ਵੱਜੀ ਅਤੇ ਉਹ ਰਾਹ ਵਿਚ ਹੀ ਡਿੱਗ ਪਿਆ। ਇਸ ਜ਼ੁਲਮ ਨੂੰ ਵੇਖ ਕੇ ਬਹੁਤ ਸਾਰੇ ਸਿੱਖ ਅੱਗੇ ਵੱਧਣ ਲੱਗੇ ਤਾਂ ਪਿੰਡ ਕੈਰੋਂਵਾਲ ਦੇ ਨਾਜ਼ਰ ਸਿੰਘ ਨੇ ਉਨ੍ਹਾਂ ਨੂੰ ਰੋਕਣ ਵਾਸਤੇ ਆਪਣੇ ਆਪ ਨੂੰ ਉਨ੍ਹਾਂ ਦੀ ਢਾਲ ਬਣਾ ਦਿੱਤਾ। ਰਣਜੀਤ ਸਿੰਘ ਪਿੰਡ ਸਾਰੰਗ ਤਲਵੰਡੀ ਇਹ ਵੇਖ ਕੇ ਜਰ ਨਾ ਸਕਿਆ। ਉਸ ਨੇ ਉੱਚੀ-ਉੱਚੀ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਪੁਲਿਸ ਨੇ ਉਸ ਨੂੰ ਵੀ ਗੋਲੀ ਦਾ ਨਿਸ਼ਾਨਾ ਬਣਾ ਲਿਆ। ਹੁਣ ਪੁਲਿਸ ਨੇ ਲਗਾਤਾਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਕੁਝ ਮਿੰਟਾਂ ਵਿਚ ਹੀ 53 ਸਿੱਖਾਂ ਨੂੰ ਗੋਲੀਆਂ ਦਾ ਸ਼ਿਕਾਰ ਬਣਾਇਆ ਗਿਆ। ਗੋਲੀ ਚਲਾਉਣ ਮਗਰੋਂ ਪੁਲਿਸ ਵਾਲਿਆਂ ਨੇ, ਇਖ਼ਲਾਕੀ ਕੈਦੀਆਂ ਨੂੰ, ਜਿਨ੍ਹਾਂ ਵਿਚ ਬਹੁਤੇ ਕਾਤਲ ਸਨ, ਆਪਣੇ

ਨਾਲ ਰਲਾ ਕੇ, ਲਾਠੀਆਂ ਨਾਲ ਸਿੱਖਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਨਾਲ ਹੀ ਪੁਲਿਸ ਨੇ ਟੀਅਰ ਗੈਸ ਛੱਡਣੀ ਵੀ ਸ਼ੁਰੂ ਕਰ ਦਿੱਤੀ। ਇਹ ਸਾਰੀ ਕਾਰਵਾਈ ਇਕ ਘੰਟਾ 10 ਮਿੰਟ ਚਲਦੀ ਰਹੀ। ਪ੍ਰਤਾਪ ਸਿੰਘ ਕੈਰੋਂ ਦੇ ਇਸ ਨਵੇਂ ਜ਼ੁਲਮ ਨੇ ਸਾਰੇ ਪਾਸੇ ਬੜਾ ਗੁੱਸਾ ਅਤੇ ਰੋਹ ਪੈਦਾ ਕੀਤਾ।

1985 ਰਾਜੀਵ: ਫ਼ੌਜ ਤੇ ਗੋਲੀ ਚਲਾਣ ਵਾਲੇ ਸਿੱਖ ਨਹੀਂ ਛੱਡਾਂਗੇ

ਲੌਂਗੋਵਾਲ ਦੇ ਕਤਲ ਮਗਰੋਂ ਰਾਜੀਵ ਗਾਂਧੀ ਨੇ ਸੁਰਜੀਤ ਬਰਨਾਲਾ ਨਾਲ ਸੌਦੇਬਾਜ਼ੀ ਕਰ ਲਈ ਅਤੇ ਉਸ ਨੂੰ ਚੀਫ਼ ਮਨਿਸਟਰ ਬਣਾਉਣ ਦਾ ਫ਼ੈਸਲਾ ਕਰ ਲਿਆ; ਇਨ੍ਹਾਂ ਦੋਹਾਂ ਵਿਚ ਇਹ ਵੀ ਸੌਦਾ ਹੋਇਆ ਸੀ ਕਿ ਖਾੜਕੂਆਂ ਨੂੰ ਜੇਲ੍ਹਾਂ ਵਿਚ ਹੀ ਰਹਿਣ ਦਿੱਤਾ ਜਾਵੇ ਤਾਂ ਜੋ ਬਰਨਾਲਾ ਆਰਾਮ ਨਾਲ ਹਕੂਮਤ ਕਰ ਸਕੇ। ਹੁਣ ਜਦ ਸਿੱਖਾਂ ਦੀ ਰਿਹਾਈ ਦੀ ਗੱਲ ਚੱਲੀ ਤਾਂ ਇਸ ਨੂੰ ਰੋਕਣ ਵਾਸਤੇ ਰਾਜੀਵ ਨੇ **9 ਅਕਤੂਬਰ ਨੂੰ** ਬਿਆਨ ਦਿਤਾ ਕਿ 'ਸਰਕਾਰ ਫ਼ੌਜੀਆਂ ਉੱਤੇ ਗੋਲੀ ਚਲਾਉਣ ਵਾਲਿਆਂ ਨੂੰ ਛੱਡਣ ਦੇ ਖ਼ਿਲਾਫ਼ ਹੈ; ਇਨ੍ਹਾਂ ਨੂੰ ਰਿਹਾ ਨਹੀਂ ਕੀਤਾ ਜਵੇਗਾ।'

1987: ਹੀਰਾ ਸਿੰਘ ਪਧਰੀ ਕਲਾਂ ਨਕਲੀ ਮੁਕਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 9 ਅਕਤੂਬਰ 1987 ਦੇ ਦਿਨ ਹੀਰਾ ਸਿੰਘ ਬਬਰ (ਵਾਸੀ ਪੱਧਰੀ ਕਲਾਂ, ਨੇੜੇ ਪੱਟੀ, ਜ਼ਿਲ੍ਹਾ ਤਰਨਤਾਰਨ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਹਰਭਜਨ ਸਿੰਘ ਝੱਲੀਆਂ ਕਲਾਂ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 9 ਅਕਤੂਬਰ 1990 ਦੇ ਦਿਨ ਹਰਭਜਨ ਸਿੰਘ ਬਬਰ (ਵਾਸੀ ਝੱਲੀਆਂ ਕਲਾਂ, ਰੋਪੜ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਅਜਮੇਰ ਸਿੰਘ ਖਾਨਪੁਰ, ਰਜਿੰਦਰ ਸਿੰਘ ਖਾਨਪੁਰ, ਬਚਨ ਸਿੰਘ ਸਿਲ੍ਹ, ਤੇ ਉਸ ਦਾ ਪੁੱਤਰ ਬਚਿਤਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 9 ਅਕਤੂਬਰ 1991 ਦੇ ਦਿਨ ਅਜਮੇਰ ਸਿੰਘ (ਪੁੱਤਰ ਮੱਘਰ ਸਿੰਘ, ਵਾਸੀ ਖਾਨਪੁਰ, ਰੋਪੜ), ਰਜਿੰਦਰ ਸਿੰਘ (ਪੁੱਤਰ ਅਜਮੇਰ ਸਿੰਘ, ਵਾਸੀ ਖਾਨਪੁਰ), ਬਚਨ ਸਿੰਘ (ਪੁੱਤਰ ਹੀਰਾ ਸਿੰਘ, ਵਾਸੀ ਸਿਲ੍ਹ, ਰੋਪੜ) ਤੇ ਉਸ ਦੇ ਪੁੱਤਰ ਬਚਿਤਰ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਖਾੜਕੂਆਂ ਨੇ ਰੋਮਾਨੀਆ ਦਾ ਰਾਜਦੂਤ ਅਗਵਾ ਕੀਤਾ

ਪੰਜਾਬ ਪੁਲਸ ਦੇ ਸਾਬਕਾ ਮੁਖੀ ਜੂਲੀਆ ਰਬੈਰੋ ਨੂੰ ਰੋਮਾਨੀਆ ਮੁਲਕ ਵਿਚ (20 ਅਗਸਤ 1991 ਦੇ ਦਿਨ) ਮਾਰਨ ਦੀ ਕੋਸ਼ਿਸ਼ ਹੇਠ ਦਸ ਸਾਲ ਦੀ ਕੈਦ ਭੁਗਤ ਰਹੇ ਜਸਵਿੰਦਰ ਸਿੰਘ (ਵਾਸੀ ਰਕਬਾ, ਲੁਧਿਆਣਾ) ਅਤੇ ਪਰਗਟ ਸਿੰਘ ਨੂੰ ਰਿਹਾ ਕਰਵਾਉਣ ਵਾਸਤੇ ਖਾੜਕੂਆਂ ਨੇ **9 ਅਕਤੂਬਰ 1991** ਦੇ ਦਿਨ, ਰੋਮਨੀਆ ਦੇ ਰਾਜਦੂਤ ਰਾਡੂ ਨੂੰ ਅਗਵਾ ਕਰ ਲਿਆ। ਇਸ ਵਿਚ ਮੁਖ ਰੋਲ ਮਨਜਿੰਦਰ ਸਿੰਘ (ਈ.ਸੀ.), ਦਵਿੰਦਰਪਾਲ ਸਿੰਘ ਮੋਹਾਲੀ, ਡਾ: ਹਰੀ ਸਿੰਘ, ਦਵਿੰਦਰ ਸਿੰਘ (ਪੁੱਤਰ ਬਲਬੀਰ ਸਿੰਘ), ਪੰਜਾਬ ਸਿੰਘ ਸ਼ਿਵੀਆਂ ਤੇ ਅਵਤਾਰ ਸਿੰਘ ਤੂਰ ਬਣਜਾਰਾ ਦਾ ਸੀ। ਇਸ ਸਾਕੇ ਵਿਚ ਦਿੱਲੀ ਪੁਲਸ ਨੇ ਦਵਿੰਦਰ ਸਿੰਘ (ਪੁੱਤਰ ਬਲਬੀਰ ਸਿੰਘ) ਨੂੰ ਕਨਾਟ ਪਲੇਸ ਦਿੱਲੀ ਵਿਚ ਰਾਡੂ ਵਾਸਤੇ ਦਵਾਈ ਪੁੱਛਦੇ ਨੂੰ ਫ਼ੋਨ

ਬਾਕਸ 'ਤੇ ਹੀ ਮਾਰ ਦਿੱਤਾ ਸੀ। ਮਗਰੋਂ ਰਾਡੂ ਨੂੰ ਬਿਨਾ ਕਿਸੇ ਕਾਮਯਾਬੀ ਦੇ 26 ਨਵੰਬਰ ਨੂੰ ਰਿਹਾ ਕਰ ਦਿੱਤਾ ਗਿਆ ਸੀ।

1992: ਵਿਰਸਾ ਸਿੰਘ ਬੂਹ, ਪਰਮਿੰਦਰ ਸਿੰਘ ਝਬਾਲ ਕਲਾਂ, ਗੁਰਦਿਆਲ ਸਿੰਘ ਢੋਟੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 9 ਅਕਤੂਬਰ 1992 ਦੇ ਦਿਨ ਵਿਰਸਾ ਸਿੰਘ (ਪੁੱਤਰ ਜਗੀਰ ਸਿੰਘ, ਵਾਸੀ ਬੂਹ, ਨੇੜੇ ਫੱਤੂ ਢੀਂਗਾ, ਕਪੂਰਥਲਾ), ਪਰਮਿੰਦਰ ਸਿੰਘ (ਪੁੱਤਰ ਹਰਦੀਪ ਸਿੰਘ, ਵਾਸੀ ਝਬਾਲ ਕਲਾਂ), ਗੁਰਦਿਆਲ ਸਿੰਘ (ਪੁੱਤਰ ਸੁੱਚਾ ਸਿੰਘ, ਵਾਸੀ ਢੋਟੀਆਂ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਨੂੰ ਫ਼ਾਂਸੀ ਦਿੱਤੀ ਗਈ

ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੀ ਫ਼ੌਜ ਦੇ ਮੁਖੀ ਜਨਰਲ ਵੈਦਯ ਨੂੰ 10 ਅਗਸਤ 1986 ਦੇ ਦਿਨ ਪੂਨਾ ਵਿਚ ਗੋਲੀਆਂ ਮਾਰ ਕੇ ਮਾਰਨ ਦੇ ਦੋਸ਼ ਵਿਚ 9 ਅਕਤੂਬਰ 1992 ਦੇ ਦਿਨ ਹਰਜਿੰਦਰ ਸਿੰਘ ਜਿੰਦਾ (ਵਾਸੀ ਗਦਲੀ, ਨੇੜੇ ਜੰਡਿਆਲਾ, ਅੰਮ੍ਰਿਤਸਰ) ਤੇ ਸੁਖਦੇਵ ਸਿੰਘ ਸੁੱਖਾ (ਵਾਸੀ ਕਰਨਪੁਰ, ਨੇੜੇ ਗੰਗਾਨਗਰ, ਰਾਜਿਸਥਾਨ) ਨੂੰ ਪੂਨਾ ਜੇਲ੍ਹ ਵਿਚ ਫ਼ਾਂਸੀ ਦਿੱਤੀ ਗਈ। ਪਰ, ਉਨ੍ਹਾਂ ਦੀ 'ਆਖ਼ਰੀ' ਖ਼ਾਹਿਸ਼ ਕਿ ਉਨ੍ਹਾਂ ਨੂੰ ਖੰਡੇ ਦੀ ਪਾਹੁਲ ਦਿਵਾਈ ਜਾਵੇ ਪੂਰੀ ਨਾ ਕੀਤੀ ਗਈ। ਫ਼ਾਂਸੀ ਚੜ੍ਹਨ ਤੋਂ ਪਹਿਲਾਂ ਉਨ੍ਹਾਂ ਨੇ ਮਠਿਆਈ ਵੰਡੀ ਤੇ ਹੱਸ-ਹੱਸ ਕੇ ਫ਼ਾਂਸੀ ਦਾ ਰੱਸਾ ਗਲ ਵਿਚ ਪਾਇਆ। ਉਨ੍ਹਾਂ ਦੀਆਂ ਲਾਸ਼ਾਂ ਵੀ ਪਰਵਾਰ ਨੂੰ ਨਾ ਦਿੱਤੀਆਂ ਗਈਆਂ। ਇਸ ਦੇ ਜਵਾਬ ਵਿਚ ਦਸ ਤੇ ਯਾਰਾਂ ਅਕਤੂਬਰ ਨੂੰ ਮੁਕੰਮਲ ਪੰਜਾਬ ਬੰਦ ਰਿਹਾ। ਜਿੰਦਾ ਤੇ ਸੁੱਖਾ ਨੂੰ ਫ਼ਾਂਸੀ ਦੇਣ ਮਗਰੋਂ ਉਨ੍ਹਾਂ ਨਮਿਤ ਭੋਗ ਅਠਾਰਾਂ ਅਕਤੂਬਰ ਨੂੰ ਅਕਾਲ ਤਖ਼ਤ 'ਤੇ ਆਉਣ ਦਾ ਐਲਾਨ ਕੀਤਾ ਗਿਆ। ਯਾਰਾਂ ਅਕਤੂਬਰ ਨੂੰ ਚੀਫ਼ ਮਨਿਸਟਰ ਬੇਅੰਤ ਨੇ ਐਲਾਨ ਕੀਤਾ ਕਿ ਇਹ ਭੋਗ ਅਕਾਲ ਤਖ਼ਤ 'ਤੇ ਨਹੀਂ ਪੈਣ ਦਿੱਤਾ ਜਾਵੇਗਾ। ਇਸ ਐਲਾਨ ਮਗਰੋਂ ਤੇਰ੍ਹਾਂ ਤਾਰੀਖ਼ ਨੂੰ ਪੁਲੀਸ ਨੇ ਦਰਬਾਰ ਸਾਹਿਬ ਨੂੰ ਘੇਰਾ ਪਾ ਲਿਆ। ਅਗਲੇ ਦਿਨ ਟੋਹੜਾ ਅਤੇ ਸੈਂਕੜੇ ਹੋਰ ਗ੍ਰਿਫ਼ਤਾਰ ਕਰ ਲਏ ਗਏ। ਪਰ ਇਸ ਦੇ ਬਾਵਜੂਦ ਸਿੱਖਾਂ ਨੇ ਇਹ ਰਸਮ ਨਿਭਾਈ।

ਦਰਬਾਰ ਸਾਹਿਬ ਵਿਚ ਰਾਗੀਆਂ ਦੇ ਪਿੱਛੇ ਬੈਠੇ ਬੰਦਿਆਂ ਨੂੰ ਹਾਰ ਪਾਏ

9 ਅਕਤੂਬਰ 2014 ਦੇ ਦਿਨ ਦਰਬਾਰ ਸਾਹਿਬ ਵਿਚ ਅੰਮ੍ਰਿਤਸਰ ਵਿਚ ਕੀਰਤਨ ਕਰ ਰਹੇ ਰਾਗੀਆਂ ਦੇ ਪਿੱਛੇ ਬੈਠੇ ਬੰਦਿਆਂ ਨੂੰ ਹਾਰ ਤੇ ਸਿਰੋਪੇ ਪਾ ਕੇ ਮਰਿਆਦਾ ਤੋੜੀ ਗਈ।

10 ਅਕਤੂਬਰ

1920: ਜਲਿਆਂ ਵਾਲਾ ਬਾਗ ਅੰਮ੍ਰਿਤਸਰ ਵਿਚ ਪਛੜੀਆਂ ਜ਼ਾਤਾਂ ਦੇ ਸਿੱਖਾਂ ਦਾ ਸਮਾਗਮ

10 ਤੋਂ 12 ਅਕਤੂਬਰ 1920 ਨੂੰ 'ਖ਼ਾਲਸਾ ਬਰਾਦਰੀ ਕਾਰਜ ਸਾਧਕ ਦਲ' ਜਥੇਬੰਦੀ ਵੱਲੋਂ ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ ਵਿਚ ਇਕ ਦੀਵਾਨ ਸਜਾਇਆ ਗਿਆ। ਇਸ ਜਥੇਬੰਦੀ ਦੇ ਮੁਖੀ ਭਾਈ ਮਹਿਤਾਬ ਸਿੰਘ ਬੀਰ ਸਨ। (ਭਾਈ ਮਹਿਤਾਬ ਸਿੰਘ ਦਾ ਪਹਿਲਾ ਨਾਂ ਰੁਕਨਦੀਨ ਸੀ। ਆਪ ਮੌਲਵੀ ਕਰੀਮ ਬਖ਼ਸ਼, ਜੋ ਬਕਾਪੁਰ, ਜਲੰਧਰ, ਵਿਚ 14 ਜੂਨ 1903 ਦੇ ਦਿਨ ਖੰਡੇ ਦੀ ਪਾਹੁਲ ਲੈ ਕੇ ਭਾਈ ਲਖਬੀਰ ਸਿੰਘ ਬਣ ਗਏ ਸਨ, ਦੇ ਬੇਟੇ

ਸਨ)। ਭਾਈ ਮਹਿਤਾਬ ਸਿੰਘ ਨੇ ਸਿੱਖੀ ਪ੍ਰਚਾਰ ਵਾਸਤੇ ਸੰਜੀਦਾ ਤੇ ਅਹਿਮ ਰੋਲ ਅਦਾ ਕੀਤਾ ਸੀ। ਉਨ੍ਹਾਂ ਦੀ ਜਥੇਬੰਦੀ ਵਲੋਂ 10 ਤੋਂ 12 ਅਕਤੂਬਰ ਤਕ ਪਛੜੀਆਂ ਜ਼ਾਤਾਂ ਦਾ ਇਕੱਠ ਜਲ੍ਹਿਆਂ ਵਾਲਾ ਬਾਗ, ਅੰਮ੍ਰਿਤਸਰ ਵਿਚ ਬੁਲਾਇਆ ਗਿਆ ਸੀ। ਉਨ੍ਹਾਂ ਨੇ ਇਸ ਦੀਵਾਨ ਵਾਸਤੇ ਇਕ ਇਸ਼ਤਿਹਾਰ ਛਾਪਿਆ ਜਿਸ ਵਿਚ ਇਹ ਨਜ਼ਮ ਵੀ ਲਿਖੀ ਹੋਈ ਸੀ:

ਚੀਫ਼ ਖਾਲਸਾ ਦੀਵਾਨ, ਹੋਰ ਜਥੇ ਵੀ ਤਮਾਮ, ਗੁਣੀ ਗਿਆਨੀ ਮਿਲ ਆਇ ਦਰਸ ਸਿਖੌਣਗੇ।
ਜ਼ਾਤ ਦਾ ਜੋ ਭੂਤ ਜਮਦੂਤ ਦੁਖਦਾਈ ਭਾਰਾ, ਏਕਤਾ ਦਾ ਮੰਤਰ ਫੂਕ ਝੱਟ ਹੀ ਉਡੌਣਗੇ।
ਖਾਲਸਾ ਜੀ ਪੰਥ ਗੁਰੂ ਦਸਵੇਂ ਦਾ ਸਾਜਿਆ ਜੋ, ਇਸ ਦੇ ਅਕਾਲੀ ਝੰਡੇ ਹਠਾਂ ਸਭ ਨੂੰ ਲਿਆਉਣਗੇ।
ਰਹਿਤੀਏ, ਰਮਦਾਸੀਏ ਤੇ ਮਜ਼ਬੀ ਜੋ ਹੋਰ ਜਾਤਾਂ, ਓਨ੍ਹਾਂ ਭਾਈਂ ਮੇਟ ਇਕੋ ਖਾਲਸਾ ਸਜੌਣਗੇ।

ਇਸ ਦੀਵਾਨ ਵਿਚ ਪਹਿਲੇ ਦਿਨ ਤਾਂ ਕੋਈ ਸਿੱਖ ਆਗੂ ਸ਼ਾਮਿਲ ਨਾ ਹੋਇਆ। ਹੋਰ ਤਾਂ ਹੋਰ ਉਨ੍ਹਾਂ ਨੂੰ ਲੰਗਰ ਵਾਸਤੇ ਭਾਂਡੇ ਵੀ ਨਾ ਮਿਲੇ। ਦੂਜੇ ਦਿਨ ਸੁੰਦਰ ਸਿੰਘ ਮਜੀਠਾ, ਕਰਤਾਰ ਸਿੰਘ ਝੱਬਰ, ਤੇਜਾ ਸਿੰਘ ਭੁੱਚਰ, ਮੰਗਲ ਸਿੰਘ ਮਾਨ, ਬਹਾਦਰ ਸਿੰਘ ਹਕੀਮ ਵਗੈਰਾ ਦੀਵਾਨ ਵਿਚ ਹਾਜ਼ਰ ਹੋਏ। ਇਸ ਦੀਵਾਨ ਦੇ ਆਖ਼ਰੀ ਸਮਾਗਮ ਨੇ ਹੀ ਅਕਾਲ ਤਖ਼ਤ ਸਾਹਿਬ 'ਤੇ ਪੰਥ ਦੇ ਕਬਜ਼ੇ ਅਤੇ ਸ਼੍ਰੋਮਣੀ ਕਮੇਟੀ ਦੀ ਕਾਇਮੀ ਨੂੰ ਜਨਮ ਦਿੱਤਾ ਸੀ।

1947: ਚੰਦੂ ਲਾਲ ਤਿਰਵੇਦੀ ਨੇ 'ਸਿੱਖ ਇਕ ਜਰਾਇਮ ਪੇਸ਼ਾ ਕੌਮ ਹਨ' ਵਾਲਾ ਸਰਕੁਲਰ ਜਾਰੀ ਕੀਤਾ

ਪੰਜਾਬ ਦੇ ਗਵਰਨਰ ਚੰਦੂ ਲਾਲ ਤਿਰਵੇਦੀ ਨੇ 10 ਅਕਤੂਬਰ 1947 ਨੂੰ ਇਕ ਸਰਕੁਲਰ (ਜਿਹੜਾ ਸਿਰਦਾਰ ਕਪੂਰ ਸਿੰਘ ਨੇ ਆਪਣੇ ਕੇਸ ਵਿਚ Letter no. Exhibit D. 11/7 ਵਜੋਂ ਪੇਸ਼ ਕੀਤਾ) ਜਾਰੀ ਕੀਤਾ ਕਿ ਸਿੱਖ ਇਕ ਜਰਾਇਮ ਪੇਸ਼ਾ ਕੌਮ ਹਨ ਤੇ ਸੂਬੇ ਦੇ ਇਨਸਾਫ਼-ਪਸੰਦ ਹਿੰਦੂਆਂ ਵਾਸਤੇ ਖ਼ਤਰਾ ਹਨ। ਇਸ ਦੇ ਲਫ਼ਜ਼ ਸਨ:

"Sikhs as a community are a lawless people and are a menace to the law-abiding Hindus in the province; Deputy Commissioners should take special measures against them." *(ਸਿੱਖ ਇਕ ਜਰਾਇਮ ਪੇਸ਼ਾ ਕੌਮ ਹਨ ਅਤੇ ਸੂਬੇ ਦੇ ਇਨਸਾਫ਼-ਪਸੰਦ ਹਿੰਦੂਆਂ ਵਾਸਤੇ ਮੁਸੀਬਤ ਹਨ; ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ (ਸਿੱਖਾਂ) ਦੇ ਖ਼ਿਲਾਫ਼ ਖ਼ਾਸ ਕਦਮ ਉਠਾਉਣੇ ਚਾਹੀਦੇ ਹਨ)।*

ਸ਼ਰਮਨਾਕ ਗੱਲ ਇਹ ਸੀ ਕਿ ਇਸ ਸਰਕੁਲਰ ਦੇ ਜਾਰੀ ਕਰਨ ਵੇਲੇ ਪੰਜਾਬ ਦਾ ਹੋਮ ਮਨਿਸਟਰ ਸਵਰਨ ਸਿੰਘ (ਵਾਸੀ ਪਿੰਡ ਸ਼ੰਕਰ, ਜ਼ਿਲ੍ਹਾ ਜਲੰਧਰ) ਸੀ ਅਤੇ ਅਜਿਹੇ ਸਰਕੁਲਰ ਹੋਮ ਮਨਿਸਟਰੀ ਹੀ ਤਿਆਰ ਕਰ ਕੇ ਗਵਰਨਰ ਵਲੋਂ ਜਾਰੀ ਕਰਵਾਉਂਦੀ ਹੁੰਦੀ ਹੈ।

1949: ਮਾਸਟਰ ਤਾਰਾ ਸਿੰਘ ਨੇ ਕਿਹਾ: 'ਸਿੱਖਾਂ ਦਾ ਕਲਚਰ ਹਿੰਦੂਆਂ ਤੋਂ ਵਖਰਾ ਹੈ'

1947-48 ਵਿਚ ਸਿੱਖੀ ਅਤੇ ਪੰਜਾਬੀ ਉੱਤੇ ਹਰ ਪਾਸੇ ਤੋਂ ਜ਼ਾਹਰਾ ਅਤੇ ਅਸਿੱਧੇ ਤਰੀਕੇ ਨਾਲ ਹਮਲੇ ਹੋ ਰਹੇ ਸਨ; ਇਸ ਨੂੰ ਸਾਹਵੇਂ ਰਖਦਿਆਂ ਮਾਸਟਰ ਤਾਰਾ ਸਿੰਘ ਨੇ ਕੌਮ ਦੇ ਮਸਲਿਆਂ 'ਤੇ ਵਿਚਾਰਾਂ ਕਰਨ ਵਾਸਤੇ 20 ਫ਼ਰਵਰੀ 1949 ਨੂੰ ਦਿੱਲੀ ਵਿਚ ਇਕ ਕਾਨਫ਼ਰੰਸ ਕਰਨ ਦਾ ਫ਼ੈਸਲਾ ਕੀਤਾ। ਇਸ ਕਨਵੈਨਸ਼ਨ 'ਤੇ ਪਟੇਲ ਬਹੁਤ ਔਖਾ ਹੋਇਆ। ਉਹ ਆਪਣੇ ਆਪ ਨੂੰ ਮੁਲਕ ਦਾ ਬਾਦਸ਼ਾਹ ਸਮਝਣ ਲਗ ਪਿਆ ਸੀ। ਉਸ ਨੇ ਇਹ ਕਾਨਫ਼ਰੰਸ ਨਾ ਹੋਣ ਦੇਣ ਦਾ ਐਲਾਨ ਕੀਤਾ। ਪਟੇਲ ਦੇ ਹੁਕਮਾਂ ਹੇਠ 19 ਫ਼ਰਵਰੀ 1949 ਦੇ ਦਿਨ ਨੂੰ ਮਾਸਟਰ ਤਾਰਾ ਸਿੰਘ ਨੂੰ ਦਿੱਲੀ ਆਉਂਦਿਆਂ ਨਰੇਲੇ ਸਟੇਸ਼ਨ 'ਤੇ 1818 ਦੇ ਬੰਗਾਲ ਰੈਗੂਲੇਸ਼ਨਜ਼ ਐਕਟ ਨੰਬਰ ਤਿੰਨ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ *(ਇਸੇ ਐਕਟ ਹੇਠ 1907 ਵਿਚ ਅਜੀਤ ਸਿੰਘ ਤੇ ਲਾਲਾ ਲਾਜਪਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ)*। ਜੇਲ੍ਹ ਤੋਂ ਆ ਕੇ ਮਾਸਟਰ ਤਾਰਾ ਸਿੰਘ ਨੇ 10 ਅਕਤੂਬਰ 1949

ਨੂੰ ਐਲਾਨ ਕੀਤਾ ਕਿ **'ਸਿੱਖਾਂ ਦਾ ਕਲਚਰ ਹਿੰਦੂਆਂ ਤੋਂ ਵੱਖਰਾ ਹੈ ਅਤੇ ਜਿਵੇਂ ਕਿ ਹਿੰਦੂਆਂ ਨੂੰ ਗੁਰਮੁਖੀ ਸਿੱਖਾਂ ਦੀ ਬੋਲੀ ਜਾਪਦੀ ਹੈ ਇਸੇ ਤਰ੍ਹਾਂ ਸਿੱਖਾਂ ਦੀਆਂ ਰਿਵਾਇਤਾਂ, ਹੀਰੋ, ਸਮਾਜਕ ਢਾਂਚਾ ਵੀ ਵਖਰਾ ਹੈ। ਸਿੱਖਾਂ ਦਾ ਕਲਚਰ ਗੁਰਮੁਖੀ ਕਲਚਰ ਹੈ।'**

1955: ਚੀਫ਼ ਮਨਿਸਟਰ ਸੱਚਰ ਨੇ ਦਰਬਾਰ ਸਾਹਿਬ ਵਿਚ ਪੁਲਸ ਭੇਜਣ ਦੀ ਮੁਆਫ਼ੀ ਮੰਗੀ

4 ਜੁਲਾਈ 1955 ਦੇ ਦਿਨ ਦਰਬਾਰ ਸਾਹਿਬ ਕੰਪਲੈਕਸ ਵਿਚ ਪੁਲਸ ਭੇਜਣ ਦੇ ਗੁਨਾਹ ਦਾ ਪਛਤਾਵਾ ਕਰਨ ਵਾਸਤੇ **10 ਅਕਤੂਬਰ 1955 ਦੇ ਦਿਨ** ਪੰਜਾਬ ਦੇ ਚੀਫ਼ ਮਨਿਸਟਰ ਭੀਮ ਸੈਨ ਸੱਚਰ ਨੇ ਮੰਜੀ ਸਾਹਿਬ ਪੇਸ਼ ਹੋ ਕੇ ਪੁਲਿਸ ਦੇ ਹਮਲੇ ਦੀ ਮੁਆਫ਼ੀ ਮੰਗੀ (ਉਵ ਉਸ ਦੀ ਇਸ ਕਾਰਵਾਈ ਕਾਰਨ ਫ਼ਿਰਕੂ ਹਿੰਦੂ ਕਾਂਗਰਸੀ ਉਸ ਦੇ ਖ਼ਿਲਾਫ਼ ਹੋ ਗਏ ਤੇ ਉਸ ਦੀ ਚੀਫ਼ ਮਨਿਸਟਰੀ ਖੁਸ ਗਈ)।

1982: ਲੰਡਨ ਵਿਚ 25000 ਸਿੱਖਾਂ ਨੇ 'ਸਿੱਖ ਵਖਰੀ ਕੌਮ' ਦੇ ਹੱਕ ਵਿਚ ਜਲੂਸ ਕੱਢਿਆ

1982 ਵਿਚ ਸਾਊਥਾਲ (ਇੰਗਲੈਂਡ) ਵਿਚ ਇਕ ਸਿੱਖ ਬੱਚੇ ਨੂੰ ਦਸਤਾਰ ਨਾ ਬੰਨ੍ਹਣ ਦੇਣ ਵਾਲੇ ਕੇਸ (ਮੰਡਲਾ ਕੇਸ) ਵਿਚ ਇਕ ਅਦਾਲਤੀ ਫੈਸਲੇ ਦੇ ਖ਼ਿਲਾਫ਼ ਸਿੱਖਾਂ ਨੇ ਲੰਡਨ ਹਾਈਡ ਪਾਰਕ ਤੋਂ 10 ਡਾਊਨਿੰਗ ਸਟਰੀਟ (ਨਿਵਾਸ ਬ੍ਰਿਟਿਸ਼ ਪ੍ਰਾਈਮ ਮਨਿਸਟਰ) ਤਕ ਇਕ ਬਹੁਤ ਵੱਡਾ ਜਲੂਸ ਕੱਢਿਆ ਜਿਸ ਵਿਚ 25000 ਤੋਂ ਵਧ ਸਿੱਖ ਸ਼ਾਮਿਲ ਹੋਏ। ਇਹ ਕੇਸ ਯੂ.ਕੇ. ਰੇਸ ਰਿਲੇਸ਼ਨਜ਼ ਐਕਟ (UK Race Relations Act) ਹੇਠ ਸੀ ਜਿਸ ਵਿਚ ਬਰਤਾਨਵੀ ਅਦਾਲਤ (British Court of Appeal) ਦੇ ਜੱਜ ਲਾਰਡ ਡੈਨਿੰਗ ਨੇ ਫ਼ੈਸਲਾ ਦਿੱਤਾ ਸੀ ਕਿ 'ਸਿੱਖ ਇਕ ਵਖਰਾ ਨਸਲੀ ਗਰੁਪ ਨਹੀਂ ਬਲਕਿ ਵਿਲੱਖਣ ਧਾਰਮਿਕ ਫ਼ਿਰਕਾ ਹਨ' (Sikhs are not a racial group but a distinct religious community)। ਇਸ ਮੌਕੇ 'ਤੇ ਸਿੱਖਾਂ ਨੇ ਬਰਤਾਨਵੀ ਪ੍ਰਾਈਮ ਮਨਿਸਟਰ ਨੂੰ 75000 ਦਸਤਖ਼ਤਾਂ ਵਾਲਾ ਇਕ ਮੈਮੋਰੰਡਮ ਵੀ ਪੇਸ਼ ਕੀਤਾ। ਮਗਰੋਂ ਜੂਨ 1983 ਵਿਚ ਹਾਊਸ ਆਫ਼ ਲਾਰਡਜ਼ ਨੇ ਪਾਸ ਕੀਤਾ ਸੀ ਕਿ 'ਸਿੱਖ ਇਕ ਵੱਖਰੀ ਕੌਮ ਅਤੇ ਇਕ ਨਸਲ ਹਨ।'

1991: ਮਨਜੀਤ ਇੰਦਰ ਸਿੰਘ ਭਾਈ ਰੂਪਾ ਤੇ ਨਰਿੰਦਰ ਸਿੰਘ ਜਲਾਲਪੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ ਦਸ ਅਕਤੂਬਰ 1991 ਦੇ ਦਿਨ ਮਨਜੀਤ ਇੰਦਰ ਸਿੰਘ (ਪੁੱਤਰ ਗੁਰਦੇਵ ਸਿੰਘ, ਵਾਸੀ ਭਾਈ ਰੂਪਾ, ਬਠਿੰਡਾ), ਨਰਿੰਦਰ ਸਿੰਘ (ਪੁੱਤਰ ਮੰਨਾ ਸਿੰਘ, ਵਾਸੀ ਜਲਾਲਪੁਰਾ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਅਮਰਜੀਤ ਸਿੰਘ ਢਿਲਵਾਂ, ਅਵਤਾਰ ਸਿੰਘ ਭੈਣੀ ਗਿੱਲ, ਗੁਰਭੇਜ ਸਿੰਘ ਭੇਜਾ ਗਗੜੇਵਾਲ, ਜਸਵਿੰਦਰ ਸਿੰਘ ਲੱਧੂ ਤੇ 3 ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲਸ ਨੇ ਦਸ ਅਕਤੂਬਰ 1992 ਦੇ ਦਿਨ ਅਮਰਜੀਤ ਸਿੰਘ (ਪੁੱਤਰ ਹਜ਼ਾਰਾ ਸਿੰਘ, ਵਾਸੀ ਢਿਲਵਾਂ, ਸੰਗਰੂਰ), ਅਵਤਾਰ ਸਿੰਘ ਉਰਫ਼ ਰਾਜੂ (ਭੈਣੀ ਗਿੱਲ ਅੰਮ੍ਰਿਤਸਰ ਵਿਚ), ਗੁਰਭੇਜ ਸਿੰਘ ਉਰਫ਼ ਭੇਜਾ (ਪੁੱਤਰ ਮੁਖਤਾਰ ਸਿੰਘ, ਵਾਸੀ ਗਗੜੇਵਾਲ, ਅੰਮ੍ਰਿਤਸਰ), ਜਸਵਿੰਦਰ ਸਿੰਘ (ਲੱਧੂ, ਤਰਨਤਾਰਨ ਵਿਚ) ਤੇ ਤਿੰਨ ਹੋਰ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

11 ਅਕਤੂਬਰ

1711: ਆਲੋਵਾਲ ਵਿਚ ਜ਼ਮੀਨ ਵਿਚ ਜਿਊਂਦੇ ਗੱਡ ਕੇ 40 ਸਿੱਖ ਸ਼ਹੀਦ ਕੀਤੇ

10 ਦਸੰਬਰ 1710 ਦੇ ਦਿਨ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੇ ਹੁਕਮ ਜਾਰੀ ਕੀਤਾ ਸੀ ਕਿ ਜਿੱਥੇ ਵੀ ਕੋਈ ਸਿੱਖ ਨਜ਼ਰ ਆਵੇ ਉਸ ਨੂੰ ਖ਼ਤਮ ਕਰ ਦਿੱਤਾ ਜਾਵੇ ਜਾਂ ਗ੍ਰਿਫ਼ਤਾਰ ਕਰ ਕੇ ਬਾਦਸ਼ਾਹ ਦੇ ਹਜ਼ੂਰ ਭੇਜ ਦਿੱਤਾ ਜਾਵੇ। ਬਾਦਸ਼ਾਹ ਦੇ ਸਿੱਖਾਂ ਨੂੰ ਕਤਲ ਕਰਨ ਦੇ ਫ਼ੁਰਮਾਨ ਨੂੰ ਅਮਲ ਵਿਚ ਲਿਆ ਕੇ ਬਾਦਸ਼ਾਹ ਨੂੰ ਖ਼ੁਸ਼ ਕਰਨ ਵਾਸਤੇ ਵੱਖ-ਵੱਖ ਮੁਗ਼ਲ ਅਫ਼ਸਰ ਸਿੱਖਾਂ ਦੀ ਭਾਲ ਵਿਚ ਆਪਣੀਆਂ ਫ਼ੌਜਾਂ ਭੇਜੀ ਰਖਦੇ ਸਨ। ਸਤੰਬਰ 1711 ਦੇ ਅਖ਼ੀਰ ਅਤੇ ਅਕਤੂਬਰ ਦੇ ਸ਼ੁਰੂ ਵਿਚ, ਮੁਲਤਾਨ ਅਤੇ ਇਸ ਦੇ ਆਲੇ ਦੁਆਲੇ ਵਿਚੋਂ, ਮੁਗ਼ਲ ਹਾਕਮਾਂ ਨੇ 40 ਸਿੱਖ ਗ੍ਰਿਫ਼ਤਾਰ ਕੀਤੇ ਤੇ ਲਾਹੌਰ ਭੇਜ ਦਿੱਤੇ ਗਏ। ਉਦੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਚੜ੍ਹਤ ਤੋਂ ਘਬਰਾਇਆ ਪੰਜਾਬ ਵਿਚ ਹੀ ਡੇਰਾ ਲਾਈ ਬੈਠਾ ਸੀ। ਉਸ ਦਾ ਕੈਂਪ ਪਿੰਡ ਆਲੋਵਾਲ (ਨੇੜੇ ਲਾਹੌਰ ਸ਼ਹਿਰ) ਦੀ ਜੂਹ ਵਿਚ ਸੀ। 11 ਅਕਤੂਬਰ 1711 ਦੇ ਦਿਨ ਇਨ੍ਹਾਂ ਚਾਲ੍ਹੀਆਂ ਨੂੰ ਬਾਦਸ਼ਾਹ ਅੱਗੇ ਪੇਸ਼ ਕੀਤਾ ਗਿਆ। ਬਾਦਸ਼ਾਹ ਨੇ ਹੁਕਮ ਕੀਤਾ ਕਿ ਜੇ ਉਹ ਮੁਸਲਮਾਨ ਬਣਨਾ ਕਬੂਲ ਕਰ ਲੈਣ ਤਾਂ ਉਨ੍ਹਾਂ ਨੂੰ ਛੱਡ ਦਿੱਤਾ ਜਾਵੇ ਨਹੀਂ ਤਾਂ ਮਾਰ ਦਿੱਤਾ ਜਾਵੇ। ਬਾਦਸ਼ਾਹ ਨੂੰ ਦੱਸਿਆ ਗਿਆ ਕਿ ਉਨ੍ਹਾਂ ਵਿੱਚੋਂ ਕਿਸੇ ਨੇ ਵੀ ਮੁਸਲਮਾਨ ਬਣਨਾ ਕਬੂਲ ਨਹੀਂ ਕੀਤਾ। ਇਸ 'ਤੇ ਬਾਦਸ਼ਾਹ ਨੇ ਉਨ੍ਹਾਂ ਨੂੰ ਜਿਊਂਦਿਆਂ ਹੀ ਜ਼ਮੀਨ ਵਿਚ ਦੱਬ ਦੇਣ ਦਾ ਹੁਕਮ ਜਾਰੀ ਕੀਤਾ। ਇਨ੍ਹਾਂ ਨੂੰ ਪਿੰਡ ਆਲੋਵਾਲ, ਜਿੱਥੇ ਬਾਦਸ਼ਾਹ ਨੇ ਆਪਣੀ ਫ਼ੌਜ ਦਾ ਡੇਰਾ ਲੁਆਇਆ ਹੋਇਆ ਸੀ, ਦੀ ਜੂਹ ਵਿਚ ਦਬਾ ਕੇ ਖ਼ਤਮ ਕਰ ਦਿੱਤਾ ਗਿਆ।

ਇਨ੍ਹਾਂ ਸ਼ਹੀਦਾਂ ਵਿਚੋਂ ਹੇਠ ਲਿਖੇ ਕੁਝ ਨਾਂ ਭੱਟ ਵਹੀਆਂ ਵਿਚ ਮਿਲਦੇ ਹਨ: ਸਹਿਜ ਸਿੰਘ ਚੌਹਾਨ, ਡੋਗਰ ਸਿੰਘ, ਹੀਰਾ ਸਿੰਘ, ਦਿਆਲ ਸਿੰਘ, ਕੇਸੋ ਸਿੰਘ ਭੱਟ, ਦੇਸਾ ਸਿੰਘ ਭੱਟ, ਨਰਬੁਦ ਸਿੰਘ ਭੱਟ, ਤਾਰਾ ਸਿੰਘ ਭੱਟ, ਸੇਵਾ ਸਿੰਘ ਭੱਟ, ਦੇਵਾ ਸਿੰਘ ਭੱਟ (ਸਾਰੇ ਛੇ ਭੱਟ-ਬ੍ਰਾਹਮਣ), ਜੇਠਾ ਸਿੰਘ ਚੌਹਾਨ, ਜੇਠਾ ਸਿੰਘ ਪਰਮਾਰ (ਭਰਾ ਭਾਈ ਮਨੀ ਸਿੰਘ), ਹਰੀ ਸਿੰਘ, ਰੂਪ ਸਿੰਘ, ਪ੍ਰਸੰਨ ਸਿੰਘ ਰਾਠੌਰ, ਅਨੂਪ ਸਿੰਘ, ਕੇਹਰ ਸਿੰਘ, ਚੰਨਣ ਸਿੰਘ, ਧਰਮ ਸਿੰਘ ਵਗ਼ੈਰਾ। (ਇਨ੍ਹਾਂ ਸਾਰਿਆਂ ਦੀ ਤਫ਼ਸੀਲ ਵਾਸਤੇ ਵੇਖੋ: ਕਿਤਾਬ ਗੁਰੂ ਦੇ ਸ਼ੇਰ, ਲੇਖਕ ਡਾ: ਹਰਜਿੰਦਰ ਸਿੰਘ ਦਿਲਗੀਰ)

1960: ਬਠਿੰਡਾ ਗੋਲੀ ਕਾਂਡ ਦੇ ਖ਼ਿਲਾਫ਼ ਪੰਜਾਬ ਵਿਚ ਪ੍ਰੋਟੈਸਟ: ਪਟਿਆਲਾ ਕੈਰੋਂ ਸਰਕਾਰ ਨੇ ਗੋਲੀਆਂ ਨਾਲ 2 ਸਿੱਖ ਮਾਰੇ

9 ਅਕਤੂਬਰ 1960 ਦੇ ਦਿਨ ਬਠਿੰਡਾ ਜੇਲ੍ਹ ਵਿਚ ਗੋਲੀਆਂ ਚਲਾ ਕੇ ਸਿੱਖਾਂ ਨੂੰ ਮਾਰੇ ਜਾਣ ਦੇ ਖ਼ਿਲਾਫ਼ ਸਾਰੇ ਪਾਸੇ ਬਹੁਤ ਰੋਸ ਫੈਲਿਆ।ਬਠਿੰਡਾ ਗੋਲੀ ਕਾਂਡ ਦੇ ਖ਼ਿਲਾਫ਼ 11 **ਅਕਤੂਬਰ ਦੇ ਦਿਨ** ਪਟਿਆਲਾ ਵਿਚ ਜਲੂਸ ਕੱਢਿਆ ਗਿਆ। ਇਹ ਜਲੂਸ ਗੁਰਦੁਆਰਾ ਦੂਖ ਨਿਵਾਰਨ ਤੋਂ ਸ਼ੁਰੂ ਹੋਇਆ। ਜਲੂਸ ਅਜੇ ਦੋ ਤਿੰਨ ਸੌ ਗਜ਼ ਅੱਗੇ ਗਿਆ ਸੀ ਕਿ ਪੁਲਿਸ ਨੇ ਸਿੱਖਾਂ ਨੂੰ ਘੇਰ ਕੇ ਲਾਠੀਚਾਰਜ ਕਰਨਾ ਸ਼ੁਰੂ ਕਰ ਦਿੱਤਾ। ਇਸ ਦੇ ਨਾਲ ਹੀ ਪੁਲਿਸ ਨੇ ਗੋਲੀ ਵੀ ਚਲਾਈ। ਇਸ ਨਾਲ ਦੋ ਸਿੱਖ ਬਾਬਾ ਦੀਵਾਨ ਸਿੰਘ ਅਤੇ ਹਰੀ ਸਿੰਘ ਮਾਰੇ ਗਏ। ਇਸ 'ਤੇ ਸਿੱਖਾਂ ਨੇ ਗੁੱਸੇ ਵਿਚ ਆ ਕੇ ਪੁਲਿਸ 'ਤੇ ਪਥਰਾਓ ਕੀਤਾ ਜਿਸ ਨਾਲ ਕੁਝ ਪੁਲਸੀਆਂ ਨੂੰ ਮਾਮੂਲੀ ਜਿਹੀਆਂ ਸੱਟਾਂ ਲੱਗੀਆਂ। ਪੰਜਾਬ ਦੇ ਜ਼ਾਲਮ ਚੀਫ਼ ਮਨਿਸਟਰ ਪ੍ਰਤਾਪ ਸਿੰਘ ਕੈਰੋਂ ਨੇ ਅੱਧੀ ਰਾਤ ਨੂੰ ਸਿੱਖਾਂ ਦੇ ਕਾਤਿਲ ਪੁਲਸੀਆਂ ਨੂੰ ਇਕ-ਇਕ ਸਾਲ ਦੀ ਤਨਖ਼ਾਹ ਈਨਾਮ ਵਜੋਂ ਦੇਣ ਦਾ ਐਲਾਨ ਕੀਤਾ। 11 ਅਕਤੂਬਰ ਨੂੰ ਅੰਮ੍ਰਿਤਸਰ ਵਿਚ ਵੀ ਇਕ ਬੜਾ ਵੱਡਾ ਜਲੂਸ ਨਿਕਲਿਆ। ਇਸ ਜਲੂਸ ਵਿਚ ਹਜ਼ਾਰਾਂ ਸਿੱਖ ਸ਼ਾਮਿਲ ਹੋਏ। ਇਸ ਦੀ ਅਗਵਾਈ ਜਥੇਦਾਰ

ਮੋਹਨ ਸਿੰਘ ਤੂੜ ਨੇ ਕੀਤੀ। ਇਸ ਜਲੂਸ ਵਿਚ ਹਜ਼ਾਰਾਂ ਔਰਤਾਂ ਵੀ ਸ਼ਾਮਿਲ ਸਨ। ਜਲੂਸ ਵਿਚ ਸਿੱਖ ਕੈਰੋਂ ਸਰਕਾਰ ਦੇ ਖ਼ਿਲਾਫ਼ ਨਾਅਰੇ ਲਾ ਰਹੇ ਸਨ। ਜਲੂਸ ਸਾਰੇ ਸ਼ਹਿਰ ਦਾ ਚੱਕਰ ਲਾ ਕੇ ਵਾਪਸ ਦਰਬਾਰ ਸਾਹਿਬ ਪਹੁੰਚ ਗਿਆ। ਪੁਲਿਸ ਨੇ ਜਲੂਸ ਵਿਚੋਂ ਜਥੇਦਾਰ ਮੋਹਨ ਸਿੰਘ ਤੂੜ ਜਾਂ ਹੋਰ ਕਿਸੇ ਨੂੰ ਵੀ ਗ੍ਰਿਫ਼ਤਾਰ ਨਹੀਂ ਕੀਤਾ।

1982: ਦਿੱਲੀ ਵਿਚ ਪੁਲਸ ਨੇ ਗੋਲੀ ਚਲਾ ਕੇ 4 ਸਿੱਖ ਮਾਰੇ

ਅਕਾਲੀ ਦਲ ਦੇ ਧਰਮਯੁੱਧ ਮੋਰਚੇ ਵਿਚ ਗ੍ਰਿਫ਼ਤਾਰ ਅਕਾਲੀਆਂ ਦਾ ਇਕ ਵੱਡਾ ਜੱਥਾ 10 ਸਤੰਬਰ ਨੂੰ ਬੱਸਾਂ ਰਾਹੀਂ ਅੰਮ੍ਰਿਤਸਰ ਸਾਹਿਬ ਤੋਂ ਲਿਜਾਇਆ ਜਾ ਰਿਹਾ ਸੀ। ਤਰਨਤਾਰਨ ਕੋਲ ਪੁਲਸੀਆਂ ਨੇ ਰੇਲਵੇ ਲਾਈਨ ਤੋਂ (ਜਿੱਥੇ ਫਾਟਕ ਨਹੀਂ ਸੀ) ਜਬਰਸਤੀ ਬੱਸਾਂ ਲੰਘਾਉਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਵਿਚੋਂ ਇਕ ਬੱਸ ਦੀ ਟੱਕਰ ਗੱਡੀ ਨਾਲ ਹੋ ਗਈ ਤੇ 34 ਸਿੱਖ ਮਾਰੇ ਗਏ। ਅਕਾਲੀ ਪਾਰਟੀ ਨੇ ਇਨ੍ਹਾਂ ਮੌਤਾਂ ਨੂੰ ਇੱਕ ਸਾਜ਼ਿਸ਼ ਆਖਿਆ ਤੇ ਇਨ੍ਹਾਂ ਨੂੰ ਦਰਬਾਰਾ ਸਿੰਘ ਅਤੇ ਉਸ ਦੇ ਹੁਕਮ ਨਾਲ ਕੀਤੇ ਗਏ ਕਤਲ ਗਰਦਾਨਿਆ। ਰੇਲ ਹਾਦਸੇ ਵਿਚ ਮਾਰੇ ਗਏ ਇਨ੍ਹਾਂ 34 ਸਿੱਖਾਂ ਦੇ ਅੰਗੀਠੇ (ਅਸਥੀਆਂ) ਦਾ ਜਲੂਸ **11 ਅਕਤੂਬਰ 1982 ਦੇ ਦਿਨ** ਦਿੱਲੀ ਪੁੱਜਾ। ਪਾਰਲੀਮੈਂਟ ਕੋਲ ਸਿੱਖਾਂ ਤੇ ਪੁਲੀਸ ਵਿਚ ਝੜਪ ਹੋ ਗਈ। ਇਸ ਮੌਕੇ 'ਤੇ ਪੁਲੀਸ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਜੰਗ ਸਿੰਘ ਤੇ ਤਿੰਨ ਹੋਰ ਸਿੱਖਾਂ ਨੂੰ ਮਾਰ ਕਰ ਦਿੱਤਾ। ਮਗਰੋਂ ਭੜਕੇ ਸਿੱਖਾਂ ਵੀ ਤਸ਼ੱਦਦ ਦਾ ਜਵਾਬ ਦਿੱਤਾ।

1986: ਬਲਵਿੰਦਰ ਸਿੰਘ ਠੇਠਰਕੇ ਨਕਲੀ ਮੁਕਾਬਲੇ ਵਿਚ ਸ਼ਹੀਦ

ਅਕਤੂਬਰ 1986 ਵਿਚ ਬਰਨਾਲਾ ਸਰਕਾਰ ਨੇ ਇਕ ਦਰਜਨ ਤੋਂ ਵਧ ਸਿੱਖਾਂ ਨੂੰ ਨਕਲੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ ਕੀਤਾ। ਇਸ ਮੁਹਿੰਮ ਹੇਠ 11 ਅਕਤੂਬਰ 1986 ਦੇ ਦਿਨ ਪੁਲਸ ਨੇ ਬਲਵਿੰਦਰ ਸਿੰਘ (ਪੁੱਤਰ ਬਾਵਾ ਸਿੰਘ, ਵਾਸੀ ਠੇਠਰਕੇ, ਜ਼ਿਲ੍ਹਾ ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕੀਤਾ।

1988: ਜਸਬੀਰ ਸਿੰਘ ਰੋਡੇ ਅਤੇ ਸਰਕਾਰ ਦੀਆਂ ਖ਼ੁਫ਼ੀਆ ਸਾਜ਼ਸ਼ਾਂ ਦੇ ਖ਼ਿਲਾਫ਼ ਪ੍ਰੋਟੈਸਟ ਵਜੋਂ ਚਮਨ ਲਾਲ ਆਈ. ਜੀ. ਨੇ ਅਸਤੀਫ਼ਾ ਦਿੱਤਾ

ਭਾਰਤ ਸਰਕਾਰ ਵੱਲੋਂ ਜਸਬੀਰ ਸਿੰਘ ਰੋਡੇ ਨੂੰ ਖਰੀਦਣ ਮਗਰੋਂ ਅਪ੍ਰੈਲ 1988 ਵਿਚ ਦਰਬਾਰ ਸਾਹਿਬ 'ਤੇ ਹਮਲਾ ਕਰਨ, ਫਿਰ ਉਸ ਦੀ ਬਰਖਾਸਤਗੀ ਮਗਰੋਂ ਜੇਲ੍ਹ ਵਿਚ ਉਸ ਦੀ ਪ੍ਰੈਸ ਕਾਨਫ਼ਰੰਸ ਕਰਵਾਉਣ ਅਤੇ ਅਜਿਹੀਆਂ ਹੋਰ ਬਹੁਤ ਸਾਰੀਆਂ ਸਾਜ਼ਿਸ਼ਾਂ ਦੇ ਖ਼ਿਲਾਫ਼ ਪ੍ਰੋਟੈਸਟ ਵਜੋਂ ਬੀ.ਐਸ.ਐਫ਼. ਦੇ ਆਈ. ਜੀ. ਚਮਨ ਲਾਲ ਨੇ 11 ਅਕਤੂਬਰ 1988 ਦੇ ਦਿਨ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ।

1989: ਪਰਗਟ ਸਿੰਘ ਵਰਨੱਲੀ ਤੇ ਸਤਨਾਮ ਸਿੰਘ ਵੈਰੋਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

11 ਅਕਤੂਬਰ 1989 ਦੇ ਦਿਨ ਪੰਜਾਬ ਪੁਲਸ ਨੇ ਪਰਗਟ ਸਿੰਘ ਉਰਫ਼ ਡੌਜੀ (ਪੁੱਤਰ ਦਲੀਪ ਸਿੰਘ, ਵਾਸੀ ਵਰਨੱਲੀ), ਸਤਨਾਮ ਸਿੰਘ (ਪੁੱਤਰ ਕਰਨ ਸਿੰਘ ਬਾਬਾ, ਵਾਸੀ ਵੈਰੋਵਾਲ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਜਸਵਿੰਦਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 11 ਅਕਤੂਬਰ 1992 ਦੇ ਦਿਨ ਜਸਵਿੰਦਰ ਸਿੰਘ ਉਰਫ਼ ਸ਼ਹੀਦ (ਪੁੱਤਰ ਮੰਗਲ ਸਿੰਘ, ਵਾਸੀ ਸਿੰਘਪੁਰਾ) ਨੂੰ (ਦੋ ਸੌ ਕਤਲਾਂ ਦਾ ਜ਼ਿੰਮੇਦਾਰ ਗਰਦਾਨ ਕੇ) ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

12 ਅਕਤੂਬਰ

1664: ਗੁਰੂ ਤੇਗ ਬਹਾਦਰ ਸਾਹਿਬ ਕੀਰਤਪੁਰ ਪੁੱਜੇ

ਬਾਬਾ ਗੁਰਦਿੱਤਾ ਦੀ ਪਤਨੀ, ਗੁਰੂ ਹਰਿਰਾਇ ਸਾਹਿਬ ਜੀ ਦੀ ਮਾਤਾ, ਗੁਰੂ ਹਰਿ ਕ੍ਰਿਸ਼ਨ ਜੀ ਦੀ ਦਾਦੀ ਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਭਰਜਾਈ, ਮਾਤਾ ਬਸੀ ਉਨੱਤੀ ਸਤੰਬਰ 1664 ਦੇ ਦਿਨ ਕੀਰਤਪੁਰ ਵਿਚ ਚੜ੍ਹਾਈ ਕਰ ਗਈ ਸੀ। ਉਸ ਸਬੰਧ ਵਿਚ ਰੱਖੇ ਪਾਠ ਦੀ ਅਰਦਾਸਿ ਚੌਦਾਂ ਅਕਤੂਬਰ 1664 ਦੇ ਦਿਨ ਹੋਣੀ ਸੀ। ਇਤਲਾਹ ਮਿਲਦਿਆਂ ਹੀ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਨਾਲ ਭਾਈ ਮੱਖਣ ਸ਼ਾਹ ਲੁਬਾਣਾ, ਦੀਵਾਨ ਦਰਗਹ ਮੱਲ ਅਤੇ ਕੁਝ ਹੋਰ ਦਰਬਾਰੀ ਸਿੱਖ ਅਰਦਾਸ ਵਿਚ ਸ਼ਾਮਿਲ ਹੋਣ ਵਾਸਤੇ ਬਾਰ੍ਹਾਂ ਅਕਤੂਬਰ 1664 ਦੇ ਦਿਨ ਕੀਰਤਪੁਰ ਪੁੱਜੇ ਤੇ ਤਿੰਨ ਦਿਨ ਉੱਥੇ ਰਹੇ।

1700: ਨਿਰਮੋਹਗੜ੍ਹ 'ਤੇ ਬਿਲਾਸਪੁਰੀ ਫ਼ੌਜਾਂ ਦਾ ਦੂਜਾ ਹਮਲਾ

8 ਅਕਤੂਬਰ 1700 ਦੇ ਦਿਨ ਅਜਮੇਰ ਚੰਦ ਦੀ ਫ਼ੌਜ ਨੇ ਨਿਰਮੋਹਗੜ੍ਹ ਵਿਚ ਗੁਰੂ ਸਾਹਿਬ 'ਤੇ ਹਮਲਾ ਬੋਲ ਦਿੱਤਾ। ਸਵਾ ਪਹਿਰ (ਤਕਰੀਬਨ ਚਾਰ ਘੰਟੇ) ਦੋਹਾਂ ਪਾਸਿਆਂ ਤੋਂ ਘਮਸਾਣ ਦੀ ਲੜਾਈ ਹੋਈ। ਅਜਮੇਰ ਚੰਦ ਦੀ ਫ਼ੌਜ ਕੋਲ ਗੋਲਾ ਬਰੂਦ ਕਾਫ਼ੀ ਸੀ ਤੇ ਉਸ ਦੀ ਫ਼ੌਜ ਦੀ ਗਿਣਤੀ ਵੀ ਬਹੁਤ ਸੀ। ਗੁਰੂ ਸਾਹਿਬ ਕੋਲ ਗਿਣਵੇਂ ਚੁਣਵੇਂ ਸਿੱਖ ਹੀ ਸਨ। ਇਸ ਦੇ ਬਾਵਜੂਦ ਸਿੱਖ ਸੀਸ ਤਲੀ 'ਤੇ ਰੱਖ ਕੇ ਲੜੇ। *(ਇੱਥੋਂ ਹੀ ਮੁਹਾਵਰਾ 'ਸੀਸ ਤਲੀ 'ਤੇ ਰੱਖ ਕੇ ਲੜਨਾ' ਸ਼ੁਰੂ ਹੋ ਗਿਆ ਸੀ, ਦਰਅਸਲ 'ਸੀਸ ਤਲੀ 'ਤੇ ਰੱਖਣ ਦਾ ਮਤਲਬ ਹੈ: ਜਾਨ ਦੀ ਪਰਵਾਹ ਕੀਤੇ ਬਿਨਾਂ ਲੜਨਾ।' ਮਗਰੋਂ ਕਿਸੇ ਕਲਾਕਾਰ ਨੇ ਬਾਬਾ ਦੀਪ ਸਿੰਘ ਦੀ ਇਕ ਖ਼ਿਆਲੀ ਤਸਵੀਰ ਬਣਾਈ ਜਿਸ ਵਿਚ ਉਸ ਨੇ ਉਨ੍ਹਾਂ ਦਾ ਕੱਟਿਆ ਹੋਇਆ ਸਿਰ ਉਨ੍ਹਾਂ ਦੀ ਤਲੀ 'ਤੇ ਰੱਖਿਆ ਹੋਇਆ ਦਿਖਾਇਆ ਸੀ)*। ਨਿਰਮੋਹਗੜ੍ਹ 'ਚ ਬੁਰੀ ਤਰ੍ਹਾਂ ਹਾਰ ਖਾਣ ਮਗਰੋਂ ਅਜਮੇਰ ਚੰਦ ਨੇ ਸਰਹੰਦ ਦੇ ਸੂਬੇਦਾਰ ਨੂੰ ਗੁਰੂ ਸਾਹਿਬ ਦੇ ਖ਼ਿਲਾਫ਼ ਵਰਤਣ ਦੀ ਤਰਕੀਬ ਬਣਾਈ। ਉਸ ਨੇ ਆਪਣੇ ਵਜ਼ੀਰ ਪੰਡਿਤ ਪਰਮਾਨੰਦ ਨੂੰ ਭੇਜਿਆ। ਉਸ ਨੇ ਸਰਹੰਦ ਦੇ ਸੂਬੇਦਾਰ ਨੂੰ ਖ਼ਬਰ ਦਿੱਤੀ ਕਿ ਇਸ ਵਕਤ ਗੁਰੂ ਗੋਬਿੰਦ ਸਿੰਘ ਇਕ ਪਹਾੜੀ 'ਤੇ ਤੰਬੂ ਗੱਡ ਕੇ ਬੈਠੇ ਹਨ ਤੇ ਉਹ ਵੀ ਥੋੜ੍ਹੇ ਜਿਹੇ ਸਿੱਖਾਂ ਨਾਲ। ਇਸ ਹਾਲਾਤ ਵਿਚ ਉਨ੍ਹਾਂ 'ਤੇ ਹਮਲਾ ਕਰ ਕੇ ਉਨ੍ਹਾਂ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਵਜ਼ੀਰ ਨੇ ਅਜਮੇਰ ਚੰਦ ਵੱਲੋਂ ਭੇਜੀ ਕੁਝ ਰਕਮ ਵੀ ਸੂਬੇਦਾਰ ਨੂੰ ਭੇਟ ਕੀਤੀ। ਇਸ 'ਤੇ ਸੂਬਾ ਸਰਹੰਦ ਨੇ ਆਪਣੇ ਇਕ ਜਰਨੈਲ ਰੁਸਤਮ ਖ਼ਾਨ ਨੂੰ ਫ਼ੌਜ ਦੇ ਕੇ ਨਿਰਮੋਹਗੜ੍ਹ ਵੱਲ ਜਾਣ ਵਾਸਤੇ ਆਖ ਦਿੱਤਾ। ਉਧਰ ਜਦੋਂ ਭਾਈ ਚਿਤਰ ਸਿੰਘ ਤੇ ਭਾਈ ਬਚਿਤਰ ਸਿੰਘ (ਦੋਵੇਂ ਸਪੁੱਤਰ ਭਾਈ ਮਨੀ ਸਿੰਘ) ਨੂੰ ਪਤਾ ਲੱਗਾ ਕਿ ਰੁਸਤਮ ਖ਼ਾਨ ਨਿਰਮੋਹਗੜ੍ਹ ਵੱਲ ਚੜ੍ਹਾਈ ਕਰਨ ਟੁਰ ਪਿਆ ਹੈ ਤਾਂ ਉਨ੍ਹਾਂ ਨੇ ਤਲਵਾਰ ਦੀ ਮੁੱਠ 'ਤੇ ਹੱਥ ਰੱਖ ਕੇ ਐਲਾਨ ਕੀਤਾ ਕਿ ਉਹ ਮੂਹਰੇ ਜਾ ਕੇ ਉਸ ਪਠਾਣ ਜਰਨੈਲ ਨਾਲ ਆਹਮੇ-ਸਾਹਮਣੇ ਹੋ ਕੇ ਹੱਥੋ-ਹੱਥ ਲੜਾਈ ਕਰਨਗੇ। **12 ਅਕਤੂਬਰ 1700 ਦੇ ਦਿਨ** (ਕਈ ਥਾਂਈਂ ਇਹ ਤਾਰੀਖ਼ 13 ਅਕਤੂਬਰ ਲਿਖੀ ਵੀ ਮਿਲਦੀ ਹੈ) ਰੁਸਤਮ ਖ਼ਾਨ ਤੇ ਉਸ ਦਾ ਭਰਾ ਨਾਸਰ ਖ਼ਾਨ ਅਲੀ ਨੇ ਫ਼ੌਜਾਂ ਨੂੰ ਚਾੜ੍ਹ ਲਿਆਂਦਾ। ਉਨ੍ਹਾਂ ਨੇ ਆਉਂਦਿਆਂ ਹੀ ਨਿਰਮੋਹਗੜ੍ਹ ਦੀ ਟਿੱਬੀ ਤੋਂ ਥੋੜੀ ਦੂਰ

ਇਕ ਹੋਰ ਟਿੱਬੀ (ਸਿਆਹੀ ਟਿੱਬੀ) 'ਤੇ ਮੋਰਚੇ ਕਾਇਮ ਕਰ ਲਏ। ਪਹਿਲੇ ਐਕਸ਼ਨ ਵਜੋਂ ਨਾਸਰ ਖ਼ਾਨ ਨੇ ਗੁਰੂ ਜੀ ਵੱਲ ਤੋਪ ਦਾ ਗੋਲਾ ਮਾਰਿਆ। ਉਸ ਗੋਲੇ ਨਾਲ ਗੁਰੂ ਜੀ ਦਾ ਚੌਰ-ਬਰਦਾਰ ਭਾਈ ਰਾਮ ਸਿੰਘ ਕਸ਼ਮੀਰੀ ਸ਼ਹੀਦੀ ਪਾ ਗਿਆ। ਗੁਰੂ ਸਾਹਿਬ ਨੇ ਉਸੇ ਵੇਲੇ ਸ਼ਿਸਤ ਬੰਨ੍ਹ ਕੇ ਐਸਾ ਤੀਰ ਮਾਰਿਆ ਕਿ ਰੁਸਤਮ ਖ਼ਾਨ ਥਾਂਏਂ ਹੀ ਮਰ ਗਿਆ। ਇਸੇ ਮਗਰੋਂ ਭਾਈ ਉਦੈ ਸਿੰਘ ਦੇ ਤੀਰ ਨਾਲ ਨਾਸਰ ਖ਼ਾਨ ਵੀ ਮਾਰਿਆ ਗਿਆ। ਦੋਹਾਂ ਭਰਾਵਾਂ ਦੇ ਮਰਨ ਮਗਰੋਂ ਵੀ ਮੁਗ਼ਲ ਫ਼ੌਜਾਂ ਪਿੱਛੇ ਨਾ ਹਟੀਆਂ ਤੇ ਆਹਮੋ-ਸਾਹਮਣੀ ਲੜਾਈ ਹੋਈ। ਸ਼ਾਮ ਤਕ ਜ਼ਬਰਦਸਤ ਜੰਗ ਹੁੰਦੀ ਰਹੀ। ਅਖ਼ੀਰ ਹੰਭ ਕੇ ਮੁਗ਼ਲ ਫ਼ੌਜਾਂ ਨੂੰ ਵਾਪਿਸ ਮੁੜ ਗਈਆਂ। ਇਸ ਲੜਾਈ ਵਿਚ ਭਾਈ ਰਾਮ ਸਿੰਘ, ਭਾਈ ਹਿੰਮਤ ਸਿੰਘ ਤੇ ਭਾਈ ਮੋਹਰ ਸਿੰਘ ਤੇ ਕਈ ਹੋਰ ਸਿੱਖ ਸ਼ਹੀਦੀਆਂ ਪਾ ਗਏ।

1920: ਅਕਾਲ ਤਖ਼ਤ ਸਾਹਿਬ 'ਤੇ ਸਿੱਖਾਂ ਦਾ ਕਬਜ਼ਾ ਹੋ ਗਿਆ; ਅਕਾਲ ਤਖ਼ਤ ਦੇ ਅਖੌਤੀ ਜਥੇਦਾਰ ਦੇ ਅਹੁਦੇ ਦਾ ਸੱਚੇ-ਸੱਚ

1920 ਤਕ ਦਰਬਾਰ ਸਾਹਿਬ ਦੇ ਪੁਜਾਰੀ ਅਖੌਤੀ-ਪਛੜੀਆਂ ਜ਼ਾਤਾਂ ਦੇ ਸਿੱਖਾਂ ਦਾ ਪ੍ਰਸ਼ਾਦ ਕਬੂਲ ਨਹੀਂ ਕਰਦੇ ਸਨ। ਜਲ੍ਹਿਆਂ ਵਾਲਾ ਬਾਗ਼ ਵਿਚ 11 ਅਕਤੂਬਰ ਰਾਤ ਵੇਲੇ ਮਤਾ ਪਾਸ ਹੋਇਆ ਕਿ ਅਗਲੀ ਸਵੇਰ ਨੂੰ ਅਖੌਤੀ-ਪਛੜੀਆਂ ਜ਼ਾਤਾਂ ਦੇ ਸਿੱਖ ਪ੍ਰਸ਼ਾਦ ਲੈ ਕੇ ਦਰਬਾਰ ਸਾਹਿਬ ਜਾਣ। ਉਨ੍ਹਾਂ ਦੇ ਨਾਲ ਕਈ ਸਿੱਖ ਆਗੂ ਜਾਣ ਵਾਸਤੇ ਤਿਆਰ ਹੋ ਗਏ। ਅਗਲੇ ਦਿਨ ਅਖੌਤੀ-ਪਛੜੀਆਂ ਜ਼ਾਤਾਂ ਦੇ ਕਈ ਸਿੰਘਾਂ ਨੇ ਖੰਡੇ ਦੀ ਪਾਹੁਲ ਲਈ (ਅੰਮ੍ਰਿਤ ਛਕਿਆ)। ਦੀਵਾਨ ਦੇ ਖ਼ਤਮ ਹੋਣ ਤੋਂ ਬਾਅਦ ਇਹ ਸਾਰੇ ਸਿੱਖ ਇਕੱਠੇ ਹੋ ਕੇ ਸੁੰਦਰ ਸਿੰਘ ਮਜੀਠੀਆ ਦੀ ਅਗਵਾਈ ਵਿਚ ਦਰਬਾਰ ਸਾਹਿਬ ਗਏ। ਜਿਹਾ ਕਿ ਉਮੀਦ ਸੀ ਪੁਜਾਰੀਆਂ ਨੇ ਪ੍ਰਸ਼ਾਦ ਕਬੂਲ ਨਾ ਕੀਤਾ। ਪ੍ਰੋ: ਹਰਕਿਸ਼ਨ ਸਿੰਘ ਬਾਵਾ ਨੇ ਗਲ ਵਿਚ ਪੱਲਾ ਪਾ ਕੇ ਤਿੰਨ ਵਾਰ ਪੁਜਾਰੀਆਂ ਨੂੰ ਅਰਜ਼ ਕੀਤੀ ਕਿ ਉਹ ਪ੍ਰਸ਼ਾਦ ਕਬੂਲ ਕਰ ਲੈਣ। ਪਰ ਪੁਜਾਰੀਆ ਨੇ ''ਨੰਨਾ'' ਹੀ ਫੜੀ ਰੱਖਿਆ। ਏਨੇ ਚਿਰ ਵਿਚ ਜਥੇਦਾਰ ਕਰਤਾਰ ਸਿੰਘ ਝੱਬਰ ਅਤੇ ਜਥੇਦਾਰ ਤੇਜਾ ਸਿੰਘ ਭੁੱਚਰ ਵੀ ਪੁੱਜ ਗਏ। ਹੁਣ ਸੰਗਤਾਂ ਦੀ ਗਿਣਤੀ ਬਹੁਤ ਹੋ ਚੁੱਕੀ ਸੀ। ਅਖ਼ੀਰ ਫੈਸਲਾ ਹੋਇਆ ਕਿ ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ ਜਾਏ। ਗੁਰੂ ਗ੍ਰੰਥ ਸਾਹਿਬ ਦਾ ਹੁਕਮ ਸੀ :*ਨਿਰਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ।। ਸਤਿਗੁਰ ਕੀ ਸੇਵਾ ਉਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ।।...* ਗੁਰੂ ਗ੍ਰੰਥ ਸਾਹਿਬ ਦਾ ਹੁਕਮ ਸੁਣ ਕੇ ਸੰਗਤਾਂ ਵਿਸਮਾਦ ਵਿਚ ਆ ਗਈਆਂ। ਅਖ਼ੀਰ ਪੁਜਾਰੀਆਂ ਨੂੰ ਅਰਦਾਸ ਕਰਨੀ ਪਈ ਤੇ ਪ੍ਰਸ਼ਾਦ ਵਰਤਾਇਆ ਗਿਆ। (ਤਫ਼ਸੀਲ ਵਾਸਤੇ ਵੇਖੋ ਹਰਜਿੰਦਰ ਸਿੰਘ ਦਿਲਗੀਰ ਲਿਖਤ ਕਿਤਾਬ *ਸਿੱਖ ਤਵਾਰੀਖ਼)*। ਇਸ ਤੋਂ ਬਾਅਦ ਸੰਗਤਾਂ ਅਕਾਲ ਤਖ਼ਤ ਸਾਹਿਬ ਵਲ ਗਈਆਂ। ਸੰਗਤਾਂ ਨੂੰ ਆਉਂਦਿਆਂ ਵੇਖ ਕੇ ਪੁਜਾਰੀ ਤਖ਼ਤ ਸਾਹਿਬ ਨੂੰ ਸੁੰਞਾ ਛੱਡ ਕੇ ਚਲੇ ਗਏ। ਉਨ੍ਹਾਂ ਦੇ ਜਾਣ ਮਗਰੋਂ ਸੰਗਤਾਂ ਨੇ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ। ਅਕਾਲ ਤਖ਼ਤ ਸਾਹਿਬ 'ਤੇ ਸਿੱਖ ਆਗੂਆਂ ਦੇ ਲੈਕਚਰ ਹੋਏ। ਬਾਅਦ ਵਿਚ ਹਾਜ਼ਰ ਸੰਗਤਾਂ ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਵਾਸਤੇ 25 ਸਿੰਘਾਂ ਦੀ ਇਕ ਜਥਾ ਬਨਾਉਣ ਦਾ ਫ਼ੈਸਲਾ ਕੀਤਾ। 17 ਮੈਂਬਰਾਂ ਨੇ ਉਸੇ ਵੇਲੇ ਆਪਣੇ ਆਪ ਨੂੰ ਸੇਵਾ ਵਾਸਤੇ ਪੇਸ਼ ਕੀਤਾ। (ਇਸ 'ਜਥੇ ਦੇ ਜਥੇਦਾ'ਰ ਤੇਜਾ ਸਿੰਘ ਭੁੱਚਰ ਬਣਾਏ ਗਏ)। ਇਸ ਜਥੇ ਦੀ ਡਿਊਟੀ ਅਕਾਲ ਤਖ਼ਤ ਸਾਹਿਬ 'ਤੇ ਪਹਿਰਾ ਦੇਣਾ ਤੇ ਸੇਵਾ-ਸੰਭਾਲ ਕਰਨਾ ਸੀ। *ਮਗਰੋਂ ਅਕਾਲ ਤਖ਼ਤ ਸਾਹਿਬ ਦੇ ਅਖੌਤੀ ''ਜਥੇਦਾਰ'' ਦਾ ਇਕ ਨਵਾਂ ਅਹੁਦਾ ਖੜਾ ਹੋ ਗਿਆ। ਇਸ ਤੋਂ ਪਹਿਲਾਂ ਸਿੱਖ ਤਵਾਰੀਖ਼ ਅਤੇ ਸਿੱਖ ਫ਼ਲਸਫ਼ੇ ਵਿਚ ''ਜਥੇਦਾਰ'' ਦੇ ਅਹੁਦੇ ਦਾ ਕੋਈ ਵਜੂਦ ਨਹੀਂ ਸੀ।* ਉਂਞ ਭਾਈ ਤੇਜਾ ਸਿੰਘ ਦੇ ਜਥੇ ਨੇ ਦੋ

ਮਹੀਨੇ ਬਾਅਦ ਛੁੱਟੀਆਂ ਮੰਗ ਲਈਆਂ ਸਨ ਤੇ ਕਿਹਾ ਸੀ "ਹੁਣ ਸਾਨੂੰ ਦੋ ਮਹੀਨੇ ਸੇਵਾ ਕਰਦੇ ਨੂੰ ਹੋ ਗਏ ਹਨ। ਸਾਨੂੰ ਛੁੱਟੀਆਂ ਬਖ਼ਸ਼ੋ।" ਇਸ 'ਤੇ ਉਨ੍ਹਾਂ ਦੀ ਥਾਂ ਦੀਦਾਰ ਸਿੰਘ (ਵਾਸੀ ਮੱਟੂ ਭਾਈਕੇ) ਤੇ ਉਨ੍ਹਾਂ ਦੇ ਜਥੇ ਨੂੰ ਇਹ ਸੇਵਾ ਸੌਂਪੀ ਗਈ ਸੀ। ਅਕਾਲ ਤਖ਼ਤ ਸਾਹਿਬ ਦੇ ਅਖੌਤੀ ਜਥੇਦਾਰ ਦੇ ਨਵੇਂ ਖੜ੍ਹੇ ਕੀਤੇ ਅਹੁਦੇ ਬਾਰੇ ਵਧੇਰੀ ਜਾਣਕਾਰੀ ਵਾਸਤੇ ਪੜ੍ਹੋ: ਹਰਜਿੰਦਰ ਸਿੰਘ ਦਿਲਗੀਰ ਲਿਖਤ ਕਿਤਾਬ *ਸਿੱਖ ਤਵਾਰੀਖ਼ ਵਿਚ ਅਕਾਲ ਤਖ਼ਤ ਸਾਹਿਬ ਦਾ ਰੋਲ।*

1923: ਸ਼੍ਰੋਮਣੀ ਗੁਰ: ਪ੍ਰ: ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਗ਼ੈਰ ਕਾਨੂੰਨੀ ਕਰਾਰ ਦਿੱਤੇ ਗਏ

ਅਕਾਲੀ ਲਹਿਰ ਵੇਲੇ ਸਿੱਖ ਆਗੂਆਂ ਦੀ ਕਾਂਗਰਸ ਨਾਲ ਨੇੜਤਾ, ਨਾਮਿਲਵਰਤਣ ਦਾ ਫ਼ੈਸਲਾ, ਆਜ਼ਾਦੀ ਤੇ ਖ਼ੁਦਮੁਖ਼ਤਿਆਰੀ ਦੇ ਫੋਕੇ ਨਾਅਰੇ ਅਤੇ ਹੋਰ ਸਿਆਸੀ ਰੋਲ ਕਰ ਕੇ ਅੰਗਰੇਜ਼ ਸਰਕਾਰ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨਾਲ ਚੋਖੀ ਖ਼ਫ਼ਾ ਸੀ ਪਰ ਜਦੋਂ ਸਿੱਖ ਆਗੂਆਂ ਨੇ ਨਾਭੇ ਦੇ ਰਾਜੇ ਦੀ ਬਹਾਲੀ ਦਾ ਸਵਾਲ ਉਠਾਇਆ ਤਾਂ ਸਰਕਾਰ ਨੇ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੂੰ ਗ਼ੈਰ-ਕਾਨੂੰਨੀ ਐਲਾਨ ਕਰਾਰ ਦੇ ਦਿੱਤਾ। **12 ਅਕਤੂਬਰ 1923 ਦੇ ਦਿਨ,** 23772-73 ਨੰਬਰ ਚਿੱਠੀ ਜਾਰੀ ਕਰ ਕੇ, ਸਰਕਾਰ ਨੇ (ਸ਼੍ਰੋਮਣੀ) ਅਕਾਲੀ ਦਲ ਤੇ ਅਕਾਲੀ ਜਥੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਲੋਕਲ ਗੁਰਦੁਆਰਾ ਕਮੇਟੀਆਂ ਨੂੰ ਗ਼ੈਰ-ਕਾਨੂੰਨੀ ਕਰਾਰ ਦੇਣ ਦੇ ਨਾਲ ਹੀ ਉਸ ਰਾਤ ਅਤੇ ਅਗਲੇ ਦਿਨ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਦਫ਼ਾਵਾਂ 120 ਬੀ, 121 ਏ, 124 ਏ, 17 ਏ, ਅਤੇ 17 ਬੀ ਹੇਠ ਗ੍ਰਿਫ਼ਤਾਰ ਕਰ ਲਿਆ। ਪਹਿਲੇ ਦਿਨ 59 ਆਗੂ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਵਿਚ ਹੇਠ ਲਿਖੇ ਆਗੂ ਵੀ ਸ਼ਾਮਿਲ ਸਨ: ਤੇਜਾ ਸਿਘ ਸਮੁੰਦਰੀ, ਮਾਸਟਰ ਤਾਰਾ ਸਿੰਘ, ਸ:ਬ: ਮਹਿਤਾਬ ਸਿੰਘ, ਤੇਜਾ ਸਿੰਘ ਅਕਰਪੁਰੀ, ਭਗਤ ਜਸਵੰਤ ਸਿੰਘ, ਬਾਵਾ ਹਰਕਿਸ਼ਨ ਸਿੰਘ, ਗਿਆਨੀ ਸ਼ੇਰ ਸਿੰਘ, ਭਾਗ ਸਿੰਘ ਵਕੀਲ, ਹਰੀ ਸਿੰਘ ਜਲੰਧਰੀ, ਪ੍ਰੋ: ਤੇਜਾ ਸਿਘ, ਪ੍ਰੋ: ਨਿਰੰਜਨ ਸਿੰਘ, ਸਰਮੁਖ ਸਿੰਘ ਝਬਾਲ, ਗੋਪਾਲ ਸਿੰਘ ਕੌਮੀ, ਸੋਹਣ ਸਿੰਘ ਜੋਸ਼, ਤੇਜਾ ਸਿੰਘ ਚੁਹੜਕਾਨਾ, ਦਾਨ ਸਿੰਘ ਵਛੋਆ, ਹੈਡਮਾਸਟਰ ਮਹਿਤਾਬ ਸਿੰਘ, ਪਿਆਰਾ ਸਿੰਘ ਲੰਗੇਰੀ, ਸੇਵਾ ਸਿੰਘ ਠੀਕਰੀਵਾਲਾ, ਨਰੈਣ ਸਿੰਘ ਬੈਰਿਸਟਰ, ਪ੍ਰੋ: ਸਾਹਿਬ ਸਿੰਘ, ਰਾਏ ਸਿੰਘ ਕਾਉਣੀ, ਗੁਰਦਿੱਤ ਸਿੰਘ ਬਹਿਲੋਲਪੁਰੀ ਵਗ਼ੈਰਾ। ਇਨ੍ਹਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਕਰੀਬਨ ਸਾਰੀ ਦੀ ਸਾਰੀ ਐਗਜ਼ੈਕਟਿਵ ਸ਼ਾਮਿਲ ਸੀ।

1984: ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਸ਼ੁਰੂ ਹੋਈ

ਦਰਬਾਰ ਸਾਹਿਬ ਵਿਚੋਂ ਭਾਰਤੀ ਫ਼ੌਜ ਦੇ ਜਾਣ ਮਗਰੋਂ 12 ਅਕਤੂਬਰ 1984 ਨੂੰ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਸ਼ੁਰੂ ਹੋਈ। ਇਸ ਕਾਰ-ਸੇਵਾ ਵਿਚ ਹਜ਼ਾਰਾਂ ਸਿੱਖਾਂ ਨੇ ਹਿੱਸਾ ਲਿਆ। ਕਾਰ-ਸੇਵਾ ਵਿਚ ਹਿੱਸਾ ਪਾਉਣ ਅਤੇ ਅਕਾਲ ਤਖ਼ਤ ਸਾਹਿਬ ਤੇ ਦਰਬਾਰ ਸਾਹਿਬ ਦੀ ਹਾਲਾਤ ਵੇਖਣ ਆਉਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਇੰਦਰਾ ਗਾਂਧੀ ਦੇ ਸਕਿਉਰਿਟੀ ਸਟਾਫ਼ ਦਾ ਸ: ਬੇਅੰਤ ਸਿੰਘ (ਵਾਸੀ ਪਿੰਡ ਮਲੋਆ, ਚੰਡੀਗੜ੍ਹ) ਵੀ ਸੀ। ਬੇਅੰਤ ਸਿੰਘ ਕੋਈ ਧਾਰਮਿਕ ਸੋਚ ਵਾਲੀ ਜ਼ਿੰਦਗੀ ਜੀਣ ਵਾਲਾ ਸਿੱਖ ਨਹੀਂ ਸੀ, ਪਰ ਭਾਰਤੀ ਫ਼ੌਜ ਵਲੋਂ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀ ਕੀਤੀ ਤਬਾਹੀ ਅਤੇ ਬੇਹੁਰਮਤੀ ਵੇਖ ਕੇ ਉਹ ਵੀ ਫ਼ੁਟ-ਫ਼ੁਟ ਕੇ ਰੋ ਪਿਆ। ਉਹ ਪਹਿਲੋਂ ਦਿੱਲੀ ਵਿਚ ਪ੍ਰੋ: ਦਰਸ਼ਨ ਸਿੰਘ ਦਾ ਕੀਰਤਨ ਸੁਣ ਕੇ ਪਹਿਲਾਂ ਹੀ ਜਜ਼ਬਾਤੀ ਹੋ ਚੁਕਾ ਸੀ। ਅਖ਼ੀਰ ਉਸ ਦੇ ਅੰਦਰ ਦਾ 'ਸਿੱਖ' ਜਾਗ ਪਿਆ ਤੇ ਉਸ ਨੇ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਕਰਨ ਵਾਲੀ ਨੂੰ ਸਜ਼ਾ ਦੇਣ ਦਾ ਪ੍ਰਣ ਕੀਤਾ।

1986: ਬਲਵਿੰਦਰ ਸਿੰਘ ਪੱਖੋਕੇ ਨਕਲੀ ਮੁਕਾਬਲੇ ਵਿਚ ਸ਼ਹੀਦ

12 ਅਕਤੂਬਰ 1986 ਦੇ ਦਿਨ ਪੰਜਾਬ ਪੁਲਸ ਨੇ ਬਲਵਿੰਦਰ ਸਿੰਘ (ਪੁੱਤਰ ਬਾਵਾ ਸਿੰਘ, ਵਾਸੀ ਪੱਖੋਕੇ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਡਾ. ਜਸਵਿੰਦਰ ਸਿੰਘ ਮਨਿਹਾਲਾ, ਸਤਪਾਲ ਸਿੰਘ ਬਿੱਲਾ ਤੇ ਜਗਜੀਤ ਸਿੰਘ ਜੱਗੀ ਝਾਮਕਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

12 ਅਕਤੂਬਰ 1990 ਦੇ ਦਿਨ ਪੰਜਾਬ ਪੁਲਸ ਨੇ ਡਾ. ਜਸਵਿੰਦਰ ਸਿੰਘ (ਵਾਸੀ ਮਨਿਹਾਲਾ), ਸਤਪਾਲ ਸਿੰਘ ਬਿੱਲਾ ਤੇ ਜਗਜੀਤ ਸਿੰਘ ਜੱਗੀ (ਵਾਸੀ ਝਾਮਕਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਰਜਿੰਦਰ ਸਿੰਘ ਕੋਟਲੀ ਮੱਲੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

12 ਅਕਤੂਬਰ 1991 ਦੇ ਦਿਨ ਪੰਜਾਬ ਪੁਲਸ ਨੇ ਰਜਿੰਦਰ ਸਿੰਘ (ਪੁੱਤਰ ਕਿਸ਼ਨ ਸਿੰਘ, ਵਾਸੀ ਕੋਟਲੀ ਮੱਲੀਆਂ, ਕੱਥੂਨੰਗਲ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2014: ਥੜ੍ਹਾ ਸਾਹਿਬ ਦੇ ਗੁੰਬਦ 'ਤੇ ਵੀ ਸੋਨ® ਚੜ੍ਹਾਉਣ ਦੀ ਹਰਕਤ

ਗੁਰਦੁਆਰਿਆਂ ਵਿਚ ਧਰਮ ਪਰਚਾਰ ਦੀ ਜਗਹ ਸੋਨਾ ਚੜ੍ਹਾਉਣ ਦੀ ਐਂਟੀ-ਸਿੱਖ ਹਰਕਤ ਦੀ ਲੜੀ ਵਿਚ 12 ਅਕਤੂਬਰ 2014: ਥੜ੍ਹਾ ਸਾਹਿਬ (ਨੇੜੇ ਅਕਾਲ ਤਖ਼ਤ) ਦੇ ਗੁੰਬਦ 'ਤੇ ਵੀ ਸੋਨਾ ਚਾੜ੍ਹਨ ਦਾ ਪਾਖੰਡ ਸ਼ੁਰੂ ਕੀਤਾ ਗਿਆ। ਸ਼੍ਰੋਮਣੀ ਕਮੇਟੀ ਨੇ ਇਹ ਡਿਊਟੀ ਚੌਕ ਮਹਿਤਾ ਡੇਰੇ ਦੇ ਮੁਖੀ ਹਰਨਾਮ ਸਿੰਘ ਧੁੰਮਾ ਦੇ ਹਵਾਲੇ ਕੀਤੀ।

13 ਅਕਤੂਬਰ

1710: ਸਰਹੰਦ ਵਿਚ ਸੈਂਕੜੇ ਸਿੱਖਾਂ ਦੀਆਂ ਸ਼ਹੀਦੀਆਂ ਹੋਈਆਂ

ਪਹਿਲੀ ਅਕਤੂਬਰ 1710 ਦੇ ਦਿਨ, ਰਾਹੋਂ ਦੇ ਕਿਲ੍ਹੇ 'ਤੇ ਮੁਗ਼ਲ ਫ਼ੌਜ ਦਾ ਕਬਜ਼ਾ, ਸਿੱਖਾਂ ਦੇ ਖ਼ਿਲਾਫ਼ ਮੁਗ਼ਲਾਂ ਦੀ ਭਾਵੇਂ ਪਹਿਲੀ ਜਿੱਤ ਸੀ; ਪਰ ਬਾਦਸ਼ਾਹ ਦੀ ਆਪਣੀ ਭੇਜੀ ਫ਼ੌਜ ਦਾ ਪਹਿਲਾ ਐਕਸ਼ਨ ਤਰਾਵੜੀ ਨੇੜੇ, ਤਕਰੀਬਨ ਉਨ੍ਹੀਂ ਦਿਨੀਂ ਹੀ ਹੋਇਆ ਸੀ। ਬਹਾਦਰ ਸ਼ਾਹ ਦੀ ਭੇਜੀ 60 ਹਜ਼ਾਰ ਫ਼ੌਜ ਵਿੱਚੋਂ ਫ਼ਿਰੋਜ਼ ਖ਼ਾਨ ਮੇਵਾਤੀ ਦੀ ਫ਼ੌਜ ਨੇ ਸਿੱਖਾਂ 'ਤੇ ਇਹ ਹਮਲਾ ਤਰਾਵੜੀ ਨੇੜੇ (ਕਰਨਾਲ-ਥਾਨੇਸਰ/ਕੁਰੂਕਸ਼ੇਤਰ ਰੋਡ 'ਤੇ ਕਰਨਾਲ ਤੋਂ 16 ਕਿਲੋਮੀਟਰ ਦੂਰ) ਅਮੀਨਗੜ੍ਹ (ਖੇੜਾ ਅਮੀਨ) ਦੀ ਜੂਹ ਵਿਚ ਕੀਤਾ ਸੀ। ਸਿੱਖ ਜਰਨੈਲ ਬਿਨੋਦ ਸਿੰਘ ਕੋਲ ਇਸ ਵੇਲੇ ਬਹੁਤ ਥੋੜ੍ਹੀਆਂ ਫ਼ੌਜਾਂ ਤੇ ਮਾਮੂਲੀ ਜਿਹਾ ਅਸਲਾ ਸੀ ਪਰ ਫਿਰ ਵੀ ਉਨ੍ਹਾਂ ਨੇ ਜ਼ਬਰਦਸਤ ਟੱਕਰ ਦਿੱਤੀ। ਪਹਿਲਾਂ ਤਾਂ ਮੁਗਲ ਫ਼ੌਜਾਂ ਦਾ ਜਰਨੈਲ ਮਹਾਬਤ ਖ਼ਾਨ ਸਿੱਖਾਂ ਦੇ ਹੱਲੇ ਤੋਂ ਡਰ ਕੇ ਪਿੱਛੇ ਹਟ ਗਿਆ ਪਰ ਫਿਰ ਫ਼ਿਰੋਜ਼ ਖ਼ਾਨ ਮੇਵਾਤੀ ਗੁੱਸਾ ਖਾ ਕੇ ਆਪ ਅੱਗੇ ਵਧਿਆ ਅਤੇ ਸਾਰੀਆਂ ਫ਼ੌਜਾਂ ਨੂੰ ਇਕ ਦਮ ਹੱਲਾ ਬੋਲਣ ਵਾਸਤੇ ਕਿਹਾ। ਇਸ ਮਗਰੋਂ ਘਮਸਾਣ ਦੀ ਜੰਗ ਹੋਈ। ਪਰ ਦੋ-ਚਾਰ ਹਜ਼ਾਰ ਸਿੱਖ ਫ਼ੌਜੀ, 60 ਹਜ਼ਾਰ ਮੁਗ਼ਲ ਫ਼ੌਜਾਂ ਅੱਗੇ, ਬਹੁਤੀ ਦੇਰ ਤਕ ਟਿਕ ਨਾ ਸਕੇ। ਇਸ ਮੌਕੇ 'ਤੇ ਸੈਂਕੜੇ ਸਿੱਖ ਸ਼ਹੀਦ ਹੋ ਗਏ। ਫ਼ਿਰੋਜ਼ ਖ਼ਾਨ ਮੇਵਾਤੀ ਨੇ ਸ਼ਹੀਦ ਹੋਏ 300 ਸਿੱਖਾਂ ਦੇ ਸਿਰ ਕਟਵਾ ਕੇ ਬਾਦਸ਼ਾਹ ਨੂੰ ਭੇਜੇ। ਇਸ ਮਗਰੋਂ ਜੋਸ਼ ਵਿਚ ਆ ਕੇ ਮੇਵਾਤੀ ਨੇ ਸਿੱਖਾਂ 'ਤੇ ਦੋ ਹੋਰ ਹਮਲੇ ਕੀਤੇ। ਤਰਾਵੜੀ ਅਤੇ ਥਾਨੇਸਰ ਵਿਚ 19 ਅਕਤੂਬਰ ਨੂੰ ਦੋਹਾਂ ਧਿਰਾਂ ਵਿਚ ਖ਼ੂਬ ਜੰਗ ਹੋਈ। ਦੋਹਾਂ ਲੜਾਈਆਂ ਵਿਚ ਸਿੱਖ ਹਾਰ ਗਏ।

ਥਾਨੇਸਰ ਚੌਂ ਹਾਰ ਕੇ ਸਿੱਖ ਸਢੌਰੇ ਵਲ ਚਲੇ ਗਏ, ਜਿੱਥੋਂ ਉਹ ਛੇਤੀ ਹੀ ਲੋਹਗੜ੍ਹ ਵਲ ਕੂਚ ਕਰ ਗਏ। ਇਸ ਦੌਰਾਨ ਸਿੱਖਾਂ ਨੂੰ ਸ਼ਾਹਬਾਦ ਵਿਚ ਵੀ ਹਾਰ ਹੋ ਚੁਕੀ ਸੀ।
ਉਧਰ ਰਾਹੋਂ ਤੋਂ ਜਾ ਰਹੇ ਬਾਇਜ਼ੀਦ ਖ਼ਾਨ ਨੂੰ ਜਦ ਸਿਖਾਂ ਦੀ ਅਮੀਨਗੜ੍ਹ ਵਿਚ ਹਾਰ ਦੀ ਖ਼ਬਰ ਮਿਲੀ ਤਾਂ ਉਹ ਫ਼ੌਜ ਲੈ ਕੇ ਸਰਹੰਦ ਦੇ ਨੇੜੇ ਪੁੱਜ ਚੁਕਾ ਸੀ। ਉਸ ਨਾਲ ਉਸ ਦਾ ਭਤੀਜਾ ਸ਼ਮਸ ਖ਼ਾਨ ਵੀ ਸੀ। ਉਹ ਅਜੇ ਕੁਝ ਦਿਨ ਪਹਿਲੋਂ ਹੀ ਸਿੱਖਾਂ ਨੂੰ ਰਾਹੋਂ ਵਿਚ ਹਰਾ ਕੇ ਆਏ ਸਨ। ਇਸ ਕਰ ਕੇ ਉਹ ਤਕੜੇ ਹੌਸਲੇ ਅਤੇ ਉੱਚੀਆਂ ਹਵਾਵਾਂ ਵਿਚ ਸਨ। ਉਹ 12 ਅਕਤੂਬਰ 1710 ਦੇ ਦਿਨ ਸਰਹੰਦ ਕੋਲ ਪੁੱਜ ਗਏ। ਇਸ ਵੇਲੇ ਵਿਚ ਬਹੁਤ ਥੋੜ੍ਹੀ ਜਿਹੀ ਹੀ ਸਿਖ ਫ਼ੌਜ ਸੀ। ਸਰਹੰਦ ਦਾ ਸੂਬੇਦਾਰ ਭਾਈ ਬਾਜ਼ ਸਿੰਘ ਵੀ ਇਸ ਵੇਲੇ ਨਗਰ ਵਿਚ ਨਹੀਂ ਸੀ। ਇਸ ਦੇ ਬਾਵਜੂਦ ਅਗਲੇ ਦਿਨ **13 ਅਕਤੂਬਰ ਨੂੰ** ਭਾਈ ਸੁੱਖਾ ਸਿੰਘ ਤੇ ਸ਼ਾਮ ਸਿੰਘ ਦੀ ਅਗਵਾਈ ਵਿਚ ਸਿੱਖ ਫੌਜਾਂ ਨੇ ਸ਼ਮਸ ਖ਼ਾਨ ਤੇ ਬਾਇਜ਼ੀਦ ਖ਼ਾਨ ਦੀ ਫ਼ੌਜ ਨਾਲ ਯਾਕੂਬ ਖ਼ਾਨ ਦੇ ਬਾਗ਼ ਵਿਚ ਤੇ ਇਸ ਦੇ ਬਾਹਰ ਖ਼ੂਬ ਲੋਹਾ ਲਿਆ। ਪਰ ਥੋੜ੍ਹੀ ਗਿਣਤੀ ਅਤੇ ਬਹੁਤ ਘਟ ਅਸਲਾ ਹੋਣ ਕਾਰਨ ਸਿੱਖ ਬਹੁਤੀ ਦੇਰ ਨਾ ਟਿਕ ਸਕੇ। ਇਸ ਲੜਾਈ ਵਿਚ ਬਹੁਤ ਸਾਰੇ ਸਿੱਖ ਸ਼ਹੀਦ ਹੋ ਗਏ। ਸਿੱਖ ਆਪਣੇ ਜਰਨੈਲ ਭਾਈ ਸੁੱਖਾ ਸਿੰਘ ਦੀ ਸ਼ਹੀਦੀ ਮਗਰੋਂ ਪਿੱਛੇ ਹਟ ਕੇ ਸਰਹੰਦ ਦੇ ਕਿਲ੍ਹੇ ਵਿਚ ਜਾ ਵੜੇ।ਪਰ ਸਿੱਖ ਬਹੁਤੀ ਦੇਰ ਕਿਲ੍ਹਾ ਵੀ ਕਾਬੂ ਵਿਚ ਨਾ ਰਖ ਸਕੇ ਅਤੇ ਦੋ ਦਿਨ ਦੀ ਲੜਾਈ ਮਗਰੋਂ ਹਨੇਰੇ ਵਿਚ ਘੇਰਾ ਤੋੜਦੇ ਹੋਏ ਖਰੜ ਤੇ ਬੁਤੈਲ ਵਲ ਨੂੰ ਭੱਜ ਗਏ। *(ਭਾਈ ਸੁੱਖਾ ਸਿੰਘ ਤੇ ਇਨ੍ਹਾਂ ਹੋਰ ਸ਼ਹੀਦਾਂ ਦੀ ਯਾਦ ਵਿਚ ਸ਼ਹੀਦ ਗੰਜ ਗੁਰਦੁਆਰਾ, ਲੜਾਈ ਵਾਲੀ ਥਾਂ 'ਤੇ, ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਦੇ ਨੇੜੇ, ਬਣਿਆ ਹੋਇਆ ਹੈ)।*

1920: ਦਰਬਾਰ ਸਾਹਿਬ ਦੇ ਇੰਤਜ਼ਾਮ ਵਾਸਤੇ ਸਰਕਾਰ ਨੇ ਕਮੇਟੀ ਬਣਾਈ

12 ਅਕਤੂਬਰ 1920 ਦੇ ਦਿਨ ਸਿੱਖਾਂ ਵੱਲੋਂ ਅਕਾਲ ਤਖ਼ਤ ਸਾਹਿਬ ਦਾ ਇੰਤਜ਼ਾਮ ਸੰਭਾਲ ਲੈਣ ਮਗਰੋਂ ਅਗਲੇ ਦਿਨ 13 ਅਕਤੂਬਰ ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੱਖ ਆਗੂਆਂ, ਸਰਬਰਾਹ ਅਤੇ ਪੁਜਾਰੀਆਂ ਦੀ ਇਕ ਮੀਟਿੰਗ ਬੁਲਾਈ; ਪਰ ਮੀਟਿੰਗ ਵਿਚ ਸਿਰਫ਼ ਸਿੱਖ ਆਗੂ ਹੀ ਪਹੁੰਚੇ। ਇਸ 'ਤੇ ਡਿਪਟੀ ਕਮਿਸ਼ਨਰ ਨੇ ਦਰਬਾਰ ਸਾਹਿਬ ਦੇ ਇੰਤਜ਼ਾਮ ਵਾਸਤੇ ਇਕ 9 ਮੈਂਬਰੀ ਆਰਜ਼ੀ ਕਮੇਟੀ ਬਣਾ ਦਿੱਤੀ। ਇਸ ਕਮੇਟੀ ਵਿਚ ਸੁੰਦਰ ਸਿੰਘ ਰਾਮਗੜ੍ਹੀਆ, ਪ੍ਰੋ: ਤੇਜਾ ਸਿੰਘ, ਪ੍ਰੋ: ਬਾਵਾ ਹਰਕਿਸ਼ਨ ਸਿੰਘ, ਤੇਜਾ ਸਿੰਘ ਭੁੱਚਰ, ਕਰਤਾਰ ਸਿੰਘ ਝੱਬਰ, ਡਾ: ਗੁਰਬਖਸ਼ ਸਿੰਘ, ਭਾਈ ਚੰਦਾ ਸਿੰਘ ਐਡੀਟਰ, ਭਾਈ ਦੇਵਾ ਸਿੰਘ ਤੇ ਹਕੀਮ ਬਹਾਦਰ ਸਿੰਘ ਸਨ।

1973: ਸਿਰਦਾਰ ਕਪੂਰ ਸਿੰਘ ਨੂੰ ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ ਦਾ ਖ਼ਿਤਾਬ ਦਿੱਤਾ ਗਿਆ

10 ਅਕਤੂਬਰ 1973 ਦੇ ਦਿਨ ਸ: ਕਪੂਰ ਸਿੰਘ (1909-1986) ਨੂੰ ਅਕਾਲ ਤਖ਼ਤ ਸਾਹਿਬ 'ਤੇ "ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ" ਦਾ ਖ਼ਿਤਾਬ ਦਿੱਤਾ ਗਿਆ।

1986: ਹਰਪ੍ਰੀਤ ਸਿੰਘ ਟੀਸੂ, ਜਗਤਾਰ ਸਿੰਘ ਤੇ ਕਿਰਨ ਕੌਰ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲੀਸ ਨੇ ਤਰਨ ਤਾਰਨ ਇਲਾਕੇ ਵਿਚੋਂ ਹਰਪਰੀਤ ਸਿੰਘ ਟੀਸੂ, ਜਗਤਾਰ ਸਿੰਘ ਤੇ ਬੀਬੀ ਕਿਰਨ ਕੌਰ ਨੂੰ 3 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਸੀ; ਇਹ ਬੇਕਸੂਰ ਸਨ ਪਰ ਪੁਲਸ ਨੇ ਇਨ੍ਹਾਂ 'ਤੇ ਏਨਾ ਤਸ਼ੱਦਦ ਕੀਤਾ ਸੀ ਕਿ ਇਨ੍ਹਾਂ ਦੀ ਹਾਲਤ ਬਹੁਤ ਖ਼ਰਾਬ ਸੀ। ਆਪਣਾ ਪਾਪ ਲੁਕਾਉਣਾ ਵਾਸਤੇ **13 ਅਕਤੂਬਰ 1986 ਦੇ ਦਿਨ** ਪੁਲਸ ਨੇ ਇਨ੍ਹਾਂ ਨੂੰ ਇਕ

ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ। ਪੰਝੀ ਅਕਤੂਬਰ ਨੂੰ ਅਕਾਲੀ ਐਮ.ਪੀ. ਤਰਲੋਚਨ ਸਿੰਘ ਤੁੜ ਨੇ ਇਹ ਰਾਜ਼ ਖੋਲ੍ਹਿਆ।

1986: ਅਵਤਾਰ ਸਿੰਘ ਪਾਹੜਾ ਦੇਵੀਦਾਸਪੁਰਾ, ਤੇ ਹਰਪਾਲ ਸਿੰਘ ਪੱਪੂ, ਸੁਲਤਾਨਵਿੰਡ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲੀਸ ਨੇ 13 ਅਕਤੂਬਰ 1986 ਦੇ ਦਿਨ ਅਵਤਾਰ ਸਿੰਘ ਪਾਹੜਾ ਦੇਵੀਦਾਸਪੁਰਾ ਤੇ ਹਰਪਾਲ ਸਿੰਘ ਪੱਪੂ, ਸੁਲਤਾਨਵਿੰਡ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਚੰਨਣ ਸਿੰਘ ਉਰਫ਼ ਝੱਖੜ ਚੂਸਲੇਵੜ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 13 ਅਕਤੂਬਰ 1990 ਦੇ ਦਿਨ ਚੰਨਣ ਸਿੰਘ ਉਰਫ਼ ਝੱਖੜ (ਵਾਸੀ ਚੂਸਲੇਵੜ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਕਾਕਾ ਸਿੰਘ ਕਾਲੇਕੇ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 13 ਅਕਤੂਬਰ 1992 ਦੇ ਦਿਨ ਕਾਕਾ ਸਿੰਘ ਕਾਲੇਕੇ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਪੰਥਕ ਕਮੇਟੀ ਦਾ ਚੌਧਰੀ ਡਾ. ਸੋਹਨ ਸਿੰਘ ਗ੍ਰਿਫ਼ਤਾਰ

13 ਅਕਤੂਬਰ 1993 ਦੇ ਦਿਨ ਨੈਪਾਲ ਦੀ ਰਾਜਧਾਨੀ ਕਠਮੰਡੂ ਵਿਚ ਡਾ. ਸੋਹਨ ਸਿੰਘ (ਪੰਥਕ ਕਮੇਟੀ) ਨੂੰ ਚਾਰ ਸਾਥੀਆਂ ਸਣੇ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਭਾਰਤ ਲੈ ਆਂਦਾ ਗਿਆ। ਮਗਰੋਂ ਡਾ ਸੋਹਨ ਸਿੰਘ ਨੂੰ ਪੁਲਸ ਨੇ ਜ਼ਮਾਨਤ 'ਤੇ ਛੱਡ ਦਿੱਤਾ ਤੇ ਬਾਕੀ ਚਾਰਾਂ ਨੂੰ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ। ਕਈ ਖਾੜਕੂਆਂ ਦਾ ਦਾਅਵਾ ਹੈ ਕਿ ਡਾ. ਸੋਹਨ ਸਿੰਘ ਸ਼ੁਰੂ ਤੋਂ ਹੀ ਸਰਕਾਰ ਦਾ ਏਜੰਟ ਸੀ; 29 ਅਪ੍ਰੈਲ 1986 ਦਾ ਖਾਲਿਸਤਾਨ ਦਾ ਐਲਾਨਨਾਮਾ ਉਸੇ ਦੀ ਹਰਕਤ ਸੀ; ਉਹ ਪੰਥਕ ਕਮੇਟੀ ਦਾ ਮੈਂਬਰ ਹੀ ਨਹੀਂ ਬਲਕਿ ਮੁਖ ਸਪੋਕਸਮੈਨ ਵੀ ਸੀ ਪਰ ਸਰਕਾਰ ਨੇ ਉਸ ਨੂੰ ਕੁਝ ਵੀ ਨਹੀਂ ਕਿਹਾ। ਮਹਿੰਦਰ ਸਿੰਘ ਪੱਤਰਕਾਰ (ਕਿਤਾਬ *ਨੀਂਹ ਰੱਖੀ ਗਈ*) ਦਾ ਵਿਚਾਰ ਹੈ ਕਿ ਸੋਹਨ ਸਿੰਘ ਨੂੰ ਭਾਰਤ ਸਰਕਾਰ ਨੇ ਪਲਾਂਟ ਕੀਤਾ ਹੋਇਆ ਸੀ ਤੇ ਭੋਲੇ ਸਿੱਖ ਆਗੂਆਂ ਤੇ ਖਾੜਕੂਆਂ ਨੂੰ ਉਸ ਦੀਆਂ ਕਾਰਵਾਈਆਂ ਦੀ ਸਮਝ ਹੀ ਨਾ ਪੈ ਸਕੀ।

1996: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਹੋਈਆਂ; ਸਿਮਰਨਜੀਤ ਸਿੰਘ ਮਾਨ ਦੇ 8 ਸਾਥੀ ਜਿੱਤੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਐਕਟ ਹੇਠ ਪਹਿਲੀਆਂ ਚੋਣਾਂ 1926 ਵਿਚ ਹੋਈਆਂ ਸਨ ਤੇ ਇਹ ਹਰ ਤਿੰਨ ਸਾਲ (ਤੇ ਬਾਅਦ ਵਿਚ ਪੰਜ ਸਾਲ) ਮਗਰੋਂ ਬਾਕਾਇਦਾ ਹੁੰਦੀਆਂ ਰਹੀਆਂ ਸਨ ਪਰ 1965 ਤੋਂ ਬਾਅਦ ਕਾਂਗਰਸ ਨੇ 1979 ਤਕ, 14 ਸਾਲ, ਚੋਣਾਂ ਹੀ ਨਾ ਕਰਵਾਈਆਂ। ਇਸ ਮਗਰੋਂ 16 ਸਾਲ ਫੇਰ ਚੋਣਾਂ ਨਾ ਹੋਈਆਂ ਤਾਂ ਕੁਝ ਸਿੱਖਾਂ ਨੇ ਹਾਈ ਕੋਰਟ 'ਚ ਚੈਲੰਜ ਕਰ ਕੇ ਚੋਣਾਂ ਕਰਵਾਉਣ ਦੇ ਹੁਕਮ ਜਾਰੀ ਕਰਵਾਏ। 17 ਸਾਲ ਮਗਰੋਂ ਅਦਾਲਤੀ ਹੁਕਮਾਂ ਹੇਠ, 13 ਅਕਤੂਬਰ 1996 ਨੂੰ ਹੋਈਆਂ ਚੋਣਾਂ ਵਿਚ ਬਾਦਲ-ਟੌਹੜਾ ਅਕਾਲੀ ਦਲ ਨੇ 170 ਵਿਚੋਂ 161 ਸੀਟਾਂ ਤੇ ਜਿੱਤ ਹਾਸਿਲ ਕੀਤੇ ਤੇ ਸਿਮਰਨਜੀਤ ਸਿੰਘ ਮਾਨ

ਧੜੇ ਨੂੰ ਸਿਰਫ਼ 8 ਸੀਟਾਂ ਹੀ ਮਿਲੀਆਂ। ਬਾਕੀ ਧੜਿਆਂ: ਜਸਬੀਰ ਸਿੰਘ ਰੋਡੇ, ਬਹੁਜਨ ਸਮਾਜ ਪਾਰਟੀ ਵਗ਼ੈਰਾ ਨੂੰ ਇਕ ਵੀ ਸੀਟ ਹਾਸਿਲ ਨਾ ਹੋਈ। ਇਨ੍ਹਾਂ ਚੋਣਾਂ ਵਿਚ ਜਿੱਤੇ ਬਾਦਲ-ਟੌਹੜਾ ਧੜੇ ਦੇ ਕਈ ਮੈਂਬਰ ਤਾਂ ਅੰਮ੍ਰਿਤਧਾਰੀ ਵੀ ਨਹੀਂ ਸਨ ਤੇ ਬਹੁਤ ਸਾਰੇ ਜੇਤੂ ਮੈਂਬਰਾਂ ਦੇ ਬੱਚੇ ਪਤਿਤ ਸਨ। ਦਰਅਸਲ ਸੀਟਾਂ ਦੀ ਵੰਡ ਵੇਲੇ ਬਾਦਲ ਨੇ ਆਪਣੀ ਮਨਮਰਜ਼ੀ ਕੀਤੀ ਸੀ। ਟੌਹੜਾ ਨੇ ਆਪਣੇ ਬੰਦਿਆਂ ਨੂੰ ਟਿਕਟ ਦੇਣ ਲਈ ਕੋਈ ਜ਼ੋਰ ਨਾ ਪਾਇਆ ਜਿਸ ਨਾਲ ਬਾਦਲ ਨੇ ਨਿਜੀ ਸਾਥੀਆਂ, ਪਰ ਅਪੰਥਕ ਬੰਦਿਆਂ, ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਸੀਟਾਂ ਦਿੱਤੀਆਂ ਜਿਸ ਦਾ ਖ਼ਮਿਆਜ਼ਾ, ਬਾਅਦ ਵਿਚ, ਟੌਹੜਾ ਨੂੰ, ਟਕਸਾਲੀ ਅਕਾਲੀਆਂ ਨੂੰ, ਸ਼੍ਰੋਮਣੀ ਅਕਾਲੀ ਦਲ ਨੂੰ, ਪੰਥਕ ਜਮਾਤਾਂ ਤੇ ਸਮੁੱਚੇ ਪੰਥ ਨੂੰ ਭੁਗਤਣਾ ਪਿਆ। ਟੌਹੜਾ ਨੇ ਟਿਕਟਾਂ ਦੀ ਵੰਡ ਵੇਲੇ ਸ਼ਾਇਦ ਇਸ ਕਰ ਕੇ ਕੁਝ ਨਾ ਬੋਲਿਆ ਕਿਉਂਕਿ ਉਹ ਇਹ ਸਮਝਦਾ ਸੀ ਕਿ ਬਾਦਲ ਮੌਕਾ ਆਉਣ 'ਤੇ ਯਾਰ-ਮਾਰ ਨਹੀਂ ਕਰੇਗਾ। ਬਾਦਲ-ਟੌਹੜਾ ਅਕਾਲੀ ਦਲ ਦੀ ਜਿੱਤ ਦੇ ਵੱਡੇ ਚਾਰ ਕਾਰਨ ਇਹ ਸਨ: (1) ਇਸ ਧੜੇ ਕੋਲ ਟਕਸਾਲੀ ਵਰਕਰ ਬਹੁਤ ਸਨ (2) ਇਸ ਧੜੇ ਨੇ ਵੋਟਾਂ ਬਹੁਤ ਬਣਵਾਈਆਂ ਸਨ। ਬਾਦਲ ਦੇ ਹਿਮਾਇਤੀਆਂ ਨੇ ਤਾਂ ਬਹੁਤ ਸਾਰੀਆਂ ਹਿੰਦੂਆਂ ਤੇ ਯੂ.ਪੀ. ਦੇ ਬੀਤੀ-ਨੌਸ਼ ਭਈਆਂ ਦੀਆਂ ਹਜ਼ਾਰਾਂ ਵੋਟਾਂ ਵੀ ਬਣਵਾਈਆਂ ਹੋਈਆਂ ਸਨ; ਮਗਰੋਂ 2011 ਵਿਚ ਵੀ ਅਜਿਹਾ ਹੀ ਕੀਤਾ ਗਿਆ ਸੀ (3) ਬਾਦਲ-ਟੌਹੜਾ ਧੜੇ ਕੋਲ ਫ਼ੰਡ ਬਹੁਤ ਜ਼ਿਆਦਾ ਸਨ (4) ਸ਼੍ਰੋਮਣੀ ਕਮੇਟੀ 'ਤੇ ਪਹਿਲੋਂ ਕਾਬਜ਼ ਹੋਣ ਕਰ ਕੇ ਸਟੇਜ ਅਤੇ ਗੁਰਦੁਆਰਾ ਮੁਲਾਜ਼ਮ ਵੀ ਬਾਦਲ-ਟੌਹੜਾ ਧੜੇ ਦੇ ਉਮੀਦਵਾਰਾਂ ਦੀ ਮਦਦ ਕਰਦੇ ਰਹੇ ਸਨ। ਦੂਜੇ ਪਾਸੇ, ਮਾਨ ਅਕਾਲੀ ਦਲ ਦੇ ਕੋਲ ਆਗੂ ਵਧੇਰੇ ਸਨ ਤੇ ਵਰਕਰ ਘਟ ਤੇ ਉਸ ਦੀ ਪਾਰਟੀ ਚੰਗੀ ਤਰ੍ਹਾਂ ਜਥੇਬੰਦ ਵੀ ਨਹੀਂ ਸੀ। ਰੋਡੇ ਗਰੁੱਪ ਦਾ ਅਸਰ ਸਿਰਫ਼ ਚਾਰ-ਪੰਜ ਸੀਟਾਂ ਤੇ ਹੀ ਸੀ ਜਿਥੋਂ ਉਹ 20-25 ਫ਼ੀ ਸਦੀ ਵੋਟਾਂ ਲਿਜਾ ਸਕਦੇ ਸਨ। ਬਹੁਜਨ ਸਮਾਜ ਨਾਲ ਪਛੜੀਆਂ ਜ਼ਾਤਾਂ ਦੇ ਸਿੱਖ ਬਹੁਤ ਹੀ ਥੋੜ੍ਹੇ ਸਨ। ਇਸ ਵਜਹ ਕਰ ਕੇ ਰੋਡੇ ਤੇ ਬਹੁਜਨ ਸਮਾਜ, ਦੋਹਾਂ ਪਾਰਟੀਆਂ, ਦੇ ਬਹੁਤੇ ਉਮੀਦਵਾਰ ਤਾਂ ਜ਼ਮਾਨਤਾਂ ਵੀ ਨਹੀਂ ਬਚਾ ਸਕੇ। ਮਾਨ ਧੜੇ ਨੇ ਭਾਵੇਂ ਸਿਰਫ਼ 8 ਸੀਟਾਂ ਹੀ ਜਿੱਤੀਆਂ ਪਰ ਉਨ੍ਹਾਂ ਨੇ ਇਕ ਦਰਜਨ ਦੇ ਕਰੀਬ ਸੀਟਾਂ ਮਾਮੂਲੀ ਫ਼ਰਕ ਨਾਲ ਹਾਰੀਆਂ ਸਨ। ਇਹ ਗੱਲ ਵੀ ਕਾਬਲੇ-ਜ਼ਿਕਰ ਹੈ ਕਿ ਬਹੁਤੇ ਬਾਦਲ ਵਿਰੋਧੀਆਂ ਨੇ ਆਪੋ-ਆਪਣੀਆਂ ਸੀਟਾਂ ਹੀ ਲੜੀਆਂ ਤੇ ਦੂਜੇ ਧੜਿਆਂ ਦੇ ਉਮੀਦਵਾਰਾਂ ਵਾਸਤੇ ਜ਼ਰਾ-ਮਾਸਾ ਵੀ ਕੰਮ ਨਹੀਂ ਕੀਤਾ ਸੀ।

2010: ਮਨਪ੍ਰੀਤ ਬਾਦਲ ਨੇ ਪੰਜਾਬ ਦੇ ਕਰਜ਼ੇ ਦਾ ਪਰਦਾ ਫ਼ਾਸ਼ ਕੀਤਾ

ਪੰਜਾਬ ਦੇ ਸਾਬਕਾ ਖ਼ਜ਼ਾਨਾ ਵਜ਼ੀਰ ਅਤੇ ਪ੍ਰਕਾਸ਼ ਸਿੰਘ ਬਾਦਲ ਦੇ ਸੱਕੇ ਭਤੀਜੇ ਮਨਪ੍ਰੀਤ ਬਾਦਲ ਨੇ 5 ਅਕਤੂਬਰ 2010 ਦੇ ਦਿਨ ਹਿੰਦੁਸਤਾਨ ਟਾਈਮਜ਼ ਅਖ਼ਬਾਰ ਨੂੰ ਇਕ ਇੰਟਰਵਿਊ ਵਿਚ ਸੁਖਬੀਰ ਦੀ ਨੁਕਤਾਚੀਨੀ ਕੀਤੀ ਸੀ ਅਤੇ ਇਹ ਵੀ ਕਿਹਾ ਸੀ ਕਿ ਸੈਂਟਰ ਨੇ ਪੰਜਾਬ ਦਾ 70000 ਕਰੋੜ ਰੁਪੈ ਦਾ ਕਰਜ਼ਾ ਮੁਆਫ਼ ਨਹੀਂ ਕੀਤਾ। *{ਉਸ ਦੇ ਇਸ ਬਿਆਨ 'ਤੇ ਉਸ ਨੂੰ, 12 ਅਕਤੂਬਰ ਨੂੰ ਪਾਰਟੀ ਵਿਚੋਂ ਮੁਅੱਤਲ ਕਰ ਕੇ, 13 ਅਕਤੂਬਰ ਨੂੰ ਉਸ ਨੂੰ ਵਜ਼ਾਰਤ ਚੋਂ ਕੱਢ ਦਿੱਤਾ ਗਿਆ (ਤੇ 20 ਅਕਤੂਬਰ 2010 ਦੇ ਦਿਨ ਪਾਰਟੀ ਵਿਚ ਵੀ ਕੱਢ ਦਿੱਤਾ ਗਿਆ। ਮਗਰੋਂ ਉਸ ਨੇ 26 ਮਾਰਚ 2011 ਦੇ ਦਿਨ ਅਸੈਂਬਲੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ 27 ਮਾਰਚ 2011 ਦੇ ਦਿਨ 'ਪੀਪਲਜ਼ ਪਾਰਟੀ ਆਫ਼ ਪੰਜਾਬ' ਕਾਇਮ ਕਰਨ ਦਾ ਐਲਾਨ ਕੀਤਾ)। (ਉਦੋਂ ਚਾਰ ਐਮ.ਐਲ.ਏਜ਼ ਉਸ ਦੇ ਨਾਲ ਸਨ: ਚਰਨਜੀਤ ਸਿੰਘ ਚੰਨੀ , ਮਨਜਿੰਦਰ ਸਿੰਘ ਕੰਗ, ਜਗਬੀਰ ਸਿੰਘ ਬਰਾੜ ਤੇ ਅਜੀਤ ਸਿੰਘ ਸੰਤ। ਮਗਰੋਂ ਸਾਰੇ ਹੀ ਇਕ ਇਕ ਕਰ ਕੇ ਛੱਡ ਗਏ)}। 2013 ਵਿਚ ਮਨਪ੍ਰੀਤ ਬਾਦਲ ਨੇ ਕਾਂਗਰਸ ਪਾਰਟੀ ਨਾਲ*

ਸਮਝੌਤਾ ਕਰ ਲਿਆ ਅਤੇ ਮਈ 2014 ਵਿਚ ਲੋਕ ਸਭਾ ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਟਿਕਟ 'ਤੇ ਚੋਣ ਵੀ ਲੜੀ।

14 ਅਕਤੂਬਰ

1700: ਗੁਰੂ ਗੋਬਿੰਦ ਸਿੰਘ ਸਾਹਿਬ ਨਿਰਮੋਹਗੜ੍ਹ ਤੋਂ ਬਸਾਲੀ ਗਏ

ਬਸਾਲੀ, ਰੋਪੜ ਤੋਂ ਨੂਰਪੁਰ ਬੇਦੀ ਜਾਂਦੀ ਸੜਕ 'ਤੇ (ਨਿਰਮੋਹਗੜ੍ਹ ਅਤੇ ਕੀਰਤਪੁਰ ਸਾਹਿਬ ਤੋਂ 13-14 ਕਿਲੋਮੀਟਰ ਦੂਰ) ਇਕ ਪਹਾੜੀ ਪਿੰਡ ਹੈ। ਉਦੋਂ ਇਹ ਇਕ ਨਿੱਕੀ ਜਿਹੀ ਰਿਆਸਤ ਸੀ । ਇਸ ਦਾ ਰਾਜਾ ਸਲਾਹੀ ਚੰਦ ਸੀ। ਸਲਾਹੀ ਚੰਦ ਦੀ ਪਤਨੀ ਰਾਣੀ ਹੀਰਾ ਦੇਵੀ ਬਿਲਾਸਪੁਰ ਦੀ ਰਾਣੀ ਚੰਪਾ (ਅਜਮੇਰ ਚੰਦ ਦੀ ਦਾਦੀ) ਦੀ ਸੱਕੀ ਭੈਣ ਸੀ। ਰਾਣੀ ਚੰਪਾ (ਮੌਤ 1691) ਆਖ਼ਰੀ ਸਾਹਾਂ ਤੱਕ ਗੁਰੂ ਘਰ ਦੀ ਸੇਵਾਦਾਰ ਰਹੀ ਸੀ। ਜਦੋਂ ਹੀਰਾ ਦੇਵੀ ਤੇ ਸਲਾਹੀ ਚੰਦ ਨੂੰ ਪਤਾ ਲੱਗਾ ਕਿ ਅਜਮੇਰ ਚੰਦ ਨੇ ਦਗ਼ਾ ਕਰ ਕੇ ਗੁਰੂ ਸਾਹਿਬ 'ਤੇ ਹਮਲਾ ਕੀਤਾ ਹੈ ਤੇ ਨਿਰਮੋਹਗੜ੍ਹ ਦੀ ਘੇਰਾ-ਬੰਦੀ ਕੀਤੀ ਹੋਈ ਹੈ ਤਾਂ ਉਨ੍ਹਾਂ ਨੇ ਆਪਣਾ ਵਜ਼ੀਰ ਗੁਰੂ ਜੀ ਵੱਲ ਭੇਜਿਆ ਤੇ ਉਨ੍ਹਾਂ ਨੂੰ ਨਿਰਮੋਹਗੜ੍ਹ ਛੱਡ ਕੇ ਬਸਾਲੀ ਆਉਣ ਵਾਸਤੇ ਆਖਿਆ। ਬਸਾਲੀ ਰਿਆਸਤ ਸਰਸਾ ਨਦੀ ਦੇ ਦੂਜੇ ਪਾਰ ਸੀ। ਗੁਰੂ ਸਾਹਿਬ **14 ਅਕਤੂਬਰ** (ਇਕ ਲੇਖਕ 15 ਅਕਤੂਬਰ ਤਾਰੀਖ਼ ਵੀ ਲਿਖਦਾ ਹੈ) ਨੂੰ ਤੜਕੇ ਵੇਲੇ ਨਿਰਮੋਹਗੜ੍ਹ ਤੋਂ ਸਰਸਾ ਨਦੀ ਵੱਲ ਚੱਲ ਪਏ ਤਾਂ ਜੋ ਦਰਿਆ ਪਾਰ ਕਰ ਕੇ ਬਸਾਲੀ ਜਾ ਸਕਣ। ਉਧਰ ਜਦੋਂ ਅਜਮੇਰ ਚੰਦ ਨੂੰ ਇਸ ਦਾ ਪਤਾ ਲੱਗਿਆ ਤਾਂ ਉਸ ਨੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨੇ ਸਿੱਖ ਫ਼ੌਜਾਂ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਤੇ ਆਪ ਦਰਿਆ ਪਾਰ ਕਰ ਗਏ। ਇਧਰ ਭਾਈ ਉਦੈ ਸਿੰਘ ਦੀ ਅਗਵਾਈ 'ਚ ਸਿੰਘਾਂ ਨੇ ਤੀਰਾਂ ਅਤੇ ਗੋਲੀਆਂ ਦਾ ਐਸਾ ਮੀਂਹ ਵਰ੍ਹਾਇਆ ਕਿ ਇਕ ਵਾਰ ਤਾਂ ਦੁਸ਼ਮਣਾਂ ਦੀ ਤੌਬਾ ਕਰਵਾ ਦਿੱਤੀ। ਜਦੋਂ ਸਾਰੀ ਫ਼ੌਜ ਪਾਰ ਕਰ ਗਈ ਤਾਂ ਭਾਈ ਉਦੈ ਸਿੰਘ ਵੀ ਦਰਿਆ ਪਾਰ ਕਰ ਗਏ ਤੇ ਗੁਰੂ ਜੀ ਨੂੰ ਜਾ ਮਿਲੇ। ਇਸ ਲੜਾਈ ਵਿਚ ਭਾਈ ਕੇਸਰਾ ਸਿੰਘ, ਭਾਈ ਗੋਕਲ ਸਿੰਘ ਤੇ ਕੁਝ ਹੋਰ ਸਿੱਖ ਸ਼ਹੀਦੀਆਂ ਪਾ ਗਏ। ਸ਼ਾਮ ਵੇਲੇ ਗੁਰੂ ਸਾਹਿਬ ਬਸਾਲੀ ਪਹੁੰਚ ਗਏ। ਬਸਾਲੀ ਦੇ ਲੋਕਾਂ ਨੇ ਗੁਰੂ ਸਾਹਿਬ ਨੂੰ ਬੜੀ ਗਰਮ-ਜੋਸ਼ੀ ਨਾਲ ਜੀ ਆਇਆਂ ਆਖਿਆ। ਗੁਰੂ ਸਾਹਿਬ ਰਾਜਾ ਸਲਾਹੀ ਚੰਦ ਦੇ ਮਹਿਲ ਵਿਚ ਰਹੇ ਤੇ ਸਿੰਘਾਂ ਵਾਸਤੇ ਪਹਾੜੀ ਦੇ ਹੇਠਾਂ ਤੰਬੂ ਲਾ ਦਿੱਤੇ ਗਏ।

1745: ਸਾਰੀ ਸਿਖ ਫ਼ੌਜ ਨੂੰ 30 ਜਥਿਆਂ ਵਿਚ ਜਥੇਬੰਦ ਕੀਤਾ ਗਿਆ

ਜ਼ਕਰੀਆ ਖ਼ਾਨ ਦੀ ਮੌਤ ਮਗਰੋਂ ਜੁਲਾਈ 1745 ਤੋਂ ਮਾਰਚ 1746 ਦੌਰਾਨ, ਲਾਹੌਰ ਦੀ ਸੂਬੇਦਾਰੀ ਬਾਰੇ ਕੋਈ ਫ਼ੈਸਲਾ ਨਾ ਹੋ ਸਕਣ ਕਰ ਕੇ ਸਿੱਖਾਂ ਨੂੰ ਕੁਝ ਚਿਰ ਵਾਸਤੇ ਆਰਾਮ ਦਾ ਸਾਹ ਆ ਗਿਆ ਸੀ। ਹੁਣ ਸਿੱਖਾਂ ਨੇ ਫੇਰ ਅੰਮ੍ਰਿਤਸਰ ਪੁੱਜਣਾ ਸ਼ੁਰੂ ਕਰ ਦਿੱਤਾ। ਹੁਣ ਪਹਿਲਾਂ ਵਾਂਗ ਮੁਗ਼ਲ ਫ਼ੌਜ ਦੇ ਗਸ਼ਤੀ ਟੋਲੇ ਸਿੱਖਾਂ ਦੀ ਭਾਲ ਵਿਚ 'ਆਦਮ-ਬੋਅ' ਕਰਦੇ ਨਜ਼ਰ ਨਹੀਂ ਸਨ ਆਉਂਦੇ। 14 ਅਕਤੂਬਰ 1745 ਦੇ ਦਿਨ ਹਿੰਦੂ ਦੀਵਾਲੀ ਮਨਾ ਰਹੇ ਸਨ। ਇਸ ਦਿਨ ਸਿੱਖਾਂ ਨੇ ਵੀ ਇਕ ਸਰਬੱਤ ਖ਼ਾਲਸਾ ਇਕੱਠ ਵੀ ਬੁਲਾ ਲਿਆ। (ਨਵਾਬ) ਕਪੂਰ ਸਿੰਘ ਦੀ ਅਗਵਾਈ ਵਿਚ ਹਜ਼ਾਰਾਂ ਸਿੱਖ ਗੁਰੂ ਦਾ ਚੱਕ (ਅੰਮ੍ਰਿਤਸਰ) ਪੁੱਜੇ । ਇਸ ਮੌਕੇ 'ਤੇ ਕੌਮ ਦੇ ਮਸਲਿਆਂ 'ਤੇ ਡੂਰਵੀਂ ਵਿਚਾਰ ਹੋਈ। ਕੌਮ ਦੀ ਆਜ਼ਾਦੀ ਦੀ ਜੱਦੋਜਹਿਦ ਨੂੰ ਸੁਚੱਜੇ ਤਰੀਕੇ ਨਾਲ ਚਲਾਉਣ ਵਾਸਤੇ ਸਾਰੀ ਖ਼ਾਲਸਾ ਫ਼ੌਜ ਨੂੰ 100-100 ਦੇ 30 (ਇਕ ਸੋਮਾ 25 ਜੱਥੇ ਲਿਖਦਾ ਹੈ) ਜੱਥਿਆਂ ਵਿਚ ਵੰਡ ਦਿੱਤਾ ਗਿਆ। ਇਨ੍ਹਾਂ ਜੱਥਿਆਂ ਦੇ ਮੁਖੀ ਹੇਠ ਲਿਖੇ ਸਨ: 1. ਕਪੂਰ ਸਿੰਘ ਫ਼ੈਜ਼ਲਾਪੁਰ (ਮਗਰੋਂ ਮਿਸਲ ਫ਼ੈਜ਼ਲਾਪੁਰੀਆ). 2. ਕਰੋੜਾ ਸਿੰਘ ਪੈਜਗੜ੍ਹ (ਮਗਰੋਂ

ਮਿਸਲ ਕਰੋੜਾਸਿੰਘੀਆ).3. ਗੁਰਦਿਆਲ ਸਿੰਘ ਡੱਲੇਵਾਲ (ਮਗਰੋਂ ਮਿਸਲ ਡਲੇਵਾਲੀਆ). 4. ਨੈਪ ਸਿੰਘ ਸੁਕਰਚੱਕ (ਮਗਰੋਂ ਮਿਸਲ ਸੁਕਰਚੱਕੀਆ). 5. ਜੱਸਾ ਸਿੰਘ ਆਹਲੂ ਪਿੰਡ (ਮਗਰੋਂ ਮਿਸਲ ਆਹਲੂਵਾਲੀਆ). 6. ਦੀਪ ਸਿੰਘ ਪਹੁਵਿੰਡ (ਮਗਰੋਂ ਮਿਸਲ ਦੀਪ ਸਿੰਘ/ਸ਼ਹੀਦਾਂ). 7. ਸੁਖਾ ਸਿੰਘ ਮਾੜੀ ਕੰਬੋ. 8. ਜੀਵਨ ਸਿੰਘ ਰੰਘਰੇਟਾ. 9. ਜੱਸਾ ਸਿੰਘ ਈਚੋਗਿਲ (ਮਗਰੋਂ ਮਿਸਲ ਰਾਮਗੜ੍ਹੀਆ). 10. ਸ਼ਾਮ ਸਿੰਘ ਨਾਰੋਕੇ. 11. ਗੁਰਬਖਸ਼ ਸਿੰਘ ਕਲਸੀਆ. 12. ਕਰਮ ਸਿੰਘ ਪੈਜਗੜ੍ਹ. 13. ਖਿਆਲਾ ਸਿੰਘ ਕੰਗ. 14. ਚੰਦਾ ਸਿੰਘ ਸੁਕਰਚੱਕ. 15. ਕਾਲਾ ਸਿੰਘ ਕੰਗ. 16. ਮਦਨ ਸਿੰਘ ਮਜ਼ੂਬੀ. 17. ਬਾਘ ਸਿੰਘ ਆਹਲੂਵਾਲ. 18. ਹਰੀ ਸਿੰਘ ਭੰਗੀ (ਮਗਰੋਂ ਮਿਸਲ ਭੰਗੀਆਂ). 19. ਛੱਜਾ ਸਿੰਘ ਪੰਜਵੜ. 20. ਸੁਧ ਸਿੰਘ ਡੋਡੀਆ. 21. ਭੂਮਾ ਸਿੰਘ ਕਾਹਨਾ. 22. ਜੈ ਸਿੰਘ ਕਾਹਨਾ (ਮਗਰੋਂ ਮਿਸਲ ਕਨ੍ਹਈਆ). 23. ਹਕੀਕਤ ਸਿੰਘ. 24. ਹੀਰਾ ਸਿੰਘ ਨੱਕਾ ਇਲਾਕਾ (ਮਗਰੋਂ ਮਿਸਲ ਨੱਕਈ). 25. ਸੱਦਾ ਸਿੰਘ. 26. ਕਰਮ ਸਿੰਘ ਨਾਰਲੀ. 27. ਧਰਮ ਸਿੰਘ ਭਟਚੰਗ. 27. ਬੇਦਾਨ ਸਿੰਘ. 29. ਬੀਰ ਸਿੰਘ ਧੀਰ. 30. ਅੱਘੜ ਸਿੰਘ।

ਇਹ ਜਥੇ ਇਲਾਕਾ, ਧੜਾ, ਬਿਰਾਦਰੀ ਦੀ ਬਿਨਾਅ 'ਤੇ ਨਹੀਂ ਵੰਡੇ ਗਏ ਸਨ। ਹਰ ਤਕੜੇ ਜਰਨੈਲ ਦੀ ਅਗਵਾਈ ਵਿਚ ਇਕ-ਇਕ ਜਥਾ ਕਾਇਮ ਕੀਤਾ ਗਿਆ ਸੀ। ਫਿਰ ਇਨ੍ਹਾਂ ਜਥਿਆਂ ਵਿਚ ਕੋਈ ਅਹੁਦਾ, ਰੈਂਕ ਜਾਂ ਦਰਜਾ ਨਹੀਂ ਸੀ। ਖਾਲਸਾ ਫ਼ੌਜ 'ਚ ਸ਼ਾਮਿਲ ਹੋਣ ਵਾਸਤੇ "ਘੋੜ ਸਵਾਰੀ ਦੀ ਜਾਚ ਹੋਣਾ, ਤਲਵਾਰ ਚਲਾਉਣੀ ਆਉਣਾ ਅਤੇ ਜਿੰਦ ਪੰਥ ਦੇ ਲੇਖੇ ਲਾਉਣ ਦਾ ਐਲਾਨ ਕਰਨਾ" ਹੀ ਤਿੰਨ ਸ਼ਰਤਾਂ ਸਨ। ਕਿਸੇ ਫ਼ੌਜੀ ਦੀ ਕੋਈ ਤਨਖ਼ਾਹ ਨਹੀਂ ਸੀ ਤੇ ਉਸ ਦਾ ਈਨਾਮ ਸ਼ਹੀਦੀ ਸੀ। ਜਥੇ ਦੇ ਹਰ ਮੈਂਬਰ ਜਾਂ ਜਥੇਦਾਰ ਦੀ ਹਸਤੀ ਇਕੋ ਜਿਹੀ ਸੀ ਅਤੇ ਸਾਰੇ ਫ਼ੈਸਲੇ ਗੁਰਮਤੇ ਰਾਹੀਂ ਹੋਇਆ ਕਰਦੇ ਸਨ। ਜਦੋਂ ਕੋਈ ਜਥਾ ਸ਼ਾਹੀ ਖਜ਼ਾਨੇ ਲੁੱਟ ਕੇ ਲੈ ਆਂਦਾ ਜਾਂ ਕਿਤੇ ਕੋਈ ਰਕਮ, ਹਥਿਆਰ ਜਾਂ ਘੋੜੇ ਹਾਸਲ ਹੋਇਆ ਕਰਦੇ ਸਨ, ਤਾਂ ਉਸ ਨੂੰ ਹਰ ਇਕ ਸਿੱਖ ਫ਼ੌਜੀ ਵਿਚ ਬਰਾਬਰ-ਬਰਾਬਰ ਵੰਡ ਦਿੱਤਾ ਜਾਂਦਾ ਸੀ। ਕੋਈ ਵੀ ਸਿੱਖ ਕਿਸੇ ਵੀ ਜਥੇ ਵਿਚ ਸ਼ਾਮਿਲ ਹੋ ਸਕਦਾ ਸੀ।

1985: ਲੌਂਗੋਵਾਲ ਦੇ ਕਤਲ ਸਬੰਧੀ ਗ੍ਰਿਫ਼ਤਾਰ ਹਲਵਿੰਦਰ ਸਿੰਘ ਨੂੰ ਜ਼ਹਿਰ ਦਾ ਟੀਕਾ ਲਾ ਕੇ ਮਾਰਿਆ

ਰਾਜੀਵ-ਲੌਂਗੋਵਾਲ ਸਮਝੌਤੇ ਦੇ ਖ਼ਿਲਾਫ਼ ਰੋਸ ਵਜੋਂ 20 ਅਗਸਤ 1985 ਨੂੰ ਪਿੰਡ ਸ਼ੇਰਪੁਰ (ਜ਼ਿਲ੍ਹਾ ਸੰਗਰੂਰ) ਵਿਚ ਇਕ ਰੈਲੀ ਦੌਰਾਨ ਦੋ ਖਾੜਕੂਆਂ ਗਿਆਨ ਸਿੰਘ ਪਿੰਡ ਲੀਲ੍ਹਾਂ ਅਤੇ ਪਰਵਿੰਦਰ ਸਿੰਘ ਨੇ ਹਰਚੰਦ ਸਿੰਘ ਲੌਂਗੋਵਾਲ ਨੂੰ ਗੋਲੀਆਂ ਮਾਰ ਕੇ ਖ਼ਤਮ ਕਰ ਦਿੱਤਾ। ਪਰਵਿੰਦਰ ਸਿੰਘ ਨੂੰ ਪੁਲੀਸ ਨੇ ਮਗਰੋਂ ਗ੍ਰਿਫ਼ਤਾਰ ਕਰ ਕੇ ਮਾਰ ਦਿੱਤਾ। ਮਗਰੋਂ ਲੌਂਗੋਵਾਲ ਕਤਲ ਕੇਸ ਵਿਚ ਗਿਆਨ ਸਿੰਘ ਅਤੇ ਹਲਵਿੰਦਰ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਹਲਵਿੰਦਰ ਸਿੰਘ 'ਤੇ ਪੁਲੀਸ ਨੇ ਬਹੁਤ ਤਸ਼ੱਦਦ ਕੀਤਾ ਤੇ ਉਸ ਨੂੰ ਜ਼ਹਿਰ ਦਾ ਟੀਕਾ ਲਾ ਦਿੱਤਾ ਜਿਸ ਨਾਲ ਉਹ 14 ਅਕਤੂਬਰ 1985 ਦੇ ਦਿਨ ਰਜਿੰਦਰਾ ਹਸਪਤਾਲ ਪਟਿਆਲਾ ਵਿਚ ਦਮ ਤੋੜ ਗਿਆ (*ਜ਼ਹਿਰ ਦਾ ਟੀਕਾ ਪੁਲੀਸ ਮੁਖੀ ਡੀ.ਐਸ. ਮਾਂਗਟ ਦੇ ਡਾਕਟਰ ਪੁੱਤਰ ਨੇ ਲਾਇਆ ਸੀ, ਜਿਸ ਨੂੰ ਮਗਰੋਂ ਖਾੜਕੂਆਂ ਨੇ ਸਜ਼ਾਏ-ਮੌਤ ਦੇ ਦਿਤੀ ਸੀ*)। ਇਨ੍ਹਾਂ ਤੋਂ ਇਲਾਵਾ ਪੰਜ ਹੋਰ ਖਾੜਕੂਆਂ ਦੇ ਵਾਰੰਟ ਵੀ ਕੱਢੇ ਹੋਏ ਸਨ; ਇਨ੍ਹਾਂ ਦੀ ਗ੍ਰਿਫ਼ਤਾਰੀ ਵਾਸਤੇ ਵੱਡੇ ਈਨਾਮ ਐਲਾਨੇ ਗਏ: ਜਰਨੈਲ ਸਿੰਘ ਹਲਵਾਰਾ ਦਾ ਈਨਾਮ ਡੇਢ ਲੱਖ ਰੁਪੈ, ਚਰਨਜੀਤ ਸਿੰਘ ਹਲਵਾਰਾ ਦਾ ਇਕ ਲੱਖ ਰੁਪੈ, ਡਾ: ਗੁਰਮੇਲ ਸਿੰਘ ਹਲਵਾਰਾ ਦਾ ਪੰਜਾਹ ਹਜ਼ਾਰ ਰੁਪੈ, ਵਰਿੰਦਰ ਸਿੰਘ ਦਾਖਾ ਦਾ ਪੰਜਾਹ-ਹਜ਼ਾਰ ਰੁਪੈ ਅਤੇ ਇੰਦਰਜੀਤ ਸਿੰਘ ਸੰਗਰੂਰ ਦਾ ਪੰਜਾਹ

ਹਜ਼ਾਰ ਰੁਪੈ ਈਨਾਮ ਰੱਖਿਆ ਗਿਆ। *ਇਸ ਕਤਲ ਕੇਸ ਵਿਚ ਅਦਾਲਤ ਨੇ ਗਿਆਨ ਸਿੰਘ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ। (ਜੋ ਮਗਰੋਂ ਉਮਰ ਕੈਦ ਵਿਚ ਬਦਲ ਗਈ ਤੇ ਉਹ ਪੂਰੀ ਕੈਦ ਕੱਟ ਕੇ ਰਿਹਾ ਹੋਇਆ)।*

1987: ਬਲਵਿੰਦਰ ਸਿੰਘ, ਵਸਣ ਸਿੰਘ ਤੇ ਜਗਦੀਸ਼ ਸਿੰਘ ਸੰਗਰੂਰ ਜੇਲ ਵਿਚ ਸ਼ਹੀਦ

14 ਅਕਤੂਬਰ 1987 ਦੇ ਦਿਨ ਪੰਜਾਬ ਪੁਲਸ ਨੇ ਬਲਵਿੰਦਰ ਸਿੰਘ, ਵਸਣ ਸਿੰਘ ਤੇ ਜਗਦੀਸ਼ (ਪੁੱਤਰ ਸੋਹਣ ਸਿੰਘ ਅਹਿਮਦਪੁਰਾ, ਪੱਟੀ, ਅੰਮ੍ਰਿਤਸਰ) ਨੂੰ ਸੰਗਰੂਰ ਜੇਲ ਵਿਚ ਸ਼ਹੀਦ ਕਰ ਦਿੱਤਾ।

1989: ਦਲਜੀਤ ਸਿੰਘ ਬੇਦੂ ਮਾਹਲ ਨਕਲੀ ਮੁਕਾਬਲੇ ਵਿਚ ਸ਼ਹੀਦ

14 ਅਕਤੂਬਰ 1989 ਦੇ ਦਿਨ ਪੰਜਾਬ ਪੁਲਸ ਨੇ ਦਲਜੀਤ ਸਿੰਘ ਉਰਫ਼ ਬੇਦੂ (ਪੁੱਤਰ ਮਹਿੰਦਰ ਸਿੰਘ, ਵਾਸੀ ਮਾਹਲ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਗੁਰਮੀਤ ਸਿੰਘ ਭੁੱਚੋ ਮੰਡੀ, ਹਰਿੰਦਰਜੀਤ ਸਿੰਘ ਕੁੜੀ ਵਾਲਾ, ਦਰਬਾਰਾ ਸਿੰਘ ਵੜਿੰਗ ਸੂਬਾ ਸਿੰਘ ਤੇ ਜੱਗਾ ਸਿੰਘ ਬੁੱਧ ਸਿੰਘ ਵਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

14 ਅਕਤੂਬਰ 1990 ਦੇ ਦਿਨ ਪੰਜਾਬ ਪੁਲਸ ਨੇ ਗੁਰਮੀਤ ਸਿੰਘ (ਪੁੱਤਰ ਲੱਖਾ ਸਿੰਘ, ਵਾਸੀ ਭੁੱਚੋ ਮੰਡੀ, ਬਠਿੰਡਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਹਰਿੰਦਰਜੀਤ ਸਿੰਘ (ਵਾਸੀ ਕੁੜੀ ਵਾਲਾ), ਦਰਬਾਰਾ ਸਿੰਘ (ਵਾਸੀ ਵੜਿੰਗ ਸੂਬਾ ਸਿੰਘ) ਤੇ ਜੱਗਾ ਸਿੰਘ (ਵਾਸੀ ਬੁੱਧ ਸਿੰਘ ਵਾਲਾ) ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਨਿਰਭੈ ਸਿੰਘ ਅਲਾਲ ਨਕਲੀ ਮੁਕਾਬਲੇ ਵਿਚ ਸ਼ਹੀਦ

14 ਅਕਤੂਬਰ 1991 ਦੇ ਦਿਨ ਪੰਜਾਬ ਪੁਲਸ ਨੇ ਨਿਰਭੈ ਸਿੰਘ (ਪੁੱਤਰ ਧਰਮ ਸਿੰਘ, ਵਾਸੀ ਅਲਾਲ, ਨੇੜੇ ਮੂਲੋਵਾਲ, ਸੰਗਰੂਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਪੁਲੀਸ ਮੁਖੀ ਕੇ.ਪੀ. ਗਿੱਲ ਚੌਕ ਮਹਿਤਾ ਡੇਰੇ ਗਿਆ

ਚੌਦਾਂ ਅਕਤੂਬਰ 1992 ਦੇ ਦਿਨ ਜ਼ਾਲਮ ਪੁਲੀਸ ਚੀਫ਼ ਕੇ.ਪੀ.ਐਸ. ਗਿੱਲ, ਲੇਖਕ ਖ਼ੁਸ਼ਵੰਤ ਸਿੰਘ ਤੇ ਹੋਰ ਕਈ ਸਰਕਾਰੀ ਬੰਦੇ ਭਿੰਡਰਾਂਵਾਲਿਆਂ ਦੇ ਹੈੱਡ-ਕੁਆਟਰ ਚੌਕ ਮਹਿਤਾ ਗਏ। ਇਹ ਸਾਰੀ ਖੇਡ ਪ੍ਰੋ: ਸਰੂਪ ਸਿੰਘ (ਉਦੋਂ ਲੈਕਚਰਾਰ ਪੰਜਾਬ ਯੂਨੀਵਰਸਿਟੀ ਈਵਨਿੰਗ ਕਾਲਜ, ਚੰਡੀਗੜ੍ਹ) ਅਤੇ ਉਸ ਦੇ ਸਾਥੀਆਂ ਦੀ ਸੀ। ਇਹ ਸਰੂਪ ਸਿੰਘ ਉਸ ਮਨਜੀਤ ਸਿੰਘ ਸਿੱਧੂ (ਜੋ ਨਾਰਥ ਅਮਰੀਕਾ ਦੇ ਸਿੱਖਾਂ ਨੂੰ ਕਈ ਸਾਲ ਮੂਰਖ ਬਣਾ ਕੇ ਸਟਾਕਟਨ ਤੋਂ ਛਪਦੀ 'ਵਰਲਡ ਸਿੱਖ ਨਿਊਜ਼' ਦਾ ਐਡੀਟਰ ਬਣਿਆ ਰਿਹਾ; ਇਸ ਅਖ਼ਬਾਰ ਵਿਚ ਕੇ.ਪੀ.ਗਿੱਲ ਦੇ ਖ਼ਿਲਾਫ਼ ਕਦੇ ਵੀ ਇਕ ਵੀ ਲਫ਼ਜ਼ ਨਹੀਂ ਸੀ ਛਪਦਾ) ਦਾ ਸਾਥੀ ਸੀ ਜਿਸ ਨੇ ਆਪਣੀ ਧੀ ਜ਼ਾਲਮ ਡੀ.ਜੀ.ਪੀ. ਕੇ.ਪੀ.ਗਿੱਲ ਦੇ ਪੁੱਤਰ ਨਾਲ ਵਿਆਹੀ ਸੀ।

14 ਅਕਤੂਬਰ 1992 ਦੇ ਦਿਨ ਚੌਕ ਮਹਿਤਾ ਡੇਰੇ ਵਿਚ ਠਾਕਰ ਸਿੰਘ ਤੇ ਭਾਈ ਮੋਹਕਮ ਸਿੰਘ ਹਾਜ਼ਰ ਨਹੀਂ ਸਨ।ਉਨ੍ਹਾਂ ਦੀ ਗ਼ੈਰ ਹਾਜ਼ਰੀ ਵਿਚ ਹਰਨਾਮ ਸਿੰਘ ਧੁੰਮਾ (ਹੁਣ ਮੁਖੀ 'ਜਥਾ ਭਿੰਡਰਾਂ-ਮਹਿਤਾ'), ਧਰਮ ਸਿੰਘ (ਉਦੋਂ ਖ਼ਜ਼ਾਨਚੀ ਚੌਕ ਮਹਿਤਾ ਡੇਰਾ) ਨੇ ਕਮਰਾ

ਨੰਬਰ 7 ਵਿਚ ਖੁਸ਼ਵੰਤ ਸਿੰਘ ਤੇ ਕੇ.ਪੀ.ਗਿੱਲ ਨਾਲ ਖੁਫ਼ੀਆ ਮੀਟਿੰਗ ਕੀਤੀ। ਇਸ ਮੀਟਿੰਗ ਵਿਚ ਇਨ੍ਹਾਂ ਦੀ ਆਪਸ ਵਿਚ ਕੀ ਗੰਢ-ਤਰੁਪ ਹੋਈ ਜਾਂ ਆਪਸ ਵਿਚ ਕੀ ਸੌਦਾ ਹੋਇਆ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਹਾਂ, ਖੁਸ਼ਵੰਤ ਸਿੰਘ ਤੇ ਕੇ.ਪੀ.ਗਿੱਲ ਨੂੰ ਜਾਣ ਤੋਂ ਪਹਿਲਾਂ ਸਿਰੋਪਾਓ ਨਾਲ ਨਿਵਾਜਿਆ ਗਿਆ (ਹਾਲਾਂ ਕਿ ਉਨ੍ਹੀਂ ਦਿਨੀਂ ਕੇ.ਪੀ. ਗਿੱਲ ਦੇ ਹੁਕਮਾਂ ਹੇਠ ਹਰ ਰੋਜ਼ ਦਰਜਨਾਂ ਸਿੱਖ ਨਕਲੀ ਮੁਕਾਬਲਿਆਂ ਵਿਚ ਮਾਰੇ ਜਾ ਰਹੇ ਸਨ)। ਇਸ ਸਮੇਂ ਇਸ ਤੋਂ ਕੁਝ ਦਿਨ ਮਗਰੋਂ ਹੀ ਹਰਨਾਮ ਸਿੰਘ ਧੁੰਮਾ ਤੇ ਧਰਮ ਸਿੰਘ ਦੇ ਪਾਸਪੋਰਟ ਬਣ ਗਏ ਤੇ ਉਹ ਕਨੇਡਾ ਤੇ ਫਿਰ ਅਮਰੀਕਾ ਵੀ ਪਹੁੰਚ ਗਏ। (ਇਸ ਮਗਰੋਂ ਚੌਕ ਮਹਿਤਾ ਡੇਰਾ ਵਿਚ ਟਰੈਵਲ ਏਜੰਟ ਵਾਲੀਆਂ ਕਾਰਵਾਈਆਂ ਵੀ ਸ਼ੁਰੂ ਹੋ ਗਈਆਂ; ਲੋਕਾਂ ਨੂੰ ਪਾਸਪਰਟ ਤੇ ਵੀਜ਼ੇ ਵੀ ਮਿਲਣ ਲਗ ਪਏ। ਮਗਰੋਂ ਸਰਕਾਰ ਦੀ ਸਾਜ਼ਸ਼ ਨਾਲ ਹਰਨਾਮ ਸਿੰਘ ਧੁੰਮਾ ਨੂੰ ਭਾਰਤ ਵਾਪਿਸ ਲਿਆ ਕੇ ਡੇਰੇ ਦਾ ਮੁਖੀ ਬਣਾ ਦਿੱਤਾ ਗਿਆ)। ਵਧੇਰੇ ਤਫ਼ਸੀਲ ਵਾਸਤੇ ਵੇਖੋ: ਮਹਿੰਦਰ ਸਿੰਘ ਪਤਰਕਾਰ ਦੀ ਕਿਤਾਬ *'ਨੀਂਹ ਰੱਖੀ ਗਈ'*, ਸਫ਼ਾ 302। (ਮਗਰੋਂ ਹਰਨਾਮ ਸਿੰਘ ਧੁੰਮਾ ਨੂੰ ਸਰਕਾਰੀ ਸਾਜ਼ਸ਼ ਹੇਠ ਭਾਰਤ ਲਿਆ ਕੇ ਚੌਕ ਮਹਿਤਾ ਡੇਰੇ ਦਾ ਮੁਖੀ ਬਣਾ ਦਿੱਤਾ ਗਿਆ)।

1992: ਨਾਇਬ ਸਿੰਘ ਨੈਬਾ, ਹਰਮਨਜੀਤ ਸਿੰਘ ਤਾਜੋਕੇ, ਘੋਗਾ ਸਿੰਘ ਰੂੜੇਕੇ ਕਲਾਂ ਨਕਲੀ ਮੁਕਾਬਲਿਆਂ ਵਿਚ ਸ਼ਹੀਦ

14 ਅਕਤੂਬਰ 1992 ਦੇ ਦਿਨ ਪੰਜਾਬ ਪੁਲਸ ਨੇ ਨਾਇਬ ਸਿੰਘ ਨੈਬਾ ਰੂੜੇਕੇ ਕਲਾਂ, ਹਰਮਨਜੀਤ ਸਿੰਘ ਤਾਜੋਕੇ, ਘੋਗਾ ਸਿੰਘ ਰੂੜੇਕੇ ਕਲਾਂ ਨੂੰ ਪੰਜਾਬ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

2014: ਬੈਲਜੀਅਮ ਵਿਚ ਅਦਾਲਤ ਨੇ ਦਸਤਾਰ 'ਤੇ ਪਾਬੰਦੀ ਰੱਦ ਕੀਤੀ

ਫ਼ਰਾਂਸ ਵਾਂਗ ਬੈਲਜੀਅਮ ਵਿਚ ਵੀ ਸਿੱਖਾਂ ਦੇ ਦਸਤਾਰ ਪਹਿਣਨ 'ਤੇ ਪਾਬੰਦੀ ਲਾਈ ਗਈ ਸੀ। ਸਤੰਬਰ 2013 ਵਿਚ ਸ਼ਰਨਜੀਤ ਸਿੰਘ (12 ਸਾਲ) ਅਤੇ ਸੁਖਜੋਤ ਸਿੰਘ (10 ਸਾਲ) ਦੋ ਬੱਚਿਆਂ ਨੇ ਇਸ ਨੂੰ ਅਦਾਲਤ ਵਿਚ ਚੈਲੰਜ ਕੀਤਾ ਸੀ। **14 ਅਕਤੂਬਰ 2014 ਦੇ ਦਿਨ** ਬੈਲਜੀਅਮ ਦੀ ਸਭ ਤੋਂ ਵੱਡੀ ਅਦਾਲਤ 'ਕੌਂਸਲ ਡੇ ਇਟਾਟ' ਨੇ ਦਸਤਾਰ 'ਤੇ ਪਾਬੰਦੀ ਰੱਦ ਕਰ ਦਿੱਤੀ। ਅਦਾਲਤ ਨੇ ਕਿਹਾ ਕਿ ਇਹ ਪਾਬੰਦੀ ਉਦੋਂ ਤਕ ਨਹੀਂ ਲਾਈ ਜਾ ਸਕਦੀ ਜਦ ਤਕ ਇਸ ਨਾਲ ਅਮਨ ਨੂੰ ਕੋਈ ਖ਼ਤਰਾ ਨਹੀਂ ਹੁੰਦਾ। ਇਹ ਪਾਬੰਦੀ ਯੂਰਪੀਨ ਕਮਿਸ਼ਨ ਆਫ਼ ਹਿਊਮਨ ਰਾਈਟਜ਼ ਦੀ ਧਾਰਾ 9 ਦੇ ਖ਼ਿਲਾਫ਼ ਹੈ।

15 ਅਕਤੂਬਰ

1981: ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਫ਼ੀਰੋਜ਼ਪੁਰ ਜੇਲ੍ਹ ਵਿਚੋਂ ਰਿਹਾ ਹੋਏ

ਸਤੰਬਰ 1981 ਵਿਚ ਲਾਲਾ ਜਗਤ ਨਾਰਾਇਣ ਕਤਲ ਕੇਸ ਵਿਚ ਭਿੰਡਰਾਂਵਾਲਿਆਂ ਦੇ ਵਾਰੰਟ ਕੱਢੇ ਜਾਣ ਮਗਰੋਂ ਉਨ੍ਹਾਂ ਨੇ ਗ੍ਰਿਫ਼ਤਾਰੀ ਤੋਂ ਪਹਿਲਾਂ ਚੌਕ ਮਹਿਤਾ ਪਿੰਡ ਵਿਚ ਇਕ ਕਾਨਫ਼ਰੰਸ ਰੱਖ ਦਿੱਤੀ ਸੀ। ਭਿੰਡਰਾਂਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਪੁਲੀਸ ਵੀ ਭਾਰੀ ਗਿਣਤੀ ਵਿਚ ਪਹੁੰਚੀ ਹੋਈ ਸੀ। 20 ਸਤੰਬਰ ਨੂੰ ਚੌਕ ਮਹਿਤਾ ਵਿਚ ਹੋਏ ਦੀਵਾਨ ਵਿਚ ਤਿੰਨ ਲੱਖ ਤੋਂ ਵੱਧ ਸਿੱਖ ਪੁੱਜੇ। ਇਨ੍ਹਾਂ ਵਿਚ ਅਕਾਲੀ ਦਲ ਦੇ ਮੁੱਖ ਆਗੂਆਂ ਤੋਂ ਇਲਾਵਾ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਵੀ ਸ਼ਾਮਿਲ ਸਨ। ਇਸ ਦੀਵਾਨ ਵਿਚ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਅਤੇ ਅਕਾਲੀ ਦਲ ਦੇ ਪੰਜਾਬ ਅਤੇ ਦਿੱਲੀ ਦੇ ਸੀਨੀਅਰ ਆਗੂਆਂ ਨੇ ਸਰਕਾਰ ਨੂੰ ਵਾਰਨਿੰਗ ਦਿੱਤੀ ਕਿ ਜੇ ਬਾਬਾ

ਜਰਨੈਲ ਸਿੰਘ ਦਾ ਵਾਲ ਵੀ ਵਿੰਗਾ ਹੋਇਆ ਤਾਂ ਪੰਜਾਬ ਅਤੇ ਭਾਰਤ ਸਿਵਲ ਵਾਰ ਦੀ ਲਪੇਟ ਵਿਚ ਆ ਜਾਣਗੇ। ਭਿੰਡਰਾਂਵਾਲਿਆਂ ਨੇ ਸ਼ਾਮ ਵੇਲੇ ਗ੍ਰਿਫ਼ਤਾਰੀ ਦੇ ਦਿੱਤੀ। ਉਨ੍ਹਾਂ ਦੀ ਗ੍ਰਿਫ਼ਤਾਰੀ ਮਗਰੋਂ ਪੁਲੀਸ ਨੇ ਟੀਅਰ ਗੈਸ, ਲਾਠੀਚਾਰਜ ਅਤੇ ਫ਼ਾਇਰਿੰਗ ਕੀਤੀ। ਪੁਲੀਸ ਦੇ ਟੈਂਟ ਅਤੇ ਗੱਡੀਆਂ ਸਾੜ ਕੇ ਸੁਆਹ ਕਰ ਦਿੱਤੇ ਗਏ। ਪੁਲੀਸ ਫ਼ਾਇਰਿੰਗ ਵਿਚ ਕਈ ਸਿੱਖ ਮਾਰੇ ਗਏ। ਇਨ੍ਹਾਂ ਦੀ ਗਿਣਤੀ 22 ਦੱਸੀ ਜਾਂਦੀ ਹੈ (ਪਰ ਹੁਣ ਤੱਕ ਸਿਰਫ਼ 11 ਸਿੱਖਾਂ ਦੇ ਨਾਂ ਰਿਲੀਜ਼ ਕੀਤੇ ਗਏ ਹਨ)। ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਤੋਂ ਮਗਰੋਂ ਪੰਜਾਬ ਵਿਚ ਰੋਸ ਮੁਜ਼ਾਹਰੇ ਤੇ ਜਲਸੇ ਹੋਣ ਦੀ ਬਜਾਇ ਖ਼ੂਨੀ ਹੋਲੀ ਦਾ ਮਾਹੌਲ ਬਣ ਗਿਆ। ਇਸ 'ਤੇ ਘਬਰਾ ਕੇ 22 ਸਤੰਬਰ ਨੂੰ ਇੰਦਰਾ ਗਾਂਧੀ ਸਭ ਕੁਝ ਛੱਡ-ਛਡਾ ਕੇ ਚੰਡੀਗੜ੍ਹ ਪੁੱਜੀ। ਉਸ ਨੇ ਅਕਾਲੀਆਂ ਤਕ ਪਹੁੰਚ ਕੀਤੀ ਪਰ ਅਕਾਲੀ ਆਗੂਆਂ ਨੇ ਉਸ ਨਾਲ ਗਲਬਾਤ ਕਰਨ ਤੋਂ ਨਾਂਹ ਕਰ ਦਿੱਤੀ ਤੇ ਪਹਿਲਾਂ ਭਿੰਡਰਾਂਵਾਲਿਆਂ ਨੂੰ ਰਿਹਾ ਕਰਨ ਵਾਸਤੇ ਆਖਿਆ।ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਦੇ ਖ਼ਿਲਾਫ਼ ਪ੍ਰੋਟੈਸਟ ਕਰਨ ਵਾਸਤੇ ਕੁਝ ਖਾੜਕੂ ਗਰੁੱਪਾਂ ਨੇ ਪੰਜਾਬ ਦੇ ਵਖ-ਵਖ ਹਿੱਸਿਆਂ ਵਿਚ ਕਾਂਗਰਸੀ ਅਤੇ ਸਰਕਾਰੀ ਅਦਾਰਿਆਂ ਦੀਆਂ ਈਮਾਰਤਾਂ ਉੱਤੇ 'ਬੰਬ' ਸੁੱਟੇ। ਇਹ ਬੰਬ ਇੱਕ ਆਮ ਪਟਾਕੇ ਨਾਲੋਂ ਜ਼ਰਾ ਕੁ ਜ਼ਿਆਦਾ ਤਾਕਤ ਵਾਲੇ ਸਨ। ਇਨ੍ਹਾਂ ਨੂੰ ਚਲਾਉਣ ਪਿੱਛੇ ਇਹ ਇਸ਼ਾਰਾ ਸੀ ਕਿ ਇਸ ਮਗਰੋਂ ਹੋਰ ਸਖ਼ਤ ਕਾਰਵਾਈਆਂ ਵੀ ਹੋਣਗੀਆਂ। ਭਾਵੇਂ ਕਿਸੇ ਜੱਥੇਬੰਦੀ ਨੇ ਇਨ੍ਹਾਂ 'ਪਟਾਕਿਆਂ' ਨੂੰ ਚਲਾਉਣ ਬਾਰੇ ਜ਼ਿੰਮੇਦਾਰੀ ਤਾਂ ਨਹੀਂ ਸੀ ਲਈ ਪਰ ਜਾਪਦਾ ਹੈ ਕਿ ਇਹ ਕਾਰਵਾਈਆਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਅਤੇ ਦਲ ਖਾਲਸਾ ਨੇ ਮਿਲ ਕੇ ਕੀਤੀਆਂ ਸਨ। ਕੁਝ ਚਿਰਾਂ ਮਗਰੋਂ 'ਦਸ਼ਮੇਸ਼ ਰਜਮੈਂਟ' ਨੇ ਇਨ੍ਹਾਂ 'ਬੰਬਾਂ' ਦੀ ਜ਼ਿੰਮੇਦਾਰੀ ਆਪਣੇ ਸਿਰ ਲੈ ਲਈ। ਇਸ ਸਿਲਸਿਲੇ ਵਿਚ ਮਾਨ ਸਿੰਘ, ਉਦੈ ਸਿੰਘ, ਨਿਸ਼ਾਨ ਸਿੰਘ, ਪੂਰਨ ਸਿੰਘ ਅਤੇ ਹੋਰ ਕਈ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।ਸਿੱਖ ਨੌਜਵਾਨਾਂ ਵੱਲੋਂ ਭਿੰਡਰਾਂਵਾਲਿਆਂ ਨਾਲ ਏਨਾ ਜ਼ਿਆਦਾ ਮਿਲਵਰਤਣ ਦਿੱਤੇ ਜਾਣ ਨਾਲ ਅਕਾਲੀ ਦਲ ਦੇ ਕੁਝ ਆਗੂਆਂ ਨੂੰ ਇਹ ਸ਼ੱਕ ਪੈਣਾ ਸ਼ੁਰੂ ਹੋ ਗਿਆ ਕਿ ਜੇ ਇਸੇ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਸਿੱਖ ਕੌਮ ਦੀ ਅਗਵਾਈ ਅਕਾਲੀ ਪਾਰਟੀ ਦੇ ਹੱਥੋਂ ਨਿਕਲ ਕੇ ਭਿੰਡਰਾਂਵਾਲੇ ਦੇ ਹੱਥ ਵਿਚ ਆ ਜਾਵੇਗੀ। ਸਟੂਡੈਂਟਸ ਫ਼ੈਡਰੇਸ਼ਨ ਵੀ, ਪ੍ਰਧਾਨ ਭਾਈ ਅਮਰੀਕ ਸਿੰਘ ਦੇ ਭਿੰਡਰਾਂ-ਮਹਿਤਾ ਜਥੇ ਨਾਲ ਸਬੰਧਤ ਹੋਣ ਕਰ ਕੇ ਭਿੰਡਰਾਂਵਾਲੇ ਦੇ ਨਾਲ ਸੀ। ਬਬਰ ਖਾਲਸਾ ਦੇ ਅਤੇ ਹੋਰ ਖਾੜਕੂ ਸਿੱਖ ਵੀ ਭਿੰਡਰਾਂਵਾਲੇ ਦੀ ਪੂਰੀ ਹਿਮਾਇਤ ਕਰਦੇ ਸਨ। ਡਾ: ਰਜਿੰਦਰ ਕੌਰ ਦਾ ਔਰਤਾਂ ਦਾ ਅਕਾਲੀ ਦਲ ਪਹਿਲੋਂ ਹੀ 'ਗਰਮ ਪਾਲਿਸੀ' ਵਾਲੀ ਜਥੇਬੰਦੀ ਸੀ।...ਇਹ ਸਾਰੀਆਂ ਗੱਲਾਂ ਸਾਹਵੇਂ ਰੱਖ ਕੇ ਅਕਾਲੀ ਦਲ ਨੇ 27 ਸਤੰਬਰ ਨੂੰ ਲੁਧਿਆਣੇ ਦੇ ਗੁਰਦੁਆਰਾ ਆਲਮਗੀਰ ਵਿਚ ਇਕ ਹੰਗਾਮੀ ਮੀਟਿੰਗ ਬੁਲਾ ਲਈ। ਇਸ ਮੀਟਿੰਗ ਦੀ ਕਾਰਵਾਈ ਪੂਰੀ ਤਰ੍ਹਾਂ ਖ਼ੁਫ਼ੀਆ ਰੱਖੀ ਗਈ ਸੀ। ਮੀਟਿੰਗ ਦੀ ਕਾਰਵਾਈ ਖਤਮ ਹੋਣ ਮਗਰੋਂ ਅਕਾਲੀ ਦਲ ਨੇ ਐਲਾਨ ਕੀਤਾ ਕਿ ਜੇ ਭਿੰਡਰਾਂਵਾਲੇ ਨੂੰ 17 ਅਕਤੂਬਰ ਤੱਕ ਰਿਹਾ ਨਾ ਕੀਤਾ ਗਿਆ ਤਾਂ ਅਕਾਲੀ ਦਲ 18 ਅਕਤੂਬਰ 1981 ਤੋਂ ਸਿਵਲ-ਨਾਫ਼ਰਮਾਨੀ ਦੀ ਲਹਿਰ ਸ਼ੁਰੂ ਕਰ ਦੇਵੇਗਾ। ਇਸ ਨੂੰ ਸਾਹਵੇਂ ਰੱਖ ਕੇ 13-14 ਅਕਤੂਬਰ ਨੂੰ ਇੰਦਰਾ ਗਾਂਧੀ, ਦਰਬਾਰਾ ਸਿੰਘ, ਸੈਂਟਰਲ ਹੋਮ ਮਨਿਸਟਰ ਅਤੇ ਕੁੱਝ ਹੋਰ ਵੱਡੇ ਸਰਕਾਰੀ ਥੰਮ ਨਵੀਂ ਦਿੱਲੀ ਵਿਚ ਇਕੱਠੇ ਹੋਏ। ਇਸ ਸਮੇਂ ਸਾਰੇ ਕਾਂਗਰਸੀਆਂ ਨੇ ਇੰਦਰਾ ਨੂੰ ਵਾਰਨਿੰਗ ਦਿੱਤੀ ਪੰਜਾਬ ਨੂੰ ਅੱਗ ਲਗਣ ਤੋਂ ਬਚਾਉਣ ਵਾਸਤੇ ਭਿੰਡਰਾਂਵਾਲਿਆਂ ਨੂੰ ਰਿਹਾ ਕਰਨਾ ਹੀ ਪਵੇਗਾ। ਅਖ਼ੀਰ ਇਸ ਮੀਟਿੰਗ ਵਿਚ ਇਹ ਫ਼ੈਸਲਾ ਹੋਇਆ ਕਿ ਭਿੰਡਰਾਂਵਾਲੇ ਅੱਗੇ ਗੋਡੇ ਟੇਕ ਦਿੱਤੇ ਜਾਣ। ਇਸ ਤੋਂ ਇਕ ਦਿਨ ਮਗਰੋਂ ਹੀ, 15 ਅਕਤੂਬਰ 1981 ਦੇ ਦਿਨ ਫ਼ੀਰੋਜ਼ਪੁਰ ਜੇਲ੍ਹ ਵਿੱਚੋਂ ਭਿੰਡਰਾਂਵਾਲੇ ਨੂੰ ਰਿਹਾ ਕਰ ਦਿੱਤਾ ਗਿਆ।

1982: ਧਰਮਯੁੱਧ ਮੋਰਚੇ ਦੌਰਾਨ ਅਕਾਲੀਆਂ ਦੀਆਂ ਬਿਨਾਂ ਸ਼ਰਤ ਰਿਹਾਈਆਂ ਸ਼ੁਰੂ ਹੋਈਆਂ

ਧਰਮ ਯੁੱਧ ਮੋਰਚੇ ਦੇ ਸਬੰਧ ਵਿਚ ਇਸ ਵੇਲੇ ਤੱਕ ਜੇਲਾਂ ਵਿਚ 25000 ਤੋਂ ਜ਼ਿਆਦਾ ਸਿੱਖ ਕੈਦ ਸਨ ਤੇ ਸਰਕਾਰ ਦੀ ਹਾਲਤ ਬਹੁਤ ਮਾੜੀ ਸੀ। **ਅਖੀਰ 15 ਅਕਤੂਬਰ 1982 ਦੇ ਦਿਨ** ਇੰਦਰਾ ਗਾਂਧੀ ਨੇ ਸਾਰੇ ਸਿੱਖਾਂ ਦੀ ਰਿਹਾਈ ਦਾ ਐਲਾਨ ਕਰ ਦਿੱਤਾ ਪਰ ਕੁਝ ਜੇਲਾਂ ਵਿੱਚੋਂ ਅਕਾਲੀਆਂ ਨੇ ਬਾਹਰ ਆਉਣ ਤੋਂ ਨਾਂਹ ਕਰ ਦਿੱਤੀ। ਅਕਾਲੀ ਦਲ ਨੂੰ ਹੁਕਮ ਕਰ ਕੇ ਉਨ੍ਹਾਂ ਨੂੰ ਬਾਹਰ ਸੱਦਣਾ ਪਿਆ।

1983: ਚੰਡੀਗੜ੍ਹ ਰਾਮ ਲੀਲ੍ਹਾ 'ਤੇ ਬੰਬ ਸੁੱਟਿਆ ਗਿਆ

15 ਅਕਤੂਬਰ 1983 ਦੇ ਦਿਨ ਖਾੜਕੂਆਂ ਨੇ ਚੰਡੀਗੜ੍ਹ ਵਿਚ ਇਕ ਰਾਮ ਲੀਲ੍ਹਾ ਉੱਤੇ ਬੰਬ ਸੁੱਟਿਆ ਜਿਸ ਨਾਲ 3 ਬੰਦੇ ਮਰ ਗਏ ਅਤੇ 22 ਜ਼ਖ਼ਮੀ ਹੋ ਗਏ।

1985: ਅੰਮ੍ਰਿਤਸਰ ਜੇਲ੍ਹ ਚ 11 ਸਿੱਖਾਂ ਵੱਲੋਂ ਭੁੱਖ ਹੜਤਾਲ

ਰਾਜੀਵ ਗਾਂਧੀ ਨੇ ਸੁਰਜੀਤ ਬਰਨਾਲੇ ਨੂੰ ਇਸ ਵਾਸਤੇ ਅਕਾਲੀ ਦਲ ਦਾ ਪ੍ਰਧਾਨ ਤੇ ਚੀਫ਼ ਮਨਿਸਟਰ ਬਣਾਇਆ ਸੀ ਤਾਂ ਜੋ ਉਸ ਦੇ ਨਾਂ 'ਤੇ ਖਾੜਕੂਆਂ, ਖਾਲਿਸਤਾਨ, ਭਿੰਡਰਾਂਵਾਲਾ ਵਗ਼ੈਰਾ ਦੇ ਖ਼ਿਲਾਫ਼ ਪਰਾਕਸੀ (proxy) ਲੜਾਈ ਲੜੀ ਜਾ ਸਕੇ। ਸ਼ੁਰੂ ਵਿਚ ਬਰਨਾਲੇ ਨੇ ਦਿਖਾਵੇ ਵਲੋਂ ਪੰਥਕ ਮੰਗਾਂ ਬਾਰੇ ਇਕ-ਅੱਧ ਬਿਆਨ ਵੀ ਦਿੱਤਾ। ਪਰ ਇਹ ਸਭ ਕਾਗ਼ਜ਼ੀ ਕਾਰਵਾਈ ਸੀ। ਉਸ ਵਕਤ 2000 ਤੋਂ ਵੱਧ ਬੇਗੁਨਾਹ ਸਿੱਖ ਟਾਡਾ ਕੇਸਾਂ ਹੇਠ ਪੰਜਾਬ ਦੀਆਂ ਜੇਲ੍ਹਾਂ ਵਿਚ ਸਨ; 500 ਦੇ ਕਰੀਬ ਹਰਿਆਣੇ ਵਿਚ, 400 ਦੇ ਕਰੀਬ ਜੈਪੁਰ-ਜੋਧਪੁਰ 'ਚ ਅਤੇ 500 ਦੇ ਕਰੀਬ ਹੋਰ ਜੇਲ੍ਹਾਂ ਵਿਚ ਵੀ ਸਨ। ਪੰਜਾਬ 'ਚ ਕੈਦ ਸਿੱਖਾਂ ਬਾਰੇ ਬਰਨਾਲਾ ਨੇ ਜਸਟਿਸ ਅਜੀਤ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਇਕ ਸਬ-ਕਮੇਟੀ ਬਣਾਈ। ਇਸ ਕਮੇਟੀ ਵਿਚ ਭਾਜਪਾ ਦਾ ਸੀਨੀਅਰ ਆਗੂ ਲਾਲ ਚੰਦ ਸਭਰਵਾਲ ਵੀ ਸ਼ਾਮਿਲ ਸੀ। ਇਸ ਕਮੇਟੀ ਨੇ ਬਰਨਾਲੇ ਨੂੰ ਸਿਫ਼ਾਰਸ਼ ਕੀਤੀ ਕਿ ਸਾਰੇ ਬੇਗੁਨਾਹ ਸਿੱਖ ਰਿਆਅ ਕਰ ਦਿੱਤੇ ਜਾਣ। ਪਰ ਬਰਨਾਲੇ ਨੇ ਸਿਰਫ਼ 26 ਸਿੱਖ ਹੀ ਰਿਹਾਅ ਕੀਤੇ। ਹੋਰ ਤਾਂ ਹੋਰ ਉਸ ਵੇਲੇ ਇਨ੍ਹਾਂ 2000 ਵਿਚੋਂ 224 ਬੇਗੁਨਾਹ ਸਿੱਖ ਪੰਜਾਬ ਦੀਆਂ ਜੇਲ੍ਹਾਂ 'ਚ ਕੈਦ ਹੀ ਨਹੀਂ 'ਨਜ਼ਰਬੰਦ' ਵੀ ਸਨ। ਬਰਨਾਲੇ ਨੇ ਹੋਰ ਸੈਂਕੜੇ ਸਿੱਖ ਨੌਜਵਾਨ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਸੁੱਟ ਦਿੱਤੇ। ਜੇਲ੍ਹਾਂ ਵਿਚ ਸਿੱਖ ਨੌਜਵਾਨਾਂ ਨੂੰ ਬਹੁਤ ਸਾਰੀਆਂ ਮੁਢਲੀਆਂ ਕਾਨੂੰਨੀ ਸਹੂਲਤਾਂ ਵੀ ਹਾਸਿਲ ਨਹੀਂ ਸਨ ਇਸ 'ਤੇ **15 ਅਕਤੂਬਰ ਨੂੰ** ਅੰਮ੍ਰਿਤਸਰ ਜੇਲ੍ਹ 'ਚ ਬੰਦ ਸਿੱਖਾਂ ਵਿਚੋਂ 11 ਜਣਿਆਂ ਨੇ 3 ਦਿਨ ਦੀ ਭੁਖ ਹੜਤਾਲ ਕੀਤੀ। ਪੁਲਿਸ ਜ਼ਿਆਦਤੀਆਂ ਦੇ ਖ਼ਿਲਾਫ਼ ਭੁਖ ਹੜਤਾਲ ਕਰਨ ਵਿਚ ਨਰਿੰਦਰ ਸਿੰਘ, ਬਲਦੇਵ ਸਿੰਘ, ਜਸਪਾਲ ਸਿੰਘ, ਉਪਕਾਰ ਸਿੰਘ, ਬਲਕਾਰ ਸਿੰਘ, ਜਗਜੀਤ ਸਿੰਘ, ਮਨਜੀਤ ਸਿੰਘ, ਦੀਦਾਰ ਸਿੰਘ, ਸਾਹਿਬ ਸਿੰਘ, ਸਰਦਾਰਾ ਸਿੰਘ, ਕਮਲਇੰਦਰ ਸਿੰਘ ਸ਼ਾਮਿਲ ਸਨ। ਇਨ੍ਹਾਂ ਨੂੰ ਅੰਮ੍ਰਿਤਸਰ ਜੇਲ੍ਹ ਤੋਂ ਬਦਲ ਕੇ ਫ਼ੀਰੋਜ਼ਪੁਰ ਜੇਲ੍ਹ ਭੇਜ ਦਿਤਾ ਗਿਆ ਸੀ ਪਰ ਉਨ੍ਹਾਂ ਨੂੰ ਆਪਣੇ ਨਾਲ ਤੌਲੀਏ, ਕਛਹਿਰੇ ਤਕ ਵੀ ਨਾ ਲਿਜਾਣ ਦਿਤੇ ਗਏ।

1989: ਮਹਿਲ ਸਿੰਘ ਸੈਦੋ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਦਰਾਂ ਅਕਤੂਬਰ 1989 ਦੇ ਦਿਨ ਪੰਜਾਬ ਪੁਲਸ ਨੇ ਮਹਿਲ ਸਿੰਘ (ਵਾਸੀ ਸੈਦੋ, ਨੇੜੇ ਪੱਟੀ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਜਥੇਦਾਰ ਤਲਵਿੰਦਰ ਸਿੰਘ ਪਰਮਾਰ ਕਨੇਡਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕੀਤਾ

ਪੰਦਰਾਂ ਅਕਤੂਬਰ 1992 ਦੇ ਦਿਨ ਬਬਰ ਖਾਲਸਾ ਜਥੇਬੰਦੀ ਦੇ ਬਾਨੀ ਜਥੇਦਾਰ ਤਲਵਿੰਦਰ ਸਿੰਘ ਨੂੰ ਪੁਲੀਸ ਥਾਣੇਦਾਰ ਕੰਵਲਜੀਤ ਸਿੰਘ ਫਿਲੌਰ ਨੇ ਨਕਲੀ ਮੁਕਾਬਲੇ ਵਿਚ ਪਿੰਡ ਕੰਗ ਅਰਾਈਆਂ ਵਿਚ ਸ਼ਹੀਦ ਕਰ ਦਿੱਤਾ। ਪੁਲੀਸ ਨੇ ਕੁਝ ਮੁਸਲਮਾਨਾਂ ਨੂੰ ਵੀ ਮਾਰ ਕੇ ਇਹ ਕਿਹਾ ਕਿ ਇਹ ਸਾਰੇ ਪਾਕਿਸਤਾਨ ਦੇ ਜਾਸੂਸ ਸਨ ਜੋ ਤਲਵਿੰਦਰ ਸਿੰਘ ਦੇ ਨਾਲ ਹੀ (ਨਕਲੀ) ਮੁਕਾਬਲੇ ਵਿਚ ਮਾਰੇ ਗਏ ਸਨ। ਜਥੇਦਾਰ ਤਲਵਿੰਦਰ ਸਿੰਘ ਨੂੰ ਦਸ ਦਿਨ ਪਹਿਲਾਂ ਗ੍ਰਿਫ਼ਤਾਰ ਕੀਤਾ ਸੀ ਤੇ ਉਸ 'ਤੇ ਬਹੁਤ ਜ਼ਿਆਦਾ ਤਸ਼ੱਦਦ ਕੀਤਾ ਗਿਆ ਸੀ।

2014: ਦਰਬਾਰ ਸਾਹਿਬ ਦੀ ਪਰਿਕਰਮਾ ਵਿਚੋਂ ਨਕਲੀ ਬੰਸਾਲਵੀ ਵਾਲੀ ਸਿਲ ਉਤਾਰੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 15 ਅਕਤੂਬਰ 2014 ਦੇ ਦਿਨ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਮਹਾਰਾਜਾ ਸ਼ੇਰ ਸਿੰਘ ਦੀ ਨਕਲੀ ਬੰਸਾਲਵੀ ਵਾਲੀ ਸਿਲ ਉਤਾਰ ਦਿੱਤੀ। ਵਿਦਵਾਨਾਂ ਨੇ ਕਈ ਵਾਰ ਸ਼੍ਰੋਮਣੀ ਕਮੇਟੀ ਤੋਂ ਇਸ ਨੂੰ ਹਟਾਉਣ ਦੀ ਮੰਗ ਕੀਤੀ ਸੀ ਪਰ ਇਹ ਉਦੋਂ ਤਕ ਨਾ ਹੋਇਆ ਜਦ ਤਕ ਵਿਦਵਾਨ ਸਿੰਘ ਨਾਂ ਦੇ ਇਕ ਸਿੱਖ ਨੇ 7 ਮਾਰਚ 2014 ਦੇ ਦਿਨ ਇਸ ਸਬੰਧੀ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵਿਚ ਕੇਸ ਨਾ ਕਰ ਦਿੱਤਾ। ਦਰਅਸਲ ਇਹ ਸਿਲ ਕਿਸੇ ਪ੍ਰਵਾਰ ਨੇ ਅੱਪਣੇ ਆਪ ਨੂੰ ਰਣਜੀਤ ਸਿੰਘ ਨਾਲ ਸਬੰਧਤ ਸਾਬਿਤ ਕਰਨ ਵਾਸਤੇ ਕਿਸੇ ਕਾਰ ਸੇਵਾ ਦੇ ਕਿਸੇ ਸਾਧ ਨੂੰ ਪੈਸਾ ਦੇ ਕੇ ਲਗਵਾਈ ਸੀ। ਅਖ਼ੀਰ ਜਦ ਕਮਿਸ਼ਨ ਕੋਲ 1852 ਦਾ ਮਾਲ ਮਹਿਕਮੇ ਦਾ ਰਿਕਾਰਡ ਪੇਸ਼ ਕੀਤਾ ਗਿਆ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਸਿਲ ਉਤਾਰ ਦਿੱਤੀ।

ਹਰਿਆਣਾ ਅਸੈਂਬਲੀ ਚੋਣਾਂ (2014) ਵਿਚ 15 ਪੰਜਾਬੀ ਤੇ 4 ਸਿੱਖ ਜਿੱਤੇ

15 ਅਕਤੂਬਰ 2014 ਦੇ ਦਿਨ ਹੋਈਆਂ ਹਰਿਆਣਾ ਅਸੈਂਬਲੀ ਦੀਆਂ ਚੋਣਾਂ ਦੇ ਨਤੀਜੇ 19 ਅਕਤੂਬਰ ਨੂੰ ਐਲਾਨੇ ਗਏ। 90 ਵਿਚੋਂ 15 ਸੀਟਾਂ 'ਤੋਂ ਪੰਜਾਬੀ ਉਮੀਦਵਾਰ ਜਿੱਤੇ; ਇਨ੍ਹਾਂ ਵਿਚੋਂ 9 ਭਾਜਪਾ ਦੇ, 4 ਇਨੈਲੋ ਦੇ ਤੇ ਇਕ ਅਕਾਲੀ ਹਨ। ਇਨ੍ਹਾਂ 15 ਪੰਜਾਬੀਆਂ ਵਿਚੋਂ ਵਿਚੋਂ 4 ਸਿੱਖ ਹਨ, ਜਿਨ੍ਹਾਂ ਵਿਚ ਭਾਜਪਾ ਦੇ ਬਖ਼ਸ਼ੀਸ਼ ਸਿੰਘ ਵਿਰਕ (ਅਸੰਧ), ਲੋਕ ਦਲ ਦੇ ਜਸਵਿੰਦਰ ਸਿੰਘ ਸੰਧੂ (ਪਿਹੋਵਾ) ਤੇ ਰਵਿੰਦਰ ਸਿੰਘ ਬਲਿਆਲਾ (ਰਤੀਆ) ਤੇ ਬਾਦਲ ਅਕਾਲੀ ਦਲ ਦੇ ਬਲਕੌਰ ਸਿੰਘ (ਕਾਲਿਆਂ ਵਾਲੀ)। ਭਾਜਪਾ ਨੇ ਪੰਜਾਬੀ ਪਿਛੋਕੜ ਦੇ ਮਨੋਹਰ ਲਾਲ ਖੱਟੜ (ਪ੍ਰਚਾਰਕ ਆਰ.ਐਸ. ਐਸ.) ਨੂੰ ਚੀਫ਼ ਮਨਿਸਟਰ ਨਾਮਜ਼ਦ ਕੀਤਾ।

16 ਅਕਤੂਬਰ

1670: ਬੰਦਾ ਸਿੰਘ ਬਹਾਦਰ ਦਾ ਜਨਮ ਹੋਇਆ

ਬਾਬਾ ਬੰਦਾ ਸਿੰਘ ਇਕ ਉਹ ਲਾਸਾਨੀ ਕਮਾਲ ਸੀ, ਜੋ ਕੋਈ ਅਫ਼ਸਾਨਾ ਨਹੀਂ ਬਲਕਿ ਹੱਡ-ਮਾਸ ਦਾ ਇਕ ਸੱਚਮੁਚ ਦਾ ਇਨਸਾਨ ਸੀ, ਜੋ ਇਸ ਧਰਤੀ 'ਤੇ ਜੀਵਿਆ, ਵਿਚਰਿਆ ਤੇ ਸ਼ਹੀਦ ਹੋਇਆ। ਪਹਿਲੀ ਵਾਰ ਅਤੇ ਅਸਲ ਖਾਲਸਾ ਰਾਜ ਕਾਇਮ ਕਰਨ ਦਾ ਮਾਣ, ਇਸ ਮਹਾਨ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਥੀਆਂ ਦਾ ਬਣਦਾ ਹੈ। ਪੰਜਾਬ ਦੇਸ ਦੀ ਸੱਤ ਸੌ ਸਾਲ ਦੀ (ਤੇ ਭਾਰਤੀ ਜਜ਼ੀਰੇ ਦੀ ਇਕ ਹਜ਼ਾਰ ਸਾਲ

ਦੀ) ਵਿਦੇਸ਼ੀ ਗ਼ੁਲਾਮੀ ਨੂੰ ਖ਼ਤਮ ਕਰਨ ਦਾ ਸਿਹਰਾ ਇਸੇ ਮਹਾਨ ਹੀਰੋ ਅਤੇ ਉਸ ਦੇ ਸਾਥੀਆਂ ਸਿਰ ਬੱਝਦਾ ਹੈ।

ਬਾਬਾ ਬੰਦਾ ਸਿੰਘ ਇਕ ਉਹ ਲਾਸਾਨੀ ਕਮਾਲ ਸੀ, ਜੋ ਕੋਈ ਅਫ਼ਸਾਨਾ ਨਹੀਂ ਬਲਕਿ ਹੱਡ-ਮਾਸ ਦਾ ਇਕ ਸੱਚਮੁਚ ਦਾ ਇਨਸਾਨ ਸੀ, ਜੋ ਇਸ ਧਰਤੀ 'ਤੇ ਜੀਵਿਆ, ਵਿਚਰਿਆ ਤੇ ਸ਼ਹੀਦ ਹੋਇਆ। ਪਹਿਲੀ ਵਾਰ ਅਤੇ ਅਸਲ ਖਾਲਸਾ ਰਾਜ ਕਾਇਮ ਕਰਨ ਦਾ ਮਾਣ, ਇਸ ਮਹਾਨ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਥੀਆਂ ਦਾ ਬਣਦਾ ਹੈ। ਪੰਜਾਬ ਦੇਸ ਦੀ ਸੱਤ ਸੌ ਸਾਲ ਦੀ (ਤੇ ਭਾਰਤੀ ਜਜ਼ੀਰੇ ਦੀ ਇਕ ਹਜ਼ਾਰ ਸਾਲ ਦੀ) ਵਿਦੇਸ਼ੀ ਗ਼ੁਲਾਮੀ ਨੂੰ ਖ਼ਤਮ ਕਰਨ ਦਾ ਸਿਹਰਾ ਇਸੇ ਮਹਾਨ ਹੀਰੋ ਅਤੇ ਉਸ ਦੇ ਸਾਥੀਆਂ ਸਿਰ ਬੱਝਦਾ ਹੈ।

ਕੁਝ ਚਿਰ ਮਗਰੋਂ ਉਹ ਨਾਸਕ ਨਗਰ ਕੋਲ ਪੰਚਬਟੀ ਵਿਚ ਇਕ ਤਾਂਤਰਿਕ ਅਖਵਾਉਂਦੇ ਯੋਗੀ ਔਘੜ ਨਾਥ (ਬਾਬਾ ਲੂਣੀਆ) ਕੋਲ ਵੀ ਤਿੰਨ ਸਾਲ ਰਿਹਾ। 1691 ਵਿਚ ਔਘੜ ਨਾਥ ਦੀ ਮੌਤ ਮਗਰੋਂ ਉਸ ਨੇ ਆਪਣੇ ਸਾਥੀਆਂ ਅਤੇ ਚੇਲਿਆਂ ਨਾਲ ਦੱਖਣ ਵਿਚ ਡੇਰਾ ਕਾਇਮ ਕਰ ਲਿਆ। ਉਹ ਇੱਥੇ ਕਈ ਸਾਲ ਰਿਹਾ। ਇਸ ਦੌਰਾਨ ਉਹ ਅਕਸਰ ਹਿੰਦੂ ਤੀਰਥਾਂ 'ਤੇ ਵੀ ਜਾਂਦਾ ਰਹਿੰਦਾ ਸੀ।

ਫ਼ਰਵਰੀ 1696 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਧਰਮ ਪ੍ਰਚਾਰ ਦੇ ਸਬੰਧ ਵਿਚ ਖੁਰਵੱਧੀ (ਹੁਣ ਡੇਹਰਾਦੂਨ), ਰਿਸ਼ੀਕੇਸ਼, ਹਰਦੁਆਰ ਤੇ ਕਨਖਲ ਵੱਲ ਗਏ। ਇਨ੍ਹੀਂ ਦਿਨੀਂ ਹੀ ਮਾਧੋ ਦਾਸ ਵੀ ਉਧਰ ਆਇਆ ਹੋਇਆ ਸੀ। ਉਸ ਦੀ ਮੁਲਾਕਾਤ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਹੋਈ। ਗੁਰੂ ਜੀ ਨੇ ਉਸ ਨੂੰ ਬੈਰਾਗ ਤੇ ਯੋਗ ਛੱਡ ਕੇ ਕਰਮ-ਖੇਤਰ ਵਿਚ ਆਉਣ ਦੀ ਸਿਖਿਆ ਦਿਤੀ। ਮਾਧੋ ਦਾਸ ਅਤੇ ਗੁਰੂ ਸਾਹਿਬ ਦੀ ਮੁਲਾਕਾਤ ਥੋੜ੍ਹੇ ਚਿਰ ਦੀ ਸੀ। ਜੇ ਕਰ ਲਛਮਣ ਦਾਸ ਨੂੰ ਗੁਰੂ ਸਾਹਿਬ ਦੀ ਸੰਗਤ ਕੁਝ ਦਿਨ ਹੋਰ ਮਿਲ ਜਾਂਦੀ ਤਾਂ ਉਹ ਯਕੀਨਨ ਉਦੋਂ ਹੀ ਸਿੱਖੀ ਵਿਚ ਸ਼ਾਮਿਲ ਹੋ ਗਿਆ ਹੁੰਦਾ। ਹਰਦੁਆਰ ਤੋਂ ਮੁੜ ਕੇ ਬੰਦਾ ਸਿੰਘ ਆਪਣੇ ਡੇਰੇ 'ਤੇ ਵਾਪਿਸ ਚਲਾ ਗਿਆ। ਕੁਝ ਸਾਲ ਇੱਥੇ ਰਹਿਣ ਮਗਰੋਂ ਉਹ ਨੰਦੇੜ ਚਲਾ ਗਿਆ ਜਿੱਥੇ ਉਸ ਨੇ ਆਪਣਾ ਚੰਗਾ ਤਗੜਾ ਡੇਰਾ ਕਾਇਮ ਕਰ ਲਿਆ। ਮਗਰੋਂ 4 ਸਤੰਬਰ 1708 ਦੇ ਦਿਨ ਉਸ ਨੇ ਖੰਡੇ ਦੀ ਪਾਹੁਲ ਲਈ ਅਤੇ ਸਿੱਖ ਧਰਮ ਵਿਚ ਸ਼ਾਮਿਲ ਹੋ ਗਿਆ।

1710: ਸਿੱਖਾਂ ਅਤੇ ਬਹਾਦਰ ਸ਼ਾਹ ਦੀਆਂ ਫ਼ੌਜਾਂ ਵਿਚਕਾਰ ਲੜਾਈ ਹੋਈ

1 ਅਕਤੂਬਰ 1710 ਦੇ ਦਿਨ ਰਾਹੋਂ ਦੇ ਕਿਲ੍ਹੇ 'ਤੇ ਮੁਗ਼ਲ ਫ਼ੌਜ ਦਾ ਕਬਜ਼ਾ, ਸਿੱਖਾਂ ਦੇ ਖ਼ਿਲਾਫ਼ ਮੁਗ਼ਲਾਂ ਦੀ ਭਾਵੇਂ ਪਹਿਲੀ ਜਿੱਤ ਸੀ (ਰਾਹੋਂ 'ਤੇ ਸ਼ਮਸ ਖ਼ਾਨ ਦੀ ਫ਼ੌਜ ਦੇ ਕਬਜ਼ੇ ਦੀ ਖ਼ਬਰ ਬਾਦਸ਼ਾਹ ਨੂੰ 15 ਅਕਤੂਬਰ 1710 ਦੇ ਦਿਨ ਮਿਲੀ ਸੀ)। ਪਰ ਬਾਦਸ਼ਾਹ ਦੀ ਆਪਣੀ ਭੇਜੀ ਫ਼ੌਜ ਦਾ ਪਹਿਲਾ ਐਕਸ਼ਨ ਤਰਾਵੜੀ ਨੇੜੇ, ਤਕਰੀਬਨ ਉਨ੍ਹੀਂ ਦਿਨੀਂ ਹੀ (16-17 ਅਕਤੂਬਰ 1710 ਨੂੰ) ਹੋਇਆ ਸੀ। ਬਹਾਦਰ ਸ਼ਾਹ ਦੀ ਭੇਜੀ 60 ਹਜ਼ਾਰ ਫ਼ੌਜ ਵਿੱਚੋਂ ਫ਼ਿਰੋਜ਼ ਖ਼ਾਨ ਮੇਵਾਤੀ ਦੀ ਫ਼ੌਜ ਨੇ ਸਿੱਖਾਂ 'ਤੇ ਇਹ ਹਮਲਾ ਤਰਾਵੜੀ ਨੇੜੇ (ਕਰਨਾਲ ਤੋਂ 16 ਕਿਲੋਮੀਟਰ ਦੂਰ) ਅਮੀਨਗੜ੍ਹ (ਖੇੜਾ ਅਮੀਨ) ਦੀ ਜੂਹ ਵਿਚ ਕੀਤਾ ਸੀ। ਸਿੱਖ ਜਰਨੈਲ ਬਿਨੋਦ ਸਿੰਘ ਕੋਲ ਇਸ ਵੇਲੇ ਬਹੁਤ ਥੋੜ੍ਹੀਆਂ ਫ਼ੌਜਾਂ ਤੇ ਮਾਮੂਲੀ ਜਿਹਾ ਅਸਲਾ ਸੀ ਪਰ ਫਿਰ ਵੀ ਉਨ੍ਹਾਂ ਨੇ ਜ਼ਬਰਦਸਤ ਟੱਕਰ ਦਿੱਤੀ। ਪਹਿਲਾਂ ਤਾਂ ਮੁਗਲ ਫ਼ੌਜਾਂ ਦਾ ਜਰਨੈਲ ਮਹਾਬਤ ਖ਼ਾਨ ਸਿੱਖਾਂ ਦੇ ਹੱਲੇ ਤੋਂ ਡਰ ਕੇ ਪਿੱਛੇ ਹਟ ਗਿਆ ਪਰ ਫਿਰ ਫ਼ਿਰੋਜ਼ ਖ਼ਾਨ ਮੇਵਾਤੀ ਗੁੱਸਾ ਖਾ ਕੇ ਆਪ ਅੱਗੇ ਵਧਿਆ ਅਤੇ ਸਾਰੀਆਂ ਫ਼ੌਜਾਂ ਨੂੰ ਇਕ ਦਮ ਹੱਲਾ ਬੋਲਣ ਵਾਸਤੇ ਕਿਹਾ। ਇਸ ਮਗਰੋਂ ਘਮਸਾਣ ਦੀ ਜੰਗ ਹੋਈ। ਪਰ ਦੋ-ਚਾਰ ਹਜ਼ਾਰ ਸਿੱਖ ਫ਼ੌਜੀ, 60 ਹਜ਼ਾਰ ਮੁਗ਼ਲ ਫ਼ੌਜਾਂ

ਅੱਗੇ, ਬਹੁਤੀ ਦੇਰ ਤਕ ਟਿਕ ਨਾ ਸਕੇ। ਇਸ ਮੌਕੇ 'ਤੇ ਸੈਂਕੜੇ ਸਿੱਖ ਸ਼ਹੀਦ ਹੋ ਗਏ। ਫ਼ਿਰੋਜ਼ ਖ਼ਾਨ ਮੇਵਾਤੀ ਨੇ ਸ਼ਹੀਦ ਹੋਏ 300 ਸਿੱਖਾਂ ਦੇ ਸਿਰ ਕਟਵਾ ਕੇ ਬਾਦਸ਼ਾਹ ਨੂੰ ਭੇਜੇ। ਇਸ ਮਗਰੋਂ ਜੋਸ਼ ਵਿਚ ਆ ਕੇ ਮੇਵਾਤੀ ਨੇ ਸਿੱਖਾਂ 'ਤੇ ਦੋ ਹੋਰ ਹਮਲੇ ਕੀਤੇ। ਤਰਾਵੜੀ ਅਤੇ ਥਾਨੇਸਰ ਵਿਚ 19 ਅਕਤੂਬਰ ਨੂੰ ਦੋਹਾਂ ਧਿਰਾਂ ਵਿਚ ਖ਼ੂਬ ਜੰਗ ਹੋਈ। ਦੋਹਾਂ ਲੜਾਈਆਂ ਵਿਚ ਸਿੱਖ ਹਾਰ ਗਏ। ਥਾਨੇਸਰ ਚੋਂ ਹਾਰ ਕੇ ਸਿੱਖ ਸਢੌਰੇ ਵਲ ਚਲੇ ਗਏ, ਜਿੱਥੋਂ ਉਹ ਛੇਤੀ ਹੀ ਲੋਹਗੜ੍ਹ ਵਲ ਕੂਚ ਕਰ ਗਏ। ਇਸ ਦੌਰਾਨ ਸਿੱਖਾਂ ਨੂੰ ਸ਼ਾਹਬਾਦ ਵਿਚ ਵੀ ਹਾਰ ਹੋ ਚੁਕੀ ਸੀ। ਇਸ 'ਤੇ ਖ਼ੁਸ਼ ਹੋ ਕੇ ਬਾਦਸ਼ਾਹ ਨੇ 20 ਅਕਤੂਬਰ ਨੂੰ ਮੇਵਾਤੀ ਨੂੰ ਖ਼ੂਬ ਈਨਾਮ ਦਿੱਤੇ। ਮੇਵਾਤੀ ਨੂੰ ਇਕ ਲੱਖ ਰੁਪੈ ਨਕਦ ਅਤੇ ਨਾਲ ਹੀ (ਜ਼ੈਨ-ਉਦ-ਦੀਨ ਅਹਿਮਦ ਖ਼ਾਨ ਨੂੰ ਹਟਾ ਕੇ) ਸਰਹੰਦ ਦੀ ਸੂਬੇਦਾਰੀ ਵੀ ਬਖ਼ਸ਼ੀ ਗਈ।

1981: ਬਬਰ ਖਾਲਸਾ ਵੱਲੋਂ ਨਿਰੰਜਨ ਸਿੰਘ ਨਿਰੰਕਾਰੀ 'ਤੇ ਹਮਲਾ

13 ਅਪ੍ਰੈਲ 1978 ਨੂੰ ਅੰਮ੍ਰਿਤਸਰ ਵਿਚ ਹੋਏ ਸਿੱਖ ਕਤਲੇਆਮ ਦਾ ਮੁਕੱਦਮਾ ਹਾਈ ਕੋਰਟ ਦੇ ਹੁਕਮ ਨਾਲ ਪੰਜਾਬ ਤੋਂ ਬਾਹਰ ਕਰਨਾਲ ਵਿਚ ਤਬਦੀਲ ਕਰ ਦਿੱਤਾ ਗਿਆ। ਇਸ ਮੁਕੱਦਮੇ ਵਿਚ ਪੰਜਾਬ ਸਰਕਾਰ ਦੇ ਵਕੀਲਾਂ ਨੇ ਕਮਜ਼ੋਰ ਕੇਸ ਤਿਆਰ ਕੀਤਾ ਅਤੇ ਢਿੱਲੇ ਤਰੀਕੇ ਨਾਲ ਲੜਿਆ। ਇਹ ਵੀ ਚਰਚਾ ਚਲ ਪਿਆ ਸੀ ਕਿ ਨਿਰੰਕਾਰੀਆਂ ਦੇ ਮੁਖੀ ਗੁਰਬਚਨ ਸਿੰਘ ਨੇ ਆਪਣੇ ਆਪ ਨੂੰ ਅਤੇ 61 ਹੋਰ ਮੁਜਰਮਾਂ ਨੂੰ ਸਿੱਖਾਂ ਦੇ ਕਤਲ ਤੋਂ ਪੂਰੀ ਤਰਾਂ ਬਰੀ ਕਰਵਾਉਣ ਵਾਸਤੇ ਜੱਜ ਗੁਪਤਾ ਨੂੰ ਇਕ ਮੋਟੀ ਰਕਮ ਰਿਸ਼ਵਤ ਵਜੋਂ ਦਿੱਤੀ ਹੈ। 4 ਜਨਵਰੀ 1980 ਨੂੰ ਗੁਪਤੇ ਨੇ ਇਨ੍ਹਾਂ ਮੁਜਰਮਾਂ ਨੂੰ 'ਬਰੀ' ਕਰਨ ਦਾ ਫ਼ੈਸਲਾ ਦੇ ਦਿੱਤਾ। ਅਕਾਲੀ ਅਖਵਾਉਂਦੇ ਚੀਫ਼ ਮਨਿਸਟਰ ਪਰਕਾਸ਼ ਸਿੰਘ ਬਾਦਲ ਨੇ ਇਸ ਫ਼ੈਸਲੇ ਦੇ ਖ਼ਿਲਾਫ਼ ਸਰਕਾਰ ਵੱਲੋਂ ਹਾਈ ਕੋਰਟ ਵਿਚ ਅਪੀਲ ਤੱਕ ਦਾਇਰ ਨਾ ਕੀਤੀ।

ਸਿੱਖਾਂ ਦੇ ਕਾਤਲਾਂ ਨੂੰ ਬਰੀ ਕਰਨ, ਅਕਾਲੀ ਸਰਕਾਰ ਵੱਲੋਂ ਅਪੀਲ ਦਾਇਰ ਨਾ ਕਰਨ, ਫ਼ਿਰਕੂ ਹਿੰਦੂਆਂ ਵੱਲੋਂ ਨਿਰੰਕਾਰੀਆਂ ਦੀ ਰਿਹਾਈ ਸਮੇਂ ਖ਼ੁਸ਼ੀਆਂ ਮਨਾਉਣ ਅਤੇ ਲੱਡੂ ਵੰਡਣ ਦੀਆਂ ਘਟਨਾਵਾਂ ਨਾਲ ਹਰ ਸਿੱਖ ਦਾ ਦਿਲ ਤੜਪ ਉੱਠਿਆ। ਸਿੱਖ ਆਲਮ, ਸਿੱਖ ਵਿਦਿਆਰਥੀ, ਜੁਝਾਰੂ ਸਿੱਖ ਅਤੇ ਸਾਰੀ ਸਿੱਖ ਕੌਮ ਸੋਗ, ਰੰਜ, ਗੁੱਸੇ, ਰੋਹ ਤੇ ਸੋਚ ਵਿਚ ਪੈ ਗਈ। ਇਸ ਮਾਹੌਲ ਵਿਚ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ, ਅਖੰਡ ਕੀਰਤਨੀ ਜਥਾ, ਕੈਨੇਡਾ ਦੇ ਜਥੇਦਾਰ ਤਲਵਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀ ਅਤੇ ਹੋਰ ਬਹੁਤ ਸਾਰੇ ਸਰਗਰਮ ਪੰਥਕ ਕਾਰਕੁੰਨ ਸਿੱਖਾਂ ਦੇ ਕਤਲੇਆਮ ਦੇ ਜ਼ਿੰਮੇਦਾਰਾਂ ਨੂੰ ਯਕੀਨਨ ਸਜ਼ਾ ਦੇਣਾ ਚਾਹੁੰਦੇ ਸਨ। ਭਾਰਤ ਦੀਆਂ ਬੇਇਨਸਾਫ਼ ਅਦਾਲਤਾਂ ਤੋਂ ਇਨਸਾਫ਼ ਨਾ ਮਿਲ ਸਕਣ ਮਗਰੋਂ ਇਨ੍ਹਾਂ ਸਿੱਖਾਂ ਦੇ ਇਨਸਾਫ਼ ਆਪ ਕਰਨ ਦਾ ਇਰਾਦਾ ਕੀਤਾ। ਵੱਖ-ਵੱਖ ਜਗਹ ਬੈਠੇ ਜੁਝਾਰੂ ਸੋਚ ਵਾਲੇ ਸਿੱਖਾਂ ਨੇ ਅਖ਼ੀਰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਐਲਾਨਨਾਮੇ ਦੀਆਂ ਲਾਈਨਾਂ ਨੂੰ ਦੋਬਾਰਾ ਪੜ੍ਹਿਆ ਤੇ ਉਸ ਉੱਤੇ ਅਮਲ ਕਰਨ ਦਾ ਇਰਾਦਾ ਕੀਤਾ। ਇਸ ਮੁਤਾਬਿਕ ਸਿੱਖਾਂ ਨੇ ਫ਼ੈਸਲਾ ਕੀਤਾ ਕਿ ਫ਼ਿਰਕੂ ਹਿੰਦੂ ਹਾਕਮਾਂ ਤੋਂ ਇਨਸਾਫ਼ ਤਾਂ ਮਿਲਣਾ ਨਹੀਂ, ਇਨਸਾਫ਼ ਖੋਹਣਾ ਪੈਣਾ ਹੈ, ਯਾਨੀ, ਸਿੱਖਾਂ ਨੇ ਨਿਰੰਕਾਰੀ ਮੁਜਰਮਾਂ ਨੂੰ ਖ਼ੁਦ ਸਜ਼ਾ ਦੇਣ ਦਾ ਫ਼ੈਸਲਾ ਕਰ ਲਿਆ। *(ਪਹਿਲੋਂ 10 ਜੂਨ 1978 ਨੂੰ ਅਕਾਲ ਤਖ਼ਤ ਸਾਹਿਬ ਤੋਂ ਇਕ ਹੁਕਮਨਾਮਾ ਜਾਰੀ ਕਰ ਕੇ 'ਨਰਕਧਾਰੀ ਦੰਭ' ਨੂੰ ਹਰ ਹੀਲੇ ਰੋਕਣ ਵਾਸਤੇ ਸਿੱਖ ਕੌਮ ਨੂੰ ਆਖ ਦਿੱਤਾ ਗਿਆ ਸੀ)।* ਬਬਰ ਖਾਲਸਾ (ਮੁਖੀ ਜਥੇਦਾਰ ਤਲਵਿੰਦਰ ਸਿੰਘ) ਦੇ ਫੈਨਕੂਵਰ ਅਤੇ ਪੰਜਾਬ ਗਰੁੱਪ ਤੇ ਹੋਰ ਖਾੜਕੂਆਂ ਵਿਚ ਹੇਠ ਲਿਖੇ ਵਰਕਰ ਸ਼ਾਮਿਲ ਸਨ: ਸੁਖਦੇਵ ਸਿੰਘ ਦਾਸੂਵਾਲ, ਕੁਲਵੰਤ ਸਿੰਘ ਨਾਗੋਕੇ, ਅਮਰਜੀਤ ਸਿੰਘ ਦਹੇੜੂ, ਅਮਰਜੀਤ ਸਿੰਘ ਖੇਮਕਰਨੀ, ਸੇਵਾ ਸਿੰਘ (ਹੁਣ ਪਾਖੰਡੀ ਤਰਮਾਲਾ), ਗੁਰਨਾਮ

ਸਿੰਘ ਹੋਲਦਾਰ (ਤਿੰਨੇ ਪੁਲੀਸ ਅਫਸਰ ਫਰੀਦਕੋਟ), ਮਨਮੋਹਨ ਸਿੰਘ ਫੌਜੀ, ਅਣੋਖ ਸਿੰਘ, ਸੁਲੱਖਣ ਸਿੰਘ, ਗੁਰਮੀਤ ਸਿੰਘ ਧੂਲਕੋਟ, ਸੁਰਿੰਦਰ ਸਿੰਘ ਜਗਾਧਰੀ, ਸੁਰਜੀਤ ਸਿੰਘ ਰਾਮਪੁਰ ਖਿਸ਼ਨੋਈਆਂ, ਵਧਾਵਾ ਸਿੰਘ ਵਗ਼ੈਰਾ। ਇਨ੍ਹਾਂ ਐਕਸ਼ਨਾਂ ਦੌਰਾਨ 16 ਅਕਤੂਬਰ ਨੂੰ ਚੰਡੀਗੜ੍ਹ ਦੇ ਸੈਕਟਰੀਏਟ ਵਿਚ ਗੁਰਦਾਸਪੁਰ ਦੇ ਸਾਬਕਾ ਡਿਪਟੀ ਕਮਿਸ਼ਨਰ (13 ਅਪ੍ਰੈਲ 1978 ਦੇ ਕਤਲੇਆਮ ਦਾ ਇਕ ਮੋਹਰੀ) ਨਰਿੰਜਨ ਸਿੰਘ 'ਤੇ ਹਮਲਾ ਕੀਤਾ ਗਿਆ। ਬੰਦੂਕਾਂ ਦੀਆਂ ਗੋਲੀਆਂ ਦੀ ਵਾਛੜ ਵਿਚੋਂ ਨਿਰੰਜਨ ਤਾਂ ਬਚ ਗਿਆ, ਪਰ ਉਸ ਦਾ ਛੋਟਾ ਭਰਾ ਸੁਰਿੰਦਰ ਮਾਰਿਆ ਗਿਆ। ਇਸ ਐਕਸ਼ਨ ਵਿਚ ਅਮਰਜੀਤ ਸਿੰਘ ਖੇਮਕਰਨੀ, ਸੁਲੱਖਣ ਸਿੰਘ ਬਬਰ ਤੇ ਸੁਖਦੇਵ ਸਿੰਘ ਦਾਸੂਵਾਲ ਸ਼ਾਮਿਲ ਸਨ।

1914: ਜਗਤ ਸਿੰਘ ਸੁਰਸਿੰਘ ਦੀ ਅਗਵਾਈ ਚ ਗ਼ਦਰੀਆਂ ਦਾ ਚੌਕੀ ਮਾਨ 'ਤੇ ਹਮਲਾ

1914 ਵਿਚ ਸ਼ੁਰੂ ਹੋਈ ਗ਼ਦਰ ਲਹਿਰ ਦੇ ਪਹਿਲੇ ਐਕਸ਼ਨਾਂ ਵਿਚ ਗ਼ਦਰੀਆਂ ਨੇ ਜਗਤ ਸਿੰਘ ਸੁਰਸਿੰਘ ਦੀ ਅਗਵਾਈ ਚ ਚੌਕੀ ਮਾਨ 'ਤੇ ਹਮਲਾ ਕਰ ਕੇ ਖ਼ਜ਼ਾਨਾ ਲੁੱਟਣ ਦੀ ਕੋਸ਼ਿਸ਼ ਕੀਤੀ; ਇਸ ਐਕਸ਼ਨ ਵਿਚ ਗ਼ਦਰੀਆਂ ਹੱਥੋਂ ਸਟੇਸ਼ਨ ਮਾਸਟਰ ਮਾਰਿਆ ਗਿਆ। ਮਗਰੋਂ 13 ਸਤੰਬਰ 1915 ਦੇ ਦਿਨ ਇਸ ਕੇਸ ਦਾ ਫ਼ੈਸਲਾ ਦਿੱਤਾ ਗਿਆ ਜਿਸ ਹੇਠ ਜਗਤ ਸਿੰਘ ਸੁਰ ਸਿੰਘ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਗਈ।

1955: ਸਿੱਖ ਕਨਵੈਨਸ਼ਨ ਨੇ ਹਦਬੰਦੀ ਕਮਿਸ਼ਨ ਦੀ ਰਿਪੋਰਟ ਰੱਦ ਕੀਤੀ

24-25 ਅਕਤੂਬਰ 1953 ਨੂੰ ਅਕਾਲੀ ਦਲ ਵੱਲੋਂ ਪੰਜਾਬੀ ਸੂਬਾ ਕਨਵੈਨਸ਼ਨ ਕਰ ਕੇ ਪੰਜਾਬੀ ਸੂਬਾ ਕਾਇਮ ਕਰਨ ਦਾ ਮਤਾ ਪਾਸ ਕੀਤਾ ਸੀ। ਇਸ 'ਤੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਨੇ ਚਲਾਕੀ ਕੀਤੀ ਅਤੇ ਦਿਖਾਵੇ ਵਜੋਂ 22 ਦਸੰਬਰ 1953 ਨੂੰ 'ਸੂਬਿਆਂ ਦਾ ਹੱਦਬੰਦੀ ਕਮਿਸ਼ਨ' ਬਣਾ ਦਿੱਤਾ। ਇਸ ਕਮਿਸ਼ਨ ਦੇ ਤਿੰਨ 'ਚੋਂ ਦੋ ਮੈਂਬਰ ਹਿੰਦੂ ਸਨ ਅਤੇ ਉਹ ਵੀ ਕੱਟੜ। ਇਨ੍ਹਾਂ ਵਿਚੋਂ ਦੇ (ਹਿਰਦੇ ਨਾਥ ਕੁੰਜਰੂ ਅਤੇ ਪਾਨੀਕਰ) ਤਾਂ ਪਹਿਲਾਂ ਹੀ ਬੋਲੀ ਦੇ ਅਧਾਰ 'ਤੇ ਸੂਬਿਆਂ ਦੇ ਸ਼ਰੇਆਮ ਮੁਖ਼ਾਲਿਫ਼ ਮੰਨੇ ਜਾਂਦੇ ਸਨ। ਗੁਰਮੁਖ ਸਿੰਘ ਮੁਸਾਫ਼ਿਰ ਮੁਤਾਬਿਕ ਕੁੰਜਰੂ ਕੱਟੜ ਫ਼ਿਰਕਾਪ੍ਰਸਤ ਸੀ ਤੇ ਪਾਨੀਕਰ ਬੇਜ਼ਮੀਰਾ ਤੇ ਮੌਕਾ-ਤਾੜੂ ਸੀ (*ਕੌਮੀ ਏਕਤਾ*, ਨਵੰਬਰ 1974, ਸਫ਼ਾ 36)। ਫ਼ਿਰਕਾਪ੍ਰਸਤੀ ਦੇ ਰੰਗ ਵਿਚ ਰੰਗੇ ਹੋਏ ਹਿੰਦੂਆਂ ਨੂੰ ਦੇਸ਼ ਦੇ ਸੂਬਿਆਂ ਦੀ ਹੱਦਬੰਦੀ ਦਾ ਕੰਮ ਸੌਂਪਿਆ ਗਿਆ। 24 ਫ਼ਰਵਰੀ 1954 ਨੂੰ ਇਸ ਕਮਿਸ਼ਨ ਨੇ ਜਨਤਾ ਤੋਂ ਸੁਝਾਅ, ਦਲੀਲਾਂ, ਵਿਚਾਰ ਅਤੇ ਪਟੀਸ਼ਨਾਂ ਮੰਗੀਆਂ। ਆਰੀਆ ਸਮਾਜ, ਜਨਸੰਘ, ਕਾਂਗਰਸ, ਪੰਜਾਬ ਸਰਕਾਰ ਨੇ 'ਪੰਜਾਬੀ ਸੂਬੇ' ਦੇ ਵਿਰੁਧ ਅਤੇ 'ਮਹਾਂ ਪੰਜਾਬ' ਦੇ ਹੱਕ ਵਿਚ ਮੈਮੋਰੰਡਮ ਦਿੱਤਾ। ਸ਼੍ਰੋਮਣੀ ਅਕਾਲੀ ਦਲ ਨੇ ਵੀ ਇਕ ਮੈਮੋਰੰਡਮ ਤਿਆਰ ਕੀਤਾ ਜਿਸ ਵਿਚ ਪੰਜਾਬੀ ਸੂਬੇ ਦਾ ਕੇਸ ਬਹੁਤ ਸੁਹਣੇ ਢੰਗ ਨਾਲ ਪੇਸ਼ ਕੀਤਾ ਗਿਆ। ਅਕਾਲੀ ਦਲ ਨੇ ਪੰਜਾਬੀ ਸੂਬੇ ਵਾਸਤੇ ਗੁਰਦਾਸਪੁਰ, ਅੰਮ੍ਰਿਤਸਰ, ਫ਼ੀਰੋਜ਼ਪੁਰ, ਜਲੰਧਰ, ਲੁਧਿਆਣਾ, ਹੁਸ਼ਿਆਰਪੁਰ, ਅੰਬਾਲਾ (ਰੋਪੜ ਤੇ ਖਰੜ ਤਹਿਸੀਲਾਂ), ਹਿਸਾਰ (ਕਰਨਾਲ, ਕੈਥਲ ਅਤੇ ਥਾਨੇਸਰ ਤਹਿਸੀਲਾਂ) ਤੋਂ ਬਿਨਾਂ ਪੈਪਸੂ 'ਚੋਂ ਪਟਿਆਲਾ, ਬਰਨਾਲਾ, ਬਠਿੰਡਾ, ਫ਼ਤਹਿਗੜ੍ਹ, ਕਪੂਰਥਲਾ ਤੇ ਸੰਗਰੂਰ (ਨਰਵਾਣਾ ਤੇ ਜੀਂਦ ਤਹਿਸੀਲਾਂ ਛੱਡ ਕੇ) ਜ਼ਿਲੇ ਅਤੇ ਰਾਜਸਥਾਨ 'ਚੋਂ ਗੰਗਾਨਗਰ ਨੂੰ ਮਿਲਾ ਕੇ ਪੰਜਾਬੀ ਸੂਬਾ ਬਣਾਉਣ ਦੀ ਮੰਗ ਕੀਤੀ। ਫ਼ਿਰਕੂ ਹਿਰਦੇ ਨਾਥ ਕੁੰਜਰੂ ਦੀ ਸਿੱਖ ਨਫ਼ਰਤ ਬਾਰੇ ਇਕ ਕੱਟੜ ਕਾਂਗਰਸੀ ਗੁਰਮੁਖ ਸਿੰਘ ਮੁਸਾਫ਼ਿਰ (*ਕੌਮੀ ਏਕਤਾ*, ਨਵੰਬਰ 1974, ਸਫ਼ਾ 36) ਲਿਖਦਾ ਹੈ ਕਿ "ਜਦ ਮੈਂ ਪਟਿਆਲਾ ਵਿਚ ਇਸ ਹਦਬੰਦੀ ਕਮਿਸ਼ਨ ਕੋਲ ਪੇਸ਼ ਹੋਇਆ ਤਾਂ ਕੁੰਜਰੂ ਨੇ ਮੇਰੇ ਬੈਠਣ ਤੋਂ ਪਹਿਲਾਂ ਹੀ ਸਵਾਲ ਕੀਤਾ

ਕਿ 'ਤੁਸੀਂ ਗੰਗਾਨਗਰ ਤੇ ਕਾਂਗੜਾ ਪੰਜਾਬੀ ਸੂਬੇ ਵਾਸਤੇ ਕਿਵੇਂ ਮੰਗਦੇ ਹੋ?' ਮੈਂ ਕਿਹਾ ਕਿ 'ਜਿਹੜੇ ਪੰਜਾਬੀ ਬੋਲਦੇ ਇਲਾਕੇ ਨਹੀਂ ਉਹ ਤੁਸੀਂ ਕੱਢ ਦਿਓ।' ਇਸ ਤੇ ਕੁੰਜਰੂ ਨੇ ਇਕ ਦਮ ਕਿਹਾ ਕਿ 'ਫਿਰ ਤਾਂ ਇੱਥੇ ਸਿੱਖ ਬਹੁਸੰਮਤੀ ਵਿਚ ਹੋ ਜਾਣਗੇ।' ਮੈਂ ਉਸ ਨੂੰ ਕਿਹਾ ਕਿ 'ਜੇ ਕਮਿਸ਼ਨ ਨੂੰ ਇਹ ਹਦਾਇਤ ਹੈ ਕਿ ਸਿੱਖ ਕਿਸੇ ਵੀ ਤਰ੍ਹਾਂ ਬਹੁ ਸੰਮਤੀ ਵਿਚ ਨਹੀਂ ਹੋਣੇ ਚਾਹੀਦੇ ਤਾਂ ਉਸ ਦਾ ਪਾਲਣ ਕਰੋ'।" ਸੂਬਿਆਂ ਬਾਰੇ ਬਣੇ ਹਦਬੰਦੀ ਕਮਿਸ਼ਨ ਨੇ ਅਕਤੂਬਰ 1955 ਵਿਚ ਆਪਣੀ ਰਿਪੋਰਟ ਪੇਸ਼ ਕੀਤੀ। ਹਦਬੰਦੀ ਕਮਿਸ਼ਨ ਨੇ ਪੰਜਾਬੀ ਸੂਬੇ ਦੀ ਮੰਗ ਪੂਰੀ ਤਰ੍ਹਾਂ ਠੁਕਰਾ ਦਿੱਤੀ ਅਤੇ ਇਸ ਦੇ ਬਦਲੇ 'ਮਹਾਂ ਪੰਜਾਬ' ਦੀ ਹਿਮਾਇਤ ਕੀਤੀ। ਅਜੇ ਪੰਜਾਬੀ ਸੂਬੇ ਦੀ ਕਾਇਮੀ ਬਾਰੇ ਸੋਚਿਆ ਹੀ ਜਾ ਰਿਹਾ ਸੀ ਕਿ ਇਸ ਵਿਚੋਂ ਹਿੰਦੀ ਇਲਾਕੇ ਕੱਢਣ ਦੀ ਬਜਾਏ ਹੋਰ ਹਿੰਦੀ ਇਲਾਕੇ ਵਧਾਉਣ ਦੀਆਂ ਚਾਲਾਂ ਸ਼ੁਰੂ ਹੋ ਗਈਆਂ। ਪੰਜਾਬ, ਪੈਪਸੂ ਅਤੇ ਹਿਮਾਚਲ ਪ੍ਰਦੇਸ਼ ਨੂੰ ਇਕ ਕਰਨ ਦੀ ਸਿਫ਼ਾਰਸ਼ ਦਾ ਮਤਲਬ ਸੀ ਕਿ ਸਿੱਖ ਕਿਸੇ ਵੀ ਇਲਾਕੇ ਵਿਚ ਕਦੇ ਵੀ ਬਹੁ-ਗਿਣਤੀ ਵਿਚ ਨਾ ਰਹਿ ਸਕਣ। ਹਦਬੰਦੀ ਕਮਿਸ਼ਨ ਦੀ ਰਿਪੋਰਟ ਨਾਲ ਸਿੱਖਾਂ ਵਿਚ ਤੂਫ਼ਾਨ ਉਠ ਖੜਾ ਹੋਇਆ। ਮਾਸਟਰ ਤਾਰਾ ਸਿੰਘ ਨੇ ਸਿੱਖਾਂ ਨੂੰ ਇਕ 'ਅਪੀਲ' ਦੇ ਰੂਪ ਵਿਚ ਆਪਣੇ ਜਜ਼ਬਾਤ ਦਾ ਇਜ਼ਹਾਰ ਕੀਤਾ। ਇਸ ਦਿਲ ਟੁੰਬਵੀਂ ਅਪੀਲ ਨੇ ਸਿੱਖਾਂ ਵਿਚ ਜੋਸ਼ ਭਰ ਦਿੱਤਾ। ਮਾਸਟਰ ਜੀ ਨੇ **16 ਅਕਤੂਬਰ 1955** ਨੂੰ ਅੰਮ੍ਰਿਤਸਰ ਵਿਖੇ ਸਾਰੀਆਂ ਸਿੱਖ ਜਥੇਬੰਦੀਆਂ ਦੀ ਇਕ ਕਾਨਫ਼ਰੰਸ ਸੱਦ ਲਈ। ਇਸ ਵਿਚ 1300 ਨੁਮਾਇੰਦੇ ਸ਼ਾਮਿਲ ਹੋਏ। ਇਸ ਕਾਨਫ਼ਰੰਸ ਨੇ ਹਦਬੰਦੀ ਕਮਿਸ਼ਨ ਦੀ ਰਿਪੋਰਟ ਰੱਦ ਕਰ ਦਿੱਤੀ; ਕਾਨਫ਼ਰੰਸ ਨੇ ਮਾਸਟਰ ਤਾਰਾ ਸਿੰਘ ਨੂੰ ਸਾਰੇ ਹੱਕ ਦੇ ਕੇ ਕਿਹਾ ਕਿ ਉਹ ਪੰਜਾਬੀ ਸੂਬੇ ਦੀ ਕਾਇਮੀ ਵਾਸਤੇ ਜੱਦੋਜਹਿਦ ਕਰੇ।

1981: ਇੰਦਰਾ ਗਾਂਧੀ ਅਤੇ ਅਕਾਲੀਆਂ ਵਿਚਕਾਰ ਗਲਬਾਤ ਸ਼ੁਰੂ ਹੋਈ

ਲਾਲਾ ਜਗਤ ਨਾਰਾਇਣ ਕਤਲ ਕੇਸ ਵਿਚ ਭਿੰਡਰਾਂਵਾਲਿਆਂ ਨੇ 20 ਸਤੰਬਰ 1981 ਦੇ ਦਿਨ ਗ੍ਰਿਫ਼ਤਾਰੀ ਦੇ ਦਿੱਤੀ ਸੀ। ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਸਤੇ ਸਾਰੇ ਪੰਜਾਬ ਵਿਚ ਮੁਜ਼ਾਹਰੇ ਕੀਤੇ ਗਏ ਪਰ ਦਲ ਖਾਲਸਾ ਦੇ ਕੁਝ ਵਰਕਰਾਂ ਨੇ ਇਸ ਮੁਹਾਜ਼ 'ਤੇ ਇੰਟਰਨੈਸ਼ਨਲ ਲੈਵਲ 'ਤੇ ਐਕਸ਼ਨ ਕਰਨ ਦਾ ਫ਼ੈਸਲਾ ਕੀਤਾ। 29 ਸਤੰਬਰ 1981 ਦੇ ਦਿਨ ਖਾਲਸਾ ਦੇ ਪੰਜ ਵਰਕਰਾਂ (ਸਤਨਾਮ ਸਿੰਘ, ਗਜਿੰਦਰ ਸਿੰਘ, ਤੇਜਿੰਦਰ ਸਿੰਘ, ਜਸਬੀਰ ਸਿੰਘ ਤੇ ਕਰਨ ਸਿੰਘ) ਨੇ ਏਅਰ ਇੰਡੀਆ ਦਾ ਜਹਾਜ਼ ਅਗਵਾ ਕਰ ਲਿਆ ਅਤੇ ਉਸ ਨੂੰ ਲਾਹੌਰ ਲੈ ਗਏ। ਇਸੇ ਤਰ੍ਹਾਂ ਸਟੂਡੈਂਟਸ ਫ਼ੈਡਰੇਸ਼ਨ ਵੀ, ਪ੍ਰਧਾਨ ਭਾਈ ਅਮਰੀਕ ਸਿੰਘ ਦੇ ਭਿੰਡਰਾਂ-ਮਹਿਤਾ ਜਥੇ ਨਾਲ ਸਬੰਧਤ ਹੋਣ ਕਰ ਕੇ ਭਿੰਡਰਾਂਵਾਲੇ ਦੇ ਨਾਲ ਸੀ। ਬਬਰ ਖਾਲਸਾ ਦੇ ਅਤੇ ਹੋਰ ਖਾੜਕੂ ਸਿੱਖ ਵੀ ਭਿੰਡਰਾਂਵਾਲੇ ਦੀ ਪੂਰੀ ਹਿਮਾਇਤ ਕਰਦੇ ਸਨ। ਡਾ: ਰਜਿੰਦਰ ਕੌਰ ਦਾ ਔਰਤਾਂ ਦਾ ਅਕਾਲੀ ਦਲ ਪਹਿਲੋਂ ਹੀ 'ਗਰਮ ਪਾਲਿਸੀ' ਵਾਲੀ ਜਥੇਬੰਦੀ ਸੀ।...ਇਹ ਸਾਰੀਆਂ ਗੱਲਾਂ ਸਾਹਵੇਂ ਰੱਖ ਕੇ ਅਕਾਲੀ ਦਲ ਨੇ 27 ਸਤੰਬਰ ਨੂੰ ਲੁਧਿਆਣੇ ਦੇ ਗੁਰਦੁਆਰਾ ਆਲਮਗੀਰ ਵਿਚ ਇਕ ਹੰਗਾਮੀ ਮੀਟਿੰਗ ਬੁਲਾ ਲਈ। ਇਸ ਮੀਟਿੰਗ ਦੀ ਕਾਰਵਾਈ ਪੂਰੀ ਤਰ੍ਹਾਂ ਖ਼ੁਫ਼ੀਆ ਰੱਖੀ ਗਈ ਸੀ। ਮੀਟਿੰਗ ਦੀ ਕਾਰਵਾਈ ਖਤਮ ਹੋਣ ਮਗਰੋਂ ਅਕਾਲੀ ਦਲ ਨੇ ਐਲਾਨ ਕੀਤਾ ਕਿ ਜੇ ਭਿੰਡਰਾਂਵਾਲੇ ਨੂੰ 17 ਅਕਤੂਬਰ ਤੱਕ ਰਿਹਾ ਨਾ ਕੀਤਾ ਗਿਆ ਤਾਂ ਅਕਾਲੀ ਦਲ 18 ਅਕਤੂਬਰ 1981 ਤੋਂ ਸਿਵਲ-ਨਾਫ਼ੁਰਮਾਨੀ ਦੀ ਲਹਿਰ ਸ਼ੁਰੂ ਕਰ ਦੇਵੇਗਾ।

13-14 ਅਕਤੂਬਰ ਨੂੰ ਇੰਦਰਾ ਗਾਂਧੀ, ਦਰਬਾਰਾ ਸਿੰਘ, ਸੈਂਟਰਲ ਹੋਮ ਮਨਿਸਟਰ ਅਤੇ ਕੁੱਝ ਹੋਰ ਵੱਡੇ ਸਰਕਾਰੀ ਥੰਮ ਨਵੀਂ ਦਿੱਲੀ ਵਿਚ ਇਕੱਠੇ ਹੋਏ। ਉਨ੍ਹਾਂ ਸਾਰਿਆਂ ਨੇ

ਇੰਦਰਾ ਨੂੰ ਵਾਰਨਿੰਗ ਦਿੱਤੀ ਪੰਜਾਬ ਨੂੰ ਅੱਗ ਲਗਣ ਤੋਂ ਬਚਾਉਣ ਵਾਸਤੇ ਭਿੰਡਰਾਂਵਾਲਿਆਂ ਨੂੰ ਰਿਹਾ ਕਰਨਾ ਹੀ ਪਵੇਗਾ। ਅਖ਼ੀਰ ਇਸ ਮੀਟਿੰਗ ਵਿਚ ਇਹ ਫ਼ੈਸਲਾ ਹੋਇਆ ਕਿ ਭਿੰਡਰਾਂਵਾਲੇ ਅੱਗੇ ਗੋਡੇ ਟੇਕ ਦਿੱਤੇ ਜਾਣ। ਇਸ ਤੋਂ ਇਕ ਦਿਨ ਮਗਰੋਂ ਹੀ, 15 ਅਕਤੂਬਰ 1981 ਦੇ ਦਿਨ ਫ਼ੀਰੋਜ਼ਪੁਰ ਜੇਲ੍ਹ ਵਿੱਚੋਂ ਭਿੰਡਰਾਂਵਾਲੇ ਨੂੰ ਰਿਹਾ ਕਰ ਦਿੱਤਾ ਗਿਆ। ਆਪਣੇ ਵਾਅਦੇ ਮੁਤਾਬਿਕ ਅਕਾਲੀ ਆਗੂਆਂ ਨੇ ਅਗਲੇ ਦਿਨ ਹੀ 16 ਅਕਤੂਬਰ 1981 ਦੇ ਦਿਨ ਇੰਦਰਾ ਗਾਂਧੀ ਨਾਲ ਰਸਮੀ ਗੱਲਬਾਤ ਸ਼ੁਰੂ ਕਰ ਲਈ।

1987: ਸਵਰਨ ਸਿੰਘ ਕੰਮੋਕੇ ਨਕਲੀ ਮੁਕਾਬਲੇ ਵਿਚ ਸ਼ਹੀਦ

16 ਅਕਤੂਬਰ 1987 ਦੇ ਦਿਨ ਪੰਜਾਬ ਪੁਲਸ ਨੇ ਸਵਰਨ ਸਿੰਘ (ਪੁੱਤਰ ਮਹੰਤਾ ਸਿੰਘ, ਵਾਸੀ ਕੰਮੋਕੇ, ਤਹਿਸੀਲ ਪੱਟੀ, ਤਰਨ ਤਾਰਨ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਕਨੇਡਾ ਦਾ ਹਰਜਿੰਦਰ ਸਿੰਘ ਪਾੜ੍ਹਾ ਸਾਈਨਾਇਡ ਦਾ ਕੈਪਸੂਲ ਖਾ ਕੇ ਸ਼ਹੀਦ

1984 ਤੋਂ ਮਗਰੋਂ ਸਿੱਖਾਂ ਤੇ ਹੋ ਰਹੇ ਜ਼ੁਲਮਾਂ ਦੇ ਖ਼ਿਲਾਫ਼ ਜੱਦੋਜਹਿਦ ਵਿਚ ਹਿੱਸਾ ਲੈਣ ਵਾਸਤੇ ਟਰਾਂਟੋ (ਕਨੇਡਾ) ਦਾ ਵਾਸੀ ਹਰਜਿੰਦਰ ਸਿੰਘ ਪਾੜ੍ਹਾ (ਪੁੱਤਰ ਈਸ਼ਰ ਸਿੰਘ) ਵੀ ਅਵਤਾਰ ਸਿੰਘ ਬ੍ਰਹਮਾ ਦਾ ਸਾਥੀ ਬਣ ਕੇ ਪੰਜਾਬ ਵਿਚ ਆਇਆ ਹੋਇਆ ਸੀ। 16-17 ਅਕਤੂਬਰ 1988 ਦੀ ਰਾਤ ਨੂੰ ਉਹ ਪੁਲਸ ਦੇ ਘੇਰੇ ਵਿਚ ਆ ਗਿਆ। ਜਦ ਉਸ ਨੂੰ ਜਾਪਿਆ ਕਿ ਪੁਲਸ ਉਸ ਨੂੰ ਗ੍ਰਿਫ਼ਤਾਰ ਕਰ ਲਵੇਗੀ ਤਾਂ ਉਹ ਸਾਈਨਾਇਡ ਦਾ ਕੈਪਸੂਲ ਖਾ ਕੇ ਸ਼ਹੀਦ ਹੋ ਗਿਆ। ਹਾਲਾਂ ਕਿ ਪੁਲਸ ਨੇ ਉਨ੍ਹਾਂ ਦੀ ਗੱਡੀ ਨੂੰ ਬਿਨਾ ਕਿਸੇ ਐਕਸ਼ਨ ਦੇ ਛੱਡ ਦਿੱਤਾ ਸੀ।

1991: ਅਮਰਜੀਤ ਸਿੰਘ ਖੈੜੀ ਸਲਾਬਤਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

16 ਅਕਤੂਬਰ 1991 ਦੇ ਦਿਨ ਪੰਜਾਬ ਪੁਲਸ ਨੇ ਅਮਰਜੀਤ ਸਿੰਘ (ਪੁੱਤਰ ਤਰਲੋਚਨ ਸਿੰਘ, ਵਾਸੀ ਖੈੜੀ ਸਲਾਬਤਪੁਰ, ਰੋਪੜ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਮਨਜੀਤ ਸਿੰਘ ਫਿਮੂਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ ਸੋਲ੍ਹਾਂ ਅਕਤੂਬਰ 1992 ਦੇ ਦਿਨ ਮਨਜੀਤ ਸਿੰਘ ਉਰਫ਼ ਧਮਾਕਾ (ਪੁੱਤਰ ਜਗੀਰ ਸਿੰਘ, ਵਾਸੀ ਫਿਮੂਵਾਲ) ਨੂੰ ਕੋਟਲੀ ਵਸਾਵਾ ਸਿੰਘ (ਨੇੜੇ ਤਰਨਤਾਰਨ) ਵਿਚ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਡਿਪਟੀ ਸਿੰਘ ਢਿੱਲੋਂ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ ਸੋਲ੍ਹਾਂ ਅਕਤੂਬਰ 1993 ਦੇ ਦਿਨ ਡਿਪਟੀ ਸਿੰਘ (ਪੁੱਤਰ ਬਿਸ਼ਨ ਸਿੰਘ ਢਿੱਲੋਂ, ਵਾਸੀ ਸੰਗਰੂਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

17 ਅਕਤੂਬਰ

1762: ਸਿੱਖਾਂ ਨੇ ਅਹਿਮਦ ਸ਼ਾਹ ਦੁੱਰਾਨੀ (ਅਬਦਾਲੀ) ਨੂੰ ਸਿੱਧੀ ਜੰਗ ਵਿਚ ਹਰਾਇਆ

5 ਫ਼ਰਵਰੀ 1762 ਦੇ ਦਿਨ ਕੁੱਪ ਰਹੀੜ ਵਿਚ ਅਹਿਮਦ ਸ਼ਾਹ ਨੇ ਹਜ਼ਾਰਾਂ ਸਿੱਖਾਂ ਨੂੰ ਕਤਲ ਤਾਂ ਕਰ ਦਿੱਤਾ ਸੀ ਪਰ ਉਹ ਹੁਣ ਅੰਦਰੋਂ-ਅੰਦਰੀਂ ਡਰਦਾ ਵੀ ਸੀ ਕਿ ਸਿੱਖ ਇਸ

ਕਤਲੇਆਮ ਦਾ ਜਵਾਬ ਜ਼ਰੂਰ ਦੇਣਗੇ। ਇਸ ਕਰ ਕੇ ਉਸ ਨੇ ਆਪਣੇ ਵਫ਼ਾਦਾਰ ਰਾਜੇ ਆਲਾ ਸਿੰਘ ਰਾਹੀਂ ਸਿੱਖਾਂ ਨਾਲ ਰਸਾਈ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਸਿੱਖਾਂ ਨੂੰ ਪੇਸ਼ਕਸ਼ ਕੀਤੀ ਕਿ ਉਹ ਉਸ ਨਾਲ ਇਲਾਕੇ ਦੀ ਵੰਡ ਕਰ ਲੈਣ ਤੇ ਇਕ ਦੂਜੇ ਦੇ ਇਲਾਕੇ ਵਿਚ ਦਖ਼ਲ ਨਾ ਦੇਣ। ਆਲਾ ਸਿੰਘ ਦਾ ਵਕੀਲ ਨਾਨੂ ਸਿੰਘ ਗਰੇਵਾਲ ਇਹ ਪੈਗ਼ਾਮ ਲੈ ਕੇ ਸਿੱਖ ਜਰਨੈਲਾਂ ਨੂੰ ਮਿਲਿਆ। ਸਿੱਖ ਆਗੂਆਂ ਨੇ ਅਹਿਮਦ ਸ਼ਾਹ ਨੂੰ ਜਵਾਬ ਭੇਜਿਆ ਕਿ "ਕਦੇ ਵੀ ਕਿਸੇ ਨੂੰ ਥਾਲੀ ਵਿਚ ਪਾ ਕੇ ਰਾਜ ਨਹੀਂ ਮਿਲਦਾ। ਸਿੱਖਾਂ ਦਾ ਤੇਰੇ ਨਾਲ ਕੋਈ ਮੇਲ ਨਹੀਂ। ਤੂੰ ਤਾਂ ਵਿਦੇਸ਼ੀ ਹਮਲਾਵਰ ਹੈ ਤੇ ਪੰਜਾਬ ਵਿਚ ਆਪਣੀ ਹਕੂਮਤ ਕਾਇਮ ਕਰਨਾ ਚਾਹੁੰਦਾ ਹੈ ਤੇ ਅਸੀਂ ਵਿਦੇਸ਼ੀ ਹਕੂਮਤ ਦੇ ਬਿਲਕੁਲ ਖ਼ਿਲਾਫ਼ ਹਾਂ। ਤੇਰਾ ਦਾ ਤੇ ਸਿੱਖਾਂ ਦਾ ਮੇਲ ਬਾਰੂਦ ਤੇ ਅੱਗ ਦੇ ਮੇਲ ਵਾਂਗ ਹੈ। ਸਿੱਖਾਂ ਨੂੰ ਖ਼ੁਦਮੁਖ਼ਤਿਆਰੀ ਅਕਾਲ ਪੁਰਖ ਨੇ ਦੇਣੀ ਹੈ ਤੇ ਇਹ ਸਿੱਖਾਂ ਨੇ ਸਿਰ ਦੇ ਕੇ ਹਾਸਿਲ ਕਰਨੀ ਹੈ ਨਾ ਕਿ ਕਿਸੇ ਤੋਂ ਮੰਗ ਕੇ।" ਸਿੱਖਾਂ ਦੇ ਜਵਾਬ ਤੋਂ ਗੁੱਸੇ ਵਿਚ ਆ ਕੇ ਉਸ ਨੇ ਗੁਰੂ-ਦਾ-ਚੱਕ (ਅੰਮ੍ਰਿਤਸਰ) ਨੂੰ ਤਬਾਹ ਕਰਨ ਦਾ ਫ਼ੈਸਲਾ ਕੀਤਾ। ਉਹ 7 ਅਪਰੈਲ ਦੇ ਦਿਨ ਗੁਰੂ-ਦਾ-ਚੱਕ ਨੂੰ ਚਲ ਪਿਆ ਤੇ 10 ਅਪਰੈਲ 1762 ਦੇ ਦਿਨ ਉਥੇ ਪੁੱਜਾ। ਗੁਰੂ-ਦਾ-ਚੱਕ ਪਹੁੰਚ ਕੇ ਉਸ ਨੇ ਸਾਹਮਣੇ ਖੜ੍ਹਾ ਹੋ ਕੇ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀਆਂ ਅਜੇ ਅਧੂਰੀਆਂ ਬਣੀਆਂ ਇਮਾਰਤਾਂ ਢੁਹਾ ਦਿੱਤੀਆਂ ਤੇ ਅੰਮ੍ਰਿਤਸਰ ਸਰੋਵਰ ਨੂੰ ਮਲਬੇ ਤੇ ਹੱਡੀਆਂ ਨਾਲ ਭਰ ਦਿੱਤਾ। ਦੂਜੇ ਪਾਸੇ ਸਿੱਖਾਂ ਨੇ ਮਈ 1762 ਵਿਚ 'ਤੇ ਹਮਲਾ ਕੀਤਾ। ਅਜਿਹੀ ਸੀ ਇਸ ਕੌਮ ਦੀ ਦਲੇਰੀ ਤੇ ਰੂਹਾਨੀ ਤਾਕਤ ਕਿ ਅੱਧੀ ਤੋਂ ਵੱਧ ਕੌਮ ਸ਼ਹੀਦ ਹੋਣ ਦੇ ਸਿਰਫ਼ ਤਿੰਨ ਮਹੀਨੇ ਦੇ ਅੰਦਰ ਹੀ ਉਨ੍ਹਾਂ ਨੇ ਇਸ ਵੱਡੀ ਤਾਕਤ 'ਤੇ ਹਮਲਾ ਕੀਤਾ ਤੇ ਇਥੋਂ ਦੇ ਸੂਬੇਦਾਰ ਨੂੰ ਹਰਾਇਆ। ਸਿੱਖਾਂ ਨੇ ਇਹ ਕਾਮਯਾਬੀ ਉਦੋਂ ਹਾਸਿਲ ਕੀਤੀ ਸੀ, ਜਦੋਂ ਅਹਿਮਦ ਸ਼ਾਹ ਅਜੇ ਲਾਹੌਰ ਵਿਚ ਹੀ ਸੀ। ਇਸ ਜਿੱਤ ਮਗਰੋਂ ਸਿੱਖਾਂ ਦੇ ਹੌਸਲੇ ਹੋਰ ਵੀ ਬੁਲੰਦ ਹੋ ਗਏ। ਸਿੱਖਾਂ ਨੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਫੇਰ ਇਕੱਠੇ ਹੋਣਾ ਸ਼ੁਰੂ ਕਰ ਦਿੱਤਾ। **16-17 ਅਕਤੂਬਰ 1762** ਦੇ ਦਿਨ ਹਿੰਦੂ ਦੀਵਾਲੀ ਦਾ ਤਿਉਹਾਰ ਮਨਾ ਰਹੇ ਸਨ। ਇਸ ਦਿਨ ਹੀ ਸਰਬੱਤ ਖ਼ਾਲਸਾ ਦਾ ਇਕ ਇਕੱਠ ਵੀ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਮੌਕੇ 'ਤੇ ਦਰਬਾਰ ਸਾਹਿਬ ਵਿਚ 30-40 ਹਜ਼ਾਰ ਦੇ ਕਰੀਬ ਸਿੱਖ ਇਕੱਠੇ ਹੋਏ ਸਨ। ਇਸ ਦਿਨ ਸਰਬੱਤ ਖ਼ਾਲਸਾ ਨੇ ਗੁਰਮਤਾ ਕੀਤਾ ਕਿ ਹੁਣ ਅਹਿਮਦ ਸ਼ਾਹ ਨਾਲ ਆਹਮੋ-ਸਾਹਮਣੇ ਤੇ ਫ਼ੈਸਲਾਕੁੰਨ ਲੜਾਈ ਕਰਨ ਦਾ ਮੌਕਾ ਆ ਗਿਆ ਹੈ। ਉਧਰ ਅਹਿਮਦ ਸ਼ਾਹ ਦੁਰਾਨੀ ਨੇ ਵੀ ਸਿੱਖਾਂ 'ਤੇ ਇਕ ਹੋਰ ਹਮਲਾ ਕਰਨ ਦੀ ਪਲਾਨਿੰਗ ਕੀਤੀ ਹੋਈ ਸੀ। ਜਦੋਂ ਉਸ ਨੂੰ ਪਤਾ ਲਗਾ ਕਿ ਸਿੱਖ ਅੰਮ੍ਰਿਤਸਰ ਵਿਚ ਇਕੱਠੇ ਹੋਏ ਹਨ ਤਾਂ ਉਹ ਵੀ ਫ਼ੌਜ ਲੈ ਕੇ ਇਧਰ ਵਲ ਆ ਗਿਆ ਅਤੇ ਅੰਮ੍ਰਿਤਸਰ ਤੋਂ 6 ਮੀਲ ਦੂਰ ਪੜਾਅ ਕੀਤਾ। ਉਸ ਨੇ ਆਪਣੇ ਏਲਚੀ ਸਿੱਖਾਂ ਵਲ ਭੇਜੇ ਅਤੇ ਈਨ ਮੰਨਣ ਵਾਸਤੇ ਕਿਹਾ। ਸਿੱਖਾਂ ਨੇ ਅਹਿਮਦ ਸ਼ਾਹ ਦੇ ਏਲਚੀਆਂ ਨੂੰ ਜਵਾਬ ਦਿੱਤਾ ਕਿ *"ਸਿੱਖ ਕਦੇ ਕਿਸੇ ਦੀ ਈਨ ਨਹੀਂ ਮੰਨਦੇ ਤੇ ਜੇ ਅਹਿਮਦ ਸ਼ਾਹ ਸਿੱਖਾਂ ਦੇ ਹੱਥ ਵੇਖਣੇ ਚਾਹੁੰਦਾ ਹੈ ਤਾਂ ਮੁਕਾਬਲੇ ਵਿਚ ਆ ਜਾਵੇ। ਅਸੀਂ ਤਾਂ ਉਸ ਨੂੰ ਸਦਾ ਵਾਸਤੇ ਸਿੱਖ-ਮੁਲਕ ਵਿੱਚੋਂ ਕੱਢਣਾ ਹੈ।"* ਸਿੱਖਾਂ ਦਾ ਕਰਾਰਾ ਜਵਾਬ ਸੁਣ ਕੇ ਅਹਿਮਦ ਸ਼ਾਹ ਦੇ ਏਲਚੀ ਵਾਪਿਸ ਮੁੜ ਗਏ। ਜਦ ਸਿੱਖਾਂ ਦਾ ਜਵਾਬ ਅਹਿਮਦ ਸ਼ਾਹ ਨੂੰ ਪੁੱਜਾ ਤਾਂ ਉਸ ਨੇ ਆਪਣੀ ਫ਼ੌਜ ਨੂੰ ਸਿੱਖਾਂ 'ਤੇ ਹਮਲਾ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਅੰਮ੍ਰਿਤਸਰ ਸ਼ਹਿਰ ਦੇ ਬਾਹਰ ਅਹਿਮਦ ਸ਼ਾਹ ਅਤੇ ਖ਼ਾਲਸਾ ਫ਼ੌਜ ਵਿਚਕਾਰ ਲਹੂ-ਡੋਲ੍ਹਵੀਂ ਜੰਗ ਹੋਈ। ਅਹਿਮਦ ਸ਼ਾਹ ਦੀ ਅੱਧੀ ਫ਼ੌਜ ਨੂਰ-ਉਦ-ਦੀਨ ਬਮਜ਼ਈ ਦੀ ਅਗਵਾਈ ਵਿਚ ਕਸ਼ਮੀਰ 'ਤੇ ਹਮਲਾ ਕਰਨ ਗਈ ਹੋਈ ਸੀ ਪਰ ਫਿਰ ਵੀ ਉਸ ਕੋਲ ਅਜੇ ਵੀ 50 ਹਜ਼ਾਰ ਦੇ ਕਰੀਬ ਫ਼ੌਜ ਸੀ ਤੇ ਖ਼ਾਲਸਾ ਫ਼ੌਜਾਂ ਦੀ ਗਿਣਤੀ ਵੀ 30-40 ਹਜ਼ਾਰ ਦੇ ਕਰੀਬ ਸੀ। ਇਸ ਲੜਾਈ ਵਿਚ ਸਿੱਖਾਂ ਨੇ

ਅਫ਼ਗਾਨਾਂ ਦੇ ਖ਼ੂਬ ਆਹੂ ਲਾਹੇ। ਹਜ਼ਾਰਾਂ ਅਫ਼ਗਾਨ ਫ਼ੌਜੀ ਮਾਰੇ ਗਏ ਅਤੇ ਸੈਂਕੜੇ ਗ੍ਰਿਫ਼ਤਾਰ ਕਰ ਲਏ ਗਏ। ਉਸ ਵੇਲੇ ਦੀ ਦੁਨੀਆਂ ਦੀ ਸਭ ਤੋਂ ਵੱਡੀ ਦਹਿਸ਼ਤ, ਜਿਸ ਨੇ ਅਜੇ ਪੌਣੇ ਦੋ ਸਾਲ ਪਹਿਲੋਂ ਮਰਹੱਟਿਆਂ ਦੀ ਇਕ ਵੱਡੀ ਫ਼ੌਜ ਨੂੰ ਬੁਰੀ ਤਰ੍ਹਾਂ ਹਰਾਇਆ ਤੇ ਤਬਾਹ ਕੀਤਾ ਸੀ, ਉਨ੍ਹਾਂ ਸਿੱਖਾਂ ਹੱਥੋਂ ਬੁਰੀ ਮਾਰ ਖਾ ਗਿਆ, ਜਿਨ੍ਹਾਂ ਦੀ ਅੱਧੀ ਦੇ ਕਰੀਬ ਅਬਾਦੀ ਨੂੰ ਉਸ ਨੇ ਸਿਰਫ਼ ਅੱਠ ਮਹੀਨੇ ਪਹਿਲਾਂ ਕੂਪ-ਰਹੀਤ ਦੇ ਇਲਾਕੇ ਵਿਚ ਖ਼ਤਮ ਕਰ ਦਿੱਤਾ ਸੀ। *ਹਾਰਨ ਮਗਰੋਂ, ਬੇਇੱਜ਼ਤ, ਕਮਜ਼ੋਰ ਅਤੇ ਉਦਾਸ ਹੋਇਆ, ਅਹਿਮਦ ਸ਼ਾਹ ਰਾਤ ਦੇ ਹਨੇਰੇ ਵਿਚ ਅੰਮ੍ਰਿਤਸਰ ਤੋਂ ਵਾਪਿਸ ਲਾਹੌਰ ਚਲਾ ਗਿਆ।*

1969: ਚੰਡੀਗੜ੍ਹ ਵਾਸਤੇ ਆਲ ਪਾਰਟੀਜ਼ ਮੁਜ਼ਾਹਰਾ ਹੋਇਆ

ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਪੰਜਾਬ ਨੂੰ ਚੰਡੀਗੜ੍ਹ ਮੋੜਨ ਅਤੇ ਹੋਰ ਮੰਗਾਂ ਵਾਸਤੇ 15 ਅਗਸਤ 1969 ਦੇ ਦਿਨ ਤੋਂ ਮਰਨ ਵਰਤ ਦਾ ਐਲਾਨ ਕਰ ਦਿੱਤਾ। ਉਸ ਨੂੰ ਪੰਜਾਬ ਦੀ ਅਕਾਲੀ ਸਰਕਾਰ ਨੇ 12 ਅਗਸਤ ਨੂੰ ਗ੍ਰਿਫ਼ਤਾਰ ਕਰ ਕੇ ਸੈਂਟਰਲ ਜੇਲ੍ਹ ਅੰਮ੍ਰਿਤਸਰ ਵਿਚ ਭੇਜ ਦਿੱਤਾ। ਦਰਸ਼ਨ ਸਿੰਘ ਫੇਰੂਮਾਨ ਨੇ ਐਲਾਨ ਮੁਤਾਬਿਕ 15 ਅਗਸਤ 1969 ਨੂੰ ਜੇਲ੍ਹ ਵਿਚ ਹੀ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ।25 ਸਤੰਬਰ 1969 ਨੂੰ ਜਦੋਂ ਫੇਰੂਮਾਨ ਦਾ ਮਰਨ ਵਰਤ 42ਵੇਂ ਦਿਨ ਵਿਚ ਦਾਖ਼ਲ ਹੋ ਚੁੱਕਾ ਸੀ ਤਾਂ ਗੁਰਨਾਮ ਸਿੰਘ ਦੀ ਪ੍ਰਧਾਨਗੀ ਹੇਠ ਸਰਬ-ਪਾਰਟੀ ਕਾਨਫ਼ਰੰਸ ਚੰਡੀਗੜ੍ਹ ਵਿਚ ਹੋਈ ਜਿਸ ਨੇ ਕੇਂਦਰ ਤੋਂ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਿਲ ਕਰਨ ਦੀ ਮੰਗ ਕੀਤੀ। 28 ਸਤੰਬਰ ਨੂੰ ਸੱਤ ਪਾਰਟੀਆਂ ਦੇ 60 ਐਮ.ਐਲ.ਏਜ਼. ਨੇ ਪਾਰਲੀਮੈਂਟ ਦੇ ਬਾਹਰ ਚੰਡੀਗੜ੍ਹ ਵਾਸਤੇ ਧਰਨਾ ਮਾਰਿਆ। ਸਾਰੀਆਂ ਪਾਰਟੀਆਂ ਵੱਲੋਂ ਗਿਆਨੀ ਭੂਪਿੰਦਰ ਸਿੰਘ ਨੂੰ ਫੇਰੂਮਾਨ ਨੂੰ ਮਿਲ ਕੇ ਵਰਤ ਛੱਡਣ ਦੀ ਅਪੀਲ ਕਰਨ ਵਾਸਤੇ ਭੇਜਿਆ ਗਿਆ। ਪਹਿਲੀ ਅਕਤੂਬਰ 1969 ਨੂੰ ਜਦੋਂ ਵਰਤ ਨੂੰ 47ਵਾਂ ਦਿਨ ਸੀ ਗਿਆਨੀ ਭੂਪਿੰਦਰ ਸਿੰਘ ਫੇਰੂਮਾਨ ਨੂੰ ਮਿਲਿਆ ਅਤੇ ਵਰਤ ਛੱਡਣ ਦੀ ਅਪੀਲ ਕੀਤੀ। ਫੇਰੂਮਾਨ ਨੇ ਭੂਪਿੰਦਰ ਸਿੰਘ ਨੂੰ ਜਵਾਬ ਦਿੱਤਾ, **''ਤੁਸੀਂ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਰਹੇ ਹੋ। ਤੁਹਾਨੂੰ ਸਿੱਖ ਦੀ ਅਰਦਾਸ ਦਾ ਮਤਲਬ ਤੇ ਮਹਾਨਤਾ ਜਾਣਨੀ ਚਾਹੀਦੀ ਹੈ। ਮੈਂ ਤਾਂ ਚੰਡੀਗੜ੍ਹ ਮਿਲਣ 'ਤੇ ਹੀ ਮਰਨ ਵਰਤ ਛੱਡਾਂਗਾ।''** 12 ਅਕਤੂਬਰ ਨੂੰ ਹਰਿਆਣੇ ਦੇ ਊਦੈ ਸਿੰਹ ਮਾਨ ਨੇ ਆਪਣਾ ਵਰਤ ਛੱਡ ਦਿੱਤਾ ਪਰ ਫੇਰੂਮਾਨ ਨੇ ਸਭ ਅਪੀਲਾਂ ਠੁਕਰਾ ਦਿੱਤੀਆਂ। 11 ਅਕਤੂਬਰ ਨੂੰ ਫੇਰੂਮਾਨ ਤੋਂ ਪੁਲੀਸ ਦਾ ਪਹਿਰਾ ਵੀ ਹਟਾ ਲਿਆ ਤੇ ਸਾਰੇ ਮੁਕੱਦਮੇ ਵਾਪਸ ਲੈ ਲਏ ਗਏ। **17 ਅਕਤੂਬਰ 1969** ਨੂੰ ਸਾਰੀਆਂ ਪਾਰਟੀਆਂ ਵੱਲੋਂ ਚਡੀਗੜ੍ਹ ਵਿਚ ਇਕ ਵੱਡਾ ਜਲੂਸ ਕੱਢਿਆ ਗਿਆ ਜਿਸ ਵਿਚ 3 ਲੱਖ ਲੋਕ ਸ਼ਾਮਿਲ ਹੋਏ, ਪਰ ਫੇਰੂਮਾਨ ਦਾ ਮਰਨ ਵਰਤ ਕਿਸੇ ਨੇ ਵੀ ਨਾ ਅਪਣਾਇਆ।

1973: ਅਕਾਲੀ ਦਲ ਨੇ ਅਨੰਦਪੁਰ ਸਾਹਿਬ ਦਾ ਮਤਾ ਪਾਸ ਕੀਤਾ

11 ਦਸੰਬਰ 1972 ਦੇ ਦਿਨ ਨਵੀਂ ਲੀਡਰਸ਼ਿਪ ਨੇ ਸ਼੍ਰੋਮਣੀ ਅਕਾਲੀ ਦਲ ਦਾ ਨਵਾਂ ਮੈਨੀਫ਼ੈਸਟੋ (ਪਾਲਿਸੀ ਪ੍ਰੋਗਰਾਮ) ਬਣਾਉਣ ਵਾਸਤੇ ਇਕ ਕਮੇਟੀ ਬਣਾਈ ਸੀ। ਇਸ ਕਮੇਟੀ ਵਿਚ ਗੁਰਚਰਨ ਸਿੰਘ ਟੌਹੜਾ, ਗੁਰਮੀਤ ਸਿੰਘ ਮੁਕਤਸਰ, ਡਾ: ਭਗਤ ਸਿੰਘ, ਬਲਵੰਤ ਸਿੰਘ, ਗਿਆਨ ਸਿੰਘ ਰਾੜੇਵਾਲਾ, ਪਰੇਮ ਸਿੰਘ ਲਾਲਪੁਰਾ, ਜਸਵਿੰਦਰ ਸਿੰਘ ਬਰਾੜ, ਭਾਗ ਸਿੰਘ ਸਾਬਕ ਐਮ.ਐਲ.ਏ., ਅਮਰ ਸਿੰਘ ਅੰਬਾਲਵੀ, ਮੇਜਰ ਜਨਰਲ ਗੁਰਬਖ਼ਸ਼ ਸਿੰਘ ਬੱਧਨੀ, ਸੁਰਜੀਤ ਬਰਨਾਲਾ ਅਤੇ ਉਮਰਾਨੰਗਲ ਸ਼ਾਮਿਲ ਸਨ। ਇਸ ਕਮੇਟੀ ਨੇ ਅਕਾਲੀ ਦਲ ਦੇ ਸਿਆਸੀ, ਮਾਲੀ, ਧਾਰਮਿਕ ਤੇ ਸਮਾਜਿਕ ਪ੍ਰੋਗਰਾਮ ਬਾਰੇ ਨਵਾਂ ਮੈਨੀਫ਼ੈਸਟੋ ਤਿਆਰ ਕੀਤਾ।

ਇਸ ਮੈਨੀਫ਼ੈਸਟੋ 'ਚ ਸਿਆਸੀ ਨਿਸ਼ਾਨੇ ਦੇ ਲਫ਼ਜ਼ ਸਨ: **"ਪੰਥਕ ਸਿਆਸੀ ਨਿਸ਼ਾਨਾ ਨਿਸਚੇ ਤੌਰ 'ਤੇ ਦਸਮ ਪਾਤਿਸ਼ਾਹ ਦੇ ਹੁਕਮਾਂ, ਸਿੱਖ ਤਵਾਰੀਖ਼ ਦੇ ਸਫ਼ਿਆਂ ਅਤੇ ਖਾਲਸਾ ਪੰਥ ਦੇ ਮਨ ਮੰਦਰ ਵਿਚ ਉਕਰਿਆ ਚਲਿਆ ਆ ਰਿਹਾ ਹੈ, ਜਿਸ ਦਾ ਮਕਸਦ ਹੈ: ਖਾਲਸਾ ਜੀ ਦੇ ਬੋਲਬਾਲੇ। ਖਾਲਸਾ ਜੀ ਦੇ ਇਸ ਜਨਮ ਸਿੱਧ ਹੱਕ ਨੂੰ ਵਜੂਦ ਵਿਚ ਲਿਆਉਣ ਵਾਸਤੇ ਲੋੜੀਂਦੇ ਦੇਸ਼, ਕਾਲ ਅਤੇ ਸਿਆਸੀ ਆਈਨ ਨੂੰ ਬਣਾਉਣਾ ਤੇ ਕਾਇਮ ਕਰਨਾ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।"** ਸ਼੍ਰੋਮਣੀ ਅਕਾਲੀ ਦਲ ਦੇ ਇਸ ਮੈਨੀਫ਼ੈਸਟੋ ਨੂੰ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ, ਜਿਹੜੀ ਕਿ 16-17 ਅਕਤੂਬਰ 1973 ਦੇ ਦਿਨ, ਅਨੰਦਪੁਰ ਸਾਹਿਬ ਵਿਚ ਹੋਈ ਸੀ, ਵਿਚ ਮਨਜ਼ੂਰੀ ਦਿੱਤੀ ਗਈ। ਇਸ ਕਰ ਕੇ ਇਸ ਨੂੰ "ਅਨੰਦਪੁਰ ਸਾਹਿਬ ਦਾ ਮਤਾ" ਆਖਿਆ ਜਾਣ ਲੱਗ ਪਿਆ।

1981: ਦਹਿਸ਼ਤਗਰਦਾਂ ਵੱਲੋਂ ਪਟਿਆਲਾ ਵਿਚ ਸਿੱਖਾਂ 'ਤੇ ਹਮਲੇ

17 ਅਕਤੂਬਰ 1981 ਦੇ ਦਿਨ ਪਟਿਆਲੇ ਵਿਚ ਦਹਿਸ਼ਤਗਰਦ ਹਿੰਦੂ ਪਾਰਟੀ ਹਿੰਦੂ ਸੁਰਖਸ਼ਾ ਸੰਮਤੀ ਦੇ ਮੁਖੀ ਪਵਨ ਕੁਮਾਰ ਸ਼ਰਮਾ ਦੇ ਸੱਦੇ 'ਤੇ ਹਿੰਦੂਆਂ ਨੇ ਜਲੂਸ ਕੱਢਿਆ ਅਤੇ ਸਿੱਖਾਂ ਦੀਆਂ ਜਾਇਦਾਦਾਂ ਉੱਤੇ ਹਮਲੇ ਕੀਤੇ। ਇੱਕ ਸਿੱਖ ਦਾ ਸਕੂਟਰ ਪੀ.ਬੀ.ਪੀ. 2705 ਸਾੜ ਦਿੱਤਾ ਗਿਆ। ਸਿੱਖਾਂ ਦੀਆਂ ਚਾਰ ਦੁਕਾਨਾਂ ਲੁੱਟ ਲਈਆਂ ਗਈਆਂ ਅਤੇ 8 ਸਿੱਖ ਜ਼ਖ਼ਮੀ ਹੋਏ। ਇਸ ਦੇ ਬਾਵਜੂਦ ਪੁਲਸ ਵੱਲੋਂ ਕਿਸੇ ਵੀ ਹਿੰਦੂ ਦੇ ਖ਼ਿਲਾਫ਼ ਕੋਈ ਵੀ ਕਾਰਵਾਈ ਨਾ ਕੀਤੀ ਗਈ।

1986: ਕੁਲਦੀਪ ਸਿੰਘ ਪੱਪੂ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 17 ਅਕਤੂਬਰ 1986 ਦੇ ਦਿਨ ਕੁਲਦੀਪ ਸਿੰਘ ਪੱਪੂ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1987: ਜਸਬੀਰ ਸਿੰਘ ਲਾਲੀ, ਬਲਵਿੰਦਰ ਸਿੰਘ ਬਿੰਦਾ, ਨਰਿੰਦਰ ਸਿੰਘ, ਜਗਜੀਤ ਸਿੰਘ ਤੇ ਹੋਰ ਸਿੱਖ ਨਕਲੀ ਮੁਕਬਲਿਆਂ ਵਿਚ ਸ਼ਹੀਦ

ਪੰਜਾਬ ਪੁਲਸ ਨੇ 17 ਅਕਤੂਬਰ 1987 ਦੇ ਦਿਨ ਜਸਬੀਰ ਸਿੰਘ ਲਾਲੀ (ਪੁੱਤਰ ਗੁਰਮੇਲ ਸਿੰਘ ਸੀਕਰੀ, ਹੁਸ਼ਿਆਰਪੁਰ), ਬਲਵਿੰਦਰ ਸਿੰਘ ਬਿੰਦਾ (ਪੁੱਤਰ ਮਲੂਕ ਸਿੰਘ ਕੁਕੜਾਂ, ਗੜ੍ਹ ਸ਼ੰਕਰ, ਹੁਸ਼ਿਆਰਪੁਰ), ਨਰਿੰਦਰ ਸਿੰਘ (ਭੋਰਸੀਆਂ ਬ੍ਰਾਹਮਣਾਂ), ਜਗਜੀਤ ਸਿੰਘ ਤੇ ਹੋਰ ਸਿੱਖ ਨਕਲੀ ਮੁਕਬਲਿਆਂ ਵਿਚ ਸ਼ਹੀਦ ਕਰ ਦਿੱਤੇ ਗਏ।

1988: ਜਗਜੀਤ ਸਿੰਘ, 81 ਆਰ. ਬੀ. ਰਾਏ ਸਿੰਘ ਨਗਰ, ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 17 ਅਕਤੂਬਰ 1988 ਦੇ ਦਿਨ ਜਗਜੀਤ ਸਿੰਘ (ਵਾਸੀ 81 ਆਰ. ਬੀ ਰਾਏ ਸਿੰਘ ਨਗਰ, ਗੰਗਾ ਨਗਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਜੋਗਿੰਦਰ ਸਿੰਘ ਖੋਜਕੀਪੁਰ, ਤਰਸੇਮ ਸਿੰਘ ਖੋਜਕੀਪੁਰ, ਸਤਨਾਮ ਸਿੰਘ ਸੱਤਾ ਸਰਹਾਲੀ, ਹਰਜਿੰਦਰ ਸਿੰਘ ਜਿੰਦਾ ਸੀਤਲਵਾਦ, ਜੋਗਿੰਦਰ ਸਿੰਘ ਅਸਲ ਉਤਾੜ, ਕੁਲਦੀਪ ਸਿੰਘ ਕੁਠਾਲਾ, ਦਰਬਾਰਾ ਸਿੰਘ ਰੱਤਾ ਗੁੱਡਾ ਤੇ ਹੋਰ ਸਿੱਖ ਨਕਲੀ ਮੁਕਬਲਿਆਂ ਵਿਚ ਸ਼ਹੀਦ

ਪੰਜਾਬ ਪੁਲਸ ਨੇ ਸਤਾਰਾਂ ਅਕਤੂਬਰ 1992 ਦੇ ਦਿਨ ਜੋਗਿੰਦਰ ਸਿੰਘ ਖੋਜਕੀਪੁਰ (ਤਿੰਨ ਸੌ ਕਤਲਾਂ ਦੇ ਜ਼ਿੰਮੇਦਾਰ ਆਖ ਕੇ), ਤਰਸੇਮ ਸਿੰਘ (ਪੁੱਤਰ ਸੁਰਤਾ ਸਿੰਘ, ਵਾਸੀ ਖੋਜਕੀਪੁਰ), ਸਤਨਾਮ ਸਿੰਘ ਸੱਤਾ (ਪੁੱਤਰ ਕੁੰਦਨ ਸਿੰਘ, ਵਾਸੀ ਸਰਹਾਲੀ) (ਦੋ ਸੌ ਕਤਲਾਂ ਦੇ ਜ਼ਿੰਮੇਦਾਰ ਆਖ ਕੇ), ਹਰਜਿੰਦਰ ਸਿੰਘ ਜਿੰਦਾ ਵਾਸੀ ਸੀਤਲਵਾਦ (ਤਿੰਨ ਸੌ ਦਾ ਕਾਤਲ ਆਖ ਕੇ), ਜੋਗਿੰਦਰ ਸਿੰਘ (ਪੁੱਤਰ ਸ਼ਿੰਗਾਰਾ ਸਿੰਘ, ਵਾਸੀ ਅਸਲ ਉਤਾਤ), ਕੁਲਦੀਪ ਸਿੰਘ (ਪੁੱਤਰ ਕਰਤਾਰ ਸਿੰਘ, ਵਾਸੀ ਕੁਠਾਲਾ, ਸੰਗਰੂਰ), ਦਰਬਾਰਾ ਸਿੰਘ (ਪੁੱਤਰ ਹਕੀਮ ਸਿੰਘ, ਵਾਸੀ ਰੱਤਾਗੁਡਾ) ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

1992: ਪੁਲਸ ਦਾ ਦਰਬਾਰ ਸਾਹਿਬ 'ਤੇ ਫੇਰ ਧਾਵਾ

ਸਤਾਰਾਂ ਅਕਤੂਬਰ 1992 ਦੀ ਰਾਤ ਨੂੰ ਦਸ ਵਜੇ ਬਾਰਾਂ ਸੌ ਪੁਲਸੀਏ ਦਰਬਾਰ ਸਾਹਿਬ ਵਿਚ ਜਾ ਵੜੇ ਅਤੇ ਸਾਰੇ ਯਾਤਰੂਆਂ ਨੂੰ ਸਰਾਵਾਂ ਅਤੇ ਪਰਕਰਮਾ ਵਿਚੋਂ ਕੱਢ ਦਿੱਤਾ।

18 ਅਕਤੂਬਰ

1982: ਅੰਮ੍ਰਿਤਸਰ ਨੂੰ ਬੀ.ਐਸ.ਐਫ਼ ਦੇ ਹਵਾਲੇ ਕੀਤਾ ਗਿਆ

19 ਜੁਲਾਈ 1982 ਦੇ ਦਿਨ ਜਦੋਂ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਅਤੇ ਭਿੰਡਰਾਂ-ਮਹਿਤਾ ਜਥਾ ਦੇ ਹੈੱਡਕੁਆਟਰ ਚੌਕ ਮਹਿਤਾ ਦੇ ਮੁੱਖ ਸੇਵਾਦਾਰ ਬਾਬਾ ਠਾਰਾ ਸਿੰਘ ਨੂੰ ਝੂਠੇ ਕੇਸਾਂ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਇਸ ਦਾ ਮਕਸਦ ਬਾਬਾ ਜਰਨੈਲ ਸਿੰਘ ਨੂੰ ਪਰੇਸ਼ਾਨ ਕਰਨਾ ਸੀ। ਹੁਣ ਭਾਈ ਅਮਰੀਕ ਸਿੰਘ ਅਤੇ ਬਾਬਾ ਠਾਰਾ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਹ ਜਾਪਦਾ ਸੀ ਕਿ ਇਸ ਵਾਰ ਸਰਕਾਰ ਬਾਬਾ ਜਰਨੈਲ ਸਿੰਘ ਨੂੰ ਵੀ ਜ਼ਰੂਰ ਗ੍ਰਿਫ਼ਤਾਰ ਕਰ ਲਏਗੀ, ਇਸ ਕਰ ਕੇ ਜਿਸ ਦਿਨ ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਗ੍ਰਿਫ਼ਤਾਰ ਕੀਤੇ ਗਏ, ਉਸੇ ਦਿਨ ਸ਼ਾਮ ਤਕ ਬਾਬਾ ਜਰਨੈਲ ਸਿੰਘ ਦਰਬਾਰ ਸਾਹਿਬ ਪੁੱਜ ਗਏ। ਉਨ੍ਹਾਂ ਨੇ ਉਸੇ ਦਿਨ ਇਨ੍ਹਾਂ ਦੋਹਾਂ ਦੀ ਰਿਹਾਈ ਵਾਸਤੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਪਹਿਲੇ ਦਿਨ 51 ਸਿੰਘਾਂ ਦੇ ਜਥੇ ਨੇ ਗ੍ਰਿਫ਼ਤਾਰੀ ਦਿੱਤੀ। ਉਧਰ ਸ਼੍ਰੋਮਣੀ ਅਕਾਲੀ ਦਲ ਨੇ 26 ਤਾਰੀਖ਼ ਨੂੰ ਫ਼ਤਹਿਗੜ੍ਹ ਸਾਹਿਬ 'ਚ ਆਪਣੀ ਵਰਕਿੰਗ ਕਮੇਟੀ ਦੀ ਮੀਟਿੰਗ ਕੀਤੀ ਅਤੇ 4 ਅਗਸਤ ਤੋਂ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਇਸ ਐਲਾਨ ਵਿਚ ਇਹ ਮੱਦ ਵੀ ਸ਼ਾਮਿਲ ਸੀ ਕਿ 'ਗ੍ਰਿਫ਼ਤਾਰ ਕੀਤੇ ਬੇਗੁਨਾਹ ਸਿੱਖ ਰਿਹਾਅ ਕੀਤੇ ਜਾਣ।' ਅਕਾਲੀ ਦਲ ਨੇ ਬਹਾਨੇ ਨਾਲ ਬਾਬਾ ਜਰਨੈਲ ਸਿੰਘ ਦਾ ਮੋਰਚਾ ਅਪਣਾ ਲਿਆ ਸੀ। ਦਰਅਸਲ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਵੀ ਇਹ ਅਹਿਸਾਸ ਸੀ ਕਿ ਜੇ ਬਾਬਾ ਜਰਨੈਲ ਸਿੰਘ ਦਾ ਮੋਰਚਾ ਜ਼ਿਆਦਾ ਦੇਰ ਚਲਦਾ ਰਿਹਾ ਤਾਂ ਸਿੱਖ ਅਵਾਮ ਉਸ ਦੇ ਨਾਲ ਜੁੜ ਜਾਏਗਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਧਾਰ ਨੂੰ ਬਹੁਤ ਧੱਕਾ ਲਗੇਗਾ। ਸੋ ਭਿੰਡਰਾਂਵਾਲਿਆਂ ਦਾ ਮੋਰਚਾ ਅਪਨਾਉਣ ਦਾ ਐਲਾਨ ਛੱਡ ਕੇ, ਬਾਕੀ ਸਾਰਾ ਕੁਝ ਭਿੰਡਰਾਂਵਾਲਿਆਂ ਵਾਲਾ ਹੀ ਸੀ। ਇਹ 'ਕੰਨ ਨੂੰ ਦੂਜੇ ਪਾਸਿਓਂ ਹੱਥ ਲਾਉਣ' ਵਾਲੀ ਗੱਲ ਸੀ। ਜਦੋਂ 4 ਅਗਸਤ ਨੂੰ ਅਕਾਲੀ ਪਾਰਟੀ ਨੇ ਮੋਰਚਾ ਅਪਣਾਇਆ ਤਾਂ ਭਿੰਡਰਾਂਵਾਲਿਆਂ ਨੇ ਆਪਣਾ ਮੋਰਚਾ ਅਕਾਲੀ ਪਾਰਟੀ ਵਿਚ ਸ਼ਾਮਿਲ ਕਰਨ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਭਿੰਡਰਾਂਵਾਲਿਆਂ ਦਾ ਮੋਰਚਾ ਹੁਣ ਅਕਾਲੀ ਦਲ ਦਾ ਮੋਰਚਾ ਬਣ ਗਿਆ। ਚਾਰ ਅਗਸਤ ਨੂੰ ਸ਼ੁਰੂ ਹੋਏ ਮੋਰਚੇ ਵੇਲੇ ਲੌਂਗੋਵਾਲ, ਤਲਵੰਡੀ, ਸੁਖਜਿੰਦਰ ਸਿੰਘ ਦੇ ਵੱਖਰੇ-ਵੱਖਰੇ ਅਕਾਲੀ ਦਲ ਸਨ। 28 ਅਗਸਤ ਨੂੰ ਅਕਾਲ ਤਖ਼ਤ ਸਾਹਿਬ ਤੋਂ ਅਕਾਲੀ ਦਲਾਂ ਨੂੰ ਇਕ ਹੋ ਜਾਣ ਵਾਸਤੇ ਅਪੀਲ ਜਾਰੀ ਕੀਤੀ ਗਈ। 31 ਅਗਸਤ ਨੂੰ ਨਿਰਲੇਪ ਕੌਰ ਲੌਂਗੋਵਾਲ ਧੜੇ ਵਿਚ ਸ਼ਾਮਿਲ ਹੋ ਗਈ। ਰਣਧੀਰ ਸਿੰਘ

ਚੀਮਾ ਨੇ ਆਖਿਆ, 'ਨਿਰਲੇਪ ਕੌਰ ਲੋਂਗੋਵਾਲ ਨਾਲ ਸਿਰਫ਼ ਭਿੰਡਰਾਂਵਾਲਿਆਂ ਦੀ ਮੁਖ਼ਾਲਫ਼ਤ ਦੇ ਸਵਾਲ 'ਤੇ ਹੀ ਸ਼ਾਮਿਲ ਹੋਈ ਹੈ। 3 ਸਤੰਬਰ ਨੂੰ ਸੁਖਜਿੰਦਰ ਸਿੰਘ ਵੀ ਲੋਂਗੋਵਾਲ ਧੜੇ ਵਿਚ ਸ਼ਾਮਲ ਹੋ ਗਿਆ। 8 ਸਤੰਬਰ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਲਿਖਤੀ ਸ਼ਕਲ ਵਿਚ ਤਲਵੰਡੀ ਨੂੰ ਹਦਾਇਤ ਕਰਵਾਈ ਗਈ ਕਿ ਉਹ ਵੀ ਮੋਰਚੇ ਵਿਚ ਸ਼ਾਮਲ ਹੋ ਜਾਏ। ਤਲਵੰਡੀ ਨੇ ਵੀ ਲੋਂਗੋਵਾਲ ਵਾਲੀ ਚਲਾਕੀ (ਭਿੰਡਰਾਂਵਾਲਿਆਂ ਦਾ ਮੋਰਚਾ ਅਪਨਾਉਣ ਦਾ ਟੇਢਾ ਰਾਹ) ਕੀਤੀ ਅਤੇ 9 ਸਤੰਬਰ ਨੂੰ ਐਲਾਨ ਕੀਤਾ ਕਿ ਉਸ ਨੇ ਆਪਣਾ ਮੋਰਚਾ ਦਿੱਲੀ ਤੋਂ ਅੰਮ੍ਰਿਤਸਰ ਸਾਹਿਬ ਵਿਚ ਬਦਲ ਦਿੱਤਾ ਹੈ (ਉਹ ਦਿੱਲੀ ਤੋਂ ਆਪਣਾ 'ਮੋਰਚਾ' ਚਲਾ ਰਿਹਾ ਸੀ)। ਇਸ ਸਾਰਾ ਕੁਝ ਨੂੰ ਸਾਹਵੇਂ ਰੱਖ ਕੇ ਸਰਕਾਰ ਨੇ 18 ਅਕਤੂਬਰ 1982 ਦੇ ਦਿਨ ਅੰਮ੍ਰਿਤਸਰ ਨੂੰ ਬੀ.ਐਸ.ਐਫ਼ ਦੇ ਹਵਾਲੇ ਕਰ ਦਿੱਤਾ।

1984: ਦਰਬਾਰ ਸਾਹਿਬ ਸਰੋਵਰ ਦੀ ਕਾਰ ਸੇਵਾ ਮੁਕੰਮਲ ਹੋਈ

ਜਿਹਾ ਕਿ ਭਾਰਤ ਸਰਕਾਰ ਦਾ ਗਿਆਨੀ ਕਿਰਪਾਲ ਸਿੰਘ ਗ੍ਰੰਥੀ ਨਾਲ ਅੰਦਰੂਨੀ ਸਮਝੌਤਾ ਸੀ, ਫ਼ੌਜ ਨੇ 29 ਸਤੰਬਰ 1984 ਦੇ ਦਿਨ ਦਰਬਾਰ ਸਾਹਿਬ ਦਾ ਅੰਦਰੂਨੀ ਹਿੱਸਾ ਖ਼ਾਲੀ ਕਰ ਦਿੱਤਾ, ਪਰ ਦਰਬਾਰ ਸਾਹਿਬ ਦੇ ਆਲੇ-ਦੁਆਲੇ ਹਰ ਮੋੜ 'ਤੇ ਹੀ ਨਹੀਂ ਬਲਕਿ ਗੁਰੂ ਰਾਮਦਾਸ ਸਰਾਂ, ਗੁਰੂ ਨਾਨਕ ਨਿਵਾਸ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਦਫ਼ਤਰਾਂ 'ਤੇ ਅਜੇ ਵੀ ਬਾਵਰਦੀ ਤੇ ਹਥਿਆਰਬੰਦ ਭਾਰਤੀ ਫ਼ੌਜ ਤਾਇਨਾਤ ਸੀ। ਇਸ ਤੋਂ ਇਲਾਵਾ ਸਿਵਲੀਅਨ ਪਹਿਰਾਵੇ ਵਿਚ ਫ਼ੌਜ, ਸੀ.ਆਰ.ਪੀ.ਐਫ਼. ਅਤੇ ਪੰਜਾਬ ਪੁਲੀਸ ਦੇ ਸੈਂਕੜੇ ਮੁਲਾਜ਼ਮ ਅਜੇ ਵੀ ਦਰਬਾਰ ਸਾਹਿਬ ਕੰਪਲੈਕਸ ਵਿਚ ਡਿਊਟੀ 'ਤੇ ਮੌਜੂਦ ਸਨ।

ਪਹਿਲੀ ਅਕਤੂਬਰ ਸਵੇਰ ਨੂੰ ਹੀ ਦਰਬਾਰ ਸਾਹਿਬ ਵਿਚ ਸਿੱਖਾਂ ਦੇ ਕਾਫ਼ਲੇ ਪੁੱਜਣੇ ਸ਼ੁਰੂ ਹੋ ਗਏ। ਇਨ੍ਹਾਂ ਵਿਚ ਬਹੁਤ ਸਾਰੇ ਨੌਜਵਾਨ ਵੀ ਸਨ। ਇਨ੍ਹਾਂ ਵਿਚੋਂ ਕੁਝ ਨੌਜਵਾਨਾਂ ਨੇ ਦਰਬਾਰ ਸਾਹਿਬ ਵਿਚ ਕਈ ਥਾਂਈਂ 'ਖਾਲਿਸਤਾਨੀ' ਝੰਡੇ ਗੱਡ ਦਿੱਤੇ। ਇਸ ਦੇ ਨਾਲ ਹੀ ਕੁਝ ਨੌਜਵਾਨ ਅਕਾਲ ਤਖ਼ਤ ਸਾਹਿਬ ਦੀ ਸਰਕਾਰ ਵਲੋਂ ਮੁਰੰਮਤ ਕੀਤੀ ਗਈ ਇਮਾਰਤ 'ਤੇ ਵੀ ਗਏ। ਉਨ੍ਹਾਂ ਨੇ ਕਿਰਪਾਲ ਸਿੰਘ ਦੀ ਬੁਰੀ ਤਰ੍ਹਾਂ ਕੁੱਟ-ਮਾਰ ਕੀਤੀ। ਇਸ 'ਤੇ ਕਿਰਪਾਲ ਸਿੰਘ ਨੇ ਫ਼ੌਜ ਦੋਬਾਰਾ ਬੁਲਾ ਲਈ ਤੇ 300 ਨੌਜਵਾਨ ਗ੍ਰਿਫ਼ਤਾਰ ਕਰਵਾ ਦਿੱਤੇ। 12 ਅਕਤੂਬਰ 1984 ਨੂੰ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਸ਼ੁਰੂ ਹੋਈ। ਇਸ ਕਾਰ-ਸੇਵਾ ਵਿਚ ਹਜ਼ਾਰਾਂ ਸਿੱਖਾਂ ਨੇ ਹਿੱਸਾ ਲਿਆ ਅਤੇ ਸਿਰਫ਼ ਛੇ ਦਿਨ ਵਿਚ ਹੀ **18 ਅਕਤੂਬਰ 1984 ਦੇ ਦਿਨ ਕਾਰ ਸੇਵਾ ਪੂਰੀ ਹੋ ਗਈ**। ਕਾਰ-ਸੇਵਾ ਵਿਚ ਹਿੱਸਾ ਪਾਉਣ ਅਤੇ ਅਕਾਲ ਤਖ਼ਤ ਸਾਹਿਬ ਤੇ ਦਰਬਾਰ ਸਾਹਿਬ ਦੀ ਹਾਲਾਤ ਵੇਖਣ ਆਉਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਇੰਦਰਾ ਗਾਂਧੀ ਦੇ ਸਕਿਉਰਿਟੀ ਸਟਾਫ਼ ਦਾ ਸ: ਬੇਅੰਤ ਸਿੰਘ (ਵਾਸੀ ਪਿੰਡ ਮਲੋਆ, ਚੰਡੀਗੜ੍ਹ) ਵੀ ਸੀ। ਬੇਅੰਤ ਸਿੰਘ ਕੋਈ ਧਾਰਮਿਕ ਸੋਚ ਵਾਲੀ ਜ਼ਿੰਦਗੀ ਜੀਣ ਵਾਲਾ ਸਿੱਖ ਨਹੀਂ ਸੀ, ਪਰ ਭਾਰਤੀ ਫ਼ੌਜ ਵਲੋਂ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀ ਕੀਤੀ ਤਬਾਹੀ ਅਤੇ ਬੇਹੁਰਮਤੀ ਵੇਖ ਕੇ ਉਹ ਵੀ ਫ਼ੁਟ-ਫ਼ੁਟ ਕੇ ਰੋ ਪਿਆ। ਉਹ ਪਹਿਲੋਂ ਦਿੱਲੀ ਵਿਚ ਪ੍ਰੋ: ਦਰਸ਼ਨ ਸਿੰਘ ਰਾਗੀ ਦਾ ਕੀਰਤਨ ਸੁਣ ਕੇ ਪਹਿਲਾਂ ਹੀ ਜਜ਼ਬਾਤੀ ਹੋ ਚੁਕਾ ਸੀ। ਅਖ਼ੀਰ ਉਸ ਦੇ ਅੰਦਰ ਦਾ 'ਸਿੱਖ' ਜਾਗ ਪਿਆ ਤੇ ਉਸ ਨੇ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਕਰਨ ਵਾਲੀ ਨੂੰ ਸਜ਼ਾ ਦੇਣ ਦਾ ਪ੍ਰਣ ਕੀਤਾ।

1986: ਕੁਲਦੀਪ ਸਿੰਘ ਪੱਪੂ ਤੇ ਹੋਰ ਸਿੱਖ ਨਕਲੀ ਮੁਕਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ ਕੁਲਦੀਪ ਸਿੰਘ ਪੱਪੂ (ਬਬਰ ਖਾਲਸਾ), ਜਿਸ ਨੂੰ ਪੁਲਸ ਨੇ 10 ਅਕਤੂਬਰ 1985 ਦੇ ਦਿਨ ਪਿੰਡ ਸਤੀਵਾਲਾ (ਫਿਰੋਜ਼ਪੁਰ) ਨੇੜਿਓਂ ਗ੍ਰਿਫਤਾਰ ਕੀਤਾ ਸੀ, ਨੂੰ 17 ਅਕਤੂਬਰ ਨੂੰ ਫਿਰੋਜ਼ਪੁਰ 'ਚ ਵੇਲੂਰ ਪਿੰਡ ਨੇੜੇ ਪੁਲਸ ਹਿਰਾਸਤ ਵਿਚੋਂ ਫਰਾਰ ਹੋਇਆ ਆਖ ਕੇ ਅਗਲੇ ਦਿਨ 18 ਅਕਤੂਬਰ ਦੇ ਦਿਨ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1989: ਕੰਵਰਜੀਤ ਸਿੰਘ ਸੁਲਤਾਨਵਿੰਡ, ਨਿਰਮਲ ਸਿੰਘ ਨਿੰਮਾ ਮੀਆਂਵਿੰਡ, ਹਰੀ ਸਿੰਘ ਧਿਆਨੀ ਖੁਰਦ ਤੇ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕੀਤੇ

18 ਅਕਤੂਬਰ 1989 ਦੇ ਦਿਨ ਸੀਆਰ.ਪੀ.ਐਫ. ਨੇ ਕੰਵਰਜੀਤ ਸਿੰਘ ਸੁਲਤਾਨਵਿੰਡ ਤੇ ਨਿਰਮਲ ਸਿੰਘ ਨਿੰਮਾ ਨੂੰ ਜਲੰਧਰ ਵਿਚ ਇਕ ਘਰ ਵਿਚੋਂ ਗ੍ਰਿਫ਼ਤਾਰ ਕਰ ਲਿਆ। ਕੰਵਰਜੀਤ ਸਿੰਘ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਪਹਿਲਾਂ ਇਕ ਵਾਰ ਉਸ ਦੀ ਲੱਤ ਵਿਚ ਗੋਲੀ ਵੱਜੀ ਹੋਣ ਕਰ ਕੇ ਉਸ ਦੀ ਲੱਤ ਵਿਚ ਤਾਕਤ ਨਹੀਂ ਸੀ; ਇਸ ਕਰ ਕੇ ਉਹ ਭੱਜ ਨਾ ਸਕਿਆ। ਉਨ੍ਹਾਂ ਦੇ ਹਿਰਾਤ ਵਿਚੋਂ ਭੱਜ ਜਾਣ ਜਾਂ ਛੁਡਾਏ ਜਾਣ ਤੋਂ ਡਰਦਿਆਂ ਪੁਲਸ ਨੇ ਉਨ੍ਹਾਂ ਨੂੰ ਸਤਲੁਜ ਸਿਨੇਮਾ ਦੇ ਕੋਲ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ। ਪੁਲਸ ਨੇ ਇਹ ਪਰਚਾਰ ਵੀ ਕੀਤਾ ਕਿ ਤੇ ਨਿਰਮਲ ਸਿੰਘ ਨਿੰਮਾ ਨੇ ਸਾਇਆਨਾਈਡ ਦਾ ਕੈਪਸੂਲ ਖਾ ਲਿਆ ਸੀ। (ਕੰਵਰਜੀਤ ਸਿੰਘ ਤੇ ਉਸ ਦੇ ਸਾਥੀਆਂ ਨੇ ਕੁਝ ਚਿਰ ਪਹਿਲਾਂ ਹੀ ਜ਼ਾਲਮ ਪੁਲਸ ਅਫ਼ਸਰ ਗੋਬਿੰਦ ਰਾਮ ਨੂੰ ਬੰਬ ਰਾਹੀਂ ਉਡਾਇਆ ਸੀ)। ਇਸੇ ਦਿਨ ਪੰਜਾਬ ਪੁਲਸ ਨੇ ਹਰੀ ਸਿੰਘ (ਧਿਆਨੀ ਖੁਰਦ, ਲੁਧਿਆਣਾ) ਨੂੰ ਵੀ ਨਕਲੀ ਮੁਕਾਬਲੇ ਵਿਚ ਸ਼ਹੀਦ ਕੀਤਾ।

1991: ਬਲਵਿੰਦਰ ਸਿੰਘ ਭਾਮਾ ਕਲਾਂ ਨਕਲੀ ਮੁਕਾਬਲੇ ਵਿਚ ਸ਼ਹੀਦ

18 ਅਕਤੂਬਰ 1991 ਦੇ ਦਿਨ ਪੁਲਸ ਨੇ ਬਲਵਿੰਦਰ ਸਿੰਘ (ਪੁੱਤਰ ਸ਼ਮਸ਼ੇਰ ਸਿੰਘ, ਵਾਸੀ ਭਾਮਾ ਕਲਾਂ, ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸੁਰਜੀਤ ਸਿੰਘ, ਕੁਲਦੀਪ ਸਿੰਘ, ਨਿਸ਼ਾਨ ਸਿੰਘ, ਦਿਲਬਾਗ ਸਿੰਘ, ਨਸੀਬ ਕੌਰ ਠੁਲੀਵਾਲ, ਮੱਘਰ ਸਿੰਘ ਠੁਲੀਵਾਲ, ਤਰਸੇਮ ਸਿੰਘ ਖੋਜਪੁਰ, ਸਰਵਨ ਸਿੰਘ ਤਾਰਾਪੁਰ, ਸੁਰਜੀਤ ਸਿੰਘ ਮਨਿਹਾਲਾ ਕਲਾਂ, ਕੁਲਦੀਪ ਸਿੰਘ ਵਰਪਾਲ ਖਾਸਾ, ਕਿਸ਼ਨ ਸਿੰਘ ਰਾਜੋਕੇ, ਦਿਲਬਾਗ ਸਿੰਘ ਸਾਹਪੁਰ ਤੇ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲਸ ਨੇ ਅਠਾਰਾਂ ਅਕਤੂਬਰ 1992 ਦੇ ਦਿਨ ਸੁਰਜੀਤ ਸਿੰਘ, ਕੁਲਦੀਪ ਸਿੰਘ, ਨਿਸ਼ਾਨ ਸਿੰਘ, ਦਿਲਬਾਗ ਸਿੰਘ, ਨਸੀਬ ਕੌਰ (ਪੁਤਰੀ ਦਲ ਸਿੰਘ, ਵਾਸੀ ਠੁਲੀਵਾਲ, ਸੰਗਰੂਰ), ਮੱਘਰ ਸਿੰਘ (ਪੁੱਤਰ ਲਾਭ ਸਿੰਘ, ਵਾਸੀ ਠੁਲੀਵਾਲ, ਸੰਗਰੂਰ), ਤਰਸੇਮ ਸਿੰਘ (ਪੁੱਤਰ ਸੁਰਤਾ ਸਿੰਘ, ਵਾਸੀ ਖੋਜਪੁਰ), ਸਰਵਨ ਸਿੰਘ (ਪੁੱਤਰ ਗੁਰਬਖ਼ਸ਼ ਸਿੰਘ, ਵਾਸੀ ਤਾਰਾਪੁਰ), ਸੁਰਜੀਤ ਸਿੰਘ (ਪੁੱਤਰ ਹਰਦੀਪ ਸਿੰਘ, ਵਾਸੀ ਮਨਿਹਾਲਾ ਕਲਾਂ), ਕੁਲਦੀਪ ਸਿੰਘ (ਪੁੱਤਰ ਮੱਸਾ ਸਿੰਘ, ਵਾਸੀ ਵਰਪਾਲ ਖਾਸਾ), ਕਿਸ਼ਨ ਸਿੰਘ (ਪੁੱਤਰ ਦਿਆਲ ਸਿੰਘ, ਵਾਸੀ ਰਾਜੋਕੇ), ਦਿਲਬਾਗ ਸਿੰਘ (ਪੁੱਤਰ ਅਰਜਨ ਸਿੰਘ, ਵਾਸੀ ਸਾਹਪੁਰ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤੇ।

1992: 18 ਅਕਤੂਬਰ ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਜਿੰਦਾ ਤੇ ਸੁੱਖਾ ਨਮਿਤ ਅਕਾਲ ਤਖ਼ਤ ਸਾਹਿਬ 'ਤੇ ਭੋਗ ਪਾਇਆ ਗਿਆ

9 ਅਕਤੂਬਰ 1992 ਦੇ ਦਿਨ (ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਵੈਦਯ ਨੂੰ ਮਾਰਨ ਕਰ ਕੇ) ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਨੂੰ ਪੂਨਾ ਵਿਚ ਫ਼ਾਂਸੀ ਦਿੱਤੀ ਗਈ। ਪਰ ਉਨ੍ਹਾਂ ਦੀ 'ਆਖ਼ਰੀ' ਖ਼ਾਹਿਸ਼ ਕਿ ਉਨ੍ਹਾਂ ਨੂੰ ਖੰਡੇ ਦੀ ਪਾਹੁਲ ਦਿਵਾਈ ਜਾਵੇ ਪੂਰੀ ਨਾ ਕੀਤੀ ਗਈ। ਫ਼ਾਂਸੀ ਚੜ੍ਹਨ ਤੋਂ ਪਹਿਲਾਂ ਉਨ੍ਹਾਂ ਨੇ ਮਠਿਆਈ ਵੰਡੀ ਤੇ ਹੱਸ-ਹੱਸ ਕੇ ਫ਼ਾਂਸੀ ਦਾ ਰੱਸਾ ਗਲ ਵਿਚ ਪਾਇਆ। ਉਨ੍ਹਾਂ ਦੀਆਂ ਲਾਸ਼ਾਂ ਵੀ ਪਰਵਾਰ ਨੂੰ ਨਾ ਦਿੱਤੀਆਂ ਗਈਆਂ। ਇਸ ਦੇ ਜਵਾਬ ਵਿਚ ਦਸ ਤੇ ਯਾਰਾਂ ਅਕਤੂਬਰ ਨੂੰ ਮੁਕੰਮਲ ਪੰਜਾਬ ਬੰਦ ਰਿਹਾ। ਤੇਰਾਂ ਅਕਤੂਬਰ ਨੂੰ ਜਨਤਾ ਦਲ ਦੇ ਨੈਸ਼ਨਲ ਜਨਰਲ ਸਕੱਤਰ ਰਾਮਵੀਰ ਸਿੰਘ ਬਿਧੂੜੀ ਨੇ ਕਿਹਾ ਕਿ ਜੇ ਜਿੰਦਾ ਤੇ ਸੁੱਖਾ ਨੂੰ ਫ਼ਾਂਸੀ ਦਿੱਤੀ ਹੈ ਤਾਂ ਉਨ੍ਹਾਂ ਵਾਂਗ 1984 ਨਵੰਬਰ ਦੇ ਕਾਤਲਾਂ ਨੂੰ ਵੀ ਫ਼ਾਂਸੀ ਦਿੱਤੀ ਜਾਣੀ ਚਾਹੀਦੀ ਹੈ।

ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਨੂੰ ਫ਼ਾਂਸੀ ਦੇਣ ਮਗਰੋਂ ਉਨ੍ਹਾਂ ਨਮਿਤ ਭੋਗ ਅਠਾਰਾਂ ਅਕਤੂਬਰ ਨੂੰ ਅਕਾਲ ਤਖ਼ਤ 'ਤੇ ਆਉਣ ਦਾ ਐਲਾਨ ਕੀਤਾ ਗਿਆ। ਯਾਰਾਂ ਅਕਤੂਬਰ ਨੂੰ ਚੀਫ਼ ਮਨਿਸਟਰ ਬੇਅੰਤ ਨੇ ਐਲਾਨ ਕੀਤਾ ਕਿ ਇਹ ਭੋਗ ਅਕਾਲ ਤਖ਼ਤ 'ਤੇ ਨਹੀਂ ਪੈਣ ਦਿੱਤਾ ਜਾਵੇਗਾ। ਇਸ ਐਲਾਨ ਮਗਰੋਂ ਤੇਰ੍ਹਾਂ ਤਾਰੀਖ਼ ਨੂੰ ਪੁਲੀਸ ਨੇ ਦਰਬਾਰ ਸਾਹਿਬ ਨੂੰ ਘੇਰਾ ਪਾ ਲਿਆ। ਅਗਲੇ ਦਿਨ ਟੋਹੜਾ ਅਤੇ ਸੈਂਕੜੇ ਹੋਰ ਗ੍ਰਿਫ਼ਤਾਰ ਕਰ ਲਏ ਗਏ। ਸਰਕਾਰ ਨੇ 18 ਅਕਤੂਬਰ 1982 ਦੇ ਦਿਨ ਅੰਮ੍ਰਿਤਸਰ ਸ਼ਹਿਰ ਨੂੰ ਬੀ.ਐਸ.ਐਫ਼. (ਬਾਰਡਰ ਸਕਿਉਰਿਟੀ ਫ਼ੋਰਸ) ਦੇ ਹਵਾਲੇ ਕਰ ਦਿੱਤਾ ਗਿਆ ਅਤੇ ਇਕ ਕਿਸਮ ਦਾ ਕਰਫ਼ਿਊ ਲਾ ਦਿੱਤਾ ਗਿਆ। ਪਰ ਇਸ ਦੇ ਬਾਵਜੂਦ **18 ਅਕਤੂਬਰ ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਭੋਗ ਪਾਇਆ ਗਿਆ।** ਇਸ ਸਮੇਂ ਹੋਰਨਾਂ ਤੋਂ ਇਲਾਵਾ ਜਥੇਦਾਰ ਜਗਦੇਵ ਸਿੰਘ ਤਲਵੰਡੀ, ਮਨਜੀਤ ਸਿੰਘ, ਹਰਮਿੰਦਰ ਸਿੰਘ ਗਿੱਲ, ਗੁਲਜ਼ਾਰ ਸਿੰਘ ਰਣੀਕੇ, ਓਂਕਾਰ ਸਿੰਘ ਮੱਤੇਨੰਗਲ ਤੇ ਬਹੁਤ ਸਾਰੇ ਸਿੱਖ ਹਾਜ਼ਿਰ ਸਨ। ਇਸ ਮੌਕੇ 'ਤੇ ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਦੇ ਪਰਵਾਰਾਂ ਦੇ ਮੈਂਬਰਾਂ ਨੂੰ ਗੋਲਡ ਮੈਡਲ ਦਿੱਤੇ ਗਏ। **ਇਸ ਸਮੇਂ ਸ਼੍ਰੋਮਣੀ ਕਮੇਟੀ ਨੇ ਇਹ ਵੀ ਐਲਾਨ ਕੀਤਾ ਕਿ ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਦੀਆਂ ਸ਼ਹੀਦੀਆਂ ਕਾਰਨ ਅਗੋਂ ਤੋਂ ਦੀਵਾਲੀ ਵਾਲੇ ਦਿਨ ਦਰਬਾਰ ਸਾਹਿਬ ਵਿਚ ਦੀਪਮਾਲਾ ਨਹੀਂ ਕੀਤੀ ਜਾਇਆ ਕਰੇਗੀ ਅਤੇ 'ਕਾਲੀ ਦੀਵਾਲੀ' ਮਨਾਈ ਜਾਇਆ ਕਰੇਗੀ।**

19 ਅਕਤੂਬਰ

1677: ਇਕ ਸਿੱਖ ਨੇ ਔਰੰਗਜ਼ੇਬ 'ਤੇ ਤਲਵਾਰ ਨਾਲ ਹਮਲਾ ਕੀਤਾ

11 ਨਵੰਬਰ 1675 ਦੇ ਦਿਨ ਗੁਰੂ ਸਾਹਿਬ ਦੀਆਂ ਅੱਖਾਂ ਦੇ ਸਾਹਮਣੇ ਭਾਈ ਦਿਆਲ ਦਾਸ ਨੂੰ ਇਕ ਵੱਡੀ ਦੇਗ਼ ਵਿਚ ਪਾਣੀ ਵਿਚ ਬਿਠਾ ਕੇ ਦੇਗ਼ ਦਾ ਮੂੰਹ ਬੰਨ੍ਹ ਕੇ ਭੱਠੀ ਤੇ ਰੱਖ ਦਿੱਤਾ ਗਿਆ। ਉਨ੍ਹਾਂ ਦੀ ਦੇਹ ਉਬਲਦੇ ਪਾਣੀ ਵਿਚ ਫ਼ਨਾਹ ਹੋ ਗਈ। ਇਸ ਮਗਰੋਂ ਭਾਈ ਮਤੀ ਦਾਸ ਨੂੰ ਦੋ ਲਕੜਾਂ ਦੇ ਸ਼ਿਕੰਜੇ ਵਿਚ ਬੰਨ੍ਹ ਕੇ ਚੀਰ ਦਿਤਾ ਗਿਆ ਤੇ ਭਾਈ ਸਤੀ ਦਾਸ ਨੂੰ ਰੂੰ ਵਿਚ ਬੰਨ ਕੇ ਜਿਉਂਦੇ ਸਾੜ ਦਿਤਾ ਗਿਆ। ਦਹਿਲਾ ਦੇਣ ਵਾਲੇ ਇਸ ਜ਼ੁਲਮ ਦੇ ਬਾਵਜੂਦ ਗੁਰੂ ਸਾਹਿਬ ਅਡੋਲ ਰਹੇ ਅਤੇ ਵਾਹਿਗੁਰੂ ਦਾ ਸਿਮਰਨ ਕਰਦੇ ਰਹੇ। ਅਖ਼ੀਰ ਸ਼ਾਮ ਵੇਲੇ ਕਾਜ਼ੀ ਦੇ ਆਖ਼ਰੀ ਫਤਵੇ ਮਗਰੋਂ, ਜੱਲਾਦ ਜਲਾਲ-ਉਦ-ਦੀਨ (ਸਮਾਣੇ ਵਾਲੇ) ਨੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਵੀ ਤਲਵਾਰ ਦੇ ਇੱਕੋ ਵਾਰ ਨਾਲ ਸ਼ਹੀਦ ਕਰ ਦਿਤਾ।

ਇਸ ਸਮੇਂ ਔਰੰਗਜ਼ੇਬ ਦਾ ਇਹ ਵੀ ਹੁਕਮ ਸੀ ਕਿ ਗੁਰੂ ਸਾਹਿਬ ਦੀ ਦੇਹ ਦੇ ਚਾਰ ਟੁਕੜੇ ਕਰ ਕੇ ਸ਼ਹਿਰ ਦੇ ਚਾਰੇ ਪਾਸੇ ਲਟਕਾ ਦਿਤੇ ਜਾਣ ਪਰ ਹਨੇਰਾ ਪੈ ਚੁਕਾ ਹੋਣ ਕਰ ਕੇ ਉਸ ਦੇ ਇਸ ਹੁਕਮ 'ਤੇ ਅਮਲ ਨਾ ਹੋ ਸਕਿਆ। ਉਧਰ ਭਾਈ ਜੈਤਾ, ਭਾਈ ਨਾਨੂ ਰਾਮ, ਭਾਈ ਤੁਲਸੀ ਤੇ ਭਾਈ ਊਦਾ ਨੇ ਗੁਰੂ ਸਾਹਿਬ ਦਾ ਸੀਸ ਚੁਕ ਕੇ ਲਿਆਉਣ ਦੀ ਤਰਕੀਬ ਘੜੀ। ਭਾਈ ਜੈਤਾ ਆਪਣੀ ਟੋਕਰੀ ਸਿਰ 'ਤੇ ਚੁਕ ਕੇ ਲੈ ਗਿਆ ਅਤੇ ਰਾਤ ਦੇ ਹਨੇਰੇ ਵਿਚ ਗੁਰੂ ਸਾਹਿਬ ਦਾ ਸੀਸ ਚੁਕ ਲਿਆਇਆ ਜਿਸ ਨੂੰ ਮਗਰੋਂ ਭਾਈ ਜੈਤਾ, ਊਦਾ ਤੇ ਨਾਨੂ ਰਾਮ ਚੱਕ ਨਾਨਕੀ ਲੈ ਗਏ। ਉਹ ਦਿੱਲੀ ਤੋਂ ਚਲ ਕੇ ਬਾਘਪਤ ਪੁੱਜੇ ਤੇ ਇੱਥੋਂ ਜਮਨਾ ਦਰਿਆ ਪਾਰ ਕਰ ਕੇ ਕਰਨਾਲ, ਅੰਬਾਲਾ ਤੇ ਨਾਭਾ (ਹੁਣ ਨਾਭਾ ਸਾਹਿਬ, ਚੰਡੀਗੜ੍ਹ-ਪਟਿਆਲਾ ਰੋਡ 'ਤੇ) ਵਿਚ ਪੜਾਅ ਕਰਦੇ ਹੋਏ 16 ਨਵਬੰਰ ਨੂੰ ਕੀਰਤਪੁਰ ਤੇ ਫਿਰ ਅਨੰਦਪੁਰ ਪੁੱਜੇ। ਪੁੱਜੇ ਤੇ ਅਗਲੇ ਦਿਨ ਸੀਸ ਦਾ ਸਸਕਾਰ ਗੁਰਦੁਆਰਾ ਸੀਸ ਗੰਜ (ਅਨੰਦਪੁਰ ਸਾਹਿਬ) ਵਾਲੀ ਥਾਂ 'ਤੇ ਕਰ ਦਿਤਾ। ਦੂਜੇ ਪਾਸੇ (ਭਾਈ ਮਨੀ ਸਿੰਘ ਦੇ ਸਹੁਰਾ) ਭਾਈ ਲੱਖੀ ਰਾਏ ਵਣਜਾਰਾ ਨੇ, ਆਪਣੇ ਪੁਤਰਾਂ ਭਾਈ ਨਿਗਾਹੀਆ, ਹੇਮਾ ਤੇ ਹਾੜੀ ਦੀ ਮਦਦ ਨਾਲ, ਗੁਰੂ ਸਾਹਿਬ ਦਾ ਧੜ ਚੁਕ ਲਿਆਂਦਾ ਅਤੇ ਆਪਣੇ ਘਰ ਦੇ ਅੰਦਰ (ਗੁਰਦੁਆਰਾ ਰਕਾਬ ਗੰਜ ਵਾਲੀ ਥਾਂ 'ਤੇ) ਹੀ ਧੜ ਦਾ ਸਸਕਾਰ ਕਰ ਦਿਤਾ। ਗੁਰੂ ਸਾਹਿਬ ਦੇ ਸੀਸ ਅਤੇ ਧੜ ਦੇ ਸਸਕਾਰ ਬਾਰੇ ਭੱਟ ਵਹੀਆਂ 'ਚ ਇਹ ਦੋ ਐਂਟਰੀਜ਼ ਮਿਲਦੀਆਂ ਹਨ: *"ਜੈਤਾ ਬੇਟਾ ਆਗਿਆ ਕਾ, ਨਾਨੂ ਬੇਟਾ ਬਾਘੇ ਕਾ, ਊਦਾ ਬੇਟਾ ਖੇਮੇ ਕਾ, ਗੁਰੂ ਕਾ ਸੀਸ ਪਾਇ ਕੀਰਤਪੁਰ ਪਰਗਨਾ ਕਹਿਲੂਰ ਆਏ। ਸਾਲ ਸਤਾਰਾਂ ਸੈ ਬੱਤੀਸ, ਮੰਗਹਰ ਸੁਦੀ ਦਸਮੀ ਕੇ ਦਿਹੁੰ। ਗਿਆਰਸ ਕੋ ਦਾਗ਼ ਕੀਆ ਮਾਖੋਅਾਲ ਮੇਂ। ਆਗੇ ਗੁਰੂ ਕੀ ਗਤਿ ਗੁਰੂ ਜਾਨੇ। ਗੁਰੂ ਆਪ ਭਾਣੇ ਕਾ ਖਾਬਿੰਦ ਹੈ"*। (ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਉਦਾਨਿਓਂ ਕਾ)। ਇੰਵ ਹੀ ਇਕ ਹੋਰ ਐਂਟਰੀ ਹੈ: *"ਲਖੀਆ ਬੇਟਾ ਗੋਧੂ ਕਾ, ਨਗਾਹੀਆ-ਹੇਮਾ-ਹਾੜੀ ਬੇਟੇ ਲਖੀਏ ਕੇ, ਜਾਦੋ ਬੰਸੀਏ, ਬਤਤੀਏ ਕਨਾਉਂਤ, ਨਾਇਕ ਪੂੰਮਾ ਬੇਟਾ ਕਾਨ੍ਹੇ ਕਾ, ਤੁੰਮਰ ਬਿੰਜਲਉਂਤ, ਗੁਰੂ ਤੇਗ ਬਹਾਦਰ ਜੀ ਮਹਲ ਨਾਂਵਾਂ ਕੀ ਲਾਸ਼ ਉਠਾਏ ਲਾਏ, ਸਾਲ ਸਤਰਾਂ ਸੈ ਬੱਤੀਸ, ਮੰਗਹਰ ਸੁਦੀ ਛੱਟ, ਗੁਰੂਵਾਰ ਕੇ ਦਿਹੁੰ। ਦਾਗ ਕੀਆ ਰਸੀਨਾ ਗਾਮ ਮੇਂ ਆਧ ਘਰੀ ਰੈਨ ਰਹੀ"*। (ਭੱਟ ਵਹੀ ਜਾਦੋਬੰਸੀਆਂ ਕੀ, ਖਾਤਾ ਬਤਤੀਏ ਕਨਾਉਂਤੋਂ ਕਾ)। ਗੁਰੂ ਸਾਹਿਬ ਵੇਲੇ ਅਸਲ ਦਿੱਲੀ ਦਾ ਨਾਂ ਸ਼ਾਹਜਹਾਨਾਬਾਦ ਸੀ ਜਿਸ ਵਿਚ ਲਾਲ ਕਿਲ੍ਹਾ, ਸਲੀਮਗੜ੍ਹ ਕਿਲਾ, ਚਾਂਦਨੀ ਚੌਕ, ਫ਼ਤਹਿਪੁਰੀ, ਜਮਾ ਮਸਜਿਦ, ਦਰੀਬਾ ਕਲਾਂ, ਦਰਿਆ ਗੰਜ, ਕਸ਼ਮੀਰੀ ਗੇਟ ਵਗ਼ੈਰਾ ਦਾ ਇਲਾਕਾ ਸ਼ਾਮਿਲ ਸੀ। ਦਿੱਲੀ ਦੇ ਮੌਜੂਦਾ ਸਮੇਂ ਦੇ ਸਭ ਤੋਂ ਅਹਿਮ ਇਲਾਕੇ ਚਾਂਦਨੀ ਚੌਕ, ਕਨਾਟ ਪਲੇਸ, ਪਾਰਲੀਮੈਂਟ ਹਾਊਸ ਅਤੇ 'ਰਾਸ਼ਟਰਪਤੀ ਭਵਨ' ਵਗ਼ੈਰਾ ਗੁਰੂ ਹਰਕ੍ਰਿਸ਼ਨ ਸਾਹਿਬ ਤੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਪੈਰਾਂ ਦੀ ਧੂੜ ਨਾਲ ਤਵਾਰੀਖ਼ੀ ਬਣੇ ਹੋਏ ਹਨ। ਕਨਾਟ ਪਲੇਸ ਦਾ ਇਲਾਕਾ ਰਾਜਾ ਜੈ ਸਿੰਘ ਮਿਰਜ਼ਾ ਅਤੇ ਪਾਰਲੀਮੈਂਟ ਹਾਊਸ ਅਤੇ 'ਰਾਸ਼ਟਰਪਤੀ ਭਵਨ' ਵਗ਼ੈਰਾ (ਯਾਨਿ ਰਾਏਸੀਨਾ ਪਿੰਡ) ਭਾਈ ਲੱਖੀ ਰਾਏ ਵਣਜਾਰਾ ਦੀ ਜਾਇਦਾਦ ਸੀ। 'ਰਾਏਸੀਨਾ' ਪਿੰਡ ਭਾਈ ਲੱਖੀ ਰਾਏ ਦੇ ਇਕ ਵੱਡੇ-ਵਡੇਰੇ 'ਸੀਨਾ ਰਾਏ' (ਰਾਏ ਸੀਨਾ) ਨੇ ਬੰਨ੍ਹਿਆ ਸੀ। ਦਿੱਲੀ ਦੇ ਅਹਿਸਾਨ ਫ਼ਰਾਮੋਸ਼ (ਜਾਂ ਬੇਸਮਝ) ਹਾਕਮਾਂ ਨੇ 'ਲੱਖੀ ਰਾਏ' ਦੀ ਯਾਦ ਵਿਚ ਇਕ ਚੌਕ ਦਾ ਨਾਂ ਵੀ ਨਹੀਂ ਰੱਖਿਆ। (ਭਾਈ ਲੱਖੀ ਰਾਏ ਨੂੰ ਮਾਣ ਦੇਣ ਵਾਸਤੇ ਸਿੱਖ ਆਗੂਆਂ ਨੇ ਗੁਰਦੁਆਰਾ ਰਕਾਬ ਗੰਜ ਦੇ ਦੀਵਾਨ ਹਾਲ ਦਾ ਨਾਂ ਭਾਈ ਲੱਖੀ ਰਾਏ ਦੇ ਨਾਂ 'ਤੇ ਰੱਖਿਆ ਹੈ)।

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਨਾਲ ਸਿੱਖਾਂ ਵਿਚ ਬੜਾ ਰੋਹ ਪੈਦਾ ਹੁੰਇਆ। ਸਿੱਖ ਔਰੰਗਜ਼ੇਬ ਨੂੰ ਸਜ਼ਾ ਦੇਣੀ ਚਾਹੁੰਦੇ ਸਨ; ਪਰ ਔਰੰਗਜ਼ੇਬ ਬੜੀ ਹਿਫ਼ਾਜ਼ਤ ਵਿਚ ਰਹਿੰਦਾ ਸੀ। ਇਸ ਸਕਿਉਰਿਟੀ ਦੇ ਬਾਵਜੂਦ ਤਵਾਰੀਖ਼ ਵਿਚ ਤਿੰਨ ਘਟਨਾਵਾਂ ਮਿਲਦੀਆਂ ਹਨ ਜਿਨ੍ਹਾਂ

ਮੁਤਾਬਿਕ ਸਿੱਖਾਂ ਨੇ ਔਰੰਗਜ਼ੇਬ 'ਤੇ ਹਮਲਾ ਕੀਤਾ ਸੀ।27 ਅਕਤੂਬਰ 1676 ਦੇ ਦਿਨ ਬੇੜੀ ਚੋਂ ਉਤਰਦੇ ਬਾਦਸ਼ਾਹ 'ਤੇ ਇਕ ਸਿੱਖ ਨੇ ਇੱਟਾਂ ਨਾਲ ਹਮਲਾ ਕੀਤਾ। ਇਸ ਘਟਨਾ ਦਾ ਜ਼ਿਕਰ *ਮਆਸਿਰਿ-ਇ-ਆਲਮਗੀਰੀ* ਦਾ ਲੇਖਕ (ਪੰਜਾਬੀ ਯੂਨੀਵਰਸਿਟੀ ਦੀ ਪੰਜਾਬੀ ਵਿਚ ਤਰਜਮਾ ਹੋਈ ਐਡੀਸ਼ਨ ਦੇ ਸਫ਼ਾ 135 'ਤੇ) ਇੰਞ ਕਰਦਾ ਹੈ: *"19 ਤਾਰੀਖ਼ ਰਜਬ (ਵੀਰਵਾਰ 27 ਅਕਤੂਬਰ 1676) ਨੂੰ ਸ਼ਹਿਨਸ਼ਾਹ ਕਿਸ਼ਤੀ ਤੋਂ ਉਤਰ ਕੇ ਤਖ਼ਤ-ਇ-ਰਵਾਂ 'ਤੇ ਸਵਾਰ ਹੋ ਰਹੇ ਸਨ ਤਾਂ ਇਕ ਬਦਕਿਸਮਤ ਸਿਰ ਫਿਰੇ ਨੇ ਜੋ ਗੁਰੂ ਤੇਗ਼ ਸਿੰਘ ਦਾ ਚੇਲਾ ਸੀ, ਦੇ ਇੱਟਾਂ ਸੁੱਟੀਆਂ ਜਿਨ੍ਹਾ ਵਿਚੋਂ ਇਕ ਤਖ਼ਤ ਉਤੇ ਡਿੱਗੀ। ਜਲੌ ਦੇ ਪਿਆਦਿਆਂ ਨੇ ਉਸ ਮੰਦ ਭਾਗੇ ਨੂੰ ਕੁਤਵਾਲ ਦੇ ਹਵਾਲੇ ਕਰ ਦਿੱਤਾ"* (ਯਾਨਿ ਮਗਰੋਂ ਉਸ ਨੂੰ ਸ਼ਹੀਦ ਕਰ ਦਿੱਤਾ ਗਿਆ)। ਇੰਞ ਹੀ **19 ਅਕਤੂਬਰ 1677 ਦੇ ਦਿਨ** ਔਰੰਗਜ਼ੇਬ ਦੇ ਜਾਮਾ ਮਸਜਿਦ ਦੀਆਂ ਪੌੜੀਆਂ ਤੋਂ ਉਤਰ ਕੇ ਘੋੜੇ 'ਤੇ ਚੜ੍ਹਦੇ ਤੇ ਇਕ ਸਿੱਖ ਨੇ ਉਸ 'ਤੇ ਤਲਵਾਰ ਨਾਲ ਹਮਲਾ ਕੀਤਾ ਪਰ ਔਰੰਗਜ਼ੇਬ ਬਚ ਗਿਆ। ਉਸ ਸਿੱਖ ਨੂੰ ਉਸੇ ਵੇਲੇ ਸ਼ਹੀਦ ਕਰ ਦਿੱਤਾ ਗਿਆ (*ਮਆਸਿਰਿ-ਆਲਮਗੀਰੀ*, ਸਫ਼ੇ 135-36)।

1921: ਸ਼੍ਰੋਮਣੀ ਕਮੇਟੀ ਨੇ ਤੋਸ਼ਾਖਾਨਾ ਦੀਆਂ ਚਾਬੀਆਂ ਸੁੰਦਰ ਸਿੰਘ ਤੋਂ ਲੈ ਕੇ ਖੜਕ ਸਿੰਘ ਨੂੰ ਦੇਣ ਦਾ ਮਤਾ ਪਾਸ ਕੀਤਾ

ਗੁਰਦੁਆਰਾ ਸੁਧਾਰ ਲਹਿਰ ਤੇਜ਼ ਹੋਣ ਤੋਂ ਤਿੰਨ-ਚਾਰ ਮਹੀਨੇ ਮਗਰੋਂ ਹੀ ਸਰਕਾਰ ਨੇ ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ ਇਕ ਐਕਟ ਬਨਾਉਣ ਦਾ ਚਰਚਾ ਸ਼ੁਰੂ ਕਰ ਦਿੱਤਾ ਸੀ। 16 ਫ਼ਰਵਰੀ 1921 ਦੇ ਦਿਨ ਸਰਕਾਰ ਨੇ ਇਕ ਐਲਾਨ ਜਾਰੀ ਕੀਤਾ ਸੀ ਕਿ ਉਹ (ਸਰਕਾਰ) ਗੁਰਦੁਆਰਿਆਂ ਦੇ ਮੌਜੂਦਾ ਇੰਤਜ਼ਾਮ 'ਤੇ ਵਿਚਾਰ ਕਰਨ ਵਾਸਤੇ ਇਕ ਕਮੇਟੀ ਬਨਾਉਣ ਬਾਰੇ ਸੋਚ ਰਹੀ ਹੈ। ਇਸ ਸਬੰਧ ਵਿਚ ਇਕ ਮੀਟਿੰਗ ਮਾਰਚ 1921 ਵਿਚ ਕਰਨ ਦਾ ਫ਼ੈਸਲਾ ਹੋਇਆ ਸੀ। ਇਸ ਮੀਟਿੰਗ ਵਿਚ ਅਕਾਲੀ ਨੁਮਾਇੰਦੇ, ਮਹੰਤਾਂ ਵੱਲੋਂ ਕਰਤਾਰ ਸਿੰਘ ਬੇਦੀ ਅਤੇ ਸਰਕਾਰ ਵੱਲੋਂ ਪੰਜਾਬ ਸਰਕਾਰ ਦੇ ਸੈਕਟਰੀ ਸ਼ੇਖ਼ ਅਸਗਰ ਅਲੀ ਨੇ ਸ਼ਾਮਿਲ ਹੋਣਾ ਸੀ ਪਰ ਨਾਨਕਾਣਾ ਸਾਹਿਬ ਦੇ ਸਾਕੇ ਕਰ ਕੇ ਇਹ ਮੀਟਿੰਗ ਨਾ ਹੋ ਸਕੀ। 14 ਮਾਰਚ 1921 ਨੂੰ ਪੰਜਾਬ ਦੇ ਵਜ਼ੀਰੇ-ਤਾਲੀਮ ਮੀਆਂ ਫ਼ਜ਼ਲੀ ਹੁਸੈਨ ਨੇ ਕੌਂਸਲ 'ਚ ਇਕ ਮਤਾ ਰੱਖਿਆ, ਜਿਸ ਵਿਚ ਗੁਰਦੁਆਰਿਆਂ ਦੇ ਨਿਜ਼ਾਮ ਵਾਸਤੇ ਆਰਡੀਨੈਂਸ ਜਾਰੀ ਕਰਨ ਦਾ ਜ਼ਿਕਰ ਕੀਤਾ ਗਿਆ ਸੀ। ਇਸ ਮੁਤਾਬਿਕ ਇਕ ਗੁਰਦੁਆਰਾ ਕਮਿਸ਼ਨ ਬਣਾਇਆ ਜਾਣਾ ਸੀ। ਇਸ ਗੁਰਦੁਆਰਾ ਕਮਿਸ਼ਨ ਦੇ ਚਾਰ ਮੈਂਬਰ ਹੋਣੇ ਸਨ: ਇਕ ਸਰਕਾਰੀ ਗ਼ੈਰ ਸਿੱਖ (ਪ੍ਰਧਾਨ), ਇਕ ਸਰਕਾਰੀ ਸਿੱਖ ਨੁਮਾਇੰਦਾ ਤੇ ਕੌਂਸਲ ਦੇ ਸਿੱਖ ਮੈਂਬਰਾਂ ਵੱਲੋਂ ਪੇਸ਼ ਹੋਏ 8 ਨਾਂਵਾਂ ਦੇ ਪੈਨਲ 'ਚੋਂ ਸਰਕਾਰ 2 ਮੈਂਬਰ ਚੁਣੇਗੀ। ਫਿਰ ਇਸ ਵਿਚ ਸਿੱਖ ਦੀ ਤਾਰੀਫ਼ ਵੀ ਨਹੀਂ ਸੀ ਦਿੱਤੀ ਹੋਈ (ਕਿ ਸਿੱਖ ਕਿਸ ਨੂੰ ਕਿਹਾ ਜਾਵੇਗਾ)। ਇਸ ਮੁਤਾਬਿਕ ਗੁਰਦੁਆਰਿਆਂ ਦਾ ਨਿਜ਼ਾਮ ਸਿੱਖਾਂ ਦੇ ਹਵਾਲੇ ਕਰ ਕੇ ਮਹੰਤਾਂ ਤੇ ਹੋਰ ਪੁਜਾਰੀਆਂ ਵਾਸਤੇ ਮਿੱਥੀ ਰਕਮ ਨੀਅਤ ਕੀਤੀ ਜਾਣੀ ਸੀ। ਇਸ ਆਰਡੀਨੈਂਸ ਦੇ ਖ਼ਿਲਾਫ਼ ਹਿੰਦੂ ਕੌਂਸਲਰ ਖੁਲ੍ਹ ਕੇ ਸਾਹਮਣੇ ਆਏ ਅਤੇ ਉਨ੍ਹਾਂ ਨੇ ਮਹੰਤਾਂ ਦੀ ਸਿੱਧੀ ਤੇ ਅਸਿੱਧੀ ਹਿਮਾਇਤ ਕੀਤੀ। ਉਨ੍ਹਾਂ ਨੇ ਤਾਂ ਇੱਥੋਂ ਤਕ ਕਿਹਾ ਕਿ ਸਿੱਖਾਂ ਵਿਚ ਕਈ ਫ਼ਿਰਕੇ ਹਨ ਤੇ ਹਰ ਇਕ ਦਾ ਨੁਮਾਇੰਦਾ ਕਮਿਸ਼ਨ ਵਿਚ ਹੋਵੇ। ਗਨਪਤ ਰਾਏ, ਜੋ ਮਹੰਤ ਨਰੈਣ ਦਾਸ ਦਾ ਸਲਾਹਕਾਰ ਸੀ, ਅਤੇ ਰਾਜਾ ਨਰਿੰਦਰ ਨਾਥ (ਪੁਤਰ ਫ਼ਿਰਕੂ ਅਯੁਧਿਆ ਨਾਥ, ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਦੀਵਾਨ ਬਣਾਇਆ ਹੋਇਆ ਸੀ) ਨੇ ਤਾਂ ਇੱਥੋਂ ਤਕ ਕਿਹਾ ਕਿ ਗੁਰਦੁਆਰਾ ਕਮਿਸ਼ਨ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੀ ਵੀ ਨੁਮਾਇੰਦਗੀ ਹੋਵੇ। ਹਿੰਦੂ ਤਾਂ ਚਾਹੁੰਦੇ ਸਨ ਕਿ ਇਸ ਦਾ ਮੁਖੀ ਕੋਈ ਯੂਰਪੀਨ ਹੋਵੇ ਤੇ ਸਿੱਖ ਨਹੀਂ। ਸਿੱਖਾਂ ਨੇ ਇਸ

ਬਿੱਲ ਦੀ ਸਖ਼ਤ ਮੁਖ਼ਾਲਫ਼ਤ ਕੀਤੀ ਤੇ ਕਿਹਾ ਕਿ ਸਿੱਖਾਂ ਵਿਚ ਕੋਈ ਫ਼ਿਰਕਾ ਨਹੀਂ ਅਤੇ ਹਿੰਦੂ ਤੇ ਮੁਸਲਮਾਨਾਂ ਦੀ ਨੁੰਮਾਇੰਦਗੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਨੇ ਬਿੱਲ ਦੀ ਇਸ ਗੱਲੋਂ ਵੀ ਮੁਖ਼ਾਲਫ਼ਤ ਕੀਤੀ ਕਿ ਇਹ ਗੁਰਦੁਆਰੇ ਨੂੰ ''ਚੈਰੀਟੇਬਲ ਟਰੱਸਟ'' ਮੰਨਦਾ ਏ, ਜਦ ਕਿ ਗੁਰਦੁਆਰੇ ਦਾ ਆਪਣਾ ਰੂਹਾਨੀ ਅਕੀਦਾ ਤੇ ਅਸੂਲ ਹੁੰਦਾ ਹੈ। ਇਸ ਨੂੰ ''ਦਾਨ ਵਾਲੀ ਜਮਾਤ'' (ਚੈਰੀਟੇਬਲ ਟਰੱਸਟ) ਨਾਲ ਨਹੀਂ ਜੋੜਿਆ ਜਾ ਸਕਦਾ। ਇਨ੍ਹਾਂ ਕਾਰਨਾਂ ਕਰ ਕੇ ਆਰਡੀਨੈਂਸ ਦੀ ਗੱਲ ਸਿਰੇ ਨਾ ਚੜ੍ਹ ਸਕੀ। ਸਿੱਖਾਂ ਦੀ ਵਿਰੋਧਤਾ ਨੂੰ ਮੱਦੇ-ਨਜ਼ਰ ਰੱਖਦਿਆਂ ਸਰਕਾਰ ਨੇ ਆਰਡੀਨੈਂਸ ਦੀ ਥਾਂ ਇਕ ਬਿੱਲ ਪੇਸ਼ ਕਰਨ ਦਾ ਫ਼ੈਸਲਾ ਕਰ ਲਿਆ ਤੇ ਇਸ ਵਾਸਤੇ 5 ਅਪ੍ਰੈਲ ਦੀ ਤਾਰੀਖ਼ ਮਿੱਥ ਦਿੱਤੀ। ਸੁੰਦਰ ਸਿੰਘ ਮਜੀਠਾ ਨੇ ਇਸ ਬਿਲ ਬਾਰੇ ਬਹੁਤ ਸਖ਼ਤ ਸਟੈਂਡ ਲਿਆ। ਉਸ ਨੇ ਕਿਹਾ ਕਿ: *"ਗੁਰਦੁਆਰਿਆਂ ਵਿਚ ਸਿਰਫ਼ ਸਿੱਖ ਧਰਮ ਮੁਤਾਬਿਕ ਹੀ ਇਬਾਦਤ ਹੋ ਸਕਦੀ ਹੈ; ਗੁਰਦੁਆਰਿਆਂ ਵਿਚ ਹਿੰਦੂ ਦੇਵੀ-ਦੇਵਤਿਆਂ ਦੀ ਪੂਜਾ ਨਹੀਂ ਹੋ ਸਕਦੀ; ਗੁਰਦੁਆਰਿਆਂ ਦੀਆਂ ਜਾਇਦਾਦਾਂ ਭਾਵੇਂ ਗ਼ੈਰ-ਸਿੱਖਾਂ ਨੇ ਦਾਨ ਕੀਤੀਆਂ ਹੋਈਆਂ ਹੋਣ ਪਰ ਸਿੱਖਾਂ ਨੇ ਇਨ੍ਹਾਂ ਨੂੰ ਆਪਣੀਆਂ ਸ਼ਰਤਾਂ (ਅਕੀਦੇ) ਮੁਜਬ ਕਬੂਲ ਕੀਤਾ ਸੀ; ਗੁਰਦੁਆਰੇ ਮਹੰਤਾਂ ਦੀਆਂ ਨਿਜੀ ਜਾਇਦਾਦਾਂ ਨਹੀਂ ਹਨ; ਮਹੰਤ ਦਾ ਅਹੁਦਾ ਮਾਰੂਸੀ ਨਹੀਂ ਹੈ। ਗੁਰੂ ਨਾਨਕ ਸਾਹਿਬ ਨੇ ਤਾਂ ਆਪਣੇ ਪੁੱਤਰਾਂ ਨੂੰ ਛੱਡ ਕੇ ਗੁਰੂ ਅੰਗਦ ਸਾਹਿਬ ਨੂੰ ਜਾਨਸ਼ੀਨ ਚੁਣਿਆ ਸੀ; ਗੁਰਦੁਆਰਿਆਂ 'ਤੇ ਕਬਜ਼ਿਆਂ ਦੇ ਖ਼ਿਲਾਫ਼ ਸਖ਼ਤੀ ਠੀਕ ਨਹੀਂ। ਸਿੱਖਾਂ ਨੇ ਸਰਕਾਰ ਦਾ ਧਿਆਨ ਇਧਰ ਦਿਵਾਉਣ ਵਾਸਤੇ ਕਬਜ਼ੇ ਕੀਤੇ ਹਨ; ਸਿੱਖ ਮਜ਼ਹਬ ਵਿਚ ਕੋਈ ਫ਼ਿਰਕਾ ਨਹੀਂ ਹੈ।"* ਉਧਰ ਸ਼੍ਰੋਮਣੀ ਕਮੇਟੀ ਨੇ ਮੰਗ ਕੀਤੀ ਕਿ ਗੁਰਦੁਆਰਾ ਬਿੱਲ ਸ਼੍ਰੋਮਣੀ ਕਮੇਟੀ ਦੀ ਮਰਜ਼ੀ ਮੁਤਾਬਿਕ ਬਣੇ; ਹਰ ਵਰਗ ਦੇ ਸਿੱਖ ਨੇ ਸ਼੍ਰੋਮਣੀ ਕਮੇਟੀ ਦੀ ਹਮਾਇਤ ਕੀਤੀ। ਸਰਕਾਰ ਵੱਲੋਂ ਸੁਝਾਏ ਬਿੱਲ ਦੇ ਖ਼ਿਲਾਫ਼ ਅਤੇ ਅਕਾਲੀ ਦਲ ਦੀ ਹਮਾਇਤ ਵਿਚ ਏਨਾ ਮਾਹੌਲ ਹੋਣ ਦੇ ਬਾਵਜੂਦ ਸਰਕਾਰ ਆਪਣੀ ਅੜੀ 'ਤੇ ਕਾਇਮ ਰਹੀ ਅਤੇ 16 ਅਪ੍ਰੈਲ ਨੂੰ ਗੁਰਦੁਆਰਾ ਬਿੱਲ ਕੌਂਸਲ ਵਿਚ ਪੇਸ਼ ਕਰ ਦਿੱਤਾ ਪਰ ਉਸ ਦਿਨ ਬਿੱਲ ਨੂੰ ਪਾਸ ਕਰਨ ਦੀ ਬਜਾਇ 9 ਮਈ 'ਤੇ ਮੁਲਤਵੀ ਕਰ ਦਿੱਤਾ। ਇਸ ਦੌਰਾਨ ਸਰਕਾਰ ਨੇ 23 ਅਪ੍ਰੈਲ ਨੂੰ ਇਕ ਮੀਟਿੰਗ ਬੁਲਾਈ। ਇਸ ਵਿਚ ਸਿੱਖ ਆਗੂ, ਮਹੰਤਾਂ ਦੇ ਨੁਮਾਇੰਦੇ, ਕੌਂਸਲ ਦੇ ਮੈਂਬਰ ਅਤੇ ਕੁਝ ਹੋਰ ਸ਼ਖ਼ਸੀਅਤਾਂ ਵੀ ਸ਼ਾਮਿਲ ਹੋਈਆਂ। ਮੀਟਿੰਗ ਵਿਚ ਸੁਝਾਏ ਗੁਰਦੁਆਰਾ ਬਿੱਲ ਬਾਰੇ ਵਿਚਾਰਾਂ ਹੋਈਆਂ ਅਤੇ ਸਿੱਖ ਆਗੂਆਂ ਦੀਆਂ ਤਿੰਨ ਸ਼ਰਤਾਂ ਸਨ: (1) ਸਿਰਫ਼ ਚੰਗੇ ਇਖ਼ਲਾਕ ਵਾਲਾ ਮਹੰਤ ਹੀ ਗੁਰਦੁਆਰੇ ਦਾ ਪੁਜਾਰੀ ਹੋਵੇ (2) ਸਾਰੇ ਗੁਰਦੁਆਰੇ ਪੰਥ ਦੇ ਹਨ ਅਤੇ ਇਸ ਕਰ ਕੇ ਪੰਥਕ ਕਮੇਟੀ ਦੇ ਇੰਤਜ਼ਾਮ ਹੇਠ ਹੀ ਰਹਿਣੇ ਚਾਹੀਦੇ ਹਨ (3) ਗੁਰਦੁਆਰਿਆਂ ਦੀ ਆਮਦਨ ਤੇ ਖ਼ਰਚ ਦਾ ਪੂਰਾ ਹਿਸਾਬ ਕਿਤਾਬ ਰੱਖਿਆ ਜਾਵੇ 'ਤੇ ਸੰਗਤ ਸਾਹਮਣੇ ਪੇਸ਼ ਕੀਤਾ ਜਾਏ। 23 ਤਾਰੀਖ਼ ਦੀ ਮੀਟਿੰਗ ਅਧੂਰੀ ਰਹੀ ਪਰ 26 ਅਪ੍ਰੈਲ ਨੂੰ ਫੇਰ ਸ਼ੁਰੂ ਹੋਈ। ਇਸ ਵਿਚ ਮਹੰਤਾਂ ਨੇ ਜ਼ਿਦ ਕੀਤੀ ਕਿ ਸਮਝੌਤੇ 'ਚ ਇਹ ਵੀ ਲਿਖਿਆ ਜਾਏ ਕਿ ਜੋ ਮਰਿਆਦਾ ਮਹੰਤਾਂ ਨੇ 1920 ਵਿਚ ਅਪਣਾਈ ਹੋਈ ਸੀ ਗੁਰਦੁਆਰਿਆਂ ਵਿਚ ਜਾਰੀ ਰਹੇਗੀ। ਇਸ ਤੋਂ ਇਲਾਵਾ ਸਿੱਖ ਆਗੂਆਂ ਨੇ ਵੀ ਸ਼ਰਤ ਰੱਖੀ ਕਿ ਘੱਟੋ-ਘੱਟ ਦੋ ਤਿਹਾਈ ਨੁਮਾਇੰਦੇ ਸਿੱਖਾਂ ਵੱਲੋਂ ਚੁਣੇ ਜਾਣ 'ਤੇ ਪਰੈਜ਼ੀਡੈਂਟ ਵੀ ਇੰਗਲਿਸ਼ ਨਹੀਂ ਬਲਕਿ ਸਿੱਖ ਹੋਵੇ ਪਰ ਮਹੰਤਾਂ ਦੀ ਜ਼ਿਦ ਸੀ ਕਿ ਪਰੈਜ਼ੀਡੈਂਟ ਸਿੱਖ ਨਾ ਹੋਵੇ ਤੇ ਇੰਗਲਿਸ਼ ਹੋਵੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੀ ਨਵੀਂ ਚੋਣ ਹੋਈ। ਜਿਸ ਮਗਰੋਂ **19 ਅਕਤੂਬਰ 1921** ਨੂੰ ਸ਼੍ਰੋਮਣੀ ਕਮੇਟੀ ਨੇ ਪਾਸ ਕੀਤਾ ਕਿ ਦਰਬਾਰ ਸਾਹਿਬ ਦੇ ਤੋਸ਼ੇਖ਼ਾਨੇ ਦੀਆਂ ਚਾਬੀਆਂ ਸੁੰਦਰ ਸਿੰਘ ਰਾਮਗੜ੍ਹੀਆ ਤੋਂ ਲੈ ਕੇ ਨਵੇਂ ਪ੍ਰਧਾਨ ਖੜਕ ਸਿੰਘ ਨੂੰ ਦੇ ਦਿੱਤੀਆਂ ਜਾਣ। ਇਸ ਦੀ ਇਤਲਾਹ ਸੁੰਦਰ ਸਿੰਘ ਰਾਮਗੜ੍ਹੀਆ ਨੇ ਇਕ ਦਮ

ਡੀ.ਸੀ. ਨੂੰ ਦੇ ਦਿੱਤੀ। ਇਸ 'ਤੇ ਸਰਕਾਰ ਦੀ ਪਾਲਿਸੀ 'ਚ ਇਕ ਦਮ ਤਬਦੀਲੀ ਆਈ ਤੇ ਸਰਕਾਰ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰਨ ਦੀ ਸਕੀਮ ਘੜ ਲਈ।

1985: ਦਰਬਾਰ ਸਾਹਿਬ 'ਤੇ ਹਮਲਾ ਕਰਨ ਦੇ ਖ਼ਿਲਾਫ਼ ਪ੍ਰੋਟੈਸਟ ਕਰਨ ਵਾਲੇ ਜੰਮੂ ਦੇ ਧਰਮੀ ਫ਼ੌਜੀਆਂ ਨੂੰ ਸਜ਼ਾਵਾਂ ਸੁਣਾਈਆਂ ਗਈਆਂ

19 ਅਕਤੂਬਰ 1985 ਦੇ ਦਿਨ ਜੰਮੂ ਕੋਰਟ ਮਾਰਸ਼ਲ (ਜਨਰਲ) ਵਲੋਂ ਜੂਨ 1984 ਵਿਚ ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਵੱਲੋਂ ਹਮਲਾ ਕਰਨ ਮਗਰੋਂ ਬਗ਼ਾਵਤ ਕਰਨ ਵਾਲੇ 'ਧਰਮੀ' ਫ਼ੌਜੀਆਂ ਵਿਚੋਂ 8 ਸਿੱਖ ਫ਼ੌਜੀਆਂ ਨੂੰ 1 ਤੋਂ 4 ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ। ਸੱਤ ਸਿੱਖ ਫ਼ੌਜੀਆਂ ਨੂੰ ਨੌਕਰੀ ਤੋਂ ਬਰਤਰਫ਼ ਕਰ ਦਿੱਤਾ ਗਿਆ।

1987: ਨਰਿੰਦਰ ਸਿੰਘ ਭੋਰਸੀਆਂ ਬ੍ਰਾਹਮਣਾਂ ਨਕਲੀ ਮੁਕਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 19 ਅਕਤੂਬਰ 1987 ਦੇ ਦਿਨ ਨਰਿੰਦਰ ਸਿੰਘ ਉਰਫ਼ ਪ੍ਰਤਾਪ ਸਿੰਘ (ਪੁੱਤਰ ਪੂਰਨ ਸਿੰਘ, ਵਾਸੀ ਭੋਰਸੀਆਂ ਬ੍ਰਾਹਮਣਾਂ) ਨੂੰ ਇਕ ਨਕਲੀ ਮੁਕਬਲੇ ਵਿਚ ਸ਼ਹੀਦ ਕਰ ਦਿੱਤਾ। ਇਨ੍ਹੀਂ ਦਿਨੀਂ ਹੀ ਬਬਰ ਖਾਲਸਾ ਦੇ ਹੇਠ ਲਿਖੇ ਮੈਂਬਰਾਂ ਦੇ ਸ਼ਹੀਦ ਕੀਤੇ ਜਾਣ ਬਾਰੇ ਵੀ ਪਤਾ ਮਿਲਦਾ ਹੈ: ਅਵਤਾਰ ਸਿੰਘ ਪਾੜ੍ਹਾ, ਰਣਜੀਤ ਸਿੰਘ, ਸਤਨਾਮ ਸਿੰਘ, ਸਵਰਨ ਸਿੰਘ, ਮਾਸਟਰ ਸੁਖਵਿੰਦਰ ਸਿੰਘ, ਸੁਲੱਖਣ ਸਿੰਘ, ਸੁਖਵੰਤ ਸਿੰਘ ਉਰਫ਼ ਹੀਰਾ ਸਿੰਘ ਰਾਹੋਂ, ਸ਼ਮਸ਼ੇਰ ਸਿੰਘ ਉਰਫ਼ ਨਾਨਕਸਰੀਆ, ਰਵਿੰਦਰਪਾਲ ਸਿੰਘ ਉਰਫ਼ ਗੰਗਾ ਵਗ਼ੈਰਾ।

1990: ਜਸਬੀਰ ਸਿੰਘ ਬੁਲਟ ਭੁਬਲੀ, ਹਰਦਿਆਲ ਸਿੰਘ ਦਾਲਾ ਭੂਰੀਆਂ ਤੇ ਕੁਲਦੀਪ ਸਿੰਘ ਸੀਚੇਵਾਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲਸ ਨੇ 19 ਅਕਤੂਬਰ 1990 ਦੇ ਦਿਨ ਜਸਬੀਰ ਸਿੰਘ ਬੁਲਟ (ਵਾਸੀ ਭੁਬਲੀ), ਹਰਦਿਆਲ ਸਿੰਘ ਦਾਲਾ (ਵਾਸੀ ਭੂਰੀਆਂ) ਤੇ ਕੁਲਦੀਪ ਸਿੰਘ ਉਰਫ਼ ਅੜਿੱਕਾ ਸਿੰਘ (ਵਾਸੀ ਸੀਚੇਵਾਲ ਜਲੰਧਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

20 ਅਕਤੂਬਰ

1700: ਖੇੜਾ-ਕਲਮੋਟ ਦੀ ਲੜਾਈ ਵਿਚ ਭਾਈ ਜੀਵਨ ਸਿੰਘ ਦੀ ਮੌਤ ਹੋਈ

ਬਸਾਲੀ (ਨਿਰਮੋਹਗੜ੍ਹ ਅਤੇ ਕੀਰਤਪੁਰ ਸਾਹਿਬ ਤੋਂ 13-14 ਕਿਲੋਮੀਟਰ ਦੂਰ) ਇਕ ਪਹਾੜੀ ਪਿੰਡ ਹੈ। ਉਦੋਂ ਇਹ ਇਕ ਨਿੱਕੀ ਜਿਹੀ ਰਿਆਸਤ ਸੀ । ਇਸ ਦਾ ਰਾਜਾ ਸਲਾਹੀ ਚੰਦ ਸੀ। ਸਲਾਹੀ ਚੰਦ ਦੀ ਪਤਨੀ ਰਾਣੀ ਹੀਰਾ ਦੇਵੀ ਬਿਲਾਸਪੁਰ ਦੀ ਰਾਣੀ ਚੰਪਾ (1700 ਵਿਚ ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਦੀ ਦਾਦੀ) ਦੀ ਸਕੀ ਭੈਣ ਸੀ। ਰਾਣੀ ਚੰਪਾ (ਮੌਤ 1691) ਆਖ਼ਰੀ ਸਾਹਾਂ ਤੱਕ ਗੁਰੂ ਘਰ ਦੀ ਸੇਵਾਦਾਰ ਰਹੀ ਸੀ। ਜਦੋਂ ਹੀਰਾ ਦੇਵੀ ਤੇ ਸਲਾਹੀ ਚੰਦ ਨੂੰ ਪਤਾ ਲੱਗਾ ਕਿ ਅਜਮੇਰ ਚੰਦ ਨੇ ਦਗ਼ਾ ਕਰ ਕੇ ਗੁਰੂ ਸਾਹਿਬ 'ਤੇ ਹਮਲਾ ਕੀਤਾ ਹੈ ਤੇ ਨਿਰਮੋਹਗੜ੍ਹ ਦੀ ਘੇਰਾ-ਬੰਦੀ ਕੀਤੀ ਹੋਈ ਹੈ ਤਾਂ ਉਨ੍ਹਾਂ ਨੇ ਆਪਣਾ ਵਜ਼ੀਰ ਗੁਰੂ ਜੀ ਵੱਲ ਭੇਜਿਆ ਤੇ ਉਨ੍ਹਾਂ ਨੂੰ ਨਿਰਮੋਹਗੜ੍ਹ ਛੱਡ ਕੇ ਬਸਾਲੀ ਆਉਣ ਵਾਸਤੇ ਆਖਿਆ। ਬਸਾਲੀ ਰਿਆਸਤ ਸਰਸਾ ਨਦੀ ਦੇ ਦੂਜੇ ਪਾਰ ਸੀ। ਗੁਰੂ ਸਾਹਿਬ 15 ਅਕਤੂਬਰ ਨੂੰ ਤੜਕੇ ਵੇਲੇ ਨਿਰਮੋਹਗੜ੍ਹ ਤੋਂ ਸਰਸਾ ਨਦੀ ਵੱਲ ਚੱਲ ਪਏ ਤਾਂ ਜੋ ਦਰਿਆ ਪਾਰ ਕਰ ਕੇ ਬਸਾਲੀ ਜਾ ਸਕਣ। ਉਧਰ ਜਦੋਂ ਅਜਮੇਰ ਚੰਦ ਨੂੰ ਇਸ ਦਾ ਪਤਾ ਲੱਗਿਆ ਤਾਂ ਉਸ ਨੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨੇ ਸਿੱਖ ਫ਼ੌਜਾਂ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਤੇ ਆਪ ਦਰਿਆ ਪਾਰ ਕਰ ਗਏ। ਇਧਰ ਭਾਈ ਉਦੈ ਸਿੰਘ ਦੀ ਅਗਵਾਈ 'ਚ ਸਿੰਘਾਂ ਨੇ ਤੀਰਾਂ ਅਤੇ

ਗੋਲੀਆਂ ਦਾ ਐਸਾ ਮੀਂਹ ਵਰ੍ਹਾਇਆ ਕਿ ਇਕ ਵਾਰ ਤਾਂ ਦੁਸ਼ਮਣਾਂ ਦੀ ਤੌਬਾ ਕਰ ਦਿੱਤੀ। ਜਦੋਂ ਸਾਰੀ ਫ਼ੌਜ ਪਾਰ ਕਰ ਗਈ ਤਾਂ ਭਾਈ ਉਦੈ ਸਿੰਘ ਵੀ ਦਰਿਆ ਪਾਰ ਕਰ ਗਏ ਤੇ ਗੁਰੂ ਜੀ ਨੂੰ ਜਾ ਮਿਲੇ। ਇਸ ਲੜਾਈ ਵਿਚ ਭਾਈ ਕੇਸਰਾ ਸਿੰਘ, ਭਾਈ ਗੋਕਲ ਸਿੰਘ ਤੇ ਕੁਝ ਹੋਰ ਸਿੱਖ ਸ਼ਹੀਦੀਆਂ ਪਾ ਗਏ। ਸ਼ਾਮ ਵੇਲੇ ਗੁਰੂ ਸਾਹਿਬ ਬਸਾਲੀ ਪਹੁੰਚ ਗਏ। ਬਸਾਲੀ ਦੇ ਲੋਕਾਂ ਨੇ ਗੁਰੂ ਸਾਹਿਬ ਨੂੰ ਬੜੀ ਗਰਮ-ਜੋਸ਼ੀ ਨਾਲ ਜੀ ਆਇਆਂ ਆਖਿਆ। ਗੁਰੂ ਸਾਹਿਬ ਰਾਜਾ ਸਲਾਹੀ ਚੰਦ ਦੇ ਮਹਿਲ ਵਿਚ ਰਹੇ ਤੇ ਸਿੰਘਾਂ ਵਾਸਤੇ ਪਹਾੜੀ ਦੇ ਹੇਠਾਂ ਤੰਬੂ ਲਾ ਦਿੱਤੇ ਗਏ। ਇੰਞ ਕੁਝ ਦਿਨ ਦੀਵਾਨ ਸਜਦੇ ਰਹੇ।ਬਸਾਲੀ ਰਹਿੰਦਿਆਂ ਗੁਰ ਜੀ 20 ਅਕਤੂਬਰ ਦੇ ਦਿਨ ਸ਼ਿਕਾਰ ਖੇਡਣ ਵਾਸਤੇ ਨੇੜੇ ਦੀਆਂ ਪਹਾੜੀਆਂ ਵਿਚ ਗਏ; ਇਸ ਦੌਰਾਨ ਇਕ ਬਘਿਆੜ ਦਾ ਪਿੱਛਾ ਕਰਦੇ ਆਪ ਖੇੜਾ ਤੇ ਕਲਮੋਟ ਪਿੰਡਾਂ ਦੀਆਂ ਪਹਾੜੀਆਂ ਵਿਚ ਆ ਪੁੱਜੇ। ਏਥੇ ਕਲਮੋਟ ਦੇ ਰੰਘੜਾਂ ਅਤੇ ਗੁੱਜਰਾਂ ਨੇ ਸਿੱਖਾਂ ਤੇ ਹਮਲਾ ਕਰ ਦਿੱਤਾ ਜਿਸ ਦੌਰਾਨ ਭਾਈ ਜੀਵਨ ਸਿੰਘ (ਪੁੱਤਰ ਭਾਈ ਪ੍ਰੇਮਾ, ਪੋਤਾ ਭਾਈ ਮੂਲਾ, ਇੰਜ ਰਿਸ਼ਤੇ ਵਿਚ ਉਹ ਭਾਈ ਮਨੀ ਸਿੰਘ ਦਾ ਚਾਚਾ ਲਗਦਾ ਸੀ) ਮਾਰਿਆ ਗਿਆ। ਇਸ ਮਗਰੋਂ ਸਿੱਖਾਂ ਨੇ ਕਲਮੋਟੀਆਂ ਨੂੰ ਖ਼ੂਬ ਸਬਕ ਸਿਖਾਇਆ ਤੇ ਅਖ਼ੀਰ ਰੰਘੜਾਂ ਅਤੇ ਗੁੱਜਰਾਂ ਨੇ ਗੁਰੂ ਜੀ ਤੋਂ ਮੁਆਫ਼ੀ ਮੰਗੀ ਤੇ ਖਲਾਸੀ ਪਾਈ।

1783: ਜੱਸਾ ਸਿੰਘ ਆਹਲੂਵਾਲੀਆ ਚੜ੍ਹਾਈ ਕਰ ਗਏ

ਦਲ ਖਾਲਸਾ ਦੇ ਮੁਖੀ ਤੇ ਖਾਲਸਾ ਫ਼ੌਜਾਂ ਦੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ **20 ਅਕਤੂਬਰ 1783** ਦੇ ਦਿਨ ਚੜ੍ਹਾਈ ਕਰ ਗਏ। ਤਿੰਨ ਮਈ 1718 ਦੇ ਦਿਨ ਭਾਈ ਬਦਰ ਸਿੰਘ (ਪੁੱਤਰ ਭਾਈ ਗੋਪਾਲ ਸਿੰਘ) ਦੇ ਘਰ ਪੈਦਾ ਹੋਏ ਜੱਸਾ ਸਿੰਘ ਨੇ ਨਵਾਬ ਕਪੂਰ ਸਿੰਘ ਤੋਂ ਬਾਅਦ ਸਿੱਖ ਫ਼ੌਜਾਂ ਨੂੰ ਖਾਲਸਾ ਰਾਜ ਕਾਇਮ ਕਰਨ ਵਾਸਤੇ 1753 ਤੋਂ 1783 ਤਕ, ਲਗਾਤਾਰ 30 ਸਾਲ, ਸਿੱਖ ਪੰਥ ਨੂੰ ਕਮਾਲ ਦੀ ਅਗਵਾਈ ਦਿੱਤੀ। ਉਸ ਨੇ ਅਹਿਮਦ ਸਾਹ ਦੁੱਰਾਨੀ ਵਰਗੀ ਤਾਕਤ ਨਾਲ ਉਸ ਨੇ ਟੱਕਰ ਲਈ, ਮੁਗ਼ਲਾਂ ਨੂੰ ਉਸ ਨੇ ਮਾਤ ਦਿੱਤੀ ਅਤੇ ਘੱਲੂਘਾਰਿਆਂ ਵਿਚੋਂ ਕੌਮ ਨੂੰ ਤਖ਼ਤ 'ਤੇ ਲਿਆ ਬੈਠਾਇਆ। ਲਾਹੌਰ ਅਤੇ ਦਿੱਲੀ 'ਤੇ ਖਾਲਸੇ ਦਾ ਨੀਲਾ (ਜੋ ਰੰਗ ਹੁਣ ਉਦਾਸੀਆਂ ਦਾ ਭਗਵਾ/ਪੀਲਾ/ਕੇਸਰੀ ਬਣ ਗਿਆ ਹੈ) ਨਿਸ਼ਾਨ ਸਾਹਿਬ ਉਸੇ ਨੇ ਹੀ ਝੁਲਾਇਆ ਸੀ। ਕਪੂਰਥਲਾ ਉਸ ਦੀ ਰਿਆਸਤ ਦੀ ਰਾਜਧਾਨੀ ਸੀ।

1836: ਫ਼ਤਹਿ ਸਿੰਘ ਆਹਲੂਵਾਲੀਆ ਚੜ੍ਹਾਈ ਕਰ ਗਏ

ਕਪੂਰਥਲਾ ਰਿਆਸਤ ਦੇ ਮੁਖੀ ਫ਼ਤਹਿ ਸਿੰਘ ਆਹਲੂਵਾਲੀਆ ਦੀ ਮੌਤ **20 ਅਕਤੂਬਰ 1836** ਦੇ ਦਿਨ ਕਪੂਰਥਲਾ ਵਿਖੇ ਹੋਈ ਸੀ। ਫ਼ਤਹਿ ਸਿੰਘ ਭਾਗ ਸਿੰਘ (ਮੌਤ 1801) ਦਾ ਪੁੱਤਰ ਸੀ ਜੋ ਜੱਸਾ ਸਿੰਘ ਆਹਲੂਵਾਲੀਆ (ਮੌਤ 1783) ਦਾ ਭਤੀਜਾ ਸੀ। ਫ਼ਤਹਿ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਨੂੰ 'ਪੱਗ ਵੱਟ ਭਰਾ' ਵਜੋਂ ਜਾਣਿਆ ਜਾਂਦਾ ਸੀ। ਸੰਨ 1825 ਵਿਚ ਫ਼ਤਹਿ ਸਿੰਘ ਤੇ ਰਣਜੀਤ ਸਿੰਘ ਵਿਚ ਸਬੰਧ ਖਰਾਬ ਹੋ ਗਏ ਜਿਸ ਨਾਲ ਫ਼ਤਹਿ ਸਿੰਘ ਕਪੂਰਥਲਾ ਛੱਡ ਕੇ ਸਤਲੁਜ ਪਾਰ ਚਲਾ ਗਿਆ; ਇਸ 'ਤੇ ਰਣਜੀਤ ਸਿੰਘ ਨੇ ਉਸ ਦੀ ਰਿਆਸਤ ਤੇ ਕਬਜ਼ਾ ਕਰ ਲਿਆ। ਪਰ ਰਣਜੀਤ ਸਿੰਘ ਨੇ 1827 ਵਿਚ ਦੋਬਾਰਾ ਬੁਲਾ ਲਿਆ ਤੇ ਇਹ ਦੋਸਤੀ ਫਿਰ ਕਾਇਮ ਹੋ ਗਈ। ਫ਼ਤਹਿ ਸਿੰਘ ਦੀ ਮੌਤ 'ਤੇ ਨਿਹਾਲ ਸਿੰਘ ਰਾਜਾ ਬਣਿਆ।

1920: ਸਿੱਖ ਲੀਗ ਦਾ ਦੂਜਾ ਇਜਲਾਸ ਲਾਹੌਰ ਵਿਚ ਹੋਇਆ

ਸਿੱਖ ਲੀਗ ਦਾ ਪਹਿਲਾ ਇਜਲਾਸ 27 ਦਸੰਬਰ 1919 ਦੇ ਦਿਨ ਅੰਮ੍ਰਿਤਸਰ ਵਿਚ ਹੋਇਆ। ਇਸ ਵਿਚ ਤਕਰੀਬਨ ਬਾਰ੍ਹਾਂ ਸੌ ਸਿੱਖ ਸ਼ਾਮਿਲ ਹੋਏ। ਇਸ ਸਮਾਗਮ ਵਿਚ ਸਰਦਾਰ ਬਹਾਦਰ ਗੱਜਣ ਸਿੰਘ ਲੁਧਿਆਣਾ ਇਕੱਠ ਦੇ ਪ੍ਰਧਾਨ ਚੁਣੇ ਗਏ।ਸੱਖ ਲੀਗ ਦਾ ਦੂਜਾ ਸੈਸ਼ਨ 20-21 ਅਕਤੂਬਰ 1920 ਨੂੰ ਲਾਹੌਰ ਦੇ ਬਰੈਡਲਾ ਹਾਲ ਵਿਚ ਹੋਣਾ ਸੀ। ਇਕ ਹਫ਼ਤਾ ਪਹਿਲਾਂ ਇਸ ਦੀ ਪ੍ਰਧਾਨਗੀ ਖੜਕ ਸਿੰਘ ਸਿਆਲਕੋਟ ਨੇ ਕਬੂਲ ਕਰ ਲਈ। ਸੁੰਦਰ ਸਿੰਘ ਚਾਵਲਾ ਸਵਾਗਤੀ ਕਮੇਟੀ ਦੇ ਪ੍ਰਧਾਨ ਸਨ ਅਤੇ ਹਾਲ ਦੀ ਮੁੱਖ ਰੌਣਕ ਸਨ: ਬੀਬੀ ਕਰਤਾਰ ਕੌਰ (ਸਿੰਘਣੀ ਗ਼ਦਰੀ ਆਗੂ ਭਾਈ ਰਣਧੀਰ ਸਿੰਘ)। ਇਸ ਤੋਂ ਇਲਾਵਾ ਕਾਮਾਗਾਟਾਮਾਰੂ ਅਤੇ ਗ਼ਦਰ ਪਾਰਟੀ ਦੇ 50 ਆਗੂ ਸਟੇਜ ਦੇ ਸੱਜੇ ਪਾਸੇ ਇਕੱਠੇ ਬੈਠੇ ਸਨ। ਦੀਵਾਨ ਵਿਚ 7 ਕੁਰਸੀਆਂ ਜੇਲ੍ਹਾਂ ਵਿਚ ਬੈਠੇ ਗ਼ਦਰੀ ਆਗੂਆਂ (ਭਾਈ ਰਣਧੀਰ ਸਿੰਘ, ਚਤਰ ਸਿੰਘ, ਨਿਧਾਨ ਸਿੰਘ ਚੁੱਘਾ, ਮਦਨ ਸਿੰਘ, ਜਵਾਲਾ ਸਿੰਘ ਠੱਠੀਆਂ, ਅਮਰ ਸਿੰਘ ਤੇ ਨਿਧਾਨ ਸਿੰਘ) ਵਾਸਤੇ, ਖ਼ਾਲੀ ਰੱਖੀਆਂ ਹੋਈਆਂ ਸਨ।**20 ਅਕਤੂਬਰ 1920** ਦੇ ਸਮਾਗਮ ਵਿਚ ਦੁਪਹਿਰੇ 12 ਵਜੇ ਦੇ ਕਰੀਬ ਡਾ: ਸੈਫ਼-ਉਦ-ਦੀਨ ਕਿਚਲੂ, ਮੁਹੰਮਦ ਅਲੀ, ਸ਼ੌਕਤ ਅਲੀ, ਮੌਲਾਨਾ ਅਬੂ ਕਲਮ ਆਜ਼ਾਦ ਪੁਜੇ। ਇਸ ਦੇ ਪੰਦਰਾਂ ਮਿੰਟ ਪਿੱਛੋਂ ਖੜਕ ਸਿੰਘ ਤੇ ਪ੍ਰਿੰਸੀਪਲ ਤੇਜਾ ਸਿੰਘ ਮਸਤੂਆਣਾ ਆਏ। ਉਨ੍ਹਾਂ ਮਗਰੋਂ ਮੋਹਨ ਦਾਸ ਕਰਮ ਚੰਦ ਗਾਂਧੀ, ਉਸ ਦੀ ਪਤਨੀ, ਚੌਧਰੀ ਰਾਮ ਭਜ ਦੱਤ ਤੇ ਚੌਧਰੀ ਸਰਲਾ ਦੇਵੀ ਵੀ ਆ ਗਏ। ਫਿਰ ਦੁਨੀ ਚੰਦ, ਆਗਾ ਸਫ਼ਦਰ, ਲਾਲਾ ਗਵਰਧਨ ਦਾਸ, ਭਾਈ ਪਰਮਾ ਨੰਦ ਵੀ ਪਹੁੰਚ ਗਏ। ਪ੍ਰਿੰਸੀਪਲ ਤੇਜਾ ਸਿੰਘ ਵਲੋਂ ਅਰਦਾਸ ਕਰਨ ਮਗਰੋਂ ਇਕ ਸ਼ਬਦ ਪੜ੍ਹਿਆ ਗਿਆ। ਜਦੋਂ ਗਿਆਨੀ ਗੁਰਬਖ਼ਸ਼ ਸਿੰਘ ਸਟੇਜ 'ਤੇ ਪੁੱਜਾ ਤਾਂ ਆਵਾਜ਼ਾਂ ਆਈਆਂ ਕਿ ਇਹ ਤਨਖ਼ਾਹੀਆ ਹੈ, ਇਸ ਨੂੰ ਬੋਲਣ ਨਾ ਦਿੱਤਾ ਜਾਵੇ। ਸੁੰਦਰ ਸਿੰਘ ਚਾਵਲਾ ਦੇ ਪ੍ਰਧਾਨਗੀ ਐਡਰੈਸ ਮਗਰੋਂ ਅਮਰ ਸਿੰਘ *ਲਾਇਲ ਗ਼ਜ਼ਟ* (ਮਗਰੋਂ *ਸ਼ੇਰੇ ਪੰਜਾਬ*) ਨੇ ਖੜਕ ਸਿੰਘ ਦਾ ਨਾਂ ਰਸਮੀ ਤੌਰ ਤੇ ਪ੍ਰਧਾਨਗੀ ਵਾਸਤੇ ਪੇਸ਼ ਕੀਤਾ। ਇਸ ਦੀ ਤਾਈਦ ਸਰਦੂਲ ਸਿੰਘ ਕਵੀਸ਼ਰ, ਮਾ: ਮੋਤਾ ਸਿੰਘ, ਅਮਰ ਸਿੰਘ ਝਬਾਲ, ਹਰਚੰਦ ਸਿੰਘ ਲਾਇਲਪੁਰੀ ਤੇ ਗਿ: ਗੁਰਬਖ਼ਸ਼ ਸਿੰਘ ਵਕੀਲ ਨੇ ਕੀਤੀ।ਇਸ ਮਗਰੋਂ ਹਰਚੰਦ ਸਿੰਘ ਲਾਇਲਪੁਰੀ ਨੇ ਕਾਮਾਗਾਟਾਮਾਰੂ ਜਹਾਜ਼ ਦੇ ਅਤੇ ਗ਼ਦਰ ਪਾਰਟੀ ਦੇ ਕੁਝ ਸਿੱਖਾਂ ਨੂੰ ਸਟੇਜ 'ਤੇ ਬੁਲਾ ਕੇ ਉਨ੍ਹਾਂ ਦੀ ਪਛਾਣ ਕਰਵਾਈ ਤੇ ਨਾਲ ਹੀ (ਬਜਬਜ ਘਾਟ ਗੋਲੀ ਕਾਂਡ ਮਗਰੋਂ) ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਵੱਲੋਂ ਉਨ੍ਹਾਂ ਨੂੰ 'ਇਹ ਸਿੱਖ ਨਹੀਂ ਹਨ' ਕਹਿਣ ਦੀ ਨਿੰਦਾ ਕੀਤੀ। (ਇਸ ਵੇਲੇ ਡਾਇਰ ਨੂੰ ਸਨਮਾਨ ਦੇਣ ਵਾਲੀ ਕਮੇਟੀ ਦਾ ਇਕ ਮੈਂਬਰ ਗਿ: ਗੁਰਬਖ਼ਸ਼ ਸਿੰਘ ਵੀ ਹਾਜ਼ਿਰ ਸੀ ਤੇ ਉਸ ਦੀ ਤਰਸਯੋਗ ਹਾਲਤ ਵੇਖਣ ਵਾਲੀ ਸੀ)।

1983: ਗੋਬਿੰਦਗੜ੍ਹ ਕੋਲ ਸਿਆਲਦਾ ਗੱਡੀ ਉਲਟਾਈ, 17 ਮੌਤਾਂ 155 ਜ਼ਖ਼ਮੀ

ਪੰਜਾਬ ਵਿਚ ਖਾੜਕੂ ਲਹਿਰ ਦੌਰਾਨ ਹੋਈ ਗੜਬੜ ਦੌਰਾਨ 20 ਅਕਤੂਬਰ 1983 ਦੇ ਦਿਨ, ਲੁਧਿਆਣਾ ਤੇ ਅੰਬਾਲਾ ਦੇ ਵਿਚਕਾਰ, ਗੋਬਿੰਦਗੜ੍ਹ ਮੰਡੀ ਨੇੜੇ ਸਿਆਲਦਾ ਗੱਡੀ ਉਲਟਾ ਦਿੱਤੀ ਗਈ, ਜਿਸ ਨਾਲ 17 ਬੰਦਿਆਂ ਦੀ ਮੌਤ ਹੋ ਗਈ ਤੇ 155 ਜ਼ਖ਼ਮੀ ਹੋ ਗਏ।

1985: ਫ਼ਤਹਿਗੜ੍ਹ ਚੂੜੀਆਂ ਵਿਚ ਕਾਂਗਰਸੀ ਆਗੂ ਰਾਜ ਪਾਲ ਦਾ ਕਤਲ ਹੋਇਆ

20 ਅਕਤੂਬਰ 1985 ਦੇ ਦਿਨ ਕਿਸੇ ਅਣਪਛਾਤੇ ਗਰੁੱਪ ਵੱਲੋਂ ਫਤਹਿਗੜ੍ਹ ਚੂੜੀਆਂ 'ਚ ਇਕ ਕਾਂਗਰਸੀ ਰਾਜ ਪਾਲ ਕਤਲ ਕਰ ਦਿੱਤਾ ਗਿਆ। ਉਸ ਦੇ ਕਤਲ ਤੋਂ ਬਾਅਦ ਹਿੰਦੂਆਂ ਨੇ ਜਲੂਸ ਕਢ ਕੇ ਥਾਣੇ 'ਤੇ ਹਮਲਾ ਕੀਤਾ। ਇਸ ਹਮਲੇ ਦੌਰਾਨ ਥਾਣੇ 'ਤੇ ਸ਼ਰੇਆਮ ਪਥਰਾਓ ਕੀਤਾ

ਗਿਆ ਪਰ ਪੁਲੀਸ ਨੇ ਇਸ ਜੁਰਮ ਵਿਚ ਕਿਸੇ ਵੀ ਹਿੰਦੂ ਨੂੰ ਗ੍ਰਿਫ਼ਤਾਰ ਨਾ ਕੀਤਾ। ਹਾਂ ਰਾਜਪਾਲ ਦੇ ਕਤਲ ਕੇਸ 'ਚ ਹਿੰਦੂਆਂ ਦੇ ਆਖੇ ਕੁਝ ਸਿੱਖ ਗ੍ਰਿਫ਼ਤਾਰ ਕੀਤੇ ਗਏ ਜਿਨ੍ਹਾਂ ਵਿਚ ਅਮਰੀਕ ਸਿੰਘ (ਪ੍ਰਧਾਨ ਲੋਕਲ ਅਕਾਲੀ ਜਥਾ) ਦਲਜੀਤ ਸਿੰਘ, ਸਰਬਜੀਤ ਸਿੰਘ, ਪਰਮਜੀਤ ਸਿੰਘ ਵੀ ਸ਼ਾਮਿਲ ਸਨ ਪਰ ਮਗਰੋਂ 23 ਅਕਤੂਬਰ ਨੂੰ ਇਹ ਰਿਹਾ ਕਰ ਦਿਤੇ ਗਏ।

1989: ਅਦਾਲਤ ਵੱਲੋਂ ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁਖਾ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ

ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੀ ਭਾਰਤੀ ਫ਼ੌਜ ਦੇ ਮੁਖੀ ਜਨਰਲ ਵੈਦਯ ਨੂੰ ਕਤਲ ਕਰਨ ਦੇ ਦੋਸ਼ ਵਿਚ ਪੂਨਾ ਦੀ ਅਦਾਲਤ ਨੇ ਹਰਜਿੰਦਰ ਸਿੰਘ ਜਿੰਦਾ ਅਤੇ ਸੁਖਦੇਵ ਸਿੰਘ ਸੁੱਖਾ ਨੂੰ 20 ਅਕਤੂਬਰ 1989 ਦੇ ਦਿਨ ਫ਼ਾਂਸੀ ਦੀ ਸਜ਼ਾ ਸੁਣਾਈ (ਮਗਰੋਂ 9 ਅਕਤੂਬਰ 1992 ਦੇ ਦਿਨ ਉਨ੍ਹਾਂ ਨੂੰ ਫ਼ਾਂਸੀ 'ਤੇ ਚੜ੍ਹਾਇਆ ਗਿਆ)।

1989: ਬਲਵਿੰਦਰ ਸਿੰਘ ਜੈਲਾ ਰੋਡਾ ਨਕਲੀ ਮੁਕਾਬਲੇ ਵਿਚ ਸ਼ਹੀਦ

20 ਅਕਤੂਬਰ 1989 ਦੇ ਦਿਨ ਪੰਜਾਬ ਪੁਲਸ ਨੇ ਬਲਵਿੰਦਰ ਸਿੰਘ (ਪੁੱਤਰ ਮੁਖਤਿਆਰ ਸਿੰਘ, ਵਾਸੀ ਜੈਲਾ ਰੋਡਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸੰਗਤ ਸਿੰਘ ਲਾਡੀ ਤਿੰਮੋਵਾਲ, ਸੁਲੱਖਣ ਸਿੰਘ ਜਥੇਦਾਰ ਛੱਜਲਵੱਡੀ ਤੇ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ

20 ਅਕਤੂਬਰ 1990 ਦੇ ਦਿਨ ਪੰਜਾਬ ਪੁਲਸ ਨੇ ਸੰਗਤ ਸਿੰਘ ਉਰਫ਼ ਲਾਡੀ (ਵਾਸੀ ਤਿੰਮੋਵਾਲ, ਜ਼ਿਲ੍ਹਾ ਅੰਮ੍ਰਿਤਸਰ), ਲੈਫ਼ਟੀਨੈਂਟ ਜਰਨਲ ਖਾਲਿਸਤਾਨ ਕਮਾਂਡੋ ਫ਼ੋਰਸ (ਜਿਸ ਦੇ ਸਿਰ 'ਤੇ 5 ਲੱਖ ਰੁਪੈ ਦਾ ਈਨਾਮ ਸੀ) ਨੂੰ ਪਿੰਡ ਪੇਡੇ (ਨੇੜੇ ਰਈਆ, ਜ਼ਿਲ੍ਹਾ ਅੰਮ੍ਰਿਤਸਰ) ਵਿਚ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ 7 ਹੋਰ ਸਿੱਖਾਂ ਨੂੰ ਵੀ ਵੱਖ ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਸੁਲੱਖਣ ਸਿੰਘ ਜਥੇਦਾਰ (ਵਾਸੀ ਛੱਜਲਵੱਡੀ, ਅੰਮ੍ਰਿਤਸਰ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਚਮਕੌਰ ਸਿੰਘ ਰਾਜੋ ਮਾਜਰਾ ਨਕਲੀ ਮੁਕਾਬਲੇ ਵਿਚ ਸ਼ਹੀਦ

20 ਅਕਤੂਬਰ 1991 ਦੇ ਦਿਨ ਪੰਜਾਬ ਪੁਲਸ ਨੇ ਚਮਕੌਰ ਸਿੰਘ (ਪੁੱਤਰ ਸੱਜਣ ਸਿੰਘ, ਵਾਸੀ ਰਾਜੋ ਮਾਜਰਾ, ਸੰਗਰੂਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਗੁਰਸੇਵਕ ਸਿੰਘ ਸੋਨੂ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 20 ਅਕਤੂਬਰ 1992 ਦੇ ਦਿਨ ਗੁਰਸੇਵਕ ਸਿੰਘ ਉਰਫ਼ ਸੋਨੂੰ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

21 ਅਕਤੂਬਰ

1914: ਕਨੇਡਾ ਵਿਚ ਮੇਵਾ ਸਿੰਘ ਲੋਪੋਕੇ ਨੇ ਹਾਪਕਿਨਸਨ ਨੂੰ ਅਦਾਲਤ ਵਿਚ ਕਤਲ ਕੀਤਾ

ਕਨੇਡਾ ਤੇ ਅਮਰੀਕਾ ਵਿਚ 1913 ਵਿਚ ਕਾਇਮ ਹੋਈ ਗ਼ਦਰ ਪਾਰਟੀ ਵਲੋਂ ਆਪਣਾ ਇਨਕਲਾਬੀ ਐਕਸ਼ਨ 1924-25 ਵਿਚ ਕਰਨ ਵਾਸਤੇ ਤਿਆਰੀ ਕੀਤੀ ਜਾ ਰਹੀ

ਸੀ, ਪਰ ਜੰਗ ਸ਼ੁਰੂ ਹੋ ਜਾਣ ਦੀ ਵਜਾਹ ਕਰ ਕੇ ਇਸ ਦੀ ਤਾਰੀਖ ਅਗਾਊਂ ਕਰ ਕੇ 1917 'ਤੇ ਲੈ ਆਂਦੀ ਗਈ। ਇਸ ਵਿਚਕਾਰ ਹੀ ਕਾਮਾਗਾਟਾਮਾਰੂ ਜਹਾਜ਼ ਵਾਲੀ ਘਟਨਾ ਹੋ ਗਈ। ਉਨ੍ਹਾਂ ਦਿਨਾਂ ਵਿਚ ਕਨੇਡਾ ਸਰਕਾਰ ਨੇ ਇਕ ਨਵਾਂ ਕਾਨੂੰਨ ਪਾਸ ਕੀਤਾ ਸੀ ਕਿ ਸਿਰਫ਼ ਸਿੱਧੇ ਕਨੇਡਾ ਪੁੱਜਣ ਵਾਲੇ ਮੁਸਾਫ਼ਿਰਾਂ ਨੂੰ ਹੀ ਕਨੇਡਾ ਵਿਚ ਉਤਰਨ ਅਤੇ ਰਹਿਣ ਦੀ ਇਜਾਜ਼ਤ ਮਿਲੇਗੀ। ਇਸ ਮਸਲੇ ਨੂੰ ਹੱਲ ਕਰਨ ਵਾਸਤੇ ਗੁਰਦਿਤ ਸਿੰਘ ਸਰਹਾਲੀ (ਅੰਮ੍ਰਿਤਸਰ) ਨੇ ਇਕ ਜਪਾਨੀ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਦਰਅਸਲ ਇਸ ਦਾ ਨਾਂ ਕੋਮਾਗਟਾ ਮਰੂ ਸੀ)ਕਿਰਾਏ 'ਤੇ ਲੈ ਲਿਆ ਤਾਂ ਜੋ ਕਾਨੂੰਨੀ ਅੜਿੱਚਣ ਨੂੰ ਦੂਰ ਕੀਤਾ ਜਾ ਸਕੇ। ਇਹ ਜਹਾਜ਼ 29 ਮਾਰਚ 1914 ਨੂੰ ਸਿੱਧੇ ਕੈਨੇਡਾ ਪਹੁੰਚਣਾ ਸੀ। ਪਰ ਰਸਤੇ ਵਿਚ ਦੇਰ ਹੋਣ ਕਾਰਨ ਇਹ ਜਹਾਜ਼ 22 ਮਈ 1914 ਨੂੰ ਵੈਨਕੂਵਰ ਪਹੁੰਚਿਆ। ਕੈਨੇਡਾ ਦੇ ਨਸਲੀ ਹਾਕਮਾਂ ਨੇ ਇੰਵ ਸਿੱਧੇ ਪੁੱਜੇ ਮੁਸਾਫ਼ਿਰਾਂ ਨੂੰ ਵੀ ਉਤਰਨ ਦੀ ਇਜ਼ਾਜ਼ਤ ਨਾ ਦਿੱਤੀ। ਕਾਫ਼ੀ ਲੰਬੀ ਜਦੋਜਹਿਦ ਮਗਰੋਂ ਵੀ ਜਦੋਂ ਇਜ਼ਾਜ਼ਤ ਨਾ ਮਿਲੀ ਤਾਂ ਸਿੱਖ ਵੀ ਡਟ ਗਏ। ਕੈਨੇਡਾ ਦੇ ਹਾਕਮਾਂ ਨੇ ਜਹਾਜ਼ 'ਤੇ ਫਾਇਰਿੰਗ ਕਰਨ ਦੀ ਧਮਕੀ ਦਿੱਤੀ। ਇਸ ਦੇ ਜਵਾਬ ਵਿਚ ਕੈਨੇਡਾ ਦੀ ਸਿੱਖ ਸੰਗਤ ਨੇ 21 ਜੁਲਾਈ 1914 ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਇਕ ਇਕੱਠ ਕੀਤਾ ਤੇ ਮਤਾ ਪਾਸ ਕੀਤਾ ਕਿ ਜੇ ਕਰ ਜਹਾਜ਼ 'ਤੇ ਗੋਲੀ ਚਲਾਈ ਗਈ ਤਾਂ ਸਿੱਖ ਵੈਨਕੂਵਰ ਸ਼ਹਿਰ ਨੂੰ ਸਾੜ ਕੇ ਸੁਆਹ ਕਰ ਦੇਣਗੇ।

ਸਿੱਖਾਂ ਦੇ ਇਸ ਐਲਾਨਨਾਮੇ 'ਤੇ ਸਰਕਾਰ ਡਰ ਗਈ। ਹੁਣ ਸਰਕਾਰ ਨੇ ਸਿੱਖ ਆਗੂਆਂ ਨਾਲ ਮੁੜ ਕੇ ਗੱਲਬਾਤ ਕੀਤੀ। ਜਹਾਜ਼ ਵਿਚਲੇ ਸਿੱਖ ਵੀ ਇਕ ਹੋਰ ਨਵੇਂ ਬਣੇ ਕਾਨੂੰਨ ਦੀ ਚਾਲਾਕੀ ਦੇ ਖ਼ਿਲਾਫ਼ ਟੱਕਰ ਲੈਣ ਦੀ ਬਜਾਏ ਵਾਪਿਸ ਪੰਜਾਬ ਮੁੜਨ ਵਾਸਤੇ ਰਾਜ਼ੀ ਹੋ ਗਏ। ਕਨੇਡਾ ਸਰਕਾਰ ਨੇ ਵੀ ਜਹਾਜ਼ ਨੂੰ ਤੇਲ ਤੇ ਖਾਣ ਪੀਣ ਦਾ ਸਮਾਨ ਲੈਣ ਦੀ ਇਜ਼ਾਜ਼ਤ ਦੇ ਦਿੱਤੀ। ਅਖ਼ੀਰ 23 ਜੁਲਾਈ ਨੂੰ ਜਹਾਜ਼ ਕਲਕੱਤੇ ਨੂੰ ਵਾਪਿਸ ਮੁੜ ਪਿਆ। ਦੋ ਮਹੀਨੇ ਦੇ ਸਫ਼ਰ ਮਗਰੋਂ ਜਹਾਜ਼ 26 ਸਤੰਬਰ 1914 ਨੂੰ ਕਿਲਪੀ ਪਹੁੰਚਿਆ। ਉੱਥੇ ਇਸ ਦੀ ਪੂਰੀ ਤਲਾਸ਼ੀ ਲਈ ਗਈ। 29 ਸਤੰਬਰ ਨੂੰ ਜਹਾਜ਼ ਕਲਕੱਤਾ ਨੇੜੇ ਬਜਬਜ ਘਾਟ ਵਿਖੇ ਪੁੱਜਿਆ। ਇੱਥੇ ਇਹ ਜ਼ਿਕਰ ਕਰ ਦੇਣਾ ਜ਼ਰੂਰੀ ਹੈ ਕਿ ਜਦੋਂ ਜਹਾਜ਼ ਕੈਨੇਡਾ ਤੋਂ ਕਲਕੱਤਾ ਦੇ ਰਾਹ ਵਿਚ ਹੀ ਸੀ ਤਾਂ ਅੰਗਰੇਜ਼ ਸਰਕਾਰ ਨੇ ਦੋ ਨਵੇਂ ਆਰਡੀਨੈਂਸ ਜਾਰੀ ਕਰ ਦਿੱਤੇ ਸਨ। ਪਹਿਲਾ ਆਰਡੀਨੈਂਸ 'ਗੈਰ ਮੁਲਕੀ ਆਰਡੀਨੈਂਸ' 29 ਅਗਸਤ 1914 ਨੂੰ ਜਾਰੀ ਹੋਇਆ ਸੀ ਤੇ ਦੂਜਾ 'ਇਨਗਰੈਸ ਇੰਟੂ ਇੰਡੀਆ ਆਰਡੀਨੈਂਸ' ਕੁਝ ਦਿਨ ਮਗਰੋਂ। ਇਨ੍ਹਾਂ ਦੋਹਾਂ ਆਰਡੀਨੈਂਸਜ਼ ਹੇਠ ਭਾਰਤ ਵਿਚ ਦਾਖ਼ਿਲ ਹੋਣ ਵਾਲੇ ਕਿਸੇ ਵੀ ਸ਼ਖਸ਼ ਨੂੰ ਬਿਨਾਂ ਵਜਹ ਦੱਸੇ ਹਿਰਾਸਤ ਵਿਚ ਲਿਆ ਜਾ ਸਕਦਾ ਸੀ। 29 ਸਤੰਬਰ 1914 ਨੂੰ ਜਦੋਂ ਕਾਮਾਗਾਟਾਮਾਰੂ ਜਹਾਜ਼ ਬਜਬਜ ਘਾਟ ਪਹੁੰਚਿਆ ਤਾਂ ਇਕ ਸਪੈਸ਼ਲ ਗੱਡੀ ਮੁਸਾਫ਼ਿਰਾਂ ਨੂੰ ਉੱਥੋਂ ਪੰਜਾਬ ਲਿਜਾਣ ਵਾਸਤੇ ਅੱਗੇ ਖੜੀ ਸੀ। ਮੁਸਾਫ਼ਿਰਾਂ ਨੇ ਇਸ ਵਿਚ ਬੈਠਣ ਤੋਂ ਨਾਂਹ ਕਰ ਦਿੱਤੀ ਅਤੇ ਉਹ ਗੁਰੂ ਗਰੰਥ ਸਾਹਿਬ ਦੀ ਅਗਵਾਈ ਵਿਚ ਕਲਕੱਤਾ ਦੇ ਬੜਾ ਬਾਜ਼ਾਰ ਵਾਲੇ ਗੁਰਦੁਆਰੇ ਵਲ ਜਲੂਸ ਬਣਾ ਕੇ ਟੁਰ ਪਏ। ਇਸ 'ਤੇ ਪੁਲਿਸ ਨੇ ਮੁਸਾਫ਼ਿਰਾਂ 'ਤੇ ਗੋਲੀ ਚਲਾ ਦਿੱਤੀ। ਇਸ ਫ਼ਾਇਰਿੰਗ ਵਿਚ 15 ਮੁਸਾਫ਼ਿਰ ਮਾਰੇ ਗਏ। ਮਗਰੋਂ ਪੁਲਿਸ ਨੇ ਮੁਸਾਫ਼ਿਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਦੌਰਾਨ ਬਾਬਾ ਗੁਰਦਿੱਤ ਸਿੰਘ ਸਣੇ 30 ਸਿੱਖ ਫ਼ਰਾਰ ਹੋਣ ਵਿਚ ਕਾਮਯਾਬ ਹੋ ਗਏ। ਕਾਮਾਗਾਟਾਮਾਰੂ ਜਹਾਜ਼ ਦੇ ਸਾਕੇ ਨੇ ਪੰਜਾਬ ਤੇ ਵਿਦੇਸ਼ਾਂ ਵਿਚ ਬੈਠੇ ਸਿੱਖਾਂ ਵਿਚ ਚੋਖਾ ਰੋਹ ਪੈਦਾ ਕੀਤਾ। ਇਸ ਨਾਲ ਗ਼ਦਰ ਲਹਿਰ ਨੂੰ ਹੋਰ ਵੀ ਤਾਕਤ ਮਿਲੀ। ਸਿਰਫ਼ ਚੀਫ਼ ਖਾਲਸਾ ਦੀਵਾਨ ਤੇ ਕਾਂਗਰਸ ਪਾਰਟੀ ਨੇ ਹੀ ਇਹਨਾਂ ਸਿੱਖਾਂ ਦੀ ਮੁਖ਼ਾਲਫ਼ਤ ਕੀਤੀ। ਇਹ ਵੀ ਚਰਚਾ ਸੀ ਕਿ ਅਕਾਲ ਤਖ਼ਤ ਸਾਹਿਬ ਤੋਂ ਇਨ੍ਹਾਂ ਸਿੱਖਾਂ ਦੇ ਖ਼ਿਲਾਫ਼ ਇਕ ਅਖੌਤੀ ਹੁਕਮਨਾਮਾ ਜਾਰੀ ਕੀਤਾ

ਗਿਆ ਸੀ। ਪਰ ਕਿਸੇ ਵੀ ਅਖ਼ਬਾਰ, ਰਿਪੋਰਟ ਜਾਂ ਸੋਮੇ 'ਚੋਂ ਇਹ 'ਹੁਕਮਨਾਮਾ' ਨਹੀਂ ਮਿਲਦਾ। ਇਹ ਵੀ ਹੋ ਸਕਦਾ ਹੈ ਕਿ ਤਖ਼ਤ ਸਾਹਿਬ ਦੇ ਪੁਜਾਰੀ ਅਰੂੜ ਸਿੰਘ ਨੇ ਇਸ ਸਬੰਧੀ ਕੋਈ ਬਿਆਨ ਜਾਰੀ ਕੀਤਾ ਹੋਵੇ, ਜਿਸ ਤੋਂ ਹੁਕਮਨਾਮੇ ਵਾਲਾ ਚਰਚਾ ਛਿੜ ਪਿਆ ਹੋਵੇਗਾ। ਹਾਂ, *ਅਕਾਲੀ ਮੋਰਚੇ ਤੇ ਝੱਬਰ* ਮੁਤਾਬਿਕ ਦਰਬਾਰ ਸਾਹਿਬ 'ਤੇ ਕਬਜ਼ੇ ਵਾਲੇ ਦਿਨ (12 ਅਕਤੂਬਰ 1920) ਅਤੇ ਮਗਰੋਂ ਅਤੇ ਸਿੱਖ ਲੀਗ ਦੇ ਦੀਵਾਨ ਵਿਚ ਅਰੂੜ ਸਿੰਘ ਦੀ ਇਸ ਕਾਰਵਾਈ ਦੀ ਨਿੰਦਾ ਜ਼ਰੂਰ ਕੀਤੀ ਗਈ ਸੀ।

ਕਾਮਾਗਾਟਾਮਾਰੂ ਜਹਾਜ਼ ਦੇ ਜਾਣ ਮਗਰੋਂ ਕਨੇਡਾ ਦੇ ਅੰਗਰੇਜ਼ ਹਾਕਮ ਸਿੱਖਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਸਜ਼ਾ ਦੇਣਾ ਚਾਹੁੰਦੇ ਸਨ। ਉਨ੍ਹਾਂ ਨੂੰ ਭਾਈ ਭਾਗ ਸਿੰਘ (ਭਿੱਖੀ ਵਿੰਡ), ਭਾਈ ਬਲਵੰਤ ਸਿੰਘ (ਗੁੰਝੀ), ਭਾਈ ਬਤਨ ਸਿੰਘ (ਦਲੇਲ ਸਿੰਘ ਵਾਲਾ), ਭਾਈ ਸੁੰਦਰ ਸਿੰਘ (ਬਾੜੀਆਂ) ਤੇ ਹਰਨਾਮ ਸਿੰਘ ਸਾਹਰੀ ਵਧੇਰੇ ਚੁਭਦੇ ਸਨ। ਅੰਗਰੇਜ਼ਾਂ ਨੇ ਸਿੱਖਾਂ ਦੇ ਖ਼ਿਲਾਫ਼ ਪੁਲੀਸ ਤੇ ਖ਼ੁਫ਼ੀਆ ਮਹਿਕਮੇ ਵਿਚ ਇਕ ਸੈੱਲ ਕਾਇਮ ਕੀਤਾ ਹੋਇਆ ਸੀ ਜਿਸ ਦਾ ਇੰਚਾਰਜ ਇਕ ਅੰਗਰੇਜ਼ ਹਾਪਕਿਨਸਨ ਸੀ ਜੋ ਇੰਟੈਲੀਜੈਂਸ ਮਹਿਕਮੇ ਦਾ ਇਕ ਅਫ਼ਸਰ ਸੀ (ਉਹ ਇਕ ਹਿੰਦੂ ਮਾਂ ਤੇ ਗੋਰੇ ਬਾਪ ਤੋਂ ਹੋਣ ਕੇ ਕੁਝ-ਕੁਝ ਪੰਜਾਬੀ ਵੀ ਸਮਝ ਸਕਦਾ ਸੀ)। ਉਸ ਨੇ ਬੇਲਾ ਸਿੰਘ ਜਿਆਣ ਤੇ ਇਕ ਦੋ ਹੋਰ ਪੰਜਾਬੀ ਆਪਣੇ ਏਜੰਟ ਬਣਾਏ ਹੋਏ ਸਨ। 4 ਸਤੰਬਰ 1914 ਦੇ ਦਿਨ ਵੈਨਕੂਵਰ ਵਿਚ ਆਤਮਾ ਸਿੰਘ ਨਾਂ ਦੇ ਇਕ ਸਿੱਖ ਦੀ ਮੌਤ ਹੋ ਗਈ। ਅਗਲੇ ਦਿਨ ਉਸ ਦੇ ਸਸਕਾਰ ਮਗਰੋਂ ਸਿੱਖ ਗੁਰਦੁਆਰੇ ਵਿਚ ਬੈਠੇ ਸੀ ਤਾਂ ਬੇਲਾ ਸਿੰਘ ਨੇ ਭਾਗ ਸਿੰਘ (ਭਿੱਖੀ ਵਿੰਡ, ਜ਼ਿਲ੍ਹਾ ਅੰਮ੍ਰਿਤਸਰ) 'ਤੇ ਗੋਲੀਆਂ ਚਲਾਈਆਂ। ਉਸ ਦੇ ਬਚਾਅ ਵਾਸਤੇ ਬਤਨ ਸਿੰਘ (ਦਲੇਲ ਸਿੰਘ ਵਾਲਾ, ਜ਼ਿਲ੍ਹਾ ਮਾਨਸਾ) ਅੱਗੇ ਆਇਆ। ਬੇਲਾ ਸਿੰਘ ਨੇ ਉਸ 'ਤੇ ਵੀ ਫ਼ਾਇਰ ਕਰ ਦਿੱਤਾ। ਉਹ ਦੋਵੇਂ ਅਗਲੇ ਦਿਨ ਚੜ੍ਹਾਈ ਕਰ ਗਏ। ਭਾਵੇਂ ਸਰਕਾਰ ਨੇ ਬੇਲਾ ਸਿੰਘ 'ਤੇ ਮੁਕੱਦਮਾ ਚਲਾਇਆ ਪਰ ਇਹ ਦਿਖਾਵੇ ਦੀ ਕਾਰਵਾਈ ਸੀ। ਬੇਲਾ ਸਿੰਘ ਦੇ ਹੱਕ ਵਿਚ ਮੁਕਾਮੀ ਹਿੰਦੂਆਂ ਬਾਬੂ, ਠਾਕਰ, ਸੇਵਾ, ਅਮਰ, ਨੱਥਾ, ਗੰਗੂ ਰਾਮ ਤੇ ਡਾ: ਰਘੂ ਨਾਥ ਤੋਂ ਇਲਾਵਾ ਹਾਪਕਿਨਸਨ ਸਫ਼ਾਈ ਦੇ ਗਵਾਹ ਵਜੋਂ ਪੇਸ਼ ਹੋਇਆ ਤੇ ਇਨ੍ਹਾਂ ਦੋ ਕਤਲਾਂ ਨੂੰ ਆਪਣੇ ਬਚਾਅ ਵਾਸਤੇ ਕੀਤੇ ਕਤਲ ਗਰਦਾਨਿਆ। ਇਹ ਸਾਰੀ ਸਕੀਮ ਤੇ ਕਾਰਵਾਈ ਹਾਪਕਿਨਸਨ ਦੀ ਸੀ। ਇਹ ਧੱਕਾ ਵੇਖ ਕੇ ਭਾਈ ਮੇਵਾ ਸਿੰਘ ਲੋਪੋਕੇ ਜਰ ਨਾ ਸਕਿਆ ਤੇ ਉਸ ਨੇ ਹਾਪਕਿਨਸਨ ਨੂੰ ਸਜ਼ਾ ਦੇਣ ਦਾ ਫ਼ੈਸਲਾ ਕੀਤਾ। **21 ਅਕਤੂਬਰ 1914** ਦੇ ਦਿਨ ਜਦ ਹਾਪਕਿਨਸਨ ਅਦਾਲਤ ਵਿਚ ਬੇਲਾ ਸਿੰਘ ਦੇ ਹੱਕ ਵਿਚ ਗਵਾਹੀ ਦੇਣ ਵਾਸਤੇ ਪੁੱਜਾ ਹੋਇਆ ਸੀ ਤਾਂ ਮੇਵਾ ਸਿੰਘ ਨੇ ਉਸ ਨੂੰ ਉੱਥੇ ਹੀ ਗੋਲੀਆਂ ਮਾਰ ਕੇ ਮਾਰ ਦਿੱਤਾ; ਇਸ ਮਗਰੋਂ ਭਾਰਤੀਆਂ, ਖਾਸ ਕਰ ਕੇ ਸਿੱਖਾਂ, ਦੇ ਖ਼ਿਲਾਫ਼ ਸਾਜ਼ਿਸ਼ਾਂ ਦਾ ਇਕ ਵਾਰ ਤਾਂ ਅੰਤ ਹੋ ਗਿਆ। (ਮੇਵਾ ਸਿੰਘ ਨੂੰ 11 ਜਨਵਰੀ 1915 ਦੇ ਦਿਨ ਫ਼ਾਂਸੀ ਦਿੱਤੀ ਗਈ)।

1988: ਜੀਜੇਆਣੀ ਅੰਮ੍ਰਿਤਸਰ ਦੇ ਪੂਰਨ ਸਿੰਘ ਦੇ ਦੋ ਪੁੱਤਰ: ਹਰਭਾਲ ਸਿੰਘ ਫ਼ੌਜੀ ਤੇ ਜਸਪਾਲ ਸਿੰਘ ਤੇ ਗੁਰਦੇਵ ਸਿੰਘ ਦੇਬਾ ਚੂਚਕਵਾਲ, ਨਕਲੀ ਮੁਕਾਬਲਿਆਂ ਵਿਚ ਸ਼ਹੀਦ

21 ਅਕਤੂਬਰ 1988 ਦੇ ਦਿਨ ਪੰਜਾਬ ਪੁਲਸ ਹਰਭਾਲ ਸਿੰਘ ਫ਼ੌਜੀ ਅੰਮ੍ਰਿਤਸਰ ਤੇ ਉਸ ਦਾ ਭਰਾ ਜਸਪਾਲ ਸਿੰਘ (ਪੁੱਤਰ ਪੂਰਨ ਸਿੰਘ, ਵਾਸੀ ਜੀਜੇਆਣੀ, ਅੰਮ੍ਰਿਤਸਰ) ਅਤੇ ਗੁਰਦੇਵ ਸਿੰਘ ਦੇਬਾ (ਵਾਸੀ ਚੂਚਕਵਾਲ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1989: ਦਿਲਬਾਗ ਸਿੰਘ ਕੋਹਾੜਕਾ ਤੇ ਗੁਰਦੇਵ ਸਿੰਘ ਨੰਦਾਚੌਰ ਨਕਲੀ ਮੁਕਾਬਲੇ ਵਿਚ ਸ਼ਹੀਦ

21 ਅਕਤੂਬਰ 1989 ਦੇ ਦਿਨ ਪੰਜਾਬ ਪੁਲਸ ਨੇ ਦਿਲਬਾਗ ਸਿੰਘ (ਪੁੱਤਰ ਰਾਮ ਸਿੰਘ, ਵਾਸੀ ਕੋਹਾੜਕਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ

ਪੰਜਾਬ ਪੁਲਸ ਨੇ ਗੁਰਦੇਵ ਸਿੰਘ ਉਰਫ਼ ਹਾਕਮ ਸਿੰਘ (ਵਾਸੀ ਨੰਦਾ ਚੌਰ, ਹੁਸ਼ਿਆਰਪੁਰ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਕਸ਼ਮੀਰਾ ਸਿੰਘ ਉਰਫ਼ ਛੋਟਾ ਉੱਪਲ ਤੇ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਮਾਰੇ

ਪੰਜਾਬ ਪੁਲਸ ਨੇ 21 ਅਕਤੂਬਰ 1992 ਦੇ ਦਿਨ ਕਸ਼ਮੀਰਾ ਸਿੰਘ ਉਰਫ਼ ਛੋਟਾ ਉੱਪਲ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

2014: ਮੇਅਰ ਨੇ ਬੈਲਜੀਅਮ ਦਾ ਇਕ ਗੁਰਦੁਆਰਾ ਇਕ ਮਹੀਨੇ ਵਾਸਤੇ ਬੰਦ ਕੀਤਾ

21 ਅਕਤੂਬਰ 2014 ਦੇ ਦਿਨ ਬੈਲਜੀਅਮ ਵਿਚ ਵਿਲਵੋਰਦੇ ਨਗਰ ਦੇ ਮੇਅਰ ਨੇ ਇੱਥੋਂ ਦੇ ਗੁਰਦੁਆਰੇ ਨੂੰ ਇਕ ਮਹੀਨੇ ਵਾਸਤੇ ਬੰਦ ਕਰਨ ਦਾ ਹੁਕਮ ਜਾਰੀ ਕੀਤਾ। ਮੇਅਰ ਦਾ ਦੋਸ਼ ਸੀ ਕਿ ਗੁਰਦੁਆਰਾ ਗ਼ੈਰ ਕਾਨੂੰਨੀ ਰਹਿ ਰਹੇ ਲੋਕਾਂ ਨੂੰ ਲੰਗਰ ਛਕਾਉਂਦਾ ਸੀ। ਪਿਛਲੇ ਦਿਨ ਨੇੜੇ ਦੀ ਇਕ ਇਕਾਰਤ ਦੇ ਤਹਿਖਾਨੇ ਵਿਚੋਂ ਗ਼ੈਰ ਕਾਨੂੰਨੀ ਰਹਿ ਰਹੇ 11 ਲੋਕ ਗ੍ਰਿਫ਼ਤਾਰ ਕੀਤੇ ਗਏ ਸਨ।

22 ਅਕਤੂਬਰ

1761: ਸਿੱਖਾਂ ਨੇ ਲਾਹੌਰ 'ਤੇ ਹਮਲਾ ਕਰਨ ਦਾ ਮਤਾ ਕੀਤਾ

10 ਅਪਰੈਲ 1761 ਦੇ ਦਿਨ ਸਿੱਖਾਂ ਦਾ ਸਰਬਤ ਖ਼ਾਲਸਾ ਇਕੱਠ ਅੰਮ੍ਰਿਤਸਰ ਵਿਚ ਹੋਇਆ ਸੀ। ਇਸ ਮੌਕੇ 'ਤੇ ਬਹੁਤ ਸਾਰੇ ਹਿੰਦੂ ਖ਼ਾਲਸਾ ਫ਼ੌਜਾਂ ਦੇ ਜਥੇਦਾਰ ਜੱਸਾ ਸਿੰਘ ਆਹੂਲਵਾਲੀਆ ਕੋਲ ਆ ਫ਼ਰਿਆਦੀ ਹੋਏ ਤੇ ਉਨ੍ਹਾਂ ਨੇ ਆਪਣੀਆਂ ਧੀਆਂ ਅਹਿਮਦ ਸ਼ਾਹ ਤੋਂ ਛੁਡਵਾਉਣ ਵਾਸਤੇ ਅਰਜ਼ੋਈਆਂ ਕੀਤੀਆਂ ਸਨ। ਉਨ੍ਹਾਂ ਵਲੋਂ ਕੀਤੀ ਗਈ ਫ਼ਰਿਆਦ ਅਠਾਰ੍ਹਵੀਂ ਸਦੀ ਦੇ ਇਸ ਗੀਤ 'ਚ ਪੇਸ਼ ਕੀਤੀ ਮਿਲਦੀ ਹੈ:

ਵੇ ਮੋਤੀਂ ਭਾਈ ਕੱਛ ਵਾਲਿਆ ਸਿਰਦਾਰਾ।* (*ਕੱਛ=ਕਛਹਿਰਾ)
ਧੀ ਸਾਡੀ ਗਈ, ਬਸਰੇ ਨੂੰ ਗਈ।
ਏਨ੍ਹਾਂ ਦੀਆਂ ਗੁੱਡੀਆਂ ਭੁਆਈਂ ਸਿੰਧਾਂ ਫ਼ਈ।
ਵੇ ਮੋਤੀਂ ਭਾਈ ਕੱਛ ਵਾਲਿਆ ਸਿਰਦਾਰਾ।

ਹਿੰਦੂਆਂ ਦੇ ਵਿਰਲਾਪ ਅਤੇ ਅਰਜ਼ੋਈਆਂ ਨੂੰ ਸੁਣ ਕੇ ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਖ਼ਾਲਸਾ ਜਰਨੈਲਾਂ ਨੇ ਮੁੜ ਰਹੀ ਅਫ਼ਗਾਨ ਫ਼ੌਜ 'ਤੇ ਹਮਲਾ ਕਰ ਦਿੱਤਾ ਅਤੇ ਹਜ਼ਾਰਾਂ (ਇਕ ਰਿਵਾਇਤ ਮੁਤਾਬਿਕ 2200) ਹਿੰਦੂ ਕੁੜੀਆਂ ਨੂੰ ਰਿਹਾਅ ਕਰਵਾਇਆ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਘਰੋ-ਘਰੀਂ ਛੱਡ ਆਏ। (ਹੈਰਾਨੀ ਦਾ ਮੁਕਾਮ ਇਹ ਸੀ ਕਿ ਕਈਆਂ ਹਿੰਦੂਆਂ ਨੇ ਡਰ ਦੇ ਮਾਰੇ ਆਪਣੀ ਧੀਆਂ, ਭੈਣਾਂ ਤੇ ਬੀਵੀਆਂ ਨੂੰ ਵਾਪਿਸ ਲੈਣ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ ਕਿ 'ਜੇ ਅਸੀਂ ਇਨ੍ਹਾਂ ਕੁੜੀਆਂ ਨੂੰ ਵਾਪਿਸ ਰੱਖ ਲਿਆ ਤਾਂ ਦੁੱਰਾਨੀ ਅਗਲੇ ਹਮਲੇ ਵੇਲੇ ਸਾਨੂੰ ਕਤਲ ਕਰ ਦੇਵੇਗਾ।' ਇਹ ਸੀ ਹਾਲ ਆਪਣੀਆਂ ਭੈਣਾਂ ਤੋਂ 'ਰਖੜੀ' ਬੰਨ੍ਹਵਾਉਣ ਵਾਲੇ ਹਿੰਦੂ ਭਰਾਵਾਂ ਦਾ!)। ਅਫ਼ਗਾਨ ਫ਼ੌਜਾਂ 'ਤੇ ਹਮਲੇ ਦੌਰਾਨ ਸਿੱਖਾਂ ਨੇ ਉਨ੍ਹਾਂ ਦਾ ਕਾਫ਼ੀ ਖ਼ਜ਼ਾਨਾ ਤੇ ਅਸਲਾ ਵੀ ਖੋਹ ਲਿਆ। ਸਿੱਖਾਂ ਨੇ ਅਹਿਮਦ ਸ਼ਾਹ ਦੀ ਫ਼ੌਜ ਦਾ ਦਰਿਆ ਅਟਕ ਤਕ ਪਿੱਛਾ ਕੀਤਾ। ਹਜ਼ਾਰਾਂ ਹਿੰਦੂ ਕੁੜੀਆਂ ਰਿਹਾਅ ਕਰਵਾਉਣ ਦੇ ਕਾਰਨਾਮੇ 'ਤੇ ਲੋਕਾਂ ਨੇ ਜੱਸਾ ਸਿੰਘ ਅਤੇ ਖ਼ਾਲਸਾ ਫ਼ੌਜ ਨੂੰ ਬੰਦੀ-ਛੋੜ ਦਾ ਖ਼ਿਤਾਬ ਦਿੱਤਾ। (***ਪਰ ਇਸ ਦੇ ਮੁਕਾਬਲੇ ਵਿਚ 1984 ਦੀ ਖ਼ੂਨੀ ਨਵੰਬਰ ਵਿਚ ਅਹਿਸਾਨ-ਫ਼ਰਾਮੋਸ਼ ਹਿੰਦੂ ਦਹਿਸ਼ਤਗਰਦਾਂ ਨੇ ਦਿੱਲੀ ਵਿਚ***

ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ ਅਤੇ ਉਨ੍ਹਾਂ ਦੀ ਕੁੜੀਆਂ ਅਗਵਾ ਕਰ ਕੇ ਉਨ੍ਹਾ ਨਾਲ ਵਹਿਸ਼ੀਆਨਾ ਜਬਰ-ਜ਼ਨਾਹ ਕੀਤਾ)।

ਉਧਰ ਅਹਿਮਦ ਸ਼ਾਹ ਦੁਰਾਨੀ ਨੇ ਕਾਬਲ ਪਹੁੰਚਣ ਮਗਰੋਂ ਸਿੱਖਾਂ ਨੂੰ ਸਬਕ ਸਿਖਾਉਣ ਦਾ ਫ਼ੈਸਲਾ ਕੀਤਾ। ਇਸ ਖ਼ਿਆਲ ਨਾਲ ਉਸ ਨੇ ਆਪਣੇ ਇਕ ਜਰਨੈਲ ਨੂਰ-ਉਦ-ਦੀਨ ਬਮਜ਼ਈ ਦੀ ਅਗਵਾਈ ਵਿਚ ਬਾਰ੍ਹਾਂ ਹਜ਼ਾਰ ਫ਼ੌਜ ਸਿਰਫ਼ ਸਿੱਖਾਂ ਦੇ ਖ਼ਿਲਾਫ਼ ਭੇਜੀ। ਰਸਤੇ ਵਿਚ ਆਮ ਲੋਕਾਂ ਦੀ ਲੁੱਟ-ਮਾਰ ਕਰਦੀ ਇਹ ਫ਼ੌਜ ਅਗਸਤ 1761 ਵਿਚ ਝਨਾਂ ਦਰਿਆ ਦੇ ਕੰਢੇ ਪੁੱਜ ਗਈ। ਦਰਿਆ ਪਾਰ ਕਰਦਿਆ ਹੀ ਇਸ ਦੀ ਟੱਕਰ ਚੜ੍ਹਤ ਸਿੰਘ ਸੁਕਰਚਕੀਆ ਦੀ ਫ਼ੌਜ ਨਾਲ ਹੋ ਗਈ। ਚੜ੍ਹਤ ਸਿੰਘ ਨੇ ਪਹਿਲਾਂ ਤੋਂ ਹੀ ਇਸ ਲੜਾਈ ਦੀ ਤਿਆਰੀ ਕੀਤੀ ਹੋਈ ਸੀ। ਹੋਰ ਮਿਸਲਾਂ ਦੀਆਂ ਫ਼ੌਜਾਂ ਵੀ ਉਸ ਦਾ ਸਾਥ ਦੇਣ ਪਹੁੰਚੀਆਂ ਹੋਈਆਂ ਸਨ। ਨੂਰ-ਉਦ-ਦੀਨ ਨੂੰ ਆਪਣੀ ਫ਼ੌਜ ਦੀ ਤਾਕਤ ਦਾ ਐਵੇਂ ਹੀ ਭਰਮ ਸੀ। ਇਸ ਕਰ ਕੇ ਅਫ਼ਗ਼ਾਨਾਂ ਅਤੇ ਸਿੱਖਾਂ ਦੀ ਜ਼ਬਰਦਸਤ ਲੜਾਈ ਹੋਈ। ਇਸ ਲੜਾਈ ਵਿਚ ਸਿੱਖਾਂ ਨੇ ਅਫ਼ਗ਼ਾਨਾਂ ਦੇ ਖ਼ੂਬ ਆਹੂ ਲਾਹੇ। ਸਿੱਖਾਂ ਦੇ ਹਮਲੇ ਦੀ ਮਾਰ ਨਾ ਝੱਲਦੇ ਹੋਏ ਅਫ਼ਗ਼ਾਨ ਫ਼ੌਜੀ ਡਰ ਕੇ ਭੱਜ ਪਏ। ਉਨ੍ਹਾਂ ਨੇ ਸਿਆਲਕੋਟ ਦੇ ਕਿਲ੍ਹੇ ਵਿਚ ਜਾ ਪਨਾਹ ਲਈ। ਸਿੱਖ ਫ਼ੌਜਾਂ ਨੇ ਉਨ੍ਹਾਂ ਦਾ ਪਿੱਛਾ ਕੀਤਾ ਤੇ ਸ਼ਹਿਰ ਨੂੰ ਘੇਰ ਲਿਆ ਅਤੇ ਸ਼ਹਿਰ ਤੇ ਕਿਲ੍ਹੇ ਵਿਚ ਖਾਣ ਦਾ ਸਮਾਨ ਨਾ ਆਉਣ ਦਿੱਤਾ। ਕੁਝ ਹੀ ਦਿਨਾਂ ਵਿਚ ਨੂਰ-ਉਦ-ਦੀਨ ਦੀ ਫ਼ੌਜ ਭੁੱਖੀ ਮਰਨ ਲਗ ਪਈ। ਇਸ 'ਤੇ ਇਕ ਦਿਨ ਨੂਰ-ਉਦ-ਦੀਨ, ਆਪਣੀ ਫ਼ੌਜ ਨੂੰ ਇਕੱਲਿਆਂ ਛੱਡ ਕੇ, ਇਕ ਮੰਗਤੇ ਦੇ ਭੇਸ ਵਿਚ ਉੱਥੋਂ ਨਿਕਲ ਗਿਆ। ਇਸ ਮਗਰੋਂ ਇਸ ਫ਼ੌਜ ਨੇ ਹਥਿਆਰ ਸੁੱਟ ਦਿੱਤੇ। *ਸਿੱਖਾਂ ਨੇ ਇਨ੍ਹਾਂ ਸਾਰਿਆਂ ਨੂੰ ਮੁਆਫ਼ ਕਰ ਦਿੱਤਾ ਅਤੇ ਵਾਪਿਸ ਘਰ ਅਫ਼ਗ਼ਾਨਿਸਤਾਨ) ਜਾਣ ਦੀ ਇਜਾਜ਼ਤ ਦੇ ਦਿੱਤੀ।* ਇਸ ਲੜਾਈ ਵਿਚ ਸਿੱਖਾਂ ਦੇ ਹੱਥ ਬਹੁਤ ਸਾਰਾ ਅਸਲਾ ਵੀ ਲੱਗਾ ਅਤੇ ਇਸ ਨਾਲ ਸਿੱਖਾਂ ਦੇ ਹੌਸਲੇ ਹੋਰ ਵੀ ਹੋਰ ਬੁਲੰਦ ਹੋ ਗਏ।

ਇਸ ਹਾਰ ਦਾ ਬਦਲਾ ਲੈਣ ਵਾਸਤੇ ਲਾਹੌਰ ਦੇ ਸੂਬੇਦਾਰ ਫ਼ੌਜਦਾਰ ਖਵਾਜਾ ਅਬੈਦ (ਉਬੈਦ) ਖ਼ਾਨ ਨੇ 9-10 ਹਜ਼ਾਰ ਨਵੀਂ ਫ਼ੌਜ ਭਰਤੀ ਕੀਤੀ। ਉਸ ਨੇ ਸਤੰਬਰ 1761 ਵਿਚ ਚੜ੍ਹਤ ਸਿੰਘ 'ਤੇ ਹਮਲਾ ਕਰਨ ਦੀ ਪਲਾਨ ਬਣਾਈ। ਉਸ ਨੇ ਇਕ ਵੱਡੀ ਫ਼ੌਜ, ਕੁਝ ਤੋਪਾਂ ਤੇ ਹੋਰ ਭਾਰੀ ਅਸਲਾ ਲੈ ਕੇ ਗੁਜਰਾਂਵਾਲੇ ਵੱਲ ਕੂਚ ਕਰ ਦਿੱਤਾ। ਉਸ ਨੇ ਚੜ੍ਹਤ ਸਿੰਘ ਨੂੰ ਗੁਜਰਾਂਵਾਲੇ ਦੇ ਕਿਲ੍ਹੇ ਵਿਚ ਘੇਰ ਲਿਆ। ਜਦ ਇਸ ਦਾ ਪਤਾ ਦੂਜੇ ਸਿੱਖ ਆਗੂਆਂ ਨੂੰ ਲੱਗਾ ਤਾਂ ਉਹ ਸਾਰੇ ਆਪਣੀਆਂ ਫ਼ੌਜਾਂ ਲੈ ਕੇ ਉੱਥੇ ਪਹੁੰਚ ਗਏ। ਇਨ੍ਹਾਂ ਵਿਚ ਜੱਸਾ ਸਿੰਘ ਆਹਲੂਵਾਲੀਆ, ਜੈ ਸਿੰਘ ਕਨ੍ਹਈਆ ਤੇ ਚਾਰ ਭੰਗੀ ਜਰਨੈਲ ਸੋਭਾ ਸਿੰਘ, ਗੁੱਜਰ ਸਿੰਘ, ਲਹਿਣਾ ਸਿੰਘ ਤੇ ਹਰੀ ਸਿੰਘ ਵੀ ਸ਼ਾਮਿਲ ਸਨ। ਉਨ੍ਹਾਂ ਨੇ ਖਵਾਜਾ 'ਤੇ ਸਾਰੇ ਪਾਸਿਓਂ ਹਮਲਾ ਕਰਨ ਦਾ ਫ਼ੈਸਲਾ ਕੀਤਾ। ਜਦ ਇਸ ਦੀ ਸੋਅ ਖਵਾਜਾ ਅਬੈਦ ਖ਼ਾਨ ਨੂੰ ਮਿਲੀ ਤਾਂ ਉਹ ਹਮਲੇ ਤੋਂ ਪਹਿਲੀ ਰਾਤ ਨੂੰ ਹੀ ਮੈਦਾਨ ਛੱਡ ਕੇ ਦੌੜ ਗਿਆ। ਪਿੱਛੋਂ ਸਿੱਖਾਂ ਨੇ ਉਸ ਦੀ ਫ਼ੌਜ 'ਤੇ ਹਮਲਾ ਕਰ ਦਿੱਤਾ। ਬੌਖ਼ਲਾਈ ਤੇ ਡਰੀ ਹੋਈ ਫ਼ੌਜ ਲਾਹੌਰ ਨੂੰ ਦੌੜ ਗਈ। ਇਸ ਮੌਕੇ 'ਤੇ ਅਬੈਦ ਖ਼ਾਨ ਦੇ ਬਹੁਤ ਸਾਰੇ ਘੋੜੇ, ਊਠ ਤੇ ਕੀਮਤੀ ਅਸਲਾ ਸਿੱਖ ਫ਼ੌਜਾਂ ਦੇ ਹੱਥ ਲੱਗਾ।

ਖਵਾਜਾ ਅਬੈਦ ਖ਼ਾਨ ਨੂੰ ਭਜਾਉਣ ਨਾਲ ਸਿੱਖ ਫ਼ੌਜਾਂ ਦੇ ਹੌਸਲੇ ਸਿਖਰਾਂ ਦੇ ਹੋ ਗਏ ਸਨ। ਸਿੱਖ ਫ਼ੌਜਾਂ ਨੇ ਫ਼ੈਸਲਾ ਕੀਤਾ ਕਿ ਇਸ ਬੁਜ਼ਦਿਲ ਅਬੈਦ ਖ਼ਾਨ ਦਾ ਲਾਹੌਰ ਤਕ ਪਿੱਛਾ ਕੀਤਾ ਜਾਵੇ ਤੇ ਲਾਹੌਰ ਪੁੱਜ ਕੇ ਉਸ ਨੂੰ ਕੱਢ ਕੇ ਲਾਹੌਰ 'ਤੇ ਕਬਜ਼ਾ ਕਰ ਲਿਆ ਜਾਵੇ। ਜਦ ਅਬੈਦ ਖ਼ਾਨ ਨੂੰ ਪਤਾ ਲੱਗਾ ਕਿ ਸਿੱਖ ਉਸ ਦਾ ਪਿੱਛਾ ਕਰ ਰਹੇ ਹਨ ਤਾਂ ਉਸ ਨੇ ਸ਼ਹਿਰ ਪੁੱਜ ਕੇ ਸਾਰੇ ਦਰਵਾਜ਼ੇ ਬੰਦ ਕਰਵਾ ਦਿੱਤੇ ਤੇ ਆਪ ਕਿਲ੍ਹੇ ਵਿਚ ਵੜ ਕੇ ਬੈਠ ਗਿਆ। ਏਨੇ ਵਿਚ ਸਿੱਖ ਵੀ ਪਹੁੰਚ ਗਏ। ਉਨ੍ਹਾਂ ਨੇ ਸ਼ਹਿਰ ਨੂੰ ਸਾਰੇ ਪਾਸਿਆਂ ਤੋਂ ਘੇਰ ਲਿਆ। ਇਸ ਘੇਰਾਬੰਦੀ

ਨਾਲ ਬਾਹਰੋਂ ਅਨਾਜ ਆਉਣਾ ਬੰਦ ਹੋ ਗਿਆ। ਛੇਤੀ ਹੀ ਸ਼ਹਿਰ ਦੇ ਲੋਕ ਭੁੱਖੇ ਮਰਨ ਲਗ ਪਏ ਤੇ ਉਨ੍ਹਾਂ ਨੂੰ ਬਹੁਤ ਮੁਸ਼ਕਿਲਾਂ ਆਉਣ ਲਗ ਪਈਆਂ। ਸਿੱਖ ਲੋਕਾਂ ਨੂੰ ਤੰਗ ਨਹੀਂ ਸਨ ਕਰਨਾ ਚਾਹੁੰਦੇ ਪਰ ਉਹ ਜਾਣਦੇ ਸਨ ਕਿ ਲੋਕ ਮਜਬੂਰ ਹੋ ਕੇ ਅਬੈਦ ਖ਼ਾਨ ਨੂੰ ਹਥਿਆਰ ਸੁੱਟਣ 'ਤੇ ਮਜਬੂਰ ਕਰ ਦੇਣਗੇ।

ਕੁਝ ਚਿਰ ਤਾਂ ਲਾਹੌਰ ਦੇ ਸ਼ਹਿਰੀ ਅਬੈਦ ਖ਼ਾਨ ਨੂੰ ਸਮਝਾਉਂਦੇ ਰਹੇ ਪਰ ਉਹ ਬੁਜ਼ਦਿਲ ਨਾ ਤਾਂ ਸਿੱਖਾਂ ਦਾ ਟਾਕਰਾ ਕਰਨ ਵਾਸਤੇ ਤਿਆਰ ਸੀ ਤੇ ਨਾ ਹੀ ਹਥਿਆਰ ਸੁੱਟਣ ਵਾਸਤੇ। ਇਹ ਵੇਖ ਕੇ ਸ਼ਹਿਰ ਦੇ ਮੋਹਿਤਬਰ ਲੋਕਾਂ ਨੇ ਇਕੱਠ ਕਰ ਕੇ ਵਿਚਾਰ ਕੀਤੀ ਕਿ ਪਿਛਲੀ ਵਾਰ ਵਾਂਗ ਇਸ ਵਾਰ ਵੀ ਸਿੱਖ ਨਜ਼ਰਾਨਾ ਲੈ ਕੇ ਚਲੇ ਜਾਣਗੇ ਇਸ ਕਰ ਕੇ ਉਨ੍ਹਾਂ ਵਾਸਤੇ ਸ਼ਹਿਰ ਦੇ ਦਰਵਾਜ਼ੇ ਖੋਲ੍ਹ ਦਿੱਤੇ ਜਾਣ। **22 ਅਕਤੂਬਰ 1761 ਦੇ ਦਿਨ** ਜਦੋਂ ਸਿੱਖ ਫ਼ੌਜਾਂ ਸ਼ਹਿਰ ਵਿਚ ਦਾਖ਼ਿਲ ਹੋਈਆਂ ਤਾਂ ਸ਼ਹਿਰ ਵਾਸੀਆਂ ਨੇ ਸਿੱਖਾਂ ਨੂੰ 'ਜੀ ਆਇਆਂ' ਆਖਿਆ। ਇੰਵ ਸਿੱਖਾਂ ਨੇ ਸ਼ਹਿਰ 'ਤੇ ਮੁਕਾਬਲੇ ਤੋਂ ਬਿਨਾਂ ਹੀ ਕਬਜ਼ਾ ਕਰ ਲਿਆ। ਇਸ ਤੋਂ ਬਾਅਦ ਖ਼ਾਲਸਾ ਫ਼ੌਜਾਂ ਕਿਲ੍ਹੇ ਵਲ ਵਧੀਆਂ। ਛੇਤੀ ਹੀ ਕਿਲ੍ਹਾ ਵੀ ਸਿੱਖਾਂ ਦੇ ਕਬਜ਼ੇ ਵਿਚ ਆ ਗਿਆ। ਖ਼ਵਾਜਾ ਅਬੈਦ ਖ਼ਾਨ ਸਿੱਖਾਂ ਨਾਲ ਲੜਦਾ ਹੋਇਆ ਮਾਰਿਆ ਗਿਆ। ਇਸ ਮਗਰੋਂ ਖ਼ਾਲਸਾ ਫ਼ੌਜਾਂ ਨੇ ਲਾਹੌਰ ਕਿਲ੍ਹੇ ਤੋਂ ਜੱਸਾ ਸਿੰਘ ਆਹਲੂਵਾਲੀਆ ਨੂੰ ਲਾਹੌਰ ਦਾ ਹਾਕਮ (ਬਾਦਸ਼ਾਹ) ਐਲਾਨ ਕਰ ਦਿੱਤਾ।

1893: (ਮਹਾਰਾਜਾ) ਦਲੀਪ ਸਿੰਘ ਦੀ ਮੌਤ ਹੋਈ

ਆਪਣੇ ਬਾਪ ਦੀ ਮੌਤ (27 ਜੂਨ 1839) ਤੋਂ ਸਵਾ ਚਾਰ ਸਾਲ ਮਗਰੋਂ, ਪੰਜ ਸਾਲ ਦੀ ਉਮਰ ਵਿਚ (18 ਸਤੰਬਰ 1843 ਦੇ ਦਿਨ), ਇਕ ਵੱਡੀ ਸਲਤਨਤ ਦਾ ਮਹਾਰਾਜਾ ਬਣਨ ਵਾਲੇ, ਦਲੀਪ ਸਿੰਘ ਨੂੰ 29 ਮਾਰਚ 1849 ਦੇ ਦਿਨ, ਜੰਮੂ ਦੇ ਡੋਗਰਿਆਂ ਤੇ ਹਿੰਦੂਸਤਾਨ ਦੇ ਬ੍ਰਾਹਮਣ ਗ਼ਦਾਰਾਂ ਦੀ ਮਦਦ ਨਾਲ, ਗੱਦੀ ਤੋਂ ਲਾਹ ਕੇ ਅੰਗਰੇਜ਼ਾਂ ਨੇ ਪੰਜਾਬ 'ਤੇ ਪੱਕਾ ਕਬਜ਼ਾ ਕਰ ਲਿਆ ਸੀ। ਦਲੀਪ ਸਿੰਘ ਨੂੰ ਗੱਦੀ ਤੋਂ ਲਾਹੁਣ ਤੋਂ ਪਹਿਲਾਂ ਉਸ ਦੀ ਮਾਂ ਨੂੰ ਕੈਦ ਕਰ ਕੇ ਹਿੰਦੂਸਤਾਨ ਜਲਾਵਤਨ ਕੀਤਾ ਜਾ ਚੁਕਾ ਸੀ ਤੇ ਹੁਣ ਦਲੀਪ ਸਿੰਘ ਨੂੰ ਵੀ ਪੰਜਾਬ ਵਿਚੋਂ ਕੱਢ ਕੇ ਹਿੰਦੂਸਤਾਨ ਭੇਜਣ ਦਾ ਹੁਕਮ ਕਰ ਦਿੱਤਾ ਗਿਆ ਸੀ। ਦਲੀਪ ਸਿੰਘ 21 ਦਸੰਬਰ 1849 ਦੇ ਦਿਨ ਆਖ਼ਰੀ ਵਾਰ ਆਪਣੇ ਬਾਪ ਦੀ ਸਮਾਧ 'ਤੇ ਗਿਆ ਤੇ ਇਸ ਮਗਰੋਂ ਉਸ ਨੂੰ ਪੰਜਾਬ ਤੋਂ ਹਮੇਸ਼ਾ ਵਾਸਤੇ ਕੱਢ ਕੇ, ਹਿੰਦੂਸਤਾਨ ਦੇ ਨਗਰ ਫ਼ਤਹਿਗੜ੍ਹ (ਜਮਨਾ ਦਰਿਆ ਦੇ ਕੰਢੇ) ਤੇ ਭੇਜ ਦਿੱਤਾ ਗਿਆ। ਉਸ ਦੇ ਨਾਲ ਉਸ ਦੇ ਭਰਾ ਮਹਾਰਾਜਾ ਸ਼ੇਰ ਸਿੰਘ ਦੀ ਇਕ ਵਿਧਵਾ ਤੇ ਉਸ ਦਾ 6 ਸਾਲਾ ਪੁਤਰ ਸ਼ਿਵਦੇਵ ਸਿੰਘ ਵੀ ਸਨ। ਸਫ਼ਰ ਕਰਦੇ-ਕਰਦੇ ਉਹ 17 ਫ਼ਰਵਰੀ 1850 ਦੇ ਦਿਨ ਫ਼ਤਹਿਗੜ੍ਹ ਪੁੱਜੇ। ਦਲੀਪ ਸਿੰਘ ਦੇ ਇੱਥੇ ਪੁੱਜਣ ਮਗਰੋਂ ਉਸ ਦੇ ਸਾਰੇ ਸਿੱਖ ਤੇ ਪੰਜਾਬੀ ਸੇਵਾਦਾਰ ਹਟਾ ਦਿੱਤੇ ਗਏ। ਹੁਣ ਉਸ ਦਾ ਸਾਥੀ ਉਸ ਦਾ ਉਸਤਾਦ ਡਾ. ਲੋਗਨ, ਉਸ ਦੀ ਘਰਵਾਲੀ ਲੇਡੀ ਲੋਗਿਨ, ਇਕ ਹਿੰਦੂ ਤੋਂ ਈਸਾਈ ਬਣਿਆ ਭਜਨ ਲਾਲ ਤੇ ਕੁਝ ਗੋਰੇ ਨੌਕਰ ਸਨ। ਯਾਨਿ ਉਸ ਨੂੰ ਸਿੱਖੀ ਤੇ ਪੰਜਾਬੀ ਮਾਹੌਲ ਤੋਂ ਪੂਰੀ ਤਰ੍ਹਾਂ ਦੂਰ ਕਰ ਦਿੱਤਾ ਗਿਆ ਸੀ। ਉਸ ਨੂੰ ਈਸਾਈ ਬਣਾਉਣ ਵਾਸਤੇ ਇਹ ਸਾਰਾ ਕੁਝ ਕਰਨਾ ਜ਼ਰੂਰੀ ਸੀ। ਇਸ ਈਸਾਈ ਬਣਾਉਣ ਵਾਲੇ ਮਾਹੌਲ ਵਿਚ ਸਾਢੇ 11 ਸਾਲ ਦਾ ਦਲੀਪ ਸਿੰਘ ਬਹੁਤੀ ਦੇਰ ਬਚ ਨਾ ਸਕਿਆ ਅਤੇ ਸਿਰਫ਼ ਤਿੰਨ ਸਾਲ ਦੇ ਅੰਦਰ ਹੀ ਉਹ ਸਿੱਖੀ ਨੂੰ ਛੱਡ ਕੇ ਈਸਾਈਆਂ ਵਾਂਗ ਜੀਣ ਲਗ ਪਿਆ। 1853 ਦੇ ਸ਼ੁਰੂ ਹੁੰਦਿਆਂ ਹੀ ਉਸ ਨੇ ਈਸਾਈ ਬਣਨ ਦੀ ਖ਼ਾਹਸ਼ ਜ਼ਾਹਿਰ ਕੀਤੀ। 8 ਮਾਰਚ 1853 ਦੇ ਦਿਨ ਉਸ ਨੂੰ 'ਬੈਪਟਾਈਜ਼' ਕਰ ਕੇ ਈਸਾਈ ਬਣਾ ਲਿਆ ਗਿਆ। ਇਸ ਵੇਲੇ ਉਸ ਦੀ ਉਮਰ 14 ਸਾਲ 6 ਮਹੀਨੇ ਸੀ। ਦਲੀਪ ਸਿੰਘ ਨੂੰ ਈਸਾਈ ਬਣਾਉਣ ਤੋਂ ਛੇਤੀ

ਮਗਰੋਂ ਹੀ ਇੰਗਲੈਂਡ ਲਿਜਾਇਆ ਗਿਆ। ਉਹ 19 ਅਪਰੈਲ 1852 ਦੇ ਦਿਨ ਜਹਾਜ਼ ਵਿਚ ਚੜ੍ਹਿਆ ਅਤੇ ਮਈ ਵਿਚ ਲੰਡਨ ਪਹੁੰਚ ਗਿਆ। ਇੱਥੇ ਉਸ ਨੂੰ ਅੱਯਾਸ਼ੀ ਦੇ ਮਾਹੌਲ ਵਿਚ ਰੱਖਿਆ ਗਿਆ ਤਾਂ ਜੋ ਉਹ ਹੋਰ ਕੁਝ ਵੀ ਸੋਚਣ ਜੋਗਾ ਨਾ ਰਹੇ। ਸੱਤ ਸਾਲ ਮਗਰੋਂ, 1861 ਵਿਚ, ਉਸ ਨੂੰ ਆਪਣੀ ਮਾਂ ਨੂੰ ਇੰਗਲੈਂਡ ਲਿਆਉਣ ਦੀ ਇਜਾਜ਼ਤ ਮਿਲੀ, ਜਿਹਤੀ ਕਿ ਉੱਥੇ ਆ ਕੇ ਡੇਢ ਸਾਲ ਮਗਰੋਂ ਹੀ ਚੜ੍ਹਾਈ ਕਰ ਗਈ। ਇਸ ਵੇਲੇ ਉਹ 25 ਸਾਲ ਦਾ ਸੀ। ਮਾਂ ਦੀ ਮੌਤ ਮਗਰੋਂ ਉਸ ਨੇ ਅਲੈਗ਼ਜ਼ੈਂਦਰੀਆ (ਮਿਸਰ) ਵਿਚ 7 ਜੂਨ 1864 ਦੇ ਦਿਨ ਇਕ ਜਰਮਨ ਬਾਪ ਤੇ ਈਥੋਪੀਅਨ ਮਾਂ ਦੀ ਧੀ ਬੰਬਾ ਮੂਲਰ ਨਾਲ ਵਿਆਹ ਕਰਵਾਇਆ ਜਿਸ ਨੇ ਉਸ ਦੇ ਤਿੰਨ ਪੁੱਤਰਾਂ (ਵਿਕਟਰ, ਫ਼ਰੈਡਰਿਕ ਤੇ ਅਲਬਰਟ) ਤੇ ਦੋ ਧੀਆਂ (ਕੈਥਰੀਨ ਤੇ ਸੋਫ਼ਾਇਆ) ਨੂੰ ਜਨਮ ਦਿੱਤਾ (ਬੰਬਾ ਮੂਲਰ ਦੀ ਮੌਤ 18 ਸਤੰਬਰ 1887 ਦੇ ਦਿਨ ਹੋਈ)।

ਦਲੀਪ ਸਿੰਘ ਨੂੰ ਚੰਗੀ ਪੈਨਸ਼ਨ ਮਿਲਦੀ ਸੀ ਜਿਸ ਕਾਰਨ ਉਹ ਐਸ਼ ਵਾਲੀ ਜ਼ਿੰਦਗੀ ਬਿਤਾਉਂਦਾ ਸੀ। ਹੌਲੀ-ਹੌਲੀ ਉਸ ਨੇ ਆਪਣੇ ਖ਼ਰਚੇ ਬਹੁਤ ਵਧਾ ਲਏ ਪਰ ਉਸ ਦੀ ਪੈਨਸ਼ਨ ਓਨੀ ਹੀ ਰਹਿਣੀ ਸੀ। ਨਤੀਜੇ ਦੇ ਤੌਰ 'ਤੇ ਉਹ ਕਰਜ਼ਾਈ ਹੋ ਗਿਆ। ਹੁਣ ਉਹ 44 ਸਾਲ ਦਾ ਹੋ ਚੁਕਾ ਸੀ। ਉਸ ਨੇ ਆਪਣੇ ਆਪ ਨੂੰ ਸਾਬਕ ਰਾਜਾ ਦੱਸ ਕੇ 31 ਅਗਸਤ 1882 ਦੀ 'ਦ ਟਾਈਮਜ਼' ਅਖ਼ਬਾਰ ਵਿਚ ਇਕ ਇਸ਼ਤਿਹਾਰ ਵੀ ਛਾਪਿਆ ਜਿਸ ਵਿਚ ਉਸ ਨੇ ਆਪਣੀ ਜਾਇਦਾਦ ਤੇ ਪੈਨਸ਼ਨ ਵਧਾਉਣ ਦੀਆਂ ਗੱਲਾਂ ਕੀਤੀਆਂ (ਨਾ ਕਿ ਰਾਜ ਵਾਪਿਸ ਲੈਣ ਦੀਆਂ)। ਪਰ ਉਸ ਦੀ ਅਪੀਲ ਨੇ ਨਾ ਤਾਂ ਬ੍ਰਿਟਿਸ਼ ਲੋਕਾਂ 'ਤੇ ਕੋਈ ਅਸਰ ਕੀਤਾ ਤੇ ਨਾ ਹੀ ਕੁਈਨ ਵਿਕਟੋਰੀਆ ਜਾਂ ਬ੍ਰਿਟਿਸ਼ ਸਰਕਾਰ 'ਤੇ। ਨਿਰਾਸ ਹੋਇਆ ਦਲੀਪ ਸਿੰਘ ਹੁਣ ਸਿੱਖਾਂ ਵੱਲ ਮੁੜਿਆ। ਇਨ੍ਹਾਂ ਦਿਨਾਂ ਵਿਚ ਉਸ ਦਾ ਰਾਬਤਾ ਠਾਕਰ ਸਿੰਘ ਸੰਧਾਵਾਲੀਆ ਨਾਲ ਬਣ ਚੁਕਾ ਸੀ। ਠਾਕਰ ਸਿੰਘ 1884 ਵਿਚ ਇੰਗਲੈਂਡ ਵੀ ਆਇਆ ਤੇ ਦਲੀਪ ਸਿੰਘ ਨੂੰ ਮਿਲਿਆ। ਦੋਹਾਂ ਵਿਚ ਹੋਈ ਗੱਲਬਾਤ ਮਗਰੋਂ ਦਲੀਪ ਸਿੰਘ ਨੇ ਸਿੱਖ ਬਣ ਜਾਣ ਦਾ ਐਲਾਣ ਕੀਤਾ। 9 ਮਾਰਚ 1886 ਨੂੰ ਉਸ ਨੇ ਸਿੱਖ ਪੰਥ ਤੋਂ ਈਸਾਈ ਬਣਨ ਦੀ ਮੁਆਫ਼ੀ ਵੀ ਮੰਗੀ ਤੇ ਨਾਲ ਹੀ ਰਾਜ ਹਾਸਿਲ ਕਰਨ ਵਿਚ ਮਦਦ ਵੀ ਮੰਗੀ। ਹੁਣ ਦਲੀਪ ਸਿੰਘ ਨੇ ਪੰਜਾਬ ਜਾਣ ਦਾ ਫ਼ੈਸਲਾ ਕੀਤਾ। ਬ੍ਰਿਟਿਸ਼ ਸਰਕਾਰ ਨੇ ਤਾਂ ਉਸ ਨੂੰ ਪੰਜਾਬ ਜਾਣ ਦੀ ਇਜਾਜ਼ਤ ਦੇਣੀ ਹੀ ਨਹੀਂ ਸੀ। ਇਸ ਕਰ ਕੇ ਉਹ ਚੁਪਚਾਪ, 30 ਮਾਰਚ 1886 ਦੇ ਦਿਨ ਵਿਚ, ਇੰਗਲੈਂਡ ਤੋਂ ਚਲ ਪਿਆ ਅਤੇ ਅਦਨ ਪਹੁੰਚ ਗਿਆ। ਉਸ ਨੂੰ ਪੰਜਾਬ ਜਾਣ ਦੀ ਕੋਸ਼ਿਸ਼ ਕਰਨ ਤੋਂ ਰੋਕਣ ਵਾਸਤੇ 15 ਅਪਰੈਲ 1886 ਦੇ ਦਿਨ ਅਦਨ ਵਿਚ ਬ੍ਰਿਟਿਸ਼ ਅਫ਼ਸਰਾਂ ਨੇ ਉਸ ਨੂੰ ਚੁਪਚਾਪ ਇੰਗਲੈਂਡ ਪਰਤ ਜਾਣ ਵਾਸਤੇ ਆਖਿਆ। ਉਸ ਨੇ ਆਪਣਾ ਪਰਿਵਾਰ ਤਾਂ ਵਾਪਿਸ ਭੇਜ ਦਿੱਤਾ ਪਰ ਉਹ ਆਪ ਉੱਥੇ ਹੀ ਰਿਹਾ ਤੇ ਸਿੱਖਾਂ ਨਾਲ ਰਾਬਤਾ ਬਣਾਇਆ। ਉਸ ਨੇ ਇੱਥੇ ਹੀ 25 ਮਈ 1886 ਦੇ ਦਿਨ ਪੰਜ ਸਿੱਖਾਂ (ਠਾਕਰ ਸਿੰਘ ਸੰਧਾਵਾਲੀਆ, ਉਸ ਦੇ ਦੋ ਪੁੱਤਰਾਂ ਨਰਿੰਦਰ ਸਿੰਘ ਤੇ ਗੁਰਦਿਤ ਸਿੰਘ ਤੇ ਗ੍ਰੰਥੀ ਗਿਆਨੀ ਪ੍ਰਤਾਪ ਸਿੰਘ) ਤੋਂ 'ਖੰਡੇ ਦੀ ਪਾਹੁਲ' ਲਈ। ਦਲੀਪ ਸਿੰਘ ਦੀ ਇਸ ਕਾਰਵਾਈ ਮਗਰੋਂ, ਬ੍ਰਿਟਿਸ਼ ਹਾਕਮਾਂ ਨੇ ਜੂਨ 1886 ਦੇ ਸ਼ੁਰੂ ਵਿਚ ਹੀ ਉਸ ਨੂੰ ਜ਼ਬਰਦਸਤੀ ਇੰਗਲੈਂਡ ਨੂੰ ਡਿਪੋਰਟ ਕਰ ਦਿੱਤਾ। ਇੱਥੋਂ ਇਕ ਦਿਨ ਉਹ ਚੁਪਚਾਪ ਫ਼ਰਾਂਸ ਨੂੰ ਨਿਕਲ ਗਿਆ ਤੇ ਉੱਥੇ ਜਾ ਕੇ ਫ਼ਰੈਂਚ ਸਰਕਾਰ ਤੋਂ ਪਾਂਡੀਚਰੀ ਜਾਣ ਦੀ ਇਜਾਜ਼ਤ ਮੰਗੀ। ਪਰ ਫ਼ਰੈਂਚ ਸਰਕਾਰ ਨੇ ਉਸ ਨੂੰ ਪਾਂਡੀਚਰੀ ਜਾਣ ਦੀ ਇਜਾਜ਼ਤ ਨਾ ਦਿੱਤੀ। ਪਰ ਉਹ ਆਇਰੈਸ਼ ਨਾਂ ਹੇਠ ਪਾਸਪੋਰਟ ਹਾਸਿਲ ਕਰਨ ਵਿਚ ਕਾਮਯਾਬ ਹੋ ਗਿਆ। ਪੈਰਿਸ ਤੋਂ ਉਹ ਜਰਮਨ ਦੇ ਸ਼ਹਿਰ ਬਰਲਿਨ ਪਹੁੰਚ ਗਿਆ ਤੇ ਇੱਥੋਂ ਆਰਾਮ ਨਾਲ ਰੂਸ ਪੁੱਜ ਗਿਆ। ਰੂਸ ਵਿਚ ਉਸ ਨੇ ਜ਼ਾਰ (ਰੂਸ ਦਾ ਰਾਜਾ) ਤੋਂ ਅੰਗਰੇਜ਼ਾਂ ਦੇ ਖ਼ਿਲਾਫ਼ ਮਦਦ ਮੰਗੀ ਪਰ ਜ਼ਾਰ ਦਾ ਵਿਚਾਰ ਸੀ ਕਿ ਦਲੀਪ ਸਿੰਘ ਦਰਅਸਲ ਅੰਗਰੇਜ਼ਾਂ ਦੇ ਖ਼ਿਲਾਫ਼ ਜੱਦੋਜਹਿਦ ਵਿਚ ਘਟ ਦਿਲਚਸਪੀ ਰਖਦਾ ਹੈ ਤੇ

ਆਪਣੀ ਆਮਦਨ ਵਧਾਉਣਾ ਉਸ ਦਾ ਮੁਖ ਨਿਸ਼ਾਨਾ ਹੈ। ਇਸ ਕਰ ਕੇ ਜ਼ਾਰ ਨੇ ਉਸ ਦੀ ਮਦਦ ਕਰਨ ਤੋਂ ਨਾਂਹ ਕਰ ਦਿੱਤੀ। ਨਿਰਾਸ ਦਲੀਪ ਸਿੰਘ ਨੇ ਹੁਣ ਏਥੋਂ ਅਕਤੂਬਰ 1887 ਵਿਚ ਪੰਜਾਬ ਦੇ ਸਿੱਖਾਂ ਤੋਂ ਮਦਦ ਮੰਗੀ ਪਰ ਕਿਸੇ ਵੀ ਸਿੱਖ ਨੇ ਉਸ ਦੀ ਮਦਦ ਨਾ ਕੀਤੀ। ਅਖ਼ੀਰ ਉਹ ਵਾਪਿਸ ਇੰਗਲੈਂਡ ਮੁੜ ਆਇਆ।

1887 ਵਿਚ ਉਸ ਦੀ ਬੰਦੀ ਬੰਬਾ (ਮੁਲਰ) ਮਰ ਗਈ। ਦਲੀਪ ਸਿੰਘ ਨੇ ਭਾਵੇਂ ਅਦਨ ਵਿਚ 'ਖੰਡੇ ਦੀ ਪਾਹੁਲ' ਲੈ ਲਈ ਸੀ ਪਰ ਉਸ ਦਾ ਸਿੱਖ ਧਰਮ ਵਿਚ ਸ਼ਾਇਦ ਕੋਈ ਯਕੀਨ ਨਹੀਂ ਸੀ। ਉਸ ਦਾ ਹੁਣ ਵੀ ਸਾਰਾ ਤੌਰ-ਤਰੀਕਾ ਇਕ ਈਸਾਈ ਵਾਲਾ ਹੀ ਸੀ। ਬੰਬਾ ਦੇ ਮਰਨ ਮਗਰੋਂ ਉਸ ਨੇ ਇਕ ਇੰਗਲਿਸ਼ ਔਰਤ ਅਦਾ ਡਗਲਸ ਵੈਥਰਿਲ (ਜਿਹੜੀ ਉਸ ਦੀ ਰਖੈਲ ਸੀ ਤੇ ਉਸ ਦੇ ਨਾਲ ਬੰਬਾ ਦੀ ਮੌਤ ਤੋਂ ਮਗਰੋਂ ਰਹਿ ਰਹੀ ਸੀ) ਨਾਲ ਵਿਆਹ ਕਰ ਲਿਆ ਜਿਸ ਤੋਂ ਦੋ ਹੋਰ ਧੀਆਂ (ਪਾਓਲੀਨ ਅਲੈਗ਼ਜ਼ੈਨਦਰਾ ਅਤੇ ਆਇਰੀਨ ਬੇਰਿਲ) ਨੇ ਜਨਮ ਲਿਆ। 1890 ਵਿਚ ਕੁਈਨ ਵਿਕਟੋਰੀਆ ਨੇ ਉਸ 'ਤੇ ਤਰਸ ਖਾਂਦਿਆਂ ਉਸ ਦੇ ਸਾਰੇ ਕਰਜ਼ੇ, ਆਪਣੇ ਕੋਲੋਂ ਪੈਸੇ ਅਦਾ ਕਰ ਕੇ, ਲਾਹ ਦਿੱਤੇ ਅਤੇ ਉਸ ਨੂੰ ਸ਼ਾਹੀ ਮੁਆਫ਼ੀ ਦੇ ਦਿੱਤੀ (ਪਰ ਰਾਣੀ ਨੇ ਉਸ ਦੀ ਨਵੀਂ ਬੀਬੀ ਨੂੰ ਕਬੂਲ ਨਾ ਕੀਤਾ)। ਪਰ ਉਹ ਅਜੇ ਵੀ ਹੱਥ ਪੈਰ ਮਾਰਦਾ ਰਿਹਾ। ਅਕਤੂਬਰ 1893 ਵਿਚ ਉਹ ਪੈਰਿਸ ਚਲਾ ਗਿਆ। **22 ਅਕਤੂਬਰ 1893** ਦੇ ਦਿਨ ਉਸ ਦੀ ਏਥੋਂ ਦੇ ਗਰੈਂਡ ਹੋਟਲ ਵਿਚ ਮੌਤ ਹੋ ਗਈ। ਇਸ ਵੇਲੇ ਉਸ ਦੀ ਉਮਰ 55 ਸਾਲ ਦੀ ਸੀ। ਦਲੀਪ ਸਿੰਘ ਦੀ ਲਾਸ਼ ਉਸ ਦੀ ਪਹਿਲੀ ਬੀਵੀ ਬੰਬਾ ਮੂਲਰ ਦੀ ਕਬਰ ਦੇ ਨੇੜੇ ਦਬਾ ਦਿੱਤੀ ਗਈ (1999 ਵਿਚ ਇੰਗਲੈਂਡ ਵਸਦੇ ਕੁਝ ਸਿੱਖਾਂ ਵੱਲੋਂ ਦਲੀਪ ਸਿੰਘ ਦਾ ਬੁੱਤ ਨੇੜੇ ਦੇ ਕਸਬੇ ਥੈਂਟਫ਼ੋਰਡ ਵਿਚ ਲਾਇਆ ਗਿਆ ਹੈ)।

1909: ਅਨੰਦ ਮੈਰਿਜ ਐਕਟ ਪਾਸ ਹੋਇਆ

1908 ਵਿਚ ਇਮਪੀਰੀਅਲ ਕੌਂਸਲ ਦੇ ਮੈਂਬਰ, ਨਾਭਾ ਦੇ ਕੰਵਰ ਰਿਪਦੁਮਨ ਸਿੰਘ (ਮਗਰੋਂ ਮਹਾਰਾਜਾ) ਨੇ 'ਅਨੰਦ ਮੈਰਿਜ ਬਿੱਲ' ਪੇਸ਼ ਕਰ ਕੇ ਸਿੱਖ ਅਨੰਦ ਕਾਰਜ ਨੂੰ ਕਾਨੂੰਨੀ ਦਰਜਾ ਦਿਵਾਉਣ ਦੀ ਕੋਸ਼ਿਸ਼ ਕੀਤੀ; ਉਨ੍ਹਾਂ ਕੋਲੋਂ ਇਹ ਐਕਸ਼ਨ ਕਰਵਾਉਣ ਪਿੱਛੇ ਕੰਵਰ ਦੇ ਉਸਤਾਦ ਭਾਈ ਕਾਨ੍ਹ ਸਿੰਘ ਨਾਭਾ ਦਾ ਬਹੁਤ ਰੋਲ ਸੀ। ਪਰ ਦੂਜੇ ਪਾਸੇ ਕੰਵਰ ਰਿਪਦੁਮਨ ਸਿੰਘ ਦਾ ਬਾਪ, ਨਾਭਾ ਦਾ ਰਾਜਾ ਹੀਰਾ ਸਿੰਘ, ਇਸ ਬਿੱਲ ਦਾ ਵਿਰੋਧੀ ਸੀ ਕਿਉਂਕਿ ਉਸ ਨੇ 'ਸ਼ਾਹੀ ਖ਼ੂਨ ਦੇ ਅਖੌਤੀ ਉਚਾਪਣ' ਦੇ ਭਰਮ ਹੇਠ ਆਪਣੀ ਧੀ ਰਿਪਦੁਮਨ ਕੌਰ ਦਾ ਵਿਆਹ ਧੌਲਪੁਰ ਦੇ ਹਿੰਦੂ ਰਾਜੇ ਨਾਲ ਕਰਨ ਦੀ ਗੱਲਬਾਤ ਛੇੜੀ ਹੋਈ ਸੀ (ਅਜਿਹੇ 'ਸ਼ਾਹੀ ਖ਼ੂਨ' ਦੇ ਭਰਮ ਹੇਠ ਫ਼ਰੀਦਕੋਟ, ਜੀਂਦ ਤੇ ਮਗਰੋਂ ਪਟਿਆਲਾ ਦੇ ਸਿੱਖ ਰਾਜਿਆਂ ਨੇ ਵੀ ਆਪਣੀਆਂ ਸ਼ਹਿਜ਼ਾਦੀਆਂ, ਨਿੱਕੇ-ਮੋਟੇ ਹਿੰਦੂ ਰਜਵਾੜਿਆਂ ਨਾਲ ਵਿਆਹੀਆਂ ਸਨ)। ਰਾਜਾ ਹੀਰਾ ਸਿੰਘ ਨੇ ਰਿਪਦੁਮਨ ਸਿੰਘ ਨੂੰ ਦੂਜੇ ਸਾਲ 1909 ਵਿਚ ਇਮਪੀਰੀਅਲ ਕੌਂਸਲ ਦਾ ਮੈਂਬਰ ਨਾ ਬਣਨ ਦਿੱਤਾ। ਉਸ ਦੀ ਥਾਂ ਸ. ਸੁੰਦਰ ਸਿੰਘ ਮਜੀਠਿਆ ਇਮਪੀਰੀਅਲ ਕੌਂਸਲ ਦੇ ਮੈਂਬਰ ਬਣੇ। ਮਗਰੋਂ ਇਹ ਅਨੰਦ ਮੈਰਿਜ ਬਿੱਲ ਪਾਸ ਕਰਵਾਉਣ ਵਿਚ ਸ. ਸੁੰਦਰ ਸਿੰਘ ਮਜੀਠਿਆ ਨੇ ਵੀ ਬੜਾ ਰੋਲ ਅਦਾ ਕੀਤਾ। ਇਸ ਮਕਸਦ ਵਾਸਤੇ ਸਿੱਖਾਂ ਦੇ ਨਿੱਕੇ-ਵੱਡੇ 300 ਇਕੱਠ ਹੋਏ ਅਤੇ ਸੱਤ ਲੱਖ ਸਿੱਖਾਂ ਨੇ ਦਸਤਖ਼ਤ ਕਰ ਕੇ ਸਰਕਾਰ ਨੂੰ ਇਹ ਕਾਨੂੰਨ ਪਾਸ ਕਰਨ ਵਾਸਤੇ ਕਿਹਾ ਸੀ। ਅਖ਼ੀਰ **22 ਅਕਤੂਬਰ 1909** ਦੇ ਦਿਨ ਦਿਨ ਇਕ ਐਕਟ ਪਾਸ ਕਰ ਦਿੱਤਾ ਗਿਆ। 2006 ਵਿਚ ਪਾਕਿਸਤਾਨ ਨੇ ਅਨੰਦ ਮੈਰਿਜ ਐਕਟ ਨੂੰ ਪੂਰੀ ਤਰ੍ਹਾਂ ਕਾਨੂੰਨ ਬਣਾ ਦਿੱਤਾ ਪਰ (2012 ਤਕ) 'ਸਿੱਖ ਹੀ ਨਹੀਂ ਬਲਕਿ ਅਕਾਲੀ" ਅਖਵਾਉਂਦੀ ਬਾਦਲ ਸਰਕਾਰ ਨੇ ਇਸ ਐਕਟ ਨੂੰ ਕਾਨੂੰਨੀ ਸ਼ਕਲ ਦੇਣ ਵਾਸਤੇ ਕੋਈ ਕਾਰਵਾਈ ਨਾ ਕੀਤੀ। 2012 ਵਿਚ ਸੈਂਟਰ ਨੇ

ਇਕ ਸੋਧ ਬਿਲ ਪਾਸ ਕੀਤਾ ਜਿਸ ਹੇਠ ਅਨੰਦ ਮੈਰਿਜ ਐਕਟ ਨੂੰ 'ਹਿੰਦੂ ਮੈਰਿਜ ਐਕਟ' ਹੇਠ ਲਿਆਉਣ ਦੀ ਸਾਜ਼ਸ਼ ਦਾ ਡਰਾਮਾ ਕੀਤਾ ਗਿਆ ਸੀ।

1987: ਸਰਬਤ ਖਾਲਸਾ ਇਕੱਠ ਰੋਕਣ ਵਾਸਤੇ ਗ੍ਰਿਫ਼ਤਾਰੀਆਂ

15 ਅਕਤੂਬਰ 1987 ਨੂੰ ਪੂਰਨ ਸਿੰਘ (ਹੈੱਡ ਗਰੰਥੀ, ਦਰਬਾਰ ਸਾਹਿਬ), ਜਸਵੰਤ ਸਿੰਘ (ਮੁਖ ਸੇਵਾਦਾਰ ਦਮਦਮਾ ਸਾਹਿਬ), ਸਵਿੰਦਰ ਸਿੰਘ (ਮੁਖ ਸੇਵਾਦਾਰ ਅਨੰਦਪੁਰ ਸਾਹਿਬ) ਅਤੇ ਕਸ਼ਮੀਰ ਸਿੰਘ (ਹੈੱਡ ਗਰੰਥੀ ਅਕਾਲ ਤਖ਼ਤ) ਨੇ **22 ਅਕਤੂਬਰ 1987** ਨੂੰ ਹਿੰਦੂ ਤਿਉਹਾਰ ਦੀਵਾਲੀ ਦੇ ਦਿਨ ਸਰਬਤ ਖਾਲਸਾ ਦੇ ਨਾਂ 'ਤੇ ਇਕੱਠ ਬੁਲਾਉਣ ਦਾ ਐਲਾਨ ਕਰ ਦਿਤਾ। ਸਾਰੇ ਪਾਸੇ ਖਾੜਕੂਆਂ ਦਾ ਬੋਲ-ਬਾਲਾ ਹੋਣ ਕਰ ਕੇ ਸਰਕਾਰ ਨੇ 18 ਅਕਤੂਬਰ ਨੂੰ ਇਨ੍ਹਾਂ ਚੌਹਾਂ ਵਿੱਚੋਂ ਤਿੰਨ ਗ੍ਰੰਥੀ ਗ੍ਰਿਫ਼ਤਾਰ ਕਰ ਲਏ। ਪੂਰਨ ਸਿੰਘ ਦਰਬਾਰ ਸਾਹਿਬ ਵਿਚ ਡਿਊਟੀ 'ਤੇ ਹੋਣ ਕਰ ਕੇ ਗ੍ਰਿਫ਼ਤਾਰ ਨਾ ਕੀਤਾ ਜਾ ਸਕਿਆ। ਸਰਬਤ ਖਾਲਸਾ ਦੇ ਨਾਂ ਤੇ ਬੁਲਾਇਆ ਇਕੱਠ ਰੋਕਣ ਵਾਸਤੇ ਸਰਕਾਰ ਨੇ ਅੰਮ੍ਰਿਤਸਰ ਵਿਚ ਕਰਫ਼ਿਊ ਲਾ ਦਿਤਾ। ਉਸ ਦਿਨ ਬਾਹਰੋਂ ਆਉਣ ਵਾਲੇ ਸਿੱਖਾਂ ਨੂੰ ਸ਼ਹਿਰ ਵਿਚ ਵੀ ਨਹੀਂ ਵੜਨ ਦਿਤਾ ਗਿਆ। ਦਰਬਾਰ ਸਾਹਿਬ ਦੇ ਸੇਵਾਦਾਰ, ਰਾਗੀ ਅਤੇ ਗ੍ਰੰਥੀ ਵੀ ਦਖ਼ਿਲ ਨਾ ਹੋ ਸਕੇ। ਦਰਬਾਰ ਸਾਹਿਬ ਦਾ ਕੀਰਤਨ ਇਕ ਵਾਰ ਫੇਰ ਰੁਕ ਗਿਆ। ਬੇਅੰਤ ਪੁਲੀਸ ਤੇ ਫ਼ੌਜ ਨੇ ਅੰਮ੍ਰਿਤਸਰ ਨੂੰ ਘੇਰਿਆ ਹੋਇਆ ਸੀ। ਇਹ ਦਰਬਾਰ ਸਾਹਿਬ ਦੁਆਲੇ ਮਾਰਸ਼ਲ ਲਾਅ ਲਾਉਣ ਵਾਲੀ ਗੱਲ ਸੀ।

1990: ਮੰਗਲ ਸਿੰਘ ਪੱਖੋਕੇ, ਹਰਭੇਜ ਸਿੰਘ ਧਰੜ, ਗੁਰਵੇਲ ਸਿੰਘ ਜਵੰਦੇ ਤੇ ਪਰਮਜੀਤ ਸਿੰਘ ਕੰਬੋ ਨਕਲੀ ਮੁਕਾਬਲਿਆਂ ਵਿਚ ਸ਼ਹੀਦ

22 ਅਕਤੂਬਰ 1990 ਦੇ ਦਿਨ ਪੰਜਾਬ ਪੁਲਸ ਨੇ ਮੰਗਲ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਪੱਖੋਕੇ, ਅੰਮ੍ਰਿਤਸਰ), ਹਰਭੇਜ ਸਿੰਘ (ਪੁੱਤਰ ਅੰਗਰੇਜ਼ ਸਿੰਘ, ਵਾਸੀ ਧਰੜ), ਗੁਰਵੇਲ ਸਿੰਘ ਉਰਫ਼ ਜਾਗੋ (ਪੁੱਤਰ ਜੋਗਿੰਦਰ ਸਿੰਘ, ਵਾਸੀ ਜਵੰਦੇ ਖੁਰਦ, ਅੰਮ੍ਰਿਤਸਰ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ। ਇਸੇ ਦਿਨ ਪੰਜਾਬ ਪੁਲਸ ਨੇ ਪਰਮਜੀਤ ਸਿੰਘ (ਵਾਸੀ ਕੰਬੋ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸੰਤੋਖ ਸਿੰਘ ਸੁੱਖਾ, ਬਲਵਿੰਦਰ ਸਿੰਘ ਬਿੰਦਰ ਅਰਜਨਪੁਰਾ, ਜਗਤਾਰ ਸਿੰਘ ਗਲੋਵਾਲ ਬਾਘਾ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 22 ਅਕਤੂਬਰ 1992 ਦੇ ਦਿਨ ਸੰਤੋਖ ਸਿੰਘ ਉਰਫ਼ ਸੁਖਦੇਵ ਸਿੰਘ ਸੁੱਖਾ ਵਾਸੀ ਦਾਨੇਵਾਲ, ਬਲਵਿੰਦਰ ਸਿੰਘ ਉਰਫ਼ ਬਿੰਦਰ ਵਾਸੀ ਅਰਜਨਪੁਰਾ, ਜਗਤਾਰ ਸਿੰਘ (ਪੁੱਤਰ ਸੁਰਜੀਤ ਸਿੰਘ, ਵਾਸੀ ਗਲੋਵਾਲ ਬਾਘਾ, ਨੇੜੇ ਗੜ੍ਹਦੀਵਾਲਾ, ਹੁਸ਼ਿਆਰਪੁਰ) ਤੇ ਹੋਰ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਹਰਕਿਸ਼ਨ ਸੁਰਜੀਤ: ਬੇਅੰਤ ਸ੍ਰਕਾਰ ਪੰਜਾਬ ਦਾ ਮਸਲਾ ਹੱਲ ਨਹੀਂ ਕਰਨਾ ਚਾਹੁੰਦੀ

22 ਅਕਤੂਬਰ 1992 ਦੇ ਦਿਨ ਹਰਕਿਸ਼ਨ ਸੁਰਜੀਤ (ਮਾਰਕਸਵਾਦੀ ਕਮਿਊਨਿਸਟ) ਨੇ ਇਕ ਬਿਆਨ ਵਿਚ ਕਿਹਾ ਕਿ ਚੀਫ਼ ਮਨਿਸਟਰ ਬੇਅੰਤ ਪੰਜਾਬ ਮਸਲੇ ਦਾ ਸਿਆਸੀ ਹੱਲ ਨਹੀਂ ਚਾਹੁੰਦਾ ਅਤੇ ਦੋਹੀਂ ਪਾਸੀਂ ਕਤਲੇਆਮ ਕਰਵਾ ਕੇ ਸਿਰਫ਼ ਸਰਕਾਰ ਕਾਇਮ ਰੱਖਣੀ ਚਾਹੁੰਦਾ ਹੈ।

1993: ਰੇਸ਼ਮ ਕੌਰ ਅਤੇ ਉਸ ਦੇ 8 ਮਹੀਨੇ ਦੇ ਬੱਚੇ ਦਾ ਜ਼ਾਲਮਾਨਾ ਕਤਲ

22 ਅਕਤੂਬਰ 1993 ਦੇ ਦਿਨ ਐਸ.ਐਸ.ਪੀ. ਰਾਜ ਕਿਸ਼ਨ ਬੇਦੀ (ਹੁਣ ਏ. ਜੀ.ਪੀ) ਦੇ ਹੁਕਮ ਹੇਠ ਪੁਲਸ ਨੇ ਚੰਡੀਗੜ੍ਹ ਵਿਚ 15 ਸੈਕਟਰ ਵਿਚ ਜਗਜੀਤ ਸਿੰਘ ਦੇ ਘਰ 'ਤੇ ਧਾਵਾ ਬੋਲਿਆ; ਕਿਉਂਕਿ ਉਹ ਘਰ ਨਹੀਂ ਸੀ ਇਸ ਕਰ ਕੇ ਪੁਲਸ ਉਸ ਦੀ ਪਤਨੀ ਰੇਸ਼ਮ ਕੌਰ ਤੇ 8 ਮਹੀਨੇ ਦਾ ਬੱਚਾ ਸਿਮਰਜੀਤ ਸਿੰਘ ਚੁੱਕ ਲਿਆਈ। ਥਾਣੇ ਵਿਚ ਪੁਲਸ ਨੇ ਰੇਸ਼ਮ ਕੌਰ ਤੋਂ ਉਸ ਦਾ ਮਾਸੂਮ ਬੱਚਾ ਖੋਹ ਕੇ, ਉਸ ਦੇ ਸਾਹਮਣੇ ਬੱਚੇ ਨੂੰ ਨੰਗਾ ਕਰ ਕੇ, ਬਰਫ਼ ਦੀ ਸਿੱਲ 'ਤੇ ਪਾ ਦਿੱਤਾ ਤੇ ਰੇਸ਼ਮ ਕੌਰ ਨੂੰ ਆਪਣੇ ਪਤੀ ਦਾ ਥਹੁ ਪਤਾ ਦੱਸਣ ਵਾਸਤੇ ਕਿਹਾ ਪਰ ਕਿਉਂਕਿ ਬੀਬੀ ਨੂੰ ਕੁਝ ਵੀ ਪਤਾ ਨਹੀਂ ਸੀ ਉਹ ਕੁਝ ਨਾ ਦੱਸ ਸਕੀ। ਉਧਰ ਜ਼ਾਲਮ ਪੁਲਸੀਆਂ ਨੇ ਬੱਚੇ ਨੂੰ ਬਰਫ਼ ਦੀ ਸਿੱਲ ਤੇ ਪਾਈ ਰੱਖਿਆ; ਅਖ਼ੀਰ ਬੱਚਾ ਮਰ ਗਿਆ ਤੇ ਉਸ ਦੀ ਲਾਸ਼ ਬਰਫ਼ ਨਾਲ ਹੀ ਚੰਬੜ ਗਈ ਜਿਸ ਨੂੰ ਬਰਫ਼ ਕੱਟ ਕੇ ਟੁਕੜੇ ਕਰ-ਕਰ ਕੇ ਲਾਹਿਆ ਗਿਆ। ਇਸ ਮਗਰੋਂ ਬੀਬੀ ਰੇਸ਼ਮ ਕੌਰ ਨੂੰ ਵੀ ਤਸੀਹੇ ਦੇ ਕੇ ਮਾਰ ਦਿੱਤਾ ਗਿਆ।

23 ਅਕਤੂਬਰ

1772: ਅਹਿਮਦ ਸ਼ਾਹ ਦੁੱਰਾਨੀ (ਅਬਦਾਲੀ) ਦੀ ਮੌਤ ਹੋਈ

ਵਾਰ ਵਾਰ ਪੰਜਾਬ 'ਤੇ ਹਮਲਾ ਕਰ ਕੇ ਲੁੱਟ ਮਚਾਉਣ ਅਤੇ ਦਹਿਸ਼ਤ ਫ਼ੈਲਾਉਣ ਵਾਲੇ ਅਹਿਮਦ ਸ਼ਾਹ ਦੁਰਾਨੀ ਨੇ ਮਾਰਚ 1765 ਤੋਂ ਨਵੰਬਰ 1766 ਤਕ ਅਹਿਮਦ ਸ਼ਾਹ ਨੇ ਪੰਜਾਬ ਵਲ ਮੂੰਹ ਨਾ ਕੀਤਾ। ਦਸੰਬਰ 1766 ਵਿਚ ਉਸ ਨੇ ਪੰਜਾਬ 'ਤੇ 8ਵਾਂ ਹਮਲਾ ਕਰਨ ਵਾਸਤੇ ਅਟਕ ਦਰਿਆ ਪਾਰ ਕੀਤਾ। ਉਸ ਦੀ ਪਹਿਲੀ ਟੱਕਰ ਜਿਹਲਮ ਦੇ ਕੰਢੇ ਰੋਹਤਾਸ ਵਿਚ ਬਲਮ ਸਿੰਘ ਦੀ ਫੌਜ ਨਾਲ ਹੋਈ। ਬਲਮ ਸਿੰਘ ਦੀ ਫ਼ੌਜ ਦੀ ਗਿਣਤੀ ਬਹੁਤ ਥੋੜ੍ਹੀ ਸੀ ਤੇ ਉਨ੍ਹਾਂ ਕੋਲ ਅਸਲਾ ਵੀ ਘਟ ਸੀ। ਇਸ ਕਰ ਕੇ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ।ਉਹ 22 ਦਸੰਬਰ ਦੇ ਦਿਨ ਲਾਹੌਰ ਪੁੱਜਾ। ਸਿੱਖਾਂ ਨੇ ਉਸ ਨਾਲ ਟੱਕਰ ਲੈ ਕੇ ਨੁਕਸਾਨ ਕਰਵਾਉਣ ਦੀ ਬਜਾਇ ਲਾਹੌਰ ਛੱਡ ਜਾਣ ਦਾ ਫ਼ੈਸਲਾ ਕੀਤਾ। ਸੋਭਾ ਸਿੰਘ, ਲਹਿਣਾ ਸਿੰਘ ਤੇ ਗੁਜਰ ਸਿੰਘ ਲਾਹੌਰ ਤੋਂ ਚਲੇ ਗਏ। ਉਹ ਜਾਣਦੇ ਸੀ ਕਿ ਅਹਿਮਦ ਸ਼ਾਹ ਬਹੁਤੀ ਦੇਰ ਉਥੇ ਨਹੀਂ ਰਹੇਗਾ ਇਸ ਕਰ ਕੇ ਉਸ ਨਾਲ ਬੇਵਜਹ ਟਕਰਾਅ ਕਰ ਕੇ ਤਾਕਤ ਗੁਆਉਣੀ ਠੀਕ ਨਹੀਂ ਸੀ। ਅਹਿਮਦ ਸ਼ਾਹ ਨੇ ਲਾਹੌਰ ਦੇ ਲੋਕਾਂ ਤੋਂ ਸਿੱਖਾਂ ਦੇ ਮੁਸਲਮਾਨਾਂ ਤੇ ਹੋਰ ਸ਼ਹਿਰੀਆਂ ਨਾਲ ਸਲੂਕ ਬਾਰੇ ਪੁੱਛ ਪੜਤਾਲ ਕੀਤੀ ਤਾਂ ਤਕਰੀਬਨ ਹਰ ਇਕ ਨੇ ਸਿੱਖਾਂ ਦੀ ਰੱਜਵੀ ਤਾਰੀਫ਼ ਕੀਤੀ। ਲੋਕਾਂ ਨੇ ਇਹ ਵੀ ਦੱਸਿਆ ਕਿ ਜਿਸ ਦਿਨ ਈਦ ਦਾ ਤਿਉਹਾਰ ਸੀ ਉਸ ਦਿਨ ਸਿੱਖ ਹਾਕਮਾਂ ਨੇ ਮੁਸਲਮਾਨ ਕਾਜ਼ੀਆਂ, ਮੁਫ਼ਤੀਆਂ ਤੇ ਈਮਾਮਾਂ ਨੂੰ ਪੱਗਾਂ ਬਖ਼ਸ਼ਿਸ਼ ਕੀਤੀਆਂ ਸਨ।ਇਹ ਸੁਣ ਕੇ ਉਸ ਨੇ ਲਹਿਣਾ ਸਿੰਘ ਭੰਗੀ ਨੂੰ ਲਾਹੌਰ ਦਾ ਸੂਬੇਦਾਰ ਮੰਨ ਲੈਣ ਦੀ ਪੇਸ਼ਕਸ਼ ਕੀਤੀ। ਉਸ ਨੇ ਇਕ ਏਲਚੀ ਰਾਹੀਂ ਸੂਬੇਦਾਰੀ ਦਾ ਖ਼ਤ ਅਤੇ ਕੁਝ ਬਾਦਾਮ ਵੀ ਭੇਜੇ। ਲਹਿਣਾ ਸਿੰਘ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ ਤੇ ਅਹਿਮਦ ਸ਼ਾਹ ਦੇ ਭੇਜੇ ਬਦਾਮ ਵਾਪਿਸ ਕਰ ਦਿੱਤੇ ਤੇ ਕਿਹਾ ਕਿ ਸਾਡੀ ਖ਼ੁਰਾਕ ਬਦਾਮ ਨਹੀਂ ਬਲਕਿ ਭੁੰਜੇ ਹੋਏ ਛੋਲੇ ਹਨ। ਖ਼ੈਰ, ਬੇਇਜ਼ਤੀ ਕਰਵਾਉਣ ਦੇ ਬਾਵਜੂਦ ਇਸ ਵਾਰ ਅਹਿਮਦ ਸ਼ਾਹ ਨੇ ਸਿੱਖਾਂ ਨਾਲ ਟੱਕਰ ਨਾ ਲਈ।

ਚਾਰ-ਪੰਜ ਦਿਨ ਲਾਹੌਰ ਰਹਿਣ ਮਗਰੋਂ ਅਹਿਮਦ ਸ਼ਾਹ ਨੇ ਮੌਲਵੀ ਅਬਾਦੁੱਲਾ ਦੇ ਭਰਾ ਦਾਦਨ ਖ਼ਾਨ ਨੂੰ ਲਾਹੌਰ ਦਾ ਫ਼ੌਜਦਾਰ ਤੇ ਰਹਿਮਤ ਖ਼ਾਨ ਨੂੰ ਉਸ ਦਾ ਨਾਇਬ ਬਣਾ ਕੇ 1500 ਫ਼ੌਜ ਉਨ੍ਹਾਂ ਨੂੰ ਦਿੱਤੀ ਤੇ ਆਪ ਸਰਹੰਦ ਵਲ ਚਲ ਪਿਆ। ਬਿਆਸ ਦਰਿਆ ਦੇ ਦੂਜੇ ਪਾਸੇ ਸਿੱਖ ਫ਼ੌਜਾਂ ਨੇ ਅਹਿਮਦ ਸ਼ਾਹ ਦਾ ਪਿੱਛਾ ਕੀਤਾ। ਇਨ੍ਹਾਂ ਵਿਚ ਜੱਸਾ ਸਿੰਘ ਆਹਲੂਵਾਲੀਆ ਦੇ 10ਤੋਂ 20ਹਜ਼ਾਰ, ਚੜ੍ਹਤ ਸਿੰਘ ਤੇ ਲਹਿਣਾ ਸਿੰਘ ਦੇ ਦਸ-ਦਸ ਹਜ਼ਾਰ ਫ਼ੌਜੀ ਸਨ। ਅਹਿਮਦ ਸ਼ਾਹ

ਦੀ ਫ਼ੌਜ ਦੀ ਗਿਣਤੀ 60ਤੋਂ 70ਹਜ਼ਾਰ ਦੇ ਵਿਚਕਾਰ ਸੀ। ਇੱਥੇ ਸਿੱਖਾਂ ਨੂੰ ਪਤਾ ਲਗਾ ਕਿ ਅਹਿਮਦ ਸ਼ਾਹ ਆਪਣਾ ਟੱਬਰ ਲਾਹੌਰ ਛੱਡ ਆਇਆ ਹੈ। ਇਸ 'ਤੇ ਉਹ ਲਾਹੌਰ ਮੁੜ ਪਏ ਤੇ ਦੁੱਰਾਨੀ ਦੇ ਕੈਂਪ 'ਤੇ ਹਮਲਾ ਕਰ ਦਿਤਾ। ਜਦ ਅਹਿਮਦ ਸ਼ਾਹ ਨੂੰ ਇਸ ਦੀ ਖ਼ਬਰ ਹੋਈ ਤਾਂ ਉਹ ਇਕ ਦਮ ਲਾਹੌਰ ਨੂੰ ਵਾਪਿਸ ਚਲ ਪਿਆ। ਇੱਥੇ ਆ ਕੇ ਉਸ ਨੇ, ਚੰਬੇ ਦੇ ਰਾਜੇ ਅਤੇ ਅਦੀਨਾ ਬੇਗ ਦੇ ਇਕ ਰਿਸ਼ਤੇਦਾਰ ਸਆਦਤ ਯਾਰ ਖ਼ਾਨ ਰਾਹੀਂ, ਇਕ ਵਾਰ ਫੇਰ ਸਿੱਖਾਂ ਨੂੰ ਸਮਝੌਤੇ ਦੀ ਪੇਸ਼ਕਸ਼ ਕੀਤੀ। ਪਰ ਸਿੱਖਾਂ ਨੇ ਦੁੱਰਾਨੀ ਨਾਲ ਸਮਝੌਤਾ ਕਰਨੋਂ ਕੋਰੀ ਨਾਂਹ ਕਰ ਦਿਤੀ।

15 ਜਨਵਰੀ 1767 ਨੂੰ ਅਹਿਮਦ ਸ਼ਾਹ ਨੇ ਨੂਰ-ਉਦ-ਦੀਨ ਦੀ ਸਰਾਂ ਤੋਂ ਜੱਸਾ ਸਿੰਘ ਆਹਲੂਵਾਲੀਆ, ਝੰਡਾ ਸਿੰਘ ਭੰਗੀ ਤੇ ਖ਼ੁਸ਼ਹਾਲ ਸਿੰਘ ਨੂੰ ਵੀ ਦੋਸਤੀ ਦਾ ਪੈਗ਼ਾਮ ਭੇਜਿਆ। ਪਰ ਉਸ ਨੇ ਵੀ ਦੁੱਰਾਨੀ ਦੀ ਗ਼ੁਲਾਮੀ ਕਬੂਲਣੋਂ ਨਾਂਹ ਕਰ ਦਿਤੀ। ਇਸ ਮਗਰੋਂ ਅਹਿਮਦ ਸ਼ਾਹ ਨਕੋਦਰ-ਨੂਰਮਹਿਲ ਰਾਹੀਂ ਸਰਹੰਦ ਵਲ ਚਲਾ ਗਿਆ। ਨੂਰਮਹਲ ਵਿਚ ਮਾਲਵਾ (ਹੁਣ ਮੱਧ ਪ੍ਰਦੇਸ਼) ਅਤੇ ਰਾਜਸਥਾਨ ਦੇ ਰਾਜੇ ਉਸ ਨੂੰ ਮਿਲਣ ਆਏ। ਕੁਝ ਚਿਰ ਏਥੇ ਠਹਿਰਨ ਮਗਰੋਂ ਉਸ ਨੇ ਮਾਛੀਵਾੜਾ ਤੋਂ ਸਤਲੁਜ ਪਾਰ ਕੀਤਾ। ਇੱਥੋਂ ਅਹਿਮਦ ਸ਼ਾਹ ਬਨੂੜ ਹੁੰਦਾ ਹੋਇਆ ਅੰਬਾਲਾ ਪੁੱਜਾ। ਇੱਥੇ ਉਸ ਨੂੰ ਨਜੀਬ-ਉਦ-ਦੌਲਾ ਰੁਹੀਲਾ ਮਿਲਿਆ। ਰੁਹੀਲਾ ਆਗੂ ਨੇ ਅਹਿਮਦ ਸ਼ਾਹ ਨੂੰ ਦਿੱਲੀ 'ਤੇ ਹਮਲਾ ਨਾ ਕਰਨ ਵਾਸਤੇ ਅਰਜ਼ ਕੀਤੀ। ਦੋ ਪਹਿਰ (ਛੇ ਘੰਟੇ) ਦੀ ਮੁਲਾਕਾਤ ਮਗਰੋਂ ਨਜੀਬ-ਉਦ-ਦੌਲਾ ਅਹਿਮਦ ਸ਼ਾਹ ਨੂੰ ਮਨਾਉਣ ਵਿਚ ਕਾਮਯਾਬ ਹੋਇਆ ਤੇ ਅਹਿਮਦ ਸ਼ਾਹ ਵਾਪਿਸ ਮੁੜ ਜਾਣ ਵਾਸਤੇ ਰਾਜ਼ੀ ਹੋ ਗਿਆ।

ਅਹਿਮਦ ਸ਼ਾਹ ਨੇ 17 ਮਾਰਚ ਨੂੰ ਵਾਪਸੀ ਸ਼ੁਰੂ ਕੀਤੀ। 18 ਮਾਰਚ 1767 ਦੇ ਦਿਨ ਉਹ ਅੰਬਾਲਾ ਵਿਚ ਸੀ ਜਿੱਥੇ ਪਟਿਆਲੇ ਦੇ ਰਾਜਾ ਅਮਰ ਸਿੰਘ ਉਸ ਕੋਲ ਪੇਸ਼ ਹੋਇਆ। ਅਮਰ ਸਿੰਘ ਤੋਂ ਉਸ ਨੇ 9 ਲਖ ਰੁਪੈ ਤਾਵਾਨ ਦੀ ਮੰਗ ਕੀਤੀ। ਇਸ ਮੌਕੇ 'ਤੇ ਅਹਿਮਦ ਸ਼ਾਹ ਨੇ ਆਪਣੇ ਪੁਤਰ ਜ਼ਾਬਤਾ ਖ਼ਾਨ ਨੂੰ ਸਰਹੰਦ ਦਾ ਸੂਬੇਦਾਰ ਬਣਾਉਣ ਦਾ ਫੈਸਲਾ ਕੀਤਾ। ਇਸੇ ਖਿਆਲ ਨਾਲ ਉਸ ਨੇ ਰਾਜਾ ਅਮਰ ਸਿੰਘ ਨੂੰ ਕੈਦ ਕਰ ਲਿਆ। ਜਦ ਉਸ ਦੀ ਦਾਦੀ ਮਾਈ ਫੱਤੋ (ਪਤਨੀ ਮਹਾਰਾਜਾ ਆਲਾ ਸਿੰਘ) ਨੂੰ ਇਹ ਪਤਾ ਲਗਾ ਤਾਂ ਉਸ ਨੇ ਦਿੱਲੀ ਦੇ ਵਜ਼ੀਰ ਸ਼ਾਹ ਵਲੀ ਖ਼ਾਨ ਤਕ ਪਹੁੰਚ ਕੀਤੀ ਤੇ ਉਸ ਨੂੰ ਕੀਮਤੀ ਤੋਹਫ਼ੇ ਦੇ ਕੇ ਅਮਰ ਸਿੰਘ ਦੀ ਰਿਹਾਈ ਵਾਸਤੇ ਮਨਾ ਲਿਆ। ਵਜ਼ੀਰ ਨੇ ਅਹਿਮਦ ਸ਼ਾਹ ਨੂੰ ਸਮਝਾਇਆ ਕਿ ਕੋਈ ਅਫ਼ਗਾਨ ਸੂਬੇਦਾਰ ਉਸ ਇਲਾਕੇ ਵਿਚ ਅਮਨ ਨਹੀਂ ਰਖ ਸਕਦਾ। ਅਫ਼ਗਾਨ ਸੂਬੇਦਾਰ ਨੂੰ ਸਿੱਖ ਯਕੀਨਨ ਮਾਰ ਦੇਣਗੇ। ਸਿਰਫ਼ ਅਮਰ ਸਿੰਘ ਹੀ ਇੱਥੋਂ ਦੀ ਸੂਬੇਦਾਰੀ ਕਰ ਸਕੇਗਾ; ਤੇ ਨਾਲੇ ਉਹ ਸਾਡਾ ਵਫ਼ਾਦਾਰ ਵੀ ਹੈ। ਅਖ਼ੀਰ ਅਹਿਮਦ ਸ਼ਾਹ ਨੂੰ ਸਮਝ ਆ ਗਈ ਤੇ ਉਸ ਨੇ ਅਮਰ ਸਿੰਘ ਨੂੰ ਸਰਹੰਦ ਦੀ ਸੂਬੇਦਾਰੀ ਸੌਂਪ ਕੇ 'ਰਾਜਾ-ਇ-ਰਾਜਗਾਂ' ਦਾ ਖ਼ਿਤਾਬ ਵੀ ਦੇ ਦਿਤਾ । ਇਸ 'ਤੇ ਪਟਿਆਲੇ ਰਾਜੇ ਨੇ ਆਪਣੇ ਆਪ ਨੂੰ "ਅਮਰ ਸਿੰਘ ਬਮਜ਼ਈ" ਲਿਖਣਾ ਸ਼ੁਰੂ ਕਰ ਦਿਤਾ। (ਕਿਉਂਕਿ ਅਮਰ ਸਿੰਘ ਨੂੰ ਰਿਹਾ ਕਰਵਾਉਣ ਵਾਲਾ ਵਜ਼ੀਰ, ਸ਼ਾਹ ਵਲੀ ਖ਼ਾਨ, ਖ਼ੁਦ 'ਬਮਜ਼ਈ ਕਬੀਲੇ' ਵਿਚੋਂ ਸੀ)।

ਕਈ ਹਫ਼ਤੇ ਅਹਿਮਦ ਸ਼ਾਹ ਗਰਮੀ ਤੋਂ ਡਰਦਾ ਮਹਿਲਾਂ ਤੇ ਬਾਗਾਂ ਵਿਚ ਹੀ ਵੜਿਆ ਰਿਹਾ। ਅਖ਼ੀਰ ਮੌਸਮ ਤੋ ਦੁਖੀ ਹੋ ਕੇ ਉਹ ਵਾਪਿਸ ਵਤਨ ਨੂੰ ਚਲ ਪਿਆ।

ਦਰਅਸਲ ਹੁਣ ਉਹ ਸਿੱਖਾਂ ਤੋਂ ਡਰਨ ਵੀ ਲਗ ਪਿਆ ਸੀ। 19 ਫ਼ਰਵਰੀ 1767 ਦੇ ਦਿਨ ਲਾਰਡ ਕਲਾਈਵ (ਕਲਕੱਤਾ ਵਿਚ ਅੰਗਰੇਜ਼ ਸੂਬੇਦਾਰ) ਨੇ ਅਉਧ ਦੇ ਨਵਾਬ ਨੂੰ ਇਕ ਖ਼ਤ ਵਿਚ ਲਿਖਿਆ ਕਿ ਸਿੱਖਾਂ ਨੇ ਉਸ ਦਾ ਰਾਹ ਬੰਦ ਕਰ ਦਿੱਤਾ ਹੈ। ਉਨ੍ਹਾਂ ਉਸ ਨੂੰ ਕਈ ਵਾਰ ਲੁੱਟਿਆ ਹੈ। ਹੁਣ ਜਾਂ ਤਾਂ ਉਹ ਸਿੱਖਾਂ ਨੂੰ ਹਰਾਵੇ ਜਾਂ ਉਨ੍ਹਾਂ ਨਾਲ ਸਮਝੌਤਾ ਕਰੇ; ਵਰਨਾ

ਉਹ ਅੱਗੇ ਨਹੀਂ ਜਾ ਸਕਦਾ। ਉਸ ਕੋਲ ਇਕ ਹੀ ਚੋਣ ਹੈ ਕਿ ਜਾ ਤਾਂ ਉਹ ਵਾਪਿਸ ਚਲਾ ਜਾਵੇ ਤੇ ਜਾਂ ਪੰਜਾਬ ਵਿਚ ਸਿੱਖਾਂ ਤੋਂ ਬੇਇਜ਼ਤੀ ਕਰਵਾਵੇ।

ਅਹਿਮਦ ਸ਼ਾਹ ਦੁਰਾਨੀ ਨੇ ਦਸੰਬਰ 1768 ਵਿਚ ਨੌਵੀਂ ਵਾਰ ਪੰਜਾਬ 'ਤੇ ਹਮਲਾ ਕੀਤਾ। ਪਰ ਉਹ ਇਸ ਵਾਰ ਜਿਹਲਮ ਦਰਿਆ ਤੋਂ ਹੀ ਮੁੜ ਗਿਆ ਕਿਉਂਕਿ ਸਿੱਖਾਂ ਦੇ ਹਮਲਿਆਂ ਕਾਰਨ ਹੁਣ ਉਸ ਨੂੰ ਆਪਣੀ ਹਿਫ਼ਾਜ਼ਤ ਦਾ ਵਧੇਰੇ ਫਿਕਰ ਸੀ। ਦਸੰਬਰ 1769 ਵਿਚ ਦੁਰਾਨੀ ਨੇ ਦਸਵੀਂ ਵਾਰ ਫੇਰ ਕਿਸਮਤ ਅਜ਼ਮਾਉਣ ਦੀ ਕੋਸ਼ਿਸ਼ ਕੀਤੀ। ਪਰ ਸਿੱਖਾਂ ਦੇ ਹਮਲਿਆਂ ਤੋਂ ਡਰਦਾ ਇਸ ਵਾਰ ਉਹ ਪਿਸ਼ਾਵਰ ਤੋਂ ਹੀ ਮੁੜ ਗਿਆ। ਜੂਨ 1770 ਵਿਚ ਅਹਿਮਦ ਸ਼ਾਹ ਦੁਰਾਨੀ ਨੇ ਯਾਰ੍ਹਵੀਂ ਵਾਰੀ ਪੰਜਾਬ ਵਲ ਮੂੰਹ ਕਰ ਲਿਆ। ਇਸ ਵਾਰ ਉਸ ਦੇ ਨਾਲ ਉਸ ਦਾ ਜਰਨੈਲ ਜਹਾਨ ਖ਼ਾਨ ਨਹੀਂ ਸੀ (ਉਹ 14 ਮਾਰਚ 1770 ਦੇ ਦਿਨ ਮਰ ਚੁਕਾ ਸੀ)। ਇਸ ਵਾਰ ਵੀ ਅਹਿਮਦ ਸ਼ਾਹ ਗਰਮੀ ਅਤੇ ਸਿੱਖਾਂ ਤੋਂ ਡਰਦਾ ਪਿਸ਼ਾਵਰ ਤੋਂ ਹੀ ਮੁੜ ਗਿਆ। ਅਗਸਤ 1771 ਵਿਚ ਉਸ ਨੇ ਬਾਰ੍ਹਵੀਂ ਵਾਰ ਹਮਲਾ ਕਰਨ ਦੀ ਪਲਾਨ ਬਣਾਈ ਪਰ ਰੱਬ ਨੂੰ ਇਹ ਮਨਜ਼ੂਰ ਨਹੀਂ ਸੀ। ਹੁਣ ਉਹ ਇਕ ਕਮਜ਼ੋਰ, ਬੁੱਢਾ, ਨਿੰਮੋਝੂਣਾ, ਬੇਬਸ, ਬੇਦਿਲ, ਹਾਰਿਆ ਹੋਇਆ, ਥੱਕਿਆ ਹੋਇਆ, ਕਮਜ਼ੋਰ ਹੋ ਚੁਕਾ, ਘਬਰਾਇਆ ਹੋਇਆ ਸ਼ਖ਼ਸ ਸੀ। ਅਖ਼ੀਰ ਸਿੱਖਾਂ ਦੀ ਤਾਕਤ ਤੋਂ ਡਰਦਾ, ਵਿਚਾਰਾ, ਅਹਿਮਦ ਸ਼ਾਹ 23 ਅਕਤੂਬਰ 1772 ਦੇ ਦਿਨ ਇਸ ਦੁਨੀਆਂ ਤੋਂ ਵਿਦਾ ਹੋ ਗਿਆ। ਇਸ ਤੋਂ ਬਾਅਦ ਅਫ਼ਗਾਨ ਧਾੜਵੀਆਂ ਦੀ ਦਹਿਸ਼ਤ ਖ਼ਤਮ ਹੋ ਗਈ। ਕੁਝ ਲੋਕ ਦੁੱਰਾਨੀ ਨੂੰ ਦਰਬਾਰ ਸਾਹਿਬ ਨੂੰ ਬਾਰੂਦ ਨਾਲ ਉਡਾਏ ਜਾਣ ਵੇਲੇ ਇਕ ਇੱਟ ਉਸ ਦੇ ਨੱਕ 'ਤੇ ਵੱਜਣ ਨਾਲ ਮਰਿਆ ਲਿਖਦੇ ਹਨ ਜੋ ਗ਼ਲਤ ਹੈ। ਉਹ ਘਟਨਾ 1762 ਦੀ ਹੈ ਪਰ ਦੁੱਰਾਨੀ ਉਸ ਤੋਂ 10 ਸਾਲ ਮਗਰੋਂ ਮਰਿਆ ਸੀ।

1981: ਮਹਿੰਦਰ ਪਾਲ ਪਾਂਛਟਾ ਨਿਰੰਕਾਰੀ ਮਾਰਿਆ ਗਿਆ

ਬਬਰ ਖਾਲਸਾ ਵੱਲੋਂ ਨਿਰੰਕਾਰੀਆਂ ਦੇ ਖ਼ਿਲਾਫ਼ ਹਥਿਆਰਬੰਦ ਐਕਸ਼ਨਾਂ ਦੇ ਸਬੰਧ ਵਿਚ 23 ਅਕਤੂਬਰ 1981 ਦੇ ਦਿਨ ਜਥੇਦਾਰ ਤਲਵਿੰਦਰ ਸਿੰਘ ਦੇ ਪਿੰਡ ਪਾਂਛਟਾ (ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ) ਦੇ ਨਿਰੰਕਾਰੀ ਮਹਿੰਦਰ ਪਾਲ ਨੂੰ ਤਿੰਨ ਮੋਟਰ ਸਾਈਕਲ ਸਵਾਰਾਂ ਨੇ ਕਤਲ ਕਰ ਦਿੱਤਾ। ਇਸ ਤੋਂ ਪਹਿਲਾਂ ਬਹੁਤ ਸਾਰੇ ਨਿਰੰਕਾਰੀਆਂ ਨੂੰ ਮਾਰਿਆ ਜਾ ਚੁਕਾ ਸੀ। ਇਨ੍ਹਾਂ ਖਬਰਾਂ ਨਾਲ ਨਿਰੰਕਾਰੀਆਂ 'ਚ ਦਹਿਸ਼ਤ ਫੈਲ ਗਈ ਅਤੇ ਪੰਜਾਬ ਵਿਚ ਲੋਕਾਂ ਨੇ ਆਪਣੇ ਆਪ ਨੂੰ ਇਸ ਜਮਾਤ ਤੋਂ ਅਲਹਿਦਾ ਕਰਨਾ ਸ਼ੁਰੂ ਕਰ ਦਿਤਾ।

1989: ਬਲਦੇਵ ਸਿੰਘ ਸਰਚੂਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

23 ਅਕਤੂਬਰ 1989 ਦੇ ਦਿਨ ਪੰਜਾਬ ਪੁਲਸ ਨੇ 1989 ਬਲਦੇਵ ਸਿੰਘ (ਪੁੱਤਰ ਵਿਰਸਾ ਸਿੰਘ, ਵਾਸੀ ਸਰਚੂਰ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸਕੱਤਰਾਂ ਦੇ ਦਲਜੀਤ ਸਿੰਘ ਝਾਵਾਂ, ਗੁਰਮੁੱਖ ਸਿੰਘ, ਸੁਖਦੇਵ ਸਿੰਘ, ਗੁਰਸਾਹਿਬ ਸਿੰਘ (ਤਿੰਨੇ), ਜਸਬੀਰ ਸਿੰਘ ਜੱਸਾ ਸੁਰ ਸਿੰਘ ਵਾਲਾ ਤੇ ਨਛੱਤਰ ਸਿੰਘ ਮਾਨੋਚਾਹਲ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

23 ਅਕਤੂਬਰ 1990 ਦੇ ਦਿਨ ਪੰਜਾਬ ਪੁਲਸ ਨੇ ਦਲਜੀਤ ਸਿੰਘ (ਪੁੱਤਰ ਪਿਰਤ ਸਿੰਘ, ਵਾਸੀ ਝਾਵਾਂ, ਜ਼ਿਲ੍ਹਾ ਹੁਸ਼ਿਆਰਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਗੁਰਮੁੱਖ ਸਿੰਘ, ਸੁਖਦੇਵ ਸਿੰਘ, ਗੁਰਸਾਹਿਬ ਸਿੰਘ (ਤਿੰਨੇ

ਵਾਸੀ ਸਕੱਤਰਾਂ), ਜਸਬੀਰ ਸਿੰਘ ਜੱਸਾ (ਵਾਸੀ ਸੁਰ ਸਿੰਘ ਵਾਲਾ) ਤੇ ਨਛੱਤਰ ਸਿੰਘ (ਵਾਸੀ ਮਾਨੋਚਾਹਲ) ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਹਾਕਮ ਸਿੰਘ ਭੈਣੀ ਕਲਾਂ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

23 ਅਕਤੂਬਰ 1992 ਦੇ ਦਿਨ ਪੰਜਾਬ ਪੁਲਸ ਨੇ ਹਾਕਮ ਸਿੰਘ (ਪੁੱਤਰ ਜਗਦੇਵ ਸਿੰਘ, ਵਾਸੀ ਭੈਣੀ ਕਲਾਂ, ਜ਼ਿਲ੍ਹਾ ਸੰਗਰੂਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

24 ਅਕਤੂਬਰ

1781: ਸਿੱਖ ਫ਼ੌਜਾਂ ਨੇ ਅਨੂਪ ਸ਼ਹਿਰ 'ਤੇ ਹਮਲਾ ਕੀਤਾ

1780-81 ਵਿਚ ਸਿੱਖ ਜਮਨਾ ਪਾਰ ਦਿੱਲੀ, ਰੁਹੀਲ-ਖੰਡ ਅਤੇ ਰਾਜਿਸਥਾਨ ਵਿਚ (ਭਰਤਪੁਰ ਵਜ਼ੀਰਾ), ਵਿਚ ਰੁਹੀਲਿਆਂ ਅਤੇ ਜਾਟਾਂ ਦੀ ਆਪਸੀ ਲੜਾਈ ਵਿਚ ਵੀ ਰੋਲ ਅਦਾ ਕਰਦੇ ਰਹੇ ਸਨ। 1764 ਤੋਂ 1770 ਤਕ, ਬਾਦਸ਼ਾਹ ਸ਼ਾਹ ਆਲਮ ਦੂਜੇ ਦੀ ਗ਼ੈਰ ਹਾਜ਼ਰੀ ਵਿਚ, ਵਜ਼ੀਰ ਨਜੀਬ-ਉਦ-ਦੌਲਾ ਇਕ ਤਰ੍ਹਾਂ ਨਾਲ ਦਿੱਲੀ ਦਾ ਡਿਕਟੇਟਰ ਸੀ। ਉਸ ਦੀਆਂ ਸਿੱਖਾਂ ਨਾਲ ਕਈ ਲੜਾਈਆਂ ਹੋਈਆਂ ਪਰ ਤਕਰੀਬਨ ਸਾਰੀਆਂ ਵਿਚ ਹੀ ਉਸ ਨੂੰ ਹਾਰ ਮਿਲੀ। 1770 ਵਿਚ ਉਸ ਦੀ ਮੌਤ ਹੋ ਗਈ। ਇਸ ਮਗਰੋਂ ਸਿੱਖਾਂ ਦਾ ਦਬਦਬਾ ਹੋਰ ਵੀ ਵਧ ਗਿਆ। ਇਸ ਦੌਰਾਨ ਸਿੱਖਾਂ ਨੇ ਗੰਗਾ ਤੇ ਜਮਨਾ ਦਰਿਆਵਾਂ ਵਿਚਕਾਰ ਕਈ ਨਗਰਾਂ 'ਤੇ ਹਮਲਾ ਕਰ ਕੇ ਲੁੱਟਮਾਰ ਕੀਤੀ। **24 ਅਕਤੂਬਰ 1781** ਦੇ ਦਿਨ ਸਿੱਖ ਫ਼ੌਜਾਂ ਨੇ ਅਨੂਪ ਸ਼ਹਿਰ 'ਤੇ ਹਮਲਾ ਕਰ ਕੇ ਇਸ 'ਤੇ ਵੀ ਕਬਜ਼ਾ ਕਰ ਲਿਆ। ਪਰ ਸਿੱਖ ਬਹੁਤੀ ਦੇਰ ਇੱਥੇ ਟਿਕੇ ਨਹੀਂ ਅਤੇ ਦੌਲਤ ਅਤੇ ਅਸਲਾ ਲੈ ਕੇ ਚਲੇ ਗਏ।

1789: ਭਾਈ ਭੰਗਾ ਸਿੰਘ ਨੇ ਅੰਗਰੇਜ਼ ਜਰਨੈਲ ਕਰਨਲ ਸਟੂਅਰਟ ਨੂੰ 9 ਮਹੀਨੇ 21 ਦਿਨ ਕੈਦ ਰੱਖਣ ਮਗਰੋਂ ਰਿਹਾ ਕੀਤਾ

3 ਜਨਵਰੀ 1789 ਦੇ ਦਿਨ ਸਿੱਖ ਫ਼ੌਜਾਂ ਨੇ ਭਾਈ ਭੰਗਾ ਸਿੰਘ ਦੀ ਅਗਵਾਈ ਹੇਠ ਅਨੂਪ ਸ਼ਹਿਰ 'ਤੇ ਹਮਲਾ ਕੀਤਾ ਅਤੇ ਇਸ ਹਮਲੇ ਦੌਰਾਨ ਇਕ ਅੰਗਰੇਜ਼ ਅਫ਼ਸਰ ਸਟੂਅਰਟ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਸ ਨੂੰ ਰਿਹਾ ਕਰਨ ਵਾਸਤੇ 3 ਲੱਖ ਰੁਪੈ ਦੀ ਮੰਗ ਕੀਤੀ; ਪਰ ਕਿਸੇ ਨੇ ਉਸ ਨੂੰ ਰਿਹਾ ਕਰਨ ਵਾਸਤੇ ਏਨੀ ਰਕਮ ਨਾ ਦਿੱਤੀ ਤੇ ਉਹ ਸਿੱਖਾਂ ਦੀ ਹਿਰਾਸਤ ਵਿਚ ਹੀ ਰਿਹਾ। ਅਖ਼ੀਰ 9 ਮਹੀਨੇ ਦੀ ਕੈਦ ਮਗਰੋਂ ਸਰਦਾਨਾ ਦੀ ਹਾਕਮ ਬੇਗ਼ਮ ਸਮਰੂ ਨੇ ਸੱਠ ਹਜ਼ਾਰ ਰੁਪੈ ਦੇ ਕੇ ਉਸ ਨੂੰ 24 ਅਕਤੂਬਰ 1789 ਦੇ ਦਿਨ ਛੁਡਵਾਇਆ।

1922: ਗੁਰੂ ਦਾ ਬਾਗ ਮੋਰਚੇ ਵਿਚ ਸਾਬਕਾ ਫ਼ੌਜੀਆਂ ਦੇ ਜਥੇ ਨੇ ਗ੍ਰਿਫ਼ਤਾਰੀ ਦਿੱਤੀ

ਗੁਰੂ ਦਾ ਬਾਗ ਮੋਰਚਾ ਅਗਸਤ 1922 ਵਿਚ ਲੱਗਾ ਸੀ। ਮੋਰਚੇ ਵਿਚ 20 ਅਕਤੂਬਰ ਤਕ 2500 ਦੇ ਕਰੀਬ ਗ੍ਰਿਫ਼ਤਾਰੀਆਂ ਹੋ ਚੁੱਕੀਆਂ ਸਨ। ਮੋਰਚੇ ਵਾਸਤੇ ਗ੍ਰਿਫ਼ਤਾਰੀਆਂ ਦੇਣ ਵਾਸਤੇ ਸਿੱਖਾਂ ਵਿਚ ਬਹੁਤ ਉਤਸ਼ਾਹ ਸੀ। ਇਹ ਵੇਖ ਕੇ ਸਰਕਾਰ ਨੇ ਐਲਾਨ ਕੀਤਾ ਕਿ ਉਹ ਜੇਲ੍ਹਾਂ ਵਿਚ 10000 ਸਿੱਖਾਂ ਨੂੰ ਰੱਖਣ ਵਾਸਤੇ ਇੰਤਜ਼ਾਮ ਕਰ ਰਹੀ ਹੈ ਪਰ ਸਰਕਾਰ ਦਾ ਇਹ ਬਿਆਨ ਦਰਅਸਲ ਇਕ ਡਰਾਵਾ ਹੀ ਸੀ ਤੇ ਇਸ ਦਾ ਕੋਈ ਅਸਰ ਨਾ ਹੋਇਆ। ਸਰਕਾਰ ਦੇ ਇਸ ਐਲਾਨ ਦਾ ਸਗੋਂ ਇਕ ਉਲਟਾ ਅਸਰ ਇਹ ਹੋਇਆ ਕਿ ਸਿੱਖਾਂ ਵਿਚ ਸਰਕਾਰ ਵਾਸਤੇ ਗੁੱਸੇ ਵਿਚ ਵਾਧਾ ਹੋਇਆ ਤੇ ਗ੍ਰਿਫ਼ਤਾਰੀਆਂ ਦੇਣ ਵਾਲਿਆਂ ਦੀ ਗਿਣਤੀ 'ਚ ਹੋਰ ਵਾਧਾ ਹੋਣ ਲੱਗ ਪਿਆ। ਹੋਰ ਤਾਂ ਹੋਰ ਰਿਟਾਇਰਡ ਫ਼ੌਜੀ ਵੀ ਗ੍ਰਿਫ਼ਤਾਰੀਆਂ

ਦੇਣ ਲਈ ਅੰਮ੍ਰਿਤਸਰ ਪੁੱਜਣੇ ਸ਼ੁਰੂ ਹੋ ਗਏ। 25 ਅਕਤੂਬਰ ਨੂੰ ਰਿਟਾਇਰਡ ਸੂਬੇਦਾਰ ਮੇਜਰ ਅਮਰ ਸਿੰਘ ਦੀ ਜਥੇਦਾਰੀ ਹੇਠ 101 ਸਿੰਘਾਂ ਦੇ ਜਥੇ ਨੇ ਗ੍ਰਿਫ਼ਤਾਰੀ ਦਿੱਤੀ। ਅਮਰ ਸਿੰਘ 23 ਸਾਲ ਦੀ ਨੌਕਰੀ ਮਗਰੋਂ ਰਿਟਾਇਰ ਹੋਏ ਸਨ। ਉਨ੍ਹਾਂ ਨੂੰ ਦੋ ਸਾਲ ਦੀ ਕੈਦ ਸੁਣਾਈ ਗਈ।

1953: ਸਿੱਖ ਕਨਵੈਨਸ਼ਨ ਵੱਲੋਂ ਪੰਜਾਬੀ ਸੂਬਾ ਬਣਾਉਣ ਦੀ ਮੰਗ

ਪੰਜ ਅਕਤੂਬਰ 1952 ਨੂੰ ਸ਼੍ਰੋਮਣੀ ਕਮੇਟੀ ਦੀ ਸਾਲਾਨਾ ਚੋਣ ਹੋਈ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰੀਤਮ ਸਿੰਘ ਖੁੜੰਜ 78 ਵੋਟਾਂ ਲੈ ਕੇ ਕਾਂਗਰਸ ਦੇ ਊਧਮ ਸਿੰਘ ਨਾਗੋਕੇ ਗਰੁਪ ਦੇ ਮਾਸਟਰ ਨਾਹਰ ਸਿੰਘ ਨੂੰ 7 ਵੋਟਾਂ ਤੇ ਹਰਾ ਕੇ ਕਾਮਯਾਬ ਹੋਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਕਾਲੀ ਦਲ ਦੇ ਕਬਜ਼ੇ ਵਿਚ ਆਉਣ ਮਗਰੋਂ ਅਕਾਲੀ ਦਲ ਦੀ ਸਟੇਜ ਦਾ ਮਸਲਾ ਹੱਲ ਹੋ ਗਿਆ। ਹੁਣ ਪੰਜਾਬੀ ਸੂਬੇ ਦੀ ਮੰਗ ਵਧੇਰੇ ਜ਼ੋਰ ਨਾਲ ਸ਼ੁਰੂ ਹੋ ਗਈ। ਨਵੰਬਰ 1952 ਵਿਚ ਅਕਾਲੀ ਦਲ ਦੇ ਪ੍ਰਧਾਨ ਨੇ ਸਿੱਖ ਸਟੂਡੈਂਟਜ਼ ਫ਼ੈਡਰੇਸ਼ਨ ਦੀ ਕਨਵੈਨਸ਼ਨ ਵਿਚ ਬੋਲਦਿਆਂ ਪੰਜਾਬੀ ਸੂਬੇ ਦੀ ਮੰਗ ਦੁਹਰਾਈ। ਮਾਸਟਰ ਜੀ ਨੇ 30 ਦਸੰਬਰ 1952 ਦੇ ਦਿਨ ਪਟਨਾ ਸਾਹਿਬ ਵਿਖੇ ਹਿੰਦੂ ਫ਼ਿਰਕਾਪ੍ਰਸਤਾਂ 'ਤੇ ਪੰਜਾਬੀ ਸੂਬੇ ਦੀ ਹੱਕੀ ਮੰਗ ਦੀ ਨਾਜਾਇਜ਼ ਮੁਖ਼ਾਲਫ਼ਤ ਦਾ ਇਲਜ਼ਾਮ ਲਾਇਆ। ਇੰਞ ਹੌਲੀ-ਹੌਲੀ ਹਰ ਪਾਸੇ ਪੰਜਾਬੀ ਸੂਬੇ ਦੀ ਹਿਮਾਇਤ ਦਾ ਮਾਹੌਲ ਸ਼ੁਰੂ ਹੋ ਗਿਆ। ਠੀਕ ਇਸੇ ਮੌਕੇ 'ਤੇ (19 ਦਸੰਬਰ 1952 ਨੂੰ) ਆਂਧਰੇ ਦਾ ਆਗੂ ਪੋਟੀ ਸਰੀ ਰੁਮੁਲੂ, ਬੋਲੀ ਦੇ ਅਧਾਰ 'ਤੇ ਆਂਧਰਾ ਪਰਦੇਸ਼ ਦੀ ਕਾਇਮੀ ਵਾਸਤੇ ਮਰਨ ਵਰਤ ਰੱਖ ਕੇ ਜਾਨ 'ਤੇ ਖੇਡ ਗਿਆ। ਇਸ ਨਾਲ ਆਂਧਰਾ ਸੂਬਾ ਤਾਂ ਬਣਨਾ ਹੀ ਸੀ ਪਰ ਨਾਲ ਹੀ ਪੰਜਾਬੀ ਸੂਬੇ ਦਾ ਬਿਗਲ ਵੀ ਵੱਜ ਗਿਆ। ਇਸ ਦਾ ਪਹਿਲਾ ਪੜਾਅ ਸੀ ਪੈਪਸੂ ਅਕਾਲੀ ਦਲ ਦੇ ਪ੍ਰਧਾਨ ਸੰਪੂਰਨ ਸਿੰਘ ਰਾਮਾ ਦਾ ਮਰਨ ਵਰਤ ਰੱਖਣ ਦਾ ਐਲਾਨ। ਸੰਪੂਰਨ ਸਿੰਘ ਨੇ ਮਰਨ ਵਰਤ ਸ਼ੁਰੂ ਕਰ ਦਿੱਤਾ ਪਰ ਕੁਝ ਦਿਨ ਮਗਰੋਂ ਸਿਹਤ ਖ਼ਰਾਬ ਹੋਣ ਦੀ ਬਿਨਾਅ ਤੇ ਛੁਡਵਾ ਦਿੱਤਾ ਗਿਆ। ਫ਼ਰਵਰੀ 1953 ਵਿਚ ਅਕਾਲੀ ਦਲ ਵਲੋਂ ਅੰਮ੍ਰਿਤਸਰ ਵਿਚ ਆਲ ਪਾਰਟੀ ਸਿੱਖ ਕਨਵੈਨਸ਼ਨ ਕੀਤੀ ਗਈ। ਇਸ ਦੀ ਪ੍ਰਧਾਨਗੀ ਸਿੱਖ ਵਿਦਵਾਨ ਪ੍ਰਿੰਸੀਪਲ ਤੇਜਾ ਸਿੰਘ ਨੇ ਕੀਤੀ। ਕਾਨਫ਼ਰੰਸ ਨੇ ਸਿੱਖਾਂ ਨਾਲ ਸਿਵਲ ਤੇ ਮਿਲਟਰੀ ਦੋਹਾਂ ਵਿਚ ਵਿਤਕਰੇ ਦਾ ਦੋਸ਼ ਲਾਇਆ ਅਤੇ ਸਿੱਖਾਂ ਨਾਲ ਵਧੀਕੀਆਂ ਵਾਸਤੇ ਕਮਿਸ਼ਨ ਕਾਇਮ ਕਰਨ ਦੀ ਮੰਗ ਕੀਤੀ। 24 ਅਕਤੂਬਰ 1953 ਨੂੰ ਅਕਾਲੀ ਦਲ ਵੱਲੋਂ ਪੰਜਾਬੀ ਸੂਬਾ ਕਨਵੈਨਸ਼ਨ ਕੀਤੀ ਗਈ। ਇਸ ਦੀ ਪ੍ਰਧਾਨਗੀ ਜਨਰਲ ਮੋਹਨ ਸਿੰਘ ਨੇ ਕੀਤੀ ਅਤੇ ਮੁਖ ਮਹਿਮਾਨ ਡਾਕਟਰ ਲੰਕਾ ਸੁੰਦਰਮ ਸਨ। ਕਨਵੈਨਸ਼ਨ ਨੇ ਪੰਜਾਬੀ ਸੂਬੇ ਦੀ ਹਿਮਾਇਤ ਵਿਚ ਮਤਾ ਪਾਸ ਕੀਤਾ।

1959: ਸ਼੍ਰੋਮਣੀ ਕਮੇਟੀ ਚੋਣਾਂ ਵਾਸਤੇ ਸਰਕਾਰੀ ਸਰਪ੍ਰਸਤੀ ਹੇਠ ਸਾਧ ਸੰਗਤ ਬੋਰਡ ਬਣਿਆ

1958 ਵਿਚ ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸੀ। 16 ਨਵੰਬਰ 1958 ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਸੀ। ਪ੍ਰਤਾਪ ਸਿੰਘ ਕੈਰੋਂ ਨੇ ਗਿਆਨੀ ਕਰਤਾਰ ਸਿੰਘ ਨੂੰ ਪੂਰੀ ਤਾਕਤ ਦੇ ਕੇ ਮਾਸਟਰ ਤਾਰਾ ਸਿੰਘ ਨੂੰ ਹਰਾਉਣ ਲਈ ਤਿਆਰ ਕੀਤਾ। ਗਿਆਨੀ ਕਰਤਾਰ ਸਿੰਘ ਅਜੇ ਅਕਾਲੀ ਦਲ ਦਾ ਮੈਂਬਰ ਵੀ ਸੀ। ਉਸ ਨੇ 10 ਨਵੰਬਰ ਨੂੰ ਵਜ਼ਾਰਤ ਤੋਂ ਅਸਤੀਫ਼ਾ ਦੇ ਕੇ ਮਾਸਟਰ ਤਾਰਾ ਸਿੰਘ ਹਰਾਉਣ ਵਾਸਤੇ ਸਾਰੀ ਤਾਕਤ ਵਰਤ ਦਿੱਤੀ। ਦਰਜਨਾਂ ਮੈਂਬਰਾਂ ਨੂੰ ਪੈਸੇ ਅਤੇ ਅਹੁਦੇ ਦੇ ਕੇ ਖ਼ਰੀਦ ਲਿਆ ਗਿਆ। ਇੰਞ ਉਹ 16 ਨਵੰਬਰ 1958 ਨੂੰ ਮਾਸਟਰ ਤਾਰਾ ਸਿੰਘ ਦੀਆਂ 74 ਵੋਟਾਂ ਦੇ ਮੁਕਾਬਲੇ ਪ੍ਰੇਮ ਸਿੰਘ ਲਾਲਪੁਰਾ

ਨੂੰ 77 ਵੋਟਾਂ ਤੇ ਜਿਤਾਉਣ ਵਿਚ ਕਾਮਯਾਬ ਹੋ ਗਿਆ ਤੇ ਪ੍ਰਤਾਪ ਸਿੰਘ ਕੈਰੋਂ ਤੋਂ ਸ਼ਾਬਾਸ਼ ਹਾਸਿਲ ਕੀਤੀ। ਇਸ ਮੌਕੇ 'ਤੇ ਸਾਰੇ ਕਮਿਊਨਿਸਟਾਂ ਨੇ ਵੀ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਵੋਟਾਂ ਪਾਈਆਂ ਸਨ। ਪ੍ਰੇਮ ਸਿੰਘ ਲਾਲਪੁਰਾ ਨੇ ਆਪਣਾ ਪਹਿਲਾ ਬਿਆਨ ਪੰਜਾਬੀ ਸੂਬੇ ਦਾ ਵਿਰੋਧ ਕਰ ਕੇ ਅਤੇ ਮਾਸਟਰ ਤਾਰਾ ਸਿੰਘ ਨੂੰ ਫ਼ਿਰਕਾਪ੍ਰਸਤ ਆਖ ਕੇ ਦਿੱਤਾ। ਮਾਸਟਰ ਤਾਰਾ ਸਿੰਘ ਦੀ ਹਾਰ ਦਾ ਮੁੱਖ ਕਾਰਨ ਸੀ ਕਾਂਗਰਸ ਤੇ ਕਮਿਊਨਿਸਟਾਂ ਦਾ ਗਠਜੋੜ ਅਤੇ ਸਰਕਾਰੀ ਮਸ਼ੀਨਰੀ ਦੀ ਅੰਨ੍ਹੀ ਵਰਤੋਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਚੋਣ ਤੋਂ ਮਗਰੋਂ ਸਰਕਾਰ ਨੇ ਗੁਰਦੁਆਰਾ ਐਕਟ ਵਿਚ ਸੋਧ ਕੀਤੀ ਅਤੇ ਸ਼੍ਰੋਮਣੀ ਕਮੇਟੀ ਵਿਚ ਪੈਪਸੂ ਦੀਆਂ ਸੀਟਾਂ ਵਧਾ ਦਿਤੀਆਂ। 31 ਦਸੰਬਰ 1958 ਨੂੰ ਪੰਜਾਬੀ ਅਸੈਂਬਲੀ ਨੇ ਗੁਰਦੁਆਰਾ (ਸੋਧ) ਬਿਲ ਪਾਸ ਕਰ ਦਿੱਤਾ। ਇਸ ਵਿਰੁਧ ਮਾਸਟਰ ਤਾਰਾ ਸਿੰਘ ਨੇ ਐਜੀਟੇਸ਼ਨ ਦਾ ਐਲਾਨ ਕਰ ਦਿੱਤਾ। ਮਾਸਟਰ ਜੀ ਨੇ ਨਹਿਰੂ ਨੂੰ ਗੁਰਦੁਆਰਾ ਐਕਟ 'ਚ ਸੋਧ ਦੇ ਖ਼ਿਲਾਫ਼ ਮੈਮੋਰੰਡਮ ਵੀ ਦਿੱਤਾ। ਮਾਸਟਰ ਤਾਰਾ ਸਿੰਘ ਨੂੰ 14 ਫ਼ਰਵਰੀ 1959 ਦੇ ਦਿਨ ਅਕਾਲੀ ਦਲ ਦਾ ਮੁੜ ਪ੍ਰਧਾਨ ਚੁਣ ਲਿਆ ਗਿਆ।12 ਜੁਲਾਈ 1959 ਨੂੰ ਪ੍ਰੇਮ ਸਿੰਘ ਲਾਲਪੁਰਾ ਨੇ ਅੰਮ੍ਰਿਤਸਰ ਵਿਚ 'ਪੰਥ ਸੇਵਕ ਦਲ' ਨਾਂ ਦੀ ਇਕ ਜਥੇਬੰਦੀ ਬਣਾਈ। ਇਸ ਮੌਕੇ 'ਤੇ ਇਕ ਹਜ਼ਾਰ ਬੰਦੇ ਸ਼ਾਮਿਲ ਹੋਏ। ਇਨ੍ਹਾਂ ਵਿਚ ਅਮਰ ਸਿੰਘ ਦੁਸਾਂਝ ਤੇ ਸੰਪੂਰਨ ਸਿੰਘ ਰਾਮਾ ਵਗ਼ੈਰਾ ਵੀ ਸ਼ਾਮਿਲ ਸਨ। ਇਹ ਪਾਰਟੀ ਅਕਾਲੀ ਦਲ ਦੇ ਖ਼ਿਲਾਫ਼ ਗੁਰਦੁਆਰਾ ਚੋਣਾਂ ਲੜਨ ਵਾਸਤੇ ਬਣਾਈ ਗਈ। ਪਾਰਟੀ ਦੇ ਮੁਖ ਸਰਪਰਸਤ ਕੈਰੋਂ, ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ ਅਤੇ ਰਾੜੇਵਾਲਾ ਸਨ। ਹੁਣ ਗੁਰਦੁਆਰਾ ਚੋਣਾਂ ਵਿਚ ਮਾਸਟਰ ਤਾਰਾ ਸਿੰਘ ਨੂੰ ਹਰਾਉਣ ਲਈ ਅਤੇ ਕਾਂਗਰਸ ਤੇ ਕੈਰੋਂ ਤੋਂ ਸ਼ਾਬਾਸ਼ ਲੈਣ ਲਈ ਗਿਆਨੀ ਕਰਤਾਰ ਸਿੰਘ ਪੂਰੀ ਤਰ੍ਹਾਂ ਮੈਦਾਨ ਵਿਚ ਆ ਨਿਤਰਿਆ। ਉਸ ਨੇ 24 ਅਕਤੂਬਰ 1959 ਨੂੰ ਪੰਜਾਬ ਵਜ਼ਾਰਤ ਤੋਂ ਅਸਤੀਫ਼ਾ ਦੇ ਦਿੱਤਾ ਅਤੇ 'ਸਾਧ ਸੰਗਤ ਬੋਰਡ' ਦੇ ਨਾਂ ਹੇਠਾਂ ਅਕਾਲੀ ਦਲ ਵਿਰੁਧ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ। ਸਾਧ ਸੰਗਤ ਬੋਰਡ ਵਿਚ ਮੋਹਨ ਸਿੰਘ (ਅਜ਼ਾਦ ਹਿੰਦ ਫੌਜ ਵਾਲਾ), ਅਜੀਤ ਸਿੰਘ ਸਰਹੱਦੀ, ਗੁਰਬਚਨ ਸਿੰਘ ਅਟਵਾਲ, ਬਲਵੰਤ ਸਿੰਘ ਚਨਾਰਥਲ, ਅਮਰ ਸਿੰਘ ਦੁਸਾਂਝ, ਜਗੀਰ ਸਿੰਘ ਫੱਗੂਵਾਲੀਆ, ਗੋਪਾਲ ਸਿੰਘ ਖਾਲਸਾ, ਬਸੰਤ ਸਿੰਘ ਮੋਗਾ ਤੇ ਚੌ: ਅਮਰ ਸਿੰਘ ਵੀ ਸ਼ਾਮਿਲ ਸਨ। ਇਸ ਦਾ ਪ੍ਰਧਾਨ ਪ੍ਰਤਾਪ ਸਿੰਘ (ਸਾਬਕ ਮੁੱਖ ਸੇਵਾਦਾਰ ਅਕਾਲ ਤਖ਼ਤ ਸਾਹਿਬ) ਨੂੰ ਬਣਾਇਆ ਗਿਆ।

1985: ਜਸਟਿਸ ਬੈਂਸ ਕਮੇਟੀ ਵੱਲੋਂ 2000 ਰਿਹਾਈਆਂ ਦੀ ਸਿਫ਼ਾਰਸ਼

ਜਦ ਸੁਰਜੀਤ ਬਰਨਾਲਾ ਪੰਜਾਬ ਦਾ ਚੀਫ਼ ਮਨਿਸਟਰ ਬਣਿਆ ਉਸ ਵਕਤ 2000 ਤੋਂ ਵੱਧ ਬੇਗੁਨਾਹ ਸਿੱਖ ਟਾਡਾ ਕੇਸਾਂ ਹੇਠ ਪੰਜਾਬ ਦੀਆਂ ਜੇਲ੍ਹਾਂ ਵਿਚ ਸਨ; 500 ਦੇ ਕਰੀਬ ਹਰਿਆਣੇ ਵਿਚ, 400 ਦੇ ਕਰੀਬ ਜੈਪੁਰ-ਜੋਧਪੁਰ 'ਚ ਅਤੇ 500 ਦੇ ਕਰੀਬ ਹੋਰ ਜੇਲ੍ਹਾਂ ਵਿਚ ਵੀ ਸਨ।ਉਸ ਵੇਲੇ ਇਨ੍ਹਾਂ 2000 ਵਿਚੋਂ 224 ਬੇਗੁਨਾਹ ਸਿੱਖ ਪੰਜਾਬ ਦੀਆਂ ਜੇਲ੍ਹਾਂ 'ਚ ਕੈਦ ਹੀ ਨਹੀਂ 'ਨਜ਼ਰਬੰਦ' ਵੀ ਸਨ। ਹਰ ਪਾਸਿਓਂ ਅਵਾਜ਼ਾਂ ਉਠਣ 'ਤੇ ਸੁਰਜੀਤ ਬਰਨਾਲਾ ਨੇ ਪੰਜਾਬ 'ਚ ਕੈਦ ਸਿੱਖਾਂ ਬਾਰੇ ਅਕਤੂਬਰ ਦੇ ਸ਼ੁਰੂ ਵਿਚ ਜਸਟਿਸ ਅਜੀਤ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਇਕ ਸਬ-ਕਮੇਟੀ ਬਣਾਈ। ਇਸ ਕਮੇਟੀ ਵਿਚ ਭਾਜਪਾ ਦਾ ਸੀਨੀਅਰ ਆਗੂ ਲਾਲ ਚੰਦ ਸਭਰਵਾਲ ਵੀ ਸ਼ਾਮਿਲ ਸੀ। 24 ਅਕਤੂਬਰ 1985 ਨੂੰ ਜਸਟਿਸ ਅਜੀਤ ਸਿੰਘ ਬੈਂਸ ਨੇ 2000 ਸਿੱਖਾਂ ਦੀ ਰਿਹਾਈ ਦੀ ਸਿਫ਼ਾਰਸ਼ ਕੀਤੀ। ਸਿਫ਼ਾਰਸ਼ ਉੱਤੇ ਗੁਰਦਰਸ਼ਨ ਸਿੰਘ ਗਰੇਵਾਲ, ਲਾਲ ਚੰਦ ਸਭਰਵਾਲ ਅਤੇ ਪ੍ਰੋਸੀਕਿਊਸ਼ਨ ਐਡੀਸ਼ਨਲ ਡਾਇਰੈਕਟਰ ਮਿੱਢਾ (ਚਾਰ

ਚੋਂ 2 ਹਿੰਦੂ) ਦੇ ਵੀ ਦਸਤਖ਼ਤ ਸਨ। ਪਰ ਸੁਰਜੀਤ ਬਰਨਾਲਾ ਸਰਕਾਰ ਨੇ ਸਿਰਫ 26 ਸਿੱਖ ਹੀ ਰਿਹਾ ਕੀਤੇ।

1987: ਪੁਲਸ ਨੇ ਦਰਬਾਰ ਸਾਹਿਬ 'ਤੇ ਨਾਕੇ ਲਾ ਦਿੱਤੇ

ਦੀਵਾਲੀ ਦਿਨ ਦਾ ਦਰਬਾਰ ਸਾਹਿਬ 'ਚ ਬੁਲਾਇਆ ਇਕੱਠ ਰੋਕਣ ਤੋਂ ਬਾਅਦ ਸਿਖਾਂ 'ਤੇ ਜ਼ੁਲਮ ਦਾ ਇਕ ਹੋਰ ਦੌਰ ਸ਼ੁਰੂ ਹੋ ਗਿਆ। ਦਰਬਾਰ ਸਾਹਿਬ ਦੀ ਪੂਰੀ ਘੇਰਾਬੰਦੀ ਕਰ ਲਈ ਗਈ। 24 ਅਕਤੂਬਰ 1987 ਨੂੰ ਸਵੇਰੇ 7 ਵਜ ਕੇ 35 ਮਿੰਟ 'ਤੇ ਫ਼ੌਜ ਤੇ ਪੁਲੀਸ ਨੇ ਦਰਬਾਰ ਸਾਹਿਬ ਨੂੰ ਪੱਕੀ ਤਰਾਂ ਕਬਜ਼ੇ ਵਿਚ ਲੈ ਲਿਆ ਸੀ। ਦਰਬਾਰ ਸਾਹਿਬ ਨੂੰ ਜਾਣ ਵਾਲੇ ਸਾਰੇ ਰਸਤੇ ਸੀਲ ਕਰ ਦਿਤੇ ਗਏ। ਸਾਰੇ ਰਾਹਾਂ ਉੱਤੇ ਰੇਤ ਦੇ ਬੰਕਰ ਬਣਾ ਕੇ 18 ਪੱਕੇ ਨਾਕੇ ਕਾਇਮ ਕਰ ਦਿਤੇ ਗਏ। ਖਾਸ ਨਾਕੇ ਗੁਰੂ ਰਾਮਦਾਸ ਸਰਾਂ, ਕੌਲਸਰ, ਬਾਜ਼ਾਰ ਪਾਪੜਾਂ ਵਲ ਕਾਇਮ ਕੀਤੇ ਗਏ। ਦਰਬਾਰ ਸਾਹਿਬ ਦੇ ਅੰਦਰ ਦਾਖ਼ਲ ਹੋਣ ਵਾਲੇ ਹਰ ਸਿੱਖ ਦੀ ਮੈਟਲ ਡਿਟੈਕਟਰ ਨਾਲ ਤਲਾਸ਼ੀ ਲਈ ਜਾਂਦੀ ਸੀ। ਇਹ ਘੇਰਾ ਕਈ ਦਿਨ ਕਾਇਮ ਰਿਹਾ। ਸਿੱਖਾਂ ਵਿਚ ਰੋਹ ਵਧਦਾ ਵੇਖ ਕੇ ਇਹ ਨਾਕੇ ਇਕ ਰਾਤ ਚੁਪਚਾਪ ਹਟਾ ਲਏ ਗਏ।

1990: ਕੁਲਦੀਪ ਸਿੰਘ ਅਮਰਾਲੀ ਤੇ ਬਲਵਿੰਦਰ ਸਿੰਘ ਲਾਡੀ ਬੁੱਟਰ ਕਲਾਂ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲਸ ਨੇ 24 ਅਕਤੂਬਰ 1990 ਦੇ ਦਿਨ ਕੁਲਦੀਪ ਸਿੰਘ (ਪੁੱਤਰ ਅਜਾਇਬ ਸਿੰਘ, ਵਾਸੀ ਅਮਰਾਲੀ, ਨੇੜੇ ਹਲਵਾਰਾ ਕਲਾਂ, ਜ਼ਿਲ੍ਹਾ ਰੋਪੜ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਬਲਵਿੰਦਰ ਸਿੰਘ ਲਾਡੀ (ਵਾਸੀ ਬੁੱਟਰ ਕਲਾਂ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਮਗਰੋਂ 1998 ਵਿਚ ਅਦਾਲਤ ਦੇ ਹੁਕਮ ਹੇਠ, ਇਸ ਸਬੰਧ ਵਿਚ ਐਸ.ਕੇ. ਸ਼ਰਮਾ (ਉਸ ਸਮੇਂ ਦੇ ਪਟਿਆਲਾ ਦੇ ਐਸ.ਐਸ.ਪੀ., ਹੁਣ, 2015 ਵਿਚ ਡੀ.ਜੀ.ਪੀ.), ਐਸ.ਪੀ.ਐਸ. ਬਸਰਾ (ਸਾਬਕਾ ਡੀ.ਆਈ.ਜੀ.), ਬਲਕਾਰ ਸਿੰਘ (ਉਦੋਂ ਐਸ.ਐਚ.ਓ. ਮੋਰਿੰਡਾ, ਮਗਰੋਂ ਡੀ.ਐਸ.ਪੀ.) ਤੇ ਗੁਰਚਰਨ ਸਿੰਘ (ਉਦੋਂ ਏ.ਐਸ.ਆਈ.) ਦੇ ਖ਼ਿਲਾਫ਼ ਚਾਰਜਸ਼ੀਟ ਦਾਖ਼ਿਲ ਹੋਈ ਸੀ। ਸ਼ਹੀਦ ਦੇ ਪਿਤਾ ਅਜਾਇਬ ਸਿੰਘ ਵੱਲੋਂ, ਪੰਦਰਾਂ ਸਾਲ ਦੀ ਕਾਨੂੰਨੀ ਲੜਾਈ ਮਗਰੋਂ, ਜੂਨ 2014 ਵਿਚ ਇਨ੍ਹਾਂ ਚਾਰਾਂ ਪੁਲਸੀਆਂ ਦੇ ਖ਼ਿਲਾਫ਼ ਦਫ਼ਾ 302, 364 ਤੇ 120 ਬੀ ਵਗ਼ੈਰਾ ਹੇਠ ਦੋਸ਼ ਆਇਦ ਕਰਵਾ ਕੇ ਕੇ ਕਾਰਵਾਈ ਸ਼ੁਰੂ ਕਰਵਾਈ ਗਈ।

1991: ਗੁਰਦੀਪ ਸਿੰਘ ਤਰਿਪੜੀ (ਪਟਿਆਲਾ) ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 24 ਅਕਤੂਬਰ 1991 ਦੇ ਦਿਨ ਗੁਰਦੀਪ ਸਿੰਘ (ਪੁੱਤਰ ਹਰਨੇਕ ਸਿੰਘ, ਵਾਸੀ ਤਰਿਪੜੀ, ਪਟਿਆਲਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਦਲਬੀਰ ਸਿੰਘ ਖਡੂਰ ਸਾਹਿਬ, ਜਸਬੀਰ ਸਿੰਘ ਛੋਟਾ ਭੋਲਾ ਤੇ ਬਲਬੀਰ ਸਿੰਘ ਬੀਰਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲਸ ਨੇ 24 ਅਕਤੂਬਰ 1992 ਦੇ ਦਿਨ ਦਲਬੀਰ ਸਿੰਘ (ਪੁੱਤਰ ਕਪੂਰ ਸਿੰਘ, ਵਾਸੀ ਖਡੂਰ ਸਾਹਿਬ ਅੰਮ੍ਰਿਤਸਰ), ਜਸਬੀਰ ਸਿੰਘ ਉਰਫ਼ ਜੱਸਾ ਉਰਫ਼ ਛੋਟਾ ਭੋਲਾ (ਪੁੱਤਰ ਅਮੀਰ ਸਿੰਘ, ਵਾਸੀ ਤੂਤ) ਦਸ ਲੱਖੀ, ਬਲਬੀਰ ਸਿੰਘ ਬੀਰਾ 5 ਲੱਖੀ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਬਬਰ ਖਾਲਸਾ ਦਾ ਜਰਨੈਲ ਰਘਬੀਰ ਸਿੰਘ ਟੈਂਕ, ਬਖ਼ਸ਼ੀਸ਼ ਬਲ ਹੁਕਮੀ, ਦਲਬੀਰ ਸਿੰਘ ਖੜੂਰ ਸਾਹਿਬ , ਜਸਬੀਰ ਸਿੰਘ ਛੋਟਾ ਭੋਲਾ, ਬਲਬੀਰ ਸਿੰਘ ਬੀਰਾ ਵਰਗੇ ਨਾਮੀ ਜਰਨੈਲ ਤੇ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 24 ਅਕਤੂਬਰ 1992 ਦੇ ਦਿਨ ਬਬਰ ਖਾਲਸਾ ਦਾ ਜਰਨੈਲ ਰਘਬੀਰ ਸਿੰਘ ਸਾਹਲੋਂ ਉਰਫ਼ ਟੈਂਕ, ਜੋ 'ਰਬੈਰੋ ਮਿਸ਼ਨ' ਵਾਸਤੇ ਵਿਦੇਸ਼ ਗਿਆ ਸੀ ਤੇ ਪੂਰਾ ਨਾ ਹੋਣ ਮਗਰੋਂ ਵਾਪਿਸ ਪੰਜਾਬ ਆ ਗਿਆ ਸੀ, ਨੂੰ ਵੀ ਨਾਜਾਇਜ਼ ਕੈਦ ਵਿਚ 15 ਦਿਨ ਤਸੀਹੇ ਦੇਣ ਮਗਰੋਂ ਨਕਲੀ ਮੁਕਾਬਲੇ ਵਿਚ ਮਾਰ ਦਿਤਾ ਗਿਆ। ਬਖ਼ਸ਼ੀਸ਼ ਸਿੰਘ ਬਲ ਹੁਕਮੀ, ਜੋ ਫ਼ਰਾਂਸ ਤੋਂ ਪੰਜਾਬ ਵਾਪਿਸ ਜਾ ਕੇ ਜੱਦੋਜਹਿਦ ਵਿਚ ਸ਼ਾਮਿਲ ਹੋ ਗਿਆ ਸੀ, ਨੂੰ ਵੀ ਇਕ ਮਹੀਨਾ ਨਾਜਾਇਜ਼ ਕੈਦ ਵਿਚ ਤਸੀਹੇ ਦੇਣ ਮਗਰੋਂ ਫ਼ਿਲੌਰ ਨੇੜੇ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ ਗਿਆ। ਇਸੇ ਦਿਨ ਦਲਬੀਰ ਸਿੰਘ (ਪੁੱਤਰ ਕਪੂਰ ਸਿੰਘ, ਵਾਸੀ ਖੜੂਰ ਸਾਹਿਬ ਅੰਮ੍ਰਿਤਸਰ), ਜਸਬੀਰ ਸਿੰਘ ਉਰਫ਼ ਜੱਸਾ ਉਰਫ਼ ਛੋਟਾ ਭੋਲਾ (ਪੁੱਤਰ ਅਮੀਰ ਸਿੰਘ, ਵਾਸੀ ਤੂਤ) ਜਿਸ ਦੇ ਸਿਰ 'ਤੇ 10 ਲੱਖ ਰੁਪੈ ਦਾ ਈਨਾਮ ਰੱਖਿਆ ਹੋਇਆ ਸੀ), ਬਲਬੀਰ ਸਿੰਘ ਬੀਰਾ, ਜਿਸ ਦੇ ਸਿਰ 'ਤੇ 5 ਲੱਖ ਰੁਪੈ ਦਾ ਈਨਾਮ ਰੱਖਿਆ ਹੋਇਆ ਸੀ, ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ ਗਿਆ।

1993: ਦਰਸ਼ਨ ਸਿੰਘ ਗੋਸਲਾਂ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 24 ਅਕਤੂਬਰ 1993 ਦੇ ਦਿਨ ਦਰਸ਼ਨ ਸਿੰਘ (ਪੁੱਤਰ ਮਾਨ ਸਿੰਘ, ਵਾਸੀ ਗੋਸਲਾਂ, ਜ਼ਿਲ੍ਹਾ ਲੁਧਿਆਣਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

25 ਅਕਤੂਬਰ

1702: ਬਸਾਲੀ ਦੇ ਰਾਜਾ ਸਲਾਹੀ ਚੰਦ ਦੀ ਮੌਤ ਹੋਈ

ਸਾਲਾਹੀ ਚੰਦ ਬਸਾਲੀ (ਪਿੰਡ ਬਸਾਲੀ ਰੋਪੜ ਨੂਰਪੁਰ ਰੋਡ 'ਤੇ ਹੈ) ਦਾ ਰਾਜਾ ਸੀ। ਇਹ ਰਿਆਸਤ ਸਰਸਾ ਨਦੀ ਅਤੇ ਸਤਲੁਜ ਦੇ ਵਿਚਕਾਰਲਾ ਪਹਾੜੀ ਇਲਾਕਾ ਸੀ। ਸਲਾਹੀ ਚੰਦ ਦੀ ਪਤਨੀ ਹੀਰਾ ਦੇਵੀ ਮੰਡੀ ਦੇ ਰਾਜੇ ਦੀ ਦੀ ਸੀ ਅਤੇ ਬਿਲਾਸਪੁਰ ਦੀ ਰਾਣੀ ਚੰਪਾ ਦੀ ਨਿੱਕੀ ਭੈਣ ਤੇ ਰਾਜਾ ਭੀਮ ਚੰਦ ਦੀ ਮਾਸੀ ਸੀ। 1692 ਬਿਲਾਸਪੁਰ ਦੇ ਰਾਜਾ ਭੀਮ ਚੰਦ ਦੀ ਮੌਤ ਤੋਂ ਬਾਅਦ ਨਵੇਂ ਰਾਜੇ ਅਜਮੇਰ ਚੰਦ ਨੇ ਸਿੱਖਾਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ 1700 ਵਿਚ ਅਨੰਦਪੁਰ ਸਾਹਿਬ 'ਤੇ ਸਿੱਧੇ ਹਮਲੇ ਕਰਨੇ ਵੀ ਸ਼ੁਰੂ ਕਰ ਦਿੱਤੇ ਸਨ। ਅਕਤੂਬਰ 1700 ਵਿਚ ਬਸਾਲੀ ਦੇ ਰਾਜੇ ਸਲਾਹੀ ਚੰਦ ਨੇ ਅਜਮੇਰ ਚੰਦ ਨੂੰ ਸਮਝਾ ਬੁਝਾ ਕੇ ਉਸ ਦੀਆਂ ਹਰਕਤਾਂ ਬੰਦ ਕਰਵਾ ਦਿੱਤੀਆਂ ਸਨ। 25 ਅਕਤੂਬਰ 1702 ਦੇ ਦਿਨ ਬਸਾਲੀ ਦਾ ਰਾਜਾ ਸਲਾਹੀ ਚੰਦ ਚੜ੍ਹਾਈ ਕਰ ਗਿਆ। ਉਸ ਦੇ ਭੋਗ ਦੇ ਸਬੰਧ ਵਿਚ ਗੁਰੂ ਸਾਹਿਬ 14 ਨਵੰਬਰ 1702 ਦੇ ਦਿਨ ਬਸਾਲੀ ਗਏ। ਸਲਾਹੀ ਚੰਦ ਦੀ ਮੌਤ ਮਗਰੋਂ ਅਜਮੇਰ ਚੰਦ ਨੂੰ ਸਮਝਾਉਣ ਵਾਲਾ ਕੋਈ ਨਹੀਂ ਸੀ ਰਿਹਾ ਇਸ ਕਰ ਕੇ ਛੇਤੀ ਹੀ ਉਹ ਫਿਰ ਸਿੱਖਾਂ ਨਾਲ ਦੁਸ਼ਮਣੀ ਰੱਖਣ ਲਗ ਪਿਆ ਸੀ।

1831: ਮਹਾਰਾਜਾ ਰਣਜੀਤ ਸਿੰਘ ਤੇ ਵਿਲੀਅਮ ਬੈਂਟਿੰਗ ਵਿਚਕਾਰ (ਰੋਪੜ ਨੇੜੇ) ਪਿੰਡ ਕਾਠਗੜ੍ਹ ਵਿਚ ਮੁਲਾਕਾਤ ਹੋਈ

1808 ਤਕ ਰਣਜੀਤ ਸਿੰਘ ਪੰਜਾਬ ਤੇ ਇਸ ਦੇ ਆਲੇ ਦੁਆਲੇ ਦਾ ਸਭ ਤੋਂ ਵੱਡਾ ਹਾਕਮ ਬਣ ਚੁੱਕਾ ਸੀ। ਉਹ ਉਦੋਂ ਤਕ ਦਾ ਤੇ ਆਉਣ ਵਾਲੇ ਵਕਤਾਂ ਵਿਚ ਵੀ ਇਸ ਜ਼ੋਨ

ਵਿਚ ਸਭ ਤੋਂ ਵੱਡੇ ਇਲਾਕੇ ਦਾ ਮਹਾਰਾਜਾ ਸੀ। ਏਸ਼ੀਆ ਦੀ ਤਵਾਰੀਖ਼ ਵਿਚ ਇਸ ਖੇਤਰ ਵਿਚੋਂ ਸਿਰਫ਼ ਦੋ ਰਾਜਿਆਂ ਦਾ ਜ਼ਿਕਰ ਆਉਂਦਾ ਹੈ, ਇਕ ਪੋਰਸ ਦਾ ਤੇ ਦੂਜਾ ਰਣਜੀਤ ਸਿੰਘ ਦਾ। (ਪਰ ਪੋਰਸ ਦੀ ਹਕੂਮਤ ਸਿਰਫ਼ ਦੋ ਦਰਿਆਵਾਂ, ਜਿਹਲਮ ਤੇ ਝਨਾਂ, ਦੇ ਵਿਚਕਾਰ ਸੀ ਅਤੇ ਰਣਜੀਤ ਸਿੰਘ ਦੇ ਮੁਕਾਬਲੇ ਤੇ ਤਾਂ ਉਹ ਪਾਸਕੂ ਵੀ ਨਹੀਂ ਸੀ। ਉਂਞ ਪੋਰਸ ਏਨਾ ਛੋਟਾ ਰਾਜਾ ਹੋਣ ਦੇ ਬਾਵਜੂਦ ਸਿਕੰਦਰ ਵਰਗੀ ਵੱਡੀ ਤਾਕਤ ਨਾਲ ਲੜਿਆ ਸੀ; ਪਰ ਰਣਜੀਤ ਸਿੰਘ ਨੇ, ਏਨੀ ਵੱਡੀ ਸਲਤਨਤ ਹੋਣ ਦੇ ਬਾਵਜੂਦ, ਅੰਗਰੇਜ਼ਾਂ ਤੋਂ ਡਰ ਕੇ ਉਨ੍ਹਾਂ ਨਾਲ ਸਮਝੌਤਾ ਕਰਨ ਵਿਚ ਦੇਰ ਨਹੀਂ ਸੀ ਲਾਈ)। 1805 ਵਿਚ, ਜਦੋਂ ਅੰਗਰੇਜ਼ਾਂ ਦਾ ਭਜਾਇਆ ਹੋਇਆ ਮਰਹੱਟਾ ਜਸਵੰਤ ਸਿੰਘ ਰਾਓ ਹੋਲਕਰ ਪੰਜਾਬ ਪੁੱਜਾ ਤਾਂ ਰਣਜੀਤ ਸਿੰਘ ਨੇ ਸਰਬੱਤ ਖ਼ਾਲਸਾ ਬੁਲਾ ਕੇ ਉਨ੍ਹਾਂ ਤੋਂ ਉਸ ਦਾ ਸਾਥ ਦੇਣ ਬਾਰੇ ਰਾਏ ਪੁੱਛੀ। ਗੁਰਮਤੇ ਮੁਤਾਬਿਕ ਰਣਜੀਤ ਸਿੰਘ ਨੇ ਉਸ ਦਾ ਸਾਥ ਤਾਂ ਨਾ ਦਿੱਤਾ ਪਰ ਅੰਗਰੇਜ਼ਾਂ ਨਾਲ ਸਮਝੌਤਾ ਜ਼ਰੂਰ ਕਰਵਾ ਦਿਤਾ। ਪਰ, ਇਸ ਤੋਂ ਬਾਅਦ ਰਣਜੀਤ ਸਿੰਘ ਨੇ ਸਰਬੱਤ ਖ਼ਾਲਸਾ ਦਾ ਇਕੱਠ ਹੀ ਨਹੀਂ ਹੋਣ ਦਿਤਾ। ਉਂਞ ਵੀ ਉਹ ਸਿੱਖ ਮਿਸਲਾਂ ਦੇ ਇਲਾਕੇ ਖੋਹਣ ਲਗ ਪਿਆ ਸੀ ਤੇ ਜੇ ਉਹ ਸਰਬਤ ਖ਼ਾਲਸਾ ਬੁਲਾਉਂਦਾ ਤਾਂ ਪਹਿਲਾਂ ਆਪਣੀਆਂ ਇਨ੍ਹਾਂ ਹਰਕਤਾਂ ਵਾਸਤੇ ਜਵਾਬ-ਦੇਹ ਹੁੰਦਾ। ਸ਼ਾਇਦ ਇਸ ਮਿਸਲਾਂ-ਮਾਰੂ ਰਾਜੇ ਦੇ ਸੱਦੇ 'ਤੇ ਕੋਈ ਸਿੱਖ ਜਰਨੈਲ ਆਉਂਦਾ ਵੀ ਨਾ। ਰਣਜੀਤ ਸਿੰਘ ਨੇ ਅੰਗਰੇਜ਼ਾਂ ਨੂੰ ਛੇੜਨ ਦੀ ਬਜਾਇ ਉਨ੍ਹਾਂ ਨਾਲ ਪਹਿਲੀ ਜਨਵਰੀ 1806 ਅਤੇ 25 ਅਪਰੈਲ 1809 ਨੂੰ ਦੋ ਅਹਿਦਨਾਮੇ ਕਰ ਲਏ। ਫਿਰ 1820 ਵਿਚ ਨਾਗਪੁਰ ਦਾ ਰਾਜਾ ਅੱਪਾ ਸਾਹਿਬ ਅੰਗਰੇਜ਼ਾਂ ਤੋਂ ਹਾਰ ਕੇ ਰਣਜੀਤ ਸਿੰਘ ਕੋਲ ਪੁੱਜਾ। ਉਸ ਕੋਲ ਬਹੁਤ ਸਾਰੀ ਦੌਲਤ ਵੀ ਸੀ ਪਰ ਰਣਜੀਤ ਸਿੰਘ ਨੇ ਉਸ ਦੀ ਮਦਦ ਕਰਨ ਤੋਂ ਨਾਂਹ ਕਰ ਦਿੱਤੀ ਤੇ ਆਪਣੇ ਇਲਾਕੇ ਵਿਚੋਂ ਨਿਕਲ ਜਾਣ ਵਾਸਤੇ ਕਿਹਾ (ਇਸ 'ਤੇ ਅੱਪਾ ਸਾਹਿਬ ਕਾਂਗੜੇ ਚਲਾ ਗਿਆ)। ਇੰਞ ਰਣਜੀਤ ਸਿੰਘ ਨੇ ਅੰਗਰੇਜ਼ਾਂ ਨਾਲ ਸਬੰਧ ਬਣਾਈ ਰੱਖੇ ਪਰ ਦੂਜੇ ਪਾਸੇ ਅੰਗਰੇਜ਼ ਉਸ ਦਾ ਰਾਜ ਖੋਹਣ ਦੀਆਂ ਸਕੀਮਾਂ ਵੀ ਬਣਾਉਂਦੇ ਰਹੇ ਅਤੇ ਨਾਲ ਹੀ ਉਸ ਨਾਲ ਦਿਖਾਵੇ ਦੀ ਨੇੜਤਾ ਵੀ ਰਖਦੇ ਰਹੇ। ਇਸ ਸਿਲਸਿਲੇ ਵਿਚ 1831 ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ ਗਵਰਨਰ ਜਨਰਲ ਵਿਚਕਾਰ ਰਸਮੀ ਮੁਲਾਕਾਤ ਵੀ ਕਰਵਾਈ ਗਈ। ਇਹ ਮੁਲਾਕਾਤ 25 ਅਕਤੂਬਰ 1831 ਦੇ ਦਿਨ ਮਹਾਰਾਜਾ ਰਣਜੀਤ ਸਿੰਘ ਤੇ ਵਿਲੀਅਮ ਬੈਂਟਿੰਗ ਵਿਚਕਾਰ ਹੋਈ ਸੀ। ਪਹਿਲਾਂ ਰਣਜੀਤ ਸਿੰਘ ਨੇ ਸਤਲੁਜ ਦਰਿਆ ਪਾਰ ਕਰ ਕੇ ਰੂਪੜ (ਹੁਣ ਰੋਪੜ) ਵਿਚ ਜਾ ਕੇ ਵਿਲੀਅਮ ਬੈਂਟਿੰਗ ਨਾਲ ਮੁਲਾਕਾਤ ਕੀਤੀ ਫਿਰ ਅਗਲੇ ਦਿਨ ਬੈਂਟਿੰਗ ਨੇ ਦਰਿਆ ਪਾਰ ਕਰ ਕੇ ਰਣਜੀਤ ਸਿੰਘ ਦੀ ਸਲਤਨਤ ਦੇ ਪਿੰਡ ਕਾਠਗੜ੍ਹ ਵਿਚ ਮਹਾਰਾਜਾ ਦੀ ਪ੍ਰਾਹੁਣਾਚਾਰੀ ਦਾ ਅਨੰਦ ਮਾਨਿਆ।

1923: ਧੰਨਾ ਸਿੰਘ ਬਬਰ ਨੇ ਬੇਮਿਸਾਲ ਕਾਰਨਾਮਾ ਕਰ ਕੇ ਸ਼ਹੀਦੀ ਪਾਈ

ਬਬਰ ਅਕਾਲੀ ਲਹਿਰ ਦੌਰਾਨ ਸਭ ਤੋਂ ਅਹਿਮ ਘਟਨਾਵਾਂ ਵਿਚੋਂ ਭਾਈ ਧੰਨਾ ਸਿੰਘ ਬਹਿਬਲਪੁਰ ਦੀ ਸ਼ਹੀਦੀ ਖ਼ਾਸ ਥਾਂ ਰਖਦੀ ਹੈ। ਧੰਨਾ ਸਿੰਘ ਨੇ ਬਹੁਤ ਵੱਡੇ ਐਕਸ਼ਨ ਕੀਤੇ ਹੋਏ ਸਨ ਅਤੇ ਬ੍ਰਿਟਿਸ਼ ਪੁਲਸ ਉਸ ਦੇ ਪਿੱਛੇ ਪਈ ਹੋਈ ਸੀ। ਉਸ ਦੀ ਗ੍ਰਿਫ਼ਤਾਰੀ ਵਾਸਤੇ ਵੱਡਾ ਈਨਾਮ ਵੀ ਰੱਖਿਆ ਹੋਇਆ ਸੀ। ਧੰਨਾ ਸਿੰਘ ਦੀ ਇਕ ਗ਼ਲਤੀ ਨੇ ਹੀ ਉਸ ਨੂੰ ਫਸਾ ਦਿੱਤਾ। ਉਸ ਨੇ ਕਨੇਡਾ ਵਿਚ ਸਿੱਖਾਂ ਨੂੰ ਕਤਲ ਕਰਵਾਉਣ ਵਾਲੇ ਸਰਕਾਰੀ ਟਾਊਟ ਬੇਲਾ ਸਿੰਘ ਦੇ ਭਰਾ ਜੁਆਲਾ ਸਿੰਘ ਨਾਲ ਦੋਸਤੀ ਰੱਖੀ ਹੋਈ ਸੀ। ਜੁਆਲਾ ਸਿੰਘ ਨੇ ਕਰਮ ਸਿੰਘ ਮੰਨਣਹਾਨੇ ਨਾਲ ਰਲ ਕੇ ਈਨਾਮ ਦੇ ਲਾਲਚ ਵਿਚ ਧੰਨਾ ਸਿੰਘ ਨੂੰ ਗ੍ਰਿਫ਼ਤਾਰ ਕਰਵਾਉਣ ਦੀ ਸਾਜ਼ਿਸ਼ ਘੜੀ। ਇਕ ਦਿਨ ਪਲਾਨ ਬਣਾ ਕੇ ਜੁਆਲਾ ਸਿੰਘ ਧੰਨਾ ਸਿੰਘ ਨੂੰ ਕਰਮ ਸਿੰਘ

ਮੰਨਣਹਾਨੇ ਦੇ ਘਰ ਛਡ ਗਿਆ ਤੇ ਦੂਜੇ ਪਾਸੇ ਸੈਂਕੜੇ ਪੁਲਸੀਆਂ ਦਾ ਘੇਰਾ ਵੀ ਪੁਆ ਦਿੱਤਾ। ਕਰਮ ਸਿੰਘ ਨੇ ਧੰਨਾ ਸਿੰਘ ਦੇ ਹਥਿਆਰ ਵੀ ਲੁਕਾ ਦਿੱਤੇ। ਇਸ ਮਗਰੋਂ ਦਸ ਸਿਪਾਹੀਆਂ ਨੇ ਉਸ 'ਤੇ ਇਕ ਦਮ ਹਮਲਾ ਬੋਲ ਕੇ ਉਸ ਦੇ ਬਾਹਵਾਂ ਤੇ ਪੈਰ ਬੰਨ੍ਹ ਦਿੱਤੇ। ਹੁਣ ਅੰਗਰੇਜ਼ ਅਫ਼ਸਰ ਹੋਰਟਨ ਵੀ ਉਸ ਦੇ ਨੇੜੇ ਆ ਗਿਆ ਤੇ ਕਹਿਣ ਲਗਾ 'ਧੰਨਾ ਸਿੰਘ ਤੂੰ ਕਹਿੰਦਾ ਸੀ ਕਿ ਮੈਂ ਜਿਊਂਦਾ ਪੁਲਸ ਦੇ ਹੱਥ ਨਹੀਂ ਆਵਾਂਗਾ, ਹੁਣ ਦਸ ਕਿੱਥੇ ਗਿਆ ਤੇਰਾ ਐਲਾਨ?' ਧੰਨਾ ਸਿੰਘ ਨੇ ਇਸ ਸਮੇਂ ਜੈਨਕਿਨਜ਼ ਵਲ ਗੁੱਸੇ ਨਾਲ ਵੇਖਿਆ ਤਾਂ ਹੋਰਟਨ ਨੇ ਇਕ ਸਿਪਾਹੀ ਨੂੰ ਉਸ ਦੀਆਂ ਅੱਖਾਂ 'ਤੇ ਪੱਟੀ ਬੰਨ੍ਹਣ ਵਾਸਤ ਕਿਹਾ। ਇੰਸ 'ਤੇ ਧੰਨਾ ਸਿੰਘ ਨੇ ਕਿਹਾ ਕਿ ਜੇ ਮਰਦ ਹੈਂ ਤਾਂ ਆਪ ਪੱਟੀ ਬੰਨ੍ਹ ਲੈ। ਗੁੱਸੇ ਵਿਚ ਜਦ ਹੋਰਟਨ ਧੰਨਾ ਸਿੰਘ ਦੇ ਨੇੜੇ ਆਇਆ ਤਾਂ ਧੰਨਾ ਸਿੰਘ ਨੇ ਪੂਰੇ ਜ਼ੋਰ ਨਾਲ ਆਪਣੀ ਕੂਹਣੀ ਮਾਰ ਕੇ ਕੱਛ ਵਾਲਾ ਬੰਬ ਚਲਾ ਦਿੱਤਾ। ਇਹ ਬੰਬ ਬਹੁਤ ਤਾਕਤਵਰ ਸੀ; ਇਸ ਨਾਲ ਕੋਲ ਖੜ੍ਹਾ ਇਕ ਹੌਲਦਾਰ, ਇਕ ਦਫ਼ੇਦਾਰ, 3 ਸਿਪਾਹੀ ਮਾਰੇ ਗਏ ਤੇ ਨੇੜੇ ਖੜ੍ਹੀ ਇਕ ਮੱਝ ਵੀ ਮਰ ਗਈ। ਇਸ ਤੋਂ ਇਲਾਵਾ ਹੋਰਟਨ, ਜੈਨਕਿਨਜ਼, ਥਾਨੇਦਾਰ ਗੁਲਜ਼ਾਰਾ ਸਿੰਘ ਜ਼ਖ਼ਮੀ ਹੋਏ। ਥਾਨੇਦਾਰ ਅਤੇ ਸਿਪਾਹੀ ਮਾਹਲਪੁਰ ਜਾ ਕੇ ਮਰ ਗਏ। ਹੋਰਟਨ ਜਲੰਧਰ ਦੇ ਹਸਪਤਾਲ ਵਿਚ ਦਮ ਤੋੜ ਗਿਆ ਅਤੇ ਜੈਨਕਿਨਜ਼ ਵਲੈਤ ਜਾਂਦਾ ਕਲਕੱਤੇ ਵਿਚ ਮਰ ਗਿਆ। ਇੰਵ ਸਦੀ ਦਾ ਸਭ ਤੋਂ ਕਮਾਲ ਦਾ ਖਾੜਕੂ ਐਕਸ਼ਨ ਕਰ ਕੇ ਧੰਨਾ ਸਿੰਘ ਨੇ ਸ਼ਹੀਦੀ ਪਾਈ।

1987: ਗਿਆਨ ਸਿੰਘ ਤੇ ਉਸ ਦੀ ਪਤਨੀ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 25 ਅਕਤੂਬਰ 1987 ਦੇ ਦਿਨ ਗਿਆਨ ਸਿੰਘ ਤੇ ਉਸ ਦੀ ਪਤਨੀ ਨੂੰ ਪੱਤੀ ਜੱਸੋਕੀ, ਪਿੰਡ ਨਾਗੋਕੇ, ਅੰਮ੍ਰਿਤਸਰ ਵਿਚ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1991: ਮਨਜੀਤ ਸਿੰਘ ਨਥਾਨਾ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 25 ਅਕਤੂਬਰ 1991 ਦੇ ਦਿਨ ਮਨਜੀਤ ਸਿੰਘ (ਪੁੱਤਰ ਸੁਖਦੇਵ ਸਿੰਘ, ਵਾਸੀ ਨਥਾਨਾ, ਬਠਿੰਡਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1992: ਬੇਅੰਤ ਸਿੰਘ ਦੀ ਪੰਜਾਬੋਂ ਬਾਹਰ ਦੇ ਸਿੱਖਾਂ ਨੂੰ ਧਮਕੀ

ਪੰਝੀ ਅਕਤੂਬਰ 1992 ਦੇ ਦਿਨ ਚੀਫ਼ ਮਨਿਸਟਰ ਬੇਅੰਤ ਸਿੰਘ ਨੇ ਧਮਕੀ ਦਿਤੀ ਕਿ ਦਿੱਲੀ, ਕਲਕੱਤਾ, ਤਰਾਈ ਇਲਾਕੇ ਦੇ ਸਿੱਖ ਖਾੜਕੂਆਂ ਨੂੰ ਪੈਸੇ ਭੇਜਣੇ ਤੇ ਪਨਾਹ ਦੇਣੀ ਬੰਦ ਕਰਨ ਵਰਨਾ ਪਛਤਾਉਣਗੇ। ਇਹ ਸਾਫ਼ ਧਮਕੀ ਸੀ ਕਿ ਪੰਜਾਬੋਂ ਬਾਹਰ ਸਿੱਖਾਂ ਦੇ ਜਾਨ ਮਾਲ 'ਤੇ ਵੀ ਹਮਲੇ ਕੀਤੇ ਜਾਣੇ ਸ਼ੁਰੂ ਹੋਣਗੇ।

1992: ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਨੂੰ ਫ਼ਾਂਸੀ ਦੇਣ ਖ਼ਿਲਾਫ਼ ਰੋਸ ਵਜੋਂ ਦਰਬਾਰ ਸਾਹਿਬ ਦੀਵਾਲੀ ਮਨਾਉਣੀ ਬੰਦ

ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਸੀ ਕਿ ਜਿੰਦਾ ਤੇ ਸੁੱਖਾ ਦੀਆਂ ਸ਼ਹੀਦੀਆਂ ਕਾਰਨ ਅਗੋਂ ਤੋਂ ਦੀਵਾਲੀ ਵਾਲੇ ਦਿਨ ਦਰਬਾਰ ਸਾਹਿਬ ਵਿਚ ਦੀਪਮਾਲਾ ਨਹੀਂ ਕੀਤੀ ਜਾਇਆ ਕਰੇਗੀ ਇਸ ਕਰ ਕੇ 25 ਅਕਤੂਬਰ 1992 ਦੇ ਦਿਨ ਦਰਬਾਰ ਸਾਹਿਬ ਵਿਚ ਅਤੇ 'ਕਾਲੀ ਦੀਵਾਲੀ' ਮਨਾਈ ਗਈ। (ਦਰਬਾਰ ਸਾਹਿਬ ਚ ਦੀਵਾਲੀ ਦੋਬਾਰਾ ਮਨਾਏ ਜਾਣ ਦੀ ਹਰਕਤ ਮਨਜੀਤ ਸਿੰਘ ਕੇਸਗੜ੍ਹ ਦੇ ਗ੍ਰੰਥੀ ਨੇ 1993 ਵਿਚ, 14 ਨਵੰਬਰ ਤੋਂ, ਸ਼ੁਰੂ ਕਰਵਾਈ ਸੀ)।

1992: ਨਿਰਮਲ ਸਿੰਘ ਸਰਪੰਚ ਓਠੀਆਂ ਤੇ ਭੋਲਾ ਸਿੰਘ ਤਿਊਨਾ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 25 ਅਕਤੂਬਰ 1992 ਦੇ ਦਿਨ ਨਿਰਮਲ ਸਿੰਘ ਸਰਪੰਚ (ਪੁੱਤਰ ਮੋਹਨ ਸਿੰਘ, ਵਾਸੀ ਓਠੀਆਂ ਅੰਮ੍ਰਿਤਸਰ) ਤੇ ਭੋਲਾ ਸਿੰਘ (ਪੁੱਤਰ ਮਿੱਠੂ ਸਿੰਘ, ਵਾਸੀ ਤਿਊਨਾ, ਬਠਿੰਡਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

2012: ਪਾਕਿਸਤਾਨ ਸਰਕਾਰ ਨੇ ਨਾਨਕਾਣਾ ਸਾਹਿਬ ਨੂੰ ਪਵਿੱਤਰ ਸ਼ਹਿਰ ਐਲਾਨਿਆ

25 ਅਕਤੂਬਰ 2012 ਪਾਕਿਸਤਾਨ ਸਰਕਾਰ ਨੇ ਨਾਨਕਾਣਾ ਸਾਹਿਬ ਨੂੰ ਪਾਕਿ (ਪਵਿੱਤਰ) ਸ਼ਹਿਰ ਦਾ ਦਰਜਾ ਦੇਣ ਦਾ ਐਲਾਨ ਕੀਤਾ।

26 ਅਕਤੂਬਰ

1619: ਗੁਰੂ ਹਰਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾ ਹੋਏ

ਜਹਾਂਗੀਰ ਵੱਲੋਂ ਬੁਲਾਏ ਜਾਣ 'ਤੇ **ਗੁਰੂ** ਸਾਹਿਬ ਜਨਵਰੀ 1613 ਵਿਚ ਦਿੱਲੀ ਪੁੱਜੇ ਅਤੇ ਪਿੰਡ ਚੰਦਰਾਵਲ ਖੇੜਾ (ਗੁਰਦੁਆਰਾ ਮਜਨੂੰ ਟਿੱਲਾ ਵਾਲੀ ਥਾਂ) ਵਿਚ ਠਹਿਰੇ। ਜਦ ਜਹਾਂਗੀਰ ਨੂੰ ਉਨ੍ਹਾਂ ਦੇ ਆਉਣ ਦਾ ਪਤਾ ਲੱਗਾ ਤਾਂ ਉਸ ਨੇ ਆਪ ਦੀ ਗ੍ਰਿਫ਼ਤਾਰੀ ਦਾ ਫ਼ੁਰਮਾਨ ਜਾਰੀ ਕਰ ਦਿਤਾ। ਉਸ ਨੇ ਗੁਰੂ ਸਾਹਿਬ ਨੂੰ 12 ਸਾਲ ਵਾਸਤੇ ਗਵਾਲੀਅਰ ਕਿਲ੍ਹੇ ਵਿਚ ਕੈਦ ਕਰਨ ਦੀ ਸਜ਼ਾ ਦੇ ਦਿਤੀ। ਗਵਾਲੀਅਰ ਕਿਲ੍ਹੇ ਵਿਚ ਗੁਰੂ ਸਾਹਿਬ ਤੋਂ ਇਲਾਵਾ ਇਕ ਸੌ ਤੋਂ ਵਧ ਰਾਜੇ ਸਿਆਸੀ ਕੈਦਾਂ ਭੁਗਤ ਰਹੇ ਸਨ। ਇਹ ਸ਼ਾਹੀ ਜੇਲ੍ਹ ਸਿਰਫ਼ ਰਾਜਿਆਂ ਅਤੇ ਹੋਰ ਅਹਿਮ ਤੇ ਖ਼ਾਸ ਸ਼ਖ਼ਸੀਅਤਾਂ ਨੂੰ ਕੈਦ ਕਰਨ ਵਾਸਤੇ ਵਰਤੀ ਜਾਂਦੀ ਸੀ। 1619 ਵਿਚ ਸੂਬੇਦਾਰ ਵਜ਼ੀਰ ਖ਼ਾਨ ਚਨਿਓਟ, ਨੂਰ ਜਹਾਂ ਤੇ ਮੀਆਂ ਮੀਰ ਦੀਆਂ ਕੋਸ਼ਿਸ਼ਾਂ ਕਾਰਨ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਵਾਸਤੇ ਹੁਕਮ ਜਾਰੀ ਕਰ ਦਿਤੇ। ਇਸ ਮੌਕੇ 'ਤੇ ਗੁਰੂ ਸਾਹਿਬ ਨੇ ਜਹਾਂਗੀਰ ਤੋਂ ਇਹ ਵੀ ਮੰਨਵਾ ਲਿਆ ਕਿ ਉਹ ਕਿਲ੍ਹੇ ਵਿਚ ਕੈਦ ਪਹਾੜੀ ਤੇ ਦੂਜੇ ਰਾਜਿਆਂ ਨੂੰ ਵੀ ਰਿਹਾਅ ਕਰ ਦੇਵੇ। ਜਹਾਂਗੀਰ ਨੇ ਅਸਿੱਧੇ ਤਰੀਕੇ ਨਾਲ ਇਹ ਗੱਲ ਮਨਜ਼ੂਰ ਕਰ ਲਈ ਤੇ ਕਿਲ੍ਹੇ ਵਿਚ ਕੈਦ ਛੋਟੀਆਂ ਕੈਦਾਂ ਵਾਲੇ 49 ਰਾਜੇ (ਜੋ ਸਾਰੇ ਹੀ ਹਿੰਦੂ ਸਨ) ਰਿਹਾਅ ਕਰ ਦਿਤੇ ਅਤੇ ਗੁਰੂ ਸਾਹਿਬ ਦਾ ਇਮਤਿਹਾਨ ਲੈਣ ਵਾਸਤੇ ਸ਼ਰਤ ਰੱਖੀ ਕਿ ਲੰਬੀਆਂ ਕੈਦਾਂ ਵਾਲੇ 52 ਰਾਜਿਆਂ ਵਿਚੋਂ ਜਿੰਨੇ ਰਾਜੇ ਗੁਰੂ ਸਾਹਿਬ ਦੇ ਚੋਗੇ ਦੀਆਂ ਕਲੀਆਂ (ਕੰਨੀਆਂ/ਨੁੱਕਰਾਂ/ਤਣੀਆਂ) ਫੜ ਕੇ ਕਿਲ੍ਹੇ ਵਿਚੋਂ ਬਾਹਰ ਆ ਸਕਣ ਰਿਹਾ ਹੋ ਜਾਣਗੇ। ਜਹਾਂਗੀਰ ਸੋਚਦਾ ਸੀ ਕਿ ਗੁਰੂ ਜੀ ਇਹ ਫ਼ੈਸਲਾ ਨਹੀਂ ਕਰ ਸਕਣਗੇ ਕਿ 52 ਰਾਜਿਆਂ ਵਿਚੋਂ ਉਹ ਕਿਹੜੇ-ਕਿਹੜੇ ਰਾਜੇ ਨੂੰ ਰਿਹਾਅ ਕਰਵਾਉਣਗੇ। ਇਸ 'ਤੇ ਗੁਰੂ ਸਾਹਿਬ ਨੇ ਹਰੀ ਦਾਸ ਯਾਦਵ ਦਰੋਗੇ ਕੋਲੋਂ 52 ਕਲੀਆਂ ਵਾਲਾ ਚੋਗਾ ਸਿਲਵਾ ਕੇ ਸਾਰੇ ਰਾਜੇ ਕਿਲ੍ਹੇ ਵਿਚੋਂ ਰਿਹਾਅ ਕਰਵਾ ਲਏ (ਗੁਰੂ ਜੀ ਦੇ ਇਸ ਕਦਮ ਨੂੰ ਵੇਖ ਕੇ ਜਹਾਂਗੀਰ ਨੇ ਉਨ੍ਹਾਂ ਦੀ ਅਜ਼ਮਤ ਅੱਗੇ ਸਿਰ ਝੁਕਾਇਆ)। ਗੁਰੂ ਸਾਹਿਬ ਤੇ ਹਿੰਦੂ ਰਾਜਿਆਂ ਦੀ ਰਿਹਾਈ 26 ਅਕਤੂਬਰ 1619 ਦੇ ਦਿਨ ਹੋਈ। ਰਿਹਾਈ ਮਗਰੋਂ ਗੁਰੂ ਸਾਹਿਬ ਅਤੇ ਬਾਕੀ ਰਾਜੇ ਹਰੀ ਦਾਸ ਯਾਦਵ ਦਰੋਗੇ ਦੀ ਹਵੇਲੀ ਵਿਚ ਰਹੇ। ਇਸ ਦੇ ਨਾਲ ਹੀ ਜਹਾਂਗੀਰ ਨੇ ਮੁਤੱਸਬੀ ਮੁਸਲਮਾਨ ਮੁੱਲਾਂ ਸ਼ੈਖ਼ ਅਹਿਮਦੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਵੀ ਦੇ ਦਿਤਾ। ਉਸ ਨੂੰ ਕੈਦ ਵੀ ਇਸੇ ਹੀ ਕਿਲ੍ਹੇ ਵਿਚ ਹੀ ਕੀਤਾ ਗਿਆ।

1710: ਬਾਬਾ ਬਿਨੋਦ ਸਿੰਘ ਦੀਆਂ ਫ਼ੌਜਾਂ ਅਤੇ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੀਆਂ ਫ਼ੌਜਾਂ ਵਿਚਕਾਰ ਅਮੀਨਗੜ੍ਹ ਵਿਚ ਲੜਾਈ ਹੋਈ

ਰਾਹੋਂ ਦੇ ਕਿਲ੍ਹੇ 'ਤੇ ਸ਼ਮਸ ਖ਼ਾਨ ਅਤੇ ਬਾਇਜ਼ੀਦ ਖ਼ਾਨ ਫ਼ੌਜ ਦਾ ਕਬਜ਼ਾ, ਸਿੱਖਾਂ ਦੇ ਖ਼ਿਲਾਫ਼ ਮੁਗ਼ਲਾਂ ਦੀ ਭਾਵੇਂ ਪਹਿਲੀ ਜਿੱਤ ਸੀ; ਪਰ ਬਾਦਸ਼ਾਹ ਦੀ ਆਪਣੀ ਭੇਜੀ ਫ਼ੌਜ ਦਾ ਪਹਿਲਾ ਐਕਸ਼ਨ ਤਰਾਵੜੀ ਨੇੜੇ, ਤਕਰੀਬਨ ਉਨ੍ਹੀਂ ਦਿਨੀਂ ਹੀ 26 ਅਕਤੂਬਰ 1710 ਨੂੰ, ਹੋਇਆ ਸੀ। ਬਹਾਦਰ ਸ਼ਾਹ ਦੀ ਭੇਜੀ 60 ਹਜ਼ਾਰ ਫ਼ੌਜ ਵਿੱਚੋਂ ਫ਼ਿਰੋਜ਼ ਖ਼ਾਨ ਮੇਵਾਤੀ ਦੀ ਫ਼ੌਜ ਨੇ ਸਿੱਖਾਂ 'ਤੇ ਇਹ ਹਮਲਾ ਤਰਾਵੜੀ ਨੇੜੇ (ਕਰਨਾਲ ਤੋਂ 16 ਕਿਲੋਮੀਟਰ ਦੂਰ) ਅਮੀਨਗੜ੍ਹ (ਖੇੜਾ ਅਮੀਨ) ਦੀ ਜੂਹ ਵਿਚ ਕੀਤਾ ਸੀ। ਸਿੱਖ ਜਰਨੈਲ ਬਿਨੋਦ ਸਿੰਘ ਕੋਲ ਇਸ ਵੇਲੇ ਬਹੁਤ ਥੋੜ੍ਹੀਆਂ ਫ਼ੌਜਾਂ ਤੇ ਮਾਮੂਲੀ ਜਿਹਾ ਅਸਲਾ ਸੀ ਪਰ ਫਿਰ ਵੀ ਉਨ੍ਹਾਂ ਨੇ ਜ਼ਬਰਦਸਤ ਟੱਕਰ ਦਿੱਤੀ। ਪਹਿਲਾਂ ਤਾਂ ਮੁਗ਼ਲ ਫ਼ੌਜਾਂ ਦਾ ਜਰਨੈਲ ਮਹਾਬਤ ਖ਼ਾਨ ਸਿੱਖਾਂ ਦੇ ਹੱਲੇ ਤੋਂ ਡਰ ਕੇ ਪਿੱਛੇ ਹਟ ਗਿਆ ਪਰ ਫਿਰ ਫ਼ਿਰੋਜ਼ ਖ਼ਾਨ ਮੇਵਾਤੀ ਗੁੱਸਾ ਖਾ ਕੇ ਆਪ ਅੱਗੇ ਵਧਿਆ ਅਤੇ ਸਾਰੀਆਂ ਫ਼ੌਜਾਂ ਨੂੰ ਇਕ ਦਮ ਹੱਲਾ ਬੋਲਣ ਵਾਸਤੇ ਕਿਹਾ। ਇਸ ਮਗਰੋਂ ਘਮਸਾਣ ਦੀ ਜੰਗ ਹੋਈ। ਪਰ ਦੋ-ਚਾਰ ਹਜ਼ਾਰ ਸਿੱਖ ਫ਼ੌਜੀ, 60 ਹਜ਼ਾਰ ਮੁਗ਼ਲ ਫ਼ੌਜਾਂ ਅੱਗੇ, ਬਹੁਤੀ ਦੇਰ ਤਕ ਟਿਕ ਨਾ ਸਕੇ। ਇਸ ਮੌਕੇ 'ਤੇ ਸੈਂਕੜੇ ਸਿੱਖ ਸ਼ਹੀਦ ਹੋ ਗਏ। ਫ਼ਿਰੋਜ਼ ਖ਼ਾਨ ਮੇਵਾਤੀ ਨੇ ਸ਼ਹੀਦ ਹੋਏ 300 ਸਿੱਖਾਂ ਦੇ ਸਿਰ ਕਟਵਾ ਕੇ ਬਾਦਸ਼ਾਹ ਨੂੰ ਭੇਜੇ। ਇਸ ਮਗਰੋਂ ਜੋਸ਼ ਵਿਚ ਆ ਕੇ ਮੇਵਾਤੀ ਨੇ ਸਿੱਖਾਂ 'ਤੇ ਦੋ ਹੋਰ ਹਮਲੇ ਕੀਤੇ। ਤਰਾਵੜੀ ਅਤੇ ਥਾਨੇਸਰ ਵਿਚ ਦੋਹਾਂ ਧਿਰਾਂ ਵਿਚ ਖ਼ੂਬ ਜੰਗ ਹੋਈ। ਦੋਹਾਂ ਲੜਾਈਆਂ ਵਿਚ ਸਿੱਖ ਹਾਰ ਗਏ। ਥਾਨੇਸਰ ਚੋਂ ਹਾਰ ਕੇ ਸਿੱਖ ਸਢੌਰੇ ਵਲ ਚਲੇ ਗਏ, ਜਿੱਥੋਂ ਉਹ ਛੇਤੀ ਹੀ ਲੋਹਗੜ੍ਹ ਵਲ ਕੂਚ ਕਰ ਗਏ। ਇਸ ਦੌਰਾਨ ਸਿੱਖਾਂ ਨੂੰ ਸ਼ਾਹਬਾਦ ਵਿਚ ਵੀ ਹਾਰ ਹੋ ਚੁਕੀ ਸੀ। ਇਸ 'ਤੇ ਖ਼ੁਸ਼ ਹੋ ਕੇ ਬਾਦਸ਼ਾਹ ਨੇ ਮੇਵਾਤੀ ਨੂੰ ਖ਼ੂਬ ਈਨਾਮ ਦਿੱਤੇ। ਮੇਵਾਤੀ ਨੂੰ ਇਕ ਲੱਖ ਰੁਪੈ ਨਕਦ ਅਤੇ ਨਾਲ ਹੀ (ਜ਼ੈਨ-ਉਦ-ਦੀਨ ਅਹਿਮਦ ਖ਼ਾਨ ਨੂੰ ਹਟਾ ਕੇ) ਦੀ ਸੂਬੇਦਾਰੀ ਵੀ ਬਖ਼ਸ਼ੀ ਗਈ।

1733: ਭਾਈ ਮਨੀ ਸਿੰਘ ਨੇ ਲਾਹੌਰ ਦੇ ਸੂਬੇਦਾਰ ਤੋਂ ਦਰਬਾਰ ਸਾਹਿਬ ਵਿਚ ਦੀਵਾਲੀ ਦੇ ਦਿਨਾਂ ਵਿਚ ਇਕੱਠ ਕਰਨ ਦੀ ਇਜਾਜ਼ਤ ਲਈ

26 ਅਕਤੂਬਰ 1733 ਨੂੰ ਹਿੰਦੂ-ਤਿਉਹਾਰ ਦੀਵਾਲੀ ਦਾ ਦਿਨ ਸੀ। ਇਸ ਦਿਨ 'ਤੇ ਭਾਈ ਮਨੀ ਸਿੰਘ ਨੇ ਇਕ ਸਰਬੱਤ ਖ਼ਾਲਸਾ ਇਕੱਠ ਅੰਮ੍ਰਿਤਸਰ ਵਿਚ ਬੁਲਾਉਣ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਨੇ ਦਰਬਾਰ ਸਾਹਿਬ ਵਿਚ 20 ਤੋਂ 26 ਅਕਤੂਬਰ ਤਕ ਅੰਮ੍ਰਿਤਸਰ 'ਚ ਇਕੱਠ ਕਰਨ ਦਾ ਇੰਤਜ਼ਾਮ ਕੀਤਾ। ਕਿਉਂਕਿ ਸਿੱਖਾਂ ਅਤੇ ਲਾਹੌਰ ਦਰਬਾਰ ਵਿਚ ਜਗੀਰ ਵਾਲਾ ਸਮਝੌਤਾ ਅਤੇ ਤਾਜ਼ਾ-ਤਾਜ਼ਾ ਹੀ ਟੁੱਟਿਆ ਸੀ, ਇਸ ਕਰ ਕੇ ਮੁਗ਼ਲ ਸਰਕਾਰ ਨੇ 10 ਹਜ਼ਾਰ ਰੁਪਏ (ਇਕ ਰਵਾਇਤ ਮੁਤਾਬਿਕ ਪੰਜ ਹਜ਼ਾਰ ਰੁਪੈ) ਤਾਵਾਨ (ਟੈਕਸ) ਲੈ ਕੇ ਸਮਾਗਮ ਕਰਨ ਦੀ ਇਜਾਜ਼ਤ ਦੇ ਦਿੱਤੀ ਅਤੇ ਦੂਜੇ ਪਾਸੇ ਇਹ ਅਫ਼ਵਾਹਾਂ ਵੀ ਫੈਲਾਅ ਦਿੱਤੀਆਂ ਕਿ ਇਸ ਮੌਕੇ 'ਤੇ ਅੰਮ੍ਰਿਤਸਰ ਆਉਣ ਵਾਲੇ ਸਿਖਾਂ ਨੂੰ ਮੁਗ਼ਲ ਫ਼ੌਜਾਂ ਘੇਰੇ ਵਿਚ ਲੈ ਕੇ ਖ਼ਤਮ ਕਰ ਦੇਣਗੀਆਂ। ਦਰਅਸਲ ਜ਼ਕਰੀਆ ਖ਼ਾਨ ਨੇ ਆਪਣੇ ਵਜ਼ੀਰ ਲਖਪਤ ਰਾਏ ਨੂੰ ਇਸ ਬਾਰੇ ਹੁਕਮ ਵੀ ਦੇ ਰੱਖੇ ਸਨ। ਲਖਪਤ ਰਾਏ ਨੇ ਰਾਮ ਤੀਰਥ* ਵਾਲੀ ਥਾਂ 'ਤੇ ਆਪਣੀ ਫ਼ੌਜ ਜਮ੍ਹਾ ਕਰ ਲਈ ਹੋਈ ਸੀ। ***'(ਰਾਮ ਤੀਰਥ ਵਾਲੀ ਜਗਹ ਪਹਿਲੋਂ ਸਿਰਫ਼ ਇਕ ਛੱਪੜ ਹੁੰਦਾ ਸੀ। ਲਖਪਤ ਰਾਏ ਨੇ ਇਸ ਥਾਂ 'ਤੇ ਮੰਦਰ ਬਣਾ ਕੇ ਇਸ ਨੂੰ 'ਰਾਮ ਤੀਰਥ' ਬਣਾ ਦਿੱਤਾ ਸੀ)।*** ਇਸ ਦਾ ਨਤੀਜਾ ਇਹ ਹੋਇਆ ਕਿ ਮਿੱਥੇ ਸਮੇਂ 'ਤੇ ਬਹੁਤ ਥੋੜ੍ਹੇ ਸਿੱਖ ਦਰਬਾਰ

ਸਾਹਿਬ ਪੁੱਜੇ ਅਤੇ ਚੜ੍ਹਾਵਾ ਬਹੁਤ ਹੀ ਘੱਟ ਹੋਇਆ। ਇਸ ਕਰ ਕੇ ਭਾਈ ਮਨੀ ਸਿੰਘ ਤਾਵਾਨ ਨਾ ਦੇ ਸਕੇ। ਜਦੋਂ ਮੁਗਲ ਅਹਿਲਕਾਰਾਂ ਨੇ ਉਨ੍ਹਾਂ ਤੋਂ ਰਕਮ ਮੰਗੀ ਤਾਂ ਉਨ੍ਹਾਂ ਨੇ ਚੜ੍ਹਾਵੇ ਦੇ ਘਟ ਹੋਣ ਦੀ ਬਿਨਾਅ 'ਤੇ ਵਿਸਾਖੀ 1734 ਤਕ ਦੀ ਮੁਹਲਤ ਲੈ ਲਈ।

1987: ਬੂਟਾ ਸਿੰਘ ਦੁਗਰੀ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 26 ਅਕਤੂਬਰ 1987 ਦੇ ਦਿਨ ਬੂਟਾ ਸਿੰਘ (ਪੁੱਤਰ ਜਗੀਰ ਸਿੰਘ, ਵਾਸੀ ਦੁਗਰੀ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1989: ਸੁਖਦੇਵ ਸਿੰਘ ਸੁੱਖਾ ਤਰਸਿੱਕਾ, ਗੁਰਜੀਤ ਸਿੰਘ ਲਸ਼ਕਰੀ ਨੰਗਲ ਤੇ ਗੁਰਦਾਸ ਸਿੰਘ ਸੰਤ ਦਾਨੇਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

26 ਅਕਤੂਬਰ 1989 ਦੇ ਦਿਨ ਪੰਜਾਬ ਪੁਲਸ ਨੇ ਸੁਖਦੇਵ ਸਿੰਘ ਸੁੱਖਾ (ਪੁੱਤਰ ਪਿਆਰਾ ਸਿੰਘ, ਵਾਸੀ ਤਰਸਿੱਕਾ), ਗੁਰਜੀਤ ਸਿੰਘ ਉਰਫ਼ ਬਾਬਾ ਬੰਤਾ (ਪੁੱਤਰ ਕੁੰਦਨ ਸਿੰਘ, ਵਾਸੀ ਲਸ਼ਕਰੀ ਨੰਗਲ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ। ਇਸੇ ਦਿਨ ਪੰਜਾਬ ਪੁਲਸ ਨੇ ਗੁਰਦਾਸ ਸਿੰਘ ਸੰਤ (ਵਾਸੀ ਦਾਨੇਵਾਲ, ਬਠਿੰਡਾ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1990: ਗੁਰਦਾਨ ਸਿੰਘ ਮਾੜੀ ਬੁੱਚੀਆਂ, ਦਲਜੀਤ ਸਿੰਘ ਝਾਵਾਂ ਤੇ ਨਿਰਮਲ ਸਿੰਘ ਝੰਡੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ

26 ਅਕਤੂਬਰ 1990 ਦੇ ਦਿਨ ਪੰਜਾਬ ਪੁਲਸ ਨੇ ਗੁਰਦਾਨ ਸਿੰਘ (ਪੁੱਤਰ ਚੈਨ ਸਿੰਘ, ਵਾਸੀ ਮਾੜੀ ਬੁੱਚੀਆਂ), ਦਲਜੀਤ ਸਿੰਘ (ਵਾਸੀ ਝਾਵਾਂ, ਹੁਸ਼ਿਆਰਪੁਰ) ਤੇ ਨਿਰਮਲ ਸਿੰਘ (ਵਾਸੀ ਝੰਡੇ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਜਸਵਿੰਦਰ ਸਿੰਘ ਭੁਲਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

26 ਅਕਤੂਬਰ 1991 ਦੇ ਦਿਨ ਪੰਜਾਬ ਪੁਲਸ ਨੇ ਜਸਵਿੰਦਰ ਸਿੰਘ (ਪੁੱਤਰ ਸ਼ਿਵ ਰਾਮ, ਵਾਸੀ ਭੁਲਵਾਲ, ਜ਼ਿਲ੍ਹਾ ਰੋਪੜ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

2003: ਮੋਹਾਲੀ ਵਿਚ ਸਿੱਖ ਪ੍ਰਚਾਰਕਾਂ, ਵਿਦਵਾਨਾਂ ਅਤੇ ਪੰਥ ਦਰਦੀਆਂ ਦੀ ਕਨਵੈਨਸ਼ਨ ਹੋਈ

ਸ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੂੰ ਨਾਜਾਇਜ਼ ਤੌਰ 'ਤੇ ਪੰਥ ਵਿਚੋਂ ਅਖੌਤੀ ਤੌਰ 'ਤੇ 'ਖ਼ਾਰਿਜ' ਕਰਨ ਵੇਲੇ ਕਿਰਪਾਲ ਸਿੰਘ ਬੰਡੂਗਰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸੀ, ਫਿਰ ਕੁਝ ਦਿਨ ਅਲਵਿੰਦਰਪਾਲ ਸਿੰਘ ਪੱਖੋਕੇ ਐਕਟਿੰਗ ਪ੍ਰਧਾਨ ਰਿਹਾ। 25 ਜੁਲਾਈ ਨੂੰ ਗੁਰਚਰਨ ਸਿੰਘ ਟੌਹੜਾ ਮੁੜ ਪ੍ਰਧਾਨ ਬਣ ਗਿਆ। ਇਨ੍ਹੀਂ ਦਿਨੀਂ ਕਾਲਾ ਅਫ਼ਗਾਨਾ ਨਾਲ ਹਮਦਰਦੀ ਰੱਖਣ ਵਾਲਿਆਂ ਨੇ ਅਕਾਲ ਤਖ਼ਤ ਸਾਹਿਬ ਦੀ ਦੁਰਵਰਤੋਂ ਦੇ ਮਸਲੇ 'ਤੇ 'ਸਰਬਤ ਖ਼ਾਲਸਾ ਕਾਨਫ਼ਰੰਸ' ਬੁਲਾਉਣ ਦਾ ਐਲਾਨ ਕਰ ਦਿੱਤਾ। ਦਰਅਸਲ ਸਿੱਖ ਮਿਸ਼ਨਰੀ ਤੇ ਵਿਦਵਾਨ ਅਜਿਹੀ ਇਕ ਕਨਵੈਨਸ਼ਨ ਕਰਨ ਦਾ ਇਰਾਦਾ ਪਹਿਲੋਂ ਹੀ ਰਖਦੇ ਸਨ, ਪਰ ਹੁਣ ਕਾਲਾ ਅਫ਼ਗਾਨਾ ਦੇ ਮਸਲੇ ਨਾਲ ਇਸ ਕਨਵੈਸ਼ਨ ਕੋਲ ਇਕ ਵਕਤੀ ਮੁੱਦਾ ਵੀ ਆ ਗਿਆ। ਇਸ ਕਨਵੈਨਸ਼ਨ ਦੇ ਪਿਛੋਕੜ ਵਿਚ ਦੂਜਾ ਵੱਡਾ ਹੱਥ ਅਮਰੀਕਾ ਦੇ ਹਰਦੇਵ ਸਿੰਘ ਦਾ ਸੀ, ਜੋ ਸਾਧਾਂ ਹੱਥੋਂ ਠੱਗੇ ਜਾਣ ਮਗਰੋਂ ਇਨ੍ਹਾਂ ਸਾਧਾਂ ਅਤੇ ਹੋਰ ਡੇਰੇਦਾਰਾਂ ਦੇ ਖ਼ਿਲਾਫ਼ ਮੋਰਚਾ ਲਾਈ ਬੈਠਾ ਸੀ ਅਤੇ ਜਿਸ ਨੇ ਅਮਰੀਕਾ ਵਿਚ 'ਸਿੱਖ ਸਭਾ ਇੰਟਰਨੈਸ਼ਨਲ' ਵੀ ਬਣਾਈ ਹੋਈ ਸੀ। ਕਾਲਾ

ਅਫ਼ਗਾਨਾ ਦਾ ਮੁੱਦਾਅ ਰਖੇ ਜਾਣ ਕਾਰਨ ਇਸ ਕਨਵੈਨਸ਼ਨ ਦੀ ਮੁਖਾਲਫ਼ਤ ਸੋਖੀ ਹੋ ਗਈ। ਭਾਵੇਂ ਕਾਲਾ ਅਫ਼ਗਾਨਾ ਨੂੰ ਗ਼ਲਤ ਤਰੀਕੇ ਨਾਲ 'ਖ਼ਾਰਿਜ' ਕੀਤਾ ਗਿਆ ਸੀ, ਪਰ ਉਸ ਨੂੰ ਖ਼ਾਰਿਜ਼ ਕਰਨ ਦਾ ਨੁਕਤਾ ਕਾਨਫ਼ਰੰਸ ਦੇ ਅਜੰਡੇ ਵਿਚ ਸ਼ਾਮਿਲ ਹੋਣ ਕਰ ਕੇ ਜੋਗਿੰਦਰ ਸਿੰਘ (ਵੇਦਾਂਤੀ), ਗੁਰਚਰਨ ਸਿੰਘ ਟੌਹੜਾ ਤੇ ਬਾਦਲ ਅਕਾਲੀ ਦਲ ਦੇ ਹੋਰ ਸਰਗਰਮ ਵਰਕਰ ਸ਼ਰੇਆਮ ਇਸ ਕਨਵੈਨਸ਼ਨ ਦੇ ਖ਼ਿਲਾਫ਼ ਉਠ ਖੜੇ ਹੋਏ ਤੇ ਉਨ੍ਹਾਂ ਨੇ ਸੈਮੀਨਾਰ, ਇਕੱਠ, ਪ੍ਰੈਸ ਕਾਨਫ਼ਰੰਸਾਂ ਕਰ ਕੇ ਇਸ ਕਾਨਫ਼ਰੰਸ ਦੇ ਖ਼ਿਲਾਫ਼ 'ਜਹਾਦ' ਜਿਹਾ ਖੜ੍ਹਾ ਕਰ ਲਿਆ। ਕੁਝ ਵਿਦਵਾਨਾਂ ਤੇ ਆਗੂਆਂ ਨੇ ਇਸ ਦਾ ਹੱਲ ਕੱਢਣ ਦੀ ਕੋਸ਼ਿਸ਼ ਕੀਤੀ, ਪਰ ਟੌਹੜਾ ਧੜੇ ਨੇ ਤਾਂ ਪਲਾਨਿੰਗ ਹੀ ਕੀਤੀ ਹੋਈ ਸੀ, ਇਸ ਕਰ ਕੇ ਉਹ ਕਈ ਗੱਲਾਂ ਮੰਨ-ਮੰਨ ਕੇ ਵੀ ਮੁਕਰਦੇ ਰਹੇ। ਅਕਾਲੀਆਂ ਵਿਚੋਂ ਸਿਰਫ਼ ਜਗਦੇਵ ਸਿੰਘ ਤਲਵੰਡੀ ਨੇ ਇਸ ਕਾਨਫ਼ਰੰਸ ਦੀ ਅਸਿੱਧੀ ਹਿਮਾਇਤ ਕੀਤੀ। 24 ਤਾਰੀਖ਼ ਤਕ ਹਾਲਾਤ ਇਹ ਬਣ ਗਏ ਸਨ ਕਿ ਕਨਵੈਨਸ਼ਨ ਕਰਨ ਵਾਲਿਆਂ ਕੋਲ ਇਕੱਠ ਕਰਨ ਵਾਸਤੇ ਕੋਈ ਥਾਂ ਤਕ ਵੀ ਨਹੀਂ ਸੀ। ਸ਼੍ਰੋਮਣੀ ਕਮੇਟੀ ਤੇ ਬਾਦਲ ਦਲ ਦੇ ਆਗੂਆਂ ਨੇ ਆਪਣੇ ਅਸਰ ਰਸੂਖ, ਧਮਕੀਆਂ ਅਤੇ ਡਰਾਵੇ ਨਾਲ ਦਾਰਾ ਸਟੂਡੀਓ, ਭਾਈ ਜਸਬੀਰ ਸਿੰਘ ਖੰਨਾ ਦਾ ਸੁਹਾਣਾ ਵਾਲਾ ਡੇਰਾ, ਪ੍ਰਿੰਸੀਪਲ ਬੇਦੀ ਦਾ ਸ਼ਿਵਾਲਿਕ ਪਬਲਿਕ ਸਕੂਲ, ਸਾਰੇ ਹੀ ਅਦਾਰਿਆਂ ਦੇ 'ਮਾਲਕਾਂ' ਨੂੰ ਥਾਂ ਦੇਣ ਤੋਂ ਰੋਕ ਲਿਆ। ਅਖ਼ੀਰ ਅਦਾਲਤੀ ਹੁਕਮਾਂ ਨਾਲ ਸਿਰਫ਼ ਕੁਝ ਘੰਟੇ ਪਹਿਲਾਂ ਹਾਈਕੋਰਟ ਤੋਂ ਕਾਨੂੰਨੀ ਇਜਾਜ਼ਤ ਲੈ ਕੇ ਇਹ ਕਨਵੈਨਸ਼ਨ **26 ਅਕਤੂਬਰ 2003** ਦੇ ਦਿਨ ਮੋਹਾਲੀ ਦੇ ਇਕ ਕਮਿਊਨਿਟੀ ਹਾਲ ਵਿਚ ਕੀਤੀ ਗਈ। ਇਸ ਵਿਚ ਹਜ਼ਾਰਾਂ ਸਿੱਖ (ਵਧੇਰੇ ਕਰ ਕੇ ਮਿਸ਼ਨਰੀ, ਵਿਦਵਾਨ, ਪ੍ਰਚਾਰਕ ਤੇ ਲੇਖਕ) ਸ਼ਾਮਿਲ ਹੋਏ। ਏਨੀਆਂ ਪਾਬੰਦੀਆਂ, ਧਮਕੀਆਂ, ਰੁਕਾਵਟਾਂ ਦੇ ਬਾਵਜੂਦ ਏਨੀ ਗਿਣਤੀ ਬੇਹੱਦ ਹੈਰਾਨੀ ਵਾਲੀ ਗੱਲ ਸੀ। ਇਹ ਜੋਗਿੰਦਰ ਸਿੰਘ ਵੇਦਾਂਤੀ, ਸ਼੍ਰੋਮਣੀ ਕਮੇਟੀ, ਬਾਦਲ ਅਕਾਲੀ ਦਲ ਅਤੇ ਗੁਰਚਰਨ ਸਿੰਘ ਟੌਹੜਾ ਦੀ ਜ਼ਬਰਦਸਤ ਹਾਰ ਸੀ।

27 ਅਕਤੂਬਰ

1676: ਇਕ ਸਿੱਖ ਨੇ ਔਰੰਗਜ਼ੇਬ 'ਤੇ ਹਮਲਾ ਕੀਤਾ

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਨਾਲ ਸਿੱਖਾਂ ਵਿਚ ਬੜਾ ਰੋਸ ਅਤੇ ਰੋਹ ਪੈਦਾ ਹੋਇਆ। ਸਿੱਖ ਔਰੰਗਜ਼ੇਬ ਨੂੰ ਸਜ਼ਾ ਦੇਣੀ ਚਾਹੁੰਦੇ ਸਨ; ਪਰ ਔਰੰਗਜ਼ੇਬ ਬੜੀ ਹਿਫ਼ਾਜ਼ਤ ਵਿਚ ਰਹਿੰਦਾ ਸੀ। ਇਸ ਸਕਿਉਰਿਟੀ ਦੇ ਬਾਵਜੂਦ ਤਵਾਰੀਖ਼ ਵਿਚ ਤਿੰਨ ਘਟਨਾਵਾਂ ਮਿਲਦੀਆਂ ਹਨ ਜਿਨ੍ਹਾਂ ਮੁਤਾਬਿਕ ਸਿੱਖਾਂ ਨੇ ਔਰੰਗਜ਼ੇਬ 'ਤੇ ਹਮਲਾ ਕੀਤਾ ਸੀ। 27 ਅਕਤੂਬਰ 1676 ਦੇ ਦਿਨ ਬੇਤੀ ਚੋਂ ਉਤਰਦੇ ਬਾਦਸ਼ਾਹ 'ਤੇ ਇਕ ਸਿੱਖ ਨੇ ਇੱਟਾਂ ਨਾਲ ਹਮਲਾ ਕੀਤਾ। ਇਸ ਘਟਨਾ ਦਾ ਜ਼ਿਕਰ *ਮਆਸਿਰ-ਇ-ਆਲਮਗੀਰੀ* ਦਾ ਲੇਖਕ (ਪੰਜਾਬੀ ਯੂਨੀਵਰਸਿਟੀ ਦੀ ਪੰਜਾਬੀ ਵਿਚ ਤਰਜਮਾ ਹੋਈ ਐਡੀਸ਼ਨ ਦੇ ਸਫ਼ਾ 135 'ਤੇ) ਇੰਝ ਕਰਦਾ ਹੈ:"19 ਤਾਰੀਖ਼ ਰਜਬ (ਵੀਰਵਾਰ 27 ਅਕਤੂਬਰ 1676) ਨੂੰ ਸ਼ਹਿਨਸ਼ਾਹ ਕਿਸ਼ਤੀ ਤੋਂ ਉਤਰ ਕੇ ਤਖ਼ਤ-ਇ-ਰਵਾਂ 'ਤੇ ਸਵਾਰ ਹੋ ਰਹੇ ਸਨ ਤਾਂ ਇਕ ਬਦਕਿਸਮਤ ਸਿਰ ਫਿਰੇ ਨੇ ਜੋ ਗੁਰੂ ਤੇਗ਼ ਸਿੰਘ ਦਾ ਚੇਲਾ ਸੀ, ਦੋ ਇੱਟਾਂ ਸੁੱਟੀਆਂ ਜਿਨ੍ਹਾ ਵਿਚੋਂ ਇਕ ਤਖ਼ਤ ਉਤੇ ਡਿੱਗੀ। ਜਲੌ ਦੇ ਪਿਆਦਿਆਂ ਨੇ ਉਸ ਮੰਦ ਭਾਗੇ ਨੂੰ ਕੁਤਵਾਲ ਦੇ ਹਵਾਲੇ ਕਰ ਦਿੱਤਾ।"

1688: ਗੁਰੂ ਗੋਬਿੰਦ ਸਿੰਘ ਸਾਹਿਬ ਪਾਉਂਟਾ ਤੋਂ ਚੱਕ ਨਾਨਕੀ ਵੱਲ ਚੱਲੇ

ਪਾਉਂਟਾ ਸਾਹਿਬ ਵਿਚ ਰਹਿੰਦਿਆਂ, 18 ਸਤੰਬਰ 1688 ਦੇ ਦਿਨ, ਗੜ੍ਹਵਾਲ ਦੇ ਰਾਜੇ ਫ਼ਤੇ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਸਾਹਿਬ 'ਤੇ ਹਮਲਾ ਕਰ ਦਿੱਤਾ। ਇਸ ਮੌਕੇ 'ਤੇ ਪਿੰਡ

ਭੰਗਾਣੀ ਵਿਚ ਬੜੀ ਜ਼ਬਰਦਸਤ ਜੰਗ ਹੋਈ। ਇਸ ਲੜਾਈ ਵਿਚ ਗੁਰੂ ਸਾਹਿਬ ਨੇ ਫ਼ਤਹਿ ਸ਼ਾਹ ਦੀਆਂ ਫੌਜਾਂ ਨੂੰ ਬੁਰੀ ਤਰ੍ਹਾਂ ਸ਼ਿਕਸਤ ਦਿੱਤੀ। ਇਸ ਲੜਾਈ ਵਿਚ ਕੁਝ ਸਿੱਖ ਵੀ ਸ਼ਹੀਦ ਹੋਏ।ਭੰਗਾਣੀ ਦੀ ਲੜਾਈ ਵਿਚ ਗੁਰੂ ਸਹਿਬ ਦੀ ਸ਼ਾਨਦਾਰ ਜਿੱਤ ਮਗਰੋਂ ਬਿਲਾਸਪੁਰ ਦੇ ਰਾਜੇ ਭੀਮ ਚੰਦ ਨੂੰ ਅਹਿਸਾਸ ਹੋ ਗਿਆ ਕਿ ਜੇ ਕਰ ਗੁਰੂ ਸਾਹਿਬ ਫ਼ਤਹਿ ਸ਼ਾਹ ਵਰਗੇ ਰਾਜੇ ਨੂੰ ਹਰਾ ਸਕਦੇ ਹਨ ਤਾਂ ਉਨ੍ਹਾਂ ਦੀ ਫ਼ੌਜੀ ਤਾਕਤ ਦਾ ਫ਼ਾਇਦਾ ਉਠਾਉਣਾ ਚਾਹੀਦਾ ਹੈ। ਜੇ ਗੁਰੂ ਜੀ ਮੇਰੀ ਰਿਆਸਤ ਦੇ ਨੇੜੇ ਰਹੇ ਤਾਂ ਮੇਰੀ ਵੀ ਹਿਫ਼ਾਜ਼ਤ ਰਹੇਗੀ। ਇਸ ਖਿਆਲ ਨਾਲ ਉਹ ਹੁਣ ਮੁੜ ਗੁਰੂ ਸਾਹਿਬ ਦੇ ਨੇੜੇ ਆਉਣਾ ਚਾਹੁੰਦਾ ਸੀ। ਇਹ ਸੋਚ ਕੇ ਉਸ ਨੇ ਆਪਣੀ ਮਾਤਾ ਨੂੰ ਅਰਜ਼ ਕੀਤੀ ਕਿ ਉਹ ਗੁਰੂ ਸਾਹਿਬ ਨੂੰ ਖ਼ਤ ਲਿਖ ਕੇ 'ਚੱਕ ਨਾਨਕੀ' ਵਾਪਿਸ ਬੁਲਾ ਲਵੇ। ਇਸ 'ਤੇ ਬਿਲਾਸਪੁਰ ਦੀ ਰਾਣੀ ਚੰਪਾ ਨੇ ਕਈ ਖ਼ਤ ਲਿਖ ਕੇ ਗੁਰੂ ਸਾਹਿਬ ਨੇ ਅਰਜ਼ ਕੀਤੀ ਸੀ ਕਿ ਉਹ ਉਸ ਦੀ ਰਿਆਸਤ ਵਿਚ ਵਾਪਿਸ ਆ ਕੇ ਮੁੜ ਰੌਣਕਾਂ ਕਾਇਮ ਕਰਨ। ਪਾਉਂਟਾ ਸਾਹਿਬ ਵਿਚ ਹਾਜ਼ਰ ਸਿੰਘਾਂ ਨਾਲ ਵਿਚਾਰ ਕਰ ਕੇ ਗੁਰੂ ਸਾਹਿਬ ਨੇ ਚੱਕ ਨਾਨਕੀ ਜਾਣ ਦਾ ਫ਼ੈਸਲਾ ਕਰ ਲਿਆ। ਨਾਹਨ ਦੇ ਰਾਜੇ ਨੇ ਬੜੀ ਕੋਸ਼ਿਸ਼ ਕੀਤੀ ਕਿ ਗੁਰੂ ਜੀ ਨਾਹਨ ਰਿਆਸਤ 'ਚੋਂ ਨਾ ਜਾਣ ਪਰ ਆਪ ਨੇ ਉਸ ਨੂੰ ਦਿਲਾਸਾ ਦਿੱਤਾ ਤੇ ਤਿਆਰੀ ਸ਼ੁਰੂ ਕਰ ਦਿੱਤੀ। ਆਪ 27 ਅਕਤੂਬਰ 1688 ਦੇ ਦਿਨ ਪਾਉਂਟਾ ਸਾਹਿਬ ਤੋਂ ਚੱਲ ਪਏ ਅਤੇ ਕਪਾਲ ਮੋਚਨ, ਲਾਹੜਪੁਰ, ਟੋਕਾ, ਦਾਬਰਾ, ਰਾਣੀ ਦਾ ਰਾਇਪੁਰ, ਢਕੋਲੀ, ਨਾਢਾ, ਮਨੀਮਾਜਰਾ, ਕੋਟਲਾ ਨਿਹੰਗ, ਘਨੌਲਾ, ਬੁੰਗਾ, ਅਟਾਰੀ, ਕੀਰਤਪੁਰ[8] ਹੁੰਦੇ ਹੋਏ ਨਵੰਬਰ ਦੇ ਅੱਧ ਵਿਚ ਚੱਕ ਨਾਨਕੀ (ਹੁਣ ਅਨੰਦਪੁਰ ਸਾਹਿਬ) ਪਹੁੰਚ ਗਏ।

1761: ਸਰਬਤ ਖਾਲਸਾ ਨੇ ਹਰਭਗਤ ਨਿਰੰਜਨੀਏ ਨੂੰ ਸੋਧਣ ਅਤੇ ਲਾਹੌਰ 'ਤੇ ਹਮਲੇ ਦਾ ਗੁਰਮਤਾ ਕੀਤਾ

ਲਾਹੌਰ ਸ਼ਹਿਰ, ਪਿਛਲੇ ਸੱਤ ਸੌ ਸਾਲ ਤੋਂ, ਵਿਦੇਸ਼ੀ ਧਾੜਵੀਆਂ ਦੇ ਕਬਜ਼ੇ ਵਿਚ ਸੀ। ਕਦੇ ਇਸ 'ਤੇ ਕਦੇ ਗ਼ੌਰੀ ਕਾਬਜ਼ ਰਹੇ, ਕਦੇ ਗ਼ੁਲਾਮ, ਕਦੇ ਖਲਜੀ, ਕਦੇ ਤੁਗ਼ਲਕ, ਕਦੇ ਲੋਧੀ, ਕਦੇ ਮੁਗ਼ਲ ਤੇ ਕਦੇ ਅਫ਼ਗ਼ਾਨ। ਇਸ ਨੂੰ ਸਤੰਬਰ 1761 ਵਿਚ ਪਹਿਲੀ ਵਾਰੀ ਸਿੱਖਾਂ ਨੇ ਹੀ ਆਜ਼ਾਦ ਕਰਵਾਇਆ ਸੀ। ਲਾਹੌਰ 'ਤੇ ਸਿੱਖਾਂ ਦੇ ਕਬਜ਼ੇ ਮਗਰੋਂ ਜੱਸਾ ਸਿੰਘ ਨੇ ਜਲੰਧਰ-ਦੋਆਬ ਵਿੱਚੋਂ ਅਫ਼ਗ਼ਾਨ ਫ਼ੌਜਦਾਰਾਂ ਸੱਦਾਤ ਖ਼ਾਨ ਤੇ ਸਦੀਕ ਬੇਗ਼ ਨੂੰ ਵੀ ਭਜਾ ਦਿੱਤਾ। ਮਿਸਕੀਨ ਦੇ ਕਹਿਣ ਮੁਤਾਬਿਕ "ਸਿੱਖਾਂ ਨੇ ਉਨ੍ਹਾਂ ਨੂੰ ਇੰਞ ਕੱਢ ਕੇ ਸੁੱਟ ਦਿਤਾ ਸੀ ਜਿਵੇਂ ਦੁੱਧ 'ਚੋਂ ਮੱਖੀ ਕੱਢ ਕੇ ਸੁੱਟ ਦਿਤੀ ਜਾਦੀ ਹੈ।" ਕਾਂਗੜੇ ਦੇ ਹਿੰਦੂ ਰਾਜਾ ਘੁਮੰਡ ਚੰਦ ਕਟੋਚ ਨੇ ਇਨ੍ਹਾਂ ਦਿਨਾਂ ਵਿਚ 4000 ਸਿਪਾਹੀਆਂ ਦੀ ਨਵੀਂ ਭਰਤੀ ਕੀਤੀ ਹੋਈ ਸੀ ਜਿਸ ਵਿਚ ਰੁਹੀਲੇ, ਅਫ਼ਗ਼ਾਨ ਤੇ ਰਾਜਪੂਤ ਸ਼ਾਮਿਲ ਸਨ ਤੇ ਉਹ ਇਨ੍ਹਾਂ ਨੂੰ ਵੀਹ ਰੁਪੈ ਘੋੜਸਵਾਰ ਤੇ ਪੰਜ ਰੁਪੈ ਪੈਦਲ ਸਿਪਾਹੀ ਤਨਖ਼ਾਹ ਦੇ ਰਿਹਾ ਸੀ। ਪਰ ਘੁਮੰਡ ਚੰਦ ਤਾਂ ਜਲੰਧਰ-ਦੋਆਬ ਵਿਚ ਅਫ਼ਗ਼ਾਨਾਂ ਦੀ ਹਾਰ ਵੇਖ ਕੇ ਡਰਦਾ-ਮਾਰਾ, ਬਿਨਾਂ ਲੜਿਓਂ, ਚੁਪ-ਚਾਪ ਪਹਾੜਾਂ ਨੂੰ ਭੱਜ ਗਿਆ। ਹੁਣ ਮਾਝੇ ਤੇ ਦੁਆਬੇ ਦਾ ਬਹੁਤਾ ਹਿੱਸਾ ਸਿੱਖਾਂ ਦੀ ਕਮਾਂਡ ਹੇਠ ਸੀ। ਪਟਿਆਲਾ, ਬਰਨਾਲਾ ਵਗ਼ੈਰਾ ਵਿਚ ਪਹਿਲਾਂ ਹੀ ਆਲਾ ਸਿੰਘ ਖ਼ਾਨਦਾਨ ਦੀ ਹਕੂਮਤ ਕਾਇਮ ਹੋ ਚੁਕੀ ਸੀ। ਇਨ੍ਹਾਂ ਹਾਲਤਾਂ ਵਿਚ, 27 ਅਕਤੂਬਰ 1761 ਦੇ ਦਿਨ, ਸਰਬੱਤ ਖਾਲਸਾ ਦਾ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਇਕੱਠ ਵਿਚ ਗੁਰਮਤਾ ਕੀਤਾ ਗਿਆ ਕਿ ਜੰਡਿਆਲੇ ਦੇ ਹੰਦਾਲੀਏ ਆਕਲ ਦਾਸ (ਹਰਭਗਤ) ਨਿਰੰਜਨੀਆ (ਜੋ ਮੁਗ਼ਲਾਂ ਅਤੇ ਅਫ਼ਗ਼ਾਨਾਂ ਦਾ ਸਭ ਤੋਂ ਵੱਡਾ ਏਜੰਟ ਸੀ), ਕਸੂਰ ਦੇ ਖੇਸ਼ਗੀ ਅਤੇ ਮਲੇਰਕੋਟਲੀਆਂ (ਦੋਵੇਂ ਸਿੱਖ ਦੁਸ਼ਮਣ

ਪਠਾਣ ਰਿਆਸਤਾਂ), ਦੇ ਜ਼ੈਨ ਖ਼ਾਨ (ਅਹਿਮਦ ਸ਼ਾਹ ਦੇ ਸੂਬੇਦਾਰ) ਤੇ ਹੋਰ ਸਿੱਖ ਦੁਸ਼ਮਣਾਂ ਨੂੰ ਸੌਂਪਿਆ ਜਾਵੇ।

1969: ਜਥੇਦਾਰ ਦਰਸ਼ਨ ਸਿੰਘ ਫੇਰੂਮਾਨ 74 ਦਿਨ ਦੀ ਭੁੱਖ ਹੜਤਾਲ ਮਗਰੋਂ ਸ਼ਹੀਦ ਹੋ ਗਏ

1960, 1961 ਤੇ 1965 ਵਿਚ ਕੁਝ ਅਕਾਲੀ ਆਗੂਆਂ (ਫਤਹ ਸਿੰਘ-ਮਾਸਟਰ ਤਾਰਾ ਸਿੰਘ-ਸੰਪੂਰਨ ਸਿੰਘ ਰਾਮਾ-ਚੈਨਣ ਸਿੰਘ-ਉਮਰਾਨੰਗਲ-ਸ਼ਰੀਂਹ ਵਗ਼ੈਰਾ) ਵੱਲੋਂ ਮਰਨ ਵਰਤ ਰੱਖ ਕੇ ਛੱਡ ਦੇਣ ਦੀ ਬਦਨਾਮੀ ਮਗਰੋਂ ਪੁਰਾਣੇ ਅਕਾਲੀ, ਬਾਅਦ ਵਿਚ ਕਾਂਗਰਸੀ ਬਣੇ ਅਤੇ 1969 ਵਿਚ ਸੁਤੰਤਰ ਪਾਰਟੀ ਦੇ ਆਗੂ, ਦਰਸ਼ਨ ਸਿੰਘ ਫੇਰੂਮਾਨ ਨੇ ਚੰਡੀਗੜ੍ਹ ਤੇ ਹੋਰ ਮੰਗਾਂ ਦੇ ਨਾਲ-ਨਾਲ ਸਿੱਖ ਧਰਮ ਉੱਤੇ ਅਕਾਲੀਆਂ ਵੱਲੋਂ ਵਰਤ ਛੱਡਣ ਨਾਲ ਲੱਗੇ 'ਕਲੰਕ' ਨੂੰ ਲਾਹੁਣ ਵਾਸਤੇ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ। ਦਰਸ਼ਨ ਸਿੰਘ ਫੇਰੂਮਾਨ ਦੇ ਮਰਨ ਵਰਤ ਦਾ ਐਲਾਨ ਕਰਨ 'ਤੇ ਉਸ ਨੂੰ ਪੰਜਾਬ ਦੀ ਅਕਾਲੀ ਸਰਕਾਰ ਨੇ 12 ਅਗਸਤ ਨੂੰ ਗ੍ਰਿਫ਼ਤਾਰ ਕਰ ਕੇ ਸੈਂਟਰਲ ਜੇਲ੍ਹ ਅੰਮ੍ਰਿਤਸਰ ਵਿਚ ਭੇਜ ਦਿੱਤਾ। ਦਰਸ਼ਨ ਸਿੰਘ ਫੇਰੂਮਾਨ ਨੇ ਐਲਾਨ ਮੁਤਾਬਿਕ 15 ਅਗਸਤ 1969 ਨੂੰ ਜੇਲ੍ਹ ਵਿਚ ਹੀ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ। 25 ਸਤੰਬਰ 1969 ਨੂੰ ਜਦੋਂ ਫੇਰੂਮਾਨ ਦਾ ਮਰਨ ਵਰਤ 42ਵੇਂ ਦਿਨ ਵਿਚ ਦਾਖ਼ਲ ਹੋ ਚੁੱਕਾ ਸੀ ਤਾਂ ਗੁਰਨਾਮ ਸਿੰਘ ਦੀ ਪ੍ਰਧਾਨਗੀ ਹੇਠ ਸਰਬ-ਪਾਰਟੀ ਕਾਨਫ਼ਰੰਸ ਚੰਡੀਗੜ੍ਹ ਵਿਚ ਹੋਈ ਜਿਸ ਨੇ ਕੇਂਦਰ ਤੋਂ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਿਲ ਕਰਨ ਦੀ ਮੰਗ ਕੀਤੀ। 28 ਸਤੰਬਰ ਨੂੰ ਸੱਤ ਪਾਰਟੀਆਂ ਦੇ 60 ਐਮ.ਐਲ.ਏਜ਼. ਨੇ ਪਾਰਲੀਮੈਂਟ ਦੇ ਬਾਹਰ ਚੰਡੀਗੜ੍ਹ ਵਾਸਤੇ ਧਰਨਾ ਮਾਰਿਆ। ਸਾਰੀਆਂ ਪਾਰਟੀਆਂ ਵੱਲੋਂ ਗਿਆਨੀ ਭੂਪਿੰਦਰ ਸਿੰਘ ਨੂੰ ਫੇਰੂਮਾਨ ਨੂੰ ਮਿਲ ਕੇ ਵਰਤ ਛੱਡਣ ਦੀ ਅਪੀਲ ਕਰਨ ਵਾਸਤੇ ਭੇਜਿਆ ਗਿਆ। ਪਹਿਲੀ ਅਕਤੂਬਰ 1969 ਨੂੰ ਜਦੋਂ ਵਰਤ ਨੂੰ 47ਵਾਂ ਦਿਨ ਸੀ ਗਿਆਨੀ ਭੂਪਿੰਦਰ ਸਿੰਘ ਫੇਰੂਮਾਨ ਨੂੰ ਮਿਲਿਆ ਅਤੇ ਵਰਤ ਛੱਡਣ ਦੀ ਅਪੀਲ ਕੀਤੀ। ਫੇਰੂਮਾਨ ਨੇ ਭੂਪਿੰਦਰ ਸਿੰਘ ਨੂੰ ਜਵਾਬ ਦਿੱਤਾ, ''ਤੁਸੀਂ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਰਹੇ ਹੋ। ਤੁਹਾਨੂੰ ਸਿੱਖ ਦੀ ਅਰਦਾਸ ਦਾ ਮਤਲਬ ਤੇ ਮਹਾਨਤਾ ਜਾਣਨੀ ਚਾਹੀਦੀ ਹੈ। ਮੈਂ ਤਾਂ ਚੰਡੀਗੜ੍ਹ ਮਿਲਣ 'ਤੇ ਹੀ ਮਰਨ ਵਰਤ ਛੱਡਾਂਗਾ।'' 12 ਅਕਤੂਬਰ ਨੂੰ ਹਰਿਆਣੇ ਦੇ ਉਦੈ ਸਿੰਘ ਮਾਨ ਨੇ ਆਪਣਾ ਵਰਤ ਛੱਡ ਦਿੱਤਾ ਪਰ ਫੇਰੂਮਾਨ ਨੇ ਸਭ ਅਪੀਲਾਂ ਠੁਕਰਾ ਦਿੱਤੀਆਂ। 11 ਅਕਤੂਬਰ ਨੂੰ ਫੇਰੂਮਾਨ ਤੋਂ ਪੁਲੀਸ ਦਾ ਪਹਿਰਾ ਵੀ ਹਟਾ ਲਿਆ ਤੇ ਸਾਰੇ ਮੁਕੱਦਮੇ ਵਾਪਸ ਲੈ ਲਏ ਗਏ। ਮਰਨ ਵਰਤ ਦੇ 74ਵੇਂ ਦਿਨ, 27 ਅਕਤੂਬਰ 1969 ਦੇ ਦਿਨ ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਚੜ੍ਹਾਈ ਕਰ ਗਿਆ ਅਤੇ ਅਕਾਲੀ ਆਗੂਆਂ ਦੀ ਮਰਨ ਵਰਤ ਤੋਂ ਭੱਜਣ ਦੀ ਬੁਜ਼ਦਿਲੀ ਦਾ ਦਾਗ਼ ਮਿਟਾ ਗਿਆ।

1987: ਅਮਰੀਕ ਸਿੰਘ ਕੋਟ ਸੰਤੋਖ ਰਾਏ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 27 ਅਕਤੂਬਰ 1987 ਦੇ ਦਿਨ ਅਮਰੀਕ ਸਿੰਘ* (ਪੁੱਤਰ ਦਲੀਪ ਸਿੰਘ, ਕੋਟ ਸੰਤੋਖ ਰਾਏ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ। *(*ਅਮਰੀਕ ਸਿੰਘ ਦਾ ਭਰਾ ਕੁਲਵੰਤ ਸਿੰਘ 6 ਅਪਰੈਲ 90 ਦੇ ਦਿਨ ਸ਼ਹੀਦ ਹੋ ਚੁਕਾ ਸੀ)।*

1989: ਸੁਖਦੇਵ ਸਿੰਘ ਬਬਰ ਤਰਸਿਕਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

27 ਅਕਤੂਬਰ 1989 ਦੇ ਦਿਨ ਪੰਜਾਬ ਪੁਲਸ ਨੇ ਸੁਖਦੇਵ ਸਿੰਘ ਬਬਰ (ਪੁੱਤਰ ਪਿਆਰਾ ਸਿੰਘ, ਵਾਸੀ ਤਰਸਿਕਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਅਮਰ ਸਿੰਘ ਆਲੋ ਹਰਖ ਤੇ ਨਰਿੰਦਰ ਸਿੰਘ ਦਬੁਰਜੀ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 27 ਅਕਤੂਬਰ 1991 ਦੇ ਦਿਨ ਅਮਰ ਸਿੰਘ (ਪੁੱਤਰ ਹਰਚੰਦ ਸਿੰਘ, ਵਾਸੀ ਆਲੋ ਹਰਖ, ਸੰਗਰੂਰ), ਨਰਿੰਦਰ ਸਿੰਘ ਉਰਫ਼ ਬਾਵੂ (ਪੁੱਤਰ ਹੰਸਾ ਸਿੰਘ, ਵਾਸੀ ਦਬੁਰਜੀ, ਦੀਨਾਨਗਰ, ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1992: ਹਰਦੀਪ ਸਿੰਘ ਧਰਮਕੋਟ ਰੰਧਾਵਾ, ਸੁਖਵਿੰਦਰ ਸਿੰਘ ਮਲ੍ਹੀ ਅਤੇ 7 ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 27 ਅਕਤੂਬਰ 1992 ਦੇ ਦਿਨ ਹਰਦੀਪ ਸਿੰਘ (ਪੁੱਤਰ ਗੋਪਾਲ ਸਿੰਘ, ਵਾਸੀ ਧਰਮਕੋਟ ਰੰਧਾਵਾ, ਗੁਰਦਾਸਪੁਰ), ਸੁਖਵਿੰਦਰ ਸਿੰਘ ਮਲ੍ਹੀ ਅਤੇ 7 ਹੋਰ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

28 ਅਕਤੂਬਰ

1708: ਬਾਦਸ਼ਾਹ ਬਹਾਦਰ ਸ਼ਾਹ ਅਜੀਤ ਸਿੰਘ ਪਾਲਿਤ ਨੂੰ ਖਿੱਲਤ ਦਿੱਤੀ

ਪੰਜ ਅਕਤੂਬਰ 1708 ਦੀ ਸ਼ਾਮ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸੁੱਤਿਆਂ ਜਮਸ਼ੈਦ ਖ਼ਾਨ ਪਠਾਣ ਨੇ ਉਨ੍ਹਾਂ 'ਤੇ ਹਮਲਾ ਕਰ ਦਿਤਾ ਤੇ ਜਮਧਾਰ (ਕਟਾਰ) ਦੇ ਤਿੰਨ ਵਾਰ ਕਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿਤਾ। ਬੇਹੱਦ ਜ਼ਖ਼ਮੀ ਹੋਣ ਦੇ ਬਾਵਜੂਦ ਗੁਰੂ ਸਾਹਿਬ ਨੇ ਪਰਤਵਾਂ ਵਾਰ ਕਰ ਕੇ ਜਮਸ਼ੈਦ ਖ਼ਾਨ ਨੂੰ ਥਾਂਏਂ ਮਾਰ ਦਿਤਾ। ਗੁਰੂ ਸਾਹਿਬ ਆਪ ਵੀ ਇਨ੍ਹਾਂ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ 6-7 ਅਕਤੂਬਰ ਦੀ ਰਾਤ ਨੂੰ ਜੋਤੀ-ਜੋਤਿ ਸਮਾ ਗਏ। ਉਨ੍ਹਾਂ ਦਾ ਸਸਕਾਰ 7 ਅਕਤੂਬਰ ਦੀ ਸ਼ਾਮ ਨੂੰ ਗੋਦਾਵਰੀ ਦਰਿਆ ਦੇ ਕੰਢੇ ਕਰ ਦਿਤਾ ਗਿਆ। 28 ਅਕਤੂਬਰ 1708 ਦੇ ਦਿਨ ਔਰੰਗਜ਼ੇਬ ਨੇ ਅਜੀਤ ਸਿੰਘ ਪਾਲਿਤ ਨੂੰ ਗੁਰੂ ਸਾਹਿਬ ਦੇ ਮੁਤਬੰਨੇ ਪੁੱਤਰ ਵਜੋਂ ਆਪਣੇ ਦਰਬਾਰ ਵਿਚ ਖਿੱਲਤ ਭੇਂਟ ਕੀਤੀ ਸੀ। ਇਸ ਬਾਰੇ ਇਕ ਐਂਟਰੀ *ਅਖ਼ਬਾਰਾਤ-ਇ-ਦਰਬਾਰ-ਇ-ਮੁਅੱਲਾ* ਵਿਚ ਮਿਲਦੀ ਹੈ। ਇਸ ਐਂਟਰੀ ਵਿਚ ਇਹ ਵੀ ਜ਼ਕਰ ਹੈ ਕਿ ਜਦ ਇਕ ਦਰਬਾਰੀ ਨੇ ਬਹਾਦਰ ਸ਼ਾਹ ਨੂੰ ਪੁੱਛਿਆ ਕਿ ਗੁਰੂ ਸਾਹਿਬ ਦੇ ਖ਼ਜ਼ਾਨੇ, ਉਨ੍ਹਾਂ ਦੀ ਜਾਇਦਾਦ ਤੇ ਹੋਰ ਅਸਬਾਬ (ਨੂੰ ਜ਼ਬਤ ਕਰਨ ਬਾਰੇ) ਬਾਰੇ ਕੀ ਹੁਕਮ ਹੈ ਤਾਂ ਉਸ ਨੇ ਕਿਹਾ ਕਿ 'ਦਰਵੇਸ਼ਾਂ ਦੀ ਜਾਇਦਾਦ ਵਿਚ ਕੋਈ ਦਖ਼ਲ ਨਾ ਦਿੱਤਾ ਜਾਵੇ।'

1978: ਲੁਧਿਆਣਾ ਵਿਚ ਅਕਾਲੀ ਕਾਨਫ਼ਰੰਸ ਵਿਚ 5 ਲੱਖ ਤੋਂ ਵਧ ਸਿੱਖ ਸ਼ਾਮਿਲ ਹੋਏ

28 ਅਕਤੂਬਰ 1978 ਦੇ ਦਿਨ ਲੁਧਿਆਣਾ ਵਿਚ 18ਵੀਂ ਅਕਾਲੀ ਕਾਨਫ਼ਰੰਸ ਹੋਈ। ਕਿਉਂ ਕਿ ਅਕਾਲੀ ਪਾਰਟੀ ਦੀ ਸਰਕਾਰ ਸੀ ਇਸ ਕਰ ਕੇ ਇਸ ਮੌਕੇ ਤੇ ਬਹੁਤ ਵੱਡਾ ਇਕੱਠ ਹੋਇਆ ਜਿਸ ਵਿਚ 5 ਲੱਖ ਤੋਂ ਵਧ ਲੋਕਾਂ ਨੇ ਸ਼ਮੂਲੀਅਤ ਕੀਤੀ; ਇਸ ਮੌਕੇ 'ਤੇ 1929 (ਲਾਹੌਰ) ਅਤੇ 1956 (ਅੰਮ੍ਰਿਤਸਰ) ਦੇ ਜਲੂਸਾਂ ਵਾਂਗ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸਵਾਗਤੀ ਕਮੇਟੀ ਦੇ ਪ੍ਰਧਾਨ ਸ. ਸੁਰਜਨ ਸਿੰਘ ਠੇਕੇਦਾਰ ਦਾ ਹਾਥੀ 'ਤੇ ਬਿਠਾ ਕੇ ਜਲੂਸ ਕੱਢਿਆ ਗਿਆ। ਇਸ ਕਾਨਫ਼ਰੰਸ ਵਿਚ ਅਨੰਦਪੁਰ ਸਾਹਿਬ ਦੇ ਮਤੇ ਦੇ ਅਧਾਰ 'ਤੇ 12 ਮਤੇ ਪਾਸ ਕੀਤੇ ਗਏ ਅਤੇ ਨਾਲ ਹੀ ਨਿਰੰਕਾਰੀਆਂ ਦੀਆਂ ਕਿਤਾਬਾਂ 'ਤੇ ਪਾਬੰਦੀ ਦੀ ਮੰਗ ਵੀ ਕੀਤੀ ਗਈ।

1979: ਯੂ. ਪੀ. ਸਰਕਾਰ ਨੇ ਮੇਰਠ ਦਾ ਗੁਰਦੁਆਰਾ ਸੀਲ ਕੀਤਾ

1977 ਵਿਚ ਜਨਤਾ ਪਾਰਟੀ ਨੇ ਸਰਕਾਰ ਬਣਾਈ। ਸੈਂਟਰ ਵਿਚ ਅਕਾਲੀ ਪਾਰਟੀ ਦੀ ਸਰਕਾਰ ਵਿਚ ਸ਼ਮੂਲੀਅਤ ਸੀ। ਪਰ ਇਸ ਸਮੇਂ ਯੂ.ਪੀ. ਵਿਚ ਇਕ ਫ਼ਿਰਕਾਪ੍ਰਸਤ ਹਿੰਦੂ ਚੌਧਰੀ ਚਰਨ ਸਿੰਘ ਦੇ ਗਰੁਪ ਦੀ ਹਕੂਮਤ ਸੀ। ਅਕਾਲੀਆਂ ਨਾਲ ਭਾਈਵਾਲੀ ਹੋਣ ਦੇ ਬਾਵਜੂਦ ਪੁਲੀਸ ਨੇ ਝਗੜੇ ਦਾ ਬਹਾਨਾ ਲਾ ਕੇ 28 ਅਕਤੂਬਰ 1979 ਨੂੰ ਮੇਰਠ ਦੇ ਇਕ ਗੁਰਦਵਾਰੇ ਨੂੰ ਸੀਲ ਕਰ ਦਿੱਤਾ ਅਤੇ ਇਸ ਉੱਤੇ ਕਬਜ਼ਾ ਕਰ ਲਿਆ। ਇਸ ਦੇ ਖ਼ਿਲਾਫ਼ ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਦਲ ਖਾਲਸਾ ਅਤੇ ਡਾਕਟਰ ਰਾਜਿੰਦਰ ਕੌਰ ਦੇ ਇਸਤਰੀ ਅਕਾਲੀ ਦਲ ਨੇ ਮੋਰਚਾ ਲਾ ਦਿੱਤਾ ਪਰ ਅਕਾਲੀ ਦਲ ਨੇ ਕੁਝ ਨਾ ਕੀਤਾ (ਉੱਦ ਅਕਾਲੀ ਦਲ ਆਪਣੇ ਆਪ ਨੂੰ ਪੰਥਕ ਹਿਤਾਂ ਦਾ ਪਹਿਰੇਦਾਰ ਕਹਿੰਦਾ ਸੀ)।

1990: ਮੰਗਰਾਜ ਸਿੰਘ ਖੁਜਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 28 ਅਕਤੂਬਰ 1990 ਦੇ ਦਿਨ ਮੰਗਰਾਜ ਸਿੰਘ ਉਰਫ਼ ਮੰਗਲ ਸਿੰਘ (ਵਾਸੀ ਖੁਜਾਲਾ, ਨੇੜੇ ਊਧਨਵਾਲ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1992: ਰਘੂਵੀਰ ਸਿੰਘ ਗੋਸਲਾਂ, ਪ੍ਰਤਾਪ ਸਿੰਘ ਪੰਡੋਰੀ, ਰਣਜੀਤ ਸਿੰਘ ਰਾਣਾ ਤੇ 3 ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 28 ਅਕਤੂਬਰ 1992 ਦੇ ਦਿਨ ਰਘੂਵੀਰ ਸਿੰਘ (ਪੁੱਤਰ ਬੰਤ ਸਿੰਘ, ਵਾਸੀ ਗੋਸਲਾਂ, ਜ਼ਿਲ੍ਹਾ ਰੋਪੜ), ਪ੍ਰਤਾਪ ਸਿੰਘ (ਪੁੱਤਰ ਚਰਨ ਸਿੰਘ, ਵਾਸੀ ਪੰਡੋਰੀ), ਰਣਜੀਤ ਸਿੰਘ ਰਾਣਾ ਤੇ 3 ਹੋਰ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

29 ਅਕਤੂਬਰ

1933: ਪ੍ਰਤਾਪ ਸਿੰਘ ਸ਼ੰਕਰ ਸ਼੍ਰੋਮਣੀ ਕਮੇਟੀ ਦਾ ਪਧਾਨ ਬਣਿਆ

29 ਅਕਤੂਬਰ 1933 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਹੋਈ; ਇਸ ਵਿਚ ਪ੍ਰਤਾਪ ਸਿੰਘ ਸ਼ੰਕਰ ਪ੍ਰਧਾਨ ਚੁਣਿਆ ਗਿਆ (ਮਗਰੋਂ ਪ੍ਰਤਾਪ ਸਿੰਘ ਸ਼ੰਕਰ ਦਾ ਪੁਤਰ ਸਵਰਨ ਸਿੰਘ ਸੈਂਟਰ ਵਿਚ ਵਜ਼ੀਰ ਵੀ ਬਣਿਆ)।

1977: ਗੁਰੂ ਗ੍ਰੰਥ ਸਾਹਿਬ ਦੇ ਟੀਕਾਕਾਰ ਪ੍ਰੋ ਸਾਹਿਬ ਸਿੰਘ ਚੜ੍ਹਾਈ ਕਰ ਗਏ

ਸਿੱਖ ਮਿਸ਼ਨਰੀ ਲਹਿਰ ਦੇ ਇਕ ਤਰ੍ਹਾਂ ਨਾਲ ਮੋਢੀ, ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨ ਵਾਲੇ, ਗੁਰਬਾਣੀ ਅਤੇ ਸਿੱਖ ਤਵਾਰੀਖ਼ ਦੇ ਮਾਹਿਰ ਸਿੱਖ ਮਿਸ਼ਨਰੀ ਕਾਲਜ ਦੇ ਸਾਬਕਾ ਪ੍ਰਿੰਸੀਪਲ ਸਾਹਿਬ ਸਿੰਘ 29 ਅਕਤੂਬਰ 1977 ਦੇ ਦਿਨ ਆਪਣਾ ਦੁਨਿਆਵੀ ਸਫ਼ਰ ਪੂਰਾ ਕਰ ਕੇ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। 16 ਫ਼ਰਵਰੀ 1894 ਨੂੰ ਭਾਈ ਹੀਰਾ ਨੰਦ ਦੇ ਘਰ ਨੱਥੂ ਰਾਮ ਵਜੋਂ ਪਿੰਡ ਬੱਪਲ (ਜ਼ਿਲ੍ਹਾ ਸਿਆਲਕੋਟ) ਵਿਚ ਜਨਮੇ ਪ੍ਰੋ ਸਾਹਿਬ ਸਿੰਘ ਨੇ 12 ਸਾਲ ਦੀ ਉਮਰ ਵਿਚ ਸਿੱਖ ਧਰਮ ਧਾਰਨ ਕੀਤਾ ਸੀ। ਆਪ 23 ਸਾਲ ਦੀ ਉਮਰ ਵਿਚ ਗੁਜਰਾਂਵਾਲਾ ਖਾਲਸਾ ਕਾਲਜ ਵਿਚ ਸੰਸਕ੍ਰਿਤ ਦੇ ਲੈਕਚਰਾਰ ਬਣੇ। ਜਦ ਅਕਾਲੀ ਲਹਿਰ ਸ਼ੁਰੂ ਹੋਈ ਤਾਂ ਆਪ 1921 ਵਿਚ ਇਸ ਦੇ ਸਕੱਤਰ ਬਣ ਗਏ। 13 ਅਕਤੂਬਰ 1923 ਦੇ ਦਿਨ ਆਪ ਨੂੰ ਬਾਕੀ ਅਕਾਲੀਆਂ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ। ਆਪ ਜਨਵਰੀ 1926 ਵਿਚ ਰਿਹਾ ਹੋਏ। 1929 ਵਿਚ ਆਪ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਲੈਕਚਰਾਰ ਬਣੇ ਜਿਥੋਂ 1929 ਵਿਚ ਰਿਟਾਇਰ ਹੋਏ। ਇਸ ਮਗਰੋਂ ਆਪ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ

ਬਣਾਏ ਗਏ। 1971 ਵਿਚ ਆਪ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਦਿੱਤੀ ਗਈ। ਆਪ ਨੇ 30 ਦੇ ਕਰੀਬ ਕਿਤਾਬਾਂ ਦੀ ਰਚਨਾ ਕੀਤੀ ਜਿਨ੍ਹ ਵਿਚ ਪੂਰੇ ਗੁਰੂ ਗ੍ਰੰਥ ਸਾਹਿਬ ਦਾ ਟੀਕਾ, ਗੁਰਬਾਣੀ ਵਿਆਕਰਣ ਅਤੇ ਲੇਖਾਂ ਤੇ ਤਵਾਰੀਖ਼ ਦੀਆਂ ਕਿਤਾਬਾਂ ਸ਼ਾਮਿਲ ਹਨ।

1982: ਜਲੰਧਰ ਵਿਚ ਗੁਰੂ ਨਾਨਕ ਪੁਰਬ ਦੇ ਜਲੂਸ 'ਤੇ ਬੰਬ ਸੁਟ ਕੇ 10 ਸਿੱਖ ਜ਼ਖ਼ਮੀ ਕੀਤੇ

ਪੰਜਾਬ ਵਿਚ ਹਿੰਦੂ ਸੁਰਖਸ਼ਾ ਸੰਮਤੀ ਬਣਨ ਮਗਰੋਂ ਦਹਿਸ਼ਤਗਰਦੀ ਦੀਆਂ ਘਟਨਾਵਾਂ ਵਿਚ ਭਰਪੂਰ ਵਾਧਾ ਹੋਇਆ। ਪਟਿਆਲਾ, ਜਲੰਧਰ, ਲੁਧਿਆਣਾ, ਅੰਮ੍ਰਿਤਸਰ ਵਗ਼ੈਰਾ ਵਿਚ ਸਿੱਖਾਂ 'ਤੇ ਹਮਲੇ ਹੋਣਾ ਇਕ ਆਮ ਦੀ ਕਾਰਵਾਈ ਬਣ ਗਈ ਸੀ। ਇਸੇ ਲੜੀ ਵਿਚ 29 ਅਕਤੂਬਰ 1982 ਦੇ ਦਿਨ ਜਲੰਧਰ 'ਚ ਗੁਰੂ ਨਾਨਕ ਸਾਹਿਬ ਦੇ ਪੁਰਬ ਦੇ ਸਬੰਧ ਵਿਚ ਜਲੂਸ ਕੱਢਿਆ ਗਿਆ; ਇਸ ਮੌਕੇ 'ਤੇ ਕੁਝ ਅਣਪਛਾਤੇ ਹਿੰਦੂਆਂ ਨੇ ਬੰਬ ਸੁਟ ਕੇ 10 ਸਿੱਖਾਂ ਨੂੰ ਜ਼ਖ਼ਮੀ ਕਰ ਦਿੱਤਾ, ਜਿਨ੍ਹਾ ਵਿਚੋਂ ਕਈਆਂ ਨੂੰ ਬਹੁਤ ਗੰਭੀਰ ਜ਼ਖ਼ਮ ਆਏ; ਇਨ੍ਹਾਂ ਵਿਚ ਸਤਨਾਮ ਸਿੰਘ, ਦਵਿੰਦਰ ਸਿੰਘ, ਬਿਕਰਮਜੀਤ ਸਿੰਘ, ਸੁਦੇਸ਼ ਕੌਰ ਤੇ ਬਲਵੰਤ ਸਿੰਘ ਵੀ ਸ਼ਾਮਿਲ ਸਨ। ਇਸ ਸਮੇਂ ਸੀ.ਆਰ. ਪੀ. ਐਫ਼. ਦੀ 40ਵੀਂ ਬਟਾਲੀਅਨ ਵੀ ਜਲੂਸ ਦੇ ਨਾਲ ਚਲ ਰਹੀ ਸੀ ਪਰ ਇਸ ਫ਼ੋਰਸ ਨੇ ਕਿਸੇ ਨੂੰ ਮੁਜਰਮ ਵੀ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਸੀ.ਆਰ.ਪੀ.ਐਫ਼. ਬਾਰੇ ਕਈ ਵਾਰ ਅਕਾਲੀ ਆਗੂਆਂ ਨੇ ਬਿਆਨ ਦਿੱਤੇ ਸਨ ਕਿ ਇਹ ਫ਼ੋਰਸ ਦਹਿਸ਼ਤਗਰਦ ਹਿੰਦੂਆਂ ਦਾ ਸ਼ਰੇਆਮ ਸਾਥ ਦੇਂਦੀ ਸੀ।

1987: ਅਰੂੜ ਸਿੰਘ ਮੈਂਬਰ ਪੰਥਕ ਕਮੇਟੀ ਨੂੰ ਜ਼ਾਲਮਾਨਾ ਤਸੀਹੇ ਦੇ ਕੇ ਸ਼ਹੀਦ ਕੀਤਾ

ਪੰਜਾਬ ਪੁਲਸ ਨੇ 29 ਅਕਤੂਬਰ 1987 ਦੇ ਦਿਨ ਭਾਈ ਅਰੂੜ ਸਿੰਘ (ਮੈਂਬਰ ਪੰਥਕ ਕਮੇਟੀ) ਨੂੰ ਕੋਹ ਕੋਹ ਕੇ ਮਾਰ ਦਿੱਤਾ। ਅਰੂੜ ਸਿੰਘ ਕਈ ਦਿਨਾਂ ਤੋਂ ਪੁਲਸ ਦੀ ਹਿਰਾਸਤ ਵਿਚ ਸੀ; ਉਸ 'ਤੇ ਬਹੱਦ ਤਸ਼ੱਦਦ ਕੀਤਾ ਗਿਆ ਸੀ; ਲੋਹੇ ਦਾ ਇਕ ਤਪਦਾ ਸਰੀਆ ਉਸ ਦੇ ਢਿੱਡ ਵਿਚ ਆਰ-ਪਾਰ ਕਰ ਦਿੱਤਾ ਗਿਆ ਸੀ; ਇਸ ਮਗਰੋਂ ਉਸ 'ਤੇ ਹੋਰ ਜ਼ਾਲਮਾਨਾ ਤਸ਼ੱਦਦ ਕੀਤਾ ਗਿਆ ਤੇ ਮਗਰੋਂ ਉਸ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ।

1989: ਬਲਬੀਰ ਸਿੰਘ ਬੀਰਾ ਦੂਹਲ ਤੇ ਰੇਸ਼ਮ ਸਿੰਘ ਬਬਰ ਮਖੂ ਨਕਲੀ ਮੁਕਾਬਲੇ 'ਚ ਸ਼ਹੀਦ

29 ਅਕਤੂਬਰ 1989 ਦੇ ਦਿਨ ਪੰਜਾਬ ਪੁਲਸ ਨੇ ਬਲਬੀਰ ਸਿੰਘ ਬੀਰਾ (ਵਾਸੀ ਦੂਹਲ) ਤੇ ਰੇਸ਼ਮ ਸਿੰਘ ਬਬਰ (ਵਾਸੀ ਮਖੂ, ਫ਼ੀਰੋਜ਼ਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਗੁਰਚਰਨ ਸਿੰਘ ਪਨੈਚਾਂ, ਰਣਜੀਤ ਸਿੰਘ ਮੰਗਰੋੜ, ਕਰਮ ਸਿੰਘ ਅਮਰਾਲਾ, ਈਸ਼ਰ ਸਿੰਘ ਕਿਸ਼ਨਗੜ੍ਹ ਗੁਰਬਾਲੀ, ਨੇਤਰ ਸਿੰਘ ਢੋਲੇਵਾਲ, ਜਗਜੀਤ ਸਿੰਘ ਘੜੂੰਆਂ, ਜਸਵਿੰਦਰ ਸਿੰਘ ਕੇਸਰੀ (ਅੰਬਾਲਾ) ਨਕਲੀ ਮੁਕਾਬਲਿਆਂ ਵਿਚ ਸ਼ਹੀਦ

29 ਅਕਤੂਬਰ 1990 ਦੇ ਦਿਨ ਪੰਜਾਬ ਪੁਲਸ ਨੇ ਗੁਰਚਰਨ ਸਿੰਘ (ਪੁੱਤਰ ਟਹਿਲ ਸਿੰਘ, ਵਾਸੀ ਪਨੈਚਾਂ, ਨੇੜੇ ਸੰਘੋਲ, ਫ਼ਤਹਿਗੜ੍ਹ ਸਾਹਿਬ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਹੀ ਦਿਨ ਪੰਜਾਬ ਪੁਲਸ ਨੇ ਰਣਜੀਤ ਸਿੰਘ (ਵਾਸੀ ਮੰਗਰੋੜ), ਕਰਮ ਸਿੰਘ (ਵਾਸੀ ਅਮਰਾਲਾ), ਈਸ਼ਰ ਸਿੰਘ (ਵਾਸੀ ਕਿਸ਼ਨਗੜ੍ਹ ਗੁਰਬਾਲੀ), ਨੇਤਰ ਸਿੰਘ

(ਵਾਸੀ ਢੋਲੇਵਾਲ, ਜਗਜੀਤ ਸਿੰਘ (ਵਾਸੀ ਘੜੂੰਆਂ, ਜਸਵਿੰਦਰ ਸਿੰਘ ਉਰਫ਼ ਜੋਗਿੰਦਰ ਸਿੰਘ ਜੋਗਾ (ਵਾਸੀ ਕੇਸਰੀ, ਅੰਬਾਲਾ) ਨੂੰ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਮੰਗਲ ਸਿੰਘ ਅਰਜਨ ਬਾਘਾ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 29 ਅਕਤੂਬਰ 1991 ਦੇ ਦਿਨ ਮੰਗਲ ਸਿੰਘ ਉਰਫ਼ ਮੰਗਾ (ਪੁੱਤਰ ਸੋਹਨ ਸਿੰਘ, ਵਾਸੀ ਅਰਜਨ ਬਾਘਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਮਨਜੀਤ ਸਿੰਘ ਠੱਠੀਆਂ, ਲਖਬੀਰ ਸਿੰਘ ਲੱਖਾ, ਜਗਤਾਰ ਸਿੰਘ ਉਰਫ਼ ਜੱਗਾ ਤੇ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 29 ਅਕਤੂਬਰ 1992 ਦੇ ਦਿਨ ਮਨਜੀਤ ਸਿੰਘ (ਪੁਤਰ ਰਾਮ ਸਿੰਘ, ਵਾਸੀ ਠੱਠੀਆਂ), ਲਖਬੀਰ ਸਿੰਘ ਲੱਖਾ, ਜਗਤਾਰ ਸਿੰਘ ਉਰਫ਼ ਜੱਗਾ ਤੇ ਹੋਰ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1992: ਅਮਰਜੀਤ ਸਿੰਘ ਝੱਖੜ ਨੇ ਸਾਇਆਨਾਈਡ ਖਾ ਕੇ ਜਾਨ ਦਿੱਤੀ

29 ਅਕਤੂਬਰ 1992 ਦੇ ਦਿਨ ਇਕ ਖਾੜਕੂ ਜਰਨੈਲ ਅਮਰਜੀਤ ਸਿੰਘ ਉਰਫ਼ ਝੱਖੜ ਪੁਲੀਸ ਦੇ ਘੇਰੇ ਵਿਚ ਆ ਗਿਆ। ਉਸ ਨੇ ਜ਼ਾਲਮਾਨਾਂ ਤਸੀਹੇ ਸਹਿ ਕੇ ਨਕਲੀ ਮੁਕਾਬਲੇ ਵਿਚ ਮਾਰੇ ਜਾਣ ਦੀ ਬਜਾਇ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿੱਤੀ।

1992: ਰੱਤਾ ਖੁੱਡਾ ਪਿੰਡ ਵਿਚ ਖਾੜਕੂਆਂ ਅਤੇ ਫ਼ੋਰਸਿਜ਼ ਦਾ ਅਸਲ ਮੁਕਾਬਲਾ ਹੋਇਆ

1982 ਤੇ 1995 ਵਿਚਕਾਰ, ਖ਼ਾਸ ਕਰ ਕੇ 1992 ਵਿਚ, ਪੰਜਾਬ ਪੁਲਸ ਤੇ ਹੋਰ ਸਰਕਾਰੀ ਫ਼ੋਰਸਿਜ਼ ਨੇ ਹਜ਼ਾਰਾਂ ਸਿੱਖ ਨੌਜਵਾਨ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਸਨ; ਦਰਅਸਲ ਕਦੇ ਕੋਈ ਮੁਕਾਬਲਾ ਨਹੀਂ ਸੀ ਹੋਇਆ ਤੇ ਪੁਲਸ ਸਿੱਖਾਂ ਨੂੰ ਸ਼ਹੀਦ ਕਰ ਕੇ ਮੁਕਾਬਲੇ ਦੀ ਖ਼ਬਰ ਰਲੀਜ਼ ਕਰ ਦੇਂਦੀ ਸੀ। ਪਰ ਖਾੜਕੂਆਂ ਅਤੇ ਸਰਕਾਰੀ ਫ਼ੋਰਸਿਜ਼ ਵਿਚਕਾਰ ਕੁਝ ਕੁ ਅਸਲ ਮੁਕਾਬਲੇ ਵੀ ਹੋਏ ਸਨ। ਇਨ੍ਹਾਂ ਮੁਕਾਬਲਿਆਂ ਵਿਚ ਗਿਣਤੀ ਦੇ ਖਾੜਕੂਆਂ ਦਾ ਮੁਕਾਬਲਾ ਸੈਂਕੜੇ ਤੇ ਹਜ਼ਾਰਾਂ ਫ਼ੋਰਸਿਜ਼ ਨਾਲ ਹੁੰਦਾ ਸੀ ਜੋ ਕਈ-ਕਈ ਘੰਟੇ ਚੱਲਿਆ ਕਰਦਾ ਸੀ। ਇਨ੍ਹਾਂ ਅਸਾਵੀਆਂ ਜੰਗਾਂ ਵਿਚ ਸਿਰਫ਼ ਦੋ-ਚਾਰ ਖਾੜਕੂ ਸ਼ਹੀਦ ਹੋਣ ਤੋਂ ਪਹਿਲਾਂ ਦਰਜਨਾਂ ਸਿਪਾਹੀ/ਫ਼ੌਜੀ ਮਾਰ ਦਿਆ ਕਰਦੇ ਸਨ। ਇਹੋ ਜਿਹਾ ਇਕ ਅਸਲ ਮੁਕਾਬਲਾ ਪਿੰਡ ਰੱਤਾ ਖੇੜਾ ਵਿਚ ਵੀ ਹੋਇਆ ਸੀ।

29 ਅਕਤੂਬਰ 1992 ਦੇ ਦਿਨ ਪੁਲਸ ਨੂੰ ਮੁਖਬਰੀ ਮਿਲੀ ਕਿ ਕੁਝ ਖਾੜਕੂ ਪਿੰਡ ਰੱਤਾ ਖੁੱਡਾ ਵਿਚ ਮੌਜੂਦ ਹਨ। ਇਸ 'ਤੇ ਪੁਲਸ, ਸੀ. ਆਰ. ਪੀ. ਐਫ਼ ਅਤੇ ਹੋਰ ਸਰਕਾਰੀ ਫ਼ੋਰਸਾਂ ਨੇ ਸੈਂਕੜਿਆਂ ਦੀ ਗਿਣਤੀ ਵਿਚ ਸਾਰੇ ਇਲਾਕੇ ਨੂੰ ਘੇਰ ਲਿਆ। ਇਸ ਮੌਕੇ 'ਤੇ ਸਿਰਫ਼ ਤਿੰਨ ਖਾੜਕੂਆਂ ਅਤੇ ਸੈਂਕੜੇ ਸਰਕਾਰੀ ਫ਼ੋਰਸਿਜ਼ ਵਿਚਕਾਰ ਅਠਤਾਲੀ ਘੰਟੇ ਦਾ 'ਅਸਲ ਮੁਕਾਬਲਾ' ਹੋਇਆ ਜਿਸ ਵਿਚ ਅਗਲੇ ਦਿਨ 30 ਅਕਤੂਬਰ ਨੂੰ ਇਹ ਤਿੰਨੇ ਖਾੜਕੂ: ਭਾਈ ਮਨਜੀਤ ਸਿੰਘ ਠੱਠੀਆਂ, ਬਲਵਿੰਦਰ ਸਿੰਘ ਭਿੰਦਾ ਤੇ ਇਕ ਹੋਰ ਸਿੱਖ ਸ਼ਹੀਦ ਹੋ ਗਏ; ਫ਼ੋਰਸਾਂ ਵਿਚੋਂ ਬਹੁਤ ਸਾਰੇ ਸਿਪਾਹੀ ਵੀ ਮਾਰੇ ਗਏ।

30 ਅਕਤੂਬਰ

1706: ਗੁਰੂ ਗੋਬਿੰਦ ਸਿੰਘ ਸਾਹਿਬ ਤਲਵੰਡੀ ਸਾਬੋ ਤੋਂ ਦੱਖਣ ਵੱਲ ਚੱਲੇ

ਗੁਰੂ ਗੋਬਿੰਦ ਸਿੰਘ ਸਾਹਿਬ ਦਾ ਔਰੰਗਜ਼ੇਬ ਨੂੰ ਲਿਖਿਆ ਖ਼ਤ ਲੈ ਕੇ ਦਸੰਬਰ 1705 ਦੇ ਅਖ਼ੀਰ ਵਿਚ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਦੱਖਣ ਵਿਚ (ਔਰੰਗਾਬਾਦ) ਗਏ ਹੋਏ ਸਨ। ਜਦ ਨੌਂ ਮਹੀਨੇ ਤਕ ਗੁਰੂ ਸਾਹਿਬ ਨੂੰ ਇਸ ਬਾਰੇ ਕੋਈ ਖ਼ਬਰ ਨਾ ਮਿਲ ਸਕੀ ਤਾਂ ਉਹ ਖ਼ੁਦ ਇਨ੍ਹਾਂ ਦੋਹਾਂ ਸਿੰਘਾਂ ਦੀ ਭਾਲ ਵਿਚ ਤਲਵੰਡੀ ਸਾਬੋ ਤੋਂ 30 ਅਕਤੂਬਰ 1706 ਦੇ ਦਿਨ ਦੱਖਣ ਵਲ ਚਲ ਪਏ। ਗੁਰੂ ਜੀ ਸਿਰਸਾ, ਨੌਹਰ, ਭਾਦਰਾ, ਸੁਹੇਵਾ, ਪੁਸ਼ਕਰ (ਅਜਮੇਰ), ਨਰੈਣਾ ਹੁੰਦੇ ਹੋਏ ਬਘੌਰ ਪੁੱਜੇ। ਇੱਥੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਗੁਰੂ ਜੀ ਨੂੰ ਆ ਮਿਲੇ ਅਤੇ ਦਸਿਆ ਕਿ ਉਨ੍ਹਾਂ ਨੇ ਕਿੰਨੀ ਮੁਸ਼ਕਿਲ ਨਾਲ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਪਹੁੰਚਾਇਆ ਸੀ। ਉਨ੍ਹਾਂ ਗੁਰੂ ਸਾਹਿਬ ਨੂੰ ਦੱਸਿਆ ਕਿ ਔਰੰਗਜ਼ੇਬ ਨੇ ਉਹ ਚਿੱਠੀ ਪੜ੍ਹ ਕੇ ਤੁਹਾਡੇ (ਗੁਰੂ ਜੀ) ਨਾਲ ਮੁਲਾਕਾਤ ਦੀ ਖ਼ਾਹਿਸ਼ ਦਾ ਇਜ਼ਹਾਰ ਕੀਤਾ ਸੀ ਅਤੇ ਆਪਣੇ ਦੋ ਅਹਿਦੀਏ (ਸੀਨੀਅਰ ਅਫ਼ਸਰ) ਤੇ ਗੁਰਜਬਰਦਾਰ ਦਿੱਲੀ ਨੂੰ ਭੇਜੇ ਸਨ ਤਾਂ ਜੋ ਦਿੱਲੀ ਦਾ ਸੂਬੇਦਾਰ ਤੁਹਾਡੇ ਔਰੰਗਾਬਾਦ ਪੁੱਜਣ ਦਾ ਇੰਤਜ਼ਾਮ ਕਰ ਦੇਵੇ। ਗੁਰੂ ਜੀ ਨੇ ਉਨ੍ਹਾਂ ਦੀ ਗੱਲ ਸੁਣ ਕੇ ਕਿਹਾ ਕਿ ਹੁਣ ਔਰੰਗਜ਼ੇਬ ਨਾਲ ਸ਼ਾਇਦ ਮੇਰਾ ਮੇਲ ਨਹੀਂ ਹੋ ਸਕਣਾ। ਉਸ ਦੇ ਸਾਹ ਹੁਣ ਪੂਰੇ ਹੋਣ ਵਾਲੇ ਹਨ। ਇਸ ਦੇ ਬਾਵਜੂਦ ਗੁਰੂ ਸਾਹਿਬ ਅੱਗੇ ਵੱਲ ਚਲ ਪਏ। ਜਦ ਗੁਰੂ ਜੀ ਕੁਲਾਇਤ ਪੁੱਜੇ ਤਾਂ ਉਨ੍ਹਾਂ ਨੂੰ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਮਿਲੀ। ਇਹ ਗੱਲ 19 ਮਾਰਚ 1707 ਦੀ ਹੈ। ਇਸ ਮਗਰੋਂ ਗੁਰੂ ਸਾਹਿਬ ਦਿੱਲੀ ਆ ਗਏ।

1708: ਬਾਦਸ਼ਾਹ ਬਹਾਦਰ ਸ਼ਾਹ ਗੁਰੂ ਗੋਬਿੰਦ ਸਾਹਿਬ 'ਤੇ ਹਮਲਾ ਕਰਨ ਵਾਲੇ ਜਮਸ਼ੈਦ ਖ਼ਾਨ ਦੇ ਪੁਤਰ ਨੂੰ ਖਿੱਲਤ ਦਿੱਤੀ

ਪੰਜ ਅਕਤੂਬਰ 1708 ਦੇ ਦਿਨ ਜਰਨੈਲ ਬੰਦਾ ਸਿੰਘ ਬਹਾਦਰ ਨੰਦੇੜ ਤੋਂ ਚਲਿਆ ਅਤੇ ਇਸੇ ਦਿਨ ਸ਼ਾਮ ਨੂੰ ਜਮਸ਼ੈਦ ਖ਼ਾਨ ਪਠਾਣ ਨੇ ਗੁਰੂ ਸਾਹਿਬ ਦੇ ਸੁੱਤਿਆਂ ਉਨ੍ਹਾਂ 'ਤੇ ਹਮਲਾ ਕਰ ਦਿਤਾ ਤੇ ਜਮਧਾਰ (ਕਟਾਰ) ਦੇ ਤਿੰਨ ਵਾਰ ਕਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿਤਾ। ਬੇਹੱਦ ਜ਼ਖ਼ਮੀ ਹੋਣ ਦੇ ਬਾਵਜੂਦ ਗੁਰੂ ਸਾਹਿਬ ਨੇ ਪਰਤਵਾਂ ਵਾਰ ਕਰ ਕੇ ਜਮਸ਼ੈਦ ਖ਼ਾਨ ਨੂੰ ਥਾਂਏਂ ਮਾਰ ਦਿਤਾ। ਗੁਰੂ ਸਾਹਿਬ ਆਪ ਵੀ ਇਨ੍ਹਾਂ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ 6-7 ਅਕਤੂਬਰ ਦੀ ਰਾਤ ਨੂੰ ਜੋਤੀ-ਜੋਤਿ ਸਮਾ ਗਏ। ਉਨ੍ਹਾਂ ਦਾ ਸਸਕਾਰ 7 ਸਤੰਬਰ ਦੀ ਸ਼ਾਮ ਨੂੰ ਗੋਦਾਵਰੀ ਦਰਿਆ ਦੇ ਕੰਢੇ ਕਰ ਦਿਤਾ ਗਿਆ। ਗੁਰੂ ਸਾਹਿਬ 'ਤੇ ਹਮਲਾ ਕਰਨ ਵਾਲੇ ਜਮਸ਼ੈਦ ਖ਼ਾਨ ਨੂੰ ਭਾਵੇਂ ਦੇ ਵਜ਼ੀਰ ਖ਼ਾਨ ਨੇ ਭੇਜਿਆ ਸੀ ਪਰ ਉਸ ਨੂੰ ਬਾਦਸ਼ਾਹ ਬਹਾਦਰ ਸ਼ਾਹ ਦੀ ਹਿਮਾਇਤ ਤੇ ਮਨਜ਼ੂਰੀ ਜ਼ਰੂਰ ਹਾਸਿਲ ਸੀ ਕਿਉਂ ਕਿ ਬਹਾਦਰ ਸ਼ਾਹ ਨੇ ਇਸ ਜਮਸੈਦ ਖ਼ਾਨ ਦੇ ਪੁਤਰ ਨੂੰ "ਉਸ ਦੇ ਬਾਪ ਦੇ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਮਾਰੇ ਜਾਣ ਕਾਰਨ" **30 ਅਕਤੂਬਰ 1708** ਦੇ ਦਿਨ ਆਪਣੇ ਦਰਬਾਰ ਵਿਚ ਖਿੱਲਤ ਭੇਂਟ ਕੀਤੀ ਸੀ। ਇਹ ਖਿੱਲਤ ਦੇਣ ਦਾ ਸਾਫ਼ ਮਾਅਨਾ ਇਹ ਹੈ ਕਿ ਇਸ ਕਤਲ ਵਿਚ ਬਾਦਸ਼ਾਹ ਦਾ ਪੂਰਾ ਹੱਥ ਸੀ।ਇਸ ਬਾਰੇ ਇਕ ਐਂਟਰੀ *ਅਖ਼ਬਾਰਾਤ-ਇ-ਦਰਬਾਰ-ਇ-ਮੁਅੱਲਾ* ਵਿਚ ਮਿਲਦੀ ਹੈ। ਸਿਰਫ਼ ਏਨਾ ਹੀ ਨਹੀਂ ਬਲਕਿ ਗੁਰੂ ਸਾਹਿਬ ਦੇ ਚੜ੍ਹਾਈ ਕਰਨ ਦਾ ਜ਼ਿਕਰ ਵੀ ਇਸੇ ਰਿਕਾਰਡ ਵਿਚ ਮੌਜੂਦ ਹੈ। ਇਸ ਤੋਂ ਇਲਾਵਾ ਇਹੀ ਜ਼ਿਕਰ ਇਕ ਸਿੱਖ ਲੇਖਕ ਸੈਨਾਪਤੀ ਦੀ *ਗੁਰਸੋਭਾ* (1709), ਬਹਾਦਰ ਸ਼ਾਹ ਦੇ ਤਿੰਨ ਸਮਕਾਲੀ ਮੁਸਲਮਾਨ ਲੇਖਕਾਂ ਦੀਆਂ ਕਿਤਾਬਾਂ ਮਿਰਜ਼ਾ ਮੁਹੰਮਦ ਦੀ *ਇਬਰਤਨਾਮਾ* (1716),

ਮੁਹੰਮਦ ਕਾਸਿਮ ਦੀ *ਇਬਰਤਨਾਮਾ* (1723), ਮੁਹੰਮਦ ਸ਼ਫ਼ੀ ਦੀ *ਮੀਰਾਤ-ਇ-ਵਾਰਿਦਾਤ* (1734) ਅਤੇ ਇਕ ਹਿੰਦੂ ਲੇਖਕ ਚਤੁਰਮਾਨ ਸਕਸੇਨਾ ਦੀ *ਚਹਾਰ ਗੁਲਸ਼ਨ* ਵਿਚ ਵੀ ਮਿਲਦਾ ਹੈ । ਇਨ੍ਹਾਂ ਸਾਰੀਆਂ ਵਿਚ ਗੁਰੂ ਸਾਹਿਬ ਦੀ 'ਮੌਤ' ਫੁਰਿਆਂ ਦੇ ਵਾਰ ਨਾਲ ਹੋਣ ਦਾ ਜ਼ਿਕਰ ਹੈ ਅਤੇ ਬਾਦਸ਼ਾਹ ਦੇ ਭੇਜੇ ਜਿਰਾਹ ਵਲੋਂ ਜ਼ਖ਼ਮ ਸੀਣ ਅਤੇ ਮਗਰੋਂ ਕਮਾਨ ਖਿੱਚਣ ਨਾਲ 'ਮੌਤ' ਦਾ ਜ਼ਰਾ ਮਾਸਾ ਜ਼ਿਕਰ ਵੀ ਨਹੀਂ। ਦਰਅਸਲ ਬਾਦਸ਼ਾਹ ਉਸ ਵੇਲੇ ਕਈ ਮੀਲ ਦੂਰ ਨਿਕਲ ਚੁਕਾ ਸੀ ਇਸ ਕਰ ਕੇ ਉਸ ਵੱਲੋਂ ਹਕੀਮ/ਜਿਰਾਹ ਭੇਜਣ ਵਾਲੀ ਗੱਲ ਸਿਰਫ਼ ਤੇ ਸਿਰਫ਼ ਨਾਮੁਮਕਿਨ ਹੀ ਸੀ। ਉੱਵ ਉਹ ਹਮਲੇ ਦੀ ਸਾਜਿਸ਼ ਵਿਚ ਸ਼ਾਮਿਲ ਵੀ ਸੀ।

ਅਜਿਹਾ ਜਾਪਦਾ ਹੈ ਕਿ ਗੁਰੂ ਸਾਹਿਬ ਦੇ ਜ਼ਖ਼ਮੀ ਹੋਣ, ਜ਼ਖ਼ਮ ਸੀਣ ਅਤੇ ਫਿਰ ਕਮਾਨ ਖਿੱਚਣ ਦੀ "ਦੁਰਘਟਨਾ/ਹਾਦਸੇ ਵਿਚ ਮੌਤ ਹੋਣ" ਜਾਂ "ਕਮਾਣ ਖਿੱਚ ਕੇ ਆਪ ਮਨਜ਼ੂਰ ਕੀਤੀ ਮੌਤ" ਦਾ ਪਰਚਾਰ ਵਜ਼ੀਰ ਖ਼ਾਨ ਜਾਂ/ਅਤੇ ਬਹਾਦਰ ਸ਼ਾਹ ਨੇ ਕਰਵਾਇਆ ਹੋਵੇਗਾ ਤਾਂ ਜੋ ਉਹ ਖ਼ੁਦ ਨੂੰ ਗੁਰੂ ਸਾਹਿਬ 'ਤੇ ਕਰਵਾਏ ਹਮਲੇ ਚੋਂ ਸੁਰਖ਼ਰੂ ਕਰ ਸਕਣ। ਗੁਰੂ ਸਹਿਬ ਦੀ "ਮੌਤ" ਇੰਞ ਦਿਖਾਉਣਾ ਵਜ਼ੀਰ ਖ਼ਾਨ ਅਤੇ ਬਹਾਦਰ ਸ਼ਾਹ ਦੇ ਜਾਲ ਵਿਚ ਫਸ ਕੇ ਤਵਾਰੀਖ਼ ਵਿਗਾੜਨਾ ਹੈ । ਕੁਝ ਸਿੱਖ ਲੇਖਕਾਂ ਨੇ ਸਰਕਾਰੀ ਪਰਾਪੇਗੰਡੇ ਦੀ ਸਾਜਿਸ਼ ਦੀ ਤਹਿ ਤਕ ਜਾਣ ਦੀ ਬਜਾਇ ਇਸ ਨੂੰ ਤਵਾਰੀਖ਼ ਬਣਾ ਕੇ ਅਹਿਮਕਤਾ ਦਾ ਇਜ਼ਹਾਰ ਕੀਤਾ ਜਿਸ ਨੂੰ ਕੁਝ ਢਾਡੀ ਕਿਸਮ ਦੇ ਲੇਖਕਾਂ ਨੇ ਲੋਕਾਂ ਦੇ ਕੰਨਾਂ ਵਿਚ ਚਾੜ੍ਹ ਦਿਤਾ। ਕੁਝ ਸਿੱਖ ਲਿਖਾਰੀ ਸ਼ਾਇਦ ਇਹ ਵੀ ਨਹੀਂ ਸਨ ਚਾਹੁੰਦੇ ਕਿ ਗੁਰੂ ਸਾਹਿਬ ਨੂੰ ਮੁਸਲਮਾਨੀ ਹਮਲੇ ਵਿਚ ਸ਼ਹੀਦ ਹੋਇਆ ਦਿਖਾਇਆ ਜਾਵੇ ਸੋ ਉਨ੍ਹਾਂ ਨੂੰ ਕਮਾਣ ਖਿੱਚਣ ਨਾਲ ਮੌਤ ਸਾਬਿਤ ਕਰਨ ਵਿਚ ਵਧੇਰੇ ਸ਼ਰਧਾ ਜਾਪੀ ਹੋਵੇ। ਏਨਾ ਹੀ ਨਹੀਂ ਇਕ ਅੱਧ ਲੇਖਕ ਨੇ ਤਾਂ ਇਹ ਵੀ ਲਿਖ ਮਾਰਿਆ ਕਿ ਗੁਰੂ ਸਾਹਿਬ ਨੂੰ ਇਕ ਪਠਾਣ ਨੇ ਘੋੜਿਆਂ ਦੀ ਕੀਮਤ ਦੇ ਲੈਣ-ਦੇਣ ਦੇ ਝਗੜੇ ਵਿਚ ਕਤਲ ਕਰ ਦਿਤਾ ਸੀ। ਇਕ-ਦੋ ਲੇਖਕਾਂ ਨੇ ਇਹ ਬੇਥੁਵੀ ਵੀ ਮਾਰੀ ਕਿ ਗੁਰੂ ਸਾਹਿਬ ਨੇ ਹਮਲਾਵਰ ਪਠਾਣ ਨੂੰ ਉਨ੍ਹਾਂ (ਗੁਰੂ ਸਾਹਿਬ) ਤੋਂ ਬਦਲਾ ਲੈਣ ਵਾਸਤੇ ਆਪ ਭੜਕਾਇਆ ਸੀ। ਪਰ ਇਹ ਲੇਖਕ ਵੀ ਜ਼ਖ਼ਮ ਸੀਣ ਤੇ ਮਗਰੋਂ ਕਮਾਣ ਖਿਚਣ ਨਾਲ ਮੌਤ ਦੀ ਥਾਂ ਕਾਰੀ ਜ਼ਖ਼ਮਾਂ ਨਾਲ ਦੋ ਦਿਨ ਵਿਚ ਮੌਤ ਦਾ ਜ਼ਿਕਰ ਕਰਦੇ ਹਨ।

1902: ਚੀਫ਼ ਖਾਲਸਾ ਦੀਵਾਨ ਕਾਇਮ ਹੋਇਆ

1887 ਤੋਂ ਮਗਰੋਂ ਇਕ-ਇਕ ਕਰ ਕੇ ਸਿੰਘ ਸਭਾ ਲਹਿਰ ਦੇ ਸਾਰੇ ਮੋਢੀ ਆਗੂ ਚੜ੍ਹਾਈ ਕਰਨ ਲਗ ਪਏ। ਸਭ ਤੋਂ ਪਹਿਲਾਂ, 8 ਮਈ 1887 ਦੇ ਦਿਨ ਕੰਵਰ ਬਿਕਰਮ ਸਿੰਘ ਕਪੂਰਥਲਾ (ਜਲੰਧਰ), ਫਿਰ 18 ਸਤੰਬਰ 1887 ਦੇ ਦਿਨ ਠਾਕਰ ਸਿੰਘ ਸੰਧਾਵਾਲੀਆ (ਜੋ ਉਦੋਂ ਜਲਾਵਤਨ ਹੋ ਕੇ ਪਾਂਡੀਚਰੀ ਵਿਚ ਰਹਿੰਦੇ ਸਨ), 10 ਜੂਨ 1896 ਦੇ ਦਿਨ ਅਤਰ ਸਿੰਘ ਭਦੌੜ, 8 ਅਗਸਤ 1898 ਦੇ ਦਿਨ ਰਾਜਾ ਬਿਕਰਮਾ ਸਿੰਘ ਫ਼ਰੀਦਕੋਟ, 9 ਜੂਨ 1898 ਦੇ ਦਿਨ ਡਾ: ਜੈ ਸਿੰਘ, 24 ਸਤੰਬਰ 1898 ਦੇ ਦਿਨ ਪ੍ਰੋ: ਗੁਰਮੁਖ ਸਿੰਘ ਤੇ 6 ਸਤੰਬਰ 1901 ਦੇ ਦਿਨ ਗਿ: ਦਿਤ ਸਿੰਘ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਇਸ ਨਾਲ ਸਿੰਘ ਸਭਾ ਲਹਿਰ ਦਾ ਪਹਿਲਾ ਪੜਾਅ ਖ਼ਤਮ ਹੋ ਗਿਆ। ਗਿ. ਦਿਤ ਸਿੰਘ ਦੀ ਮੌਤ ਮਗਰੋਂ, 1901 ਵਿਚ, ਅੰਮ੍ਰਿਤਸਰ ਅਤੇ ਲਾਹੌਰ ਧੜਿਆਂ ਦੇ ਦੂਜੀ ਤੇ ਤੀਜੀ ਕਤਾਰ ਦੇ ਆਗੂ ਤੇ ਵਰਕਰ ਹੀ ਰਹਿ ਗਏ ਸਨ। ਇਨਾਂ ਸਾਰਿਆਂ ਨੇ 13 ਅਪਰੈਲ 1901 ਦੇ ਦਿਨ ਰੋਪੜ ਵਿਚ ਇਕ ਇੱਕਠ ਕਰ ਕੇ ਇਕ ਸਾਂਝਾ ਦੀਵਾਨ ਬਣਾਉਣ ਵਾਸਤੇ ਵਿਚਾਰਾਂ ਕੀਤੀਆਂ। ਇਸ ਮਗਰੋਂ 9 ਨਵੰਬਰ 1901 ਦੇ ਦਿਨ ਇਕ ਹੋਰ ਸਾਂਝਾ ਇਕੱਠ ਕੀਤਾ ਗਿਆ। ਇਹ ਬੈਠਕ ਅਗਲੇ ਦਿਨ ਵੀ ਜਾਰੀ ਰਹੀ। ਇਸ ਇਕੱਠ ਵਿਚ ਫ਼ੈਸਲਾ ਕੀਤਾ ਗਿਆ ਕਿ ਪੰਥ ਦਾ ਇਕ ਸ਼੍ਰੋਮਣੀ ਜੱਥਾ ਕਾਇਮ

ਕੀਤਾ ਜਾਵੇ। ਪਹਿਲੀ ਜਨਵਰੀ 1902 ਦੇ ਦਿਨ 1200 ਦੇ ਕਰੀਬ ਸ਼ਿਰਕਰਦਾ ਸਿੱਖ ਅੰਮ੍ਰਿਤਸਰ ਵਿਚ ਬੁੰਗਾ ਰਾਮਗੜ੍ਹੀਆਂ ਵਿਚ ਇਕੱਠੇ ਹੋਏ। ਇਸ ਇਕੱਠ ਵਿਚ 66 ਸਿੰਘ ਸਭਾਵਾਂ ਨੇ ਹਿੱਸਾ ਲਿਆ। ਪਹਿਲਾਂ ਤਾਂ ਇਹ ਵਿਚਾਰ ਹੋਈ ਕਿ ਲਾਹੌਰ ਖਾਲਸਾ ਦੀਵਨ ਨੂੰ ਸੈਂਟਰਲ ਜੱਥਾ ਮੰਨ ਕੇ ਇਹ ਸਾਰੇ ਉਸ ਦੇ ਮੈਂਬਰ ਬਣਾਏ ਜਾਣ ਤੇ ਸਾਂਝਾ ਜੱਥਾ ਕਾਇਮ ਕੀਤਾ ਜਾਵੇ। ਪਰ ਲਾਹੌਰ ਦੀਵਾਨ 'ਤੇ ਕਾਬਜ਼ ਲੋਕਾਂ ਨੇ ਇਸ ਤੇ ਕੋਈ ਐਕਸ਼ਨ ਨਾ ਲਿਆ। ਅਖੀਰ 19 ਅਗਸਤ 1902 ਦੇ ਦਿਨ ਇਕ ਇਕੱਠ ਨੇ ਪੰਥ ਦਾ ਇਕ ਸੈਂਟਰਲ ਜੱਥਾ ਬਣਾਉਣ ਵਾਸਤੇ ਇਕ ਸਬ-ਕਮੇਟੀ ਕਾਇਮ ਕੀਤੀ, ਜਿਸ ਨੇ ਇਸ ਦਾ ਵਿਧਾਨ ਬਣਾਉਣਾ ਸੀ। 21 ਸਤੰਬਰ 1902 ਨੂੰ ਇਸ ਦਾ ਵਿਧਾਨ ਪਾਸ ਕਰ ਕੇ, 30 ਅਕਤੂਬਰ 1902 ਦੇ ਦਿਨ, ਚੀਫ਼ ਖਾਲਸਾ ਦੀਵਾਨ ਕਾਇਮ ਕਰ ਦਿਤਾ ਗਿਆ। ਪਹਿਲੇ ਦਿਨ ਇਸ ਨਾਲ 29 ਸਿੰਘ ਸਭਾਵਾਂ ਸਬੰਧਤ ਹੋਈਆਂ। ਭਾਈ ਅਰਜਨ ਸਿੰਘ ਬਾਗੜੀਆਂ ਇਸ ਦੇ ਪ੍ਰਧਾਨ, ਸੁੰਦਰ ਸਿੰਘ ਮਜੀਠਆ ਸਕੱਤਰ ਤੇ ਸੋਢੀ ਸੁਜਾਨ ਸਿੰਘ ਐਡੀਸ਼ਨਲ ਸਕੱਤਰ ਬਣੇ।

1922: ਹਸਨ ਅਬਦਾਲ ਸਟੇਸ਼ਨ (ਪੰਜਾ ਸਾਹਿਬ) 'ਤੇ ਸਿੱਖਾਂ ਦੀਆਂ ਸ਼ਹੀਦੀਆਂ

ਜਦੋਂ ਗੁਰੂ ਦਾ ਬਾਗ਼ ਦਾ ਮੋਰਚਾ ਲੱਗਾ ਤਾਂ ਜ਼ਿਆਦਾ ਗ੍ਰਿਫ਼ਤਾਰੀਆਂ ਹੋਣ ਕਾਰਨ ਜੇਲ੍ਹਾਂ ਵਿਚ ਜਗਹ ਘੱਟ ਗਈ। ਇਸ ਕਾਰਨ ਕੈਦੀਆਂ ਨੂੰ ਦੂਜੀਆਂ ਜੇਲ੍ਹਾਂ ਵਿਚ ਭੇਜਿਆ ਜਾਣਾ ਸ਼ੁਰੂ ਹੋ ਗਿਆ। ਅਜਿਹਾ ਇਕ ਜਥਾ ਗੱਡੀ ਰਾਹੀਂ ਰਾਵਲਪਿੰਡੀ ਤੋਂ ਅਟਕ ਜੇਲ੍ਹ ਵਿਚ ਭੇਜਿਆ ਗਿਆ। ਰਸਤੇ ਵਿਚ ਪੰਜਾ ਸਾਹਿਬ (ਹਸਨ ਅਬਦਾਲ) ਦਾ ਸਟੇਸ਼ਨ ਪੈਂਦਾ ਸੀ। ਉੱਥੋਂ ਦੀਆਂ ਸੰਗਤਾਂ ਨੇ ਫ਼ੈਸਲਾ ਕੀਤਾ ਕਿ ਗੱਡੀ ਨੂੰ ਸਟੇਸ਼ਨ 'ਤੇ ਰੋਕ ਕੇ ਜਥੇ ਨੂੰ ਲੰਗਰ ਪਾਣੀ ਛਕਾਉਣ ਦੀ ਸੇਵਾ ਕੀਤੀ ਜਾਵੇ। ਸਟੇਸ਼ਨ ਮਾਸਟਰ ਨੇ ਸੰਗਤਾਂ ਨੂੰ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ। ਸੰਗਤਾਂ ਨੇ ਵੀ ਫ਼ੈਸਲਾ ਕਰ ਲਿਆ ਕਿ ਲੰਗਰ ਛਕਾਏ ਬਿਨਾਂ ਗੱਡੀ ਨਹੀਂ ਲੰਘਣ ਦਿੱਤੀ ਜਾਵੇਗੀ। ਮਿੱਥੇ ਦਿਨ, 30 ਅਕਤੂਬਰ 1922 ਨੂੰ, ਗੱਡੀ ਆਈ। ਸੰਗਤਾਂ ਰੇਲਵੇ ਲਾਈਨ ਉੱਤੇ ਹੀ ਲੇਟ ਗਈਆਂ। ਰੇਲ ਗੱਡੀ ਕੁਝ ਸਿੱਖਾਂ ਦੇ ਉੱਤੋਂ ਦੀ ਲੰਘ ਗਈ ਪਰ ਰੁਕ ਗਈ। ਇਸ ਮੌਕੇ 'ਤੇ ਭਾਈ ਪਰਤਾਪ ਸਿੰਘ ਤੇ ਭਾਈ ਕਰਮ ਸਿੰਘ ਸ਼ਹੀਦ ਹੋ ਗਏ। ਇਨ੍ਹਾਂ ਤੋਂ ਇਲਾਵਾ ਕਈ ਹੋਰ ਸਿੱਖਾਂ ਦੇ ਅੰਗ ਕੱਟੇ ਗਏ। ਇਸ ਮਗਰੋਂ ਗੱਡੀ ਘੰਟਾ ਸਵਾ ਘੰਟਾ ਰੁਕੀ ਰਹੀ। ਖ਼ੂਨ ਹੀ ਖ਼ੂਨ ਵੇਖ ਕੇ ਕੈਦੀ ਸਿੱਖਾਂ ਨੇ ਵੀ ਪਰਸ਼ਾਦਾ ਛਕਣ ਤੋਂ ਨਾਂਹ ਕਰ ਦਿੱਤੀ ਪਰ ਅਖ਼ੀਰ ਸੰਗਤਾਂ ਦੇ ਜ਼ੋਰ ਦੇਣ 'ਤੇ ਥੋੜ੍ਹਾ ਬਹੁਤ ਅੰਨ ਛਕ ਲਿਆ।

1928: ਸਾਈਮਨ ਕਮਿਸ਼ਨ ਦੇ ਲਾਹੌਰ ਪੁੱਜਣ 'ਤੇ ਲਾਠੀਚਾਰਜ (ਲਾਲਾ ਲਾਜਪਤ ਰਾਏ ਦੇ ਅਖੌਤੀ ਤੌਰ 'ਤੇ ਜ਼ਖ਼ਮੀ ਹੋਣ ਦੀ ਕਹਾਣੀ ਦਾ ਸੱਚ)

ਸਾਈਮਨ ਕਮਿਸ਼ਨ ਨੇ 30 ਅਕਤੂਬਰ ਦੇ ਦਿਨ ਲਾਹੌਰ ਆਉਣਾ ਸੀ। 28 ਅਕਤੂਬਰ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਫੈਸਲਾ ਕੀਤਾ ਕਿ 30 ਅਕਤੂਬਰ 1928 ਦੇ ਦਿਨ ਸਾਈਮਨ ਕਮਿਸ਼ਨ ਦੀ ਲਾਹੌਰ ਆਮਦ 'ਤੇ ਜ਼ਬਰਦਸਤ ਮੁਜ਼ਾਹਰਾ ਕੀਤਾ ਜਾਵੇ। 30 ਅਕਤੂਬਰ 1928 ਦੇ ਦਿਨ ਲਾਹੌਰ ਰੇਲਵੇ ਸਟੇਸ਼ਨ ਤੇ ਤਕਰੀਬਨ 7000 ਦੇ ਹਜੂਮ ਨੇ ''ਸਾਈਮਨ ਕਮਿਸ਼ਨ ਗੋ ਬੈਕ'' ਦੇ ਨਾਅਰਿਆਂ ਨਾਲ ਆਸਮਾਨ ਗੂੰਜਾ ਦਿੱਤਾ। ਇਸ ਮਜ਼ਾਹਰੇ ਦੀ ਅਗਵਾਈ ਕਰ ਰਹੇ ਸਨ: ਮਾਸਟਰ ਤਾਰਾ ਸਿੰਘ, ਅਮਰ ਸਿੰਘ ਝਬਾਲ, ਮੰਗਲ ਸਿੰਘ, ਸਰਦੂਲ ਸਿੰਘ ਕਵੀਸ਼ਰ, ਸੋਹਨ ਸਿੰਘ ਜੋਸ਼, ਮਦਨ ਮੋਹਨ ਮਾਲਵੀਆ, ਮੌਲਵੀ ਅਬਦੁਲ ਕਾਦਰ, ਲਾਲਾ ਹੰਸ ਰਾਜ, ਡਾ. ਗੋਪੀ ਚੰਦ, ਡਾ. ਸਤਪਾਲ, ਲਾਲਾ ਲਾਜਪਤ ਰਾਏ ਤੇ ਹੋਰ ਕਈ ਆਗੂ। ਇਸ ਜਲੂਸ ਵਿਚ ਪੁਲੀਸ ਨੇ ਲਾਠੀਚਾਰਜ ਵੀ ਕੀਤਾ। ਇਸ ਮੌਕੇ ਤੇ ਇਕ

ਅੰਗਰੇਜ਼ ਅਫ਼ਸਰ ਨੇ ਹੰਟਰ ਨਾਲ ਆਗੂਆਂ 'ਤੇ ਵਾਰ ਕੀਤਾ। ਹੰਟਰ ਦਾ ਪਹਿਲਾ ਵਾਰ ਲਾਲਾ ਲਾਜਪਤ 'ਤੇ ਅਤੇ ਦੂਜਾ ਡਾ. ਸੱਤਪਾਲ 'ਤੇ ਹੋਇਆ; ਲਾਲਾ ਸੱਟ ਲੱਗਣੋਂ ਬਚ ਗਿਆ ਪਰ ਸਤ ਪਾਲ ਜ਼ਖ਼ਮੀ ਹੋ ਗਿਆ। ਇਸ ਤੋਂ ਇਲਾਵਾ ਹੋਰਨਾਂ ਨੂੰ ਵੀ ਹੰਟਰਾਂ ਤੇ ਲਾਠੀਆਂ ਦਾ ਸ਼ਿਕਾਰ ਹੋਣਾ ਪਿਆ। **ਇਸ ਮੌਕੇ ਤੇ ਰਾਏਜ਼ਾਦਾ ਹੰਸ ਰਾਜ, ਡਾ. ਗੋਪੀ ਚੰਦ, ਡਾ ਸੱਤ ਪਾਲ, ਲਾਲਾ ਹੰਸਰਾਜ ਤੇ ਅਬਦੁਲ ਕਾਦਰ ਜ਼ਖ਼ਮੀ ਹੋਏ। (ਲਾਲਾ ਲਾਜਪਤ ਰਾਏ ਨੂੰ ਕੋਈ ਸੱਟ ਨਹੀਂ ਲੱਗੀ ਸੀ)।** (ਵੇਖੋ: *ਟ੍ਰਿਬਿਊਨ* 31 ਅਕਤੂਬਰ 1928 ਤੇ 1 ਨਵੰਬਰ 1928, ਰੋਜ਼ਾਨਾ *ਅਕਾਲੀ ਤੇ ਪ੍ਰਦੇਸੀ* 2 ਨਵੰਬਰ 1928)। ਇਸ ਮਗਰੋਂ ਦੁਪਹਿਰੇ ਤਿੰਨ ਵਜੇ ਇਹ ਸਾਰਾ ਹਜੂਮ ਲਾਹੌਰ ਸ਼ਹਿਰ ਦੇ ਦਿੱਲੀ ਦਰਵਾਜ਼ੇ 'ਤੇ ਫੇਰ ਇਕੱਠਾ ਹੋਇਆ। ਇਸ ਇਕੱਠ ਵਿਚ ਕਈ ਆਗੂਆਂ ਨੇ ਤਕਰੀਰਾਂ ਕੀਤੀਆਂ। ਤਕਰੀਰਾਂ ਤੋਂ ਬਾਅਦ ਹਾਜ਼ਰ ਲੋਕਾਂ ਨੇ ਫੇਰ ਇਕ ਜਲੂਸ ਕੱਢਿਆ। ਇਸ ਵੇਲੇ ਤਕ 15000 ਤੋਂ ਵੱਧ ਲੋਕ ਇਕੱਠੇ ਹੋ ਚੁਕੇ ਸਨ। ਇਸ ਜਲੂਸ ਨੂੰ 'ਸਵਰਾਜ ਜਲੂਸ' ਦਾ ਨਾਂ ਦਿਤਾ ਗਿਆ। **ਇਸ ਜਲੂਸ ਦੀ ਅਗਵਾਈ ਡਾਕਟਰ ਗੋਪੀ ਚੰਦ (ਜਿਨ੍ਹਾਂ ਦਾ ਸਿਰ ਲਾਠੀਆਂ ਦੀ ਮਾਰ ਨਾਲ ਸੁੱਜਿਆ ਹੋਇਆ ਸੀ), ਡਾ. ਸਤਪਾਲ (ਜਿਨ੍ਹਾਂ ਦੀ ਬਾਂਹ ਲਾਠੀਆਂ ਦੀ ਮਾਰ ਨਾਲ ਬੁਰੀ ਤਰ੍ਹਾਂ ਜ਼ਖ਼ਮੀ ਹੋਈ ਨਜ਼ਰ ਆ ਰਹੀ ਸੀ) ਤੇ ਹੋਰਨਾਂ ਨੇ ਕੀਤੀ।** ਮਗਰੋਂ ਲਾਲਾ ਲਾਜਪਤ ਰਾਏ 17 ਨਵੰਬਰ ਨੂੰ ਦਿਲ ਦਾ ਦੌਰਾ ਪੈਣ ਨਾਲ ਮਰ ਗਿਆ। ਇਸ ਤੋਂ ਬਹੁਤ ਚਿਰ ਮਗਰੋਂ ਸੀ.ਆਰ. ਦਾਸ ਦੀ ਘਰ ਵਾਲੀ ਨੇ ਲਾਲੇ ਦੀ 'ਦਿਲ ਦੇ ਦੌਰੇ ਨਾਲ ਹੋਈ ਮੌਤ' ਨੂੰ 'ਲਾਠੀਆਂ ਨਾਲ ਹੋਈ ਮੌਤ' ਨਾਲ ਜੋੜਨ ਦੀ ਗੱਲ ਸ਼ੁਰੂ ਕੀਤੀ ਗਈ। ਹਾਲਾਂ ਕਿ ਮੁਜ਼ਾਹਰੇ ਵਾਲੇ ਦਿਨ ਲਾਲਾ ਲਾਜਪਤ ਰਾਏ ਨੂੰ ਜ਼ਰਾ ਵੀ ਝਰੀਟ ਤਕ ਨਹੀਂ ਆਈ ਸੀ। (*ਟ੍ਰਿਬਿਊਨ*, 18 ਨਵੰਬਰ 1928)।

1972: ਫਤਹਿ ਸਿੰਘ ਗੰਗਾਨਗਰ ਦੀ ਮੌਤ ਹੋਈ

ਮਾਰਚ 1972 ਦੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਜ਼ਬਰਦਸਤ ਹਾਰ ਹੋਈ; ਇਸ ਨਾਲ ਅਕਾਲੀ ਆਗੂਆਂ ਅਤੇ ਵਰਕਰਾਂ ਵਿਚ ਨਮੋਸ਼ੀ ਆਉਣੀ ਲਾਜ਼ਮੀ ਸੀ। ਅਕਾਲੀ ਦਲ ਵਲੋਂ ਪੰਜਾਬ ਦੀ ਖ਼ੁਸ਼ਹਾਲੀ ਵਿਚ ਜਮ੍ਹਾਂ-ਪੱਖੀ ਰੋਲ ਅਦਾ ਕੀਤੇ ਜਾਣ ਦੇ ਬਾਵਜੂਦ ਅਕਾਲੀ ਦਲ ਦੀ ਹਾਰ ਦਾ ਕਾਰਨ ਵਰਕਰਾਂ ਦਾ ਪੁਰਾਣੀ ਲੀਡਰਸ਼ਿਪ ਤੋਂ ਯਕੀਂ ਉਠ ਚੁਕਿਆ ਸੀ। ਉਹ ਮਹਿਸੂਸ ਕਰਦੇ ਸਨ ਕਿ ਇਹ ਆਗੂ ਕੌਮ ਦਾ ਕੁਝ ਨਹੀਂ ਸੰਵਾਰ ਸਕਦੇ। ਆਮ ਅਕਾਲੀ ਵਰਕਰ ਚਾਹੁੰਦਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਨੌਜਵਾਨ ਆਗੂਆਂ ਕੋਲ ਹੋਣੀ ਚਾਹੀਦੀ ਹੈ। ਕੁਝ ਅਕਾਲੀ ਆਗੂਆਂ ਨੇ ਚੋਣਾਂ ਵਿਚ ਹੋਈ ਹਾਰ ਨੂੰ ਫ਼ਤਹਿ ਸਿੰਘ ਦੀ ਲੀਡਰਸ਼ਿਪ ਦੀ ਹਾਰ ਆਖ ਕੇ ਉਸ ਤੋਂ ਅਸਤੀਫ਼ੇ ਦੀ ਮੰਗ ਕੀਤੀ, 17 ਮਾਰਚ 1972 ਦੇ ਦਿਨ ਨੌਜਵਾਨ ਆਗੂ ਗੁਰਚਰਨ ਸਿੰਘ ਟੌਹੜਾ ਨੇ ਫ਼ਤਹਿ ਸਿੰਘ ਤੋਂ ਮੰਗ ਕੀਤੀ ਉਹ ਸਰਗਰਮ ਸਿਆਸਤ ਤੋਂ ਪਿੱਛੇ ਹਟ ਜਾਵੇ। ਮਜਬੂਰ ਹੋ ਕੇ 19 ਮਾਰਚ 1972 ਦੇ ਦਿਨ ਫ਼ਤਹਿ ਸਾਹਿਬ ਨੇ ਸਿਆਸਤ ਛੱਡਣ ਦਾ ਐਲਾਨ ਕਰ ਦਿੱਤਾ। ਉਸ ਨੇ 25 ਮਾਰਚ ਨੂੰ ਮੋਹਣ ਸਿੰਘ ਤੁੜ ਨੂੰ ਅਕਾਲੀ ਦਲ ਦਾ ਐਕਟਿੰਗ ਪ੍ਰਧਾਨ ਬਣਾ ਦਿੱਤਾ। ਮਗਰੋਂ 11 ਅਕਤੂਬਰ ਦੇ ਦਿਨ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਇਜਲਾਸ ਨੇ ਤੁੜ ਨੂੰ ਰਸਮੀ ਤੌਰ 'ਤੇ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ। ਫ਼ਤਹਿ ਸਿੰਘ ਨੂੰ ਆਸ ਸੀ ਕਿ ਜਨਰਲ ਇਜਲਾਸ 'ਚ ਉਸ ਨੂੰ ਸਰਪ੍ਰਸਤ, ਚੇਅਰਮੈਨ ਜਾਂ ਕੁਝ ਅਜਿਹਾ 'ਰਸਮੀ ਸਨਮਾਨ' ਜ਼ਰੂਰ ਦਿੱਤਾ ਜਾਏਗਾ, ਪਰ ਜਦੋਂ ਅਜਿਹਾ ਕੁਝ ਨਾ ਹੋਇਆ ਤਾਂ ਫ਼ਤਹਿ ਸਿੰਘ ਨੂੰ ਬੜਾ ਸਦਮਾ ਲਗਾ। ਇਸ ਬੇਇਜ਼ਤੀ ਨੇ ਉਸ ਦਾ ਦਿਲ ਤੋੜ ਦਿੱਤਾ। ਇਸ ਵੇਲੇ ਉਹ ਇਕ ਨਿੰਮੋਝੂਣਾ, ਉਦਾਸ, ਹਾਰਿਆ ਹੋਇਆ, ਬੇਬਸ, ਮੁਰਝਾਇਆ, ਬੇਦਿਲ, ਬੇਜਾਨ ਤੇ ਬਦਨਾਮ ਸ਼ਖ਼ਸ ਸੀ। ਇਸ ਹਾਲਤ ਵਿਚ

ਉਹ 20 ਦਿਨ ਵੀ ਨਾ ਕੱਢ ਸਕਿਆ। 30 ਅਕਤੂਬਰ ਦੇ ਦਿਨ ਉਸ ਦੀ ਮੌਤ ਹੋ ਗਈ। ਮਸਾਂ ਗਿਣਤੀ ਦੇ ਲੋਕ ਹੀ ਅਰਥੀ ਨਾਲ ਸ਼ਾਮਿਲ ਹੋਏ।

1987: ਨਰਿੰਦਰ ਸਿੰਘ ਮਹਿਸਮਪੁਰ, ਸੁਰਿੰਦਰਪਾਲ ਸਿੰਘ ਖਾਲਸਾ ਤੇ ਫ਼ਤਹਿ ਸਿੰਘ ਮੰਨਣ ਨਕਲੀ ਮੁਕਾਬਲਿਆਂ 'ਚ ਸ਼ਹੀਦ

30 ਅਕਤੂਬਰ 1987 ਦੇ ਦਿਨ ਪੰਜਾਬ ਪੁਲਸ ਨੇ ਸੁਰਿੰਦਰਪਾਲ ਸਿੰਘ ਖਾਲਸਾ ਉਰਫ਼ ਬਿੱਟੂ (ਪੁੱਤਰ ਕਰਮ ਸਿੰਘ ਸਰਪੰਚ ਮੰਨਣ, ਝਬਾਲ, ਅੰਮ੍ਰਿਤਸਰ) ਤੇ ਫ਼ਤਹਿ ਸਿੰਘ (ਵਾਸੀ ਮੰਨਣ, ਨੇੜੇ ਝਬਾਲ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤਾ।

1989: ਪੂਰਨ ਸਿੰਘ ਬਬਰ ਕੋਹਾੜਕਾ ਨਕਲੀ ਮੁਕਾਬਲੇ 'ਚ ਸ਼ਹੀਦ

30 ਅਕਤੂਬਰ 1989 ਦੇ ਦਿਨ ਪੰਜਾਬ ਪੁਲਸ ਨੇ ਪੂਰਨ ਸਿੰਘ ਬਬਰ (ਪੁੱਤਰ ਗਿਆਨ ਸਿੰਘ, ਕੋਹਾੜਕਾ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1991: ਰਣਜੀਤ ਸਿੰਘ ਰਾਣਾ ਜਬਵਾਲ ਨਕਲੀ ਮੁਕਾਬਲੇ 'ਚ ਸ਼ਹੀਦ

ਪੰਜਾਬ ਪੁਲਸ ਨੇ 30 ਅਕਤੂਬਰ 1991 ਦੇ ਦਿਨ ਰਣਜੀਤ ਸਿੰਘ ਉਰਫ਼ ਰਾਣਾ (ਪੁੱਤਰ ਅਵਤਾਰ ਸਿੰਘ, ਵਾਸੀ ਜਬਵਾਲ) ਨੂੰ ਇਕ ਨਕਲੀ ਮੁਕਾਬਲੇ 'ਚ ਸ਼ਹੀਦ ਕਰ ਦਿਤਾ।

1992: ਵਿਰਸਾ ਸਿੰਘ ਜੱਜ, ਜਸਕਰਨ ਸਿੰਘ ਰਾਣਾ, ਪਰਗਟ ਸਿੰਘ ਸ਼ੂਟਾ, ਤਰਸੇਮ ਸਿੰਘ ਤੇ ਅਣੋਖ ਸਿੰਘ, ਸੁਖਦੇਵ ਸਿੰਘ ਘਨੂਪੁਰ ਤੇ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 30 ਅਕਤੂਬਰ 1992 ਦੇ ਦਿਨ ਵਿਰਸਾ ਸਿੰਘ ਉਰਫ਼ ਜੱਜ ਵਾਸੀ ਜਲਾਲਪੁਰ ਮਜੀਠਾ, ਜਸਕਰਨ ਸਿੰਘ ਉਰਫ਼ ਰਾਣਾ ਵਾਸੀ ਮੂਲ ਕੇ (ਅਜਨਾਲਾ), ਪਰਗਟ ਸਿੰਘ ਉਰਫ਼ ਸ਼ੂਟਾ, ਤਰਸੇਮ ਸਿੰਘ, ਅਣੋਖ ਸਿੰਘ, ਸੁਖਦੇਵ ਸਿੰਘ (ਵਾਸੀ ਘਨੂਪੁਰ, ਅੰਮ੍ਰਿਤਸਰ) ਤੇ ਹੋਰ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

31 ਅਕਤੂਬਰ

1758: ਸਰਬਤ ਖਾਲਸਾ ਇਕੱਠ ਵਿਚ ਪੰਜਾਬ 'ਤੇ ਕਬਜ਼ਾ ਕਰਨ ਦਾ ਗੁਰਮਤਾ ਕੀਤਾ ਗਿਆ; ਹਰ ਮਿਸਲ ਦਾ ਇਲਾਕਾ ਉਸ ਦੀ ਰਿਆਸਤ ਮੰਨ ਲਈ ਗਈ

31 ਅਕਤੂਬਰ 1758 ਦੇ ਦਿਨ, ਸਰਬੱਤ ਖਾਲਸਾ ਦਾ ਇਕ ਇਕੱਠ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਹੋਇਆ। ਇਸ ਇਕੱਠ ਵਿਚ ਗੁਰਮਤਾ ਕੀਤਾ ਗਿਆ ਕਿ ਹਰ ਇਕ ਮਿਸਲ ਦੀ 'ਰਾਖੀ' ਹੇਠਲਾ ਇਲਾਕਾ ਉਸ ਮਿਸਲ ਦੀ ਰਿਆਸਤ ਮੰਨੀ ਜਾਵੇਗੀ। ਇਹ ਵੀ ਗੁਰਮਤਾ ਕੀਤਾ ਗਿਆ ਕਿ ਸਾਰੀਆਂ ਸਿੱਖ ਮਿਸਲਾਂ ਅਕਾਲ ਤਖ਼ਤ ਦੇ ਨਾਂ 'ਤੇ ਹਕੂਮਤ ਕਰਨਗੀਆਂ। ਭਾਵੇਂ ਸਾਰੀਆਂ ਮਿਸਲਾਂ ਆਜ਼ਾਦ ਅਤੇ ਖ਼ੁਦਮੁਖ਼ਤਿਆਰ ਹੋਣਗੀਆਂ ਪਰ ਸਿਰਦਾਰੀ ਸਮੁੱਚੇ ਸਰਬੱਤ ਖਾਲਸਾ ਦੀ ਹੀ ਮੰਨੀ ਜਾਵੇਗੀ। ਮਿਸਲਾਂ ਦੇ ਆਪਸੀ ਝਗੜਿਆਂ ਦਾ ਫ਼ੈਸਲਾ ਅਕਾਲ ਤਖ਼ਤ ਸਾਹਿਬ 'ਤੇ ਸਰਬੱਤ ਖਾਲਸਾ ਕਰਿਆ ਕਰੇਗਾ। ਜੱਸਾ ਸਿੰਘ ਆਹਲੂਵਾਲੀਆ ਸਰਬੱਤ ਖਾਲਸਾ ਦੇ ਅਤੇ ਦਲ ਖਾਲਸਾ (ਖਾਲਸਾ ਫ਼ੌਜ) ਦੇ ਸਮੁੱਚੇ ਜਥੇਦਾਰ ਹੋਣਗੇ।

1984: ਇੰਦਰਾ ਗਾਂਧੀ ਦਾ ਕਤਲ ਅਤੇ ਭਾਈ ਬਿਅੰਤ ਸਿੰਘ ਦੀ ਸ਼ਹੀਦੀ

ਦਰਬਾਰ ਸਾਹਿਬ 'ਤੇ 4 ਜੂਨ 1984 ਦੇ ਹਮਲੇ ਮਗਰੋਂ ਬਹੁਤ ਤਬਾਹੀ ਹੋ ਚੁਕੀ ਸੀ, ਖ਼ਾਸ ਕਰ ਕੇ ਅਕਾਲ ਤਖ਼ਤ ਸਾਹਿਬ ਤਾਂ ਬੁਰੀ ਤਰ੍ਹਾਂ ਤਬਾਹ ਹੋ ਚੁਕਾ ਸੀ। ਇਸ ਹਾਲਤ ਵਿਚ ਭਾਰਤੀ ਫ਼ੌਜ ਤਖ਼ਤ ਸਾਹਿਬ ਦੀ ਈਮਾਰਤ ਬਣਵਾਉਂਦੀ ਰਹੀ ਤੇ ਅਖ਼ੀਰ ਸਤੰਬਰ ਦੇ ਅਖ਼ੀਰ ਵਿਚ ਇਸ ਦਾ ਕੰਟਰੋਲ ਸਿੱਖਾਂ ਦੇ ਹਵਾਲੇ ਕੀਤਾ। ਇਸ ਮਗਰੋਂ ਸਿੱਖਾਂ ਨੇ ਸਰੋਵਰ ਦੀ ਕਾਰ ਸੇਵਾ ਕਰਨ ਦਾ ਫ਼ੈਸਲਾ ਕੀਤਾ।

12 ਅਕਤੂਬਰ 1984 ਨੂੰ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਸ਼ੁਰੂ ਹੋਈ। ਇਸ ਕਾਰ-ਸੇਵਾ ਵਿਚ ਹਜ਼ਾਰਾਂ ਸਿੱਖਾਂ ਨੇ ਹਿੱਸਾ ਲਿਆ। ਕਾਰ-ਸੇਵਾ ਵਿਚ ਹਿੱਸਾ ਪਾਉਣ ਅਤੇ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀ ਹਾਲਾਤ ਵੇਖਣ ਆਉਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਇੰਦਰਾ ਗਾਂਧੀ ਦੇ ਸਕਿਉਰਿਟੀ ਸਟਾਫ਼ ਦਾ ਸ: ਬੇਅੰਤ ਸਿੰਘ (ਵਾਸੀ ਪਿੰਡ ਮਲੋਆ, ਚੰਡੀਗੜ੍ਹ) ਵੀ ਸੀ। ਬੇਅੰਤ ਸਿੰਘ ਕੋਈ ਧਾਰਮਿਕ ਸੋਚ ਵਾਲੀ ਜ਼ਿੰਦਗੀ ਜੀਣ ਵਾਲਾ ਸਿੱਖ ਨਹੀਂ ਸੀ, ਪਰ ਭਾਰਤੀ ਫ਼ੌਜ ਵਲੋਂ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀ ਕੀਤੀ ਤਬਾਹੀ ਅਤੇ ਬੇਹੁਰਮਤੀ ਵੇਖ ਕੇ ਉਹ ਵੀ ਫੁਟ-ਫੁਟ ਕੇ ਰੋ ਪਿਆ। ਉਹ ਪਹਿਲੋਂ ਦਿੱਲੀ ਵਿਚ ਪ੍ਰੋ: ਦਰਸ਼ਨ ਸਿੰਘ ਦਾ ਕੀਰਤਨ ਸੁਣ ਕੇ ਪਹਿਲਾਂ ਹੀ ਜਜ਼ਬਾਤੀ ਹੋ ਚੁਕਾ ਸੀ। ਅਖ਼ੀਰ ਉਸ ਦੇ ਅੰਦਰ ਦਾ 'ਸਿੱਖ' ਜਾਗ ਪਿਆ ਤੇ ਉਸ ਨੇ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਕਰਨ ਵਾਲੀ ਨੂੰ ਸਜ਼ਾ ਦੇਣ ਦਾ ਪ੍ਰਣ ਕੀਤਾ। ਸ: ਬੇਅੰਤ ਸਿੰਘ ਨੇ ਆਪਣੇ ਨਾਲ ਸ: ਸਤਵੰਤ ਸਿੰਘ (ਪਿੰਡ ਅਗਵਾਨ ਖੁਰਦ, ਗੁਰਦਾਸਪੁਰ) ਨੂੰ ਵੀ ਸ਼ਾਮਿਲ ਕਰ ਲਿਆ। ਬੇਅੰਤ ਸਿੰਘ ਨੇ ਆਪਣਾ ਰਾਜ਼ ਆਪਣੇ ਫੁੱਫੜ ਕਿਹਰ ਸਿੰਘ ਨਾਲ ਵੀ ਸਾਂਝਾ ਕੀਤਾ। ਪੱਕਾ ਇਰਾਦਾ ਕਰਨ ਮਗਰੋਂ ਬੇਅੰਤ ਸਿੰਘ ਤੇ ਸਤਵੰਤ ਸਿੰਘ ਮੁਨਾਸਿਬ ਮੌਕੇ ਦੀ ਉਡੀਕ ਕਰਨ ਲੱਗੇ। ਅਖੀਰ 31 ਅਕਤੂਬਰ 1984 ਦੇ ਮੁਬਾਰਕ ਦਿਨ ਇਨ੍ਹਾਂ ਦੋਹਾਂ ਸਿੰਘਾਂ ਨੇ ਇੰਦਰਾ ਗਾਂਧੀ ਨੂੰ ਸਿੱਖਾਂ 'ਤੇ ਜ਼ੁਲਮ ਕਰਨ, ਦਰਬਾਰ ਸਾਹਿਬ ਦੀ ਬੇਹੁਰਮਤੀ ਕਰਨ ਅਤੇ ਹਜ਼ਾਰਾਂ ਬੇਗ਼ੁਨਾਹ ਸਿੱਖਾਂ ਦਾ ਕਤਲੇਆਮ ਕਰਨ ਦੀ ਸਜ਼ਾ ਦੇ ਦਿੱਤੀ। ਇੰਦਰਾ ਨੂੰ ਕਤਲ ਕਰਨ, ਮਗਰੋਂ ਦੋਹਾਂ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਵਾਸਤੇ ਪੇਸ਼ ਕਰ ਦਿੱਤਾ। ਦੋਹਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਗੋਲੀਆਂ ਦੀ ਵਾਛੜ ਕੀਤੀ ਗਈ। ਇਨ੍ਹਾਂ ਗੋਲੀਆਂ ਨਾਲ ਬੇਅੰਤ ਸਿੰਘ ਦੀ ਮੌਤ ਹੋ ਗਈ ਤੇ ਸਤਵੰਤ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। (ਸਤਵੰਤ ਸਿੰਘ ਨੂੰ ਮਗਰੋਂ ਬਚਾ ਲਿਆ ਗਿਆ)। ਬੇਅੰਤ ਸਿੰਘ ਨੂੰ ਮਾਰਨ ਮਗਰੋਂ ਉਸ ਦੀ ਲਾਸ਼ ਦਾ ਕੀਹ ਕੀਤਾ ਗਿਆ, ਇਸ ਬਾਰੇ ਕੋਈ ਨਹੀਂ ਜਾਣਦਾ, ਕਿਉਂਕਿ ਜੇ ਉਸ ਦਾ ਸਸਕਾਰ ਪੁਲੀਸ ਨੇ ਕੀਤਾ ਵੀ ਤਾਂ ਵੀ ਉਸ ਦੀਆਂ ਅਸਥੀਆਂ ਤਕ ਬੇਅੰਤ ਸਿੰਘ ਦੇ ਪਰਿਵਾਰ ਨੂੰ ਨਹੀਂ ਦਿੱਤੀਆਂ ਗਈਆਂ ਸਨ। ਇਸ ਕੇਸ ਵਿਚ ਬਲਬੀਰ ਸਿੰਘ ਤੇ ਕੇਹਰ ਸਿੰਘ (ਫੁੱਫੜ ਬੇਅੰਤ ਸਿੰਘ) ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। 6 ਜੂਨ 1985 ਨੂੰ ਇੰਦਰਾ ਕਤਲ ਦੀ ਸੁਣਵਾਈ ਸ਼ੁਰੂ ਹੋਈ ਤੇ 28 ਜਨਵਰੀ 1986 ਨੂੰ ਇਸ ਕੇਸ ਦਾ ਫੈਸਲਾ ਸੁਣਾਇਆ ਗਿਆ। ਸੈਸ਼ਨ ਜੱਜ ਮਹੇਸ਼ ਚੰਦਰ ਨੇ ਸਤਵੰਤ ਸਿੰਘ, ਬਲਵੀਰ ਸਿੰਘ ਤੇ ਕੇਹਰ ਸਿੰਘ ਨੂੰ ਸਜ਼ਾ-ਏ-ਮੌਤ ਸੁਣਾਈ। ਇਹ ਆਮ ਚਰਚਾ ਸੀ ਕਿ ਇਸ ਮੁਕੱਦਮੇ ਦਾ ਫ਼ੈਸਲਾ ਰਾਜੀਵ ਦੀ ਕੋਠੀ ਵਿਚ ਲਿਖਿਆ ਗਿਆ ਸੀ। ਜੱਜ ਮਹੇਸ਼ ਚੰਦਰ ਫ਼ੈਸਲਾ ਪੜ੍ਹਦਿਆਂ ਥਥਲਾ ਰਿਹਾ ਸੀ ਤੇ ਕੁਝ ਮਿੰਟਾਂ ਵਿਚ ਹੀ ਲਿਖਤ ਪੜ੍ਹ ਕੇ ਉਠ ਗਿਆ। ਇਸ ਕੇਸ ਦੇ ਫ਼ੈਸਲੇ ਦੇ ਖ਼ਿਲਾਫ਼ ਅਪੀਲ ਕੀਤੀ ਗਈ। ਪਰ ਰਾਜੀਵ ਨੇ ਦਿੱਲੀ ਹਾਈਕੋਰਟ ਵਿਚ ਆਪਣੇ ਵਫ਼ਾਦਾਰ ਚਾਵਲਾ ਨੂੰ ਚੀਫ਼ ਜਸਟਿਸ ਬਣਾ ਕੇ ਆਪਣੀ ਮਰਜ਼ੀ ਮੁਤਾਬਿਕ ਫ਼ੈਸਲਾ ਕਰਵਾ ਲਿਆ ਅਤੇ ਤਿੰਨਾਂ ਦੀ ਫ਼ਾਂਸੀ ਦੀ ਸਜ਼ਾ ਬਹਾਲ ਰਖਵਾ ਲਈ। ਰਾਜੀਵ ਦੇ ਵਫ਼ਾਦਾਰ ਜੱਜ ਸਨ: ਐਮ. ਕੇ. ਚਾਵਲਾ, ਬੀ.ਐਨ ਕਿਰਪਾਲ ਅਤੇ ਐਸ. ਰੰਗਾਨਾਥਨ। ਇਸ ਫ਼ੈਸਲੇ ਦੇ ਖ਼ਿਲਾਫ਼ ਸੁਪਰੀਮ

ਕੋਰਟ ਵਿਚ ਅਪੀਲ ਦਾਇਰ ਕੀਤੀ ਗਈ। ਸੁਪਰੀਮ ਕੋਰਟ ਨੇ ਬਲਬੀਰ ਸਿੰਘ ਨੂੰ ਤਾਂ ਬਰੀ ਕਰ ਦਿੱਤਾ ਪਰ ਸਤਵੰਤ ਸਿੰਘ ਤੇ ਕੇਹਰ ਸਿੰਘ ਦੀ ਫ਼ਾਂਸੀ ਦੀ ਸਜ਼ਾ ਬਹਾਲ ਰੱਖੀ। ਇਹ ਸੀ ਸੁਪਰੀਮ ਕੋਰਟ ਦਾ 'ਇਨਸਾਫ਼' ਜਿਸ 'ਤੇ ਦੁਨੀਆਂ ਦੇ ਹਰ ਕਾਨੂੰਨਦਾਨ ਨੂੰ ਹੈਰਤਅੰਗੇਜ਼ ਹੈਰਾਨੀ ਹੋਈ। ਕੇਹਰ ਸਿੰਘ ਦੀ ਸਜ਼ਾ ਬਾਰੇ ਦੁਨੀਆਂ ਭਰ ਦੇ ਕਾਨੂੰਨਦਾਨਾਂ ਨੂੰ ਸਦਮਾ ਲੱਗਾ ਕਿ ਉਸ ਨੂੰ ਬੇਗੁਨਾਹ ਹੋਣ ਦੇ ਬਾਵਜੂਦ ਫ਼ਾਂਸੀ ਦਿੱਤੀ ਗਈ। ਇਹ ਦੁਨੀਆਂ ਭਰ ਦੀ ਤਵਾਰੀਖ਼ ਦਾ ਸਭ ਤੋਂ ਵਧੇਰੇ ਬੇਇਨਸਾਫ਼ੀ ਵਾਲਾ ਫ਼ੈਸਲਾ ਸੀ। ਦੋਹਾਂ ਨੂੰ 6 ਜਨਵਰੀ 1989 ਦੇ ਦਿਨ ਫ਼ਾਂਸੀ ਦੇ ਦਿੱਤੀ ਗਈ। ਇੰਦਰਾ ਗਾਂਧੀ ਦੇ ਕਤਲ ਸਬੰਧੀ ਇਕ ਸ਼ੋਸ਼ਾ ਇਹ ਵੀ ਛਡਿਆ ਗਿਆ ਸੀ ਕਿ ਇਸ ਵਿਚ ਬੇਅੰਤ ਸਿੰਘ ਤੇ ਸਤਵੰਤ ਸਿੰਘ ਦਾ ਕੋਈ ਰੋਲ ਨਹੀਂ ਸੀ ਬਲਕਿ ਇਹ ਕਤਲ ਇੰਦਰਾ ਗਾਂਧੀ ਦੇ ਇਕ ਸਾਬਕਾ ਸਾਥੀ ਆਰ.ਕੇ. ਧਵਨ ਨੇ ਇਕ ਸਾਜ਼ਸ਼ ਹੇਠ ਕਰਵਾਇਆ ਸੀ। ਦਰਅਸਲ ਇਸ ਪ੍ਰਚਾਰ ਦਾ ਮਕਸਦ ਬੇਅੰਤ ਸਿੰਘ ਤੇ ਸਤਵੰਤ ਸਿੰਘ ਨੂੰ ਸਿੱਖਾਂ ਵਿਚ ਸ਼ਹੀਦ ਮੰਨੇ ਜਾਣੋਂ ਰੋਕਣਾ ਸੀ। ਇਸ ਗੱਲ ਦਾ ਮੁਖ ਪ੍ਰਚਾਰ ਸੰਗਤ ਸਿੰਘ ਨੇ ਆਪਣੀ ਕਿਤਾਬ 'ਸਿੱਖਜ਼ ਇਨ ਹਿਸਟਰੀ' ਵਿਚ ਕੀਤਾ ਸੀ।

1985: ਮੰਜੀ ਸਾਹਿਬ ਵਿਚ ਭਾਈ ਬੇਅੰਤ ਸਿੰਘ ਸ਼ਹੀਦ ਦੀ ਯਾਦ ਵਿਚ ਸਮਾਗਮ

31 ਅਕਤੂਬਰ 1985 ਦੇ ਦਿਨ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੰਜੀ ਸਾਹਿਬ ਦੀਵਾਨ ਹਾਲ ਵਿਚ, ਇੰਦਰਾ ਨੂੰ ਕਤਲ ਕਰਨ ਵਾਲੇ ਬੇਅੰਤ ਸਿੰਘ ਦੀ ਯਾਦ 'ਚ ਦੀਵਾਨ ਕੀਤਾ ਗਿਆ। ਇਹ ਦੀਵਾਨ ਸਿੱਖ ਨੌਜਵਾਨਾਂ ਨੇ ਸ਼੍ਰੋਮਣੀ ਕਮੇਟੀ ਅਤੇ ਗ੍ਰੰਥੀਆਂ ਤੇ ਪੁਜਾਰੀਆਂ ਵੱਲੋਂ ਰੋਕੇ ਜਾਣ ਦੇ ਬਾਵਜੂਦ ਆਪਣੀ ਹਿੱਕ ਦੇ ਜ਼ੋਰ ਨਾਲ ਕੀਤਾ ਸੀ। ਇਸ ਦੀਵਾਨ 'ਚ 16 ਸਿੱਖ ਪਰਿਵਾਰਾਂ ਦਾ ਸਨਮਾਨ ਵੀ ਕੀਤਾ ਗਿਆ। ਇਹ ਸਨ: ਬਿਮਲ ਕੌਰ (ਪਤਨੀ ਬਿਅੰਤ ਸਿੰਘ), ਮਾਤਾ ਭਾਈ ਅਮਰੀਕ ਸਿੰਘ, ਤਰਲੋਕ ਸਿੰਘ (ਪਿਤਾ ਸਤਵੰਤ ਸਿੰਘ, ਇੰਦਰਾ ਕਤਲ ਕਾਂਡ), ਪਿਆਰ ਕੌਰ ਤੇ ਬਲਵਿੰਦਰ ਕੌਰ (ਸੋਢੀ ਸੁਰਿੰਦਰ ਸਿੰਘ ਦੀਆਂ ਭੈਣਾਂ), ਮਹਿੰਦਰ ਕੌਰ (ਮਾਤਾ ਰਛਪਾਲ ਸਿੰਘ), ਸੁਖਜਿੰਦਰ ਕੌਰ (ਮਾਤਾ ਬੀਬੀ ਉਪਕਾਰ ਕੌਰ ਕਰਨਾਲ), ਜਸਬੀਰ ਕੌਰ (ਮਾਤਾ ਕੁਲਵੰਤ ਸਿੰਘ ਨਾਗੋਕੇ), ਮਾਤਾ ਸ਼ਤਿੰਦਰਜੀਤ ਸਿੰਘ ਪੀ.ਟੀ., ਪਤਨੀ ਸੁਰਿੰਦਰ ਸਿੰਘ ਨਾਗੋਕੇ, ਪਰਿਵਾਰ ਲੱਖਾ ਸਿੰਘ ਨਾਗੋਕੇ, ਹਰਭਜਨ ਕੌਰ (ਮਾਤਾ ਗੁਰਮੀਤ ਸਿੰਘ ਧੂਲਕੋਟ), ਈਸ਼ਰ ਸਿੰਘ ਤੇ ਇੰਦਰਜੀਤ ਸਿੰਘ (ਪੁੱਤਰ ਜਰਨੈਲ ਸਿੰਘ ਭਿੰਡਰਾਂਵਾਲੇ)। ਇਸੇ ਦਿਨ ਅਕਾਲ ਤਖ਼ਤ ਸਾਹਿਬ ਦੀ ਸਰਕਾਰ ਵੱਲੋਂ ਬਣੀ ਈਮਾਰਤ ਦਾ 55 ਫ਼ੁਟ ਜੰਗਲਾ ਢਾਹ ਕੇ ਐਲਾਨ ਕੀਤਾ ਗਿਆ ਕਿ ਇਸ ਈਮਾਰਤ ਨੂੰ ਢਾਹ ਕੇ ਦੋਬਾਰਾ ਬਣਾਇਆ ਜਾਵੇਗਾ। ਇਸ ਦੇ ਨਾਲ ਹੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੱਲੋਂ 13 ਨਵੰਬਰ ਨੂੰ ਰੋਸ ਹੜਤਾਲ ਦਾ ਐਲਾਨ ਕੀਤਾ ਗਿਆ। ਪਹਿਲੀ ਨਵੰਬਰ ਨੂੰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਅੰਮ੍ਰਿਤਸਰ ਤੋ ਸ: ਬੇਅੰਤ ਸਿੰਘ ਦੇ ਪਿੰਡ ਮਲੋਆ (ਚੰਡੀਗੜ੍ਹ) ਤਕ 'ਸ਼ਹੀਦੀ ਮਾਰਚ' ਕੀਤਾ।

1986: ਵਰਿਆਮ ਸਿੰਘ ਖਾਪਿਆਂਵਾਲੀ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 31 ਅਕਤੂਬਰ 1986 ਦੇ ਦਿਨ ਖਾੜਕੂਆਂ ਦੇ ਇਕ ਅਹਿਮ ਜਰਨੈਲ ਵਰਿਆਮ ਸਿੰਘ ਖਾਪਿਆਂ ਵਾਲੀ (ਪੁੱਤਰ ਜਥੇਦਾਰ ਹਰਨਾਮ ਸਿੰਘ, ਵਾਸੀ ਖਾਪਿਆਂਵਾਲੀ, ਫ਼ੀਰੋਜ਼ਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਹੋਇਆ ਐਲਾਨ ਕੀਤਾ। ਦਰਅਸਲ ਉਸ ਨੂੰ ਕਈ ਦਿਨ ਪਹਿਲਾਂ ਦਾ ਗ੍ਰਿਫ਼ਤਾਰ ਕੀਤਾ ਹੋਇਆ ਸੀ ਅਤੇ ਉਸ ਨੂੰ ਕੋਹ-ਕੋਹ ਕੇ ਮਾਰਿਆ ਸੀ ਤੇ ਮਗਰੋਂ ਕੋਟਕਪੂਰੇ ਕੋਲ ਏਹੋਪਾਹੀ ਪਿੰਡ ਦੇ ਬਾਹਰ ਨਕਲੀ ਮੁਕਾਬਲੇ

ਵਿਚ ਮਾਰਿਆ ਗਿਆ ਐਲਾਨ ਦਿੱਤਾ ਸੀ। ਨਾਮੀ ਜਰਨੈਲ ਗੁਰਜੰਟ ਸਿੰਘ ਬੁਧਸਿੰਘਵਾਲਾ ਇਸੇ ਦਾ ਸ਼ਾਗਿਰਦ ਸੀ।

1987: ਸਤਨਾਮ ਸਿੰਘ ਸੱਤਾ, ਕਰਨੈਲ ਸਿੰਘ ਬਬਰਾ, ਗੁਰਚਰਨ ਸਿੰਘ ਬੀਰੋਵਾਲ, ਨਰਿੰਦਰ ਸਿੰਘ ਮਹਿਸਮਪੁਰ ਤੇ ਕੁਲਦੀਪ ਸਿੰਘ ਮੁੱਛਲ ਬਾਬਾ ਬਕਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

31 ਅਕਤੂਬਰ 1987 ਦੇ ਦਿਨ ਪੰਜਾਬ ਪੁਲਸ ਨੇ ਸਤਨਾਮ ਸਿੰਘ ਉਰਫ਼ ਸੱਤਾ (ਖੁੱਭਣ ਕਾਂਡ ਦਾ ਮੁਖੀ), ਬਬਰ ਖਾਲਸਾ ਦੇ ਕਰਨੈਲ ਸਿੰਘ, ਗੁਰਚਰਨ ਸਿੰਘ (ਬੀਰੋਵਾਲ), ਨਰਿੰਦਰ ਸਿੰਘ (ਮਹਿਸਮਪੁਰ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ ਗਏ। ਇਸੇ ਦਿਨ ਹੀ ਪੰਜਾਬ ਪੁਲਸ ਨੇ ਕੁਲਦੀਪ ਸਿੰਘ (ਪੁੱਤਰ ਬਚਨ ਸਿੰਘ, ਮੁੱਛਲ, ਬਾਬਾ ਬਕਾਲਾ, ਅੰਮ੍ਰਿਤਸਰ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਅਮਰ ਸਿੰਘ ਮਾਨ ਕਿਸ਼ਨ ਕਲਾਂ ਤੇ ਹਰਪਾਲ ਸਿੰਘ ਸ਼ਿੰਗਾਰਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

31 ਅਕਤੂਬਰ 1988 ਦੇ ਦਿਨ ਪੰਜਾਬ ਪੁਲਸ ਨੇ ਅਮਰ ਸਿੰਘ ਮਾਨ (ਪੁੱਤਰ ਜੋਗਿੰਦਰ ਸਿੰਘ ਕਿਸ਼ਨ ਕਲਾਂ, ਫ਼ੀਰੋਜ਼ਪੁਰ), ਹਰਪਾਲ ਸਿੰਘ ਸ਼ਿੰਗਾਰਪੁਰ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਰੇਸ਼ਮ ਸਿੰਘ ਵਰਲੀਆ, ਬਲਬੀਰ ਸਿੰਘ ਧੂਲ ਕੋਹਨਾ, ਪੂਰਨ ਸਿੰਘ ਕੋਹਾੜਕਾ ਅਤੇ ਗੁਰਦੇਵ ਸਿੰਘ ਰੱਤੋਕੇ ਨਕਲੀ ਮੁਕਾਬਲੇ ਵਿਚ ਸ਼ਹੀਦ

31 ਅਕਤੂਬਰ 1989 ਦੇ ਦਿਨ ਪੰਜਾਬ ਪੁਲਸ ਨੇ ਰੇਸ਼ਮ ਸਿੰਘ (ਪੁੱਤਰ ਤਰਲੋਕ ਸਿੰਘ, ਵਾਸੀ ਵਰਲੀਆ), ਬਲਬੀਰ ਸਿੰਘ ਉਰਫ਼ ਬੀਰਾ (ਪੁੱਤਰ ਹਜ਼ਾਰਾ ਸਿੰਘ, ਵਾਸੀ ਧੂਲ ਕੋਹਨਾ, ਪੂਰਨ ਸਿੰਘ ਉਰਫ਼ ਟੁੰਡਾ (ਪੁਤਰ ਗਿਆਨ ਸਿੰਘ, ਵਾਸੀ ਕੋਹਾੜਕਾ) ਤੇ ਗੁਰਦੇਵ ਸਿੰਘ (ਪੁੱਤਰ ਪਿਆਰਾ ਸਿੰਘ, ਵਾਸੀ ਰੱਤੋਕੇ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1989: ਦਰਜਨਾਂ ਸਿੱਖ ਨਕਲੀ ਕਾਬਲਿਆਂ ਵਿਚ ਸ਼ਹੀਦ

ਮਹੀਨਾ ਅਕਤੂਬਰ 1989 ਵਿਚ ਹੋਰ ਵੀ ਬਹੁਤ ਸਾਰੇ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਗਏ ਸਨ, ਪਰ ਉਨ੍ਹਾਂ ਦੇ ਸ਼ਹੀਦ ਹੋਣ ਦੀ ਤਾਰੀਖ਼ ਦਾ ਪਤਾ ਨਹੀਂ ਲਗ ਸਕਿਆ। ਇਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਸਨ: ਗੁਰਦੇਵ ਸਿੰਘ ਦੇਬੂ (ਪੁੱਤਰ ਇਕਬਾਲ ਸਿੰਘ, ਵਾਸੀ ਸੰਗਰਾਵਾਂ, ਗੁਰਦਾਸਪੁਰ), ਗੱਜਣ ਸਿੰਘ (ਪੁੱਤਰ ਸਿੰਗਾਰ ਸਿੰਘ, ਵਾਸੀ ਬਾਸਰਕੇ ਗਿੱਲਾ, ਅੰਮ੍ਰਿਤਸਰ), ਕਸ਼ਮੀਰ ਸਿੰਘ ਉਰਫ਼ ਘੋਲਾ, ਸਰੂਵਾਲ, ਅੰਮ੍ਰਿਤਸਰ), ਹੀਰਾ ਸਿੰਘ ਬਬਰ ਉਰਫ਼ ਜਸਵੰਤ ਸਿੰਘ (ਵਾਸੀ ਫਤਹਿਗੜ੍ਹ ਸਭਰਾ, ਫ਼ੀਰੋਜ਼ਪੁਰ), ਕਾਬਲ ਸਿੰਘ, ਧਾਲੀਵਾਲ, ਅੰਮ੍ਰਿਤਸਰ), ਸਕੱਤਰ ਸਿੰਘ, ਸੁਰਮੇਲ ਸਿੰਘ ਤੇ ਗੁਰਜੀਤ ਸਿੰਘ (ਤਿੰਨੇ ਵਾਸੀ ਲਸ਼ਕਰੀ ਨੰਗਲ)।

1990: ਦਰਜਨਾਂ ਸਿੱਖ ਨਕਲੀ ਕਾਬਲਿਆਂ ਵਿਚ ਸ਼ਹੀਦ

ਮਹੀਨਾ ਅਕਤੂਬਰ 1990 ਵਿਚ ਹੋਰ ਵੀ ਬਹੁਤ ਸਾਰੇ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਗਏ ਸਨ, ਪਰ ਉਨ੍ਹਾਂ ਦੇ ਸ਼ਹੀਦ ਹੋਣ ਦੀ ਤਾਰੀਖ਼ ਦਾ ਪਤਾ ਨਹੀਂ ਲਗ

ਸਕਿਆ। ਇਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਸਨ: ਸੁਰਿੰਦਰ ਸਿੰਘ ਬਬਰ ਉਰਫ਼ ਕਾਕਾ ਅਤੇ ਉਸ ਦੀ ਪਤਨੀ (ਵਾਸੀ ਲਾਡਰਾ, ਰੋਪੜ), ਪਰਮਜੀਤ ਸਿੰਘ ਸੋਢੀ (ਵਾਸੀ ਲੋਂਗੋ ਮਾਹਲ, ਅੰਮ੍ਰਿਤਸਰ) ਪਰਗਟ ਸਿੰਘ ਉਰਫ਼ ਮਿੰਨੀ ਬਾਬਾ, ਗੁਰਬਿੰਦਰ ਸਿੰਘ (ਵਾਸੀ ਸੁਰ ਸਿੰਘ), ਜਗਦੇਵ ਸਿੰਘ (ਵਾਸੀ ਸਰਜਾ), ਜੱਸਾ ਸਿੰਘ (ਵਾਸੀ ਮਨਿਹਾਲਾ),ਹਰਜਿੰਦਰ ਸਿੰਘ ਉਰਫ਼ ਮੁਸੀਬਤ ਸਿੰਘ (ਵਾਸੀ ਮੱਲੀਆਂ ਵਾਲੀ, ਫ਼ਰੀਦਕੋਟ), ਤਰਸੇਮ ਸਿੰਘ (ਵਾਸੀ ਮੁਹੱਲਾ ਲਹੌਰੀਆਂ, ਮੋਗਾ), ਬਲਜੀਤ ਸਿੰਘ ਕੋਹਾਲੀ, ਹਰਦੀਪ ਸਿੰਘ ਦੀਪਾ (ਵਾਸੀ ਸੁੱਖੇਵਾਲਾ, ਫ਼ੀਰੋਜ਼ਪੁਰ), ਬਲਬੀਰ ਸਿੰਘ (ਵਾਸੀ ਜੱਬੋਵਾਲ,ਹਰਬਿੰਦਰ ਸਿੰਘ (ਵਾਸੀ ਦਾਲਮ), ਗੁਰਚਰਨ ਸਿੰਘ (ਵਾਸੀ ਭੀਲੋਵਾਲ (ਅੰਮ੍ਰਿਤਸਰ)।

1991: ਹਰਪਾਲ ਸਿੰਘ ਭਾਮੇ ਕਲਾਂ ਨਕਲੀ ਮੁਕਾਬਲੇ ਵਿਚ ਸ਼ਹੀਦ

31 ਅਕਤੂਬਰ 1991 ਦੇ ਦਿਨ ਪੰਜਾਬ ਪੁਲਸ ਨੇ ਹਰਪਾਲ ਸਿੰਘ (ਪੁੱਤਰ ਜਰਨੈਲ ਸਿੰਘ, ਵਾਸੀ ਭਾਮੇ ਕਲਾਂ, ਜ਼ਿਲ੍ਹਾ ਮਾਨਸਾ) ਨੂੰ ਇਕ ਨਕਲੀ ਮੁਕਾਬਲੇ 'ਚ ਸ਼ਹੀਦ ਕਰ ਦਿੱਤਾ।

1992: ਅਨੋਖ ਸਿੰਘ ਬਿੰਦੀ ਸੋਹੀਆਂ ਤੇ ਤਰਸੇਮ ਰਾਮ ਭੋਉੜਵਾਲਾ ਮੁਕਾਬਲੇ ਵਿਚ ਸ਼ਹੀਦ

31 ਅਕਤੂਬਰ 1992 ਦੇ ਦਿਨ ਪੰਜਾਬ ਪੁਲਸ ਨੇ ਅਨੋਖ ਸਿੰਘ (ਪੁੱਤਰ ਬੰਤਾ ਸਿੰਘ, ਵਾਸੀ ਬਿੰਦੀ ਸੋਹੀਆਂ) ਅਤੇ ਤਰਸੇਮ ਰਾਮ ਉਰਫ਼ ਸੇਰਮਾ (ਪੁੱਤਰ ਮੇਜੂ, ਵਾਸੀ ਭੋਉੜਵਾਲਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਖਾੜਕੂਆਂ ਨੇ ਲੁਧਿਆਣਾ ਨੇੜੇ 25 ਬਿਹਾਰੀ ਮਜ਼ਦੂਰ ਮਾਰੇ

ਬੇਗੁਨਾਹ ਸਿੱਖਾਂ ਦੇ ਕਤਲੇਆਮ ਦੇ ਜਵਾਬ ਵਜੋਂ ਇਕ ਖਾੜਕੂ ਗਰੁੱਪ ਨੇ 31 ਅਕਤੂਬਰ 1992 ਦੇ ਦਿਨ ਲੁਧਿਆਣਾ ਵਿਚ ਪੈਂਝੀ ਬਿਹਾਰੀ ਮਜ਼ਦੂਰ ਕਤਲ ਕਰ ਦਿਤੇ (ਜਿਹੜੇ ਕਿ ਪੰਜਾਬ ਦਾ ਪਾਣੀ ਹਰਿਆਣਾ ਨੂੰ ਦੇਣ ਵਾਸਤੇ ਸਤਲੁਜ-ਯਮਨਾ ਲਿੰਕ ਨਹਿਰ ਬਣਾ ਰਹੇ ਸਨ)। ਬੇਅੰਤ ਸਿੰਘ ਨੇ ਉਸੇ ਦਿਨ ਉਨ੍ਹਾਂ ਦੇ ਪਰਵਾਰਾਂ ਨੂੰ ਇਕ-ਇਕ ਲੱਖ ਰੁਪੈ ਨਕਦ ਤੇ ਪੰਦਰਾਂ ਸੌ ਰੁਪੈ ਮਹੀਨਾ ਪੈਨਸ਼ਨ ਦੇਣ ਦਾ ਐਲਾਨ ਕਰ ਦਿਤਾ (ਪਰ ਦਿੱਤੀ ਨਹੀਂ)। ਖਾੜਕੂ ਉਸ ਦਿਨ ਉਸ ਥਾਂ ਦੇ ਨੇੜੇ ਤਾਕ 'ਤੇ ਬੈਠੇ ਰਹੇ ਤੇ ਆਸ ਕਰਦੇ ਰਹੇ ਕਿ ਬੇਅੰਤ ਜਾਂ ਕੇ.ਪੀ.ਗਿੱਲ ਉੱਥੇ ਪੁੱਜਣਗੇ ਤੇ ਉਨ੍ਹਾਂ ਨੂੰ 'ਚੁੱਕ' ਲਿਆ ਜਾਵੇਗਾ ਪਰ ਇਨ੍ਹਾਂ ਵਿਚੋਂ ਕੋਈ ਵੀ ਵਕੂਏ ਵਾਲੀ ਥਾਂ 'ਤੇ ਨਾ ਗਿਆ।

1 ਨਵੰਬਰ

1913: ਅਮਰੀਕਾ ਵਿਚ 'ਗ਼ਦਰ' ਅਖ਼ਬਾਰ ਛਪਣੀ ਸ਼ੁਰੂ ਹੋਈ

ਸਿੱਖ ਕੌਮ ਦੇ ਰਾਜ ਕਰਨ ਦੇ ਖ਼ਾਬ ਨੂੰ ਭੁਲਾਉਣ ਵਾਸਤੇ ਅੰਗਰੇਜ਼ਾਂ ਨੇ ਪੰਜਾਬ ਵਿਚ ਸਿੱਖਾਂ ਨੂੰ ਫ਼ੌਜ ਵਿਚ ਚੋਖੀ ਗਿਣਤੀ ਵਿਚ ਭਰਤੀ ਕਰ ਕੇ ਮਿੱਠਾ ਜ਼ਹਿਰ ਪਿਆਉਣਾ ਸ਼ੁਰੂ ਕਰ ਦਿੱਤਾ। ਦੂਜਾ, ਅੰਗਰੇਜ਼ਾਂ ਨੇ ਲਾਇਲਪੁਰ ਅਤੇ ਮਿੰਟਗੁਮਰੀ ਤੇ ਹੋਰ ਨਹਿਰੀ ਇਲਾਕਿਆਂ ਵਿਚ ਜ਼ਮੀਨਾਂ ਦੇ ਕੇ, ਹਰਾ ਇਨਕਲਾਬ ਬੀਜ ਕੇ ਤੇ ਤੀਜਾ, ਸਿੱਖਾਂ ਵਿਚ ਜਾਗੀਰਦਾਰੀ ਦੀ ਬਚੀ-ਖੁਚੀ ਪੀੜ੍ਹੀ ਨੂੰ ਮਿਲਵਰਤਣੀਏ ਬਣਾਉਣ ਦੀ ਕੋਸ਼ਿਸ਼ ਕੀਤੀ। ਭਾਵੇਂ ਇਹੋ ਜਿਹੀਆਂ ਸਾਜ਼ਿਸ਼ਾਂ ਅੰਗਰੇਜ਼ਾਂ ਨੇ ਘੜੀਆਂ ਸਨ ਪਰ ਪੰਥ ਦੀ ਹਕੂਮਤ ਕਰਨ ਦੀ ਧੁੰਨ ਹਰਗਿਜ਼ ਮੱਧਮ ਨਹੀਂ ਹੋ ਸਕੀ। 1857 ਦੇ ਗ਼ਦਰ ਦੀ ਗੋਲਡਨ ਜੁਬਲੀ 'ਤੇ 10 ਮਈ 1907 ਨੂੰ ਲੰਡਨ ਦੇ ਕਾਕਸਟਨ

ਹਾਲ ਵਿਚ ਹੋਏ ਇਕ ਸਮਾਗਮ ਵਿਚ ਪਰਦੇਸੀ ਸਿੱਖਾਂ ਨੇ ਇਕ ਪੈਂਫਲਿਟ ਛਾਪ ਕੇ ਵੰਡਿਆ। ਇਸ ਦਾ ਹੈਡਿੰਗ ਸੀ: 'ਖਾਲਸਾ' ਤੇ ਇਸ ਵਿਚ ਆਖਿਆ ਗਿਆ ਸੀ ਕਿ 'ਖਾਲਸਾ ਜੀ ਅੰਗਰੇਜ਼ ਨੂੰ ਖਾਲਸੇ ਦੀ ਸਰਜ਼ਮੀਂ ਤੋਂ ਕੱਢਣ ਵਾਸਤੇ ਜੱਦੋਜਹਿਦ ਲਈ ਤਿਆਰ ਹੋ ਜਾਓ।' ਇਨ੍ਹੀਂ ਦਿਨੀਂ ਹੀ ਭਾਈ ਤੇਜਾ ਸਿੰਘ ਮਸਤੂਆਣਾ ਨੇ ਵੀ ਯੂ.ਕੇ. ਵਿਚ ਹਾਰਵਰਡ ਯੂਨੀਵਰਸਿਟੀ ਵਿਚ ਅੰਗਰੇਜ਼ਾਂ ਨੂੰ ਸਿੱਖ ਮੁਲਕ ਵਿਚੋਂ ਕੱਢਣ ਵਾਸਤੇ ਪ੍ਰਾਪੇਗੰਡਾ ਕਰ ਕੇ ਕਈ ਸਿੱਖ ਜੱਦੋਜਹਿਦ ਵਾਸਤੇ ਤਿਆਰ ਕੀਤੇ। ਇਹ ਮਾਹੌਲ, 50 ਸਾਲ ਪਹਿਲਾਂ ਖੁਸੇ ਰਾਜ ਨੂੰ ਮੁੜ ਹਾਸਿਲ ਕਰਨ ਦੀਆਂ ਖ਼ਾਹਿਸ਼ਾਂ ਦਾ ਅਹਿਸਾਸ ਜ਼ਿੰਦਾ ਕਰਨ ਵਿਚ ਮਦਦਗਾਰ ਹੋਇਆ ਪਰ ਇਹ ਕਿਸੇ ਵੱਡੇ ਐਕਸ਼ਨ ਦਾ ਸਬਬ ਨਾ ਬਣ ਸਕਿਆ। ਉਂਵ ਇਸ ਨਾਲ ਇੰਗਲੈਂਡ, ਅਮਰੀਕਾ ਤੇ ਕਨੇਡਾ ਦੇ ਸਿੱਖਾਂ ਵਿਚ ਆਜ਼ਾਦੀ ਤੇ ਖ਼ੁਦਮੁਖ਼ਤਿਆਰੀ ਦੀ ਸੋਚ ਨੇ ਆਪਣਾ ਅਸਰ ਜ਼ਰੂਰ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਸੋਚ ਨੇ ਅਮਰੀਕਾ ਤੇ ਕਨੇਡਾ ਵਿਚ ਗ਼ਦਰ ਪਾਰਟੀ ਨੂੰ ਜਨਮ ਦਿੱਤਾ। ਛੇਤੀ ਹੀ ਇਸ ਦੀਆਂ ਬਰਾਂਚਾਂ ਸ਼ਿੰਘਾਈ (ਸੁੰਦਰ ਸਿੰਘ, ਡਾ: ਮਥਰਾ ਸਿੰਘ, ਵਿਸਾਖਾ ਸਿੰਘ ਦਦੇਹਰ ਤੇ ਸੱਜਣ ਸਿੰਘ ਦੀ ਅਗਵਾਈ ਹੇਠ), ਹਾਂਗਕਾਂਗ (ਡਾ: ਠਾਕਰ ਸਿੰਘ ਇਕੋਲਾਹਾ ਦੀ ਅਗਵਾਈ ਹੇਠ ਤੇ ਬਾਅਦ ਵਿਚ ਗਿਆਨੀ ਭਗਵਾਨ ਸਿੰਘ ਦੀ ਅਗਵਾਈ ਹੇਠ, ਤੇ ਮਗਰੋਂ ਭਾਈ ਹਰਨਾਮ ਸਿੰਘ ਤੇ ਭਾਈ ਬਿਸ਼ਨ ਸਿੰਘ ਵੀ), ਫ਼ਿਲਪਾਈਨਜ਼, ਸਿਆਮ (ਥਾਈਲੈਂਡ), ਪਨਾਮਾ ਅਤੇ ਹੋਰ ਕਈ ਮੁਲਕਾਂ ਵਿਚ ਵੀ ਕਾਇਮ ਹੋ ਗਈਆਂ। ਉਪਰ ਲਿਖੇ ਆਗੂਆਂ ਤੋਂ ਇਲਾਵਾ ਸੋਹਣ ਸਿੰਘ ਭਕਨਾ, ਹਰਨਾਮ ਸਿੰਘ ਕਾਲਾ ਸੰਘਾ, ਹਰਨਾਮ ਸਿੰਘ ਟੁੰਡੀਲਾਟ, ਕਰਤਾਰ ਸਿੰਘ ਲਟਾਲਾ, ਨਿਧਾਨ ਸਿੰਘ ਚੁੱਘਾ, ਜਵਾਲਾ ਸਿੰਘ ਠੱਠੀਆਂ, ਸੰਤੋਖ ਸਿੰਘ ਵਗ਼ੈਰਾ ਵੀ ਇਸ ਤਹਿਰੀਕ ਵਿਚ ਸ਼ਾਮਿਲ ਸਨ। ਗ਼ਦਰ ਪਾਰਟੀ ਨੇ ਪਲਾਨਿੰਗ ਤਿਆਰ ਕੀਤੀ ਕਿ ਅੰਗਰੇਜ਼ਾਂ ਨੂੰ ਪੜਾਅ-ਵਾਰ ਪਿਛਾੜ ਕੇ ਮੁਲਕ ਅਜ਼ਾਦ ਕਰਵਾਇਆ ਜਾਏ। ਇਸ ਮਕਸਦ ਵਾਸਤੇ ਇਕ ਲੰਮੀ ਪਲਾਨ ਤਿਆਰ ਕੀਤੀ ਗਈ। ਪਲਾਨ ਮੁਤਾਬਿਕ ਸਭ ਤੋਂ ਪਹਿਲਾਂ ਅੰਗਰੇਜ਼ਾਂ ਤੋਂ ਪੰਜਾਬ ਨੂੰ ਅਜ਼ਾਦ ਕਰਾਇਆ ਜਾਣਾ ਸੀ ਤੇ ਇਹ ਸਾਰਾ ਘੋਲ ਹਥਿਆਰਬੰਦ ਹੋਣਾ ਸੀ। ਪੰਜਾਬ ਤੋਂ ਬਾਅਦ ਕਸ਼ਮੀਰ ਤੇ ਫਿਰ ਸੈਂਟਰਲ ਇੰਡੀਆ ਵਲ ਕੂਚ ਕੀਤਾ ਜਾਣਾ ਸੀ। ਪਾਰਟੀ ਦੇ ਜਨਮ ਦੇ ਨਾਲ ਹੀ ਪਾਰਟੀ ਵੱਲੋਂ 'ਗ਼ਦਰ' ਨਾਂ ਦਾ ਇਕ ਪਰਚਾ ਵੀ ਛਪਣਾ ਸ਼ੁਰੂ ਹੋ ਗਿਆ ਜਿਸ ਦਾ ਪਹਿਲਾ ਅੰਕ ਪਹਿਲੀ ਨਵੰਬਰ 1913 ਨੂੰ ਜਾਰੀ ਕਰ ਦਿੱਤਾ ਗਿਆ ਸੀ।

1921: ਹੋਠੀਆਂ ਗੁਰਦੁਆਰੇ 'ਤੇ ਸੰਗਤ ਦਾ ਕਬਜ਼ਾ ਹੋ ਗਿਆ

ਜ਼ਿਲ੍ਹਾ ਗੁਰਦਾਸਪੁਰ ਵਿਚ ਗੁਰੂ ਅਰਜਨ ਸਾਹਿਬ ਦੀ ਯਾਦ ਵਿਚ ਓਠੀਆਂ (ਹੋਠੀਆਂ) ਵਿਚ ਇਕ ਤਵਾਰੀਖ਼ੀ ਗੁਰਦੁਆਰਾ ਬਣਿਆ ਹੋਇਆ ਹੈ। 1920 ਵਿਚ ਇਸ ਦਾ ਇੰਤਜ਼ਾਮ ਵੀ ਮਹੰਤਾਂ ਦੇ ਕੋਲ ਸੀ। ਜਦ ਸਿੱਖਾਂ ਨੇ ਦਰਬਾਰ ਸਾਹਿਬ, ਨਾਨਕਾਣਾ ਸਾਹਿਬ, ਤਰਨ ਤਾਰਨ ਤੇ ਹੋਰ ਗੁਰਦੁਆਰੇ ਆਜ਼ਾਦ ਕਰਵਾਏ ਤਾਂ ਸੰਗਤਾਂ ਨੇ ਇਸ ਪਾਸੇ ਵੱਲ ਵੀ ਧਿਆਨ ਦਿੱਤਾ ਅਤੇ 1 ਨਵੰਬਰ 1921 ਦੇ ਦਿਨ ਇਸ ਤੇ ਵੀ ਸੰਗਤ ਦਾ ਕਬਜ਼ਾ ਹੋ ਗਿਆ।

1925: ਗੁਰਦੁਆਰਾ ਐਕਟ ਪਾਸ ਹੋ ਕੇ ਲਾਗੂ ਹੋ ਗਿਆ

ਪੰਜ ਸਾਲ ਦੀ ਜੱਦੋਜਹਿਦ ਅਤੇ ਸੈਂਕੜੇ ਕੁਰਬਾਨੀਆਂ ਦੇਣ ਮਗਰੋਂ ਸਰਕਾਰ ਨੇ ਗੁਰਦੁਆਰਾ ਐਕਟ ਬਣਾਉਣਾ ਮੰਨ ਲਿਆ। ਇਸ ਐਕਟ ਹੇਠ ਪਹਿਲੀ ਲਿਸਟ ਵਿਚ 241 ਗੁਰਦੁਆਰੇ ਸਨ ਜਿਨ੍ਹਾਂ ਵਿਚੋਂ 64 ਪੂਰਬੀ ਪੰਜਾਬ (ਹੁਣ ਭਾਰਤ ਹੇਠ) ਅਤੇ 177 ਪੱਛਮੀ ਪੰਜਾਬ (ਹੁਣ ਪਾਕਿਸਤਾਨ ਹੇਠ) ਦੇ ਸਨ। ਇਸ ਤੋਂ ਬਿਨਾਂ 116 ਅਖਾੜੇ ਤੇ ਡੇਰੇ ਵਗ਼ੈਰਾ ਵੀ

ਦੂਜੀ ਸੂਚੀ ਵਿਚ ਸਨ; ਇਨ੍ਹਾਂ ਨੂੰ ਗੁਰਦੁਆਰੇ ਨਹੀਂ ਮੰਨਿਆ ਗਿਆ ਸੀ। ਇਸ ਤੋਂ ਇਲਾਵਾ ਇਹ ਮਦ ਵੀ ਸੀ ਕਿ ਕੋਈ ਵੀ 50 ਸਿੱਖ ਕਿਸੇ ਵੀ ਗੁਰਦੁਆਰੇ ਨੂੰ ਇਸ ਕਮੇਟੀ ਨੂੰ ਦੇਣ ਦਾ ਮਤਾ ਪੇਸ਼ ਕਰ ਸਕਦੇ ਸਨ।ਇਸ ਐਕਟ ਦੀ ਸਭ ਤੋਂ ਵੱਡੀ ਖੂਬੀ ਇਹ ਸੀ 'ਸੈਂਟਰਲ ਬੋਰਡ' ਦੀਆਂ ਚੋਣਾਂ ਵਿਚ ਸਿੱਖ ਬੀਬੀਆਂ ਨੂੰ ਵੋਟ ਦਾ ਹੱਕ ਹਾਸਿਲ ਹੋ ਗਿਆ ਸੀ। ਭਾਰਤ ਵਿਚ ਇਹ ਹੱਕ ਸਭ ਤੋਂ ਪਹਿਲਾਂ ਸਿੱਖ ਬੀਬੀਆਂ ਨੂੰ ਹੀ ਮਿਲਿਆ। ਐਕਟ ਵਿਚ ਇਹ ਵੀ ਖੁਲ੍ਹ ਸੀ ਕਿ ਇਹ 'ਸੈਂਟਰਲ ਬੋਰਡ' ਚਾਹਵੇ ਤਾਂ ਆਪਣਾ ਕੋਈ ਵੀ ਨਾਂ ਰਖ ਸਕਦਾ ਹੈ। ਇਹ ਇਸੇ ਕਾਰਨ ਮੰਨਿਆ ਗਿਆ ਸੀ ਕਿਉਂਕਿ ਅਕਾਲੀ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਨਾਂ ਹੀ ਰੱਖਣਾ ਚਾਹੁੰਦੇ ਸਨ।7 ਮਈ 1925 ਨੂੰ ਇਹ ਬਿੱਲ ਸਿਲੈਕਟ ਕਮੇਟੀ ਨੂੰ ਦਿੱਤਾ ਗਿਆ ਤੇ 2 ਮਹੀਨੇ ਪਿਛੋਂ 9 ਜੁਲਾਈ 1925 ਨੂੰ ਤਾਰਾ ਸਿੰਘ (ਮੈਂਬਰ ਕੌਂਸਲ) ਵਲੋਂ ਪੇਸ਼ ਕੀਤਾ ਇਹ ਬਿਲ ਸ਼ਿਮਲਾ ਇਜਲਾਸ ਵਿਚ ਪਾਸ ਕਰ ਦਿੱਤਾ ਗਿਆ। 28 ਜੁਲਾਈ ਨੂੰ ਗਵਰਨਰ ਵਲੋਂ ਮਨਜ਼ੂਰੀ ਦੇਣ 'ਤੇ ਇਹ ਬਿੱਲ ਐਕਟ ਬਣ ਗਿਆ। ਇਹ ਐਕਟ **1 ਨਵੰਬਰ 1925** ਤੋਂ ਲਾਗੂ ਹੋ ਗਿਆ। (ਉਸ ਤੋਂ ਬਾਅਦ ਅੱਜ ਤਕ ਇਸ ਬਿੱਲ ਵਿਚ ਬਹੁਤ ਤਰਮੀਮਾਂ ਅਤੇ ਤਬਦੀਲੀਆਂ ਹੋਈਆਂ ਹਨ)। ਇਹ ਗੁਰਦੁਆਰਾ ਐਕਟ ਸਿੱਖਾਂ ਦੇ ਬਹੁਤ ਸਾਰੇ ਸੰਜੀਦਾ ਆਗੂਆਂ ਨੇ ਉਸ ਵਕਤ ਮਨਜ਼ੂਰ ਨਹੀਂ ਕੀਤਾ। ਕਈਆਂ ਨੇ ਤਾਂ ਬਹੁਤ ਹੀ ਵਿਰੋਧਤਾ ਕੀਤੀ, ਪਰ ਉਨ੍ਹਾਂ ਨੂੰ ਇਹ ਕਦਾਚਿਤ ਨਹੀਂ ਪਤਾ ਸੀ ਕਿ ਇਸ ਐਕਟ ਦੇ ਬਣ ਜਾਣ ਨਾਲ ਉਨ੍ਹਾਂ ਦੀ ਤਾਕਤ ਜਥੇਬੰਦ ਹੋ ਗਈ ਹੈ। ਇਸੇ ਐਕਟ ਨੇ ਸਿੱਖਾਂ ਜਾਂ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਕਾਇਮ ਰੱਖਣ ਵਿਚ ਬੜੀ ਮਦਦ ਕੀਤੀ ਅਤੇ ਉਹ ਵੀ ਉਸ ਵਕਤ ਜਦੋਂ ਇਸ ਐਕਟ ਦੀ ਅਣਹੋਂਦ ਵਿਚ, ਅਕਾਲੀ ਦਲ ਸ਼ਾਇਦ ਖ਼ਤਮ ਹੋ ਗਿਆ ਹੁੰਦਾ।ਪਰ ਦੂਜੇ ਪਾਸੇ ਇਸ ਐਕਟ ਨੇ ਗੁਰਦੁਆਰਿਆਂ ਉੱਤੇ ਕਬਜ਼ੇ ਵਾਸਤੇ ਲੜਾਈ ਦਾ ਮੁਢ ਵੀ ਬੱਝਿਆ। ਕੁਝ ਸਾਲ ਤਾਂ ਠੀਕ ਰਿਹਾ ਪਰ ਮਗਰੋਂ ਗੁਰਦੁਆਰਿਆਂ ਤੇ ਉਹੀ ਲੋਕ ਕਾਬਜ਼ ਹੋ ਗਏ ਜੋ ਸਕਲ-ਸੂਰਤ ਤੋਂ ਤਾਂ ਸਿਖ ਹਨ ਪਰ ਅੰਦਰੋਂ ਮਹੰਤਾਂ ਤੇ ਮਸੰਦਾਂ ਤੋਂ ਬੇਹਦ ਮਾੜੇ ਸਨ/ਹਨ)।

1956: ਪੰਜਾਬ ਤੇ ਪੈਪਸੂ ਇਕੱਠੇ ਹੋਏ

1947 ਵਿਚ ਜਦ ਅੰਗਰੇਜ਼ ਭਾਰਤ ਨੂੰ ਛੱਡ ਕੇ ਗਏ ਤਾਂ ਉਸ ਵੇਲੇ ਪੰਜਾਬ ਵਿਚ ਬਹੁਤ ਸਾਰੀਆਂ ਰਿਆਸਤਾਂ ਮੌਜੂਦ ਸਨ ਜਿਨ੍ਹਾਂ ਵਿਚੋਂ ਮੁਖ ਪਟਿਆਲਾ, ਕਪੂਰਥਲਾ, ਜੀਂਦ, ਫ਼ਰੀਦਕੋਟ, ਮਲੇਰਕੋਟਲਾ, ਨਾਲਾਗੜ੍ਹ ਵਗੈਰਾ ਸਨ। 1948 ਵਿਚ ਇਨ੍ਹਾਂ ਨੂੰ ਇਕੱਠਾ ਕਰ ਕੇ ਪੈਪਸੂ ਸੂਬਾ ਬਣਾ ਦਿੱਤਾ ਗਿਆ। ਹੁਣ ਪੰਜਾਬ ਵਿਚ ਦੋ ਸੂਬੇ ਸਨ: ਪੰਜਾਬ ਅਤੇ ਪੈਪਸੂ। 1950ਵਿਆਂ ਵਿਚ ਪੰਜਾਬ ਵਿਚ ਪੰਜਾਬੀ ਸੂਬੇ ਦੀ ਮੰਗ ਜ਼ੋਰ ਸ਼ੋਰ ਨਾਲ ਕੀਤੀ ਜਾ ਰਹੀ ਸੀ ਤੇ 1955 ਵਿਚ ਇਕ ਮੋਰਚਾ ਵੀ ਲਗ ਚੁਕਾ ਸੀ। ਇਸ ਮੰਗ ਨੂੰ ਰੋਕਣ ਵਾਸਤੇ ਮਾਰਚ 1956 ਵਿਚ ਭਾਰਤ ਸਰਕਾਰ ਨੇ **'ਰਿਜਨਲ ਫ਼ਾਰਮੂਲਾ'** ਪੇਸ਼ ਕੀਤਾ। ਇਸ ਮੁਤਾਬਿਕ ਪੰਜਾਬ ਅਤੇ ਪੈਪਸੂ ਨੂੰ ਇਕ ਕਰਨ ਅਤੇ ਇਸ ਦੇ ਦੋ ਜ਼ੋਨ ਬਨਾਉਣ ਦਾ ਫ਼ੈਸਲਾ ਹੋਇਆ। ਹਿਮਾਚਲ ਵੱਖਰਾ ਹੋਣਾ ਸੀ ਅਤੇ ਪੰਜਾਬ ਵਿਚ ਪੰਜਾਬੀ ਜ਼ੋਨ ਅਤੇ ਹਿੰਦੀ ਜ਼ੋਨ ਦੋ ਹਿੱਸੇ ਹੋਣੇ ਸਨ। ਇਸ ਵਿਚ ਵੱਖ-ਵੱਖ ਦੋ ਰਿਜਨਲ ਕੌਂਸਲਾਂ ਹੋਣੀਆਂ ਸਨ। ਇਨ੍ਹਾਂ ਕੌਂਸਲਾਂ ਨੂੰ ਲਾਅ ਐਂਡ ਆਰਡਰ, ਟੈਕਸ, ਤੇ ਫ਼ਿਨਾਂਸ ਤੋਂ ਬਿਨਾਂ ਬਾਕੀ ਸਾਰੇ ਹੱਕ ਹੋਣੇ ਸਨ ਅਤੇ ਇਨ੍ਹਾਂ ਦੇ ਫ਼ੈਸਲੇ ਵਜ਼ਾਰਤ 'ਤੇ ਲਾਗੂ ਹੋਣੇ ਸਨ। ਆਪਸੀ ਝਗੜਾ ਹੋਣ ਦੀ ਸੂਰਤ ਵਿਚ ਗਵਰਨਰ ਦਾ ਫ਼ੈਸਲਾ ਆਖ਼ਰੀ ਹੋਣਾ ਸੀ। ਪੰਜਾਬੀ ਰਿਜਨ ਦੀ ਬੋਲੀ ਪੰਜਾਬੀ (ਗੁਰਮੁਖੀ ਲਿੱਪੀ ਵਿਚ) ਮੰਨੀ ਗਈ। ਪੈਪਸੂ ਵਿਚ ਪੰਜਾਬੀ ਜ਼ੋਨ 'ਤੇ ਪੰਜਾਬੀ ਫ਼ਾਰਮੂਲਾ ਅਤੇ ਹਿੰਦੀ ਜ਼ੋਨ 'ਤੇ ਸੱਚਰ ਫ਼ਾਰਮੂਲਾ ਲਾਗੂ ਹੋਣਾ ਮੰਨਿਆ ਗਿਆ। ਰੀਜਨਲ ਫ਼ਾਰਮੂਲੇ ਦਾ ਹੋਰ ਕੋਈ ਨਤੀਜਾ ਤਾਂ ਨਾ ਨਿਕਲ ਸਕਿਆ ਪਰ ।

ਨਵੰਬਰ 1956 ਦੇ ਦਿਨ ਪੰਜਾਬ ਅਤੇ ਪੈਪਸੂ ਸੂਬਿਆਂ ਨੂੰ ਮਿਲਾ ਕੇ ਇਕ ਸੂਬਾ ਬਣਾ ਦਿੱਤਾ ਗਿਆ।

1966: ਪੰਜਾਬੀ ਬੋਲੀ ਦੇ ਅਧਾਰ 'ਤੇ ਪੰਜਾਬੀ ਸੂਬਾ ਬਣਿਆ

ਪੰਜਾਬੀ ਸੂਬਾ ਵਾਸਤੇ ਦੋ ਮੋਰਚੇ ਲੱਗਣ ਅਤੇ ਭਾਰਤ ਪਾਕਿ ਜੰਗ ਵਿਚ ਸਿੱਖ ਫ਼ੌਜੀਆਂ ਦੀ ਬਹਾਦਰੀ ਨੂੰ ਮੁਖ ਰਖ ਕੇ ਸਰਕਾਰ ਨੇ ਪੰਜਾਬੀ ਸੂਬੇ ਦੀ ਹੱਕੀ ਮੰਗ ਨੂੰ ਮੰਨਣ ਦਾ ਫ਼ੈਸਲਾ ਕਰ ਲਿਆ।22 ਸਤੰਬਰ ਨੂੰ ਭਾਰਤ-ਪਾਕਿ ਜੰਗ ਮੁਕਦਿਆਂ ਹੀ ਸਰਕਾਰ ਨੇ 23 ਸਤੰਬਰ 1965 ਨੂੰ ਪੰਜਾਬੀ ਸੂਬੇ ਦੀ ਮੰਗ ਬਾਰੇ ਮਰਕਜ਼ੀ ਵਜ਼ੀਰਾਂ ਦੀ ਇਕ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ। ਇਸ ਕਮੇਟੀ ਵਿਚ ਇਦਰਾ ਗਾਂਧੀ, ਚਵਾਨ ਤੇ ਮਹਾਂਵੀਰ ਤਿਆਗੀ ਤਿੰਨ ਮੈਂਬਰ ਸਨ। ਇਸ ਦੇ ਨਾਲ ਹੀ 22 ਐਮ.ਪੀਜ਼. ਇਕ 'ਸਲਾਹਕਾਰ ਕਮਟੀ' ਵੀ ਬਣਾ ਦਿੱਤੀ ਗਈ। ਇਸ ਕਮੇਟੀ ਦਾ ਚੇਅਰਮੈਨ ਸਪੀਕਰ ਹੁਕਮ ਸਿੰਘ ਸੀ। ਅਖ਼ੀਰ 9 ਮਾਰਚ 1966 ਦੇ ਦਿਨ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਨੇ ਪੰਜਾਬੀ ਸੂਬਾ ਬਣਾਉਣ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ।10 ਅਗਸਤ 1966 ਨੂੰ ਲੋਕ ਸਭਾ ਨੇ ਪੰਜਾਬ ਰੀਆਰਗੇਨਾਈਜ਼ੇਸ਼ਨ ਬਿਲ ਪੇਸ਼ ਹੋਇਆ। ਨਵਾਂ ਪੰਜਾਬ **1 ਨਵੰਬਰ 1966** ਨੂੰ ਵਜੂਦ ਵਿਚ ਆਇਆ। ਇਸ ਵਿਚ 11 ਜ਼ਿਲ੍ਹੇ ਤੇ 83 ਤਹਿਸੀਲਾਂ ਸਨ। ਨਵੇਂ ਪੰਜਾਬ ਦੀ ਆਬਾਦੀ 1 ਕਰੋੜ 11 ਲੱਖ 47 ਹਜ਼ਾਰ 54 ਸੀ ਅਤੇ ਰਕਬਾ 50,225 ਵਰਗ ਕਿਲੋਮੀਟਰ। ਇਸ ਵਿਚ ਸਿੱਖ ਆਬਾਦੀ 56% ਸੀ। 1967 ਦੀਆਂ ਅਸੈਂਬਲੀ ਚੋਣਾਂ ਵਿਚ 104 ਹਲਕਿਆਂ ਵਿਚੋਂ 62 ਤੇ 1969 ਵਿਚ 81 ਸਿੱਖ ਮੈਂਬਰ ਚੁਣੇ ਗਏ ਸਨ। ਪਹਿਲੀ ਨਵੰਬਰ 1966 ਨੂੰ ਕਾਇਮ ਹੋਇਆ ਪੰਜਾਬੀ ਸੂਬਾ ਉਹ ਨਹੀਂ ਸੀ ਜੋ ਅਕਾਲੀ ਦਲ ਮੰਗਦਾ ਸੀ। ਇਹ ਸੂਬਾ ਅਕਾਲੀ ਦਲ ਦੀ ਮੰਗ ਤੋਂ ਦੋ ਤਰ੍ਹਾਂ ਵਖਰਾ ਸੀ: (1) ਰਕਬੇ ਦੇ ਲਿਹਾਜ਼ ਨਾਲ ਇਸ ਵਿਚ ਗੰਗਾਨਗਰ, ਰਾਜਿਸਥਾਨ (ਅਤੇ ਕੁਝ ਅਕਾਲੀਆਂ ਅਨੁਸਾਰ ਜੰਮੂ ਵੀ) ਤੋਂ ਬਿਨਾਂ ਅੰਬਾਲਾ, ਸਿਰਸਾ, ਹਿਸਾਰ, ਫਤਹਿਬਾਦ, ਟੋਹਾਨਾ, ਗੂਹਲਾ, ਰਤੀਆਂ, ਕਰਨਾਲ, ਕਾਂਗੜਾ, ਡਲਹੌਜ਼ੀ, ਪਿੰਜੌਰ, ਕਾਲਕਾ, ਦੇਸ (ਜ਼ਿਲਾ ਨਾਲਾਗੜ੍ਹ), ਊਨਾ, ਚੰਡੀਗੜ੍ਹ ਅਤੇ ਭਾਖੜਾ ਡੈਮ, ਨੰਗਲ ਖਾਦ ਫੈਕਟਰੀ, ਬਿਆਸ ਡੈਮ ਇਸ ਵਿਚ ਸ਼ਾਮਿਲ ਨਹੀਂ ਸਨ। (2) ਅਕਾਲੀ ਦਲ ਦੀ ਦੂਜੀ ਮੰਗ ਸੀ ਪੰਜਾਬੀ ਸੂਬੇ ਦੇ ਖ਼ਾਸ ਹੱਕਾਂ ਬਾਰੇ। ਅਕਾਲੀ ਦਲ ਚਾਹੁੰਦਾ ਸੀ ਕਿ ਰੱਖਿਆ, ਡਾਕ-ਤਾਰ, ਕਰੰਸੀ, ਆਵਾਜਾਈ ਤੋਂ ਬਿਨਾਂ ਸਾਰੇ ਹੱਕ ਪੰਜਾਬੀ ਸੂਬੇ ਕੋਲ ਹੋਣ। ਪਰ 1 ਨਵੰਬਰ 1966 ਨੂੰ ਕਾਇਮ ਹੋਇਆ ਪੰਜਾਬੀ ਸੂਬਾ ਇਨਾਂ ਦੋਹਾਂ ਗੱਲਾਂ ਤੋਂ ਸੱਖਣਾ ਸੀ। ਅਸਲ ਵਿਚ ਇਸ ਸੂਬੇ ਨੂੰ ਇਕ ਸੀਨੀਅਰ ਮਿਊਂਸਪਲ ਕਮੇਟੀ ਆਖ ਦਿੱਤਾ ਜਾਵੇ ਤਾਂ ਕੋਈ ਗਲਤ ਗੱਲ ਨਹੀਂ ਹੋਵੇਗੀ।

1985: ਅੰਮ੍ਰਿਤਸਰ ਤੋਂ ਸ਼ਹੀਦ ਬੇਅੰਤ ਸਿੰਘ ਦੇ ਪਿੰਡ ਮਲੋਆ ਤਕ 'ਸ਼ਹੀਦੀ ਮਾਰਚ' ਕੀਤਾ ਗਿਆ

31 ਅਕਤੂਬਰ 1985 ਦੇ ਦਿਨ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੰਜੀ ਸਾਹਿਬ ਦੀਵਾਨ ਹਾਲ ਵਿਚ, ਇੰਦਰਾ ਨੂੰ ਕਤਲ ਕਰਨ ਵਾਲੇ ਬੇਅੰਤ ਸਿੰਘ ਦੀ ਯਾਦ 'ਚ ਦੀਵਾਨ ਕੀਤਾ ਗਿਆ। ਇਹ ਦੀਵਾਨ ਸਿੱਖ ਨੌਜਵਾਨਾਂ ਨੇ ਆਪਣੀ ਹਿੱਕ ਦੇ ਜ਼ੋਰ ਨਾਲ ਕੀਤਾ ਸੀ। ਇਸੇ ਦਿਨ ਅਕਾਲ ਤਖ਼ਤ ਸਾਹਿਬ ਦੀ ਸਰਕਾਰ ਵੱਲੋਂ ਬਣੀ ਈਮਾਰਤ ਦਾ 55 ਫੁਟ ਜੰਗਲਾ ਢਾਹ ਕੇ ਐਲਾਨ ਕੀਤਾ ਗਿਆ ਕਿ ਇਸ ਈਮਾਰਤ ਨੂੰ ਢਾਹ ਕੇ ਦੋਬਾਰਾ ਬਣਾਇਆ ਜਾਵੇਗਾ। ਇਸ ਦੇ ਨਾਲ ਹੀ ਅਗਲੇ ਦਿਨ ਪਹਿਲੀ ਨਵੰਬਰ 1985 ਦੇ ਦਿਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਅੰਮ੍ਰਿਤਸਰ ਤੋ ਸ: ਬੇਅੰਤ ਸਿੰਘ ਦੇ ਪਿੰਡ ਮਲੋਆ (ਚੰਡੀਗੜ੍ਹ) ਤਕ 'ਸ਼ਹੀਦੀ ਮਾਰਚ' ਕੀਤਾ

ਜਿਸ ਵਿਚ ਹਜ਼ਾਰਾਂ ਲੋਕ ਸ਼ਾਮਿਲ ਹੋਏ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਬਾਬਾ ਜੋਗਿੰਦਰ ਸਿੰਘ ਇਸ ਮਾਰਚ ਵਿਚ ਸ਼ਾਮਿਲ ਨਾ ਹੋਇਆ।

1985: ਭੂਪਿੰਦਰ ਸਿੰਘ ਤਖ਼ਤੂ ਚੱਕ ਨਕਲੀ ਮੁਕਾਬਲੇ ਵਿਚ ਸ਼ਹੀਦ

1 ਨਵੰਬਰ 1987 ਦੇ ਦਿਨ ਪੁਲਸ ਨੇ ਭੂਪਿੰਦਰ ਸਿੰਘ ਵਾਸੀ ਤਖ਼ਤੂ ਚੱਕ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1987: ਸੁਖਦੇਵ ਸਿੰਘ ਤਰਸਿਕਾ, ਗੁਰਦੇਵ ਸਿੰਘ ਨੰਦਾਚੌਰ, ਰਛਪਾਲ ਸਿੰਘ ਔਲਖ ਨਕਲੀ ਮੁਕਾਬਲੇ ਵਿਚ ਸ਼ਹੀਦ

1 ਨਵੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਸੁਖਦੇਵ ਸਿੰਘ (ਪੁੱਤਰ ਦਾਰਾ ਸਿੰਘ, ਵਾਸੀ ਤਰਸਿਕਾ, ਅੰਮ੍ਰਿਤਸਰ), ਗੁਰਦੇਵ ਸਿੰਘ (ਨੰਦਾਚੌਰ, ਹੁਸ਼ਿਆਰਪੁਰ), ਰਛਪਾਲ ਸਿੰਘ ਔਲਖ (ਪੁੱਤਰ ਬਖਸੀਸ ਸਿੰਘ, ਵਾਸੀ ਰੱਪੜ, ਪਟਿਆਲਾ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1989: ਗੁਰਜੀਤ ਸਿੰਘ ਮਹਿਮਾ ਜੱਲੂਪੁਰ ਖੇੜਾ ਤੇ ਚਾਨਣ ਮਖੂ ਵੰਝੇਕੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ

1 ਨਵੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਗੁਰਜੀਤ ਸਿੰਘ ਮਹਿਮਾ (ਪੁੱਤਰ ਲਛਮਣ ਸਿੰਘ, ਵਾਸੀ ਜੱਲੂਪੁਰ ਖੇੜਾ, ਅੰਮ੍ਰਿਤਸਰ), ਚਾਨਣ ਸਿੰਘ (ਪੁੱਤਰ ਭਾਈ ਬੂਟਾ ਸਿੰਘ ਤੇ ਭਰਾ ਨਿਸ਼ਾਨ ਸਿੰਘ ਮਖੂ, ਵਾਸੀ ਮਖੂ ਵੰਝੇਕੇ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਰੇਸ਼ਮ ਸਿੰਘ ਅੰਮ੍ਰਿਤਸਰ ਨਕਲੀ ਮੁਕਾਬਲੇ ਵਿਚ ਸ਼ਹੀਦ

1 ਨਵੰਬਰ 1987 ਦੇ ਦਿਨ ਪੁਲਸ ਨੇ ਰੇਸ਼ਮ ਸਿੰਘ (ਪੁੱਤਰ ਬਖ਼ਸ਼ੀਸ਼ ਸਿੰਘ, ਵਾਸੀ ਗਲੀ ਨੰਬਰ 8, ਵਿਜੈ ਨਗਰ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਚ ਸ਼ਹੀਦ ਕਰ ਦਿੱਤਾ।

1990: ਭੁੱਲਰ ਪਿੰਡ ਕੋਲ ਛੇ ਘੰਟੇ ਚੱਲੇ ਅਸਲ ਤੇ ਅਸਾਵੇਂ ਮੁਕਾਬਲੇ ਵਿਚ ਸੁਖਵਿੰਦਰ ਸਿੰਘ ਸੰਘਾ ਸਾਂਝਣਾ, ਬਲਜੀਤ ਸਿੰਘ ਬੱਲੀ ਕਲ੍ਹਾ, ਬਿਕਰਮਜੀਤ ਸਿੰਘ ਨਰੂਲਾ ਤੇ ਮਨਜੀਤ ਸਿੰਘ ਚਾਟੀਵਿੰਡ ਸ਼ਹੀਦ ਹੋਏ

ਪਹਿਲੀ ਨਵੰਬਰ 1990 ਦੇ ਦਿਨ ਪੁਲਸ ਨੂੰ ਮੁਖ਼ਬਰੀ ਹੋਈ ਕਿ ਭਿੰਡਰਾਂਵਾਲਾ ਟਾਈਗਰ ਫ਼ੋਰਸ ਦਾ ਮੁਖੀ ਸੁਖਵਿੰਦਰ ਸਿੰਘ ਸੰਘਾ ਤੇ ਉਸ ਦੇ ਸਾਥੀ ਭੁੱਲਰ ਪਿੰਡ ਦੇ ਨੇੜੇ ਕਿਸੇ ਛੁਪਣਗਾਹ ਵਿਚ ਮੌਜੂਦ ਹਨ। ਇਸ 'ਤੇ ਹਰਜੀਤ ਸਿੰਘ ਐਸ.ਪੀ. ਨੇ ਪੁਲਸ ਦੀ ਇਕ ਵੱਡੀ ਧਾੜ ਲੈ ਕੇ ਇਲਾਕਾ ਘੇਰ ਲਿਆ। ਇਸ ਦੇ ਨਾਲ ਹੀ ਉਸ ਨੇ ਸੀ.ਆਰ.ਪੀ. ਐਫ਼. ਨੂੰ ਵੀ ਬੁਲਾ ਲਿਆ। ਕੁਝ ਹੀ ਚਿਰ ਵਿਚ ਹਜ਼ਾਰ ਤੋਂ ਵਧ ਫ਼ੋਰਸਿਜ਼ ਨੇ ਖਾੜਕੂਆਂ ਨੂੰ ਘੇਰਾ ਪਾ ਲਿਆ। ਸਾਰੇ ਪਾਸੇ ਪੁਲਸ ਤੇ ਫ਼ੌਜ ਦਾ ਘੇਰਾ ਵੇਖ ਕੇ ਖਾੜਕੂਆਂ ਨੇ ਜੰਗ ਕਰ ਕੇ ਸ਼ਹੀਦ ਹੋ ਜਾਣ ਦਾ ਅਰਦਾਸਾ ਸੋਧਿਆ ਤੇ ਜੂਝਣ ਲਗ ਪਏ। ਤਕਰੀਬਨ 5-6 ਘੰਟੇ ਚਾਰ ਖਾੜਕੂ ਹਜ਼ਾਰਾਂ ਫ਼ੌਜਾਂ ਨਾਲ ਟੱਕਰ ਲੈਂਦੇ ਰਹੇ। ਅਖ਼ੀਰ ਜਦ ਸਾਰਾ ਅਸਲਾ ਮੁਕ ਗਿਆ ਤਾਂ ਉਹ ਸ਼ਹੀਦ ਹੋ ਗਏ। ਇਸ ਅਸਾਂਵੀ ਜੰਗ ਵਿਚ ਚਾਰ ਖਾੜਕੂ ਸ਼ਹੀਦ ਹੋਏ ਸਨ: ਸੁਖਵਿੰਦਰ ਸਿੰਘ ਸੰਘਾ (ਪੁੱਤਰ ਗੁਲਜ਼ਾਰ ਸਿੰਘ, ਵਾਸੀ ਸਾਂਝਣਾ), ਬਲਜੀਤ ਸਿੰਘ ਬੱਲੀ (ਪੁੱਤਰ ਮੱਖਣ ਸਿੰਘ,

ਵਾਸੀ ਕਲ੍ਹਾ), ਬਿਕਰਮਜੀਤ ਸਿੰਘ (ਪੱਤਰ ਗੋਪਾਲ ਸਿੰਘ, ਵਾਸੀ ਨਰੂਲਾ) ਤੇ ਮਨਜੀਤ ਸਿੰਘ (ਪੁੱਤਰ ਗਿਆਨ ਸਿੰਘ, ਵਾਸੀ ਚਾਟੀਵਿੰਡ)। ਖਾੜਕੂਆਂ ਦੀਆਂ ਗੋਲੀਆਂ ਨਾਲ ਬਹੁਤ ਸਾਰੇ ਫ਼ੌਜੀ ਤੇ ਪੁਲਸੀਏ ਵੀ ਮਾਰੇ ਗਏ। ਮਗਰੋਂ ਪੁਲਸ ਨੂੰ ਲਿਆਉਣ ਵਾਲੇ ਹਰਜੀਤ ਸਿੰਘ ਨੂੰ ਵੀ ਖਾੜਕੂ ਜਰਨੈਲ ਮੇਜਰ ਸਿੰਘ ਨੇ 24 ਨਵੰਬਰ ਦੇ ਦਿਨ, ਸਿਰਫ਼ 22 ਦਿਨ ਦੇ ਅੰਦਰ-ਅੰਦਰ, ਮਾਰ ਦਿੱਤਾ।

1992: ਗੁਰਦਾਸ ਸਿੰਘ ਮਨਸੂਰਵਾਲ, ਵਸਣ ਸਿੰਘ ਭੈਣੀ ਪਟਿਆਲਾ, ਅੰਗਰੇਜ਼ ਸਿੰਘ, ਰਘਬੀਰ ਸਿੰਘ, ਗੁਰਦੇਵ ਸਿੰਘ ਤੇ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲੀਸ ਨੇ ਪਹਿਲੀ ਨਵੰਬਰ 1992 ਦੇ ਦਿਨ ਗੁਰਦਾਸ ਸਿੰਘ ਮਨਸੂਰਵਾਲ, ਵਸਣ ਸਿੰਘ ਭੈਣੀ ਪਟਿਆਲਾ, ਅੰਗਰੇਜ਼ ਸਿੰਘ, ਰਘਬੀਰ ਸਿੰਘ, ਗੁਰਦੇਵ ਸਿੰਘ ਤੇ ਚਾਰ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤੇ।

1993: ਸੁਖਦੇਵ ਸਿੰਘ ਸੁਰਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲੀਸ ਨੇ ਪਹਿਲੀ ਨਵੰਬਰ 1993 ਦੇ ਦਿਨ ਸੁਖਦੇਵ ਸਿੰਘ (ਪੁੱਤਰ ਸਰਦੂਲ ਸਿੰਘ, ਵਾਸੀ ਪਿੰਡ ਸੁਰਸਿੰਘ) ਤੇ 3 ਹੋਰ ਸਿੱਖਾਂ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

2 ਨਵੰਬਰ

1780: ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ

ਲਾਹੌਰ 'ਤੇ 40 ਸਾਲ ਰਾਜ ਕਰਨ ਵਾਲੇ ਮਹਾਰਾਜਾ ਰਣਜੀਤ ਸਿੰਘ ਦਾ ਜਨਮ 2 ਨਵੰਬਰ 1780 ਦੇ ਦਿਨ ਗੁਜਰਾਂਵਾਲਾ ਵਿਚ ਸ ਮਹਾਂ ਸਿੰਘ (ਪੁਤਰ ਚੜ੍ਹਤ ਸਿੰਘ, ਪੁੱਤਰ ਨੌਧ ਸਿੰਘ ਪੁੱਤਰ ਬੁਧ ਸਿੰਘ) ਦੇ ਘਰ ਹੋਇਆ ਸੀ। (ਇਕ ਰਿਵਾਇਤ ਮੁਤਾਬਿਕ ਉਸ ਦਾ ਜਨਮ ਪਿੰਡ ਬਡਰੁੱਖਾਂ, ਸੰਗਰੂਰ ਜ਼ਿਲਾ ਵਿਚ ਵੀ ਮੰਨਿਆ ਜਾਂਦਾ ਹੈ)। ਮਹਾਰਾਜਾ ਰਣਜੀਤ ਸਿੰਘ ਆਪਣੇ ਪਿਤਾ ਦੀ ਮੌਤ ਮਗਰੋਂ ਸਿਰਫ਼ 10 ਸਾਲ ਦੀ ਉਮਰ ਵਿਚ ਮਿਸਲ ਦਾ ਮੁਖੀ ਬਣਿਆ।ਇਸ ਮਿਸਲ ਦਾ ਮੋਢੀ ਸੁਕਰਚੱਕ (ਜ਼ਿਲਾ ਗੁਜਰਾਂ ਵਾਲਾ) ਦਾ ਭਾਈ ਦੇਸੂ ਪੁੱਤਰ ਚੌਧਰੀ ਭਾਗ ਮੱਲ ਤੇ ਪੋਤਾ ਤਖਤ ਮੱਲ ਸੀ, ਜੋ ਪਾਹੁਲ ਲੈ ਕੇ ਬੁੱਢਾ ਸਿੰਘ ਬਣਿਆ ਸੀ। ਇਸ ਦੇ ਦੋ ਪੁੱਤਰ ਸਨ: ਨੌਧ ਸਿੰਘ ਤੇ ਚੰਦਾ ਸਿੰਘ (ਚੰਦਾ ਸਿੰਘ ਦੇ ਵਾਰਿਸ ਸੰਧਾਵਾਲੀਏ ਅਖਵਾਉਂਦੇ ਹਨ)। 1718 ਵਿਚ ਬੁੱਢਾ ਸਿੰਘ ਦੀ ਮੌਤ ਹੋ ਗਈ। ਹੁਣ ਨੌਧ ਸਿੰਘ ਇਸ ਜਥੇ ਦਾ ਮੁਖੀ ਬਣਿਆ। ਨੌਧ ਸਿੰਘ 1752 ਵਿਚ ਮਰ ਗਿਆ। ਇਸ ਮਗਰੋਂ ਉਸ ਦੇ ਪੁੱਤਰ ਚੜ੍ਹਤ ਸਿੰਘ ਨੇ ਕਮਾਂਡ ਸੰਭਾਲੀ। ਚੜ੍ਹਤ ਸਿੰਘ ਸ਼ੁਕਰ ਚੱਕ ਤੋਂ ਗੁਜਰਾਂਵਾਲਾ ਆ ਗਿਆ। ਉਸ ਨੇ ਇਸ ਥਾਂ 'ਤੇ ਕਿਲ੍ਹਾ ਬਣਾਇਆ। ਛੇਤੀ ਹੀ ਉਸ ਨੇ ਵਜ਼ੀਰਾਬਾਦ, ਏਮਨਾਬਾਦ ਅਤੇ ਰੋਹਤਾਸ ਵਿਚ ਆਪਣੀ ਤਾਕਤ ਬਣਾ ਲਈ। ਅਗਸਤ 1761 ਵਿਚ ਇਸ ਨੇ ਅਹਿਮਦਸ਼ਾਹ ਦੁਰਾਨੀ ਦੇ ਜਰਨੈਲ ਨੂਰ-ਉਦ-ਦੀਨ ਨੂੰ ਸਿਆਲਕੋਟ 'ਚੋਂ ਬੁਰੀ ਤਰ੍ਹਾਂ ਭਜਾਇਆ। ਸੰਤੰਬਰ 1761 ਵਿਚ ਉਸ ਨੇ ਲਾਹੌਰ ਦੇ ਸੂਬੇਦਾਰ ਖਵਾਜਾ ਅਬੈਦ ਨੂੰ ਜ਼ਬਰਦਸਤ ਸ਼ਿਕਸਤ ਦਿੱਤੀ। 5 ਫ਼ਰਵਰੀ 1762 ਦੇ ਘੱਲੂਘਾਰੇ ਵੇਲੇ ਇਸ ਨੇ ਕਮਾਲ ਦਾ ਰੋਲ ਅਦਾ ਕੀਤਾ। 1770'ਚ ਜੰਮੂ 'ਤੇ ਹਮਲੇ ਦੌਰਾਨ ਇਸ ਦੀ ਮੌਤ ਹੋ ਗਈ। ਇਸ ਮਗਰੋਂ ਉਸ ਦਾ ਨਾਬਾਲਗ ਪੁੱਤਰ ਮਹਾਂ ਸਿੰਘ ਚੀਫ਼ ਬਣਿਆ। 1790 ਵਿਚ ਮਹਾਂ ਸਿੰਘ ਦੀ ਮੌਤ ਮਗਰੋਂ ਉਸ ਦਾ ਪੁੱਤਰ (ਮਹਾਰਾਜਾ) ਰਣਜੀਤ ਸਿੰਘ ਇਸ ਮਿਸਲ ਦਾ ਮੁਖੀ ਬਣਿਆ।

ਪਹਿਲਾਂ ਇਸ ਮਿਸਲ ਕੋਲ ਸਿਰਫ਼ ਗੁਜਰਾਂਵਾਲਾ ਹੀ ਸੀ। 7 ਜੁਲਾਈ 1799 ਨੂੰ ਰਣਜੀਤ ਸਿੰਘ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। 1805 ਵਿਚ ਅੰਮ੍ਰਿਤਸਰ 'ਤੇ ਵੀ ਇਸ ਦਾ ਕਬਜ਼ਾ ਹੋ ਗਿਆ। ਇਸ ਮਗਰੋਂ ਰਣਜੀਤ ਸਿੰਘ ਨੇ ਇਕ-ਇਕ ਕਰ ਕੇ ਸਾਰੀਆਂ ਸਿੱਖ ਮਿਸਲਾਂ ਦੇ ਇਲਾਕੇ ਖੋਹ ਲਏ। ਸਿਰਫ਼ ਆਹਲੂਵਾਲੀਆ ਮਿਸਲ ਦਾ ਇਲਾਕਾ ਹੀ ਆਜ਼ਾਦ ਰਿਹਾ ਜਾਂ ਸਤਲੁਜ ਪਾਰਲੇ ਇਲਾਕੇ ਇਸ ਦੀ ਮਾਰ ਤੋਂ ਬਚੇ ਰਹੇ। ਇਸ ਨੇ ਸਿੱਖ ਜਰਨੈਲਾਂ ਦੀ ਮਦਦ ਨਾਲ ਕਸੂਰ (1807), ਝੰਗ (1807), ਬਹਾਵਲਪੁਰ ਤੇ ਅਖਨੂਰ (1807), ਡੱਲੇਵਾਲੀਆ ਮਿਸਲ ਦਾ ਇਲਾਕਾ (1807), ਕਾਂਗੜਾ (1809), ਗੁਜਰਾਤ (1810), ਖ਼ੁਸ਼ਾਬ ਤੇ ਸਾਹੀਵਾਲ (1810), ਜੰਮੂ (1810), ਵਜ਼ੀਰਾਬਾਦ (1810), ਰਾਮਗੜ੍ਹੀਆ ਮਿਸਲ ਦਾ ਇਲਾਕਾ (1811), ਫ਼ੈਜ਼ਲਾਪੁਰੀਆ/ ਸਿੰਘਪੁਰੀਆ ਮਿਸਲ ਦਾ ਇਲਾਕਾ (1811), ਨੱਕਈ ਮਿਸਲ ਦਾ ਇਲਾਕਾ (1811), ਕਸ਼ਮੀਰ (1812), ਅਟਕ (1813), ਕਸ਼ਮੀਰ (1812 ਤੇ 1814 ਦੀ ਨਾਕਾਮਯਾਬੀ ਮਗਰੋਂ 1819 ਵਿਚ), ਕਨ੍ਹਈਆ ਮਿਸਲ ਦਾ ਇਲਾਕਾ (1821), ਮੁਲਤਾਨ (1803,1807,1816 ਤੇ 1817 ਦੀ ਨਾਕਾਮਯਾਬੀ ਮਗਰੋਂ 1818 ਵਿਚ), ਨੌਸ਼ਹਿਰਾ (1824), ਪਿਸ਼ਾਵਰ (1812 ਦੀ ਨਾਕਾਮਯਾਬੀ ਮਗਰੋਂ 1834 ਵਿਚ), ਡੇਰਾ ਗ਼ਾਜੀ ਖ਼ਾਨ, ਡੇਰਾ ਇਸਮਾਈਲ ਖ਼ਾਨ (1836) ਵਗ਼ੈਰਾ ਸਾਰੇ ਇਲਾਕੇ ਜਿਤ ਲਏ। ਹਿਮਾਂਚਲ ਦੀਆਂ ਸਾਰੀਆਂ ਪਹਾੜੀ ਰਿਆਸਤਾਂ ਉਸ ਨੂੰ ਖਰਾਜ ਦੇਂਦੀਆਂ ਸਨ। ਰਣਜੀਤ ਸਿੰਘ ਦੀ ਮੌਤ 27 ਜੂਨ 1839 ਦੇ ਦਿਨ ਹੋਈ ਸੀ।

1879: ਸਿੰਘ ਸਭਾ ਲਾਹੌਰ ਕਾਇਮ ਹੋਈ

ਸਿੰਘ ਸਭਾ ਲਹਿਰ ਦਾ ਮੁੱਢ ਪਹਿਲੀ ਅਕਤੂਬਰ 1873 ਦੇ ਦਿਨ ਅੰਮ੍ਰਿਤਸਰ ਵਿਚ ਬੱਝਾ ਸੀ। ਪਹਿਲਾਂ ਤਾਂ ਲਾਹੌਰ ਦੇ ਸਿਰਕਰਦਾ ਸਿੱਖ ਅੰਮ੍ਰਿਤਸਰ ਦੀਆਂ ਮੀਟਿੰਗਾਂ ਵਿਚ ਆਉਂਦੇ ਰਹੇ ਪਰ 2 ਨਵੰਬਰ 1879 ਦੇ ਦਿਨ ਲਾਹੌਰ ਵਾਲਿਆਂ ਨੇ ਵੀ ਇਕ ਸਿੰਘ ਸਭਾ ਕਾਇਮ ਕਰ ਲਈ। ਪ੍ਰੋ ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਜੀ ਇਸ ਦੇ ਮੁਖ ਆਗੂ ਸਨ। ਜਿਉਂ ਜਿਉਂ ਸਿੰਘ ਸਭਾ ਲਹਿਰ ਫੈਲਦੀ ਗਈ ਇਸ ਦੇ ਆਗੂਆਂ ਵਿਚੋਂ ਰਈਸ ਧੜੇ ਦੇ ਬਹੁਤੇ ਚੌਧਰੀਆਂ ਉੱਤੇ ਲੀਡਰਸ਼ਿਪ ਦਾ ਭੂਤ ਸਵਾਰ ਹੋ ਗਿਆ। ਰਾਜਾ ਬਿਕਰਮ ਸਿੰਘ ਫਰੀਦਕੋਟ ਤੇ ਖੇਮ ਸਿੰਘ ਬੇਦੀ ਵਾਸਤੇ ਗਦੇਲੇ ਵਿਛਾਏ ਜਾਣ ਲਗ ਪਏ। ਏਨਾ ਹੀ ਨਹੀਂ ਇਸ ਗਰੁੱਪ ਨੇ ਸਿੰਘ ਸਭਾ ਲਹਿਰ ਦੇ ਅਸੂਲਾਂ ਦੇ ਉਲਟ 'ਦਲਿਤਾਂ' ਤੋਂ ਦੂਰੀ ਵਧਾਉਣੀ ਸ਼ੁਰੂ ਕਰ ਦਿਤੀ। ਹੋਰ ਤਾਂ ਹੋਰ ਜਦੋਂ ਦਰਬਾਰ ਸਾਹਿਬ ਦੇ ਬੁਤਪ੍ਰਸਤੀ ਰੋਕਣ, ਠਾਕਰਾਂ ਦੀ ਪੂਜਾ ਖਤਮ ਕਰਨ ਅਤੇ ਦਰਬਾਰ ਸਾਹਿਬ ਦੀ ਹਦੂਦ ਚੋਂ ਮੂਰਤੀਆਂ ਚੁਕਣ ਦੀ ਮੰਗ ਉਠੀ ਤਾਂ ਇਨ੍ਹਾਂ ਨੇ ਅਜਿਹਾ ਕਰਨੋਂ ਵਰਜਿਆ। ਪਰ ਜਦੋਂ ਰਾਜਾ ਬਿਕਰਮ ਸਿੰਘ ਤੇ ਖੇਮ ਸਿੰਘ ਬੇਦੀ ਧੜੇ ਨੇ ਸੁਧਾਰਕ ਧੜੇ ਦੀ ਹਰ ਗੱਲ ਦੀ ਮੁਖ਼ਾਲਫ਼ਤ ਸ਼ੁਰੂ ਕਰ ਦਿਤੀ ਤਾਂ ਪ੍ਰੋ ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਨੇ 10-11 ਅਪ੍ਰੈਲ 1886 ਦੇ ਦਿਨ ਲਾਹੌਰ ਇਜਲਾਸ ਬੁਲਾ ਕੇ ਵਿਚਾਰਾਂ ਕਰਨ ਮਗਰੋਂ ਵਖਰਾ 'ਖਾਲਸਾ ਦੀਵਾਨ ਲਾਹੌਰ' ਵੀ ਬਣਾ ਲਿਆ। ਇਸ ਦਾ ਨਿਸ਼ਾਨਾ ਇਹ ਮਿੱਥਿਆ ਗਿਆ: (1) ਪੰਥ ਵਿਚ ਫ਼ਾਇਦੇਮੰਦ ਵਿਦਿਆ ਅਤੇ ਗੁਣਾਂ ਦਾ ਪ੍ਰਚਾਰ ਕਰਨਾ (2) ਇਲਮ ਤੇ ਹੁਨਰ 'ਚ ਵਾਧਾ ਕਰਨਾ (3) ਪੰਜਾਬੀ ਬੋਲੀ ਦੀ ਤਰੱਕੀ ਕਰਨਾ ਤੇ ਦੂਜੀਆਂ ਬੋਲੀਆਂ ਚੋਂ ਚੰਗੀਆਂ ਕਿਤਾਬਾਂ ਦਾ ਤਰਜਮਾ ਕਰ ਕੇ ਇਸ ਨੂੰ ਭਰਪੂਰ ਕਰਨਾ (4) ਗੁਰੂ ਗ੍ਰੰਥ ਸਾਹਿਬ ਦੇ ਸਹੀ ਅਰਥ ਕਰਨੇ ਅਤੇ ਇਸ ਵਿਚ ਅੱਡ-ਅੱਡ ਬੋਲੀਆਂ ਦੇ ਲਫ਼ਜ਼ਾਂ ਦੀ ਜੜ੍ਹ ਲਭਣਾ (5) ਮਾਨਸਕ, ਇਖ਼ਲਾਕੀ ਤੇ ਸਮਾਜਕ ਵਿਕਾਸ ਕਰਨਾ ਤੇ ਖਾਲਸਾ ਧਰਮ ਦੇ ਸੱਚੇ ਨੇਮਾਂ ਦਾ ਪ੍ਰਚਾਰ ਕਰਨਾ (6) ਇਸਤਰੀ ਸਿੱਖਿਆ ਨੂੰ ਵਧਾਉਣਾ (7) ਸਿੰਘਾਂ ਦੇ ਯਤੀਮ

ਬੱਚਿਆਂ ਦੀ ਵਿਦਿਆ ਅਤੇ ਪਾਲਣਾ ਵਾਸਤੇ ਯਤੀਮਖਾਨਾ ਖੋਲ੍ਹਣਾ (8) ਹੁਨਰ ਅਤੇ ਕਾਸ਼ਤਕਾਰੀ ਵਿਦਿਆ ਦੇਣ ਵਾਸਤੇ ਕਾਲਜ ਤੇ ਸਕੂਲ ਕਾਇਮ ਕਰਨੇ (9) ਫ਼ਾਇਦੇਮੰਦ ਕਿਤਾਬਾਂ ਤੇ ਰਿਸਾਲੇ ਛਾਪਣ ਵਾਸਤੇ ਇਕ ਜਾਂ ਵਧ ਪ੍ਰੈਸ ਲਾਉਣਾ (10) ਫਾਇਦੇਮੰਦ ਵਿਦਿਆ ਦੇ ਪਰਸਾਰ ਵਾਸਤੇ ਵੱਖ-ਵੱਖ ਥਾਂਵਾਂ 'ਤੇ ਸਿੰਘ ਸਭਾਵਾਂ ਕਾਇਮ ਕਰਨੀਆਂ (11) ਸਰਕਾਰ ਅੰਗਰੇਜ਼ੀ ਅਗੇ ਖਾਲਸਾ ਪੰਥ ਦੇ ਹਕੂਕ ਜ਼ਾਹਿਰ ਕਰਨਾ ਅਤੇ ਸਿੰਘਾਂ ਨੂੰ ਸਰਕਾਰ ਅੰਗਰੇਜ਼ੀ ਦੇ ਰਾਜ ਦੀਆਂ ਅਣਗਿਣਤ ਬਰਕਤਾਂ ਦਸਣੀਆਂ। (12) ਆਉਣ ਵਾਲੀਆਂ ਨਸਲਾਂ ਵਿਚ ਪੰਥ ਉਨਤੀ ਦੇ ਖ਼ਿਆਲ ਪਾਉਣੇ ਅਤੇ ਜਮਾਤੀ ਤਾਕਤ ਪੈਦਾ ਕਰਨੀ, ਜਿਸ ਤੋਂ ਮਿਲ ਕਰ ਕੇ ਉੱਦਮ ਕਰਨ ਦਾ ਢੰਗ ਵਾਧਾ ਪਾਉਂਦਾ ਹੈ ਅਤੇ ਜੋ ਸਰਕਾਰ ਅੰਗਰੇਜ਼ੀ ਦੀ ਨਮਕ ਹਲਾਲੀ, ਫ਼ਰਮਾਬਰਦਾਰੀ ਤੇ ਸ਼ੁਕਰਗੁਜ਼ਾਰੀ ਨੂੰ ਚੰਗੀ ਤਰ੍ਹਾਂ ਪੱਕਾ ਕਰਦਾ ਹੈ। (13) ਸਿੰਘਾਂ ਦੀ ਮੌਜੂਦਾ ਹਾਲਤ ਦੀ ਤਰੱਕੀ ਕਰਨ ਵਾਸਤੇ ਇਨ੍ਹਾਂ ਅਤੇ ਅਜਿਹੇ ਹੋਰਨਾਂ ਉਦੇਸ਼ਾਂ ਦੇ ਪੂਰਾ ਕਰਨ ਵਾਸਤੇ ਨਵੇਂ ਵਾਜਬੀ ਤਰੀਕੇ ਅਖ਼ਤਿਆਰ ਕਰਨੇ।

1987: ਸਤਵੀਰ ਸਿੰਘ ਛਿੰਦਾ ਈਸ਼ਵਰਵਾਲ, ਮਹਿੰਦਰਪਾਲ ਸਿੰਘ ਪਾਲੀ ਲਕਸੀਆਂ, ਬਲਵੀਰ ਸਿੰਘ ਢਾਡੀ ਖਿੱਤਾ ਮੀਰਪੁਰ ਮਾੜੀ, ਸੁਖਬੀਰ ਸਿੰਘ ਸੁੱਖਾ ਅਮਲੀ ਰਸੂਲਪੁਰ ਕਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

2 ਨਵੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਸਤਵੀਰ ਸਿੰਘ ਉਰਫ਼ ਛਿੰਦਾ (ਪੁੱਤਰ ਪਰਗਟ ਸਿੰਘ, ਵਾਸੀ ਈਸ਼ਵਰਵਾਲ, ਜਲੰਧਰ), ਮਹਿੰਦਰਪਾਲ ਸਿੰਘ ਪਾਲੀ (ਪੁੱਤਰ ਅਜੀਤ ਸਿੰਘ, ਵਾਸੀ ਪਿੰਡ ਲਕਸੀਆਂ ਨੇੜੇ ਕੋਟ ਫਤੂਹੀ, ਹੁਸ਼ਿਆਰਪੁਰ), ਬਲਵੀਰ ਸਿੰਘ ਢਾਡੀ (ਪੁੱਤਰ ਗੁਰਮੇਲ ਸਿੰਘ, ਵਾਸੀ ਖਿਤਾ ਮੀਰਪੁਰ ਮਾੜੀ, ਨਕੋਦਰ), ਸੁਖਬੀਰ ਸਿੰਘ ਸੁੱਖਾ ਅਮਲੀ (ਪੁੱਤਰ ਅਨੋਖ ਸਿੰਘ, ਵਾਸੀ ਰਸੂਲਪੁਰ ਕਲਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਗੁਰਚਰਨ ਸਿੰਘ ਭੀਲੋਵਾਲ, ਜੋਗਿੰਦਰ ਸਿੰਘ ਚੱਕਵਾਲੀਆ, ਬਲਦੇਵ ਸਿੰਘ ਫੈਜਉੱਲਾ ਚੱਕ, ਸੁਖਵਿੰਦਰ ਸਿੰਘ ਸੰਘਾ ਸੰਘੀਆਂ, ਮਨਜੀਤ ਸਿੰਘ, ਬਿਕਰਮਜੀਤ ਸਿੰਘ ਨਾਰਲਾ ਤੇ ਬਲਜੀਤ ਸਿੰਘ ਖੇਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

2 ਨਵੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਗੁਰਚਰਨ ਸਿੰਘ (ਵਾਸੀ ਭੀਲੋਵਾਲ, ਅੰਮ੍ਰਿਤਸਰ), ਜੋਗਿੰਦਰ ਸਿੰਘ (ਪੁੱਤਰ ਗੋਪਾਲ ਸਿੰਘ, ਵਾਸੀ ਚੱਕਵਾਲੀਆ, ਅੰਮ੍ਰਿਤਸਰ), ਬਲਦੇਵ ਸਿੰਘ (ਪੁੱਤਰ ਜੋਗਿੰਦਰ ਸਿੰਘ, ਵਾਸੀ ਫੈਜਉੱਲਾ ਚੱਕ, ਗੁਰਦਾਸਪੁਰ), ਸੁਖਵਿੰਦਰ ਸਿੰਘ ਸੰਘਾ (ਪੁੱਤਰ ਗੁਲਜਾਰ ਸਿੰਘ, ਵਾਸੀ ਸੰਘੀਆਂ, ਅੰਮ੍ਰਿਤਸਰ), ਮਨਜੀਤ ਸਿੰਘ ਉਰਫ਼ ਮਾਧਾ ਸਿੰਘ, ਬਿਕਰਮਜੀਤ ਸਿੰਘ ਨਾਰਲਾ (ਪੁੱਤਰ ਗੋਪਾਲ ਸਿੰਘ, ਵਾਸੀ ਨਾਰਲਾ, ਅੰਮ੍ਰਿਤਸਰ) ਤੇ ਬਲਜੀਤ ਸਿੰਘ ਖੇਲਾ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਰਾਣਾ ਪ੍ਰਤਾਪ ਸਿੰਘ ਨੂੰ ਪੁਲਸ ਨੇ ਸ਼ਹੀਦ ਕੀਤਾ

ਦੋ ਨਵੰਬਰ 1992 ਦੇ ਦਿਨ ਪੰਜਾਬ ਪੁਲੀਸ ਨੇ ਬੰਬਈ ਵਿਚ ਜਾ ਕੇ ਇਕ ਖਾੜਕੂ ਰਾਣਾ ਪ੍ਰਤਾਪ ਸਿੰਘ (ਵਾਸੀ ਖਡੂਰ ਸਾਹਿਬ) ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿਤਾ।

1992: ਅਸਲ ਮੁਕਾਬਲੇ ਵਿਚ ਮਲਕੀਅਤ ਸਿੰਘ ਮੀਤਾ ਤੇ ਰਣਜੀਤ ਸਿੰਘ ਸ਼ਹੀਦ

ਦੋ ਨਵੰਬਰ 1992 ਦੇ ਦਿਨ ਬਾਘਾ ਪੁਰਾਣਾ ਨੇੜੇ ਹੋਏ ਇਕ ਅਸਲ ਮੁਕਾਬਲੇ ਵਿਚ ਮਲਕੀਅਤ ਸਿੰਘ ਮੀਤਾ ਤਲਵੰਡੀ ਸਾਬੋ, ਰਣਜੀਤ ਸਿੰਘ ਮੱਲ੍ਹੀਆਂ ਵਾਲਾ (ਨੇੜੇ ਬਾਘਾ ਪੁਰਾਣਾ) ਮਾਰੇ ਗਏ। ਇਸ ਮੁਕਾਬਲੇ ਵਿਚ ਵੀ ਬਹੁਤ ਸਾਰੇ ਪੁਲਸੀਏ ਮਾਰੇ ਗਏ ਸਨ।

1992: ਮਲਕੀਅਤ ਸਿੰਘ ਕੋਹਾਲਾ, ਗੁਰਮੀਤ ਕੌਰ, ਦਰਸ਼ਨ ਸਿੰਘ, ਸੁਖਦੇਵ ਸਿੰਘ, ਤਰਸੇਮ ਸਿੰਘ ਪਿਆਰਾ ਸਾਂਸੀ ਨਕਲੀ ਮੁਕਾਬਲੇ ਵਿਚ ਸ਼ਹੀਦ

ਦੋ ਨਵੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਮਲਕੀਅਤ ਸਿੰਘ ਉਰਫ਼ ਬਾਪੂ (ਪੁੱਤਰ ਸਰਦੂਲ ਸਿੰਘ, ਵਾਸੀ ਪੰਡੋਰੀ ਰਮਾਣਾ, ਨੇੜੇ ਝਬਾਲ) ਤੇ ਉਸ ਦੀ ਪਤਨੀ ਗੁਰਮੀਤ ਕੌਰ (ਬੇਟੀ ਮਾਂਗਾ ਸਿੰਘ, ਵਾਸੀ ਪੰਡੋਰੀ ਟੱਟੂਮਲ, ਨੇੜੇ ਝਬਾਲ), ਦਰਸ਼ਨ ਸਿੰਘ, ਸੁਖਦੇਵ ਸਿੰਘ, ਤਰਸੇਮ ਸਿੰਘ ਉਰਫ਼ ਪਿਆਰਾ ਸਾਂਸੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ ਗਏ।

3 ਨਵੰਬਰ

1688: ਭਾਈ ਧਰਮ ਸਿੰਘ ਪਿਆਰਾ ਦਾ ਜਨਮ ਹੋਇਆ

ਅਨੰਦਪੁਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਸੀਸ ਭੇਟ ਕੌਤਕ ਕਰਨ ਵੇਲੇ ਆਪਣਾ ਸਿਰ ਪੇਸ਼ ਕਰਨ ਵਾਲਾ ਦੂਜਾ ਪਿਆਰਾ ਭਾਈ ਧਰਮ ਸਿੰਘ ਸੀ। ਉਨ੍ਹਾਂ ਦਾ ਜਨਮ 3 ਨਵੰਬਰ 1688 ਵਿਚ ਭਾਈ ਸੰਤ ਰਾਮ ਅਤੇ ਮਾਤਾ ਸੱਬੋ ਦੇ ਘਰ ਹਸਤਨਾਪੁਰ (ਦਿੱਲੀ ਤੋਂ 50 ਕਿਲੋਮੀਟਰ ਦੂਰ) ਹੋਇਆ ਸੀ। ਉਹ ਬਚਪਨ ਵਿਚ ਹੀ ਉਹ ਚੱਕ ਨਾਨਕੀ (ਅਨੰਦਪੁਰ ਸਾਹਿਬ) ਆ ਗਿਆ ਸੀ ਅਤੇ ਉਸ ਨੇ ਆਪਣੀ ਸਾਰੀ ਉਮਰ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਬਿਤਾਈ ਸੀ। ਉਸ ਦੀ ਮੌਤ ਅਕਤੂਬਰ 1708 ਤੋਂ ਬਾਅਦ ਕਿਸੇ ਵਕਤ ਨੰਦੇੜ ਵਿਚ ਹੋਈ ਸੀ।

1753: 3 ਤੇ 4 ਨਵੰਬਰ ਦੀ ਰਾਤ ਨੂੰ ਮੀਰ ਮੰਨੂ ਮਰਿਆ

26 ਅਕਤੂਬਰ 1753 ਦੇ ਦਿਨ ਹਿੰਦੂ ਦੀਵਾਲੀ ਮਨਾ ਰਹੇ ਸਨ। ਇਹ ਸਮਾਂ ਮੀਰ ਮੰਨੂ ਦੇ ਜ਼ੁਲਮ ਦੇ ਸਿਖਰ ਦਾ ਸੀ। ਇਸ ਕਰ ਕੇ ਸਿੱਖ ਇਸ ਮੌਕੇ 'ਤੇ ਚੱਕ ਗੁਰੂ (ਅੰਮ੍ਰਿਤਸਰ) ਇਕੱਠੇ ਨਾ ਹੋ ਸਕੇ। ਪਰ ਫਿਰ ਵੀ ਇਕੱਲੇ-ਦੁਕੱਲੇ ਸਿੱਖ ਗੁਰੂ ਦੀ ਨਗਰੀ ਆਉਂਦੇ ਹੀ ਰਹਿੰਦੇ ਸਨ। ਮੀਰ ਮੰਨੂ ਨੂੰ ਇਸ ਗੱਲ ਦਾ ਪਤਾ ਸੀ। ਇਸ ਕਰ ਕੇ ਉਸ ਨੇ ਪਿੰਡ ਮਲਿਕਪੁਰ ਵਿਚ ਇਕ ਪੱਕੀ ਚੌਕੀ ਕਾਇਮ ਕਰ ਦਿਤੀ ਸੀ। ਇਹ ਜਗਹ ਲਾਹੌਰ ਅਤੇ ਗੁਰੂ ਦਾ ਚੱਕ ਦੇ ਵਿਚਕਾਰ, ਲਾਹੌਰ ਤੋਂ 25 ਕਿਲੋਮੀਟਰ (7 ਕੋਹ) ਦੂਰ ਹੈ। ਜਦ ਇਸ ਚੌਕੀ 'ਤੇ ਸਿੱਖਾਂ ਦੇ ਕਿਸੇ ਇਲਾਕੇ ਵਿਚ ਲੁੱਕੇ ਜਾਂ ਠਹਿਰੇ ਹੋਣ ਬਾਰੇ ਇਤਲਾਹ ਮਿਲਦੀ ਤਾਂ ਚੌਕੀ ਦਾ ਇੰਚਾਰਜ ਖਵਾਜਾ ਮਿਰਜ਼ਾ ਉਸ ਪਾਸੇ ਵੱਲ ਫ਼ੌਜ ਟੋਰ ਦੇਂਦਾ ਸੀ। ਇਹ ਫ਼ੌਜੀ 80-90ਕਿਲੋਮੀਟਰ ਦੂਰ ਤਕ ਵੀ ਮਾਰ ਕਰਦੇ ਰਹਿੰਦੇ ਸਨ। ਇਨ੍ਹਾਂ ਮੁਹਿੰਮਾਂ ਵਿਚ ਗ੍ਰਿਫ਼ਤਾਰ ਕੀਤੇ ਸਿੱਖਾਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਜਾਂਦਾ ਸੀ। ਕਈ ਸਿੱਖਾਂ ਨੂੰ ਤਾਂ ਸਿਰ ਵਿਚ ਲੱਕੜ ਦੇ ਹਥੌੜੇ ਮਾਰ-ਮਾਰ ਕੇ ਮਾਰ ਦਿੱਤਾ ਜਾਂਦਾ ਸੀ।

2 ਨਵੰਬਰ 1753 ਨੂੰ ਮੀਰ ਮੰਨੂ ਮਲਿਕਪੁਰ ਵਾਲੀ ਚੌਕੀ ਵਿਚ ਹਾਜ਼ਿਰ ਸੀ। ਉਸ ਨੂੰ ਖ਼ਬਰ ਮਿਲੀ ਕਿ ਸਿੱਖਾਂ ਦਾ ਇਕ ਵੱਡਾ ਜੱਥਾ ਲਾਹੌਰ ਵੱਲੋਂ ਚੱਕ ਗੁਰੂ ਵੱਲ ਜਾਣ ਵਾਸਤੇ ਜਾਂ ਵਾਪਿਸ ਮੁੜਦਿਆਂ ਪਿੰਡ ਮਲਿਕਪੁਰ ਦੇ ਨੇੜੇ ਗੰਨੇ ਦੇ ਇਕ ਖੇਤ ਵਿਚ ਲੁਕਿਆ ਬੈਠਾ ਹੈ।

ਖ਼ਬਰ ਮਿਲਦਿਆਂ ਹੀ ਮੀਰ ਮੰਨੂ ਉਸ ਤਰਫ਼ ਚਲ ਪਿਆ ਤੇ ਗੰਨੇ ਦੇ ਖੇਤ ਨੂੰ ਘੇਰਾ ਪਾ ਲਿਆ। ਜਦ ਲੁਕੇ ਹੋਏ ਸਿੱਖਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਨੂੰ ਫ਼ੌਜ ਨੇ ਘੇਰ ਲਿਆ ਹੈ ਤਾਂ ਉਨ੍ਹਾਂ ਖੇਤ 'ਚੋਂ ਫ਼ਾਇਰਿੰਗ ਸ਼ੁਰੂ ਕਰ ਦਿਤੀ। ਇਕ ਦਮ ਗੋਲੀਆਂ ਦੀ ਆਵਾਜ਼ 'ਤੇ ਮੀਰ ਮੰਨੂ ਦਾ ਘੋੜਾ ਤਰੱਬਕ ਪਿਆ ਅਤੇ ਭੱਜ ਟੁਰਿਆ। ਮੰਨੂ ਘੋੜੇ ਤੋਂ ਡਿਗ ਪਿਆ ਪਰ ਉਸ ਦਾ ਇਕ ਪੈਰ ਘੋੜੇ ਦੀ ਰਕਾਬ ਵਿਚ ਹੀ ਫਸ ਗਿਆ। ਘੋੜਾ ਮੰਨੂ ਨੂੰ ਘਸੀਟਦਾ ਬੜੀ ਦੂਰ ਤਕ ਨਿਕਲ ਗਿਆ। ਮੰਨੂ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਮੰਨੂ ਦਾ ਇਲਾਜ ਕਰਨ ਦੀ ਬੜੀ ਕੋਸ਼ਿਸ਼ ਕੀਤੀ ਗਈ ਪਰ ਉਹ ਹੋਸ਼ ਵਿਚ ਵੀ ਨਾ ਆ ਸਕਿਆ ਤੇ 3-4 ਨਵੰਬਰ ਦੀ ਰਾਤ ਨੂੰ ਮਰ ਗਿਆ।

ਪਰ ਮਿਸਕੀਨ (ਜੋ ਮੀਰ ਮੰਨੂ ਦਾ ਗ਼ੁਲਾਮ ਤੇ ਘਰੋਗੀ ਨੌਕਰ ਸੀ) ਮੁਤਾਬਿਕ ਮੰਨੂ ਨੂੰ ਕਿਸੇ ਨੇ ਖਾਣੇ ਵਿਚ ਜ਼ਹਿਰ ਦਿੱਤਾ ਸੀ। ਮਿਸਕੀਨ ਲਿਖਦਾ ਹੈ ਕਿ 3 ਨਵੰਬਰ ਨੂੰ ਸਿੱਖਾਂ ਦਾ ਪਿੱਛਾ ਕਰਦਾ ਹੋਇਆ ਮੀਰ ਮੰਨੂ ਲਾਹੌਰ ਤੋਂ 25 ਕਿਲੋਮੀਟਰ ਦੂਰ ਪਿੰਡ ਅਵਾਨ ਦੇ ਕਿਲ੍ਹੇ ਵਿਚ ਠਹਿਰਿਆ ਹੋਇਆ ਸੀ। ਉਸ ਨੇ ਉਸ ਦਿਨ ਦਾ ਖਾਣ ਖਾ ਕੇ ਕੁਝ ਚਿਰ ਸੁਸਤਾਇਆ ਅਤੇ ਫਿਰ ਬਾਅਦ ਦੁਪਹਿਰ ਉਠ ਕੇ ਪਾਖਾਨੇ ਜਾਣ ਮਗਰੋਂ ਨਮਾਜ਼ ਪੜ੍ਹੀ। ਇਸ ਮਗਰੋਂ ਉਸ ਨੇ ਵਿਲਾਇਤੀ ਸਾਟਨ ਦੇ ਨੀਲ ਬਸਤਰ (ਹਰੇ ਰੰਗ ਦੇ ਮੁਸਲਮਾਨੀ ਕਪੜੇ) ਪਹਿਣੇ ਤੇ ਘੋੜੇ 'ਤੇ ਚੜ੍ਹ ਕੇ ਕਿਲ੍ਹੇ ਚੋਂ ਬਾਹਰ ਆਇਆ। ਇਸ ਮੌਕੇ 'ਤੇ ਖਵਾਜਾ ਮਿਰਜ਼ਾ ਨੇ ਉਸ ਨੂੰ ਕੁਝ ਸਿੱਖਾਂ ਦੇ ਕੱਟੇ ਹੋਏ ਸਿਰ ਪੇਸ਼ ਕੀਤੇ ਤੇ ਈਨਾਮ ਹਾਸਿਲ ਕੀਤਾ। ਇਸ ਮਗਰੋਂ ਉਸ ਨੇ ਘੋੜੇ ਨੂੰ ਅੱਡੀ ਮਾਰੀ ਅਤੇ ਖੇਤਾਂ ਵਿਚ ਆਪਣੇ ਫ਼ੌਜੀਆਂ ਵੱਲ ਚਲਾ ਗਿਆ। ਇੱਥੇ ਹੀ ਅਚਾਣਕ ਉਸ ਦੀ ਤਬੀਅਤ ਖ਼ਰਾਬ ਹੋ ਗਈ। ਹੈਕੀਮਾਂ ਨੇ ਉਸ ਨੇ ਦਵਾਈ ਦਿੱਤੀ ਪਰ ਉਸ ਦੀ ਹਾਲਤ ਲਗਾਤਾਰ ਵਿਗੜਦੀ ਗਈ ਤੇ ਉਹ ਅੱਧੀ ਰਾਤ ਵੇਲੇ ਮਰ ਗਿਆ।

ਅਕਾਲ ਪੁਰਖ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਸਿੱਖ ਲਖਪਤ ਰਾਏ ਵਾਂਗ ਮੀਰ ਮੰਨੂ ਨੂੰ ਵੀ ਆਪਣੇ ਹੱਥੀਂ ਸਜ਼ਾ ਦੇ ਸਕਦੇ। 3-4 ਨਵੰਬਰ ਦੀ ਰਾਤ ਨੂੰ ਮੀਰ ਮੰਨੂ ਮਰ ਗਿਆ। ਇਸ ਦੇ ਨਾਲ ਹੀ ਸਿੱਖਾਂ ਤੇ ਜ਼ੁਲਮ ਦਾ ਉਨ੍ਹਾਂ ਵੇਲਿਆਂ ਸਭ ਤੋਂ ਵੱਧ ਵਹਿਸ਼ੀਆਣਾ ਦੌਰ ਵੀ ਖ਼ਤਮ ਹੋ ਗਿਆ। ਮੀਰ ਮੰਨੂ ਨੇ ਆਪਣੇ ਪੰਜ ਸਾਲ ਦੇ ਅਹਿਦ ਵਿਚ 30 ਹਜ਼ਾਰ ਦੇ ਕਰੀਬ ਸਿੱਖ ਮਾਰੇ ਸਨ। ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਭੁਝੰਗੀ ਅਤੇ ਸਿੰਘਣੀਆਂ ਵੀ ਕਤਲ ਕੀਤੇ ਸਨ। ਪਰ ਇਸ ਦੇ ਬਾਵਜੂਦ ਸਿੱਖ ਫ਼ੌਜਾਂ ਦੀ ਗਿਣਤੀ ਵਧਦੀ ਗਈ ਸੀ। ਸਿੱਖ ਮਰਨੋਂ ਨਹੀਂ ਸਨ ਡਰਦੇ।

1834: ਜੀਂਦ ਦੇ ਰਾਜਾ ਸੰਗਤ ਸਿੰਘ ਦੀ ਮੌਤ ਹੋਈ

ਜੀਂਦ ਰਿਆਸਤ ਦੇ ਰਾਜਾ ਸੰਗਤ ਸਿੰਘ (ਪੁੱਤਰ ਭਤਹਿ ਸਿੰਘ) ਦੀ ਮੌਤ 3 ਨਵੰਬਰ 1834 ਦੇ ਦਿਨ ਸੰਗਰੂਰ ਵਿਚ ਹੋਈ ਸੀ। ਉਹ 30 ਜੁਲਾਈ 1822 ਦੇ ਦਿਨ ਗੱਦੀ 'ਤੇ ਬੈਠਿਆ ਸੀ। ਕਿਉਂਕਿ ਉਸ ਦੀ ਕੋਈ ਔਲਾਦ ਨਹੀਂ ਸੀ ਉਸ ਦੇ ਮਰਨ ਪਿੱਛੋਂ ਬਜੀਦਪੁਰ ਘਰਾਣੇ ਦੇ ਸਰੂਪ ਸਿੰਘ ਨੂੰ ਰਾਜਾ ਬਣਾਇਆ ਗਿਆ।

1920: ਸ਼੍ਰੋਮਣੀ ਕਮੇਟੀ ਬਣਾਉਣ ਵਾਸਤੇ 15 ਨਵੰਬਰ ਨੂੰ ਇਕੱਠ ਕਰਨ ਬਾਰੇ ਅਕਾਲ ਤਖ਼ਤ ਦੇ ਨਾਂ 'ਤੇ 'ਹੁਕਮਨਾਮਾ' ਜਾਰੀ ਕੀਤਾ ਗਿਆ

12 ਅਕਤੂਬਰ 1920 ਦੇ ਦਿਨ ਦਰਬਾਰ ਸਾਹਿਬ 'ਤੇ ਕਬਜ਼ੇ ਤੋਂ ਕੁਝ ਦਿਨ ਮਗਰੋਂ ਮਾਸਟਰ ਮੋਤਾ ਸਿੰਘ ਅੰਮ੍ਰਿਤਸਰ ਆਏ। ਉਨ੍ਹਾਂ ਨੇ ਸਲਾਹ ਦਿੱਤੀ ਕਿ ਸਿੱਖ ਪੰਥ ਦਾ ਇਕ ਸਰਬੱਤ ਖਾਲਸਾ ਇਕੱਠ ਬੁਲਾਇਆ ਜਾਏ ਅਤੇ ਉਸ ਵਿਚ ਗੁਰਦੁਆਰਾ ਸਾਹਿਬ ਦੇ ਇੰਤਜ਼ਾਮ ਵਾਸਤੇ ਇਕ ਪੰਥਕ ਕਮੇਟੀ ਚੁਣੀ ਜਾਏ। ਇਸ 'ਤੇ ਡਾ: ਗੁਰਬਖਸ਼ ਸਿੰਘ (ਜੋ ਡਿਪਟੀ

ਕਮਿਸ਼ਨਰ ਵੱਲੋਂ ਨਾਮਜ਼ਦ ਹੋਈ 9 ਮੈਂਬਰੀ ਕਮੇਟੀ ਦੇ ਮੈਂਬਰ ਸਨ) ਨੇ 3 ਨਵੰਬਰ 1920 ਦੇ ਦਿਨ ਸਿੱਖ ਕੌਮ ਦੇ ਨਾਂ ''ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ'' ਜਾਰੀ ਕਰ ਕੇ 'ਸਰਬਤ ਖ਼ਾਲਸਾ' ਇਕੱਠ ਬੁਲਾਉਣ ਦਾ ਐਲਾਨ ਕੀਤਾ (ਇਹ ਹੁਕਮਨਾਮਾ *ਰੋਜ਼ਾਨਾ ਅਕਾਲੀ*, ਵਿਚ 4 ਨਵੰਬਰ 1920 ਨੂੰ ਛਪਿਆ ਸੀ)। ਇਸ ਹੁਕਮਨਾਮੇ ਦੇ ਹੇਠਾਂ ਡਾ: ਗੁਰਬਖਸ਼ ਸਿੰਘ ਨੇ, **''ਸੇਵਕ, ਅਕਾਲ ਤਖ਼ਤ ਸਾਹਿਬ''** ਵਜੋਂ ਦਸਤਖ਼ਤ ਕੀਤੇ ਸਨ। (ਨੋਟ: ''ਸੇਵਕ'' ਲਫ਼ਜ਼ ''ਸਕੱਤਰ'' ਵਾਸਤੇ ਵਰਤਿਆ ਜਾਇਆ ਕਰਦਾ ਸੀ)। ਹੁਕਮਨਾਮਾ ਇੰਞ ਸੀ:

''ਸਮੂੰਹ ਖ਼ਾਲਸਾ ਜੀ ਪ੍ਰਤੀ ਵਿਦਤ ਹੋਵੇ ਕਿ 1 ਮੱਘਰ 1977, ਸੰਮਤ ਨਾਨਕਸ਼ਾਹੀ 451, ਮੁਤਾਬਿਕ 15 ਨਵੰਬਰ 1920 ਨੂੰ, ਦਿਨ ਦੇ 9 ਵਜੇ, ਇਕ ਮਹਾਨ ਪੰਥਕ ਇਕੱਠ ਅਕਾਲ ਤਖ਼ਤ ਸਾਹਿਬ ਸਾਹਮਣੇ ਹੋਵੇਗਾ, ਜਿਸ ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸਮੂੰਹ ਗੁਰਦੁਆਰਿਆਂ ਅਦਿਕ ਦੇ ਇੰਤਜ਼ਾਮ ਵਾਸਤੇ, ਡੂੰਘੀ ਵਿਚਾਰ ਕਰ ਕੇ, ਇਕ ਨੁੰਮਾਇੰਦਾ ਪੰਥਕ ਕਮੇਟੀ ਚੁਣੀ ਜਾਵੇਗੀ। ਇਸ ਲਈ ਸਰਬੱਤ ਗੁਰੂ ਤਖ਼ਤਾਂ, ਗੁਰਦੁਆਰਿਆਂ, ਖ਼ਾਲਸਾ ਜਥਿਆਂ, ਸਿੰਘ ਪਲਟਣਾਂ, ਰਿਆਸਤੀ ਸਿੱਖ ਫ਼ੌਜਾਂ ਹੇਠ ਲਿਖੀ ਧਾਰਨਾ ਵਾਲੇ ਸਿੰਘ, ਹੇਠ ਲਿਖੀ ਵਿਉਂਤ ਮੁਤਾਬਿਕ, ਚੁਣ ਕੇ ਭੇਜਣ:

<u>ਨੁਮਾਇੰਦੇ ਦੀ ਧਾਰਨਾ</u>

1. ਅੰਮ੍ਰਿਤਧਾਰੀ ਹੋਵੇ, 2. ਪੰਜ ਬਾਣੀਆਂ ਦਾ ਨੇਮੀ ਹੋਵੇ, 3. ਪੰਜ-ਕਰਾਰ ਦਾ ਰਹਿਤਵਾਨ ਹੋਵੇ, 4 ਅੰਮ੍ਰਿਤ ਵੇਲੇ (ਪਹਿਰ ਰਾਤ) ਉਠਣ ਵਾਲਾ ਹੋਵੇ, 5. ਦਸਵੰਧ ਦੇਣ ਵਾਲਾ ਹੋਵੇ।

<u>ਨੁਮਾਇੰਦਿਆਂ ਦੀ ਚੋਣ ਦੀ ਵਿਉਂਤ</u>

ਹਰ ਤਖ਼ਤ ਵੱਲੋਂ 5-5, ਗੁਰਦੁਆਰਿਆਂ ਵੱਲੋਂ 1-1, ਖ਼ਾਲਸਾ ਜਥਿਆਂ ਵੱਲੋਂ ਸੌ ਪਿੱਛੇ 5 ਦੇ ਹਿਸਾਬ ਨਾਲ, ਸਕੂਲਾਂ ਕਾਲਜਾਂ ਵੱਲੋਂ 6, ਪ੍ਰਬੰਧਕ ਕਮੇਟੀਆਂ ਵਿਚੋਂ 6, ਉਸਤਾਦਾਂ ਵਿਚੋਂ 8, ਵਿਦਿਆਰਥੀਆ ਵਿਚੋਂ 7, ਸਿੱਖ ਰਿਆਸਤਾਂ ਵੱਲੋਂ 5-5, ਸਿੱਖ ਰਿਸਾਲਿਆਂ ਵੱਲੋਂ 2-2, ਸਿੱਖ ਪਲਟਨਾਂ ਵੱਲੋਂ 2-2, ਪੂਰੀ ਸਿੱਖ ਪਲਟਨ ਹੋਵੇ ਤਾਂ 5-5, ਨਿਹੰਗ ਸਿੰਘਾਂ ਦੇ ਜੱਥਿਆਂ ਵਲੋਂ 100 ਪਿੱਛੇ 5 ਦੇ ਹਿਸਾਬ ਨਾਲ।

ਇਸ ਕਮੇਟੀ ਦਾ ਫ਼ੈਸਲਾ ਸਮੂੰਹ ਸਿੱਖ ਸੰਗਤ ਵਿਚ ਸੁਣਾਇਆ ਜਾਏਗਾ, ਜਿਸ ਵਿਚ ਗੁਰੂ-ਘਰ ਦੇ ਸਰਬੱਤ ਸ਼ਰਧਾਲੂ ਸ਼ਾਮਿਲ ਹੋ ਸਕਦੇ ਹਨ। ਸੋ ਸਾਰੇ ਪ੍ਰੇਮੀ ਕਿਰਪਾ ਕਰ ਕੇ ਦਰਸ਼ਨ ਦੇਣ।

***ਨੋਟ :** ਇਸ ਦੀਵਾਨ ਸਬੰਧੀ ਲਿਖਤ ਪੜ੍ਹਤ ਸੇਵਕ ਨਾਲ ਕੀਤਾ ਜਾਵੇ। ਇਹ ਇਸ਼ਤਿਹਾਰ ਜਿੱਥੇ ਗੁਰੂ ਖ਼ਾਲਸਾ ਟਾਪੂਆਂ ਆਦਿ ਤਕ ਪਹੁੰਚਾਣ ਦੀ ਕੋਸ਼ਿਸ਼ ਕੀਤੀ ਹੈ। ਹਰੇਕ ਸ਼ਾਮਿਲ ਹੋਣ ਵਾਲੇ ਨੁਮਾਇੰਦੇ ਪਾਸ ਆਪਣੇ ਜਥੇਦਾਰ ਤੋਂ ਸਰਟੀਫ਼ਿਕੇਟ ਚੋਣਾ ਚਾਹੀਦਾ ਹੈ।*

-ਪ੍ਰਾਰਥਕ, ਡਾਕਟਰ ਗੁਰਬਖਸ਼ ਸਿੰਘ, ਸੇਵਕ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ।

1982: ਸਵਰਨ ਸਿੰਘ ਵਜ਼ੀਰ ਨੇ ਕਿਹਾ "ਇੰਦਰਾ ਗਾਂਧੀ ਬਦਦਿਆਨਤ ਹੈ"

ਜੁਲਾਈ 1982 ਵਿਚ ਸ਼ੁਰੂ ਹੋਏ ਧਰਮ ਯੁਧ ਮੋਰਚੇ ਦੌਰਾਨ ਸਾਬਕਾ ਵਜ਼ੀਰ ਸਵਰਨ ਸਿੰਘ ਨੇ ਪ੍ਰਾਈਮ ਮਨਿਸਟਰ ਇੰਦਰਾ ਗਾਂਧੀ ਅਤੇ ਅਕਾਲੀਆਂ ਵਿਚਕਾਰ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ; ਉਸ ਮੁਤਾਬਿਕ ਅਕਾਲੀ ਆਗੂ ਕੁਝ ਮੰਗਾਂ ਮੰਨਵਾਉਣ ਮਗਰੋਂ ਮੋਰਚਾ ਖ਼ਤਮ ਕਰਨ ਵਾਸਤੇ ਰਾਜ਼ੀ ਹੋ ਗਏ ਸਨ ਅਤੇ ਸਰਕਾਰੀ ਅਫ਼ਸਰਾਂ ਨੇ ਡਰਾਫ਼ਟ ਵੀ ਤਿਆਰ ਕਰ ਲਿਆ ਸੀ। ਪਰ ਜਦ ਇਹ ਡਰਾਫ਼ਟ ਇੰਦਰਾ ਕੋਲ ਗਿਆ ਤਾਂ ਉਸ ਨੇ 'ਵੀਟੋ' ਕਰ ਦਿੱਤਾ (ਕਿਉਂਕਿ ਉਹ ਤਾਂ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਤਿਆਰੀ ਕਰ ਰਹੀ ਸੀ)। ਇਸ ਮਗਰੋਂ ਸਵਰਨ ਸਿੰਘ ਨੇ ਵੀ ਇੰਦਰਾ ਉੱਤੇ 'ਬਦ-ਦਿਆਨਤੀ' ਦਾ ਇਲਜ਼ਾਮ ਲਾ ਕੇ 3 ਨਵੰਬਰ ਨੂੰ ਹਥਿਆਰ ਸੁੱਟ ਦਿੱਤੇ ਸਨ।

1987: ਕੁਲਦੀਪ ਸਿੰਘ, ਜਸਬੀਰ ਸਿੰਘ ਬਿੱਲਾ, ਪਰਮਜੀਤ ਸਿੰਘ ਖਾਲਸਾ, ਮੋਹਿੰਦਰ ਸਿੰਘ ਖਾਲਸਾ, ਸਤਬੀਰ ਸਿੰਘ, ਚਰਨਜੀਤ ਸਿੰਘ, ਸੁਰਿੰਦਰ ਸਿੰਘ ਛਿੰਦਾ ਮੁਕਾਬਲਿਆਂ ਵਿਚ ਸ਼ਹੀਦ

ਤਿੰਨ ਨਵੰਬਰ 1987 ਦੇ ਦਿਨ ਪੁਲਸ ਨੇ ਕੁਲਦੀਪ ਸਿੰਘ ਉਰਫ਼ ਬੇਦੀ (ਪੁੱਤਰ ਅਵਤਾਰ ਸਿੰਘ, ਵਾਸੀ ਗੋਪਾਲ ਨਗਰ, ਮਜੀਠਾ ਰੋਡ, ਅੰਮ੍ਰਿਤਸਰ), ਜਸਬੀਰ ਸਿੰਘ ਬਿੱਲਾ, ਪਰਮਜੀਤ ਸਿੰਘ ਪੰਮਾ (ਵਾਸੀ ਭੀਲੋਵਾਲ, ਹੁਸ਼ਿਆਰਪੁਰ), ਮੋਹਿੰਦਰ ਸਿੰਘ ਖਾਲਸਾ, ਸਤਵੀਰ ਸਿੰਘ ਛਿੰਦਾ (ਵਾਸੀ ਈਸਰੋਵਾਲ, ਹੁਸ਼ਿਆਰਪੁਰ), ਚਰਨਜੀਤ ਸਿੰਘ (ਪੁੱਤਰ ਗੁਰਮੁੱਖ ਸਿੰਘ, ਵਾਸੀ ਹੇੜੀਆਂ, ਗੜ੍ਹਸ਼ੰਕਰ), ਸੁਰਿੰਦਰ ਸਿੰਘ ਛਿੰਦਾ (ਈਸ਼ਰਵਾਲ, ਜਲੰਧਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਕਸ਼ਮੀਰ ਸਿੰਘ ਭੁੱਲਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

3 ਨਵੰਬਰ 1990 ਦੇ ਦਿਨ ਪੰਜਾਬ ਪੁਲੀਸ ਨੇ ਕਸ਼ਮੀਰ ਸਿੰਘ (ਪੁੱਤਰ ਦਲੀਪ ਸਿੰਘ ਭੁੱਲਰ, ਵਾਸੀ ਗਲੀ ਨੰਬਰ 9, ਵਿਜੈ ਨਗਰ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿਤਾ।

1992: ਰਣਧੀਰ ਸਿੰਘ ਧੀਰਾ, ਕਰਨੈਲ ਸਿੰਘ ਤੇ ਬਲਜੀਤ ਸਿੰਘ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲੀਸ ਨੇ ਤਿੰਨ ਨਵੰਬਰ 1992 ਦੇ ਦਿਨ ਪੁਲਸ ਨੇ ਰਣਧੀਰ ਸਿੰਘ ਉਰਫ਼ ਧੀਰਾ (ਪੁੱਤਰ ਚੰਨਣ ਸਿੰਘ, ਵਾਸੀ ਪਰੇਵਾਲ, ਨੇੜੇ ਰਮਦਾਸ), ਕਰਨੈਲ ਸਿੰਘ ਤੇ ਬਲਜੀਤ ਸਿੰਘ (ਪੁੱਤਰ ਗੁਰਚਰਨ ਸਿੰਘ, ਵਾਸੀ ਲਹਿਰਾ ਬੇਗਾ, ਜ਼ਿਲ੍ਹਾ ਬਠਿੰਡਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਜਗਰੂਪ ਸਿੰਘ ਰੂਪਾ ਨੇ ਸਾਈਨਾਈਡ ਖਾ ਕੇ ਜਾਨ ਦਿੱਤੀ

ਤਿੰਨ ਨਵੰਬਰ 1992 ਦੇ ਦਿਨ ਇਕ ਖਾੜਕੂ ਜਗਰੂਪ ਸਿੰਘ ਰੂਪਾ ਪੁਲੀਸ ਦੇ ਘੇਰੇ ਵਿਚ ਆ ਗਿਆ। ਜਦ ਉਸ ਨੇ ਮਹਿਸੂਸ ਕਤਿਾ ਕਿ ਉਹ ਨਿਕਲ ਨਹੀਂ ਸਕੇਗਾ ਅਤੇ ਫੜਿਆ ਜਾਣ ਪਿੱਛੋਂ ਤਸੀਹਿਆਂ ਦਾ ਸ਼ਿਕਾਰ ਹਣਿ ਪਿੱਛੋਂ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਜਾਵੇਗਾ ਤਾਂ ਉਸ ਨੇ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿਤੀ।

4 ਨਵੰਬਰ

1840: ਮਹਾਰਾਜਾ ਖੜਗ ਸਿੰਘ ਦੀ ਮੌਤ ਹੋਈ

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਉਸ ਦਾ ਸਭ ਤੋਂ ਵੱਡਾ ਪੁੱਤਰ ਖੜਕ ਸਿੰਘ "ਮਹਾਰਾਜਾ" ਬਣਿਆ। ਰਣਜੀਤ ਸਿੰਘ ਨੇ ਆਪਣੀ ਹਕੂਮਤ ਦੀ ਬਹੁਤੀ ਤਾਕਤ ਧਿਆਨ ਸਿੰਹ ਡੋਗਰਾ ਤੇ ਉਸ ਦੇ ਪੁੱਤਰ ਹੀਰਾ ਸਿੰਹ ਅਤੇ ਧਿਆਨ ਸਿੰਹ ਦੇ ਭਰਾਵਾਂ (ਗੁਲਾਬ ਸਿੰਹ ਤੇ ਸੁਚੇਤ ਸਿੰਹ) ਵਜ਼ੀਰਾ ਨੂੰ ਸੌਂਪੀ ਹੋਈ ਸੀ। ਧਿਆਨ ਸਿੰਹ ਪ੍ਰਾਈਮ ਮਨਿਸਟਰ ਸੀ। ਮਹਾਰਾਜਾ ਖੜਕ ਸਿੰਘ ਡੋਗਰਿਆਂ ਦੀਆਂ ਸਾਜ਼ਸ਼ੀ ਕਾਰਵਾਈਆਂ ਤੋਂ ਦੁਖੀ ਸੀ। ਉਸ ਦਾ ਸਭ ਤੋਂ ਵੱਡਾ ਸਲਾਹਾਕਾਰ ਚੇਤ ਸਿੰਘ ਬਾਜਵਾ ਸੀ, ਜੋ ਉਸ ਦਾ ਦੋਸਤ ਤੇ ਰਿਸ਼ਤੇਦਾਰ ਵੀ ਸੀ। ਡੋਗਰੇ ਸਮਝਦੇ ਸਨ ਕਿ ਚੇਤ ਸਿੰਘ ਨੂੰ ਰਾਹ ਵਿਚੋਂ ਹਟਾਉਣ ਨਾਲ ਹੀ ਉਹ ਸਾਰੀ ਤਾਕਤ ਆਪਣੇ ਹੱਥ ਵਿਚ ਰੱਖ ਸਕਦੇ ਸਨ। ਇਸ ਕਰ ਕੇ ਉਨ੍ਹਾਂ ਨੇ ਚੇਤ ਸਿੰਘ ਦੇ ਖ਼ਿਲਾਫ਼ ਇਕ

ਸਾਜ਼ਿਸ਼ ਘੜੀ। ਉਨ੍ਹਾਂ ਨੇ ਚੇਤ ਸਿੰਘ ਵੱਲੋਂ ਅੰਗਰੇਜ਼ਾਂ ਨੂੰ ਲਿਖੀਆਂ ਨਕਲੀ ਚਿੱਠੀਆਂ ਤਿਆਰ ਕੀਤੀਆਂ ਅਤੇ ਉਸ ਨੂੰ "ਗ਼ਦਾਰ" ਐਲਾਨ ਕਰਵਾਉਣ ਵਾਸਤੇ, ਇਨ੍ਹਾਂ ਖ਼ਤਾਂ ਨੂੰ ਆਪੇ ਬਣਾਈ ਇਕ "ਕੌਂਸਲ" ਕੋਲ ਪੇਸ਼ ਕੀਤਾ। ਇਸ 11 ਮੈਂਬਰੀ ਕੌਂਸਲ ਵਿਚ ਤਿੰਨ ਡੋਗਰੇ (ਧਿਆਨ ਸਿੰਘ, ਕੇਸਰੀ ਸਿੰਘ ਤੇ ਹੀਰਾ ਸਿੰਘ), ਚਾਰ ਸੰਧਾਵਾਲੀਏ (ਅਤਰ ਸਿੰਘ, ਕਿਹਰ ਸਿੰਘ, ਲਹਿਣਾ ਸਿੰਘ, ਸ਼ੇਰ ਸਿੰਘ), ਮਿਸਰ ਲਾਲ ਸਿੰਘ ਬ੍ਰਾਹਮਣ, ਅਲੈਗਜ਼ੈਂਦਰ ਗਾਰਡਨਰ ਤੋਂ ਇਲਾਵਾ ਰਾਣੀ ਚੰਦ ਕੌਰ (ਮਹਾਰਾਣੀ) ਅਤੇ ਕੰਵਰ ਨੌਨਿਹਾਲ ਸਿੰਘ ਸ਼ਾਮਿਲ ਸਨ। ਇਸ ਕੌਂਸਲ ਦੀ ਸਾਜ਼ਸ਼ੀ ਮੀਟਿੰਗ ਵਿਚ ਡੋਗਰਿਆਂ ਨੇ ਮਤਾ ਪਾਸ ਕਰਵਾਇਆ ਕਿ ਚੇਤ ਸਿੰਘ ਨੂੰ (ਜਾਅਲੀ) ਚਿੱਠੀਆਂ ਲਿਖਣ ਬਦਲੇ ਸਜ਼ਾਏ-ਮੌਤ ਦਿਤੀ ਜਾਵੇ ਤੇ ਖੜਕ ਸਿੰਘ ਨੂੰ ਹਟਾ ਕੇ ਤਾਕਤ ਕੰਵਰ ਨੌਨਿਹਾਲ ਸਿੰਘ ਨੂੰ ਸੌਂਪ ਦਿਤੀ ਜਾਵੇ।

9 ਅਕਤੂਬਰ 1839 ਨੂੰ ਧਿਆਨ ਸਿੰਘ ਡੋਗਰਾ ਦੀ ਅਗਵਾਈ ਹੇਠ ਇਸ "ਕੌਂਸਲ" ਦੇ ਕੁਝ ਮੈਂਬਰ ਖੜਕ ਸਿੰਘ ਦੇ ਕਮਰੇ ਵਿਚ ਦਾਖ਼ਿਲ ਹੋਏ। ਉਨ੍ਹਾਂ ਨੇ ਚੇਤ ਸਿੰਘ ਬਾਜਵਾ ਨੂੰ ਲੱਭ ਕੇ ਖੜਕ ਸਿੰਘ ਦੇ ਸਾਹਮਣੇ ਕਤਲ ਕਰ ਦਿੱਤਾ। ਖੜਕ ਸਿੰਘ ਰੋ-ਰੋ ਕੇ ਤੇ ਚੀਖ਼-ਚੀਖ਼ ਕੇ ਰੋਕਦਾ ਰਿਹਾ ਪਰ ਧਿਆਨ ਸਿੰਘ ਨੇ ਆਪਣੇ ਹੱਥੀਂ ਚੇਤ ਸਿੰਘ ਨੂੰ ਕਤਲ ਕਰ ਦਿਤਾ। ਇੰਝੋਂ ਪਤਾ ਲਗਦਾ ਹੈ ਕਿ ਖੜਕ ਸਿੰਘ ਕਿਹੋ-ਜਿਹਾ ਕਮਜ਼ੋਰ-ਦਿਲ ਤੇ ਬੇਜਾਨ ਰਾਜਾ ਸੀ ਜੋ ਆਪਣੇ ਸਲਾਹਕਾਰ ਨੂੰ ਵੀ ਬਚਾਅ ਨਾ ਸਕਿਆ ਤੇ ਉਸ ਦੇ ਕਤਲ ਸਮੇਂ ਸਿਰਫ਼ ਰੋਂਦਾ ਰਿਹਾ ਸੀ। ਉਨ੍ਹਾਂ ਨੇ ਖੜਕ ਸਿੰਘ ਨੂੰ ਵੀ ਉਸੇ ਦੀ ਰਿਹਾਇਸ਼ ਵਿਚ ਹੀ ਨਜ਼ਰਬੰਦ ਕਰ ਦਿਤਾ ਤੇ ਨੌਨਿਹਾਲ ਸਿੰਘ ਨੂੰ ਗੱਦੀ 'ਤੇ ਬਿਠਾ ਦਿਤਾ। ਖੜਕ ਸਿੰਘ ਏਨਾ ਦੁਖੀ ਹੋਇਆ ਕਿ ਉਸ ਨੇ ਕਈ ਦਿਨ ਖਾਣਾ ਵੀ ਨਾ ਖਾਧਾ। ਨਜ਼ਰਬੰਦੀ ਵਿਚ ਹੀ ਡੋਗਰਿਆਂ ਨੇ ਉਸ ਨੂੰ ਜ਼ਹਿਰੀਲੀ ਖੁਰਾਕ ਦੇਣੀ ਸ਼ੁਰੂ ਕਰ ਦਿਤੀ। ਹੁਣ ਕੰਵਰ ਨੌਨਿਹਾਲ ਸਿੰਘ ਨੂੰ ਵੀ ਡੋਗਰਿਆਂ ਦੀਆਂ ਚਾਲਾਂ ਸਮਝ ਆਉਣ ਲੱਗ ਪਈਆਂ। ਉਸ ਨੇ ਧਿਆਨ ਸਿੰਘ ਨੇ ਨਾਲ-ਨਾਲ ਫ਼ਕੀਰ ਅਜ਼ੀਜ਼-ਉਦ-ਦੀਨ, ਦੋ ਬ੍ਰਾਹਮਣਾਂ ਜਮਾਂਦਰ ਖੁਸ਼ਹਾਲ ਸਿੰਘ ਤੇ ਭਈਆ ਰਾਮ ਸਿੰਘ) ਤੋਂ ਇਲਾਵਾ ਲਹਿਣਾ ਸਿੰਘ ਮਜੀਠੀਆ ਅਤੇ ਅਜੀਤ ਸਿੰਘ ਸੰਧਾਵਾਲੀਆ ਨੂੰ ਵੀ ਨਿਜ਼ਾਮ ਵਿਚ ਭਾਈਵਾਲ ਬਣਾ ਦਿਤਾ। ਇੰਝ ਡੋਗਰੇ ਪੂਰੀ ਹਕੂਮਤ 'ਤੇ ਕਾਬਜ਼ ਨਾ ਹੋ ਸਕੇ। ਇਹ ਗੱਲ ਧਿਆਨ ਸਿੰਘ ਨੂੰ ਮਨਜ਼ੂਰ ਨਹੀਂ ਸੀ। ਇਸ ਕਰ ਕੇ ਉਸ ਨੇ ਨੌਨਿਹਾਲ ਸਿੰਘ ਨੂੰ ਵੀ ਖ਼ਤਮ ਕਰਨ ਦਾ ਫ਼ੈਸਲਾ ਕਰ ਲਿਆ। ਉਧਰ ਜ਼ਹਿਰੀਲੀ ਖੁਰਾਕ ਕਾਰਨ 4-5 ਨਵੰਬਰ ਦੀ ਰਾਤ ਨੂੰ ਖੜਕ ਸਿੰਘ ਦੀ ਮੌਤ ਹੋ ਗਈ। ਉਸ ਦਾ ਸਸਕਾਰ 5 ਨਵੰਬਰ 1840 ਦੇ ਦਿਨ ਗੁਰਦੁਆਰਾ ਡੇਹਰਾ ਸਾਹਿਬ ਅਤੇ ਸ਼ਾਹੀ ਮਸਜਿਦ ਦੇ ਵਿਚਕਾਰ (ਸਮਾਧ ਰਣਜੀਤ ਸਿੰਘ ਦੇ ਨੇੜੇ) ਕੀਤਾ ਗਿਆ। ਇਸ ਮੌਕੇ 'ਤੇ ਖੜਕ ਸਿੰਘ ਦੀਆਂ ਦੋਵੇਂ ਹਿੰਦੂ ਰਾਜਪੂਤ ਰਾਣੀਆਂ ਅਤੇ ਟਹਿਲਣਾਂ ਨੂੰ ਵੀ ਜ਼ਬਰਦਸਤੀ ਸਤੀ ਕੀਤਾ ਗਿਆ।

1763: ਸਿੱਖਾਂ ਨੇ ਅਹਿਮਦ ਸ਼ਾਹ ਦੁੱਰਾਨੀ ਦੇ ਜਰਨੈਲ ਜਹਾਨ ਖ਼ਾਨ 'ਤੇ ਹਮਲਾ ਕੀਤਾ; ਪਰ ਉਸ ਦੇ ਪਰਵਾਰ ਦੀਆਂ ਔਰਤਾਂ ਮਹਿਫ਼ੂਜ਼ ਜੰਮੂ ਪਹੁੰਚਾਈਆਂ

4 ਨਵੰਬਰ 1763 ਦੇ ਦਿਨ ਸਿੱਖ ਗੁਰੂ-ਦਾ-ਚੱਕ ਵਿਚ ਇਕੱਠੇ ਹੋਏ-ਹੋਏ ਸਨ। ਉਨ੍ਹਾਂ ਨੂੰ ਪਤਾ ਲੱਗਾ ਕਿ ਅਫ਼ਗ਼ਾਨ ਧਾੜਵੀ ਅਹਿਮਦ ਸ਼ਾਹ ਦੁੱਰਾਨੀ ਦਾ ਜਰਨੈਲ ਜਹਾਨ ਖ਼ਾਨ ਕਾਬਲ ਵੱਲ ਜਾ ਰਿਹਾ ਹੈ। ਸਿੱਖ ਫ਼ੌਜਾਂ ਨੇ ਉਸ ਨੂੰ ਸਜ਼ਾ ਦੇਣ ਦਾ ਫ਼ੈਸਲਾ ਕੀਤਾ। ਉਹ ਅਜੇ ਝਨਾਂ ਦਰਿਆ ਪਾਰ ਕਰ ਕੇ ਵਜ਼ੀਰਾਬਾਦ ਪੁੱਜਾ ਸੀ ਕਿ ਸਿੱਖ ਉਥੇ ਆ ਪਹੁੰਚੇ। ਉਸ ਨੇ ਭੱਜ ਕੇ ਸਿਆਲਕੋਟ ਕਿਲ੍ਹੇ ਵਿਚ ਮੋਰਚਾ ਲਾ ਲਿਆ। ਸਿੱਖ ਫ਼ੌਜਾਂ ਨੇ ਕਿਲ੍ਹੇ ਨੂੰ ਘੇਰ ਲਿਆ। ਕਈ ਦਿਨ ਤਕ ਲੜਾਈ ਹੁੰਦੀ ਰਹੀ। ਇਕ ਮੌਕੇ 'ਤੇ ਜਹਾਨ ਖ਼ਾਨ ਦੇ ਘੋੜੇ ਨੂੰ ਗੋਲੀ ਲੱਗੀ ਤੇ ਉਹ

ਮਰ ਕੇ ਡਿਗ ਪਿਆ ਤੇ ਨਾਲ ਹੀ ਜਹਾਨ ਖ਼ਾਨ ਵੀ ਡਿੱਗ ਪਿਆ। ਸਿੱਖਾਂ ਨੇ ਸਮਝਿਆ ਕਿ ਜਹਾਨ ਖ਼ਾਨ ਵੀ ਮਰ ਗਿਆ ਹੈ। ਜਦ ਸਿੱਖਾਂ ਨੇ ਜਹਾਨ ਖ਼ਾਨ ਦੇ ਮਰਨ ਦਾ ਰੌਲਾ ਪਾਇਆ ਤਾਂ ਅਫ਼ਗ਼ਾਨ ਫ਼ੌਜੀ ਮੈਦਾਨ ਛੱਡ ਕੇ ਭੱਜਣ ਲਗ ਪਏ। ਇਨ੍ਹਾਂ ਭੱਜਣ ਵਾਲਿਆਂ ਵਿਚ ਜ਼ਖ਼ਮੀ ਹੋਇਆ ਜਹਾਨ ਖ਼ਾਨ ਵੀ ਸੀ । ਅਫ਼ਗ਼ਾਨਾਂ ਦਾ ਬਹੁਤ ਸਾਰਾ ਅਸਲਾ ਵੀ ਸਿੱਖਾਂ ਦੇ ਹੱਥ ਆ ਗਿਆ। ਸਿੱਖਾਂ ਨੇ 200 ਦੇ ਕਰੀਬ ਅਫ਼ਗ਼ਾਨ ਫ਼ੌਜੀਆਂ ਨੂੰ ਕੈਦ ਕਰ ਲਿਆ। ਇਸ ਮੌਕੇ 'ਤੇ ਜਹਾਨ ਖ਼ਾਨ ਦਾ ਟੱਬਰ ਵੀ ਉਸ ਦੇ ਨਾਲ ਸੀ। ਸਿੱਖਾਂ ਨੇ ਅਫ਼ਗ਼ਾਨ ਔਰਤਾਂ ਤੇ ਬੱਚਿਆਂ ਨੂੰ ਕੁਝ ਨਾ ਕਿਹਾ ਸਗੋਂ ਉਨ੍ਹਾਂ ਨੂੰ ਮਹਿਫ਼ੂਜ਼ ਜੰਮੂ ਭੇਜ ਦਿੱਤਾ। ਇਹ ਸੀ ਸਿੱਖਾਂ ਦਾ ਇਖ਼ਲਾਕ; ਦੂਜੇ ਪਾਸੇ ਦੁੱਰਾਨੀ 2200 ਹਿੰਦੂ ਕੁੜੀਆਂ ਚੁੱਕ ਕੇ ਲਿਜਾ ਰਿਹਾ ਸੀ।

1962: ਜਥੇਦਾਰ ਅੱਛਰ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ

2 ਅਕਤੂਬਰ 1962 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਸ਼ੇਰੋਵਾਲਾ ਦੇ ਵਿਰੁਧ ਬੇਵਿਸਾਹੀ ਦਾ ਮਤਾ 72 ਦੇ ਮੁਕਾਬਲੇ 76 ਵੋਟਾਂ ਨਾਲ ਪਾਸ ਹੋ ਗਿਆ। ਹੁਣ ਚੰਨਣ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣ ਗਿਆ। ਇਸ ਤਰ੍ਹਾਂ ਮਾਸਟਰ ਤਾਰਾ ਸਿੰਘ ਦਾ ਅਹਿਦ ਖ਼ਤਮ ਹੋ ਗਿਆ ਅਤੇ ਫ਼ਤਹਿ ਸਿੰਘ ਨੂੰ ਗੁਰਦੁਆਰਿਆਂ ਦੀ ਤਾਕਤ ਪੂਰੀ ਤਰ੍ਹਾਂ ਮਿਲ ਗਈ। ਅਕਾਲੀ ਦਲ ਦੀ ਅਸਲੀ ਤਾਕਤ ਗੁਰਦੁਆਰਾ ਸਟੇਜ ਅਤੇ ਗੁਰਦੁਆਰਾ ਇੰਤਜ਼ਾਮ ਹੋਇਆ ਕਰਦੀ ਹੈ ਅਤੇ ਇਸ ਹਾਰ ਨਾਲ ਮਾਸਟਰ ਤਾਰਾ ਸਿੰਘ ਦਾ ਜ਼ਵਾਲ ਸ਼ੁਰੂ ਹੋ ਗਿਆ। ਪਰ ਦੂਜੇ ਪਾਸੇ ਦਿੱਲੀ ਗੁਰਦੁਆਰਾ ਕਮੇਟੀ ਨੇ ਸ਼੍ਰੋਮਣੀ ਕਮੇਟੀ ਤੋਂ ਆਪਣੇ ਸਬੰਧ ਤੋੜ ਲਏ ਅਤੇ ਇਸ ਨੇ ਦਿੱਲੀ ਦੀ ਸਟੇਜ ਫਤਹਿ ਸਿੰਘ ਦੇ ਅਕਾਲੀ ਦਲ ਦੇ ਹੱਥ ਨਾ ਆਉਣ ਦਿੱਤੀ। ਸ਼੍ਰੋਮਣੀ ਕਮੇਟੀ ਦਾ ਇੰਤਜ਼ਾਮ ਫਤਹਿ ਸਿੰਘ ਧੜੇ ਦੇ ਹੱਥਾਂ ਵਿਚ ਆਉਣ ਮਗਰੋਂ ਦਰਬਾਰ ਸਾਹਿਬ ਵਿਚ ਬੁਰਛਾਗਰਦੀ ਵਧ ਗਈ, ਇਸ 'ਤੇ ਰੋਸ ਵਜੋਂ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਭੂਪਿੰਦਰ ਸਿੰਘ ਅਤੇ ਅਕਾਲ ਤਖ਼ਤ ਦੇ ਮੁਖ ਸੇਵਾਦਾਰ ਜਥੇਦਾਰ ਅੱਛਰ ਸਿੰਘ ਨੇ ਅਸਤੀਫ਼ੇ ਦੇ ਦਿੱਤੇ ਅਤੇ ਆਪਣੀਆਂ ਸੇਵਾਵਾਂ ਮਾਸਟਰ ਤਾਰਾ ਸਿੰਘ ਨੂੰ ਸੌਂਪ ਦਿੱਤੀਆਂ। ਉਨ੍ਹਾਂ ਨੇ ਇੰਤਜ਼ਾਮ ਦੀ ਖ਼ਰਾਬੀ ਅਤੇ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਤੇ ਪੂਰਾ ਅਮਲ ਨਾ ਕੀਤੇ ਜਾਣ ਦਾ ਇਲਜ਼ਾਮ ਫਤਹਿ ਸਿੰਘ 'ਤੇ ਲਾਇਆ। ਉਧਰ ਮਾਸਟਰ ਅਕਾਲੀ ਦਲ ਨੇ 4 ਨਵੰਬਰ 1962 ਨੂੰ ਆਪਣੀ ਨਵੀਂ ਚੋਣ ਕੀਤੀ ਜਿਸ ਵਿਚ ਜਥੇਦਾਰ ਅੱਛਰ ਸਿੰਘ ਨੂੰ ਅਕਾਲੀ ਦਲ (ਮਾਸਟਰ) ਦਾ ਪ੍ਰਧਾਨ ਚੁਣ ਲਿਆ ਗਿਆ। ਇੰਝ 1962 ਵਿਚ ਦੋ ਅਕਾਲੀ ਦਲ ਕਾਇਮ ਹੋ ਚੁਕੇ ਸਨ। ਇਕ ਸੀ ਅਕਾਲੀ ਦਲ (ਮਾਸਟਰ) ਜਿਸ ਦੀ ਪ੍ਰਧਾਨਗੀ ਜਥੇਦਾਰ ਅੱਛਰ ਸਿੰਘ ਕੋਲ ਸੀ ਅਤੇ ਦੂਸਰਾ ਸੀ ਅਕਾਲੀ ਦਲ (ਫਤਹਿ ਸਿੰਘ) ਜਿਸ ਦੀ ਪ੍ਰਧਾਨਗੀ ਫਤਹਿ ਸਿੰਘ ਕੋਲ ਸੀ। ਦੋਹਾਂ ਦੇ ਦਫ਼ਤਰ ਅੰਮ੍ਰਿਤਸਰ ਵਿਚ ਸਨ। ਦੋਵੇਂ ਆਪੋ ਆਪਣੀ ਥਾਂ ਪੰਜਾਬੀ ਸੂਬਾ ਵਾਸਤੇ ਨਾਅਰੇ ਲਾ ਕੇ ਆਪਣੇ ਆਪ ਨੂੰ ਅਸਲੀ, ਸੱਚਾ ਅਤੇ ਸੰਜੀਦਾ ਸਾਬਿਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ।

1982: ਏਸ਼ੀਅਨ ਖੇਡਾਂ ਦੌਰਾਨ ਸਿੱਖਾਂ ਦੇ ਹਰਿਆਣਾ ਵਿਚ ਦਾਖ਼ਲ ਹੋਣ ਦੀ ਪਾਬੰਦੀ ਲਾਈ

ਧਰਮ ਯੁੱਧ ਮੋਰਚੇ ਦੌਰਾਨ ਅਕਤੂਬਰ 1982 ਦੇ ਅਖ਼ੀਰ ਤਕ 30 ਹਜ਼ਾਰ ਤੋਂ ਵੱਧ ਸਿੱਖ ਗ੍ਰਿਫ਼ਤਾਰੀਆਂ ਦੇ ਚੁੱਕੇ ਸਨ। ਹੁਣ ਸਰਕਾਰ ਕੋਲ ਜੇਲ੍ਹਾਂ ਵਿਚ ਥਾਂ ਨਹੀਂ ਸੀ ਬਚੀ। ਇਸ ਦੌਰਾਨ ਸਾਬਕ ਵਜ਼ੀਰ ਸਵਰਨ ਸਿੰਘ ਨੇ ਇੰਦਰਾ ਅਤੇ ਅਕਾਲੀਆਂ ਵਿਚਕਾਰ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਨੇ ਵੀ ਇੰਦਰਾ ਉੱਤੇ 'ਬਦ-ਦਿਆਨਤੀ' ਦਾ ਇਲਜ਼ਾਮ ਲਾ ਕੇ 3 ਨਵੰਬਰ ਨੂੰ ਹਥਿਆਰ ਸੁੱਟ ਦਿੱਤੇ ਸਨ। ਇਸ 'ਤੇ 4 ਨਵੰਬਰ ਨੂੰ ਸ਼੍ਰੋਮਣੀ

ਅਕਾਲੀ ਦਲ ਨੇ ਐਲਾਨ ਕੀਤਾ ਕਿ ਅਕਾਲੀ ਦਲ 19 ਨਵੰਬਰ ਤੋਂ 4 ਦਸੰਬਰ 1982 ਤਕ ਦਿੱਲੀ ਵਿਚ ਹੋਣ ਵਾਲੀਆਂ ਏਸ਼ੀਅਨ ਖੇਡਾਂ ਦੌਰਾਨ ਪ੍ਰੋਟੈਸਟ ਕਰੇਗਾ। ਇਨ੍ਹਾਂ ਦਿਨਾਂ ਵਿਚ ਦਿੱਲੀ ਵਿਚ ਗ੍ਰਿਫ਼ਤਾਰੀਆਂ ਦੇਣ ਵਾਸਤੇ ਜਥੇ ਭੇਜਣ ਦਾ ਐਲਾਨ ਵੀ ਕੀਤਾ ਗਿਆ। ਇਸ ਵੇਲੇ ਹਰਿਆਣੇ ਦਾ ਚੀਫ਼ ਮਨਿਸਟਰ ਭਜਨ ਲਾਲ ਸੀ। ਉਸ ਨੇ ਹਰਿਆਣਾ ਪੁਲੀਸ ਤੇ ਬੀ.ਐਸ. ਐਫ਼. ਦੀਆਂ ਬਹੁਤ ਸਾਰੀਆਂ ਬਟਾਲੀਅਨਾਂ ਸੂਬੇ ਵਿਚ ਤਾਇਨਾਤ ਕਰ ਦਿੱਤੀਆਂ। ਉਸ ਨੇ ਹਰ ਇਕ ਸੜਕ, ਜੋ ਪੰਜਾਬ ਚੋਂ ਆਉਂਦੀ ਸੀ, 'ਤੇ ਕਈ-ਕਈ ਨਾਕੇ ਲਾਉਣ ਤੇ ਪੰਜਾਬ 'ਚੋਂ ਹਰਿਆਣਾ ਵਿਚ ਦਾਖ਼ਿਲ ਹੋਣ ਵਾਲੇ ਹਰ ਸਿੱਖ ਨੂੰ ਰੋਕਣ ਦੇ ਹੁਕਮ ਜਾਰੀ ਕਰ ਦਿੱਤੇ।

1987: ਮੋਹਾਲੀ ਵਿਚ ਪੁਲਸ ਨੇ ਅਮਰਜੀਤ ਸਿੰਘ ਨੂੰ ਸ਼ਹੀਦ ਕੀਤਾ

4 ਨਵੰਬਰ 1987 ਦੇ ਦਿਨ ਮੋਹਾਲੀ ਵਿਚ ਗੁਰੂ ਨਾਨਕ ਸਾਹਿਬ ਦੇ ਪੁਰਬ ਸਬੰਧੀ ਨਿਕਲ ਰਹੇ ਨਗਰ ਕੀਰਤਨ ਦੌਰਾਨ ਪੁਲਸ ਨੇ ਬੇਵਜਹ ਗੋਲੀ ਚਲਾ ਕੇ ਅਮਰਜੀਤ ਸਿੰਘ ਨਾਂ ਦੇ ਇਕ ਸਿੱਖ ਨੂੰ ਮਾਰ ਦਿੱਤਾ।

1992: ਪਰਮਜੀਤ ਸਿੰਘ ਪੰਮਾ, ਪਰਗਟ ਸਿੰਘ, ਕੁਲਜੀਤ ਸਿੰਘ, ਜਗਪਾਲ ਸਿੰਘ ਤੇ ਗੁਰਪਿੰਦਰ ਸਿੰਘ ਮਾਣਕ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲੀਸ ਨੇ 4 ਨਵੰਬਰ 1992 ਦੇ ਦਿਨ ਪਰਮਜੀਤ ਸਿੰਘ ਪੰਮਾ, ਪਰਗਟ ਸਿੰਘ (100 ਕਤਲਾਂ ਦਾ ਜ਼ਿੰਮੇਦਾਰ ਗਰਦਾਨ ਕੇ), ਕੁਲਜੀਤ ਸਿੰਘ, ਜਗਪਾਲ ਸਿੰਘ ਤੇ ਗੁਰਪਿੰਦਰ ਸਿੰਘ ਮਾਣਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤੇ।

2012: ਦਿੱਲੀ ਵਿਚ ਖ਼ੂਨੀ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਯਾਦ ਵਿਚ ਨਾਂ ਰੱਖੇ ਜਾਣ ਦਾ ਸਮਾਗਮ ਰੁਕਿਆ

4 ਨਵੰਬਰ 2012 ਨੂੰ ਪੰਜਾਬੀ ਬਾਗ ਦਿੱਲੀ ਵਿਚ ਬਾਦਲ ਅਕਾਲੀ ਦਲ ਵੱਲੋਂ ਬਣਾਈ ਜਾ ਰਹੀ 1984 ਦੇ ਕਤਲੇਆਮ ਦੀ ਯਾਦਗਾਰ (ਪਾਰਕ ਦਾ ਨਾਂ ਰੱਖੇ ਜਾਣ) ਦੇ ਸਮਾਗਮ ਨੂੰ ਇਕ ਦਿਨ ਪਹਿਲਾਂ ਇਕ ਡਰਾਮਾਈ ਤਰੀਕੇ ਨਾਲ ਰੋਕ ਦਿੱਤਾ ਗਿਆ।

5 ਨਵੰਬਰ

1675: ਗੁਰੂ ਤੇਗ਼ ਬਹਾਦਰ ਪਿੰਜਰੇ ਵਿਚ ਕੈਦ ਹੋਏ ਦਿੱਲੀ ਪੁੱਜੇ

13 ਜੁਲਾਈ 1675 ਦੇ ਦਿਨ ਰੋਪੜ ਦੇ ਥਾਣੇਦਾਰ ਨੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਪਿੰਡ ਮਲਕਪੁਰ (ਰੋਪੜ ਤੋਂ 6 ਕਿਲੋਮੀਟਰ) ਵਿਚੋਂ ਗ੍ਰਿਫ਼ਤਾਰ ਕਰ ਕੇ ਸਰਹੰਦ ਲਿਆ ਕੇ ਸੂਬੇਦਾਰ ਦੇ ਹਵਾਲੇ ਕਰ ਦਿੱਤਾ ਸੀ ਜਿਸ ਨੇ ਉਨ੍ਹਾਂ ਨੂੰ ਬੱਸੀ ਪਠਾਣਾਂ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਸੀ। ਜਦ ਗੁਰੂ ਤੇਗ਼ ਬਹਾਦਰ ਸਾਹਿਬ ਦੀ ਗ੍ਰਿਫ਼ਤਾਰੀ ਦੀ ਖ਼ਬਰ ਔਰੰਗਜ਼ੇਬ ਨੂੰ ਮਿਲੀ ਤਾਂ ਉਸ ਨੇ ਹਸਨ ਅਬਦਾਲ ਤੋਂ ਦੇ ਸੂਬੇਦਾਰ ਅਬਦੁਲ ਅਜ਼ੀਜ਼ ਦਿਲਾਵਰ ਖ਼ਾਨ ਨੂੰ ਹੁਕਮ ਭੇਜਿਆ ਕਿ ਗੁਰੂ ਜੀ ਨੂੰ ਪਿੰਜਰੇ ਵਿਚ ਪਾ ਕੇ ਦਿੱਲੀ ਲਿਜਾਇਆ ਜਾਏ। ਔਰੰਗਜ਼ੇਬ ਉਨ੍ਹੀਂ ਦਿਨੀਂ ਆਪ ਵੀ ਦਿੱਲੀ ਮੁੜਨ ਦੀ ਤਿਆਰੀ ਕਰ ਰਿਹਾ ਸੀ। ਪਰ ਕਿਸੇ ਕਾਰਨ ਉਸ ਨੂੰ ਹਸਨ ਅਬਦਾਲ ਵਧੇਰਾ ਸਮਾਂ ਰੁਕਣਾ ਪਿਆ। ਇਸ ਕਰ ਕੇ ਉਸ ਨੇ ਦਿੱਲੀ ਦੇ ਸੂਬੇਦਾਰ ਸਾਫ਼ੀ ਖ਼ਾਨ ਨੂੰ ਵੀ ਹਦਾਇਤ ਲਿਖ ਭੇਜੀ ਕਿ ਜੇ ਗੁਰੂ ਤੇਗ਼ ਬਹਾਦਰ ਇਸਲਾਮ ਕਬੂਲ ਕਰ ਲਵੇ ਤਾਂ ਠੀਕ ਹੈ ਨਹੀਂ ਤਾਂ ਉਸ ਨੂੰ ਸ਼ਾਹੀ ਕਾਜ਼ੀ ਤੋਂ ਫ਼ਤਵਾ ਦਿਵਾ ਕੇ ਕਤਲ ਕਰ ਦਿਤਾ ਜਾਵੇ। ਔਰੰਗਜ਼ੇਬ ਦੇ ਹੁਕਮ ਤੇ ਫੁਲ ਚੜ੍ਹਾਉਂਦਿਆਂ ਗੁਰੂ ਜੀ ਵਾਸਤੇ ਦਿੱਲੀ ਤੋਂ ਲੋਹੇ ਦਾ ਇਕ

ਪਿੰਜਰਾ ਮੰਗਵਾਇਆ ਗਿਆ। ਉਨ੍ਹਾਂ ਨੂੰ ਪਿੰਜਰੇ ਵਿਚ ਪਾ ਕੇ ਦਿੱਲੀ ਲਿਜਾਇਆ ਗਿਆ। ਗੁਰੂ ਜੀ ਦਿੱਲੀ ਵਿਚ 5 ਨਵੰਬਰ 1675 ਦੇ ਦਿਨ ਪੁਜੇ ਅਤੇ (ਮੌਜੂਦਾ ਗੁਰਦੁਆਰਾ ਸੀਸ ਗੰਜ ਵਾਲੀ ਜਗਹ) ਕੋਤਵਾਲੀ ਵਿਚ ਕੈਦ ਕਰ ਦਿਤੇ ਗਏ। ਦਿਲੀ ਵਿਚ ਆਪ ਨੂੰ ਸ਼ਾਹੀ ਕਾਜ਼ੀ ਅਬਦੁਲ ਵਹਾਬ ਵਹੁਦੇ ਅਗੇ ਪੇਸ਼ ਕੀਤਾ ਗਿਆ। ਕਾਜ਼ੀ ਨੇ ਗੁਰੂ ਜੀ ਨੂੰ ਫ਼ਤਵਾ ਜਾਰੀ ਕਰਦਿਆਂ ਕਿਹਾ ਕਿ ਜਾਂ ਕਰਮਾਤ ਦਿਖਾਓ ਜਾਂ ਮੁਸਲਮਾਨ ਬਣ ਜਾਓ ਜਾਂ ਮਰਨ ਵਾਸਤੇ ਤਿਆਰ ਹੋ ਜਾਓ। ਗੁਰੂ ਸਾਹਿਬ ਨੇ ਕਾਜ਼ੀ ਨੂੰ ਜਵਾਬ ਦਿਤਾ ਕਿ ਕਰਾਮਾਤ ਕਹਿਰ ਦਾ ਨਾਂ ਹੈ। ਕਰਾਮਾਤ ਤਾਂ ਰੱਬ ਆਪ ਹੀ ਹੈ। ਦੂਜਾ, ਹਰ ਇਨਸਾਨ ਨੂੰ ਆਪਣਾ ਅਕੀਦਾ, ਆਪਣਾ ਧਰਮ, ਅਖ਼ਤਿਆਰ ਕਰਨ ਦਾ ਹੱਕ ਹੈ, ਅਤੇ ਤੀਜਾ ਮੌਤ ਦੀ ਗੱਲ ਕਰਦਾ ਏਂ; ਕੀ ਮੁਸਲਮਾਨ ਬਣਿਆਂ ਮੈਨੂੰ ਮੌਤ ਨਹੀਂ ਆਵੇਗੀ? ਮੌਤ ਤਾਂ ਵਾਹਿਗੁਰੂ ਦਾ ਹੁਕਮ ਹੈ। ਹਰ ਇਕ ਨੇ ਇਕ ਨਾ ਇਕ ਦਿਨ ਮਰਨਾ ਹੀ ਹੈ। ਵਾਹਿਗੁਰੂ ਨੇ ਜਿੰਨੇ ਸਾਹ ਦਿਤੇ ਹਨ ਉਨ੍ਹਾਂ ਨੂੰ ਕੋਈ ਘਟਾ ਜਾਂ ਵਧਾ ਨਹੀਂ ਸਕਦਾ। ਕਾਜ਼ੀ ਅਤੇ ਸੂਬੇਦਾਰ ਇਸ ਜਵਾਬ 'ਤੇ ਖਿਝੇ ਤਾਂ ਜ਼ਰੂਰ ਪਰ ਉਨ੍ਹਾਂ ਨੇ ਇਕ ਦਿਨ ਹੋਰ ਗੁਰੂ ਜੀ ਦੇ ਜਵਾਬ ਦੀ ਉਡੀਕ ਕੀਤੀ। ਗੁਰੂ ਜੀ ਵੱਲੋਂ ਨਾਂਹ ਮਿਲਣ ਮਗਰੋਂ ਗੁਰੂ ਸਾਹਿਬ ਨੂੰ ਤਸੀਹਿਆਂ ਦਾ ਦੌਰ ਸ਼ੁਰੂ ਹੋ ਗਿਆ। ਗੁਰੂ ਸਾਹਿਬ ਨੂੰ ਤਪਦੇ ਹੋਏ ਥੰਮ ਨਾਲ ਲਾਇਆ ਗਿਆ। ਉਨ੍ਹਾਂ ਦੇ ਜਿਸਮ 'ਤੇ ਬਲਦੀ ਰੇਤ ਪਾਈ ਗਈ। ਅਗਲੇ 5 ਦਿਨ ਵਿਚ ਉਨ੍ਹਾਂ ਦਾ ਜਿਸਮ ਬਰੀ ਤਰਾਂ ਨਿਢਾਲ ਹੋ ਗਿਆ। ਪਰ ਇਹ ਜ਼ੁਲਮ ਵੀ ਗੁਰੂ ਸਹਿਬ ਨੂੰ ਬਦਲ ਨਾ ਸਕਿਆ।

1840: ਮਹਾਰਾਜਾ ਨੌਨਿਹਾਲ ਸਿੰਘ ਨੂੰ ਡੋਗਰਿਆਂ ਨੇ ਮਾਰ ਦਿੱਤਾ

5 ਨਵੰਬਰ 1840 ਦੇ ਦਿਨ ਜਦ ਸਾਰੇ ਜਣੇ ਮਹਾਰਾਜਾ ਖੜਕ ਸਿੰਘ ਦਾ ਸਸਕਾਰ ਕਰ ਕੇ ਵਾਪਿਸ ਕਿਲ੍ਹੇ ਨੂੰ ਜਾ ਰਹੇ ਸਨ ਤਾਂ, ਪਹਿਲੋਂ ਘੜੀ ਸਾਜ਼ਿਸ਼ ਮੁਤਾਬਿਕ, ਧਿਆਨ ਸਿੰਹ ਡੋਗਰੇ ਨੇ ਰੋਸ਼ਨੀ ਗੇਟ ਦਾ ਛੱਜਾ ਸੁਟਵਾ ਕੇ ਮਹਾਰਾਜਾ ਨੌਨਿਹਾਲ ਸਿੰਘ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਇਸ ਵੇਲੇ ਨੌਨਿਹਾਲ ਸਿੰਘ ਨੇ ਗੁਲਾਬ ਸਿੰਹ ਡੋਗਰੇ ਦੇ ਪੁੱਤਰ ਮੀਆਂ ਉਧਮ ਸਿੰਹ ਦਾ ਹੱਥ ਫੜਿਆ ਹੋਇਆ ਸੀ। ਗੇਟ ਦਾ ਛੱਜਾ ਸਿਰ 'ਤੇ ਡਿੱਗਣ ਨਾਲ ਗੁਲਾਬ ਸਿੰਹ ਡੋਗਰੇ ਦਾ ਪੁੱਤਰ ਮੀਆਂ ਉਧਮ ਸਿੰਹ ਉਸੇ ਵੇਲੇ ਮਰ ਗਿਆ ਪਰ ਨੌਨਿਹਾਲ ਸਿੰਘ ਨੂੰ ਐਵੇਂ ਥੋੜ੍ਹੀਆਂ ਜਹੀਆਂ ਝਰੀਟਾਂ ਹੀ ਆਈਆਂ ਸਨ। ਪਰ, ਪਹਿਲਾਂ ਤੋਂ ਹੀ ਕੀਤੀ ਤਿਆਰੀ ਮੁਤਾਬਿਕ, ਨੌਨਿਹਾਲ ਸਿੰਘ ਨੂੰ ਇਕ ਦਮ ਜਬਰੀ ਇਕ ਪਾਲਕੀ ਵਿਚ ਪਾ ਲਿਆ ਗਿਆ (ਸਾਜ਼ਿਸ਼ ਮੁਤਾਬਿਕ ਪਾਲਕੀ ਵੀ ਪਹਿਲੋਂ ਹੀ ਉੱਥੇ ਮੌਜੂਦ ਸੀ) ਤੇ ਧਿਆਨ ਸਿੰਹ ਡੋਗਰਾ ਪਾਲਕੀ ਲੈ ਕੇ ਬੜੀ ਤੇਜ਼ੀ ਨਾਲ ਕਿਲ੍ਹੇ ਵਲ ਚਲਾ ਗਿਆ। ਲਹਿਣਾ ਸਿੰਘ ਮਜੀਠਿਆ ਨੇ ਉਸ ਦੇ ਨਾਲ ਜਾਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਰੋਕ ਦਿਤਾ ਗਿਆ। ਹੋਰ ਤਾਂ ਹੋਰ ਨੌਨਿਹਾਲ ਸਿੰਘ ਦੀ ਮਾਂ ਰਾਣੀ ਚੰਦ ਕੌਰ ਨੂੰ ਵੀ ਉਸ ਦੇ ਨੇੜੇ ਜਾਣ ਦੀ ਇਜਾਜ਼ਤ ਨਾ ਦਿਤੀ ਗਈ। ਉਹ ਵਿਚਾਰੀ ਕਿਲ੍ਹੇ ਦਾ ਦਰਵਾਜ਼ਾ ਖੁਲ੍ਹਵਾਉਣ ਵਾਸਤੇ ਕਿੰਨਾ ਚਿਰ ਹੀ ਦਰਵਾਜ਼ੇ 'ਤੇ ਹੱਥ ਮਾਰ-ਮਾਰ ਕੇ ਪਿੱਟਦੀ ਰਹੀ (ਡੋਗਰਿਆਂ ਹੱਥ ਏਨੀ ਤਾਕਤ ਸੀ ਕਿ ਮਹਾਰਾਜੇ ਦੀ ਮਾਂ ਨੂੰ ਵੀ ਕਿਲ੍ਹੇ ਵਿਚ ਵੜਨ ਵਾਸਤੇ ਇਜਾਜ਼ਤ ਨਹੀਂ ਸੀ)। ਉਧਰ ਧਿਆਨ ਸਿੰਹ ਨੇ ਸਿਰ ਵਿਚ ਪੱਥਰ ਮਰਵਾ-ਮਰਵਾ ਕੇ ਨੌਨਿਹਾਲ ਸਿੰਘ ਨੂੰ ਖ਼ਤਮ ਕਰਵਾ ਦਿਤਾ। ਹੇਨਰੀ ਗਾਰਡਨਰ ਦਸਦਾ ਹੈ ਕਿ ਛੱਜਾ ਡੇਗਣ ਤੋਂ ਪਹਿਲਾਂ ਚਲਾਕੀ ਨਾਲ ਉਸ ਨੂੰ ਆਪਣਾ ਫ਼ੌਜੀ ਦਸਤਾ ਲਿਆਉਣ ਵਾਸਤੇ ਉੱਥੋਂ ਭੇਜ ਦਿੱਤਾ। ਉਹ ਦਸਦਾ ਹੈ ਕਿ ਨੌਨਿਹਾਲ ਸਿੰਘ ਬਾਰੇ ਰਾਜ਼ ਖੁਲ੍ਹਣ ਦੇ ਡਰ ਤੋਂ ਪਾਲਕੀ ਲਿਜਾਣ ਵਾਲਿਆਂ ਵਿਚੋਂ ਦੋ ਨੂੰ ਕਤਲ ਕਰ ਦਿੱਤਾ ਗਿਆ ਤੇ ਦੋ ਅੰਗਰੇਜ਼ੀ ਇਲਕੇ ਨੂੰ ਦੌੜ ਗਏ। ਉਸ ਦੀ ਮੌਤ ਦੀ ਖ਼ਬਰ ਤੀਜੇ ਦਿਨ ਕੱਢੀ ਗਈ। ਇਸ ਦੇ ਨਾਲ ਹੀ ਧਿਆਨ ਸਿੰਘ ਨੇ ਸ਼ੇਰ ਸਿੰਘ ਨੂੰ ਮੁਕੇਰੀਆਂ ਤੋਂ ਬੁਲਵਾ ਲਿਆ ਤਾਂ ਜੋ ਉਸ ਨੂੰ ਗੱਦੀ 'ਤੇ ਬਿਠਾ ਦਿਤਾ ਜਾਵੇ। ਨੌਨਿਹਾਲ

ਸਿੰਘ ਦਾ ਸਸਕਾਰ 8 ਨਵੰਬਰ ਨੂੰ ਕੀਤਾ ਗਿਆ। ਉਸ ਦੇ ਨਾਲ ਉਸ ਦੀਆਂ ਦੋ ਰਾਣੀਆਂ (ਹਿੰਦੂ ਰਾਜਪੂਤ ਕਟੋਚਣ ਤੇ ਪਧੌੜਣ) ਤੇ 4 ਗੋਲੀਆਂ ਸਤੀ ਕੀਤੀਆਂ (ਜਿਉਂਦੀਆਂ ਜ਼ਬਰਦਸਤੀ ਸਾੜ ਦਿਤੀਆਂ) ਗਈਆਂ। (ਇੰਞ ਸਿਰਫ਼ ਸਾਢੇ 16 ਮਹੀਨਿਆਂ ਵਿਚ ਰਣਜੀਤ ਸਿੰਘ ਦੇ ਦੋ ਵਾਰਿਸ ਰਾਜੇ ਖ਼ਤਮ ਕਰ ਦਿੱਤੇ ਗਏ ਸਨ)।

1978: ਦਿੱਲੀ ਵਿਚ ਪੁਲਸ ਨੇ ਗੋਲੀਆਂ ਚਲਾ ਕੇ 3 ਸਿੱਖ ਮਾਰੇ

13 ਅਪਰੈਲ 1978 ਦੇ ਅੰਮ੍ਰਿਤਸਰ ਵਿਚ ਨਿਰੰਕਾਰੀਆਂ ਵੱਲੋਂ 13 ਸਿੱਖਾਂ ਦਾ ਕਤਲੇਆਮ ਕੀਤੇ ਜਾਣ ਦੇ ਖ਼ਿਲਾਫ਼ ਪ੍ਰੋਟੈਸਟ ਜਲੂਸ ਹੋਰ ਜਗਹ ਤੋਂ ਇਲਾਵਾ ਦਿੱਲੀ ਵਿਚ ਵੀ ਨਿਕਲੇ। 5 ਨਵੰਬਰ 1978 ਨੂੰ ਦਿੱਲੀ ਵਿਚ ਨਿਕਲੇ ਜਲੂਸ 'ਤੇ ਪੁਲੀਸ ਨੇ ਟੀਅਰ-ਗੈਸ ਅਤੇ ਗੋਲੀਆਂ ਚਲਾ ਕੇ ਅਕਾਲੀ ਪਾਰਟੀ ਦੇ ਦਿੱਲੀ ਯੂਨਿਟ ਦੇ ਪ੍ਰਧਾਨ ਅਵਤਾਰ ਸਿੰਘ ਕੋਹਲੀ ਤੇ ਦੋ ਹੋਰ ਸਿੱਖਾਂ ਮਨਿੰਦਰ ਸਿੰਘ ਅਤੇ ਗੋਬਿੰਦ ਸਿੰਘ ਨੂੰ ਮਾਰ ਕਰ ਦਿੱਤਾ। ਸੈਂਟਰ ਵਿਚ ਉਸ ਵੇਲੇ ਜਨਤਾ ਪਾਰਟੀ ਅਤੇ ਅਕਾਲੀ ਦਲ ਦੀ ਸਾਂਝੀ ਸਰਕਾਰ ਸੀ। ਇਸੇ ਦਿਨ ਪੁਲੀਸ ਨੇ ਸ਼ਾਮ ਨੂੰ ਬੰਗਲਾ ਸਾਹਿਬ, ਰਕਾਬ ਗੰਜ ਵਗੈਰਾ ਗੁਰਦਵਾਰੇ ਸੀਲ ਕਰ ਦਿੱਤੇ। 1783 ਦੇ ਜਦੋਂ ਦੇ ਇਹ ਗੁਰਦਵਾਰੇ ਕਾਇਮ ਹੋਏ ਹਨ (ਮੁਗ਼ਲ ਅਤੇ ਅੰਗ੍ਰੇਜ਼ਾਂ ਦੀਆਂ ਹਕੂਮਤਾਂ ਵੇਲੇ) ਕਦੇ ਵੀ ਇਨ੍ਹਾਂ ਗੁਰਦਵਾਰੇ ਕਾਇਮ ਹੋਏ ਹਨ (ਮੁਗ਼ਲ ਅਤੇ ਅੰਗ੍ਰੇਜ਼ਾਂ ਦੀਆਂ ਹਕੂਮਤਾਂ ਵੇਲੇ) ਕਦੇ ਵੀ ਇਨ੍ਹਾਂ ਗੁਰਦੁਆਰਿਆਂ ਵਿਚ ਸਿੱਖਾਂ ਦਾ ਦਾਖਲਾ ਬੰਦ ਨਹੀਂ ਹੋਇਆ ਸੀ। ਇਹ ਹਰਕਤ ਪਿਛਲੇ 200 ਸਾਲ ਵਿਚ ਪਹਿਲੀ ਵਾਰੀ ਹੋਈ ਸੀ ਤੇ ਉਹ ਵੀ ਅਕਾਲੀ ਦਲ ਦੀ ਭਾਈਵਾਲੀ ਵਾਲੀ ਸਰਕਾਰ ਵੇਲੇ। (ਇਸ ਨਾਕਾਬੰਦੀ ਦਾ ਹੁਕਮ ਮੋਰਾਰਜੀ ਦੇਸਾਈ ਵਰਗੇ ਫ਼ਿਰਕੂ ਹਿੰਦੂ ਪ੍ਰਾਈਮ ਮਨਿਸਟਰ ਨੇ ਦਿੱਤਾ ਸੀ)। ਗੁਰਦੁਆਰਿਆਂ ਦੀ ਨਾਕਾਬੰਦੀ ਦੇ ਨਾਲ ਇਨ੍ਹਾਂ ਇਲਕਿਆਂ ਵਿਚ ਕਰਫ਼ਿਊ ਵੀ ਲਾ ਦਿੱਤਾ ਗਿਆ। ਇਨ੍ਹਾਂ ਗੁਰਦੁਆਰਿਆਂ ਦੀ ਇਹ ਨਾਕਾਬੰਦੀ ਤਿੰਨ ਦਿਨ ਜਾਰੀ ਰਹੀ ਅਤੇ ਉਦੋਂ ਖ਼ਤਮ ਹੋਈ ਜਦੋਂ ਪੰਜਾਬ ਦੇ ਅਕਾਲੀ ਵਜ਼ੀਰਾਂ ਅਤੇ ਅਕਾਲੀ ਪਾਰਟੀ ਦੇ ਆਗੂਆਂ ਨੇ ਇਸ ਨਾਕਾਬੰਦੀ ਅਤੇ ਕਰਫ਼ਿਊ ਨੂੰ ਤੋੜ ਕੇ ਗ੍ਰਿਫ਼ਤਾਰੀਆਂ ਦੇਣ ਦੀ ਸਕੀਮ ਬਣਾਈ। ਪਰ ਸੁਰਜੀਤ ਬਰਨਾਲਾ ਜਾਂ ਅਕਾਲੀ ਪਾਰਟੀ ਦੇ ਦਫ਼ਤਰ ਸਕੱਤਰ ਗਿਆਨੀ ਅਜਮੇਰ ਸਿੰਘ ਨੇ ਇਹ ਸਕੀਮ ਸੀ.ਆਈ.ਡੀ. ਤੱਕ ਪਹੁੰਚਾ ਦਿੱਤੀ ਜਿਸ ਕਾਰਨ ਸੈਂਟਰ ਦੇ ਅਕਾਲੀ ਵਜ਼ੀਰਾਂ ਵੱਲੋਂ ਗ੍ਰਿਫ਼ਤਾਰੀ ਦੇਣ ਦੇ ਧਮਾਕੇ ਤੋਂ ਪਹਿਲਾਂ ਹੀ ਸਰਕਾਰ ਨੇ ਗੁਰਦੁਆਰਿਆਂ ਦੀ ਤਾਲਾਬੰਦੀ ਖ਼ਤਮ ਕਰ ਦਿੱਤੀ।

1987: ਸਵਿੰਦਰ ਸਿੰਘ ਕਲਾਨੌਰ ਨਕਲੀ ਮੁਕਾਬਲੇ ਵਿਚ ਸ਼ਹੀਦ

5 ਨਵੰਬਰ 1987 ਦੇ ਦਿਨ ਪੰਜਾਬ ਪੁਲੀਸ ਨੇ ਸਵਿੰਦਰ ਸਿੰਘ (ਪੁੱਤਰ ਅਮਰ ਸਿੰਘ, ਵਾਸੀ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ 'ਚ ਸ਼ਹੀਦ ਕਰ ਦਿਤਾ।

1989: ਕੁਲਵੰਤ ਸਿੰਘ ਕੰਤਾ ਜਗਦੇਵ ਕਲਾਂ ਨਕਲੀ ਮੁਕਾਬਲੇ ਵਿਚ ਸ਼ਹੀਦ

5 ਨਵੰਬਰ 1989 ਦੇ ਦਿਨ ਪੰਜਾਬ ਪੁਲੀਸ ਨੇ ਕੁਲਵੰਤ ਸਿੰਘ ਕੰਤਾ (ਵਾਸੀ ਜਗਦੇਵ ਕਲਾ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1990: ਬਲਕਾਰ ਸਿੰਘ ਸਰਲੀ ਮੰਡਾਂ, ਹਾਕਮ ਸਿੰਘ ਦਾਸੂਵਾਲ, ਸੁਖਦੇਵ ਸਿੰਘ ਮੁਲਤਾਨ ਬਾਗ਼, ਬਲਕਾਰ ਸਿੰਘ ਜੌਹਲਸਿੰਘਵਾਲਾ ਤੇ ਲਖਬੀਰ ਸਿੰਘ ਲੱਖਾ ਧਰ ਦਿਓ **ਨਕਲੀ ਮੁਕਾਬਲਿਆਂ ਵਿਚ ਸ਼ਹੀਦ**

5 ਨਵੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਬਲਕਾਰ ਸਿੰਘ ਉਰਫ਼ ਫ਼ੌਜੀ (ਪੁੱਤਰ ਹਰੀ ਸਿੰਘ, ਵਾਸੀ ਸਰਲੀ ਮੰਡਾਂ, ਜ਼ਿਲ੍ਹਾ ਅੰਮ੍ਰਿਤਸਰ), ਹਾਕਮ ਸਿੰਘ ਉਰਫ਼ ਹੱਕੂ (ਪੁੱਤਰ

ਗੁਰਮੇਜ ਸਿੰਘ, ਵਾਸੀ ਦਾਸੂਵਾਲ, ਜ਼ਿਲ੍ਹਾ ਅੰਮ੍ਰਿਤਸਰ), ਸੁਖਦੇਵ ਸਿੰਘ (ਪੁੱਤਰ ਅਜਾਇਬ ਸਿੰਘ, ਵਾਸੀ ਮੁਲਤਾਨ ਬਾਗ਼ਾ, ਜ਼ਿਲ੍ਹਾ ਅੰਮ੍ਰਿਤਸਰ) ਅਤੇ ਬਲਕਾਰ ਸਿੰਘ (ਪੁੱਤਰ ਕਰਨੈਲ ਸਿੰਘ, ਵਾਸੀ ਜੌਹਲਸਿੰਘ ਵਾਲਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਲਖਬੀਰ ਸਿੰਘ ਲੱਖਾ, ਉਰਫ਼ ਪੋਹਲੀ, (ਵਾਸੀ ਧਰ ਦਿਓ, ਅੰਮ੍ਰਿਤਸਰ) ਨੂੰ ਵੀ ਇਕ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਪਰਮਜੀਤ ਸਿੰਘ ਮਧੂਬਲੀ ਨਕਲੀ ਮੁਕਾਬਲੇ ਵਿਚ ਸ਼ਹੀਦ

5 ਨਵੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਪਰਮਜੀਤ ਸਿੰਘ (ਪੁੱਤਰ ਅਵਤਾਰ ਸਿੰਘ, ਵਾਸੀ ਮਧੂਬਲੀ, ਨੇੜੇ ਬਟਾਲਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਗੁਰਚਰਨ ਸਿੰਘ ਜਿੰਦੀ, ਸੁਰਜੀਤ ਸਿੰਘ, ਅਰਵਿੰਦਰ ਸਿੰਘ ਤੇ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ

5 ਨਵੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਗੁਰਚਰਨ ਸਿੰਘ ਜਿੰਦੀ ਵਾਸੀ ਰਸੂਲਪੁਰ, ਸੁਰਜੀਤ ਸਿੰਘ ਵਾਸੀ ਰੋਮੀ, ਅਰਵਿੰਦਰ ਸਿੰਘ ਵਾਸੀ ਵਿੰਝਲ ਤੇ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤੇ।

2013: ਦਰਬਾਰ ਸਾਹਿਬ ਵਿਚ ਇਕ ਪਤਿਤ ਨੇ ਸਵੈਯੇ ਪੜ੍ਹੇ

5 ਨਵੰਬਰ 2013 ਦੇ ਦਿਨ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਇਕ ਪਤਿਤ ਨੇ ਸਵੈਯੇ ਪੜ੍ਹੇ। ਇਸ ਵੇਲੇ ਰਵੇਲ ਸਿੰਘ ਗ੍ਰੰਥੀ ਸਾਹਿਬ ਦੀ ਤਾਬਿਆ ਬੈਠਾ ਸੀ 'ਤੇ ਅਤੇ ਕੁਲਵਿੰਦਰ ਸਿੰਘ ਅਰਦਾਸੀਆ ਵੀ ਮੌਜੂਦ ਸੀ। ਚਸ਼ਮਦੀਦ ਗਵਾਹਾਂ ਮੁਤਾਬਿਕ ਮੁਖ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਨੇ ਉਸ ਨੂੰ ਸਵੈਯੇ ਪੜ੍ਹਨ ਵਾਸਤੇ ਕਿਹਾ ਸੀ। ਉਸ ਕੋਲ ਦਰਬਾਰ ਸਾਹਿਬ ਦੇ ਗ੍ਰੰਥੀ ਦੀ ਲਿਖਤੀ ਇਜਾਜ਼ਤ ਵੀ ਸੀ।

6 ਨਵੰਬਰ

1908: ਪਹਿਲਾ ਸਿੱਖ ਮਿਸ਼ਨਰੀ ਕਾਲਜ ਤਰਨ ਤਾਰਨ ਵਿਚ ਸ਼ੁਰੂ ਹੋਇਆ

ਚੀਫ਼ ਖਾਲਸਾ ਦੀਵਾਨ 30 ਅਕਤੂਬਰ 1902 ਦੇ ਦਿਨ ਕਾਇਮ ਹੋਇਆ ਸੀ। ਇਸ ਦੀ ਕਾਇਮੀ ਮਗਰੋਂ ਇਸ ਨਾਲ ਕਈ ਸਿੰਘ ਸਭਾਵਾਂ ਸਬੰਧਤ ਹੋ ਗਈਆਂ। 1904 ਤਕ 29 ਸਿੰਘ ਸਭਾਵਾਂ ਇਸ ਦੀਆਂ ਮੈਂਬਰ ਬਣੀਆਂ। 9 ਜੁਲਾਈ 1904 ਨੂੰ ਚੀਫ਼ ਖਾਲਸਾ ਦੀਵਾਨ ਨੂੰ ਕਾਨੂੰਨ ਹੇਠ ਰਜਿਸਟਰਡ ਕਰਵਾ ਲਿਆ ਗਿਆ। ਚੀਫ਼ ਖ਼ਾਲਸਾ ਦੀਵਾਨ ਦੇ ਅਹਿਮ ਕੰਮਾਂ ਵਿਚੋਂ ਸਭ ਤੋਂ ਪਹਿਲਾ ਪ੍ਰਾਜੈਕਟ ਅੰਮ੍ਰਿਤਸਰ ਦਾ 'ਸੈਂਟਰਲ ਖਾਲਸਾ ਯਤੀਮਖਾਨਾ' ਸੀ ਜੋ ਅਪ੍ਰੈਲ 1904 ਵਿਚ ਕਾਇਮ ਕੀਤਾ ਗਿਆ। ਇਸ ਯਤੀਮਖਾਨੇ ਨੇ ਬੇਸਹਾਰਾ ਸਿੱਖ ਬੱਚਿਆਂ ਨੂੰ ਆਸਰਾ ਵੀ ਦਿਤਾ ਅਤੇ ਪੜ੍ਹਾਈ ਵੀ ਕਰਵਾਈ। ਚੀਫ਼ ਖਾਲਸਾ ਦੇ ਇਸ ਯਤੀਮਖਾਨੇ ਵਿਚ ਰਹਿਣ ਵਾਲੇ ਬੱਚਿਆਂ ਵਿਚ ਬਹੁਤ ਸਾਰੀਆਂ ਨੇ ਸਿੱਖ ਪੰਥ ਵਿਚ ਬੜੀ ਅਹਿਮ ਜਗਹ ਬਣਾਈ, ਜਿਨ੍ਹਾਂ ਵਿਚੋਂ ਕੁਝ ਤਾਂ ਇਹ ਹਨ: ਗਿਆਨੀ ਕੇਸਰ ਸਿੰਘ ਨਾਵਲਿਸਟ, ਉਧਮ ਸਿੰਘ ਸੁਨਾਮ, ਸ.ਸ. ਅਮੋਲ, ਭਾਈ ਸਮੁੰਦ ਸਿੰਘ ਰਾਗੀ ਵਗ਼ੈਰਾ। 1947 ਤੋਂ ਮਗਰੋਂ ਇਸ ਯਤਮੀਖਾਨੇ ਨੇ ਪੰਜਾਬ ਦੀ ਵੰਡ ਨਾਲ ਬੇਸਹਾਰਾ ਹੋਏ ਬਹੁਤ ਸਾਰੇ ਬੱਚਿਆਂ ਨੂੰ ਸੰਭਾਲਿਆ (1960 ਤੋਂ ਮਗਰੋਂ ਇਸ ਦੀ ਹਾਲਤ ਕਾਫ਼ੀ ਹਦ ਤਕ ਖਸਤਾ ਹੋ ਗਈ ਪਰ 1972 ਵਿਚ ਸ: ਭਾਗ ਸਿੰਘ ਅਣਖੀ ਨੇ ਇਸ ਦਾ ਚਾਰਜ ਸੰਭਾਲਿਆ ਅਤੇ ਉਨ੍ਹਾਂ ਨੇ ਇਸ ਨੂੰ ਇਕ ਵਧੀਆ ਅਦਾਰਾ ਬਣਾ ਕੇ ਇਸ

ਨੂੰ ਚਾਰ ਚੰਨ ਲਾਏ)। ਇਸ ਤੋਂ ਇਲਾਵਾ ਚੀਫ਼ ਖਾਲਸਾ ਦੀਵਾਨ ਨੇ 1908 ਵਿਚ ਸ਼ਿਕਾਰਪੁਰ (ਸਿੰਧ), 1909 ਵਿਚ ਖ਼ਾਲਸਾ ਉਪਦੇਸ਼ਕ ਕਾਲਜ ਯਤੀਮਖਾਨਾ ਘਰਜਾਖ (ਗੁਜਰਾਂਵਾਲਾ) ਵੀ ਕਾਇਮ ਕੀਤੇ। ਦੀਵਾਨ ਦਾ ਦੂਜਾ ਵੱਡਾ ਕੰਮ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਮਿਸ਼ਨਰੀ ਤਿਆਰ ਕਰਨਾ ਸੀ। ਦੀਵਾਨ ਨੇ 6 ਨਵੰਬਰ 1908 ਦੇ ਦਿਨ ਖ਼ਾਲਸਾ ਪ੍ਰਚਾਰਕ ਵਿਦਿਆਲਾ ਤਰਨਤਾਰਨ ਵਿਚ ਕਾਇਮ ਕਰ ਕੇ ਸਹੀ ਮਾਅਨਿਆਂ ਵਿਚ ਪਹਿਲਾ ਸਿਖ ਮਿਸ਼ਨਰੀ ਕਾਲਜ ਕਾਇਮ ਕੀਤਾ। ਇਸ ਅਦਾਰੇ ਨੇ ਬਹੁਤ ਸਾਰੇ ਪ੍ਰਚਾਰਕ ਤਿਆਰ ਕੀਤੇ, ਜਿਹੜੇ ਵੱਖ-ਵੱਖ ਇਲਾਕਿਆਂ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕਰਦੇ ਰਹੇ।

1981: ਬਬਰ ਖਾਲਸਾ ਦਾ ਮੋਢੀ ਮੈਂਬਰ ਸੁਰਜੀਤ ਸਿੰਘ ਰਾਮਪੁਰ ਬਿਸ਼ਨੋਈਆਂ ਗ੍ਰਿਫ਼ਤਾਰ ਕਰ ਲਿਆ ਗਿਆ

13 ਅਪ੍ਰੈਲ 1978 ਨੂੰ ਅੰਮ੍ਰਿਤਸਰ ਵਿਚ ਹੋਏ ਸਿੱਖ ਕਤਲੇਆਮ ਦਾ ਮੁਕੱਦਮਾ ਹਾਈ ਕੋਰਟ ਦੇ ਹੁਕਮ ਨਾਲ ਪੰਜਾਬ ਤੋਂ ਬਾਹਰ ਕਰਨਾਲ ਵਿਚ ਤਬਦੀਲ ਕਰ ਦਿੱਤਾ ਗਿਆ। ਇਸ ਮੁਕੱਦਮੇ ਵਿਚ ਪੰਜਾਬ ਸਰਕਾਰ ਦੇ ਵਕੀਲਾਂ ਨੇ ਕਮਜ਼ੋਰ ਕੇਸ ਤਿਆਰ ਕੀਤਾ ਅਤੇ ਢਿੱਲੇ ਤਰੀਕੇ ਨਾਲ ਲੜਿਆ। ਇਹ ਵੀ ਚਰਚਾ ਚਲ ਪਿਆ ਸੀ ਕਿ ਨਿਰੰਕਾਰੀਆਂ ਦੇ ਮੁਖੀ ਗੁਰਬਚਨ ਸਿੰਘ ਨੇ ਆਪਣੇ ਆਪ ਨੂੰ ਅਤੇ 61 ਹੋਰ ਮੁਜਰਮਾਂ ਨੂੰ ਸਿੱਖਾਂ ਦੇ ਕਤਲ ਤੋਂ ਪੂਰੀ ਤਰਾਂ ਬਰੀ ਕਰਵਾਉਣ ਵਾਸਤੇ ਜੱਜ ਗੁਪਤਾ ਨੂੰ ਇੱਕ ਮੋਟੀ ਰਕਮ ਰਿਸ਼ਵਤ ਵਜੋਂ ਦਿੱਤੀ ਹੈ। 4 ਜਨਵਰੀ 1980 ਨੂੰ ਜੱਜ ਗੁਪਤਾ ਨੇ ਇਨ੍ਹਾਂ ਮੁਜਰਮਾਂ ਨੂੰ 'ਬਰੀ' ਕਰਨ ਦਾ ਫ਼ੈਸਲਾ ਦੇ ਦਿੱਤਾ। ਅਕਾਲੀ ਅਖਵਾਉਂਦੇ ਚੀਫ਼ ਮਨਿਸਟਰ ਪਰਕਾਸ਼ ਸਿੰਘ ਬਾਦਲ ਨੇ ਇਸ ਫ਼ੈਸਲੇ ਦੇ ਖ਼ਿਲਾਫ਼ ਸਰਕਾਰ ਵੱਲੋਂ ਹਾਈ ਕੋਰਟ ਵਿਚ ਅਪੀਲ ਤੱਕ ਦਾਇਰ ਨਾ ਕੀਤੀ। ਸਿੱਖਾਂ ਦੇ ਕਾਤਲਾਂ ਨੂੰ ਬਰੀ ਕਰਨ, ਅਕਾਲੀ ਸਰਕਾਰ ਵੱਲੋਂ ਅਪੀਲ ਦਾਇਰ ਨਾ ਕਰਨ, ਫ਼ਿਰਕੂ ਹਿੰਦੂਆਂ ਵੱਲੋਂ ਨਿਰੰਕਾਰੀਆਂ ਦੀ ਰਿਹਾਈ ਸਮੇਂ ਖੁਸ਼ੀਆਂ ਮਨਾਉਣ ਅਤੇ ਲੱਡੂ ਵੰਡਣ ਦੀਆਂ ਘਟਨਾਵਾਂ ਨਾਲ ਹਰ ਸਿੱਖ ਦਾ ਦਿਲ ਤੜਪ ਉੱਠਿਆ। ਸਿੱਖ ਆਲਮ, ਸਿੱਖ ਵਿਦਿਆਰਥੀ, ਜੁਝਾਰੂ ਸਿੱਖ ਅਤੇ ਸਾਰੀ ਸਿੱਖ ਕੌਮ ਸੋਗ, ਰੰਜ, ਗੁੱਸੇ, ਰੋਹ ਤੇ ਸੋਚ ਵਿਚ ਪੈ ਗਈ। ਇਸ ਮਾਹੌਲ ਵਿਚ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ, ਅਖੰਡ ਕੀਰਤਨੀ ਜਥਾ, ਦਲ ਖਾਲਸਾ, ਕੈਨੇਡਾ ਦੇ ਜਥੇਦਾਰ ਤਲਵਿੰਦਰ ਸਿੰਘ ਪਰਮਾਰ ਅਤੇ ਉਨ੍ਹਾਂ ਦੇ ਸਾਥੀ ਅਤੇ ਹੋਰ ਬਹੁਤ ਸਾਰੇ ਸਰਗਰਮ ਪੰਥਕ ਕਾਰਕੁੰਨ ਸਿੱਖਾਂ ਦੇ ਕਤਲੇਆਮ ਦੇ ਜ਼ਿੰਮੇਦਾਰਾਂ ਨੂੰ ਯਕੀਨਨ ਸਜ਼ਾ ਦੇਣਾ ਚਾਹੁੰਦੇ ਸਨ। ਭਾਰਤ ਦੀਆਂ ਬੇਇਨਸਾਫ਼ ਅਦਾਲਤਾਂ ਤੋਂ ਇਨਸਾਫ਼ ਨਾ ਮਿਲ ਸਕਣ ਮਗਰੋਂ ਇਨ੍ਹਾਂ ਸਿੱਖਾਂ ਦੇ ਇਨਸਾਫ਼ ਆਪ ਕਰਨ ਦਾ ਇਰਾਦਾ ਕੀਤਾ। ਵੱਖ-ਵੱਖ ਜਗਹ ਬੈਠੇ ਜੁਝਾਰੂ ਸੋਚ ਵਾਲੇ ਸਿੱਖਾਂ ਨੇ ਅਖ਼ੀਰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਐਲਾਨਨਾਮੇ ਦੀਆਂ ਲਾਈਨਾਂ ਨੂੰ ਦੋਬਾਰਾ ਪੜ੍ਹਿਆ ਤੇ ਉਸ ਉੱਤੇ ਅਮਲ ਕਰਨ ਦਾ ਇਰਾਦਾ ਕੀਤਾ। ਇਸ ਮੁਤਾਬਿਕ ਸਿੱਖਾਂ ਨੇ ਫ਼ੈਸਲਾ ਕੀਤਾ ਕਿ ਫ਼ਿਰਕੂ ਹਿੰਦੂ ਹਾਕਮਾਂ ਤੋਂ ਇਨਸਾਫ਼ ਤਾਂ ਮਿਲਣਾ ਨਹੀਂ, ਇਨਸਾਫ਼ ਖੋਹਣਾ ਪੈਣਾ ਹੈ, ਯਾਨੀ, ਸਿੱਖਾਂ ਨੇ ਨਿਰੰਕਾਰੀ ਮੁਜਰਮਾਂ ਨੂੰ ਖ਼ੁਦ ਸਜ਼ਾ ਦੇਣ ਦਾ ਫ਼ੈਸਲਾ ਕਰ ਲਿਆ। ਇਸ ਮਾਹੌਲ ਵਿਚ ਹੀ ਵੈਨਕੂਵਰ (ਕਨੇਡਾ) ਅਤੇ ਪੰਜਾਬ ਵਿਚ ਵੱਖ-ਵੱਖ ਹਿੱਸਿਆਂ ਦੇ ਜੁਝਾਰੂ ਸਿੱਖ ਇਕੱਠੇ ਹੋਏ ਅਤੇ ਉਨ੍ਹਾਂ ਨੇ 'ਸ਼ਹੀਦੀ ਜੱਥੇ' ਜਾਂ 'ਬਬਰ ਜੱਥੇ' ਕਾਇਮ ਕੀਤੇ। ਮਗਰੋਂ ਇਨ੍ਹਾਂ ਜਥਿਆਂ ਨੂੰ 'ਬਬਰ ਖਾਲਸਾ' ਵਜੋਂ ਯਾਦ ਕੀਤਾ ਜਾਣ ਲੱਗਾ। ਵੈਨਕੂਵਰ ਤੋਂ ਕੁਝ ਸਿੱਖਾਂ ਨੇ ਆ ਕੇ ਪੰਜਾਬ ਵਿਚ ਕੁਝ ਐਕਸ਼ਨ ਕਰਵਾਏ। ਦੂਜੇ ਪਾਸੇ ਪੰਜਾਬ ਦੇ ਬਬਰਾਂ ਨੇ ਕੁਝ ਐਕਸ਼ਨ ਇਕੱਲਿਆਂ ਵੀ ਕੀਤੇ। ਇਸ ਤੋਂ ਇਲਾਵਾ ਕੁਝ ਐਕਸ਼ਨ ਦੋਹਾਂ ਗੁਰੱਪਾਂ ਨੇ ਸਾਂਝੇ ਵੀ ਕੀਤੇ। (ਦਲ ਖਾਲਸਾ ਵਰਕਰਾਂ ਵੱਲੋਂ 29 ਸਤੰਬਰ 1981 ਨੂੰ ਜਹਾਜ਼ ਅਗਵਾ ਕਰਨ ਵਾਸਤੇ ਵੀ ਬਬਰਾਂ ਦੇ ਮੁਖੀ

ਜਥੇਦਾਰ ਤਲਵਿੰਦਰ ਸਿੰਘ ਨੇ ਹਿੱਸਾ ਪਾਇਆ ਸੀ)। ਬਬਰ ਖਾਲਸਾ ਦੇ ਫੈਨਕੂਵਰ ਅਤੇ ਪੰਜਾਬ ਗਰੁੱਪ ਤੇ ਹੋਰ ਖਾੜਕੂਆਂ ਵਿਚ ਹੇਠ ਲਿਖੇ ਵਰਕਰ ਸ਼ਾਮਿਲ ਸਨ: ਜਥੇਦਾਰ ਤਲਵਿੰਦਰ ਸਿੰਘ (ਮੁਖੀ), ਸੁਖਦੇਵ ਸਿੰਘ ਦਾਸੂਵਾਲ, ਕੁਲਵੰਤ ਸਿੰਘ ਨਾਗੋਕੇ, ਅਮਰਜੀਤ ਸਿੰਘ ਦਹੇੜੂ, ਤਰਸੇਮ ਸਿੰਘ ਕਾਲਾ ਸੰਘਾ, ਮਨਮੋਹਨ ਸਿੰਘ ਫੌਜੀ, ਵਧਾਵਾ ਸਿੰਘ, ਅਨੋਖ ਸਿੰਘ, ਗੁਰਮੀਤ ਸਿੰਘ ਧੂਲਕੋਟ, ਸੁਰਿੰਦਰ ਸਿੰਘ ਜਗਾਧਰੀ, ਸੁਰਜੀਤ ਸਿੰਘ ਰਾਮਪੁਰ ਬਿਸ਼ਨੋਈਆਂ, ਅਮਰਜੀਤ ਸਿੰਘ, ਸੇਵਾ ਸਿੰਘ, ਗੁਰਨਾਮ ਸਿੰਘ (ਤਿੰਨੇ ਪੁਲੀਸ ਅਫਸਰ ਫਰੀਦਕੋਟ) ਵਗ਼ੈਰਾ। ਨਵੰਬਰ ਵਿਚ ਪੁਲੀਸ ਨੇ ਬਬਰਾਂ ਦੇ ਇਕ ਮੈਂਬਰ ਸੁਰਜੀਤ ਸਿੰਘ ਨੂੰ ਅਸਲੇ ਦੇ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ। ਸੁਰਜੀਤ ਸਿੰਘ ਪਿੰਡ ਰਾਮਪੁਰ ਬਿਸ਼ਨੋਈਆਂ (ਜ਼ਿਲ੍ਹਾ ਫ਼ਰੀਦਕੋਟ) ਦਾ ਰਹਿਣ ਵਾਲਾ ਸੀ। ਉਸ ਨੂੰ 6 ਨਵੰਬਰ 1981 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲੀਸ ਦੇ ਕੁਟਾਪੇ ਤੇ ਭਾਰੀ ਤਸ਼ੱਦਦ ਮਗਰੋਂ ਸੁਰਜੀਤ ਸਿੰਘ ਨੇ ਪੁਲੀਸ ਨੂੰ ਬਹੁਤ ਸਾਰੇ ਰਾਜ਼ ਦੱਸ ਦਿੱਤੇ। ਹੁਣ ਪੁਲੀਸ ਨੂੰ ਮੋਟਰ ਸਾਈਕਲ ਵਾਲੇ ਖਾੜਕੂ ਗਰੁੱਪ ਅਤੇ ਬਬਰ ਖਾਲਸਾ ਬਾਰੇ ਬਹੁਤ ਕੁਝ ਪਤਾ ਲੱਗ ਚੁੱਕਾ ਸੀ।

1989: ਸੁਰਿੰਦਰ ਸਿੰਘ ਮਹਿੰਦੀਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

6 ਨਵੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਸੁਰਿੰਦਰ ਸਿੰਘ ਉਰਫ਼ ਛਿੰਦਾ ਉਰਫ਼ ਜੱਗੂ (ਪੁੱਤਰ ਮਹਿੰਦਰ ਸਿੰਘ, ਵਾਸੀ ਮਹਿੰਦੀਪੁਰ, ਨੇੜੇ ਖੇਮਕਰਨ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਜਸਵੰਤ ਸਿੰਘ ਚੱਕਲਾਂ, ਗੁਲਜ਼ਾਰ ਸਿੰਘ ਦੁੱਘਰੀ, ਬੰਤਾ ਸਿੰਘ ਚੱਕਲਾਂ, ਮਹਿੰਦਰ ਸਿੰਘ,ਪਿਆਰਾ ਸਿੰਘ ਗੰਗਾਨਗਰ, ਸੰਤੋਖ ਸਿੰਘ ਸੁੱਖਾ, ਭਜਨ ਸਿੰਘ ਨਿੱਕਾ ਚਾਹਲ ਨਕਲੀ ਮੁਕਾਬਲੇ ਵਿਚ ਸ਼ਹੀਦ

6 ਨਵੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਜਸਵੰਤ ਸਿੰਘ ਵਾਸੀ ਚੱਕਲਾਂ, ਗੁਲਜ਼ਾਰ ਸਿੰਘ ਵਾਸੀ ਦੁੱਘਰੀ, ਬੰਤਾ ਸਿੰਘ ਵਾਸੀ ਚੱਕਲਾਂ, ਮਹਿੰਦਰ ਸਿੰਘ ਤੇ ਪਿਆਰਾ ਸਿੰਘ ਵਾਸੀ ਗੰਗਾਨਗਰ, ਸੰਤੋਖ ਸਿੰਘ ਸੁੱਖਾ, ਭਜਨ ਸਿੰਘ ਉਰਫ਼ ਨਿੱਕਾ ਚਾਹਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

7 ਨਵੰਬਰ

1760: ਸਿੱਖਾਂ ਨੇ ਲਾਹੌਰ 'ਤੇ ਹਮਲਾ ਕਰਨ ਦਾ ਗੁਰਮਤਾ ਕੀਤਾ

ਨਵੰਬਰ 1760 ਵਿਚ ਮੀਰ ਮੁਹੰਮਦ ਖ਼ਾਨ ਲਾਹੌਰ ਦਾ ਨਾਜ਼ਮ ਸੀ। 7 ਨਵੰਬਰ 1760 ਦੇ ਦਿਨ ਸਰਬੱਤ ਖਾਲਸਾ ਦੀ ਇਕ ਬੈਠਕ ਅਕਾਲ ਤਖ਼ਤ ਸਾਹਿਬ ਮੂਹਰੇ ਹੋਈ। ਇਸ ਇਕੱਠ ਵਿਚ ਸਿੱਖਾਂ ਨੇ ਲਾਹੌਰ 'ਤੇ ਹਮਲਾ ਕਰਨ ਦਾ ਗੁਰਮਤਾ ਕੀਤਾ। ਖਾਲਸਾ ਫ਼ੌਜਾਂ ਨੇ ਇਸ ਗੁਰਮਤੇ ਨੂੰ ਇਕ-ਦਮ ਅਮਲ ਵਿਚ ਲੈ ਆਂਦਾ। ਜੱਸਾ ਸਿੰਘ ਆਹਲੂਵਾਲੀਆ, ਚੇਤ ਸਿੰਘ ਕਨ੍ਹਈਆ, ਹਰੀ ਸਿੰਘ ਭੰਗੀ, ਗੁੱਜਰ ਸਿੰਘ ਭੰਗੀ ਤੇ ਲਹਿਣਾ ਸਿੰਘ ਭੰਗੀ ਦੀ ਅਗਵਾਈ ਵਿਚ 10 ਹਜ਼ਾਰ ਖਾਲਸਾ ਫ਼ੌਜ ਨੇ ਲਾਹੌਰ ਵੱਲ ਕੂਚ ਕਰ ਦਿੱਤਾ। ਮੀਰ ਮੁਹੰਮਦ ਖ਼ਾਨ ਨੇ ਸ਼ਹਿਰ ਦੇ ਸਾਰੇ ਦਰਵਾਜ਼ੇ ਬੰਦ ਕਰਵਾ ਦਿੱਤੇ। ਸਿੱਖਾਂ ਨੇ ਲਾਹੌਰ ਦੇ ਆਲੇ-ਦੁਆਲੇ ਪਹਿਲਾਂ ਹੀ ਕਬਜ਼ਾ ਕਰ ਲਿਆ ਹੋਇਆ ਸੀ। ਹੁਣ ਸ਼ਹਿਰ ਸਾਰੇ ਮੁਲਕ ਤੋਂ ਕੱਟਿਆ ਗਿਆ ਸੀ। ਸਿੱਖਾਂ ਨੇ ਸ਼ਹਿਰ ਨੂੰ ਘੇਰਾ ਪਾਇਆ ਹੋਇਆ ਸੀ। ਸ਼ਹਿਰ ਵਾਸੀਆਂ ਨੂੰ ਬਹੁਤ ਮੁਸ਼ਕਿਲ ਹੋ ਰਹੀ ਸੀ। ਇਹ ਘੇਰਾ 11 ਦਿਨ ਜਾਰੀ ਰਿਹਾ। ਸਿੱਖ ਆਮ ਲੋਕਾਂ ਨੂੰ ਮੁਸ਼ਕਿਲ ਵਿਚ ਨਹੀਂ ਸਨ ਪਾਉਣਾ ਚਾਹੁੰਦੇ ਇਸ ਕਰ ਕੇ ਉਨ੍ਹਾਂ ਨੇ ਲੋਕਾਂ ਨੂੰ ਪੇਸ਼ਕਸ਼ ਕੀਤੀ ਕਿ ਜੇ ਉਹ ਚਾਹੁੰਦੇ ਹਨ

ਕਿ ਸ਼ਹਿਰ ਦਾ ਘੇਰਾ ਚੁਕ ਲਿਆ ਜਾਵੇ ਤਾਂ ਨਾਜ਼ਮ ਮੁਹੰਮਦ ਖ਼ਾਨ ਸਿੱਖਾਂ ਨੂੰ 30000 ਰੁਪੈ ਨਜ਼ਰਾਨਾ ਦੇਵੇ ਤੇ ਸਿੱਖ ਫ਼ੌਜਾਂ ਨੂੰ ਕੜਾਹ ਵਰਤਾਵੇ। ਮੁਹੰਮਦ ਖ਼ਾਨ ਕੋਲ ਏਨੀ ਰਕਮ ਨਹੀਂ ਸੀ। ਉਸ ਵੇਲੇ ਪਸਰੂਰ ਤੋਂ ਮਾਮਲੇ ਦੀ ਰਕਮ ਲਾਹੌਰ ਵਿਚ ਪੁੱਜੀ ਹੋਈ ਸੀ। ਉਸ ਵਿੱਚੋਂ ਸਿੱਖਾਂ ਨੂੰ ਇਹ ਰਕਮ ਤਾਰੀ ਗਈ ਤੇ ਕੜਾਹ ਪ੍ਰਸ਼ਾਦ ਵੀ ਵਰਤਾਇਆ। ਇਸ 'ਤੇ ਖਾਲਸਾ ਫ਼ੌਜਾਂ ਵਾਪਿਸ ਚਲੀਆਂ ਗਈਆਂ। ਮੁਫ਼ਤੀ ਗ਼ੁਲਾਮ ਸਰਵਰ ਕਹਿੰਦਾ ਹੈ ਕਿ ਇਹ ਰਕਮ ਸਿੱਖਾਂ ਨੇ ਨਹੀਂ ਸੀ ਮੰਗੀ ਬਲਕਿ ਮੁਹੰਮਦ ਖ਼ਾਨ ਨੇ ਮਜਬੂਰ ਹੋ ਕੇ ਇਹ ਪੇਸ਼ਕਸ਼ ਕੀਤੀ ਸੀ ਤੇ ਸਿੱਖਾਂ ਤੋਂ ਲਾਹੌਰ ਦੀ ਘੇਰਾਬੰਦੀ ਚੁਕਵਾਈ ਸੀ। ਇਸ ਤੋਂ ਔਖਾ ਹੋ ਕੇ ਸਰਬੁਲੰਦ ਖ਼ਾਨ ਨੇ ਮੁਹੰਮਦ ਖ਼ਾਨ ਨੂੰ ਕੈਦ ਕਰਨ ਦਾ ਹੁਕਮ ਦੇ ਦਿੱਤਾ।

1985: ਪੁਲਸ ਫੇਰ ਦਰਬਾਰ ਸਾਹਿਬ ਵਿਚ ਦਾਖ਼ਲ ਹੋਈ

ਸੁਰਜੀਤ ਬਰਨਾਲਾ ਦੇ ਹੁਕਮ ਹੇਠ 7 ਨਵੰਬਰ 1985 ਦੇ ਦਿਨ ਪੁਲੀਸ ਦਰਬਾਰ ਸਾਹਿਬ 'ਤੇ ਮੁੜ ਧਾਵਾ ਬੋਲਿਆ। ਬਰਨਾਲਾ ਸਰਕਾਰ ਬਣਨ ਤੋਂ ਬਾਅਦ ਪੁਲੀਸ ਚੌਥੀ ਵਾਰ ਦਰਬਾਰ ਸਾਹਿਬ 'ਚ ਦਾਖ਼ਿਲ ਹੋਈ ਸੀ। ਏਥੋਂ ਫ਼ੈਡਰੇਸ਼ਨ ਦਾ ਸੈਕਟਰੀ ਸੁਖਵਿੰਦਰ ਸਿੰਘ ਸਿੱਧੂ ਤੇ ਭੁਪਿੰਦਰ ਸਿੰਘ ਗ੍ਰਿਫ਼ਤਾਰ ਕਰ ਲਏ ਗਏ। ਪੁਲੀਸ ਨੇ ਸਰਾਂ ਦੇ ਕਮਰਿਆਂ 26, 53, 56 ਤੇ 59 ਦੀ ਤਲਾਸ਼ੀ ਵੀ ਲਈ। ਦਰਬਾਰ ਸਾਹਿਬ ਵਿਚ ਪੁਲੀਸ ਦਾਖ਼ਲੇ ਦੇ ਖ਼ਿਲਾਫ਼ ਖਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਪ੍ਰੋਟੈਸਟ ਵਜੋਂ ਦੋ ਘੰਟੇ ਟਰੈਫ਼ਿਕ ਜਾਮ ਕੀਤਾ।

1986: ਲੁਧਿਆਣਾ ਦਾ ਫ਼ਿਰਕੂ ਹਿੰਦੂ ਆਗੂ ਕਾਲੀ ਚਰਨ ਮਾਰ ਦਿੱਤਾ ਗਿਆ

1954 ਵਿਚ ਗੁਰਪੁਰਬ ਦੇ ਜਲੂਸ 'ਤੇ ਪਥਰਾਅ ਕਰਵਾਉਣ ਵਾਲ ਅਤੇ 1957-58 ਵਿਚ ਗੁਰੂ ਸਾਹਿਬਾਨ ਦੇ ਖ਼ਿਲਾਫ਼ ਸਭ ਤੋਂ ਜ਼ਿਆਦਾ ਬੋਲਣ ਵਾਲਾ ਜ਼ਹਿਰੀਲਾ ਫ਼ਿਰਕੂ ਆਗੂ, ਜਿਹੜਾ ਬਾਅਦ ਵਿਚ ਵੀ ਕੁਫ਼ਰ ਤੋਲਦਾ ਰਿਹਾ, ਉਹ ਕਾਲੀ ਚਰਨ (ਲੁਧਿਆਣਾ) ਸਤ ਨਵੰਬਰ 1986 ਨੂੰ ਕਤਲ ਕਰ ਦਿਤਾ ਗਿਆ। ਉਸ ਦੇ ਘਰ ਸੁਨੇਹਾ ਦੇਣ ਗਿਆਂ ਨੇ ਉਸ ਦੇ ਘਰ ਵਾਲਿਆਂ ਨੂੰ ਦੱਸਿਆ ਕਿ 'ਤੁਹਾਡਾ ਸ਼ੇਰ ਮਰਿਆ ਪਿਆ ਜੇ।' ਉਸ ਦੇ ਸਸਕਾਰ ਤੋਂ ਦੋ ਦਿਨ ਮਗਰੋਂ ਜਦ ਉਸ ਦੇ ਘਰ ਵਾਲੇ ਉਸ ਦੀਆਂ ਅਸਥੀਆਂ ਇਕੱਠੀਆਂ ਕਰਨ ਗਏ ਤਾਂ ਉੱਥੇ ਕੁਝ ਵੀ ਨਹੀਂ ਸੀ। ਖਾੜਕੂਆਂ ਨੇ ਉਹ ਸਭ ਚੁਕ ਕੇ ਗੰਦੇ ਨਾਲੇ ਵਿਚ ਸੁੱਟ ਦਿੱਤਾ ਸੀ।

1921: ਦਰਬਾਰ ਸਾਹਿਬਨ ਦੇਤੋਸ਼ਾਖਾਨਾ ਚਾਬੀਆਂ ਅੰਗਰੇਜ਼ ਸਰਕਾਰ ਨੇ ਆਪਣੇ ਕਬਜ਼ੇ ਵਿਚ ਲੈ ਲਈਆਂ

1921 ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਵਿਚ ਬਾਬਾ ਖੜਕ ਸਿੰਘ ਪ੍ਰਧਾਨ ਚੁਣੇ ਗਏ। 19 ਅਕਤੂਬਰ ਦੇ ਦਿਨ ਸ਼੍ਰੋਮਣੀ ਕਮੇਟੀ ਨੇ ਪਾਸ ਕੀਤਾ ਕਿ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਸੁੰਦਰ ਸਿੰਘ ਰਾਮਗੜ੍ਹੀਆ ਤੋਂ ਲੈ ਕੇ ਨਵੇਂ ਪ੍ਰਧਾਨ ਖੜਕ ਸਿੰਘ ਨੂੰ ਦੇ ਦਿੱਤੀਆਂ ਜਾਣ। ਇਸ ਦੀ ਇਤਲਾਹ ਸੁੰਦਰ ਸਿੰਘ ਰਾਮਗੜ੍ਹੀਆ ਨੇ ਇਕ ਦਮ ਡੀ.ਸੀ. ਨੂੰ ਦੇ ਦਿੱਤੀ। ਇਸ 'ਤੇ ਸਰਕਾਰ ਦੀ ਪਾਲਿਸੀ 'ਚ ਇਕ ਦਮ ਤਬਦੀਲੀ ਆਈ ਤੇ ਸਰਕਾਰ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰਨ ਦੀ ਸਕੀਮ ਘੜ ਲਈ। 7 ਨਵੰਬਰ 1921 ਦੇ ਦਿਨ ਬਾਅਦ ਦੁਪਹਿਰ ਤਿੰਨ ਵਜੇ ਲਾਲਾ ਅਮਰ ਨਾਥ ਈ.ਏ.ਸੀ. ਪੁਲੀਸ ਦੀ ਇਕ ਧਾੜ ਲੈ ਕੇ ਸੁੰਦਰ ਸਿੰਘ ਰਾਮਗੜ੍ਹੀਆਂ ਦੇ ਘਰ ਗਿਆ ਅਤੇ ਉਸ ਤੋਂ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਤੇ ਕੁਝ ਹੋਰ ਚਾਬੀਆਂ ਲੈ ਲਈਆਂ (ਦਰਅਸਲ ਸੁੰਦਰ ਸਿੰਘ ਨੇ ਆਪ ਸਰਕਾਰ ਨੂੰ ਅਜਿਹਾ ਕਰਨ ਵਾਸਤੇ ਕਿਹਾ ਸੀ)। ਸਰਕਾਰ ਨੇ ਐਲਾਨ ਕੀਤਾ ਕਿਉਂਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ

ਨੁਮਾਇੰਦਾ ਜਮਾਤ ਨਹੀਂ ਹੈ ਇਸ ਕਰ ਕੇ ਚਾਬੀਆਂ ਲਈਆਂ ਗਈਆਂ ਹਨ। ਸਰਕਾਰ ਨੇ ਇਹ ਵੀ ਬਹਾਨਾ ਲਾਇਆ ਕਿ ਸਰਕਾਰ ਨੇ 36-ਮੈਂਬਰੀ ਕਮੇਟੀ ਬਣਾ ਕੇ ਉਸ ਨੂੰ ਚਾਰਜ ਸੌਂਪ ਦਿੱਤਾ ਸੀ। ਸਰਕਾਰ ਦਾ ਇਹ ਬਿਆਨ ਵੀ ਝੂਠਾ ਸੀ ਕਿਉਂ ਕਿ ਸਰਕਾਰ ਦੀ ਨਾਮਜ਼ਦ ਕੀਤੀ 36-ਮੈਂਬਰੀ ਕਮੇਟੀ ਨੂੰ ਵੀ ਸਿੱਖਾਂ ਨੇ ਨਵੀਂ ਚੁਣੀ ਸ਼੍ਰੋਮਣੀ ਕਮੇਟੀ ਵਿਚ ਸ਼ਾਮਿਲ ਕਰ ਲਿਆ ਸੀ ਤੇ ਉਹ ਸ਼੍ਰੋਮਣੀ ਕਮੇਟੀ ਦੀਆਂ ਮੀਟਿੰਗਾਂ ਵਿਚ ਹਿੱਸਾ ਵੀ ਲੈਂਦੇ ਰਹੇ ਸਨ। ਸਰਕਾਰ ਨੇ ਇਹ ਬਿਆਨ ਵੀ ਦਿੱਤਾ ਕਿ ਸਿੱਖਾਂ ਵੱਲੋਂ ਤੋਸ਼ਖਾਨੇ ਦੇ ਖ਼ਜ਼ਾਨੇ ਨੂੰ ਸਿਆਸੀ ਕਾਰਵਾਈਆਂ ਵਾਸਤੇ ਖ਼ਰਚ ਕੀਤੇ ਜਾਣ ਦਾ ਵੀ ਖ਼ਦਸ਼ਾ ਹੈ। ਸਰਕਾਰ ਵੱਲੋਂ ਚਾਬੀਆਂ ਲੈਣ ਦੀ ਹਰਕਤ ਨਾਲ ਸਿੱਖਾਂ ਵਿਚ ਰੋਸ ਤੇ ਗੁੱਸੇ ਦੀ ਲਹਿਰ ਫੈਲ ਗਈ।

1990: ਜੋਗਾ ਸਿੰਘ ਬਿਸ਼ਨੰਦੀ ਤੇ ਜਥੇਦਾਰ ਜਗੀਰ ਸਿੰਘ ਮੋਹਰੇਵਾਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

7 ਨਵੰਬਰ 1990 ਦੇ ਦਿਨ ਪੰਜਾਬ ਪੁਲੀਸ ਨੇ ਜੋਗਾ ਸਿੰਘ ਬਿਸ਼ਨੰਦੀ (ਪੁੱਤਰ ਗੁਰਦੇਵ ਸਿੰਘ, ਵਾਸੀ ਬਿਸ਼ਨੰਦੀ, ਫਰੀਦਕੋਟ) ਅਤੇ ਜਥੇਦਾਰ ਜਗੀਰ ਸਿੰਘ (ਵਾਸੀ ਮੋਹਰੇਵਾਲ, ਫ਼ੀਰੋਜ਼ਪੁਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਕਾਰਜ ਸਿੰਘ ਕਾਠੀ, ਖ਼ਜਾਨ ਸਿੰਘ ਠੱਠਾ, ਸੁਖਵਿੰਦਰ ਸਿੰਘ ਸਖੀਰਾ, ਸੁਖਦੇਵ ਸਿੰਘ ਚੈਨਾ, ਬਲਵਿੰਦਰ ਸਿੰਘ ਕਾਲੂ ਦੀਆਂ ਝੁੱਗੀਆਂ, ਬਲਜਿੰਦਰ ਸਿੰਘ ਬੋਟਾ, ਦੀਦਾਰ ਸਿੰਘ ਛਾਪਾ, ਗੁਰਮੇਲ ਸਿਘ ਕਾਲਾ ਵਾਸੀ ਲਹਿਰਾ ਬੇਗਾ, ਭੂਪਿੰਦਰ ਸਿੰਘ ਭਿੰਦਾ, ਜਗਮੋਹਣ ਸਿੰਘ, ਕੁਲਦੀਪ ਸਿੰਘ ਕਾਲਾ, ਅਨੂਪ ਸਿੰਘ ਕਾਲਾ ਸਣੇ 21 ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲੀਸ ਨੇ 7 ਨਵੰਬਰ 1992 ਦੇ ਦਿਨ ਕਾਰਜ ਸਿੰਘ ਉਰਫ਼ ਕਾਲੀ (ਪੁੱਤਰ ਮੁਖ਼ਤਿਆਰ ਸਿੰਘ, ਵਾਸੀ ਲਖਣਾ ਤਪ), ਜਿਸ ਦੇ ਸਿਰ 'ਤੇ ਦਸ ਲੱਖ ਰੁਪੈ ਦਾ ਈਨਾਮ ਸੀ, ਖ਼ਜਾਨ ਸਿੰਘ ਵਾਸੀ ਠੱਠਾ, ਜਿਸ ਦੇ ਸਿਰ 'ਤੇ ਦੋ ਲੱਖ ਰੁਪੈ ਦਾ ਈਨਾਮ ਸੀ, ਸੁਖਵਿੰਦਰ ਸਿੰਘ ਸਖੀਰਾ (ਪੁੱਤਰ ਮਹਿੰਦਰ ਸਿੰਘ), ਜਿਸ ਦੇ ਸਿਰ ਤੇ ਪੰਜ ਲੱਖ ਰੁਪੈ ਦਾ ਈਨਾਮ ਸੀ, ਸੁਖਦੇਵ ਸਿੰਘ ਚੈਨਾ, ਜਿਸ ਦੇ ਸਿਰ ਤੇ ਤਿੰਨ ਲੱਖ ਰੁਪੈ ਦਾ ਈਨਾਮ ਸੀ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ। ਇਸੇ ਦਿਨ ਬਲਵਿੰਦਰ ਸਿੰਘ (ਪੁੱਤਰ ਦਲੀਪ ਸਿੰਘ, ਵਾਸੀ ਕਾਲੂ ਦੀਆਂ ਝੁੱਗੀਆਂ, ਨੇੜੇ ਭੰਗਾਲਾ, ਅੰਮ੍ਰਿਤਸਰ), ਬਲਜਿੰਦਰ ਸਿੰਘ (ਪੁੱਤਰ ਅਮਰ ਸਿੰਘ, ਵਾਸੀ ਬੋਟਾ), ਦੀਦਾਰ ਸਿੰਘ ਉਰਫ਼ ਛਾਪਾ, ਗੁਰਮੇਲ ਸਿਘ ਕਾਲਾ ਵਾਸੀ ਲਹਿਰਾ ਬੇਗਾ, ਬਠਿੰਡਾ, ਭੂਪਿੰਦਰ ਸਿੰਘ ਭਿੰਦਾ ਵਾਸੀ ਧੂਲਕੋਟ, ਗੰਗਾਨਗਰ, ਜਗਮੋਹਣ ਸਿੰਘ, ਕੁਲਦੀਪ ਸਿੰਘ ਕਾਲਾ (ਪੁੱਤਰ ਬਲਬੀਰ ਸਿੰਘ, ਵਾਸੀ ਸੁਲਤਾਨਵਿੰਡ) ਤੇ ਅਨੂਪ ਸਿੰਘ ਕਾਲਾ (ਪੁੱਤਰ ਮਹਿੰਦਰ ਸਿੰਘ, ਵਾਸੀ ਸੁਲਤਾਨਵਿੰਡ) ਅਤੇ 15 ਹੋਰ ਸਿੱਖ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ। ਇਸੇ ਦਿਨ ਬਠਿੰਡਾ ਪੁਲਸ ਨੇ ਬੜੀ ਬੇਸ਼ਰਮੀ ਨਾਲ ਕਿਹਾ ਕਿ ਇਸ ਨੇ ਅਪਰੈਲ ਤੇ ਅਕਤੂਬਰ ਵਿਚ ਜ਼ਿਲ੍ਹੇ ਵਿਚ 80 ਸਿੱਖ ਕਤਲ ਕੀਤੇ ਹਨ ਜਿਨ੍ਹਾਂ ਵਿਚੋਂ 57 ਖਾਲਿਸਤਾਨ ਕਮਾਂਡੋ ਫ਼ੋਰਸ ਦੇ ਸਨ।

1992: ਹਰਦਿਆਲ ਸਿੰਘ ਛੱਜਾਵਾਲ ਨੇ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦਿੱਤੀ

7 ਨਵੰਬਰ 1992 ਦੇ ਦਿਨ ਹਰਦਿਆਲ ਸਿੰਘ ਛੱਜਾਵਾਲ ਪੁਲੀਸ ਦੇ ਘੇਰੇ ਵਿਚ ਆ ਗਿਆ। ਜਦੋਂ ਉਸ ਨੇ ਮਹਿਸੂਸ ਕੀਤਾ ਕਿ ਉਹ ਬਚ ਕੇ ਨਿਕਲ ਨਹੀਂ ਸਕੇਗਾ ਅਤੇ ਫੜਿਆ ਜਾਣ ਪਿੱਛੋਂ ਤਸੀਹਿਆਂ ਦਾ ਸ਼ਿਕਾਰ ਹੋਣ ਪਿੱਛੋਂ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਜਾਵੇਗਾ ਤਾਂ ਉਸ ਨੇ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿਤੀ।

8 ਨਵੰਬਰ

1665: ਗੁਰੂ ਤੇਗ ਬਹਾਦਰ ਧਮਤਾਨ ਤੋਂ ਕੈਦ ਕਰ ਕੇ ਦਿੱਲੀ ਪਹੁੰਚਾਏ ਗਏ

1665 ਵਿਚ ਮਾਲਵੇ ਦੇ ਵਖ-ਵਖ ਇਲਾਕਿਆਂ ਵਿਚ ਧਰਮ ਪਰਚਾਰ ਕਰਦੇ ਗੁਰੂ ਤੇਗ ਬਹਾਦਰ ਸਾਹਿਬ ਅਪਰੈਲ 1665 ਦੇ ਅਖੀਰ ਵਿਚ ਧਮਤਾਨ (ਹੁਣ ਜ਼ਿਲਾ ਜੀਂਦ, ਹਰਿਆਣਾ) ਪੁਜੇ। ਧਮਤਾਨ ਵਿਚ ਭਾਈ ਦੱਗੋ ਸਿੱਖ ਪੰਥ ਦਾ ਮਸੰਦ ਸੀ। ਭਾਈ ਦੱਗੋ ਦਾ ਇਲਾਕੇ ਵਿਚ ਬੜਾ ਚੰਗਾ ਰਸੂਖ ਸੀ। ਉਸ ਨੇ ਇਸ ਇਲਾਕੇ ਵਿਚ ਬਹੁਤ ਸਾਰੇ ਲੋਕਾਂ ਨੂੰ ਸਿੱਖੀ ਵਿਚ ਸ਼ਾਮਿਲ ਕਰਵਾਇਆ ਸੀ। 1665 ਤਕ ਧਮਤਾਨ ਉਨ੍ਹਾਂ ਇਲਾਕਿਆਂ ਵਿਚੋਂ ਇਕ ਬਣ ਚੁਕਾ ਸੀ ਜਿਨ੍ਹਾਂ ਦੇ ਵਧੇਰੇ ਵਾਸੀ ਸਿੱਖ ਪੰਥ ਦਾ ਹਿੱਸਾ ਸਨ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਉਥੇ ਪੁਜੇ ਥਾਂ ਸੈਂਕੜੇ ਸਿੱਖ ਆਪ ਜੀ ਦੇ ਦਰਸ਼ਨਾਂ ਵਾਸਤੇ ਆਏ। ਗੁਰੂ ਸਾਹਿਬ ਹਰ ਰੋਜ਼ ਦੀਵਾਨ ਸਜਾਇਆ ਕਰਦੇ ਸਨ। ਕੁਝ ਦਿਨ ਧਮਤਾਨ ਰਹਿਣ ਮਗਰੋਂ ਗੁਰੂ ਸਾਹਿਬ ਨੇ ਕੀਰਤਪੁਰ ਜਾਣ ਦੀ ਤਿਆਰੀ ਸ਼ੁਰੂ ਕਰ ਦਿਤੀ। ਜਦੋਂ ਸੰਗਤਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਗੁਰੂ ਸਾਹਿਬ ਨੂੰ ਹੋਰ ਰੁਕਣ ਵਾਸਤੇ ਅਰਜ਼ ਕੀਤੀ। ਭਾਈ ਦੱਗੋ ਨੇ ਸੰਗਤਾਂ ਵਲੋਂ ਗੁਰੂ ਸਾਹਿਬ ਨੂੰ ਇਹ ਵੀ ਅਰਜ਼ ਕੀਤੀ ਕਿ ਉਹ ਆਪਣਾ ਦਰਬਾਰ (ਹੈੱਡ-ਕੁਆਟਰਜ਼) ਬਕਾਲਾ ਤੋਂ ਧਮਤਾਨ ਬਦਲ ਲੈਣ। ਸੰਗਤਾਂ ਨੇ ਯਕੀਨ ਦਿਵਾਇਆ ਕਿ ਉਹ ਦੂਰ-ਦੁਰਾਡੇ ਤੋਂ ਆਉਣ ਵਾਲੀਆਂ ਸੰਗਤਾਂ ਦੀ ਸੇਵਾ ਦੇ ਖਰਚ ਦਾ ਬੀੜਾ ਚੁਕ ਲੈਣਗੀਆਂ। ਸੰਗਤਾਂ ਵੱਲੋਂ ਵਾਰ-ਵਾਰ ਜ਼ੋਰ ਦੇਣ 'ਤੇ ਗੁਰੂ ਸਾਹਿਬ ਮੰਨ ਗਏ। ਗੁਰੂ ਸਾਹਿਬ ਦੀ ਹਦਾਇਤ 'ਤੇ ਭਾਈ ਦੱਗੋ ਨੇ ਆਪਣੀ ਕੁਝ ਜ਼ਮੀਨ ਗੁਰੂ ਦੇ ਮਹਲ, ਸੰਗਤਾਂ ਦੀ ਧਰਮਸਾਲਾ ਅਤੇ ਇਕ ਨਵਾਂ ਖੂਹ ਵਾਸਤੇ ਭੇਟ ਕਰ ਦਿਤੀ। (ਭਾਈ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼ ਵਿਚ ਭਾਈ ਦੱਗੋ ਸਿੱਖ ਦੇ ਖ਼ਿਲਾਫ਼ ਗ਼ਲਤ ਬਿਆਨੀ ਕਰ ਕੇ ਉਸ ਨਾਲ ਬੇਹੱਦ ਧੱਕਾ ਕੀਤਾ)। ਗੁਰੂ ਤੇਗ਼ ਬਹਾਦਰ ਸਾਹਿਬ ਨੇ ਹਥੌਤ (ਜਿੱਥੇ ਕਦੇ ਹਾਥੀਆਂ ਦੇ ਝੁੰਡ ਫਿਰਦੇ ਹੁੰਦੇ ਸਨ) ਦੇ ਇਲਾਕੇ ਵਿਚ, ਮਾਖੋਵਾਲ ਦੀ ਬੇਹ ਦੇ ਦੁਆਲੇ, ਮੀਆਂਪੁਰ, ਲੌਦੀਪੁਰ ਤੇ ਸਹੋਟਾ ਪਿੰਡਾਂ ਦੇ ਵਿਚਕਾਰਲੀ ਥਾਂ ਚੁਣੀ ਅਤੇ ਇਸ ਦੀ ਰਕਮ ਬਿਲਾਸਪੁਰ ਰਿਆਸਤ ਨੂੰ ਤਾਰ ਦਿਤੀ। ਅਜੇਕੇ ਗੁਰਦੁਆਰਾ ਗੁਰੂ ਦੇ ਮਹਲ ਵਾਲੀ ਥਾਂ 'ਤੇ ਗੁਰੂ ਸਾਹਿਬ ਨੇ 19 ਜੂਨ 1665 ਦੇ ਇਸ ਦਰਖ਼ਤ ਦਾ ਤਣਾ (ਮੋਹੜੀ) ਭਾਈ ਗੁਰਦਿਤਾ (ਪੋਤਾ ਬਾਬਾ ਬੁੱਢਾ ਜੀ) ਤੋਂ ਗਡਵਾ ਕੇ ਇਕ ਨਵੇਂ ਪਿੰਡ ਦੀ ਨੀਂਹ ਰੱਖੀ। ਉਨ੍ਹਾਂ ਇਸ ਦਾ ਨਾਂ ਆਪਣੀ ਮਾਤਾ ਨਾਨਕੀ ਦੇ ਨਾਂ ਤੇ 'ਚੱਕ ਨਾਨਕੀ' ਰੱਖਿਆ। ਚੱਕ ਨਾਨਕੀ ਵਿਚ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਧਰਮਸਾਲਾ ਬਣਵਾਏ। ਕੁਝ ਚਿਰ ਏਥੇ ਰਹਿ ਕੇ ਸਿੱਖਾਂ ਨੂੰ ਨਵੇਂ ਪਿੰਡ ਦੀ ਸੇਵਾ ਘਰ ਅਤੇ ਸੰਭਾਲਣ ਮਗਰੋਂ ਆਪ ਫਿਰ ਮਾਲਵਾ ਦੇ ਦੌਰੇ 'ਤੇ ਚਲ ਪਏ। ਕੀਰਤਪੁਰ ਤੋਂ ਰੋਪੜ, ਬਨੂੜ, ਸ਼ੈਫ਼ਾਬਾਦ, ਫੋਡਾ, ਸੁਨਾਮ, ਛਾਜਲੀ, ਲਹਿਰਾਗਾਗਾ ਵਗ਼ੈਰਾ ਵਿਚੋਂ ਹੁੰਦੇ ਹੋਏ ਆਪ ਰਾਜਪੁਰਾ, ਪਟਿਆਲੇ। ਆਪ ਇੱਥੇ ਕਾਫ਼ੀ ਦਿਨ ਬਿਤਾਉਣਾ ਚਾਹੁੰਦੇ ਸੀ ਤਾਂ ਜੋ ਭਾਈ ਦੱਗੋ ਅਤੇ ਧਮਤਾਨ ਦੀਆਂ ਸੰਗਤਾਂ ਨੂੰ ਚੱਕ ਨਾਨਕੀ ਪਿੰਡ ਵਸਾਉਣ ਅਤੇ ਰਾਣੀ ਚੰਪਾ ਦੀ ਮਜਬੂਰੀ ਬਾਂਗਰ ਦੇਸ

ਬਾਰੇ ਅਤੇ ਹਿਫ਼ਾਜ਼ਤ ਪੱਖੋਂ ਇਸ ਪਹਾੜੀ ਡਿਫ਼ੈਂਸ ਸੈਂਟਰ ਦੀ ਲੋੜ ਬਾਰੇ ਜਾਣਕਾਰੀ ਦੇ ਕੇ, ਧਮਤਾਨ ਵਾਸਾ ਨਾ ਕਰ ਸਕਣ ਦੀ ਮਜਬੂਰੀ ਦਸ ਸਕਣ। ਸੰਗਤਾਂ ਇਸ ਨਵੀਂ ਖ਼ਬਰ 'ਤੇ ਬਹੁਤ ਉਦਾਸ ਹੋ ਗਈਆਂ। ਪਰ ਉਨ੍ਹਾਂ ਨੂੰ ਤਸੱਲੀ ਦੇਣ ਵਾਸਤੇ ਗੁਰੂ ਸਾਹਿਬ ਨੇ ਕਈ ਦਿਨ ਧਮਤਾਨ ਗੁਜ਼ਾਰੇ। 28 ਅਕਤੂਬਰ 1665 (ਹਿੰਦੂ ਦੀਵਾਲੀ ਦੇ ਦਿਨ) ਤਕ ਆਪ ਏਥੇ ਰਹੇ। ਹੁਣ ਜਦ ਗੁਰੂ ਸਾਹਿਬ ਨੇ ਚੱਕ ਨਾਨਕੀ ਜਾਣ ਦੀ ਤਿਆਰੀ ਸ਼ੁਰੂ ਕੀਤੀ ਤਾਂ ਸੰਗਤਾਂ ਨੇ ਜ਼ੋਰ ਪਾ ਕੇ ਆਪ ਨੂੰ ਕੱਤਕ ਦੀ ਪੂਰਨਮਾਸ਼ੀ ਨੂੰ, ਗੁਰੂ ਨਾਨਕ ਸਾਹਿਬ ਦੇ ਜਨਮ ਦਿਨ (ਜੋ ਉਸ ਸਾਲ 12 ਨਵੰਬਰ 1665 ਨੂੰ ਸੀ), ਉੱਥੇ ਮਨਾਉਣ ਵਾਸਤੇ ਰੋਕ ਲਿਆ। (ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਦੇ ਵੇਲੇ ਤਕ ਗੁਰੂ ਨਾਨਕ ਸਾਹਿਬ ਦੇ ਜਨਮ ਦਿਨ, ਕੱਤਕ ਦੀ ਪੂਰਨਮਾਸ਼ੀ, ਭਾਵੇ ਕੋਈ ਭੁਲੇਖਾ ਨਹੀਂ ਸੀ ਤੇ ਇਸ ਦੀ ਸ਼ੁਰੂਆਤ ਮਹਿਮਾ ਪਰਕਾਸ਼ ਦੇ ਲਿਖਾਰੀ ਨੇ ਹੀ ਕੀਤੀ ਸੀ)। ਧਮਤਾਨ ਰਹਿੰਦਿਆਂ ਇਕ ਦਿਨ ਗੁਰੂ ਸਾਹਿਬ ਨੇੜੇ ਦੇ ਜੰਗਲ ਵਿਚ ਸ਼ਿਕਾਰ ਖੇਡਣ ਗਏ। ਇਸ ਸਮੇਂ ਆਪ ਦੇ ਨਾਲ ਭਾਈ ਦੱਗੋ ਅਤੇ ਹੋਰ ਬਹੁਤ ਸਾਰੇ ਸਿੱਖ ਵੀ ਸਨ। ਜੰਗਲ ਵਿਚ ਆਪ ਜੀ ਨੂੰ ਇਸ ਇਲਾਕੇ ਦੇ ਫ਼ੌਜਦਾਰ ਆਲਮ ਖਾਨ ਰੁਹੇਲਾ ਨੇ ਸ਼ਾਹੀ ਹੁਕਮ ਹੇਠ ਗ੍ਰਿਫ਼ਤਾਰ ਕਰ ਲਿਆ। ਔਰੰਗਜ਼ੇਬ ਦਾ ਹੁਕਮ ਸੀ ਕਿ ਮੁਸਲਮਾਨਾਂ ਤੋਂ ਇਲਾਵਾ ਕੋਈ ਵੀ ਨਾ ਤਾਂ ਹਥਿਆਰ ਰਖ ਸਕਦਾ ਸੀ ਤੇ ਨਾ ਸ਼ਿਕਾਰ ਕਰ ਸਕਦਾ ਸੀ। ਆਲਮ ਖ਼ਾਨ ਆਪ ਨੂੰ ਗ੍ਰਿਫ਼ਤਾਰ ਕਰ ਕੇ ਦਿਲੀ ਲੈ ਗਿਆ ਅਤੇ 8 ਨਵੰਬਰ 1665 ਦੇ ਦਿਨ ਔਰੰਗਜ਼ੇਬ ਕੋਲ ਪੇਸ਼ ਕੀਤਾ।

1881: ਦਰਬਾਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਦੇ ਇੰਤਜ਼ਾਮ ਬਾਰੇ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਆਰ.ਈ. ਈਜਰਟਨ ਨੇ ਵਾਇਸਰਾਏ ਨੂੰ ਚਿੱਠੀ ਲਿਖ ਕੇ ਖ਼ਬਰਦਾਰ ਕੀਤਾ

1859 ਵਿਚ ਰਾਜਾ ਤੇਜਾ ਸਿੰਘ (ਅਸਲ ਨਾਂਅ ਬ੍ਰਾਹਮਣ ਤੇਜ ਰਾਮ ਮਿਸਰ), ਮਿਸਟਰ ਕੂਪਰ (ਡਿਪਟੀ ਕਮਿਸ਼ਨਰ ਅੰਮ੍ਰਿਤਸਰ) ਅਤੇ ਜੋਧ ਸਿੰਘ ਸਰਬਰਾਹ ਨੇ ਇਕ ਮੀਟਿੰਗ (5 ਤੋਂ 12 ਸਤੰਬਰ 1859) ਕਰ ਕੇ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਗੁਰਦੁਆਰਿਆਂ ਦੀ ਆਮਦਨ ਅਤੇ ਡਿਊਟੀਆਂ ਬਾਰੇ ਜ਼ਾਬਤਾ (ਦਸਤੂਰ-ਇ-ਅਮਲ) ਤਿਆਰ ਕੀਤੀ। ਇਸ ਮੌਕੇ 'ਤੇ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਪ੍ਰਬੰਧ ਵਾਸਤੇ ਇਕ ਕਮੇਟੀ ਵੀ ਬਣਾਈ ਗਈ। ਇਸ ਵਿਚ ਰਾਜਾ ਤੇਜਾ ਸਿੰਘ, ਸ਼ਮਸ਼ੇਰ ਸਿੰਘ ਸੰਧਾਵਾਲੀਆ, ਰਾਜਾ ਸੁਰਤ ਸਿੰਘ ਮਜੀਠੀਆ, ਭਗਵਾਨ ਸਿੰਘ, ਗਿਆਨੀ ਪਰਦੁਮਨ ਸਿੰਘ (ਪੋਤਾ ਗਿਆਨੀ ਸੰਤ ਸਿੰਘ ਤੇ ਪੁੱਤਰ ਗਿਆਨੀ ਗੁਰਮੁਖ ਸਿੰਘ), ਗੁਲਾਬ ਸਿੰਘ ਭਾਗੋਵਾਲੀਆ, ਜੈਮਲ ਸਿੰਘ ਖੰਡਾ, ਸਰਦੂਲ ਸਿੰਘ, ਰਾਏ ਮੂਲ ਸਿੰਘ, ਰਾਜਾ ਸਿੰਘ ਮਾਨ ਸ਼ਾਮਿਲ ਸਨ। ਇਹ ਕਮੇਟੀ ਕੁਝ ਚਿਰ ਕਾਇਮ ਰਹੀ। ਮਗਰੋਂ ਸਰਕਾਰ ਨੇ ਇਸ ਦੀ ਜਗਹ ਇਕ ਹੋਰ ਕਮੇਟੀ ਬਣਾ ਦਿੱਤੀ। ਇਸ ਵਿਚ ਰਾਜਾ ਦਿਆਲ ਸਿੰਘ, ਰਾਜਾ ਹਰਬੰਸ ਸਿੰਘ, ਠਾਕਰ ਸਿੰਘ ਸੰਧਾਵਾਲੀਆ, ਅਜੀਤ ਸਿੰਘ ਅਟਾਰੀ ਵਾਲਾ, ਅਰਜਨ ਸਿੰਘ ਚਾਹਲ, ਰਾਏ ਕਲਿਆਣ ਸਿੰਘ, ਅਤਰ ਸਿੰਘ ਭਦੌੜ, ਜਗਤ ਸਿੰਘ ਜੀਂਦ ਮੈਂਬਰ ਸਨ। ਕੁਝ ਸਾਲ ਇਸੇ ਤਰ੍ਹਾਂ ਚਲਦਾ ਰਿਹਾ ਪਰ ਸਰਬਰਾਹ, ਗ੍ਰੰਥੀ ਤੇ ਪੁਜਾਰੀ ਆਪੋ-ਆਪਣੀ ਚਲਾਂਦੇ ਰਹੇ। ਜਦੋਂ ਉਨ੍ਹਾਂ ਵਿਚ ਝਗੜਾ ਹੁੰਦਾ ਤਾਂ ਉਹ ਸਰਕਾਰ ਦੀ ਬਣਾਈ ਕਮੇਟੀ ਤਕ ਪਹੁੰਚ ਕਰਦੇ। ਇਸ ਤੋਂ ਇਲਾਵਾ ਕਮੇਟੀ ਦੀ ਕੋਈ ਪੁੱਛ ਪੜਤਾਲ ਨਹੀਂ ਸੀ। ਸੰਨ 1881 ਵਿਚ ਇਹ ਕਮੇਟੀ ਵੀ ਖ਼ਤਮ ਹੋ ਗਈ। ਹੁਣ ਸਰਕਾਰ ਨੇ ਦਰਬਾਰ ਸਾਹਿਬ ਦਾ ਇੰਤਜ਼ਾਮ ਪੂਰੀ ਤਰ੍ਹਾਂ ਆਪਣੇ ਹੱਥ ਵਿਚ ਲੈ ਲਿਆ। ਹੁਣ

ਸਰਬਰਾਹ ਸਿੱਧਾ ਸਰਕਾਰ ਦੀ ਮਰਜ਼ੀ ਨਾਲ ਕੰਮ ਕਰਦਾ ਸੀ। ਉਸ ਨੂੰ ਸਿੱਖਾਂ ਦੀ ਕੋਈ ਪ੍ਰਵਾਹ ਨਹੀਂ ਸੀ। ਉਨ੍ਹਾਂ ਦਿਨਾਂ ਵਿਚ ਸਿੰਘ ਸਭਾ ਲਹਿਰ ਸ਼ੁਰੂ ਹੋ ਚੁੱਕੀ ਸੀ। ਸਿੱਖ ਆਗੂਆਂ ਨੇ ਸਰਕਾਰ ਨੂੰ ਪਹੁੰਚ ਕਰ ਕੇ ਗੁਰਦੁਆਰਿਆਂ ਦਾ ਇੰਤਜ਼ਾਮ ਠੀਕ ਕਰਨ ਵਾਸਤੇ ਇਕ ਕਮੇਟੀ ਬਣਾਉਣ ਵਾਸਤੇ ਆਖਿਆ। ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੂੰ ਕੁਝ ਸਿੱਖ ਰਾਜੇ ਅਤੇ ਸਿੱਖ ਆਗੂ ਵੀ ਮਿਲੇ। ਗੱਲ ਭਾਰਤ ਦੇ ਵਾਇਸਰਾਏ ਲਾਰਡ ਰਿਪਨ ਤਕ ਵੀ ਪਹੁੰਚੀ। ਇਸ 'ਤੇ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਆਰ.ਈ. ਈਜਰਟਨ ਨੇ ਵਾਇਸਰਾਏ ਨੂੰ ਚਿੱਠੀ ਲਿਖ ਕੇ ਖ਼ਬਰਦਾਰ ਕੀਤਾ: "I think it would be politically dangerous to allow the management of the Sikh shrines to fall into the hands of a Committee emancipated from government control and I trust your Excellency will assist to pass such orders in the case as will enable to continue the system which has worked out successfully for more than 30 years..." R.E. Egerton 8-11-1881. *(ਅਰਥ: ਮੇਰਾ ਖ਼ਿਆਲ ਹੈ ਕਿ ਸਿੱਖ ਗੁਰਦੁਆਰਿਆਂ ਦਾ ਇੰਤਜ਼ਾਮ ਇਕ ਅਜਿਹੀ ਕਮੇਟੀ, ਜੋ ਸਰਕਾਰੀ ਕੰਟਰੋਲ ਤੋਂ ਆਜ਼ਾਦ ਹੋਵੇ, ਦੇ ਹੱਥ ਵਿਚ ਦੇਣਾ, ਸਿਆਸੀ ਪੱਖ ਤੋਂ ਖ਼ਤਰਨਾਕ ਹੋਵੇਗਾ ਅਤੇ ਮੈਂ ਉਮੀਦ ਕਰਦਾ ਹਾਂ ਕਿ ਜਨਾਬ ਅਜਿਹੇ ਹੁਕਮ ਜਾਰੀ ਕਰਵਾਉਣ ਵਿਚ ਮਦਦਗਾਰ ਹੋਣਗੇ, ਜਿਸ ਨਾਲ ਪਿਛਲੇ 30 ਸਾਲ ਤੋਂ ਕਾਮਯਾਬੀ ਨਾਲ ਚਲਦਾ ਇੰਤਜ਼ਾਮ ਜਾਰੀ ਰਹੇਗਾ)।*

ਅੰਗਰੇਜ਼ ਸਰਕਾਰ ਇਹ ਕਦੇ ਵੀ ਨਹੀਂ ਚਾਹੁੰਦੀ ਸੀ ਕਿ ਗੁਰਦੁਆਰਿਆਂ ਦਾ ਇੰਤਜ਼ਾਮ ਸਿੱਖਾਂ ਦੇ ਹੱਥਾਂ ਵਿਚ ਚਲਾ ਜਾਵੇ। ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ ਇਕ ਕਮੇਟੀ ਬਣਨ ਨਾਲ, ਸਿੱਖਾਂ ਵਾਸਤੇ ਇਕ ਪਲੇਟਫ਼ਾਰਮ, ਇਕ ਜਮਾਤ, ਇਕ ਇਤਹਾਦ ਅਤੇ ਇਕ ਤਾਕਤ ਬਣ ਜਾਣੀ ਸੀ।

1987: ਸੁਰਿੰਦਰ ਸਿੰਘ ਸ਼ਿੰਦਾ ਸੋਢੀ ਤੇ ਰੇਸ਼ਮ ਸਿੰਘ ਉਰਫ਼ ਡੀ.ਸੀ. ਮੁਕਾਬਲੇ ਵਿਚ ਸ਼ਹੀਦ

8 ਨਵੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਸੁਰਿੰਦਰ ਸਿੰਘ ਸ਼ਿੰਦਾ ਸੋਢੀ (ਪੁੱਤਰ ਸੋਹਣ ਸਿੰਘ, ਵਾਸੀ ਕਮਾਲਪੁਰ, ਅੰਮ੍ਰਿਤਸਰ) ਤੇ ਰੇਸ਼ਮ ਸਿੰਘ ਉਰਫ਼ ਡੀ.ਸੀ. (ਵਾਸੀ ਪਿੰਡ ਬਰਾੜ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਨਿਰਵੈਰ ਸਿੰਘ ਕੋਟਲਾ ਬੱਜਾ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

8 ਨਵੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਨਿਰਵੈਰ ਸਿੰਘ (ਪੁੱਤਰ ਜਗੀਰ ਸਿੰਘ, ਵਾਸੀ ਕੋਟਲਾ ਬੱਜਾ ਸਿੰਘ, ਨੇੜੇ ਡਡਿਆਲਾ ਨਾਜਰਾਂ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸੂਬਾ ਸਿੰਘ ਸ਼ਾਹਪੁਰ ਗੋਰਾਇਆ ਨਕਲੀ ਮੁਕਾਬਲੇ ਵਿਚ ਸ਼ਹੀਦ

8 ਨਵੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਸੂਬਾ ਸਿੰਘ ਉਰਫ਼ ਰਣਜਤਿ ਸਿੰਘ (ਪੁੱਤਰ ਲੱਖਾ ਸਿੰਘ, ਵਾਸੀ ਸੂਬਾ ਸਿੰਘ ਸ਼ਾਹਪੁਰ ਗੋਰਾਇਆ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

9 ਨਵੰਬਰ

1821: ਹਰੀ ਸਿੰਘ ਨਲਵਾ ਦੀ ਫ਼ੌਜ ਅਤੇ ਤਨਾਵਲੀਆ ਕਬਾਇਲੀਆਂ ਵਿਚ ਲੜਾਈ ਹੋਈ

ਨਵੰਬਰ 1821 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਨੇ ਮੁੰਗੇਰ ਅਤੇ ਡੇਰਾ ਜਾਤ ਤੇ ਕਬਜ਼ੇ ਵਾਸਤੇ ਚੜ੍ਹਾਈ ਕੀਤੀ। ਉਧਰ ਮਹਾਰਾਜੇ ਨਾਲ ਸ਼ਾਮਿਲ ਹੋਣ ਵਾਸਤੇ ਹਰੀ ਸਿੰਘ ਨਲਵਾ ਦੀ ਫ਼ੌਜ ਵੀ ਕਸ਼ਮੀਰ ਤੋਂ ਚੱਲ ਪਈ। ਰਾਹ ਵਿਚ 9 ਨਵੰਬਰ 1821 ਦੇ ਦਿਨ ਮੰਗਲੀ ਘਾਟੀ ਵਿਚ, ਪੱਖਲੀ ਪਿੰਡ ਦੀ ਜੂਹ ਵਿਚ, 30000 ਤਨਾਵਲੀ ਕੌਮ ਦੇ ਲੋਕਾਂ ਦੇ ਲਸ਼ਕਰ ਨੇ ਨਲਵਾ ਦੀ ਫ਼ੌਜ ਦਾ ਰਾਹ ਰੋਕ ਲਿਆ। ਨਲਵਾ ਨੇ ਇਸਮਾਈਲ, ਇਕਬਾਲ ਬੱਟ ਅਤੇ ਧੰਨਾ ਸਿੰਘ ਮਲਵਈ ਨੂੰ ਉਨ੍ਹਾਂ ਕੋਲ ਭੇਜ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਜਦ ਉਨ੍ਹਾਂ ਰਾਹ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ ਤਾਂ ਸਿੱਖ ਫ਼ੌਜਾਂ ਨੇ ਹਮਲਾ ਕਰ ਦਿੱਤਾ। ਮੇਘ ਸਿੰਘ ਰੂਸਾ ਦੇ ਜਥੇ ਨੇ ਤਨਾਵਲੀਆਂ ਦੀਆਂ ਸਫ਼ਾਂ ਤੋੜ ਦਿੱਤੀਆਂ ਅਤੇ ਉਨ੍ਹਾਂ ਦੀਆਂ ਸਫ਼ਾਂ ਦੇ ਵਿਚਕਾਰ ਜਾ ਕੇ ਜੰਗ ਕਰਨ ਲਗ ਪਿਆ; ਅਖ਼ੀਰ ਉਨ੍ਹਾਂ ਤਨਾਵਲੀਆਂ ਦਾ ਮੁਖੀ ਤੇ ਉਸ ਦੇ ਸਾਰੇ ਸਾਥੀ ਮਾਰੇ ਗਏ। ਦੋ ਪਹਿਰ (6 ਘੰਟੇ) ਦੀ ਜੰਗ ਵਿਚ 2000 ਦੇ ਕਰੀਬ ਤਨਾਵਲੀ ਮਾਰੇ ਗਏ (ਇਸ ਦੌਰਾਨ ਕੁਝ ਸਿੱਖ ਵੀ ਸ਼ਹੀਦ ਹੋਏ); ਅਖ਼ੀਰ ਉਹ ਮੈਦਾਨ ਛੱਡ ਕੇ ਭੱਜ ਗਏ। ਮਗਰੋਂ ਉਨ੍ਹਾਂ ਦੇ ਮੁਖੀ ਚਿੱਟੇ ਝੰਡੇ ਲੈ ਕੇ ਆ ਪੇਸ਼ ਹੋਏ। ਨਲਵਾ ਨੇ ਘਾਟੀ ਦੇ ਹਰ ਘਰ ਨੂੰ ਪੰਜ ਰੁਪੈ (ਉਦੋਂ ਇਕ ਫ਼ੌਜੀ ਦੀ ਤਨਖ਼ਾਹ 4 ਰੁਪੈ ਮਹੀਨਾ ਹੁੰਦੀ ਸੀ) ਹਰ ਘਰ ਨੂੰ ਜੁਰਮਾਨਾ ਕੀਤਾ ਅਤੇ ਜਾਨ ਦੀ ਮੁਆਫ਼ ਦੇ ਦਿੱਤੀ।

1901: ਲਾਹੌਰ ਅਤੇ ਅੰਮ੍ਰਿਤਸਰ ਦੀਆਂ ਸਿੰਘ ਸਭਾਵਾਂ ਦੇ ਆਗੂ ਇਕੱਠੇ ਹੋਏ

1887 ਤੋਂ ਮਗਰੋਂ ਇਕ-ਇਕ ਕਰ ਕੇ ਸਿੰਘ ਸਭਾ ਲਹਿਰ ਦੇ ਸਾਰੇ ਮੋਢੀ ਆਗੂ ਚੜ੍ਹਾਈ ਕਰਨ ਲਗ ਪਏ। ਸਭ ਤੋਂ ਪਹਿਲਾਂ, 8 ਮਈ 1887 ਦੇ ਦਿਨ ਕੰਵਰ ਬਿਕਰਮ ਸਿੰਘ ਕਪੂਰਥਲਾ (ਜਲੰਧਰ), ਫਿਰ 18 ਸਤਬੰਰ 1887 ਨੂੰ ਠਾਕਰ ਸਿੰਘ ਸੰਧਾਵਾਲੀਆ (ਜੋ ਉਦੋਂ ਜਲਾਵਤਨ ਹੋ ਕੇ ਪਾਂਡੀਚਰੀ ਵਿਚ ਰਹਿੰਦੇ ਸਨ), 10 ਜੂਨ 1896 ਨੂੰ ਅਤਰ ਸਿੰਘ ਭਦੌੜ, 8 ਅਗਸਤ 1898 ਨੂੰ ਰਾਜਾ ਬਿਕਰਮਾ ਸਿੰਘ ਫ਼ਰੀਦਕੋਟ, 9 ਜੂਨ 1898 ਨੂੰ ਡਾ: ਜੈ ਸਿੰਘ, 24 ਸਤੰਬਰ 1898 ਨੂੰ ਪ੍ਰੋ: ਗੁਰਮੁਖ ਸਿੰਘ ਤੇ 6 ਸਤੰਬਰ 1901 ਨੂੰ ਗਿ: ਦਿਤ ਸਿੰਘ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਇਸ ਨਾਲ ਸਿੰਘ ਸਭਾ ਲਹਿਰ ਦਾ ਪਹਿਲਾ ਪੜਾਅ ਖ਼ਤਮ ਹੋ ਗਿਆ। ਹੁਣ ਅੰਮ੍ਰਿਤਸਰ ਅਤੇ ਲਾਹੌਰ ਧੜੇ ਦੀ ਟੱਕਰ ਵੀ ਖ਼ਤਮ ਹੋ ਗਈ। ਗਿ. ਦਿਤ ਸਿੰਘ ਦੀ ਮੌਤ ਮਗਰੋਂ, 1901 ਵਿਚ, ਅੰਮ੍ਰਿਤਸਰ ਅਤੇ ਲਾਹੌਰ ਧੜਿਆਂ ਦੇ ਦੂਜੀ ਤੇ ਤੀਜੀ ਕਤਾਰ ਦੇ ਆਗੂ ਤੇ ਵਰਕਰ ਹੀ ਰਹਿ ਗਏ ਸਨ। ਇਨਾਂ ਸਾਰਿਆਂ ਨੇ 13 ਅਪਰੈਲ 1901 ਦੇ ਦਿਨ ਰੋਪੜ ਵਿਚ ਇਕ ਇੱਕਠ ਕਰ ਕੇ ਇਕ ਸਾਂਝਾ ਦੀਵਾਨ ਬਣਾਉਣ ਵਾਸਤੇ ਵਿਚਾਰਾਂ ਕੀਤੀਆਂ। ਇਸ ਮਗਰੋਂ 9 ਨਵੰਬਰ 1901 ਦੇ ਦਿਨ ਇਕ ਹੋਰ ਸਾਂਝਾ ਇਕੱਠ ਕੀਤਾ ਗਿਆ। ਇਸ ਇਕੱਠ ਵਿਚ ਫ਼ੈਸਲਾ ਕੀਤਾ ਗਿਆ ਕਿ ਪੰਥ ਦਾ ਇਕ ਸ਼੍ਰੋਮਣੀ ਜੱਥਾ ਕਾਇਮ ਕੀਤਾ ਜਾਵੇ ਜੋ ਮਗਰੋਂ ਚੀਫ਼ ਖਾਲਸਾ ਦੀਵਾਨ ਦੇ ਨਾਂ ਹੇਠ ਕਾਇਮ ਹੋਇਆ।

1987: ਗੁਰਤੇਜ ਸਿੰਘ ਗੁਮਟਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

9 ਨਵੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਗੁਰਤੇਜ ਸਿੰਘ (ਪੁੱਤਰ ਸੁਰਿੰਦਰ ਸਿੰਘ, ਵਾਸੀ ਗੁਮਟਾਲਾ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਬਾਬੂ ਸਿੰਘ ਬੋਪਾਰਏ ਕਲਾਂ ਨਕਲੀ ਮੁਕਾਬਲੇ ਵਿਚ ਸ਼ਹੀਦ

9 ਨਵੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਬਾਬੂ ਸਿੰਘ (ਪੁੱਤਰ ਜੋਤਾ ਸਿੰਘ, ਵਾਸੀ ਬੋਪਾਰਾਏ ਕਲਾਂ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਅਮਰਜੀਤ ਸਿੰਘ ਅਲਾਲ, ਨਿਸ਼ਾਨ ਸਿੰਘ, ਨਿਸ਼ਾਨ ਸਿੰਘ, ਵਿਰਸਾ ਸਿੰਘ ਬੂਹ, ਸ਼ਿੰਗਾਰਾ ਸਿੰਘ ਦੰਦੂਪੁਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

9 ਨਵੰਬਰ 1992 ਦੇ ਦਿਨ ਪੰਜਾਬ ਪੁਲੀਸ ਨੇ ਅਮਰਜੀਤ ਸਿੰਘ (ਪੁੱਤਰ ਇੰਦਰ ਸਿੰਘ, ਵਾਸੀ ਅਲਾਲ, ਜ਼ਿਲ੍ਹਾ ਸੰਗਰੂਰ), ਨਿਸ਼ਾਨ ਸਿੰਘ, ਵਿਰਸਾ ਸਿੰਘ ਬੂਹ, ਸ਼ਿੰਗਾਰਾ ਸਿੰਘ ਦੰਦੂਪੁਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

2006: ਸਪੋਕਸਮੈਨ ਵਿਚ ਅਖੌਤੀ ਦਸਮ ਗ੍ਰੰਥ ਬਾਰੇ ਇਸ਼ਤਿਹਾਰ ਛਪਿਆ ਜਿਸ ਨੇ ਸਿੱਖ ਪੰਥ ਨੂੰ ਖ਼ਬਰਦਾਰ ਕੀਤਾ

ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਹੋਣ ਦੀ ਚੌਥੀ ਸ਼ਤਾਬਦੀ ਸਤੰਬਰ 2004 ਵਿਚ ਮਨਾਈ ਗਈ; ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੀ ਤੀਜੀ ਸ਼ਤਾਬਦੀ ਅਕਤੂਬਰ 2008 ਵਿਚ ਮਨਾਈ ਜਾਣੀ ਸੀ। ਇਨ੍ਹਾਂ ਦੋਹਾਂ ਸ਼ਤਾਬ੍ਦੀਆਂ ਦੇ ਅਸਰ ਨੂੰ ਖ਼ਤਮ ਕਰਨ ਵਾਸਤੇ ਸਿੱਖ ਦੁਸ਼ਮਣ ਤਾਕਤਾਂ, ਖ਼ਾਸ ਕਰ ਕੇ ਆਰ.ਐਸ.ਐਸ., ਉਦਾਸੀ ਤੇ ਨਿਰਮਲੇ ਡੇਰੇਦਾਰਾਂ, ਸਾਧਾਂ, ਰਾਧਾਸੁਆਮੀਆਂ, ਨਿਰੰਕਾਰੀਆਂ, ਨਾਮਧਾਰੀਆਂ, ਸੁੱਖਾ ਪੀਣ ਵਾਲੇ ਨਿਹੰਗਾਂ ਅਤੇ ਸਿੱਖ ਰਹਿਤ ਮਰਿਆਦਾ ਨੂੰ ਚੈਲੰਜ ਕਰਨ ਵਾਲੇ ਟੋਲਿਆਂ ਨੇ ਇਕੱਲਿਆਂ ਵੀ ਅਤੇ ਸਾਂਝੇ ਤੌਰ 'ਤੇ ਹਰਕਤਾਂ ਸ਼ੁਰੂ ਕਰ ਦਿੱਤੀਆਂ ਤਾਂ ਜੋ ਸਿੱਖਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਅਦਬ ਘਟਾਇਆ ਜਾਵੇ। ਇਸ ਸਬੰਧੀ ਸਭ ਤੋਂ ਵੱਡੀ ਸਾਜ਼ਸ਼ ਸੀ ਅਖੌਤੀ ਦਸਮ ਗ੍ਰੰਥ ਨੂੰ ਕਾਇਮ ਕਰਨਾ। ਇਹ ਕਿਤਾਬ ਸਾਕਤ ਮਤ ਦੀਆਂ ਅਤੇ ਹਿੰਦੂ ਮਿਥਹਾਸ ਅਤੇ ਗਲਪ ਦੀਆਂ ਰਚਨਾਵਾਂ ਦਾ ਇਕੱਠ ਹੈ; ਇਹ 1785 ਵਿਚ ਪਟਨਾ ਸਾਹਿਬ ਦੇ ਗ੍ਰੰਥੀ ਸੁੱਖਾ ਸਿੰਘ ਅਤੇ ਉਸ ਦੇ ਦੋ ਸਾਥੀਆਂ ਨੇ ਤਿਆਰ ਕੀਤੀ ਸੀ ਪਰ ਇਸ ਦਾ ਪ੍ਰਚਾਰ 1880 ਤੋਂ ਮਗਰੋਂ ਹੀ ਸ਼ੁਰੂ ਹੋਇਆ ਸੀ। 2006 ਵਿਚ ਸਿੱਖ ਦੁਸ਼ਮਣ ਟੋਲਿਆ ਨੇ ਇਸ ਕਿਤਾਬ ਦਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਦੇ ਨਾਲ ਕਰਨ ਦਾ ਪਾਪ ਕਰਨ ਦਾ ਐਲਾਣ ਕੀਤਾ ਅਤੇ 11 ਤੋਂ 13 ਨਵੰਬਰ 2006 ਦੇ ਦਿਨ ਦਿਆਲਪੁਰਾ ਭਾਈ ਕਾ (ਜ਼ਿਲ੍ਹਾ ਬਠਿੰਡਾ) ਵਿਚ ਸਮਾਗਮ ਵੀ ਰੱਖ ਦਿੱਤਾ। ਇਸ ਸਾਜ਼ਿਸ਼ ਨਾਲ ਸਿੱਖ ਵਿਦਵਾਨਾਂ ਵਿਚ ਬਹੁਤ ਹਿਲਜੁਲ ਹੋਈ। ਸਿੱਖ ਇਤਿਹਾਸਕਾਰ ਡਾਕਟਰ ਹਰਜਿੰਦਰ ਸਿੰਘ ਦਿਲਗੀਰ ਨੇ ਸਿੱਖ ਪੰਥ ਨੂੰ ਇਸ ਸਾਜ਼ਿਸ਼ ਦੇ ਖ਼ਿਲਾਫ਼ ਖ਼ਬਰਦਾਰ ਕਰਨ ਦਾ ਫ਼ੈਸਲਾ ਕੀਤਾ ਅਤੇ ਇਸ ਕੂੜ ਕਿਤਾਬ ਵਿਚੋਂ ਕੁਝ ਟੂਕਾਂ ਕੱਢ ਕੇ (ਤਰਜਮੇ ਸਣੇ) ਇਕ ਇਸ਼ਤਿਹਾਰ ਤਿਆਰ ਕੀਤਾ। ਰੱਬ ਦੀ ਮਿਹਰ ਨਾਲ ਉਸ ਵੇਲੇ ਰੋਜ਼ਾਨਾ ਸਪੋਕਸਮੈਨ ਛਪਣ ਲਗ ਪਿਆ ਸੀ। ਡਾਕਟਰ ਦਿਲਗੀਰ ਇਸ ਅਖ਼ਬਾਰ ਦੇ ਚੀਫ਼ ਐਡੀਟਰ ਸ. ਜੋਗਿੰਦਰ ਸਿੰਘ ਕੋਲ ਗਿਆ ਅਤੇ ਉਹ ਇਸ਼ਤਿਹਾਰ ਛਾਪਣ ਵਾਸਤੇ ਬੇਨਤੀ ਕੀਤੀ; ਸ: ਜੋਗਿੰਦਰ ਸਿੰਘ ਨੇ ਉਸ ਵਿਚ ਕੁਝ ਹੋਰ ਸੁਝਾਅ ਦਿੱਤੇ ਅਤੇ ਪੰਥਕ ਹਿਤਾਂ ਵਿਚ ਇਸ ਪੂਰੇ ਸਫ਼ੇ ਦੇ ਇਸ਼ਤਿਹਾਰ ਨੂੰ ਬਿਨਾਂ ਕਿਸੇ ਪੈਸੇ ਲਏ ਛਾਪਣਾ ਮੰਨ ਲਿਆ। ਇਸ ਦੇ ਨਾਲ ਹੀ ਦਿਲਗੀਰ ਨੇ ਫ਼ੋਨ 'ਤੇ ਸੈਂਕੜੇ ਸਰਕਰਦਾ ਸਿੱਖਾਂ, ਮਿਸ਼ਨਰੀਆਂ ਅਤੇ ਜਥੇਬੰਦੀਆਂ ਨੇ ਇਸ ਇਸ਼ਤਿਹਾਰ ਹੇਠਾਂ ਆਪਣੇ ਨਾਂ ਦੇਣ ਦੀ ਮਨਜ਼ੂਰੀ ਲੈ ਲਈ ਗਈ। ਨੌਂ ਨਵੰਬਰ 2006 ਦੇ ਦਿਨ ਇਹ ਇਸ਼ਤਿਹਾਰ ਰੋਜ਼ਾਨਾ ਸਪੋਕਸਮੈਨ ਵਿਚ ਛਪਿਆ। ਇਸ਼ਤਿਹਾਰ ਛਪਣ ਦੇ ਨਾਲ ਸਾਰੇ ਪਾਸੇ ਤੂਫ਼ਾਨ ਉਠਿਆ; ਲੋਕ ਜਾਗਰੂਕ ਹੋਏ ਅਤੇ ਅਖੌਤੀ ਦਸਮ ਗ੍ਰੰਥ ਦੇ ਖ਼ਿਲਾਫ਼ ਸਾਰੇ ਸੱਚੇ ਸਿੱਖ ਉਠ ਖੜ੍ਹੇ ਹੋਏ। ਇੰਜ ਸਪੋਕਸਮੈਨ ਦੇ ਇਕ

ਇਸ਼ਤਿਹਾਰ ਨੇ ਸਿੱਖ ਕੌਮ ਨੂੰ ਜਗਾ ਦਿੱਤਾ। ਜੇ ਸਪੋਕਸਮੈਨ ਉਸ ਇਸ਼ਤਿਹਾਰ ਨੂੰ ਨਾ ਛਾਪਦਾ ਤਾਂ ਅਖੇਤੀ ਦਸਮ ਗ੍ਰੰਥ ਦੀ ਸਾਜ਼ਸ਼ ਦੇ ਖ਼ਿਲਾਫ਼ ਸਿੱਖ ਕੌਮ ਇੰਜ ਇਕੱਠੀ ਨਾ ਹੋ ਸਕਦੀ।

10 ਨਵੰਬਰ

1879: ਪੰਜਾਬੀ ਦਾ ਪਹਿਲਾ ਅਖ਼ਬਾਰ 'ਗੁਰਮੁਖੀ ਅਖ਼ਬਾਰ' ਸ਼ੁਰੂ ਹੋਇਆ

ਸਿੱਖਾਂ ਦੀ ਨਿਘਰਦੀ ਧਾਰਮਿਕ ਹਾਲਤ ਵੇਖ ਕੇ ਪਹਿਲੀ ਅਕਤੂਬਰ 1873 ਦੇ ਦਿਨ ਠਾਕਰ ਸਿੰਘ ਸੰਧਾਵਾਲੀਆ ਨੇ ਸਿਰਕਰਦਾ ਸਿੱਖਾਂ ਦਾ ਇਕ ਇਕੱਠ ਅੰਮ੍ਰਿਤਸਰ ਵਿਚ ਬੁਲਾਇਆ। ਇਸ ਵਿਚ ਕੁਝ ਗਿਆਨੀ, ਪੁਜਾਰੀ, ਗ੍ਰੰਥੀ, ਉਦਾਸੀ, ਨਿਰਮਲੇ ਆਦਿਕ ਸ਼ਾਮਿਲ ਹੋਏ। ਇਨ੍ਹਾਂ ਵਿਚੋਂ ਬਹੁਤੇ ਉਸ ਬ੍ਰਾਹਮਣ ਦੇ ਗੁਰੂ-ਨਿੰਦਾ ਦੇ ਪਰਚਾਰ ਦੇ ਵਿਰੋਧ ਵਿਚ ਇਕੱਠੇ ਹੋਏ ਸਨ ਅਤੇ ਕਈ ਤਾਂ ਸਿੱਖ ਧਰਮ ਬਾਰੇ ਪੂਰੀ ਤਰ੍ਹਾਂ ਸੁਚੇਤ ਵੀ ਨਹੀਂ ਸਨ। ਇਨ੍ਹਾਂ ਸਾਰਿਆਂ ਨੇ ਮਿਲ ਕੇ "ਗੁਰੂ ਸਿੰਘ ਸਭਾ" ਬਣਾਉਣ ਦਾ ਮਤਾ ਪਾਸ ਕੀਤਾ। ਫਿਰ ਵੀ ਹਿੰਦੂ ਅਸਰ ਹੇਠਾਂ ਅਤੇ ਨਿਰਮਲਿਆਂ ਤੇ ਉਦਾਸੀਆਂ ਦੇ ਜ਼ੋਰ ਦੇਣ 'ਤੇ ਇਸ ਅੱਗੇ ਹਿੰਦੂ ਦੇਵੀ "ਸ੍ਰੀ" ਦਾ ਨਾਂ ਵੀ ਪਾ ਕੇ "ਸ੍ਰੀ ਗੁਰੂ ਸਿੰਘ ਸਭਾ" ਬਣਾ ਲਿਆ। ਇਸ ਦੇ ਪ੍ਰਧਾਨ ਠਾਕਰ ਸਿੰਘ ਸੰਧਾਵਾਲੀਆ (1832-1887), ਸਕੱਤਰ ਗਿਆਨ ਸਿੰਘ ਗਿਆਨੀ (1824-1884) ਅੰਮ੍ਰਿਤਸਰ ਵਾਲੇ (ਤਵਾਰੀਖ਼ ਦੇ ਲੇਖਕ ਨਹੀਂ) ਮੀਤ ਸੇਵਕ (ਮੀਤ ਸਕੱਤਰ) ਅਮਰ ਸਿੰਘ ਤੇ ਖ਼ਜ਼ਾਨਚੀ ਧਰਮ ਸਿੰਘ (ਮਜੀਠਾ ਬੁੰਗਾ) ਬਣਾਏ ਗਏ। ਇਸ ਸਭਾ ਦਾ ਨਿਸ਼ਾਨਾ "ਸਿੱਖ ਧਰਮ ਅਤੇ ਸਮਾਜ ਵਿਚ ਆ ਪਈਆਂ ਕੁਰੀਤੀਆਂ ਦੂਰ ਕਰ ਕੇ ਸਿੱਖ ਧਰਮ ਦੀ ਅਸਲੀ ਮਰਿਆਦਾ ਕਾਇਮ ਕਰਨਾ" ਸੀ। ਸਿੰਘ ਸਭਾ ਲਹਿਰ ਦੇ ਅਸਰ ਹੇਠਾਂ ਸਭ ਤੋਂ ਪਹਿਲਾਂ ਇਕ ਖ਼ਾਲਸਾ ਸਕੂਲ ਖੋਲ੍ਹਿਆ ਗਿਆ।

1877 ਤੋਂ ਹੀ ਸਿੰਘ ਸਭਾ ਲਹਿਰ ਹੇਠ ਕਈ ਜਗਹ ਸਿੰਘ ਸਭਾਵਾਂ ਬਣਨੀਆਂ ਸ਼ੁਰੂ ਹੋ ਗਈਆਂ ਸਨ। ਇਨ੍ਹਾਂ ਦਾ ਮੈਨਫ਼ੈਸਟੋ ਸੀ:1. ਸਾਰੇ ਸਿੱਖ ਵੀਰਾਂ ਅਤੇ ਖ਼ਾਲਸਾ ਜੀ ਨੂੰ ਸਿੱਖੀ ਧਰਮ ਦੇ ਨਾਲ ਪਿਆਰ ਰਖਣਾ ਪ੍ਰਚਾਰਨਾ।2. ਇਸ ਸ਼ਰੇਸ਼ਟ ਧਰਮ ਦੇ ਨੇਮਾਂ ਨੂੰ ਪਰਗਟ ਕਰਨਾ ਅਤੇ ਥਾਂ ਪਰ ਥਾਂ ਇਸ ਦੀ ਵਡਿਆਈ ਦੀ ਚਰਚਾ ਕਰਨੀ ।3. ਜਿਨ੍ਹਾਂ ਪੋਥੀਆਂ ਕਿਤਾਬਾਂ ਵਿਚ ਇਸ ਧਰਮ ਦੀ ਵਡਿਆਈ ਤੇ ਭਲਿਆਈ ਪਾਈ ਜਾਂਦੀ ਹੈ, ਉਨ੍ਹਾਂ ਨੂੰ ਛਪਵਾ ਕੇ ਪ੍ਰਗਟ ਕਰਨਾ। 4. ਸੰਪ੍ਰਦਾਇ ਬਾਣੀ ਨੂੰ ਪਰਗਟ ਕਰਨਾ ਅਤੇ ਉਨ੍ਹਾਂ ਤਾਰੀਖ਼ੀ ਮਜ਼ਹਬੀ ਪੋਥੀਆਂ (ਜਿਵੇਂ ਜਨਮ ਸਾਖੀ ਅਤੇ ਗੁਰ-ਪ੍ਰਣਾਲੀ ਵਗ਼ੈਰਾ) ਜਿਨ੍ਹਾਂ ਵਿਚ ਕਿਸੇ ਤਰ੍ਹਾਂ ਦਾ ਕੁਝ ਸ਼ੰਕਾ ਹੈ, ਉਨ੍ਹਾਂ ਨੂੰ ਅਸਲੇ ਕਢਾ ਕੇ, ਅੱਗਾ-ਪਿੱਛਾ ਵੇਖ ਕੇ ਸ਼ੁਧ (ਸਹੀ) ਕਰਨਾ। 5. ਪੰਜਾਬੀ ਜ਼ਬਾਨ ਰਾਹੀਂ ਇਲਮ ਮਰੱਵਜੇ ਦੀ ਤਰੱਕੀ ਕਰਨੀ ਅਤੇ ਇਸ ਮਕਸਦ ਵਾਸਤੇ ਰਸਾਲੇ ਤੇ ਅਖ਼ਬਾਰਾਂ ਛਾਪਣੀਆਂ। 6. ਜੋ ਲੋਕ ਸਿੱਖੀ ਦੇ ਵਿਰੋਧੀ ਹਨ, ਜਾਂ ਜਿਨ੍ਹਾਂ ਇਸ ਦੇ ਖ਼ਿਲਾਫ਼ ਕੁਝ ਕਿਹਾ ਜਾਂ ਸੁਣਿਆ ਹੈ ਜਾਂ ਜੋ ਸਿੱਖ ਤਖ਼ਤਾਂ ਤੋਂ ਖ਼ਾਰਜ ਹਨ *(ਮੀਣੇ, ਧੀਰਮੱਲੀਏ, ਰਾਮਰਾਈਏ, ਮਸੰਦ)* ਜਾਂ ਜਿਹੜੇ ਆਪਣਾ ਧਰਮ ਛੱਡ ਕੇ ਦੂਜੇ ਧਰਮ ਅਤੇ ਸਭਾ ਸਮਾਜ ਵਿਚ ਜਾ ਰਲੇ ਹੋਣ ਜਾਂ ਜਿਨ੍ਹਾਂ ਨੇ ਆਪਣੇ ਕੇਸਾਂ ਦੀ ਬੇਅਦਬੀ ਕਰਾਈ ਹੋਵੇ ਜਾਂ ਜੋ ਸਰਕਾਰ ਦੇ ਨਜ਼ਦੀਕ ਮੁਫ਼ਸਦ ਗਿਣੇ ਗਏ ਹੋਣ, ਜਾਂ ਜੋ ਸੁਲਹ, ਮਿੱਲਤ ਅਤੇ ਭਲਾਈ ਕੌਮਾਂ ਦੇ ਵਿਰੋਧੀ ਹੋਣ, ਸਿੰਘ ਸਭਾ ਦੇ ਮੈਂਬਰ ਨਹੀਂ ਬਣ ਸਕਦੇ। ਪਰ ਜਦ ਇਨ੍ਹਾਂ ਵਿਚੋਂ ਕੋਈ ਪਿਛਲੀ ਕੀਤੀ ਤੋਂ ਤਨਖ਼ਾਹ ਲੁਆ ਕੇ ਤੇ ਅੱਗੇ ਸਭਾ ਦੀ ਰਾਇ ਹੋ ਜਾਵੇ ਤਾਂ ਮਿਲ ਸਕਦੇ ਹਨ। 7. ਵੱਡੇ ਮਰਤਬੇ ਵਾਲੇ ਅੰਗਰੇਜ਼ ਬਹਾਦਰ ਵਿਦਿਆ ਸ਼ਾਖ਼ ਦੇ ਮੈਂਬਰ ਬਣ ਸਕਦੇ ਹਨ। ਹੋਰ ਕੌਮਾਂ ਤੇ ਪੰਥਾਂ ਦੇ ਲੋਕ ਵੀ ਇਸ ਸਭਾ ਦੇ ਮੈਂਬਰ ਤਦ ਬਣ ਸਕਦੇ ਹਨ ਜਦ ਪੱਕੀ ਤਰ੍ਹਾਂ ਮਾਲੂਮ ਹੋ ਜਾਵੇ ਕਿ ਉਹ ਸਿੱਖੀ ਧਰਮ ਅਤੇ ਪੰਜਾਬੀ ਜ਼ਬਾਨ ਦੇ ਖ਼ੈਰ ਖ਼ਾਹ ਹਨ। 8. ਕਿਸੇ ਦੂਜੇ ਮਤ ਦੇ ਵਿਰੁਧ ਕਹਿਣਾ, ਸੁਣਨਾ ਜਾਂ

ਲਿਖਣਾ ਸਿੰਘ ਸਭਾ ਦਾ ਕੰਮ ਨਹੀਂ। 9. ਸਿੰਘ ਸਭਾ ਵਿਚ ਕੋਈ ਗਲਬਾਤ ਸਰਕਾਰ ਦੇ ਸਬੰਧ ਵਿਚ ਨਹੀਂ ਕੀਤੀ ਜਾਵੇਗੀ। 10. ਸ਼ੇਰ-ਖ਼ੁਾਹੀ ਕੌਮ, ਫ਼ਰਮਾਬਰਦਾਰੀ ਸਰਕਾਰੀ, ਸਿੱਖੀ ਧਰਮ ਨਾਲ ਪਿਆਰ ਅਤੇ ਉੱਨਤੀ ਕਰਨਾ ਵਿਦਿਆ ਦਾ, ਪੰਜਾਬੀ ਜ਼ਬਾਨ ਰਾਹੀਂ ਅਤੇ ਮਸਲੋਹਤ ਉਮਦੀ ਹਰ ਬਾਤ ਵਿਚ ਲਿਹਾਜ਼ ਕਰਨਾ। ਸਿੰਘ ਸਭਾ ਲਹਿਰ ਸ਼ੁਰੂ ਹੋਣ ਨਾਲ ਸਿੱਖ ਧਰਮ, ਪੰਜਾਬੀ ਅਤੇ ਪੰਜਾਬ ਵਾਸਤੇ ਸੰਜੀਦਾ ਕੋਸ਼ਿਸ਼ਾਂ ਹੋਈਆਂ। ਇਸ ਲਹਿਰ ਤੋਂ 13 ਸਾਲ ਪਹਿਲਾਂ, 1860 ਵਿਚ, ਪੰਜਾਬ ਵਿਚ ਐਜੂਕੇਸ਼ਨ ਡਿਪਾਰਟਮੈਂਟ ਸ਼ੁਰੂ ਹੋ ਚੁਕਾ ਸੀ। ਸਕੂਲਾਂ ਤੇ ਕਾਲਜਾਂ ਵਿਚ ਟਾਂਵੇ-ਟਾਂਵੇ ਸਿੱਖ ਬੱਚੇ ਵੀ ਦਾਖ਼ਿਲ ਹੋਣ ਲਗ ਪਏ ਸਨ। ਪਰ, ਪੰਜਾਬ ਵਿਚ ਪੜ੍ਹਾਈ ਦਾ ਮਾਧਿਅਮ ਪੰਜਾਬੀ ਨਹੀਂ ਬਲਕਿ ਉਰਦੂ ਬਣਾਇਆ ਗਿਆ ਸੀ। ਡਾਕਟਰ ਲਾਈਟਨਰ ਦੀ ਮਦਦ ਨਾਲ ਸਿੰਘ ਸਭਾ ਲਹਿਰ ਦੇ ਆਗੂਆਂ ਨੇ 1877 ਵਿਚ ਓਰੀਐਂਟਲ ਕਾਲਜ (ਹੁਣ ਪੰਜਾਬ ਯੂਨੀਵਰਸਿਟੀ, ਲਾਹੌਰ) ਵਿਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਵਾ ਲਈ। ਪ੍ਰੋ: ਗੁਰਮੁਖ ਸਿੰਘ ਇਸ ਕਾਲਜ ਵਿਚ ਪੰਜਾਬੀ ਦੇ ਪ੍ਰੋਫ਼ੈਸਰ (ਟੀਚਰ/ਉਸਤਾਦ) ਲਾਏ ਗਏ। ਸਿਰਫ਼ ਏਨਾ ਹੀ ਨਹੀਂ, ਬਲਕਿ ਇਸ ਕਾਲਜ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਹੋਣਾ ਵੀ ਸ਼ੁਰੂ ਹੋ ਗਿਆ ਸੀ। ਇਸ ਮਗਰੋਂ ਸਿੰਘ ਸਭਾ ਲਾਹੌਰ ਵਿਚ ਵੀ ਕਾਇਮ ਹੋਈ। ਇਸ ਦਾ ਪਹਿਲਾ ਇਕੱਠ 2 ਨਵੰਬਰ 1879 ਦੇ ਦਿਨ ਹੋਇਆ। ਇਸ ਦੇ ਨਾਲ ਹੀ 10 ਨਵੰਬਰ 1879 ਦੇ ਦਿਨ ਇਕ **ਗੁਰਮੁਖੀ ਅਖ਼ਬਾਰ** ਵੀ ਸ਼ੁਰੂ ਕੀਤਾ ਗਿਆ। ਇਸ ਦੇ ਐਡੀਟਰ ਪ੍ਰੋ: ਗੁਰਮੁਖ ਸਿੰਘ (ਓਰੀਐਂਟਲ ਕਾਲਜ ਲਾਹੌਰ ਦੇ ਪ੍ਰੋਫ਼ੈਸਰ) ਸੰਨ।

1955: ਪੰਜਾਬ ਦੇ ਚੀਫ਼ ਮਨਿਸਟਰ ਭੀਮ ਸੈਨ ਸੱਚਰ ਨੇ ਮੰਜੀ ਸਾਹਿਬ ਹਾਲ ਵਿਚ ਹਾਜ਼ਰ ਹੋ ਕੇ ਦਰਬਾਰ ਸਾਹਿਬ ਵਿਚ ਪੁਲਸ ਭੇਜਣ ਦੀ ਮੁਆਫ਼ੀ ਮੰਗੀ

1955 ਦੇ ਪੰਜਾਬੀ ਸੂਬਾ ਮੋਰਚਾ ਦੀ ਜ਼ਬਰਦਸਤ ਕਾਮਯਾਬੀ ਤੋਂ ਖਿਝ ਕੇ 3 ਤੇ 4 ਜੁਲਾਈ 1955 ਦੀ ਅੱਧੀ ਰਾਤ ਨੂੰ ਪੁਲਿਸ ਨੇ ਦਰਬਾਰ ਸਾਹਿਬ ਦੇ ਦੁਆਲੇ ਘੇਰਾ ਪਾ ਕੇ ਨਾਕਾਬੰਦੀ ਕਰ ਲਈ। ਇਸ ਦੇ ਨਾਲ ਹੀ ਪੁਲਿਸ ਨੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਜ: ਅੱਛਰ ਸਿੰਘ, ਦਰਬਾਰ ਸਾਹਿਬ ਦਾ ਮੈਨੇਜਰ ਗੁਰਦਿਆਲ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਤੇ ਐਕਟਿੰਗ ਸਕੱਤਰ ਵੀ ਗ੍ਰਿਫ਼ਤਾਰ ਕਰ ਲਏ। 4 ਜੁਲਾਈ ਦੇ ਦਿਨ ਸਵੇਰੇ ਤਿੰਨ ਵਜੇ ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿਚ ਪੁਲਿਸ ਅਸ਼ਵਨੀ ਕੁਮਾਰ ਤੇ ਨੌਰੰਗ ਸਿੰਘ ਐਸ.ਐਸ.ਪੀ. ਦੀ ਅਗਵਾਈ ਵਿਚ ਦਰਬਾਰ ਸਾਹਿਬ ਦੇ ਚਾਰੇ ਪਾਸੇ ਫੈਲ ਗਈ। ਥੋੜ੍ਹੇ ਚਿਰ ਮਗਰੋਂ ਹੀ ਪੁਲਿਸ ਅੱਗੇ ਵਧੀ ਅਤੇ ਅਕਾਲੀ ਦਲ ਦੇ ਦਫ਼ਤਰ 'ਤੇ ਹਮਲਾ ਕਰ ਦਿੱਤਾ। ਦਰਜਨਾਂ ਟਰੱਕ ਪੁਲਿਸ ਪਹਿਲੋਂ ਹੀ ਲੈ ਕੇ ਆਈ ਹੋਈ ਸੀ। ਸਰਾਂ ਵਿਚ ਠਹਿਰੇ ਹੋਏ ਸਾਰੇ 5-6 ਸੌ ਸਿੱਖ ਗ੍ਰਿਫ਼ਤਾਰ ਕਰ ਕੇ ਟਰੱਕਾਂ ਵਿਚ ਬਿਠਾ ਲਏ ਗਏ। ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿੱਚੋਂ ਹਰਨਾਮ ਸਿੰਘ ਗੁਜਰਖਾਨੀ, ਮਾਸਟਰ ਤਾਰਾ ਸਿੰਘ ਦੇ ਕੁਤਮ ਬਖ਼ਸ਼ੀਸ਼ ਸਿੰਘ ਭੁਮੱਦੀ ਅਤੇ ਹੋਰ ਬਹੁਤ ਸਾਰੇ ਵਰਕਰ ਵੀ ਗ੍ਰਿਫ਼ਤਾਰ ਕਰ ਲਏ ਗਏ। ਪੁਲਿਸ ਨੇ ਦਫ਼ਤਰ ਦੀਆਂ ਸਾਰੀਆਂ ਅਲਮਾਰੀਆਂ ਹੀ ਨਹੀਂ ਬਲਕਿ ਸੇਫ਼ ਦਾ ਤਾਲਾ ਵੀ ਤੋੜ ਕੇ ਸਾਰਾ ਸਾਮਾਨ ਕੱਢ ਲਿਆ। ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਬਾਵਾ ਹਰਕ੍ਰਿਸ਼ਨ ਸਿੰਘ ਅਤੇ ਹੁਕਮ ਸਿੰਘ ਵੀ ਉੱਥੇ ਸਨ ਪਰ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਨਾ ਕੀਤਾ। ਇਸ ਤੋਂ ਪਿੱਛੋਂ ਪੁਲਿਸ ਨੇ ਮੰਜੀ ਸਾਹਿਬ ਦੀਵਾਨ ਅਸਥਾਨ 'ਤੇ ਵੀ ਕਬਜ਼ਾ ਕਰ ਲਿਆ। ਉਸ ਵੇਲੇ ਤਕ ਬਹੁਤ ਸਾਰੇ ਸਿੱਖ ਦਰਬਾਰ ਸਾਹਿਬ ਪਹੁੰਚ ਚੁੱਕੇ ਸਨ। ਸਿੱਖਾਂ ਦੀ ਏਨੀ ਵੱਡੀ ਗਿਣਤੀ ਵੇਖ ਕੇ ਪੁਲਿਸ ਬੌਖ਼ਲਾ ਗਈ। ਪੁਲਿਸ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਵੀ ਜਾਣਾ ਚਾਹੁੰਦੀ ਸੀ ਪਰ ਸਿੱਖਾਂ ਦੇ ਜੋਸ਼ ਨੂੰ ਵੇਖ ਕੇ ਪੁਲਿਸ ਚੀਫ਼ ਨੇ ਇਰਾਦਾ ਬਦਲ ਲਿਆ।

ਏਨੇ ਵਿਚ ਭਾਰਤੀ ਫ਼ੌਜ ਦੀ ਇਕ ਟੁਕੜੀ ਵੀ ਉੱਥੇ ਪਹੁੰਚ ਗਈ। ਫ਼ੌਜ ਨੇ ਗੁਰੂ ਰਾਮ ਦਾਸ ਸਰਾਂ ਦੇ ਬਾਹਰ ਦੀ ਸੜਕ ਉੱਤੇ ਫ਼ਲੈਗ ਮਾਰਚ ਕਰਨਾ ਸ਼ੁਰੂ ਕਰ ਦਿੱਤਾ। ਫ਼ੌਜ ਨੂੰ ਵੇਖ ਕੇ ਸੰਗਤਾਂ ਵਿਚ ਜੋਸ਼ ਅਤੇ ਗੁੱਸਾ ਵਧ ਗਿਆ। ਸਾਰੇ ਪਾਸੇ ਜੈਕਾਰੇ ਲੱਗਣੇ ਸ਼ੁਰੂ ਹੋ ਗਏ। ਅਜਿਹਾ ਜਾਪਦਾ ਸੀ ਕਿ ਲੋਕ ਬੇਕਾਬੂ ਹੋ ਜਾਣਗੇ। ਪੁਲਿਸ ਨੇ ਇਹ ਹਾਲਤ ਵੇਖ ਕੇ ਫ਼ੌਜ ਨੂੰ ਵਾਪਸ ਭੇਜ ਦਿੱਤਾ। ਫ਼ੌਜ ਦੇ ਜਾਣ ਤੋਂ ਬਾਅਦ ਪੁਲਿਸ ਨੇ ਮੰਜੀ ਸਾਹਿਬ ਦੇ ਹਾਲ ਵਿਚ ਗੈਸ ਅਤੇ ਡਾਂਗਾਂ ਦੀ ਵਰਤੋਂ ਸ਼ੁਰੂ ਕਰ ਦਿੱਤੀ। ਪੁਲਿਸ ਨੇ ਅੰਨ੍ਹੇਵਾਹ ਲਾਠੀਚਾਰਜ ਕਰਨਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਲੋਕ ਮੰਜੀ ਸਾਹਿਬ ਤੋਂ ਦਰਬਾਰ ਸਾਹਿਬ ਦੀ ਪ੍ਰਕਰਮਾ ਵਲ ਚਲੇ ਗਏ। ਕੁਝ ਚਿਰ ਮਗਰੋਂ ਪੁਲਿਸ ਨੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਟੀਅਰ ਗੈਸ ਦੇ ਗੋਲੇ ਸੁੱਟਣੇ ਸ਼ੁਰੂ ਕਰ ਦਿੱਤੇ। ਪੁਲਿਸ ਲੰਗਰ ਅਤੇ ਪ੍ਰਕਰਮਾ ਤੋਂ ਇਲਾਵਾ ਨਾਲ ਦੇ ਮਕਾਨਾਂ ਦੀਆਂ ਛੱਤਾਂ 'ਤੇ ਵੀ ਚੜ੍ਹ ਗਈ। ਪੁਲਿਸ ਨੇ ਲੰਗਰ, ਪ੍ਰਕਾਸ਼ ਅਸਥਾਨ ਤੇ ਭਾਈ ਚੇਤ ਸਿੰਘ ਦੇ ਮਕਾਨ ਤੋਂ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਟੀਅਰ ਗੈਸ ਦੇ ਗੋਲੇ ਸੁੱਟੇ ਅਤੇ ਗੋਲੀਆਂ ਚਲਾਈਆਂ। ਪੁਲਿਸ ਨੇ ਇੱਟਾਂ-ਪੱਥਰ ਵੀ ਮਾਰੇ। ਪੁਲਿਸ ਦੀ ਅਥਰੂ-ਗੈਸ ਦਰਬਾਰ ਸਾਹਿਬ ਦੇ ਅੰਦਰ ਤਕ ਵੀ ਪਹੁੰਚ ਗਈ। ਪੁਲਿਸ ਦੀਆਂ ਗੋਲੀਆਂ ਦੇ ਨਿਸ਼ਾਨ ਅਕਾਲ ਤਖ਼ਤ ਸਾਹਿਬ 'ਤੇ ਲਗੇ ਹੋਏ ਸਾਫ਼ ਨਜ਼ਰ ਆਉਂਦੇ ਸਨ।ਦਰਬਾਰ ਸਾਹਿਬ 'ਤੇ ਪੁਲਿਸ ਵੱਲੋਂ ਹਮਲਾ ਕਰਨ ਦੇ ਖ਼ਿਲਾਫ਼ ਅੰਮ੍ਰਿਤਸਰ ਦੇ ਦੁਕਾਨਦਾਰਾਂ ਨੇ ਮੁਕੰਮਲ ਹੜਤਾਲ ਕਰ ਦਿੱਤੀ। ਅਗਲੇ ਦਿਨ ਸਾਰੇ ਪੰਜਾਬ ਦੇ ਸਿੱਖ ਦੁਕਾਨਦਾਰਾਂ ਨੇ ਹੜਤਾਲ ਕੀਤੀ। ਬਾਬਾ ਖੜਕ ਸਿੰਘ, ਈਸ਼ਰ ਸਿੰਘ ਮਝੈਲ, ਸੰਤ ਸਿੰਘ ਸਾਬਕਾ ਰਾਜਦੂਤ ਤੇ ਬਹੁਤ ਸਾਰੇ ਕਾਂਗਰਸੀਆਂ ਨੇ ਵੀ ਇਸ ਹਮਲੇ ਦੀ ਜ਼ਬਰਦਸਤ ਨਿੰਦਾ ਕੀਤੀ। ਦੂਜੇ ਪਾਸੇ ਪ੍ਰਤਾਪ ਸਿੰਘ ਕੈਰੋਂ, ਗੁਰਬਚਨ ਸਿੰਘ ਬਾਜਵਾ ਤੇ ਦਰਸ਼ਨ ਸਿੰਘ ਫੇਰੂਮਾਨ ਨੇ ਇਸ ਹਮਲੇ ਦੀ ਹਮਾਇਤ ਕੀਤੀ। ਚੀਫ਼ ਖਾਲਸਾ ਦੀਵਾਨ ਨੇ ਵੀ ਦਰਬਾਰ ਸਾਹਿਬ 'ਤੇ ਹਮਲੇ ਦੀ ਕਾਰਵਾਈ ਦੇ ਖ਼ਿਲਾਫ਼ ਮਤਾ ਪਾਸ ਕੀਤਾ।**10 ਨਵੰਬਰ 1955 ਦੇ ਦਿਨ ਪੰਜਾਬ ਦੇ ਚੀਫ਼ ਮਨਿਸਟਰ ਭੀਮ ਸੈਨ ਸੱਚਰ ਨੇ ਮੰਜੀ ਸਾਹਿਬ ਪੇਸ਼ ਹੋ ਕੇ 4 ਜੁਲਾਈ ਨੂੰ ਦਰਬਾਰ ਸਾਹਿਬ 'ਤੇ ਪੁਲਿਸ ਦੇ ਹਮਲੇ ਦੀ ਮੁਆਫ਼ੀ ਮੰਗੀ** (ਉਵ ਉਸ ਦੀ ਇਸ ਕਾਰਵਾਈ ਕਾਰਨ ਫ਼ਿਰਕੂ ਹਿੰਦੂ ਕਾਂਗਰਸੀ ਉਸ ਦੇ ਖ਼ਿਲਾਫ਼ ਹੋ ਗਏ ਤੇ ਉਸ ਦੀ ਚੀਫ਼ ਮਨਿਸਟਰੀ ਖੋਹ ਲਈ ਗਈ)।

1987: ਕੁਲਦੀਪ ਸਿੰਘ ਸਹੋੜਾ, ਤਰਸੇਮ ਸਿੰਘ ਕੋਹਾੜ **ਤੇ** ਕੁਲਦੀਪ ਸਿੰਘ ਫਿਲੌਰ **ਨਕਲੀ ਮੁਕਾਬਲੇ ਵਿਚ ਸ਼ਹੀਦ**

10 ਨਵੰਬਰ 1987 ਦੀ ਰਾਤ ਨੂੰ ਪੰਜਾਬ ਪੁਲਸ ਨੇ ਕੁਲਦੀਪ ਸਿੰਘ (ਸਹੋੜਾ, ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਕੁਲਦੀਪ ਸਿੰਘ ਫਿਲੌਰ, ਤਰਸੇਮ ਸਿੰਘ ਕੋਹਾੜ (ਪੁੱਤਰ ਕੇਹਰ ਸਿੰਘ, ਵਾਸੀ ਕੋਹਾੜ, ਗੁਰਦਾਸਪੁਰ) ਨੂੰ ਵੀ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸਰਦਾਰਾ ਸਿੰਘ ਕਾਲੇਕੇ ਨਕਲੀ ਮੁਕਾਬਲੇ ਵਿਚ ਸ਼ਹੀਦ

10 ਨਵੰਬਰ 1991 ਦੇ ਦਿਨ ਨੂੰ ਪੰਜਾਬ ਪੁਲਸ ਨੇ ਸਰਦਾਰਾ ਸਿੰਘ (ਪੁਤੱਰ ਬੂੜ ਸਿੰਘ, ਵਾਸੀ ਕਾਲੇਕੇ, ਨੇੜੇ ਖਲਚੀਆਂ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਗੁਰਦੀਪ ਸਿੰਘ, ਸਤਵਿੰਦਰ ਸਿੰਘ, ਸੁਖਦੇਵ ਸਿੰਘ, ਕੁਲਵਿੰਦਰ ਸਿੰਘ, ਬਲਵਿੰਦਰ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ

10 ਨਵੰਬਰ 1992 ਦੇ ਦਿਨ ਨੂੰ ਪੰਜਾਬ ਪੁਲਸ ਨੇ ਗੁਰਦੀਪ ਸਿੰਘ, ਸਤਵਿੰਦਰ ਸਿੰਘ (ਵਾਸੀ ਅਦਲੂ), ਸੁਖਦੇਵ ਸਿੰਘ (ਵਾਸੀ ਸੱਜਾਵਾਲ), ਕੁਲਵਿੰਦਰ ਸਿੰਘ ਉਰਫ਼ ਟੀਟਾ ਤੇ ਬਲਵਿੰਦਰ ਸਿੰਘ ਉਰਫ਼ ਬਿੱਟੂ (ਦੋਵੇਂ ਵਾਸੀ ਰਾਮਗੜ੍ਹ) ਨੂੰ ਇਕ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

11 ਨਵੰਬਰ

1675: ਭਾਈ ਦਿਆਲ ਦਾਸ, ਮਤੀ ਦਾਸ, ਸਤੀ ਦਾਸ ਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਹੋਈ

ਗੁਰੂ ਤੇਗ਼ ਬਹਾਦਰ ਸਾਹਿਬ ਨੂੰ 13 ਜੁਲਾਈ 1675 ਦੇ ਦਿਨ ਮਲਕਪੁਰ ਰੰਘੜਾਂ (ਨੇੜੇ ਕੀਰਤਪੁਰ) ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਸਾਢੇ ਤਿੰਨ ਮਹੀਨੇ ਬੱਸੀ ਪਠਾਣਾਂ ਕਿਲ੍ਹੇ ਵਿਚ ਕੈਦ ਰੱਖਣ ਮਗਰੋਂ ਦਿੱਲੀ ਲਿਜਾਇਆ ਗਿਆ ਸੀ ਜਿੱਥੇ ਆਪ 5 ਨਵੰਬਰ 1675 ਦੇ ਦਿਨ ਪੁਜੇ ਅਤੇ (ਮੌਜੂਦਾ ਸੀਸ ਗੰਜ ਵਾਲੀ ਜਗਹ) ਕੋਤਵਾਲੀ ਵਿਚ ਕੈਦ ਕਰ ਦਿਤੇ ਗਏ। ਦਿਲੀ ਵਿਚ ਆਪ ਨੂੰ ਸ਼ਾਹੀ ਕਾਜ਼ੀ ਅਬਦੁਲ ਵਹਾਬ ਵਹੁਰੇ ਅਗੇ ਪੇਸ਼ ਕੀਤਾ ਗਿਆ। ਕਾਜ਼ੀ ਨੇ ਗੁਰੂ ਜੀ ਨੂੰ ਫ਼ਤਵਾ ਜਾਰੀ ਕਰਦਿਆਂ ਕਿਹਾ ਕਿ ਜਾਂ ਕਰਾਮਾਤ ਦਿਖਾਓ ਜਾਂ ਮੁਸਲਮਾਨ ਬਣ ਜਾਓ ਜਾਂ ਮਰਨ ਵਾਸਤੇ ਤਿਆਰ ਹੋ ਜਾਓ। ਗੁਰੂ ਸਾਹਿਬ ਨੇ ਕਾਜ਼ੀ ਨੂੰ ਜਵਾਬ ਦਿਤਾ ਕਿ ਕਰਾਮਾਤ ਕਹਿਰ ਦਾ ਨਾਂ ਹੈ। ਕਰਾਮਾਤ ਤਾਂ ਰੱਬ ਆਪ ਹੀ ਹੈ। ਦੂਜਾ, ਹਰ ਇਨਸਾਨ ਨੂੰ ਆਪਣਾ ਅਕੀਦਾ, ਆਪਣਾ ਧਰਮ, ਅਖ਼ਤਿਆਰ ਕਰਨ ਦਾ ਹਕ ਹੈ, ਅਤੇ ਤੀਜਾ ਮੌਤ ਦੀ ਗੱਲ ਕਰਦਾ ਏਂ; ਕੀ ਮੁਸਲਮਾਨ ਬਣਿਆਂ ਮੈਨੂੰ ਮੌਤ ਨਹੀਂ ਆਵੇਗੀ? ਮੌਤ ਤਾਂ ਵਾਹਿਗੁਰੂ ਦਾ ਹੁਕਮ ਹੈ। ਹਰ ਇਕ ਨੇ ਇਕ ਨਾ ਇਕ ਦਿਨ ਮਰਨਾ ਹੀ ਹੈ। ਵਾਹਿਗੁਰੂ ਨੇ ਜਿੰਨੇ ਸਾਹ ਦਿਤੇ ਹਨ ਉਨ੍ਹਾਂ ਨੂੰ ਕੋਈ ਘਟਾ ਜਾਂ ਵਧਾ ਨਹੀਂ ਸਕਦਾ। ਕਾਜ਼ੀ ਅਤੇ ਸੂਬੇਦਾਰ ਇਸ ਜਵਾਬ 'ਤੇ ਖਿਝੇ ਤਾਂ ਜ਼ਰੂਰ ਪਰ ਉਨ੍ਹਾਂ ਨੇ ਇਕ ਦਿਨ ਹੋਰ ਗੁਰੂ ਜੀ ਦੇ ਜਵਾਬ ਦੀ ਉਡੀਕ ਕੀਤੀ। ਗੁਰੂ ਜੀ ਵੱਲੋਂ ਨਾਂਹ ਮਿਲਣ ਮਗਰੋਂ ਗੁਰੂ ਸਾਹਿਬ ਨੂੰ ਤਸੀਹਿਆਂ ਦਾ ਦੌਰ ਸ਼ੁਰੂ ਹੋ ਗਿਆ। ਗੁਰੂ ਸਾਹਿਬ ਨੂੰ ਤਪਦੇ ਹੋਏ ਥੰਮ ਨਾਲ ਲਾਇਆ ਗਿਆ। ਉਨ੍ਹਾਂ ਦੇ ਜਿਸਮ 'ਤੇ ਬਲਦੀ ਰੇਤ ਪਾਈ ਗਈ। ਅਗਲੇ ਪੰਜ ਦਿਨ ਉਨ੍ਹਾਂ ਦਾ ਜਿਸਮ ਬਰੀ ਤਰਾਂ ਨਿਢਾਲ ਹੋ ਗਿਆ। ਪਰ ਇਹ ਜ਼ੁਲਮ ਵੀ ਗੁਰੂ ਸਹਿਬ ਨੂੰ ਬਦਲ ਨਾ ਸਕਿਆ। (ਬਹੁਤੇ ਲੇਖਕ ਇਨ੍ਹਾਂ ਤਸੀਹਿਆਂ ਦਾ ਜ਼ਿਕਰ ਨਹੀਂ ਕਰਦੇ ਅਤੇ ਸਿਰਫ਼ ਇਹ ਲਿਖ ਦੇਂਦੇ ਹਨ ਕਿ 11 ਨਵੰਬਰ ਨੂੰ ਜੱਲਾਦ ਨੇ ਉਨ੍ਹਾਂ ਦਾ ਸਿਰ ਧੜ ਤੋਂ ਜੁਦਾ ਕਰ ਦਿੱਤਾ)।

11 ਨਵੰਬਰ 1675 ਦੇ ਦਿਨ ਗੁਰੂ ਸਾਹਿਬ ਦੀਆਂ ਅੱਖਾਂ ਦੇ ਸਾਹਮਣੇ ਭਾਈ ਦਿਆਲ ਦਾਸ ਨੂੰ ਇਕ ਵੱਡੀ ਦੇਗ ਵਿਚ ਪਾਣੀ ਵਿਚ ਬਿਠਾ ਕੇ ਦੇਗ ਦਾ ਮੂੰਹ ਬੰਨ੍ਹ ਕੇ ਭੱਠੀ ਤੇ ਰੱਖ ਦਿੱਤਾ ਗਿਆ। ਉਨ੍ਹਾਂ ਦੀ ਦੇਹ ਉਬਲਦੇ ਪਾਣੀ ਵਿਚ ਫ਼ਨਾਹ ਹੋ ਗਈ। ਇਸ ਮਗਰੋਂ ਭਾਈ ਮਤੀ ਦਾਸ ਨੂੰ ਦੋ ਲਕੜਾਂ ਦੇ ਸ਼ਿਕੰਜੇ ਵਿਚ ਬੰਨ੍ਹ ਕੇ ਚੀਰ ਦਿਤਾ ਗਿਆ ਤੇ ਭਾਈ ਸਤੀ ਦਾਸ ਨੂੰ ਰੂੰ ਵਿਚ ਬੰਨ ਕੇ ਜਿਉਂਦੇ ਸਾੜ ਦਿਤਾ ਗਿਆ। ਇਹ ਕਰਨ ਦਾ ਇਹ ਮਕਸਦ ਸੀ ਗੁਰੂ ਜੀ ਇਹ ਵੇਖ ਕੇ ਦਹਿਲ ਜਾਣ; ਪਰ ਇਸ ਜ਼ੁਲਮ ਦੇ ਬਾਵਜੂਦ ਗੁਰੂ ਸਾਹਿਬ ਅਡੋਲ ਰਹੇ। ਅਖ਼ੀਰ ਸ਼ਾਮ ਵੇਲੇ ਕਾਜ਼ੀ ਦੇ ਆਖ਼ਰੀ ਫਤਵੇ ਮਗਰੋਂ, ਜੱਲਾਦ ਜਲਾਲ-ਉਦ-ਦੀਨ (ਸਮਾਣੇ ਵਾਲੇ) ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਵੀ ਤਲਵਾਰ ਦੇ ਇੱਕੋ ਵਾਰ ਨਾਲ ਸ਼ਹੀਦ ਕਰ ਦਿਤਾ।

1757: ਬਾਬਾ ਦੀਪ ਸਿੰਘ ਅਫ਼ਗਾਨ ਫ਼ੌਜਾਂ ਨਾਲ ਲੜਦੇ ਹੋਏ ਸ਼ਹੀਦ ਹੋਏ

ਦਰਬਾਰ ਸਾਹਿਬ ਢਾਹੁਣ ਮਗਰੋਂ ਵੀ ਤੈਮੂਰ ਨੇ ਸੈਂਕੜੇ ਅਫ਼ਗ਼ਾਨ ਫ਼ੌਜਾਂ ਨੂੰ ਅੰਮ੍ਰਿਤਸਰ ਵਿਚ ਹੀ ਰਹਿਣ ਦਿਤਾ ਅਤੇ ਇੱਥੇ ਇਕ ਪੱਕੀ ਚੌਂਕੀ ਬਿਠਾ ਦਿਤੀ। ਇਹ ਫ਼ੌਜੀ ਦਰਬਾਰ ਸਾਹਿਬ ਦੀ ਬੇਅਦਬੀ ਕਰਦੇ ਸਨ। ਉਨ੍ਹਾਂ ਦਿਨਾਂ ਵਿਚ 'ਦੀਪ ਸਿੰਘ ਦੀ ਮਿਸਲ'* ਦਾ ਡੇਰਾ ਤਲਵੰਡੀ ਸਾਬੋ ਵਿਚ ਸੀ (ਦੀਪ ਸਿੰਘ ਦੀ ਸ਼ਹੀਦੀ ਮਗਰੋਂ ਇਸ ਮਿਸਲ ਦਾ ਨਾਂ ਮਿਸਲ ਸ਼ਹੀਦਾਂ ਜਾਣਿਆ ਜਾਣ ਲਗ ਪਿਆ ਸੀ)। ਅਹਿਮਦ ਸ਼ਾਹ ਅਤੇ ਤੈਮੂਰ ਵੱਲੋਂ ਸਿੱਖਾਂ 'ਤੇ ਜ਼ੁਲਮ ਕਰਨ ਅਤੇ ਦਰਬਾਰ ਸਾਹਿਬ ਅਤੇ ਅੰਮ੍ਰਿਤਸਰ ਸਰੋਵਰ ਦੀ ਬੇਅਦਬੀ ਕਰਨ ਦੀ ਖ਼ਬਰ ਜਦੋਂ ਦੀਪ ਸਿੰਘ ਤਕ ਪੁੱਜੀ ਤਾਂ ਉਨ੍ਹਾਂ ਨੇ ਦੁਰਾਨੀ ਦੀ ਫ਼ੌਜ ਨਾਲ ਦੋ-ਹੱਥ ਕਰਨ ਦਾ ਫ਼ੈਸਲਾ ਕਰ ਲਿਆ।

(ਪੁਰਾਣੀਆਂ ਲਿਖਤਾਂ ਵਿਚ ਦੀਪ ਸਿੰਘ ਨੂੰ ਇਕ ਜਰਨੈਲ ਤੇ ਇਸ ਮਿਸਲ ਦਾ ਮੁਖੀ ਲਿਖਿਆ ਮਿਲਦਾ ਹੈ। ਉਸ ਨੂੰ ਕਿਤੇ ਵੀ ਕਿਸੇ ਟਕਸਾਲ ਦਾ ਮੁਖੀ ਨਹੀਂ ਲਿਖਿਆ ਗਿਆ (ਕਿਸੇ ਲਿਖਤ ਵਿਚ ਉਸ ਨੂੰ 'ਬਾਬਾ' ਵੀ ਨਹੀਂ ਲਿਖਿਆ ਮਿਲਦਾ)। ਪੁਰਾਣੀਆਂ ਲਿਖਤਾਂ ਵਿਚ ਤਾਂ ਕੀ ਮਹਾਨ ਕੋਸ਼, ਜੋ 1930 ਵਿਚ ਛਪਿਆ ਸੀ, ਵਿਚ ਵੀ 'ਦਮਦਮੀ ਟਕਸਾਲ' ਲਫ਼ਜ਼ ਵੀ ਕਿਤੇ ਨਹੀਂ ਮਿਲਦਾ। ਇਹ ਲਫ਼ਜ਼ ਤਾਂ ਭਿੰਡਰਾ-ਮਹਿਤਾ ਜੱਥਾ ਦੀਆਂ ਕਿਤਾਬਾਂ ਵਿਚ 1977 ਤੋਂ ਪਹਿਲਾਂ ਛਪੀਆਂ ਕਿਤਾਬਾਂ ਵਿਚ ਵੀ ਨਹੀਂ ਮਿਲਦਾ; ਸੋ ਯਕੀਨਨ ਮਗਰੋਂ ਘੜਿਆ ਗਿਆ ਸੀ। ਪੂਰੀ ਜਾਣਕਾਰੀ ਵਾਸਤੇ ਪੜ੍ਹੋ ਇਸੇ ਲੇਖਕ ਦਾ ਲੇਖ:* *ਦਮਦਮੀ ਟਕਸਾਲ ਕੀ ਹੈ?)***

ਨਵੰਬਰ 1757 ਦੇ ਸ਼ੁਰੂ ਵਿਚ ਦੀਪ ਸਿੰਘ ਆਪਣੇ ਕੁਝ ਸਾਥੀਆਂ ਸਣੇ ਤਲਵੰਡੀ ਸਾਬੋ ਤੋਂ ਅੰਮ੍ਰਿਤਸਰ ਵੱਲ ਚਲ ਪਏ। ਤਲਵੰਡੀ ਸਾਬੋ ਤੋਂ ਚਲ ਕੇ ਆਪ ਜਾਗਾ, ਬਾਹਮਣ, ਨਾਹਨਵਾਲਾ, ਬੰਬੋਕੇ, ਗੁਰੂ ਚੌਂਤਰਾ, ਫੂਲ, ਮਹਿਰਾਜ, ਦਰਾਜ, ਭੁੱਚੋ, ਗੋਵਿੰਦਪੁਰ, ਕੋਟ ਕਪੂਰਾ ਤੇ ਮਾਲਵੇ ਦੇ ਕਈ ਪਿੰਡਾਂ 'ਚੋਂ ਹੁੰਦੇ ਹੋਏ, ਹਰੀਕੇ ਦੇ ਪੱਤਣ ਤੋਂ ਮਾਝੇ ਵਿਚ ਦਾਖਿਲ ਹੋਏ ਤੇ ਗੁਰੂ ਦਾ ਚੱਕ ਵੱਲ ਚਲਦੇ ਗਏ। ਰਸਤੇ ਵਿਚ ਹਰ ਥਾਂ ਤੋਂ ਸਿੱਖ ਬਾਬਾ ਦੀਪ ਸਿੰਘ ਦੇ ਜਥੇ ਵਿਚ ਸ਼ਾਮਿਲ ਹੁੰਦੇ ਗਏ। ਤਰਨਤਾਰਨ ਦੇ ਨੇੜੇ ਪੁੱਜਣ ਤਕ ਇਹ ਜਥਾ ਕਾਫ਼ੀ ਵੱਡਾ ਹੋ ਚੁੱਕਾ ਸੀ। ਮੀਰ ਮੰਨੂ ਦਾ ਗ਼ੁਲਾਮ ਤਹਿਮਾਸ ਖ਼ਾਨ ਮਿਸਕੀਨ ਇਸ ਫ਼ੌਜ ਦੀ ਗਿਣਤੀ 1000 ਦਸਦਾ ਹੈ (ਜੋ ਕਿ ਸਹੀ ਨਹੀਂ ਜਾਪਦੀ)। ਸਿੱਖ ਸੋਮਿਆਂ ਮੁਤਾਬਿਕ ਪੰਜ ਤੋਂ ਸੱਤ ਹਜ਼ਾਰ ਸਿੱਖ ਇਸ ਜੱਥੇ ਵਿਚ ਸ਼ਾਮਿਲ ਸਨ। ਦਰਬਾਰ ਸਾਹਿਬ ਦੀ ਬੇਹੁਰਮਤੀ ਰੋਕਣ ਵਾਸਤੇ ਆਏ ਇਹ ਸਿੱਖ "ਸੀਸ ਤਲੀ 'ਤੇ ਰੱਖ ਕੇ" ਆਏ ਸਨ। ਉਨ੍ਹਾਂ ਦਾ ਤਾਂ ਨਿਸ਼ਾਨਾ ਹੀ ਇਹ ਸੀ ਕਿ ਜਾਂ ਤਾਂ ਦਰਬਾਰ ਸਾਹਿਬ ਅਫ਼ਗਾਨਾਂ ਤੋਂ ਆਜ਼ਾਦ ਕਰਵਾਉਣਾ ਹੈ ਜਾਂ ਫਿਰ ਸ਼ਹੀਦ ਹੋ ਜਾਣਾ ਹੈ।

ਬਾਬਾ ਦੀਪ ਸਿੰਘ ਦੀ ਅੰਮ੍ਰਿਤਸਰ ਵਲ ਰਵਾਨਗੀ ਦਾ ਪਤਾ ਅਫ਼ਗਾਨ ਜਰਨੈਲ ਜਹਾਨ ਖ਼ਾਨ ਨੂੰ ਵੀ ਲਗ ਗਿਆ। ਉਸ ਦੀ ਫ਼ੌਜ ਨੇ ਵੀ ਅੰਮ੍ਰਿਤਸਰ ਵਲ ਕੂਚ ਕਰ ਦਿਤਾ। ਅਫ਼ਗਾਨ ਫ਼ੌਜਾਂ ਸਿੱਖਾਂ ਦਾ ਜੱਥਾ ਦਰਬਾਰ ਸਾਹਿਬ ਨੇੜੇ ਪੁੱਜਣ ਤੋਂ ਪਹਿਲਾਂ ਹੀ, ਹਾਜੀ ਅਤਾਈ ਖ਼ਾਨ ਦੀ ਅਗਵਾਈ ਵਿਚ, ਉਨ੍ਹਾਂ ਦਾ ਰਾਹ ਰੋਕਣ ਵਾਸਤੇ ਤਿਆਰ ਖੜੀਆਂ ਸਨ। ਇਸ ਤੋਂ ਇਲਾਵਾ ਪੱਟੀ ਦੇ ਫ਼ੌਜਦਾਰ ਕਾਸਿਮ ਖ਼ਾਨ ਦੀ ਫ਼ੌਜ ਵੀ ਇਨ੍ਹਾਂ ਦੇ ਨਾਲ ਆ ਰਲੀ ਸੀ। 11 ਨਵੰਬਰ 1757 ਦੇ ਦਿਨ ਅੰਮ੍ਰਿਤਸਰ ਵਿਚ ਲਹੂ-ਵੀਟਵੀਂ ਲੜਾਈ ਹੋਈ। ਇਸ ਲੜਾਈ ਵਿਚ ਸਿੱਖ ਅਤੇ ਅਫ਼ਗਾਨ ਦੋਵੇਂ ਜੀਅ-ਜਾਨ ਨਾਲ ਲੜੇ। ਇਕ ਸੋਮੇ ਮੁਤਾਬਿਕ ਇਸ ਲੜਾਈ ਵਿਚ ਬਹੁਤ ਸਾਰੇ ਅਫ਼ਗਾਨ ਸਿਪਾਹੀ ਮਾਰੇ ਗਏ ਤੇ ਸਾਰੇ ਦੇ ਸਾਰੇ ਸਿੱਖ ਵੀ ਸ਼ਹੀਦ ਹੋ ਗਏ। ਸ਼ਹੀਦ ਹੋਣ ਵਾਲਿਆਂ ਵਿਚ ਬਾਬਾ ਦੀਪ ਸਿੰਘ ਵੀ ਸਨ, ਜਿਨ੍ਹਾਂ ਨੇ ਵਡੇਰੀ ਉਮਰ ਹੋਣ ਦੇ ਬਾਵਜੂਦ ਬੜੀ ਬਹਾਦਰੀ ਨਾਲ ਖੰਡਾ ਚਲਾਇਆ। ਉਹ ਲੜਦੇ-ਲੜਦੇ ਦਰਬਾਰ ਸਾਹਿਬ ਵੱਲ

ਵਧਦੇ ਗਏ। ਗੁਰਦੁਆਰਾ ਸ਼ਹੀਦਾਂ ਲਾਗੇ ਉਨ੍ਹਾਂ ਦੀ ਗਰਦਨ 'ਤੇ ਤਲਵਾਰ ਦਾ ਇਕ ਜ਼ੋਰ ਦਾ ਵਾਰ ਹੋਇਆ, ਜਿਸ ਨਾਲ ਉਨ੍ਹਾਂ ਦੀ ਧੌਣ ਕਾਫ਼ੀ ਹੱਦ ਤਕ ਕੱਟੀ ਗਈ, ਪਰ ਉਹ ਇਕ ਹੱਥ ਨਾਲ ਸਿਰ ਤੇ ਗਰਦਨ ਨੂੰ ਸੰਭਾਲਦੇ ਹੋਏ ਦੂਜੇ ਹੱਥ ਨਾਲ ਖੰਡਾ ਚਲਾਉਂਦੇ ਗਏ। *(ਬਾਬਾ ਦੀਪ ਸਿੰਘ ਨੂੰ ਵੇਖ ਕੇ ਅਫ਼ਗਾਨ ਬਹੁਤ ਡਰੇ ਕਿ ਇਕ ਸਿੱਖ ਕੱਟੀ ਹੋਈ ਗਰਦਨ ਦੇ ਬਾਵਜੂਦ ਆਹੁ ਲਾਹ ਰਿਹਾ ਹੈ। ਇਸ ਨਾਲ ਅਫ਼ਗਾਨ ਫ਼ੌਜਾਂ ਵਿਚ ਦਹਿਸ਼ਤ ਫੈਲ ਗਈ)*। ਅਖ਼ੀਰ ਅੰਮ੍ਰਿਤਸਰ ਸਰੋਵਰ ਦੀ ਦੱਖਣੀ ਬਾਹੀ ਕੋਲ ਆ ਕੇ ਬਾਬਾ ਦੀਪ ਸਿੰਘ ਡਿੱਗ ਪਏ ਤੇ ਸ਼ਹੀਦ ਹੋ ਗਏ। ਜਦ ਸਾਰੇ ਸਿੱਖ ਸ਼ਹੀਦ ਹੋ ਗਏ ਤਾਂ ਵੀ ਅਫ਼ਗਾਨ ਡਰੇ ਰਹੇ ਤੇ ਇਹ ਸੋਚਦੇ ਰਹੇ ਕਿ ਕਿਤੇ ਸਿੱਖ ਫਿਰ ਜਿਉਂਦੇ ਹੀ ਨਾ ਹੋ ਜਾਣ। ਅਫ਼ਗਾਨ ਸੋਚਦੇ ਸਨ ਕਿ ਜਿਹੜੇ ਏਨੀ ਜ਼ਿਆਦਾ ਕੱਟੀ ਹੋਈ ਧੌਣ ਦੇ ਬਾਵਜੂਦ ਏਨੇ ਪਠਾਣ ਮਾਰ ਸਕਦੇ ਹਨ ਉਹ ਲਾਸ਼ਾਂ ਵਿਚੋਂ ਫੇਰ ਵੀ ਉਠ ਸਕਦੇ ਹਨ। ਉਨ੍ਹਾਂ ਨੇ ਬੰਦਾ ਸਿੰਘ ਬਹਾਦਰ ਦੀ ਗ਼ੈਬੀ ਤਾਕਤ ਦੀਆਂ ਕਹਾਣੀਆਂ ਸੁਣੀਆਂ ਹੋਈਆਂ ਸਨ। ਬਾਬਾ ਦੀਪ ਸਿੰਘ ਦੀ ਇਸ ਬਹਾਦਰੀ ਤੋਂ "ਸਿਰ ਤਲੀ 'ਤੇ ਰੱਖ ਕੇ ਲੜਨ" ਵਾਲੇ ਮੁਹਾਵਰੇ ਦੀ ਇਹ ਅਤਿਕਥਨੀ ਗੱਲ ਵੀ ਚਲ ਪਈ ਕਿ ਉਨ੍ਹਾਂ ਦੀ ਧੌਣ ਬਿਲਕੁਲ ਕੱਟੀ ਗਈ ਸੀ ਤੇ ਉਨ੍ਹਾਂ ਆਪਣਾ ਸੀਸ ਹੱਥ 'ਤੇ ਰੱਖ ਕੇ ਬਾਕੀ ਦੀ ਲੜਾਈ ਲੜੀ। *ਮਗਰੋਂ ਕਲਾਕਾਰਾਂ ਨੇ ਕਾਲਪਨਿਕ ਤਸਵੀਰਾਂ ਬਣਾ ਲਈਆਂ ਜਿਸ ਵਿਚ ਬਾਬਾ ਦੀਪ ਸਿੰਘ ਨੇ ਇਕ ਹੱਥ ਦੀ ਤਲੀ 'ਤੇ ਸਿਰ ਰੱਖਿਆ ਹੋਇਆ ਸੀ ਤੇ ਦੂਜੇ ਹੱਥ ਵਿਚ ਖੰਡਾ ਫੜਿਆ ਹੋਇਆ ਸੀ।*

1921: ਸਰਦਾਰ ਬਹਾਦਰ ਮਹਿਤਾਬ ਸਿੰਘ ਨੇ ਪੰਜਾਬ ਕੌਂਸਲ ਦੀ ਮੈਂਬਰੀ ਤੋਂ ਅਸਤੀਫ਼ਾ

ਨਾਨਕਾਣਾ ਸਾਹਿਬ ਦੇ ਸਾਕੇ ਵੇਲੇ ਸਰਦਾਰ ਬਹਾਦਰ ਮਹਿਤਾਬ ਸਿੰਘ ਸਰਕਾਰੀ ਵਕੀਲ ਵੀ ਸਨ ਅਤੇ ਪੰਜਾਬ ਕੌਂਸਲ ਦੇ ਡਿਪਟੀ ਚੀਫ਼ ਵੀ ਸਨ। 20 ਫ਼ਰਵਰੀ 1921 ਦੇ ਦਿਨ ਮਹੰਤ ਨਰੈਣੂ ਨੇ 180 ਤੋਂ ਵਧ ਸਿੱਖ ਕਤਲ ਕੀਤੇ ਸਨ। ਸਿੱਖਾਂ ਦਾ ਇਹ ਕਾਤਲ ਸਰਕਾਰੀ ਅਫ਼ਸਰਾਂ ਨਾਲ ਨੇੜਤਾ ਰਖਦਾ ਸੀ ਇਸ ਕਰ ਕੇ ਪੁਲਸ ਉਸ ਦਾ ਕੇਸ ਕਮਜ਼ੋਰ ਰੱਖ ਕੇ ਉਸ ਨੂੰ ਬਚਾਉਣਾ ਚਾਹੁੰਦੀ ਸੀ। ਸਰਕਾਰੀ ਸਾਜ਼ਸ਼ਾਂ ਨੂੰ ਵੇਖ ਕੇ ਸਰਦਾਰ ਬਹਾਦਰ ਮਹਿਤਾਬ ਸਿੰਘ ਸਰਕਾਰੀ ਵਕੀਲ ਦੇ ਅਹੁਦੇ ਤੋਂ ਅਤੇ ਨਾਲ ਹੀ ਪੰਜਾਬ ਕੌਂਸਲ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ।

1985: ਸੁਖਜਿੰਦਰ ਸਿੰਘ ਵਜ਼ੀਰ ਨੇ ਕਿਹਾ "ਪੁਲਸ ਚੀਫ਼ ਮਨਿਸਟਰ ਤੋਂ ਪੁੱਛ ਕੇ ਦਰਬਾਰ ਸਾਹਿਬ ਵਿਚ ਛਾਪਾ ਮਾਰਨ ਜਾ ਸਕਦੀ ਹੈ"

ਬਰਨਾਲਾ ਦੀ ਹਕੂਮਤ ਆਉਣ ਮਗਰੋਂ ਪੁਲੀਸ ਦਰਬਾਰ ਸਾਹਿਬ ਵਿਚ ਕਈ ਵਾਰ ਦਾਖ਼ਿਲ ਹੋਈ। ਦਰਅਸਲ ਬਰਨਾਲਾ ਨੇ ਰਾਜੀਵ ਨਾਲ ਸਮਝੌਤਾ ਕੀਤਾ ਸੀ ਕਿ ਉਹ ਇੰਦਰਾ ਵੱਲੋਂ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਨੂੰ ਜਾਇਜ਼ ਸਾਬਿਤ ਕਰਨ ਵਾਸਤੇ ਦਰਬਾਰ ਸਾਹਿਬ ਵਿਚ ਪੁਲੀਸ ਭੇਜਿਆ ਕਰੇਗਾ। ਇਸੇ ਸ਼ਰਤ ਹੇਠ 25 ਅਕਤੂਬਰ ਨੂੰ ਦਰਬਾਰ ਸਾਹਿਬ 'ਚ ਪੁਲੀਸ ਅਤੇ ਸੀ. ਆਰ. ਪੀ. ਐਫ਼. ਫੇਰ ਦਾਖ਼ਿਲ ਹੋਈ ਅਤੇ ਹਰ ਕਮਰੇ ਦੀ ਤਲਾਸ਼ੀ ਲਈ। ਦਰਅਸਲ ਪੰਜਾਬ ਵਿਚ ਅਖੌਤੀ-ਅਕਾਲੀ ਸਰਕਾਰ ਆਉਣ ਨਾਲ ਜ਼ਰਾ ਮਾਸਾ ਵੀ ਫ਼ਰਕ ਨਹੀਂ ਸੀ ਪਿਆ। ਸਿਰਫ਼ ਵਜ਼ੀਰ ਬਦਲੇ ਸਨ। ਫ਼ਰਕ ਏਨਾ ਸੀ ਕਿ ਉਹ ਬਰਨਾਲੇ ਦੀ ਸਾਥੀ ਸਨ, ਸਿੱਧੇ ਕਾਂਗਰਸੀ ਨਹੀਂ (ਨੀਲੀਆਂ ਪੱਗਾਂ ਵਾਲੇ ਕਾਗਰਸੀ) ਸਨ। ਹੋਰ ਸਾਰਾ ਕੁਝ ਪਹਿਲਾਂ ਵਾਂਗ ਹੀ ਸੀ। ਇਸ ਤੋਂ ਵੀ ਸ਼ਰਮਨਾਕ ਗੱਲ ਇਹ ਸੀ ਕਿ ਹਰ ਦੂਜੇ-ਚੌਥੇ ਦਿਨ ਪੁਲੀਸ ਦਰਬਾਰ ਸਾਹਿਬ ਵਿਚ ਦਾਖ਼ਿਲ ਹੋ ਕੇ, ਸਰਾਂ ਦੇ ਕਮਰਿਆਂ ਦੇ ਤਾਲੇ ਤੋੜ ਕੇ, ਤਲਾਸ਼ੀਆਂ ਲੈਂਦੀ ਅਤੇ ਬੇਗੁਨਾਹ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਕਰਦੀ ਰਹਿੰਦੀ ਸੀ। ਅੰਗਰੇਜ਼ਾਂ ਵੇਲੇ, 7 ਜਨਵਰੀ

1924 ਦੇ ਦਿਨ, ਜਦੋਂ ਅੰਗਰੇਜ਼ੀ ਹੁਕਮਾਂ ਹੇਠ ਪੁਲੀਸ ਨੇ ਅਕਾਲ ਤਖ਼ਤ ਸਾਹਿਬ ਵੱਲ ਜਾਣ ਦੀ ਕੋਸ਼ਿਸ਼ ਕੀਤੀ ਤਾਂ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰ ਕੇ ਸਰਕਾਰ ਨੂੰ ਵਾਰਨਿੰਗ ਦਿੱਤੀ ਗਈ ਸੀ। ਇੰਵ ਹੀ 4 ਜੁਲਾਈ 1955 ਦੇ ਦਿਨ ਦਰਬਾਰ ਸਾਹਿਬ 'ਚ ਪੁਲੀਸ ਦਾਖ਼ਲੇ ਦੇ ਖ਼ਿਲਾਫ਼ ਸਿੱਖਾਂ ਨੇ ਜ਼ਬਰਦਸਤ ਤੂਫ਼ਾਨ ਲਿਆਂਦਾ ਸੀ, ਜਿਸ ਨੇ ਨਤੀਜੇ ਵਜੋਂ ਪੰਜਾਬ ਦੇ ਉਦੋਂ ਦੇ ਚੀਫ਼ ਮਨਿਸਟਰ ਭੀਮ ਸੈਨ ਸੱਚਰ ਨੇ 10 ਨਵੰਬਰ 1955 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਆਪ ਹਾਜ਼ਿਰ ਹੋ ਕੇ ਮੁਆਫ਼ੀ ਮੰਗੀ ਸੀ। ਪਰ ਹੁਣ ਤਾਂ ਅਖੌਤੀ-ਅਕਾਲੀ ਸਰਕਾਰ ਆਪ ਵਾਰ-ਵਾਰ ਪੁਲੀਸ ਨੂੰ ਦਰਬਾਰ ਸਾਹਿਬ ਵਿਚ ਭੇਜ ਰਹੀ ਸੀ। ਯਾਨਿ ਪੰਥਕ ਮਰਿਆਦਾ, ਅਕਾਲੀ ਦਲ ਦੀ ਪਾਲਿਸੀ, ਦਰਬਾਰ ਸਾਹਿਬ ਦੀ ਪਵਿੱਤਰਤਾ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਸਨ। ਇਸ ਸਾਰੀ ਕਾਰਵਾਈ ਦਾ ਇੰਚਾਰਜ ਕੈਪਟਨ ਕੰਵਲਜੀਤ ਸਿੰਘ ਵਜ਼ੀਰ ਸੀ। ਬਰਨਾਲਾ ਇਹ ਸਾਰਾ ਕੁਝ ਰਾਜੀਵ ਗਾਂਧੀ ਨੂੰ ਖ਼ੁਸ਼ ਕਰਨ ਵਾਸਤੇ ਕਰ ਰਿਹਾ ਸੀ ਤੇ ਰਾਜੀਵ ਗਾਂਧੀ ਚਾਹੁੰਦਾ ਸੀ ਕਿ ਜੂਨ 1984 ਦੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਨੂੰ ਸਹੀ ਤੇ ਜਾਇਜ਼ ਠਹਿਰਾਇਆ ਜਾਵੇ ਅਤੇ ਅਗੋਂ ਵੀ ਦਰਬਾਰ ਸਾਹਿਬ ਵਿਚ ਪੁਲੀਸ ਭੇਜਣਾ 'ਪੰਥ ਵਲੋਂ ਮਨਜ਼ੂਰ-ਸ਼ੁਦਾ' ਕਾਰਵਾਈ ਮੰਨੀ ਜਾਏ। ਹੈਰਾਨੀ ਦੀ ਗੱਲ ਇਹੋ ਹੈ ਕਿ ਦਰਬਾਰ ਸਾਹਿਬ 'ਚ ਪੁਲੀਸ ਭੇਜਣ ਦੇ ਖ਼ਿਲਾਫ਼ ਕੋਈ ਵੀ ਅਕਾਲੀ ਨਹੀਂ ਸੀ ਬੋਲਦਾ। ਸਭ ਤੋਂ ਵੱਧ ਦਿਲਚਸਪ ਬਿਆਨ, ਆਪਣੇ ਆਪ ਨੂੰ ਖਾੜਕੂ (ਤੇ ਖਾਲਿਸਤਾਨੀ) ਅਖਵਾ ਕੇ ਖ਼ੁਸ਼ ਹੋਣ ਵਾਲੇ, ਇਕ (ਅਕਾਲੀ) ਵਜ਼ੀਰ ਸੁਖਜਿੰਦਰ ਸਿੰਘ ਦਾ ਸੀ। ਉਸ ਨੇ 11 ਨਵੰਬਰ 1985 ਨੂੰ ਬਿਆਨ ਦਿੱਤਾ ਕਿ ''ਮੈਂ ਕੋਸ਼ਿਸ਼ ਕਰਾਂਗਾ ਕਿ ਅੱਗੋਂ ਪੁਲੀਸ ਚੀਫ਼ ਮਨਿਸਟਰ ਤੋਂ ਇਜਾਜ਼ਤ ਲਏ ਬਿਨਾਂ ਦਰਬਾਰ ਸਾਹਿਬ 'ਚ ਦਾਖ਼ਿਲ ਨਾ ਹੋਵੇ।" ਸੁਖਜਿੰਦਰ ਸਿੰਘ ਦਾ ਕਹਿਣਾ ਸੀ ਕਿ ਉਹ 'ਕੋਸ਼ਿਸ਼ ਕਰੇਗਾ' ਅਤੇ ਦੂਜਾ, 'ਚੀਫ਼ ਮਨਿਸਟਰ ਦੀ ਇਜਾਜ਼ਤ ਨਾਲ ਦਰਬਾਰ ਸਾਹਿਬ 'ਚ ਪੁਲੀਸ ਦਾ ਦਾਖ਼ਿਲ ਹੋਣਾ ਸਹੀ ਹੈ।"

1986: ਹੁਸ਼ਿਆਰਪੁਰ ਹਿੰਦੂ ਦਹਿਸ਼ਤਗਰਦਾਂ ਨੇ ਸਿੱਖਾਂ 'ਤੇ ਲਗਾਤਾਰ ਹਮਲੇ ਕਰਨੇ ਸ਼ੁਰੂ ਕੀਤੇ

ਪਹਿਲਾਂ ਵਾਂਗ, ਨਵੰਬਰ 1986 ਵਿਚ ਵੀ, ਦਹਿਸ਼ਤਗਰਦ ਹਿੰਦੂਆਂ ਨੇ ਪੰਜਾਬ, ਦਿੱਲੀ, ਹਰਿਆਣਾ, ਯੂ.ਪੀ. ਅਤੇ ਹੋਰ ਸੂਬਿਆਂ ਵਿਚ ਸਿੱਖਾਂ ਉੱਤੇ ਹਮਲੇ ਕੀਤੇ ਤੇ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਅੱਗਾਂ ਲਾਈਆਂ। ਇਨ੍ਹਾਂ ਵਿਚ ਸਭ ਤੋਂ ਵਧ ਗੁੰਡਾਗਰਦੀ ਹੁਸ਼ਿਆਰਪੁਰ ਵਿਚ ਹੋਈ। ਹਿੰਦੂਆਂ ਨੇ ਏਥੇ 11 ਨਵੰਬਰ 1986 ਦੇ ਦਿਨ ਸੜਕਾਂ ਤੇ ਗਲੀਆਂ ਵਿਚ ਚਲ ਰਹੇ ਸਿੱਖ ਮਰਦਾਂ, ਔਰਤਾਂ ਅਤੇ ਬੱਚਿਆਂ ਉੱਤੇ ਵੀ ਪਥਰਾਓ ਕੀਤਾ।

1988: ਇੰਗਲੈਂਡ ਵਿਚ ਸ਼ਾਧ ਦਰਸ਼ਨ ਦਾਸ ਨੂੰ ਕਤਲ ਕੀਤਾ ਗਿਆ

ਸਿੱਖਾਂ ਦੇ ਖ਼ਿਲਾਫ਼ ਬਹੁਤ ਜ਼ਹਰੀਲਾ ਪ੍ਰਚਾਰ ਕਰਨ ਵਾਲਾ ਤੇ ਧਮਕੀਆਂ ਦੇਣ ਵਾਲਾ, ਸਾਧ ਦਰਸ਼ਨ ਦਾਸ ਸਰਕਾਰੀ ਸਰਪ੍ਰਸਤੀ ਹੇਠ ਥਾਂ ਥਾ 'ਤੇ ਸਿੱਖਾਂ ਦੇ ਖ਼ਿਲਾਫ਼ ਪਰਚਾਰ ਕਰਦਾ ਹੁੰਦਾ ਸੀ। ਨਵੰਬਰ 1988 ਵਿਚ ਉਹ ਨੂੰ ਇਗਲੈਂਡ ਵੀ ਗਿਆ ਅਤੇ ਕਈ ਥਾਂਈਂ ਸਿੱਖਾਂ ਦੇ ਖ਼ਿਲਾਫ਼ ਜ਼ਹਰੀਲੀਆਂ ਤਕਰੀਰਾਂ ਕੀਤੀਆਂ। 11 ਨਵੰਬਰ ਦੇ ਦਿਨ ਉਹ ਸਾਊਥਾਲ ਵਿਚ ਇਕ ਇਕੱਠ ਕਰ ਕੇ ਸਿੱਖਾਂ ਦੇ ਖ਼ਿਲਾਫ਼ ਬੋਲ ਕੇ ਉਨ੍ਹਾਂ ਨੂੰ ਚੈਲੰਜ ਕਰ ਰਿਹਾ ਸੀ ਤਾਂ ਉਸ ਨੂੰ ਕਤਲ ਕਰ ਦਿੱਤਾ ਗਿਆ। (ਇਸ ਕੇਸ 'ਚ ਮਨਜੀਤ ਸਿੰਘ ਤੇ ਰਜਿੰਦਰ ਸਿੰਘ ਗ੍ਰਿਫ਼ਤਾਰ ਕੀਤੇ ਗਏ। ਖਾਲਿਸਤਾਨੀ ਲੀਡਰਾਂ ਨੇ ਉਨ੍ਹਾਂ ਤੋਂ ਅਦਾਲਤ ਵਿਚ ਗਰਮ-ਗਰਮ ਤੇ ਗ਼ਲਤ ਬਿਆਨ ਦਿਵਾਏ ਜਿਸ ਕਾਰਨ ਅਦਾਲਤ ਨੇ ਉਨ੍ਹਾਂ ਦੋਹਾਂ ਨੂੰ ਬੜੀਆਂ ਲੰਮੀਆਂ ਕੈਦਾਂ ਦੀ ਸਜ਼ਾ ਦਿਤੀ। ਉਹ 24 ਸਾਲ ਬੀਤਣ ਮਗਰੋਂ, ਨਵੰਬਰ 2014 ਤਕ, ਵੀ ਰਿਹਾ ਨਹੀਂ ਹੋ ਸਕੇ)।

1989: ਸੁਖਵਿੰਦਰ ਸਿੰਘ, ਸੁਰਿੰਦਰ ਸਿੰਘ ਛਿੰਦਾ ਮਹਿੰਦੀਪੁਰ ਅਤੇ ਗੁਰਦੇਵ ਸਿੰਘ ਬੱਗੂ ਪੰਜ ਗਰਾਈਆਂ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

11 ਨਵੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਸੁਖਵਿੰਦਰ ਸਿੰਘ ਉਰਫ਼ ਗੱਦੀ (ਪੁੱਤਰ ਹਰਨਾਮ ਸਿੰਘ, ਵਾਸੀ ਮਰੂੜ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਸੁਰਿੰਦਰ ਸਿੰਘ ਛਿੰਦਾ ਉਰਫ਼ ਜਾਗੋ (ਵਾਸੀ ਮਹਿੰਦੀਪੁਰ, ਅੰਮ੍ਰਿਤਸਰ) ਅਤੇ ਗੁਰਦੇਵ ਸਿੰਘ ਬੱਗੂ, (ਵਾਸੀ ਪੰਜ ਗਰਾਈਆਂ, ਗੁਰਦਾਸਪੁਰ) ਨੂੰ ਵੀ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸੁਖਦੇਵ ਸਿੰਘ ਧੂਲ ਕੋਹਨਾ, ਮੁਖ਼ਤਿਆਰ ਸਿੰਘ ਭੂਰਾ ਕੋਹਨਾ ਤੇ ਵੈਰੋਵਾਲ ਦਾ ਪੱਪੂ, ਸੁਰਜੀਤ ਸਿੰਘ ਸੀਤਾ ਧਰਮਾਬਾਦ, ਗੁਰਨਾਮ ਸਿੰਘ ਤੀਰ ਆਸਲ, ਬਲਬੀਰ ਸਿੰਘ ਕਲਸੀ, ਕੁਲਦੀਪ ਸਿੰਘ ਮਾਛੀਕੇ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

11 ਨਵੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਸੁਖਦੇਵ ਸਿੰਘ ਉਰਫ਼ ਕਾਲਾ (ਪੁੱਤਰ ਵਿਰਸਾ ਸਿੰਘ, ਵਾਸੀ ਧੂਲ ਕੋਹਨਾ), ਮੁਖ਼ਤਿਆਰ ਸਿੰਘ ਉਰਫ਼ ਮੰਡ (ਪੁੱਤਰ ਅਮਰ ਸਿੰਘ, ਵਾਸੀ ਭੂਰਾ ਕੋਹਨਾ) ਅਤੇ ਪੱਪੂ (ਪੁੱਤਰ ਜਰਨੈਲ ਸਿੰਘ, ਵਾਸੀ ਵੈਰੋਵਾਲ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਸੁਰਜੀਤ ਸਿੰਘ ਸੀਤਾ, ਉਰਫ਼ ਪੈਂਟਾ (ਵਾਸੀ ਧਰਮਾਬਾਦ), ਗੁਰਨਾਮ ਸਿੰਘ ਤੀਰ (ਵਾਸੀ ਆਸਲ), ਬਲਬੀਰ ਸਿੰਘ ਕਲਸੀ, ਕੁਲਦੀਪ ਸਿੰਘ (ਵਾਸੀ ਮਾਛੀਕੇ) ਨੂੰ ਵੀ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਸੁਖਦੇਵ ਸਿੰਘ ਸੁਲਤਾਨਵਿੰਡ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

11 ਨਵੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਸੁਖਦੇਵ ਸਿੰਘ ਉਰਫ਼ ਸੁੱਖਾ (ਪੁੱਤਰ ਬਲਬੀਰ ਸਿੰਘ, ਵਾਸੀ ਸੁਲਤਾਨਵਿੰਡ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਮੁਕੰਦ ਸਿੰਘ ਧੌਲਾ ਗ੍ਰਿਫ਼ਤਾਰ ਅਤੇ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 11 ਨਵੰਬਰ 1991 ਦੇ ਦਿਨ ਮੁਕੰਦ ਸਿੰਘ (ਪੁੱਤਰ ਭਜਨ ਸਿੰਘ, ਵਾਸੀ ਪਿੰਡ ਧੌਲਾ) ਨੂੰ ਘਰੋਂ ਗ੍ਰਿਫ਼ਤਾਰ ਕੀਤਾ ਅਤੇ ਕੁਝ ਦਿਨ ਤਸੀਹੇ ਦੇਣ ਮਗਰੋਂ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਮੁਕੰਦ ਸਿੰਘ ਮਸ਼ਹੂਰ ਖਾੜਕੂ ਜਰਨੈਲ ਜਸਬੀਰ ਸਿੰਘ ਭਾਗੀ ਬਾਂਦਰ ਦਾ ਨਾਨਾ ਸੀ। (ਮਗਰੋਂ ਪੁਲਸ ਨੇ ਜਸਬੀਰ ਸਿੰਘ ਭਾਗੀ ਬਾਂਦਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਉਸ ਨੂੰ 25 ਜੂਨ 1992 ਦੇ ਦਿਨ ਹਰਪਿੰਦਰ ਸਿੰਘ ਗੰਲਡੀ ਦੇ ਪੁਲਸ ਨਾਲ ਹੋਏ ਅਸਲੀ ਮੁਕਾਬਲੇ ਵਿਚ ਸ਼ਹੀਦ ਹੋਇਆ ਦਿਖਾ ਦਿੱਤਾ ਸੀ)।

1992 ਸਤਵਿੰਦਰ ਸਿੰਘ ਆਡਲੂ, ਸੁਖਦੇਵ ਸਿੰਘ ਸੱਜਾਵਾਲ, ਬਲਬੀਰ ਸਿੰਘ ਸੱਜਾਵਾਲ, ਕੁਲਵਿੰਦਰ ਸਿੰਘ ਟੀਟਾ, ਬਲਵਿੰਦਰ ਸਿੰਘ ਬਿੱਟੂ ਨਕਲੀ ਮੁਕਾਬਲੇ ਵਿਚ ਸ਼ਹੀਦ

11 ਨਵੰਬਰ 1992 ਦੇ ਦਿਨ ਪੰਜਾਬ ਪੁਲੀਸ ਨੇ ਸਤਵਿੰਦਰ ਸਿੰਘ ਆਡਲੂ, ਸੁਖਦੇਵ ਸਿੰਘ ਸੱਜਾਵਾਲ, ਬਲਬੀਰ ਸਿੰਘ ਸੱਜਾਵਾਲ, ਕੁਲਵਿੰਦਰ ਸਿੰਘ ਉਰਫ਼ ਟੀਟਾ, ਬਲਵਿੰਦਰ ਸਿੰਘ ਉਰਫ਼ ਬਿੱਟੂ (ਦੋਵੇਂ ਵਾਸੀ ਰਾਮਗੜ੍ਹ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

2009: 11 ਨਵੰਬਰ 2009 ਦੇ ਦਿਨ ਪੰਜਾਬ ਦੀ ਪਰਕਾਸ਼ ਸਿੰਘ ਬਾਦਲ ਸਰਕਾਰ ਦੀ ਵਜ਼ਾਰਤ ਨੇ ਭਾਰਤੀ ਪੀਨਲ ਕੋਡ ਦੀ ਧਾਰਾ 295 ਏ ਅਤੇ 153 ਏ ਵਿਚ ਸੋਧ ਕਰ ਕੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਕੇਸ ਵਿਚ ਸਖ਼ਤ ਸਜ਼ਾਵਾਂ ਦੇਣ ਵਾਸਤੇ ਤਰਮੀਮ ਨੂੰ ਮਨਜ਼ੂਰੀ ਦਿੱਤੀ। ਇਸ ਧਾਰਾ ਦਾ ਮੁਖ ਅਸਰ ਸਿਰਫ਼ ਸਿੱਖਾਂ 'ਤੇ ਹੀ ਹੋਣਾ ਸੀ ਤੇ ਇਸ ਹੇਠ ਮਗਰੋਂ ਕਈ ਸਿੱਖ ਪ੍ਰਚਾਰਕਾਂ 'ਤੇ ਝੂਠੇ ਮੁਕੱਦਮੇ ਬਣਾਏ ਵੀ ਗਏ।

12 ਨਵੰਬਰ

1675: ਗੁਰੂ ਤੇਗ਼ ਬਹਾਦਰ ਸਾਹਿਬ ਦੇ ਧੜ ਦਾ ਸਸਕਾਰ ਦਿੱਲੀ ਵਿਚ ਰਕਾਬ ਗੰਜ ਵਾਲੀ ਥਾਂ 'ਤੇ ਕੀਤਾ ਗਿਆ

ਗੁਰੂ ਤੇਗ਼ ਬਹਾਦਰ ਨੂੰ ਸ਼ਹੀਦ ਕਰਨ ਦਾ ਹੁਕਮ ਦੇਣ ਦੇ ਨਾਲ ਔਰੰਗਜ਼ੇਬ ਦਾ ਇਹ ਵੀ ਹੁਕਮ ਸੀ ਕਿ ਗੁਰੂ ਸਾਹਿਬ ਦੀ ਦੇਹ ਦੇ ਚਾਰ ਟੁਕੜੇ ਕਰ ਕੇ ਸ਼ਹਿਰ ਦੇ ਚਾਰੇ ਪਾਸੇ ਲਟਕਾ ਦਿਤੇ ਜਾਣ ਪਰ ਹਨੇਰਾ ਪੈ ਚੁਕਾ ਹੋਣ ਕਰ ਕੇ ਉਸ ਦੇ ਇਸ ਹੁਕਮ 'ਤੇ ਅਮਲ ਨਾ ਹੋ ਸਕਿਆ। ਉਧਰ ਭਾਈ ਜੈਤਾ, ਭਾਈ ਨਾਨੂ ਰਾਮ, ਭਾਈ ਤੁਲਸੀ ਤੇ ਭਾਈ ਊਦਾ ਨੇ ਗੁਰੂ ਸਾਹਿਬ ਦਾ ਸੀਸ ਚੁਕ ਕੇ ਲਿਆਉਣ ਦੀ ਤਰਕੀਬ ਘੜੀ। ਭਾਈ ਜੈਤਾ ਆਪਣੀ ਟੋਕਰੀ ਸਿਰ 'ਤੇ ਚੁਕ ਕੇ ਲੈ ਗਿਆ ਅਤੇ ਰਾਤ ਦੇ ਹਨੇਰੇ ਵਿਚ ਗੁਰੂ ਸਾਹਿਬ ਦਾ ਸੀਸ ਚੁਕ ਲਿਆਇਆ।

ਦੂਜੇ ਪਾਸੇ (ਭਾਈ ਮਨੀ ਸਿੰਘ ਦੇ ਸਹੁਰਾ) ਭਾਈ ਲੱਖੀ ਰਾਏ ਵਣਜਾਰਾ ਨੇ, ਆਪਣੇ ਪੁਤਰਾਂ ਭਾਈ ਨਿਗਾਹੀਆ, ਹੇਮਾ ਤੇ ਹਾੜੀ ਦੀ ਮਦਦ ਨਾਲ, ਗੁਰੂ ਸਾਹਿਬ ਦਾ ਧੜ ਚੁਕ ਲਿਆਂਦਾ ਅਤੇ ਆਪਣੇ ਘਰ ਦੇ ਅੰਦਰ (ਗੁਰਦੁਆਰਾ ਰਕਾਬ ਗੰਜ ਵਾਲੀ ਥਾਂ 'ਤੇ) ਹੀ ਧੜ ਦਾ ਸਸਕਾਰ ਕਰ ਦਿਤਾ।ਗੁਰੂ ਸਾਹਿਬ ਦੇ ਸੀਸ ਅਤੇ ਧੜ ਦੇ ਸਸਕਾਰ ਬਾਰੇ ਭੱਟ ਵਹੀ 'ਚ ਇਹ ਲਿਖਿਆ ਮਿਲਦਾ ਹੈ: *"ਲਖੀਆ ਬੇਟਾ ਗੋਧੂ ਕਾ, ਨਗਾਹੀਆ-ਹੇਮਾ-ਹਾੜੀ ਬੇਟੇ ਲਖੀਏ ਕੇ, ਜਾਦੋ ਬੰਸੀਏ, ਬੜਤੀਏ ਕਨਾਉਂਤ, ਨਾਇਕ ਧੂੰਮਾ ਬੇਟਾ ਕਾਨ੍ਹੇ ਕਾ, ਤੁੰਮਰ ਬਿੰਜਲਉਂਤ, ਗੁਰੂ ਤੇਗ਼ ਬਹਾਦਰ ਜੀ ਮਹਲ ਨਾਂਵਾਂ ਕੀ ਲਾਸ਼ ਉਠਾਏ ਲਾਏ, ਸਾਲ ਸਤਰਾਂ ਸੈ ਬੱਤੀਸ, ਮੰਗਹਰ ਸੁਦੀ ਛੱਟ, ਗੁਰੂਵਾਰ ਕੇ ਦਿਹੁੰ। ਦਾਗ਼ ਕੀਆ ਰਸੀਨਾ ਗਾਮ ਮੇਂ ਆਧ ਘਰੀ ਰੈਨ ਰਹੀ"।* (ਭੱਟ ਵਹੀ ਜਾਦੋਬੰਸੀਆਂ ਕੀ, ਖਾਤਾ ਬੜਤੀਏ ਕਨਾਉਂਤੋਂ ਕਾ)। ਉਦੋਂ ਰਾਇਸੀਨਾ ਪਿੰਡ ਦੀ ਸਾਰੀ ਜ਼ਮੀਨ ਭਾਈ ਲੱਖੀ ਰਾਏ ਵਣਜਾਰਾ ਦੀ ਸੀ। ਅਜ ਜਿਸ ਜਗਹ ਰਾਸ਼ਟਰਪਤੀ ਭਵਨ, ਪਾਰਲੀਮੈਂਟ ਬਣੇ ਹੋਏ ਹਨ ਇਹ ਸਾਰੀ ਜਗਹ ਭਾਈ ਲੱਖੀ ਰਾਏ ਦੀ ਸੀ ਤੇ ਅੰਗਰੇਜ਼ਾਂ ਨੇ 1913 ਵਿਚ ਦਿੱਲੀ ਨੂੰ ਰਾਜਧਾਨੀ ਬਣਾਉਣ ਸਮੇਂ ਜਬਰੀ ਐਕੁਆਇਰ ਕੀਤੀ ਸੀ। ਅੰਗਰੇਜ਼ਾਂ ਨੇ 14 ਜਨਵਰੀ 1914 ਨੂੰ ਗੁਰਦੁਆਰਾ ਰਕਾਬ ਗੰਜ ਦੀ ਬਾਹਰਲੀ ਕੰਧ ਵੀ ਢਾਹ ਦਿੱਤੀ ਸੀ ਅਤੇ ਇਸ ਦਾ ਕੁਝ ਹਿੱਸਾ ਵੀ ਕਬਜ਼ੇ ਵਿਚ ਲੈਣਾ ਚਾਹੁੰਦੇ ਸਨ ਪਰ ਸਿੱਖਾਂ ਨੇ ਇਸ ਦਾ ਵਿਰੋਧ ਕੀਤਾ ਅਤੇ ਇਸ ਵਾਸਤੇ ਮੋਰਚਾ ਲਾਉਣਾ ਪਿਆ ਸੀ।

1736: ਸਿੱਖਾਂ ਤੇ ਮੁਗ਼ਲ ਫ਼ੌਜਾਂ ਵਿਚ ਹੋਈ ਲੜਾਈ ਵਿਚ ਮੁਗ਼ਲ ਜਰਨੈਲ ਜਮਾਲ ਖ਼ਾਨ, ਤਾਤਾਰ ਖ਼ਾਨ ਤੇ ਹਿੰਦੂ ਜਰਨੈਲ ਚੂਨੀ ਚੰਦ ਮਾਰੇ ਗਏ

1736 ਵਿਚ ਜ਼ਕਰੀਆ ਖ਼ਾਨ ਨੇ ਦਸ ਹਜ਼ਾਰ ਗਸ਼ਤੀ ਫ਼ੌਜ ਭਰਤੀ ਕੀਤੀ ਅਤੇ ਇਸ ਦੀ ਕਮਾਨ ਆਪਣੇ ਹਿੰਦੂ ਦੀਵਾਨ ਲਖਪਤ ਰਾਏ ਤੇ ਆਪਣੇ ਭਤੀਜੇ ਮੁਖ਼ਲਿਸ ਖ਼ਾਨ ਨੂੰ ਸੌਂਪ ਦਿੱਤੀ। ਇਸ ਫ਼ੌਜ ਨੇ ਬਹੁਤ ਸਾਰੇ ਸਿੱਖਾਂ ਦਾ ਘਾਣ ਕੀਤਾ। ਇਸ ਫ਼ੌਜ ਦੇ ਜ਼ੁਲਮ ਕਾਰਨ ਸਿੱਖ ਕੁਝ ਚਿਰ ਵਾਸਤੇ ਮਾਲਵੇ ਵਲ ਨਿਕਲ ਗਏ ਤੇ ਫਿਰ ਜਥੇਬੰਦ ਹੋ ਕੇ ਵਾਪਿਸ ਆ ਗਏ। ਇਸ ਸਮੇਂ ਦੌਰਾਨ 12 ਨਵੰਬਰ 1736 ਦੇ ਦਿਨ ਸਿੱਖਾਂ ਦੀ ਇਕ ਟੱਕਰ ਪਿੰਡ ਹੁਜਰਾ ਸ਼ਾਹ ਮੁਕੀਮ

ਕੋਲ ਹੋਈ ਜਿਸ ਵਿਚ ਮੁਗ਼ਲ ਫ਼ੌਜ ਦੇ ਤਿੰਨ ਜਰਨੈਲ ਦੁਨੀ ਚੰਦ (ਭਤੀਜਾ ਲਖਪਤ ਰਾਏ), ਜਮਾਲ ਖ਼ਾਨ ਤੇ ਤਾਤਾਰ ਖ਼ਾਨ ਮਾਰੇ ਗਏ। ਹੁਣ ਜ਼ਕਰੀਆ ਖ਼ਾਨ ਨੇ ਹੋਰ ਵੀ ਸਖਤੀ ਸ਼ੁਰੂ ਕਰ ਦਿੱਤੀ। ਇਸ 'ਤੇ ਸਿੱਖਾਂ ਨੇ ਗੁਰੀਲਾ ਜੰਗ ਸ਼ੁਰੂ ਕਰ ਦਿੱਤੀ। ਜ਼ਕਰੀਆ ਖ਼ਾਨ ਨੇ ਗੁਰੂ-ਦਾ-ਚੱਕ (ਅੰਮ੍ਰਿਤਸਰ) ਵਿਚ ਕਾਜ਼ੀ ਅਬਦੁਲ ਰਜ਼ਾਕ ਤੇ ਮੁਹੰਮਦ ਬਖ਼ਸ਼ ਦੀ ਕਮਾਨ ਹੇਠ ਇਕ ਪੱਕੀ ਚੌਕੀ ਕਾਇਮ ਕਰ ਦਿਤੀ ਜਿਸ ਨਾਲ ਉਧਰ ਆਉਣ ਵਾਲੇ ਸਿੱਖਾਂ ਵਿਚੋਂ ਬਹੁਤ ਸ਼ਹੀਦ ਹੋ ਜਾਂਦੇ ਰਹੇ।ਸਿੱਖਾਂ 'ਤੇ ਜ਼ੁਲਮ ਦੀ ਇਹ ਹਾਲਤ ਬਹੁਤੀ ਦੇਰ ਕਾਇਮ ਨਾ ਰਹੀ। ਹੌਲੀ-ਹੌਲੀ ਜ਼ਕਰੀਆ ਖ਼ਾਨ ਫਿਰ ਠੰਡਾ ਹੋ ਗਿਆ। ਹੁਣ ਸਿੱਖਾਂ ਨੇ ਲਾਹੌਰ ਅਤੇ ਅੰਮ੍ਰਿਤਸਰ ਦੇ ਵਿਚਕਾਰ, ਰਿਆੜਕੀ ਦੇ ਇਲਾਕੇ ਵਿਚ, ਪਿੰਡ ਡਲੇਵਾਲ ਕੋਲ ਇਕ ਨਿੱਕਾ ਜਿਹਾ ਕੱਚਾ ਕਿਲ੍ਹਾ ਵੀ ਬਣਾ ਲਿਆ ਤਾਂ ਜੋ ਉਹ ਮੁਸ਼ਕਿਲ ਵਿਚ, ਕੁਝ ਚਿਰ ਵਾਸਤੇ, ਆਪਣਾ ਸਿਰ ਛੁਪਾ ਸਕਣ। ਸਿੱਖ ਕਈ ਪਾਸੇ, ਖ਼ਾਸ ਕਰ ਕੇ ਸ਼ਾਹ ਰਾਹ (ਉਦੋਂ ਦੀ ਜੀ.ਟੀ.ਰੋਡ) 'ਤੇ ਨਾਕਾ ਲਾ ਕੇ ਸ਼ਾਹੀ ਖ਼ਜ਼ਾਨਾ ਤੇ ਅਮੀਰਾਂ ਦੇ ਕਾਫ਼ਲੇ ਲੁੱਟ ਲਿਆ ਕਰਦੇ ਸਨ। ਹੌਲੀ-ਹੌਲੀ ਹਾਲਾਤ ਇਹੋ ਜਿਹੇ ਬਣ ਗਏ ਕਿ ਇਸ ਇਲਾਕੇ ਨੂੰ ਸਿੱਖਾਂ ਦੀ ਹਕੂਮਤ ਵਾਲੀ ਰਿਆਸਤ ਮੰਨਿਆ ਜਾਣ ਲਗ ਪਿਆ। ਇੱਥੇ ਦਿੱਲੀ ਜਾਂ ਲਾਹੌਰ ਦੀ ਹਕੂਮਤ ਦਾ ਕੋਈ ਜ਼ੋਰ ਨਹੀਂ ਸੀ ਚਲਦਾ।

1987: ਸਵਰਨਜੀਤ ਸਿੰਘ ਅਲਾਦੀਨਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

12 ਨਵੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਸਵਰਨਜੀਤ ਸਿੰਘ (ਪੁੱਤਰ ਚੰਨਣ ਸਿੰਘ, ਵਾਸੀ ਅਲਾਦੀਨਪੁਰ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਨਿਰਵੈਰ ਸਿੰਘ ਨੀਲਾ ਕੋਟਲਾ ਬੱਝਾ ਸਿੰਘ ਨਕਲੀ ਮੁਕਾਬਲੇ ਚ ਸ਼ਹੀਦ

12 ਨਵੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਮੋਹਿੰਦਰ ਸਿੰਘ ਫ਼ੌਜੀ ਉਰਫ਼ ਫੂਲਾ ਸਿੰਘ ਮਾਮਾ ਪੱਧਰੀ ਤੇ ਗੁਰਮੁੱਖ ਸਿੰਘ ਪੱਧਰੀ (ਦੋਵੇਂ ਵਾਸੀ ਪੱਧਰੀ) ਤੇ ਗੁਰਮੀਤ ਸਿੰਘ ਢਪਈ, ਗੁਰਦਾਸਪੁਰ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਹਰਨਾਮ ਸਿੰਘ ਸਾਂਝਣਾ, ਬਲਦੇਵ ਸਿੰਘ ਭਾਮਰੀ, ਹਰਜੀਤ ਸਿੰਘ ਚੱਕ ਰਾਮਸਿੰਘਵਾਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

12 ਨਵੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਹਰਨਾਮ ਸਿੰਘ (ਪੁੱਤਰ ਗੁਰਾ ਸਿੰਘ, ਵਾਸੀ ਸਾਂਝਣਾ, ਜ਼ਿਲ੍ਹਾ ਅੰਮ੍ਰਿਤਸਰ), ਬਲਦੇਵ ਸਿੰਘ (ਪੁੱਤਰ ਅੱਛਰ ਸਿੰਘ, ਵਾਸੀ ਭਾਮਰੀ, ਜ਼ਿਲ੍ਹਾ ਗੁਰਦਾਸਪੁਰ), ਹਰਜੀਤ ਸਿੰਘ (ਪੁੱਤਰ ਜਰਨੈਲ ਸਿੰਘ, ਵਾਸੀ ਚੱਕ ਰਾਮਸਿੰਘਵਾਲਾ, ਨੇੜੇ ਭੁੱਚੋ ਮੰਡੀ, ਜ਼ਿਲ੍ਹਾ ਬਠਿੰਡਾ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992 ਬੂਆ ਸਿੰਘ, ਤਰਸੇਮ ਸਿੰਘ ਮੱਤੇਵਾਲ, ਪਰਗਟ ਸਿੰਘ ਭੋਲਾ ਨਕਲੀ ਮੁਕਾਬਲੇ ਵਿਚ ਸ਼ਹੀਦ

12 ਨਵੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਬੂਆ ਸਿੰਘ, ਤਰਸੇਮ ਸਿੰਘ ਅਜ਼ਾਦ (ਪੁੱਤਰ ਕੁੰਦਨ ਸਿੰਘ, ਵਾਸੀ ਮੱਤੇਵਾਲ) ਤੇ ਪਰਗਟ ਸਿੰਘ ਉਰਫ਼ ਭੋਲਾ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

13 ਨਵੰਬਰ

1862: ਪਟਿਆਲਾ ਦੇ ਰਾਜੇ ਰਾਜਾ ਨਰਿੰਦਰ ਸਿੰਘ ਦੀ ਮੌਤ ਹੋਈ

ਪਟਿਆਲੇ ਦੇ ਰਾਜੇ ਨਰਿੰਦਰ ਸਿੰਘ ਦੀ ਮੌਤ 13 ਨਵੰਬਰ 1862 ਦੇ ਦਿਨ ਹੋਈ। ਪਟਿਆਲਾ ਰਿਆਸਤ ਚੌਧਰੀ ਫੂਲ ਦੇ ਪੁਤਰ ਰਾਮ ਸਿੰਘ ਦੇ ਬੇਟੇ ਆਲਾ ਸਿੰਘ ਨੇ ਸ਼ੁਰੂ ਕੀਤੀ ਸੀ। ਪਟਿਆਲਾ, ਬਠਿੰਡਾ, , ਪਿੰਜੌਰ, ਚੈਲ ਵਗੈਰਾ ਉਸ ਦੇ ਇਲਾਕੇ ਵਿਚ ਸ਼ਾਮਿਲ ਸਨ। ਆਲਾ ਸਿੰਘ ਦੀ ਮੌਤ ਤੋਂ ਮਗਰੋਂ ਉਸ ਦਾ ਪੋਤਾ ਅਮਰ ਸਿੰਘ, ਉਸ ਮਗਰੋਂ ਉਸ ਦਾ ਪੁਤਰ ਸਾਹਿਬ ਸਿੰਘ, ਉਸ ਮਗਰੋਂ ਉਸ ਦਾ ਪੁਤਰ ਕਰਮ ਸਿੰਘ, ਉਸ ਮਗਰੋਂ ਉਸ ਦਾ ਪੁਤਰ ਨਰੇਂਦਰ ਸਿੰਘ ਗੱਦੀ 'ਤੇ ਬੈਠਾ ਸੀ। ਰਾਜਾ ਨਰਿੰਦਰ ਸਿੰਘ ਦੀ ਮੌਤ ਮਗਰੋਂ ਉਸ ਦਾ ਪੁਤਰ ਮਹੇਂਦਰ ਸਿੰਘ (ਤੇ ਉਸ ਮਗਰੋਂ ਉਸ ਦਾ ਪੁਤਰ ਰਜੇਂਦਰ ਸਿੰਘ, ਉਸ ਦਾ ਪੁਤਰ ਭੂਪੇਂਦਰ ਸਿੰਘ, ਉਸ ਦਾ ਪੁਤਰ ਯਾਦਵੇਂਦਰ ਸਿੰਘ ਰਾਜੇ ਬਣੇ)। 1948 ਵਿਚ ਭਾਰਤ ਸਰਕਾਰ ਨੇ ਪੰਜਾਬ ਦੀਆਂ ਸਾਰੀਆਂ ਰਿਆਸਤਾਂ ਨੂੰ ਇਕਠਿਆਂ ਕਰ ਕੇ, ਪੈਪਸੂ ਸੂਬਾ ਬਣਾ ਦਿੱਤਾ ਅਤੇ ਉਸ ਦੀ ਰਿਆਸਤ ਖਤਮ ਕਰ ਦਿੱਤੀ। ਮਹਾਰਾਜਾ ਯਾਦਵੇਂਦਰ ਸਿੰਘ ਦਾ ਪੁਤਰ ਕੈਪਟਨ ਅਮਰਿੰਦਰ ਸਿੰਘ 2002 'ਚ ਪੰਜਾਬ ਦਾ ਚੀਫ਼ ਮਨਿਸਟਰ ਬਣਿਆ।

1920: ਸਰਕਾਰ ਨੇ ਸ਼੍ਰੋਮਣੀ ਕਮੇਟੀ ਬਣਨੋਂ ਰੋਕਣ ਵਾਸਤੇ ਇਕ 36 ਮੈਂਬਰੀ ਕਮੇਟੀ ਬਣਾਈ ਤੇ ਪਟਿਆਲਾ ਦੇ ਰਾਜਾ ਭੂਪਿੰਦਰ ਸਿੰਘ ਨੂੰ ਮੁਖੀ ਬਣਾਇਆ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਕਰਨ ਵਾਸਤੇ ਪੰਥ ਦਾ ਸਰਬੱਤ ਖਾਲਸਾ ਇਕੱਠ 15 ਨਵੰਬਰ ਨੂੰ 1920 ਦੇ ਦਿਨ ਹੋਣਾ ਸੀ। ਇਸ ਤੋਂ 2 ਦਿਨ ਪਹਿਲਾਂ, 13 ਨਵੰਬਰ ਦੇ ਦਿਨ, ਮਹਾਰਾਜਾ ਭੂਪਿੰਦਰਾ ਸਿੰਘ (ਪਟਿਆਲਾ), ਸੁੰਦਰ ਸਿੰਘ ਮਜੀਠਾ, ਨਿਹਾਲ ਸਿੰਘ ਪਟਿਆਲਾ, ਬਚਿਤਰ ਸਿੰਘ ਜੀਂਦ, ਰਘਬੀਰ ਸਿੰਘ ਸੰਧਾਂਵਾਲੀਆ, ਸੋਹਣ ਸਿੰਘ ਰਾਵਲਪਿੰਡੀ, ਤਖਤ ਸਿੰਘ ਫਿਰੋਜ਼ਪੁਰ, ਸੁੰਦਰ ਸਿੰਘ ਰਾਮਗੜ੍ਹੀਆ, ਫਤਹਿ ਸਿੰਘ ਗ੍ਰੰਥੀ, ਸ਼ਿਵਦੇਵ ਸਿੰਘ ਸਿਆਲਕੋਟ, ਮਿਹਰ ਸਿੰਘ ਲਾਹੌਰ, ਮਾਨ ਸਿੰਘ ਅੰਬਾਲਾ ਅਤੇ ਪ੍ਰੋ: ਜੋਧ ਸਿੰਘ ਪੰਜਾਬ ਦੇ ਗਵਰਨਰ ਨੂੰ ਮਿਲੇ। ਉਨ੍ਹਾਂ ਸਾਰਿਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਨੂੰ ਰੋਕਣ ਦੀ ਸਕੀਮ ਬਣਾਈ। ਇਸ ਦੇ ਪਹਿਲੇ ਕਦਮ ਵਜੋਂ ਗਵਰਨਰ ਪੰਜਾਬ ਨੇ ਗੁਰਦੁਆਰਾ ਇੰਤਜ਼ਾਮ ਵਾਸਤੇ ਇਕ 36 ਮੈਂਬਰੀ ਕਮੇਟੀ ਦਾ ਐਲਾਨ ਕਰ ਦਿੱਤਾ। ਇਸ ਕਮੇਟੀ ਵਿਚ ਹੇਠ ਲਿਖੇ ਸ਼ਾਮਿਲ ਸਨ: 1. ਮਹਾਰਾਜਾ ਭੂਪਿੰਦਰਾ ਸਿੰਘ 2. ਨਿਹਾਲ ਸਿੰਘ ਜੱਜ ਪਟਿਆਲਾ 3. ਬਚਿਤਰ ਸਿੰਘ ਜੱਜ ਜੀਂਦ 4. ਬਿਅੰਤ ਸਿੰਘ ਜੱਜ ਨਾਭਾ 5. ਪੂਰਨ ਸਿੰਘ ਕਪੂਰਥਲਾ 6. ਇੰਦਰ ਸਿੰਘ ਫ਼ਰੀਦਕੋਟ 7. ਭਾਗ ਸਿੰਘ ਕਲਸੀਆ 8. ਫ਼ਤਹਿ ਸਿੰਘ ਗ੍ਰੰਥੀ ਅੰਮ੍ਰਿਤਸਰ 9. ਮਿਹਰ ਸਿੰਘ ਲਾਹੌਰ 10. ਸੁੰਦਰ ਸਿੰਘ ਮਜੀਠਾ 11. ਹਰਬੰਸ ਸਿੰਘ ਅਟਾਰੀ 12. ਬਘੇਲ ਸਿੰਘ ਭੱਲਾ 13. ਬਖਤਾਵਰ ਸਿੰਘ ਕੌਲਗੜ੍ਹ 14. ਸੁੰਦਰ ਸਿੰਘ ਰਾਮਗੜ੍ਹੀਆ 15. ਤਖਤ ਸਿੰਘ ਫ਼ੀਰੋਜ਼ਪੁਰ 16. ਗੁਰਬਖਸ਼ ਸਿੰਘ ਪਟਿਆਲਾ 17. ਕੈਪਟਨ ਰਾਮ ਸਿੰਘ ਲੁਧਿਆਣਾ 18. ਭਾਈ ਜੋਧ ਸਿੰਘ 19. ਸ਼ਿਵਦੇਵ ਸਿੰਘ 20. ਰਾਜਾ ਸਿੰਘ ਪਿਸ਼ਾਵਰ 21. ਮਾਨ ਸਿੰਘ ਅੰਬਾਲਾ 22. ਉੱਜਲ ਸਿੰਘ 23. ਦੀਦਾਰ ਸਿੰਘ ਅੰਮ੍ਰਿਤਸਰ 24. ਬਾਬਾ ਖੜਕ ਸਿੰਘ 25. ਕਿਹਰ ਸਿੰਘ ਪੱਟੀ 26. ਡਾਕਟਰ ਗੁਰਬਖਸ਼ ਸਿੰਘ ਅੰਮ੍ਰਿਤਸਰ 27. ਬਹਾਦਰ ਸਿੰਘ ਘਵਿੰਡ 28. ਹਰਚੰਦ ਸਿੰਘ ਲਾਇਲਪੁਰੀ 29. ਤੇਜਾ ਸਿੰਘ ਬੁਰਜ 30. ਤੀਰਥ ਸਿੰਘ ਘਰਜਾਖ 31. ਟਿੱਕਾ ਰਾਮ ਨਾਰਾਇਣ ਸਿੰਘ। ਇਨ੍ਹਾਂ 31 ਤੋਂ ਇਲਾਵਾ ਨਿਹੰਗਾਂ ਦੇ ਮੁਖੀ ਵੀ ਸ਼ਾਮਿਲ ਹੋਣੇ ਸਨ। ਇਸ 36 ਮੈਂਬਰੀ ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ ਅਟਾਰੀ ਹੋਣੇ ਸਨ। ਸਰਕਾਰ ਵਲੋਂ ਨਾਮਜ਼ਦ ਕੀਤੇ 36 ਮੈਂਬਰਾਂ ਵਿਚੋਂ ਦੋ-ਤਿਹਾਈ ਤੋਂ ਵੱਧ ਸਰਕਾਰ ਦੇ ਖੁਸ਼ਾਮਦੀ

ਸਨ। ਇਨ੍ਹਾਂ ਵਿਚੋਂ ਘਟੋ-ਘਟ 25 ਮੈਂਬਰ ਤਾਂ ਪਾਹੁਲੀਏ (ਅੰਮ੍ਰਿਤਧਾਰੀ) ਵੀ ਨਹੀਂ ਸਨ। ਪਰ 14-15 ਨਵੰਬਰ ਦੀ ਰਾਤ ਨੂੰ ਇਸ ਕਮੇਟੀ ਦੇ ਬਹੁਤ ਸਾਰੇ ਮੈਂਬਰ ਅੰਮ੍ਰਿਤਸਰ ਪੁਜ ਗਏ ਤੇ ਉਨ੍ਹਾਂ ਨੇ ਅਗਲੇ ਦਿਨ ਹੋਣ ਵਾਲੀ ਮੁਕੰਮਲ ਕਮੇਟੀ ਦੀ ਚੋਣ ਵਾਸਤੇ ਰਜ਼ਾਮੰਦੀ ਜ਼ਾਹਿਰ ਕੀਤੀ। ਸਰਕਾਰ, ਮਹਾਰਾਜਾ ਪਟਿਆਲਾ ਅਤੇ ਸਰਕਾਰ ਦੇ ਹੋਰ ਖੈਰ-ਖ੍ਵਾਹ ਭਾਵੇਂ ਇਕੱਠੇ ਤਾਂ ਹੋ ਗਏ ਤੇ ਇਕ ਕਮੇਟੀ ਦਾ ਐਲਾਨ ਵੀ ਕਰ ਦਿੱਤਾ ਪਰ ਇਸ ਦੇ ਬਾਵਜੂਦ 15 ਨਵੰਬਰ 1920 ਦੇ ਦਿਨ ਸਰਬੱਤ ਖਾਲਸਾ ਇਕੱਠ ਹੋਇਆ ਅਤੇ ਸ਼੍ਰੋਮਣੀ ਕਮੇਟੀ ਬਣਾਈ ਗਈ।

1923: ਬਬਰ ਅਕਾਲੀਆਂ ਨੇ ਕੋਟਲੀ ਬਾਵਾ ਦਾਸ ਦਾ ਮੁਖ਼ਬਰ ਜੁਆਲਾ ਸਿੰਘ ਸੋਧਿਆ

ਸਿੱਖਾਂ ਦੇ ਕਾਤਲਾਂ, ਦੁਸ਼ਟਾਂ ਤੇ ਸਰਕਾਰੀ ਮੁਖ਼ਬਰਾਂ ਨੂੰ ਸੋਧਣ ਵਾਤੇ 1921 ਦੇ ਅਖ਼ੀਰ ਵਿਚ ਸ਼ੁਰੂ ਹੋਈ ਹਥਿਆਰਬੰਦ 'ਬਬਰ ਅਕਾਲੀ' ਲਹਿਰ ਦੇ ਜਰਨੈਲਾਂ ਧੰਨਾ ਸਿੰਘ ਕੋਟਲੀ ਤੇ ਵਰਿਆਮ ਸਿੰਘ ਧੁੱਗਾ ਨੇ ਕੋਟਲੀ ਬਾਵਾ ਦਾਸ ਦਾ ਬਦਨਾਮ ਮੁਖਬਰ ਜੁਆਲਾ ਸਿੰਘ ਨੂੰ ਉਸ ਦੇ ਪਿੰਡ ਵਿਚ ਹੀ 13 ਨਵੰਬਰ 1923 ਦੇ ਦਿਨ ਸੋਧਿਆ।

1985: ਸਰਕਾਰ ਨੇ ਬਲਕਰਨ ਸਿੰਘ ਤੇ ਚਰਨ ਸਿੰਘ ਨੂੰ ਸ਼ਹੀਦ ਕਰਨ ਵਾਸਤੇ ਫ਼ਰਾਰ ਹੋਣ ਦਾ ਡਰਾਮਾ ਰਚਿਆ

13 ਨਵੰਬਰ 1985 ਦੇ ਦਿਨ ਬੀ.ਐਸ.ਐਫ਼. ਨੇ ਬਿਧੀ ਚੰਦ ਛੀਨਾ ਪਿੰਡ ਦੇ ਬਲਕਾਰ ਸਿੰਘ ਤੇ ਚਰਨ ਸਿੰਘ ਨੂੰ ਨਕਲੀ ਮੁਕਾਬਲੇ 'ਚ ਸ਼ਹੀਦ ਕਰ ਦਿੱਤਾ। ਇਸ 'ਤੇ ਪਰਦਾ ਪਾਉਣ ਵਾਸਤੇ ਇਕ ਦਿਨ ਪਹਿਲਾਂ ਬਰਨਾਲਾ ਸਰਕਾਰ ਨੇ ਐਲਾਨ ਜਾਰੀ ਕੀਤਾ ਫਰੀਦਕੋਟ ਤੋਂ ਜੇਲ੍ਹ ਬਦਲੀ 'ਚ ਬਲਵਿੰਦਰ ਸਿੰਘ ਫ਼ਰਾਰ ਹੋ ਗਿਆ ਹੈ। ਸਭ ਨੂੰ ਪਤਾ ਸੀ ਕਿ ਉਸ ਦਾ ਨਕਲੀ ਪੁਲੀਸ ਮੁਕਾਬਲਾ ਬਣਾਇਆ ਜਾ ਰਿਹਾ ਹੈ।

1986: ਹਰਜਿੰਦਰ ਸਿੰਘ "ਸੈਂਟੀ" ਜਲੰਧਰ ਨਕਲੀ ਮੁਕਾਬਲੇ ਵਿਚ ਸ਼ਹੀਦ

13 ਨਵੰਬਰ 1986 ਦੇ ਦਿਨ ਪੰਜਾਬ ਪੁਲਸ ਨੇ ਹਰਜਿੰਦਰ ਸਿੰਘ "ਸੈਂਟੀ" (ਪੁੱਤਰ ਬਲਦੇਵ ਸਿੰਘ ਜਲੰਧਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1987: ਜਰਨੈਲ ਤਰਸੇਮ ਸਿੰਘ ਕੋਹਾੜ ਅਤੇ ਜਰਨੈਲ ਸੁਖਦੇਵ ਸਿੰਘ ਕੋਟ ਮੌਲਵੀ ਨਕਲੀ ਮੁਕਾਬਲੇ ਵਿਚ ਸ਼ਹੀਦ

13-14 ਨਵੰਬਰ 1987 ਦੀ ਰਾਤ ਨੂੰ ਪੰਜਾਬ ਪੁਲਸ ਨੇ ਫਰਾਰੀ ਦੀ ਕੋਸ਼ਿਸ਼ ਦੇ ਨਾਂ 'ਤੇ ਜਰਨੈਲ ਤਰਸੇਮ ਸਿੰਘ ਕੋਹਾੜ ਅਤੇ ਜਰਨੈਲ ਸੁਖਦੇਵ ਸਿੰਘ ਕੋਟ ਮੌਲਵੀ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਤਰਸੇਮ ਸਿੰਘ ਕੋਹਾੜ ਖਾਲਿਸਤਾਨੀ ਫ਼ੋਰਸਿਜ਼ ਦਾ ਬਹੁਤ ਸੀਨੀਅਰ ਆਗੂ ਸੀ; ਉਸ ਨੂੰ ਅਗਸਤ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਨਾਲ ਖਾੜਕੂਆਂ ਨੂੰ ਬਹੁਤ ਵੱਡਾ ਘਾਟਾ ਪਿਆ।

1988: ਝਿਰਮੱਲ ਸਿੰਘ ਗਹਿਰੀ ਮੰਡੀ ਅੰਮ੍ਰਿਤਸਰ ਨਕਲੀ ਮੁਕਾਬਲੇ ਵਿਚ ਸ਼ਹੀਦ

13 ਨਵੰਬਰ 1988 ਦੇ ਦਿਨ ਪੰਜਾਬ ਪੁਲਸ ਨੇ ਝਿਰਮੱਲ ਸਿੰਘ ਉਰਫ਼ ਬਘੇਲ ਸਿੰਘ (ਵਾਸੀ ਗਹਿਰੀ ਮੰਡੀ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਮਾਹਣੇ ਮੱਲੀਆਂ ਦੇ ਸਵਰਨ ਸਿੰਘ ਸੰਮਾ, ਨਿਰੰਜਣ ਸਿੰਘ ਨੇਜਾ ਤੇ ਜਸਵੰਤ ਸਿੰਘ ਫ਼ੌਜੀ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ

13 ਨਵੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਸਵਰਨ ਸਿੰਘ ਸੰਮਾ ਉਰਫ਼ ਫ਼ੌਜੀ, ਨਿਰੰਜਣ ਸਿੰਘ ਨੇਜਾ ਉਰਫ਼ ਨਿਹੰਗ ਸੁਰ ਸਿੰਘ ਤੇ ਜਸਵੰਤ ਸਿੰਘ ਫ਼ੌਜੀ (ਤਿੰਨੇ ਵਾਸੀ ਮਾਹਣੇ ਮੱਲੀਆਂ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸੁਖਦੇਵ ਸਿੰਘ ਸੋਹਾਣਾ ਤੇ ਜਗਜੀਤ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

13 ਨਵੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਸੁਖਦੇਵ ਸਿੰਘ (ਪੁੱਤਰ ਸ਼ੇਰ ਸਿੰਘ, ਵਾਸੀ ਸੋਹਾਣਾ ਪਿੰਡ, ਨੇੜੇ ਮੋਹਾਲੀ) ਅਤੇ ਜਗਜੀਤ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਦਰਬਾਰਾ ਸਿੰਘ ਭਾਮਰੀ ਨਕਲੀ ਮੁਕਾਬਲੇ ਵਿਚ ਸ਼ਹੀਦ

13 ਨਵੰਬਰ 1993 ਦੇ ਦਿਨ ਪੰਜਾਬ ਪੁਲਸ ਨੇ ਦਰਬਾਰਾ ਸਿੰਘ (ਪੁੱਤਰ ਬਸਤਾ ਸਿੰਘ, ਵਾਸੀ ਭਾਮਰੀ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2006: ਦਿਆਲਪੁਰਾ ਵਿਚ ਅਖੌਤੀ ਦਸਮ ਗ੍ਰੰਥ ਦੇ 'ਅਖੰਡ ਪਾਠ' ਦਾ ਭੋਗ ਪਾਇਆ ਗਿਆ; ਇਸ ਮੇਲੇ ਵਿਚ ਸਾਧ ਟੋਲੇ, ਕੁਝ ਨਿਹੰਗ, ਅਕਾਲ ਤਖ਼ਤ ਦਾ ਗ੍ਰੰਥੀ ਵੇਦਾਂਤੀ ਅਤੇ ਹੋਰ ਪੁਜਾਰੀ ਤੇ ਡੇਰੇਦਾਰ ਪੁੱਜੇ

ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੀ ਤੀਜੀ ਸ਼ਤਾਬਦੀ ਅਕਤੂਬਰ 2008 ਵਿਚ ਮਨਾਈ ਜਾਣੀ ਸੀ। ਇਸ ਦੇ ਅਸਰ ਨੂੰ ਖ਼ਤਮ ਕਰਨ ਵਾਸਤੇ ਸਿੱਖ ਦੁਸ਼ਮਣ ਤਾਕਤਾਂ, ਖ਼ਾਸ ਕਰ ਕੇ ਆਰ.ਐਸ.ਐਸ., ਉਦਾਸੀ ਤੇ ਨਿਰਮਲਿਆਂ ਦੇ ਡੇਰੇਦਾਰਾਂ, ਸਾਧਾਂ, ਰਾਧਾਸੁਆਮੀਆਂ, ਨਿਰੰਕਾਰੀਆਂ, ਨਾਮਧਾਰੀਆਂ, ਸੁੱਖਾ ਪੀਣ ਵਾਲੇ ਕੁਝ ਨਿਹੰਗਾਂ ਅਤੇ ਸਿੱਖ ਰਹਿਤ ਮਰਿਆਦਾ ਨੂੰ ਚੈਲੰਜ ਕਰਨ ਵਾਲੇ ਸਿੱਖੀ ਦੇ ਦੁਸ਼ਮਣ ਟੋਲਿਆ ਨੇ ਇਸ ਕਿਤਾਬ ਦਾ ਪ੍ਰਕਾਸ਼ 11 ਤੋਂ 13 ਨਵੰਬਰ 2006 ਦੇ ਦਿਨ ਦਿਆਲਪੁਰਾ ਭਾਈ ਕਾ (ਜ਼ਿਲ੍ਹਾ ਬਠਿੰਡਾ) ਵਿਚ ਗੁਰੂ ਗ੍ਰੰਥ ਸਾਹਿਬ ਦੇ ਨਾਲ ਕੀਤਾ ਅਤੇ 13 ਨੂੰ ਭੋਗ ਪਾਇਆ। ਇਸ ਕੁਫ਼ਰ ਮੇਲੇ ਵਿਚ ਸਾਧ ਟੋਲਾ ਅਤੇ ਪੁਜਾਰੀ ਤਾਂ ਪੁੱਜੇ ਪਰ ਸੰਗਤਾਂ ਨੇ ਇਸ ਦਾ ਮੁਕੰਮਲ ਬਾਈਕਾਟ ਕੀਤਾ ਕਿਉਂਕਿ 9 ਨਵੰਬਰ ਦੇ ਸਪੋਕਸਮੈਨ ਅਖ਼ਬਾਰ ਦੇ ਪਰਚੇ ਵਿਚ ਅਖੌਤੀ ਦਸਮ ਗ੍ਰੰਥ ਦੀ ਅਸਲੀਅਤ ਬਾਰੇ ਚਾਣਨਾ ਪਾਉਣ ਵਾਲਾ ਇਸ਼ਤਿਹਾਰ ਛਪ ਚੁਕਾ ਸੀ; ਉਸ ਇਸ਼ਤਿਹਾਰ ਦਾ ਏਨਾ ਅਸਰ ਹੋਇਆ ਕਿ ਸਿੱਖ ਸੰਗਤਾਂ ਨੇ ਇਸ ਕੂੜ ਇਕੱਠ ਦਾ ਬਾਈਕਾਟ ਕੀਤਾ।

14 ਨਵੰਬਰ

1702: ਰਾਜਾ ਸਲਾਹੀ ਚੰਦ ਦੇ ਭੋਗ 'ਤੇ ਗੁਰੂ ਗੋਬਿੰਦ ਸਿੰਘ ਬਸਾਲੀ ਗਏ

ਬਸਾਲੀ (ਨਿਰਮੋਹਗੜ੍ਹ ਅਤੇ ਕੀਰਤਪੁਰ ਸਾਹਿਬ ਤੋਂ 13-14 ਕਿਲੋਮੀਟਰ ਦੂਰ) ਇਕ ਪਹਾੜੀ ਪਿੰਡ ਹੈ। 1700 ਸੰਨ ਵਿਚ ਇਹ ਇਕ ਨਿੱਕੀ ਜਿਹੀ ਰਿਆਸਤ ਸੀ ਜਿਸ ਦਾ ਰਕਬਾ ਇਕ ਪਾਸੇ ਸਤਲੁਜ ਦਰਿਆ ਦੀ ਹੱਦ ਤਕ ਸੀ ਤੇ ਦੂਜੇ ਪਾਸੇ ਸਰਸਾ ਨਦੀ ਤਕ। ਇਸ ਦਾ ਰਾਜਾ ਸਲਾਹੀ ਚੰਦ ਸੀ। ਸਲਾਹੀ ਚੰਦ ਦੀ ਪਤਨੀ ਰਾਣੀ ਹੀਰਾ ਦੇਵੀ ਬਿਲਾਸਪੁਰ ਦੀ ਰਾਣੀ ਚੰਪਾ (ਭੀਮ ਚੰਦ ਦੀ ਮਾਂ ਅਤੇ ਅਜਮੇਰ ਚੰਦ ਦੀ ਦਾਦੀ) ਦੀ ਸੱਕੀ ਭੈਣ ਸੀ।

ਰਾਣੀ ਚੰਪਾ (ਮੌਤ 1691) ਆਖ਼ਰੀ ਸਾਹਾਂ ਤੱਕ ਗੁਰੂ ਦਰਬਾਰ ਦੀ ਸੇਵਾਦਾਰ ਰਹੀ ਸੀ। ਜਦੋਂ ਹੀਰਾ ਦੇਵੀ ਤੇ ਸਲਾਹੀ ਚੰਦ ਨੂੰ ਪਤਾ ਲੱਗਾ ਕਿ ਅਜਮੇਰ ਚੰਦ ਨੇ ਦਗ਼ਾ ਕਰ ਕੇ ਗੁਰੂ ਸਾਹਿਬ 'ਤੇ ਹਮਲਾ ਕੀਤਾ ਹੈ ਤੇ ਨਿਰਮੋਹਗੜ੍ਹ ਦੀ ਘੇਰਾ-ਬੰਦੀ ਕੀਤੀ ਹੋਈ ਹੈ ਤਾਂ ਉਨ੍ਹਾਂ ਨੇ ਆਪਣਾ ਵਜ਼ੀਰ ਗੁਰੂ ਜੀ ਵੱਲ ਭੇਜਿਆ ਤੇ ਉਨ੍ਹਾਂ ਨੂੰ ਨਿਰਮੋਹਗੜ੍ਹ ਛੱਡ ਕੇ ਬਸਾਲੀ ਆ ਜਾਣ ਵਾਸਤੇ ਆਖਿਆ। ਬਸਾਲੀ ਰਿਆਸਤ ਸਰਸਾ ਨਦੀ ਦੇ ਦੂਜੇ ਪਾਰ ਸੀ। ਗੁਰੂ ਸਾਹਿਬ 15 ਅਕਤੂਬਰ ਨੂੰ ਤੜਕੇ ਵੇਲੇ ਨਿਰਮੋਹਗੜ੍ਹ ਤੋਂ ਸਰਸਾ ਨਦੀ ਵੱਲ ਚੱਲ ਪਏ ਤਾਂ ਜੋ ਦਰਿਆ ਪਾਰ ਕਰ ਕੇ ਬਸਾਲੀ ਜਾ ਸਕਣ। ਉਧਰ ਜਦੋਂ ਅਜਮੇਰ ਚੰਦ ਨੂੰ ਇਸ ਦਾ ਪਤਾ ਲੱਗਿਆ ਤਾਂ ਉਸ ਨੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨੇ ਸਿੱਖ ਫ਼ੌਜਾਂ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਤੇ ਆਪ ਦਰਿਆ ਪਾਰ ਕਰ ਗਏ। ਇਧਰ ਭਾਈ ਉਦੈ ਸਿੰਘ ਦੀ ਅਗਵਾਈ 'ਚ ਸਿੰਘਾਂ ਨੇ ਤੀਰਾਂ ਅਤੇ ਗੋਲੀਆਂ ਦਾ ਐਸਾ ਮੀਂਹ ਵਰ੍ਹਾਇਆ ਕਿ ਇਕ ਵਾਰ ਤਾਂ ਦੁਸ਼ਮਣਾਂ ਦੀ ਤੌਬਾ ਕਰ ਦਿੱਤੀ। ਜਦੋਂ ਸਾਰੀ ਫ਼ੌਜ ਪਾਰ ਕਰ ਗਈ ਤਾਂ ਭਾਈ ਉਦੈ ਸਿੰਘ ਵੀ ਦਰਿਆ ਪਾਰ ਕਰ ਗਏ ਤੇ ਗੁਰੂ ਜੀ ਨੂੰ ਜਾ ਮਿਲੇ। ਇਸ ਲੜਾਈ ਵਿਚ ਭਾਈ ਕੇਸਰਾ ਸਿੰਘ, ਭਾਈ ਗੋਕਲ ਸਿੰਘ ਤੇ ਕੁਝ ਹੋਰ ਸਿੱਖ ਸ਼ਹੀਦੀਆਂ ਪਾ ਗਏ। ਸ਼ਾਮ ਵੇਲੇ ਗੁਰੂ ਸਾਹਿਬ ਬਸਾਲੀ ਪਹੁੰਚ ਗਏ। ਬਸਾਲੀ ਦੇ ਲੋਕਾਂ ਨੇ ਗੁਰੂ ਸਾਹਿਬ ਨੂੰ ਬੜੀ ਗਰਮ-ਜੋਸ਼ੀ ਨਾਲ ਜੀ ਆਇਆਂ ਆਖਿਆ। ਗੁਰੂ ਸਾਹਿਬ ਰਾਜਾ ਸਲਾਹੀ ਚੰਦ ਦੇ ਮਹਿਲ ਵਿਚ ਰਹੇ ਤੇ ਸਿੰਘਾਂ ਵਾਸਤੇ ਪਹਾੜੀ ਦੇ ਹੇਠਾਂ ਤੰਬੂ ਲਾ ਦਿੱਤੇ ਗਏ। ਇੰਵ ਕੁਝ ਦਿਨ ਦੀਵਾਨ ਸਜਦੇ ਰਹੇ।ਗੁਰੂ ਸਾਹਿਬ ਦੇ ਬਸਾਲੀ ਰਹਿੰਦਿਆਂ ਰਾਜਾ ਸਾਲਾਹੀ ਚੰਦ ਨੇ ਅਜਮੇਰ ਚੰਦ ਨੂੰ ਸਮਝਾ ਕੇ ਮਸਲਾ ਹੱਲ ਕਰਵਾ ਦਿਤਾ। ਇਸ ਮਗਰੋਂ 30 ਅਕਤੂਬਰ 1700 ਦੇ ਦਿਨ ਗੁਰੂ ਸਾਹਿਬ ਵਾਪਿਸ ਅਨੰਦਪੁਰ ਸਾਹਿਬ ਚਲੇ ਗਏ। 25 ਅਕਤੂਬਰ 1702 ਦੇ ਦਿਨ ਬਸਾਲੀ ਦਾ ਰਾਜਾ ਸਲਾਹੀ ਚੰਦ ਚੜ੍ਹਾਈ ਕਰ ਗਿਆ। ਉਸ ਦੇ ਭੋਗ ਦੇ ਸਬੰਧ ਵਿਚ ਗੁਰੂ ਸਾਹਿਬ 14 ਨਵੰਬਰ 1702 ਦੇ ਦਿਨ ਬਸਾਲੀ ਗਏ। ਸਲਾਹੀ ਚੰਦ ਦੀ ਮੌਤ ਮਗਰੋਂ ਅਜਮੇਰ ਚੰਦ ਨੂੰ ਸਮਝਾਉਣ ਵਾਲਾ ਕੋਈ ਨਹੀਂ ਸੀ ਰਿਹਾ।

1986: ਹੁਸ਼ਿਆਰਪੁਰ ਵਿਚ ਹਿੰਦੂ ਦਹਿਸ਼ਤਗਰਦਾਂ ਵੱਲੋਂ ਸਿੱਖਾਂ 'ਤੇ ਸਾਰਾ ਹਫ਼ਤਾ ਹਮਲੇ

ਨਵੰਬਰ 1986 ਵਿਚ ਹਿੰਦੂਆਂ ਨੇ ਪੰਜਾਬ, ਦਿੱਲੀ, ਹਰਿਆਣਾ, ਯੂ.ਪੀ. ਅਤੇ ਹੋਰ ਸੂਬਿਆਂ ਵਿਚ ਸਿੱਖਾਂ ਉੱਤੇ ਹਮਲੇ ਕੀਤੇ ਤੇ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਅੱਗਾਂ ਲਾਈਆਂ। ਇਨ੍ਹਾਂ ਵਿਚ ਸਭ ਤੋਂ ਵਧ ਗੁੰਡਾਗਰਦੀ ਹੁਸ਼ਿਆਰਪੁਰ ਵਿਚ ਹੋਈ। ਹਿੰਦੂਆਂ ਨੇ ਏਥੇ 14 ਨਵੰਬਰ ਨੂੰ ਸਿੱਖਾਂ ਉੱਤੇ ਪਥਰਾਓ ਕੀਤਾ। ਅਗਲੇ ਦਿਨ 15 ਨਵੰਬਰ ਨੂੰ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਦੇ ਜਲੂਸ ਵੇਲੇ ਸਿੱਖਾਂ ਉੱਤੇ ਪਥਰਾਓ ਕੀਤਾ ਗਿਆ ਪਰ ਜਲੂਸ ਦੇ ਨਾਲ ਚਲਦੀ ਪੁਲੀਸ ਨੇ ਕੋਈ ਕਾਰਵਾਈ ਨਾ ਕੀਤੀ ਸਗੋਂ ਹਿੰਦੂ ਦਹਿਸ਼ਤਗਰਦਾਂ ਦਾ ਸਾਥ ਦਿਤਾ। ਦਹਿਸ਼ਤਗਰਦ ਗੁੰਡਿਆਂ ਦੀ ਸ਼ਨਾਖ਼ਤ ਹੋਣ ਦੇ ਬਾਵਜੂਦ ਕਿਸੇ ਹਿੰਦੂ ਦੀ ਗ੍ਰਿਫ਼ਤਾਰੀ ਨਹੀਂ ਕੀਤੀ ਗਈ। ਸੋਲਾਂ ਨਵੰਬਰ ਨੂੰ ਹਿੰਦੂਆਂ ਨੇ ਫਿਰ ਇਹੀ ਗੁੰਡਾਗਰਦੀ ਦੋਹਰਾਈ। ਇਸ ਵਾਰੀ ਹੈਡ ਕਾਂਸਟੇਬਲ ਹਰਬੰਸ ਸਿੰਘ 'ਤੇ ਹਮਲਾ ਕੀਤਾ ਗਿਆ। ਉਸ ਦੀ ਵਰਦੀ ਪਾੜ ਕੇ ਉਸ ਦੀ ਪੱਗ ਲਾਹ ਕੇ ਸਾੜ ਦਿਤੀ। ਇਹ ਸਾਰਾ ਕੁਝ ਕਰਫ਼ਿਊ ਦੇ ਹੁੰਦਿਆਂ ਕੀਤਾ ਗਿਆ। ਪਰ ਪੁਲੀਸ ਨਾਲ ਵੀ ਇਹੋ ਜਿਹੀ ਗੁੰਡਾਗਰਦੀ ਹੋਣ ਦੇ ਬਾਵਜੂਦ, ਹਿੰਦੂਆਂ ਦਾ ਇਕ ਵੀ ਬੰਦਾ ਗ੍ਰਿਫ਼ਤਾਰ ਤਕ ਨਾ ਕੀਤਾ ਗਿਆ। ਇਸੇ ਦਿਨ 12 ਸਿੱਖਾਂ ਦੀਆਂ ਪੱਗਾਂ ਲਾਹ ਕੇ ਸਾੜੀਆਂ ਗਈਆਂ। ਪੁਲਸੀਆਂ ਤੋਂ ਇਲਾਵਾ ਸਤਵੰਤ ਸਿੰਘ, ਸ਼ਿਵ ਸਿੰਘ, ਅਜਾਇਬ ਸਿੰਘ, ਬਲਵਿੰਦਰ ਸਿੰਘ ਤੇ ਚੈਨਣ ਸਿੰਘ ਨੂੰ ਵੀ ਜ਼ਖ਼ਮੀ ਕੀਤਾ ਗਿਆ। ਇਹ ਸਾਰੇ ਸਿੱਖ ਇਕ ਬਾਰਾਤ ਵਿਚ ਸ਼ਾਮਿਲ ਸਨ। ਬਰਾਤ ਉੱਤੇ ਹਿੰਦੂਆਂ ਨੇ ਪੱਥਰ ਵੀ ਸੁਟੇ। ਸਤਾਰਾਂ ਨਵੰਬਰ ਨੂੰ ਹੁਸ਼ਿਆਰਪੁਰ

'ਚ ਫੇਰ ਗੁੰਡਾਗਰਦੀ ਕਰ ਕੇ ਦਹਿਸ਼ਤਗਰਦ ਹਿੰਦੂਆਂ ਦੇ ਇਕ ਵੱਡੇ ਹਜੂਮ ਨੇ ਮੁਕਾਮੀ ਸਿੱਖਾਂ ਦਾ ਜੀਣਾ ਮੁਹਾਲ ਕਰ ਦਿਤਾ। ਸਿੱਖਾਂ ਦੀਆਂ ਕਾਰਾਂ, ਟਰੈਕਟਰਾਂ ਉੱਤੇ ਹਮਲੇ ਕੀਤੇ ਗਏ। ਉੱਨੀ ਨਵੰਬਰ ਨੂੰ ਹੁਸ਼ਿਆਰਪੁਰ ਦੇ ਪਿੰਡਾਂ ਸਹੋੜ, ਆਦੇਵਾਲ, ਬੈਂਸ, ਮਰਾਦਪੁਰ, ਭਾਗੋਵਾਲ, ਹਰਗੜ, ਡਿਗਣਾ, ਪਿਪਲਾਂ ਵਾਲਾ, ਪੁਰਹੀਰਾਂ ਵਗੈਰਾ ਵਿਚੋਂ ਸਿੱਖਾਂ ਦਾ ਇਕ ਜਲੂਸ ਹੁਸ਼ਿਆਰਪੁਰ ਆਇਆ। ਜਲੂਸ ਨੂੰ ਸ਼ਹਿਰੋਂ ਬਾਹਰ ਹੀ ਰੋਕ ਦਿਤਾ ਗਿਆ ਤੇ ਡੀ.ਸੀ. ਉੱਥੋਂ ਮੈਮੋਰੰਡਮ ਲੈ ਆਇਆ। ਸ਼ਹਿਰ ਵਿਚ ਹਿੰਦੂਆਂ ਨੂੰ ਕਰਫ਼ਿਊ ਦੌਰਾਨ ਵੀ ਸਿੱਖਾਂ ਉੱਤੇ ਹਮਲੇ ਕਰਨ ਦੀ ਖੁਲ੍ਹ ਸੀ ਪਰ ਸਿੱਖ ਪੁਰਅਮਨ ਜਲੂਸ ਵੀ ਨਹੀਂ ਸਨ ਕੱਢ ਸਕਦੇ। ਸੁਰਜੀਤ ਬਰਨਾਲਾ ਦੀ ਸਰਕਾਰ ਵੇਲੇ ਪੰਜਾਬ 'ਚ ਹਿੰਦੂ ਤੇ ਸਿੱਖ ਦੇ ਹੱਕਾਂ ਦਾ ਇਹ ਫ਼ਰਕ ਸੀ।

1986: ਰਛਪਾਲ ਸਿੰਘ ਕਲਾਨੌਰ ਅਤੇ ਅਜੀਤ ਸਿੰਘ ਬਬਰ ਢੁਡੀਆਲਾ ਨਤ ਨਕਲੀ ਮੁਕਾਬਲੇ ਵਿਚ ਸ਼ਹੀਦ

14 ਨਵੰਬਰ 1986 ਦੇ ਦਿਨ ਪੰਜਾਬ ਪੁਲਸ ਨੇ ਰਛਪਾਲ ਸਿੰਘ (ਪੁੱਤਰ ਬੰਤਾ ਸਿੰਘ, ਵਾਸੀ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।ਇਸੇ ਦਿਨ ਪੰਜਾਬ ਪੁਲਸ ਨੇ ਅਜੀਤ ਸਿੰਘ ਬਬਰ (ਪੁੱਤਰ ਕਰਮ ਸਿੰਘ, ਵਾਸੀ ਢੁਡੀਆਲਾ ਨਤ) ਨੂੰ ਵੀ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਨਿਰਮਲ ਸਿੰਘ ਧੋਤੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

14 ਨਵੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਨਿਰਮਲ ਸਿੰਘ (ਪੁੱਤਰ ਪਿਆਰਾ ਸਿੰਘ, ਵਾਸੀ ਧੋਤੀਆਂ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸੁਖਚੈਨ ਸਿੰਘ ਭਾਈ ਲਾਧੂ, ਮੁੱਖਤਾਰ ਸਿੰਘ ਵਰਨਾਲਾ, ਸਰਬਜੀਤ ਸਿੰਘ ਸਾਹਬਾ ਬੂਹ, ਬਲਦੇਵ ਸਿੰਘ ਫਤਹਿਗੜ੍ਹ ਸਭਰਾ ਨਕਲੀ ਮੁਕਾਬਲੇ ਵਿਚ ਸ਼ਹੀਦ

14 ਨਵੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਸੁਖਚੈਨ ਸਿੰਘ ਉਰਫ਼ ਸੁੱਖਾ (ਪੁੱਤਰ ਦਰਸ਼ਨ ਸਿੰਘ, ਵਾਸੀ ਭਾਈ ਲਾਧੂ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਮੁੱਖਤਾਰ ਸਿੰਘ (ਵਾਸੀ ਵਰਨਾਲਾ), ਸਰਬਜੀਤ ਸਿੰਘ ਸਾਹਬਾ ਉਰਫ਼ ਡਰਾਈਵਰ (ਵਾਸੀ ਬੂਹ), ਬਲਦੇਵ ਸਿੰਘ (ਵਾਸੀ ਫਤਹਿਗੜ੍ਹ ਸਭਰਾ ਫ਼ੀਰੋਜ਼ਪੁਰ) ਨੂੰ ਵੀ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992 ਸਾਹਿਬ ਸਿੰਘ ਕਾਲੇਕੇ, ਗੁਰਦੇਵ ਸਿੰਘ ਕਾਲੇਕੇ ਤੇ ਸਰੂਪ ਸਿੰਘ ਰੂਪੀ, ਨਕਲੀ ਮੁਕਾਬਲੇ ਵਿਚ ਸ਼ਹੀਦ

14 ਨਵੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਸਾਹਿਬ ਸਿੰਘ (ਪੁੱਤਰ ਪਿਆਰਾ ਸਿੰਘ) ਤੇ ਗੁਰਦੇਵ ਸਿੰਘ (ਪੁੱਤਰ ਗੁਰਮੀਤ ਸਿੰਘ), ਦੋਵੇਂ ਵਾਸੀ ਕਾਲੇਕੇ, ਜ਼ਿਲ੍ਹਾ ਅੰਮ੍ਰਿਤਸਰ ਅਤੇ ਸਰੂਪ ਸਿੰਘ ਉਰਫ਼ ਰੂਪੀ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਮਨਜੀਤ ਸਿੰਘ ਗ੍ਰੰਥੀ ਕੇਸਗੜ੍ਹ ਨੇ ਦਰਬਾਰ ਸਾਹਿਬ ਵਿਚ ਦੀਵਾਲੀ ਦੋਬਾਰਾ ਮਨਾਉਣੀ ਸ਼ੁਰੂ ਕੀਤੀ

31 ਅਕਤੂਬਰ 1993 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਦੀ ਯਾਦ ਵਿਚ ਅਖੰਡ ਪਾਠ ਰਖਿਆ ਹੋਇਆ

ਸੀ। ਇਕ ਮੌਕੇ 'ਤੇ ਬੇਅੰਤ ਸਰਕਾਰ ਦੇ ਹੁਕਮ 'ਤੇ ਗਿੱਲ ਨੇ ਦਰਬਾਰ ਸਾਹਿਬ ਦੇ ਚਾਰੇ ਪਾਸੇ ਪੁਲੀਸ ਤਾਇਨਾਤ ਕਰ ਦਿੱਤੀ। ਸਿਰਫ਼ ਬਾਹਰ ਹੀ ਨਹੀਂ, ਸਾਰੀ ਪਰਿਕਰਮਾ ਅਤੇ ਅਕਾਲ ਤਖ਼ਤ ਸਾਹਿਬ ਦੇ ਮੁਹਰੇ ਵੀ ਪੁਲੀਸ ਨੇ ਕਬਜ਼ਾ ਕਰ ਲਿਆ। ਪਹਿਲੀ ਨਵੰਬਰ ਦੇ ਦਿਨ ਵੀ ਪੁਲੀਸ ਉੱਥੇ ਹਾਜ਼ਿਰ ਰਹੀ ਸੀ ਤਾਂ ਜੋ ਸ਼ਹੀਦਾਂ ਦੀ ਯਾਦ ਵਿਚ ਅਕਾਲ ਤਖ਼ਤ ਸਾਹਿਬ 'ਤੇ ਸਮਾਗਮ ਨਾ ਹੋ ਸਕੇ। ਇਸ ਮੌਕੇ 'ਤੇ ਗੁਰਿੰਦਰ ਢਿੱਲੋਂ ਨਾਂ ਦੇ ਇਕ ਪੁਲੀਸ ਅਫ਼ਸਰ ਨੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਮੁਹਰੇ ਦਹਿਸ਼ਤ ਵਾਲਾ ਮਾਹੌਲ ਬਣਾਈ ਰਖਿਆ ਇਕ ਵਾਰ ਤਾਂ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਮੁਖ ਸੇਵਾਦਾਰ ਮਨਜੀਤ ਸਿੰਘ ਨੇ ਏਥੋਂ ਤਕ ਆਖਿਆ ਕਿ ''ਪੁਲੀਸ ਨੂੰ ਦਰਬਾਰ ਸਾਹਿਬ 'ਚ ਬਾਹਰ ਲੈ ਜਾਓ ਵਰਨਾ ਮੈਂ ਕੌਮ ਨੂੰ ਕੋਈ ਨਵਾਂ ਪ੍ਰੋਗਰਾਮ ਦੇ ਦੇਵਾਂਗਾ।'' ਇਸ ਤੇ ਗੁਰਿੰਦਰ ਢਿੱਲੋਂ ਨੇ ਜਵਾਬ ਦਿੱਤਾ, ''ਤੁਹਾਡੇ ਪ੍ਰੋਗਰਾਮਾਂ ਦੀ ਕੌਣ ਪਰਵਾਹ ਕਰਦਾ ਏ?'' ਨਾਲ ਹੀ ਗੁਰਿੰਦਰ ਢਿੱਲੋਂ ਨੇ ਕੰਟਰੋਲ ਰੂਮ ਨੂੰ ਵਾਇਰਲੈਸ ਕੀਤੀ ਤੇ ਆਖਿਆ, ''ਇਹ ਜਥੇਦਾਰ ਬਹੁਤ ਬੋਲਦਾ ਏ, ਮੈਂ ਇਸ ਦਾ ਕੀ ਕਰਾਂ।'' ਇਸ ਤੇ ਦੂਜੇ ਪਾਸਿਓਂ ਆਵਾਜ਼ ਆਈ ਕਿ ਇਸ ਨੂੰ ਨਜ਼ਰ-ਅੰਦਾਜ਼ ਕਰੋ। ਇਸ ਮਗਰੋਂ ਵੀ ਸਾਰਾ ਦਿਨ ਪੁਲੀਸ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰੀ ਰਖਿਆ। ਇਸ ਤੋਂ ਬਾਅਦ ਮਨਜੀਤ ਸਿੰਘ ਨੇ ਗੁਰਿੰਦਰ ਢਿੱਲੋਂ 'ਤੇ ਕਦੇ ਕੋਈ ਐਕਸ਼ਨ ਨਹੀਂ ਲਿਆ ਅਤੇ ਉਸ ਦੇ ਖ਼ਿਲਾਫ਼ ਕੋਈ 'ਹੁਕਮਨਾਮਾ' ਜਾਰੀ ਨਾ ਕੀਤਾ ਗਿਆ। ਇਸ ਤੋਂ ਸਿਰਫ਼ 13 ਦਿਨ ਬਾਅਦ, 14 ਨਵੰਬਰ 1993 ਦੇ ਦਿਨ, ਹਿੰਦੂ ਦੀਵਾਲੀ ਦਾ ਤਿਉਹਾਰ ਮਨਾ ਰਹੇ ਸਨ। ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਦਰਬਾਰ ਸਾਹਿਬ ਤੇ ਕਾਬਜ਼ ਉਦਾਸੀ ਅਤੇ ਨਿਰਮਲੇ ਮਹੰਤਾਂ ਨੇ ਵੀ ਕਿਸੇ ਦਰਬਾਰ ਸਾਹਿਬ 'ਚ ਹਿੰਦੂ ਦੀਵਾਲੀ ਦਾ ਤਿਉਹਾਰ ਮਨਾਉਣਾ ਸ਼ੁਰੂ ਕਰ ਦਿੱਤਾ ਸੀ ਤਾਂ ਜੋ ਇਸ ਦਿਨ ਦੇ ਨਾਂ 'ਤੇ ਚੜ੍ਹਾਵਾ ਵਧੇਰੇ ਆ ਸਕੇ। ਉਨ੍ਹਾਂ ਨੇ ਇਸ ਮਕਸਦ ਵਾਸਤੇ ਬਹਾਨਾ ਵੀ ਲੱਭ ਲਿਆ ਕਿ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾ ਹੋ ਕੇ ਇਸ ਦਿਨ ਅੰਮ੍ਰਿਤਸਰ ਪੁੱਜੇ ਸਨ। (ਉਂਞ ਇਹ ਗੱਲ ਵੀ ਗ਼ਲਤ ਹੈ। ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਕਿਲ੍ਹੇ 'ਚੋਂ ਰਿਹਾਈ ਮਗਰੋਂ ਪਹਿਲੀ ਵਾਰ ਪਹਿਲੀ ਮਾਘ 1677 ਬਿਕਰਮੀ, ਯਾਨਿ 28 ਦਸੰਬਰ 1620, ਦੇ ਦਿਨ ਅੰਮ੍ਰਿਤਸਰ ਆਏ ਸਨ, ਨਾ ਕਿ ਦੀਵਾਲੀ ਵਾਲੇ ਦਿਨ)। ਸਿੱਖਾਂ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤੇ ਜਾਣ ਦੇ ਖ਼ਿਲਾਫ਼ ਰੋਸ ਵਜੋਂ 1984 ਤੋਂ ਦਰਬਾਰ ਸਾਹਿਬ 'ਚ ਦੀਵਾਲੀ ਮਨਾਉਣਾ ਬੰਦ ਕੀਤਾ ਹੋਇਆ ਸੀ। ਪਿਛਲੇ 13 ਸਾਲਾਂ ਤੋਂ ਕੌਮ ਏਨਾ ਦਰਦ ਹੰਡਾ ਰਹੀ ਸੀ ਕਿ ਕਿਸੇ ਨੂੰ (ਤੇ ਉਹ ਵੀ ਹਿੰਦੂਆਂ ਦੀ) ਦੀਵਾਲੀ ਮਨਾ ਕੇ 'ਖ਼ੁਸ਼ੀਆਂ' ਦਾ ਦਿਖਾਵਾ ਕਰਨ ਦਾ ਖ਼ਿਆਲ ਤੱਕ ਨਹੀਂ ਸੀ ਸਕਦਾ। ਫਿਰ ਇਹ ਵੀ ਨਹੀਂ ਸੀ ਕਿ ਉਹ ਦਰਦ ਖ਼ਤਮ ਜਾਂ ਘੱਟ ਹੋ ਗਿਆ ਸੀ; ਅਜੇ ਵੀ ਹਰ ਰੋਜ਼ ਬੇਗੁਨਾਹ ਸਿੱਖਾਂ ਨੂੰ ਕਤਲ ਕੀਤਾ ਜਾ ਰਿਹਾ ਸੀ। ਅਜੇ ਸਿਰਫ਼ 13 ਦਿਨ ਪਹਿਲਾਂ, ਭਾਈ ਬੇਅੰਤ ਸਿੰਘ ਦੀ ਯਾਦ 'ਚ ਰੱਖੇ ਸਮਾਗਮ ਨੂੰ ਰੋਕਣ ਵਾਸਤੇ, ਗੁਰਿੰਦਰ ਢਿੱਲੋਂ ਦੀ ਅਗਵਾਈ ਹੇਠ ਪੰਜਾਬ ਪੁਲੀਸ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰ ਕੇ ਕਰਫ਼ਿਊ ਵਾਲੀ ਹਾਲਤ ਪੈਦਾ ਕਰ ਦਿੱਤੀ ਸੀ ਅਤੇ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ ਸੀ। (ਇਸ ਕਰ ਕੇ ਅਕਾਲ ਤਖ਼ਤ ਸਾਹਿਬ ਤੋਂ ਕੌਮ ਨੂੰ ਕੋਈ ਪੈਗ਼ਾਮ ਦਿੱਤਾ ਜਾਣਾ ਚਾਹੀਦਾ ਸੀ ਨਾ ਕਿ ਹਿੰਦੂਆਂ ਦੇ ਤਿਉਹਾਰ ਦੀ ਖ਼ੁਸ਼ੀ 'ਚ ਦੀਵੇ ਜਗਾਣੇ)। ਪਰ ਕੇਸਗੜ੍ਹ ਦੇ ਗ੍ਰੰਥੀ ਮਨਜੀਤ ਸਿੰਘ (ਉਦੋਂ ਐਕਟਿੰਗ ਸੇਵਾਦਾਰ ਅਕਾਲ ਤਖ਼ਤ) ਨੇ 14 ਨਵੰਬਰ ਦੇ ਦਿਨ ਦੀਵਾਲੀ ਮਨਾਉਣ ਦਾ ਹੁਕਮ ਜਾਰੀ ਕਰ ਦਿੱਤਾ। ਉਦੋਂ ਮਨਜੀਤ ਸਿੰਘ ਆਪਣੇ ਆਪ ਨੂੰ ਕੌਮ ਦਾ ਹਾਕਮ ਸਮਝਦਾ ਹੁੰਦਾ ਸੀ। ਅਕਾਲ ਤਖ਼ਤ ਦੇ ਮੁਖ ਸੇਵਾਦਾਰ ਵੱਲੋਂ ਆਪਣੇ ਆਪ ਨੂੰ ਹਾਕਮ ਸਮਝਣ ਦੀ ਹਰਕਤ ਸਭ ਤੋਂ ਪਹਿਲਾਂ ਜਸਬੀਰ ਸਿੰਘ ਰੋਡੇ ਨੇ ਕੀਤੀ ਸੀ ਅਤੇ ਮਗਰੋਂ

ਇਸ ਨੂੰ ਹੈਂਕੜ ਨਾਲ ਮਨਜੀਤ ਸਿੰਘ ਨੇ ਹੀ ਵਰਤਿਆ ਸੀ। (ਇਸ ਸਾਰੇ ਬਾਰੇ ਤਫ਼ਸੀਲ ਨਾਲ ਜਾਣਨ ਵਾਸਤੇ ਪੜ੍ਹੋ ਕਿਤਾਬ: "**ਸਿੱਖ ਤਵਾਰੀਖ਼ ਵਿਚ ਅਕਾਲ ਤਖ਼ਤ ਸਾਹਿਬ ਦਾ ਰੋਲ**")।

2013: ਗੁਰਬਖ਼ਸ਼ ਸਿੰਘ ਨੇ ਜੇਲ੍ਹਾਂ ਵਿਚ ਕੈਦ ਸਿੱਖਾਂ ਦੀ ਰਿਹਾਈ ਵਾਸਤੇ ਮਰਨ ਵਰਤ ਰੱਖਿਆ

14 ਨਵੰਬਰ 2013 ਦੇ ਦਿਨ ਭਾਈ ਗੁਰਬਖ਼ਸ਼ ਸਿੰਘ (ਵਾਸੀ ਹਰਿਆਣਾ) ਨੇ ਉਮਰ ਕੈਦ ਦੀਆਂ ਸਜ਼ਾ ਭੁਗਤਣ ਦੇ ਬਾਵਜੂਦ ਵੀ ਜੇਲ੍ਹਾਂ ਵਿਚ ਕੈਦ 5 ਸਿੱਖਾਂ (ਲਾਲ ਸਿੰਘ ਗੁਜਰਾਤ, ਗੁਰਦੀਪ ਸਿੰਘ ਕਰਨਾਟਕ, ਲਖਵਿੰਦਰ ਸਿੰਘ, ਗੁਰਮੀਤ ਸਿੰਘ ਤੇ ਸ਼ਮਸ਼ੇਰ ਸਿੰਘ ਚੰਡੀਗੜ੍ਹ) ਦੀ ਰਿਹਾਈ ਵਾਸਤੇ, ਗੁਰਦੁਆਰਾ ਅੰਬ ਸਾਹਿਬ ਮੋਹਾਲੀ ਦੀ ਗਰਾਊਂਡ ਵਿਚ ਮਰਨ ਵਰਤ ਸ਼ੁਰੂ ਕੀਤਾ। ਮਗਰੋਂ ਇਸ ਵਿਚ ਵਰਿਆਮ ਸਿੰਘ (ਯੂ.ਪੀ.) ਦਾ ਛੇਵਾਂ ਨਾਂ ਵੀ ਸ਼ਾਮਿਲ ਕਰ ਦਿੱਤਾ ਗਿਆ। ਉਸ ਨੇ ਇਹ ਵਰਤ ਬਹਿਸ-ਗੋਚਰਾ ਤਰੀਕੇ ਨਾਲ 27 ਦਸੰਬਰ ਨੂੰ ਖ਼ਤਮ ਕੀਤਾ। ਇਸ ਦੌਰਾਨ ਇਨ੍ਹਾਂ ਵਿਚੋਂ 4 ਸਿੱਖਾਂ ਨੂੰ 14-14 ਦਿਨ ਦੀ ਪੈਰੋਲ 'ਤੇ ਰਿਹਾ ਕੀਤਾ ਗਿਆ ਪਰ ਉਹ ਦੋਬਾਰਾ ਜੇਲ੍ਹ ਲਿਜਾਏ ਗਏ।

15 ਨਵੰਬਰ

1920: ਪਹਿਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਮੇਟੀ ਚੁਣੀ ਗਈ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਵਾਸਤੇ 15 ਨਵੰਬਰ 1920 ਦੇ ਦਿਨ ਸਰਬੱਤ ਖ਼ਾਲਸਾ ਇਕੱਠ ਹੋਇਆ। ਇਸ ਇਕੱਠ ਵਿਚ ਡੈਲੀਗੇਟਾਂ ਦਾ ਦਾਖ਼ਲਾ ਟਿਕਟਾਂ (ਐਂਟਰੀ ਪਾਸ) ਰਾਹੀਂ ਸੀ। ਦੁਪਹਿਰ 12 ਵਜੇ ਤਕ 742 ਟਿਕਟਾਂ ਜਾਰੀ ਕੀਤੀਆਂ ਗਈਆਂ ਸਨ। ਇਸ ਮਗਰੋਂ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਜੁੜੀ 8000 ਤੋਂ ਵਧ ਸੰਗਤਾਂ ਦੇ ਸਹਮਣੇ ਕਾਰਵਾਈ ਸ਼ੁਰੂ ਕੀਤੀ ਗਈ। ਅਰਦਾਸ ਕਰਨ ਮਗਰੋਂ ਪ੍ਰਿੰਸੀਪਲ ਤੇਜਾ ਸਿੰਘ ਮੀਟਿੰਗ ਦੇ ਪ੍ਰਧਾਨ ਚੁਣੇ ਗਏ। ਇਸ ਪਿੱਛੋਂ ਕਮੇਟੀ ਬਣਾਉਣ ਵਾਸਤੇ ਹੇਠ ਲਿਖੇ ਮੁਤਾਬਿਕ ਨੁਮਾਇੰਦੇ ਚੁਣਨ ਦਾ ਮਤਾ ਪੇਸ਼ ਕੀਤਾ ਗਿਆ: ਚਾਰ ਤਖ਼ਤਾਂ ਦੇ ਨੁਮਾਇੰਦੇ 4, ਦਰਬਾਰ ਸਾਹਿਬ 1, ਅੰਮ੍ਰਿਤਸਰ 13 (5 ਸ਼ਹਿਰੀ, 8 ਦਿਹਾਤੀ), ਲਾਹੌਰ 4, ਫ਼ੀਰੋਜ਼ਪੁਰ 4, ਲੁਧਿਆਣਾ 6, ਗੁਰਦਾਸਪੁਰ 4, ਸਿਆਲਕੋਟ 4, ਮਿੰਟਗੁਮਰੀ 2, ਮੁਲਤਾਨ 1, ਗੁਜਰਾਂਵਾਲਾ 4, ਗੁਜਰਾਤ 2, ਜਲੰਧਰ 4, ਹੁਸ਼ਿਆਰਪੁਰ 2, ਜਿਹਲਮ 2, ਰਾਵਲਪਿੰਡੀ 4, ਅਟਕ 1, ਸ਼ੇਖ਼ੂਪੁਰਾ 4, ਲਾਇਲਪੁਰ 6, ਡੇਰਾ ਗ਼ਾਜ਼ੀ ਖ਼ਾਨ 1, ਸਰਹੱਦੀ ਸੂਬਾ 10 (ਕੋਹਾਟ 2, ਪਿਸ਼ਾਵਰ 4, ਐਬਟਾਬਾਦ 2, ਬੰਨੂ 2), ਅੰਬਾਲਾ 2, ਦਿੱਲੀ 2, ਰੋਹਤਕ, ਗੁਰਗਾਓਂ, ਹਿਸਾਰ, ਕਰਨਾਲ ਇਕ-ਇਕ, ਪਟਿਆਲਾ ਨਾਭਾ 5-5, ਜੀਂਦ 4, ਫ਼ਰੀਦਕੋਟ 2, ਕਲਸੀਆ 2, ਮਲੇਰਕੋਟਲਾ 2, ਕਪੂਰਥਲਾ 2, ਕਸ਼ਮੀਰ 2, ਮੁਜ਼ੱਫ਼ਰਗੜ੍ਹ 1, ਝੰਗ 1, ਡੇਰਾ ਇਸਮਾਈਲ ਖ਼ਾਨ 1, ਸ਼ਾਹਪੁਰ 2, ਮੀਆਂਵਾਲੀ 1, ਨਿਹੰਗ 5 ਨੁਮਾਇੰਦੇ। ਅਗਲੇ ਦਿਨ ਸਵੇਰੇ ਸੰਗਤ ਦੀ ਮਨਜ਼ੂਰੀ ਲਈ। ਇਸ ਮਗਰੋਂ ਇਕ 5 ਮੈਂਬਰੀ ਪੜਤਾਲੀਆ ਕਮੇਟੀ ਚੁਣੀ ਗਈ ਜੋ ਮੈਂਬਰਾਂ ਦੀ ਸੁਧਾਈ ਕਰੇ। ਕੁਝ ਦਿਨ ਮਗਰੋਂ ਪੰਜ ਪਿਆਰਿਆਂ ਨੇ ਇਨ੍ਹਾਂ ਮੈਂਬਰਾਂ ਦੀ ਸੁਧਾਈ ਸ਼ੁਰੂ ਕੀਤੀ। ਸੁਧਾਈ ਵਾਸਤੇ ਚੁਣੇ ਗਏ ਪੰਜ ਪਿਆਰੇ ਇਹ ਸਨ: ਬਲਵੰਤ ਸਿੰਘ ਕੁਲ੍ਹਾ, ਪ੍ਰੋ: ਬਾਵਾ ਹਰਕਿਸ਼ਨ ਸਿੰਘ, ਮਾ: ਮੋਤਾ ਸਿੰਘ, ਤੇਜਾ ਸਿੰਘ ਭੁੱਚਰ ਤੇ ਪ੍ਰੋ: ਤੇਜਾ ਸਿੰਘ ਮਸਤੂਆਣਾ। **ਇਸ ਮੌਕੇ 'ਤੇ ਪ੍ਰੋ: ਤੇਜਾ ਸਿੰਘ ਬਾਰੇ ਇਹ ਇਤਰਾਜ਼ ਉਠਾਇਆ ਗਿਆ ਕਿ ਉਹ ਆਪਣੇ ਆਪ ਨੂੰ 'ਸੰਤ' ਅਖਵਾਉਂਦੇ ਹਨ ਅਤੇ ਮੱਥਾ ਵੀ ਟਿਕਾਉਂਦੇ ਹਨ। ਪ੍ਰੋ: ਤੇਜਾ ਸਿੰਘ ਨੇ ਅਕਾਲ ਤਖ਼ਤ ਸਾਹਿਬ 'ਤੇ ਐਲਾਨ ਕੀਤਾ ਕਿ ਉਹ ਅੱਗੇ ਤੋਂ ਆਪਣੇ ਆਪ ਨੂੰ 'ਸੰਤ' ਨਹੀਂ**

ਅਖਵਾਉਣਗੇ ਅਤੇ ਕਿਸੇ ਨੂੰ ਆਪਣੇ ਅੱਗੇ ਮੱਥਾ ਨਹੀਂ ਟੇਕਣ ਦੇਣਗੇ। ਮਾ: ਮੋਤਾ ਸਿੰਘ ਦੇ ਗ਼ੈਰ-ਹਾਜ਼ਿਰ ਹੋਣ ਕਰ ਕੇ ਭਾਈ ਜੋਧ ਸਿੰਘ ਨੂੰ ਪੰਜਵਾਂ ਮੈਂਬਰ ਲਿਆ ਗਿਆ। ਭਾਈ ਬਲਵੰਤ ਸਿੰਘ ਕੇਸਗੜ੍ਹ ਸਾਹਿਬ ਵਾਲਿਆਂ ਨੇ ਗ੍ਰੰਥੀ ਵਜੋਂ ਸੇਵਾ ਨਿਭਾਈ।

1921: ਬਾਬਾ ਗੁਰਦਿਤ ਸਿੰਘ ਕਾਮਗਾਟਾ ਮਾਰੂ ਨੇ 7 ਸਾਲ ਰੂਪੋਸ਼ ਰਹਿਣ ਮਗਰੋਂ ਨਾਨਕਾਣਾ ਸਾਹਿਬ ਵਿਚ ਗ੍ਰਿਫ਼ਤਾਰੀ ਦਿੱਤੀ; ਇਸੇ ਸਮੇਂ ਮਾ: ਮੋਤਾ ਸਿੰਘ ਲੈਕਚਰ ਦੇ ਕੇ ਗ਼ਾਇਬ ਹੋ ਗਏ

ਸਤੰਬਰ 1914 ਵਿਚ ਬਜਬਜ ਘਾਟ ਕਲਕੱਤਾ ਵਿਚ ਕਾਮਾਗਾਟਾਮਾਰੂ ਜਹਾਜ਼ 'ਤੇ ਗੋਲੀਆਂ ਚਲਾਏ ਜਾਣ ਵੇਲੇ ਕੁਝ ਮੁਸਾਫ਼ਿਰ ਬਚ ਕੇ ਨਿਕਲ ਗਏ ਸਨ। ਇਨ੍ਹਾਂ ਵਿਚ ਗੁਰਦਿਤ ਸਿੰਘ ਵੀ ਸੀ। ਉਸ ਨੇ 7 ਸਾਲ ਫ਼ਰਾਰ ਰਹਿਣ ਮਗਰੋਂ 15 ਨਵੰਬਰ 1921 ਦੇ ਦਿਨ ਨਾਨਕਾਣਾ ਸਾਹਿਬ ਵਿਚ ਗ੍ਰਿਫ਼ਤਾਰੀ ਦਿੱਤੀ। ਇਸ ਮੌਕੇ ਤੇ ਬਬਰ ਅਕਾਲੀ ਆਗੂ ਮੋਤਾ ਸਿੰਘ ਵੀ ਸਟੇਜ 'ਤੇ ਹਾਜ਼ਰ ਸਨ; ਉਨ੍ਹਾਂ ਨੇ ਵੀ ਸਟੇਜ ਤੋਂ ਲੈਕਚਰ ਕੀਤਾ ਅਤੇ ਲੈਕਚਰ ਦੇ ਕੇ ਗ਼ਾਇਬ ਹੋ ਗਏ ਤੇ ਪੁਲਸ ਵੇਖਦੀ ਰਹਿ ਗਈ।

1948: ਪੰਜਾਬ ਅਸੈਂਬਲੀ ਦੇ 33 ਚੋਂ 32 ਸਿੱਖ ਐਮ.ਐਲ.ਏਜ਼ ਨੇ ਭਾਰਤ ਸਰਕਾਰ ਨੂੰ ਦਿੱਤੇ ਜਾਣ ਵਾਲੇ 'ਸਿੱਖ ਚਾਰਟਰ' ਉਤੇ ਦਸਤਖ਼ਤ ਕੀਤੇ

1947 ਵਿਚ ਵੰਡ ਤੋਂ ਮਗਰੋਂ ਪੂਰਬੀ ਪੰਜਾਬ ਦੀ ਅਬਾਦੀ 1,58,66,888 ਸੀ। ਜਿਸ ਵਿਚ ਸਿੱਖ 55,54,518 (35%) ਅਤੇ ਹਿੰਦੂ 98,80,779 (62%) ਸਨ। ਇਸ ਵੇਲੇ ਇਨ੍ਹਾਂ ਸਿੱਖਾਂ ਵਿਚ ਤਕਰੀਬਨ ਤੀਜਾ ਹਿੱਸਾ ਗਿਣਤੀ ਮਹਾਜਰਾਂ (ਰਫ਼ਿਊਜੀਆਂ) ਦੀ ਸੀ। ਸਿੱਖ ਕੌਮ ਨੂੰ ਇਨ੍ਹਾਂ ਮਹਾਜਰਾਂ ਨੂੰ ਵਸਾਉਣ ਵਾਸਤੇ ਬੜੀ ਜੱਦੋਜਹਿਦ ਕਰਨੀ ਪਈ। ਪੰਜਾਬ ਵਿਚ ਹਿੰਦੂ ਅਕਸਰੀਅਤ ਕਾਬਜ਼ ਹੋਣ ਕਰ ਕੇ ਸਿੱਖਾਂ ਨੂੰ ਬੜਾ ਔਖਾ ਹੋਣਾ ਪਿਆ। ਇਸ ਵੇਲੇ ਦੀ ਪੰਜਾਬ ਅਸੈਂਬਲੀ ਵਿਚ 87 ਮੈਂਬਰ ਸਨ ਜਿਸ ਵਿਚੋਂ 23 ਅਕਾਲੀ, 50 ਕਾਂਗਰਸੀ ਤੇ 14 ਆਜ਼ਾਦ ਸਨ। ਕਾਂਗਰਸੀਆਂ ਵਿਚੋਂ ਦੱਸ ਸਿੱਖ ਸਨ। ਇਸ ਅਸੈਂਬਲੀ ਵਿਚ ਵੀ ਕਾਂਗਰਸ ਪਾਰਟੀ ਇਕ ਨਹੀਂ ਸੀ। ਇਸ ਦੇ ਦੋ ਧੜੇ, ਗੋਪੀ ਚੰਦ ਭਾਰਗੋ ਅਤੇ ਸੱਤ ਪਾਲ, ਇਕੋ ਜਿਹੀ ਤਾਕਤ ਵਿਚ ਸਨ। ਇਸ ਹਾਲਤ ਵਿਚ ਪਾਸਕੂ ਅਕਾਲੀਆਂ ਕੋਲ ਹੋ ਤਾਂ ਸਕਦਾ ਸੀ ਪਰ ਅਕਾਲੀ ਦਲ ਵਿਚ ਚੱਪੇ-ਚੱਪੇ ਤੇ ਮੌਕਾਪ੍ਰਸਤ ਬੈਠੇ ਸਨ ਤੇ ਉਨ੍ਹਾਂ ਅੰਦਰ, ਗ਼ੁਲਾਮੀ ਵਰਗੀ ਹਾਲਤ ਵਿਚ ਹੋਣ ਦੇ ਬਾਵਜੂਦ, ਕੌਮੀ ਸੋਚ ਨਹੀਂ ਸੀ। ਉਹ ਤਾਂ ਨਿਜ ਦੀ ਕੁਰਸੀ ਵਾਸਤੇ ਕੌਮ ਨਾਲ ਧ੍ਰੋਹ ਕਰਨ ਵਾਸਤੇ ਪੇਸ਼-ਪੇਸ਼ ਸਨ।ਇਹ ਬੜੇ ਔਖੇ ਦਿਨ ਸਨ। ਬਹੁਤੇ ਸਿੱਖ ਆਗੂ ਵਜ਼ੀਰੀਆਂ, ਅਹੁਦਿਆਂ ਤੇ ਤਾਕਤ ਦੇ ਲਾਲਚ ਵਿਚ ਅਕਾਲੀ ਦਲ ਅਤੇ ਪੰਥਕ ਨਿਸ਼ਾਨੇ ਨੂੰ ਛੱਡ ਕੇ ਕਾਂਗਰਸ ਦੀ ਝੋਲੀ ਵਿਚ ਪੈ ਚੁਕੇ ਸਨ। ਸੀਨੀਅਰ ਆਗੂਆਂ ਵਿਚੋਂ ਸਿਰਫ਼ ਭਾਗ ਸਿੰਘ ਗੁਰਦਾਸਪੁਰੀ, ਸਰੂਪ ਸਿੰਘ, ਅਮਰ ਸਿੰਘ ਅੰਬਾਲਵੀ, ਪ੍ਰੀਤਮ ਸਿੰਘ ਗੋਜਰਾਂ ਹੀ ਮਾਸਟਰ ਤਾਰਾ ਸਿੰਘ ਦੇ ਨਾਲ ਰਹੇ।" ਹਾਂ ਇੱਕੋ ਹੀ ਗੱਲ ਇਨ੍ਹਾਂ ਦਿਨਾਂ ਵਿਚ ਅਹਿਮ ਹੋਈ ਕਿ ਪੰਜਾਬ ਅਸੈਂਬਲੀ ਦੇ 33 ਵਿਚੋਂ 32 ਸਿੱਖ ਮੈਂਬਰਾਂ ਨੇ (ਪ੍ਰਤਾਪ ਸਿੰਘ ਕੈਰੋਂ ਨੂੰ ਛੱਡ ਕੇ) 15 ਨਵੰਬਰ 1948 ਨੂੰ ਇਕ ਖ਼ਤ 'ਤੇ ਦਸਤਖ਼ਤ ਕੀਤੇ ਅਤੇ ਸਿੱਖਾਂ ਦੀਆਂ 13 ਮੰਗਾਂ ਦਾ ਇਕ ਚਾਰਟਰ ਆਈਨੀ ਅਸੈਂਬਲੀ (Constitution Assembly) ਨੂੰ ਪੇਸ਼ ਕੀਤਾ:

1. ਸੂਬੇ ਦੀ ਵਜ਼ਾਰਤ ਵਿਚ ਸਿੱਖਾਂ ਦਾ 50% ਹਿੱਸਾ ਹੋਵੇ।
2. ਸੈਂਟਰ ਵਿਚ ਸਿੱਖਾਂ ਦਾ 5% ਹਿੱਸਾ ਹੋਵੇ।
3. 1941 ਦੀ ਅਬਾਦੀ ਦੇ ਆਧਾਰ ਤੇ ਨੁਮਾਇੰਦਗੀ ਮਿਲੇ।

4. ਸੈਂਟਰ ਵਿਚ ਇਕ ਪੂਰਾ ਤੇ ਇਕ ਅੱਧਾ ਸਿੱਖ ਵਜ਼ੀਰ ਹੋਵੇ।
5. ਪੰਜਾਬ ਦੇ ਗਵਰਨਰ ਤੇ ਮੁੱਖ ਮੰਤਰੀ ਚੋਂ ਇਕ ਸਿੱਖ ਜ਼ਰੂਰ ਹੋਵੇ।
6. ਗੁੜਗਾਓਂ ਤੇ ਲੋਹਾਰੂ ਪੰਜਾਬ 'ਚੋਂ ਕੱਢੇ ਜਾਣ।
7. ਸੂਬੇ ਦੀਆਂ ਨੌਕਰੀਆਂ ਵਿਚ ਸਿੱਖਾਂ ਦਾ 40% ਹਿੱਸਾ ਹੋਵੇ।

ਅਤੇ ਜੇ ਕਰ ਇਹ ਮੰਗਾਂ ਨਾ ਮੰਨੀਆਂ ਜਾਣ ਤਾਂ ਸਿੱਖਾਂ ਨੂੰ ਜਲੰਧਰ, ਹੁਸ਼ਿਆਰਪੁਰ, ਅੰਮ੍ਰਿਤਸਰ, ਲੁਧਿਆਣਾ, ਫ਼ਿਰੋਜ਼ਪੁਰ ਅਤੇ ਅੰਬਾਲਾ ਜ਼ਿਲ੍ਹਿਆਂ ਦਾ ਨਵਾਂ ਸੂਬਾ ਦਿੱਤਾ ਜਾਵੇ। ਇਸ ਤਰ੍ਹਾਂ ਸਿੱਖਾਂ ਨੂੰ ਇਕ ਇਹ ਸੂਬਾ ਅਤੇ ਦੂਜਾ ਪੈਪਸੂ, ਜਿਸ ਵਿਚ 53% ਸਿੱਖ ਸਨ, ਮਿਲ ਸਕਦੇ ਸਨ।

1971: ਦਿੱਲੀ ਦੇ ਗੁਰਦੁਆਰਿਆਂ 'ਤੇ ਬੀਬੀ ਨਿਰਲੇਪ ਵੱਲੋਂ ਕਬਜ਼ਾ ਕਰਨ ਦੇ ਖ਼ਿਲਾਫ਼ ਫਤਹਿ ਸਿੰਘ ਅਕਾਲੀ ਦਲ ਵੱਲੋਂ ਪਾਰਲੀਮੈਂਟ ਦੇ ਬਾਹਰ ਮੁਜ਼ਾਹਰਾ ਕੀਤਾ ਗਿਆ

1971 ਵਿਚ ਦਿੱਲੀ ਵਿਚ ਜਥੇਦਾਰ ਸੰਤੋਖ ਸਿੰਘ ਦਾ ਉੱਥੋਂ ਦੇ ਗੁਰਦੁਆਰਿਆਂ ਤੇ ਕਬਜ਼ਾ ਸੀ। ਜਥੇਦਾਰ ਸੰਤੋਖ ਸਿੰਘ ਉਨ੍ਹੀਂ ਦਿਨੀਂ ਫਤਹਿ ਸਿੰਘ ਦੇ ਵਧੇਰੇ ਨੇੜੇ ਸੀ। ਦੂਜੇ ਪਾਸੇ ਦਿੱਲੀ ਦੇ ਅਕਾਲੀ ਤੇ ਆਮ ਸਿੱਖ ਵੀ ਪੰਜਾਬ ਦੇ ਅਕਾਲੀਆਂ ਦਾ ਦਿੱਲੀ ਦੇ ਗੁਰਦੁਆਰਿਆਂ ਤੇ ਕਬਜ਼ਾ ਪਸੰਦ ਨਹੀਂ ਕਰਦੇ ਸੀ। ਦਿੱਲੀ ਵਿਚ ਅਕਾਲੀ ਦਲ 'ਚ ਵੀ ਦੋ ਧੜੇ ਸਨ। ਦੂਜਾ ਧੜਾ ਜਥੇਦਾਰ ਸੰਤੋਖ ਸਿੰਘ ਦੇ ਵੱਡੇ ਮੁਖ਼ਾਲਿਫ਼ ਰਛਪਾਲ ਸਿੰਘ ਦਾ ਸੀ। ਉਧਰ ਗਿਆਨ ਸਿੰਘ ਰਾੜੇਵਾਲਾ ਦੀ ਧੀ ਬੀਬੀ ਨਿਰਲੇਪ ਕੌਰ ਸਾਬਕਾ ਐਮ.ਪੀ. ਵੀ ਦਿੱਲੀ ਵਿਚ ਡੇਰਾ ਲਾਈ ਬੈਠੀ ਸੀ। ਆਖ਼ਿਰ ਗਿਣੀ-ਮਿੱਥੀ ਸਕੀਮ ਅਨੁਸਾਰ ਫਤਹਿ ਸਿੰਘ ਦੇ ਮੁਖ਼ਾਲਿਫ਼ ਗਰੁਪਾਂ ਨੇ ਮਿਲ ਕੇ ਮਈ 1971 ਵਿਚ ਗੁਰਦੁਆਰਾ ਸੀਸ ਗੰਜ 'ਤੇ ਕਬਜ਼ਾ ਕਰ ਲਿਆ ਅਤੇ ਗੁਰਦੁਆਰਿਆਂ ਨੂੰ ਅੰਦਰੋਂ ਤਾਲੇ ਮਾਰ ਲਏ। ਇਹ ਕਬਜ਼ਾ ਸਰਕਾਰ ਦੇ ਦਖ਼ਲ ਦੇਣ 'ਤੇ ਖ਼ਤਮ ਹੋਇਆ ਤੇ ਸਰਕਾਰ ਨੇ ਇਕ ਪੰਜ ਮੈਂਬਰੀ ਬੋਰਡ ਬਣਾ ਕੇ ਅਰਡੀਨੈਂਸ ਰਾਹੀਂ ਕਬਜ਼ਾ ਉਸ ਨੂੰ ਸੌਂਪ ਦਿੱਤਾ। 15 ਜੁਲਾਈ ਨੂੰ ਫਤਹਿ ਸਿੰਘ ਨੇ ਇਸ ਦੀ ਮੁਖ਼ਾਲਫ਼ਤ ਕੀਤੀ ਤੇ ਦਿੱਲੀ ਦੇ ਗੁਰਦੁਆਰੇ 'ਆਜ਼ਾਦ ਕਰਵਾਉਣ ਲਈ' ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ।ਇਸ ਸਬੰਧ ਵਿਚ ਅਕਾਲੀ ਦਲ ਨੇ ਪਾਰਲੀਮੈਂਟ ਦੇ ਬਾਹਰ ਮੁਜ਼ਾਹਰਾ ਕਰਨ ਦਾ ਐਲਾਨ ਕਰ ਕੀਤਾ ਅਤੇ 15 ਨਵੰਬਰ 1971 ਦੇ ਦਿਨ ਦਫ਼ਾ 144 ਤੋੜ ਕੇ ਗ੍ਰਿਫ਼ਤਾਰੀਆਂ ਦਿੱਤੀਆਂ।

1987: ਗੁਰਚਰਨ ਸਿੰਘ ਰਾਜੋ ਮਾਜਰਾ ਨਕਲੀ ਮੁਕਾਬਲੇ ਵਿਚ ਸ਼ਹੀਦ

15 ਨਵੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਗੁਰਚਰਨ ਸਿੰਘ (ਪੁੱਤਰ ਜੀਤ ਸਿੰਘ, ਵਾਸੀ ਰਾਜੋ ਮਾਜਰਾ, ਜ਼ਿਲ੍ਹਾ ਸੰਗਰੂਰ) ਨੂੰ ਇਕ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸਤਨਾਮ ਸਿੰਘ ਬਾਸਰਪੁਰਾ ਤੇ ਸਵਿੰਦਰ ਸੋਹਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

15 ਨਵੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਸਤਨਾਮ ਸਿੰਘ ਉਰਫ਼ ਕਾਲਾ (ਵਾਸੀ ਬਾਸਰਪੁਰਾ, ਗੁਰਦਾਸਪੁਰ), ਸਵਿੰਦਰ ਸਿੰਘ (ਪੁੱਤਰ ਚੈਚਲ ਸਿੰਘ, ਵਾਸੀ ਸੋਹਲ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਮੰਗਲ ਸਿੰਘ ਪਬਰਾਲੀ ਤੇ ਮਹਿੰਦਰ ਸਿੰਘ ਬਿਜਲੀਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

15 ਨਵੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਮੰਗਲ ਸਿੰਘ (ਪੁੱਤਰ ਉਜਾਗਰ ਸਿੰਘ, ਵਾਸੀ ਪਬਰਾਲੀ, ਨੇੜੇ ਪਰਾਚਾ, ਜ਼ਿਲ੍ਹਾ ਗੁਰਦਾਸਪੁਰ) ਤੇ ਮਹਿੰਦਰ ਸਿੰਘ (ਪੁੱਤਰ ਮੋਹਨ

ਸਿੰਘ, ਵਾਸੀ ਬਿਜਲੀਵਾਲ, ਨੇੜੇ ਸਰਵਾਲੀ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਜਰਨੈਲ ਨਿਸ਼ਾਨ ਸਿੰਘ ਮਖੂ, ਰਜਿੰਦਰ ਸਿੰਘ ਆਵਾ ਚੱਕ, ਅਮੋਲਕ ਸਿੰਘ ਪੀ.ਟੀ. ਮਾਸਟਰ, ਕੁਲਦੀਪ ਸਿੰਘ ਫ਼ੌਜੀ ਭਾਮ, ਰਾਜਬੀਰ ਸਿੰਘ ਰਾਜੂ ਆਵਾ ਚੱਕ ਤੇ ਬਲਵਿੰਦਰ ਸਿੰਘ ਸੈਦੋਵਾਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

15 ਨਵੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਜਰਨੈਲ ਨਿਸ਼ਾਨ ਸਿੰਘ ਮਖੂ (ਜਿਸ ਨੂੰ ਇਕ ਦਿਨ ਪਹਿਲੋਂ ਫੜਿਆ ਸੀ) ਨੂੰ ਇਕ ਹਜ਼ਾਰ ਕਤਲਾਂ ਦਾ ਜ਼ਿੰਮੇਦਾਰ ਕਹਿ ਕੇ ਇਕ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤਾ। ਪੁਲਸ ਨੇ ਉਸ ਦੇ ਸਿਰ 'ਤੇ ਵੀਹ ਲੱਖ ਦਾ ਈਨਾਮ ਰੱਖਿਆ ਹੋਇਆ ਸੀ। ਇਸੇ ਦਿਨ ਰਜਿੰਦਰ ਸਿੰਘ ਉਰਫ਼ ਡਾਕਟਰ ਅਮੋਲਕ ਸਿੰਘ (ਪੁੱਤਰ ਬਲਦੇਵ ਸਿੰਘ, ਵਾਸੀ ਆਵਾ ਚੱਕ), ਅਮੋਲਕ ਸਿੰਘ ਬੋਬੀ ਉਰਫ਼ ਪੀ.ਟੀ. ਮਾਸਟਰ, ਕੁਲਦੀਪ ਸਿੰਘ ਫ਼ੌਜੀ ਬਬਰ ਵਾਸੀ ਭਾਮ (ਹਰਗੋਬਿੰਦਪੁਰ), ਰਾਜਬੀਰ ਸਿੰਘ ਉਰਫ਼ ਰਾਜੂ (ਪੁੱਤਰ ਗੁਰਬਖ਼ਸ਼ ਸਿੰਘ, ਵਾਸੀ ਆਵਾ ਚੱਕ (ਚਾਰ ਸੌ ਕਤਲਾਂ ਦਾ ਜ਼ਿੰਮੇਦਾਰ ਗਰਦਾਨ ਕੇ) ਤੇ ਬਲਜਿੰਦਰ ਸਿੰਘ (ਪੁੱਤਰ ਜਰਨੈਲ ਸਿੰਘ, ਵਾਸੀ ਸੈਦੋਵਾਲ) ਨੂੰ ਨਕਲੀ ਮੁਕਾਬਲਿਆਂ ਵਿਚੋਂ ਸ਼ਹੀਦ ਕਰ ਦਿਤਾ।

1993: ਗੁਜਰਵਾਲ ਵਿਚ ਅਖੰਡ ਪਾਠ ਖੰਡਤ ਕਰਨ ਖ਼ਿਲਾਫ਼ ਬਾਦਲਕਿਆਂ ਨੇ ਮੋਰਚਾ ਲਾ ਕੇ ਵਾਪਿਸ ਲਿਆ ਪਰ ਮਾਨ ਨੇ ਜਾਰੀ ਰੱਖਿਆ; ਤਖ਼ਤ ਤੋਂ ਮਾਨ ਦੇ ਜੱਥੇ ਦੀ ਅਰਦਾਸ ਨਾ ਕੀਤੀ ਗਈ ਅਤੇ ਸਿਰੋਪਾ ਨਾ ਦਿੱਤਾ ਗਿਆ

19 ਸਤੰਬਰ 1993 ਦੇ ਦਿਨ ਪੰਜਾਬ ਪੁਲੀਸ ਨੇ ਗੁਜਰਵਾਲ ਵਿਚ ਹੋ ਰਹੇ ਇਕ ਅਖੰਡ ਪਾਠ ਨੂੰ ਰੋਕ ਦਿੱਤਾ। ਇਸ ਸਮੇਂ ਪੁਲੀਸ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਵੀ ਕੀਤੀ। ਇਸ ਦੇ ਖ਼ਿਲਾਫ਼ ਚਾਰੇ ਪਾਸੇ ਰੋਸ ਜ਼ਾਹਿਰ ਕੀਤਾ ਗਿਆ। ਇਸ ਤੋਂ ਸ਼੍ਰੋਮਣੀ ਅਕਾਲੀ ਦਲ (ਬਾਦਲ-ਟੌਹੜਾ) ਨੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਇਹ ਮੋਰਚਾ ਕੁਝ ਦਿਨ ਚਲਿਆ। ਜਦੋਂ ਪੁਲੀਸ ਅਕਾਲੀ ਵਰਕਰਾਂ 'ਤੇ ਜ਼ੁਲਮ ਕਰਨ ਲੱਗ ਪਈ ਤਾਂ ਅਕਾਲੀ ਦਲ (ਬਾਦਲ-ਟੌਹੜਾ) ਨੇ 14 ਸਤੰਬਰ ਨੂੰ ਇਹ ਮੋਰਚਾ 'ਮੁਲਤਵੀ' (ਦਰਅਸਲ ਬੰਦ) ਕਰਨ ਦਾ ਐਲਾਨ ਕਰ ਦਿੱਤਾ। ਪਰ ਦੂਜੇ ਅਕਾਲੀ ਦਲ (ਪ੍ਰਧਾਨ ਸਿਮਰਨਜੀਤ ਸਿੰਘ ਮਾਨ) ਨੇ ਇਹ ਮੋਰਚਾ ਜਾਰੀ ਰੱਖਣ ਦਾ ਫ਼ੈਸਲਾ ਕੀਤਾ। ਪਰ, 15 ਨਵੰਬਰ ਦੇ ਦਿਨ ਜਦੋਂ ਮਾਨ ਅਕਾਲੀ ਦਲ ਦਾ ਜੱਥਾ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਨ ਗਿਆ ਤਾਂ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਪੁਜਾਰੀਆਂ (ਗ੍ਰੰਥੀਆਂ) ਨੇ ਜਥੇ ਵਾਸਤੇ ਰਵਾਨਗੀ ਦੀ ਅਰਦਾਸ ਕਰਨ ਅਤੇ ਜੱਥੇ ਨੂੰ ਸਿਰੋਪਾਓ ਦੇਣ ਤੋਂ ਨਾਂਹ ਕਰ ਦਿੱਤੀ। ਇਸ ਦਾ ਮਤਲਬ ਸਾਫ਼ ਇਹ ਸੀ ਕਿ ਅਕਾਲ ਤਖ਼ਤ ਸਾਹਿਬ ਤੋਂ ਸਿਰਫ਼ ਕਾਬਜ਼ ਧੜੇ ਵਲੋਂ ਲਾਏ ਗਏ ਮੋਰਚੇ ਵਿਚ ਜਾਣ ਵਾਲੇ ਜਥਿਆਂ ਨੂੰ ਹੀ ਸਿਰੋਪਾਓ ਬਖ਼ਸ਼ਿਸ਼ ਕੀਤੇ ਜਾਂਦੇ ਹਨ। ਇੱਥੇ ਇਕ ਹੋਰ ਗੱਲ ਵੀ ਕਾਬਲੇ-ਜ਼ਿਕਰ ਹੈ ਕਿ 1923 ਵਿਚ ਜੈਤੋ ਵਿਚ ਅਖੰਡ ਪਾਠ ਰੋਕਣ ਦੀ ਹਰਕਤ ਵਿਚ ਸ਼ਾਮਿਲ ਹੋਣ ਦੇ ਜੁਰਮ ਵਿਚ ਗੁਰਦਿਆਲ ਸਿੰਘ ਨੂੰ ਪੰਥ 'ਚੋਂ ਖਾਰਿਜ ਕੀਤਾ ਗਿਆ ਸੀ, ਪਰ ਗੁਜਰਵਾਲ ਦੇ ਮਾਮਲੇ ਵਿਚ ਬੇਅੰਤ ਜਾਂ ਗਿੱਲ ਨਾਲ ਅਜਿਹਾ ਨਹੀਂ ਸੀ ਕੀਤਾ ਗਿਆ।

2012: ਗੁਰਦੁਆਰਾ ਰਕਾਬ ਗੰਜ ਵਿਚ ਪਰਮਜੀਤ ਸਿੰਘ ਸਰਨਾ ਤੇ ਬਾਦਲ ਧੜਿਆਂ ਵਿਚ ਲੜਾਈ

15 ਨਵੰਬਰ 2012 ਦੇ ਦਿਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਸ਼ੈਟੀ ਨੇ ਬਾਦਲ ਧੜੇ ਦੇ ਮਨਜੀਤ ਸਿੰਘ ਜੀ.ਕੇ. ਨੂੰ 'ਸਪੈਸ਼ਲ ਇਨਵਾਇਟੀ' ਦੇ ਤੌਰ 'ਤੇ ਸੱਦ ਲਿਆ। ਸਰਨਾ ਧੜੇ ਨੇ ਉਸ ਨੂੰ ਮੀਟਿੰਗ ਵਿਚ ਸ਼ਾਮਿਲ ਨਾ ਹੋਣ ਦਿੱਤਾ ਅਤੇ ਉਸ 'ਤੇ ਹਮਲਾ ਕਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਉਨ੍ਹਾਂ ਦਿਨਾਂ ਵਿਚ ਸਰਨਾ ਦੇ ਬਹੁਤ ਸਾਰੇ ਸਾਥੀ ਉਸ ਦੇ ਡਿਕਟੇਟਰਾਨਾ ਰਵੱਈਏ ਕਾਰਨ ਉਸ ਨੂੰ ਛੱਡ ਚੁਕੇ ਸਨ; ਇਨ੍ਹਾਂ ਵਿਚ ਗੁਰਮੀਤ ਸਿੰਘ ਸ਼ੈਂਟੀ ਜਨਰਲ ਸਕੱਤਰ ਤੋਂ ਇਲਾਵਾ ਗੁਰਮੀਤ ਸਿੰਘ ਮੀਤਾ, ਉਬਰਾਏ ਵਰਗੇ ਵੀ ਸਨ, ਜੋ ਕਦੇ ਸਰਨਾ ਦੇ ਪੱਕੇ ਸਾਥੀ ਸਨ)।

2012: ਖ਼ੂਨੀ ਨਵੰਬਰ 1984 ਦੌਰਾਨ ਹੋਏ ਸਿੱਖ ਕਤਲੇਆਮ ਨੂੰ 'ਨਸਲਕੁਸ਼ੀ' ਐਲਾਨਨ ਵਾਸਤੇ ਅਮਰੀਕਾ ਦੇ ਪ੍ਰੈਜ਼ੀਡੈਂਟ ਨੂੰ ਪਟੀਸ਼ਨ

15 ਨਵੰਬਰ 2012 ਦੇ ਦਿਨ ਸਿੱਖਾਂ ਨੇ ਅਮਰੀਕਾ ਦੇ ਪ੍ਰੈਜ਼ੀਡੈਂਟ ਨੂੰ ਇਕ ਪਟੀਸ਼ਨ ਦੇਣ ਵਾਸਤੇ ਦਸਤਖ਼ਤ ਕਰਵਾਉਣ ਦੀ ਲਹਿਰ ਸ਼ੁਰੂ ਕੀਤੀ। ਇਸ ਸਪਟੀਸ਼ਨ ਵਿਚ ਕਿਹਾ ਗਿਆ ਸੀ ਕਿ ਖ਼ੂਨੀ ਨਵੰਬਰ 1984 ਦੌਰਾਨ ਹੋਏ ਸਿੱਖ ਕਤਲੇਆਮ ਨੂੰ 'ਨਸਲਕੁਸ਼ੀ' ਐਲਾਨਿਆ ਜਾਵੇ। ਇਸ 'ਤੇ 30517 ਲੋਕਾਂ ਨੇ ਦਸਤਖ਼ਤ ਕੀਤੇ; ਪਰ ਇਸ ਦੇ ਬਾਵਜੂਦ ਅਮਰੀਕਾ ਦੇ ਪ੍ਰੈਜ਼ੀਡੈਂਟ ਬਰਾਕ ਓਬਾਮਾ ਨੇ ਇਸ ਕਤਲੇਆਮ 'ਤੇ ਰਸਮੀ ਦੁਖ ਤਾਂ ਜ਼ਾਹਰ ਕੀਤਾ ਪਰ ਭਾਰਤ ਨਾਲ ਵਪਾਰਕ ਸਬੰਧਾਂ ਕਾਰਨ ਇਸ ਨੂੰ 'ਨਸਲਕੁਸ਼ੀ' ਐਲਾਨਣ ਤੋਂ ਇਨਕਾਰ ਕਰ ਦਿੱਤਾ।

16 ਨਵੰਬਰ

1675: ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਕੀਰਤਪੁਰ ਪੁੱਜਾ

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਮਗਰੋਂ ਭਾਈ ਜੈਤਾ (ਪਾਹੁਲ ਲੈਣ ਮਗਰੋਂ ਭਾਈ ਜੀਵਨ ਸਿੰਘ), ਭਾਈ ਨਾਨੂ ਰਾਮ, ਭਾਈ ਤੁਲਸੀ ਤੇ ਭਾਈ ਊਦਾ ਨੇ ਗੁਰੂ ਸਾਹਿਬ ਦਾ ਸੀਸ ਚੁਕ ਕੇ ਲਿਆਉਣ ਦੀ ਤਰਕੀਬ ਬਣਾਈ। ਭਾਈ ਜੈਤਾ ਆਪਣੀ ਟੋਕਰੀ ਸਿਰ 'ਤੇ ਚੁਕ ਕੇ ਲੈ ਗਿਆ ਅਤੇ ਰਾਤ ਦੇ ਹਨੇਰੇ ਵਿਚ ਗੁਰੂ ਸਾਹਿਬ ਦਾ ਸੀਸ ਚੁਕ ਲਿਆਇਆ ਜਿਸ ਨੂੰ ਮਗਰੋਂ ਭਾਈ ਜੈਤਾ, ਊਦਾ ਤੇ ਨਾਨੂ ਰਾਮ ਚੱਕ ਨਾਨਕੀ ਲੈ ਗਏ। ਉਹ ਦਿੱਲੀ ਤੋਂ ਚਲ ਕੇ ਬਾਘਪਤ ਪੁੱਜੇ ਤੇ ਇੱਥੋਂ ਜਮਨਾ ਦਰਿਆ ਪਾਰ ਕਰ ਕੇ ਕਰਨਾਲ, ਅੰਬਾਲਾ ਤੇ ਨਾਭਾ (ਹੁਣ ਨਾਭਾ ਸਾਹਿਬ, ਚੰਡੀਗੜ੍ਹ-ਪਟਿਆਲਾ ਰੋਡ 'ਤੇ) ਵਿਚ ਪੜਾਅ ਕਰਦੇ ਹੋਏ 16 ਨਵਬੰਰ ਨੂੰ ਕੀਰਤਪੁਰ ਤੇ ਫਿਰ ਅਨੰਦਪੁਰ ਪੁੱਜੇ। ਪੁੱਜੇ ਤੇ ਅਗਲੇ ਦਿਨ ਸੀਸ ਦਾ ਸਸਕਾਰ ਗੁਰਦੁਆਰਾ ਸੀਸ ਗੰਜ (ਅਨੰਦਪੁਰ ਸਾਹਿਬ) ਵਾਲੀ ਥਾਂ 'ਤੇ ਕਰ ਦਿਤਾ।

1688: ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਤੋਂ ਚੱਕ ਨਾਨਕੀ ਪੁੱਜੇ

18 ਸਿਤੰਬਰ 1688 ਦੇ ਦਿਨ ਭੰਗਾਣੀ ਦੀ ਲੜਾਈ ਵਿਚ ਗੁਰੂ ਸਹਿਬ ਦੀ ਸ਼ਾਨਦਾਰ ਜਿੱਤ ਮਗਰੋਂ ਆਪ 28 ਅਕਤੂਬਰ 1688 ਦੇ ਦਿਨ ਪਾਉਂਟਾ ਸਾਹਿਬ ਤੋਂ ਚੱਲੇ ਅਤੇ ਕਪਾਲ ਮੋਚਨ, ਲਾਹੜਪੁਰ, ਟੋਕਾ, ਦਾਬਰਾ, ਰਾਣੀ ਦਾ ਰਾਇਪੁਰ, ਢਕੌਲੀ, ਨਾਢਾ, ਮਨੀਮਾਜਰਾ,

ਕੋਟਲਾ ਨਿਹੰਗ, ਘਨੌਲਾ, ਬੁੰਗਾ, ਅਟਾਰੀ, ਕੀਰਤਪੁਰ ਹੁੰਦੇ ਹੋਏ 16 ਨਵੰਬਰ 1688 ਦੇ ਦਿਨ ਚੱਕ ਨਾਨਕੀ (ਹੁਣ ਅਨੰਦਪੁਰ ਦਾ ਹਿੱਸਾ) ਪਹੁੰਚ ਗਏ।

1916: ਕਰਤਾਰ ਸਿੰਘ ਸਰਾਭਾ , ਜਗਤ ਸਿੰਘ ਸੁਰਸਿੰਘ, ਹਰਨਾਮ ਸਿੰਘ ਭੱਟੀ ਗੋਰਾਇਆ, ਬਖ਼ਸ਼ੀਸ਼ ਸਿੰਘ ਗਿਲਵਾਲੀ, ਸੁਰੈਣ ਸਿੰਘ ਗਿਲਵਾਲੀ, ਸੁਰੈਣ ਸਿੰਘ ਗਿਲਵਾਲੀ (ਦੂਜਾ) ਤੇ ਵਿਸ਼ਨੂ ਗਣੇਸ਼ ਪਿੰਗਲੇ ਨੂੰ ਫ਼ਾਂਸੀ ਦਿੱਤੀ ਗਈ

ਪੰਜਾਬ ਦੀ ਧਰਤੀ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਵਾਸਤੇ 1913 ਵਿਚ ਅਮਰੀਕਾ ਤੇ ਕਨੇਡਾ ਵਿਚ ਗ਼ਦਰ ਪਾਰਟੀ ਬਣਾਈ ਗਈ ਸੀ। ਇਸ ਦਾ ਨਿਸ਼ਾਨਾ ਅੰਗਰੇਜ਼ਾਂ ਤੋਂ ਮੁਲਕ ਨੂੰ ਅਜ਼ਾਦ ਕਰਵਾਉਣਾ ਸੀ। ਭਾਵੇਂ ਇਸ ਪਲਾਨਿੰਗ ਦਾ ਪੂਰੇ ਦਾ ਪੂਰਾ ਖਰੜਾ ਤਾਂ ਨਹੀਂ ਮਿਲਦਾ; ਪਰ ਅੰਗਰੇਜ਼ਾਂ ਦੀਆਂ ਖ਼ੁਫ਼ੀਆਂ ਫ਼ਾਈਲਾਂ ਵਿਚ ਪਏ ਹੋਏ ਇਕ ਖ਼ਤ ਤੋਂ ਇਸ ਦਾ ਇਕ ਹਿੱਸਾ ਮਿਲ ਜਾਂਦਾ ਹੈ। ਇਹ ਖਤ ਕਾਂਟਨ (ਚੀਨ) ਤੋਂ ਡਾ: ਠਾਕਰ ਸਿੰਘ ਇਕੋਲਾਹਾ ਨੇ 17 ਨਵੰਬਰ 1914 ਨੂੰ ਗਿਆਨੀ ਭਗਵਾਨ ਸਿੰਘ ਨੂੰ ਲਿਖਿਆ ਸੀ, ਜਿਹੜਾ ਹਾਂਗਕਾਂਗ ਵਿਚ ਸੈਂਸਰ ਨੇ ਪੁਲਿਸ ਦੇ ਹਵਾਲੇ ਕਰ ਦਿੱਤਾ ਸੀ (ਨਤੀਜੇ ਵਜੋਂ ਡਾ: ਠਾਕਰ ਸਿੰਘ ਗ੍ਰਿਫ਼ਤਾਰ ਹੋ ਗਿਆ ਅਤੇ 4 ਸਾਲ ਜੇਲ੍ਹ ਵਾਸੀ ਬਣਿਆ ਰਿਹਾ)। ਇਸ ਖ਼ਤ ਮੁਤਾਬਿਕ ਜਨਵਰੀ 1915 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜਨਮ ਦਿਨ 'ਤੇ ਪੰਜਾਬ ਵਿਚ ਸਾਰੇ ਪਾਸੇ ਹਥਿਆਰਬੰਦ ਗ਼ਦਰੀ ਆਪੋ ਆਪਣੀਆਂ ਤਹਿਸੀਲਾਂ, ਥਾਣਿਆਂ ਤੇ ਜ਼ਿਲਿਆਂ ਵਿਚ ਅੰਗਰੇਜ਼ਾਂ ਨੂੰ ਕਤਲ ਕਰ ਕੇ ਇਨਕਲਾਬੀ ਸੇਵਾਦਾਰਾਂ ਨੂੰ ਤਾਇਨਾਤ ਕਰ ਦੇਣਗੇ। ਫ਼ੌਜ ਵਿਚ ਪਹਿਲੋਂ ਹੀ ਤਿਆਰੀ ਹੋ ਚੁੱਕੀ ਹੋਵੇਗੀ। ਇਸ ਤਰ੍ਹਾਂ ਚੁੱਪਚਾਪ ਪੰਜਾਬ 'ਤੇ ਕਬਜ਼ਾ ਹੋ ਜਾਵੇਗਾ। ਉਸ ਵੇਲੇ ਅੰਗਰੇਜ਼ੀ ਫ਼ੌਜ ਜਰਮਨੀ ਨਾਲ ਜੰਗ ਵਿਚ ਰੁੱਝੀ ਹੋਣ ਕਰ ਕੇ ਬਹੁਤੀ ਹਿਲਜੁਲ ਨਹੀਂ ਕਰ ਸਕੇਗੀ। ਇਹ ਸਾਰੀ ਕਾਰਵਾਈ ਇਕੋ ਦਿਨ ਇਕੋ ਵੇਲੇ ਸਾਰੇ ਪੰਜਾਬ ਵਿਚ ਸ਼ੁਰੂ ਹੋਣੀ ਸੀ। ਖ਼ਤ ਮੁਤਾਬਿਕ ਲੁਧਿਆਣਾ ਜ਼ਿਲੇ ਦਾ ਚਾਰਜ ਡਾ. ਠਾਕਰ ਸਿੰਘ ਇਕੋਲਾਹਾ ਨੇ ਲਿਆ ਹੋਇਆ ਸੀ। ਪਰ ਹਰਦਿਆਲ ਵਰਗੇ ਆਗੂਆਂ ਨੂੰ ਇਹ ਮਨਜ਼ੂਰ ਨਹੀਂ ਸੀ। ਹਰਦਿਆਲ ਤੇ ਗ਼ਦਰ ਲਹਿਰ ਦੀ ਲੀਡਰਸ਼ਿਪ ਦੇ ਹੋਰ ਹਿੰਦੂ ਆਗੂ ਇਹ ਨਹੀਂ ਸੀ ਚਾਹੁੰਦੇ ਕਿ ਪਹਿਲੋਂ ਪੰਜਾਬ ਅਜ਼ਾਦ ਹੋ ਜਾਵੇ। ਉਹ ਸਿੱਖਾਂ (ਤੇ ਮੁਸਲਮਾਨਾਂ) ਨੂੰ ਹਕੂਮਤ ਦੇਣ ਲਈ ਤਿਆਰ ਨਹੀਂ ਸਨ। ਸੋ ਉਨ੍ਹਾਂ ਨੇ ਗ਼ਦਰੀਆਂ ਨੂੰ ਸਲਾਹ ਦਿੱਤੀ ਕਿ ਪਹਿਲਾਂ ਇਕ ਨੁਕਰ ਤੋਂ ਸ਼ੁਰੂ ਕੀਤਾ ਜਾਵੇ, ਯਾਨੀ ਫ਼ਰੰਟੀਅਰ ਸੂਬਾ ਤੇ ਕਸ਼ਮੀਰ ਨੂੰ ਆਜ਼ਾਦ ਕਰਾਇਆ ਜਾਵੇ। ਹੈਰਾਨੀ ਵਾਲੀ ਗੱਲ ਇਹ ਸੀ ਕਿ ਇਸ ਲਹਿਰ ਵਿਚ ਉਪਰਲੇ ਦੋਹਾਂ ਸੂਬਿਆਂ ਦਾ ਇਕ ਵੀ ਬੰਦਾ ਸ਼ਾਮਿਲ ਨਹੀਂ ਸੀ ਅਤੇ ਦੂਜੇ ਪਾਸੇ 90 ਫ਼ੀਸਦੀ ਸਿੱਖ ਇਸ ਤਹਿਰੀਕ 'ਚ ਜੁਝ ਰਹੇ ਸਨ। ਇਸ ਸਾਜ਼ਿਸ਼ ਦਾ ਮਤਲਬ ਸਾਫ਼ ਸੀ ਕਿ ਗ਼ਦਰ ਲਹਿਰ ਨੂੰ ਤਾਰਪੀਡੋ ਕਰ ਦਿੱਤਾ ਜਾਏ। ਸੋ ਇਸ ਹਰਕਤ ਨਾਲ ਹੀ ਗ਼ਦਰ ਲਹਿਰ ਦੀ ਨਾਕਾਮਯਾਬੀ ਦਾ ਮੁੱਢ ਬੰਝ ਗਿਆ ਸੀ।

ਗ਼ਦਰ ਪਾਰਟੀ ਨੇ ਆਪਣਾ ਐਕਸ਼ਨ ਅਜੇ 5-7 ਸਾਲ ਠਹਿਰ ਕੇ ਕਰਨਾ ਸੀ ਪਰ ਬਰਤਾਨੀਆ ਤੇ ਜਰਮਨੀ ਵਿਚ ਜੰਗ 28 ਜੁਲਾਈ 1914 ਨੂੰ ਸ਼ੁਰੂ ਹੋ ਗਈ। ਇਸ ਕਰ ਕੇ ਗ਼ਦਰ ਆਗੂਆਂ ਨੇ ਆਪਣਾ ਐਕਸ਼ਨ ਐਡਵਾਂਸ ਕਰਨ ਦਾ ਫ਼ੈਸਲਾ ਕਰ ਲਿਆ। ਸਾਰੇ ਗ਼ਦਰੀ ਆਗੂ ਆਪੋ ਆਪਣੇ ਪਿੰਡਾਂ ਨੂੰ ਚੱਲ ਪਏ। 'ਗ਼ਦਰ' ਅਖਬਾਰ ਦੇ 4 ਅਗਸਤ 1914 ਦੇ ਪਰਚੇ ਵਿਚ ਗ਼ਦਰੀ ਆਗੂਆਂ ਵਲੋਂ ਆਪੋ-ਆਪਣੇ ਪਿੰਡਾਂ ਵਿਚ ਪਹੁੰਚਣ ਬਾਰੇ ਅਪੀਲ ਛਾਪੀ ਗਈ ਸੀ। ਅਗਸਤ ਵਿਚ ਹੀ ਪਾਰਟੀ ਦੀ ਪਹਿਲੀ ਟੋਲੀ (ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਵਗੈਰਾ) ਪੰਜਾਬ ਵਾਸਤੇ ਚਾਲੇ ਪਾ ਗਈ। ਇਸ ਤੋਂ ਪਿੱਛੋਂ ਵੱਡਾ ਜਥਾ, ਜਿਸ ਵਿਚ 70 ਗ਼ਦਰੀ ਸਨ, ਐਸ. ਐਸ. ਕੋਰੀਆ ਨਾਂ ਦੇ ਜਹਾਜ਼ ਰਾਹੀਂ, 29 ਅਗਸਤ ਨੂੰ

ਸਾਨਫ਼ਰਾਂਸਿਸਕੋ ਤੋਂ ਚਲ ਪਿਆ। ਇਸ ਤੋਂ ਬਾਅਦ, ਤਕਰੀਬਨ 8 ਹਜ਼ਾਰ ਗ਼ਦਰੀ ਵਰਕਰ, ਪਰਦੇਸਾਂ ਵਿਚੋਂ ਪੰਜਾਬ ਵਲ ਟੁਰੇ। ਮੁਖ਼ਬਰਾਂ ਨੇ ਇਨ੍ਹਾਂ ਦੇ ਚੱਲਣ ਬਾਰੇ ਪਹਿਲਾਂ ਤੋਂ ਹੀ ਰਿਪੋਰਟਾਂ ਸਰਕਾਰ ਨੂੰ ਦੇ ਦਿੱਤੀਆਂ ਸਨ। ਇਸ ਕਰ ਕੇ ਸਰਕਾਰ ਨੇ ਮੁਲਕ 'ਚ ਦਾਖ਼ਿਲ ਹੋਣ ਵਾਲਿਆਂ ਨੂੰ ਹਿਰਾਸਤ ਵਿਚ ਲੈਣ ਵਾਸਤੇ ਦੋ ਆਰਡੀਨੈਂਸ ਜਾਰੀ ਕਰ ਦਿੱਤੇ ਗਏ ਸਨ। ਆਰਡੀਨੈਂਸ ਹੇਠ ਬਾਹਰੋਂ ਆਉਣ ਵਾਲੇ ਸਾਰੇ ਪੰਜਾਬੀਆਂ ਨੂੰ ਹਿਰਾਸਤ ਵਿਚ ਲੈ ਕੇ ਸਿੱਧਾ ਪੰਜਾਬ ਲਿਆਂਦਾ ਜਾਂਦਾ ਸੀ। ਲੁਧਿਆਣੇ ਵਿਚ ਵੱਡਾ ਇੰਟੈਰੋਗੇਸ਼ਨ ਸੈਂਟਰ ਬਣਾਇਆ ਗਿਆ ਸੀ। ਹਰ ਮੁਸਾਫ਼ਿਰ ਦੀ ਉੱਥੇ ਪੂਰੀ ਇੰਟੈਰੋਗੇਸ਼ਨ ਕੀਤੀ ਜਾਂਦੀ ਸੀ। ਇਸ ਤਰ੍ਹਾਂ ਮੁਸਾਫ਼ਿਰਾਂ ਵਿੱਚੋਂ ਕਈਆਂ ਨੂੰ ਕੈਦ ਕੀਤਾ ਜਾਂਦਾ ਸੀ ਤੇ ਕਈ ਹੋਰਾਂ ਨੂੰ ਉਨ੍ਹਾਂ ਦੇ ਪਿੰਡਾਂ ਵਿਚ ਨਜ਼ਰਬੰਦ ਕਰ ਦਿੱਤਾ ਜਾਂਦਾ ਸੀ। ਉਸ ਵੇਲੇ ਦੀ ਸੀ.ਆਈ.ਡੀ. ਦੀ ਖ਼ੁਫ਼ੀਆ ਰਿਪੋਰਟ ਮੁਤਾਬਕ 370 ਜੇਲ੍ਹਾਂ 'ਚ ਸੁੱਟੇ ਗਏ ਤੇ 2212 ਨੂੰ ਪਿੰਡਾਂ ਵਿਚ ਬੰਦ ਕੀਤਾ ਗਿਆ। ਇਨ੍ਹਾਂ ਸਖ਼ਤੀਆਂ ਦੇ ਬਾਵਜੂਦ ਕਾਫ਼ੀ ਗ਼ਦਰੀ ਵਰਕਰ ਬਚ ਕੇ ਨਿਕਲ ਗਏ ਤੇ ਰੂਪੋਸ਼ ਹੋ ਗਏ। ਉਨ੍ਹਾਂ ਨੇ 15 ਨਵੰਬਰ 1914 ਨੂੰ ਗ਼ਦਰ ਦੀ ਸਕੀਮ ਬਣਾਈ। ਪਰ ਅਸਲੇ ਦੀ ਮੁਸ਼ਕਲ ਕਰ ਕੇ ਇਸ ਨੂੰ ਮੁਲਤਵੀ ਕਰਨਾ ਪੈ ਗਿਆ। ਬਾਅਦ ਵਿਚ ਇਹ ਤਾਰੀਖ਼ 21 ਫ਼ਰਵਰੀ 1915 ਮਿੱਥੀ ਗਈ। ਫ਼ੌਜਾਂ ਵਿਚ ਹਰਨਾਮ ਸਿੰਘ, ਗੁਰਮੁਖ ਸਿੰਘ ਲਲਤੋਂ, ਊਧਮ ਸਿੰਘ ਕਸੇਲ, ਪਿਆਰਾ ਸਿੰਘ ਲੰਗੇਰੀ ਨੇ ਕਈ ਪਲਟਣਾਂ, ਖਾਸ ਕਰ ਕੇ 23ਵੀਂ ਕਵੈਲਰੀ, 25 ਵੀਂ ਪੰਜਾਬੀ, 128 ਪਾਇਨਰਜ਼, 9ਵੀਂ ਭੂਪਾਲ, 12ਵੀਂ ਕਵੈਲਰੀ ਵਗੈਰਾ ਵਿਚ ਜਾ ਕੇ ਸਿੱਖ ਫ਼ੌਜੀਆਂ ਨੂੰ ਤਿਆਰ ਕਰ ਲਿਆ। ਪਲਾਨਿੰਗ ਮੁਤਾਬਕ ਸਿੱਖ ਫ਼ੌਜੀਆਂ ਨੇ ਗੋਰੇ ਅਫ਼ਸਰਾਂ ਨੂੰ ਕਤਲ ਕਰ ਕੇ, ਅਸਲੇ 'ਤੇ ਕਬਜ਼ਾ ਕਰ ਕੇ, ਐਕਸ਼ਨ ਸ਼ੁਰੂ ਕਰਨਾ ਸੀ। ਗ਼ਦਰ ਨੂੰ ਸਾਰੇ ਪਾਸੇ (ਲਾਹੌਰ, ਫ਼ਿਰੋਜ਼ਪੁਰ, ਰਾਵਲਪਿੰਡੀ ਫ਼ੌਜੀ ਛਾਉਣੀਆਂ ਵਿਚ) ਇਕੱਠਾ ਹੀ ਸ਼ੁਰੂ ਕੀਤਾ ਜਾਣਾ ਸੀ। ਇਸ ਦਾ ਚਾਰਜ ਵਿਸਾਖਾ ਸਿੰਘ ਦਦੇਹਰ ਕੋਲ ਸੀ। ਮਾਝੇ ਵਾਲਿਆਂ ਨੇ 20 ਫ਼ਰਵਰੀ ਨੂੰ ਲੋਪੋਕੇ ਦਾ ਥਾਣਾ ਲੁੱਟ ਕੇ 21 ਨੂੰ ਲਾਹੌਰ ਪੁੱਜਣਾ ਸੀ। ਮਾਲਵੇ ਵਿੱਚੋਂ ਭਾਈ ਰਣਧੀਰ ਸਿੰਘ (ਮਗਰੋਂ ਅਖੰਡ ਕੀਰਤਨੀ ਜਥਾ), ਕਰਤਾਰ ਸਿੰਘ ਸਰਾਭਾ ਤੇ ਸੱਜਣ ਸਿੰਘ ਨਾਰੰਗਵਾਲ ਨੇ ਅਗਵਾਈ ਕਰਨੀ ਸੀ।

ਉਧਰ ਸਰਕਾਰ ਨੂੰ ਗ਼ਦਰੀ ਕਾਰਵਾਈਆਂ ਦੀ ਪੂਰੀ ਸੂਹ ਮਿਲ ਰਹੀ ਸੀ। ਉਨ੍ਹਾਂ ਨੇ ਕਿਰਪਾਲ ਸਿੰਘ ਬਰਾੜ ਨਾਂ ਦਾ ਸੀ. ਆਈ. ਡੀ. ਦਾ ਬੰਦਾ ਗ਼ਦਰ ਪਾਰਟੀ ਵਿਚ ਵਾੜ ਦਿੱਤਾ ਸੀ ਤੇ ਭੋਲੇ ਗ਼ਦਰੀਆਂ ਨੇ ਉਸ ਨੂੰ ਸੈਂਟਰਲ ਕਮੇਟੀ ਵਿਚ ਵੀ ਸ਼ਾਮਿਲ ਕਰ ਲਿਆ ਸੀ। ਕਮਾਲ ਦੀ ਗੱਲ ਤਾਂ ਇਹ ਹੈ ਕਿ ਉਹ ਅਜੇ ਸਿਰਫ਼ 9 ਦਿਨ ਪਹਿਲਾਂ ਹੀ ਪਾਰਟੀ ਵਿਚ ਸ਼ਾਮਿਲ ਹੋਇਆ ਸੀ। ਖ਼ੈਰ ਛੇਤੀ ਹੀ ਉਸ ਬਾਰੇ ਕੁਝ ਵਰਕਰਾਂ ਨੂੰ ਸੂਹ ਮਿਲ ਗਈ। ਇਸ ਕਰ ਕੇ ਗ਼ਦਰ ਦੀ ਤਾਰੀਖ਼ ਦੇ ਦਿਨ ਅਗਾਊਂ ਕਰ ਲਈ ਗਈ। ਉਸ ਨੂੰ ਇਸ ਤਾਰੀਖ਼ ਦਾ ਵੀ ਪਤਾ ਲੱਗ ਗਿਆ। ਇਸ ਕਰ ਕੇ ਉਸ ਦੀ ਮੁਖ਼ਬਰੀ ਨਾਲ 19 ਫਰਵਰੀ 1915 ਨੂੰ ਸ਼ਾਮ ਦੇ ਸਾਢੇ ਚਾਰ ਵਜੇ (ਗ਼ਦਰ ਸ਼ੁਰੂ ਹੋਣ ਤੋਂ ਕੁਝ ਘੰਟੇ ਪਹਿਲਾਂ ਹੀ), ਪਾਰਟੀ ਦੇ ਹੈੱਡਕੁਆਟਰ ਤੇ ਛਾਪਾ ਮਾਰ ਕੇ ਬਹੁਤ ਸਾਰੇ ਆਗੂ ਗ੍ਰਿਫ਼ਤਾਰ ਕਰ ਲਏ ਗਏ ਪਰ ਇਸ ਦੇ ਬਾਵਜੂਦ ਕਰਤਾਰ ਸਿੰਘ ਸਰਾਭਾ ਅਤੇ ਕੁਝ ਹੋਰ ਆਗੂ ਬਚ ਕੇ ਨਿਕਲ ਗਏ। ਮਗਰੋਂ ਇਕ ਦੋਸਤ ਦੀ ਗ਼ਦਾਰੀ ਕਾਰਨ 2 ਮਾਰਚ 1915 ਦੇ ਦਿਨ ਉਸ ਨੂੰ ਵਿਨਸਨਪੁਰ (ਨੇੜੇ ਚੱਕ ਨੰਬਰ 5, ਸ਼ਾਹਪੁਰ, ਜ਼ਿਲ੍ਹਾ ਸਰਗੋਧਾ) ਵਿਚ ਗ੍ਰਿਫ਼ਤਾਰ ਕਰ ਲਿਆ ਗਿਆ।

ਗ਼ਦਰ ਲਹਿਰ ਦਾ ਵੱਡਾ ਐਕਸ਼ਨ ਨਾਕਾਮਯਾਬ ਹੋਣ ਮਗਰੋਂ ਗ੍ਰਿਫ਼ਤਾਰ ਕੀਤੇ ਗਏ ਗ਼ਦਰੀਆਂ ਉੱਪਰ ਚਾਰ ਮੁਕੱਦਮੇ ਚਲਾਏ ਗਏ। ਇਨ੍ਹਾਂ ਨੂੰ 'ਲਾਹੌਰ ਕਾਂਸਪੀਰੇਸੀ ਕੇਸ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਪਹਿਲਾ ਮੁਕੱਦਮਾ 26 ਅਪਰੈਲ 1915 ਨੂੰ ਸ਼ੁਰੂ ਹੋਇਆ ਤੇ 13 ਸਤੰਬਰ 1915 ਨੂੰ ਪੰਡਿਤ ਸ਼ਿਵ ਨਰਾਇਣ ਤੇ ਦੋ ਅੰਗਰੇਜ਼ ਕਮਿਸ਼ਨਰਾਂ ਨੇ ਫ਼ੈਸਲਾ ਸੁਣਾ ਕੇ 82

'ਮੁਲਜ਼ਮਾਂ' (ਗ਼ਦਰੀਆਂ) ਵਿਚੋਂ ਕਰਤਾਰ ਸਿੰਘ (ਸਰਾਭਾ, ਜ਼ਿਲ੍ਹਾ ਲੁਧਿਆਣਾ), ਜਗਤ ਸਿੰਘ (ਸੁਰਸਿੰਘ, ਜ਼ਿਲ੍ਹਾ ਲਾਹੌਰ, ਹੁਣ ਜ਼ਿਲ੍ਹਾ ਅੰਮ੍ਰਿਤਸਰ), ਹਰਨਾਮ ਸਿੰਘ ਭੱਟੀ ਗੋਰਾਇਆ, ਸਿਆਲਕੋਟ), ਬਖ਼ਸ਼ੀਸ਼ ਸਿੰਘ (ਗਿਲਵਾਲੀ, ਜ਼ਿਲ੍ਹਾ ਅੰਮ੍ਰਿਤਸਰ), ਸੁਰੈਣ ਸਿੰਘ ਪੁਤਰ ਬੂੜ ਸਿੰਘ (ਗਿਲਵਾਲੀ), ਸੁਰੈਣ ਸਿੰਘ ਪੁਤਰ ਈਸ਼ਰ ਸਿੰਘ (ਗਿਲਵਾਲੀ) ਤੇ ਵਿਸ਼ਨੂ ਗਣੇਸ਼ ਪਿੰਗਲੇ ਸਣੇ 24 ਜਣਿਆਂ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ (ਮਗਰੋਂ ਅਪੀਲ ਕੋਰਟ ਵੱਲੋਂ ਉਪਰਲੇ 7 ਨੂੰ ਛੱਡ ਕੇ ਬਾਕੀ 17 ਜਣਿਆਂ ਦੀ ਫ਼ਾਂਸੀ ਉਮਰ ਕੈਦ ਵਿਚ ਬਦਲ ਦਿੱਤੀ ਗਈ); ਇਸ ਤੋਂ ਇਲਾਵਾ 23 ਨੂੰ ਉਮਰ ਕੈਦ ਤੇ 6 ਗ਼ਦਰੀਆਂ (ਸੋਹਣ ਸਿੰਘ ਭਕਨਾ, ਨਿਧਾਨ ਸਿੰਘ ਚੁੱਘਾ, ਜੁਆਲਾ ਸਿੰਘ ਠੱਠੀਆਂ, ਵਿਸਾਖਾ ਸਿੰਘ ਦਦੇਹਰ, ਪਿਆਰਾ ਸਿੰਘ ਲੰਗੇਰੀ, ਊਧਮ ਸਿੰਘ ਕਸੇਲ, ਹਰਨਾਮ ਸਿੰਘ ਟੁੰਡਾ/ਟੁੰਡੀਲਾਟ ਨੂੰ ਘੱਟ ਸਜ਼ਾਵਾਂ ਦਿੱਤੀਆਂ ਗਈਆਂ। ਨੌਜਵਾਨ ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰਸਿੰਘ,ਹਰਨਾਮ ਸਿੰਘ ਭੱਟੀ ਗੋਰਾਇਆ, ਬਖ਼ਸ਼ੀਸ਼ ਸਿੰਘ ਗਿਲਵਾਲੀ, ਸੁਰੈਣ ਸਿੰਘ ਗਿਲਵਾਲੀ, ਸੁਰੈਣ ਸਿੰਘ ਗਿਲਵਾਲੀ (ਦੂਜਾ) ਤੇ ਵਿਸ਼ਨੂ ਗਣੇਸ਼ ਪਿੰਗਲੇ ਨੂੰ 16 ਨਵੰਬਰ 1916 ਦੇ ਦਿਨ ਫ਼ਾਂਸੀ 'ਤੇ ਚੜ੍ਹਾਇਆ ਗਿਆ।

1957: 11ਵੀਂ ਅਕਾਲੀ ਕਾਨਫ਼ਰੰਸ ਬਠਿੰਡਾ ਵਿਚ ਲੱਖਾਂ ਸਿਖ ਪੁੱਜੇ

16-17 ਨਵੰਬਰ 1957 ਦੇ ਦਿਨ ਸ਼੍ਰੋਮਣੀ ਅਕਾਲੀ ਦਲ ਦੀ 11ਵੀਂ ਕਾਨਫ਼ਰੰਸ ਬਠਿੰਡਾ ਵਿਚ ਕੀਤੀ ਗਈ। 'ਸੇਵਾ ਸਿੰਘ ਠੀਕਰੀ ਵਾਲਾ ਨਗਰ' ਦੇ ਵੱਡੇ ਪੰਡਾਲ ਵਿਚ ਲੱਖਾਂ ਸਿੱਖ ਇਸ ਕਾਨਫ਼ਰੰਸ ਵਿਚ ਸ਼ਾਮਿਲ ਹੋਏ। ਪਹਿਲੇ ਦਿਨ ਜਲੂਸ ਦੀ ਅਗਵਾਈ ਮਾਸਟਰ ਤਾਰਾ ਸਿੰਘ, ਸੰਪੂਰਨ ਸਿੰਘ ਰਾਮਾ ਤੇ ਫ਼ਤਹਿ ਸਿੰਘ ਗੰਗਾਨਗਰ ਕਰ ਰਹੇ ਸਨ। ਇਸ ਸਮਾਗਮ ਵਿਚ ਪੁਰਾਣੇ ਆਗੂਆਂ (ਜੋ ਲਾਲਚਾਂ ਕਰ ਕੇ ਕਾਂਗਰਸ ਦੀ ਝੋਲੀ ਵਿਚ ਪੈ ਚੁਕੇ ਸਨ) ਦੀ ਥਾਂ ਨਵੇਂ ਆਗੂ ਸਾਹਮਣੇ ਆਏ। ਇਸ ਕਾਨਫ਼ਰੰਸ ਨੇ ਰਿਜਨਲ ਫ਼ਾਰਮੂਲੇ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਮੰਗ ਕੀਤੀ।

1958: ਪ੍ਰੇਮ ਸਿੰਘ ਲਾਲਪੁਰਾ ਨੇ ਮਾਸਟਰ ਤਾਰਾ ਸਿੰਘ ਨੂੰ ਹਰਾਇਆ

1958 ਵਿਚ ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਸੀ। 16 ਨਵੰਬਰ 1958 ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਸੀ। ਪ੍ਰਤਾਪ ਸਿੰਘ ਕੈਰੋਂ ਉਸ ਵੇਲੇ ਚੀਫ਼ ਮਨਿਸਟਰ ਸੀ; ਉਸ ਨੇ ਆਪਣੇ ਵਜ਼ੀਰ ਗਿਆਨੀ ਕਰਤਾਰ ਸਿੰਘ ਨੂੰ ਪੂਰੀ ਤਾਕਤ ਦੇ ਕੇ ਮਾਸਟਰ ਤਾਰਾ ਸਿੰਘ ਨੂੰ ਹਰਾਉਣ ਲਈ ਤਿਆਰ ਕੀਤਾ। ਗਿਆਨੀ ਕਰਤਾਰ ਸਿੰਘ ਅਜੇ ਅਕਾਲੀ ਦਲ ਦਾ ਮੈਂਬਰ ਵੀ ਸੀ। ਉਸ ਨੇ 10 ਨਵੰਬਰ ਨੂੰ ਵਜ਼ਾਰਤ ਤੋਂ ਅਸਤੀਫ਼ਾ ਦੇ ਕੇ ਮਾਸਟਰ ਤਾਰਾ ਸਿੰਘ ਹਰਾਉਣ ਵਾਸਤੇ ਸਾਰੀ ਤਾਕਤ ਵਰਤ ਦਿੱਤੀ। ਦਰਜਨਾਂ ਮੈਂਬਰਾਂ ਨੂੰ ਪੈਸੇ ਅਤੇ ਅਹੁਦੇ ਦੇ ਕੇ ਖ਼ਰੀਦ ਲਿਆ ਗਿਆ। ਇੰਝ ਉਹ 16 ਨਵੰਬਰ 1958 ਨੂੰ ਮਾਸਟਰ ਤਾਰਾ ਸਿੰਘ ਦੀਆਂ 74 ਵੋਟਾਂ ਦੇ ਮੁਕਾਬਲੇ ਪ੍ਰੇਮ ਸਿੰਘ ਲਾਲਪੁਰਾ ਨੂੰ 77 ਵੋਟਾਂ ਤੇ ਜਿਤਾਉਣ ਵਿਚ ਕਾਮਯਾਬ ਹੋ ਗਿਆ ਤੇ ਪ੍ਰਤਾਪ ਸਿੰਘ ਕੈਰੋਂ ਤੋਂ ਸ਼ਾਬਾਸ਼ ਹਾਸਿਲ ਕੀਤੀ।

1981: ਕਪੂਰਥਲਾ ਦਾ ਨਿਰੰਕਾਰੀ ਪ੍ਰਹਲਾਦ ਚੰਦ ਤੇ ਉਸ ਦਾ ਪੁਤਰ ਮਾਰੇ ਗਏ

16 ਨਵੰਬਰ 1981 ਦੇ ਦਿਨ ਬਬਰ ਖ਼ਾਲਸਾ (ਮੋਢੀ ਜਥੇਦਾਰ ਤਲਵਿੰਦਰ ਸਿੰਘ) ਦੇ ਖਾੜਕੂਆਂ ਵੱਲੋਂ ਕਪੂਰਥਲਾ ਦੇ ਨਿਰੰਕਾਰੀ ਮੁਖੀ ਪ੍ਰਹਿਲਾਦ ਚੰਦ, ਉਸ ਦੇ ਭਰਾ ਤੇ ਉਸ ਦੇ ਬਾਪ ਉੱਤੇ ਹਮਲਾ ਕੀਤਾ ਗਿਆ। ਹਮਲੇ ਵਿਚ ਪ੍ਰਹਿਲਾਦ ਚੰਦ ਤਾਂ ਉੱਸੇ ਵੇਲੇ ਮਰ ਗਿਆ ਪਰ ਉਸ ਦਾ ਭਰਾ ਤੇ ਬਾਪ ਬਅਦ ਵਿਚ ਮਰ ਗਏ। ਕਤਲ ਕਰਨ ਵਾਲਿਆਂ ਦਾ ਮੋਟਰ ਸਾਈਕਲ

(ਐਚ.ਐਨ.ਈ. 8275) ਵੇਲੇ ਸਿਰ ਚਲ ਨਾ ਸਕਿਆ, ਜਿਸ ਕਰ ਕੇ ਉਹ ਉਸ ਨੂੰ ਉੱਥੇ ਹੀ ਛੱਡ ਕੇ ਸ਼ੇਰਗੜ੍ਹ ਮੁਹੱਲੇ ਵਿਚੋਂ ਦੌੜ ਕੇ ਗ਼ਾਇਬ ਹੋ ਗਏ। ਪੁਲਿਸ ਨੇ ਮੋਟਰ ਸਾਈਕਲ ਦੀ ਮਲਕੀਅਤ ਦਾ ਪਤਾ ਲਾ ਕੇ ਇਸ ਦੇ ਮਾਲਿਕ, ਚੋਗਾਵਾਂ ਪਿੰਡ ਦੇ ਬਖ਼ਸ਼ੀਸ਼ ਸਿੰਘ, ਨੂੰ ਗ੍ਰਿਫ਼ਤਾਰ ਕਰ ਲਿਆ। ਬਖ਼ਸ਼ੀਸ਼ ਸਿੰਘ ਨੇ ਪੁਲੀਸ ਨੂੰ ਦੱਸ ਦਿੱਤਾ ਕਿ ਉਸ ਤੋਂ ਕਾਲਾ ਸੰਘਿਆਂ ਦਾ ਤਰਸੇਮ ਸਿੰਘ ਮੋਟਰ ਸਾਈਕਲ ਉਧਾਰ ਮੰਗ ਕੇ ਲੈ ਗਿਆ ਸੀ। ਇਸ ਦੇ ਨਾਲ ਹੀ ਪੁਲੀਸ ਨੂੰ ਇਹ ਵੀ ਪਤਾ ਲੱਗ ਗਿਆ ਕਿ ਕਪੂਰਥਲੇ ਵਿਚ ਚਲਾਈਆਂ ਗਈਆਂ ਗੋਲੀਆਂ 38 ਬੋਰ ਦੇ ਅਮਰੀਕਨ ਪਿਸਤੌਲ ਦੀਆਂ ਸਨ ਅਤੇ ਪੰਜਾਬ ਵਿਚ ਹੋਏ ਬਹੁਤੇ ਐਕਸ਼ਨਾਂ ਵਿਚ ਇਹ ਪਸਤੌਲ ਹੀ ਵਰਤੇ ਗਏ ਸਨ।

1982: ਭੋਲਾ ਸਿੰਘ ਤੇ ਕਸ਼ਮੀਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲੀਸ ਨੇ 16 ਨਵੰਬਰ 1982 ਦੇ ਦਿਨ ਭਿੰਡਰਾਂ ਜਥਾ ਦੇ ਪੈਰੋਕਾਰ ਭੋਲਾ ਸਿੰਘ ਰੋਡੇ ਅਤੇ ਕਸ਼ਮੀਰ ਸਿੰਘ ਲਾਧੂਵਾਲ (ਨੇੜੇ ਜਲਾਲਾਬਾਦ ਵੈਸਟ) ਨੂੰ ਗ੍ਰਿਫ਼ਤਾਰ ਕਰ ਕੇ, ਲਾਠੀਆਂ ਮਾਰ-ਮਾਰ ਕੇ ਉਨ੍ਹਾਂ ਦੀਆਂ ਦਰਜਨਾਂ ਹੱਡੀਆਂ ਤੋੜ ਦਿੱਤੀਆਂ। ਮਗਰੋਂ ਉਨ੍ਹਾਂ ਨੂੰ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ। ਇਹ ਭੋਲਾ ਸਿੰਘ ਉਸ ਗਰੁੱਪ ਦਾ ਮੈਂਬਰ ਸੀ ਜਿਸ ਨੂੰ ਭਿੰਡਰਾਂਵਾਲਿਆਂ ਨੇ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਨੂੰ ਕਤਲ ਕਰਨ ਦੀ ਡਿਊਟੀ ਦਿੱਤੀ ਸੀ ਪਰ ਉਹ ਕਾਮਯਾਬ ਨਹੀਂ ਸੀ ਹੋ ਸਕਿਆ।

1992: ਮੇਜਰ ਸਿੰਘ, ਸਤਵੰਤ ਸਿੰਘ ਮੁੰਡੀਆਂ, ਕਾਕਾ ਸਿੰਘ, ਬਘੇਲ ਸਿੰਘ, ਜੀਤ ਸਿੰਘ, ਦਲਜੀਤ ਸਿੰਘ ਸੋਹਾਣਾ ਤੇ ਛੇ ਹੋਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲੀਸ ਨੇ 16 ਨਵੰਬਰ 1992 ਦੇ ਦਿਨ ਮੇਜਰ ਸਿੰਘ ਉਰਫ਼ ਜੱਗਾ ਸਿੰਘ ਵਾਸੀ ਮਾਜਰੀ (ਤਿੰਨ ਸੌ ਕਤਲਾਂ ਦਾ ਜ਼ਿੰਮੇਦਾਰ ਗਰਦਾਨ ਕੇ), ਸਤਵੰਤ ਸਿੰਘ ਮੁੰਡੀਆਂ ਥਾਣਾ, ਕਾਕਾ ਸਿੰਘ, ਬਘੇਲ ਸਿੰਘ, ਜੀਤ ਸਿੰਘ, ਦਲਜੀਤ ਸਿੰਘ ਸੋਹਾਣਾ (ਪੁੱਤਰ ਸ਼ੇਰ ਸਿੰਘ, ਵਾਸੀ ਸੋਹਾਣਾ, ਨੇੜੇ ਮੋਹਾਲੀ) ਤੇ ਛੇ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

17 ਨਵੰਬਰ

1631: ਬਾਬਾ ਬੁੱਢਾ ਦੀ ਮੌਤ ਹੋਣੀ

(ਬਾਬਾ) ਬੁੱਢਾ ਦਾ ਜਨਮ 6 ਅਕਤੂਬਰ 1506 ਦੇ ਦਿਨ ਸੁੱਘਾ ਰੰਧਾਵਾ ਦੇ ਘਰ ਕੱਥੂ ਨੰਗਲ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਹੋਇਆ ਸੀ। ਉਸ ਦਾ ਪਹਿਲਾ ਨਾਂ 'ਬੂੜਾ' ਸੀ। 1518 ਵਿਚ 12 ਸਾਲ ਦੀ ਉਮਰ ਵਿਚ ਉਸ ਦਾ ਪਰਵਾਰ ਸਿੱਖੀ ਵਿਚ ਸ਼ਾਮਿਲ ਹੋਇਆ। ਇਸ ਮਗਰੋਂ ਬੂੜਾ (ਜਿਸ ਨੂੰ ਲੋਕ ਬੁੱਢਾ ਵਧੇਰੇ ਕਹਿਣ ਲਗ ਪਏ ਸਨ) ਸਾਰੀ ਉਮਰ ਗੁਰੂ ਦਰਬਾਰ ਉਹ ਨਾਲ ਜੁੜਿਆ ਰਿਹਾ। ਉਹ 1539 ਤਕ ਕਰਤਾਰਪੁਰ ਗੁਰੂ ਨਾਨਕ ਸਾਹਿਬ ਕੋਲ ਆਉਂਦਾ ਰਿਹਾ ਤੇ ਫਿਰ ਜਦ ਗੁਰੂ ਅੰਗਦ ਸਾਹਿਬ ਨੇ ਖਡੂਰ ਵਿਚ ਡੇਰਾ ਲਾਇਆ ਤਾਂ ਉਹ ਉਥੇ ਵੀ ਸੇਵਾ ਕਰਨ ਜਾਂਦਾ ਰਿਹਾ; ਇੰਞ ਹੀ ਗੁਰੂ ਅਮਰ ਦਾਸ ਸਾਹਿਬ ਵੇਲੇ ਗੋਇੰਦਵਾਲ ਤੇ ਮਗਰੋਂ ਗੁਰੂ-ਦਾ-ਚੱਕ (ਅੰਮ੍ਰਿਤਸਰ), ਕਰਤਾਰਪੁਰ (ਜਲੰਧਰ), ਰੁਹੀਲਾ (ਗੋਬਿੰਦਪੁਰ, ਹੁਣ ਹਰਿਗੋਬਿੰਦਪੁਰ) ਅਤੇ ਕੀਰਤਪੁਰ ਵਿਚ ਵੀ ਉਹ ਦਰਬਾਰ ਵਿਚ ਹਾਜ਼ਰ ਹੁੰਦਾ ਰਿਹਾ ਤੇ ਸੇਵਾ ਵਿਚ ਹਿੱਸਾ ਪਾਉਂਦਾ ਰਿਹਾ। (ਬਾਬਾ) ਬੁੱਢਾ ਨੂੰ ਗੁਰੂ ਸਾਹਿਬ ਦੀ ਸਿਖਿਆ ਸੁਣਨ ਦਾ ਬਹੁਤ ਮੌਕਾ ਮਿਲਿਆ ਅਤੇ ਛੇਤੀ ਹੀ ਉਹ ਗੁਰਬਾਣੀ ਦਾ ਗਿਆਨਵਾਨ ਬਣ ਗਿਆ। ਜਦ 16 ਅਗਸਤ 1604 ਦੇ ਦਿਨ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ ਤਾਂ ਉਸ ਨੂੰ

ਪਹਿਲੇ ਪਾਠੀ (ਗ੍ਰੰਥੀ) ਹੋਣ ਦਾ ਮਾਣ ਮਿਲਿਆ। (ਬਾਬਾ) ਬੁੱਢਾ ਦੀ ਮੌਤ **17 ਨਵੰਬਰ 1631** ਦੇ ਦਿਨ ਹੋਈ ਸੀ ਇਸ ਹਿਸਾਬ ਨਾਲ ਉਸ ਨੇ ਪਹਿਲੇ ਸਤ ਗੁਰੂ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਦਰਸ਼ਨ ਕੀਤੇ ਸਨ ਕਿਉਂ ਕਿ ਗੁਰੂ ਹਰਿ ਰਾਇ ਸਾਹਿਬ ਦਾ ਜਨਮ 16 ਜਨਵਰੀ 1630 ਦਾ ਹੈ ਤੇ ਗੁਰੂ ਤੇਗ਼ ਬਹਾਦਰ ਸਾਹਿਬ ਦਾ 18 ਅਕਤੂਬਰ 1621 ਦਾ (ਇਕ ਰਿਵਾਇਤ ਮੁਤਾਬਿਕ 1 ਅਪ੍ਰੈਲ 1621 ਵੀ ਹੈ)। (ਬਾਬਾ) ਬੁੱਢਾ ਨੂੰ ਪੰਜ ਗੁਰੂ ਸਾਹਿਬਾਨ (ਦੂਜੇ ਤੋਂ ਛੇਵੇਂ) ਤਕ ਦੀ ਗੁਰਗੱਦੀ ਦੀ ਰਸਮ ਵੇਲੇ ਅਰਦਾਸ ਕਰਨ ਦਾ ਮਾਣ ਹਾਸਿਲ ਹੋਇਆ (ਕੁਝ ਲੋਕ ਗ਼ਲਤੀ ਨਾਲ ਇਸ ਨੂੰ ਗੁਰਗੱਦੀ ਦਾ ਤਿਲਕ ਲਾਉਣਾ ਵੀ ਕਹਿ ਦੇਂਦੇ ਹਨ ਜੋ ਕਿ ਗ਼ਲਤ ਹੈ; ਸਿੱਖੀ ਵਿਚ ਸੇਵਾ ਸੰਭਾਲਣ ਵੇਲੇ ਅਰਦਾਸ ਹੁੰਦੀ ਹੈ ਨਾ ਕਿ ਤਿਲਕ ਲਾਇਆ ਜਾਂਦਾ ਹੈ)। (ਬਾਬਾ) ਬੁੱਢਾ ਦੇ 4 ਪੁਤਰ ਸਨ: ਸੁਧਾਰੀ, ਭਿਖਾਰੀ, ਸਹਿਮੂ ਤੇ ਭਾਨਾ (1536-1644); ਬਾਬਾ ਬੁੱਢਾ ਦੀ ਮੌਤ ਮਗਰੋਂ ਭਾਈ ਭਾਨਾ ਵੀ ਆਪਣੀ ਮੌਤ ਤਕ ਗੁਰੂ ਦਰਬਾਰ ਨਾਲ (ਗੁਰੂ ਹਰਿ ਰਾਇ ਤੋਂ ਗੁਰੂ ਤੇਗ਼ ਬਹਾਦਰ ਤਕ) ਜੁੜਿਆ ਰਿਹਾ। ਉਸ ਦੀ ਮੌਤ ਮਗਰੋਂ ਉਸ ਦਾ ਪੁੱਤਰ ਗੁਰਦਿੱਤਾ ਗੁਰੂ ਤੇਗ਼ ਬਹਾਦਰ ਨਾਲ ਰਿਹਾ ਅਤੇ ਉਸ ਨੇ ਉਨ੍ਹਾਂ ਦੀ ਸ਼ਹੀਦੀ ਵਾਲੇ ਦਿਨ ਹੀ ਦਿੱਲੀ ਵਿਚ ਚੜ੍ਹਾਈ ਕੀਤੀ। ਇਸ ਮਗਰੋਂ ਉਸ ਦਾ ਪੁੱਤਰ ਰਾਮ ਕੰਵਰ (ਪਾਹੁਲ ਲੈਣ ਮਗਰੋਂ ਗੁਰਬਖ਼ਸ਼ ਸਿੰਘ) ਗੁਰੂ ਤੇਗ਼ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਦੇ ਨਾਲ ਰਿਹਾ ਅਤੇ ਉਹ ਤਾਂ ਨੰਦੇੜ ਤਕ ਵੀ ਪੁੱਜਾ। (ਬਾਬਾ) ਬੁੱਢਾ ਦੀ ਮੌਤ ਪਿੰਡ ਰਮਦਾਸ ਵਿਚ ਹੋਈ ਸੀ।

1696: ਗੁਰੂ ਗੋਬਿੰਦ ਸਿੰਘ ਸਾਹਿਬ ਦੇ ਤੀਜੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਦਾ ਜਨਮ ਹੋਇਆ

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਤੀਜੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਦਾ ਜਨਮ 17 ਨਵੰਬਰ 1696 ਦੇ ਦਿਨ ਅਨੰਦਪੁਰ ਸਾਹਿਬ ਵਿਚ ਹੋਇਆ ਸੀ।ਜ਼ੋਰਾਵਰ ਸਿੰਘ ਸਾਰੀ ਉਮਰ ਅਨੰਦਪੁਰ ਸਾਹਿਬ ਵਿਚ ਹੀ ਰਿਹਾ ਸੀ। 1705 ਵਿਚ ਜਦ ਗੁਰੂ ਜੀ ਤੇ ਸਿੱਖਾਂ ਨੂੰ ਅਨੰਦਪੁਰ ਛੱਡ ਕੇ ਜਾਣਾ ਪਿਆ ਤਾਂ ਉਹ ਸਰਸਾ ਨਦੀ ਪਾਰ ਕਰਨ ਮਗਰੋਂ ਚਮਕੌਰ ਪਹੁੰਚ ਗਏ। ਇਥੋਂ ਜ਼ੋਰਾਵਰ ਸਿੰਘ (ਤੇ ਉਸ ਦਾ ਛੋਟੇ ਭਰਾ ਫ਼ਤਹਿ ਸਿੰਘ) ਅਤੇ ਮਾਤਾ ਗੁਜਰੀ ਨੂੰ ਸਹੇੜੀ ਪਿੰਡ ਦੇ ਮਸੰਦ ਧੁੰਮਾ ਤੇ ਦਰਬਾਰੀ ਆਪਣੇ ਘਰ ਲੈ ਗਏ। ਮਗਰੋਂ ਮਸੰਦਾਂ ਨੇ ਆਪਣੇ ਨੌਕਰ ਗੰਗੂ ਰਾਹੀਂ ਮੁਰਿੰਡੇ ਦੇ ਥਾਣੇ ਵਿਚ ਇਤਲਾਹ ਦੇ ਕੇ ਤਿੰਨਾਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਦੇ ਨਵਾਬ ਦੇ ਹੁਕਮ ਹੇਠ ਛੋਟੇ ਸਾਹਿਬਜ਼ਾਦਿਆਂ ਨੂੰ 12 ਦਸੰਬਰ ਦੇ ਦਿਨ ਨੀਹਾਂ ਵਿਚ ਚਿਣ ਦਿੱਤਾ ਗਿਆ ਪਰ ਕੰਧ ਡਿੱਗ ਪੈਣ 'ਤੇ ਅਗਲੇ ਦਿਨ ਤਲਵਾਰ ਨਾਲ ਸ਼ਹੀਦ ਕਰ ਦਿੱਤਾ ਗਿਆ। ਇਸ ਮਗਰੋਂ ਮਾਤਾ ਗੁਜਰੀ ਨੂੰ ਵੀ ਦੇ ਕਿਲ੍ਹੇ ਦੇ ਠੰਡੇ ਬੁਰਜ ਤੋਂ ਹੇਠਾਂ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ। ਇਨ੍ਹਾਂ ਦਾ ਸਸਕਾਰ ਦੀਵਾਨ ਟੋਡਰ ਮੱਲ ਦੇ ਪੁੱਤਰ (ਜਾਂ ਪੋਤਰੇ) ਨੇ ਮੌਜੂਦਾ ਗੁਰਦੁਆਰਾ ਜੋਤੀ ਸਰੂਪ ਵਾਲੀ ਥਾਂ 'ਤੇ ਕੀਤਾ। (ਕਿਸੇ ਲੇਖਕ ਨੇ ਗ਼ਲਤੀ ਨਾਲ ਟੋਡਰ ਮੱਲ ਦਾ ਨਾਂ ਲਿਖ ਦਿੱਤਾ ਤੇ ਉਹੀ ਚੱਲ ਪਿਆ। ਟੋਡਰ ਮੱਲ ਤਾਂ ਇਸ ਘਟਨਾ ਤੋਂ 40 ਸਾਲ ਪਹਿਲਾਂ 1665-66 ਵਿਚ ਹੀ ਮਰ ਚੁਕਾ ਸੀ)।

1763: ਜੱਸਾ ਸਿੰਘ ਆਹਲੂਵਾਲੀਆ ਨੇ ਦਰਬਾਰ ਸਾਹਿਬ ਦੀ ਨਵੀਂ (ਮੌਜੂਦਾ) ਇਮਾਰਤ ਦੀ ਨੀਂਹ ਰੱਖੀ

1762 ਤੋਂ ਲਗਾਤਾਰ ਅਹਿਮਦ ਸ਼ਾਹ ਬੁਰੀ ਤਰ੍ਹਾਂ ਹਰਾਉਣ ਅਤੇ ਪੰਜਾਬ ਵਿੱਚੋਂ ਕੱਢਣ ਮਗਰੋਂ, ਸਿੱਖ ਫ਼ੌਜਾਂ ਆਪਣੇ ਕੌਮੀ ਇਜਲਾਸ (ਸਰਬਤ ਖਾਲਸਾ) ਵਾਸਤੇ ਗੁਰੂ-ਦਾ-ਚੱਕ (ਅੰਮ੍ਰਿਤਸਰ) ਵਿਚ ਇਕੱਠੀਆਂ ਹੋਈਆਂ। 10 ਅਪਰੈਲ 1765 ਦੇ ਦਿਨ ਸਰਬੱਤ ਖਾਲਸਾ ਦਾ ਇਹ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਇਕੱਠ ਵਿਚ ਗੁਰਮਤਾ ਕੀਤਾ

ਗਿਆ ਕਿ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਮੁੜ ਉਸਾਰੀ ਕੀਤੀ ਜਾਵੇ ਅਤੇ ਇਸ ਦੇ ਆਲੇ ਦੁਆਲੇ ਦੀ ਸਜਾਵਟ ਵੀ ਕੀਤੀ ਜਾਏ। ਪਹਿਲਾਂ ਨਵੰਬਰ 1763 ਵਿਚ, ਤੇ ਉਸ ਮਗਰੋਂ ਵੀ, ਸੁਰ ਸਿੰਘ ਪਿੰਡ ਦੇ ਸਾਹੂਕਾਰ ਭਾਈ ਦੇਸ ਰਾਜ ਕੋਲ ਬਹੁਤ ਸਾਰੀ ਰਕਮ ਇੱਕਠੀ ਹੋ ਚੁੱਕੀ ਸੀ। 17 ਨਵੰਬਰ 1765 ਦੇ ਦਿਨ ਸ. ਜੱਸਾ ਸਿੰਘ ਆਹਲੂਵਾਲੀਆ ਨੇ ਦਰਬਾਰ ਸਾਹਿਬ ਦੀ ਨਵੀਂ (ਮੌਜੂਦਾ) ਇਮਾਰਤ ਦੀ ਨੀਂਹ ਰੱਖੀ। ਅੱਜ ਇਸ ਇਮਾਰਤ ਦੀਆਂ ਨੀਹਾਂ ਦੀ ਉਮਰ 247 ਸਾਲ ਹੋ ਚੁਕੀ ਹੈ।

1922: ਗੁਰੂ ਦਾ ਬਾਗ਼ ਮੋਰਚੇ ਵਿਚ ਗ੍ਰਿਫ਼ਤਾਰੀਆਂ ਬੰਦ ਹੋਈਆਂ; ਮੋਰਚਾ ਜਿੱਤਿਆ ਗਿਆ

ਗੁਰੂ ਦਾ ਬਾਗ਼ ਮੋਰਚਾ 8 ਅਗਸਤ ਦੇ ਦਿਨ ਸੇਵਾਦਾਰਾਂ ਦੀ ਗ੍ਰਿਫ਼ਤਾਰੀ ਨਾਲ ਸ਼ੁਰੂ ਹੋਇਆ; ਉਨ੍ਹਾਂ 'ਤੇ ਮਹੰਤ ਦੀ ਜ਼ਮੀਨ ਵਿਚੋਂ ਲੰਗਰ ਵਿਚ ਬਾਲਣ ਵਾਸਤੇ ਲੱਕੜ ਕੱਟ ਕੇ ਲਿਜਾਣ ਦਾ ਦੋਸ਼ ਲਾਇਆ ਗਿਆ।ਇਸ ਮਗਰੋਂ ਵੀ ਸਿੱਖ ਲੱਕੜ ਕੱਟਦੇ ਰਹੇ ਸਨ ਪਰ 22 ਅਗਸਤ 1922 ਦੇ ਦਿਨ ਸਰਕਾਰ ਨੇ ਲੱਕੜ ਕੱਟਣ ਵਾਲੇ ਸਿੱਖਾਂ ਨੂੰ ਫੇਰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। 24 ਅਗਸਤ ਤਕ 180 ਗ੍ਰਿਫ਼ਤਾਰੀਆਂ ਹੋ ਚੁੱਕੀਆਂ ਸਨ। 25 ਅਗਸਤ ਨੂੰ 30 ਹੋਰ ਸਿੱਖ ਗ੍ਰਿਫ਼ਤਾਰ ਕੀਤੇ ਗਏ। 25 ਅਗਸਤ ਨੂੰ ਜਦੋਂ 136 ਸਿੱਖਾਂ ਦਾ ਜਥਾ ਗੁਰੂ ਕਾ ਬਾਗ ਗਿਆ ਤਾਂ ਪੁਲੀਸ ਨੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ ਕੁੱਟਣਾ ਸ਼ੁਰੂ ਕਰ ਦਿੱਤਾ। 12 ਸਤੰਬਰ ਨੂੰ ਈਸਾਈ ਪਾਦਰੀ ਸੀ.ਐਫ. ਐਂਡਰਿਊਜ਼ ਨੇ ਇਹ ਵੇਖ ਕੇ ਪ੍ਰੋਟੈਸਟ ਕੀਤਾ। 13 ਸਤੰਬਰ ਨੂੰ ਪੰਜਾਬ ਦਾ ਗਵਰਨਰ ਅੰਮ੍ਰਿਤਸਰ ਆਇਆ। ਗਵਰਨਰ ਨੂੰ ਮਿਲ ਕੇ ਗੁਰੂ ਕਾ ਬਾਗ਼ 'ਚ ਪੁਲੀਸ ਦੇ ਜ਼ੁਲਮ ਬਾਰੇ ਗੱਲਬਾਤ ਕੀਤੀ। ਇਸ ਮਗਰੋਂ ਗਵਰਨਰ ਨੇ ਸਿੱਖ ਜਥਿਆਂ ਦੀ ਕੁੱਟ-ਮਾਰ ਬੰਦ ਕਰਵਾ ਦਿੱਤੀ ਅਤੇ ਹੁਕਮ ਜਾਰੀ ਕੀਤਾ ਕਿ ਅੱਗੇ ਤੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ।**17 ਨਵੰਬਰ 1922** ਤਕ 5605 ਸਿੱਖ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ। ਇਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੇ 35 ਮੈਂਬਰ ਵੀ ਸ਼ਾਮਿਲ ਸਨ। ਸਰਕਾਰ ਨੇ ਮੋਰਚੇ ਤੋਂ ਛੁਟਕਾਰਾ ਪਾਉਣ ਵਾਸਤੇ ਬਹਾਨਾ ਲੱਭਣਾ ਸ਼ੁਰੂ ਕਰ ਦਿੱਤਾ। ਅਖ਼ੀਰ ਸਰਕਾਰ ਨੇ ਗੁਰੂ ਦਾ ਬਾਗ਼ ਗੁਰਦੁਆਰੇ ਦੀ ਜ਼ਮੀਨ ਰਾਏ ਬਹਾਦਰ ਗੰਗਾ ਰਾਮ ਨੂੰ ਮਹੰਤ ਕੋਲੋਂ 'ਕਾਗਜ਼ਾਂ ਵਿਚ' ਠੇਕੇ 'ਤੇ ਦਿਵਾ ਦਿੱਤੀ। ਗੰਗਾ ਰਾਮ ਨੇ ਸਰਕਾਰ ਨੂੰ ਲਿਖ ਕੇ ਦੇ ਦਿੱਤਾ ਕਿ ਉਸ ਨੂੰ ਪੁਲੀਸ ਦੀ ਮਦਦ ਦੀ ਜ਼ਰੂਰਤ ਨਹੀਂ। ਇਸ 'ਤੇ ਪੁਲੀਸ ਉੱਥੋਂ ਹਟ ਗਈ ਅਤੇ ਗ੍ਰਿਫ਼ਤਾਰੀਆਂ ਬੰਦ ਹੋ ਗਈਆਂ।

1987: ਗੁਰਤੇਜ ਸਿੰਘ ਤੇਜਾ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 17 ਨਵੰਬਰ 1987 ਦੇ ਦਿਨ ਗੁਰਤੇਜ ਸਿੰਘ ਤੇਜਾ (ਗੁਮਟਾਲਾ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992 ਭੂਪਿੰਦਰ ਸਿੰਘ ਭਿੰਦਾ, ਜਗਦੇਵ ਸਿੰਘ ਜੱਗਾ, ਗੁਰਜੀਤ ਸਿੰਘ ਤੇ ਸੁਰਿੰਦਰ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲੀਸ ਨੇ 17 ਨਵੰਬਰ 1992 ਦੇ ਦਿਨ ਭੂਪਿੰਦਰ ਸਿੰਘ ਭਿੰਦਾ (ਜਿਸ ਦੇ ਸਿਰ 'ਤੇ ਪੁਲਸ ਨੇ ਚਾਲ੍ਹੀ ਲੱਖੀ ਰੁਪੈ ਦਾ ਈਨਾਮ ਰੱਖਿਆ ਹੋਇਆ ਸੀ), ਜਗਦੇਵ ਸਿੰਘ ਜੱਗਾ, ਗੁਰਜੀਤ ਸਿੰਘ ਅਤੇ ਸੁਰਿੰਦਰ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1992: ਸੰਗਤ ਸਿੰਘ ਭਿਵਾਨੀ ਨੇ ਸਾਇਆਨਾਈਡ ਖਾ ਕੇ ਜਾਨ ਦਿਤੀ

17 ਨਵੰਬਰ 1992 ਦੇ ਦਿਨ ਖਾੜਕੂ ਸੰਗਤ ਸਿੰਘ ਭਿਵਾਨੀ ਪੁਲੀਸ ਘੇਰੇ ਵਿਚ ਆ ਗਿਆ। ਉਸ ਨੇ ਮਹਿਸੂਸ ਕਤਿਾ ਕਿ ਉਹ ਪੁਲਸ ਤੋਂ ਬਚ ਨਹੀਨ ਸਕੇਗਾ। ਉਸ ਨੇ ਤਸੀਹੇ ਸਹਿ ਕੇ ਨਕਲੀ ਮੁਕਾਬਲੇ ਵਿਚ ਮਰਨ ਦੀ ਜਗਹ ਸ਼ਹੀਦ ਹੋਣਾ ਮਨਜ਼ੂਰ ਕੀਤਾ ਅਤੇ ਉਸ ਨੇ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿਤੀ।

1992: ਬਲਵਿੰਦਰ ਸਿੰਘ ਪੰਜੂਆਲਾ, ਸਾਹਿਬ ਸਿੰਘ ਕਾਲੇਕੇ, ਜਸਵੰਤ ਸਿੰਘ ਜੱਸਾ ਕਾਲੇਕੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲੀਸ ਨੇ 17 ਨਵੰਬਰ 1992 ਦੇ ਬਲਵਿੰਦਰ ਸਿੰਘ (ਪੁੱਤਰ ਪ੍ਰੇਮ ਸਿੰਘ ਸੂਬੇਦਾਰ, ਵਾਸੀ ਪੰਜੂਆਲਾ, ਜ਼ਿਲ੍ਹਾ ਰੋਪੜ), ਸਾਹਿਬ ਸਿੰਘ ਉਰਫ਼ ਚੱਪਣੀ (ਪੁੱਤਰ ਪਿਆਰਾ ਸਿੰਘ, ਵਾਸੀ ਕਾਲੇਕੇ), ਜਸਵੰਤ ਸਿੰਘ ਜੱਸਾ (ਪੁੱਤਰ ਦਲੀਪ ਸਿੰਘ, ਵਾਸੀ ਕਾਲੇਕੇ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1992: ਖੁੱਡਾ ਹਲਾਲ ਵਿਚ ਖਾੜਕੂਆਂ ਤੇ ਪੁਲਸ 'ਚ ਅਸਲ ਮੁਕਾਬਲੇ ਵਿਚ 9 ਖਾੜਕੂ ਸ਼ਹੀਦ

17 ਨਵੰਬਰ 1992 ਦੇ ਦਿਨ ਖੁੱਡਾ ਹਲਾਲ ਪਿੰਡ ਵਿਚ ਖਾੜਕੂਆਂ ਤੇ ਪੁਲਸ ਵਿਚ ਅਸਲ ਮੁਕਾਬਲਾ ਹੋਇਆ। ਇਸ ਮੁਕਾਬਲੇ ਵਿਚ ਨੌਂ ਖਾੜਕੂ ਤੇ ਸੀ.ਆਰ.ਪੀ.ਐਫ. ਦੇ ਤਿੰਨ ਸਿਪਾਹੀ ਮਾਰੇ ਗਏ। ਇਸ ਮੁਕਾਬਲੇ ਵਿਚ ਸ਼ਹੀਦ ਹੋਣ ਵਾਲਿਆਂ ਵਿਚ ਖੜਕ ਸਿੰਘ, ਰਾਜਵਿੰਦਰ ਸਿੰਘ ਰਾਜੂ, ਜਸਵਿੰਦਰ ਸਿੰਘ ਜੋਹਲ (ਪੰਜ ਲੱਖੀ), ਨਿਸ਼ਾਨ ਸਿੰਘ ਖਾਪੜ ਖੇੜੀ ਵੀ ਸ਼ਾਮਿਲ ਸਨ।

1993: ਗੁਰਮੇਲ ਸਿੰਘ ਜੰਮੂ ਤੇ ਭੂਪਿੰਦਰ ਸਿੰਘ ਦੀ ਸ਼ਹੀਦੀ

ਗੁਰਮੇਲ ਸਿੰਘ ਜੰਮੂ ਧਰਮਬੀਰ ਸਿੰਘ ਕੰਮੋਕੇ ਤੇ ਰਣਜੀਤ ਸਿੰਘ ਨੀਟਾ ਦਾ ਨਜ਼ਦੀਕੀ ਸਾਥੀ ਸੀ। 17 ਨਵੰਬਰ 1993 ਨੂੰ ਪੁਲਸ ਨੇ ਉਸ ਨੂੰ ਤੇ ਉਸ ਦੇ ਸਾਥੀ ਅਤੇ ਭੂਪਿੰਦਰ ਸਿੰਘ ਨੂੰ ਗਾਡੀਗੜ੍ਹ, ਜੰਮੂ ਵਿਚ ਘੇਰ ਲਿਆ। ਭੂਪਿੰਦਰ ਸਿੰਘ ਕੋਲ ਸਾਇਆਨਾਈਡ ਦਾ ਕੈਪਸੂਲ ਸੀ; ਉਸ ਨੇ ਖਾ ਲਿਆ ਤੇ ਉਹ ਸ਼ਹੀਦ ਹੋ ਗਿਆ। ਪੁਲਸ ਨੇ ਆਪ 'ਤੇ ਗੋਲੀਆਂ ਚਲਾ ਕੇ ਆਪ ਨੂੰ ਵੀ ਸ਼ਹੀਦ ਕਰ ਦਿੱਤਾ।

2012: ਜਸਵਿੰਦਰ ਸਿੰਘ ਨੂੰ ਦਰਬਾਰ ਸਾਹਿਬ ਦੇ ਮੁਖ ਗ੍ਰੰਥੀ ਦੇ ਅਹੁਦੇ ਤੋਂ ਹਟਾਇਆ

ਰਹਰਾਸਿ ਦੇ ਪਾਠ ਵੇਲੇ (ਚਰਿਤੋਪਾਖਯਾਨ ਵਾਲੀ) ਚੌਪਈ ਦਾ ਪਾਠ ਭੁੱਲ ਜਾਣ ਕਰ ਕੇ ਜਸਵਿੰਦਰ ਸਿੰਘ ਨੂੰ ਦਰਬਾਰ ਸਾਹਿਬ ਦੇ ਮੁਖ ਗ੍ਰੰਥੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ।

18 ਨਵੰਬਰ

1966: ਫਤਹਿ ਸਿੰਘ ਨੇ ਤਲਵੰਡੀ ਸਾਬੋ ਨੂੰ 'ਪੰਜਵਾਂ' ਤਖ਼ਤ ਐਲਾਨਿਆ

ਤਲਵੰਡੀ ਸਾਬੋ ਬਠਿੰਡਾ ਤੋਂ 27 ਕਿਲੋਮੀਟਰ ਅਤੇ ਰਾਮਾ ਮੰਡੀ ਰੇਲਵੇ ਸਟੇਸ਼ਨ ਤੋਂ 12 ਕਿਲੋਮੀਟਰ ਦੂਰ ਇਕ ਕਸਬਾ ਹੈ; 1706 ਵਿਚ ਇਹ ਇਕ ਨਿੱਕਾ ਜਿਹਾ ਪਿੰਡ ਹੁੰਦਾ ਸੀ ਜਿਸ ਵਿਚ ਭਾਈ ਡੱਲਾ ਅਤੇ ਉਸ ਦੀ ਘਰ ਵਾਲੀ ਬੀਬੀ ਕਪੂਰੋ (ਕੋਟਕਪੂਰਾ ਦੇ ਮੋਢੀ ਭਾਈ ਕਪੂਰ ਸਿੰਘ ਦੀ ਭੈਣ) ਰਹਿੰਦੇ ਸਨ। 16 ਜਨਵਰੀ 1706 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਇੱਥੇ ਪੁੱਜੇ ਸਨ ਅਤੇ 30 ਅਕਤੂਬਰ ਤਕ ਏਥੇ ਰਹੇ ਸਨ। 9 ਮਹੀਨੇ ਤੋਂ ਵਧ ਦੇ ਸਮੇਂ

ਵਿਚ ਭਾਈ ਡੱਲਾ ਪਰਵਾਰ ਨੇ ਗੁਰੂ ਜੀ ਅਤੇ ਉਨ੍ਹਾਂ ਦੇ ਸਾਥੀ ਸਿੱਖਾਂ ਦੀ ਬਹੁਤ ਸੇਵਾ ਕੀਤੀ। ਇਸੱਥੇ ਰਹਿੰਦਿਆਂ ਗੁਰੂ ਜੀ ਨੇ ਸੰਗਤਾਂ ਨੂੰ ਵੱਖ-ਵੱਖ ਇਲਾਕਿਆਂ ਵਿਚ ਕੁਝ ਚਿੱਠੀਆਂ (ਹੁਕਮਨਾਮੇ) ਵੀ ਭੇਜੀਆਂ ਸਨ; ਜਿਸ ਤੋਂ ਇਹ ਪਰਚਾਰਿਆ ਜਾਣ ਲਗ ਪਿਆ ਕਿ ਇਹ ਤਖ਼ਤ ਸੀ। ਜਦ 1960 ਵਿਚ ਅਕਾਲੀ ਦਲ ਵਿਚ ਮਾਲਵੇ ਦੇ ਸਿੱਖਾਂ ਦਾ ਜ਼ੋਰ ਵਧਿਆ ਤਾਂ ਇਹ ਮੰਗ ਉਠਾਈ ਜਾਣ ਲਗ ਪਈ ਕਿ ਜਿੱਥੇ ਚਾਰ ਤਖ਼ਤ ਹਨ ਉਥੇ ਦਮਦਮਾ ਸਾਹਿਬ ਤਲਵੰਡੀ ਸਾਬੋ ਨੂੰ ਵੀ ਇਕ ਤਖ਼ਤ ਐਲਾਨਿਆ ਜਾਵੇ। 17 ਨਵੰਬਰ 1959 ਦੇ ਦਿਨ ਇਹ ਸਵਾਲ ਸ਼੍ਰੋਮਣੀ ਕਮੇਟੀ ਦੀ ਐਗ਼ਜ਼ੈਕਟਿਵ ਵਿਚ ਉਠਾਇਆ ਗਿਆ। ਇਸ ਹਾਲਤ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 30 ਜੁਲਾਈ 1960 ਦੇ ਦਿਨ ਮਤਾ ਨੰਬਰ 789 ਰਾਹੀਂ ਇਕ ਕਮੇਟੀ ਬਣਾ ਦਿੱਤੀ ਜੋ ਇਸ ਬਾਰੇ ਆਪਣੀ ਰਾਏ ਦੇਵੇ (ਇਸ ਵੇਲੇ ਪੰਜਾਬੀ ਸੂਬਾ ਮੋਰਚਾ ਚਲ ਰਿਹਾ ਸੀ ਅਤੇ ਮਾਸਟਰ ਤਾਰਾ ਸਿੰਘ ਅਤੇ ਬਾਕੀ ਸੀਨੀਅਰ ਅਕਾਲੀ ਆਗੂ ਜੇਲ੍ਹਾਂ ਵਿਚ ਸਨ)। ਖ਼ੈਰ ਕਮੇਟੀ ਬਣਾ ਕੇ ਇਹ ਗੱਲ ਇੱਥੇ ਹੀ ਖ਼ਤਮ ਹੋ ਗਈ। ਜਨਵਰੀ 1961 ਵਿਚ ਮਾਸਟਰ ਤਾਰਾ ਸਿੰਘ ਦੀ ਰਿਹਾਈ ਮਗਰੋਂ ਇਹ ਮੁੱਦਾਅ ਫਿਰ ਖ਼ਤਮ ਹੋ ਗਿਆ ਕਿਉਂਕਿ ਮਾਸਟਰ ਜੀ ਨੇ ਕਿਹਾ ਕਿ ਇਸ ਨੂੰ ਇਲਾਕੇ ਦਾ ਸਵਾਲ ਨਾ ਬਣਾਇਆ ਜਾਵੇ। 1962 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਫਤਿਹ ਸਿੰਘ ਗਰੁਪ ਦਾ ਕਬਜ਼ਾ ਹੋ ਗਿਆ। ਮਾਲਵੇ ਦੇ ਤਕਰੀਬਨ ਸਾਰੇ ਸ਼੍ਰੋਮਣੀ ਕਮੇਟੀ ਮੈਂਬਰ ਇਸ ਗਰੁੱਪ ਨਾਲ ਸਨ ਇਸ ਕਰ ਕੇ ਇਹ ਨੁਕਤਾ ਫਿਰ ਚਰਚਾ ਵਿਚ ਆ ਗਿਆ। ਇਸ ਮਗਰੋਂ 1960 ਵਿਚ ਬਣੀ ਕਮੇਟੀ ਤੋਂ ਨਵੀਂ ਰਿਪੋਰਟ ਲੈ ਕੇ ਸ਼੍ਰੋਮਣੀ ਕਮੇਟੀ ਨੇ 18 ਨਵੰਬਰ 1966 ਦੇ ਦਿਨ ਮਤਾ ਨੰਬਰ 32 ਰਾਹੀਂ ਦਮਦਮਾ ਸਾਹਿਬ ਤਲਵੰਡੀ ਸਾਬੋ ਨੂੰ ਪੰਜਵਾਂ ਤਖ਼ਤ ਬਣਾਉਣ ਦਾ ਐਲਾਨ ਕਰ ਦਿੱਤਾ। ਤਖ਼ਤ ਕੀ ਹੁੰਦਾ ਹੈ ਅਤੇ ਸਿੱਖਾਂ ਦੇ ਤਖ਼ਤ ਕਿੰਨੇ ਹਨ? ਜਾਨਣ ਵਾਸਤੇ ਪੜ੍ਹੋ ਕਿਤਾਬ *"ਸਿੱਖ ਤਵਾਰੀਖ਼ ਵਿਚ ਅਕਾਲ ਤਖ਼ਤ ਸਾਹਿਬ ਦਾ ਰੋਲ"*।

1982: ਅਕਾਲੀ ਲੈਜਿਸਲੇਚਰਾਂ ਨੇ ਅਸਤੀਫ਼ੇ ਦੇਣ ਦਾ ਐਲਾਨ ਕੀਤਾ

ਜੁਲਾਈ 1982 ਵਿਚ ਸ਼ੁਰੂ ਹੋਏ ਧਰਮ ਯੁੱਧ ਮੋਰਚੇ ਚਲਦੇ ਨੂੰ ਜਦ 4 ਮਹੀਨੇ ਹੋ ਗਏ ਤਾਂ ਇਸ ਵੇਲੇ ਤੱਕ ਜੇਲਾਂ ਵਿਚ 25000 ਤੋਂ ਜ਼ਿਆਦਾ ਸਿੱਖ ਕੈਦ ਸਨ ਤੇ ਸਰਕਾਰ ਦੀ ਹਾਲਤ ਬਹੁਤ ਮਾੜੀ ਸੀ। ਅਖੀਰ ਇੰਦਰਾ ਗਾਂਧੀ ਨੇ ਸਾਰੇ ਸਿੱਖਾਂ ਦੀ ਰਿਹਾਈ ਦਾ ਐਲਾਨ ਕਰ ਦਿੱਤਾ ਪਰ ਕੁਝ ਜੇਲਾਂ ਵਿੱਚੋਂ ਅਕਾਲੀਆਂ ਨੇ ਬਾਹਰ ਆਉਣ ਤੋਂ ਨਾਂਹ ਕਰ ਦਿੱਤੀ। ਅਕਾਲੀ ਦਲ ਨੂੰ ਹੁਕਮ ਕਰ ਕੇ ਉਨ੍ਹਾਂ ਨੂੰ ਬਾਹਰ ਸੱਦਣਾ ਪਿਆ। ਇਸ ਮਗਰੋਂ 18 ਨਵੰਬਰ ਨੂੰ ਅਕਾਲੀ ਪਾਰਟੀ ਦੇ ਮੁਖੀ ਨੇ ਐਲਾਨ ਕੀਤਾ ਕਿ ਅਕਾਲੀ ਐਮ.ਪੀ. ਅਤੇ ਐਮ.ਐਲ.ਏ. ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇ ਦੇਣਗੇ। 18 ਨਵੰਬਰ 1982 ਨੂੰ ਕੀਤੇ ਐਲਾਨ ਮੁਜਬ 27 ਜਨਵਰੀ ਨੂੰ ਅਕਾਲੀ ਲੈਜਿਸਲੇਚਰਾਂ ਨੇ ਅਸਤੀਫ਼ੇ ਦੇਣੇ ਸਨ। ਪਰ ਦੂਜੇ ਪਾਸੇ ਸਰਕਾਰ ਨਾਲ 'ਗੱਲਬਾਤ' ਵੀ ਚੱਲ ਰਹੀ ਸੀ। ਅਕਾਲੀ ਪਾਰਟੀ ਦੇ 'ਸਰਕਾਰੀਏ' ਇਨ੍ਹਾਂ ਅਸਤੀਫ਼ਿਆਂ ਤੋਂ ਪਿੱਛੇ ਹਟਣਾ ਚਾਹੁੰਦੇ ਸਨ। ਇਕ ਦੋ ਅਕਾਲੀ ਆਗੂਆਂ ਤੋਂ ਸਿਵਾ ਕੋਈ ਵੀ ਦਿਲੋਂ ਅਸਤੀਫ਼ਿਆਂ ਦੇ ਹੱਕ ਵਿਚ ਨਹੀਂ ਸੀ। 27 ਜਨਵਰੀ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਲੈਜਿਸਲੇਚਰਾਂ ਦੀ ਮੀਟਿੰਗ ਵਿਚ ਇਸ ਮਸਲੇ ਬਾਰੇ ਬਹਿਸ ਹੋ ਰਹੀ ਸੀ। ਜੇ ਡਾ: ਰਾਜਿੰਦਰ ਕੌਰ ਤੇ ਜ: ਤਲਵੰਡੀ ਇਸ ਮੀਟਿੰਗ ਵਿਚ ਹਾਜ਼ਰ ਨਾ ਹੁੰਦੇ ਤਾਂ ਬੇਸ਼ੱਕ ਇਹ ਅਸਤੀਫ਼ੇ ਸ਼ਰੇਆਮ ਮੁਲਤਵੀ ਹੋ ਜਾਣੇ ਸਨ। ਜਦ ਸਾਰੇ ਢਿੱਲ ਦਿਖਾ ਰਹੇ ਸਨ ਤਾਂ ਡਾਕਟਰ ਰਾਜਿੰਦਰ ਕੌਰ ਉਠ ਕੇ ਖੜੀ ਹੋ ਗਈ ਤੇ 'ਤੁਸੀਂ ਬੁਜ਼ਦਿਲ ਬਣੋ, ਮੈਂ ਤਾਂ ਅਸਤੀਫ਼ਾ ਦੇਣ ਜਾ ਰਹੀ ਹਾਂ' ਕਹਿ ਕੇ ਹਾਲ ਵਿਚੋਂ ਨਿਕਲਣ ਲੱਗੀ ਤਾਂ ਉਸ ਨੂੰ ਤਲਵੰਡੀ ਨੇ ਰੋਕ ਲਿਆਂ ਤੇ ਕਿਹਾ 'ਠਹਿਰ

ਜਾ ਬੀਬੀ, ਮੈਂ ਵੀ ਤੇਰੇ ਨਾਲ ਚਲਦਾ ਹਾਂ।' ਇਸ ਮਗਰੋਂ ਟੌਹੜਾ ਨੇ ਉਨ੍ਹਾਂ ਨੂੰ ਰੋਕ ਲਿਆ ਤੇ ਪੰਥ ਵਿਚ ਬਦਨਾਮੀ ਦੇ ਡਰੋਂ ਸਾਰਿਆਂ ਵੱਲੋਂ ਅਸਤੀਫ਼ੇ ਦੇਣਾ ਮੰਨ ਲਿਆ। ਉਂਞ ਅਸਤੀਫ਼ੇ ਤਾਂ ਫਿਰ ਵੀ ਇਕ ਤਰੀਕੇ ਨਾਲ ਮੁਲਤਵੀ ਹੋਏ। ਉਸ ਦਿਨ ਅਸਤੀਫ਼ੇ ਤਾਂ ਲਿਖ ਦਿੱਤੇ ਗਏ ਪਰ ਉਨ੍ਹਾਂ ਉੱਤੇ ਤਾਰੀਖ਼ 21 ਫਰਵਰੀ 1983 ਦੀ ਪਾ ਦਿੱਤੀ ਗਈ। ਇਹ ਉਮੀਦ ਕੀਤੀ ਜਾਂਦੀ ਸੀ ਕਿ 21 ਫਰਵਰੀ ਤੱਕ ਸਰਕਾਰ ਨਾਲ ਕੋਈ ਨਾ ਕੋਈ 'ਸਮਝੌਤਾ' ਹੋ ਹੀ ਜਾਵੇਗਾ। ਅਸਤੀਫ਼ੇ ਦੇਣ ਮਗਰੋਂ ਕਈ ਅਕਾਲੀ ਲੈਜਿਸਲੇਚਰ ਸਰਕਾਰ ਕੋਲ ਲਿਲੱਕੜੀਆਂ ਕੱਢਦੇ ਰਹੇ। ਇਹ ਸ਼ਖ਼ਸ ਅਸਤੀਫ਼ਿਆਂ ਤੋਂ ਬਚਣਾ ਚਾਹੁੰਦੇ ਸਨ। ਜੀਵਨ ਸਿੰਘ ਉਮਰਾਨੰਗਲ ਅਤੇ ਮੁਕਤਸਰ ਦੇ ਹਰਚਰਨ ਸਿੰਘ ਫੱਤਣਵਾਲਾ ਨੇ ਤਾਂ ਸਪੀਕਰ ਤੱਕ ਆਪਣੀ ਗੱਲ ਪਹੁੰਚਾ ਵੀ ਦਿੱਤੀ ਸੀ। ਅਖ਼ੀਰ ਅਕਾਲੀਆਂ ਨਾਲ ਅੰਦਰ ਖਾਤੇ ਹੋਏ ਸਮਝੌਤੇ ਮੁਤਾਬਿਕ ਇਹ ਅਸਤੀਫ਼ੇ ਨਾ-ਮਨਜ਼ੂਰ ਕਰ ਦਿੱਤੇ ਗਏ।

1992 ਹਰਨਾਮ ਸਿੰਘ ਸਾਂਢਣਾ, ਜਸਪਾਲ ਸਿੰਘ, ਸੁਰਜੀਤ ਸਿੰਘ, ਅਮਰੀਕ ਸਿੰਘ, ਜਰਨੈਲ ਸਿੰਘ, ਜੋਗਿੰਦਰ ਸਿੰਘ, ਬਲਜੀਤ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲੀਸ ਨੇ 18 ਨਵੰਬਰ 1992 ਦੇ ਦਿਨ ਹਰਨਾਮ ਸਿੰਘ ਸਾਂਢਣਾ, ਜਸਪਾਲ ਸਿੰਘ, ਸੁਰਜੀਤ ਸਿੰਘ, ਅਮਰੀਕ ਸਿੰਘ, ਜਰਨੈਲ ਸਿੰਘ, ਜੋਗਿੰਦਰ ਸਿੰਘ, ਬਲਜੀਤ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤੇ।

19 ਨਵੰਬਰ

1920: ਪੰਜਾ ਸਾਹਿਬ 'ਤੇ ਸਿੱਖਾਂ ਦਾ ਕਬਜ਼ਾ ਹੋ ਗਿਆ

15-16 ਨਵੰਬਰ 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਹੋ ਗਈ ਸੀ। ਸ਼੍ਰੋਮਣੀ ਕਮੇਟੀ ਕਾਇਮ ਹੋਣ ਦੇ ਅਗਲੇ ਦਿਨ ਹੀ ਖ਼ਬਰ ਪੁੱਜੀ ਕਿ ਗੁਰਦੁਆਰਾ ਪੰਜਾ ਸਾਹਿਬ ਦਾ ਮਹੰਤ ਮਿੱਠਾ ਸਿੰਹ ਮਰ ਗਿਆ ਹੈ। ਇਸ 'ਤੇ ਕਰਤਾਰ ਸਿੰਘ ਝੱਬਰ ਨੇ 18 ਨਵੰਬਰ ਦੇ ਦਿਨ ਕੁਝ ਸਿੰਘਾਂ ਨੂੰ ਨਾਲ ਲਿਆ ਅਤੇ ਪਿੰਡ ਹਸਨ ਅਬਦਾਲ ਵੱਲ ਚਾਲੇ ਪਾ ਦਿੱਤੇ। ਜਦੋਂ ਇਸ ਦੀ ਖ਼ਬਰ ਪੰਜਾਬ ਦੇ ਕੁਝ ਕਾਂਗਰਸੀਆਂ ਨੂੰ ਮਿਲੀ ਤਾਂ ਉਹ ਲਾਹੌਰ ਵਿਚ ਸਰਦੂਲ ਸਿੰਘ ਕਵੀਸ਼ਰ ਦੀ ਕੋਠੀ 'ਤੇ ਇਕੱਠੇ ਹੋਏ। ਉਨ੍ਹਾਂ ਆਪਸ ਵਿਚ ਮਸ਼ਵਰਾ ਕਰ ਕੇ ਅਮਰ ਸਿੰਘ ਝਬਾਲ ਦੀ ਡਿਊਟੀ ਲਾਈ ਕਿ ਉਹ ਜਥੇ ਨੂੰ ਪੰਜਾ ਸਾਹਿਬ ਜਾ ਕੇ ਕਬਜ਼ਾ ਤੋਂ ਰੋਕਣ। ਉਸ ਵੇਲੇ ਜਥਾ ਲਾਹੌਰ ਪਹੁੰਚ ਚੁੱਕਾ ਸੀ। ਅਮਰ ਸਿੰਘ ਝਬਾਲ ਜਥੇ ਨੂੰ ਰੋਕਣ ਵਾਸਤੇ ਸ਼ਹੀਦ ਗੰਜ ਲਾਹੌਰ ਪੁੱਜੇ। ਉਨ੍ਹਾਂ ਝੱਬਰ ਨੂੰ ਆਖਿਆ ਕਿ *''ਤੁਸੀਂ ਜਥਾ ਲੈ ਕੇ ਨਾ ਜਾਓ। ਗਾਂਧੀ ਜੀ ਆਖਦੇ ਹਨ ਕਿ 31 ਦਸੰਬਰ ਨੂੰ ਸਵਰਾਜ ਹੋ ਜਾਣਾ ਹੈ। ਗੁਰਦੁਆਰਿਆਂ 'ਤੇ ਕਬਜ਼ੇ ਕਰਨਾ ਕੋਈ ਕੰਮ ਨਹੀਂ। ਅਸੀਂ ਸਾਰੇ ਕਾਂਗਰਸ ਦਾ ਕੰਮ ਕਰੀਏ।''* ਇਸ 'ਤੇ ਜਥੇਦਾਰ ਝੱਬਰ ਨੇ ਜਵਾਬ ਦਿੱਤਾ, *''ਮੈਨੂੰ ਗਾਂਧੀ ਦੇ ਪ੍ਰੋਗਰਾਮ ਤੇ ਫ਼ਿਲਹਾਲ ਕੋਈ ਯਕੀਨ ਨਹੀਂ ਕਿ ਐਡੀ ਛੇਤੀ ਅੰਗਰੇਜ਼ ਹਿੰਦੁਸਤਾਨ ਛੱਡ ਕੇ ਟੁਰ ਜਾਣਗੇ। ਪਰ, ਜੇ ਇਹ ਗੱਲ ਮੰਨ ਵੀ ਲਈ ਜਾਵੇ ਅਤੇ ਸਵਰਾਜ ਹੋ ਵੀ ਜਾਵੇ ਤਾਂ ਸਾਡੇ ਗੁਰਦੁਆਰੇ ਹੋਰ ਖ਼ਤਰੇ ਵਿਚ ਹੋ ਜਾਣਗੇ। ਅਜ਼ਾਦ ਹਿੰਦੁਸਤਾਨ ਵਿਚ ਹਿੰਦੂ ਹਕੂਮਤ ਹੋਵੇਗੀ। ਇਸ ਵੇਲੇ ਹਕੂਮਤ ਅੰਗਰੇਜ਼ ਦੀ ਹੈ। ਅਸੀਂ ਗੁਰਦੁਆਰਿਆਂ 'ਤੇ ਕਬਜ਼ੇ ਕਰਦੇ ਹਾਂ। ਹਕੂਮਤ ਚੁੱਪ ਹੈ ਕਿਉਂ ਕਿ ਅੰਗਰੇਜ਼ ਦੀ ਸਾਡੇ ਨਾਲ ਕੋਈ ਮਜ਼ਹਬੀ ਮੁਖ਼ਾਲਫ਼ਤ ਨਹੀਂ। ਜੇ ਕਰ ਗਾਂਧੀ ਦੇ ਕਹੇ ਮੁਤਾਬਿਕ ਸੱਚਮੁਚ ਹਿੰਦੂ ਰਾਜ ਹੋ ਜਾਵੇ ਤਾਂ ਫਿਰ ਸਾਨੂੰ ਗੁਰਦੁਆਰਿਆਂ ਦੇ ਨੇੜੇ ਕਿਸੇ ਨਹੀਂ ਆਉਣ ਦੇਣਾ। ਹਿੰਦੂ ਸਾਡੇ ਨਾਲ ਮਜ਼ਹਬੀ ਇਖ਼ਤਲਾਫ਼ ਰੱਖਦਾ ਹੈ।''* ਸੋ, ਕਾਂਗਰਸੀਆਂ ਦੇ ਆਖੇ 'ਤੇ ਝੱਬਰ ਨੇ ਰੁਕਣ ਤੋਂ ਨਾਂਹ

ਕੀਤੀ ਤੇ ਹਸਨ ਅਬਦਾਲ ਨੂੰ ਜੱਥਾ ਲੈ ਕੇ ਚਲੇ ਗਏ। 18 ਨਵੰਬਰ ਦੇ ਦਿਨ ਭੱਬਰ ਦਾ ਜਥਾ ਪੰਜਾ ਸਾਹਿਬ ਪਹੁੰਚ ਗਿਆ। ਜਦੋਂ ਜਥਾ ਗੁਰਦੁਆਰੇ ਪੁੱਜਾ ਤਾਂ ਉੱਥੇ ਪੁਲੀਸ ਨਾਲ ਕੁਝ ਪਲ ਤਕਰਾਰ ਹੋਇਆ। ਉਧਰ ਮਹੰਤ ਮਿੱਠਾ ਸਿੰਘ ਦੇ ਭਰਾ ਸੰਤ ਸਿੰਘ ਨੇ 60-ਕੂ ਬਦਮਾਸ਼ ਇਕੱਠੇ ਕੀਤੇ ਅਤੇ ਉਨ੍ਹਾਂ ਨੂੰ ਹਮਲੇ ਵਾਸਤੇ ਤਿਆਰ ਕੀਤਾ। ਜਦੋਂ ਉਹ ਤਿਆਰੀ ਕਰ ਕੇ ਗੁਰਦੁਆਰੇ ਪਹੁੰਚੇ ਤਾਂ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ 'ਤੇ ਸੰਤ ਸਿੰਘ ਨੇ ਪੁਲੀਸ ਨੂੰ ਵਿਚ ਪਾ ਕੇ ਗੱਲਬਾਤ ਸ਼ੁਰੂ ਕੀਤੀ। ਇਸ ਦੌਰਾਨ ਗੁਜਰਖਾਨ ਤੋਂ ਵੀ ਕਾਫ਼ੀ ਸਿੰਘ ਹਸਨ ਅਬਦਾਲ ਪਹੁੰਚ ਗਏ। ਸਿੰਘਾਂ ਨੇ ਰਲ-ਮਿਲ ਕੇ ਗੁਰਦੁਆਰੇ ਦੀ ਸੇਵਾ ਸੰਭਾਲ ਲਈ। ਜਦੋਂ ਸਿੰਘਾਂ ਨੇ ਲੰਗਰ ਵਾਲਾ ਕਮਰਾ ਖੋਲ੍ਹਿਆ ਤਾਂ ਉਸ ਵਿਚੋਂ ਤਾਸ਼ਾਂ, ਕੁਕੜਾਂ ਦੇ ਖੰਭ, ਸਿਗਰਟਾਂ ਦੀਆਂ ਡੱਬੀਆਂ ਅਤੇ ਪੀਤੀਆਂ ਹੋਈਆਂ ਸਿਗਰਟਾਂ ਦੇ ਟੋਟੇ ਮਿਲੇ। ਦੋ ਥਾਂਈਂ ਕਿਸੇ ਸ਼ਰਾਬੀ ਨੇ ਉਲਟੀ ਕੀਤੀ ਹੋਈ ਸੀ ਤੇ ਉਸ 'ਤੇ ਸੁਆਹ ਪਾਈ ਹੋਈ ਸੀ। ਸ਼ਾਮ ਵੇਲੇ ਸੰਤ ਸਿੰਘ ਨੇ ਕੁਝ ਹਿੰਦੂ ਤੇ ਮੁਸਲਮਾਨ ਇਕੱਠੇ ਕਰ ਲਏ ਪਰ ਸੰਗਤ ਨੇ ਉਨ੍ਹਾਂ ਨੂੰ ਸਮਝਾਇਆ ਕਿ ਤੁਸੀਂ ਧਾਰਮਿਕ ਕੰਮ 'ਚ ਦਖ਼ਲ ਨਾ ਦਿਓ। ਇਸ 'ਤੇ ਉਹ ਚਲੇ ਗਏ। ਅਗਲੇ ਦਿਨ 19 ਨਵੰਬਰ ਸਵੇਰ ਵੇਲੇ ਸਿੰਘਾਂ ਨੂੰ ਕੀਰਤਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ ਪਰ ਸਿੰਘ ਨਾ ਰੁਕੇ। ਇਸ ਮਗਰੋਂ ਪ੍ਰਸ਼ਾਦ ਬਣ ਕੇ ਆ ਗਿਆ ਜੋ ਇਕ ਹੁੱਕਾ ਪੀਣ ਵਾਲੇ ਨੇ ਬਣਾਇਆ ਸੀ। ਸਿੰਘਾਂ ਨੇ ਉਸ ਨੂੰ ਕਬੂਲਣ ਤੋਂ ਨਾਂਹ ਕਰ ਦਿੱਤੀ। ਸੰਤ ਸਿੰਘ ਨੇ ਜਥੇ ਦੇ ਸਿੱਖਾਂ ਨੂੰ ਹਿੰਦੂ-ਮੁਖਾਲਿਫ਼ ਆਖ ਕੇ ਮੁਕਾਮੀ ਹਿੰਦੂਆਂ ਨੂੰ ਸਿੱਖਾਂ ਦੇ ਗਲ ਪੁਆਉਣ ਦੀ ਕੋਸ਼ਿਸ਼ ਕੀਤੀ ਪਰ ਭੱਬਰ ਨੇ ਉਨ੍ਹਾਂ ਨੂੰ ਸਮਝਾ ਕੇ ਚੁੱਪ ਕਰਵਾ ਦਿੱਤਾ। ਸੰਤ ਸਿੰਘ ਦੁਪਹਿਰ ਵੇਲੇ ਫੇਰ ਕੈਂਬਲਪੁਰ ਦੀ ਪੁਲੀਸ ਲੈ ਆਇਆ। ਉਨ੍ਹਾਂ ਨੇ ਡਰਾ ਧਮਕਾ ਕੇ ਸਿੰਘਾਂ ਨੂੰ ਉੱਥੋਂ ਕੱਢਣ ਦੀ ਕੋਸ਼ਿਸ਼ ਕੀਤੀ ਪਰ ਸਿੰਘ ਡਟੇ ਰਹੇ। ਹਿੰਦੂ ਪੁਲਸੀਏ ਗੁਰਦੁਆਰੇ ਦੀ ਹਦੂਦ ਵਿਚ ਹੁੱਕਾ ਪੀਂਦੇ ਰਹੇ। ਇਹ ਵੇਖ ਕੇ ਸਿੰਘ ਰੋਹ ਵਿਚ ਆਏ ਪਰ ਭੱਬਰ ਨੇ ਉਨ੍ਹਾਂ ਨੂੰ ਪੂਰ-ਅਮਨ ਰਹਿਣ ਵਾਸਤੇ ਆਖਿਆ। ਜਦੋਂ ਸੰਤ ਸਿੰਘ ਦੇ ਸਾਰੇ ਹਰਬੇ ਫੇਲ੍ਹ ਹੋ ਗਏ ਤਾਂ ਉਸ ਨੇ ਹਥਿਆਰ ਸੁੱਟ ਦਿੱਤੇ ਅਤੇ ਸਮਝੌਤਾ ਕਰਨਾ ਚਾਹਿਆ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਉਸ ਨਾਲ ਵਿਚਾਰਾਂ ਹੋਈਆਂ। ਉਹ ਇਕ ਕਮੇਟੀ ਦੇ ਇੰਤਜ਼ਾਮ ਹੇਠਾਂ ਗੁਰਦੁਆਰੇ 'ਚ 'ਮਹੰਤੀ' ਦੀ ਸੇਵਾ ਕਰਨੀ ਮੰਨ ਗਿਆ। ਇਸ 'ਤੇ ਗੁਰਦੁਆਰੇ ਦੀ ਕਮੇਟੀ ਚੁਣੀ ਗਈ। ਇਸ ਵਿਚ ਰਾਮ ਸਿੰਘ ਸਾਹਨੀ ਪ੍ਰਧਾਨ ਚੁਣੇ ਗਏ। ਬਾਕੀ ਮੈਂਬਰ ਸਨ: ਗਿਆਨੀ ਸ਼ੇਰ ਸਿੰਘ, ਤੇਜਾ ਸਿੰਘ ਵਕੀਲ, ਮਲਕ ਦੇਵਾ ਸਿੰਘ, ਜਸਵੰਤ ਸਿੰਘ ਬੀ.ਏ.। ਮਗਰੋਂ ਕਰਤਾਰ ਸਿੰਘ ਝੱਬਰ ਤੇ ਸੁੰਦਰ ਸਿੰਘ ਨੀਲਾ (ਜਿਹਲਮ) ਨੂੰ ਵੀ ਮੈਂਬਰ ਪਾ ਲਿਆ ਗਿਆ। ਸ਼ਾਮ ਵੇਲੇ ਜਦੋਂ ਸੰਤ ਸਿੰਘ ਨੂੰ ਸਮਝੌਤੇ 'ਤੇ ਦਸਤਖ਼ਤ ਕਰਨ ਵਾਸਤੇ ਆਖਿਆ ਗਿਆ ਤਾਂ ਉਹ ਮੁੱਕਰ ਗਿਆ। ਉਸ ਨੇ ਆਪਣੇ ਹਿਮਾਇਤੀ ਇਕੱਠੇ ਕਰ ਲਏ। ਇਨ੍ਹਾਂ ਵਿਚ ਕੁਝ ਮੁਸਲਮਾਨ ਵੀ ਸਨ। ਮੁਸਲਮਾਨਾਂ ਨੂੰ ਕਾਜ਼ੀ ਮੁਜ਼ੱਫਰ ਦੀਨ ਅਤੇ ਮਿਰਜ਼ਾ ਕੁਤਬਦੀਨ ਵਕੀਲ ਨੇ ਸਮਝਾਇਆ ਤੇ ਉਹ ਚਲੇ ਗਏ। ਇਸ ਪਿੱਛੋਂ ਮਹੰਤ ਮਿੱਠਾ ਸਿੰਘ ਦੀ ਵਿਧਵਾ ਕੁਝ ਜ਼ਨਾਨੀਆਂ ਨੂੰ ਲੈ ਆਈ। ਜ਼ਨਾਨੀਆਂ ਦੇ ਧੱਕੇ ਦੇ ਬਾਵਜੂਦ ਸਿੰਘ ਪੁਰਅਮਨ ਰਹੇ। ਅਗਲੇ ਦਿਨ ਸੰਤ ਸਿੰਘ ਨੇ ਹਿੰਦੂਆਂ ਨੂੰ ਫੇਰ ਭੜਕਾਇਆ। ਏਨੇ ਵਿਚ ਕੈਂਬਲਪੁਰ ਦਾ ਡਿਪਟੀ ਕਮਿਸ਼ਨਰ ਆ ਗਿਆ। ਉਸ ਨੇ ਹਿੰਦੂਆਂ ਦੇ ਹਜੂਮ ਨੂੰ ਸਮਝਾਇਆ। ਜਦੋਂ ਹਿੰਦੂ ਫੇਰ ਵੀ ਨਾ ਹਟੇ ਤਾਂ ਭੱਬਰ ਨੇ ਡੀ.ਸੀ. ਨੂੰ ਆਖਿਆ ਕਿ ਇਹ ਹਿੰਦੂ ਕਿਸੇ ਦੇ ਆਖੇ 'ਤੇ ਰੌਲਾ ਪਾਉਣ ਵਾਲੇ ਹਨ ਅਸੀਂ ਇਨ੍ਹਾਂ ਨੂੰ ਚੰਦ ਪਲਾਂ ਵਿਚ ਹੀ ਸਹੀ ਕਰ ਸਕਦੇ ਹਾਂ। ਭੱਬਰ ਨੇ ਡੀ.ਸੀ. ਨੂੰ ਇਸ ਦਾ ਸਬੂਤ ਦਿਖਾਉਣ ਵਾਸਤੇ ਸਿਰਫ਼ ਦੋ ਸਿੱਖ ਅੱਗੇ ਕੀਤੇ। ਉਨ੍ਹਾਂ ਦੋਹਾਂ ਨੇ ਹਿੰਦੂਆਂ ਦੀ ਇਕ ਟੋਲੀ ਨੂੰ ਲਲਕਾਰਿਆ ਸਿਰਫ਼ ਲਲਕਾਰਾ ਸੁਣ ਕੇ ਹੀ ਅੱਧੇ ਤੋਂ ਵੱਧ ਹਿੰਦੂ, ਜੋ ਭਾਤੇ ਦੇ ਟੱਟੂ ਸਨ, ਪਲਾਂ ਵਿਚ ਹੀ ਹਿਰਨ ਹੋ ਗਏ। ਇਹ ਵੇਖ ਕੇ ਡਿਪਟੀ ਕਮਿਸ਼ਨਰ ਨੇ

ਸੰਤ ਸਿੰਹ ਨੂੰ ਗੁਰਦੁਆਰੇ 'ਚੋਂ ਬਾਹਰ ਕੱਢ ਦਿੱਤਾ, ਉਸ ਦੇ ਦਾਖਲੇ 'ਤੇ ਪੱਕੀ ਪਾਬੰਦੀ ਲਾ ਦਿੱਤੀ ਤੇ ਉਸ ਨੂੰ ਕਾਨੂੰਨੀ ਚਾਰਾਜੋਈ ਵਾਸਤੇ ਆਖਿਆ। (ਮਗਰੋਂ ਸੰਤ ਸਿੰਹ ਨੇ 6 ਦਸੰਬਰ ਨੂੰ ਮੁਕੱਦਮਾ ਕੀਤਾ, ਜੋ 20 ਦਸੰਬਰ ਨੂੰ ਖਾਰਿਜ ਹੋ ਗਿਆ)।

1924: ਬਬਰ ਅਕਾਲੀ ਦੁੱਮਣ ਸਿੰਘ (ਪੰਡੋਰੀ ਆਤਮਾ) ਦੀ ਜੇਲ੍ਹ ਵਿਚ ਮੌਤ ਹੋਈ

ਬਬਰ ਅਕਾਲੀ ਲਹਿਰ ਫੇਲ੍ਹ ਹੋਣ ਮਗਰੋਂ ਬਬਰਾਂ ਦੇ ਕੇਸ ਵਿਚ 96 ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਮੁਕਦਮਾ ਚਲਾਇਆ ਗਿਆ। ਗਿਰਫ਼ਤਾਰ 96 ਬਬਰਾਂ ਵਿਚੋਂ 5 ਤਾਂ ਪਹਿਲੋਂ ਹੀ ਬਰੀ ਕਰ ਦਿਤੇ ਗਏ ਸਨ, ਦੋ (ਦੁੱਮਣ ਸਿੰਘ ਵਾਸੀ ਪੰਡੋਰੀ ਆਤਮਾ ਤੇ ਇਕ ਹੋਰ) ਮੁਕੱਦਮੇ ਦੌਰਾਨ ਜੇਲ੍ਹ ਵਿਚ ਚੜ੍ਹਾਈ ਕਰ ਗਏ ਤੇ ਬਾਕੀ 89 ਵਿਚੋਂ 6 ਨੂੰ ਫ਼ਾਂਸੀ ਤੇ 49 ਨੂੰ ਵੱਖ-ਵੱਖ ਮਿਆਦ ਦੀਆਂ ਕੈਦਾ ਦਿਤੀਆਂ ਗਈਆਂ। 34 ਬਬਰਾਂ 'ਤੇ ਕੇਸ ਸਾਬਿਤ ਨਾ ਹੋ ਸਕਿਆ ਤੇ ਉਹ ਛੱਡਣੇ ਪਏ। 28 ਫ਼ਰਵਰੀ 1925 ਨੂੰ ਪੰਜ ਬਬਰਾਂ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਸੀ। ਇਹ ਪੰਜ ਸਨ: ਕਿਸ਼ਨ ਸਿੰਘ ਗੜਗੱਜ, ਸੰਤਾ ਸਿੰਘ ਨਿਧੜਕ ਧਾਮੀਆਂ, ਦਲੀਪ ਸਿੰਘ ਭੁਝੰਗੀ ਧਾਮੀਆਂ, ਨੰਦ ਸਿੰਘ ਘੁੜਿਆਲ ਤੇ ਕਰਮ ਸਿੰਘ ਹਰੀਪੁਰ। ਮਗਰੋਂ ਹਾਈ ਕੋਰਟ ਨੇ ਧਰਮ ਸਿੰਘ ਹਿਆਤਪੁਰ ਰੁੜਕੀ ਨੂੰ ਵੀ ਫ਼ਾਂਸੀ ਦੀ ਸਜ਼ਾ ਦਿਤੀ। (ਇਨ੍ਹਾਂ ਸਾਰਿਆਂ ਛੇਆਂ ਨੂੰ 27 ਫ਼ਰਵਰੀ 1926 ਨੂੰ ਲਾਹੌਰ ਜੇਲ੍ਹ ਵਿਚ ਫ਼ਾਂਸੀ ਦੇ ਦਿਤੀ ਗਈ)। ਹੇਠ ਲਿਖਿਆਂ ਨੂੰ ਉਮਰ ਕੈਦ ਹੋਈ: ਸੁਰਜਨ ਸਿੰਘ (ਬੀਕਾ), ਠਾਕਰ ਸਿੰਘ (ਰਾਜੋਵਾਲ), ਦਲੀਪ ਸਿੰਘ (ਧਾਮੀਆਂ), ਪਿਆਰਾ ਸਿੰਘ ਧਾਮੀਆਂ, ਸੁੰਦਰ ਸਿੰਘ (ਮਖ਼ਸੂਸਪੁਰ), ਕਰਤਾਰ ਸਿੰਘ (ਗੋਂਦਪੁਰ), ਬੂਟਾ ਸਿੰਘ (ਪੰਡੋਰੀ ਨਿੱਝਰਾਂ), ਹਜ਼ਾਰਾ ਸਿੰਘ (ਮੰਡੇਰ)। ਹੇਠ ਲਿਖਿਆਂ ਨੂੰ 14-14 ਸਾਲ ਕੈਦ ਹੋਈ: ਲਾਭ ਸਿੰਘ (ਜੱਸੋਵਾਲ), ਕਰਤਾਰ ਸਿੰਘ (ਪੰਡੋਰੀ ਨਿੱਝਰਾਂ), ਮਾਨ ਸਿੰਘ (ਗੋਬਿੰਦਪੁਰ), ਪ੍ਰਤਾਪ ਸਿੰਘ (ਛਬੀਲਪੁਰ), ਠਾਕਰ ਸਿੰਘ (ਭਾਰਟਾ), ਗੁਰਬਚਨ ਸਿੰਘ (ਸਾਧੜਾ), ਹਰੀ ਸਿੰਘ, ਵਰਿਆਮ ਸਿੰਘ, ਬੰਤਾ ਸਿੰਘ (ਤਿੰਨੇ ਦੌਲਤਪੁਰ), ਹਰਦਿਤ ਸਿੰਘ ਤੇ ਹਰੀ ਸਿੰਘ (ਜੱਸੋਵਾਲ), ਵਰਿਆਮ ਸਿੰਘ, ਰਾਮ ਸਿੰਘ ਤੇ ਕਰਤਾਰ ਸਿੰਘ (ਤਿੰਨੇ ਮਜਾਰਾ ਕਾਂਵਾਂ), ਬੰਤਾ ਸਿੰਘ ਪ੍ਰਾਗਪੁਰ, ਕਰਤਾਰ ਸਿੰਘ ਤੇ ਕਰਤਾਰ ਸਿੰਘ ਦੂਜਾ (ਦੋਵੇਂ ਡੂਮੇਲੀ), ਠਾਕਰ ਸਿੰਘ (ਦੌਲਤਪੁਰ)। ਹੇਠ ਲਿਖਿਆਂ ਨੂੰ 7-7 ਸਾਲ ਕੈਦ ਹੋਈ: ਉਜਾਗਰ ਸਿੰਘ (ਬਿਸਰਾਮਪੁਰ), ਦਲੀਪ ਸਿੰਘ (ਮਾਣਕੋ), ਮੂਲਾ ਸਿੰਘ (ਪਲਾਹੀ), ਮਹਿੰਗਾ ਸਿੰਘ (ਪੰਡੋਰੀ), ਸੰਤ ਸਿੰਘ (ਹਰੀਪੁਰ), ਅਰਜਨ ਸਿੰਘ (ਸੂੰਢ), ਅਮਰ ਸਿੰਘ (ਰਾਜੋਵਾਲ), ਛੱਜਾ ਸਿੰਘ (ਮਸਾਣੀਆਂ), ਬੰਤਾ ਸਿੰਘ (ਬਹਿਬਲਪੁਰ), ਦੁੱਮਣ ਸਿੰਘ (ਪੰਡੋਰੀ ਆਤਮਾ)। ਦੁੱਮਣ ਸਿੰਘ (ਪੰਡੋਰੀ ਆਤਮਾ) ਦੀ ਮੌਤ ਮੁਕੱਦਮੇ ਦੌਰਾਨ ਹੀ 19 ਨਵੰਬਰ 1924 ਦੇ ਦਿਨ ਜੇਲ੍ਹ 'ਚ ਹੋ ਗਈ ਸੀ।

1982: ਏਸ਼ੀਅਨ ਖੇਡਾਂ ਸ਼ੁਰੂ ਹੋਈਆਂ; ਹਰਿਆਣਾ ਵਿਚ ਸਿੱਖਾਂ ਨਾਲ ਬੇਪਨਾਹ ਜ਼ਿਆਦਤੀ ਸ਼ੁਰੂ ਹੋਈ

ਸਤੰਬਰ ਤੇ ਅਕਤੂਬਰ 1982 ਵਿਚ 30 ਹਜ਼ਾਰ ਤੋਂ ਵੱਧ ਸਿੱਖ ਗ੍ਰਿਫ਼ਤਾਰੀਆਂ ਦੇ ਚੁੱਕੇ ਸਨ। ਹੁਣ ਸਰਕਾਰ ਕੋਲ ਜੇਲ੍ਹਾਂ ਵਿਚ ਥਾਂ ਨਹੀਂ ਸੀ ਬਚੀ। ਇਸ ਦੌਰਾਨ ਸਾਬਕ ਵਜ਼ੀਰ ਸਵਰਨ ਸਿੰਘ ਨੇ ਇੰਦਰਾ ਅਤੇ ਅਕਾਲੀਆਂ ਵਿਚਕਾਰ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਨੇ ਵੀ ਇੰਦਰਾ ਉੱਤੇ 'ਬਦ-ਦਿਆਨਤੀ' ਦਾ ਇਲਜ਼ਾਮ ਲਾ ਕੇ 3 ਨਵੰਬਰ ਨੂੰ ਹਥਿਆਰ ਸੁੱਟ ਦਿੱਤੇ ਸਨ। ਇਸ 'ਤੇ 4 ਨਵੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤਾ ਕਿ ਅਕਾਲੀ ਦਲ 19 ਨਵੰਬਰ ਤੋਂ 4 ਦਸੰਬਰ 1982 ਤਕ ਦਿੱਲੀ ਵਿਚ ਹੋਣ ਵਾਲੀਆਂ

ਏਸ਼ੀਅਨ ਖੇਡਾਂ ਦੌਰਾਨ ਪ੍ਰੋਟੈਸਟ ਕਰੇਗਾ। ਇਨ੍ਹਾਂ ਦਿਨਾਂ ਵਿਚ ਦਿੱਲੀ ਵਿਚ ਗ੍ਰਿਫ਼ਤਾਰੀਆਂ ਦੇਣ ਵਾਸਤੇ ਜਥੇ ਭੇਜਣ ਦਾ ਐਲਾਨ ਵੀ ਕੀਤਾ ਗਿਆ। ਇਸ ਵੇਲੇ ਹਰਿਆਣੇ ਦਾ ਚੀਫ਼ ਮਨਿਸਟਰ ਭਜਨ ਲਾਲ ਸੀ। ਉਸ ਨੇ ਹਰਿਆਣਾ ਪੁਲੀਸ ਅਤੇ ਬੀ.ਐਸ.ਐਫ਼. ਦੀਆਂ ਬਹੁਤ ਸਾਰੀਆਂ ਬਟਾਲੀਅਨਾਂ ਸੂਬੇ ਵਿਚ ਤਾਇਨਾਤ ਕਰ ਦਿੱਤੀਆਂ। ਉਸ ਨੇ ਹਰ ਇਕ ਸੜਕ, ਜੋ ਪੰਜਾਬ ਚੋਂ ਆਉਂਦੀ ਸੀ, 'ਤੇ ਕਈ-ਕਈ ਨਾਕੇ ਲਾਉਣ ਅਤੇ ਪੰਜਾਬ 'ਚੋਂ ਹਰਿਆਣਾ ਵਿਚ ਦਾਖ਼ਿਲ ਹੋਣ ਵਾਲੇ ਹਰ ਸਿੱਖ ਨੂੰ ਰੋਕਣ ਦੇ ਹੁਕਮ ਜਾਰੀ ਕਰ ਦਿੱਤੇ।

ਇੰਞ ਹੀ ਹਰਿਆਣੇ ਵਿਚੋਂ ਜੋ ਸੜਕ ਵੀ ਦਿੱਲੀ ਵਿਚ ਹੁੰਦੀ ਸੀ 'ਤੇ ਵੀ ਨਾਕੇ (ਬੈਰੀਅਰ) ਲਾ ਦਿਤੇ ਗਏ ਤਾਂ ਜੋ ਪੰਜਾਬ ਹੀ ਨਹੀਂ ਹਰਿਆਣਾ ਵਿਚੋਂ ਵੀ ਕੋਈ ਵੀ ਸਿੱਖ ਦਿੱਲੀ ਵਿਚ ਦਾਖ਼ਿਲ ਨਾ ਹੋ ਸਕੇ। ਸਾਰੀਆਂ ਸਰਹੱਦਾਂ 'ਤੇ, ਵਿਦੇਸ਼ੀ ਮੁਲਕ ਦੀ ਇਮੀਗਰੇਸ਼ਨ ਵਾਂਗ, ਬਾਰਡਰ ਸੀਲ ਕਰ ਕੇ, ਹਰ ਕਾਰ, ਟਰੱਕ, ਬੱਸ ਤੇ ਗੱਡੀ ਨੂੰ ਰੋਕ ਕੇ ਉਸ ਵਿਚੋਂ ਹਰ ਪੱਗ ਵਾਲੇ ਸ਼ਖ਼ਸ ਨੂੰ ਉਤਾਰਿਆ ਗਿਆ, ਉਸ ਦੀ ਤਲਾਸ਼ੀ ਲਈ ਗਈ ਤੇ ਬੇਇਜ਼ਤ ਕਰ ਕੇ ਵਾਪਿਸ ਭੇਜ ਦਿਤਾ ਗਿਆ। ਇਨ੍ਹਾਂ ਬੇਇਜ਼ਤ ਹੋਣ ਵਾਲਿਆਂ ਵਿਚ ਹਾਈਕੋਰਟ ਦੇ ਜੱਜ, ਸੀਨੀਅਰ ਬਾ-ਵਰਦੀ ਫ਼ੌਜੀ ਅਫ਼ਸਰ ਸਣੇ ਬੰਗਲਾ ਦੇਸ਼ ਦੀ ਜੰਗ ਦਾ ਜੇਤੂ ਜਨਰਲ ਅਰੋੜਾ, ਸਾਬਕਾ ਕੇਂਦਰੀ ਵਜ਼ੀਰ ਸਵਰਨ ਸਿੰਘ, ਸੀਨੀਅਰ ਸਰਕਾਰੀ ਅਫ਼ਸਰ, ਵੱਡੇ-ਵੱਡੇ ਵਪਾਰੀ ਤੇ ਕਈ ਮੋਹਤਬਰ ਸ਼ਖ਼ਸੀਅਤਾਂ ਵੀ ਸਨ। ਭਜਨ ਲਾਲ ਦੇ ਇਸ ਹੁਕਮ ਨੇ ਸਾਰੇ ਸਿੱਖਾਂ ਨੂੰ ਇੰਦਰਾ ਤੇ ਭਜਨ ਲਾਲ ਦੇ ਦੁਸ਼ਮਣ ਬਣਾ ਦਿਤਾ। ਪਰ ਇਸ ਬੇਇਜ਼ਤੀ ਨੇ ਸਿੱਖਾਂ ਵਿਚ ਗ਼ੁਲਾਮ ਹੋਣ ਅਤੇ ਖਾਲਿਸਤਾਨ ਦੀ ਜੱਦੋ-ਜਹਿਦ ਦਾ ਹਿਮਾਇਤੀ ਬਣਨ ਦਾ ਅਹਿਸਾਸ ਵੀ ਬੜੀ ਸ਼ਿੱਦਤ ਨਾਲ ਭਰ ਦਿੱਤਾ। ਉਨ੍ਹਾਂ ਨੂੰ ਹੁਣ ਅਹਿਸਾਸ ਹੋਣ ਲਗ ਪਿਆ ਕਿ ਭਾਰਤ ਸਿੱਖਾਂ ਵਾਸਤੇ ਵਿਦੇਸ਼ ਹੈ ਤੇ ਉਹ ਸਿੱਖਾਂ ਨੂੰ ਦੁਸ਼ਮਣ ਸਮਝਦਾ ਹੈ। ਸਿੱਖਾਂ ਨੂੰ ਇਹ ਸਮਝਾਉਣ ਵਾਸਤੇ ਜੋ ਰੋਲ ਅਕਾਲੀ ਦਲ ਦਾ ਪ੍ਰਚਾਰ ਨਾ ਕਰਵਾ ਸਕਿਆ ਉਹ ਸਿੱਖਾਂ ਨਾਲ ਨਫ਼ਰਤ ਕਰਨ ਵਾਲੇ ਹਰਿਆਣੇ ਦੇ ਚੀਫ਼ ਮਨਿਸਟਰ ਭਜਨ ਲਾਲ ਨੇ ਕੁਝ ਹੀ ਦਿਨਾਂ ਵਿਚ ਕਰ ਦਿਖਾਇਆ।

1985: ਪਟਿਆਲਾ ਜੇਲ੍ਹ ਵਿਚ ਗੁਰਦੁਆਰਾ ਨੀਂਹ ਪੱਥਰ ਰੱਖਿਆ ਗਿਆ

19 ਨਵੰਬਰ 1985 ਦੇ ਦਿਨ ਪਟਿਆਲਾ ਜੇਲ੍ਹ 'ਚ ਗੁਰਦੁਆਰੇ ਦਾ ਨੀਂਹ ਪੱਥਰ ਰਖਿਆ ਗਿਆ। ਇਸ ਵੇਲੇ ਸੁਰਜੀਤ ਬਰਨਾਲਾ ਦੀ ਸਰਕਾਰ ਸੀ ਪਰ ਇਸ ਸਮਾਗਮ 'ਚ ਫ਼ੈਡਰੇਸ਼ਨ ਦੇ ਵਰਕਰਾਂ ਨੂੰ ਸ਼ਾਮਿਲ ਨਾ ਹੋਣ ਦਿਤਾ ਗਿਆ।

1992: ਪਰਮਿੰਦਰ ਸਿੰਘ ਅੰਮ੍ਰਿਤਸਰ ਤੇ ਹਰਜੀਤ ਸਿੰਘ ਮੰਝਪੁਰ ਨਕਲੀ ਮੁਕਾਬਲੇ 'ਚ ਸ਼ਹੀਦ

19 ਨਵੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਪਰਮਿੰਦਰ ਸਿੰਘ (ਪੁੱਤਰ ਪਿਆਰਾ ਸਿੰਘ, ਵਾਸੀ ਗੁਰਨਾਮ ਨਗਰ, ਅੰਮ੍ਰਿਤਸਰ) ਤੇ ਹਰਜੀਤ ਸਿੰਘ (ਪੁੱਤਰ ਗੁਰਬਖ਼ਸ਼ ਸਿੰਘ, ਵਾਸੀ ਮੰਝਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

20 ਨਵੰਬਰ

1693: ਔਰੰਗਜ਼ੇਬ ਨੇ ਸਰਹੰਦ ਦੇ ਸੂਬੇਦਾਰ ਨੂੰ ਖ਼ਤ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਨੂੰ ਕਹੋ ਕਿ ਫ਼ੌਜ ਇਕੱਠੀ ਨਾ ਕਰੇ ਅਤੇ ਜੇ ਨਾ ਹਟੇ ਤਾਂ ਕਤਲ ਕਰ ਦਿੱਤਾ ਜਾਵੇ

ਵੀਹ ਨਵੰਬਰ 1693 ਦੇ ਦਿਨ ਮੁਗ਼ਲ ਬਾਦਸਾਹ ਔਰੰਗਜ਼ੇਬ ਨੇ ਔਰੰਗਾਬਾਦ ਤੋਂ ਸਰਹੰਦ ਦੇ ਸੂਬੇਦਾਰ ਨੂੰ ਖ਼ਤ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਨੂੰ ਕਹੋ ਕਿ ਉਹ (ਗੁਰੂ) ਫ਼ੌਜ

ਇਕੱਠੀ ਨਾ ਕਰੇ ਅਤੇ ਝਰੋਖੇ ਚੋਂ ਦਰਸ਼ਨ ਦੇਣੇ (ਯਾਨਿ ਦਰਬਾਰ ਲਾਉਣਾ) ਬੰਦ ਕਰੇ; ਜੇ ਉਹ ਨਾ ਹਟੇ ਤਾਂ ਕਤਲ ਕਰ ਦਿੱਤਾ ਜਾਵੇ।

1981: ਦਹੇੜੂ ਪਿੰਡ ਵਿਚ ਅਮਰਜੀਤ ਸਿੰਘ ਦੇ ਘਰ ਵਿਚ ਬਬਰਾਂ ਵੱਲੋਂ ਪੁਲਸੀਏ ਮਾਰੇ ਗਏ

16 ਨਵੰਬਰ 1981 ਦੇ ਦਿਨ ਬਬਰ ਖਾਲਸਾ ਦੇ ਖਾੜਕੂਆਂ ਵੱਲੋਂ ਕਪੂਰਥਲਾ ਦੇ ਨਿਰੰਕਾਰੀ ਮੁਖੀ ਪ੍ਰਹਿਲਾਦ ਚੰਦ ਉੱਤੇ ਹਮਲਾ ਕੀਤਾ ਗਿਆ ਸੀ। ਕਤਲ ਕਰਨ ਵਾਲਿਆਂ ਦਾ ਮੋਟਰ ਸਾਈਕਲ ਵੇਲੇ ਸਿਰ ਚਲ ਨਾ ਸਕਿਆ, ਜਿਸ ਕਰ ਕੇ ਉਹ ਉਸ ਨੂੰ ਉੱਥੇ ਹੀ ਛੱਡ ਕੇ ਦੌੜ ਗਏ। ਪੁਲਿਸ ਨੇ ਮੋਟਰ ਸਾਈਕਲ ਦੀ ਮਲਕੀਅਤ ਦਾ ਪਤਾ ਲਾ ਕੇ ਪਤਾ ਕਰ ਲਿਆ ਕਿ ਇਸ ਨੂੰ ਤਰਸੇਮ ਸਿੰਘ ਨੇ ਵਰਤਿਆ ਸੀ। ਤਰਸੇਮ ਸਿੰਘ ਦੇ ਇਕ ਸਾਥੀ ਨਿਹੰਗ ਸਿੰਘ ਦੇ ਕਾਬੂ ਹੋ ਜਾਣ ਮਗਰੋਂ ਹੁਣ ਪੁਲੀਸ ਇਸ ਜਥੇ ਦੇ ਬਹੁਤ ਨੇੜੇ ਪਹੁੰਚ ਚੁਕੀ ਸੀ। ਬਬਰਾਂ ਦੇ ਜਥੇ ਬਾਰੇ ਪਤਾ ਲੱਗਣ ਮਗਰੋਂ ਪੁਲੀਸ ਇੰਸਪੈਕਟਰ ਪ੍ਰੀਤਮ ਸਿੰਘ ਬਾਜਵੇ ਦੇ ਦਿਲ ਵਿਚ ਖਿਆਲ ਆਇਆ ਕਿ ਜੇ ਉਹ ਇਕੱਲਾ ਹੀ, ਇੱਕ ਦੋ ਸਿਪਾਹੀ ਲੈ ਕੇ, ਤਰਸੇਮ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਕਾਬੂ ਕਰ ਲਵੇ ਤਾਂ ਉਹ ਛੇਤੀ ਹੀ ਡੀ.ਐਸ.ਪੀ. ਬਣ ਜਾਵੇਗਾ। ਇਹ ਸੋਚ ਕੇ ਉਸ ਨੇ ਆਪਣੇ ਨਾਲ ਕੁਝ ਸਿਪਾਹੀ ਲਏ ਅਤੇ ਦਹੇੜੂ ਨੂੰ ਚਲ ਪਿਆ। ਜਦੋਂ ਪੁਲੀਸ ਪਾਰਟੀ ਦਹੇੜੂ ਪਹੁੰਚੀ ਤਾਂ ਬਾਜਵਾ ਤੇ ਸਿਪਾਹੀ ਸੁਰਜੰਤ ਸਿੰਘ ਭਾਈ ਅਮਰਜੀਤ ਸਿੰਘ ਦੇ ਘਰ ਪੁੱਜੇ। ਉਸ ਵੇਲੇ ਬਬਰ ਚੁਬਾਰੇ ਵਿਚ ਬੈਠੇ ਸਨ। ਬਾਜਵੇ ਨੇ ਬੂਹਾ ਖੜਕਾ ਕੇ ਖੁਲ੍ਹਵਾਇਆ ਅਤੇ ਸਿੱਧਾ ਪੌੜੀਆਂ ਚੜ੍ਹਨ ਲੱਗ ਪਏ। ਚੁਬਾਰੇ ਵਿਚ ਬੈਠੇ ਸਿੰਘਾਂ ਨੂੰ ਇਸ ਦਾ ਪਤਾ ਲੱਗ ਗਿਆ। ਉਨ੍ਹਾਂ ਨੇ ਬਾਜਵੇ ਨੂੰ ਪਿੱਛੇ ਮੁੜਣ ਤੇ ਆਪਣੀ ਜਾਣ ਬਚਾਉਣ ਵਾਸਤੇ ਆਖਿਆ। ਜਦੋਂ ਬਾਜਵਾ ਤੇ ਸੂਰਤ ਸਿੰਘ ਨਾ ਰੁਕੇ ਤਾਂ ਚੌਬਾਰੇ ਵਿਚੋਂ ਆਉਣ ਵਾਲੀਆਂ ਗੋਲੀਆਂ ਨੇ ਇਹ ਦੋਵੇਂ ਪੁਲਸੀਏ, ਥਾਂਏਂ ਹੀ ਮਾਰ ਦਿੱਤੇ। ਇਸ ਤੋਂ ਬਾਅਦ ਚੋਬਾਰੇ ਵਾਲੇ ਖਾੜਕੂ ਚੁੱਪਚਾਪ ਪਿੰਡੋਂ ਨਿਕਲ ਕੇ ਗ਼ਾਇਬ ਹੋ ਗਏ। ਇਸ ਕਾਂਡ ਮਗਰੋਂ ਪੁਲੀਸ ਨੇ ਐਫ਼. ਆਈ. ਆਰ. ਦਰਜ ਕਰ ਕੇ ਮਾਲਕ ਮਕਾਨ ਅਮਰਜੀਤ ਸਿੰਘ ਦਹੇੜੂ ਦੀ ਘਰਵਾਲੀ ਬੀਬੀ ਨੱਛਤਰ ਕੌਰ ਅਤੇ ਸੁਰਜੀਤ ਸਿੰਘ ਨੂੰ ਵੀ ਇਸ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ। ਪੁਲੀਸ ਨੇ ਇਨ੍ਹਾਂ ਦੋਹਾਂ ਨੂੰ ਬਾਕੀ ਕਤਲਾਂ ਵਿਚ ਵੀ ਸ਼ਾਮਿਲ ਕਰ ਲਿਆ। ਦੂਜੇ ਸ਼ਾਮਿਲ ਕੀਤੇ ਸਿੰਘ ਸਨ: ਜਥੇਦਾਰ ਤਲਵਿੰਦਰ ਸਿੰਘ (ਬਾਨੀ ਬਬਰ ਖਾਲਸਾ), ਤਰਸੇਮ ਸਿੰਘ, ਵਧਾਵਾ ਸਿੰਘ, ਅਮਰਜੀਤ ਸਿੰਘ ਦਹੇੜੂ ਅਤੇ ਫ਼ਰੀਦਕੋਟ ਦੇ ਤਿੰਨ ਪੁਲੀਸ ਅਫ਼ਸਰ: ਅਮਰਜੀਤ ਸਿੰਘ ਖੇਮਕਰਨੀ, ਗੁਰਨਾਮ ਸਿੰਘ ਹੌਲਦਾਰ, ਸੇਵਾ ਸਿੰਘ ਤਰਮਾਲਾ (ਹੁਣ ਸਾਧ ਤਰਮਾਲਾ) ਵਗ਼ੈਰਾ।

1985: ਇੰਦਰਾ ਗਾਂਧੀ ਕਤਲ ਕਾਂਡ ਸਬੰਧੀ ਗ੍ਰਿਫ਼ਤਾਰ ਕੀਤੇ ਕੇਹਰ ਸਿੰਘ ਦੇ ਪੁਤਰ ਰਜਿੰਦਰ ਸਿੰਘ ਤੇ ਦਲੀਪ ਸਿੰਘ ਨੌਕਰੀਓਂ ਕੱਢੇ

ਇਦਰਾ ਗਾਂਧੀ ਨੂੰ ਕਤਲ ਕਰਨ ਦੇ ਕੇਸ ਵਿਚ ਬੇਅੰਤ ਸਿੰਘ ਤੇ ਸਤਵੰਤ ਸਿੰਘ ਦੇ ਨਾਲ ਨਾਲ ਸ. ਕੇਹਰ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਹੋਇਆ ਸੀ। ਬੇਦੋਸ਼ੇ ਕੇਹਰ ਸਿੰਘ ਨੂੰ ਸਿਰਫ਼ ਗ੍ਰਿਫ਼ਤਾਰ ਹੀ ਨਹੀਂ ਕੀਤਾ ਬਲਕਿ 20 ਨਵੰਬਰ 1985 ਦੇ ਦਿਨ ਉਸ (ਕੇਹਰ ਸਿੰਘ) ਦੇ ਪੁੱਤਰਾਂ ਰਜਿੰਦਰ ਸਿੰਘ ਅਤੇ ਦਲੀਪ ਸਿੰਘ ਨੂੰ ਬਿਨਾ ਕਿਸੇ ਦੋਸ਼ ਦੇ ਨੌਕਰੀ ਤੋਂ ਡਿਸਮਿਸ ਕਰ ਕੇ ਨੈਸ਼ਨਲ ਸਕਿਉਰਿਟੀ ਕੇਸ 'ਚ ਨਜ਼ਰਬੰਦ ਕਰ ਦਿਤਾ ਗਿਆ।

1987: ਏਕਮ ਸਿੰਘ ਹਾਠਾਂ ਨਕਲੀ ਮੁਕਬਾਲੇ ਵਿਚ ਸ਼ਹੀਦ

20 ਨਵੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਏਕਮ ਸਿੰਘ (ਪੁੱਤਰ ਨਾਰੰਗ ਸਿੰਘ, ਵਾਸੀ ਹਾਠਾਂ, ਜ਼ਿਲ੍ਹਾ ਸੰਗਰੂਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਨਵਾਂ ਪਿੰਡ (ਪੱਟੀ) ਦੇ ਬਖਸੀਸ ਸਿੰਘ ਸ਼ੀਸਾ ਅਤੇ ਉਸ ਦਾ ਭਰਾ ਗੁਰਦੇਵ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ

20 ਨਵੰਬਰ 1988 ਦੇ ਦਿਨ ਪੰਜਾਬ ਪੁਲਸ ਨੇ ਬਖਸੀਸ ਸਿੰਘ ਸ਼ੀਸਾ ਅਤੇ ਉਸ ਦਾ ਭਰਾ ਗੁਰਦੇਵ ਸਿੰਘ (ਪੁੱਤਰ ਪਿਆਰਾ ਸਿੰਘ, ਵਾਸੀ ਨਵਾਂ ਪਿੰਡ, ਪੱਟੀ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1989: ਦੀਦਾਰ ਸਿੰਘ ਟਿੰਡਵਾਂ ਅਤੇ ਉਸ ਦੇ ਤਿੰਨ ਪੁਤਰ (ਗੁਰਬਚਨ ਸਿੰਘ ਅਮਰੀਕ ਸਿੰਘ ਤੇ ਮਨਜੀਤ ਸਿੰਘ) ਤੇ ਅਵਤਾਰ ਸਿੰਘ ਸਰਹਾਲੀ ਲਲੇਹ ਨਕਲੀ ਮੁਕਾਬਲੇ ਵਿਚ ਸ਼ਹੀਦ

20 ਨਵੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਦੀਦਾਰ ਸਿੰਘ ਟਿੰਡਵਾਂ ਅਤੇ ਉਸ ਦੇ ਤਿੰਨਾਂ ਪੁਤਰਾਂ ਗੁਰਬਚਨ ਸਿੰਘ ਅਮਰੀਕ ਸਿੰਘ ਤੇ ਮਨਜੀਤ ਸਿੰਘ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।ਇਸੇ ਦਿਨ ਪੰਜਾਬ ਪੁਲਸ ਨੇ ਅਵਤਾਰ ਸਿੰਘ (ਵਾਸੀ ਸਰਹਾਲੀ ਲਲੇਹ, ਫ਼ੀਰੋਜ਼ਪੁਰ) ਨੂੰ ਵੀ ਇਕ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਦੀਦਾਰ ਸਿੰਘ ਦਾਰੀ, ਜਗਦੀਪ ਸਿੰਘ ਮੋਗਾ, ਕੁਲਵੰਤ ਸਿੰਘ ਉਮਰਪੁਰਾ, ਸਰਬਜੀਤ ਸਿੰਘ ਉਰਫ਼ ਸ਼ੱਬਾ ਧਰਮਕੋਟ, ਸੰਤੋਖ ਸਿੰਘ ਧਰਮਕੋਟ, ਗੁਰਬਿੰਦਰ ਸਿੰਘ ਨਾਰੰਗ ਸ਼ਾਹਪੁਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

20 ਨਵੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਦੀਦਾਰ ਸਿੰਘ ਉਰਫ਼ ਦਾਰੀ (ਪੁੱਤਰ ਧੀਰ ਸਿੰਘ), ਜਗਦੀਪ ਸਿੰਘ (ਵਾਸੀ ਮੋਗਾ, ਫ਼ੀਰੋਜ਼ਪੁਰ), ਕੁਲਵੰਤ ਸਿੰਘ, ਕਾਲਾ ਉਰਫ਼ ਕੰਤਾ (ਵਾਸੀ ਉਮਰਪੁਰਾ), ਸਰਬਜੀਤ ਸਿੰਘ ਉਰਫ਼ ਸ਼ੱਬਾ (ਵਾਸੀ ਧਰਮਕੋਟ), ਸੰਤੋਖ ਸਿੰਘ (ਵਾਸੀ ਧਰਮਕੋਟ), ਗੁਰਬਿੰਦਰ ਸਿੰਘ ਉਰਫ਼ ਬਾਬਾ ਭਿੰਡਰ (ਵਾਸੀ ਨਾਰੰਗ ਸ਼ਾਹਪੁਰ, ਨੇੜੇ ਫਗਵਾੜਾ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1991: ਤਲਵਿੰਦਰ ਸਿੰਘ ਤੋਲਾ ਨੰਗਲ ਤੇ ਸੁਰਤਾ ਸਿੰਘ ਹਰਦ ਕਲਾਂ ਮੁਕਾਬਲੇ ਵਿਚ ਸ਼ਹੀਦ

20 ਨਵੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਤਲਵਿੰਦਰ ਸਿੰਘ (ਪੁੱਤਰ ਹਰਦਿਆਲ ਸਿੰਘ, ਵਾਸੀ ਤੋਲਾ ਨੰਗਲ, ਨੇੜੇ ਰਾਜਾ ਸਾਂਸੀ, ਜ਼ਿਲ੍ਹਾ ਅੰਮ੍ਰਿਤਸਰ) ਅਤੇ ਸੁਰਤਾ ਸਿੰਘ (ਪੁੱਤਰ ਮੁਲਖ ਸਿੰਘ, ਵਾਸੀ ਹਰਦ ਕਲਾਂ) ਨੂੰ ਨਕਲੀ ਮੁਕਾਬਲਿਆਂਵਿਚ ਸ਼ਹੀਦ ਕਰ ਦਿੱਤਾ।

1992: ਮਨਜਿੰਦਰ ਸਿੰਘ ਬਿੰਜਲ, ਡਾਕਟਰ ਸ਼ਿੰਗਾਰਾ ਸਿੰਘ, ਕੁਲਦੀਪ ਸਿੰਘ ਠੱਟਾ ਤੇ ਦੋ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ

20 ਨਵੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਮਨਜਿੰਦਰ ਸਿੰਘ ਉਰਫ਼ ਪੁਲਸੀਆ (ਵਾਸੀ ਬਿੰਜਲ), ਡਾਕਟਰ ਸ਼ਿੰਗਾਰਾ ਸਿੰਘ, ਕੁਲਦੀਪ ਸਿੰਘ (ਪੁੱਤਰ ਲਹਿਣਾ ਸਿੰਘ, ਵਾਸੀ ਠੱਠਾ) ਤੇ ਦੋ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

21 ਨਵੰਬਰ

1961: ਜੀਵਨ ਸਿੰਘ ਉਮਰਾਨੰਗਲ ਨੇ ਦਰਬਾਰ ਸਾਹਿਬ ਕੰਪਲੈਕਸ ਵਿਚ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੇ ਬਾਹਰ ਭੁੱਖ ਹੜਤਾਲ ਸ਼ੁਰੂ ਕੀਤੀ

15 ਅਗਸਤ 1961 ਦੇ ਦਿਨ ਪੰਜਾਬੀ ਸੂਬੇ ਵਾਸਤੇ ਮਰਨ ਵਰਤ ਰਖ ਕੇ ਅਤੇ ਮੰਗ ਮਨਵਾਏ ਬਿਨਾਂ, ਤੇ ਸਿਰਫ਼ ਇਕ ਹਾਈ ਪਾਵਰਡ ਕਮਿਸ਼ਨ ਕਾਇਮ ਕਰਨ ਦੀ ਮੰਗ ਮਨਵਾ ਕੇ, ਮਰਨ ਵਰਤ ਦੇ 48ਵੇਂ ਦਿਨ, 1 ਅਕਤੂਬਰ 1961 ਦੇ ਦਿਨ ਮਾਸਟਰ ਤਾਰਾ ਸਿੰਘ ਨੇ ਆਪਣਾ ਵਰਤ ਖ਼ਤਮ ਕਰ ਦਿੱਤਾ। ਭਾਰਤ ਸਰਕਾਰ ਨੇ ਨੋਟੀਫ਼ੀਕੇਸ਼ਨ ਜਾਰੀ ਕਰਦਿਆਂ ਕਿਹਾ, ''ਸਰਕਾਰ ਨੇ ਸਿੱਖਾਂ ਨਾਲ ਕੀਤੇ ਜਾਂਦੇ ਅਖੌਤੀ ਵਿਤਕਰਿਆਂ ਸਬੰਧੀ ਇਕ ਕਮਿਸ਼ਨ ਬਣਾਉਣ ਦਾ ਨਿਰਣਾ ਕਰ ਦਿੱਤਾ ਹੈ। ਇਹ ਕਮਿਸ਼ਨ ਸਿੱਖਾਂ ਦੀਆਂ ਹਰ ਤਰ੍ਹਾਂ ਦੀਆਂ ਸ਼ਿਕਾਇਤਾਂ ਦੀ ਪੜਤਾਲ ਕਰੇਗਾ।'' ਮਰਨ ਵਰਤ ਖੋਲ੍ਹਣ ਮਗਰੋਂ ਮਾਸਟਰ ਜੀ ਨੇ ਐਲਾਨ ਕੀਤਾ ਕਿ ਕਮਿਸ਼ਨ ਦੇ ਮੈਂਬਰਾਂ ਦੇ ਨਾਂ ਉਨ੍ਹਾਂ ਨੂੰ ਦੱਸੇ ਗਏ ਹਨ। ਇਸ ਗੱਲ ਦੀ ਕਿਸੇ ਨੇ ਤਰਦੀਦ ਨਾ ਕੀਤੀ। ਪਰ ਜਦੋਂ 31 ਅਕਤੂਬਰ ਨੂੰ ਹਾਈ ਪਾਵਰਡ ਕਮਿਸ਼ਨ ਦੇ ਮੈਂਬਰ ਦੇ ਨਾਂਵਾਂ ਦਾ ਐਲਾਨ ਹੋਇਆ ਤਾਂ ਸਾਰੇ ਹੈਰਾਨ ਹੋਏ। ਦਾਸ, ਛਾਗਲਾ ਅਤੇ ਰਾਮਾਸਵਾਮੀ ਆਇਰ ਇਸ ਕਮਿਸ਼ਨ ਦੇ ਤਿੰਨ ਮੈਂਬਰ ਐਲਾਨੇ ਗਏ। ਅਕਾਲੀਆਂ ਨੇ ਇਸ ਦਾ ਵਿਰੋਧ ਕੀਤਾ ਤਾਂ ਨਹਿਰੂ ਨੇ ਕਿਹਾ ਕਿ ਇਹ ਸਰਕਾਰ ਦੀ ਮਰਜ਼ੀ ਜਿਸ ਨੂੰ ਚਾਹੇ ਮੈਂਬਰ ਬੁਣਾਵੇ। ਮੈਂਬਰਾਂ ਦਾ ਨਾਂਵਾਂ ਸਬੰਧੀ ਕੋਈ ਵਾਅਦਾ ਨਹੀਂ ਹੋਇਆ। 4 ਨਵੰਬਰ ਨੂੰ ਮਾਸਟਰ ਜੀ ਨੇ ਕਿਹਾ ਕਿ ਅਕਾਲੀ ਦਲ ਅਜਿਹੇ ਕਮਿਸ਼ਨ ਦਾ ਬਾਈਕਾਟ ਕਰੇਗਾ। 9 ਨਵੰਬਰ ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਇਸ ਸਬੰਧੀ ਰੋਸ ਕੀਤਾ। 13 ਨਵੰਬਰ ਨੂੰ ਸ਼ਾਸਤਰੀ ਨੇ ਮੰਨਿਆ ਕਿ ਨਾਂ ਪੇਸ਼ ਹੋਏ ਸਨ ਜਿਨ੍ਹਾਂ 'ਚੋਂ ਜੈ ਪ੍ਰਕਾਸ਼ ਨੇ ਹਾਂ ਨਹੀਂ ਕੀਤੀ ਤੇ ਬਾਕੀ ਸਰਕਾਰ ਨੇ ਨਹੀਂ ਮੰਨੇ। ਅਕਾਲੀਆਂ ਅਨੁਸਾਰ ਪੀਤਾਂਜਲੀ ਸ਼ਾਸਤਰੀ, ਰਾਮਾਸਵਾਮੀ ਮੁਦਾਲੀਅਰ ਤੇ ਜੈ ਪ੍ਰਕਾਸ਼ ਨਾਰਾਇਣ ਦੇ ਨਾਂ ਮੰਨੇ ਗਏ ਸਨ। ਮਲਿਕ ਹਰਦਿਤ ਸਿੰਘ ਜਾਂ ਮਹਾਰਾਜਾ ਪਟਿਆਲਾ ਨੇ ਅਕਾਲੀ ਦਲ ਦੇ ਸਟੈਂਡ ਦੀ ਤਰਦੀਦ ਨਹੀਂ ਕੀਤੀ ਜਿਸ ਤੋਂ ਸਪਸ਼ਟ ਹੈ ਕਿ ਨਾਂ ਮੰਨੇ ਕੀਤੇ ਗਏ ਸਨ।

ਅਖ਼ੀਰ ਅਕਾਲੀ ਦਲ ਨੇ ਇਸ ਹਾਈ ਪਾਵਰਡ ਕਮਿਸ਼ਨ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ। 9 ਨਵੰਬਰ 1961 ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਦਾਸ ਕਮਿਸ਼ਨ ਦਾ ਬਾਈਕਾਟ ਕਰਨ ਦਾ ਮਤਾ 6 ਦੇ ਮੁਕਾਬਲੇ 13 ਵੋਟਾਂ ਨਾਲ ਪਾਸ ਕਰ ਦਿੱਤਾ। ਉਧਰ ਮਰਨ ਵਰਤ ਛੱਡਣ ਨਾਲ ਮਾਸਟਰ ਤਾਰਾ ਸਿੰਘ ਦੀ ਪੁਜ਼ੀਸਨ ਕਮਜ਼ੋਰ ਹੋਈ ਸੀ। ਇਸ ਦਾ ਫ਼ਾਇਦਾ ਉਠਾਉਣ ਵਾਸਤੇ ਚੀਫ਼ ਮਨਿਸਟਰ ਪ੍ਰਤਾਪ ਸਿੰਘ ਕੈਰੋਂ ਨੇ ਆਪਣੇ ਏਜੰਟ ਜੀਵਨ ਸਿੰਘ ਉਮਰਾਨੰਗਲ ਨੂੰ ਵਰਤਣ ਦੀ ਸਾਜ਼ਿਸ਼ ਘੜੀ ਤੇ ਉਸ ਰਾਹੀਂ ਮਾਸਟਰ ਤਾਰਾ ਸਿੰਗ ਦੇ ਖ਼ਿਲਾਫ਼ ਮੁਹਿੰਮ ਸ਼ੁਰੂ ਕਰਵਾ ਦਿੱਤੀ। 15 ਨਵੰਬਰ 1961 ਨੂੰ ਉਮਰਾਨੰਗਲ ਨੇ ਮਾਸਟਰ ਤਾਰਾ ਸਿੰਘ ਦੇ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ੇ ਦੀ ਮੰਗ ਕੀਤੀ ਅਤੇ ਇਸ ਵਾਸਤੇ 20 ਤਾਰੀਖ਼ ਤਕ ਦਾ ਨੋਟਿਸ ਦਿੱਤਾ। ਪੂਰਾ ਨਾ ਹੋਣ ਤੇ ਇਕ ਹਫ਼ਤੇ ਦੀ ਭੁਖ ਹੜਤਾਲ ਦਾ ਐਲਾਨ ਕੀਤਾ। ਇਸ ਨੋਟਿਸ ਵਿਚ 10 ਦੋਸ਼ ਲਾਏ ਗਏ ਸਨ:

1. ਮਾਸਟਰ ਜੀ ਨੇ ਕਸਮ ਖਾ ਕੇ ਤੋੜੀ ਹੈ।
2. ਸਿੱਖ ਸ਼ਹੀਦੀ ਅਸੂਲਾਂ ਨੂੰ ਕਲੰਕ ਲਾਇਆ ਹੈ।
3. ਜ਼ਿੰਦਗੀ ਪਿਆਰੀ ਸਮਝ ਕੇ ਕੁਰਬਾਨੀਆਂ ਗੁਆਈਆਂ ਹਨ।
4. ਪੰਥ ਖ਼ਤਰੇ ਦਾ ਨਾਅਰਾ ਲਾ ਕੇ ਕੌਮ ਦੀ ਤਾਕਤ ਗੁਆਈ ਹੈ।
5. ਤੁਹਾਡੀ ਪਾਲਸੀ ਸ਼ੱਕ ਵਾਲੀ ਹੋ ਗਈ ਹੈ।
6. ਗੁਰਦੁਆਰਾ ਕਮੇਟੀ ਅਤੇ ਅਕਾਲੀ ਦਲ ਤੋਂ ਅਸਤੀਫ਼ਾ ਦਿਓ।

7. ਅਕਾਲ ਤਖਤ 'ਤੇ ਮੁਆਫ਼ੀ ਮੰਗੋ
8. ਅਕਾਲੀ ਦਲ ਦੇ ਡੈਲੀਗੇਟਾਂ ਦਾ ਇਜਲਾਸ ਸੱਦ ਕੇ ਯਕੀਨ ਦਾ ਵੋਟ ਲਓ।
9. ਅਖ਼ਬਾਰਾਂ ਵਿਚ ਪੰਥ ਪਿਆਰਿਆਂ ਵਿਰੁੱਧ ਪ੍ਰਚਾਰ ਬੰਦ ਕਰੋ।
10. ਸਿੱਖ ਕੌਮ ਦੇ ਅਧਿਕਾਰ, ਮਾਣ ਤੁਹਾਡੇ ਹੱਥਾਂ 'ਚ ਮਹਿਫ਼ੂਜ਼ ਨਹੀਂ ਹਨ।

ਉਮਰਾਨੰਗਲ ਅਕਾਲੀ ਦਲ ਦੀ ਵਰਕਿੰਗ ਕਮੇਟੀ ਦਾ ਮੈਂਬਰ ਸੀ ਅਤੇ ਦਲ ਦੀ ਮੀਟਿੰਗ ਵਿਚ ਜੋ ਮਰਜ਼ੀ ਕਹਿ ਤੇ ਕਰ ਸਕਦਾ ਸੀ। ਇਹ ਦੋਸ਼ ਮੀਟਿੰਗ ਵਿਚ ਵੀ ਲਾਏ ਜਾ ਸਕਦੇ ਸਨ। ਇਸ ਨੂੰ ਦਲ ਦਾ ਜ਼ਾਬਤਾ ਤੋੜਨ ਦੇ ਨਾਂ 'ਤੇ ਮਾਸਟਰ ਤਾਰਾ ਸਿੰਘ ਨੇ ਉਮਰਾਨੰਗਲ, ਲਛਮਣ ਸਿੰਘ ਗਿੱਲ ਜਗਦੇਵ ਸਿੰਘ ਤਲਵੰਡੀ ਅਤੇ ਕ੍ਰਿਪਾਲ ਸਿੰਘ ਨੂੰ 16 ਨਵੰਬਰ ਨੂੰ ਅਕਾਲੀ ਦਲ ਤੋਂ ਮੁਅੱਤਲ ਕਰ ਦਿੱਤਾ ਅਤੇ ਆਖਰੀ ਫ਼ੈਸਲਾ 28 ਨੂੰ ਹੋਣ ਵਾਲੀ ਵਰਕਿੰਗ ਕਮੇਟੀ ਦੀ ਮੀਟਿੰਗ 'ਤੇ ਰੱਖ ਦਿੱਤਾ। 19 ਨਵੰਬਰ ਨੂੰ ਫਤਹਿ ਸਿੰਘ ਨੇ ਗੰਗਾਨਗਰ ਤੋਂ ਆ ਕੇ ਮਾਸਟਰ ਅਤੇ ਹਰਚਰਨ ਸਿੰਘ ਹੁਡਿਆਰੇ ਨਾਲ ਵੱਖ-ਵੱਖ ਗੱਲਬਾਤ ਕੀਤੀ।
ਇਸੇ ਦਿਨ ਇਕ ਪ੍ਰੈਸ ਕਾਨਫ਼ਰੰਸ ਵਿਚ ਗਿੱਲ, ਸ਼ਿਵ ਸਿੰਘ ਝਾਵਾਂ ਅਤੇ ਜਗਜੀਤ ਸਿੰਘ ਗੋਗੋਆਣੀ ਨੇ ਮੰਗ ਕੀਤੀ ਕਿ ਮਾਸਟਰ ਨੂੰ 30 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਨਹੀਂ ਬਨਣਾ ਚਾਹੀਦਾ। ਇਨ੍ਹਾਂ ਨੇ ਤੁੜ, ਟੌਹੜਾ, ਭਾਗ ਸਿੰਘ ਜ਼ੈਦ ਅਤੇ ਕ੍ਰਿਪਾਲ ਸਿੰਘ ਦੀ ਹਿਮਾਇਤ ਦਾ ਦਾਅਵਾ ਕੀਤਾ। 20 ਨਵੰਬਰ ਨੂੰ ਗਿੱਲ, ਹੁਡਿਆਰਾ, ਟੌਹੜਾ, ਸ਼ਿਵਦਰਸ਼ਨ ਸਿੰਘ, ਜਗੀਰ ਸਿੰਘ ਪੂਹਲਾ ਵਗ਼ੈਰਾ ਸ਼੍ਰੋਮਣੀ ਕਮੇਟੀ ਦੀ ਐਗ਼ਜ਼ੈਕਟਿਵ ਮੈਂਬਰਾਂ ਅਤੇ ਅਕਾਲੀ ਦਲ ਦੇ 101 ਡੈਲੀਗੇਟਾਂ ਨੇ ਮਾਸਟਰ ਤਾਰਾ ਸਿੰਘ ਤੋਂ ਰਿਟਾਇਰ ਹੋਣ ਦੀ ਮੰਗ ਕੀਤੀ। **21 ਨਵੰਬਰ 1961 ਨੂੰ ਉਮਰਾਨੰਗਲ ਨੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਗੇਟ ਅੱਗੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ**। 23 ਤਾਰੀਖ਼ ਨੂੰ ਇਸ ਸਬੰਧੀ ਸਮਝੌਤਾ ਹੋ ਗਿਆ ਅਤੇ ਮਾਸਟਰ ਤਾਰਾ ਸਿੰਘ ਨੇ ਉਮਰਾਨੰਗਲ ਵਗ਼ੈਰਾ ਦੀ ਮੁਅੱਤਲੀ ਦੇ ਆਰਡਰ ਕੈਂਸਲ ਕਰ ਦਿੱਤੇ। ਮਾਸਟਰ ਅਤੇ ਫਤਹਿ ਸਿੰਘ ਵਲੋਂ ਵਰਤ ਛੱਡੇ ਜਾਣ ਦਾ ਕੇਸ ਉਨ੍ਹਾਂ ਦੇ ਆਪਣੇ ਵੱਲੋਂ ਪੰਜ ਸਿੱਖਾਂ ਅੱਗੇ ਪੇਸ਼ ਕਰ ਦਿੱਤਾ ਗਿਆ (ਉਨ੍ਹਾਂ ਨੂੰ ਤਲਬ ਨਹੀਂ ਕੀਤਾ ਗਿਆ ਸੀ।

1985: ਪਾਕਿਸਤਾਨ ਵਿਚ ਫੈਸਲਾਬਾਦ ਜੇਲ੍ਹ ਵਿਚੋਂ ਕੈਦ ਸਿੱਖਾਂ ਵੱਲੋਂ ਦੌੜਨ ਦੀ ਕੋਸ਼ਿਸ਼ ਕਰਨ ਵਾਲਿਆਂ 'ਤੇ ਗੋਲੀ ਚਲਾਈ ਗਈ: ਇਕ ਮਰਿਆ ਕਈ ਜ਼ਖ਼ਮੀ ਹੋਏ

ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੌਰਾਨ ਜ਼ੁਲਮ ਅਤੇ ਉਸ ਮਗਰੋਂ 'ਅਪਰੇਸ਼ਨ ਵੁੱਡਰੋਜ਼' ਦੇ ਨਾਂ ਹੇਠ ਭਾਰਤੀ ਫ਼ੌਜ ਵੱਲੋਂ ਸਿੱਖ ਨੌਜਵਾਨਾਂ 'ਤੇ ਕੀਤੇ ਜ਼ੁਲਮ ਤੋਂ ਰੋਹ ਵਿਚ ਆ ਕੇ ਕੁਝ ਸਿੱਖ ਨੌਜਵਾਨ ਪਾਕਿਸਤਾਨ ਦੀ ਸਰਹੱਦ ਪਾਰ ਕਰ ਕੇ ਚਲੇ ਗਏ ਤਾਂ ਜੋ ਉਹ ਉਥੋਂ ਟਰੇਨਿੰਗ ਅਤੇ ਹਥਿਆਰ ਲੈ ਕੇ ਆਉਣ ਅਤੇ ਜ਼ਾਲਮ ਫ਼ੌਜਾਂ ਨੂੰ ਸੋਧ ਸਕਣ। ਪਰ ਜਦ ਉਹ ਪਾਕਿਸਤਾਨ ਵਿਚ ਗਏ ਤਾਂ ਉਥੋਂ ਦੇ ਹਾਕਮਾਂ, ਉਥੋਂ ਦੀ ਫ਼ੌਜ ਅਤੇ ਪੁਲਸ ਨੇ ਉਨ੍ਹਾਂ ਨੂੰ ਪੱਲਾ ਨਾ ਫੜਾਇਆ ਅਤੇ ਉਲਟਾ ਜੇਲ੍ਹਾਂ ਵਿਚ ਬੰਦ ਕਰ ਦਿੱਤਾ। ਉਨ੍ਹਾਂ ਵਿਚੋਂ ਜਿਹੜੇ ਤਾਂ ਬਬਰਾਂ ਜਾਂ ਭਿੰਡਰਾ ਜਥਾ ਨਾਲ ਵਾਕਫ਼ੀ ਰਖਦੇ ਸਨ ਉਨ੍ਹਾਂ ਨੂੰ ਜਥੇਬੰਦੀਆਂ ਦੇ ਆਗੂ ਜੇਲ੍ਹਾਂ ਵਿਚੋਂ ਲੈ ਗਏ ਪਰ ਜੋ ਕਿਸੇ ਦੇ ਵਾਕਿਫ਼ ਨਹੀਂ ਸਨ ਉਹ ਫੈਸਲਾਬਾਦ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ ਗਏ। ਸਿੱਖ ਨੌਜਵਾਨਾਂ ਨੇ ਵਾਰ-ਵਾਰ ਜੇਲ੍ਹ ਵਾਰਡਨ ਤੇ ਹੋਰਾਂ ਰਾਹੀਂ ਪਾਕਿਸਤਾਨੀ ਹਾਕਮਾਂ ਨੂੰ ਪਹੁੰਚ ਕੀਤੀ ਕਿ ਜਾਂ ਤਾਂ ਉਨ੍ਹਾਂ ਨੂੰ ਟਰੇਨਿੰਗ ਤੇ ਹਥਿਆਰ ਦਿੱਤੇ ਜਾਣ ਅਤੇ ਜਾਂ ਵਾਪਿਸ ਭੇਜ ਦਿੱਤਾ ਜਾਏ। ਪਰ ਪਾਕਿਸਤਾਨ ਸਰਕਾਰ ਨੇ ਨਾ ਤਾਂ ਉਨ੍ਹਾਂ ਦੀਆਂ ਮੰਗਾਂ ਮੰਨੀਆਂ ਤੇ ਨਾ ਹੀ ਉਨ੍ਹਾਂ 'ਤੇ 'ਨਾਜਾਇਜ਼ ਸਰਹੱਦ ਪਾਰ ਕਰਨ' ਦਾ ਮੁਕੱਦਮਾ ਹੀ ਚਲਾਇਆ। ਇਹ ਸਾਰਾ ਕੁਝ ਕਈ ਮਹੀਨੇ ਚਲਦਾ ਰਿਹਾ। ਇਸ ਵਿਚਕਾਰ ਬਲਬੀਰ ਸਿੰਘ ਸੰਧੂ ਅਤੇ ਗਜਿੰਦਰ

ਸਿੰਘ ਹਾਈਜੈਕਰ ਨੇ ਕੋਸ਼ਿਸ਼ ਕੀਤੀ ਕਿ ਮਸਲਾ ਹੱਲ ਹੋ ਸਕੇ ਪਰ ਪਾਕਿਸਤਾਨ ਸਰਕਾਰ ਨੇ ਕੋਈ ਫ਼ੈਸਲਾ ਨਾ ਲਿਆ। ਅਖ਼ੀਰ ਤੰਗ ਆਏ ਨੌਜਵਾਨਾਂ ਨੇ ਜੇਲ੍ਹ ਵਿਚੋਂ ਦੌੜ ਜਾਣ ਦਾ ਪਲਾਨ ਬਣਾਇਆ। 21 ਨਵੰਬਰ 1985 ਦੇ ਦਿਨ ਤਕਰੀਬਨ ਇਕ ਦਰਜਨ ਸਿੱਖ ਨੌਜਵਾਨਾਂ ਨੇ ਜੇਲ੍ਹ ਦੀ ਕੰਧ ਟੱਪ ਕੇ ਦੌੜਨ ਦੀ ਕੋਸ਼ਿਸ਼ ਕੀਤੀ। ਛੇਤੀ ਹੀ ਪੁਲਸ ਨੂੰ ਪਤਾ ਲੱਗ ਗਿਆ ਅਤੇ ਉਨ੍ਹਾਂ ਨੇ ਬੰਦੂਕਾਂ ਲੈ ਕੇ ਜੇਲ੍ਹ ਨੂੰ ਘੇਰ ਲਿਆ। ਏਨੇ ਚਿਰ ਵਿਚ ਕਈ ਨੌਜਵਾਨ ਕੰਧ ਟੱਪ ਚੁਕੇ ਸਨ। ਪਰ ਦੂਜੇ ਪਾਸਟ ਦਲਦਲ ਹੋਣ ਕਰ ਕੇ ਬਹੁਤੇ ਤਾਂ ਇਸ ਵਿਚ ਹੀ ਫਸ ਗਏ। ਇਸ ਦੇ ਨਾਲ ਹੀ ਪੁਲਸ ਨੇ ਉਨ੍ਹਾਂ 'ਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ ਜਿਸ ਨਾਲ ਇਕ ਨੌਜਵਾਨ (ਜੋਗਿੰਦਰ ਸਿੰਘ, ਵਾਸੀ ਪਿੰਡ ਸੋਹਲ, ਜ਼ਿਲ੍ਹਾ ਗੁਰਦਾਸਪੁਰ) ਦੀ ਮੌਤ ਹੋ ਗਈ ਅਤੇ ਕਈ ਹੋਰ ਸਖ਼ਤ ਜ਼ਖ਼ਮੀ ਹੋ ਗਏ ਜਿਨ੍ਹਾਂ ਵਿਚੋਂ ਸੁਖਜਿੰਦਰ ਸਿੰਘ (ਵਾਸੀ ਪਿੰਡ ਥਾਣਾ) ਮਗਰੋਂ ਚੜ੍ਹਾਈ ਕਰ ਗਿਆ। ਬਾਕੀ ਸਾਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਚੱਕੀਆਂ ਵਿਚ ਬੰਦ ਕਰ ਕੇ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਉਨ੍ਹਾਂ ਵਿਚੋਂ ਇਕ (ਅਮਰੀਕ ਸਿੰਘ ਲੁਬਾਣਾ) ਪੁਲਸ ਹੱਥੋਂ ਬਚ ਕੇ ਨਿਕਲ ਜਾਣ ਵਿਚ ਕਾਮਯਾਬ ਹੋ ਗਿਆ। ਪਰ ਦੋ ਦਿਨ ਮਗਰੋਂ ਉਹ ਵੀ ਸਰਹੱਦ ਦੇ ਨੇੜਿਓਂ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਸ ਨੂੰ ਹੋਰ ਵੀ ਵਧ ਸਖ਼ਤ ਸਜ਼ਾ ਦਿੱਤੀ ਗਈ।

1990: ਗੁਰਮੀਤ ਸਿੰਘ ਬੋਪਾ ਰਾਏ ਕਲਾਂ ਨਕਲੀ ਮੁਕਾਬਲੇ ਵਿਚ ਸ਼ਹੀਦ

21 ਨਵੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਗੁਰਮੀਤ ਸਿੰਘ (ਪੁੱਤਰ ਗਿਆਨ ਸਿੰਘ, ਵਾਸੀ ਬੋਪਾ ਰਾਏ ਕਲਾਂ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਜੀਤ ਸਿੰਘ ਦਧੇੜਾ ਨਕਲੀ ਮੁਕਾਬਲੇ ਵਿਚ ਸ਼ਹੀਦ

21 ਨਵੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਜੀਤ ਸਿੰਘ (ਪੁੱਤਰ ਸੱਜੂ ਸਿੰਘ, ਵਾਸੀ ਦਧੇੜਾ, ਨੇੜੇ ਕਲਿਆਣ, ਜ਼ਿਲ੍ਹਾ ਪਟਿਆਲਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2012: ਪੰਜਾਬ ਦੀ ਤਵਾਰੀਖ਼ ਦੇ ਸਭ ਤੋਂ ਵੱਡੇ, ਲੁਧਿਆਣਾ ਬੈਂਕ ਡਾਕੇ, ਵਿਚ 12 ਸਿੱਖਾਂ ਨੂੰ ਦਸ ਦਸ ਸਾਲ ਕੈਦ ਦੀ ਸਜ਼ਾ ਸੁਣਾਈ ਗਈ

21 ਨਵੰਬਰ 2012 ਦੇ ਦਿਨ ਸਪੈਸ਼ਲ ਟਾਡਾ ਅਦਾਲਤ ਨੇ, ਰੱਦ ਹੋ ਚੁਕੇ ਟਾਡਾ ਕਾਨੂੰਨ ਹੇਠ, 12 ਫ਼ਰਵਰੀ 1987 ਦੇ ਲੁਧਿਆਣਾ ਦੇ ਪੰਜਾਬ ਨੈਸ਼ਨਲ ਬੈਂਕ ਵਿਚ ਪਏ 5 ਕਰੋੜ 70 ਲੱਖ ਰੁਪੈ ਦੇ ਡਾਕੇ (ਪੰਜਾਬ ਦੀ ਤਵਾਰੀਖ਼ ਦੇ ਸਭ ਤੋਂ ਵੱਡੇ) ਦੇ ਕੇਸ ਵਿਚ ਦਲਜੀਤ ਸਿੰਘ ਬਿੱਟੂ, ਗੁਰਸ਼ਰਨ ਸਿੰਘ ਗਾਮਾ, ਗੁਰਨਾਮ ਸਿੰਘ ਰੱਟਣ (ਲੁਧਿਆਣਾ), ਹਰਜਿੰਦਰ ਸਿੰਘ ਲਲਤੋਂ (ਲੁਧਿਆਣਾ), ਬਲਵਿੰਦਰ ਸਿੰਘ ਟੌਲੀ (ਨੇੜੇ ਨਕੋਦਰ, ਜਲੰਧਰ), ਮੋਹਨ ਸਿੰਘ ਕਰਤਾਰਪੁਰ (ਲੁਧਿਆਣਾ), ਸਵਰੂਪ ਸਿੰਘ ਜਲੰਧਰ, ਗੁਰਜੰਟ ਸਿੰਘ ਜਗਰਾਓਂ (ਲੁਧਿਆਣਾ), ਅਵਤਾਰ ਸਿੰਘ ਜਲੰਧਰ, ਹਰਭਜਨ ਸਿੰਘ ਨਕੋਦਰ, ਆਸਾ ਸਿੰਘ ਹੁਸ਼ਿਆਰਪੁਰ (ਉਮਰ 93 ਸਾਲ), ਮਾਨ ਸਿੰਘ ਲੁਧਿਆਣਾ ਨੂੰ 10-10 ਸਾਲ ਕੈਦ ਦੀ ਸਜ਼ਾ ਸੁਣਾਈ। ਇਸ ਕੇਸ ਵਿਚ 28 ਹੋਰ ਸਿੱਖ ਵੀ ਨਾਮਜ਼ਦ ਸਨ ਜਿਨ੍ਹਾਂ ਵਿਚੋਂ ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਨੂੰ ਵੈਦਯ ਕਤਲ ਕਾਂਡ ਵਿਚ ਫ਼ਾਂਸੀ ਦਿੱਤੀ ਜਾ ਚੁਕੀ ਸੀ ਤੇ 26 ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਮਾਰਿਆ ਜਾ ਚੁਕਾ ਸੀ।

22 ਨਵੰਬਰ

1664: ਗੁਰੂ ਤੇਗ਼ ਬਹਾਦਰ ਗੁਰੂ ਦਾ ਚੱਕ (ਅੰਮ੍ਰਿਤਸਰ) ਪੁੱਜੇ

ਗੁਰਗੱਦੀ ਸਭਾਲਣ ਮਗਰੋਂ ਗੁਰੂ ਤੇਗ਼ ਬਹਾਦਰ ਸਾਹਿਬ ਪਹਿਲਾਂ ਕੀਰਤਪੁਰ ਗਏ ਤੇ ਬੀਬੀ ਰੂਪ ਕੌਰ ਅਤੇ ਹੋਰ ਰਿਸ਼ਤੇਦਾਰਾਂ ਨੂੰ ਮਿਲਣ ਮਗਰੋਂ ਮਾਝਾ ਤੇ ਮਾਲਵਾ ਵਿਚ ਧਰਮ ਪਰਚਾਰ ਦੇ ਦੌਰੇ 'ਤੇ ਚਲ ਪਏ। ਇਸ ਸਮੇਂ ਭਾਈ ਮੱਖਣ ਸ਼ਾਹ ਲੁਬਾਣਾ, ਦੀਵਾਨ ਦਰਗਹ ਮੱਲ ਅਤੇ ਕੁਝ ਹੋਰ ਦਰਬਾਰੀ ਸਿੱਖ ਗੁਰੂ ਜੀ ਦੇ ਨਾਲ ਸਨ। ਆਪ ਸਭ ਤੋਂ ਪਹਿਲਾਂ 22 ਨਵੰਬਰ 1664 ਦੇ ਦਿਨ ਗੁਰੂ ਦਾ ਚੱਕ (ਹੁਣ ਅੰਮ੍ਰਿਤਸਰ) ਗਏ। ਗੁਰੂ ਦਾ ਚੱਕ ਵਿਚ ਹਰਜੀ (ਪੁਤਰ ਮਿਹਰਬਾਨ ਤੇ ਪੋਤਾ ਪ੍ਰਿਥੀ ਚੰਦ ਮੀਣਾ) ਅਤੇ ਉਸ ਦੇ ਪੁੱਤਰਾਂ ਨੇ ਆਪ ਜੀ ਨੂੰ 'ਜੀ ਆਇਆਂ' ਆਖਿਆ। ਗੁਰੂ ਸਾਹਿਬ ਨੇ ਦਰਬਾਰ ਸਾਹਿਬ ਦੇ ਮੁੱਖ ਗੇਟ 'ਤੇ, ਅਕਾਲ ਤਖਤ ਸਾਹਿਬ ਦੇ ਨੇੜੇ, ਇਕ ਟਿੱਬੇ 'ਤੇ ਦੀਵਾਨ ਸਜਾਇਆ (ਇਸ ਥਾਂ ਹੁਣ ਗੁਰਦੁਆਰਾ ਥੜਾ ਸਾਹਿਬ ਬਣਿਆ ਹੋਇਆ ਹੈ)। ਇਸ ਸਬੰਧੀ ਇਕ ਇੰਦਰਾਜ ਭੱਟ ਵਹੀਆਂ ਵਿਚ ਇੰਝ ਮਿਲਦਾ ਹੈ: *"ਗੁਰੂ ਤੇਗ਼ ਬਹਾਦਰ ਜੀ ਮਹਲ ਨਾਮਾਂ ਬੇਟਾ ਗੁਰੂ ਹਰਿਗੋਬਿੰਦ ਜੀ ਕਾ ਪੋਤਾ ਗੁਰੂ ਅਰਜਨ ਜੀ ਕਾ, ਸਾਲ ਸਤਰਾਂ ਸੈ ਇਕੀਸ ਮਘਸਰ ਕੀ ਪੂਰਨਿਮਾ ਕੇ ਦਿਹੁੰ ਗੁਰੂ ਕੇ ਚੱਕ ਮਲਹਾਨ ਪਰਗਨਾ ਅਜਨਾਲਾ ਆਏ। ਸਾਥ ਦਵਾਰਕਾ ਦਾਸ ਬੇਟਾ ਅਰਜਾਨੀ ਸਾਹਿਬ ਭੱਲਾ ਕਾ, ਦੀਵਾਨ ਦਰਘਾ ਮਲ ਬੇਟਾ ਦਵਾਰਕਾ ਦਾਸ ਛਿਬਰ ਕਾ, ਮਖਣ ਸ਼ਾਹ ਬੇਟਾ ਦਾਸੇ ਕਾ ਪੇਲੀਆ ਬਣਜਾਰਾ ਹੋਰ ਸਿੱਖ ਫਕੀਰ ਆਏ। ਗੁਰੂ ਜੀ ਨੇ ਦਰਬਾਰ ਕੇ ਆਗੇ ਇਕ ਉਚੇ ਚਬੂਤਰੇ ਤੇ ਆਸਨ ਲਾਇਆ। ਸਤਿਗੁਰੂ ਕਾ ਨਗਰੀ ਆਨਾ ਸੁਣ ਹਰਿ ਜੀ ਬੇਟਾ ਮਨੋਹਰ ਜੀ ਕਾ ਪੋਤਾ ਪ੍ਰਿਥੀ ਚੰਦ ਜੀ ਕਾ ਬੰਸ ਗੁਰੂ ਰਾਮਦਾਸ ਜੀ ਮਹਲ ਚੌਥੇ ਕੀ ਸੰਗਤ ਕੇ ਗੈਲ ਲੈ ਦਰਸ਼ਨ ਪਾਣੇ ਆਏ।"* (ਭੱਟ ਵਹੀ ਤੁਮਰ ਬਿੰਜਲਉਂਤੋਂ ਕੀ)।

ਆਪ ਇਕ ਰਾਤ ਇਥੇ ਰਹਿਣ ਮਗਰੋਂ ਵੱਲਾ ਪਿੰਡ ਵਲ ਚਲੇ ਗਏ। ਮਗਰੋਂ ਕਿਸੇ ਲੇਖਕ ਨੇ ਇਹ ਕਹਾਣੀ ਘੜ ਲਈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਗੁਰੂ ਦਾ ਚੱਕ ਆਏ ਤਾਂ ਧੀਰਮਲੀਆਂ ਨੇ ਦਰਵਾਜ਼ੇ ਬੰਦ ਕਰ ਲਏ। ਇਹ ਗੱਲ ਸਹੀ ਨਹੀਂ ਹੈ ਕਿਉਂਕਿ ਉਸ ਵੇਲੇ ਗੁਰੂ ਦਾ ਚੱਕ ਦੀ ਸੇਵਾ ਸੰਭਾਲ ਧੀਰ ਮੱਲ ਕੋਲ ਨਹੀਂ ਸੀ ਬਲਕਿ ਪ੍ਰਿਥੀ ਚੰਦ (ਮੀਣਾ) ਦੇ ਪੋਤੇ ਹਰਿ ਜੀ ਕੋਲ ਸੀ। ਇਹ ਲੇਖਕ ਧੀਰ ਮੱਲ ਦੀ ਬਕਾਲਾ ਵਿਚ ਕੀਤੀ ਸਾਜ਼ਿਸ਼ ਨੂੰ ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਵੀ ਸ਼ਾਮਿਲ ਕਰ ਦੇਂਦੇ ਹਨ। ਦੂਜਾ, ਦਰਵਾਜ਼ੇ ਬੰਦ ਕਰਨਾ ਵੀ ਸਹੀ ਨਹੀਂ ਹੈ। ਉਦੋਂ ਦਰਬਾਰ ਸਾਹਿਬ ਵਿਚ ਕਿਤੇ ਕੋਈ ਦਰਵਾਜ਼ਾ ਨਹੀਂ ਸੀ। ਹੋਰ ਤਾਂ ਹੋਰ ਦਰਬਾਰ ਸਾਹਿਬ ਦੀ ਪਰਕਰਮਾ ਵੀ ਬਹੁਤ ਬਾਅਦ ਵਿਚ (1830 ਤੋਂ ਮਗਰੋਂ) ਬਣੀ ਸੀ। ਤੀਜਾ, ਇਹ ਲੇਖਕ ਗੁਰੂ ਤੇਗ਼ ਬਹਾਦਰ ਸਾਹਿਬ ਵਲੋਂ ਗੁਰੂ ਦਾ ਚੱਕ ਦੇ ਲੋਕਾਂ ਨੂੰ 'ਅੰਬਰਸਰੀਏ ਅੰਦਰਸੜੀਏ' ਦਾ ਸਰਾਪ ਦੇਣ ਦਾ ਜ਼ਿਕਰ ਕਰਦੇ ਹਨ। ਦਿਲਚਸਪ ਗੱਲ ਇਹ ਹੈ ਕਿ ਗੁਰੂ ਸਾਹਿਬ ਦੇ ਵੇਲੇ ਤਾਂ ਕੀ ਇਸ ਤੋਂ ਇਕ ਸੌ ਸਾਲ ਮਗਰੋਂ ਵੀ ਗੁਰੂ ਦਾ ਚੱਕ ਦਾ ਨਾਂ ਅੰਮ੍ਰਿਤਸਰ ਨਹੀਂ ਸੀ ਬਣਿਆ। ਇਸ ਤੋਂ ਇਲਾਵਾ ਗੁਰੂ ਸਾਹਿਬ ਸਰਾਪ ਵੀ ਨਹੀਂ ਸਨ ਦੇ ਸਕਦੇ। ਇਹ ਵੀ ਦਿਲਚਸਪ ਹੈ ਕਿ ਇਹੋ ਜਿਹਾ ਪਰਚਾਰ ਕਰਨ ਵਾਲੇ ਲੇਖਕ ਮੁਤਾਬਿਕ "ਜਦ ਵੱਲੇ ਦੀਆਂ ਬੀਬੀਆਂ ਨੂੰ ਪਤਾ ਲਗਾ ਕਿ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਦਰਬਾਰ ਸਾਹਿਬ ਵਿਚ ਵੜਨ ਨਹੀਂ ਦਿਤਾ ਗਿਆ ਤਾਂ ਇਹ ਬੀਬੀਆਂ ਗੁਰੂ ਦਾ ਚੱਕ ਆਈਆਂ ਅਤੇ ਉਨ੍ਹਾਂ ਨੇ ਦਰਬਾਰ ਸਾਹਿਬ 'ਤੇ ਕਾਬਜ਼ ਟੋਲੇ ਨੂੰ ਲਾਅਨਤਾਂ ਪਾਈਆਂ। ਇਸ ਮਗਰੋਂ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਦਰਬਾਰ ਵਿਚ ਦਾਖ਼ਲ ਹੋਣ ਦਿਤਾ ਗਿਆ।" ਵਾਰੇ ਵਾਰੇ ਜਾਈਏ ਅਜਿਹੇ ਤਵਾਰੀਖ਼ ਲੇਖਕਾਂ ਅਤੇ ਜਿਓਗਰਾਫ਼ੀਏ ਦੇ ਮਾਹਿਰਾਂ ਤੋਂ। ਵੱਲਾ ਪਿੰਡ ਗੁਰੂ ਦਾ ਚੱਕ (ਅੰਮ੍ਰਿਤਸਰ) ਤੋਂ ਨੌਂ ਕਿਲੋਮੀਟਰ ਦੂਰ ਹੈ ਤੇ 1664 ਵਿਚ ਗੁਰੂ ਜੀ ਦਾ ਉੱਥੇ ਜਾਣਾ, ਮਾਈਆਂ ਨੂੰ ਹਾਲ ਦਸਣਾ (ਜਾਂ

ਪਤਾ ਲਗਣਾ), ਮਾਈਆਂ ਦਾ ਗੁਰੂ ਦਾ ਚੱਕ ਜਾਣਾ ਤੇ ਫਿਰ ਗੁਰੂ ਸਾਹਿਬ ਦਾ ਮੁੜ ਉੱਥੇ ਜਾਣਾ ਤੇ ਹਰਿਮੰਦਰ ਵਿਚ ਮੱਥਾ ਟੇਕਣਾ; ਇਹ ਸਾਰਾ ਕੁਝ ਅਜੀਬ ਤਵਾਰੀਖ਼ ਲੇਖਕ ਇਕੋ ਦਿਨ ਵਿਚ ਕਰਵਾ ਦੇਂਦੇ ਹਨ। ਸ਼ਾਇਦ ਬੀਬੀਆਂ ਨੂੰ ਮੋਬਾਈਲ 'ਤੇ ਖ਼ਬਰ ਮਿਲੀ ਹੋਵੇ ਤੇ ਉਨ੍ਹਾਂ ਕੋਲ ਹੈਲੀਕਾਪਟਰ ਵੀ ਹੋਵੇ? ਇਹੋ ਜਿਹੇ ਗਪੌੜੇ-ਹੈਲੀਕਾਪਟਰ ਮਹਾਂਭਾਰਤ ਤੇ ਰਾਮਾਇਣ ਨਾਵਲਾਂ ਵਿਚ ਵੀ ਦੱਸੇ ਹੋਏ ਹਨ। ਅਜਿਹਾ ਜਾਪਦਾ ਹੈ ਕਿ ਇਹ ਕਹਾਣੀ ਕਿਸੇ ਅਜਿਹੇ ਲੇਖਕ ਨੇ ਘੜੀ ਹੋਵੇਗੀ ਜਿਸ ਨੂੰ ਅੰਮ੍ਰਿਤਸਰ ਦੇ ਲੋਕਾਂ ਨੇ ਇਜ਼ਤ ਨਹੀਂ ਸੀ ਬਖ਼ਸ਼ੀ।

1848: ਰਾਮਨਗਰ/ਰਸੂਲ ਨਗਰ ਵਿਚ ਸਿੱਖਾਂ ਅਤੇ ਅੰਗਰੇਜ਼ਾਂ ਵਿਚਕਾਰ ਲੜਾਈ ਹੋਈ

1846 ਵਿਚ ਅੰਗਰੇਜ਼ਾਂ ਨੇ ਗ਼ਦਾਰਾਂ ਦੀ ਸਾਗ਼ਸ਼ ਸਦਕਾ ਸਿੱਖਾਂ ਨੂੰ ਹਰਾ ਦਿੱਤਾ ਅਤੇ ਅਸਿੱਧੇ ਤਰੀਕੇ ਨਾਲ ਲਾਹੌਰ 'ਤੇ ਤਕਰੀਬਨ ਕਬਜ਼ਾ ਹੀ ਕਰ ਲਿਆ ਸੀ। ਦਰਅਸਲ ਲਾਰਡ ਡਲਹੌਜ਼ੀ ਨੇ ਪੰਜਾਬ 'ਤੇ ਮੁਕੰਮਲ ਕਬਜ਼ਾ ਕਰਨ ਦਾ ਫ਼ੈਸਲਾ ਕਰ ਲਿਆ ਹੋਇਆ ਸੀ। ਉਸ ਨੇ ਇਨ੍ਹੀਂ ਦਿਨੀਂ ਆਪਣੇ ਇਕ ਨੋਟ ਵਿਚ ਲਿਖਿਆ ਸੀ ਕਿ 'ਜਦ ਤਕ ਫ਼ੌਜ ਵਿਚ ਸਿੱਖ ਕਾਇਮ ਹਨ ਤੇ ਸਿੱਖ ਅਫ਼ਸਰ ਅਹੁਦਿਆਂ 'ਤੇ ਤਾਇਨਾਤ ਹਨ, ਉਦੋਂ ਤਕ ਸਿੱਖਾਂ ਵੱਲੋਂ ਬਗ਼ਾਵਤ ਕਰਨ ਦੇ ਆਸਾਰ ਯਕੀਨਨ ਕਾਇਮ ਰਹਿਣਗੇ।' ਇਸ ਕਰ ਕੇ ਸਭ ਤੋਂ ਪਹਿਲਾਂ ਉਸ ਨੇ ਚਤਰ ਸਿੰਘ ਤੇ ਉਸ ਦੇ ਪੁੱਤਰ ਸ਼ੇਰ ਸਿੰਘ ਅਟਾਰੀਵਾਲਾ ਨੂੰ ਹਟਾਉਣ ਦੀਆਂ ਤਰਕੀਬਾਂ ਸ਼ੁਰੂ ਕਰ ਦਿੱਤੀਆਂ। ਚਤਰ ਸਿੰਘ ਦੀ ਧੀ ਦੀ ਮਗਣੀ ਮਹਾਰਾਜਾ ਦਲੀਪ ਨਾਲ ਹੋਈ ਹੋਈ ਸੀ। ਜਦ ਅੰਗਰੇਜ਼ਾਂ ਨੇ ਅਟਾਰੀਵਾਲਿਆਂ 'ਤੇ ਵਾਰ ਕੀਤਾ ਤਾਂ ਉਨ੍ਹਾਂ (ਅਟਾਰੀਵਾਲਿਆਂ) ਨੇ ਵੀ ਜੰਗ ਕਰਨ ਦਾ ਫ਼ੈਸਲਾ ਕਰ ਲਿਆ। ਅਟਾਰੀਵਾਲਿਆਂ ਅਤੇ ਅੰਗਰੇਜ਼ਾਂ ਵਿਚਕਾਰ ਜੰਗ ਦੀਆਂ ਤਿਆਰੀਆਂ ਦਾ ਮਾਹੌਲ ਤਕਰੀਬਨ ਦੋ ਮਹੀਨੇ ਚਲਦਾ ਰਿਹਾ। ਦੋਹਾਂ ਧਿਰਾਂ ਵਿਚ ਪਹਿਲੀ ਲੜਾਈ **22 ਨਵੰਬਰ 1848 ਦੇ ਦਿਨ ਰਾਮਨਗਰ ਵਿਚ ਹੋਈ**। ਅੰਗਰੇਜ਼ੀ ਫ਼ੌਜ ਦੀ ਕਮਾਂਡ ਜਨਰਲ ਗੱਫ਼ ਕੋਲ ਸੀ। ਭਾਵੇਂ ਇਹ ਲੜਾਈ ਬਿਨਾਂ ਕਿਸੇ ਫ਼ੈਸਲੇ ਦੇ ਖ਼ਤਮ ਹੋ ਗਈ ਪਰ ਇਸ ਲੜਾਈ ਵਿਚ ਦੋਹਾਂ ਧਿਰਾਂ ਦਾ ਕਾਫ਼ੀ ਨੁਕਸਾਨ ਹੋਇਆ। ਅੰਗਰੇਜ਼ਾਂ ਦੇ ਸੈਂਕੜੇ ਫ਼ੌਜੀਆਂ ਤੋਂ ਇਲਾਵਾ ਉਨ੍ਹਾਂ ਦੇ ਬਰਗੇਡੀਅਰ ਜਨਰਲ ਕਿਊਰਟਨ ਅਤੇ ਲੈਫ਼ਟੀਨੈਂਟ ਕਰਨਲ ਹੈਵਲਾਕ ਵੀ ਮਾਰੇ ਗਏ। ਏਨਾ ਨੁਕਸਾਨ ਕਰਵਾਉਣ ਤੋਂ ਬਾਅਦ ਅੰਗਰੇਜ਼ ਕਈ ਹਫ਼ਤੇ ਸਹਿਮੇ ਰਹੇ ਅਤੇ ਅਗਲਾ ਪੈਂਤੜਾ ਸੋਚਦੇ, ਪਰ ਉਪਰਲੇ ਅਫ਼ਸਰਾਂ ਦਾ ਹੁਕਮ ਉਡੀਕਦੇ, ਰਹੇ।

1949: ਸੰਨ 1947 ਤੋਂ ਮਗਰੋਂ ਨਾਨਕਾਣਾ ਸਾਹਿਬ ਦੀ ਯਾਤਰਾ ਪਹਿਲੀ ਵਾਰ ਸ਼ੁਰੂ ਹੋਈ

1947 ਵਿਚ ਪਾਕਿਸਤਾਨ ਬਣਨ ਮਗਰੋਂ ਸਿੱਖਾਂ ਨੂੰ ਪੱਛਮੀ ਪੰਜਾਬ ਛੱਡਣਾ ਪਿਆ।ਨਾਨਕਾਣਾ ਸਾਹਿਬ ਕਿਉਂ ਕਿ ਉਧਰ ਸੀ ਇਸ ਕਰ ਕੇ ਸਿੱਖ ਉਥੇ ਜਾ ਨਹੀਂ ਸਕਦੇ ਸਨ। ਅਖ਼ੀਰ ਜਦ ਸਿਆਸੀ ਹਾਲਤ ਨਾਰਮਲ ਜਿਹੇ ਹੋ ਗਏ ਤਾਂ ਸਿੱਖਾਂ ਨੂੰ ਪਾਕਿਸਤਾਨ ਜਾਣ ਦੀ ਖੁਲ੍ਹ ਮਿਲਣ ਲਗ ਪਈ। 22 ਨਵੰਬਰ 1949 ਦੇ ਦਿਨ ਪਹਿਲਾ ਜਥਾ ਗੁਰੂ ਨਾਨਕ ਸਾਹਿਬ ਦਾ ਪੁਰਬ ਮਨਾਉਣ ਵਾਸਤੇ ਉਥੇ ਗਿਆ।

1967: ਸਿੱਖ ਆਗੂ ਮਾਸਟਰ ਤਾਰਾ ਸਿੰਘ ਚੜ੍ਹਾਈ ਕਰ ਗਏ

ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਸਿੱਖਾਂ ਵਿਚ ਸਭ ਤੋਂ ਵਧ ਨਾਂ ਕਮਾਉਣ ਵਾਲੇ **ਮਾਸਟਰ ਤਾਰਾ ਸਿੰਘ ਦੀ ਮੌਤ 22 ਨਵੰਬਰ 1967 ਦੇ ਦਿਨ ਹੋਈ**। ਮਾਸਟਰ ਤਾਰਾ ਸਿੰਘ ਦਾ ਜਨਮ 24 ਜੂਨ 1885 ਦੇ ਦਿਨ ਬਖ਼ਸ਼ੀ ਗੋਪੀ ਚੰਦ ਮਲਹੋਤਰਾ ਦੇ ਘਰ ਪਿੰਡ ਹਰਿਆਲ ਰਾਵਲਪਿੰਡੀ ਵਿਚ ਹੋਇਆ। ਸਕੂਲ ਦੀ ਪੜ੍ਹਾਈ ਦੇ ਦੌਰਾਨ ਹੀ ਉਸ ਨੇ ਖੰਡੇ ਦੀ ਪਾਹੁਲ ਲੈ

ਲਈ ਤੇ ਨਾਨਕ ਚੰਦ ਤੋਂ ਤਾਰਾ ਸਿੰਘ ਬਣ ਗਿਆ। ਕਾਲਸ ਦਾਖਲ ਹੋਣ ਵੇਲੇ ਤਕ ਉਸ ਦੀ ਸ਼ਖ਼ਸੀਅਤ ਵਿਚ ਇਕ ਆਗੂ ਜਨਮ ਲੈ ਚੁਕਾ ਸੀ। ਅੰਗਰੇਜ਼ੀ ਹਕੂਮਤ ਦੌਰਾਨ ਪੰਝਾਬ ਵਿਚ ਹੋਈ ਪਹਿਲੀ ਸਿਆਸੀ ਐਜੀਟੇਸ਼ਨ (1907) ਵਿਚ ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਵੱਲੋਂ ਪਾਏ ਗਏ ਹਿੱਸੇ ਦੀ ਉਸ ਨੇ ਹੀ ਅਗਵਾਈ ਕੀਤੀ ਸੀ। ਇਸ ਤੋਂ ਅਗਲੇ ਸਾਲ ਹੀ ਉਹ ਲਾਇਲਪੁਰ (ਹੁਣ ਫ਼ੈਸਲਾਬਾਦ) ਵਿਚ ਖਾਲਸਾ ਸਕੂਲ ਦਾ ਹੈੱਡਮਾਸਟਰ ਬਣ ਗਿਆ ਤੇ ਸਿਰਫ਼ 15 ਰੁਪੈ ਮਹੀਨਾ ਤਨਖ਼ਾਹ 'ਤੇ ਕੰਮ ਕਰਨਾ ਮਨਜ਼ੂਰ ਕੀਤਾ। ਇੱਥੋਂ ਹੀ ਉਸ ਨੇ 'ਸੱਚਾ ਢੰਡੋਰਾ' ਅਤੇ ਫਿਰ 'ਪ੍ਰਦੇਸੀ ਖਾਲਸਾ' ਨਾਂ ਦੀਆਂ ਅਖ਼ਬਾਰਾਂ ਕੱਢਣੀਆਂ ਸ਼ੁਰੂ ਕੀਤੀਆਂ। 1920 ਵਿਚ ਜਦ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ ਤਾਂ ਮਾਸਟਰ ਤਾਰਾ ਸਿੰਘ ਦਾ ਉਸ ਵਿਚ ਵੱਡਾ ਰੋਲ ਸੀ। ਉਹ ਸ਼ਰੋਮਣੀ ਕਮੇਟੀ ਦਾ ਪਹਿਲਾ ਸਕੱਤਰ ਵੀ ਸੀ (ਤੇ ਮਗਰੋਂ ਕਈ ਸਾਲ ਪ੍ਰਧਾਨ ਵੀ ਰਿਹਾ)। ਉਸ ਦੀ ਪਹਿਲੀ ਗ੍ਰਿਫ਼ਤਾਰੀ 'ਚਾਬੀਆਂ ਦਾ ਮੋਰਚਾ' (ਨਵੰਬਰ 1921) ਵਿਚ ਹੋਈ ਸੀ। ਇਸ ਮਗਰੋਂ ਤਕਰੀਬਨ ਹਰ ਮੋਰਚੇ ਵਿਚ ਉਹ ਜੇਲ੍ਹ ਗਿਆ ਤੇ ਕਈ ਸਾਲ ਜੇਲ੍ਹਾਂ ਵਿਚ ਕੱਟੇ। ਮਾਸਟਰ ਤਾਰਾ ਸਿੰਘ ਸ਼ਰੋਮਣੀ ਅਕਾਲੀ ਦਲ ਤੇ ਸਿੱਖ ਲੀਗ ਦੇ ਵੀ ਪ੍ਰਧਾਨ ਰਹੇ। ਉਨ੍ਹਾਂ ਨੇ ਨਹਿਰੂ ਰਿਪੋਰਟ (1928) ਦੇ ਖ਼ਿਲਾਫ਼ ਕੌਮ ਨੂੰ ਅਗਵਾਈ ਦਿੱਤੀ। ਫ਼ਿਰਕੂ ਫ਼ੈਸਲੇ (1932) ਦੇ ਖ਼ਿਲਾਫ਼ ਉਨ੍ਹਾਂ ਨੇ 'ਜਹਾਦ' ਖੜ੍ਹਾ ਕੀਤਾ। 1932 ਤੋਂ 1947 ਤਕ ਉਸ ਨੇ ਸਿੱਖ ਹੱਕਾਂ ਵਾਸਤੇ ਲਾਸਾਨੀ ਰੋਲ ਅਦਾ ਕੀਤਾ। 'ਆਜ਼ਾਦ ਪੰਜਾਬ' ਉਸ ਦੀ ਵਧੀਆ ਸਕੀਮ ਸੀ ਜੋ ਈਰਖਾਲੂ ਆਗੂਆਂ ਦੇ ਵਿਰੋਧ ਕਾਰਨ ਸਿਰੇ ਨਾ ਚੜ੍ਹ ਸਕੀ। 1940 ਤੋਂ ਮਗਰੋਂ ਉਸ ਨੇ ਖਾਲਿਸਤਾਨ ਦਾ ਨਾਅਰਾ ਲਾਇਆ ਪਰ 'ਜੇ ਪਾਕਿਸਤਾਨ ਬਣੇ ਤਾਂ ਖਾਲਿਸਤਾਨ ਵੀ ਬਣੇ' ਦਾ 'ਨਫ਼ੀ' ਦਾ ਨਾਅਰਾ ਯਕੀਨਨ ਨਾਕਾਮਯਾਬ ਹੋਣਾ ਹੀ ਸੀ। 1947 ਵਿਚ ਘਬਰਾ ਕੇ ਤੇ ਡਰ ਕੇ ਉਸ ਨੇ ਸਿੱਖਾਂ ਨੂੰ ਭਾਰਤ ਦਾ ਹਿੱਸਾ ਬਣਾਉਣਾ ਮਨਜ਼ੂਰ ਕੀਤਾ। ਇਹ ਗ਼ਲਤ ਹੈ ਕਿ ਅੰਗਰੇਜ਼ ਖਾਲਿਸਤਾਨ ਦੇਂਦੇ ਸਨ ਪਰ ਬਲਦੇਵ ਸਿੰਘ ਜਾਂ ਤਾਰਾ ਸਿੰਘ ਨੇ ਲੈਣ ਤੋਂ ਨਾਂਹ ਕੀਤੀ। ਹਾਂ ਇਹ ਜ਼ਰੂਰ ਸਹੀ ਹੈ ਕਿ ਮਾਸਟਰ ਤਾਰਾ ਸਿੰਘ ਤੇ ਬਾਕੀ ਆਗੂ ਅੰਗਰੇਜ਼ਾ ਦੇ ਧੱਕੇ ਤੋਂ ਘਬਰਾ ਗਏ ਤੇ ਬੌਂਦਲੇ ਹੋਇਆਂ ਨੇ ਪਾਕਿਸਤਾਨ ਵਿਚ ਜਾਣ ਤੋਂ ਬਚਣ ਲਈ ਭਾਰਤ ਵਿਚ ਸ਼ਾਮਿਲ ਹੋਣਾ ਮੰਨ ਲਿਆ। 1947 ਤੋਂ ਮਗਰੋਂ ਮਾਸਟਰ ਤਾਰਾ ਸਿੰਘ ਨੇ ਸਿੱਖਾਂ ਦੇ ਹੱਕਾਂ ਵਾਸਤੇ ਵੱਡੀ ਜੱਦੋਜਹਿਦ ਕੀਤੀ। ਜਦ ਸਾਰੇ ਸਾਥੀ ਵਜ਼ੀਰੀਆਂ ਅਤੇ ਤਾਕਤ ਵਾਸਤੇ ਕਾਂਗਰਸ ਦੀ ਝੋਲੀ ਪੈ ਕੇ ਪੰਥ ਨਾਲ ਗ਼ਦਾਰੀ ਕਰਨ ਵਾਸਤੇ ਤਿਆਰ ਹੋ ਗਏ ਤਾਂ ਉਹ ਇੱਕਲਾ ਹੀ ਚੰਦ ਕੁ ਸਾਥੀਆਂ ਸਣੇ ਡੱਟਿਆ ਰਿਹਾ। ਉਸ ਨੇ ਪੰਜਾਬੀ ਸੂਬੇ ਵਾਸਤੇ ਜੇਲ੍ਹ ਕੱਟੀ। 1947 ਤੋਂ ਮਗਰੋਂ ਉਹ ਦਰਜਨ ਤੋਂ ਵਧ ਵਾਰ ਜੇਲ੍ਹ ਗਿਆ। ਉਸ ਨੇ ਪੰਜਾਬੀ ਸੂਬੇ ਵਾਸਤੇ ਮਰਨ ਵਰਤ ਰੱਖਿਆ। ਉਸ ਨੇ ਸਿੱਖ ਹੋਮਲੈਂਡ ਦਾ ਨਾਅਰਾ ਲਾਇਆ ਤੇ ਸਿੱਖਾਂ ਦੇ ਹੱਕਾਂ ਵਾਸਤੇ ਜੱਦੋਜਹਿਦ ਕੀਤੀ।

ਮਾਸਟਰ ਤਾਰਾ ਸਿੰਘ ਇਕ ਇੰਸਟੀਚਿਊਸ਼ਨ ਸੀ। ਉਸ ਨੇ ਸੈਂਕੜੇ ਨੌਜਵਾਨਾਂ ਨੂੰ ਪੰਥ ਦੀ ਅਗਵਾਈ ਵਾਸਤੇ ਤਿਆਰ ਕੀਤਾ। ਹੁਕਮ ਸਿੰਘ, ਪ੍ਰਤਾਪ ਸਿੰਘ ਕੈਰੋਂ, ਗਿਆਨੀ ਕਰਤਾਰ ਸਿੰਘ, ਗਿਆਨ ਸਿੰਘ ਰਾੜੇਵਾਲਾ, ਅਜੀਤ ਸਿੰਘ ਸਰਹੱਦੀ, ਬਲਦੇਵ ਸਿੰਘ, ਗੁਰਮੁਖ ਸਿੰਘ ਮੁਸਾਫ਼ਿਰ, ਬੂਟਾ ਸਿੰਘ, ਗੁਰਮੀਤ ਸਿੰਘ ਮੁਕਤਸਰ, ਉਮਰਾਓ ਸਿੰਘ ਜਲੰਧਰ, ਜਸਟਿਸ ਗੁਰਨਾਮ ਸਿੰਘ, ਪ੍ਰਕਾਸ਼ ਸਿੰਘ ਬਾਦਲ ਸਾਰੇ ਉਸੇ ਦੇ ਬਣਾਏ ਹੋਏ ਆਗੂ ਸਨ ਪਰ ਸਾਰੇ ਹੀ ਇਕ-ਇਕ ਕਰ ਕੇ ਉਸ ਨੂੰ ਛੱਡ ਕੇ ਕੁਰਸੀਆਂ ਤੇ ਹੋਰ ਲਾਲਚਾਂ ਪਿੱਛੇ ਪੰਥ ਨੂੰ ਪਿੱਠ ਦਿਖਾ ਕੇ ਕਾਂਗਰਸ ਦੀ ਝੋਲੀ ਪੈ ਕੇ ਪੰਥ ਨਾਲ ਗ਼ਦਾਰੀ ਕਰਨ ਵਾਸਤੇ ਵੀ ਪੇਸ਼-ਪੇਸ਼ ਹੋਇਆ ਕਰਦੇ ਸਨ। ਪਰ ਆਫ਼ਰੀਨ ਸੀ ਉਹ ਸ਼ਖ਼ਸ ਜੋ ਵਾਰ-ਵਾਰ ਇਕੱਲਾ ਹੋਣ ਦੇ ਬਾਵਜੂਦ ਵੀ ਡੱਟ ਕੇ ਖੜ੍ਹਾ ਹੋ ਜਾਂਦਾ ਸੀ ਤੇ ਸਾਰੀ ਕੌਮ ਫਿਰ ਉਸ ਦੇ ਨਾਲ ਹੋ ਜਾਇਆ ਕਰਦੀ ਸੀ। ਇਹ ਵੀ

ਕਮਾਲ ਹੈ ਕਿ 1957-58 ਵਿਚ ਜਦ ਸਾਰੇ ਉਸ ਨੂੰ ਛੱਡ ਹਏ ਤਾਂ ਉਸ ਨੇ 1960 ਦੀਆਂ ਸ਼ਰੋਮਣੀ ਕਮੇਟੀ ਚੋਣਾਂ ਵਿਚ 140 ਵਿਚੋਂ 136 ਸੀਟਾਂ ਜਿੱਤ ਕੇ ਦੁਨੀਆਂ ਭਰ ਵਿਚ ਇਕ ਰਿਕਾਰਡ ਕਾਇਮ ਕੀਤਾ ਜੋ ਅਜ ਤਕ ਕਿਸੇ ਦੇਸ਼ ਵਿਚ, ਕਿਸੇ ਪਾਰਟੀ ਨੇ ਵੀ ਕਿਸੇ ਵੀ ਚੋਣ ਵਿਚ ਤੋੜਨਾ ਤਾਂ ਕੀ ਬਰਾਬਰ ਵੀ ਨਹੀਂ ਕੀਤਾ। ਇਕ ਇਹ ਵੀ ਕਮਾਲ ਹੈ ਕਿ ਬਹੁਤ ਸਾਰੇ ਵਰਕਰ ਮਾਸਟਰ ਤਾਰਾ ਸਿੰਘ ਦੇ ਹਮੇਸ਼ਾ ਵਫ਼ਾਦਾਰ ਰਹੇ। ਇਨ੍ਹਾਂ ਵਿਚ ਲੁਧਿਆਣਾ ਦੇ ਸੰਤ ਸਿੰਘ ਗੁਜਰਖਾਨੀ, ਰਾਮ ਨਾਰਾਇਣ ਸਿੰਘ ਦਰਦੀ, ਠੇਕੇਦਾਰ ਸੁਰਜਨ ਸਿੰਘ, ਕ੍ਰਿਪਾਲ ਸਿੰਘ ਭਿੱਖੀ; ਜਲੰਧਰ ਦੇ ਗਿਆਨੀ ਗੁਰਬਖ਼ਸ਼ ਸਿੰਘ, ਗੁਰਬਚਨ ਸਿੰਘ ਗ਼ਰੀਬ, ਕਲਿਆਣ ਸਿੰਘ ਨਿਧੜਕ, ਜੀਵਨ ਸਿੰਘ ਦੁੱਗਲ; ਪਟਿਆਲਾ ਦੇ ਸਰਦਾਰਾ ਸਿੰਘ ਕੋਹਲੀ, ਅੰਮ੍ਰਿਤਸਰ ਦੇ ਅਵਤਾਰ ਸਿੰਘ ਛਤੀਰੀਆਂ ਵਾਲੇ, ਭਾਗ ਸਿੰਘ ਅਣਖੀ, ਪੂਰਨ ਸਿੰਘ ਜੋਸ਼, ਰਛਪਾਲ ਸਿੰਘ ਬੇਦੀ ਤੋਂ ਇਲਾਵਾ ਗੁਰਬਖ਼ਸ਼ ਸਿੰਘ ਐਡਵੋਕੇਟ ਗੁਰਦਾਸਪੁਰ, ਜੋਗਿੰਦਰ ਸਿੰਘ ਰੇਖੀ ਵਕੀਲ, ਚੌਧਰੀ ਕਰਤਾਰ ਸਿੰਹ ਹੁਸ਼ਿਆਰਪੁਰ ਵੀ ਸ਼ਾਮਿਲ ਸਨ।

ਮਾਸਟਰ ਤਾਰਾ ਸਿੰਘ 1909 ਵਿਚ ਸਿਆਸਤ ਵਿਚ ਆਇਆ ਸੀ ਅਤੇ 1967 ਵਿਚ ਉਸ ਨੇ ਚੜ੍ਹਾਈ ਕੀਤੀ। ਇਸ 58 ਸਾਲ ਵਿਚੋਂ 40 ਸਾਲ ਉਹ ਸਿੱਖ ਕੌਮ ਦਾ 'ਵਾਹਿਦ' ਆਗੂ ਬਣਿਆ ਰਿਹਾ। ਮਾਸਟਰ ਤਾਰਾ ਸਿੰਘ ਉਹ ਸ਼ਖ਼ਸ ਸੀ ਜਿਸ ਦੇ ਬੋਲ ਲੰਡਨ (ਅੰਗਰੇਜ਼ ਹਕੂਮਤ) ਅਤੇ ਦਿੱਲੀ (ਹਿੰਦੂ ਹਕੂਮਤ) ਦੇ ਤਖ਼ਤ ਨੂੰ ਹਿਲਾ ਦੇਂਦੇ ਸਨ। ਪੰਜਾਬ ਦੀ ਤੇ ਸਿੱਖਾਂ ਦੀ 1926 ਤੋਂ 1966 ਤਕ ਦੀ ਤਵਾਰੀਖ਼ ਦਰਅਸਲ ਮਾਸਟਰ ਤਾਰਾ ਸਿੰਘ ਦੀ ਜੀਵਨ ਕਹਾਣੀ ਹੀ ਹੈ। ਮਾਸਟਰ ਤਾਰਾ ਸਿੰਘ ਪੰਥ ਦਾ ਵਫ਼ਾਦਾਰ ਸਿਪਾਹੀ ਸੀ; ਉਹ ਇਕ ਅਣਥੱਕ ਜਰਨੈਲ ਸੀ; ਉਹ ਇਕ ਮਹਾਨ ਸਟੇਟਸਮੈਨ ਸੀ। ਇਸ ਸਾਰੇ ਦੇ ਨਾਲ-ਨਾਲ ਉਹ ਇਕ ਲੇਖਕ ਵੀ ਸੀ। ਉਸ ਨੇ ਦੋ ਨਾਵਲ 'ਪ੍ਰੇਮ ਲਗਨ' ਅਤੇ 'ਬਾਬਾ ਤੇਗ਼ਾ ਸਿੰਘ' ਲਿਖੇ ਸਨ। ਉਸ ਦੀਆਂ ਲੇਖਾਂ ਦੀਆਂ ਕਿਤਾਬਾਂ 'ਕਿਉ ਵਰਣੀ ਕਿਵ ਜਾਣਾ' 'ਪਿਰਮ ਪਿਆਲਾ' ਵਗ਼ੈਰਾ ਅੱਜ ਵੀ ਓਨੀ ਹੀ ਕੀਮਤ ਰਖਦੀਆਂ ਹਨ ਜਿੰਨੀਆਂ 50 ਸਾਲ ਪਹਿਲਾਂ। ਉਸ ਨੇ 'ਗ੍ਰਹਿਸਤ ਧਰਮ ਸਿਖਿਆ' ਕਿਤਾਬ ਲਿਖ ਕੇ ਪਤੀ-ਪਤਨੀ ਦੇ ਰਿਸ਼ਤੇ ਦੀ ਗੰਢ ਨੂੰ ਪੀਡਿਆਂ ਕਰਨ ਦੇ ਗੁਰ ਸਮਝਾਏ; ਉਸ ਨੇ ਆਪਣੀ ਜੀਵਨੀ 'ਮੇਰੀ ਯਾਦ' ਵੀ ਲਿਖੀ ਸੀ; ਉਸ ਨੇ ਇਕ ਸਫ਼ਰਨਾਮਾ ਵੀ ਲਿਖਿਆ ਸੀ; ਉਸ ਨੇ ਦਰਜਨਾਂ ਟ੍ਰੈਕਟ ਤੇ ਸੈਂਕੜੇ ਲੇਖ ਵੀ ਲਿਖੇ।

ਤਵਾਰੀਖ਼ ਨੇ ਅਤੇ ਕੁਝ ਸਿੱਖ ਆਗੂਆਂ ਨੇ ਮਾਸਟਰ ਤਾਰਾ ਸਿੰਘ ਨਾਲ ਇਨਸਾਫ਼ ਨਹੀਂ ਕੀਤਾ। ਇਹ ਠੀਕ ਹੈ ਕਿ ਕੁਝ ਸਿੱਖ ਆਗੂਆਂ ਦੀਆਂ ਕੋਸ਼ਿਸ਼ਾਂ ਨਾਲ ਮਾਸਟਰ ਤਾਰਾ ਸਿੰਘ ਦਾ ਬੁੱਤ ਦਿੱਲੀ ਵਿਚ ਰਕਾਬ ਗੰਜ ਗੁਰਦੁਆਰਾ ਦੇ ਬਾਹਰ ਅਤੇ ਉਨ੍ਹਾਂ ਦੀ ਤਸਵੀਰ ਪਾਰਲੀਮੈਂਟ ਹਾਲ ਵਿਚ ਲੱਗੀਆਂ ਹੋਈਆਂ ਹਨ ਪਰ ਉਸ ਵਰਗੀ ਦੇਣ ਦੇਣ ਵਾਲੇ ਵਾਸਤੇ ਏਨਾ ਕੁਝ ਤੁੱਛ ਹੈ। ਮਾਸਟਰ ਤਾਰਾ ਸਿੰਘ ਦੇ ਨਾਂ 'ਤੇ ਇਕ ਯੂਨੀਵਰਸਿਟੀ ਬਣਾਈ ਜਾਣੀ ਚਾਹੀਦੀ ਹੈ, ਉਸ ਦੇ ਨਾਂ 'ਤੇ ਇਕ ਹਵਾਈ ਅੱਡੇ ਦਾ ਨਾਂ ਰੱਖਿਆ ਜਾਣਾ ਚਾਹੀਦਾ ਹੈ। ਪਾਕਿਸਤਾਨ ਦੀ ਸਰਹੱਦ 'ਤੇ ਮਾਸਟਰ ਤਾਰਾ ਸਿੰਘ ਦਾ ਬੁੱਤ ਲਾਇਆ ਜਾਣਾ ਚਾਹੀਦਾ ਹੈ ਤਾਂ ਜੋ ਇਸ ਮੁਲਕ ਵਿਚ ਆਉਣ ਵਾਲੇ ਨੂੰ ਤਾ ਲੱਗੇ ਕਿ ਇਹ ਸਰਹੱਦ ਸਤਲੁਜ ਤਕ ਬਣਨ ਦੀ ਥਾਂ 'ਤੇ ਵਾਹਗੇ ਤਕ ਕਿਸ ਨੇ ਬਣਵਾਈ ਸੀ।

1987: ਸੁਖਬੀਰ ਸਿੰਘ ਸੁੱਖਾ ਤੇ ਰਤਨ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

22 ਨਵੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਸੁਖਬੀਰ ਸਿੰਘ ਉਰਫ਼ ਸੁੱਖਾ ਉਰਫ਼ ਅਮਲੀ (ਰਸੂਲਪੁਰ ਕਲਾਂ, ਅੰਮ੍ਰਿਤਸਰ) ਤੇ ਰਤਨ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1989: ਹਰਦੀਪ ਸਿੰਘ ਅਕਾਲੀਆਂ ਵਾਲਾ, ਗੁਰਮੇਲ ਸਿੰਘ ਚੋਹਲਿਆਂ ਤੇ ਜਗਜੀਤ ਸਿੰਘ ਫ਼ੌਜੀ ਸੁਰ ਸਿੰਘ ਵਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

22 ਨਵੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਹਰਦੀਪ ਸਿੰਘ (ਵਾਸੀ ਅਕਾਲੀਆਂ ਵਾਲਾ, ਫ਼ੀਰੋਜ਼ਪੁਰ), ਗੁਰਮੇਲ ਸਿੰਘ ਚੋਹਲਿਆਂ, ਜਗਜੀਤ ਸਿੰਘ ਫ਼ੌਜੀ (ਵਾਸੀ ਸੁਰ ਸਿੰਘ ਵਾਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। (ਇਕ ਸੋਮੇ ਵਿਚ ਇਸ ਦੀ ਤਾਰੀਖ਼ 9 ਦਸੰਬਰ 89 ਲਿਖੀ ਹੋਈ ਵੀ ਮਿਲਦੀ ਹੈ)।

1990: ਗੁਰਮੀਤ ਸਿੰਘ ਬਿੱਲਾ ਬੋਪਾ ਰਾਏ ਕਲਾਂ, ਜਸਬੀਰ ਸਿੰਘ ਪੀਰ ਮੁਹੰਮਦ, ਹੰਸਪਾਲ ਸਿੰਘ ਬੱਬੀ ਰਾਜੋਆਣਾ ਖੁਰਦ, ਪਰਮਜੀਤ ਸਿੰਘ ਪੰਮਾ ਘਸੀਟਪੁਰਾ, ਬਬਲਾ ਸਿੰਘ ਰੰਘੜ ਨੰਗਲ, ਅੰਗਰੇਜ ਸਿੰਘ ਫ਼ੌਜੀ ਵੜ੍ਹਾ ਪਹੂ ਵੰਡੀਆਂ, ਜਗਤਾਰ ਸਿੰਘ ਸੋਨੂ ਮਨਿਆਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

22 ਨਵੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਗੁਰਮੀਤ ਸਿੰਘ ਬਿੱਲਾ (ਵਾਸੀ ਬੋਪਾ ਰਾਏ ਕਲਾਂ), ਜਸਬੀਰ ਸਿੰਘ ਜਲੰਧਰੀ (ਵਾਸੀ ਪੀਰ ਮੁਹੰਮਦ), ਹੰਸਪਾਲ ਸਿੰਘ ਬੱਬੀ (ਵਾਸੀ ਰਾਜੋਆਣਾ ਖੁਰਦ, ਲੁਧਿਆਣਾ), ਪਰਮਜੀਤ ਸਿੰਘ ਪੰਮਾ (ਵਾਸੀ ਘਸੀਟਪੁਰਾ, ਗੁਰਦਾਸਪੁਰ), ਬਬਲਾ ਸਿੰਘ ਬੀ.ਏ (ਵਾਸੀ ਰੰਘੜ ਨੰਗਲ), ਅੰਗਰੇਜ ਸਿੰਘ ਫ਼ੌਜੀ (ਵਾਸੀ ਵੜ੍ਹਾ ਪਹੂ ਵੰਡੀਆਂ), ਜਗਤਾਰ ਸਿੰਘ ਸੋਨੂ (ਵਾਸੀ ਮਨਿਆਲਾ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1992: ਬਿੱਕਰ ਸਿੰਘ ਗੁਸਾਨ ਤੇ ਧੰਨਾ ਸਿੰਘ ਘੁਮਾਣ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ

22 ਨਵੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਬਿੱਕਰ ਸਿੰਘ (ਪੁੱਤਰ ਜਗਰੂਪ ਸਿੰਘ, ਵਾਸੀ ਗੁਸਾਨ, ਜ਼ਿਲ੍ਹਾ ਸੰਗਰੂਰ) ਤੇ ਧੰਨਾ ਸਿੰਘ (ਪੁੱਤਰ ਮਿਹਰ ਸਿੰਘ, ਵਾਸੀ ਘੁਮਾਣ, ਜ਼ਿਲ੍ਹਾ ਸੰਗਰੂਰ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

1993: ਦਲਵੀਰ ਸਿੰਘ ਧਾਂਦਰਾ ਨਕਲੀ ਮੁਕਾਬਲੇ ਵਿਚ ਸ਼ਹੀਦ

22 ਨਵੰਬਰ 1993 ਦੇ ਦਿਨ ਪੰਜਾਬ ਪੁਲਸ ਨੇ ਦਲਵੀਰ ਸਿੰਘ (ਪੁੱਤਰ ਬਲਵੰਤ ਸਿੰਘ, ਵਾਸੀ ਧਾਂਦਰਾ, ਜ਼ਿਲ੍ਹਾ ਸੰਗਰੂਰ) ਨੂੰ ਇਕ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

23 ਨਵੰਬਰ

1938: ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਚੜ੍ਹਾਈ ਕਰ ਗਏ

ਪੰਥ ਰਤਨ ਭਾਈ ਕਾਨ੍ਹ ਸਿੰਘ ਨਾਭਾ 23 ਨਵੰਬਰ 1938 ਦੇ ਦਿਨ ਚੜ੍ਹਾਈ ਕਰ ਗਏ। ਆਪ ਦਾ ਜਨਮ 30 ਅਗਸਤ 1861 ਦੇ ਦਿਨ ਭਾਈ ਨਰੈਣ ਸਿੰਘ ਢਿੱਲੋਂ ਦੇ ਘਰ ਪਿੰਡ ਸਬਜ਼ ਬਨੇਰਾ (ਜ਼ਿਲ੍ਹਾ ਪਟਿਆਲਾ) ਵਿਚ ਹੋਇਆ ਸੀ। ਆਪ ਨੇ ਬਚਪਣ ਤੇ ਜਵਾਨੀ ਵਿਚ ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ, ਖ਼ਾਸ ਕਰ ਕੇ ਗੁਰਬਾਣੀ, ਸਿੱਖ ਤਵਾਰੀਖ਼ ਅਤੇ ਫ਼ਿਲਾਸਫ਼ੀ ਦਾ ਬਹੁਤ ਗਿਆਨ ਹਾਸਿਲ ਕੀਤਾ। 1883 ਵਿਚ ਆਪ ਲਾਹੌਰ ਚਲੇ ਗਏ ਜਿੱਥੇ ਆਪ ਦਾ ਮੇਲ ਪ੍ਰੋ: ਗੁਰਮੁਖ ਸਿੰਘ ਨਾਲ ਹੋਇਆ। ਇਸ ਦੇ ਨਾਲ ਹੀ ਆਪ ਸਿੰਘ ਸਭਾ ਲਹਿਰ ਦਾ ਹਿੱਸਾ ਬਣ ਗਏ। 1884 ਵਿਚ ਆਪ ਨੂੰ ਨਾਭਾ ਦੇ ਰਾਜੇ ਹੀਰਾ ਸਿੰਘ ਨੇ ਦਰਬਾਰ ਵਿਚ ਇਕ ਸੀਨੀਅਰ ਨੌਕਰੀ ਤੇ ਰੱਖ ਲਿਆ। 1888 ਵਿਚ ਆਪ ਨੂੰ ਕੰਵਰ ਰਿਪਦੁਮਨ ਸਿੰਘ ਦਾ ਟਿਊਟਰ ਬਣਾ ਦਿੱਤਾ ਗਿਆ। 1893 ਵਿਚ ਆਪ ਨਾਭਾ ਦੇ ਰਾਜੇ ਦੇ ਪੀ.ਏ. ਬਣਾਏ

ਗਏ। 1895 ਵਿਚ ਆਪ ਨੂੰ ਮਜਿਸਟਰੇਟ ਲਾ ਦਿੱਤਾ ਗਿਆ; 1896 ਵਿਚ ਆਪ ਜ਼ਿਲ੍ਹਾ ਫ਼ੂਲ ਦੇ ਡਿਪਟੀ ਕਮਿਸ਼ਨਰ ਬਣਾਏ ਗਏ।

1875 ਵਿਚ ਇਕ ਹਿੰਦੂ ਸਾਧੂ ਦਯਾਨੰਦ ਨੇ ਬੰਬਈ (ਹੁਣ ਮੁੰਬਈ) ਵਿਚ ਆਰੀਆ ਸਮਾਜ ਦੀ ਨੀਂਹ ਰਖੀ। ਉਹ ਅਪਰੈਲ 1877 ਵਿਚ ਪੰਜਾਬ ਵੀ ਆਇਆ। ਜੂਨ ਵਿਚ ਲਾਹੌਰ ਵਿਚ ਵੀ ਦਯਾਨੰਦ ਦੀ ਬਰਾਂਚ ਬਣ ਗਈ। ਕੁਝ ਚਿਰ ਬਾਅਦ ਸਾਧੂ ਦਯਾ ਨੰਦ ਦੀ ਕਿਤਾਬ "ਸਤਿਆਰਥ ਪ੍ਰਕਾਸ਼" ਵੀ ਛਾਪ ਕੇ ਆ ਗਈ। ਇਸ ਕਿਤਾਬ ਵਿਚ ਗੁਰੂ ਨਾਨਕ ਸਾਹਿਬ ਅਤੇ ਦੂਜੇ ਧਰਮਾਂ ਦੇ ਮੋਢੀਆਂ, ਆਗੂਆਂ ਤੇ ਪ੍ਰਚਾਰਕਾਂ ਦੇ ਖ਼ਿਲਾਫ਼ ਘਟੀਆਂ ਲਫ਼ਜ਼ ਲਿਖੇ ਹੋਏ ਸਨ। ਜਦੋਂ ਸਿੱਖਾਂ ਹੀ ਨਹੀਂ ਬਲਕਿ ਕੁਝ ਸਿਆਣੇ ਹਿੰਦੂਆਂ ਨੇ ਉਸ ਦਾ ਧਿਆਨ ਇਸ ਪਾਸੇ ਵਲ ਦਿਵਾਇਆ ਤਾਂ ਉਸ ਨੇ ਵਾਅਦਾ ਕੀਤਾ ਕਿ ਅਗਲੀ ਐਡੀਸ਼ਨ ਇਸ ਨੂੰ ਸੋਧ ਕੇ ਛਾਪੀ ਜਾਵੇਗੀ। ਪਰ ਦਯਾ ਨੰਦ 1883 ਵਿਚ ਮਰ ਗਿਆ। ਉਸ ਦੇ ਮਗਰੋਂ ਤਾਂ ਕੱਟੜ ਫ਼ਿਰਕੂ ਆਰੀਆ ਸਮਾਜੀ ਅੰਸਰ ਨੇ ਇਸ ਵਿਚ ਸੋਧ ਕਰਨ ਤੋਂ ਨਾਂਹ ਕਰ ਦਿਤੀ। (ਜੂਨ 2006 ਵਿਚ ਫਿਰ ਇਸ ਦੇ ਇਕ ਮੁਖੀ ਨੇ ਇਹ ਸੋਧ ਕਰਨ ਬਾਰੇ ਵਾਅਦਾ ਕੀਤਾ ਪਰ 'ਪਰਨਾਲਾ ਉੱਥੇ ਦਾ ਉੱਥੇ' ਹੀ ਰਿਹਾ)। ਮਗਰੋਂ 1897 ਵਿਚ ਆਰੀਆ ਸਮਾਜ ਦੇ ਇਕ ਗਰੁੱਪ ਨੇ ਫੇਰ ਸਿੱਖਾਂ ਨੂੰ ਆਪਣੇ ਵੱਲ ਖਿੱਚਣ ਵਾਸਤੇ ਲਿਖਿਆ ਕਿ "ਦਯਾ ਨੰਦ ਨੂੰ ਗੁਰਮੁਖੀ ਦੀ ਜਾਣਕਾਰੀ ਨਹੀਂ ਸੀ ਤੇ ਉਸ ਦੇ ਸਿੱਖ ਗੁਰੂਆਂ ਬਾਰੇ ਲਫ਼ਜ਼ ਦੂਜੇ ਦਰਜੇ ਦੀ ਜਾਣਕਾਰੀ 'ਤੇ ਅਧਾਰਤ ਸਨ।" (*ਆਰੀਆ ਗ਼ਜ਼ਟ*, 15 ਜੁਲਾਈ 1897)। ਇਸ ਸਫ਼ਾਈ ਮਗਰੋਂ ਫਿਰ ਕੁਝ ਸਿੱਖ ਇਨ੍ਹਾਂ ਨਾਲ ਜੁੜ ਗਏ। ਇਨ੍ਹਾਂ ਵਿਚੋਂ ਮੁਖ ਸਨ: ਜਗਤ ਸਿੰਘ ਤੇ ਬਾਵਾ ਨਾਰਾਇਣ ਸਿੰਘ। ਬਾਵਾ ਨਾਰਾਇਣ ਸਿੰਘ ਗ਼ਰੀਬ ਹੋਣ ਕਰ ਕੇ ਪੈਸੇ ਦਾ ਮੁਹਤਾਜ ਸੀ; ਆਰੀਆ ਸਮਾਜੀਆਂ ਨੇ ਇਹ ਤਾੜ ਲਿਆ ਅਤੇ ਉਸ ਦੀ ਬਹੁਤ ਮਾਲੀ ਮਦਦ ਕੀਤੀ; ਇਸ ਮਗਰੋਂ ਉਸ ਨੇ ਤਾਂ ਇੱਥੋਂ ਤਕ ਲਿਖ ਮਾਰਿਆ ਕਿ "ਸਿੱਖ ਧਰਮ ਆਰੀਆ ਸਮਾਜ ਦਾ ਮੁਢਲਾ ਪੜਾਅ ਸੀ।" ਇਸ ਮਗਰੋਂ 1899 ਵਿਚ ਲਾਲਾ ਠਾਕਰ ਦਾਸ ਅਤੇ ਭਾਈ ਨਾਰਾਇਣ ਸਿੰਘ ਨੇ "ਸਿੱਖ ਹਿੰਦੂ ਹੈਨ" ਕਿਤਾਬਚੀ ਲਿਖ ਕੇ ਨਵਾਂ ਚਰਚਾ ਛੇੜ ਦਿੱਤਾ। ਇਸ (ਮਤਬਾ ਕਾਨੂੰਨੀ ਹਿੰਦ ਪ੍ਰੈੱਸ ਵਿਚ ਛਪੀ ਇਸ 30 ਸਫ਼ੇ ਦੀ ਕਿਤਾਬਚੀ) ਦਾ ਮੂੰਹ ਤੋੜ ਜਵਾਬ, ਭਾਈ ਕਾਨ੍ਹ ਸਿੰਘ ਨਾਭਾ ਨੇ *"ਹਮ ਹਿੰਦੂ ਨਹੀਂ"* ਲਿਖ ਕੇ ਦਿੱਤਾ। ਭਾਈ ਕਾਨ੍ਹ ਸਿੰਘ ਦੀ ਕਿਤਾਬ ਨੇ ਹਿੰਦੂਆਂ ਵੱਲੋਂ ਸਿੱਖਾਂ ਨੂੰ ਆਪਣੇ ਵਿਚ ਜਜ਼ਬ ਕਰਨ ਦੀ ਸਾਜ਼ਿਸ਼ ਨੂੰ ਫੇਲ੍ਹ ਕਰ ਦਿੱਤਾ। ਇਸ ਇਸ ਕਿਤਾਬ ਤੋਂ ਫ਼ਿਰਕੂ ਹਿੰਦੂ ਏਨੇ ਔਖੇ ਹੋਏ ਕਿ ਉਨ੍ਹਾਂ ਨੇ ਭਾਈ ਕਾਹਨ ਸਿੰਘ ਨਾਭਾ ਦੇ ਖ਼ਿਲਾਫ਼ 'ਜਹਾਦ' ਸ਼ੁਰੂ ਕਰ ਦਿੱਤਾ। ਉਦੋਂ ਨਾਭੇ ਦਾ ਰਾਜਾ ਹੀਰਾ ਸਿੰਘ (ਪਿਤਾ ਰਿਪਦੁਮਨ ਸਿੰਘ) ਹਿੰਦੂਆਂ ਦਾ ਪਿਛਲੱਗ ਬਣਿਆ ਹੋਇਆ ਸੀ ਤੇ ਉਹ ਆਪਣੀ ਧੀ ਰਿਪਦੁਮਨ ਕੌਰ ਦਾ ਵਿਆਹ ਧੌਲਪੁਰ ਦੇ ਹਿੰਦੂ ਰਾਜੇ ਨਾਲ ਕਰਨਾ ਚਾਹੁੰਦਾ ਸੀ। ਜਦ ਭਾਈ ਕਾਨ੍ਹ ਸਿੰਘ ਨੇ ਵੇਖਿਆ ਕਿ ਹੁਣ ਰਾਜਾ ਹਿੰਦੂਆਂ ਨੂੰ ਖ਼ੁਸ਼ ਕਰਨ ਵਾਸਤੇ ਔਖਾ ਹੋਇਆ ਫਿਰਦਾ ਹੈ ਤਾਂ ਉਸ ਨੇ ਡਿਪਟੀ ਕਮਿਸ਼ਨਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

ਇਸ ਮਗਰੋਂ ਭਾਈ ਕਾਨ੍ਹ ਸਿੰਘ ਨਾਭਾ ਨੇ ਸਿੱਖ ਫ਼ਲਸਫ਼ੇ ਬਾਰੇ ਕਿਤਾਬਾਂ ਲਿਖਣੀਆਂ ਸ਼ੁਰੂ ਕੀਤੀਆਂ ਅਤੇ *'ਗੁਰਮਤਿ ਪ੍ਰਭਾਕਰ'* ਤੇ *'ਗੁਰਮਤਿ ਸੁਧਾਕਰ'* ਲਿਖੀਆਂ। ਕੁਝ ਚਿਰ ਪਹਿਲਾਂ ਆਪ ਦਾ ਮੇਲ ਆਇਰਲੈਂਡ ਦੇ ਇਕ ਸੀਨੀਅਰ ਅਫ਼ਸਰ ਮੈਕਸ ਆਰਥਰ ਮੈਕਾਲਿਫ਼ ਜੀ ਨਾਲ ਹੋਇਆ ਸੀ; ਮੈਕਾਲਿਫ਼ ਜੀਨ ਨੇ ਭਾਈ ਜੀ ਦੀ ਮਦਦ ਨਾਲ ਸਿੱਖ ਧਰਮ ਬਾਰੇ ਬਹੁਤ ਕੁਝ ਲਿਖਿਆ। ਇਹ ਸਾਰਾ ਕੁਝ 1905 ਵਿਚ 'ਸਿਖ ਰਿਲੀਜਨ' ਨਾਂ ਦੀ ਕਿਤਾਬ ਦੇ ਰੂਪ ਵਿਚ ਛੇ ਜਿਲਦਾਂ ਵਿਚ ਛਪਿਆ। ਕਿਉਂ ਕਿ ਭਾਈ ਜੀ ਨੇ ਮੈਕਾਲਿਫ਼ ਦੀ ਬਹੁਤ ਕਦਦ ਕੀਤੀ ਸੀ ਇਸ ਕਰ ਕੇ ਉਹ ਇਸ ਕਿਤਾਬ ਦਾ ਕਾਪੀ ਰਾਈਟ ਭਾਈ ਜੀ ਨੂੰ ਦੇ ਗਏ ਸਨ।

1908 ਵਿਚ ਇਮਪੀਰੀਅਲ ਕੌਂਸਲ ਦੇ ਮੈਂਬਰ, ਨਾਭਾ ਦੇ ਕੰਵਰ ਰਿਪਦੁਮਨ ਸਿੰਘ (ਮਗਰੋਂ ਮਹਾਰਾਜਾ) ਨੇ ਜੋ 'ਅਨੰਦ ਮੈਰਿਜ ਬਿੱਲ' ਪੇਸ਼ ਕੀਤਾ ਉਹ ਵੀ ਉਸ ਦੇ ਉਸਤਾਦ ਭਾਈ ਕਾਨ੍ਹ ਸਿੰਘ ਨਾਭਾ ਦੀ ਦੇਣ ਸੀ। 1911 ਵਿਚ ਰਾਜਾ ਹੀਰਾ ਸਿੰਘ ਦੀ ਮੌਤ ਹੋ ਗਈ; 24 ਜਨਵਰੀ ਨੂੰ ਰਿਪਦੁਮਨ ਸਿੰਘ ਨਾਭਾ ਦਾ ਰਾਜਾ ਬਣਿਆ ਅਤੇ ਉਸ ਨੇ ਭਾਈ ਕਾਨ੍ਹ ਸਿੰਘ ਨੂੰ ਨਾਭਾ ਹਾਈ ਕੋਰਟ ਦਾ ਜੱਜ ਲਾ ਦਿੱਤਾ। ਪਰ ਭਾਈ ਕਾਨ ਸਿੰਘ ਨੂੰ ਅਕਾਲ ਪੁਰਖ ਨੇ ਕਿਸੇ ਵੱਡੀ ਸੇਵਾ ਵਾਸਤੇ ਜਨਮ ਦਿੱਤਾ ਸੀ; ਸੋ 20 ਮਈ 1912 ਨੂੰ ਉਸ ਨੇ ਜੱਜ ਦਾ ਅਹੁਦਾ ਛੱਡ ਕੇ *'ਮਹਾਨ ਕੋਸ਼'* ਦੀ ਰਚਨਾ ਸ਼ੁਰੂ ਕਰ ਦਿੱਤੀ; 1925 ਵਿਚ 13 ਸਾਲ ਦੀ ਮਿਹਨਤ ਮਗਰੋਂ ਇਹ ਰਚਨਾ ਮੁਕੰਮਲ ਹੋ ਗਈ। ਇਸ ਦੀ ਛਪਾਈ ਪਟਿਆਲਾ ਦੇ ਰਾਜੇ ਭੂਪਿੰਦਰਾ ਸਿੰਘ ਨੇ ਆਪਣੇ ਖਰਚੇ 'ਤੇ ਕਰਵਾਈ। ਦੁਨੀਆਂ ਦੇ ਹਰ ਇਕ ਸਿੱਖ ਲੇਖਕ ਅਤੇ ਸਿੱਖ ਧਰਮ ਤੇ ਤਵਾਰੀਖ਼ ਦੇ ਹਰ ਸਿੱਖ ਤੇ ਗ਼ੈਰ-ਸਿੱਖ ਲੇਖਕ ਨੇ ਆਪਣੀਆਂ ਰਚਨਾਵਾਂ ਵਾਸਤੇ *ਮਹਾਨ ਕੋਸ਼* ਦੀ ਮਦਦ ਜ਼ਰੂਰ ਲਈ ਹੈ। ਭਾਈ ਕਾਨ੍ਹ ਸਿੰਘ ਨੇ ਇਸ ਤੋਂ ਇਲਾਵਾ *ਗੁਰੂ ਛੰਦ ਅਲੰਕਾਰ, ਗੁਰੂ ਗਿਰਾ ਕਸੌਟੀ, ਸ਼ਬਦ ਅਲੰਕਾਰ, ਰਾਜ ਧਰਮ* ਅਤੇ ਬਹੁਤ ਸਾਰੇ ਲੇਖ ਵੀ ਲਿਖੇ ਸਨ। ਭਾਈ ਕਾਨ੍ਹ ਸਿੰਘ ਸਹੀ ਮਾਅਨਿਆਂ ਵਿਚ ਪੰਥ ਰਤਨ ਸਨ।

1948: ਭਾਰਤ ਸੂਕਾਰ ਦੀ ਮਾਈਨਾਰਟੀ ਕਮੇਟੀ ਨੇ ਸਿੱਖਾਂ ਨੂੰ ਖ਼ਾਸ ਹੱਕ ਦੇਣ ਤੋਂ ਨਾਂਹ ਕੀਤੀ

ਜਦ ਭਾਰਤ ਦਾ ਵਿਧਾਨ ਬਣ ਰਿਹਾ ਸੀ ਤਾਂ ਸਿੱਖਾਂ ਨੇ ਇਕ ਵਖਰੀ ਕੌਮ ਹੋਣ ਨਾਤੇ ਖ਼ਾਸ ਦਰਜੇ ਦੀ ਮੰਗ ਕੀਤੀ ਸੀ। ਇਸ ਸਬੰਧ ਵਿਚ 24 ਫ਼ਰਵਰੀ 1948 ਦੇ ਦਿਨ ਇਕ ਘਟ-ਗਿਣਤੀ (ਮਾਈਨਾਰਟੀ) ਕਮੇਟੀ ਬਣਾਈ ਗਈ ਸੀ ਜਿਸ ਦੇ ਮੈਂਬਰ ਸਨ: ਪੰਡਤ ਨਹਿਰੂ, ਪਟੇਲ, ਰਜਿੰਦਰ ਪ੍ਰਸਾਦ ਤੇ ਕੇ.ਐਮ.ਮੁਨਸ਼ੀ; ਅਤੇ ਇਹ ਸਾਰੇ ਹੀ ਫ਼ਿਰਕਾਪ੍ਰਸਤ ਸਨ ਅਤੇ ਸਿੱਖਾਂ ਨੂੰ ਨਫ਼ਰਤ ਕਰਦੇ ਸਨ। ਜਦ ਕਾਫ਼ੀ ਦੇਰ ਕੋਈ ਗੱਲ ਨਾ ਬਣੀ ਤਾਂ ਪੰਜਾਬ ਅਸੈਂਬਲੀ ਦੇ 33 ਵਿਚੋਂ 32 ਸਿੱਖ ਮੈਂਬਰਾਂ ਨੇ (ਪ੍ਰਤਾਪ ਸਿੰਘ ਕੈਰੋਂ ਨੂੰ ਛੱਡ ਕੇ) 15 ਨਵੰਬਰ 1948 ਨੂੰ ਇਕ ਖ਼ਤ 'ਤੇ ਦਸਤਖ਼ਤ ਕੀਤੇ ਅਤੇ ਸਿੱਖਾਂ ਦੀਆਂ 13 ਮੰਗਾਂ ਦਾ ਇਕ ਚਾਰਟਰ ਆਈਨੀ ਅਸੈਂਬਲੀ (ਛੋਨਸਟਟਿਟੋਨਿ ਅਸਸਏਮਬਲੇ) ਨੂੰ ਪੇਸ਼ ਕੀਤਾ: 1. ਸੂਬੇ ਦੀ ਵਜ਼ਾਰਤ ਵਿਚ ਸਿੱਖਾਂ ਦਾ 50% ਹਿੱਸਾ ਹੋਵੇ। 2. ਸੈਂਟਰ ਵਿਚ ਸਿੱਖਾਂ ਦਾ 5% ਹਿੱਸਾ ਹੋਵੇ। 3. 1941 ਦੀ ਅਬਾਦੀ ਦੇ ਆਧਾਰ ਤੇ ਨੁਮਾਇੰਦਗੀ ਮਿਲੇ। 4. ਸੈਂਟਰ ਵਿਚ ਇਕ ਪੂਰਾ ਤੇ ਇਕ ਅੱਧਾ ਸਿੱਖ ਵਜ਼ੀਰ ਹੋਵੇ। 5. ਪੰਜਾਬ ਦੇ ਗਵਰਨਰ ਤੇ ਮੁੱਖ ਮੰਤਰੀ ਵਿਚੋਂ ਇਕ ਸਿੱਖ ਜ਼ਰੂਰ ਹੋਵੇ। 6. ਗੁਰਗਾਓਂ ਤੇ ਲੋਹਾਰੂ ਪੰਜਾਬ 'ਚੋਂ ਕੱਢੇ ਜਾਣ। 7. ਸੂਬੇ ਦੀਆਂ ਨੌਕਰੀਆਂ ਵਿਚ ਸਿੱਖਾਂ ਦਾ 40% ਹਿੱਸਾ ਹੋਵੇ। ਪਰ, ਜੇ ਕਰ ਇਹ ਮੰਗਾਂ ਨਾ ਮੰਨੀਆਂ ਜਾਣ ਤਾਂ ਸਿੱਖਾਂ ਨੂੰ ਜਲੰਧਰ, ਹੁਸ਼ਿਆਰਪੁਰ, ਅੰਮ੍ਰਿਤਸਰ, ਲੁਧਿਆਣਾ, ਫ਼ਿਰੋਜ਼ਪੁਰ ਅਤੇ ਅੰਬਾਲਾ ਜ਼ਿਲ੍ਹਿਆਂ ਦਾ ਨਵਾਂ ਸੂਬਾ ਦਿੱਤਾ ਜਾਵੇ। ਇਸ ਤਰ੍ਹਾਂ ਸਿੱਖਾਂ ਨੂੰ ਇਕ ਇਹ ਸੂਬਾ ਅਤੇ ਦੂਜਾ ਪੈਪਸੂ, ਜਿਸ ਵਿਚ 53% ਸਿੱਖ ਸਨ, ਮਿਲ ਸਕਦੇ ਸਨ। ਪਰ ਫ਼ਿਰਕੂ ਹਿੰਦੂ ਕਾਂਗਰਸੀ ਆਗੂਆਂ ਨੇ ਸਿੱਖਾਂ ਨੂੰ ਬਿਲਕੁਲ ਨਜ਼ਰ ਅਗਾਜ਼ ਕਰ ਦਿੱਤਾ ਅਤੇ 23 ਨਵੰਬਰ 1948 ਦੇ ਦਿਨ ਇਸ ਘਟ-ਗਿਣਤੀ (ਮਾਈਨਾਰਟੀ) ਕਮੇਟੀ ਸਿੱਖਾਂ ਨੂੰ ਘਟ ਗਿਣਤੀ ਵਾਲੇ ਖ਼ਾਸ ਹੱਕ (Special minority Rights) ਦੇਣ ਤੋਂ ਨਾਂਹ ਕਰ ਦਿੱਤੀ।

1990: ਦਿਲਬਾਗ ਸਿੰਘ ਸੁਲਤਾਨਵਿੰਡ ਤੇ ਗੁਰਮੇਜ ਸਿੰਘ ਫ਼ੌਜੀ ਨੌਰੰਗਾਬਾਦ ਨਕਲੀ ਮੁਕਾਬਲੇ ਵਿਚ ਸ਼ਹੀਦ

23 ਨਵੰਬਰ 1990 ਦੇ ਦਿਨ ਪੰਜਾਬ ਪੁਲੀਸ ਨੇ ਦਿਲਬਾਗ ਸਿੰਘ (ਪੁੱਤਰ ਜਸਬੀਰ ਸਿੰਘ ਮਾਹਲ, ਵਾਸੀ ਪੱਤੀ ਮਨਸੂਰ, ਸੁਲਤਾਨਵਿੰਡ) ਅਤੇ ਗੁਰਮੇਜ ਸਿੰਘ ਫ਼ੌਜੀ (ਵਾਸੀ ਨੌਰੰਗਾਬਾਦ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

1992: ਰੇਸ਼ਮ ਸਿੰਘ ਤੋਲਾ ਤੇ ਦੋ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ

23 ਨਵੰਬਰ 1992 ਦੇ ਦਿਨ ਪੰਜਾਬ ਪੁਲੀਸ ਨੇ ਰੇਸ਼ਮ ਸਿੰਘ ਤੋਲਾ (ਪੁੱਤਰ ਕਾਬਲ ਸਿੰਘ, ਵਾਸੀ ਚੂਲ ਕੋਹਨਾ) ਤੇ ਦੋ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

24 ਨਵੰਬਰ

1598: ਮੁਗ਼ਲ ਬਾਦਸਾਹ ਅਕਬਰ ਗੁਰੂ ਅਰਜਨ ਸਾਹਿਬ ਨੂੰ ਮਿਲਣ ਆਇਆ

ਗੁਰੂ ਅਰਜਨ ਸਾਹਿਬ ਨੇ ਆਪਣੇ ਸਮੇਂ ਵਿਚ ਸਮਾਜ ਸੇਵਾ ਦੇ ਬਹੁਤ ਸਾਰੇ ਪ੍ਰਾਜੈਕਟ ਅਪਣਾਏ ਸਨ; ਉਨ੍ਹਾਂ ਦੀ ਲੋਕ ਸੇਵਾ ਤੇ ਰੂਹਾਨੀਅਤ ਨੇ ਹੋਰ ਧਾਰਮਕਿ ਆਗੂਆਂ ਅਤੇ ਸੀਨੀਅਰ ਸਰਕਾਰੀ ਅਹਿਲਕਾਰਾਂ ਨੂੰ ਵੀ ਕੀਲਿਆ ਹੋਇਆ ਸੀ। ਹੋਰ ਤਾਂ ਹੋਰ ਮੁਗ਼ਲ ਬਾਦਸ਼ਾਹ ਅਕਬਰ ਵੀ ਗੁਰੂ ਸਾਹਿਬ ਦੀ ਇੱਜ਼ਤ ਕਰਦਾ ਸੀ। ਅਕਬਰ ਨੇ ਦਿੱਲੀ ਤੋਂ ਪਿਸ਼ਾਵਰ ਵਲ ਜਾਣ ਸਮੇਂ 24 ਨਵੰਬਰ 1598 ਦੇ ਦਿਨ ਗੋਇੰਦਵਾਲ ਤੋਂ ਬਿਆਸ ਦਰਿਆ ਦਾ ਪੱਤਣ ਪਾਰ ਕੀਤਾ ਅਤੇ ਉਹ ਉਥੇ ਅਰਾਮ ਕਰਨ ਵਾਸਤੇ ਰੁਕਿਆ। ਇਸ ਮੌਕੇ 'ਤੇ ਉਹ ਗੁਰੂ ਅਰਜਨ ਸਾਹਿਬ ਨੂੰ ਮਿਲਣ ਵੀ ਗਿਆ। ਅਕਬਰ ਦੇ ਨਾਲ ਉਸ ਦਾ ਵਜ਼ੀਰ ਅਬੂ ਫ਼ਜ਼ਲ ਵੀ ਸੀ। ਜਦ ਅਕਬਰ ਗੁਰੂ ਸਾਹਿਬ ਦੇ ਦਰਬਾਰ ਵਿਚ ਹਾਜ਼ਿਰ ਹੋਇਆ ਤਾਂ ਉਸ ਦੇ ਅਹਿਲਕਾਰਾਂ ਨੇ ਉਸ ਦੇ ਬੈਠਣ-ਟੁਰਨ ਵਾਸਤੇ ਗਲੀਚੇ ਵਿਛਾਏ ਜਿਸ ਨੂੰ ਬਾਦਸ਼ਾਹ ਨੇ ਆਪਣੇ ਹੱਥੀਂ ਪਰ੍ਹੇ ਕਰ ਦਿਤਾ ਤੇ ਕਿਹਾ ਕਿ ਰੂਹਾਨੀ ਦਰਬਾਰ ਵਿਚ ਗਲੀਚਿਆਂ 'ਤੇ ਨਹੀਂ ਬੈਠਿਆ ਜਾਂਦਾ। ਬਾਦਸ਼ਾਹ ਨੇ ਇਸ ਮੌਕੇ 'ਤੇ ਆਮ ਲੋਕਾਂ ਨਾਲ ਬੈਠ ਕੇ ਲੰਗਰ ਵੀ ਛਕਿਆ। ਟੁਰਨ ਵੇਲੇ ਅਕਬਰ ਨੇ ਗੁਰੂ ਸਾਹਿਬ ਨੂੰ ਜਾਂ ਲੰਗਰ ਵਾਸਤੇ ਕੁਝ ਜ਼ਮੀਨ ਦਾ ਪਟਾ ਵੀ ਦੇਣਾ ਚਾਹਿਆ ਤਾਂ ਗੁਰੂ ਸਾਹਿਬ ਨੇ ਉਸ ਨੂੰ ਕਿਹਾ ਕਿ ਗੁਰੂ ਦਾ ਲੰਗਰ ਸੰਗਤਾਂ ਦੇ ਦਸਵੰਧ ਨਾਲ ਚਲਣਾ ਹੀ ਠੀਕ ਹੈ। ਅਕਬਰ ਇਸ ਤੋਂ ਹੋਰ ਵੀ ਮੁਤਾਸਿਰ (ਪ੍ਰਭਾਵਿਤ) ਹੋਇਆ। ਇਸ ਮੌਕੇ 'ਤੇ ਗੁਰੂ ਸਾਹਿਬ ਨੇ ਅਕਬਰ ਤੋਂ ਇਹ ਐਲਾਨ ਜ਼ਰੂਰ ਕਰਵਾਇਆ ਕਿ ਸਿੱਖਾਂ ਤੇ ਜਜ਼ੀਆ ਨਾ ਲਾਗੂ ਹੋਵੇ ਕਿਉਂ ਕਿ ਸਿੱਖ ਹਿੰਦੂ ਨਹੀਂ ਹਨ 'ਤੇ ਜਜ਼ੀਆ ਸਿਰਫ਼ ਹਿੰਦੂਆਂ 'ਤੇ ਹੀ ਲਾਗੂ ਹੁੰਦਾ ਸੀ (ਮਗਰੋਂ ਅਕਬਰ ਨੇ ਹਿੰਦੂਆਂ ਨੂੰ ਵੀ ਜਜ਼ੀਆ ਟੈਕਸ ਤੋਂ ਆਜ਼ਾਦ ਕਰ ਦਿੱਤਾ)।

1664: ਗੁਰੂ ਤੇਗ਼ ਬਹਾਦਰ ਪਿੰਡ ਵੱਲਾ ਗਏ

24 ਨਵੰਬਰ 1664 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਜਾਣ ਮਗਰੋਂ ਅਗਲੇ ਦਿਨ ਗੁਰੂ ਦਾ ਚੱਕ ਤੋਂ ਮਗਰੋਂ ਆਪ ਪਿੰਡ ਵੱਲਾ ਗਏ। ਇਕ ਦਿਨ ਇੱਥੇ ਰਹਿਣ ਮਗਰੋਂ ਅਤੇ ਘੁੱਕੇਵਾਲੀ (ਗੁਰੂ ਦਾ ਬਾਗ), ਤਰਨ ਤਾਰਨ ਤੇ ਖਡੂਰ ਸਾਹਿਬ ਹੁੰਦੇ ਹੋਏ ਗੋਇੰਦਵਾਲ ਚਲੇ ਗਏ।

1956: ਅਕਾਲੀ ਦਲ ਪਾਰਟੀ ਨੂੰ ਕਾਂਗਰਸ ਵਿਚ ਸ਼ਾਮਿਲ ਕੀਤੇ ਜਾਣ ਦਾ ਮਤਾ ਪਾਸ ਹੋਇਆ

ਪੰਜਾਬੀ ਸੂਬਾ ਬਣਾਉਣ ਦੀ ਥਾਂ ਸਰਕਾਰ ਨੇ ਪੰਜਾਬੀ ਅਤੇ ਹਿੰਦੀ ਰੀਜਨ ਕਾਇਮ ਕਰਨ ਵਾਸਤੇ ਰਿਜਨਲ ਫ਼ਾਰਮੂਲਾ ਬਣਾਉਣਾ ਮੰਨ ਲਿਆ; ਇਹ ਸੁਝਾਅ ਕਾਂਗਰਸ ਨੇ ਮਾਰਚ 1956 ਵਿਚ ਮੰਨ ਲਿਆ ਸੀ ਤੇ ਹੁਕਮ ਸਿੰਘ ਨੂੰ ਇਸ ਦਾ ਇਨਾਮ ਵੀ ਡਿਪਟੀ ਸਪੀਕਰ ਵਜੋਂ ਮਿਲ ਗਿਆ ਸੀ। ਰੀਜਨਲ ਫ਼ਾਰਮੂਲੇ ਤੋਂ ਬਾਅਦ ਬਹੁਤ ਸਾਰੇ ਅਕਾਲੀ ਆਗੂ ਤਾਕਤ, ਅਹੁਦਿਆਂ ਅਤੇ ਹੋਰ ਲਾਲਚਾਂ ਕਾਰਨ ਕਾਂਗਰਸ ਵਿਚ ਜਾਣ ਵਾਸਤੇ ਤਰਲੇ-ਮੱਛੀ ਹੋ ਰਹੇ ਸਨ।

ਇਸ ਧੜੇ ਨੇ ਅਕਾਲੀ ਦਲ ਅਤੇ ਕਾਂਗਰਸ ਵਿਚ ਏਕਤਾ ਦੀ ਗਲਬਾਤ ਵੀ ਸ਼ੁਰੂ ਕਰ ਦਿੱਤੀ। ਪਹਿਲਾਂ ਤਾਂ ਸਿਰਫ਼ ਅਕਾਲੀ ਲੈਜਿਸਲੇਚਰਾਂ ਦੇ ਕਾਂਗਰਸ ਨਾਲ ਸਮਝੌਤੇ ਦੀ ਗੱਲ ਟੁਰੀ ਪਰ ਫਿਰ ਕਾਂਗਰਸ ਨੇ ਅਕਾਲੀ ਦਲ ਨੂੰ ਬਿਲਕੁਲ ਖ਼ਤਮ ਕਰਨ ਦੀ ਪਲਾਨ ਬਣਾਈ। ਇਨ੍ਹਾਂ ਦਿਨਾਂ ਵਿਚ ਹੁਕਮ ਸਿੰਘ ਨੇ ਡਿਪਟੀ ਸਪੀਕਰੀ ਹਾਸਿਲ ਕਰਨ ਮਗਰੋਂ ਅਕਾਲੀ ਦਲ ਨਾਲੋਂ ਕਾਂਗਰਸ ਨਾਲ ਵਧੇਰੇ ਰਿਸ਼ਤੇ ਬਣਾਉਣੇ ਸ਼ੁਰੂ ਕੀਤੇ। ਗਿਆਨੀ ਕਰਤਾਰ ਸਿੰਘ ਨੂੰ ਇਸ ਸਬੰਧ ਵਿਚ ਉਸ ਨੇ ਨਾਲ ਗੰਢ ਕੇ ਵਜ਼ੀਰੀ ਦਿਵਾਉਣ ਦਾ ਵਾਇਦਾ ਕੀਤਾ। ਇਹ ਸਾਰਾ ਕੁਝ ਗਿਆਨ ਸਿੰਘ ਰਾੜੇਵਾਲੇ ਨੇ ਵੇਖਿਆ ਤਾਂ ਉਸ ਦੇ ਮੂੰਹ ਵਿਚੋਂ ਰਾਲਾਂ ਵਗਣੀਆਂ ਸ਼ੁਰੂ ਹੋ ਗਈਆਂ ਅਤੇ 8 ਜੂਨ 1956 ਨੂੰ ਉਸ ਨੇ ਇਕ ਬਿਆਨ ਵਿਚ ਐਲਾਨ ਕੀਤਾ ਕਿ ਅਕਾਲੀ ਦਲ ਕੁਝ ਵੀ ਫ਼ੈਸਲਾ ਕਰੇ ਮੈਂ ਤਾਂ ਕਾਂਗਰਸ ਪਾਰਟੀ ਵਿਚ ਜਾ ਹੀ ਰਿਹਾ ਹਾਂ। ਰਾੜੇਵਾਲਾ ਨੇ ਇਹ ਵੀ ਕਿਹਾ ਕਿ ਸਾਰੇ ਅਕਾਲੀਆਂ ਨੂੰ ਹੁਣ ਕਾਂਗਰਸ ਵਿਚ ਸ਼ਾਮਿਲ ਹੋ ਜਾਣਾ ਚਾਹੀਦਾ ਹੈ।ਹੁਕਮ ਸਿੰਘ ਨੇ ਇਹ ਵੀ ਕਿਹਾ ਕਿ ਰਾੜੇਵਾਲਾ ਦੀ ਇਹ ਹਰਕਤ ਅਕਾਲੀ ਦਲ ਨਾਲ ਗ਼ਦਾਰੀ ਹੈ ਅਤੇ ਉਹ ਗੱਦੀ ਦੀ ਭੁੱਖ ਕਰ ਕੇ ਕਾਂਗਰਸ ਵਿਚ ਜਾ ਰਿਹਾ ਹੈ।

17 ਜੂਨ 1956 ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਰਾੜੇਵਾਲੇ ਦੀਆਂ ਹਰਕਤਾਂ ਦੀ ਨਿੰਦਾ ਕੀਤੀ ਗਈ। ਮੀਟਿੰਗ ਨੇ ਇਹ ਵੀ ਫ਼ੈਸਲਾ ਕੀਤਾ ਕਿ ਅਕਾਲੀ ਦਲ ਸਿਆਸਤ ਨਹੀਂ ਛੱਡੇਗਾ। ਇਸ ਮੀਟਿੰਗ ਵਿਚ ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ, ਹਰਚਰਨ ਸਿੰਘ ਹੁਡਿਆਰਾ, ਗੋਪਾਲ ਸਿੰਘ ਖਾਲਸਾ, ਅਜਮੇਰ ਸਿੰਘ, ਆਤਮਾ ਸਿੰਘ, ਤੇ ਡਾ: ਤਰਲੋਕ ਸਿੰਘ ਆਦਿਕ ਸ਼ਾਮਿਲ ਸਨ। ਅਗਲੀਆਂ ਆਮ ਚੋਣਾਂ ਨੇੜੇ ਆ ਰਹੀਆਂ ਸਨ। ਗਿਆਨੀ ਕਰਤਾਰ ਸਿੰਘ ਅਤੇ ਹੁਕਮ ਸਿੰਘ, ਜੋ 16 ਤੇ 17 ਜੂਨ ਨੂੰ ਅਤੇ ਹੋਰ ਕਈ ਬਿਆਨਾਂ ਵਿਚ ਰਾੜੇਵਾਲੇ ਨੂੰ ਮੌਕਾ ਪ੍ਰਸਤ, ਗੱਦੀ ਦਾ ਭੁੱਖਾ ਤੇ ਹੋਰ ਕਈ ਕੁਝ ਕਹਿ ਕੇ ਮੁਖ਼ਾਤਿਬ ਕਰ ਰਹੇ ਸਨ, ਉਹ ਸਾਰੇ ਆਪ ਕਾਂਗਰਸ ਵਿਚ ਜਾਣ ਲਈ ਕਾਹਲੇ ਪੈਣ ਲਗ ਪਏ। ਇਸ ਹਾਲਤ ਵਿਚ 28 ਅਗਸਤ 1956 ਨੂੰ ਨਹਿਰੂ ਅਤੇ ਮਾਸਟਰ ਤਾਰਾ ਸਿੰਘ ਵਿਚਕਾਰ ਮੁਲਾਕਾਤ ਹੋਈ ਅਤੇ ਇਸ ਮੀਟਿੰਗ ਵਿਚ ਅਕਾਲੀ ਦਲ ਤੇ ਕਾਂਗਰਸ ਦੀ ਦੋਹਰੀ ਮੈਂਬਰਸ਼ਿਪ ਬਾਰੇ ਜ਼ਿਕਰ ਹੋਇਆ (30 ਜੂਨ 1956 ਤਕ ਅਕਾਲੀ ਦਲ ਦੀ ਆਪਣੀ ਭਰਤੀ 3 ਲੱਖ 10 ਹਜ਼ਾਰ ਤਕ ਪੁੱਜ ਚੁਕੀ ਸੀ)। ਅਕਾਲੀ-ਕਾਂਗਰਸ ਸਮਝੌਤੇ ਵਾਸਤੇ ਬਲਦੇਵ ਸਿੰਘ ਵਿਚੋਲੇ ਵਜੋਂ ਕੰਮ ਕਰ ਰਿਹਾ ਸੀ। ਪਰ ਗਿਆਨੀ ਕਰਤਾਰ ਸਿੰਘ ਅਤੇ ਹੁਕਮ ਸਿੰਘ ਕੋਸ਼ਿਸ਼ਾਂ ਕਰ ਰਹੇ ਸਨ ਕਿ ਅਕਾਲੀ ਦਲ ਨੂੰ ਸਿਆਸੀ ਪੱਖ ਤੋਂ ਵੀ ਕਾਂਗਰਸ ਵਿਚ ਸ਼ਾਮਿਲ ਕਰ ਦਿੱਤਾ ਜਾਵੇ। ਅਗਸਤ ਤੇ ਸਤੰਬਰ 1956 ਵਿਚ ਗਿਆਨੀ ਕਰਤਾਰ ਸਿੰਘ ਤੇ ਹੁਕਮ ਸਿੰਘ ਮੌਲਾਣਾ ਆਜ਼ਾਦ ਨੂੰ 20 ਵਾਰੀ ਮਿਲੇ। ਅਖ਼ੀਰ 2 ਅਕਤੂਬਰ 1956 ਦੇ ਦਿਨ ਸ਼੍ਰੋਮਣੀ ਅਕਾਲੀ ਦਲ ਦੇ 150 ਜਥੇਦਾਰ ਤੇ ਸਕੱਤਰ ਇਕਠੇ ਹੋਏ। ਪੰਜ ਘੰਟੇ ਦੀ ਮੀਟਿੰਗ ਮਗਰੋਂ ਅਕਾਲੀ ਦਲ ਨੂੰ ਕਾਂਗਰਸ ਵਿਚ ਸ਼ਾਮਿਲ ਕਰਨ ਦਾ ਫ਼ੈਸਲਾ ਹੋ ਗਿਆ। ਇਸ ਸਬੰਧ ਵਿਚ ਅਜੀਤ ਸਿੰਘ ਸਰਹੱਦੀ ਐਡਵੋਕੇਟ ਨੇ ਮਤਾ ਪੇਸ਼ ਕੀਤਾ ਅਤੇ ਹਰਚਰਨ ਸਿੰਘ ਹੁਡਿਆਰਾ ਨੇ ਤਾਈਦ ਕੀਤੀ। ਅਜੀਤ ਸਿੰਘ ਸਰਹੱਦੀ ਮੁਤਾਬਿਕ ਇਹ ਰੈਜ਼ੂਲੇਸ਼ਨ ਹੁਕਮ ਸਿੰਘ ਨੇ ਤਿਆਰ ਕੀਤਾ ਸੀ।ਪਰ ਮਾਸਟਰ ਤਾਰਾ ਸਿੰਘ ਦੀ ਕੌਣ ਸੁਣਦਾ ਸੀ? 24 ਨਵੰਬਰ 1956 ਨੂੰ ਅਕਾਲੀ ਦਲ ਦਾ ਜਨਰਲ ਇਜਲਾਸ ਬੁਲਾਇਆ ਗਿਆ। ਇਸ ਮੌਕੇ ਤੇ 350 'ਚੋਂ 322 ਡੈਲੀਗੇਟ ਸ਼ਾਮਿਲ ਸਨ। ਇਸ ਵਿਚ ਵੱਡੀ ਅਕਸਰੀਅਤ ਨਾਲ ਅਕਾਲੀ ਦਲ ਨੂੰ ਕਾਂਗਰਸ ਵਿਚ ਸ਼ਾਮਿਲ ਕਰਨ ਦਾ ਮਤਾ ਪਾਸ ਕੀਤਾ ਗਿਆ। ਸਿਰਫ਼ ਪੰਜ ਡੈਲੀਗੇਟਾਂ ਨੇ ਇਸ ਮਤੇ ਦਾ ਵਿਰੋਧ ਕੀਤਾ। ਇਹ ਸਨ: ਅਮਰ ਸਿੰਘ ਅੰਬਾਲਵੀ, ਮਾਸਟਰ ਸੁਜਾਨ ਸਿੰਘ ਸਰਹਾਲੀ, ਗੁਰਬਖ਼ਸ਼ ਸਿੰਘ ਐਡਵੋਕੇਟ ਬਟਾਲਾ, ਬੇਦੀ ਰਛਪਾਲ ਸਿੰਘ ਤੇ ਕਰਨੈਲ ਸਿੰਘ ਡੋਡ।

1969: ਫਤਹਿ ਸਿੰਘ ਨੇ ਮਰਨ ਵਰਤ ਰੱਖਣ ਤੇ ਸੜ ਮਰਨ ਦਾ ਐਲਾਨ ਕੀਤਾ

27 ਅਕਤੂਬਰ 1969 ਦੇ ਦਿਨ, 74 ਦਿਨ ਦੇ ਮਰਨ ਵਰਤ ਮਗਰੋਂ, ਜਥੇਦਾਰ ਦਰਸ਼ਨ ਸਿੰਘ ਫੇਰੁਮਾਨ ਦੀ 'ਸ਼ਹੀਦੀ' ਨੇ ਫਤਹਿ ਸਿਘ ਨੂੰ ਦਾਗ਼ੀ ਬਣਾ ਦਿੱਤਾ ਸੀ। ਫਤਹਿ ਸਿੰਘ ਵਲੋਂ 1960, 1965 ਅਤੇ 1966 ਵਿਚ, ਤਿੰਨ ਵਾਰ ਪੂਰਾ ਕੀਤੇ ਬਿਨਾਂ ਵਰਤ ਛੱਡਣ ਦੀ ਗੱਲ ਨੂੰ ਹਰ ਪਾਸੇ ਨਿੰਦਿਆ ਜਾ ਰਿਹਾ ਸੀ।ਆਪਣੀ ਇੱਜ਼ਤ ਬਚਾਉਣ ਫਤਹਿ ਸਿੰਘ ਨੇ ਹੁਣ ਇਕ ਵਾਰ ਫਿਰ ਮਰਨ ਵਰਤ ਦਾ ਐਲਾਨ ਕਰ ਦਿੱਤਾ। 24 ਨਵੰਬਰ 1969 ਨੂੰ ਫਤਹਿ ਸਿੰਘ ਨੇ ਖ਼ਾਤਿਰ ਐਲਾਨ ਕੀਤਾ ਕਿ ਜੇ ਚੰਡੀਗੜ੍ਹ ਪੰਜਾਬ ਨੂੰ ਨਾ ਮਿਲਿਆ ਤਾਂ ਉਹ 27 ਜਨਵਰੀ 1970 ਨੂੰ ਮਰਨ ਵਰਤ ਰੱਖ ਕੇ ਇਕ ਫਰਵਰੀ 1970 ਨੂੰ ਆਪਣੇ ਆਪ ਨੂੰ ਸਾੜ ਲਵੇਗਾ। 26 ਜਨਵਰੀ 1970 ਨੂੰ ਫਤਹਿ ਸਿੰਘ ਨੇ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ। ਇਸ ਵੇਲੇ ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਸੀ; ਗੁਰਨਾਮ ਸਿੰਘ ਚੀਫ਼ ਮਨਿਸਟਰ ਸੀ; ਉਸ ਨੇ ਇੰਦਰਾ ਗਾਂਧੀ ਸੌਦੇਬਾਜ਼ੀ ਕਰਨੀ ਸ਼ੁਰੂ ਕਰ ਦਿਤੀ।ਅਖ਼ੀਰ 29 ਜਨਵਰੀ ਨੂੰ ਇੰਦਰਾ ਗਾਂਧੀ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਐਲਾਨ ਕਰ ਦਿੱਤਾ। ਇਸ ਐਲਾਨ ਅਨੁਸਾਰ: ਚੰਡੀਗੜ੍ਹ (ਕੁਝ ਪਿੰਡ ਛੱਡ ਕੇ) ਪੰਜਾਬ ਨੂੰ ਦਿੱਤਾ ਜਾਣਾ ਸੀ ਅਤੇ ਬਦਲੇ ਵਿਚ ਫ਼ਾਜ਼ਿਲਕਾ ਤੇ ਅਬੋਹਰ ਦੀਆਂ ਤਹਿਸੀਲਾਂ 'ਚੋਂ ਕਈ ਪਿੰਡ ਹਰਿਆਣੇ ਨੂੰ ਮਿਲਣੇ ਸੀ; ਯਾਨਿ ਚੰਡੀਗੜ੍ਹ ਦੇ 34 ਵਰਗ ਮੀਲ ਦੀ ਜਗਹ 55000 ਏਕੜ ਜ਼ਮੀਨ ਹਰਿਆਣੇ ਨੂੰ ਮਿਲਣੀ ਸੀ। ਇਨ੍ਹਾਂ ਇਲਾਕਿਆਂ ਦੇ ਨਾਲ ਇਕ ਫਰਲਾਂਗ ਦੀ ਪੱਟੀ ਵੀ ਪੰਜਾਬ ਚੋਂ ਮਿਲਣੀ ਸੀ। ਇਸ ਤੋਂ ਬਿਨਾਂ 10 ਕਰੋੜ ਰੁਪੈ ਮਦਦ ਤੇ 10 ਕਰੋੜ ਰੁਪੈ ਕਰਜ਼ਾ ਵੀ ਹਰਿਆਣੇ ਨੂੰ ਮਿਲਣਾ ਸੀ। ਹਰਿਆਣਾ ਤੇ ਪੰਜਾਬ ਦੀ ਹਦਬੰਦੀ ਦੇ ਝਗੜਿਆਂ ਵਾਸਤੇ ਇਕ ਕਮਿਸ਼ਨ ਬਣਾਉਣਾ ਵੀ ਮੰਨ ਲਿਆ ਗਿਆ। ਚੰਡੀਗੜ੍ਹ ਪੰਜਾਬ ਨੂੰ 5 ਸਾਲ ਮਗਰੋਂ 29 ਜਨਵਰੀ 1975 ਦੇ ਦਿਨ ਮਿਲਣਾ ਸੀ (ਜੋ ਅੱਜ 36 ਸਾਲ ਮਗਰੋਂ ਵੀ ਨਹੀਂ ਮਿਲਿਆ)।

1979: ਦਲ ਖਾਲਸਾ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੱਲੋਂ ਮੇਰਠ ਗੁਰਦੁਆਰਾ ਖੁਲ੍ਹਵਾਉਣ ਵਾਸਤੇ ਮੋਰਚੇ ਦਾ ਐਲਾਨ

ਸੈਂਟਰ ਵਿਚ ਅਕਾਲੀ ਪਾਰਟੀ ਦੀ ਸਰਕਾਰ ਵਿਚ ਸ਼ਮੂਲੀਅਤ ਹੋਣ ਦੇ ਬਾਵਜੂਦ ਯੂ.ਪੀ. ਪੁਲੀਸ ਨੇ ਇਕ ਬਹਾਨਾ ਲਾ ਕੇ 28 ਅਕਤੂਬਰ 1979 ਨੂੰ ਮੇਰਠ ਗੁਰਦਵਾਰੇ ਉੱਤੇ ਕਬਜ਼ਾ ਕਰ ਲਿਆ। ਸਿੱਖ ਸਟੂਡੈਂਟਸ, ਦਲ ਖਾਲਸਾ ਅਤੇ ਡਾਕਟਰ ਰਾਜਿੰਦਰ ਕੌਰ ਨੇ ਇਸ ਮਸਲੇ 'ਤੇ 24 ਨਵੰਬਰ 1979 ਤੋਂ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ (ਪਰ ਅਕਾਲੀ ਦਲ ਨੇ ਕੁਝ ਨਾ ਕੀਤਾ; ਉਂਵ ਅਜੇ ਵੀ ਅਕਾਲੀ ਦਲ ਆਪਣੇ ਆਪ ਨੂੰ ਪੰਥਕ ਹਿਤਾਂ ਦਾ ਪਹਿਰੇਦਾਰ ਕਹਿੰਦਾ ਸੀ)।

1988: ਬਲਜੀਤ ਸਿੰਘ ਬਬਰ ਰੰਗੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

24 ਨਵੰਬਰ 1988 ਦੇ ਦਿਨ ਪੰਜਾਬ ਪੁਲੀਸ ਨੇ ਬਲਜੀਤ ਸਿੰਘ ਬਬਰ (ਪੁੱਤਰ ਹਮੀਰ ਸਿੰਘ, ਵਾਸੀ ਰੰਗੀਆਂ, ਨੇੜੇ ਰਾਜਪੁਰਾ, ਪਟਿਆਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਬਲਦੇਵ ਸਿੰਘ ਬਾਊ ਅਬਦੁਲ ਸੋਹੀ ਤੇ ਬਲਜੀਤ ਸਿੰਘ ਦਾਬਾਂ ਵਾਲੀ ਨਕਲੀ ਮੁਕਾਬਲੇ ਵਿਚ ਸ਼ਹੀਦ

24 ਨਵੰਬਰ 1989 ਦੇ ਦਿਨ ਪੰਜਾਬ ਪੁਲੀਸ ਨੇ ਬਲਦੇਵ ਸਿੰਘ ਬਾਊ (ਵਾਸੀ ਅਬਦੁਲ ਸੋਹੀ) ਤੇ ਬਲਜੀਤ ਸਿੰਘ (ਵਾਸੀ ਦਾਬਾਂ ਵਾਲੀ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਜੀਵਨ ਸਿੰਘ ਮਲੂਕਾ ਤੇ ਅਵਤਾਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

24 ਨਵੰਬਰ 1992 ਦੇ ਦਿਨ ਪੰਜਾਬ ਪੁਲੀਸ ਨੇ ਜੀਵਨ ਸਿੰਘ (ਵਾਸੀ ਮਲੂਕਾ, ਜ਼ਿਲ੍ਹਾ ਬਠਿੰਡਾ) ਤੇ ਅਵਤਾਰ ਸਿੰਘ ਉਰਫ਼ ਸੋਢੀ ਨੂੰ ਨਕਲੀ ਮੁਕਾਬਲੇ 'ਚ ਸ਼ਹੀਦ ਕਰ ਦਿੱਤਾ।

25 ਨਵੰਬਰ

1888: ਆਰੀਆ ਸਮਾਜ ਦੇ ਗੁਰੂ ਦਤ ਨੇ ਲਾਹੌਰ ਵਿਚ ਗੁਰੂਆਂ ਬਾਰੇ ਘਟੀਆ ਬੋਲੀ ਵਰਤੀ; ਜਵਾਹਰ ਸਿੰਘ ਕਪੂਰ, ਗਿਆਨੀ ਦਿੱਤ ਸਿੰਘ, ਮਣੀਆ ਸਿੰਘ ਤੇ ਹੋਰਾਂ ਨੇ ਆਰੀਆ ਸਮਾਜ ਤੋਂ ਅਸਤੀਫ਼ੇ ਦਿੱਤੇ

1875 ਵਿਚ ਇਕ ਹਿੰਦੂ ਸਾਧੂ ਦਯਾਨੰਦ ਨੇ ਬੰਬਈ (ਹੁਣ ਮੁੰਬਈ) ਵਿਚ ਆਰੀਆ ਸਮਾਜ ਦੀ ਨੀਂਹ ਰਖੀ ਸੀ। ਉਹ ਅਪਰੈਲ 1877 ਵਿਚ ਪੰਜਾਬ ਵੀ ਆਇਆ। ਜੂਨ ਵਿਚ ਲਾਹੌਰ ਵਿਚ ਵੀ ਦਯਾਨੰਦ ਦੀ ਬਰਾਂਚ ਬਣ ਗਈ। ਅਗਲੇ ਸਾਲ ਤਕ ਅੰਮ੍ਰਿਤਸਰ, ਰਾਵਲਪਿੰਡੀ, ਮੁਲਤਾਨ, ਗੁਜਰਾਂਵਾਲਾ, ਗੁਰਦਾਸਪੁਰ, ਫ਼ੀਰੋਜ਼ਪੁਰ, ਜਿਹਲਮ, ਵਜ਼ੀਰਾਬਾਦ ਵਗੈਰਾ ਵਿਚ ਵੀ ਇਸ ਦੀਆਂ ਬਰਾਂਚਾਂ ਕਾਇਮ ਹੋ ਗਈਆਂ। ਭਾਵੇਂ ਸਿੰਘ ਸਭਾ ਲਹਿਰ ਸ਼ੁਰੂ ਹੋ ਚੁਕੀ ਸੀ ਪਰ ਫਿਰ ਵੀ ਆਰੀਆ ਸਮਾਜ ਦੇ ਐਲਾਨੇ ਗਏ ਨਿਸ਼ਾਨਿਆਂ ਨੂੰ ਵੇਖ ਕੇ ਕਈ ਸਿੱਖ ਵੀ ਇਸ ਦੇ ਮੈਂਬਰ ਬਣ ਗਏ। ਇਨ੍ਹਾਂ ਵਿਚੋਂ ਇਕ, ਜਵਾਹਰ ਸਿੰਘ ਕਪੂਰ, ਆਰੀਆ ਸਮਾਜ ਦੇ ਸਕੱਤਰ ਵੀ ਬਣਾ ਦਿਤੇ ਗਏ ਤੇ ਉਨ੍ਹਾਂ ਨੇ ਬਹੁਤ ਮਿਹਨਤ ਨਾਲ ਇਸ ਜਥੇਬੰਦੀ ਵਾਸਤੇ ਵਧ-ਚੜ੍ਹ ਕੇ ਕੰਮ ਕੀਤਾ।

ਕੁਝ ਚਿਰ ਬਾਅਦ ਸਾਧੂ ਦਯਾ ਨੰਦ ਦੀ ਕਿਤਾਬ "ਸਤਿਆਰਥ ਪ੍ਰਕਾਸ਼" ਵੀ ਛਾਪ ਕੇ ਆ ਗਈ। ਇਸ ਕਿਤਾਬ ਵਿਚ ਗੁਰੂ ਨਾਨਕ ਸਾਹਿਬ ਅਤੇ ਦੂਜੇ ਧਰਮਾਂ ਦੇ ਮੋਢੀਆਂ, ਆਗੂਆਂ ਤੇ ਪ੍ਰਚਾਰਕਾਂ ਦੇ ਖ਼ਿਲਾਫ਼ ਘਟੀਆਂ ਲਫ਼ਜ਼ ਲਿਖੇ ਹੋਏ ਸਨ। ਜਦੋਂ ਸਿੱਖਾਂ ਹੀ ਨਹੀਂ ਬਲਕਿ ਕੁਝ ਸਿਆਣੇ ਹਿੰਦੂਆਂ ਨੇ ਉਸ ਦਾ ਧਿਆਨ ਇਸ ਪਾਸੇ ਵਲ ਦਿਵਾਇਆ ਤਾਂ ਉਸ ਨੇ ਵਾਅਦਾ ਕੀਤਾ ਕਿ ਅਗਲੀ ਐਡੀਸ਼ਨ ਇਸ ਨੂੰ ਸੋਧ ਕੇ ਛਾਪੀ ਜਾਵੇਗੀ। ਪਰ ਦਯਾ ਨੰਦ 1883 ਵਿਚ ਮਰ ਗਿਆ। ਉਸ ਦੇ ਮਗਰੋਂ ਤਾਂ ਕੱਟੜ ਫ਼ਿਰਕੂ ਆਰੀਆ ਸਮਾਜੀ ਅੰਸਰ ਨੇ ਇਸ ਵਿਚ ਸੋਧ ਕਰਨ ਤੋਂ ਨਾਂਹ ਕਰ ਦਿਤੀ। ਇਨ੍ਹਾਂ ਦਿਨਾਂ ਵਿਚ ਹੀ **25 ਨਵੰਬਰ 1888** ਦੇ ਦਿਨ ਇਕ ਬ੍ਰਾਹਮਣ ਗੁਰੂ ਦੱਤ ਨੇ ਸਰਕਾਰੀ ਕਾਲਜ ਲਾਹੌਰ ਵਿਚ ਇਕ ਇਕੱਠ ਲੈਕਚਰ ਕਰਦਿਆਂ ਗੁਰੂ ਸਾਹਿਬਾਨ ਦੇ ਖ਼ਿਲਾਫ਼ ਘਟੀਆ ਬੋਲੀ ਵਰਤੀ ਸੀ। ਇਸ ਵੇਲੇ ਤਕ ਜਵਾਹਰ ਸਿੰਘ ਕਪੂਰ ਆਰੀਆ ਸਮਾਜ ਦੇ ਸਕੱਤਰ ਸਨ। ਦਯਾ ਨੰਦ ਵੱਲੋਂ ਕੀਤੇ ਵਾਅਦੇ ਮੁਤਾਬਿਕ ਸਤਿਆਰਥ ਪ੍ਰਕਾਸ਼ ਵਿਚਲੀ ਘਟੀਆ ਲੱਫ਼ਾਜ਼ੀ ਵੀ ਤਬਦੀਲ ਨਹੀਂ ਹੋਈ ਸੀ। ਇਸ 'ਤੇ ਪ੍ਰੋਟੈਸਟ ਵਜੋਂ ਜਵਾਹਰ ਸਿੰਘ ਕਪੂਰ ਨੇ ਆਰੀਆ ਸਮਾਜ ਤੋਂ ਅਸਤੀਫ਼ਾ ਦੇ ਦਿਤਾ; ਉਨ੍ਹਾਂ ਦੇ ਨਾਲ ਹੀ ਦਿੱਤ ਸਿੰਘ, ਮਣੀਆ ਸਿੰਘ ਨੇ ਵੀ ਅਸਤੀਫ਼ੇ ਦਿੱਤੇ ਅਤੇ ਸਿੰਘ ਸਭਾ ਲਹਿਰ ਵਿਚ ਸ਼ਾਮਿਲ ਹੋ ਗਏ। ਇਸ ਮਗਰੋਂ ਕੋਈ ਵੀ ਸੱਚਾ ਸਿੱਖ ਆਰੀਆ ਸਮਾਜ ਦੇ ਨਾਲ ਨਾ ਰਿਹਾ।

1944: ਜੰਡਿਆਲਾ (ਜਲੰਧਰ) ਵਿਚ ਲਾਸਾਨੀ ਅਕਾਲੀ ਕਾਨਫ਼ਰੰਸ ਹੋਈ

24 ਨਵੰਬਰ 1944 ਦੇ ਦਿਨ ਦਿੱਲੀ ਵਿਚ ਦੋ ਸੀਨੀਅਰ ਸਿੱਖ ਆਗੂ ਪਾਕਿਸਤਾਨ ਲਹਿਰ ਦੇ ਆਗੂ ਮੋਹਮਮਦ ਅਲੀ ਜਿਨਾਹ ਨੂੰ ਮਿਲੇ। ਜਿਨਾਹ ਨੇ ਉਨ੍ਹਾਂ ਨੂੰ ਸਾਫ਼ ਕਿਹਾ ਕਿ **'ਤੁਸੀਂ ਕਬੂਲ ਕਰੋ ਜਾਂ ਨਾ ਪਾਕਿਸਤਾਨ ਤਾਂ ਬਣ ਹੀ ਰਿਹਾ ਹੈ ਤੇ ਦੁਨੀਆਂ ਦੀ ਕੋਈ ਤਾਕਤ ਇਸ ਨੂੰ ਰੋਕ ਨਹੀਂ ਸਕਦੀ। ਪਰ ਸਿੱਖ ਪਾਕਿਸਤਾਨ ਦੀ ਮੁਖ਼ਾਲਫ਼ਤ ਕਰਨ ਦੀ**

ਥਾਂ ਸਿੱਖਸਤਾਨ ਕਿਉਂ ਨਹੀਂ ਮੰਗਦੇ?' ਇਸ ਹਾਲਤ ਵਿਚ 25 ਨਵੰਬਰ ਦੇ ਦਿਨ ਅਕਾਲੀ ਸਿਲਵਰ ਜੁਬਲੀ ਕਾਨਫ਼ਰੰਸ ਜੰਡਿਆਲਾ (ਜਲੰਧਰ) ਵਿਚ ਹੋਈ ਜਿਸ ਵਿਚ 2 ਲੱਖ ਲੋਕਾਂ ਨੇ ਸਿਆਸੀ ਕੈਦੀਆਂ ਦੀ ਰਿਹਾਈ ਤੇ 'ਫ਼ਿਰਕੂ ਗ਼ਲਬੇ ਹੇਠਾਂ ਨਹੀਂ ਰਹਿਣਗੇ' ਦਾ ਮਤਾ ਪਾਸ ਕੀਤਾ; ਪਰ ਆਜ਼ਾਦ ਸਿੱਖ ਮੁਲਕ ਦੀ ਗੱਲ ਫੇਰ ਵੀ ਨਾ ਕੀਤੀ।

1967: ਲਛਮਣ ਸਿੰਘ ਗਿੱਲ ਪੰਜਾਬ ਦਾ ਮੁਖ ਮੰਤਰੀ ਬਣਿਆ

ਪੰਜਾਬੀ ਸੂਬਾ ਬਣਨ ਤੋਂ ਤਿੰਨ ਮਹੀਨੇ ਮਗਰੋਂ ਫ਼ਰਵਰੀ 1967 ਵਿਚ ਨਵੇਂ ਪੰਜਾਬ ਦੀ ਅਸੈਂਬਲੀ ਤੇ ਭਾਰਤੀ ਪਾਰਲੀਮੈਂਟ ਦੀਆਂ ਚੋਣਾਂ ਹੋਈਆਂ ਜਿਨਾਂ ਵਿਚ ਦੋਹਾਂ ਅਕਾਲੀ ਦਲਾਂ ਨੇ 24.69% ਅਤੇ ਕਾਂਗਰਸ ਨੇ 37.46% ਵੋਟਾਂ ਹਾਸਿਲ ਕੀਤੀਆਂ। ਚੋਣਾਂ ਵਿਚ ਕਾਂਗਰਸ ਦੇ 48, ਅਕਾਲੀ ਦਲ 26 (ਫਤਹਿ ਸਿੰਘ 24, ਮਾਸਟਰ 2), ਸੀ. ਪੀ. ਆਈ. 5, ਸੀ. ਪੀ. ਐਮ. 3, ਜਨਸੰਘ 9, ਪੀ. ਐਸ. ਪੀ. 1, ਐਸ. ਐਸ. ਪੀ 3 ਤੇ ਆਜ਼ਾਦ 9 ਕਾਮਯਾਬ ਹੋਏ। 8 ਮਾਰਚ 1967 ਨੂੰ ਪੰਜਾਬ ਵਿਚ ਅਕਾਲੀ ਦਲ ਦੀ ਅਗਵਾਈ ਵਿਚ ਸਾਂਝੇ ਮੋਰਚੇ ਦੀ ਵਜ਼ਾਰਤ ਕਾਇਮ ਹੋ ਗਈ। ਗੁਰਨਾਮ ਸਿੰਘ ਵਜ਼ਾਰਤ ਵਿਚ ਲਛਮਣ ਸਿੰਘ ਗਿੱਲ, ਰਜਿੰਦਰ ਸਿੰਘ ਸਪੈਰੋ, ਡਾਕਟਰ ਬਲਦੇਵ ਪ੍ਰਕਾਸ਼, ਪਿਆਰਾ ਰਾਮ ਪੈਨੋਵਾਲੀ ਪਹਿਲੇ ਵਜ਼ੀਰ ਬਣੇ। ਭਾਵੇਂ ਪੰਜਾਬ ਪੰਜਾਬੀ ਬੋਲੀ ਦਾ ਸੂਬਾ ਬਣਿਆ ਸੀ ਪਰ ਅਜੇ ਵੀ ਪੰਜਾਬ ਵਿਚ ਪੰਜਾਬੀ ਲਾਗੂ ਨਹੀਂ ਸੀ; ਜਨਸੰਘ (ਹੁਣ ਭਾਜਪਾ) ਪੰਜਾਬੀ ਦੀ ਦੁਸ਼ਮਣ ਸੀ ਤੇ ਪੰਜਾਬੀ ਲਾਗੂ ਕਰਨ ਦੇ ਖ਼ਿਲਾਫ਼ ਸੀ।23 ਮਈ 1967 ਨੂੰ ਹਰਚਰਨ ਸਿੰਘ ਹੁਡਿਆਰਾ ਅਤੇ ਹਜ਼ਾਰਾ ਸਿੰਘ ਗਿੱਲ ਨੇ ਪੰਜਾਬੀ ਨੂੰ ਸਕਤਰੇਤ ਪੱਧਰ ਤਕ ਲਾਗੂ ਕਰਨ ਅਤੇ ਸਿਖਿਆ ਦਾ ਮਾਧਿਅਮ ਬਣਾਉਣ ਦੇ ਸਵਾਲ 'ਤੇ ਅਕਾਲੀ ਦਲ ਛੱਡਣ ਦੀ ਧਮਕੀ ਦਿੱਤੀ। 13 ਅਗਸਤ 1967 ਨੂੰ ਲਛਮਣ ਸਿੰਘ ਗਿੱਲ ਨੇ ਐਲਾਨ ਕੀਤਾ ਕਿ ਅਗਲੇ ਸੈਸ਼ਨ ਵਿਚ ਪੰਜਾਬੀ ਨੂੰ ਦਫ਼ਤਰੀ ਬੋਲੀ ਬਣਾਉਣ ਸਬੰਧੀ ਬਿਲ ਪੇਸ਼ ਹੋਵੇਗਾ ਪਰ ਜਨਸੰਘ ਨੇ ਇਹ ਨਾ ਹੋਣ ਦਿੱਤਾ। 4 ਨਵੰਬਰ 1967 ਨੂੰ ਲਛਮਣ ਸਿੰਘ ਨੇ ਫਿਰ ਐਲਾਨ ਕੀਤਾ ਕਿ ਪਹਿਲੀ ਜਨਵਰੀ 1968 ਤਕ ਪੰਜਾਬ ਪੂਰੀ ਤਰ੍ਹਾਂ ਸਰਕਾਰੀ ਪੱਧਰ 'ਤੇ ਲਾਗੂ ਕਰ ਦਿੱਤੀ ਜਾਵੇਗੀ। ਜਨਸੰਘ ਪਾਰਟੀ ਇਸ ਗੱਲ ਦੀ ਮੁਖ਼ਾਲਫ਼ਤ ਕਰ ਰਹੀ ਸੀ। ਇਸੇ ਤਰ੍ਹਾਂ ਫਤਹਿ ਸਿੰਘ ਨੇ ਵੀ ਸੀ.ਪੀ.ਆਈ. ਦੀ ਆਗੂ ਬਿਮਲਾ ਡਾਂਗ ਵਿਰੁਧ ਇਕ ਬਿਆਨ ਦਿੱਤਾ ਅਤੇ ਅਕਾਲੀਆਂ ਤੇ ਕਮਿਊਨਿਸਟਾਂ ਵਿਚ ਖੜਕ ਪਈ। ਤੀਜੇ ਪਾਸੇ ਲਛਮਣ ਸਿੰਘ ਗਿੱਲ ਕਾਰਨ ਹੀ ਫਤਹਿ ਸਿੰਘ ਦਾ ਅਕਾਲੀ ਦਲ ਬਣਿਆ ਸੀ ਪਰ ਗੁਰਨਾਮ ਸਿੰਘ, ਲਛਮਣ ਸਿੰਘ ਗਿੱਲ ਦੀਆਂ ਗੱਲਾਂ ਮੰਨਣ ਲਈ ਤਿਆਰ ਨਹੀਂ ਸੀ ਹੁੰਦਾ। ਅਖ਼ੀਰ ਉਹ (ਗਿੱਲ) 16 ਮੈਂਬਰਾਂ ਨੂੰ ਨਾਲ ਲੈ ਕੇ 'ਜਨਤਾ ਪਾਰਟੀ' ਬਣ ਲਈ ਅਤੇ ਫਤਹਿ ਸਿੰਘ ਤੋਂ ਬਾਗੀ ਹੋ ਗਿਆ। ਇਸ ਨਾਲ ਸਾਂਝੇ ਮੋਰਚੇ ਦੀ ਸਰਕਾਰ ਘਟ ਗਿਣਤੀ ਵਿਚ ਹੋ ਗਈ। 22 ਨਵੰਬਰ ਨੂੰ ਸਾਂਝੇ ਮੋਰਚੇ ਦੀ ਸਰਕਾਰ ਨੇ ਅਸਤੀਫ਼ਾ ਦੇ ਦਿੱਤਾ। ਉਧਰ ਕਾਂਗਰਸ ਨੇ ਲਛਮਣ ਸਿੰਘ ਦੀ ਹਿਮਾਇਤ ਕਰਨ ਦਾ ਐਲਾਨ ਕਰ ਦਿੱਤਾ।ਲਛਮਣ ਸਿੰਘ ਵਜ਼ਾਰਤ ਬਨਾਉਣ ਵਿਚ ਕਾਮਯਾਬ ਹੋ ਗਿਆ। ਗਿੱਲ ਨੇ 25 ਨਵੰਬਰ 1967 ਦੇ ਦਿਨ ਚੀਫ਼ ਮਨਿਸਟਰੀ ਦਾ ਹਲਫ਼ ਲੈ ਲਿਆ।

1990: ਕੁਲਦੀਪ ਸਿੰਘ ਰਾਮਸਿੰਘਵਾਲਾ ਤੇ ਬੀਰ ਸਿੰਘ ਚਾਟੀਵਿੰਡ ਮੁਕਾਬਲੇ ਵਿਚ ਸ਼ਹੀਦ

25 ਨਵੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਕੁਲਦੀਪ ਸਿੰਘ (ਪੁੱਤਰ ਪੂਰਨ ਸਿੰਘ, ਵਾਸੀ ਰਾਮਸਿੰਘਵਾਲਾ) ਤੇ ਬੀਰ ਸਿੰਘ (ਪੁੱਤਰ ਸੁਰਬਖ਼ਸ਼ ਸਿੰਘ, ਵਾਸੀ ਚਾਟੀਵਿੰਡ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਰਣਜੀਤ ਸਿੰਘ ਗੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

25 ਨਵੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਰਣਜੀਤ ਸਿੰਘ (ਪੁੱਤਰ ਲਾਲ ਸਿੰਘ, ਵਾਸੀ ਪਿੰਡ ਗੁਰਾ, ਜ਼ਿਲ੍ਹਾ ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਅਮਰਜੀਤ ਸਿੰਘ ਕੈਰੋਂ ਤੇ ਬਲਦੇਵ ਸਿੰਘ ਕੈਰੋਂ ਨਕਲੀ ਮੁਕਾਬਲੇ ਵਿਚ ਸ਼ਹੀਦ

25 ਨਵੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਅਮਰਜੀਤ ਸਿੰਘ (ਪੁੱਤਰ ਹਰਬੰਸ ਸਿੰਘ) ਤੇ ਬਲਦੇਵ ਸਿੰਘ (ਪੁੱਤਰ ਜਗੀਰ ਸਿੰਘ), ਦੋਵੇਂ ਵਾਸੀ ਕੈਰੋਂ (ਹੁਣ ਜ਼ਿਲ੍ਹਾ ਤਰਨਤਾਰਨ), ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਸਤਨਾਮ ਸਿੰਘ ਹਰਸਾ ਛੀਨਾ ਨਕਲੀ ਮੁਕਾਬਲੇ ਵਿਚ ਸ਼ਹੀਦ

25 ਨਵੰਬਰ 1993 ਦੇ ਦਿਨ ਪੰਜਾਬ ਪੁਲਸ ਨੇ ਸਤਨਾਮ ਸਿੰਘ (ਪੁੱਤਰ ਦਲੀਪ ਸਿੰਘ, ਵਾਸੀ ਹਰਸਾ ਛੀਨਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2011: ਖਾਲਸਾ ਹੈਰੀਟੇਜ ਕੰਪਲੈਕਸ ਦਾ ਉਦਘਾਟਨ: ਅਜਾਇਬ ਘਰ ਵਿਚ ਸਿੱਖ ਧਰਮ ਦੇ ਖ਼ਿਲਾਫ਼ ਸਾਜ਼ਿਸ਼ ਪਰਗਟ ਹੋਈ

1999 ਵਿਚ ਐਲਾਨੇ, ਅਨੰਦਪੁਰ ਸਾਹਿਬ ਦੇ 'ਖਾਲਸਾ ਹੈਰੀਟੇਜ ਕੰਪਲੈਕਸ' ਦਾ ਉਦਘਾਟਨ 25 ਨਵੰਬਰ 2011 ਦੇ ਦਿਨ ਕੀਤਾ ਗਿਆ। ਇਸ ਵਿਚ ਸ਼ਾਮਿਲ ਹੋਣ ਵਾਸਤੇ ਫ਼ਿਰਕੂ ਜਿੰਦੂ ਪਾਰਟੀ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਪ੍ਰਧਾਨ ਨਿਤਨ ਗਡਕਰੀ ਤੇ ਨਵਜੋਤ ਸਿੱਧੂ ਅਤੇ ਸਿੱਖ ਧਰਮ ਦੇ ਖ਼ਿਲਾਫ਼ ਊਲ ਜਲੂਲ ਬੋਲਣ ਵਾਲੇ ਹਿੰਦੂ ਸਾਧੂਆਂ ਨੂੰ ਸੱਦਾ ਦਿੱਤਾ ਗਿਆ। ਇਨ੍ਹਾਂ ਵਿਚ ਰਵੀ ਸ਼ੰਕਰ (ਜੋ ਅਪਣੇ ਨਾਂ ਦੇ ਅੱਗੇ 'ਸ੍ਰੀ ਸ੍ਰੀ' ਲਾਉਂਦਾ ਸੀ) ਅਤੇ ਬਦਨਾਮ ਆਸਾ ਰਾਮ (ਜੋ ਆਪਣੇ ਨਾਂ ਦੇ ਪਿੱਛੇ ਬਾਪੂ ਲਿਖਦਾ ਸੀ ਅਤੇ ਅਗਸਤ 2013 ਵਿਚ ਇਕ ਨਾਬਾਲਗ ਕੁੜੀ ਦੇ ਰੇਪ ਵਿਚ ਗ੍ਰਿਫ਼ਤਾਰ ਕੀਤਾ ਗਿਆ) ਨੂੰ ਵੀ ਬੁਲਾਇਆ ਗਿਆ। ਇਸ ਕੰਪਲੈਕਸ ਵਿਚ ਬਣਾਏ ਮਿਊਜ਼ਮ ਵਿਚ ਸਿੱਖ ਤਵਾਰੀਖ਼ ਅਤੇ ਸਿੱਖ ਸਿਧਾਂਤਾਂ ਦਾ ਬਹੁਤ ਮਜ਼ਾਕ ਉਡਾਇਆ ਹੋਇਆ ਸੀ। ਇਸ ਵਿਚ ਨਾ ਤਾਂ ਕੋਈ ਮਾਅਰਕੇ (ਅਖੌਤੀ ਅਠਵੇਂ ਅਜੂਬੇ) ਵਾਲੀ ਗੱਲ ਸੀ ਤੇ ਨਾ ਹੀ ਸਿੱਖੀ ਦੀ ਕੋਈ ਨਿਸ਼ਾਨੀ ਨਜ਼ਰ ਆਉਂਦੀ ਸੀ। ਹੋਰ ਤਾਂ ਹੋਰ ਇਸ ਵਿਚ ਮੁਸਲਿਮ ਗੁੱਗਾ ਪੀਰ, ਹੀਰ ਰਾਂਝੇ ਤੇ ਸੋਹਣੀ ਮਹੀਂਵਾਲ ਦੀਆਂ ਪੇਂਟਿੰਗਜ਼ ਨੂੰ ਸਿੱਖੀ ਦਾ ਵਿਰਸਾ ਦਸ ਕੇ ਸਿੱਖ ਧਰਮ ਦੀ ਤੌਹੀਨ ਕੀਤੀ ਹੋਈ ਸੀ।

26 ਨਵੰਬਰ

1709: ਬੰਦਾ ਸਿੰਘ ਦੀ ਅਗਵਾਈ ਵਿਚ ਸਿੱਖਾਂ ਦਾ ਸਮਾਣਾ 'ਤੇ ਕਬਜ਼ਾ ਹੋ ਗਿਆ

ਕਿਸੇ ਜ਼ਮਾਨੇ ਵਿਚ ਸਮਾਣਾ ਮਾਲਵਾ ਤੇ ਬਾਂਗਰ ਦੇਸ ਦੀ ਰਾਜਧਾਨੀ ਰਿਹਾ ਸੀ। 1360 ਵਿਚ ਫ਼ਿਰੋਜ਼ਸ਼ਾਹ ਤੁਗਲਕ ਨੇ ਸਮਾਣਾ ਦੀ ਥਾਂ ਨੂੰ ਰਾਜਧਾਨੀ ਬਣਾ ਦਿਤਾ ਤੇ ਸਮਾਣਾ ਨਗਰ ਦੀ ਅਹਮੀਅਤ ਘਟ ਗਈ। ਫਿਰ ਵੀ, 1709 ਵਿਚ ਵੀ, ਇਸ ਦੇ ਨੌਂ ਪਰਗਨੇ ਸਨ। ਅਜੇ ਵੀ ਬਹੁਤ ਸਾਰੇ ਅਮੀਰ-ਵਜ਼ੀਰ ਏਥੇ ਹੀ ਰਹਿੰਦੇ ਸਨ। ਅਜਿਹੇ ਲੋਕ ਸੈਂਕੜਿਆਂ ਦੀ ਗਿਣਤੀ ਵਿਚ ਸਨ। ਇਨ੍ਹਾਂ ਵਿਚੋਂ 22 ਉਮਰਾ (ਅਮੀਰ ਦਾ ਬਹੁ ਵਚਨ) ਤਾਂ ਉਹ ਸਨ ਜਿਨ੍ਹਾਂ ਨੂੰ ਨਿਜੀ ਪਾਲਕੀਆਂ ਵਿਚ ਆਉਣ-ਜਾਣ ਦਾ ਹੱਕ ਹਾਸਿਲ ਸੀ। ਇਨ੍ਹਾਂ ਸਾਰਿਆਂ ਦੀਆਂ ਹਵੇਲੀਆਂ ਕਿਲ੍ਹਿਆਂ ਵਰਗੀਆਂ ਸਨ। ਇੱਥੋਂ ਦਾ ਮੁਖ ਕਿਲ੍ਹਾ ਵੀ ਬੜਾ ਮਜ਼ਬੂਤ ਸੀ (ਇਸ ਕਿਲ੍ਹੇ ਦੀ ਕੰਧ ਦਾ ਇਕ ਹਿੱਸਾ ਅਜ ਵੀ ਮੌਜੂਦ ਹੈ)। ਉਦੋਂ ਸਮਾਣੇ ਦੇ ਇਸ ਵੱਡੇ ਕਿਲ੍ਹੇ ਵਿਚ

ਮੁਗ਼ਲ ਫ਼ੌਜਾਂ ਦੀ ਗਿਣਤੀ ਕੋਈ ਬਹੁਤੀ ਨਹੀਂ ਸੀ ਕਿਉਂਕਿ ਉੱਥੋਂ ਦੇ ਫ਼ੌਜਦਾਰ ਨੂੰ ਕਦੇ ਵੀ ਕਿਸੇ ਹਮਲੇ ਦੀ ਆਸ ਨਹੀਂ ਸੀ ਤੇ ਸਿੱਖਾਂ ਦਾ ਹਮਲਾ ਤਾਂ ਉਹ ਸੁਫ਼ਨੇ ਵਿਚ ਵੀ ਨਹੀਂ ਸੀ ਸੋਚ ਸਕਦਾ। ਸਮਾਣਾ ਦਾ ਸਿੱਖ ਤਵਾਰੀਖ਼ ਨਾਲ ਇਕ ਹੋਰ ਸਬੰਧ ਵੀ ਸੀ; 11 ਨਵੰਬਰ 1675 ਦੇ ਦਿਨ ਚਾਂਦਨੀ ਚੌਕ ਦਿੱਲੀ ਵਿਚ ਗੁਰੂ ਤੇਗ ਬਹਾਦਰ ਜੀ ਦਾ ਸਿਰ ਧੜ ਤੋਂ ਜੁਦਾ ਕਰਨ ਵਾਲਾ ਜੱਲਾਦ ਸੱਯਦ ਜਲਾਲੁੱਦੀਨ ਇੱਥੋਂ ਦਾ ਹੀ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਦੋਹਾਂ ਨਿੱਕੇ ਸਾਹਿਬਜ਼ਾਦਿਆਂ ਨੂੰ ਵੀ ਇਸੇ ਸ਼ਹਿਰ ਦੇ ਜੱਲਾਦਾਂ ਸਈਅਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਹੀ, 13 ਦਸੰਬਰ 1705 ਦੇ ਦਿਨ, ਕਤਲ ਕੀਤਾ ਸੀ। ਅਨੰਦਪੁਰ'ਚ 4 ਦਸੰਬਰ 1705 ਦੇ ਦਿਨ ਗੁਰੂ ਸਾਹਿਬ ਨੂੰ ਬਾਦਸ਼ਾਹ ਦੀ ਨਕਲੀ ਚਿੱਠੀ ਪਹੁੰਚਾਉਣ ਵਾਲਾ ਸੱਯਦ ਅਲੀ ਹੁਸੈਨ ਵੀ ਇੱਥੋਂ ਦਾ ਹੀ ਸੀ। ਸਿੱਖ ਇਸ ਨੂੰ "ਜੱਲਾਦਾਂ ਦਾ ਸ਼ਹਿਰ" ਆਖ ਕੇ ਚੇਤੇ ਕਰਦੇ ਸਨ। ਇਸ ਕਰ ਕੇ ਵੀ ਬੰਦਾ ਸਿੰਘ ਨੇ ਸਭ ਤੋਂ ਪਹਿਲਾਂ ਇਸੇ ਸ਼ਹਿਰ ਨੂੰ ਸੋਧਣ ਦਾ ਫ਼ੈਸਲਾ ਕੀਤਾ।

26 ਨਵੰਬਰ 1709 ਦੇ ਦਿਨ ਤੜਕਸਾਰ ਹੀ ਬਾਬਾ ਬੰਦਾ ਸਿੰਘ ਦੀ ਅਗਵਾਈ ਵਿਚ ਸਿੱਖ ਫ਼ੌਜਾਂ ਨੇ ਅਚਾਣਕ ਹੀ ਸਮਾਣੇ 'ਤੇ ਹਮਲਾ ਕਰ ਦਿਤਾ। ਸ਼ਹਿਰ ਦੇ ਮੁਗ਼ਲ ਹਾਕਮ ਉਸ ਵੇਲੇ ਬੇਖ਼ਬਰ ਸਨ। ਸਿੱਖਾਂ ਨੇ ਇੱਕੋ ਹੱਲੇ ਵਿਚ ਹੀ ਸ਼ਹਿਰ ਦਾ ਇਕ ਦਰਵਾਜ਼ਾ ਤੋੜ ਦਿਤਾ ਅਤੇ ਮੁਕਾਬਲਾ ਕਰਨ ਵਾਲੇ ਹਰ ਇਕ ਫ਼ੌਜੀ ਨੂੰ ਕਤਲ ਕਰਨਾ ਸ਼ੁਰੂ ਕਰ ਦਿਤਾ। ਮੁਗਲ ਫ਼ੌਜਾਂ ਨੇ ਕਾਫ਼ੀ ਮੁਕਾਬਲਾ ਕੀਤਾ ਪਰ ਕੁਝ ਹੀ ਘੰਟਿਆਂ ਵਿਚ ਨਗਰ ਅਤੇ ਇਸ ਦੇ ਕਿਲ੍ਹੇ 'ਤੇ ਸਿੱਖਾਂ ਦਾ ਕਬਜ਼ਾ ਹੋ ਚੁਕਾ ਸੀ। ਸਮਾਣੇ ਉੱਤੇ ਕਬਜ਼ਾ ਕਰਨ ਮਗਰੋਂ ਬੰਦਾ ਸਿੰਘ ਬਹਾਦਰ ਨੇ ਐਲਾਨ ਕੀਤਾ ਕਿਸੇ ਵੀ ਨਿਰਦੋਸ਼ ਬੰਦੇ ਨੂੰ ਕੁਝ ਨਹੀਂ ਕਿਹਾ ਜਾਵੇਗਾ ਅਤੇ ਸਿਰਫ਼ ਜ਼ਾਲਮ ਹਾਕਮਾਂ ਅਤੇ ਜੱਲਾਦਾਂ ਨੂੰ ਹੀ ਸਜ਼ਾ ਦਿਤੀ ਜਾਵੇਗੀ। ਮੁਕਾਮੀ ਲੋਕਾਂ ਵਿਚ ਬਹੁਤੇ ਆਮ ਮੁਸਲਮਾਨ ਕਿਸਾਨ ਹੀ ਸਨ ਜੋ ਜ਼ਮੀਨਾਂ ਦੇ ਮਾਲਕ ਨਹੀਂ ਸਨ ਬਲਕਿ ਮੁਜ਼ਾਰੇ ਸਨ। ਉਹ ਮੁਗ਼ਲ ਤੇ ਜੱਲਾਦ ਸੱਯਦ ਜਗੀਰਦਾਰਾਂ ਤੋਂ ਬਹੁਤ ਦੁਖੀ ਸਨ। ਇਸ ਕਰ ਕੇ ਉਨ੍ਹਾਂ ਨੂੰ ਜਗੀਰਦਾਰਾਂ ਤੇ ਅਮੀਰਾਂ ਨਾਲ ਕੋਈ ਹਮਦਰਦੀ ਨਹੀਂ ਸੀ। ਇਨ੍ਹਾਂ ਕਿਸਾਨਾਂ ਨੇ ਸਿੱਖ ਫ਼ੌਜਾਂ ਦਾ ਮੁਕਾਬਲਾ ਤਾਂ ਕੀ ਕਰਨਾ ਸੀ ਸਗੋਂ ਉਨ੍ਹਾਂ ਨੇ ਸਿੱਖਾਂ ਦਾ ਸਾਥ ਦਿੱਤਾ ਤੇ ਅਮੀਰਾਂ ਤੇ ਜ਼ਾਲਮਾਂ ਬਾਰੇ ਵਾਕਫ਼ੀ ਦਿੱਤੀ। ਇਨ੍ਹਾਂ ਤੋਂ ਵਾਕਫ਼ੀ ਹਾਸਿਲ ਕਰ ਕੇ ਸਿੱਖ ਫ਼ੌਜਾਂ ਨੇ ਅਮੀਰਾਂ, ਵਜ਼ੀਰਾਂ ਅਤੇ ਜੱਲਾਦਾਂ ਦੀਆਂ ਕਿਲ੍ਹਾ-ਨੁਮਾ ਹਵੇਲੀਆਂ ਤੇ ਘਰਾਂ ਦੀ ਨਿਸ਼ਾਨ-ਦੇਹੀ ਕੀਤੀ ਅਤੇ ਇਨ੍ਹਾਂ ਸਾਰਿਆਂ ਨੂੰ ਘੇਰਾ ਪਾ ਲਿਆ। ਉਨ੍ਹਾਂ ਨੇ ਆਪਣੀਆਂ ਹਵੇਲੀਆਂ ਅਤੇ ਕਿਲ੍ਹਿਆਂ ਵਿੱਚੋਂ ਸਿੱਖਾਂ 'ਤੇ ਗੋਲਾਬਾਰੀ ਕਰਨੀ ਤੇ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ। ਸਿੱਖ ਇਸ ਖ਼ਤਰਨਾਕ ਹਮਲੇ ਦੇ ਬਾਵਜੂਦ ਡਟੇ ਰਹੇ। ਅਖ਼ੀਰ ਮਜਬੂਰ ਹੋ ਕੇ ਸਿੱਖਾਂ ਨੇ ਇਨ੍ਹਾਂ ਕਿਲ੍ਹਾ-ਨੁਮਾ ਹਵੇਲੀਆਂ ਨੂੰ ਅੱਗ ਲਾ ਦਿੱਤੀ ਜਿਸ ਨਾਲ ਬਹੁਤ ਸਾਰੇ ਸੱਯਦ ਮੁਗ਼ਲ ਅੰਦਰ ਸੜ ਕੇ ਮਰ ਗਏ ਤੇ ਜਿਹੜੇ ਅੱਗ ਤੋਂ ਬਚਣ ਵਾਸਤੇ ਹਥਿਆਰ ਲੈ ਕੇ ਬਾਹਰ ਨਿਕਲੇ ਉਹ ਸਿੱਖ ਫ਼ੌਜਾਂ ਦੀਆਂ ਤਲਵਾਰਾਂ ਤੇ ਨੇਜ਼ਿਆਂ ਦਾ ਸ਼ਿਕਾਰ ਬਣ ਗਏ। ਤੜਕੇ ਤੋਂ ਲੈ ਕੇ ਸ਼ਾਮ ਤਕ ਸਮਾਣਾ ਦੀਆਂ ਗਲੀਆਂ ਵਿਚ ਜ਼ਬਰਦਸਤ ਲੜਾਈ ਚਲਦੀ ਰਹੀ। ਕਈ ਮੁਗ਼ਲ ਤੇ ਸੱਯਦ ਤਾਂ ਜਾਨ ਤੋੜ ਕੇ ਲੜੇ ਪਰ ਅਖ਼ੀਰ ਮਾਰੇ ਗਏ

ਅਜੇ ਸ਼ਾਮ ਪੂਰੀ ਤਰ੍ਹਾਂ ਢਲੀ ਨਹੀਂ ਸੀ ਕਿ ਸਿੱਖਾਂ ਦਾ ਟਾਕਰਾ ਕਰਨ ਵਾਲੇ ਸਾਰੇ ਮੁਗ਼ਲ ਤੇ ਸੱਯਦ ਖ਼ਤਮ ਹੋ ਚੁਕੇ ਸਨ ਜਾਂ ਸ਼ਹਿਰ 'ਚੋਂ ਦੌੜ ਚੁਕੇ ਸਨ। ਹੁਣ ਸ਼ਹਿਰ ਵਿਚ ਆਮ ਕਿਸਾਨਾਂ ਤੇ ਮਜ਼ਦੂਰਾਂ ਤੋਂ ਸਿਵਾ ਹਾਕਮ ਜਮਾਤ ਦੇ ਸਿਰਫ਼ ਬੱਚੇ, ਔਰਤਾਂ ਤੇ ਕੁਝ ਕੁ ਉਹ ਬੁੱਢੇ ਹੀ ਰਹਿ ਗਏ ਸਨ ਜਿਨ੍ਹਾਂ ਨੇ ਸਿੱਖਾਂ ਦਾ ਮੁਕਾਬਲਾ ਨਹੀਂ ਸੀ ਕੀਤਾ। ਸਿੱਖਾਂ ਨੇ ਕਿਸੇ ਵੀ ਔਰਤ, ਬੁੱਢੇ ਤੇ ਬੱਚੇ ਨੂੰ ਕੁਝ ਵੀ ਨਾ ਕਿਹਾ। ਸਿੱਖਾਂ ਨੇ ਤਾਂ ਕਿਸੇ ਮਸੀਤ 'ਤੇ ਵੀ ਹਮਲਾ ਨਹੀਂ ਸੀ ਕੀਤਾ ਕਿਉਂਕਿ ਸਿੱਖਾਂ ਦੀ ਇਹ ਲੜਾਈ ਇਸਲਾਮ ਦੇ ਖ਼ਿਲਾਫ਼ ਨਹੀਂ ਸੀ ਬਲਕਿ ਜ਼ੁਲਮ ਦੇ ਖ਼ਿਲਾਫ਼ ਸੀ। ਇਸ ਕਰ ਕੇ ਅੱਜ ਵੀ ਸਮਾਣਾ ਵਿਚ ਉਸ ਜ਼ਮਾਨੇ ਦੀਆਂ ਘਟ ਤੋਂ ਘਟ

ਦਰਜਨ ਮਸੀਤਾਂ, ਮਕਬਰੇ ਤੇ ਹੋਰ ਈਮਾਰਤਾਂ ਮੌਜੂਦ ਹਨ। ਰਾਤ ਪੈਣ ਤੋਂ ਪਹਿਲਾਂ ਸਮਾਣਾ ਸਿੱਖਾਂ ਦੇ ਕਬਜ਼ੇ ਵਿਚ ਆ ਚੁਕਾ ਸੀ। ਇਸ ਲੜਾਈ ਦੌਰਾਨ ਮਰਨ ਵਾਲਿਆਂ ਮੁਗ਼ਲਾਂ ਤੇ ਸੱਯਦਾਂ ਦੀ ਗਿਣਤੀ ਵੱਖ-ਵੱਖ ਸੋਮੇ ਪੰਜ ਤੋਂ ਦਸ ਹਜ਼ਾਰ ਤਕ ਲਿਖਦੇ ਹਨ। ਸਿਰਫ਼ ਮੌਤਾਂ ਹੀ ਨਹੀਂ ਬਲਕਿ ਸ਼ਹਿਰ ਦੀਆਂ ਬਹੁਤੀਆਂ ਹਵੇਲੀਆਂ ਸੜ ਕੇ ਸੁਆਹ ਹੋ ਚੁਕੀਆਂ ਸਨ। ਸਮਾਣਾ ਦੇ ਆਮ ਕਿਰਸਾਨ ਸੱਯਦਾਂ ਤੇ ਮੁਗ਼ਲ ਹਾਕਮਾਂ ਦੇ ਜ਼ੁਲਮਾਂ ਦਾ ਸਦੀਆਂ ਤੋਂ ਸ਼ਿਕਾਰ ਚਲੇ ਆ ਰਹੇ ਸਨ। ਇਸ ਕਰ ਕੇ ਇਸ ਮੌਕੇ 'ਤੇ ਮੁਸਲਮਾਨ ਮੁਜਾਰਿਆਂ ਨੇ ਵੀ ਸੱਯਦਾਂ, ਪਠਾਨਾਂ ਤੇ ਮੁਗ਼ਲਾਂ ਤੋਂ ਆਪਣੇ ਬਦਲੇ ਲਏ ਪਰ ਉਨ੍ਹਾਂ ਦਾ ਬਹੁਤਾ ਗੁੱਸਾ ਲੁੱਟ-ਮਾਰ ਕਰਨ ਤਕ ਹੀ ਸੀਮਤ ਸੀ। ਅਗਜ਼ਨੀ ਦੀਆਂ ਵਾਰਦਾਤਾਂ ਵਧੇਰੇ ਕਰ ਕੇ ਇਨ੍ਹਾਂ ਦੁਖੀ ਲੋਕਾਂ ਨੇ ਹੀ ਕੀਤੀਆਂ ਸਨ। ਸਮਾਣੇ 'ਤੇ ਕਬਜ਼ੇ ਦੌਰਾਨ ਸਿੱਖ ਫ਼ੌਜਾਂ ਨੂੰ ਹਥਿਆਰਾਂ ਦਾ ਵੱਡਾ ਖ਼ਜ਼ਾਨਾ, ਬਹੁਤ ਸਾਰਾ ਸੋਨਾ, ਹੀਰੇ, ਚਾਂਦੀ ਤੇ ਰੁਪੈ ਅਤੇ ਸੈਂਕੜੇ ਘੋੜੇ ਹਾਸਿਲ ਹੋਏ। ਹੁਣ ਸਿੱਖ ਫ਼ੌਜ ਕੋਲ ਕਾਫ਼ੀ ਅਸਲਾ ਤੇ ਘੋੜੇ ਆ ਚੁਕੇ ਸਨ ਅਤੇ ਉਹ ਕਿਸੇ ਵੀ ਵੱਡੀ ਫ਼ੌਜ ਨਾਲ ਟੱਕਰ ਦੀ ਹੈਸੀਅਤ ਵਿਚ ਸਨ। ਸਮਾਣੇ 'ਤੇ ਕਬਜ਼ੇ ਵਿਚ ਸਭ ਤੋਂ ਵਧ ਰੋਲ ਭਾਈ ਫ਼ਤਹਿ ਸਿੰਘ (ਭਾਈ ਭਗਤੂ ਪਰਵਾਰ 'ਚੋਂ) ਦਾ ਸੀ। ਬੰਦਾ ਸਿੰਘ ਨੇ ਭਾਈ ਫ਼ਤਹਿ ਸਿੰਘ ਨੂੰ ਸਮਾਣਾ ਦਾ ਸੂਬੇਦਾਰ ਤਾਇਨਾਤ ਕੀਤਾ ਅਤੇ ਕੁਝ ਫ਼ੌਜ ਉਸ ਵਾਸਤੇ ਰੀਜ਼ਰਵ ਕਰ ਕੇ ਅਗਲੇ ਐਕਸ਼ਨ ਦੀ ਤਿਆਰੀ ਸ਼ੁਰੂ ਕਰ ਦਿਤੀ।

1921: ਚਾਬੀਆਂ ਦਾ ਮੋਰਚਾ ਵਿਚ ਗ੍ਰਿਫ਼ਤਾਰੀਆਂ ਸ਼ੁਰੂ ਹੋਈਆਂ

19 ਅਕਤੂਬਰ 1921 ਨੂੰ ਸ਼੍ਰੋਮਣੀ ਕਮੇਟੀ ਨੇ ਪਾਸ ਕੀਤਾ ਸੀ ਕਿ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਸੁੰਦਰ ਸਿੰਘ ਰਾਮਗੜ੍ਹੀਆ ਤੋਂ ਲੈ ਕੇ ਨਵੇਂ ਪ੍ਰਧਾਨ ਖੜਕ ਸਿੰਘ ਨੂੰ ਦੇ ਦਿੱਤੀਆਂ ਜਾਣ। ਇਸ ਦੀ ਇਤਲਾਹ ਸੁੰਦਰ ਸਿੰਘ ਰਾਮਗੜ੍ਹੀਆ ਨੇ ਇਕ ਦਮ ਡੀ.ਸੀ. ਨੂੰ ਦੇ ਦਿੱਤੀ।7 ਨਵੰਬਰ 1921 ਦੇ ਦਿਨ ਬਾਅਦ ਦੁਪਹਿਰ ਤਿੰਨ ਵਜੇ ਲਾਲਾ ਅਮਰ ਨਾਥ ਈ.ਏ.ਸੀ. ਪੁਲੀਸ ਦੀ ਇਕ ਧਾੜ ਲੈ ਕੇ ਸੁੰਦਰ ਸਿੰਘ ਰਾਮਗੜ੍ਹੀਆਂ ਦੇ ਘਰ ਗਿਆ ਅਤੇ ਉਸ ਤੋਂ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਤੇ ਕੁਝ ਹੋਰ ਚਾਬੀਆਂ ਲੈ ਲਈਆਂ ਸਰਕਾਰ ਵੱਲੋਂ ਚਾਬੀਆਂ ਲੈਣ ਦੀ ਹਰਕਤ ਨਾਲ ਸਿੱਖਾਂ ਵਿਚ ਰੋਸ ਤੇ ਗੁੱਸੇ ਦੀ ਲਹਿਰ ਫੈਲ ਗਈ। 11 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੀ ਇਕ ਮੀਟਿੰਗ ਅਕਾਲ ਤਖ਼ਤ ਸਾਹਿਬ 'ਤੇ ਹੋਈ। ਮੀਟਿੰਗ ਨੇ ਹੇਠ ਲਿਖੇ ਮਤੇ ਪਾਸ ਕੀਤੇ: (1) ਸਰਕਾਰ ਨਾਲ ਨਾਮਿਲਵਰਤਣ ਕੀਤਾ ਜਾਏ (2) ਚਾਬੀਆਂ ਲੈਣ ਵਾਸਤੇ ਸਰਕਾਰ ਨਾਲ ਕੋਈ ਗੱਲਬਾਤ ਜਾਂ ਮੇਲ ਨਾ ਕੀਤਾ ਜਾਏ (3) ਪ੍ਰਿੰਸ ਆਫ਼ ਵੇਲਜ਼ ਦਾ ਅੰਮ੍ਰਿਤਸਰ ਆਉਣ 'ਤੇ ਬਾਈਕਾਟ ਕੀਤਾ ਜਾਏ ਤੇ ਕਿਸੇ ਗੁਰਦੁਆਰੇ ਵਿਚ ਉਸ ਦਾ ਪ੍ਰਸ਼ਾਦ ਕਬੂਲ ਨਾ ਕੀਤਾ ਜਾਵੇ। ਜੇ ਸਰਕਾਰ ਗੁਰਦੁਆਰਿਆਂ ਦਾ ਕਬਜ਼ਾ ਲੈਣ ਦੀ ਕੋਸ਼ਿਸ਼ ਕਰੇ ਤਾਂ ਮੋਰਚਾ ਲਾਇਆ ਜਾਏ। ਇਸ ਦੌਰਾਨ ਸਰਕਾਰ ਨੇ ਕੈਪਟਨ ਬਹਾਦਰ ਸਿੰਘ ਨਾਂ ਦੇ ਇਕ ਬੰਦੇ ਨੂੰ ਸਰਬਰਾਹ ਨਾਮਜ਼ਦ ਕਰ ਦਿੱਤਾ ਤੇ ਚਾਬੀਆਂ ਦੇ ਕੇ ਉਸ ਨੂੰ ਦਰਬਾਰ ਸਾਹਿਬ ਭੇਜਿਆ। 12 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਵਿਚ ਇਹ ਫੈਸਲਾ ਹੋਇਆ ਕਿ ਬਹਾਦਰ ਸਿੰਘ ਨੂੰ ਗੁਰਦੁਆਰਾ ਇੰਤਜ਼ਾਮ ਵਿਚ ਦਖ਼ਲ ਨਾ ਦੇਣ ਦਿੱਤਾ ਜਾਏ। 15 ਨਵੰਬਰ ਨੂੰ ਸਵੇਰੇ 8 ਵਜੇ ਜਦੋਂ ਬਹਾਦਰ ਸਿੰਘ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਦੇ ਮੌਕੇ 'ਤੇ ਆਪਣੇ ਸਾਥੀਆਂ ਧਰਮ ਸਿੰਘ, ਬਸੰਤ ਸਿੰਘ ਤੇ ਆਤਮਾ ਸਿੰਘ ਨਾਲ ਦਰਬਾਰ ਸਾਹਿਬ ਆਇਆ ਤਾਂ ਉਸ ਨੂੰ ਕਿਸੇ ਨੇ ਵੀ ਨੇੜੇ ਨਾ ਢੁੱਕਣ ਦਿੱਤਾ। ਉਹ ਚਾਬੀਆਂ ਦਾ ਗੁੱਛਾ, ਜੋ ਉਸ ਦੀ ਕੱਛ ਵਿਚ ਸੀ, ਲੈ ਕੇ ਚੁਪ-ਚਾਪ ਘਰ ਮੁੜ ਗਿਆ।ਜਦੋਂ ਸਰਕਾਰ ਨੇ ਮਹਿਸੂਸ ਕੀਤਾ ਕਿ ਸਿੱਖਾਂ 'ਤੇ ਕੋਈ ਦਬਾਅ ਵੀ ਅਸਰ ਨਹੀਂ ਕਰ ਸਕਿਆ ਤਾਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੱਖਾਂ ਦੇ ਖਿਲਾਫ਼ ਪ੍ਰਾਪੇਗੰਡਾ ਸ਼ੁਰੂ ਕਰ ਦਿੱਤਾ। ਡੀ.ਸੀ. ਨੇ 26 ਨਵੰਬਰ ਦੇ ਦਿਨ ਅਜਨਾਲਾ ਵਿਖੇ

ਸਰਕਾਰੀ ਜਲਸਾ ਰੱਖ ਦਿੱਤਾ। ਇਸ ਜਲਸੇ ਵਿਚ ਸਰਕਾਰ ਨੇ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੇ ਖ਼ਿਲਾਫ਼ ਪ੍ਰਾਪੇਗੰਡਾ ਕਰਨਾ ਸੀ। ਜਦੋਂ ਅਕਾਲੀਆਂ ਨੂੰ ਇਸ ਦਾ ਪਤਾ ਲਗਾ ਤਾਂ ਉਨ੍ਹਾਂ ਨੇ ਵੀ 26 ਨਵੰਬਰ ਨੂੰ ਇਕ ਦੀਵਾਨ ਅਜਨਾਲੇ ਵਿਚ ਰੱਖ ਲਿਆ। ਦੀਵਾਨ ਵਿਚ ਖੜਕ ਸਿੰਘ, ਅਮਰ ਸਿੰਘ ਝਬਾਲ, ਜਸਵੰਤ ਸਿੰਘ ਝਬਾਲ, ਪੰਡਤ ਦੀਨਾ ਨਾਥ ਤੇ ਡਾਕਟਰ ਸਤਪਾਲ ਨੇ ਵੀ ਲੈਕਚਰ ਕਰਨੇ ਸਨ। ਪਰ 25 ਨਵੰਬਰ ਦੇ ਦਿਨ ਸਰਕਾਰ ਨੇ ਅੰਮ੍ਰਿਤਸਰ ਤੇ ਅਜਨਾਲਾ ਵਿਚ ''ਸਡੀਸ਼ੀਅਸ ਮੀਟਿੰਗਜ਼ ਐਕਟ'' ਹੇਠ ਜਲਸਿਆਂ 'ਤੇ ਪਾਬੰਦੀ ਲਾ ਦਿੱਤੀ। ਇਕ ਪਾਸੇ ਸਰਕਾਰ ਨੇ ਇਹ ਪਾਬੰਦੀ ਲਾ ਦਿੱਤੀ ਤੇ ਦੂਜੇ ਪਾਸੇ 26 ਨਵੰਬਰ ਨੂੰ ਸਰਕਾਰ ਨੇ ਆਪਣਾ ਜਲਸਾ ਕੀਤਾ। ਇਸ ਜਲਸੇ ਵਿਚ ਅਕਾਲੀ ਆਗੂ ਵੀ ਪਹੁੰਚ ਗਏ। ਜਲਸੇ ਦੌਰਾਨ ਦਾਨ ਸਿੰਘ ਵਛੋਆ ਤੇ ਜਸਵੰਤ ਸਿੰਘ ਝਬਾਲ ਖੜ੍ਹੇ ਹੋ ਗਏ ਅਤੇ ਬੋਲਣ ਦਾ ਵਕਤ ਮੰਗਿਆ। ਡੀ.ਸੀ. ਨੇ ਉਸ ਨੂੰ ਬੋਲਣ ਨਾ ਦਿੱਤਾ। ਇਸ 'ਤੇ ਅਕਾਲੀਆਂ ਨੇ ਦੂਰ ਜਾ ਕੇ ਆਪਣਾ ਦੀਵਾਨ ਲਗਾ ਲਿਆ। ਇਸ 'ਤੇ ਸਾਰੇ ਲੋਕ ਉਠ ਕੇ ਉੱਥੋਂ ਚਲੇ ਗਏ ਤੇ ਡੀ. ਸੀ. ਦਾ ਜਲਸਾ ਖਾਲੀ ਹੋ ਗਿਆ। ਇਸ ਤੋਂ ਪਹਿਲਾਂ ਕਿ ਸਿੱਖ ਆਗੂ ਜਲਸੇ ਦੀ ਕਾਰਵਾਈ ਸ਼ੁਰੂ ਕਰ ਸਕਦੇ, ਡੀ.ਸੀ. ਨੇ ਖਿਝ ਕੇ ਦਾਨ ਸਿੰਘ ਵਛੋਆ, ਤੇਜਾ ਸਿੰਘ ਸਮੁੰਦਰੀ, ਜਸਵੰਤ ਸਿੰਘ ਝਬਾਲ, ਪੰਡਤ ਦੀਨਾ ਨਾਥ ਤੇ ਹਰਨਾਮ ਸਿੰਘ ਜ਼ੈਲਦਾਰ ਨੂੰ ਗ੍ਰਿਫ਼ਤਾਰ ਕਰ ਲਿਆ। ਹਰਨਾਮ ਸਿੰਘ ਜ਼ੈਲਦਾਰ ਦੀ ਗ੍ਰਿਫ਼ਤਾਰੀ ਸਿਰਫ਼ ਖੱਦਰ ਪਾਉਣ ਕਰ ਕੇ ਹੋਈ ਸੀ। ਇਨ੍ਹਾਂ ਨੂੰ ਪੰਜ ਪੰਜ ਮਹੀਨੇ ਕੈਦ ਅਤੇ ਇਕ ਇਕ ਹਜ਼ਾਰ ਰੁਪੈ ਜੁਰਮਾਨਾ ਹੋਇਆ।

1949: ਅਕਾਲੀ ਨੁਮਾਇੰਦਿਆਂ ਨੇ ਭਾਰਤੀ ਸੰਵਿਧਾਨ ਤੇ ਦਸਤਖ਼ਤ ਕਰਨੋਂ ਨਾਂਹ ਕੀਤੀ

26 ਨਵੰਬਰ 1949 ਦੇ ਦਿਨ ਹਿੰਦੁਸਤਾਨ ਦਾ ਨਵਾਂ ਆਈਨ (ਸੰਵਿਧਾਨ) ਪਾਸ ਕੀਤਾ ਗਿਆ। ਜਿਸ ਵਿਚ ਸਿੱਖਾਂ ਵਾਸਤੇ ਕੋਈ ਵੱਖਰੀ ਨੁਮਾਇੰਦਗੀ, ਹੱਕ ਜਾਂ ਰਿਛਾਜ਼ਤ ਨਹੀਂ ਸੀ। ਇਸ ਕਰ ਕੇ ਇਸ ਦੇ ਪਾਸ ਹੋਣ ਵੇਲੇ ਅਕਾਲੀ ਮੈਂਬਰਾਂ (ਹੁਕਮ ਸਿੰਘ ਤੇ ਭੁਪਿੰਦਰ ਸਿੰਘ ਮਾਨ) ਨੇ ਇਸ ਦੀ ਮੁਖ਼ਾਲਫ਼ਤ ਕੀਤੀ ਅਤੇ ਇਸ 'ਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿਤੀ। ਪਰ ਕਾਂਗਰਸੀ ਮੈਂਬਰਾਂ ਗੁਰਮੁਖ ਸਿੰਘ ਮੁਸਾਫ਼ਿਰ, ਬਲਦੇਵ ਸਿੰਘ ਤੋਂ ਇਲਾਵਾ ਰਿਆਸਤਾਂ ਦੇ ਦੋ ਸਿੱਖ ਨੁਮਾਇੰਦਿਆਂ ਸ:ਬ: ਰਣਜੀਤ ਸਿੰਘ, ਸੁਚੇਤ ਸਿੰਘ ਔਜਲਾ ਨੇ ਦਸਤਖ਼ਤ ਕਰ ਦਿੱਤੇ ਸਨ। ਪਰ ਦਸਤਖ਼ਤ ਨਾ ਕਰਨ ਦਾ ਇਹ ਇਨਕਾਰ ਬੇ-ਫ਼ਾਇਦਾ ਸੀ ਕਿਉਂ ਕਿ ਆਈਨ ਬਣਨ ਤੋਂ ਪਹਿਲਾਂ ਇਸ ਦੀ ਮੁਖ਼ਾਲਫ਼ਤ ਹੁੰਦੀ ਤੇ ਐਜੀਟੇਸ਼ਨ ਹੁੰਦੀ ਤਾਂ ਤੇ ਕੋਈ ਗੱਲ ਵੀ ਸੀ ਪਰ ਖ਼ਾਲੀ 'ਦਸਤਖ਼ਤ ਨਾ ਕਰਨ' ਦੀ ਗੱਲ ਦੀ ਕੋਈ ਕੀਮਤ ਨਹੀਂ ਸੀ। ਵੱਡੀ ਗਲ ਤਾਂ ਇਹ ਕਿ ਅਕਾਲੀ ਦਲ ਦੀ ਜਥੇਬੰਦੀ ਨੇ ਮਗਰੋਂ ਇਸੇ ਆਈਨ ਹੇਠਾਂ ਚੋਣਾਂ ਲੜੀਆਂ ਤੇ ਮੁਤ ਕੇ ਇਸ ਆਈਨ ਦੀ ਮੁਖ਼ਾਲਫ਼ਤ, ਇਸ ਵਿਚ ਤਰਮੀਮ ਕਰਵਾਉਣ ਜਾਂ ਇਸ ਨੂੰ ਰੱਦ ਕਰਵਾਉਣ ਬਾਰੇ ਕੁਝ ਵੀ ਨਾ ਕੀਤਾ।

1986: ਸੁਖਵਿੰਦਰ ਸਿੰਘ ਕੋਹਾਲੀ ਨਕਲੀ ਮੁਕਾਬਲੇ ਵਿਚ ਸ਼ਹੀਦ

26 ਨਵੰਬਰ 1986 ਦੇ ਦਿਨ ਪੰਜਾਬ ਪੁਲਸ ਨੇ ਸੁਖਵਿੰਦਰ ਸਿੰਘ (ਪੁੱਤਰ ਅਤਰ ਸਿੰਘ, ਵਾਸੀ ਕੋਹਾਲੀ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਚ ਸ਼ਹੀਦ ਕਰ ਦਿੱਤਾ।

1989: ਲੋਕ ਸਭਾ ਚੋਣਾਂ ਵਿਚ ਖਾਲਿਸਤਾਨੀਆਂ ਦੀ ਜ਼ਬਰਦਸਤ ਜਿੱਤ

26 ਨਵੰਬਰ 1989 ਦੇ ਦਿਨ ਲੋਕ ਸਭਾ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਸਿਮਰਨਜੀਤ ਸਿੰਘ ਮਾਨ ਤੇ ਹੋਰ ਖਾਲਿਸਤਾਨੀ ਹਿਮਾਇਤੀਆਂ ਨੂੰ ਜ਼ਬਰਦਸਤ ਕਾਮਯਾਬੀ

ਹਾਸਿਲ ਹੋਈ। ਇਨ੍ਹਾਂ ਚੋਣਾਂ ਵਿਚ ਟੋਹੜਾ-ਬਾਦਲ ਧੜੇ ਦੇ ਸਾਰੇ ਉਮੀਦਵਾਰ ਬੁਰੀ ਤਰ੍ਹਾਂ ਹਾਰ ਗਏ ਤੇ ਉਨ੍ਹਾਂ ਦੀਆਂ ਜ਼ਮਾਨਤਾਂ ਵੀ ਜ਼ਬਤ ਹੋ ਗਈਆਂ। ਖਾੜਕੂਆਂ ਦੀ ਇਹ ਜਿੱਤ ਇਕ ਇਲਾਹੀ ਮੋਅਜਜ਼ਾ (ਕ੍ਰਿਸ਼ਮਾ) ਹੀ ਸੀ, ਵਰਨਾ ਨਾ ਉਹ ਜਥੇਬੰਦ ਸਨ ਤੇ ਨਾ ਹੀ ਉਨ੍ਹਾਂ ਕੋਲ ਕਾਂਗਰਸੀਆਂ ਜਾਂ ਅਕਾਲੀਆਂ ਵਾਲੀਆਂ ਸਹੂਲਤਾਂ ਤੇ ਸੋਮੇ। ਜਿੱਤਣ ਵਾਲਿਆਂ ਵਿਚ ਖਾੜਕੂ ਜਾਂ ਜੁਝਾਰੂ ਪਰਵਾਰਾਂ ਵਿਚੋਂ ਹੇਠ ਲਿਖੇ ਸਨ: ਸਿਮਰਨਜੀਤ ਸਿੰਘ ਮਾਨ (ਤਾਰਨ ਤਾਰਨ), ਸੁੱਚਾ ਸਿੰਘ ਮਲੋਆ ਪਿਤਾ ਸ਼ਹੀਦ ਬੇਅੰਤ ਸਿੰਘ (ਬਠਿੰਡਾ), ਬਿਮਲ ਕੌਰ ਖਾਲਸਾ ਪਤਨੀ ਸ਼ਹੀਦ ਬੇਅੰਤ ਸਿੰਘ (ਰੋਪੜ), ਰਜਿੰਦਰ ਕੌਰ ਬੁਲਾਰਾ (ਲੁਧਿਆਣਾ), ਅਤਿੰਦਰਪਾਲ ਸਿੰਘ (ਪਟਿਆਲਾ), ਧਿਆਨ ਸਿੰਘ ਮੰਡ (ਫ਼ੀਰੋਜ਼ਪੁਰ), ਜਗਦੇਵ ਸਿੰਘ ਖੁੱਡੀਆਂ (ਫ਼ਰੀਦਕੋਟ), ਰਾਜਦੇਵ ਸਿੰਘ (ਸੰਗਰੂਰ) ਅਤੇ ਇਸ ਦੇ ਨਾਲ ਹੀ ਕਿਰਪਾਲ ਸਿੰਘ (ਅੰਮ੍ਰਿਤਸਰ), ਇੰਦਰ ਕੁਮਾਰ ਗੁਜਰਾਲ (ਜਲੰਧਰ) ਤੇ ਹਰਭਜਨ ਲਾਖਾ (ਫਿਲੌਰ) ਵੀ ਖਾੜਕੂਆਂ ਦੀ ਮਦਦ ਨਾਲ ਜਿੱਤੇ ਸਨ; ਕਾਂਗਰਸ ਨੂੰ 13 ਵਿਚੋਂ ਸਿਰਫ਼ 2 ਸੀਟਾਂ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਹੀ ਮਿਲੀਆਂ ਸਨ।

1991: ਪ੍ਰਿਥੀਪਾਲ ਸਿੰਘ ਗੋਕਲਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

26 ਨਵੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਪ੍ਰਿਥੀਪਾਲ ਸਿੰਘ (ਪੁੱਤਰ ਸੁੱਚਾ ਸਿੰਘ, ਵਾਸੀ ਗੋਕਲ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ 'ਚ ਸ਼ਹੀਦ ਕਰ ਦਿੱਤਾ।

1992: ਬਲਵੰਤ ਸਿੰਘ ਬੰਟੀ, ਗੁਰਮੁੱਖ ਸਿੰਘ ਅਲੂਵਾਲ ਤੇ ਛੇ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲੀਸ ਨੇ 26 ਨਵੰਬਰ 1992 ਦੇ ਦਿਨ ਬਲਵੰਤ ਸਿੰਘ ਉਰਫ਼ ਬੰਟੀ ਤੇ ਗੁਰਮੁੱਖ ਸਿੰਘ ਵਾਸੀ ਅਲੂਵਾਲ ਅੰਮ੍ਰਿਤਸਰ ਵਿਚ ਤੇ ਛੇ ਸਿੱਖ ਕੁਰਾਲੀ ਕੋਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤੇ।

27 ਨਵੰਬਰ

1764: ਅਹਿਮਦ ਸ਼ਾਹ ਦੁਰਾਨੀ ਦੀ ਫ਼ੌਜ ਨਾਲ ਸਿੱਖਾਂ ਦੀ ਜੰਗ ਹੋਈ

ਮਾਰਚ 1764 ਵਿਚ ਅਹਿਮਦ ਸ਼ਾਹ ਦੁਰਾਨੀ ਨੇ ਇਕ ਵਾਰ ਫੇਰ ਪੰਜਾਬ ਵੱਲ ਮੂੰਹ ਕਰ ਲਿਆ। ਦਰਅਸਲ ਉਸ ਨੂੰ ਜ਼ੈਨ ਖ਼ਾਨ ਦੇ ਮਾਰੇ ਜਾਣ, ਰੋਹਤਾਸ ਦੇ ਖੁਸਣ ਤੇ ਸਰਬੁਲੰਦ ਖ਼ਾਨ ਦੇ ਗ੍ਰਿਫ਼ਤਾਰ ਹੋਣ, ਜਲੰਧਰ ਤੋਂ ਸਾਦਾਤ ਖ਼ਾਨ ਦੇ ਕੱਢੇ ਜਾਣ, ਲਾਹੌਰ ਵਿਚ ਕਾਬੁਲੀ ਮੱਲ ਦੀ ਹਾਰ, ਸਿਆਲਕੋਟ ਵਿਚ ਜਹਾਨ ਖ਼ਾਨ ਦੀ ਹਾਰ ਤੇ ਪੰਜਾਬ ਵਿਚੋਂ ਅਫ਼ਗਾਨ ਹਕੂਮਤ ਦੇ ਖ਼ਾਤਮੇ ਦਾ ਬੜਾ ਦੁਖ ਸੀ। ਉਹ ਸਿੱਖਾਂ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ। ਪਰ ਉਹ ਹੁਣ ਸਿੱਖਾਂ ਤੋਂ ਡਰਦਾ ਵੀ ਸੀ। ਇਸ ਕਰ ਕੇ ਉਸ ਨੇ ਮੁਸਲਮਾਨਾਂ ਨੂੰ 'ਜਹਾਦ' ਦੇ ਨਾਂ 'ਤੇ ਭੜਕਾਉਣ ਦੀ ਕੋਸ਼ਿਸ਼ ਕੀਤੀ। ਉਹ ਛੇ ਮਹੀਨੇ ਕੋਸ਼ਿਸ਼ਾਂ ਕਰਦਾ ਰਿਹਾ। ਹੋਰ ਕੋਈ ਤਾਂ ਨਹੀਂ ਪਰ ਬਲੋਚ ਆਗੂ ਨਾਸਿਰ ਖ਼ਾਨ ਉਸ ਦੇ ਅਸਰ ਹੇਠ ਆ ਗਿਆ। ਅਖ਼ੀਰ 18 ਹਜ਼ਾਰ ਦੁੱਰਾਨੀ ਤੇ 12 ਹਜ਼ਾਰ ਬਲੋਚੀ ਫ਼ੌਜ ਲੈ ਕੇ ਅਹਿਮਦ ਸ਼ਾਹ ਅਕਤੂਬਰ 1764 ਵਿਚ ਪੰਜਾਬ ਨੂੰ ਚੱਲ ਪਿਆ। ਦੋਵੇਂ ਫ਼ੌਜਾਂ ਏਮਨਾਬਾਦ ਕੋਲ ਇਕੱਠੀਆਂ ਹੋ ਗਈਆਂ।

ਇਸ ਵੇਲੇ ਪੰਜਾਬ ਵਿਚ ਬਹੁਤੀਆਂ ਸਿੱਖ ਫ਼ੌਜਾਂ ਮੌਜੂਦ ਨਹੀਂ ਸਨ। ਜੱਸਾ ਸਿੰਘ 15 ਹਜ਼ਾਰ ਫ਼ੌਜ ਲੈ ਕੇ ਭਰਤਪੁਰ ਦੇ ਜਾਟ ਰਾਜੇ ਜਵਾਹਰ ਸਿੰਘ ਦੀ ਮਦਦ ਵਾਸਤੇ ਗਿਆ ਹੋਇਆ ਸੀ। ਹਾਂ ਚੜ੍ਹਤ ਸਿੰਘ ਉਸ ਵੇਲੇ ਸਿਆਲਕੋਟ ਵਿਚ ਹਾਜ਼ਿਰ ਸੀ। ਜਦ ਚੜ੍ਹਤ ਸਿੰਘ ਨੂੰ

ਅਹਿਮਦ ਸ਼ਾਹ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਉਸ ਨਾਲ ਦੋ-ਦੋ ਹੱਥ ਕਰਨ ਵਾਸਤੇ ਸ਼ਾਹ ਨੂੰ ਘੇਰਨ ਲਈ ਲਾਹੌਰ ਵਲ ਨੂੰ ਚਲ ਪਿਆ। ਇਹ ਗੱਲ 27 ਨਵੰਬਰ 1764 ਦੀ ਹੈ। ਇਸ ਦੌਰਾਨ ਚੜ੍ਹਤ ਸਿੰਘ ਨੂੰ ਅਹਿਮਦ ਸ਼ਾਹ ਦੀਆਂ ਫ਼ੌਜਾਂ ਦੀ ਸੂਹ ਮਿਲ ਗਈ। ਉਸ ਨੇ ਅਚਾਣਕ ਉਨ੍ਹਾਂ ਤੇ ਹਮਲਾ ਕਰ ਦਿੱਤਾ। ਇਸ ਅਚਾਣਕ ਹਮਲੇ ਵਿਚ ਅਹਿਮਦ ਸ਼ਾਹ ਦਾ ਇਕ ਜਰਨੈਲ ਅਹਿਮਦ ਖ਼ਾਨ ਬਲੀਦੀ ਤੇ ਉਸ ਦਾ ਪੁੱਤਰ ਮਾਰੇ ਗਏ ਤੇ ਬਲੋਚ ਆਗੂ ਨਾਸਿਰ ਖ਼ਾਨ ਦਾ ਘੋੜਾ ਮਾਰਿਆ ਗਿਆ ਤੇ ਉਹ ਆਪ ਵੀ ਜ਼ਖ਼ਮੀ ਹੋ ਗਿਆ।ਇਸ ਮਗਰੋਂ ਬੰਦੂਕਾਂ, ਤੀਰਾਂ ਤੇ ਤਲਵਾਰਾਂ ਦੀ ਖ਼ੂਬ ਜੰਗ ਹੋਈ ਜੋ ਹਨੇਰਾ ਪੈਣ ਤਕ ਚਲਦੀ ਰਹੀ। ਇਸ ਵਾਰ ਵੀ ਅਹਿਮਦ ਸ਼ਾਹ ਦੀ ਫ਼ੌਜ ਦਾ ਜਾਨ-ਮਾਲ ਦਾ ਬੜਾ ਨੁਕਸਾਨ ਹੋਇਆ।

1938: ਰਾਵਲਪਿੰਡੀ ਵਿਚ ਅਕਾਲੀ ਕਾਨਫ਼ਰੰਸ ਹੋਈ; ਸੁਭਾਸ਼ ਚੰਦਰ ਬੋਸ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ

26-27 ਨਵੰਬਰ 1938 ਦੇ ਦਿਨ ਸ਼੍ਰੋਮਣੀ ਅਕਾਲੀ ਦਲ ਦੀ 'ਸਰਬ ਹਿੰਦ ਕਾਨਫ਼ਰੰਸ' ਰਾਵਲਪਿੰਡੀ ਵਿਚ ਹੋਈ। ਬੰਗਾਲ ਦਾ ਸ਼ੇਰ ਸੁਭਾਸ਼ ਚੰਦਰ ਬੋਸ ਇਸ ਵਿਚ ਮੁਖ ਮਹਿਮਾਨ ਸੀ। 50 ਹਜ਼ਾਰ ਦੀ ਭਾਰੀ ਹਾਜ਼ਰੀ ਵਿਚ ਬਲਦੇਵ ਸਿੰਘ ਦੀ ਪ੍ਰਧਾਨਗੀ ਹੇਠ ਬਹੁਤ ਸਾਰੇ ਮਤੇ ਪਾਸ ਹੋਏ। 1939 ਦੇ ਵਰ੍ਹੇ ਵਿਚ ਪੰਜਾਬ ਦੀ ਸਿਆਸਤ ਵਿਚ ਅਹਿਮ ਤਬਦੀਲੀਆਂ ਆਈਆਂ। 30 ਜਨਵਰੀ ਨੂੰ ਅਕਾਲੀ ਹਿਮਇਤ ਵਾਲੇ ਡਾਕਟਰ ਸੈਫ਼-ਉੱਦ-ਦੀਨ ਕਿਚਲੂ ਪੰਜਾਬ ਕਾਂਗਰਸ ਦੇ ਪ੍ਰਧਾਨ ਚੁਣੇ ਗਏ। ਆਲ ਇੰਡੀਆ ਕਾਂਗਰਸ ਦੀ ਚੋਣ ਵਿਚ 31 ਜਨਵਰੀ 1939 ਦੇ ਦਿਨ ਸਿੱਖਾਂ ਦੀ ਹਿਮਾਇਤ ਵਾਲੇ ਸੁਭਾਸ਼ ਚੰਦਰ ਬੋਸ, ਗਾਂਧੀ ਦੀ ਹਿਮਾਇਤ ਵਾਲੇ ਉਮੀਦਵਾਰ ਪੱਟਾਭੀ ਸੀਤਾ ਰਮੱਈਆ ਦੇ 1286 ਵੋਟਾਂ ਦੀਆਂ ਮੁਕਾਬਲੇ 1495 ਵੋਟਾਂ ਲੈ ਕੇ 209 ਵੋਟਾਂ ਦੇ ਫ਼ਰਕ ਨਾਲ ਪ੍ਰਧਾਨ ਚੁਣੇ ਗਏ। ਸੁਭਾਸ਼ ਬੋਸ ਦੇ ਚੁਣੇ ਜਾਣ 'ਤੇ ਨਰਮ ਦਲ ਦੇ ਵੱਲਭ ਭਾਈ ਪਟੇਲ, ਅਚਾਰੀਆ ਕ੍ਰਿਪਲਾਨੀ, ਡਾਕਟਰ ਰਾਜਿੰਦਰ ਪ੍ਰਸਾਦ, ਭੂਲਾ ਭਾਈ ਦੇਸਾਈ, ਸੇਠ ਜਮਨਾ ਦਾਸ, ਮੌਲਾਨਾ ਅਜ਼ਾਦ ਅਤੇ ਹਾਰੇ ਉਮੀਦਵਾਰ ਨੇ ਸਾੜੇ ਕਾਰਨ ਪਾਰਟੀ ਤੋਂ ਅਸਤੀਫ਼ੇ ਦੇ ਦਿੱਤੇ।

1984: ਨੈਪਾਲ ਜਾਣ ਦੀ ਕੋਸ਼ਿਸ਼ ਕਰਦਿਆਂ ਸਿਮਰਨਜੀਤ ਸਿੰਘ ਮਾਨ ਨੂੰ ਚਾਰ ਸਾਥੀਆਂ ਸਣੇ ਗ੍ਰਿਫ਼ਤਾਰ ਕਰ ਲਿਆ ਗਿਆ

ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਖੁਸ਼ਵੰਤ ਸਿੰਘ, ਡਾ: ਗੰਡਾ ਸਿੰਘ, ਭਗਤ ਪੂਰਨ ਸਿੰਘ, ਸਾਧੂ ਸਿੰਘ ਹਮਦਰਦ ਵਗ਼ੈਰਾ ਨੇ ਪਦਮਸ਼੍ਰੀ ਦੇ ਖ਼ਿਤਾਬ ਵਾਪਿਸ ਕਰ ਦਿੱਤੇ। ਚਰਨਜੀਤ ਸਿੰਘ ਕੋਕਾ ਕੋਲਾ ਕਾਂਗਰਸ ਪਾਰਟੀ ਨੂੰ ਛੱਡ ਗਿਆ। ਦਵਿੰਦਰ ਸਿੰਘ ਗਰਚਾ ਤੇ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪਾਰਟੀ ਅਤੇ ਲੋਕ ਸਭਾ ਤੋਂ ਅਸਤੀਫ਼ੇ ਦੇ ਦਿੱਤੇ। ਸਿਰਦਾਰ ਸਿਮਰਨਜੀਤ ਸਿੰਘ ਮਾਨ ਨੇ ਡੀ.ਆਈ.ਜੀ. ਦੇ ਅਹੁਦੇ ਵਾਲੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਪ੍ਰੈਜ਼ੀਡੈਂਟ ਜ਼ੈਲ ਸਿੰਘ ਨੂੰ ਜ਼ਬਰਦਸਤ ਰੋਸ ਵਾਲੀ ਚਿਠੀ ਵੀ ਲਿਖੀ। ਅਜਿਹੇ ਰੋਸ ਹੋਰ ਵੀ ਕਈ ਸਿੱਖਾਂ ਨੇ ਜ਼ਾਹਿਰ ਕੀਤੇ ਸਨ। (ਪਰ 1947 ਵਿਚ ਵਾਰਸ ਸ਼ਾਹ ਨੂੰ ਆਵਾਜ਼ਾਂ ਮਾਰਨ ਵਾਲੀ ਅੰਮ੍ਰਿਤਾ ਪ੍ਰੀਤਮ ਤੇ ਉਸ ਵਰਗੇ ਬੇਗ਼ੈਰਤਾਂ ਦੇ ਅੰਦਰ ਦਾ ਇਨਸਾਨ ਨਾ ਜਾਗਿਆ)। ਇਸ ਮਾਹੌਲ ਵਿਚ ਵਿਦੇਸ਼ਾਂ ਵਿਚ ਜਾ ਕੇ ਲਹਿਰ ਚਲਾਉਣ ਵਾਸਤੇ ਸਿਮਰਨਜੀਤ ਸਿੰਘ ਮਾਨ ਨੇ ਨੈਪਾਲ ਜਾਣ ਦਾ ਫ਼ੈਸਲਾ ਕੀਤਾ ਪਰ ਉਹ ਆਪਣੇ ਚਾਰ ਸਾਥੀਆਂ ਸਣੇ ਨੈਪਾਲ ਜਾਂਦਿਆਂ 27 ਨਵੰਬਰ 1984 ਦੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ 5 ਸਾਲ ਮਗਰੋਂ ਲੋਕ ਸਭਾ ਚੋਣ ਜਿੱਤਣ ਮਗਰੋਂ ਹੀ ਰਿਹਾ ਕੀਤਾ ਗਿਆ।

1985: ਖਾੜਕੂਆਂ ਨੇ ਸਾਹਿਬ ਸਿੰਘ ਗ੍ਰੰਥੀ 'ਤੇ ਹਮਲਾ ਕੀਤਾ

ਇੰਦਰਾ ਗਾਂਧੀ ਅਤੇ ਭਾਰਤੀ ਫ਼ੌਜ ਨਾਲ ਮਿਲਵਰਤਣ ਦੇਣ ਕਾਰਨ 27 ਨਵੰਬਰ 1985 ਦੇ ਦਿਨ ਖਾੜਕੂਆਂ ਨੇ ਦਰਬਾਰ ਸਾਹਿਬ ਦੇ ਗ੍ਰੰਥੀ ਸਾਹਿਬ ਸਿੰਘ ਉੱਤੇ ਹਮਲਾ ਕੀਤਾ। ਬਾਅਦ 'ਚ ਉਸ ਨੂੰ ਹਸਪਤਾਲ ਲਿਜਾਇਆ ਗਿਆ। ਉਹ ਸੈਂਟਰ ਸਰਕਾਰ ਦੀਆਂ ਹਦਾਇਤਾਂ 'ਤੇ ਮਿਲੀ ਬੇਹੱਦ ਉੱਚੇ ਦਰਜੇ ਦੀ ਡਾਕਟਰੀ ਇਮਦਾਦ ਨਾਲ ਬਚ ਗਿਆ। ਇਸ ਕੇਸ ਵਿਚ 12 ਸਿੱਖ ਗ੍ਰਿਫ਼ਤਾਰ ਕਰ ਲਏ ਗਏ।

1987: ਬਲਬੀਰ ਸਿੰਘ ਬਿੱਲਾ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 27 ਨਵੰਬਰ 1987 ਦੇ ਦਿਨ ਬਲਬੀਰ ਸਿੰਘ ਬਿੱਲਾ (ਚੱਕ ਮਾਣਕ ਰਾਏ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਗੁਰਮੁਖ ਸਿੰਘ ਮਾਣਕਪੁਰ ਕਲਾਂ ਨਕਲੀ ਮੁਕਾਬਲੇ ਵਿਚ ਸ਼ਹੀ ਦ

27 ਨਵੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਗੁਰਮੁਖ ਸਿੰਘ (ਪੁੱਤਰ ਪ੍ਰੀਤਮ ਸਿੰਘ, ਵਾਸੀ ਮਾਣਕਪੁਰ ਕਲਾਂ, ਜ਼ਿਲ੍ਹਾ ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਵਰਿਆਮ ਸਿੰਘ, ਉਂਕਾਰ ਸਿੰਘ ਤੇ ਅਮਰੀਕ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

27 ਨਵੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਵਰਿਆਮ ਸਿੰਘ ਬਾਬਾ ਅਕਾਲ ਉਰਫ਼ ਬਲਜਿੰਦਰ ਸਿੰਘ (ਪੁੱਤਰ ਸੁਖਦੇਵ ਸਿੰਘ, ਵਾਸੀ ਸਰਹਾਲੀ), ਨੂੰ ਚਾਰ ਸੌ ਕਤਲਾਂ ਦਾ ਜ਼ਿੰਮੇਦਾਰ ਆਖ ਕੇ ਪੁਲੀਸ ਨੇ ਸ਼ਹੀਦ ਕਰ ਦਿੱਤਾ; ਉਸ ਦੇ ਸਿਰ 'ਤੇ ਕਈ ਲੱਖ ਰੁਪੈ ਦਾ ਈਨਾਮ ਰੱਖਿਆ ਹੋਇਆ ਸੀ। ਇਸੇ ਦਿਨ ਬਲਜੀਤ ਸਿੰਘ (ਪੁੱਤਰ ਰਾਮ ਸਿੰਘ, ਵਾਸੀ ਬਜੁਰਗਵਾਲ, ਜ਼ਿਲ੍ਹਾ ਅੰਮ੍ਰਿਤਸਰ), ਉਂਕਾਰ ਸਿੰਘ ਤੇ ਅਮਰੀਕ ਸਿੰਘ (ਡਰੋਲੀ ਕਲਾਂ ਜਲੰਧਰ ਵਿਚ) ਨੂੰ ਵੀ ਪੁਲਸ ਨੇ ਵੱਖ ਵੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਬਲਵਿੰਦਰ ਸਿੰਘ ਬਿੰਦਰਾ ਨੇ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦਿਤੀ

27 ਨਵੰਬਰ 1992 ਦੇ ਦਿਨ ਪਇਕ ਖਾੜਕੂ ਬਲਵਿੰਦਰ ਸਿੰਘ ਬਿੰਦਰਾ ਪੁਲੀਸ ਘੇਰੇ ਵਿਚ ਆ ਗਿਆ। ਜਦ ਉਸ ਨੇ ਵੇਖਿਆ ਕਿ ਉਹ ਬਚ ਕੇ ਨਿਕਲ ਨਹੀਂ ਸਕੇਗਾ ਤਾਂ ਉਸ ਨੇ ਜ਼ਾਲਮਾਨਾ ਤਸੀਹੇ ਸਹਿ ਕੇ ਨਕਲੀ ਮੁਕਾਬਲੇ ਵਿਚ ਮਾਰੇ ਜਾਣ ਦੀ ਜਗਹ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿਤੀ।

2013: ਸਿਮਰਨਜੀਤ ਸਿੰਘ ਮਾਨ ਨੇ ਗੁਰਬਖ਼ਸ਼ ਸਿੰਘ ਦੀ ਹਿਮਾਇਤ ਦਾ ਐਲਾਨ ਕੀਤਾ

ਸਿਮਰਨਜੀਤ ਸਿੰਘ ਮਾਨ ਨੇ 27 ਨਵੰਬਰ ਦੇ ਦਿਨ ਗੁਰਦੁਆਰਾ ਅੰਬ ਸਾਹਿਬ ਮੋਹਾਲੀ ਪੁੱਜ ਕੇ ਭਾਈ ਗੁਰਬਖ਼ਸ਼ ਸਿੰਘ (ਜਿਸ ਨੇ 14 ਨਵੰਬਰ ਤੋਂ ਉਮਰ ਕੈਦ ਕੱਟ ਚੁਕੇ ਸਿੱਖਾਂ ਦੀ ਰਿਹਾਈ ਵਾਸਤੇ ਮਰਨ ਵਰਤ ਰੱਖਿਆ ਹੋਇਆ ਸੀ) ਦੀ ਹਿਮਾਇਤ ਦਾ ਐਲਾਨ ਕੀਤਾ।

28 ਨਵੰਬਰ

1710: ਸਿੱਖਾਂ ਹੱਥੋਂ ਸਢੌਰਾ ਦਾ ਕਿਲ੍ਹਾ ਖੁਸ ਗਿਆ

ਸਢੌਰਾ ਦੇ ਜ਼ਾਲਮ ਹਾਕਮ ਉਸਮਾਨ ਖ਼ਾਨ ਨੇ ਗੁਰੂ ਗੋਬਿੰਦ ਸਾਹਿਬ ਦੇ ਇਕ ਮੁਸਲਮਾਨ ਮੁਰੀਦ ਸਈਅਦ ਬਦਰੁੱਦੀਨ (ਪੀਰ ਬੁੱਧੂ ਸ਼ਾਹ) ਅਤੇ ਉਸ ਦੇ ਪਰਵਾਰ 'ਤੇ ਬੜੇ ਜ਼ੁਲਮ ਢਾਏ ਸਨ ਤੇ ਉਨ੍ਹਾਂ ਨੂੰ ਸਿੱਖਾਂ ਦਾ ਸਾਥੀ ਆਖ ਕੇ ਸ਼ਹੀਦ ਕੀਤਾ ਸੀ। ਉਸਮਾਨ ਖ਼ਾਨ 'ਤੇ ਇਹ ਵੀ ਇਲਜ਼ਾਮ ਸੀ ਕਿ ਉਹ ਗ਼ੈਰ-ਮੁਸਲਮਾਨਾਂ ਨੂੰ ਸਖ਼ਤ ਨਫ਼ਰਤ ਕਰਦਾ ਸੀ ਅਤੇ ਉਨ੍ਹਾਂ 'ਤੇ ਜ਼ੁਲਮ ਕਰਨ ਅਤੇ ਉਨ੍ਹਾਂ ਦੀਆਂ ਧੀਆਂ-ਭੈਣਾਂ ਦੀ ਅਜ਼ਮਤ ਲੁੱਟਣ ਦਾ ਕੋਈ ਮੌਕਾ ਨਹੀਂ ਸੀ ਗੁਆਉਂਦਾ। ਇਸ ਕਰ ਕੇ ਕਪੂਰੀ 'ਤੇ ਜਿੱਤ ਤੋਂ ਮਗਰੋਂ ਬੰਦਾ ਸਿੰਘ ਨੇ ਸਢੌਰਾ ਵਲ ਕੂਚ ਕਰ ਦਿਤਾ। ਜੂਨ 1710 ਤਕ ਬੰਦਾ ਸਿੰਘ ਦੀਆਂ ਫ਼ੌਜਾਂ ਦੀ ਗਿਣਤੀ 35 ਤੋਂ 40 ਹਜ਼ਾਰ ਤਕ ਹੋ ਚੁਕੀ ਸੀ। ਜੈਪੁਰ ਰਿਆਸਤ ਦੇ ਸ਼ਾਹੀ ਰਿਕਾਰਡ ਵਿਚ ਇਹ ਗਿਣਤੀ 70 ਹਜ਼ਾਰ ਦੇ ਕਰੀਬ ਦੱਸੀ ਗਈ ਹੈ ਜੋ ਸਹੀ ਨਹੀਂ ਜਾਪਦੀ। ਹਿਸਟੋਰੀਅਨ ਹਰੀ ਰਾਮ ਗੁਪਤਾ ਮੁਤਾਬਿਕ ਇਸ ਫ਼ੌਜ ਵਿਚ ਵਿਚ ਸਿੱਖਾਂ ਤੋਂ ਇਲਾਵਾ ਕਈ ਹਿੰਦੂ ਵੀ ਸਨ, ਜਿਨ੍ਹਾਂ ਵਿਚੋਂ ਬਹੁਤੇ ਉਹੀ ਸਨ ਜੋ ਮੁਸਲਮਾਨ ਅਮੀਰਾਂ ਦੇ ਘਰਾਂ ਦੀ ਲੁੱਟ ਦੀ ਸੋਚ ਨਾਲ ਆਏ ਹੋਏ ਸਨ।

ਜਦੋਂ ਬੰਦਾ ਸਿੰਘ ਦੀਆਂ ਫ਼ੌਜਾਂ ਸਢੌਰੇ ਦੇ ਨੇੜੇ ਪਹੁੰਚੀਆਂ ਤਾਂ ਉਸਮਾਨ ਖ਼ਾਨ ਦੀਆਂ ਪਹਿਲਾਂ ਤੋਂ ਹੀ ਤਿਆਰ ਖੜੀਆਂ ਤੋਪਾਂ ਨੇ ਸਿੱਖ ਫ਼ੌਜਾਂ 'ਤੇ ਗੋਲੇ ਦਾਗਣੇ ਸ਼ੁਰੂ ਕਰ ਦਿਤੇ। ਇਸ ਨਾਲ ਕਈ ਸਿੱਖ ਸ਼ਹੀਦ ਹੋ ਗਏ ਪਰ ਇਸ ਦੇ ਬਾਵਜੂਦ ਸਿੱਖ ਫ਼ੌਜੀ ਅੱਗੇ ਵਧਦੇ ਗਏ ਅਤੇ ਸਾਰਾ ਜ਼ੋਰ ਲਾ ਕੇ ਨਗਰ ਦਾ ਦਰਵਾਜ਼ਾ ਤੋੜ ਦਿਤਾ। ਸ਼ਹਿਰ ਦੇ ਅੰਦਰ ਉਸਮਾਨ ਖ਼ਾਨ ਦੀਆਂ ਫ਼ੌਜਾਂ ਅਤੇ ਸਿੱਖ ਫ਼ੌਜਾਂ ਵਿਚਕਾਰ ਘਮਸਾਣ ਦੀ ਜੰਗ ਹੋਈ। ਇਸ ਮੌਕੇ 'ਤੇ ਪੀਰ ਬੁੱਧੂ ਸ਼ਾਹ ਦੇ ਪਰਿਵਾਰ ਵਿਚੋਂ ਕੁਝ ਸ਼ਖ਼ਸ ਸਿੱਖ ਫ਼ੌਜਾਂ ਦਾ ਸਾਥ ਦੇ ਰਹੇ ਸਨ, ਇਸ ਕਰ ਕੇ ਉਨ੍ਹਾਂ ਨੂੰ ਸ਼ਹਿਰ 'ਤੇ ਕਬਜ਼ਾ ਕਰਨ ਵਿਚ ਬਹੁਤੀ ਮੁਸ਼ਕਿਲ ਨਹੀਂ ਆਈ। ਸਢੌਰਾ ਦੇ ਕਈ ਨਵਾਬ, ਵਜ਼ੀਰ ਤੇ ਅਮੀਰ ਚਿੱਟਾ ਝੰਡਾ ਲੈ ਕੇ ਅਤੇ ਮੂੰਹ ਵਿਚ ਘਾਹ ਲੈ ਕੇ ਬੰਦਾ ਸਿੰਘ ਕੋਲ ਪੇਸ਼ ਹੋਏ ਅਤੇ ਰਹਿਮ ਦੀ ਭਿੱਖਿਆ ਮੰਗੀ। ਬੰਦਾ ਸਿੰਘ ਨੇ ਉਨ੍ਹਾਂ ਨੂੰ ਮੁਆਫ਼ ਕਰ ਦਿੱਤਾ ਪਰ ਉਨ੍ਹਾਂ ਤੋਂ ਇਹ ਵਾਅਦਾ ਲਿਆ ਕਿ ਉਹ ਅੱਗੋਂ ਤੋਂ ਸਿੱਖ ਫ਼ੌਜਾਂ ਦੇ ਵਫ਼ਾਦਾਰ ਰਹਿਣਗੇ।

ਭਾਵੇਂ ਹੋਰ ਸਾਰਿਆਂ ਨੇ ਹਥਿਆਰ ਸੁਟ ਦਿੱਤੇ ਸਨ ਪਰ ਸਢੌਰੇ ਦੇ ਹਾਕਮ ਉਸਮਾਨ ਖ਼ਾਨ ਨੇ ਆਪਣੇ ਆਪ ਨੂੰ ਕਿਲ੍ਹੇ ਦੇ ਅੰਦਰ ਬੰਦ ਕਰ ਲਿਆ। ਸਢੌਰੇ ਦਾ ਕਿਲ੍ਹਾ ਬੜਾ ਮਜ਼ਬੂਤ ਸੀ ਤੇ ਇਸ ਨੂੰ ਜਿੱਤਣਾ ਇਕ ਬੜੀ ਔਖੀ ਮੁਹਿੰਮ ਸੀ। ਇਸ ਨੂੰ ਜਿੱਤਣ ਵਾਸਤੇ ਲੰਮੇ ਅਰਸੇ ਦਾ ਘੇਰਾ ਅਤੇ ਸ਼ਹੀਦੀਆਂ ਹੋਣੀਆਂ ਸਨ। ਬੰਦਾ ਸਿੰਘ ਇਹ ਨਹੀਂ ਸੀ ਚਾਹੁੰਦਾ ਕਿਉਂ ਕਿ ਉਸ ਦੀ ਮੰਜ਼ਿਲ ਤਾਂ ਅਤੇ ਫਿਰ ਲਾਹੌਰ ਸੀ। ਇਸ ਵਾਰ ਫਿਰ ਪੀਰ ਬੁੱਧੂ ਸ਼ਾਹ ਦੇ ਮੁਰੀਦਾਂ ਨੇ ਅਹਿਮ ਰੋਲ ਅਦਾ ਕੀਤਾ। ਉਨ੍ਹਾਂ ਨੇ ਕਿਲ੍ਹੇ ਦੇ ਅੰਦਰ ਰਾਬਤਾ ਬਣਾ ਕੇ ਉਨ੍ਹਾਂ ਤੋਂ ਕਿਲ੍ਹੇ ਦਾ ਦਰਵਾਜ਼ਾ ਖੁਲ੍ਹਵਾ ਲਿਆ ਅਤੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਉਸਮਾਨ ਖ਼ਾਨ ਨੂੰ ਗ੍ਰਿਫਤਾਰ ਕਰ ਕੇ ਸਜ਼ਾਏ-ਮੌਤ ਦਿਤੀ ਗਈ। ਕਿਲ੍ਹੇ ਵਿਚੋਂ ਸਿੱਖਾਂ ਨੂੰ ਲੱਖਾਂ ਰੁਪੈ ਨਕਦ ਅਤੇ ਬਹੁਤ ਸਾਰਾ ਸੋਨਾ ਤੇ ਹੀਰੇ ਜਵਾਹਰਾਤ ਹੱਥ ਲੱਗੇ।

ਸਢੌਰੇ 'ਤੇ ਕਬਜ਼ਾ ਕਰਨ ਮਗਰੋਂ ਕੁਝ ਦਿਨ ਸਾਰੀਆਂ ਸਿੱਖ ਫ਼ੌਜਾਂ ਉੱਥੇ ਹੀ ਟਿਕੀਆਂ ਰਹੀਆਂ। ਇਕ ਦਿਨ ਜਦੋਂ ਕੁਝ ਸਿੱਖ ਘੋੜੇ ਚਰਾ ਰਹੇ ਸਨ ਤਾਂ ਇਕ ਊਠ ਦੂਰੋਂ ਭੱਜਦਾ ਆਇਆ ਤੇ ਖੇਤਾਂ 'ਚ ਵੜ ਗਿਆ। ਉਸ ਨੂੰ ਖੇਤਾਂ ਵਿਚੋਂ ਕੱਢਣ ਵਾਸਤੇ ਇਕ ਫ਼ੌਜੀ ਨੇ ਇਕ ਰਾਹਗੀਰ ਤੋਂ ਇਕ ਬਾਂਸ ਖੋਹ ਕੇ ਊਠ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਬਾਂਸ ਅੰਦਰੋਂ ਖੋਖਲਾ ਹੋਣ ਕਰ ਕੇ ਟੁੱਟ ਗਿਆ ਅਤੇ ਵਿਚੋਂ ਇਕ ਚਿੱਠੀ ਨਿਕਲ ਕੇ ਡਿੱਗ ਪਈ। ਇਹ ਚਿੱਠੀ ਸਢੌਰਾ ਦੇ ਕਿਸੇ ਵਜ਼ੀਰ-ਅਮੀਰ ਨੇ ਵਜ਼ੀਰ ਖ਼ਾਨ (ਸੂਬੇਦਾਰ) ਨੂੰ ਲਿਖੀ ਸੀ ਜਿਸ ਵਿਚ ਕਿਹਾ ਗਿਆ

ਸੀ ਕਿ "ਅਸੀਂ ਬੰਦਾ ਸਿੰਘ ਨੂੰ ਮਿੱਠੀਆਂ-ਮਿੱਠੀਆਂ ਗੱਲਾਂ ਵਿਚ ਫਸਾਈ ਰੱਖਾਂਗੇ। ਇਸ ਦੌਰਾਨ ਤੁਸੀਂ ਹਮਲਾ ਕਰ ਦੇਣਾ ਤੇ ਅਸੀਂ ਵੀ ਸ਼ਹਿਰ ਦੇ ਅੰਦਰ ਸਿੱਖਾਂ 'ਤੇ ਹਮਲਾ ਕਰ ਦੇਵਾਂਗੇ। ਇਸ ਨਾਲ ਜੇ ਬੰਦਾ ਸਿੰਘ ਗ੍ਰਿਫ਼ਤਾਰ ਨਾ ਵੀ ਹੋ ਸਕਿਆ ਤਾਂ ਗੜਬੜ ਵਿਚ ਸ਼ਹਿਰ ਛੱਡ ਕੇ ਜਾਨ ਬਚਾਉਣ ਵਾਸਤੇ ਦੌੜ ਜ਼ਰੂਰ ਜਾਵੇਗਾ।" ਇਹ ਚਿੱਠੀ ਪੜ੍ਹ ਕੇ ਬੰਦਾ ਸਿੰਘ ਨੇ ਉਨ੍ਹਾਂ ਸ਼ਹਿਰ ਵਾਸੀਆਂ ਦਾ ਇਕ ਇਕੱਠ ਬੁਲਾਇਆ ਜਿਨ੍ਹਾਂ ਨੇ ਕਸਮਾਂ ਖਾਧੀਆਂ ਸਨ ਕਿ ਉਹ ਸਿੱਖ ਫ਼ੌਜਾਂ ਦੇ ਵਫ਼ਾਦਾਰ ਰਹਿਣਗੇ। ਇਸ ਇਕੱਠ ਵਿਚ ਬੰਦਾ ਸਿੰਘ ਨੇ ਸਵਾਲ ਕੀਤਾ ਕਿ 'ਵਾਅਦਾ ਕਰ ਕੇ ਗ਼ਦਾਰੀ ਕਰਨ ਵਾਲੇ ਨੂੰ ਕੀ ਸਜ਼ਾ ਮਿਲਣੀ ਚਾਹੀਦੀ ਹੈ?" ਸਾਰੇ ਲੋਕਾਂ ਨੇ ਜਵਾਬ ਦਿਤਾ "ਮੌਤ"। ਇਸ ਮਗਰੋਂ ਬੰਦਾ ਸਿੰਘ ਨੇ ਰਾਹਗੀਰ ਤੋਂ ਫੜੀ ਚਿੱਠੀ ਦਿਖਾਈ। ਇਹ ਚਿੱਠੀ ਵੇਖ ਕੇ ਸਾਰੇ ਵਜ਼ੀਰ-ਅਮੀਰ ਕੰਬ ਗਏ ਅਤੇ ਗਿੜਗਿੜਾ ਕੇ ਮੁਆਫ਼ੀਆਂ ਮੰਗਣ ਲਗ ਪਏ। ਇਸ 'ਤੇ ਬੰਦਾ ਸਿੰਘ ਨੇ ਕਿਹਾ ਕਿ "ਤੁਹਾਡੇ ਵਿਚੋਂ ਜਿਹੜਾ ਵੀ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚ ਵੜ ਜਾਏਗਾ ਉਸ ਨੂੰ ਮੁਆਫ਼ ਕਰ ਦਿੱਤਾ ਜਾਏਗਾ।" ਇਸ 'ਤੇ ਸਾਰੇ ਸੌ-ਡੇਢ ਸੌ ਬੰਦੇ, ਜੋ ਅਸਲ ਮੁਜਰਿਮ ਸਨ, ਪੀਰ ਜੀ ਦੀ ਹਵੇਲੀ ਨੂੰ ਭੱਜੇ। ਇਸ ਮਗਰੋਂ ਬੰਦਾ ਸਿੰਘ ਨੇ ਹਵੇਲੀ ਨੂੰ ਬਾਹਰੋਂ ਜੰਦਰਾ ਲਵਾ ਦਿਤਾ ਅਤੇ ਹਵੇਲੀ ਨੂੰ ਅੱਗ ਲਾਉਣ ਦਾ ਹੁਕਮ ਦੇ ਦਿਤਾ। ਗ਼ਦਾਰੀ ਕਰਨ ਵਾਲੇ ਸਾਰੇ ਬੇਈਮਾਨ ਅੰਦਰ ਸੜ ਕੇ ਮਰ ਗਏ। ਇਸ ਮਗਰੋਂ ਕਿਸੇ ਨੂੰ ਵੀ, ਖ਼ੁਆਬ ਵਿਚ ਵੀ, ਗ਼ਦਾਰੀ ਕਰਨ ਦਾ ਖ਼ਿਆਲ ਨਹੀਂ ਸੀ ਆ ਸਕਦਾ। ਬੰਦਾ ਸਿੰਘ ਨੇ ਆਮ ਲੋਕਾਂ ਨੂੰ ਕਦੇ ਵੀ ਤੰਗ ਨਹੀਂ ਸੀ ਕੀਤਾ ਭਾਵੇਂ ਉਹ ਹਿੰਦੂ ਸਨ ਜਾਂ ਮੁਸਲਮਾਨ। ਉਸ ਨੇ ਤਾਂ ਸਢੌਰੇ ਵਿਚ ਮਸਜਿਦਾਂ ਤੇ ਮਜ਼ਾਰਾਂ ਨੂੰ ਵੀ ਨਹੀਂ ਸੀ ਛੇੜਿਆ। ਅੱਜ ਵੀ ਸਢੌਰਾ ਵਿਚ ਕੁਤਬੁਲ ਅਕਤਾਬ (ਸ਼ਾਹ ਅਬਦੁਲ ਵਹਾਬ) ਦੀ ਖ਼ਾਨਗਾਹ ਤੇ ਗੰਜੇ-ਇਲਮ ਵੀ ਉਵੇਂ ਹੀ ਕਾਇਮ ਹਨ ਜਿਵੇਂ ਉਹ 1709 ਵਿਚ ਖੜ੍ਹੀਆਂ ਸਨ।

ਇਹ ਘਟਨਾ ਨਵੰਬਰ 1709 ਦੇ ਦੂਜੇ ਹਫ਼ਤੇ ਦੀ ਹੈ। ਹੁਣ ਸਢੌਰੇ 'ਤੇ ਖ਼ਾਲਸੇ ਦਾ ਨੀਲਾ ਨਿਸ਼ਾਨ ਸਾਹਿਬ ਫਹਿਰਾ ਦਿਤਾ ਗਿਆ ਅਤੇ ਸ਼ਹਿਰ ਦੇ ਇੰਤਜ਼ਾਮ ਵਾਸਤੇ ਇਕ 'ਖ਼ਾਲਸਾ ਪੰਚਾਇਤ' ਕਾਇਮ ਕਰ ਦਿਤੀ ਗਈ। ਇਨ੍ਹਾਂ ਘਟਨਾਵਾਂ ਦੀ ਖ਼ਬਰ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਟੋਡਾ ਨਗਰ ਵਿਚ ਮਿਲੀ। ਬਹਾਦਰ ਸ਼ਾਹ ਨੇ ਲਾਹੌਰ ਤੇ ਸਰਹੰਦ ਦੇ ਸੂਬੇਦਾਰਾਂ ਨੂੰ ਸਿੱਖਾਂ ਦੇ ਖ਼ਿਲਾਫ਼ ਐਕਸ਼ਨ ਲੈਣ ਵਾਸਤੇ ਖ਼ਤ ਲਿਖੇ। (ਸਿੱਖਾਂ ਦੇ ਨਿਸ਼ਾਨ ਸਾਹਿਬ ਦਾ ਰੰਗ ਗੁਰੂ ਸਾਹਿਬ ਦਾ ਦਿੱਤਾ ਨੀਲਾ ਰੰਗ ਸੀ। ਵਧੇਰੇ ਜਾਣਕਾਰੀ ਵਾਸਤੇ ਵੇਖੋ ਕਿਤਾਬ '*ਨਾਨਕਸ਼ਾਹੀ ਕੈਲੰਡਰ*')।

ਦੱਖਣ ਵਿਚ ਆਪਣੇ ਭਰਾ ਨੂੰ ਮਾਰ ਕੇ ਕਬਜ਼ਾ ਕਰਨ ਮਗਰੋਂ ਬਾਦਸ਼ਾਹ ਬਹਾਦਰ ਸ਼ਾਹ ਵਾਪਿਸ ਸ਼ਾਹਜਹਾਨਾਬਾਦ (ਹੁਣ ਦਿੱਲੀ) ਨੂੰ ਆ ਰਿਹਾ ਸੀ। 24 ਮਈ 1710 ਦੇ ਦਿਨ ਟੋਡਾ ਕਸਬਾ (ਮੱਧ ਪ੍ਰਦੇਸ਼) ਕੋਲ ਉਸ ਨੂੰ ਸਮਾਣਾ, ਘੁੜਾਮ, ਠਸਕਾ, ਥਾਨੇਸਰ, ਸ਼ਾਹਬਾਦ, ਮੁਸਤਫ਼ਾਬਾਦ, ਕੁੰਜਪੁਰਾ, ਕਪੂਰੀ, ਸਢੌਰਾ, ਮੁਖ਼ਲਿਸਗੜ੍ਹ (ਲੋਹਗੜ੍ਹ) ਅਤੇ 'ਤੇ ਸਿੱਖਾਂ ਦੇ ਕਬਜ਼ੇ ਹੋਣ ਅਤੇ ਵਜ਼ੀਰ ਖ਼ਾਨ ਦੇ ਮਾਰੇ ਜਾਣ ਦੀ ਖ਼ਬਰ ਦੀ ਤਾਈਦ ਹੋਈ। ਇਸ 'ਤੇ ਬਹਾਦਰ ਸ਼ਾਹ ਬਹੁਤ ਬੁਰੀ ਤਰ੍ਹਾਂ ਘਬਰਾ ਗਿਆ ਅਤੇ ਉਸ ਨੇ ਪੰਜਾਬ ਵੱਲ ਆਪ ਕੂਚ ਕਰਨ ਦਾ ਐਲਾਨ ਕਰ ਦਿਤਾ। ਉਸ ਦਾ ਕਾਫ਼ਲਾ ਅਕਤੂਬਰ ਦੇ ਅੱਧ ਵਿਚ ਕਰਨਾਲ ਪੁੱਜ ਚੁਕਾ ਸੀ। ਉਸ ਦੀ ਸਿੱਖਾਂ ਨਾਲ ਪਹਿਲੀ ਲੜਾਈ 16 ਅਕਤੂਬਰ 1710 ਦੇ ਦਿਨ ਅਮੀਨਗੜ੍ਹ ਕੋਲ ਹੋਈ ਸੀ। ਇਸ ਵਿਚ ਸਿੱਖਾਂ ਨੂੰ ਹਰਾਉਣ ਮਗਰੋਂ ਉਸ ਦੀ ਫ਼ੌਜ ਨੇ ਸਢੌਰਾ ਵੱਲ ਕੂਚ ਕੀਤਾ। ਦੂਜੇ ਪਾਸੇ ਸ਼ਮਸ ਖ਼ਾਨ ਅਤੇ ਬਾਇਜ਼ੀਦ ਖ਼ਾਨ ਨੇ 14 ਅਕਤੂਬਰ 1710 ਦੀ ਰਾਤ ਨੂੰ ਵੀ ਸਿੱਖਾਂ ਤੋਂ ਖੋਹ ਲਿਆ ਹੋਇਆ ਸੀ। 'ਤੇ ਕਬਜ਼ੇ ਮਗਰੋਂ ਹੁਣ ਸਿਰਫ਼ ਸਢੌਰਾ ਤੇ ਲੋਹਗੜ੍ਹ ਹੀ ਸਿੱਖਾਂ ਕੋਲ ਰਹਿ ਗਏ ਸਨ। ਫ਼ਿਰੋਜ਼ ਖ਼ਾਨ ਮੇਵਾਤੀ ਤੇ ਰੁਸਤਮ ਦਿਲ ਖ਼ਾਨ ਦੀਆਂ ਫ਼ੌਜਾਂ ਨੇ ਸਢੌਰਾ ਘੇਰਿਆ ਹੋਇਆ ਸੀ। ਬਾਦਸ਼ਾਹ ਨੇ ਫ਼ੌਜਾਂ ਨੂੰ ਹੁਕਮ ਦਿੱਤਾ ਸੀ ਕਿ ਉਹ ਕਿਲ੍ਹੇ ਤੋਂ ਕੁਝ

ਵਧੇਰੇ ਉੱਚਾ ਇਕ ਮੀਨਾਰ ਬਣਾਉਣ ਤਾਂ ਜੋ ਉੱਥੋਂ ਕਿਲ੍ਹੇ 'ਤੇ ਤੀਰਾਂ ਦਾ ਮੀਂਹ ਵਰ੍ਹਾਇਆ ਜਾ ਸਕੇ। ਸਢੌਰੇ ਦੇ ਕਿਲ੍ਹੇ ਦੇ ਬਾਹਰ ਸਿੱਖਾਂ ਅਤੇ ਰੁਸਤਮ ਦਿਲ ਖ਼ਾਨ ਤੇ ਫ਼ਿਰੋਜ਼ ਖ਼ਾਨ ਮੇਵਾਤੀ ਵਿਚਕਾਰ ਜ਼ਬਰਦਸਤ ਜੰਗ ਹੋਈ। ਅਗਲੇ ਦਿਨ ਸ਼ਾਹੀ ਫ਼ੌਜਾਂ ਨੇ ਕਿਲ੍ਹੇ ਦੇ ਚਾਰਾਂ ਵਿਚੋਂ ਤਿੰਨ ਮੀਨਾਰਾਂ 'ਤੇ ਕਬਜ਼ਾ ਕਰ ਲਿਆ। ਇਸ ਵੇਲੇ ਹੋਰ ਸਿੱਖ ਫ਼ੌਜਾਂ ਵੀ ਉੱਥੇ ਆ ਪਹੁੰਚੀਆਂ ਜਿਸ ਨਾਲ ਹੋਰ ਵੀ ਭਖਵੀਂ ਜੰਗ ਹੋਈ ਪਰ ਅਖ਼ੀਰ ਸਿੱਖ ਫ਼ੌਜਾਂ ਨੂੰ ਉੱਥੋਂ ਭੱਜਣਾ ਪਿਆ ਅਤੇ **28 ਨਵੰਬਰ 1710 ਦੇ ਦਿਨ ਸਢੌਰਾ 'ਤੇ ਮੁਗ਼ਲਾਂ ਦਾ ਕਬਜ਼ਾ ਹੋ ਗਿਆ**। ਇਸ ਲੜਾਈ ਵਿਚ ਚਾਰ ਸੌ ਸਿੱਖ ਸ਼ਹੀਦ ਹੋਏ। ਆਪਣੀ ਜਾਨ ਨੂੰ ਖ਼ਤਰੇ ਵਿਚ ਪਾ ਕੇ ਲੜਨ ਦੇ ਈਨਾਮ ਵਜੋਂ ਬਾਦਸ਼ਾਹ ਨੇ ਰੁਸਤਮ ਦਿਲ ਖ਼ਾਨ ਨੂੰ ਇਕ ਖ਼ਾਸ ਢਾਲ ਤੇ ਤਲਵਾਰ ਅਤੇ ਫ਼ਿਰੋਜ਼ ਖ਼ਾਨ ਮੇਵਾਤੀ ਨੂੰ ਇਕ ਤਲਵਾਰ ਭੇਟ ਕੀਤੀ। ਬਾਦਸ਼ਾਹ ਨੇ ਰੁਸਤਮ ਦਿਲ ਖ਼ਾਨ ਨੂੰ 'ਗ਼ਾਜ਼ੀ ਖ਼ਾਨ ਰੁਸਤਮਿ ਜੰਗ' ਦਾ ਖ਼ਿਤਾਬ ਵੀ ਦਿੱਤਾ ਤੇ ਉਸ ਦਾ ਮਨਸਬ ਵੀ ਚਾਰ ਹਜ਼ਾਰੀ ਤਿੰਨ ਹਜ਼ਾਰ ਸਵਾਰ ਕਰ ਦਿੱਤਾ।

1992: ਬਲਜੀਤ ਸਿੰਘ ਟੋਜੀਆਂ, ਕਰਮਜੀਤ ਸਿੰਘ, ਸਤਪਾਲ ਸਿੰਘ ਰਾਣਾ ਜਲਾਲਾਬਾਦ ਤੇ ਸਤ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲੀਸ ਨੇ 28 ਨਵੰਬਰ 1992 ਦੇ ਦਿਨ ਬਲਜੀਤ ਸਿੰਘ ਤੋਤੀ (ਪੁੱਤਰ ਰਾਮ ਸਿੰਘ, ਵਾਸੀ ਟੋਜੀਆਂ), ਕਰਮਜੀਤ ਸਿੰਘ, ਸਤਪਾਲ ਸਿੰਘ ਰਾਣਾ (ਵਾਸੀ ਜਲਾਲਾਬਾਦ, ਨੇੜੇ ਮੋਗਾ) ਤੇ ਸਤ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

2012: ਹਰਦੁਆਰ ਵਿਚ ਢਾਹੇ ਗਏ ਗੁਰਦੁਆਰਾ ਗਿਆਨ ਗੋਦੜੀ ਦੇ ਖ਼ਿਲਾਫ਼ ਮੁਜ਼ਾਹਰਾ ਕਰਨ ਜਾ ਰਹੇ 700 ਸਿੱਖ ਗ੍ਰਿਫ਼ਤਾਰ

28 ਨਵੰਬਰ 2012 ਦੇ ਦਿਨ ਗੁਰਚਰਨ ਸਿੰਘ ਬਬਰ ਦੀ ਅਗਵਾਈ ਹੇਠ ਗੁਰਦੁਆਰਾ ਗਿਆਨ ਗੋਦੜੀ ਹਰਦੁਆਰ ਦੀ ਜਗਹ ਮੁੜ ਹਾਸਿਲ ਕਰਵਾਉਣ ਵਾਸਤੇ ਹਰਦੁਆਰ ਜਾ ਰਹੇ 700 ਦੇ ਕਰੀਬ ਸਿੱਖਾਂ ਨੂੰ ਉਤਰਾਖੰਡ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ।

29 ਨਵੰਬਰ

1710: ਬਹਾਦਰ ਸ਼ਾਹ ਦੀ 90 ਹਜ਼ਾਰ ਫ਼ੌਜ ਨੇ ਲੋਹਗੜ੍ਹ ਨੂੰ ਘੇਰਾ ਪਾਇਆ

ਨਵੰਬਰ 1710 ਦੇ ਅੱਧ ਵਿਚ ਤਕਰੀਬਨ ਬਾਕੀ ਸਾਰੇ ਪਾਸਿਓਂ ਸਿੱਖਾਂ ਨੂੰ ਖਦੇੜਨ ਅਤੇ 28 ਨਵੰਬਰ ਦੇ ਦਿਨ ਸਢੌਰਾ 'ਤੇ ਕਬਜ਼ਾ ਕਰਨ ਮਗਰੋਂ ਮੁਗ਼ਲ ਫ਼ੌਜਾਂ ਨੇ ਬਾਦਸ਼ਾਹ ਦੀ ਅਗਵਾਈ ਵਿਚ ਕਿਲ੍ਹਾ ਲੋਹਗੜ੍ਹ ਵਲ ਕੂਚ ਕਰ ਦਿਤਾ। ਰੁਸਤਮ ਦਿਲ ਖ਼ਾਨ ਇਸ ਵਹੀਰ ਵਿਚ ਸਭ ਤੋਂ ਅੱਗੇ ਚਲ ਰਿਹਾ ਸੀ। ਜਦ ਇਹ ਫ਼ੌਜਾਂ ਸਢੌਰੇ ਤੋਂ ਛੇ ਕੁ ਕਿਲੋਮੀਟਰ ਅੱਗੇ ਗਈਆਂ ਤਾਂ ਦੋ-ਢਾਈ ਹਜ਼ਾਰ ਸਿੱਖਾਂ ਦਾ ਇਕ ਦਲ ਨੇੜੇ ਦੀ ਝੱਲ ਵਿਚ ਲੁਕਿਆ ਹੋਇਆ ਸੀ। ਉਹ ਇਕ ਦਮ ਝੱਲ ਵਿਚੋਂ ਨਿਕਲੇ ਅਤੇ ਸ਼ਾਹੀ ਫ਼ੌਜਾਂ 'ਤੇ ਟੁੱਟ ਪਏ। ਦੋਹਾਂ ਧਿਰਾਂ ਵਿਚ ਘਮਸਾਣ ਦੀ ਜੰਗ ਸ਼ੁਰੂ ਹੋ ਗਈ। ਕਾਮਵਰ ਖ਼ਾਨ (ਜੋ ਮੁਗ਼ਲ ਫ਼ੌਜਾਂ ਦੇ ਨਾਲ ਸੀ) ਇਸ ਜੰਗ ਦਾ ਨਜ਼ਾਰਾ ਆਪਣੇ ਲਫ਼ਜ਼ਾਂ ਵਿਚ ਇੰਵ ਪੇਸ਼ ਕਰਦਾ ਹੈ: *"ਇਹ ਖ਼ਾਕਸਾਰ, ਬਾਦਸ਼ਾਹ ਸ਼ਹਿਜ਼ਾਦੇ ਰਫ਼ੀਉੱਸ਼ਾਨ ਦੀ ਫ਼ੌਜ ਵਿਚ ਹਾਜ਼ਿਰ ਸੀ। ਮੈਂ ਅੱਖੀਂ ਵੇਖਿਆ: ਉਨ੍ਹਾਂ ਮਰਦੂਦਾਂ ਵਿਚੋਂ ਹਰ ਇਕ ਜਵਾਨ ਮੈਦਾਨ ਵਿਚ ਕੁੱਦ ਕੇ, ਬਾਦਸ਼ਾਹੀ ਲਸ਼ਕਰ ਨਾਲ ਰੁੱਝ ਜਾਂਦਾ, ਅਰ ਬਹਾਦਰੀ ਦੇ ਬੜੇ ਜੌਹਰ ਅਤੇ ਕੋਸ਼ਿਸ਼ਾਂ ਵਿਖਾ ਕੇ, ਮੁਜਾਹਿਦਾਂ ਦੀ ਤੇਗ਼ੋ-ਬੇਦਰੇਗ ਦਾ ਖਾਜਾ ਬਣ ਜਾਂਦਾ। ਇਸ ਮੌਕੇ 'ਤੇ ਸ਼ਾਹੀ ਫ਼ੌਜਾਂ ਅਤੇ ਮਸ਼ਹੂਰ ਅਮੀਰਾਂ ਦੀਆਂ ਫ਼ੌਜਾਂ ਨੇ ਹਰ ਪਾਸਿਓਂ ਹੱਲਾ*

ਬੋਲ ਕੇ, ਰੁਸਤਮ ਤੇ ਇਸਫ਼ੰਦਯਾਰ ਦੇ ਕਾਰਨਾਮੇ ਮਾਤ ਪਾ ਦਿੱਤੇ। ਬੜੀ ਕੱਟ-ਵੱਢ ਅਤੇ ਜੰਗ ਹੋਈ। ਢਾਈ ਹਜ਼ਾਰ ਦੇ ਕਰੀਬ ਬੰਦੇ ਉਹ ਬੇਮ੍ਰਿਜਾਦ ਫ਼ਿਰਕੇ (ਸਿੱਖਾਂ) ਦੇ ਸਿਰਦਾਰਾਂ (ਜਥੇਦਾਰਾਂ) ਸਮੇਤ ਬਹਾਦਰਾਂ ਦੀ ਤੇਗ਼ ਦਾ ਤੱਮਾ ਬਣ ਗਏ। ਜੇਤੂ ਫ਼ੌਜਾਂ ਵਿਚੋਂ ਫ਼ੀਰੋਜ਼ ਖ਼ਾਨ ਮੇਵਾਤੀ ਦਾ ਭਤੀਜਾ ਸ਼ਹੀਦ ਹੋ ਗਿਆ ਤੇ ਪੁੱਤਰ ਜ਼ਖ਼ਮੀ..।" ਇਸੇ ਲੜਾਈ ਬਾਰੇ ਖ਼ਾਫ਼ੀ ਖ਼ਾਨ ਲਿਖਦਾ ਹੈ ਕਿ: *ਇਸ ਜੰਗ ਦਾ ਬਿਆਨ ਮੁਸ਼ਕਿਲ ਹੈ। ਫ਼ਕੀਰਾਂ ਦੇ ਪਹਿਰਾਵਿਆਂ ਵਾਲੇ ਸਿੱਖਾਂ ਨੇ ਸ਼ਾਹੀ ਫ਼ੌਜਾਂ ਵਿਚ ਦਹਿਸ਼ਤ ਫ਼ੈਲਾ ਦਿਤੀ। ਸ਼ਾਹੀ ਫ਼ੌਜਾਂ ਚੋਂ ਏਨੇ ਬੰਦੇ ਮਰੇ ਕਿ ਇੰਝ ਜਾਪਦਾ ਸੀ ਕਿ ਅਸੀਂ ਖ਼ਤਮ ਹੋ ਜਾਵਾਂਗੇ। ਸਿੱਖਾਂ ਦੇ ਇਸ ਹਮਲੇ ਵਿਚ ਫ਼ੀਰੋਜ਼ ਖ਼ਾਨ ਮੇਵਾਤੀ ਦਾ ਭਤੀਜਾ ਤੇ ਪੁੱਤਰ ਵੀ ਮਾਰੇ ਗਏ।*

29 ਨਵੰਬਰ 1710 ਬੁਧਵਾਰ ਦੇ ਦਿਨ ਬਾਦਸ਼ਾਹ, ਲੋਹਗੜ੍ਹ ਕਿਲ੍ਹੇ ਤੋਂ ਕੁਝ ਫ਼ਰਲਾਂਗ ਦੂਰ, ਸੋਮ ਨਦੀ ਦੇ ਕੰਢੇ 'ਤੇ, ਪਿੰਡ ਕਮਪੋ ਦੀ ਹੱਦ ਵਿਚ ਪੁੱਜ ਗਿਆ। ਹਾਲਾਤ ਵੇਖ ਕੇ ਉਸ ਨੇ ਹੁਕਮ ਦਿਤਾ ਕਿ ਖ਼ਾਨਖ਼ਾਨਾ ਅਤੇ ਮਹਾਬਤ ਖ਼ਾਨ ਅਗਲੇ ਦਿਨ ਸਿੱਖਾਂ ਦੇ ਪਹਾੜਾਂ 'ਤੇ ਬਣੇ ਮੋਰਚਿਆਂ ਦਾ ਜਾਇਜ਼ਾ ਲੈਣ। ਇਹੀ ਹੁਕਮ ਰਫ਼ੀਉੱਸ਼ਾਨ ਸ਼ਹਿਜ਼ਾਦਾ ਨੂੰ ਵੀ ਦਿਤਾ ਗਿਆ।

1914: ਗ਼ਦਰੀ ਵਰਕਰਾਂ ਦੀ ਪੁਲਸ ਨਾਲ ਝੜਪ ਵਿਚ ਚੰਦਾ ਸਿੰਘ ਤੇ ਨਿਸ਼ਾਨ ਸਿੰਘ ਮਾਰੇ ਗਏ ਤੇ 7 ਫੜੇ ਗਏ

29 ਨਵੰਬਰ 1914 ਦੇ ਦਿਨ ਫ਼ਿਰੋਜ਼ਸ਼ਾਹ ਥਾਨੇ ਕੋਲ ਗ਼ਦਰੀਆਂ ਦੀ ਇਕ ਟੋਲੀ ਟਾਂਗਿਆਂ ਤੇ ਜਾ ਰਹੀ ਸੀ। ਸ਼ੱਕ ਪੈਣ 'ਤੇ ਉਨ੍ਹਾਂ ਨੂੰ ਬਸ਼ਾਰਤ ਅਲੀ ਥਾਣੇਦਾਰ, ਜੁਆਲਾ ਸਿੰਘ ਅਤੇ ਹੋਰ ਸਿਪਾਹੀ ਨੇ ਰੋਕਿਆ; ਇਸ ਤੇ ਚੰਦਾ ਸਿੰਘ ਅਤੇ ਗਾਂਧਾ ਸਿੰਘ ਨੇ ਪਿਸਤੌਲਾਂ ਤਾਣ ਲਈਆਂ ਅਤੇ ਬਸ਼ਾਰਤ ਅਲੀ ਥਾਣੇਦਾਰ ਅਤੇ ਜੁਆਲਾ ਸਿੰਘ ਦੋਹਾਂ ਨੂੰ ਮਾਰ ਦਿੱਤਾ। ਉਧਰ ਬਾਕੀ ਬਚੇ ਪੁਲਸੀਆਂ ਨੇ ਵੀ ਗ਼ਦਰੀਆਂ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਨਾਲ ਚੰਦਾ ਸਿੰਘ ਵੜੈਚ ਤੇ ਨਿਸ਼ਨ ਸਿੰਘ ਬੰਗੂਈ ਮਾਰੇ ਗਏ; 16 ਗ਼ਦਰੀਆਂ ਵਿਚੋਂ 2 ਮਾਰੇ ਗਏ, 7 ਗ੍ਰਿਫ਼ਤਾਰ ਹੋਏ 6 ਬਚ ਕੇ ਨਿਕਲ ਗਏ। ਸੋਲ੍ਹਵਾਂ ਗ਼ਦਰੀ ਗਾਂਧਾ ਸਿੰਘ ਇਕ ਉਚੇ ਦਰਖ਼ਤ ਤੇ ਚੜ੍ਹ ਜਾਣ ਕਾਰਨ ਬਚ ਗਿਆ (ਮਗਰੋਂ ਉਹ ਵੀ ਫੜਿਆ ਗਿਆ ਤੇ 8 ਮਾਰਚ 1916 ਨੂੰ ਫ਼ਾਂਸੀ ਲੱਗਾ)।

1961: ਮਾਸਟਰ ਤਾਰਾ ਸਿੰਘ, ਫਤਹਿ ਸਿੰਘ ਗੰਗਾਨਗਰ ਤੇ 8 ਹੋਰਾਂ ਨੂੰ ਸਜ਼ਾ ਲਾਈ ਗਈ

ਆਪਣੀ ਅਰਦਾਸ ਪੂਰੀ ਕਰਨ ਤੋਂ ਬਿਨਾਂ ਮਰਨ ਵਰਤ ਛੱਡਣ ਦੀ ਮਾਸਟਰ ਤਾਰਾ ਸਿੰਘ ਤੇ ਹੋਰਨਾਂ ਦੀ ਅਰਜ਼ੀ, ਜਿਹਤੀ ਉਨ੍ਹਾਂ ਨੇ ਆਪ 24 ਨਵੰਬਰ 1961 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਨੂੰ ਦਿੱਤੀ ਸੀ (ਉਨ੍ਹਾਂ ਨੂੰ ਗ੍ਰੰਥੀਆਂ ਪੁਜਾਰੀਆਂ ਨੇ ਸੰਮਨ ਨਹੀਂ ਕੀਤਾ ਸੀ; ਇਹ ਸੰਮਨ ਕਰਨ ਦਾ ਡਰਾਮਾ 1986 ਤੋਂ ਮਗਰੋਂ ਸ਼ੁਰੂ ਹੋਇਆ ਸੀ), ਬਾਰੇ ਪੰਜ ਸਿੰਘਾਂ ਨੇ ਨੇ ਵਿਚਾਰਾਂ ਕੀਤੀਆਂ।ਅਖ਼ੀਰ ਚਾਰ ਦਿਨ ਵਿਚਾਰਾਂ ਕਰਨ ਮਗਰੋਂ ਕੀਤੀਆਂ ਜਥੇਦਾਰ ਅੱਛਰ ਸਿੰਘ, ਗਿ: ਭੁਪਿੰਦਰ ਸਿੰਘ, ਚੇਤ ਸਿੰਘ, ਕ੍ਰਿਪਾਲ ਸਿੰਘ ਅਤੇ ਸ਼ਰਮ ਸਿੰਘ ਨੇ (ਪੰਜ ਪਿਆਰਿਆਂ ਦੇ ਰੂਪ ਵਿਚ), ਸਾਂਝੇ ਫ਼ੈਸਲੇ ਮੁਤਾਬਿਕ, 29 ਨਵੰਬਰ 1961 ਦੇ ਦਿਨ 10000 ਸਿੱਖਾਂ ਦੀ ਹਾਜ਼ਰੀ ਵਿਚ ਇਨ੍ਹਾਂ ਨੂੰ ਹੇਠ ਲਿਖੀ ਸਜ਼ਾ ਲਾਈ ਗਈ: **ਮਾਸਟਰ ਤਾਰਾ ਸਿੰਘ:** ਇਕ ਅਖੰਡ ਪਾਠ, ਇਕ ਮਹੀਨਾ ਜਪੁਜੀ ਸਾਹਿਬ ਦਾ ਨਿਤਨੇਮ ਤੋਂ ਵਖਰਾ ਹੋਰ ਪਾਠ, 5 ਦਿਨ ਕਿਸੇ ਗੁਰਦੁਆਰੇ ਵਿਚ ਸੰਗਤ ਦੇ ਜੋੜੇ ਸਾਫ਼ ਕਰਨ ਦੀ ਸੇਵਾ, 5 ਦਿਨ ਕਿਸੇ ਗੁਰਦੁਆਰੇ ਦੇ ਲੰਗਰ ਵਿਚ ਸੰਗਤ ਦੇ ਬਰਤਨ ਸਾਫ਼ ਕਰਨ ਦੀ ਸੇਵਾ, 125 ਰੁਪੈ ਦਾ ਕੜਾਹ ਪ੍ਰਸ਼ਾਦ। **ਫ਼ਤਹਿ ਸਿੰਘ ਗੰਗਾਨਗਰ:** ਇਕ ਮਹੀਨਾ ਜਪੁਜੀ ਸਾਹਿਬ ਦਾ ਨਿਤਨੇਮ ਤੋਂ ਵਖਰਾ

ਹੋਰ ਪਾਠ, 5 ਦਿਨ ਕਿਸੇ ਗੁਰਦੁਆਰੇ ਦੇ ਲੰਗਰ ਵਿਚ ਸੰਗਤ ਦੇ ਬਰਤਨ ਸਾਫ਼ ਕਰਨ ਦੀ ਸੇਵਾ; **ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ 8 ਮੈਂਬਰ:** 2 ਦਿਨ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਝਾੜੂ ਦੇਣਾ ਅਤੇ 2 ਦਿਨ ਕਿਸੇ ਗੁਰਦੁਆਰੇ ਦੇ ਲੰਗਰ ਵਿਚ ਸੰਗਤ ਦੇ ਬਰਤਨ ਸਾਫ਼ ਕਰਨ ਦੀ ਸੇਵਾ ਕਰਨਾ। ਇਹ ਕੋਈ ਪੁਜਾਰੀਆਂ ਦਾ ਅਖੌਤੀ ਹੁਕਮਨਾਮਾ ਨਹੀਂ ਸੀ ਬਲਕਿ ਇਕ ਫ਼ੈਸਲਾ ਸੀ।

1985: ਚੀਫ਼ ਮਨਿਸਟਰ ਬਰਨਾਲਾ ਨੇ ਇੰਦਰਾ ਵੱਲੋਂ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੇ ਬਾਵਜੂਦ ਉਸ ਨੂੰ ਸ਼ਰਧਾਂਜਲੀ ਭੇਟ ਕੀਤੀ। ਉਜਾਗਰ ਸਿੰਘ ਸੇਖਵਾਂ ਨੇ ਇੰਦਰਾ ਨੂੰ ਸ਼ਰਧਾਂਜਲੀ ਦੇਣ ਵਾਲਿਆਂ ਨੂੰ ਕੌਮ ਦੇ ਗ਼ਦਾਰ ਗਰਦਾਨਿਅਸ

25 ਸਤੰਬਰ 1985 ਦੇ ਦਿਨ ਪੰਜਾਬ ਅਸੈਂਬਲੀ ਵਾਸਤੇ ਵੋਟਾਂ ਪਈਆਂ; 29 ਸਤੰਬਰ ਨੂੰ ਸੁਰਜੀਤ ਬਰਨਾਲਾ ਚੀਫ਼ ਮਨਿਸਟਰ ਬਣ ਗਿਆ। ਬਰਨਾਲਾ ਨੇ ਅਸੈਂਬਲੀ ਦੇ ਪਹਿਲੇ ਸੈਸ਼ਨ ਵਿਚ ਹੀ ਇੰਦਰਾ ਗਾਂਧੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਕ ਵੀ ਅਕਾਲੀ ਐਮ.ਐਲ.ਏ. ਨੇ ਇੰਦਰਾ ਦੇ ਜ਼ੁਲਮ ਦੇ ਖ਼ਿਲਾਫ਼ ਜ਼ਬਾਨ ਤਕ ਨਾ ਖੋਲ੍ਹੀ। ਬਰਨਾਲੇ ਨੇ ਤਾਂ ਜੂਨ 84 ਅਤੇ ਨਵੰਬਰ 84 'ਚ ਸਿੱਖਾਂ ਦੇ ਕਤਲੇਆਮ ਦੀ ਨਿੰਦਾ ਜਾਂ ਮਾਰੇ ਗਿਆਂ ਨਾਲ ਹਮਦਰਦੀ ਦੇ ਮਤੇ ਵੀ ਨਾ ਪੇਸ਼ ਕੀਤੇ। ਉਸ ਨੇ ਸਿੱਖ ਸ਼ਹੀਦਾਂ ਨੂੰ 'ਸ਼ਰਧਾਂਜਲੀ' ਵੀ ਨਾ ਭੇਟ ਕੀਤੀ। ਪੰਜਾਬ ਅਸੈਂਬਲੀ ਦੇ ਇਜਲਾਸ ਵਿਚ ਸਿਰਫ਼ ਭਾਜਪਾ ਦੇ ਇਕ ਐਮ.ਐਲ.ਏ. ਨੇ ਇੰਦਰਾ ਗਾਂਧੀ ਦੀ ਭਰਪੂਰ ਨਿੰਦਾ ਕੀਤੀ। ਇਸ 'ਤੇ 29 ਨਵੰਬਰ ਨੂੰ ਜਥੇਦਾਰ ਉਜਾਗਰ ਸਿੰਘ ਸੇਖਵਾਂ ਨੇ ਮੰਗ ਕੀਤੀ ਕਿ '**ਅਸੈਂਬਲੀ 'ਚ ਇੰਦਰਾ ਗਾਂਧੀ ਨੂੰ ਸ਼ਰਧਾਂਜਲੀ ਦੇਣ ਵਾਲੇ ਅਕਾਲੀ ਕੌਮ ਦੇ ਗ਼ਦਾਰ ਹਨ; ਇਹ ਸਾਰੇ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤੇ ਜਾਣੇ ਚਾਹੀਦੇ ਹਨ।**' ਦਰਅਸਲ ਇਨ੍ਹਾਂ ਚੋਣਾਂ ਵਿਚ ਕਾਂਗਰਸ ਨੇ ਬੜੇ ਕਮਜ਼ੋਰ ਉਮੀਦਵਾਰ ਖੜ੍ਹੇ ਕੀਤੇ। ਦੂਜੇ ਪਾਸੇ ਸਰਕਾਰ ਦੀਆਂ ਏਜੰਸੀਆਂ ਨੇ ਬਾਬਾ ਜੋਗਿੰਦਰ ਸਿੰਘ (ਸੰਯੁਕਤ ਅਕਾਲੀ ਦਲ) ਕੋਲੋਂ ਚੋਣਾਂ ਦਾ ਬਾਈਕਾਟ ਕਰਵਾ ਦਿੱਤਾ ਹੋਇਆ ਸੀ। ਨਤੀਜੇ ਵਜੋਂ ਬਰਨਾਲੇ ਦੇ 74 ਉਮੀਦਵਾਰ ਜਿੱਤ ਗਏ ਸਨ। ਰਾਜੀਵ ਗਾਂਧੀ ਨੇ ਬਰਨਾਲੇ ਨੂੰ ਇਸ ਵਾਸਤੇ ਅਕਾਲੀ ਦਲ ਦਾ ਪ੍ਰਧਾਨ ਤੇ ਚੀਫ਼ ਮਨਿਸਟਰ ਬਣਾਇਆ ਸੀ ਤਾਂ ਜੋ ਉਸ ਦੇ ਨਾਂ 'ਤੇ ਖਾੜਕੂਆਂ, ਖਾਲਿਸਤਾਨ, ਭਿੰਡਰਾਂਵਾਲਾ ਵਗ਼ੈਰਾ ਦੇ ਖ਼ਿਲਾਫ਼ ਪਰਾਕਸੀ (ਪਰੋਣੇ) ਲੜਾਈ ਲੜੀ ਜਾ ਸਕੇ। ਸ਼ੁਰੂ ਵਿਚ ਬਰਨਾਲੇ ਨੇ ਦਿਖਾਵੇ ਵਲੋਂ ਪੰਥਕ ਮੰਗਾਂ ਬਾਰੇ ਇਕ-ਅੱਧ ਬਿਆਨ ਵੀ ਦਿੱਤਾ। ਪਰ ਇਹ ਸਭ ਕਾਗ਼ਜ਼ੀ ਕਾਰਵਾਈ ਸੀ। ਉਸ ਵਕਤ 2000 ਤੋਂ ਵੱਧ ਬੇਗੁਨਾਹ ਸਿੱਖ ਟਾਡਾ ਕੇਸਾਂ ਹੇਠ ਪੰਜਾਬ ਦੀਆਂ ਜੇਲ੍ਹਾਂ ਵਿਚ ਸਨ; 500 ਦੇ ਕਰੀਬ ਹਰਿਆਣੇ ਵਿਚ, 400 ਦੇ ਕਰੀਬ ਜੈਪੁਰ-ਜੋਧਪੁਰ 'ਚ ਅਤੇ 500 ਦੇ ਕਰੀਬ ਹੋਰ ਜੇਲ੍ਹਾਂ ਵਿਚ ਵੀ ਸਨ। ਪੰਜਾਬ 'ਚ ਕੈਦ ਸਿੱਖਾਂ ਬਾਰੇ ਬਰਨਾਲਾ ਨੇ ਜਸਟਿਸ ਅਜੀਤ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਇਕ ਸਬ-ਕਮੇਟੀ ਬਣਾਈ। ਇਸ ਕਮੇਟੀ ਵਿਚ ਭਾਜਪਾ ਦਾ ਸੀਨੀਅਰ ਆਗੂ ਲਾਲ ਚੰਦ ਸਭਰਵਾਲ ਵੀ ਸ਼ਾਮਿਲ ਸੀ। ਇਸ ਕਮੇਟੀ ਨੇ ਬਰਨਾਲੇ ਨੂੰ ਸਿਫ਼ਾਰਸ਼ ਕੀਤੀ ਕਿ ਸਾਰੇ ਬੇਗੁਨਾਹ ਸਿੱਖ ਰਿਆਅ ਕਰ ਦਿੱਤੇ ਜਾਣ। ਪਰ ਬਰਨਾਲੇ ਨੇ ਸਿਰਫ਼ 26 ਸਿੱਖ ਹੀ ਰਿਹਾਅ ਕੀਤੇ। ਹੋਰ ਤਾਂ ਹੋਰ ਉਸ ਵੇਲੇ ਇਨ੍ਹਾਂ 2000 ਵਿਚੋਂ 224 ਬੇਗ਼ੁਨਾਹ ਸਿੱਖ ਪੰਜਾਬ ਦੀਆਂ ਜੇਲ੍ਹਾਂ 'ਚ ਕੈਦ ਹੀ ਨਹੀਂ 'ਨਜ਼ਰਬੰਦ' ਵੀ ਸਨ।

1989: ਨਰਿੰਦਰ ਸਿੰਘ ਰਾਮ ਦਿਵਾਲੀ ਮੁਸਲਮਾਨ ਤੇ ਕਾਰਜ ਸਿੰਘ ਰਤਨਗੜ੍ਹ ਨਕਲੀ ਮੁਕਾਬਲੇ ਵਿਚ ਸ਼ਹੀਦ

29 ਨਵੰਬਰ 1989 ਦੇ ਦਿਨ ਪੰਜਾਬ ਪੁਲੀਸ ਨੇ ਨਰਿੰਦਰ ਸਿੰਘ (ਵਾਸੀ ਰਾਮ ਦਿਵਾਲੀ ਮੁਸਲਮਾਨ) ਤੇ ਕਾਰਜ ਸਿੰਘ (ਵਾਸੀ ਰਤਨਗੜ੍ਹ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਕੇਵਲ ਸਿੰਘ ਦੂਹਲ ਕੋਹਨਾ, ਦਲੇਰ ਸਿੰਘ ਮਸਤਗੜ੍ਹ ਤੇ ਗੁਰਦੇਬ ਸਿੰਘ ਦੇਬਾ ਰੱਟੋਲ ਬੇਟ ਨਕਲੀ ਮੁਕਾਬਲੇ ਵਿਚ ਸ਼ਹੀਦ

29 ਨਵੰਬਰ 1990 ਦੇ ਦਿਨ ਪੰਜਾਬ ਪੁਲੀਸ ਨੇ ਕੇਵਲ ਸਿੰਘ (ਵਾਸੀ ਦੂਹਲ ਕੋਹਨਾ), ਦਲੇਰ ਸਿੰਘ (ਵਾਸੀ ਮਸਤਗੜ੍ਹ) ਤੇ ਗੁਰਦੇਬ ਸਿੰਘ ਦੇਬਾ (ਵਾਸੀ ਰੱਟੋਲ ਬੇਟ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਪਰਮਜੀਤ ਸਿੰਘ ਤੇ ਬਲਵਿੰਦਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲੀਸ ਨੇ 29 ਨਵੰਬਰ 1992 ਦੇ ਦਿਨ ਪਰਮਜੀਤ ਸਿੰਘ ਤੇ ਬਲਵਿੰਦਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

30 ਨਵੰਬਰ

1710: ਨੱਬੇ ਹਜ਼ਾਰ ਮੁਗ਼ਲ ਫ਼ੌਜ ਨੇ ਲੋਹਗੜ੍ਹ 'ਤੇ ਹਮਲਾ ਕਰ ਦਿੱਤਾ

29 ਨਵੰਬਰ 1710 ਬੁਧਵਾਰ ਦੇ ਦਿਨ ਮੁਗ਼ਲ ਫ਼ੌਜਾਂ ਨੇ ਲੋਹਗੜ੍ਹ ਕਿਲ੍ਹੇ ਨੂੰ ਘੇਰਾ ਪਾ ਲਿਆ ਸੀ; ਬਾਦਸ਼ਾਹ ਆਪ ਇਸ ਵਕਤ ਨਾਲ ਦੇ ਪਿੰਡ ਕਮਪੇ ਵਿਚ ਮੌਜੂਦ ਸੀ; ਇਸ ਵੇਲੇ ਤਕਰੀਬਨ 90000 ਤੋਂ ਵਧ ਫ਼ੌਜ ਲੋਹਗੜ੍ਹ ਨੂੰ ਘੇਰੇ ਖੜ੍ਹੀ ਸੀ। ਵੱਡੇ ਸ਼ਹਿਜ਼ਾਦੇ ਅਜ਼ੀਮੁਸ਼ਾਨ ਕੋਲ ਇਕੱਤੀ ਹਜ਼ਾਰ ਅਤੇ ਦੂਜੇ ਤਿੰਨਾਂ ਸ਼ਹਿਜ਼ਾਦਿਆਂ ਨਾਲ ਯਾਰ੍ਹਾਂ-ਯਾਰ੍ਹਾਂ ਹਜ਼ਾਰ ਫ਼ੌਜ ਸੀ। ਦਸ ਦਸ ਹਜ਼ਾਰ ਫ਼ੌਜ ਖ਼ਾਨਖਾਨਾ ਅਤੇ ਰੁਸਤਮ ਦਿਲ ਖ਼ਾਨ ਕੋਲ ਵੀ ਸੀ; ਹਿੰਦੂ ਰਾਜੇ ਛਤਰਸਾਲ ਬੁੰਦੇਲਾ ਤੇ ਉੱਦਿਤ ਸਿੰਘ ਬੁੰਦੇਲਾ ਦੀ ਪੰਜ ਹਜ਼ਾਰ ਅਤੇ ਇਸਲਾਮ ਖ਼ਾਨ ਮੀਰ ਆਤਿਸ਼ ਦੀ ਫ਼ੌਜ ਵੀ ਮੌਜੂਦ ਸੀ। ਦੂਜੇ ਪਾਸੇ ਲੋਹਗੜ੍ਹ ਵਿਚ ਬੰਦਾ ਸਿੰਘ ਨਾਲ 1500 ਦੇ ਕਰੀਬ ਸਿੱਖ ਮੌਜੂਦ ਸਨ।

30 ਨਵੰਬਰ ਨੂੰ ਸਾਰਾ ਜਾਇਜ਼ਾ ਲੈ ਕੇ ਮੁਗ਼ਲ ਫ਼ੌਜਾਂ ਨੇ ਲੋਹਗੜ੍ਹ ਨੂੰ ਇੰਞ ਘੇਰਾ ਪਾਇਆ: (1) ਰਫ਼ੀਉੱਸ਼ਾਨ ਪਰਬਤ-ਪੱਲੇ ਤੋਂ ਇਕ ਕਿਲੋਮੀਟਰ ਹਟਵੇਂ, ਬੰਦਾ ਸਿੰਘ ਦੇ ਡੇਰੇ ਵਲ ਭੇਜਿਆ ਗਿਆ। ਉਸ ਦੇ ਨਾਲ ਬਖ਼ਸ਼ੀ-ਉਲ-ਮੁਲਕ ਜ਼ੁਲਫ਼ਿਕਾਰ ਖ਼ਾਨ ਦੀ ਡਿਊਟੀ ਲਾਈ ਗਈ। (2) ਖ਼ਾਨਖ਼ਾਨਾ ਅਤੇ ਬਖ਼ਸ਼ੀ ਮਹਾਬਤ ਖ਼ਾਨ ਤੇ ਖ਼ਾਨ ਜ਼ਮਾਨ ਬਹਾਦਰ (ਤਿੰਨੇ ਪਿਓ-ਪੁੱਤਰ) ਉਸ ਇਲਾਕੇ ਦੇ ਜਾਣੂਆਂ ਪਿੱਛੇ ਲਗ ਕੇ ਪਰਬਤ ਦੀ ਢਾਕੇ (ਕਮਰ ਵੱਲੋਂ) ਦਾਖਿਲ ਹੋਏ। (3) ਹਿੰਦੂ ਰਾਜਾ ਛਤਰਸਾਲ ਬੁੰਦੇਲਾ ਤੇ ਇਸਲਾਮ ਖ਼ਾਨ 'ਮੀਰ ਆਤਿਸ਼' ਖ਼ਾਨਖ਼ਾਨਾ ਦੀ ਮੁਹਰੈਲੀ ਫ਼ੌਜ ਬਣ ਕੇ ਅਗਾਂਹ ਵਧੇ।(4) ਹਮੀਦ-ਉਦ-ਦੀਨ ਖ਼ਾਨ, ਅਜ਼ੀਮੁੱਸ਼ਾਨ ਸ਼ਾਹ ਬਹਾਦਰ ਦੇ ਸਾਥੀ ਤੇ ਜਹਾਨ ਸ਼ਾਹ ਬਹਾਦੁਰ ਦੇ ਚਾਕਰ, ਉੱਪਰ ਜ਼ਿਕਰ ਕੀਤੇ ਤਿੰਨਾਂ ਦਲਾਂ ਦੀ ਮਦਦ ਵਾਸਤੇ, ਮਗਰ-ਮਗਰ ਟੁਰੇ।

ਲੋਹਗੜ੍ਹ ਵਿਚ ਇਸ ਵੇਲੇ ਨਾ ਤਾਂ ਬਹੁਤੀ ਸਿੱਖ ਫ਼ੌਜ ਸੀ, ਨਾ ਅਸਲਾ ਤੇ ਨਾ ਰਾਸ਼ਨ। ਸਿਰਫ਼ ਤਿੰਨ ਤੋਪਾਂ ਸਨ ਤੇ ਚੌਥੀ ਤੋਪ ਇਮਲੀ ਦਾ ਤਨਾ ਖੋਦ ਕੇ ਬਣਾਈ ਹੋਈ ਸੀ। ਪਰ ਇਨ੍ਹਾ ਤੋਪਾਂ ਵਾਸਤੇ ਵੀ ਬਾਰੂਦ ਬਹੁਤ ਥੋੜ੍ਹਾ ਸੀ । ਮੁਸਲਮਾਨ ਲਿਖਾਰੀ ਕਾਮਵਰ ਲਿਖਦਾ

ਹੈ ਕਿ:"ਪਹਿਰ ਦਿਨ ਚੜ੍ਹਿਆ ਸੀ। ਖ਼ਾਨਖ਼ਾਨਾ (ਮੁਨਈਮ ਖ਼ਾਨ) ਨੇ 5 ਹਜ਼ਾਰ ਸਾਥੀਆਂ ਸਣੇ ਸਿੱਖਾਂ ਦੇ ਪਹਾੜ ਦੀ ਸਿਖਰ 'ਤੇ ਬਣੇ ਮੋਰਚਿਆਂ ਉੱਤੇ ਹਮਲਾ ਕੀਤਾ। ਤੋਪ-ਤੁਫ਼ੰਗ ਦਾ ਬੜਾ ਕਰਾਰਾ ਜੰਗ ਹੋਇਆ। ਖ਼ਾਨਖ਼ਾਨਾ ਲੋਹਗੜ੍ਹ ਦੀ ਕੋਟ-ਖਾਲੀ ਤਕ ਪਹੁੰਚ ਗਿਆ। ਦੁਵੱਲੀ ਪੂਰੇ ਤਾਣ-ਮਾਣ ਨਾਲ ਜੁੱਧ ਮੱਚਿਆ। ਜਿੰਦਾਂ ਲੈਣ-ਦੇਣ ਦਾ ਵਪਾਰ ਖ਼ੂਬ ਗਰਮ ਹੋ ਮੱਚਿਆ।" ਇਸ ਹਾਲਤ ਨੂੰ ਵੇਖ ਕੇ ਮੁਗ਼ਲ ਤੇ ਪਠਾਣ ਫ਼ੌਜੀ ਬੜੇ ਡਰੇ ਹੋਏ ਸਨ। ਇਰਵਿਨ ਲਿਖਦਾ ਹੈ ਕਿ, "ਬੰਦਾ ਸਿੰਘ ਬਾਰੇ ਅਫ਼ਵਾਹਾਂ ਤੋਂ ਮੁਗ਼ਲ ਫ਼ੌਜੀ ਬੜੇ ਡਰੇ ਹੋਏ ਸਨ। ਉਨ੍ਹਾਂ ਨੂੰ ਡਰ ਸੀ ਕਿ ਬੰਦਾ ਜਾਦੂ ਜਾਣਦਾ ਹੈ। ਉਹ ਅਜਿਹਾ ਜਾਦੂ ਜਾਣਦਾ ਹੈ ਜਿਸ ਨਾਲ ਉਹ ਦੁਸ਼ਮਣ ਦੇ ਨੇਜ਼ਿਆਂ ਅਤੇ ਤਲਵਾਰਾਂ ਦੇ ਵਾਰਾਂ ਨੂੰ ਬੇਅਸਰ ਕਰ ਸਕਦਾ ਹੈ। ਉਨ੍ਹਾਂ ਨੇ ਇਹ ਵੀ ਸੁਣ ਰੱਖਿਆ ਸੀ ਕਿ ਬੰਦੇ ਨੇ ਸਿੱਖਾਂ ਨੂੰ 'ਵਰ' ਦਿੱਤਾ ਹੋਇਆ ਹੈ ਕਿ ਜੇ ਉਨ੍ਹਾਂ ਵਿਚੋਂ ਕੋਈ ਜੰਗ ਵਿਚ ਮਰ ਗਿਆ ਤਾਂ ਉਹ ਦੋਬਾਰਾ ਜਨਮ ਲੈ ਕੇ ਵੱਡੇ ਅਹੁਦੇ 'ਤੇ ਆਵੇਗਾ। ਇਨ੍ਹਾਂ ਅਫ਼ਵਾਹਾਂ ਕਾਰਨ ਬਾਦਸ਼ਾਹ ਅਤੇ ਵੱਡੇ ਜਰਨੈਲ ਬੜੇ ਪਰੇਸ਼ਾਨ ਅਤੇ ਬੇਦਿਲ ਜਿਹੇ ਹੋ ਗਏ ਸਨ।"

ਸ਼ੁਰੂ-ਸ਼ੁਰੂ ਵਿਚ ਸਿੱਖਾਂ ਤੇ ਸ਼ਾਹੀ ਫ਼ੌਜਾਂ ਵਿਚ ਛੋਟੀ-ਮੋਟੀ ਜੰਗ ਚਲਦੀ ਰਹੀ। ਜਿਹੜਾ ਸਿੱਖ ਵੀ ਕਿਲ੍ਹੇ 'ਚੋਂ ਬਾਹਰ ਨਿਕਲਦਾ ਸੀ ਉਹ ਮੁਗ਼ਲ ਫ਼ੌਜਾਂ ਨਾਲ ਭਿੜ ਕੇ, ਚੰਗੀ ਜੱਦੋਜਹਿਦ ਮਗਰੋਂ, ਮਾਰਿਆ ਜਾਂਦਾ ਸੀ। ਬਹੁਤ ਸਾਰੇ ਮੁਗ਼ਲ ਫ਼ੌਜੀ ਵੀ ਮਰ ਰਹੇ ਸਨ। ਖ਼ਾਨਖ਼ਾਨਾ ਨੂੰ ਡਟਿਆ ਵੇਖ ਕੇ ਸ਼ਹਿਜ਼ਾਦਾ ਰਫ਼ੀ-ਉਦ-ਸ਼ਾਹ ਅਤੇ ਰੁਸਤਮ ਦਿਲ ਖ਼ਾਨ ਨੇ ਵੀ ਲੋਹਗੜ੍ਹ ਵਲ ਧਾਵਾ ਬੋਲ ਦਿਤਾ। ਉਨ੍ਹਾਂ ਨੇ ਇਹ ਇਸ ਵਾਸਤੇ ਕੀਤਾ ਤਾਂ ਕਿ ਕਿਤੇ ਖ਼ਾਨਖ਼ਾਨਾ ਜਿੱਤ ਦਾ ਸਿਹਰਾ ਨਾ ਲੈ ਜਾਵੇ। ਖ਼ਾਨਖ਼ਾਨਾ ਅਤੇ ਉਸ ਦੀ ਰੀਸ ਕਰਨ ਵਾਲਿਆਂ ਦੀ ਇਹ ਹਰਕਤ ਬਾਦਸ਼ਾਹ ਬਹਾਦਰ ਸ਼ਾਹ ਦੇ ਹੁਕਮ ਦੀ ਅਦੂਲੀ ਸੀ ਕਿਉਂ ਕਿ ਉਸ ਨੇ ਹਦਾਇਤ ਦਿੱਤੀ ਹੋਈ ਸੀ ਕਿ ਕੋਈ ਵੀ ਕਿਲ੍ਹੇ ਵਲ ਨਾ ਵਧੇ ਅਤੇ ਸਿੱਖਾਂ ਨੂੰ ਥਕਾ ਕੇ, ਉਨ੍ਹਾਂ ਦਾ ਰਾਸ਼ਨ ਅਤੇ ਅਸਲਾ ਮੁਕਾਉਣ ਮਗਰੋਂ ਹੀ, ਉਨ੍ਹਾਂ ਨੂੰ ਕਾਬੂ ਕੀਤਾ ਜਾਵੇ। ਹੁਣ ਜਦੋਂ ਇਹ ਬਾਦਸ਼ਾਹ ਦੀ ਹੁਕਮ-ਅਦੂਲੀ ਕਰ ਕੇ ਅੱਗੇ ਵਧੇ ਹੀ ਸਨ ਤਾਂ ਉਨ੍ਹਾਂ ਕੋਲ ਇਕੋ ਹੀ ਚਾਰਾ ਸੀ ਕਿ ਜਾਂ ਤਾਂ ਉਹ ਕਿਲ੍ਹਾ ਜਿੱਤ ਲੈਣ ਤੇ ਜਾਂ ਮਾਰੇ ਜਾਣ ਕਿਉਂਕਿ ਹਾਰ ਕੇ ਮੁੜਨ ਦਾ ਮਤਲਬ ਬਾਦਸ਼ਾਹ ਤੋਂ ਹੁਕਮ-ਅਦੂਲੀ ਅਤੇ ਮਿਸ਼ਨ ਫੇਲ੍ਹ ਹੋਣ ਦੀ ਸਜ਼ਾ ਹਾਸਿਲ ਕਰਨਾ ਸੀ ।

ਉੱਧਰ ਸਿੱਖ, ਅਸਲਾ ਥੋੜ੍ਹਾ ਹੋਣ ਕਰ ਕੇ, ਇਕ-ਇਕ ਕਰ ਕੇ ਗੋਲੇ ਸੁੱਟ ਰਹੇ ਸਨ। ਮੁਗ਼ਲ ਫ਼ੌਜਾਂ ਦੇ ਜਰਨੈਲਾਂ ਨੇ ਇਸ ਤੋਂ ਅੰਦਾਜ਼ਾ ਲਾ ਲਿਆ ਸੀ ਕਿ ਸਿੱਖਾਂ ਕੋਲ ਬਾਰੂਦ ਥੋੜ੍ਹਾ ਹੈ। ਉਹੀ ਗੱਲ ਹੋਈ। ਸ਼ਾਮ ਤੋਂ ਪਹਿਲਾਂ ਹੀ ਸਿੱਖਾਂ ਦਾ ਬਾਰੂਦ ਮੁੱਕ ਗਿਆ। ਹੁਣ ਉਹ ਮੋਰਚਿਆਂ ਵਿਚੋਂ ਨਿਕਲੇ ਅਤੇ ਉਨ੍ਹਾਂ ਨੇ ਮੁਗ਼ਲ ਫ਼ੌਜਾਂ 'ਤੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ। ਇੰਝ ਬਹੁਤ ਸਾਰੇ ਸਿੱਖ ਸ਼ਹੀਦ ਹੋ ਗਏ। ਇਸ ਵੇਲੇ ਬੰਦਾ ਸਿੰਘ ਲੋਹਗੜ੍ਹ ਕਿਲ੍ਹੇ ਤੋਂ ਉੱਪਰ, ਨਾਲ ਵਾਲੀ ਪਹਾੜੀ 'ਤੇ ਬਣੇ ਇਕ ਹੋਰ ਕਿਲ੍ਹੇ ਸਿਤਾਰਗੜ੍ਹ ਵਿਚ, ਬੈਠਾ ਸੀ। ਸ਼ਾਹੀ ਫ਼ੌਜ ਲੋਹਗੜ੍ਹ ਨੂੰ ਘੇਰੀ ਬੈਠੀ ਸੀ ਤੇ ਕਿਸੇ ਵੇਲੇ ਵੀ ਇਸ 'ਤੇ ਕਬਜ਼ਾ ਕਰ ਸਕਦੀ ਸੀ। ਸਿੱਖਾਂ ਨੂੰ ਹੁਣ ਅਹਿਸਾਸ ਹੋ ਗਿਆ ਸੀ ਉਨ੍ਹਾਂ ਦਾ ਭਲਾ ਕਿਲ੍ਹੇ 'ਚੋਂ ਨਿਕਲ ਜਾਣ ਵਿਚ ਹੀ ਹੈ। ਰਾਤ ਵੇਲੇ ਉਨ੍ਹਾਂ ਨੇ ਬਹੁਤ ਸਾਰਾ ਬਾਰੂਦ ਭਰ ਕੇ ਇਮਲੀ ਦੀ ਗੇਲੀ ਨਾਲ ਬਣਾਈ ਬੂੰਦਕ ਚਲਾਈ ਜਿਸ ਨਾਲ ਧਰਤੀ ਕੰਬ ਗਈ। ਇਸ ਧਮਾਕੇ ਨਾਲ ਸਾਰੇ ਸ਼ਾਹੀ ਫ਼ੌਜੀ ਡਰ ਕੇ ਲੁਕ ਗਏ। ਸਿੱਖਾਂ ਨੇ ਇਸ ਦਾ ਫ਼ਾਇਦਾ ਉਠਾਇਆ ਅਤੇ ਕਿਲ੍ਹੇ ਵਿੱਚੋਂ ਨਿਕਲ ਕੇ ਪਹਾੜਾਂ ਵਲ ਚਲੇ ਗਏ। ਇਨ੍ਹਾਂ ਵਿਚ ਹੀ ਬੰਦਾ ਸਿੰਘ ਵੀ ਸੀ। ਇਸ ਲੜਾਈ ਵਿਚ 1500 ਸਿੱਖ ਤੇ ਉਨ੍ਹਾਂ ਦੇ ਦੋ ਸਿਰਦਾਰ ਮਾਰੇ ਗਏ ਸਨ।

ਸਵੇਰ ਚੜ੍ਹਦਿਆਂ ਹੀ ਰਾਜੇ ਉਦਿਤ ਸਿੰਘ ਬੁੰਦੇਲਾ ਅਤੇ ਰੁਸਤਮ ਦਿਲ ਖ਼ਾਨ ਬਹਾਦਰ ਨੇ ਇਕ ਵੱਡਾ ਹੱਲਾ ਕੀਤਾ ਅਤੇ ਕਿਲ੍ਹੇ ਦੇ ਅੰਦਰ ਦਾਖ਼ਲ ਹੋ ਕੇ ਇਸ 'ਤੇ ਕਬਜ਼ਾ

ਕਰ ਲਿਆ। ਗੁਲਾਬ ਸਿੰਘ ਬਖ਼ਸ਼ੀ, ਜਿਸ ਨੇ ਬੰਦਾ ਸਿੰਘ ਦੀ ਪੋਸ਼ਾਕ ਪਾਈ ਹੋਈ ਸੀ, ਤੇ ਸਿਰਫ਼ ਤੀਹ ਹੋਰ ਸਿੱਖ ਹੀ ਉਨ੍ਹਾਂ ਦੇ ਹੱਥ ਲਗੇ।

ਜਦੋਂ ਬੰਦਾ ਸਿੰਘ ਦੇ ਬਚ ਕੇ ਨਿਕਲ ਜਾਣ ਦੀ ਖ਼ਬਰ ਬਹਾਦਰ ਸ਼ਾਹ ਨੂੰ ਮਿਲੀ ਤਾਂ ਉਹ ਬੜਾ ਗੁੱਸੇ ਵਿਚ ਆਇਆ ਅਤੇ ਉਸ ਨੇ ਕਿਹਾ "ਐਨੇ ਕੁੱਤਿਆਂ ਦੇ ਘੇਰੇ 'ਚੋਂ ਗਿੱਦੜ ਬਚ ਕੇ ਨਿਕਲ ਗਿਆ?" ਬਾਦਸ਼ਾਹ ਦੇ ਇਸ ਗੁੱਸੇ ਦਾ ਇਸ਼ਾਰਾ ਖ਼ਾਨਖ਼ਾਨਾ (ਮੁਨਾਇਮ ਖ਼ਾਨ) ਵਲ ਸੀ ਕਿਉਂ ਕਿ ਉਸ ਨੇ ਹੀ ਬਾਦਸ਼ਾਹ ਦੇ ਹੁਕਮ ਦੀ ਪਰਵਾਹ ਕੀਤੇ ਬਿਨਾਂ, ਆਪਣੀ ਮਰਜ਼ੀ ਨਾਲ, ਹੱਲਾ ਬੋਲ ਦਿਤਾ ਸੀ। ਇਹ ਸੁਣ ਕੇ ਖ਼ਾਨਖ਼ਾਨਾ ਨਿਮੋਝੂਣਾ ਹੋ ਕੇ ਦਰਬਾਰ 'ਚੋਂ ਉਠ ਆਇਆ (ਖ਼ਾਨਖ਼ਾਨਾ ਨੇ ਇਹ ਗੱਲ ਦਿਲ ਨੂੰ ਲਾ ਲਈ ਤੇ ਉਹ ਬੀਮਾਰ ਪੈ ਗਿਆ। ਬਾਦਸ਼ਾਹ ਦੇ ਕਾਫ਼ਲੇ ਦੇ ਨਾਲ ਚਲਦਿਆਂ ਹੀ, ਢਾਈ ਮਹੀਨੇ ਪਿੱਛੋਂ, ਉਹ ਸਢੌਰੇ ਨੇੜੇ ਪਿੰਡ ਬਢੌਲੀ ਵਿਚ ਮਰ ਗਿਆ। ਇਸ ਖ਼ਾਨ ਖ਼ਾਨਾ ਨੂੰ ਮੁਗ਼ਲੀਆਂ ਸਲਤਨਤ ਦਾ ਉਸ ਵੇਲੇ ਦਾ ਸਭ ਤੋਂ ਵੱਡਾ ਮਨਸਬ ਸੱਤ ਹਜ਼ਾਰ ਜ਼ਾਤ ਤੇ ਸੱਤ ਹਜ਼ਾਰ ਸਵਾਰ, ਜਿਸ ਵਿੱਚੋਂ ਪੰਜ ਹਜ਼ਾਰ ਦੋ-ਅਸਪਾ ਸੀ, ਮਿਲਿਆ ਹੋਇਆ ਸੀ। ਖ਼ਾਨ ਖ਼ਾਨਾ ਹੁਣ ਤਕ ਆਪਣੇ ਕਾਰਨਾਮਿਆਂ ਕਾਰਨ ਇਕ ਕਰੋੜ ਰੁਪੈ ਦੇ ਕਰੀਬ ਈਨਾਮ ਹਾਸਿਲ ਕਰ ਚੁਕਾ ਸੀ)।

ਬੰਦਾ ਸਿੰਘ ਦੇ ਬਚ ਨਿਕਲਣ ਦੇ ਅਫ਼ਸੋਸ ਵਜੋਂ ਬਾਦਸ਼ਾਹ ਨੇ ਢੋਲ, ਨਗਾਰੇ ਤੇ ਨਾਚ-ਗਾਣਾ ਬੰਦ ਕਰਵਾ ਦਿੱਤੇ ਅਤੇ ਉਹ ਅਫ਼ਸੋਸ-ਜ਼ਦਾ ਹੋ ਕੇ ਬੈਠ ਗਿਆ। ਬੰਦਾ ਸਿੰਘ ਦੇ ਕਿਲ੍ਹੇ ਵਿੱਚੋਂ ਬਚ ਕੇ ਨਿਕਲ ਤੇ ਗੁਲਾਬ ਸਿੰਘ ਦੇ ਫੜੇ ਜਾਣ ਬਾਰੇ ਖ਼ਾਫ਼ੀ ਖ਼ਾਨ ਲਿਖਦਾ ਹੈ ਕਿ *"ਬਾਜ਼ ਉਡ ਗਿਆ ਸੀ ਅਤੇ ਉੱਲੂ ਫੜਿਆ ਗਿਆ ਸੀ।* ਉਧਰ ਜਦ ਕਿਲ੍ਹੇ ਤੇ ਕਬਜ਼ਾ ਹੋ ਗਿਆ ਤਾਂ ਬਹੁਤ ਸਾਰੇ ਫ਼ੌਜੀ ਇਕ ਦਮ ਕਿਲ੍ਹੇ ਵਲ ਦੌੜੇ। ਇਸ ਨਜ਼ਾਰੇ ਨੂੰ ਕਾਮਵਰ ਇੰਝ ਬਿਆਨ ਕਰਦਾ ਹੈ, "ਅਸੀਂ ਸਲਾਹ ਕਰ ਕੇ ਕਿਲ੍ਹੇ ਦੇ ਅੰਦਰ ਜਾ ਵੜੇ ਤੇ ਲੁਟ ਮਾਰ ਦਾ ਤਮਾਸ਼ਾ ਵੇਖਣ ਲਗ ਪਏ। ਬਾਦਸ਼ਾਹੀ ਲਸ਼ਕਰ ਦੇ ਮਾਰ-ਖੋਰ ਲੁੱਚੇ ਅਫ਼ਗਾਨ ਤੇ ਬਲੋਚ ਹੱਥੋ-ਪਾਈ ਕਰ ਕੇ ਜ਼ਨਾਨੀਆਂ ਤੇ ਬੱਚਿਆਂ ਨੂੰ ਫੜ-ਫੜ ਕੇ ਲਈ ਜਾ ਰਹੇ ਸਨ ਤੇ ਮਾਲ ਅਸਬਾਬ ਲੁੱਟ ਰਹੇ ਸਨ। ਇਨ੍ਹਾਂ ਗਾਰਤਕਾਰਾਂ ਹੱਥੋਂ ਬਾਰੂਦਖਾਨੇ 'ਚ ਅੱਗ ਜਾ ਪਈ ਜਿਸ ਨਾਲ ਬੇਸ਼ੁਮਾਰ ਲੋਕ ਮਾਰੇ ਗਏ। ਇਨ੍ਹਾਂ ਵਿਚ ਸੁੱਚਾ ਨੰਦ ਦਾ ਪੁੱਤਰ ਤੇ ਬਹੁਤ ਸਾਰੇ ਮੁਸਲਮਾਨ ਮਰਦ-ਤਰੀਮਤਾਂ ਦੀਆਂ ਲਾਸ਼ਾਂ, ਜੋ ਸਿੱਖਾਂ ਨੇ ਗ੍ਰਿਫ਼ਤਾਰ ਕਰ ਕੇ ਰਖੇ ਹੋਏ ਸਨ, ਮਲਬੇ ਹੇਠ ਦੱਬੀਆਂ ਪਈਆਂ ਸਨ।"

ਮੁਗ਼ਲ ਫ਼ੌਜਾਂ ਨੂੰ ਲੋਹਗੜ੍ਹ ਕਿਲ੍ਹੇ ਵਿਚੋਂ ਪੰਜ ਹਾਥੀ, ਤਿੰਨ ਤੋਪਾਂ, 17 ਛੋਟੀਆਂ ਤੋਪਾਂ, ਸੱਤ ਰਹਿਕਲੇ, ਇਕ ਚੰਦੋਆ ਤੇ ਕੁਝ ਚਾਂਦੀ ਦੀਆਂ ਚੋਬਾਂ ਹੀ ਹੱਥ ਆਈਆਂ। ਲੋਹਗੜ੍ਹ ਦੇ ਜ਼ਮੀਂਦਾਰ ਕੁੰਦਨ ਪਾਸੋਂ 8 ਕੁ ਲੱਖ ਰੁਪੈ ਅਤੇ ਅਸ਼ਰਫ਼ੀਆਂ ਵਸੂਲ ਹੋਈਆਂ। ਪਹਿਲੀ ਦਸੰਬਰ ਨੂੰ ਇਹ ਸਾਰਾ ਮਾਲ ਮੱਤਾ ਪਿੰਡ ਕਮਪੋ ਵਿਚ ਬਾਦਸ਼ਾਹ ਦੇ ਖੇਮੇ ਵਿਚ ਲਿਆਂਦਾ ਗਿਆ। ਇਸ ਲੜਾਈ ਵਿਚ ਬਹਾਦਰੀ ਦਿਖਾਉਣ ਬਦਲੇ 2 ਦਸੰਬਰ ਨੂੰ ਬਾਦਸ਼ਾਹ ਨੇ ਜਮਦਾਤ-ਉਲ-ਮੁਲਕ ਅਤੇ ਬਖ਼ਸ਼ੀ-ਉਲ-ਮੁਮਾਲਿਕ ਦੀ ਬਹੁਤ ਤਾਰੀਫ਼ ਕੀਤੀ। ਇੰਝ ਹੀ ਜ਼ੋਰਾਵਰ ਖ਼ਾਨ, ਰਣਬਾਜ਼ ਖ਼ਾਨ ਤੇ ਸ਼ੇਰ ਖ਼ਾਨ ਨੂੰ ਬਹਾਦਰੀ ਦਿਖਾਉਣ ਬਦਲੇ ਖਿੱਲਤਾਂ ਦਿੱਤੀਆਂ ਗਈਆਂ।

1985: ਕਰਨੈਲ ਸਿੰਘ ਪੰਜੌਲੀ ਨੇ ਕਿਹਾ: ਬਰਨਾਲਾ ਝੂਠੇ ਕੇਸ ਬਣਾ ਰਿਹਾ ਹੈ

ਪੰਜਾਬ ਵਿਚ ਬਰਨਾਲਾ ਸਰਕਾਰ ਕਾਇਮ ਹੋਣ ਦੇ ਨਾਲ ਹੀ ਸਿੱਖਾਂ ਦੀਆਂ ਬੇਤਹਾਸ਼ਾ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਸਿੱਖਾਂ ਨਾਲ ਬੇਹੂਦਗੀ ਵਾਲਾ ਸਲੂਕ, ਗੁਰਦੁਆਰਿਆਂ 'ਚ ਪੁਲੀਸ ਦਾਖਲਾ ਪਹਿਲਾਂ ਨਾਲੋਂ ਵੀ ਵਧ ਗਿਆ। ਪਹਿਲੀ ਅਕਤੂਬਰ ਨੂੰ ਗਿਆਨੀ ਗੁਰਬਚਨ ਸਿੰਘ ਖਾਲਸਾ ਦਾ ਪੋਤਰਾ ਗਿਆਨੀ ਅਵਤਾਰ ਸਿੰਘ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਵਾਸਤੇ ਪੁਲੀਸ ਨੇ ਕਈ ਘੰਟੇ ਬੋਪਾ ਰਾਇ ਦਾ ਗੁਰਦੁਆਰਾ ਘੇਰੀ ਰਖਿਆ। ਇਸ ਮਗਰੋਂ ਹਰ ਰੋਜ਼

ਗ੍ਰਿਫ਼ਤਾਰੀਆਂ ਹੋਣੀਆਂ ਸ਼ੁਰੂ ਹੋ ਗਈਆਂ। ਇਨ੍ਹਾਂ ਦਿਨਾਂ ਵਿਚ ਬਰਨਾਲੇ ਨੇ ਅਕਾਲੀ ਵਰਕਰਾਂ ਨੂੰ ਲਾਰਾ ਲਾਇਆ ਹੋਇਆ ਸੀ ਕਿ ਜੇ ਪੁਲੀਸ ਨੇ ਕਿਸੇ ਸਿੱਖ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੋਇਆ ਹੈ ਤਾਂ ਉਸ ਨੂੰ ਪੇਸ਼ ਕਰ ਦਿੱਤਾ ਜਾਵੇ ਤੇ ਉਸ ਨਾਲ ਹਮਦਰਦੀ ਵਾਲਾ ਸਲੂਕ ਕੀਤਾ ਜਾਵੇਗਾ। ਕਈ ਸਿੱਖ ਇਸ ਧੋਖੇ ਵਿਚ ਆ ਗਏ ਤੇ ਬਹੁਤ ਸਾਰੇ ਸਿੱਖਾਂ ਨੂੰ ਜੇਲ੍ਹ ਜਾਣਾ ਪਿਆ। ਅਕਤੂਬਰ ਅਤੇ ਨਵੰਬਰ ਵਿਚ ਦੋ ਸੌ ਦੇ ਕਰੀਬ ਸਿੱਲ੍ਹ ਨੌਜਵਾਨ ਗ੍ਰਿਫ਼ਤਾਰ ਕੀਤੇ ਗਏ। ਬਰਨਾਲਾ ਸਰਕਾਰ ਨੇ ਸਿੱਖਾਂ 'ਤੇ ਝੂਠੇ ਕੇਸ ਪਾਉਣੇ ਵੀ ਸ਼ੁਰੂ ਕਰ ਦਿੱਤੇ। **ਬਰਨਾਲਾ ਅਕਾਲੀ ਦਲ ਦੇ ਆਪਣੇ ਲੀਡਰ ਕਰਨੈਲ ਸਿੰਘ ਪੰਜੋਲੀ ਨੇ 30 ਨਵੰਬਰ 1985 ਦੇ ਦਿਨਇਕ ਬਿਆਨ 'ਚ ਕਿਹਾ ਕਿ 'ਪੁਲੀਸ ਨੇ ਸਿੱਖਾਂ 'ਤੇ ਝੂਠੇ ਕੇਸ ਫੇਰ ਬਣਾਉਣੇ ਸ਼ੁਰੂ ਕਰ ਦਿੱਤੇ ਹਨ।** ਅਜਿਹੇ ਕੇਸ ਗੁਰਦੀਪ ਸਿੰਘ ਗੋਪੀ (ਚਮਕੌਰ ਸਾਹਿਬ), ਸਰਬਜੀਤ ਸਿੰਘ, ਜੋਗਿੰਦਰ ਸਿੰਘ, ਕੁਲਦੀਪ ਸਿੰਘ (ਤਿੰਨੇ ਰਾਜਪੁਰਾ) ਤੇ ਸੇਵਾ ਸਿੰਘ (ਸਰਹਿੰਦ) ਉੱਤੇ ਪਾਏ ਗਏ ਹਨ।'

1986: ਬਰਨਾਲੇ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਬਜ਼ਾ ਖੁਸਿਆ

30 ਅਪਰੈਲ 1986 ਦੇ ਦਿਨ ਸੁਰਜੀਤ ਬਰਨਾਲਾ ਵੱਲੋਂ ਦਰਬਾਰ ਸਾਹਿਬ 'ਤੇ ਬੇਵਜਹ ਹਮਲਾ ਕਰਨ ਕਾਰਨ ਸਿੱਖ ਪੰਥ ਵਿਚ ਬਰਨਾਲੇ ਦਾ ਬਹੁਤ ਵਿਰੋਧ ਹੋਇਆ। ਕੈਪਟਨ ਅਮਰਿੰਦਰ ਸਿੰਘ, ਪ੍ਰਕਾਸ਼ ਸਿੰਘ ਬਾਦਲ, ਸੁਖਜਿੰਦਰ ਸਿੰਘ, ਪ੍ਰੇਮ ਸਿੰਘ ਲਾਲਪੁਰਾ, ਸੁੱਚਾ ਸਿੰਘ ਛੋਟੇਪੁਰ, ਤਾਰਾ ਸਿੰਘ, ਬਚਿਤਰ ਸਿੰਘ, ਕਿਰਪਾਲ ਸਿੰਘ, ਹਰਦਿਆਲ ਸਿੰਘ, ਰਾਜਾ ਨਰਿੰਦਰ ਸਿੰਘ, ਜਸਦੇਵ ਸਿੰਘ ਨਥਾਣਾ, ਸੁਜਾਨ ਸਿੰਘ, ਗੁਰਦੇਵ ਸਿੰਘ ਬਾਦਲ, ਮਹਿੰਦਰ ਸਿੰਘ ਬਰਾੜ, ਗਿਆਨੀ ਅਰਜਨ ਸਿੰਘ, ਦਵਿੰਦਰ ਸਿੰਘ ਗਰਚਾ, ਸੁਖਦੇਵ ਸਿੰਘ ਲਿਬੜਾ, ਤਾਲਬ ਸਿੰਘ ਸੰਧੂ, ਕੁਲਦੀਪ ਸਿੰਘ ਵਡਾਲਾ, ਡਾ: ਰਤਨ ਸਿੰਘ, ਜਗਦੀਸ਼ ਕੌਰ, ਕੁਲ 27 ਐਮ.ਐਲ.ਏ. (ਸਪੀਕਰ ਰਵੀ ਇੰਦਰ ਸਿੰਘ ਸਣੇ 28) ਬਰਨਾਲੇ ਨੂੰ ਛੱਡ ਗਏ।। ਬਾਕੀ ਦੇ 45 ਐਮ.ਐਲ.ਏ. ਬਰਨਾਲੇ ਦੇ ਨਾਲ ਰਹੇ। ਬਰਨਾਲੇ ਦੇ ਸਭ ਤੋਂ ਵੱਡੇ ਹਿਮਾਇਤੀ ਸਨ: ਕੈਪਟਨ ਕੰਵਲਜੀਤ (ਜੋ ਪੁਲੀਸ ਆਈ.ਜੀ. ਰਬੈਰੋ ਦਾ ਸਭ ਤੋਂ ਵਧੀਆ ਦੋਸਤ ਸੀ ਤੇ ਜਿਸ ਨੂੰ ਰਬੈਰੋ; ਉਸ ਦੀ ਕਿਤਾਬ 'ਬੁਲਟ ਫ਼ਾਰ ਬੁਲਟ' ਮੁਤਾਬਿਕ, ਚੀਫ਼ ਮਨਿਸਟਰ ਬਣਿਆ ਵੇਖਣਾ ਚਾਹੁੰਦਾ ਸੀ), ਬਲਵੰਤ ਸਿੰਘ ਸੁਲਤਾਨਪੁਰੀ, ਤਾਰਾ ਸਿੰਘ ਲਾਇਲਪੁਰੀ, ਪ੍ਰਕਾਸ਼ ਸਿੰਘ ਗੜ੍ਹਦੀਵਾਲਾ, ਰਣਜੀਤ ਸਿੰਘ ਬ੍ਰਹਮਪੁਰਾ, ਹਰੀ ਸਿੰਘ ਜ਼ੀਰਾ, ਪ੍ਰੇਮ ਸਿੰਘ ਚੰਦੂਮਾਜਰਾ। ਇਸ ਵੇਲੇ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਕਾਬਲ ਸਿੰਘ ਜੀ ਤੇ ਉਸ ਦੀ ਵਾਗ-ਡੋਰ ਸੁਰਜੀਤ ਬਰਨਾਲੇ ਦੇ ਹੱਥਾਂ ਵਿਚ ਸੀ। 30 ਨਵੰਬਰ 1986 ਦੇ ਦਿਨ ਸ਼੍ਰੋਮਣੀ ਕਮੇਟੀ ਦੀ ਸਾਲਾਨਾ ਚੋਣ ਵਿਚ ਗੁਰਚਰਨ ਸਿੰਘ ਟੌਹੜਾ ਨੇ 74 ਵੋਟਾਂ ਲੈ ਕੇ ਕਾਬਲ ਸਿੰਘ ਨੂੰ 16 ਵੋਟਾਂ 'ਤੇ ਹਰਾਇਆ। ਕਾਬਲ ਸਿੰਘ ਦਾ ਨਾਂ ਅਮਰ ਸਿੰਘ ਨਲਨੀ ਨੇ ਪੇਸ਼ ਕੀਤਾ ਸੀ ਤੇ ਹਰਚਰਨ ਸਿੰਘ ਹੁਡਿਆਰੇ ਨੇ ਤਾਈਦ ਕੀਤੀ ਸੀ। ਚੋਣ ਮਗਰੋਂ ਟੌਹੜਾ ਨੇ (ਬਰਨਾਲੇ ਦੀ ਬਣਾਈ) 'ਟਾਸਕ ਫ਼ੋਰਸ' ਨੂੰ ਖ਼ਤਮ ਕਰਨ ਅਤੇ ਦਰਬਾਰ ਸਾਹਿਬ ਵਿਚ ਬਰਨਾਲੇ ਵਲੋਂ ਪੁਲੀਸ ਹਮਲੇ ਦੀ ਨਿੰਦਾ ਦੇ ਮਤੇ ਪਾਸ ਕਰਵਾਏ। ਟਾਸਕ ਫ਼ੋਰਸ ਤੋੜਨ ਮਗਰੋਂ ਜਦੋਂ ਉਨ੍ਹਾਂ ਨੂੰ ਗੁਰੂ ਨਾਨਕ ਨਿਵਾਸ ਵਿਚ ਕਬਜ਼ਾ ਕੀਤੇ ਕਮਰੇ ਖ਼ਾਲੀ ਕਰਨ ਵਾਸਤੇ ਕਿਹਾ ਤਾਂ ਉਨ੍ਹਾਂ ਨੇ ਨਾਂਹ ਕਰ ਦਿੱਤੀ ਤੇ ਕਿਹਾ ਕਿ ਜੇ ਬਰਨਾਲਾ ਕਹੇਗਾ ਤਾਂ ਅਸੀਂ ਨਿਕਲਾਂਗੇ। ਜਦੋਂ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ 53 ਬੰਦਿਆਂ ਦੇ ਕਮਰਿਆਂ ਦੇ ਬਿਜਲੀ ਤੇ ਪਾਣੀ ਦੇ ਕੁਨੈਕਸ਼ਨ ਕਟ ਦਿੱਤੇ ਤਾਂ ਉਹ ਕਮਰਿਆਂ ਨੂੰ ਖਾਲੀ ਕਰ ਕੇ ਭੱਜ ਗਏ। ਉਧਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ 'ਚ ਆਪਣੀ ਹਾਰ ਤੋਂ ਖਿਝ ਕੇ ਬਰਨਾਲੇ ਨੇ ਟੌਹੜਾ, ਬਾਦਲ, ਸੁਰਜਨ ਸਿੰਘ ਠੇਕੇਦਾਰ, ਸੁੱਚਾ ਸਿੰਘ ਛੋਟੇਪੁਰ,

ਸੁਖਜਿੰਦਰ ਸਿੰਘ ਵਡ਼ੈਚਾ ਨੂੰ ਨੈਸ਼ਨਲ ਸਕਿਊਰਿਟੀ ਐਕਟ ਹੇਠ ਗ੍ਰਿਫ਼ਤਾਰ ਕਰ ਕੇ ਦੂਰ-ਦੁਰਾਡੇ ਇਲਾਕਿਆਂ ਵਿਚ, ਤਕਲੀਫ਼ਾਂ ਲਈ ਮਸ਼ਹੂਰ ਜੇਲ੍ਹਾਂ ਵਿਚ ਭੇਜ ਦਿੱਤਾ।

1986: ਖਾੜਕੂਆਂ ਨੇ ਖੁੱਡਾ ਪਿੰਡ ਕੋਲ ਬਸ ਚੋਂ ਕੱਢ ਕੇ 24 ਹਿੰਦੂ ਮਾਰੇ

ਨਵੰਬਰ 1986 ਵਿਚ ਹਿੰਦੂਆਂ ਨੇ ਪੰਜਾਬ, ਦਿੱਲੀ, ਹਰਿਆਣਾ, ਯੂ.ਪੀ. ਅਤੇ ਹੋਰ ਸੂਬਿਆਂ ਵਿਚ ਸਿੱਖਾਂ ਉੱਤੇ ਹਮਲੇ ਕੀਤੇ ਤੇ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਅੱਗਾਂ ਲਾਈਆਂ। ਇਨ੍ਹਾਂ ਵਿਚ ਸਭ ਤੋਂ ਵਧ ਗੁੰਡਾਗਰਦੀ ਹੁਸ਼ਿਆਰਪੁਰ ਵਿਚ ਹੋਈ। ਹਿੰਦੂਆਂ ਨੇ ਏਥੇ 11 ਨਵੰਬਰ ਨੂੰ ਸਿੱਖਾਂ ਉੱਤੇ ਪਥਰਾਓ ਕੀਤਾ। ਚੌਦਾਂ ਨਵੰਬਰ ਨੂੰ ਫਿਰ ਇਹੀ ਕੁਝ ਦੁਹਰਾਇਆ ਗਿਆ। ਅਗਲੇ ਦਿਨ 15 ਨਵੰਬਰ ਨੂੰ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਦੇ ਜਲੂਸ ਵੇਲੇ ਸਿੱਖਾਂ ਉੱਤੇ ਪਥਰਾਓ ਕੀਤਾ ਗਿਆ ਪਰ ਜਲੂਸ ਦੇ ਨਾਲ ਚਲਦੀ ਪੁਲੀਸ ਨੇ ਕੋਈ ਕਾਰਵਾਈ ਨਾ ਕੀਤੀ ਸਗੋਂ ਹਿੰਦੂ ਦਹਿਸ਼ਤਗਰਦਾਂ ਦਾ ਸਾਥ ਦਿਤਾ। ਇਸ ਤੋਂ ਪਹਿਲਾਂ ਵੀ 27 ਅਕਤੂਬਰ ਨੂੰ ਸ਼ਿਵ ਸੈਨਾ ਨੇ ਮਨਜੀਤ ਸਿੰਘ ਤੇ ਲਖਵਿੰਦਰ ਸਿੰਘ ਉੱਤੇ ਹਮਲਾ ਕਰ ਕੇ ਉਨ੍ਹਾਂ ਨੂੰ ਕੁੱਟਿਆ, ਪੱਗਾਂ ਲਾਹੀਆਂ ਅਤੇ ਕੇਸ ਸਾੜੇ ਸਨ। ਦਹਿਸ਼ਤਗਰਦ ਹਿੰਦੂ ਗੁੰਡਿਆਂ ਦੀ ਸ਼ਨਾਖ਼ਤ ਹੋਣ ਦੇ ਬਾਵਜੂਦ ਕਿਸੇ ਹਿੰਦੂ ਦੀ ਗ੍ਰਿਫ਼ਤਾਰੀ ਨਹੀਂ ਕੀਤੀ ਗਈ। ਸੋਲਾਂ ਨਵੰਬਰ ਨੂੰ ਹਿੰਦੂਆਂ ਨੇ ਫਿਰ ਇਹੀ ਗੁੰਡਾਗਰਦੀ ਦੋਹਰਾਈ। ਇਸ ਵਾਰੀ ਹੈਡ ਕਾਂਸਟੇਬਲ ਹਰਬੰਸ ਸਿੰਘ 'ਤੇ ਹਮਲਾ ਕੀਤਾ ਗਿਆ। ਉਸ ਦੀ ਵਰਦੀ ਪਾੜ ਕੇ ਉਸ ਦੀ ਪੱਗ ਲਾਹ ਕੇ ਸਾੜ ਦਿਤੀ। ਇਹ ਸਾਰਾ ਕੁਝ ਕਰਫ਼ਿਊ ਦੇ ਹੁੰਦਿਆਂ ਕੀਤਾ ਗਿਆ। ਪਰ ਪੁਲੀਸ ਨਾਲ ਵੀ ਇਹੋ ਜਿਹੀ ਗੁੰਡਾਗਰਦੀ ਹੋਣ ਦੇ ਬਾਵਜੂਦ, ਹਿੰਦੂਆਂ ਦਾ ਇਕ ਵੀ ਬੰਦਾ ਗ੍ਰਿਫ਼ਤਾਰ ਤਕ ਨਾ ਕੀਤਾ ਗਿਆ। ਇਸੇ ਦਿਨ 12 ਸਿੱਖਾਂ ਦੀਆਂ ਪੱਗਾਂ ਲਾਹ ਕੇ ਸਾੜੀਆਂ ਗਈਆਂ। ਪੁਲਸੀਆਂ ਤੋਂ ਇਲਾਵਾ ਸਤਵੰਤ ਸਿੰਘ, ਸ਼ਿਵ ਸਿੰਘ, ਅਜਾਇਬ ਸਿੰਘ, ਬਲਵਿੰਦਰ ਸਿੰਘ ਤੇ ਚੰਨਣ ਸਿੰਘ ਨੂੰ ਵੀ ਜ਼ਖ਼ਮੀ ਕੀਤਾ ਗਿਆ। ਇਹ ਸਾਰੇ ਸਿੱਖ ਇਕ ਬਾਰਾਤ ਵਿਚ ਸ਼ਾਮਿਲ ਸਨ। ਬਰਾਤ ਉੱਤੇ ਹਿੰਦੂਆਂ ਨੇ ਪੱਥਰ ਵੀ ਸੁਟੇ। ਸਤਾਰਾਂ ਨਵੰਬਰ ਨੂੰ ਹੁਸ਼ਿਆਰਪੁਰ 'ਚ ਫੇਰ ਗੁੰਡਾਗਰਦੀ ਕਰ ਕੇ ਦਹਿਸ਼ਤਗਰਦ ਹਿੰਦੂਆਂ ਦੇ ਇਕ ਵੱਡੇ ਹਜੂਮ ਨੇ ਮੁਕਾਮੀ ਸਿੱਖਾਂ ਦਾ ਜੀਣਾ ਮੁਹਾਲ ਕਰ ਦਿਤਾ। ਸਿੱਖਾਂ ਦੀਆਂ ਕਾਰਾਂ, ਟਰੈਕਟਰਾਂ ਉੱਤੇ ਹਮਲੇ ਕੀਤੇ ਗਏ। ਉੱਨੀ ਨਵੰਬਰ ਨੂੰ ਹੁਸ਼ਿਆਰਪੁਰ ਦੇ ਪਿੰਡਾਂ ਸਹੋੜ, ਆਦੇਵਾਲ, ਬੈਂਸ, ਮਰਾਦਪੁਰ, ਭਾਗੋਵਾਲ, ਹਰਗਜ਼, ਡਿਗਣਾ, ਪਿਪਲਾਂ ਵਾਲਾ, ਪੁਰਹੀਰਾਂ ਵਗੈਰਾ ਵਿਚੋਂ ਸਿੱਖਾਂ ਦਾ ਇਕ ਜਲੂਸ ਹੁਸ਼ਿਆਰਪੁਰ ਆਇਆ। ਜਲੂਸ ਨੂੰ ਸ਼ਹਿਰੋਂ ਬਾਹਰ ਹੀ ਰੋਕ ਦਿਤਾ ਗਿਆ ਤੇ ਡੀ.ਸੀ. ਉੱਥੋਂ ਮੈਮੋਰੰਡਮ ਲੈ ਆਇਆ। ਸ਼ਹਿਰ ਵਿਚ ਹਿੰਦੂਆਂ ਨੂੰ ਕਰਫ਼ਿਊ ਦੌਰਾਨ ਵੀ ਸਿੱਖਾਂ ਉੱਤੇ ਹਮਲੇ ਕਰਨ ਦੀ ਖੁਲ੍ਹ ਸੀ ਪਰ ਸਿੱਖ ਪੁਰਅਮਨ ਜਲੂਸ ਵੀ ਨਹੀਂ ਸਨ ਕੱਢ ਸਕਦੇ। ਸੁਰਜੀਤ ਬਰਨਾਲਾ ਦੀ ਸਰਕਾਰ ਵੇਲੇ ਪੰਜਾਬ 'ਚ ਹਿੰਦੂ ਤੇ ਸਿੱਖ ਦੇ ਹੱਕਾਂ ਦਾ ਇਹ ਫ਼ਰਕ ਸੀ।ਇਸ ਦੇ ਬਾਵਜੂਦ ਜਦੋਂ ਪੁਲੀਸ ਨੇ ਕਿਸੇ ਹਿੰਦੂ ਦੇ ਖ਼ਿਲਾਫ਼ ਕੋਈ ਐਕਸ਼ਨ ਨਾ ਲਿਆ ਅਤੇ ਹਿੰਦੂ ਦਹਿਸ਼ਤਗਰਦਾਂ ਦਾ ਜ਼ੁਲਮ ਬਦਸਤੂਰ ਜਾਰੀ ਰਿਹਾ ਤਾਂ ਇਸ ਦਾ ਜਵਾਬ ਦੇਣ ਵਾਸਤੇ ਕੁਝ ਖਾੜਕੂਆਂ ਨੇ 30 ਨਵੰਬਰ 1986 ਦੇ ਦਿਨ ਟਾਂਡੇ ਨੇੜੇ ਖੁੱਡਾ ਪਿੰਡ ਵਿਚ ਬਸ ਰੋਕ ਕੇ 24 ਹਿੰਦੂ ਕਤਲ ਕਰ ਦਿੱਤੇ।

1987: ਗੁਰਤੇਜ ਸਿੰਘ ਤੇਜਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਨਵੰਬਰ 1987 ਵਿਚ ਪੰਜਾਬ ਪੁਲਸ ਨੇ ਜਿਨ੍ਹਾਂ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ ਸੀ ਉਨ੍ਹਾਂ ਵਿਚ ਗੁਰਤੇਜ ਸਿੰਘ ਤੇਜਾ (ਪੁੱਤਰ ਸਵਿੰਦਰ ਸਿੰਘ ਗੁਮਟਾਲਾ, ਅੰਮ੍ਰਿਤਸਰ) ਵੀ ਸ਼ਾਮਿਲ ਸੀ। ਉਸ ਦੀ ਸ਼ਹੀਦੀ ਦਾ ਦਿਨ ਪਤਾ ਨਹੀਂ ਲਗ ਸਕਿਆ।

1988: ਗੁਰਮੁੱਖ ਸਿੰਘ ਬੱਸੀਆ, ਬਘੇਲ ਸਿੰਘ ਭਕਨਾ, ਹਰਜਿੰਦਰ ਸਿੰਘ ਜਿੰਦਾ ਮਾਨੋਚਾਹਲ, ਨਕਲੀ ਮੁਕਾਬਲਿਆਂ ਵਿਚ ਸ਼ਹੀਦ

30 ਨਵੰਬਰ 1988 ਦੇ ਦਿਨ ਪੰਜਾਬ ਪੁਲਸ ਨੇ ਗੁਰਮੁੱਖ ਸਿੰਘ (ਵਾਸੀ ਬੱਸੀਆ, ਲੁਧਿਆਣਾ), ਬਘੇਲ ਸਿੰਘ ਉਰਫ਼ ਵੇਲਾ (ਪੁੱਤਰ ਸੂਰਤਾ ਸਿੰਘ, ਵਾਸੀ ਭਕਨਾ, ਅੰਮ੍ਰਿਤਸਰ), ਹਰਜਿੰਦਰ ਸਿੰਘ ਜਿੰਦਾ (ਪੁੱਤਰ ਭਾਈ ਦਇਆ ਸਿੰਘ, ਵਾਸੀ ਮਾਨੋਚਾਹਲ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1988: ਦਰਜਨਾਂ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਨਵੰਬਰ 1988 ਵਿਚ ਪੰਜਾਬ ਪੁਲਸ ਨੇ ਜਿਨ੍ਹਾਂ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ ਸੀ ਉਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਸਨ (ਉਨ੍ਹਾਂ ਦੀ ਸ਼ਹੀਦੀ ਦਾ ਦਿਨ ਪਤਾ ਨਹੀਂ ਲਗ ਸਕਿਆ): ਅਮਰੀਕ ਸਿੰਘ ਉਰਫ਼ ਸੁਬੇਗ ਸਿੰਘ (ਪੁੱਤਰ ਦਲੀਪ ਸਿੰਘ, ਸੰਤੋਖ ਰਾਏ, ਗੁਰਦਾਸਪੁਰ), ਮਹਿੰਦਰ ਸਿੰਘ ਬਾਗੀ, ਸੁਖਰਾਜ ਸਿੰਘ ਰਾਜੂ ਵਗ਼ੈਰਾ।

1989: ਦਰਜਨਾਂ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਨਵੰਬਰ 1989 ਵਿਚ ਪੰਜਾਬ ਪੁਲਸ ਨੇ ਜਿਨ੍ਹਾਂ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ ਸੀ ਉਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਸਨ (ਉਨ੍ਹਾਂ ਦੀ ਸ਼ਹੀਦੀ ਦਾ ਦਿਨ ਪਤਾ ਨਹੀਂ ਲਗ ਸਕਿਆ): ਰਣਬੋਧ ਸਿੰਘ ਪੱਪੂ (ਵਾਸੀ ਸਖੀਰਾ, ਅੰਮ੍ਰਿਤਸਰ), ਮਨਜੀਤ ਸਿੰਘ, ਲੱਧੂ, ਸਵਰਣ ਸਿੰਘ ਕਲਸੀ, ਕੁਲਦੀਪ ਸਿੰਘ (ਵਾਸੀ ਲੋਧੀ ਮਾਜਰਾ)।

1990: ਦਰਜਨਾਂ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਨਵੰਬਰ 1990 ਵਿਚ ਪੰਜਾਬ ਪੁਲਸ ਨੇ ਜਿਨ੍ਹਾਂ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ ਸੀ ਉਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਸਨ (ਉਨ੍ਹਾਂ ਦੀ ਸ਼ਹੀਦੀ ਦਾ ਦਿਨ ਪਤਾ ਨਹੀਂ ਲਗ ਸਕਿਆ): ਮੁਖਤਾਰ ਸਿੰਘ ਲੰਬੜ, ਵਰਿਆਮ ਸਿੰਘ (ਵਾਸੀ ਬੂੜੇ ਨੰਗਲ), ਪ੍ਰੀਤਮ ਸਿੰਘ (ਵਾਸੀ ਭਾਨਗੜ, ਮੱਤੇਵਾਲ, ਅੰਮ੍ਰਿਤਸਰ), ਪ੍ਰਤਾਪ ਸਿੰਘ ਉਰਫ਼ ਪੱਪੂ (ਵਾਸੀ ਵਡਿੰਗ, ਅੰਮ੍ਰਿਤਸਰ), ਹਰਬੰਸ ਸਿੰਘ ਰੌਕਟ (ਵਾਸੀ ਸੀਹੜੇ), ਬਲਵੰਤ ਸਿੰਘ ਬੈਂਕਾ (ਵਾਸੀ ਪੰਡੋਰੀ ਸਿਧਵਾਂ), ਜਰਨੈਲ ਸਿੰਘ ਉਰਫ਼ ਜੱਗੂ (ਵਾਸੀ ਦਾਸੂਵਾਲ), ਗੁਰਦੀਪ ਸਿੰਘ ਵਕੀਲ, (ਵਾਸੀ ਮਨਿਹਾਲਾ, ਅੰਮ੍ਰਿਤਸਰ), ਜਗਦੀਪ ਸਿੰਘ ਉਰਫ਼ ਵਕੀਲ (ਵਾਸੀ ਬਾਈਪਾਸ, ਮੋਗਾ), ਸਤਨਾਮ ਸਿੰਘ (ਪੁੱਤਰ ਜੱਗ ਸਿੰਘ (ਵਾਸੀ ਬਾਸਰਕੇ ਭੈਣੀ, ਅੰਮ੍ਰਿਤਸਰ), ਚੈਂਚਲ ਸਿੰਘ ਉਰਫ਼ ਕਰਮਜੀਤ ਸਿੰਘ (ਵਾਸੀ ਤਾਤਲਾ, ਗੁਰਦਾਸਪੁਰ), ਹਰਨੇਕ ਸਿੰਘ ਨੇਕਾ (ਵਾਸੀ ਫਤਹਿਗੜ੍ਹ ਕੈਰੋਂ, ਫ਼ੀਰੋਜ਼ਪੁਰ), ਕੁਲਵਿੰਦਰ ਸਿੰਘ (ਵਾਸੀ ਮੱਲਮੋਹਰੀ), ਸੁਰਿੰਦਰ ਸਿੰਘ (ਵਾਸੀ ਮਲਮੋਹਰੀ), ਗੁਰਦੀਪ ਸਿੰਘ (ਵਾਸੀ ਪੱਖੋਕੇ, ਅੰਮ੍ਰਿਤਸਰ),ਬਘੇਲ ਸਿੰਘ (ਵਾਸੀ ਪੱਖੋਕੇ, ਅੰਮ੍ਰਿਤਸਰ), ਰਣਜੀਤ ਸਿੰਘ ਰਾਣਾ (ਵਾਸੀ ਪਟਿਆਲਾ), ਰਣਜੋਧ ਸਿੰਘ ਯੋਧਾ (ਵਾਸੀ ਕੰਗ, ਗੁਰਦਾਸਪੁਰ), ਦਿਲਬਾਗ ਸਿੰਘ ਉਰਫ਼ ਬਾਗਾ (ਵਾਸੀ ਕੰਗ, ਗੁਰਦਾਸਪੁਰ), ਸਿਕੰਦਰ ਸਿੰਘ (ਵਾਸੀ ਮੱਠੂਆਲਾ), ਗੁਰਪਾਲ ਸਿੰਘ ਪਾਹੜਾ (ਵਾਸੀ ਮੁਹਾਵਾ), ਬਲਬੀਰ ਸਿੰਘ ਹੁੰਦਲ (ਵਾਸੀ ਵੰਚੜੀ), ਗੱਜਣ ਸਿੰਘ ਉਰਫ਼ ਦਸੌਧਾ ਸਿੰਘ (ਵਾਸੀ ਬਾਸਰਕੇ ਗਿੱਲਾਂ), ਨਿਸ਼ਾਨ ਸਿੰਘ (ਵਾਸੀ ਪੱਧਰੀ), ਪਰਗਟ ਸਿੰਘ ਉਰਫ਼ ਟੈਂਕ (ਵਾਸੀ ਵਲਟੋਹਾ), ਯਾਦਵਿੰਦਰ ਸਿੰਘ ਯਾਦੂ (ਵਾਸੀ ਯਮੁਨਾ ਨਗਰ), ਦਰਸ਼ਨ ਸਿੰਘ ਉਰਫ਼ ਸ਼ੇਰ ਸਿੰਘ ਸ਼ੇਰ, ਹਾਕਮ ਸਿੰਘ (ਵਾਸੀ ਦਾਸੂਵਾਲ),

ਸੁਖਦੇਵ ਸਿੰਘ ਸੁੱਖਾ (ਵਾਸੀ ਰਸੂਲਪੁਰ), ਮੁਖਤਿਆਰ ਸਿੰਘ (ਵਾਸੀ ਬੰਡਾਲਾ), ਜਰਨੈਲ ਸਿੰਘ ਉਰਫ਼ ਡੀ.ਸੀ, ਮਹਿੰਦਰ ਸਿੰਘ (ਵਾਸੀ ਵਲਟੋਹਾ)।

1992: ਕੁਲਵਿੰਦਰ ਸਿੰਘ, ਗੁਰਨਾਮ ਸਿੰਘ ਪਾਲੀ, ਗੁਰਪਾਲ ਸਿੰਘ ਮੰਗੂਵਾਲ, ਜਗਦੀਪ ਸਿੰਘ ਨੂਰਦੀਨ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲੀਸ ਨੇ 30 ਨਵੰਬਰ 1992 ਦੇ ਦਿਨ ਕੁਲਵਿੰਦਰ ਸਿੰਘ, ਗੁਰਨਾਮ ਸਿੰਘ ਉਰਫ਼ ਪਾਲੀ (ਪੁੱਤਰ ਮਹਿੰਦਰ ਸਿੰਘ, ਵਾਸੀ ਤਰਨਤਾਰਨ), ਗੁਰਪਾਲ ਸਿੰਘ (ਪੁੱਤਰ ਬਾਬੂ ਸਿੰਘ, ਵਾਸੀ ਮੰਗੂਵਾਲ, ਜ਼ਿਲ੍ਹਾ ਸੰਗਰੂਰ), ਜਗਦੀਪ ਸਿੰਘ ਉਰਫ਼ ਮੱਖਣ ਸਿੰਘ (ਪੁੱਤਰ ਪ੍ਰੀਤਮ ਸਿੰਘ, ਵਾਸੀ ਨੂਰਦੀਨ ਪਿੰਡ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤਾ।

2000: ਜਥੇਦਾਰ ਜਗਦੇਵ ਸਿੰਘ ਤਲਵੰਡੀ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਿਆ

30 ਨਵੰਬਰ 2000 ਦੇ ਦਿਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਹੋਣੀ ਸੀ। ਟੌਹੜਾ ਧੜੇ ਕੋਲ ਚੋਣ ਜਿੱਤਣ ਵਾਸਤੇ ਕਾਫ਼ੀ ਮੈਂਬਰ ਨਹੀਂ ਸਨ। ਉਸ ਨੇ ਚਾਲਾਕੀ ਵਰਤਦਿਆਂ ਚੋਣ ਵੇਲੇ ਜਗਦੇਵ ਸਿੰਘ ਤਲਵੰਡੀ ਦਾ ਨਾਂ ਪੇਸ਼ ਕਰਨ ਦੀ ਪਲਾਨਿੰਗ ਬਣਾ ਲਈ। ਇਹ ਪਲਾਨਿੰਗ ਬਾਦਲ ਨੂੰ ਪਤਾ ਲਗ ਗਈ ਤੇ ਉਸ ਨੇ ਚੋਣ ਵਾਲੀ ਰਾਤ ਤਲਵੰਡੀ ਨੂੰ ਆਪਣੇ ਵੱਲੋਂ ਪ੍ਰਧਾਨਗੀ ਦਾ ਉਮੀਦਵਾਰ ਬਣਾ ਦਿੱਤਾ। ਤਲਵੰਡੀ ਨੇ ਪ੍ਰਧਾਨ ਬਣਦਿਆਂ ਹੀ ਬੀਬੀ ਜਾਗੀਰ ਕੌਰ ਦੇ ਵਿਰੋਧੀ ਪੂਰਨ ਸਿੰਘ ਨੂੰ ਦਰਬਾਰ ਸਾਹਿਬ ਦਾ ਹੈੱਡ ਗ੍ਰੰਥੀ ਲਾ ਦਿੱਤਾ। ਪਰ ਤਲਵੰਡੀ ਬਹੁਤੀ ਦੇਰ ਅੜ ਨਾ ਸਕਿਆ ਅਤੇ ਛੇਤੀ ਹੀ ਬਾਦਲ ਦੇ ਆਖੇ ਲੱਗਣ ਲਗ ਪਿਆ ਕਿਉਂਕਿ ਉਸ ਦੇ ਪੁੱਤਰ 'ਤੇ ਅਜੇ ਕਤਲ ਦਾ ਕੇਸ ਚਲ ਰਿਹਾ ਸੀ। ਤਲਵੰਡੀ ਸ਼੍ਰੋਮਣੀ ਕਮੇਟੀ ਫ਼ੰਡਾਂ ਵਿਚ ਬਾਦਲ ਦਾ ਦਖ਼ਲ ਚੁਪਚਾਪ ਮੰਨਦਾ ਰਿਹਾ। (27 ਮਈ 2001 ਨੂੰ ਟੌਹੜਾ ਨੇ ਇਲਜ਼ਾਮ ਲਾਇਆ ਕਿ ਤਲਵੰਡੀ ਨੇ ਸ਼੍ਰੋਮਣੀ ਕਮੇਟੀ ਫ਼ੰਡਾਂ ਵਿਚੋਂ 22 ਲੱਖ ਰੁਪੈ ਬਾਦਲ ਨੂੰ ਦਿੱਤੇ ਸਨ। ਤਲਵੰਡੀ ਦੀ ਪ੍ਰਧਾਨਗੀ ਸਿਰਫ਼ ਇਕ ਸਾਲ ਹੀ ਰਹੀ। ਮਗਰੋਂ 2002 ਦੀਆਂ ਚੋਣਾਂ ਵਿਚ ਉਸ ਨੇ ਟੌਹੜੇ ਦੀ ਮਦਦ ਕੀਤੀ ਤੇ ਬਾਦਲ ਨੇ ਉਸ ਨੂੰ ਪਾਰਟੀ ਵਿਚੋਂ ਕੱਢ ਦਿੱਤਾ)।

2013: ਭਾਈ ਗੁਰਬਖ਼ਸ਼ ਸਿੰਘ ਨੇ ਐਲਾਨ ਕੀਤਾ: ਮੈਨੂੰ ਅਕਾਲ ਤਖ਼ਤ ਤੋਂ ਕੋਈ ਹੁਕਮ ਨਾ ਭੇਜਿਆ ਜਾਵੇ

ਭਾਈ ਗੁਰਬਖ਼ਸ਼ ਸਿੰਘ (ਜਿਸ ਨੇ 14 ਨਵੰਬਰ ਤੋਂ ਉਮਰ ਕੈਦ ਕੱਟ ਚੁਕੇ ਸਿੱਖਾਂ ਦੀ ਰਿਹਾਈ ਵਾਸਤੇ ਮਰਨ ਵਰਤ ਰੱਖਿਆ ਹੋਇਆ ਸੀ) ਨੇ 30 ਨਵੰਬਰ 2013 ਦੇ ਦਿਨ ਐਲਾਨ ਕੀਤਾ: **"ਮੈਨੂੰ ਅਕਾਲ ਤਖ਼ਤ ਤੋਂ ਕੋਈ ਹੁਕਮ ਨਾ ਭੇਜਿਆ ਜਾਵੇ। ਮੈਂ ਅਰਦਾਸ ਕਰ ਚੁਕਾ ਹਾਂ।ਜਾਂ ਤਾਂ ਸਿੰਘ ਰਿਹਾ ਹੋਣਗੇ ਜਾਂ ਭਾਣਾ ਵਰਤੇਗਾ।"** (ਮਗਰੋਂ 22 ਦਸੰਬਰ ਦੇ ਦਿਨ ਉਸ ਨੇ ਇਹ ਵੀ ਕਿਹਾ: (ਅਕਾਲ ਤਖ਼ਤ ਦਾ ਪੁਜਾਰੀ) **ਗੁਰਬਚਨ ਸਿੰਘ ਮਹਾਂ ਝੂਠਾ ਹੈ। ਉਹ ਪੈਰ ਪੈਰ ਤੇ ਝੂਠ ਬੋਲਦਾ ਹੈ। ਉਹ ਜਥੇਦਾਰ ਅਖਵਾਉਣ ਦਾ ਹਕਦਾਰ ਨਹੀਂ। ਉਹ 5 ਵਾਰ ਮੇਰੇ ਕੋਲ ਆਇਆ ਤੇ ਵਾਰ ਵਾਰ ਝੂਠ ਬੋਲਿਆ।** ਪਰ, 24 ਦਸੰਬਰ ਦੀ ਰਾਤ ਨੂੰ ਸਾਧ ਮਾਨ ਸਿੰਘ ਪਿਹੋਵਾ, ਹਰਨਾਮ ਸਿੰਘ ਧੁੰਮਾ ਤੇ ਜਸਬੀਰ ਸਿੰਘ ਰੋਡੇ ਨਾਲ ਮੁਢੀਆ ਗਲਬਾਤ ਮਗਰੋਂ ਉਸ ਨੇ ਕਿਹਾ: **"ਅਕਾਲ ਤਖ਼ਤ ਦੇ ਜਥੇਦਾਰ ਦਾ ਹੁਕਮ ਗੁਰੂ ਦਾ ਹੁਕਮ ਹੈ; ਅਕਾਲ ਪੁਰਖ ਦਾ ਹੁਕਮ ਹੈ।"** ਇਹ ਉਸ ਦੀ ਦੋਗਲੀ ਪਾਲਸੀ ਸੀ। ਇਸ ਵਰਤ ਦੌਰਾਨ ਉਸ ਦਾ ਸਾਰਾ ਕਿਰਦਾਰ ਹੀ ਇਹੀ ਸੀ।

1 ਦਸੰਬਰ

1764: ਅਕਾਲ ਤਖ਼ਤ ਸਾਹਿਬ ਮੂਹਰੇ 30 ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ

ਮਾਰਚ 1764 ਵਿਚ ਅਹਿਮਦ ਸ਼ਾਹ ਦੁਰਾਨੀ ਨੇ ਸਤਵੀਂ ਵਾਰ ਪੰਜਾਬ 'ਤੇ ਹਮਲਾ ਕੀਤਾ। ਇਸ ਹਮਲੇ ਦੌਰਾਨ ਲੁੱਟ-ਮਾਰ ਕਰਦਾ ਅਹਿਮਦ ਸ਼ਾਹ ਅੰਮ੍ਰਿਤਸਰ ਵੱਲ ਵੀ ਗਿਆ। ਪਹਿਲੀ ਦਸੰਬਰ 1764 ਨੂੰ ਜਦੋਂ ਉਹ ਉੱਥੇ ਪੁੱਜਾ ਤਾਂ ਸਿਰਫ਼ 30 ਸਿੱਖ ਅਕਾਲ ਤਖ਼ਤ ਸਾਹਿਬ ਦੇ ਨਾਲ ਦੇ ਬੁੰਗੇ ਵਿਚ ਹਾਜ਼ਿਰ ਸਨ, ਜੋ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਵਾਸਤੇ ਮੌਜੂਦ ਸਨ। ਉਸ ਵੇਲੇ ਅਹਿਮਦ ਸ਼ਾਹ ਨਾਲ 30 ਹਜ਼ਾਰ ਫ਼ੌਜੀ ਸਨ। ਜਦ ਅਹਿਮਦ ਸ਼ਾਹ ਦੀਆਂ ਫ਼ੌਜਾਂ ਨੇ ਦਰਬਾਰ ਸਾਹਿਬ ਵਿਚ ਦਾਖ਼ਿਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਸਿੱਖਾਂ ਨੇ ਇਨ੍ਹਾਂ ਨੂੰ ਰੋਕਿਆ। ਇਨ੍ਹਾਂ ਨੇ ਸਿੱਖਾਂ ਨੂੰ ਵੇਖ ਕੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਜਰਨੈਲ ਜਥੇਦਾਰ ਗ਼ੈਰਬਖ਼ਸ਼ ਸਿੰਘ ਲੀਲ੍ਹ ਦੀ ਅਗਵਾਈ ਵਿਚ 30 ਸਿੱਖ, 30 ਹਜ਼ਾਰ ਅਫ਼ਗਾਨ ਤੇ ਬਲੋਚ ਫ਼ੌਜਾਂ ਨਾਲ ਅ-ਸਾਵੀਂ ਲੜਾਈ ਵਿਚ ਜਾਨ ਤੋੜ ਕੇ ਲੜੇ। ਸਾਰੇ 30 ਦੇ 30 ਸਿੰਘ, ਸੈਂਕੜੇ ਅਫ਼ਗਾਨਾਂ ਤੇ ਬਲੋਚਾਂ ਨੂੰ ਮਾਰਨ ਮਗਰੋਂ, ਸ਼ਹੀਦ ਹੋ ਗਏ।

ਅਹਿਮਦ ਸ਼ਾਹ ਨਾਲ ਆਏ ਇਕ ਬਲੋਚੀ ਤਾਰੀਖ਼ਦਾਨ ਕਾਜ਼ੀ ਨੂਰ ਮੁਹੰਮਦ ਨੇ ਇਸ ਲੜਾਈ ਦਾ ਬਿਆਨ ਕਰਦਿਆਂ ਲਿਖਿਆ ਹੈ ਕਿ "*ਉਹ ਸਿਰਫ਼ ਤੀਹ ਸਨ ਪਰ ਉਨ੍ਹਾਂ ਦੇ ਦਿਲ ਵਿਚ ਜ਼ਰਾ ਜਿੰਨਾ ਵੀ ਡਰ ਨਹੀਂ ਸੀ...ਉਹ ਗੁਰੂ ਵਾਸਤੇ ਜਾਨਾਂ ਵਾਰਨ ਵਾਸਤੇ ਡੱਟੇ ਹੋਏ ਸਨ... ਉਹ ਸ਼ੇਰ ਦੀ ਤਰ੍ਹਾਂ ਆਉਂਦੇ ਸਨ ਅਤੇ ਲੂੰਬੜ ਦੀ ਤਰ੍ਹਾਂ ਪਿੱਛੇ ਹੱਟ ਜਾਂਦੇ ਸਨ... ਜੇ ਕਿਸੇ ਨੇ ਲੜਾਈ ਦਾ ਹੁਨਰ ਸਿੱਖਣਾ ਹੋਵੇ ਤਾਂ ਉਹ ਸਿੱਖਾਂ ਨਾਲ ਆਹਮੋ-ਸਾਹਮਣੀ ਲੜਾਈ ਕਰੇ... ਉਹ ਇਕ-ਇਕ ਪੰਜਾਹ-ਪੰਜਾਹ ਜਿੰਨੇ ਸਨ... ਜੇ ਉਹ ਲੜਾਈ ਵਿਚ ਪਿੱਛੇ ਹਟਦੇ ਸਨ ਤਾਂ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਉਹ ਭੱਜ ਰਹੇ ਸਨ, ਇਹ ਤਾਂ ਉਨ੍ਹਾਂ ਦਾ ਇਕ ਪੈਂਤੜਾ ਹੀ ਹੁੰਦਾ ਹੈ....*"

(1860 ਤਕ ਦਰਬਾਰ ਸਾਹਿਬ ਦਾ ਮੁਖ ਦਰਵਾਜ਼ਾ ਅਕਾਲ ਤਖ਼ਤ ਸਾਹਿਬ ਅਤੇ ਥੜ੍ਹਾ ਸਹਿਬ ਦੇ ਵਿਚਕਾਰ ਹੋਇਆ ਕਰਦਾ ਸੀ। ਦਰਬਾਰ ਸਾਹਿਬ ਦੀ ਮੁਖ ਸੜਕ ਲਾਹੌਰੀ ਦਰਵਾਜ਼ੇ ਤੋਂ ਗੁਰੂ ਕੇ ਮਹਲ, ਚੁਰਸਤੀ ਅਟਾਰੀ, ਦਰਸ਼ਨੀ ਡਿਉਢੀ ਵੱਲੋਂ ਆਉਂਦੀ ਸੀ। ਜਦ ਅੰਗਰੇਜ਼ਾਂ ਨੇ ਹਾਲ ਗੇਟ ਤੇ ਹਾਲ ਬਾਜ਼ਾਰ ਬਣਾਇਆ ਅਤੇ ਦਰਬਾਰ ਸਾਹਿਬ ਦੇ ਬਾਹਰ ਚਰਚ ਦੀ ਸ਼ਕਲ ਦਾ ਘੰਟਾ ਘਰ ਉਸਾਰਿਆ ਤਾਂ ਉਨ੍ਹਾਂ ਨੇ ਰੇਲਵੇ ਸਟੇਸ਼ਨ ਤੋਂ ਦਰਬਾਰ ਸਾਹਿਬ ਤਕ ਇਕ ਪੱਕੀ ਸੜਕ ਬਣਾਈ। ਹੌਲੀ-ਹੌਲੀ ਇਹ ਰਸਤਾ ਅਸਲ ਜਾਪਣ ਲਗ ਪਿਆ। ਅੰਗਰੇਜ਼ਾਂ ਨੇ ਇਹ ਸਭ ਕੁਝ ਦਰਬਾਰ ਸਾਹਿਬ ਦੇ ਅਸਲ ਵਿਰਸੇ ਨੂੰ ਖ਼ਤਮ ਕਰਨ ਵਾਸਤੇ ਪਹਿਲੇ ਐਕਸ਼ਨ ਵਜੋਂ ਕੀਤਾ ਸੀ। ਮਗਰੋਂ 2004 ਵਿਚ ਸ਼੍ਰੋਮਣੀ ਕਮੇਟੀ ਨੇ ਅਸਲ ਰਸਤੇ ਨੂੰ ਬਿਲਕੁਲ ਹੀ ਬੰਦ ਕਰ ਦਿੱਤਾ ਅਤੇ ਇਸ ਥਾਂ 'ਤੇ ਸਿੱਖੀ ਅਸੂਲਾਂ ਦੇ ਉਲਟ 'ਅਖੰਡ ਪਾਠ' ਵਾਸਤੇ ਕਮਰੇ ਬਣਾ ਦਿੱਤੇ ਤੇ ਗੁਰੂ ਸਾਹਿਬ ਦੇ ਯਾਦਗਾਰੀ ਤੇ ਅਸਲ ਰਸਤੇ ਨੂੰ ਬਿਲਕੁਲ ਹੀ ਖ਼ਤਮ ਕਰ ਦਿੱਤਾ)।

1985: ਬਰਨਾਲਾ ਨੇ ਕਿਹਾ: ਮੈਂ 15 ਅਗਸਤ 1986 ਤਕ 'ਸਤਲੁਜ ਜਮਨਾ ਲਿੰਕ ਨਹਿਰ' ਬਣਾ ਕੇ ਦਿਆਂਗਾ

29 ਸਤੰਬਰ 1985 ਦੇ ਦਿਨ ਸੁਰਜੀਤ ਬਰਨਾਲਾ ਚੀਫ਼ ਮਨਿਸਟਰ ਬਣ ਗਿਆ। ਬਰਨਾਲਾ ਨੇ ਅਸੈਂਬਲੀ ਦੇ ਪਹਿਲੇ ਸੈਸ਼ਨ ਵਿਚ ਹੀ ਇੰਦਰਾ ਗਾਂਧੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਕ ਵੀ ਅਕਾਲੀ ਨੇ ਇੰਦਰਾ ਦੇ ਜ਼ੁਲਮ ਦੇ ਖ਼ਿਲਾਫ਼ ਜ਼ਬਾਨ ਤਕ ਨਾ ਖੋਲ੍ਹੀ। ਬਰਨਾਲੇ ਨੇ ਤਾਂ ਜੂਨ 84 ਅਤੇ ਨਵੰਬਰ 4 'ਚ ਸਿੱਖਾਂ ਦੇ ਕਤਲੇਆਮ ਦੀ ਨਿੰਦਾ ਦੇ ਮਤੇ ਵੀ ਨਾ ਪੇਸ਼

ਕੀਤੇ। ਉਸ ਨੇ ਸਿੱਖ ਸ਼ਹੀਦਾਂ ਨੂੰ 'ਸ਼ਰਧਾਂਜਲੀ' ਵੀ ਨਾ ਭੇਟ ਕੀਤੀ। ਪੰਜਾਬ ਅਸੈਂਬਲੀ ਦੇ ਇਜਲਾਸ ਵਿਚ ਸਿਰਫ਼ ਭਾਜਪਾ ਦੇ ਇਕ ਐਮ.ਐਲ.ਏ. ਨੇ ਇੰਦਰਾ ਦੀ ਭਰਪੂਰ ਨਿੰਦਾ ਕੀਤੀ। ਰਾਜੀਵ ਗਾਂਧੀ ਨੇ ਬਰਨਾਲੇ ਨੂੰ ਇਸ ਵਾਸਤੇ ਅਕਾਲੀ ਦਲ ਦਾ ਪ੍ਰਧਾਨ ਤੇ ਚੀਫ਼ ਮਨਿਸਟਰ ਬਣਾਇਆ ਸੀ ਤਾਂ ਜੋ ਉਸ ਦੇ ਨਾਂ 'ਤੇ ਖਾੜਕੂਆਂ, ਖਾਲਿਸਤਾਨ, ਭਿੰਡਰਾਂਵਾਲਾ ਵਗ਼ੈਰਾ ਦੇ ਖ਼ਿਲਾਫ਼ ਪਰਾਕਸੀ (ਪਰੋਣੇ) ਲੜਾਈ ਲੜੀ ਜਾ ਸਕੇ। ਸ਼ੁਰੂ ਵਿਚ ਬਰਨਾਲੇ ਨੇ ਦਿਖਾਵੇ ਵਲੋਂ ਪੰਥਕ ਮੰਗਾਂ ਬਾਰੇ ਇਕ-ਅੱਧ ਬਿਆਨ ਵੀ ਦਿੱਤਾ। ਇਸ ਦੌਰਾਨ ਬਰਨਾਲਾ ਨੇ ਰਾਜੀਵ ਗਾਂਧੀ ਨੂੰ ਚੋਰੀ-ਚੋਰੀ ਮਿਲ ਕੇ ਚੰਡੀਗੜ੍ਹ ਪੰਜਾਬ ਨੂੰ ਦੇਣ ਵਾਸਤੇ ਅਰਜ਼ ਕੀਤੀ ਤਾਂ ਜੋ ਉਸ ਦੀ ਇਜ਼ਤ ਬਣ ਸਕੇ ਪਰ ਰਾਜੀਵ ਨੇ ਅਸਿੱਧੀ ਨਾਂਹ ਕਰ ਦਿੱਤੀ ਸੀ; ਇਸ ਦੇ ਬਾਵਜੂਦ ਪਹਿਲੀ ਦਸੰਬਰ 1985 ਦੇ ਦਿਨ ਬਰਨਾਲਾ ਨੇ ਬਿਆਨ ਦਿੱਤਾ ਕਿ ''ਮੈਂ 15 ਅਗਸਤ 1986 ਤਕ ਸਤਲੁਜ ਜਮਨਾ ਲਿੰਕ ਨਹਿਰ ਬਣਾ ਕੇ ਹਰਿਆਣੇ ਨੂੰ ਪਾਣੀ ਦੇ ਦਿਆਂਗਾਂ।''

1985: ਜਗਤਾਰ ਸਿੰਘ ਫ਼ੀਰੋਜ਼ਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

ਪਹਿਲੀ ਦਸੰਬਰ 1985 ਦੇ ਦਿਨ ਪੰਜਾਬ ਪੁਲਸ ਨੇ ਜਗਤਾਰ ਸਿੰਘ, ਵਾਸੀ ਫ਼ੀਰੋਜ਼ਪੁਰ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1986 ਪੰਜਾਬ ਵਿਚ ਕਈ ਸ਼ਹਿਰਾਂ ਤੇ ਕਸਬਿਆਂ ਵਿਚ ਹਿੰਦੂ ਦਹਿਸ਼ਤਗਰਦਾਂ ਵੱਲੋਂ ਗੁੰਡਾਗਰਦੀ

ਨਵੰਬਰ 1986 ਵਿਚ ਹਿੰਦੂਆਂ ਨੇ ਪੰਜਾਬ, ਦਿੱਲੀ, ਹਰਿਆਣਾ, ਯੂ.ਪੀ. ਅਤੇ ਹੋਰ ਸੂਬਿਆਂ ਵਿਚ ਸਿੱਖਾਂ ਉੱਤੇ ਕਈ ਵਾਰ ਹਮਲੇ ਕੀਤੇ ਸਨ ਤੇ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਅੱਗਾਂ ਲਾਈਆਂ ਸਨ। ਇਹ ਹਮਲੇ ਦਸੰਬਰ ਵਿਚ ਵੀ ਜਾਰੀ ਰਹੇ। ਪਹਿਲੀ ਦਸੰਬਰ 1986 ਦੇ ਦਿਨ ਪੰਜਾਬ ਬੰਦ ਦੇ ਨਾਂ 'ਤੇ ਹਿੰਦੂਆਂ ਨੇ ਦਸੂਹਾ, ਜਲੰਧਰ ਤੇ ਹੋਰ ਇਲਾਕਿਆਂ 'ਚ ਗੁੰਡਾਗਰਦੀ ਕੀਤੀ। ਇਸੇ ਦਿਨ ਬੀ.ਐਸ.ਐਫ਼. ਦੇ ਸਿਪਾਹੀ ਜਤਿੰਦਰ ਸਿੰਘ ਨੂੰ ਬਟਾਲਾ ਵਿਚ ਅਸ਼ਵਨੀ ਸੇਖੜੀ ਕਾਂਗਰਸੀ ਐਮ.ਐਲ.ਏ. ਦੀ ਕੋਠੀ ਨੇੜੇ ਗੋਲੀ ਮਾਰ ਕੇ ਮਾਰ ਦਿੱਤਾ ਗਿਆ।

1988: ਦਲਵਿੰਦਰ ਸਿੰਘ ਮਾੜੀ ਕੰਬੋ ਤੇ ਜੱਜਪਾਲ ਸਿੰਘ ਪਿੱਪਲਾਵਾਲਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਪਹਿਲੀ ਦਸੰਬਰ 1988 ਦੇ ਦਿਨ ਪੰਜਾਬ ਪੁਲਸ ਨੇ ਦਲਵਿੰਦਰ ਸਿੰਘ ਮਾੜੀ ਕੰਬੋ, ਤੇ ਜੱਜਪਾਲ ਸਿੰਘ ਐਮ.ਫਿਲ (ਪੁੱਤਰ ਮੰਗਲ ਸਿੰਘ ਪਿੱਪਲਾਵਾਲਾ, ਹੁਸ਼ਿਆਰਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਹਰਪਾਲ ਸਿੰਘ ਗਗੜੇਵਾਲ ਨਕਲੀ ਮੁਕਾਬਲੇ ਵਿਚ ਸ਼ਹੀਦ

ਪਹਿਲੀ ਦਸੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਹਰਪਾਲ ਸਿੰਘ (ਪੁੱਤਰ ਚੰਚਲ ਸਿੰਘ,ਵਾਸੀ ਗਗੜੇਵਾਲ,ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਮੋਹਨ ਸਿੰਘ ਖਾਨਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

ਪਹਿਲੀ ਦਸੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਮੋਹਨ ਸਿੰਘ (ਪੁੱਤਰ ਸੁਰਜਨ ਸਿੰਘ, ਵਾਸੀ ਖਾਨਪੁਰ, ਜ਼ਿਲ੍ਹਾ ਰੋਪੜ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992 ਸਵਰਨਜੀਤ ਸਿੰਘ ਤੇ 20 ਸਿੱਖ ਨਕਲੀ ਮੁਕਬਾਲਿਆਂ ਵਿਚ ਸ਼ਹੀਦ

ਪਹਿਲੀ ਦਸੰਬਰ 1992 ਦੀ ਰਾਤ ਨੂੰ ਪੁਲੀਸ ਨੇ ਪਿੰਡ ਨਿਜ਼ਾਮੁਦੀਨ, ਮਧੂ ਕੋਲ, ਪੰਜ ਸਿੱਖ ਬੰਨ੍ਹ ਕੇ ਸ਼ਹੀਦ ਕਰ ਦਿੱਤੇ। ਇਸੇ ਦਿਨ ਸਵਰਨਜੀਤ ਸਿੰਘ ਨੂੰ ਵੀ ਪੁਲੀਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1993: ਚਮਕੌਰ ਸਿੰਘ ਨਰੈਣਗੜ੍ਹ ਸੋਹੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

ਪਹਿਲੀ ਦਸੰਬਰ 1993 ਦੇ ਦਿਨ ਪੰਜਾਬ ਪੁਲਸ ਨੇ ਚਮਕੌਰ ਸਿੰਘ (ਪੁੱਤਰ ਨਾਜ਼ਰ ਸਿੰਘ, ਵਾਸੀ ਨਰੈਣਗੜ੍ਹ ਸੋਹੀਆਂ, ਜ਼ਿਲ੍ਹਾ ਸੰਗਰੂਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2003: ਪਰਕਾਸ਼ ਸਿੰਘ ਬਾਦਲ ਤੇ ਉਸ ਦਾ ਪੁੱਤਰ ਸੁਖਬੀਰ ਕੁਰਪਸ਼ਨ ਦੇ ਕੇਸ ਵਿਚ ਗ੍ਰਿਫ਼ਤਾਰ

ਕੈਪਟਨ ਅਮਰਿੰਦਰ ਸਿੰਘ ਨੇ ਚੀਫ਼ ਮਨਿਸਟਰ ਬਣਨ ਮਗਰੋਂ ਬਾਦਲ ਨੂੰ ਇਕ ਵਾਰ ਜੇਲ੍ਹ ਭੇਜਣ ਦਾ ਇਰਾਦਾ ਕੀਤਾ ਹੋਇਆ ਸੀ। ਉਸ ਨੇ ਤਕਰੀਬਨ ਦੋ ਸਾਲ ਬਾਦਲ ਦੇ ਖ਼ਿਲਾਫ਼ ਸਬੂਤ ਇਕੱਠੇ ਕੀਤੇ ਅਤੇ ਨਵੰਬਰ 2003 ਵਿਚ ਬਾਦਲ ਤੇ ਉਸ ਦੇ ਪਰਵਾਰ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ। ਕਾਫ਼ੀ ਦੇਰ ਦੀ ਲੁਕਣਮੀਟੀ ਤੋਂ ਬਾਅਦ ਪਹਿਲੀ ਦਸੰਬਰ 2003 ਦੇ ਦਿਨ ਰੋਪੜ ਅਦਾਲਤ ਨੇ ਬਾਦਲ ਤੇ ਸੁਖਬੀਰ ਨੂੰ ਤਲਬ ਕੀਤਾ ਅਤੇ ਦੋਹਾਂ ਦਾ 13 ਦਿਨ ਦਾ ਜੁਡੀਸ਼ੀਅਲ ਰੀਮਾਂਡ ਦੇ ਦਿੱਤਾ ਅਤੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ (ਉਨ੍ਹਾਂ ਦੀ ਜ਼ਮਾਨਤ 9 ਦਸੰਬਰ ਨੂੰ ਹੋਈ ਤੇ ਉਹ 10 ਦਸੰਬਰ ਨੂੰ ਰਿਹਾ ਹੋਏ)। ਇਸ ਦੌਰਾਨ 8 ਦਸੰਬਰ ਨੂੰ ਬਾਦਲ ਦਾ ਜਨਮ ਦਿਨ ਸੀ ਤੇ ਇਸ ਮੌਕੇ 'ਤੇ ਉਹ ਜੇਲ੍ਹ ਵਿਚ ਸੀ। ਬਾਦਲ-ਟੌਹੜਾ ਦਲ ਵੱਲੋਂ ਇਸ ਦਿਨ ਨੂੰ 'ਜਬਰ ਵਿਰੋਧੀ' ਦਿਨ ਵਜੋਂ ਮਨਾਇਆ ਗਿਆ ਤੇ ਮੁਖ ਰੈਲੀ ਪਟਿਆਲੇ ਵਿਚ ਕੀਤੀ ਗਈ। ਗੁਰਚਰਨ ਸਿੰਘ ਟੌਹੜਾ ਨੇ ਇਸ ਦਿਨ ਸ਼੍ਰੋਮਣੀ ਕਮੇਟੀ ਦੇ ਫ਼ੰਡਾਂ ਦੇ ਮੂੰਹ ਖੋਲ੍ਹ ਕੇ ਰੈਲੀ ਵਾਸਤੇ ਸ਼ਾਹੀ ਖ਼ਰਚ ਕੀਤਾ। ਪਰ ਫਿਰ ਵੀ ਇਸ ਰੈਲੀ ਵਿਚ ਦਸ ਹਜ਼ਾਰ ਲੋਕ ਵੀ ਨਾ ਪੁੱਜੇ। ਕੁਰਪਸ਼ਨ ਕੇਸ ਵਿਚ ਜ਼ਮਾਨਤ ਹੋਣ ਮਗਰੋਂ ਅਗਲੇ ਦਿਨ 11 ਦਸੰਬਰ ਨੂੰ ਵੇਦਾਂਤੀ ਨੇ ਇਨ੍ਹਾਂ ਨੂੰ ਅਕਾਲ ਤਖ਼ਤ ਤੋਂ ਸਿਰੋਪਾ ਦਿੱਤਾ (ਕੁਰਪਸ਼ਨ ਕੇਸ ਵਿਚ ਜ਼ਮਾਨਤ ਦੀ ਖ਼ੁਸ਼ੀ ਵਿਚ?)।

2013: ਸ਼੍ਰੋਮਣੀ ਕਮੇਟੀ ਦੇ ਰਸਾਲੇ 'ਤੇ ਸਾਹਿਬਜ਼ਾਦਿਆਂ ਦੀ ਸਿਰ ਮੁੰਨੇ ਦੀ ਟੋਪੀ ਵਾਲੀ ਫੋਟੋ

ਸ਼੍ਰੋਮਣੀ ਕਮੇਟੀ ਦੇ ਰਸਾਲੇ 'ਗੁਰਮਤਿ ਪ੍ਰਕਾਸ਼' ਦੇ ਪਹਿਲੀ ਦਸੰਬਰ 2013 ਦੇ ਦਿਨ ਰਲੀਜ਼ ਕੀਤੇ ਅੰਕ ਦੇ ਟਾਈਟਲ 'ਤੇ ਸਾਹਿਬਜ਼ਾਦਿਆਂ ਦੀ ਸਿਰ ਮੁੰਨੇ ਵਾਲੀ ਤੇ ਟੋਪੀ ਵਾਲੀ ਫੋਟੋ ਲਾਈ ਗਈ। ਜਦ ਇਸ ਦੇ ਖ਼ਿਲਾਫ਼ ਅਵਾਜ਼ ਉਠੀ ਤਾਂ 20 ਦਸੰਬਰ ਨੂੰ ਇਸ ਦੇ ਐਡੀਟਰ ਸੰਪਾਦਕ ਸਿਮਰਜੀਤ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ।

2 ਦਸੰਬਰ

1886: ਅਦਾਲਤ ਨੇ ਫ਼ੈਸਲਾ ਦਿੱਤਾ ਕਿ ਸਿਰਫ਼ 35 ਸਾਲ ਤੋਂ ਵਧ ਉਮਰ ਦਾ ਪਾਹੁਲੀਆ ਸਿੱਖ ਹੀ ਗ੍ਰੰਥੀ ਬਣ ਸਕਦਾ ਹੈ

1859 ਵਿਚ ਰਾਜਾ ਤੇਜਾ ਸਿੰਹ (ਬ੍ਰਾਹਮਣ ਤੇਜ ਰਾਮ ਮਿਸਰ), ਮਿਸਟਰ ਕੂਪਰ (ਡਿਪਟੀ ਕਮਿਸ਼ਨਰ ਅੰਮ੍ਰਿਤਸਰ) ਅਤੇ ਜੋਧ ਸਿੰਘ ਰਾਮਗੜ੍ਹੀਆ ਸਰਬਰਾਹ ਨੇ ਮੀਟਿੰਗਾਂ (5

ਤੋਂ 12 ਸਤੰਬਰ 1859) ਕਰ ਕੇ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਗੁਰਦੁਆਰਿਆਂ ਬਾਰੇ ਜ਼ਾਬਤਾ ਅਤੇ ਫ਼ਰਿਆਦਾ (ਦਸਤੂਰ-ਇ-ਅਮਲ) ਤਿਆਰ ਕੀਤੀ। ਇਸ ਖਰੜੇ 'ਤੇ ਸਿੱਖ ਆਗੂਆਂ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਤੋਂ ਇਲਾਵਾ ਸਰਬਰਾਹ, ਗ੍ਰੰਥੀਆਂ ਅਤੇ ਪੁਜਾਰੀਆਂ ਨੇ ਵੀ ਆਪਣੇ ਦਸਤਖ਼ਤ ਕੀਤੇ। ਇਸ ਮੌਕੇ 'ਤੇ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਪ੍ਰਬੰਧ ਵਾਸਤੇ ਇਕ ਕਮੇਟੀ ਵੀ ਬਣਾਈ ਗਈ। ਇਸ ਵਿਚ ਸ਼ਾਮਿਲ ਸਨ: ਰਾਜਾ ਤੇਜਾ ਸਿੰਘ ਭ੍ਰਮਣ, ਸ਼ਮਸ਼ੇਰ ਸਿੰਘ ਸੰਧਾਵਾਲੀਆ, ਰਾਜਾ ਸੂਰਤ ਸਿੰਘ ਮਜੀਠੀਆ, ਭਗਵਾਨ ਸਿੰਘ, ਗਿਆਨੀ ਪਰਦੁਮਨ ਸਿੰਘ (ਪੋਤਾ ਗਿਆਨੀ ਸੰਤ ਸਿੰਘ ਤੇ ਪੁੱਤਰ ਗਿਆਨੀ ਗੁਰਮੁਖ ਸਿੰਘ), ਗੁਲਾਬ ਸਿੰਘ ਭਾਗੋਵਾਲੀਆ, ਜੈਮਲ ਸਿੰਘ ਖੰਡਾ, ਸਰਦੂਲ ਸਿੰਘ, ਰਾਏ ਮੂਲ ਸਿੰਘ, ਰਾਜਾ ਸਿੰਘ ਮਾਨ। ਇਹ ਕਮੇਟੀ ਕੁਝ ਚਿਰ ਕਾਇਮ ਰਹੀ। ਮਗਰੋਂ ਸਰਕਾਰ ਨੇ ਇਸ ਦੀ ਜਗਹ ਇਕ ਹੋਰ ਕਮੇਟੀ ਬਣਾ ਦਿੱਤੀ। ਇਸ ਵਿਚ ਮੈਂਬਰ ਸਨ: ਰਾਜਾ ਦਿਆਲ ਸਿੰਘ, ਰਾਜਾ ਹਰਬੰਸ ਸਿੰਘ, ਠਾਕਰ ਸਿੰਘ ਸੰਧਾਵਾਲੀਆ, ਅਜੀਤ ਸਿੰਘ ਅਟਾਰੀ ਵਾਲਾ, ਅਰਜਨ ਸਿੰਘ ਚਾਹਲ, ਰਾਏ ਕਲਿਆਣ ਸਿੰਘ, ਅਤਰ ਸਿੰਘ ਭਦੌੜ, ਜਗਤ ਸਿੰਘ ਜੀਂਦ। ਰਣਜੀਤ ਵੇਲੇ ਤਕ ਅੰਮ੍ਰਿਤਸਰ ਦੀ ਗੁੰਗੀ ਦਰਬਾਰ ਸਾਹਿਬ ਨੂੰ ਮਿਲਦੀ ਹੁੰਦੀ ਸੀ। ਜਦ ਅੰਗਰੇਜ਼ਾਂ ਨੇ ਮਿਉਂਸਪਲ ਕਮੇਟੀ ਬਣਾਈ ਤਾਂ ਇਹ ਚੁੰਗੀ ਉਸ ਕਮੇਟੀ ਨੂੰ ਮਿਲਣ ਲਗ ਪਈ। ਇਸ ਵਿਚੋਂ ਸਿਰਫ਼ 2% ਦਰਬਾਰ ਸਾਹਿਬ ਦੇ ਬਿਜਲੀ ਪਾਣੀ ਵਾਸਤੇ ਖ਼ਰਚ ਹੋਣ ਲਗ ਪਿਆ।

ਕੁਝ ਸਾਲ ਇਸੇ ਤਰ੍ਹਾਂ ਚਲਦਾ ਰਿਹਾ ਪਰ ਸਰਬਰਾਹ, ਗ੍ਰੰਥੀ ਤੇ ਪੁਜਾਰੀ ਆਪੋ-ਆਪਣੀ ਚਲਾਂਦੇ ਰਹੇ। ਜਦੋਂ ਉਨ੍ਹਾਂ ਵਿਚ ਝਗੜਾ ਹੁੰਦਾ ਤਾਂ ਉਹ ਸਰਕਾਰ ਦੀ ਬਣਾਈ ਕਮੇਟੀ ਤਕ ਪਹੁੰਚ ਕਰਦੇ। ਇਸ ਤੋਂ ਇਲਾਵਾ ਕਮੇਟੀ ਦੀ ਕੋਈ ਪੁੱਛ ਪੜਤਾਲ ਨਹੀਂ ਸੀ। ਸੰਨ 1881 ਵਿਚ ਇਹ ਕਮੇਟੀ ਵੀ ਖ਼ਤਮ ਹੋ ਗਈ। ਇਸ ਮਗਰੋਂ ਸਰਕਾਰ ਨੇ ਦਰਬਾਰ ਸਾਹਿਬ ਦਾ ਇੰਤਜ਼ਾਮ ਪੂਰੀ ਤਰ੍ਹਾਂ ਆਪਣੇ ਹੱਥ ਵਿਚ ਲੈ ਲਿਆ। ਹੁਣ ਸਰਬਰਾਹ ਸਿੱਧਾ ਸਰਕਾਰ ਦੀ ਮਰਜ਼ੀ ਨਾਲ ਕੰਮ ਕਰਦਾ ਸੀ। ਉਸ ਨੂੰ ਸਿੱਖਾਂ ਦੀ ਕੋਈ ਪ੍ਰਵਾਹ ਨਹੀਂ ਸੀ। ਉਨ੍ਹਾਂ ਦਿਨਾਂ ਵਿਚ ਸਿੰਘ ਸਭਾ ਲਹਿਰ ਸ਼ੁਰੂ ਹੋ ਚੁੱਕੀ ਸੀ। ਸਿੱਖ ਆਗੂਆਂ ਨੇ ਸਰਕਾਰ ਨੂੰ ਪਹੁੰਚ ਕਰ ਕੇ ਗੁਰਦੁਆਰਿਆਂ ਦਾ ਇੰਤਜ਼ਾਮ ਠੀਕ ਕਰਨ ਵਾਸਤੇ ਇਕ ਕਮੇਟੀ ਬਣਾਉਣ ਵਾਸਤੇ ਆਖਿਆ। ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੂੰ ਕੁਝ ਸਿੱਖ ਰਾਜੇ ਅਤੇ ਸਿੱਖ ਆਗੂ ਵੀ ਮਿਲੇ। ਗੱਲ ਭਾਰਤ ਦੇ ਵਾਇਸਰਾਏ ਲਾਰਡ ਰਿਪਨ ਤਕ ਵੀ ਪਹੁੰਚੀ। ਇਸ 'ਤੇ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਆਰ.ਈ. ਏਜ਼ਰਟਨ ਨੇ ਵਾਇਸਰਾਏ ਨੂੰ ਚਿੱਠੀ ਲਿਖ ਕੇ ਖ਼ਬਰਦਾਰ ਕੀਤਾ:

"I think it would be politically dangerous to allow the management of the Sikh shrines to fall into the hands of a Committee emancipated from government control and I trust your Excellency will assist to pass such orders in the case as will enable to continue the system which has worked out successfully for more than 30 years..." R.E. Egerton 8-11-1881. *(ਅਰਥ: ਮੇਰਾ ਖ਼ਿਆਲ ਹੈ ਕਿ ਸਿੱਖ ਗੁਰਦੁਆਰਿਆਂ ਦਾ ਇੰਤਜ਼ਾਮ ਇਕ ਅਜਿਹੀ ਕਮੇਟੀ, ਜੋ ਸਰਕਾਰੀ ਕੰਟਰੋਲ ਤੋਂ ਅਜ਼ਾਦ ਹੋਵੇ, ਦੇ ਹੱਥ ਵਿਚ ਦੇਣਾ, ਸਿਆਸੀ ਪੱਖ ਤੋਂ ਖ਼ਤਰਨਾਕ ਹੋਵੇਗਾ ਅਤੇ ਮੈਂ ਉਮੀਦ ਕਰਦਾ ਹਾਂ ਕਿ ਜਨਾਬ ਅਜਿਹੇ ਹੁਕਮ ਜਾਰੀ ਕਰਵਾਉਣ ਵਿਚ ਮਦਦਗਾਰ ਹੋਣਗੇ, ਜਿਸ ਨਾਲ ਪਿਛਲੇ 30 ਸਾਲ ਤੋਂ ਕਾਮਯਾਬੀ ਨਾਲ ਚਲਦਾ ਇੰਤਜ਼ਾਮ ਜਾਰੀ ਰਹੇਗਾ।*

ਅੰਗਰੇਜ਼ ਸਰਕਾਰ ਇਹ ਕਦੇ ਵੀ ਨਹੀਂ ਚਾਹੁੰਦੀ ਸੀ ਕਿ ਗੁਰਦੁਆਰਿਆਂ ਦਾ ਇੰਤਜ਼ਾਮ ਸਿੱਖਾਂ ਦੇ ਹੱਥਾਂ ਵਿਚ ਚਲਾ ਜਾਵੇ। ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ ਇਕ ਕਮੇਟੀ ਬਣਨ ਨਾਲ, ਸਿੱਖਾਂ ਵਾਸਤੇ ਇਕ ਪਲੇਟਫ਼ਾਰਮ, ਇਕ ਜਮਾਤ, ਇਕ ਇਤਹਾਦ ਅਤੇ ਇਕ ਤਾਕਤ

ਬਣ ਜਾਣੀ ਸੀ। (ਜਿਵੇਂ ਅੱਜ ਬਣ ਚੁੱਕਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਜ ਆਪਣੇ ਆਪ ਵਿਚ ਇਕ ਪੂਰੀ ਹਕੂਮਤ ਹੈ (state within a state) ਹੈ। ਇਸ ਦਾ ਹਊਆ 1881 ਤੇ 1920-25 ਵਿਚ ਵੀ ਓਨਾ ਹੀ ਸੀ, ਜਿੰਨਾ ਕਿ ਅੱਜ 2015 ਵਿਚ ਹੈ)

ਉਨ੍ਹਾਂ ਦਿਨਾਂ ਵਿਚ ਦਰਬਾਰ ਸਾਹਿਬ ਦੇ ਪੁਜਾਰੀਆਂ ਦੇ ਝਗੜੇ ਬਾਰੇ ਇਕ ਮੁਕੱਦਮਾ ਅਦਾਲਤ ਵਿਚ ਚਲਾ ਗਿਆ। 1886 ਵਿਚ ਮੁਕਦਮਾ ਨੰਬਰ 807, ਨਰੈਣ ਸਿੰਘ ਬਨਾਮ ਭਗਤ ਸਿੰਘ, ਵਿਚ ਦੀਵਾਨੀ ਅਦਾਲਤ ਨੇ ਫ਼ੈਸਲਾ ਦਿੱਤਾ ਕਿ *"35 ਸਾਲ ਤੋਂ ਵੱਧ ਉਮਰ ਦਾ, ਸਿਰਫ਼ ਰਹਿਤਧਾਰੀ ਸਿੱਖ ਹੀ ਦਰਬਾਰ ਸਾਹਿਬ ਦਾ ਗ੍ਰੰਥੀ ਬਣ ਸਕਦਾ ਹੈ।"* ਇਸ ਨਾਲ ਕੋਈ ਵੱਡਾ ਫਰਕ ਤਾਂ ਨਾ ਪਿਆ ਪਰ ਗੁਰਦੁਆਰਿਆਂ ਦੇ ਗ੍ਰੰਥੀ ਬਣਨ ਦੇ ਨਾਂ 'ਤੇ ਹਿੰਦੂਆਂ ਦਾ ਦਖ਼ਲ ਕੁਝ ਘਟ ਗਿਆ।

1935: ਅੰਗਰੇਜ਼ਾਂ ਨੇ ਕ੍ਰਿਪਾਨ 'ਤੇ ਪਾਬੰਦੀ ਲਾਈ

ਗੁਰਦੁਆਰਾ ਸ਼ਹੀਦ ਗੰਜ ਲਾਹੌਰ ਵਿਚ ਜਦੋਂ ਮੁਸਲਮਾਨਾਂ ਨੇ ਐਜੀਟੇਸ਼ਨ ਕੀਤੀ ਤਾਂ ਸਰਕਾਰ ਨੇ ਦਫ਼ਾ 144 ਲਾ ਦਿੱਤੀ ਅਤੇ ਸਿੱਖਾਂ ਦੀ ਕਿਰਪਾਨ 'ਤੇ ਵੀ ਪਾਬੰਦੀ ਲਾ ਦਿੱਤੀ। ਇਸ ਨਾਲ ਸਿੱਖ ਜਜ਼ਬਾਤ ਭੜਕ ਪਏ। ਕੁਝ ਸਿੱਖ ਕਿਰਪਾਨ ਦੇ ਦੋਸ਼ ਵਿਚ ਗ੍ਰਿਫ਼ਤਾਰ ਵੀ ਕੀਤੇ ਗਏ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਇਕ ਸਾਂਝੀ ਮੀਟਿੰਗ ਨੇ 26 ਅਗਸਤ 1935 ਦੇ ਦਿਨ ਮੰਗ ਕੀਤੀ ਕਿ ਵੱਡੀ ਕਿਰਪਾਨ ਬਾਰੇ ਸਰਕਾਰੀ ਐਲਾਨ ਵਾਪਸ ਲਿਆ ਜਾਵੇ ਅਤੇ ਦੋ ਕਿਰਪਾਨਾਂ (ਛੋਟੀਆਂ) ਦੀ ਪਾਬੰਦੀ ਵੀ ਗ਼ਲਤ ਹੈ। ਸ਼੍ਰੋਮਣੀ ਅਕਾਲੀ ਦਲ ਵਲੋਂ ਐਲਾਨ ਕੀਤਾ ਗਿਆ ਕਿ ਕਿਰਪਾਨ ਸਬੰਧੀ ਪਾਬੰਦੀਆਂ ਸਿੱਖ ਧਰਮ ਵਿਚ ਦਖ਼ਲ ਹਨ ਤੇ ਇਸ ਦੀ ਮੁਖ਼ਾਲਫ਼ਤ ਕੀਤੀ ਜਾਵੇਗੀ। ਅਚਾਨਕ ਉਸੇ ਦਿਨ ਹੀ ਕਿਰਪਾਨ ਵਾਲੇ ਮੁਕੱਦਮਿਆਂ ਵਿਚ ਗ੍ਰਿਫ਼ਤਾਰ ਕੀਤੇ ਸਿੱਖ ਬਿਨਾਂ ਜ਼ਮਾਨਤਾਂ ਤੋਂ ਰਿਹਾ ਕਰ ਦਿੱਤੇ ਗਏ ਅਤੇ ਮੁਕੱਦਮੇ ਮੁਲਤਵੀ ਕਰ ਦਿੱਤੇ ਗਏ। ਫਿਰ 25 ਸਤੰਬਰ 1935 ਨੂੰ ਪੰਜਾਬ ਸਰਕਾਰ ਨੇ ਐਲਾਨ ਕੀਤਾ ਕਿ ਪੰਜਾਬ ਵਿਚ ਕਿਰਪਾਨ ਦੀ ਖੁਲ੍ਹ ਕਰ ਦਿੱਤੀ ਗਈ ਹੈ ਅਤੇ ਹਰ ਕੋਈ ਕਿਰਪਾਨ ਰੱਖ ਸਕਦਾ ਹੈ। 30 ਨਵੰਬਰ ਨੂੰ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬ ਦੇ ਸਬੰਧ ਵਿਚ ਹਜ਼ਾਰਾਂ ਸਿੱਖਾਂ ਨੇ ਆਲੀਸ਼ਾਨ ਜਲੂਸ ਕਢਿਆ। ਸਾਰੇ ਸ਼ਹਿਰ ਵਿਚ ਫ਼ੌਜ ਫਿਰ ਰਹੀ ਸੀ। ਇਕ ਦੋ ਥਾਂਵਾਂ ਤੇ ਇੱਟਾਂ ਪੈਣ ਤੋਂ ਸਿਵਾ ਕੋਈ ਹੋਰ ਘਟਨਾ ਨਾ ਵਾਪਰੀ। ਅਗਲੇ ਹੀ ਦਿਨ 1 ਦਸੰਬਰ 1935 ਨੂੰ ਭਾਟੀ ਦਰਵਾਜ਼ੇ (ਲਾਹੌਰ) ਦੇ ਅੰਦਰ ਸਿੱਖਾਂ ਅਤੇ ਮੁਸਲਮਾਨਾਂ ਵਿਚ ਫ਼ਸਾਦ ਹੋਇਆ ਜਿਸ ਨੇ ਸਾਰੇ ਸ਼ਹਿਰ ਨੂੰ ਲਪੇਟ ਵਿਚ ਲੈ ਲਿਆ। ਬਹੁਤ ਸਾਰੇ ਸਿੱਖ ਅਤੇ ਮੁਸਲਮਾਨ ਜ਼ਖ਼ਮੀ ਹੋਏ। ਸਰਕਾਰ ਨੇ ਦਫ਼ਾ 144 ਲਗਾ ਦਿੱਤੀ।

ਇਸ ਦੇ ਨਾਲ ਹੀ **2 ਦਸੰਬਰ 1935 ਨੂੰ ਕਿਰਪਾਨ 'ਤੇ ਫੇਰ ਪਾਬੰਦੀ ਲਾ ਦਿੱਤੀ ਗਈ।** 13 ਦਸੰਬਰ ਨੂੰ ਸਿੱਖ ਆਗੂਆਂ ਦਾ ਇਕ ਡੈਪੂਟੇਸ਼ਨ ਗਵਰਨਰ ਪੰਜਾਬ ਨੂੰ ਮਿਲਿਆ। ਇਸ ਵਿਚ ਸ:ਬ: ਮਹਿਤਾਬ ਸਿੰਘ, ਡਾਕਟਰ ਕਰਤਾਰ ਸਿੰਘ, ਉੱਜਲ ਸਿੰਘ, ਸਰ ਬੂਟਾ ਸਿੰਘ, ਸੇਵਾ ਰਾਮ ਸਿੰਘ (ਰਿਟਾਇਰਡ ਸੈਸ਼ਨ ਜੱਜ) ਅਤੇ ਡਾਕਟਰ ਰਣਧੀਰ ਸਿੰਘ ਆਦਿ ਸ਼ਾਮਿਲ ਸਨ। ਇਸ ਡੈਪੂਟੇਸ਼ਨ ਨੇ ਮੰਗ ਕੀਤੀ ਕਿ: (1) ਕਿਰਪਾਨ ਤੋਂ ਪਾਬੰਦੀ ਚੁਕ ਲਈ ਜਾਵੇ।(2) ਪੁਲੀਸ ਵਿਚ 75 ਫ਼ੀ ਸਦੀ ਸਿਪਾਹੀ ਮੁਸਲਮਾਨ ਹਨ। ਸਿੱਖਾਂ ਅਤੇ ਹਿੰਦੂਆਂ ਦੀ ਭਰਤੀ ਕਰ ਕੇ 50 ਫ਼ੀ ਸਦੀ ਕਰ ਦਿੱਤੀ ਜਾਵੇ, ਤਾਂ ਜੋ ਤਨਾਸਬ ਠੀਕ ਹੋ ਜਾਵੇ।(3) ਸ਼ਹੀਦ ਗੰਜ ਬਾਰੇ ਮੁਸਲਮ ਪ੍ਰੈਸ ਦਾ ਪ੍ਰਾਪੇਗੰਡਾ ਰੋਕਿਆ ਜਾਵੇ। (4) ਸਿੱਖਾਂ ਦੇ ਕਤਲ ਪਿੱਛੇ ਸਾਜ਼ਿਸ਼ਾਂ ਦੀ ਪੜਤਾਲ ਕੀਤੀ ਜਾਵੇ। ਗਵਰਨਰ ਪੰਜਾਬ ਨੇ ਕਿਰਪਾਨ ਤੋਂ ਬਿਨਾਂ ਬਾਕੀ ਸਾਰੀਆਂ ਮੰਗਾਂ ਮੰਨਣ ਦਾ ਯਕੀਨ ਦਿਵਾਇਆ।

ਪਰ ਸਿੱਖ ਕਿਰਪਾਨ ਦੀ ਪਾਬੰਦੀ ਕਿਵੇਂ ਬਰਦਾਸ਼ਤ ਕਰ ਸਕਦੇ ਸਨ। 15 ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀ ਸਾਂਝੀ ਮੀਟਿੰਗ ਨੇ ਸਰਕਾਰ ਨੂੰ ਕਿਰਪਾਨ ਤੋਂ ਪਾਬੰਦੀ ਚੁਕਣ ਦਾ ਨੋਟਿਸ ਦਿੱਤਾ। 30 ਦਸੰਬਰ ਨੂੰ ਸ਼੍ਰੋਮਣੀ ਕਮੇਟੀ ਨੇ ਕਿਰਪਾਨ ਵਾਸਤੇ ਪਹਿਲੀ ਜਨਵਰੀ ਤੋਂ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਸ਼ਹੀਦ ਗੰਜ ਦੇ ਮੋਰਚੇ ਬਾਰੇ ਕਮੇਟੀ ਵਿਚ ਸਰਮੁਖ ਸਿੰਘ ਚਮਕ, ਹਰਨਾਮ ਸਿੰਘ ਐਡਵੋਕੇਟ ਅਤੇ ਗੁਰਮੁਖ ਸਿੰਘ ਮੁਸਾਫ਼ਿਰ ਲਏ ਗਏ। ਕਿਰਪਾਨ ਦੇ ਮੋਰਚੇ ਵਾਸਤੇ ਕਮੇਟੀ ਵਿਚ ਮਾਸਟਰ ਤਾਰਾ ਸਿੰਘ, ਗਿ: ਸ਼ੇਰ ਸਿੰਘ ਅਤੇ ਜ: ਤੇਜਾ ਸਿੰਘ ਰੱਖੇ ਗਏ। ਇਸ ਕਮੇਟੀ ਨੇ ਪਹਿਲੀ ਜਨਵਰੀ ਤੋਂ ਅਕਾਲ ਤਖ਼ਤ ਸਾਹਿਬ ਤੋਂ ਜਥੇ ਭੇਜਣ ਦਾ ਐਲਾਨ ਕਰ ਦਿੱਤਾ।

ਪਹਿਲੀ ਜਨਵਰੀ 1936 ਨੂੰ ਪਹਿਲਾ ਜਥਾ ਕਿਰਪਾਨ ਤੇ ਪਾਬੰਦੀ ਵਿਰੁਧ ਮੋਰਚੇ ਵਾਸਤੇ ਗਿਆ। ਇਸ ਦੀ ਅਗਵਾਈ ਬੂਟਾ ਸਿੰਘ ਐਮ.ਐਲ.ਸੀ. ਕਰ ਰਹੇ ਸਨ। (ਬੂਟਾ ਸਿੰਘ ਪਹਿਲੇਂ ਗੋਲਮੇਜ਼ ਕਾਨਫ਼ਰੰਸ ਵਿਚ ਪੰਥ ਦੀ ਮਰਜ਼ੀ ਦੇ ਖ਼ਿਲਾਫ਼ ਸ਼ਾਮਿਲ ਹੋਏ ਸਨ ਤੇ ਉਨ੍ਹਾਂ ਦੀ ਬਹੁਤ ਮੁਖ਼ਾਲਫ਼ਤ ਹੋਈ ਸੀ, ਪਰ 15 ਦਸੰਬਰ 1935 ਨੂੰ ਉਨ੍ਹਾਂ ਨੇ ਮੁਆਫ਼ੀ ਮੰਗ ਕੇ ਪੰਥ ਤੋਂ ਆਪਣੀ ਭੁੱਲ ਬਖ਼ਸ਼ਾ ਲਈ ਸੀ)। ਦੂਜਾ ਜਥਾ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਅੰਮ੍ਰਿਤਸਰ ਤੋਂ ਰਵਾਨਾ ਹੋਇਆ। ਇਹ ਮੋਰਚਾ 31 ਜਨਵਰੀ 1936 ਤੱਕ ਚਲਦਾ ਰਿਹਾ ਤੇ ਉਸ ਦਿਨ ਤੱਕ 1709 ਗ੍ਰਿਫ਼ਤਾਰੀਆਂ ਹੋ ਚੁੱਕੀਆਂ ਸਨ। ਅਖ਼ੀਰ ਦਫ਼ਾ 144 ਹਟਾਏ ਜਾਣ ਅਤੇ ਕਿਰਪਾਨ ਤੋਂ ਪਾਬੰਦੀ ਖ਼ਤਮ ਕਰਨ 'ਤੇ ਮੋਰਚਾ ਖ਼ਤਮ ਹੋ ਗਿਆ।

1986: ਦਿੱਲੀ ਵਿਚ ਹਿੰਦੂਆਂ ਨੇ ਸਿੱਖਾਂ ਉੱਤੇ ਹਮਲੇ ਕੀਤੇ

ਦੋ ਦਸੰਬਰ 1986 ਦੇ ਦਿਨ ਦਿੱਲੀ ਦੇ ਦਹਿਸ਼ਤਗਰਦ ਹਿੰਦੂਆਂ ਨੇ ਸਿੱਖਾਂ ਉੱਤੇ ਫ਼ਿਰ ਹਮਲੇ ਕੀਤੇ ਤੇ ਸਿੱਖਾਂ ਦੀਆਂ ਛੇ ਗੱਡੀਆਂ ਸਾੜੀਆਂ।

1989: ਸਿਮਰਨਜੀਤ ਸਿੰਘ ਮਾਨ ਨੂੰ 5 ਸਾਲ ਮਗਰੋਂ ਰਿਹਾ ਕੀਤਾ ਗਿਆ

26 ਨਵੰਬਰ 1989 ਦੇ ਦਿਨ ਲੋਕ ਸਭਾ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਸਿਮਰਨਜੀਤ ਸਿੰਘ ਮਾਨ ਤੇ ਹੋਰ ਖ਼ਾਲਿਸਤਾਨੀ ਹਿਮਾਇਤੀਆਂ ਨੂੰ ਜ਼ਬਰਦਸਤ ਕਾਮਯਾਬੀ ਹਾਸਿਲ ਹੋਈ। ਇਨ੍ਹਾਂ ਚੋਣਾਂ ਵਿਚ ਟੌਹੜਾ-ਬਾਦਲ ਧੜੇ ਦੇ ਸਾਰੇ ਉਮੀਦਵਾਰ ਬੁਰੀ ਤਰ੍ਹਾਂ ਹਾਰ ਗਏ ਤੇ ਉਨ੍ਹਾਂ ਦੀਆਂ ਜ਼ਮਾਨਤਾਂ ਵੀ ਜ਼ਬਤ ਹੋ ਗਈਆਂ। ਖਾੜਕੂਆਂ ਦੀ ਇਹ ਜਿੱਤ ਇਕ ਇਲਾਹੀ ਮੋਅਜਜ਼ਾ (ਕ੍ਰਿਸ਼ਮਾ) ਹੀ ਸੀ, ਵਰਨਾ ਨਾ ਉਹ ਜਥੇਬੰਦ ਸਨ ਤੇ ਨਾ ਹੀ ਉਨ੍ਹਾਂ ਕੋਲ ਕਾਂਗਰਸੀਆਂ ਜਾਂ ਅਕਾਲੀਆਂ ਵਾਲੀਆਂ ਸਹੂਲਤਾਂ ਤੇ ਸੋਮੇ। ਚੋਣ ਜਿੱਤਣ ਕਾਰਨ ਸਿਮਰਨਜੀਤ ਸਿੰਘ ਨੂੰ 2 ਦਸੰਬਰ 1989 ਦੇ ਦਿਨ ਪੰਜ ਸਾਲ ਦੀ ਕੈਦ ਮਗਰੋਂ ਰਿਹਾਅ ਕਰ ਦਿੱਤਾ ਗਿਆ।

1990: ਜਗਜੀਤ ਸਿੰਘ ਬਿੱਟੂ ਮਾੜੀ ਟਾਂਡਾ ਨਕਲੀ ਮੁਕਾਬਲੇ ਵਿਚ ਸ਼ਹੀਦ

2 ਦਸੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਜਗਜੀਤ ਸਿੰਘ ਬਿੱਟੂ ਉਰਫ਼ ਪਤਾਸਾ (ਵਾਸੀ ਮਾੜੀ ਟਾਂਡਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਗੱਟਾ ਬਾਦਸ਼ਾਹ ਕੋਲ ਅਸਲ ਮੁਕਾਬਲਾ ਵਿਚ 19 ਸਿੱਖ ਸ਼ਹੀਦ ਹੋਏ

ਦੋ ਦਸੰਬਰ 1992 ਦੇ ਦਿਨ ਪਿੰਡ ਗੱਟਾ ਬਾਦਸ਼ਾਹ ਕੋਲ ਖਾੜਕੂਆਂ ਅਤੇ ਸਰਕਾਰੀ ਫ਼ੋਰਸਾਂ ਵਿਚਕਾਰ ਜ਼ਬਰਦਸਤ ਟੱਕਰ ਹੋਈ। ਇਸ **'ਅਸਲ ਮੁਕਾਬਲੇ'** ਵਿਚ ਉੱਨੀ ਖਾੜਕੂ ਸ਼ਹੀਦ ਹੋ ਗਏ। ਇਨ੍ਹਾਂ ਵਿਚ ਸ਼ਾਮਿਲ ਸਨ: ਨਿਰਮਲ ਸਿੰਘ ਵਾਸੀ ਨੌਰੰਗਾਬਾਦ, ਜਗਜੀਤ ਸਿੰਘ ਫ਼ੌਜੀ ਕੋਟ ਕੱਟੜ ਮਲ, ਸਤਨਾਮ ਸਿੰਘ ਸੱਤਾ ਵਾਸੀ ਜੰਡ, ਬਲਬੀਰ ਸਿੰਘ ਬੀਰ ਕੂਰਾ

ਕੋਹਨਾ, ਪਰਗਟ ਸਿੰਘ ਉਰਫ਼ ਰਵਿੰਦਰਬੀਰ ਵਾਸੀ ਨੰਗਲੀ, ਅਵਤਾਰ ਸਿੰਘ ਉਰਫ਼ ਬਲਬੀਰ ਸਿੰਘ ਵਾਸੀ ਮੋਤ ਕੋਜਾਬਾਦ, ਸੱਜਣ ਸਿੰਘ ਵਾਸੀ ਤਖਤੂਵਾਲੀ। ਇਸ ਮੌਕੇ 'ਤੇ ਬਹੁਤ ਸਾਰੇ ਪੁਲਸੀਏ ਵੀ ਮਾਰੇ ਗਏ।

1992: ਬਲਵਿੰਦਰ ਸਿੰਘ ਰਾਮਦੀਵਾਲੀ ਤੇ ਜਸਵੰਤ ਸਿੰਘ ਜੱਸਾ ਨਕਲੀ ਮੁਕਾਬਲੇ ਵਿਚ ਸ਼ਹੀਦ

ਦੋ ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਬਲਵਿੰਦਰ ਸਿੰਘ ਰਾਮਦੀਵਾਲੀ ਉਰਫ਼ ਮਿੰਨੀ ਬਾਬਾ ਤੇ ਜਸਵੰਤ ਸਿੰਘ ਜੱਸਾ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

3 ਦਸੰਬਰ

1986: ਬਰਨਾਲਾ ਸਰਕਾਰ ਨੇ 16 ਸਬ ਡਵੀਜ਼ਨ (ਤਹਿਸੀਲਾਂ) ਫ਼ੌਜ ਦੇ ਹਵਾਲੇ ਕਰ ਦਿੱਤੇ

1 ਨਵੰਬਰ 1986 ਨੂੰ ਭਿੰਡਰਾਂ-ਮਹਿਤਾ ਜਥਾ ਨੇ ਅਕਾਲ ਤਖ਼ਤ ਸਾਹਿਬ ਦੇ ਮੂਹਰੇ 'ਸਰਬਤ ਖਾਲਸਾ' ਦੇ ਨਾਂ 'ਤੇ ਇਕ ਦੀਵਾਨ ਕੀਤਾ। ਇਸ ਵਿਚ ਬਰਨਾਲਾ ਤੇ ਬਲਵੰਤ ਸਿੰਘ ਨੂੰ ਪੰਥ 'ਚੋਂ ਖਾਰਿਜ ਕਰਨ ਦਾ ਐਲਾਨ ਕੀਤਾ ਗਿਆ ਤੇ ਲੌਂਗੋਵਾਲ ਨੂੰ 'ਪੰਥ ਦਾ ਗ਼ਦਾਰ' ਗਰਦਾਨਿਆ ਗਿਆ।ਇਸ ਵੇਲੇ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਕਾਬਲ ਸਿੰਘ ਜੀ ਤੇ ਉਸ ਦੀ ਵਾਗ-ਡੋਰ ਸੁਰਜੀਤ ਬਰਨਾਲੇ ਦੇ ਹੱਥਾਂ ਵਿਚ ਸੀ। 30 ਨਵੰਬਰ 1986 ਦੇ ਦਿਨ ਸ਼੍ਰੋਮਣੀ ਕਮੇਟੀ ਦੀ ਸਾਲਾਨਾ ਚੋਣ ਵਿਚ ਗੁਰਚਰਨ ਸਿੰਘ ਟੌਹੜਾ ਨੇ 74 ਵੋਟਾਂ ਲੈ ਕੇ ਕਾਬਲ ਸਿੰਘ ਨੂੰ 16 ਵੋਟਾਂ 'ਤੇ ਹਰਾਇਆ। ਕਾਬਲ ਸਿੰਘ ਦਾ ਨਾਂ ਅਮਰ ਸਿੰਘ ਨਲਨੀ ਨੇ ਪੇਸ਼ ਕੀਤਾ ਸੀ ਤੇ ਹਰਚਰਨ ਸਿੰਘ ਹੁਡਿਆਰੇ ਨੇ ਤਾਈਦ ਕੀਤੀ ਸੀ। ਚੋਣ ਮਗਰੋਂ ਟੌਹੜਾ ਨੇ (ਬਰਨਾਲੇ ਦੀ ਬਣਾਈ) 'ਟਾਸਕ ਫ਼ੋਰਸ' ਨੂੰ ਖ਼ਤਮ ਕਰਨ ਅਤੇ ਦਰਬਾਰ ਸਾਹਿਬ ਵਿਚ ਬਰਨਾਲੇ ਵਲੋਂ ਪੁਲੀਸ ਹਮਲੇ ਦੀ ਨਿੰਦਾ ਦੇ ਮਤੇ ਪਾਸ ਕਰਵਾਏ। ਟਾਸਕ ਫ਼ੋਰਸ ਤੋੜਨ ਮਗਰੋਂ ਜਦੋਂ ਉਨ੍ਹਾਂ ਨੂੰ ਗੁਰੂ ਨਾਨਕ ਨਿਵਾਸ ਵਿਚ ਕਬਜ਼ਾ ਕੀਤੇ ਕਮਰੇ ਖ਼ਾਲੀ ਕਰਨ ਵਾਸਤੇ ਕਿਹਾ ਤਾਂ ਉਨ੍ਹਾਂ ਨੇ ਨਾਂਹ ਕਰ ਦਿੱਤੀ ਤੇ ਕਿਹਾ ਕਿ ਜੇ ਬਰਨਾਲਾ ਕਹੇਗਾ ਤਾਂ ਅਸੀਂ ਨਿਕਲਾਂਗੇ। ਜਦੋਂ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ 53 ਬੰਦਿਆਂ ਦੇ ਕਮਰਿਆਂ ਦੇ ਬਿਜਲੀ ਤੇ ਪਾਣੀ ਦੇ ਕੁਨੈਕਸ਼ਨ ਕਟ ਦਿੱਤੇ ਤਾਂ ਉਹ ਕਮਰਿਆਂ ਨੂੰ ਖਾਲੀ ਕਰ ਕੇ ਭੱਜ ਗਏ।ਉਧਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ 'ਚ ਆਪਣੀ ਹਾਰ ਤੋਂ ਖਿਝ ਕੇ ਬਰਨਾਲੇ ਨੇ ਟੌਹੜਾ, ਬਾਦਲ, ਸੁਰਜਨ ਸਿੰਘ ਠੇਕੇਦਾਰ, ਸੁੱਚਾ ਸਿੰਘ ਛੋਟੇਪੁਰ, ਸੁਖਜਿੰਦਰ ਸਿੰਘ ਵਗ਼ੈਰਾ ਨੂੰ ਨੈਸ਼ਨਲ ਸਕਿਉਰਿਟੀ ਐਕਟ ਹੇਠ ਗ੍ਰਿਫ਼ਤਾਰ ਕਰ ਕੇ ਦੂਰ-ਦੁਰਾਡੇ ਇਲਾਕਿਆਂ ਵਿਚ, ਤਕਲੀਫ਼ਾਂ ਲਈ ਮਸ਼ਹੂਰ ਜੇਲ੍ਹਾਂ ਵਿਚ ਭੇਜ ਦਿੱਤਾ। ਇਸ ਦੇ ਨਾਲ ਹੀ ਬਰਨਾਲਾ ਸਰਕਾਰ ਨੇ ਤਿੰਨ ਦਸੰਬਰ 1986 ਨੂੰ ਪੰਜਾਬ ਦੇ ਸਤ ਜ਼ਿਲ੍ਹਿਆਂ ਦੀਆਂ 16 ਸਬ ਡਵੀਜ਼ਨਾਂ (ਤਹਿਸੀਲਾਂ) ਨੂੰ ਆਰਮਡ ਫੋਰਸਿਜ਼ (ਪੰਜਾਬ ਐਂਡ ਚੰਡੀਗੜ੍ਹ) ਸਪੈਸ਼ਲ ਪਾਵਰਜ਼ ਐਕਟ 1983 ਦੀ ਦਫ਼ਾ ਹੇਠ ਗੜਬੜ ਵਾਲੇ ਇਲਾਕੇ ਕਰਾਰ ਦੇ ਦਿੱਤਾ ਅਤੇ ਇਹ ਇਲਾਕੇ ਫ਼ੌਜ ਨੂੰ ਸੌਂਪ ਦਿੱਤੇ ਗਏ। ਇਨ੍ਹਾਂ ਵਿਚ ਸਾਰਾ ਅੰਮ੍ਰਿਤਸਰ, ਗੁਰਦਾਸਪੁਰ, ਬਟਾਲਾ, ਕਪੂਰਥਲਾ, ਸੁਲਤਾਨਪੁਰ, ਜਲੰਧਰ, ਨਕੋਦਰ, ਹੁਸ਼ਿਆਰਪੁਰ, ਦਸੂਹਾ, ਫ਼ੀਰੋਜਪੁਰ, ਜ਼ੀਰਾ, ਫ਼ਰੀਦਕੋਟ, ਮੁਕਤਸਰ, ਮੋਗਾ, ਲੁਧਿਆਣਾ, ਖੰਨਾ, ਜਗਰਾਓ ਸਬ ਡਿਵੀਜ਼ਨਾਂ (ਤਹਿਸੀਲਾਂ) ਸ਼ਾਮਿਲ ਸਨ।

1986: ਦਿੱਲੀ ਵਿਚ ਹਿੰਦੂਆਂ ਵੱਲੋਂ ਸੀਸ ਗੰਜ ਗੁਰਦੁਆਰਾ ਉੱਤੇ ਹਮਲਾ

ਦੋ ਦਸੰਬਰ 1986 ਦੇ ਦਿਨ ਹਿੰਦੂਆਂ ਵੱਲੋਂ ਦਿੱਲੀ ਵਿਚ ਕਈ ਜਗਹ ਸਿੱਖਾਂ ਤੇ ਹਮਲੇ ਕੀਤੇ ਗਏ ਸਨ; ਇਸ ਦੇ ਖ਼ਿਲਾਫ਼ ਪ੍ਰੋਟੈਸਟ ਕਰਨ ਵਾਸਤੇ ਸਾਰੇ ਗੁਰਦੁਆਰਿਆਂ ਵਿਚ

ਦੀਵਾਨ ਸਜਾਏ ਗਏ। ਤਿੰਨ ਦਿਨ ਬਾਅਦ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸ਼ਹੀਦੀ ਦਿਨ ਸੀ; ਉਸ ਸਬੰਧੀ ਨਗਰ ਕੀਰਤਨ ਦੀਆਂ ਤਿਆਰੀਆਂ ਵੀ ਹੋ ਰਹੀਆਂ ਸਨ ਤੇ ਇਹ ਜਲੂਸ ਸੀਸ ਗੰਜ ਗੁਰਦੁਆਰਾ ਤੋਂ ਚਲਣਾ ਸੀ ਇਸ ਕਰ ਕੇ 3 ਦਸੰਬਰ ਦੇ ਦਿਨ ਸੀਸ ਗੰਜ ਵੱਲ ਬਹੁਤ ਸੰਗਤ ਜਾ ਰਹੀ ਸੀ। ਇਹ ਵੇਖ ਕੇ ਕੁਝ ਹਿੰਦੂਆਂ ਟੋਲਿਆਂ ਨੇ ਗੁਰਦੁਆਰਾ ਸੀਸ ਗੰਜ ਵਲ ਕੂਚ ਸ਼ੁਰੂ ਕਰ ਦਿੱਤਾ ਅਤੇ ਉਥੇ ਪਹੁੰਚ ਕੇ ਗੁਰਦੁਆਰੇ ਉੱਤੇ ਇੱਟਾਂ ਪੱਥਰਾਂ ਨਾਲ ਹਮਲਾ ਸ਼ੁਰੂ ਕਰ ਦਿੱਤਾ। ਇਸ ਮੌਕੇ ਤੇ ਬਹੁਤ ਸਾਰੀ ਪੁਲੀਸ ਮੌਜੂਦ ਸੀ; ਉਹ ਚੁਪਚਾਪ ਹਮਲਾ ਹੁੰਦਾ ਵੇਖਦੀ ਰਹੀ ਤੇ ਕਿਸੇ ਨੂੰ ਗ੍ਰਿਫ਼ਤਾਰ ਕਰਨਾ ਤਾਂ ਦੂਰ ਰਿਹਾ ਉਨ੍ਹਾਂ ਨੂੰ ਰੋਕਿਆ ਤਕ ਵੀ ਨਾ।

1987: ਗੁਰਮੀਤ ਸਿੰਘ ਤੇ ਦਰਸ਼ਨ ਸਿੰਘ ਹਰਦੇਵਾਲ ਨਕਲੀ ਮੁਕਾਬਲੇ ਚ ਸ਼ਹੀਦ

ਪੰਜਾਬ ਪੁਲਸ ਨੇ 3 ਦਸੰਬਰ 1987 ਦੇ ਦਿਨ ਗੁਰਮੀਤ ਸਿੰਘ ਤੇ ਦਰਸ਼ਨ ਸਿੰਘ (ਹਰਦੇਵਾਲ, ਲੁਧਿਆਣਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸਤਨਾਮ ਸਿੰਘ ਸੱਤਾ ਬੁੰਡਾਲਾ ਤੇ ਕੁਲਵੰਤ ਸਿੰਘ ਅਸਲ ਉਤਾੜ ਮੁਕਾਬਲੇ ਚ ਸ਼ਹੀਦ

ਪੰਜਾਬ ਪੁਲਸ ਨੇ 3 ਦਸੰਬਰ 1990 ਦੇ ਦਿਨ ਸਤਨਾਮ ਸਿੰਘ (ਪੁੱਤਰ ਤਾਰਾ ਸਿੰਘ, ਵਾਸੀ ਬੁੰਡਾਲਾ) ਤੇ ਕੁਲਵੰਤ ਸਿੰਘ (ਪੁੱਤਰ ਪਾਲਾ ਸਿੰਘ, ਵਾਸੀ ਅਸਲ ਉਤਾੜ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਤਰਸੇਮ ਸਿੰਘ ਬੰਢਾਲਾ ਤੇ ਹੀਰਾ ਸਿੰਘ ਤੁੜ ਨਕਲੀ ਮੁਕਾਬਲੇ ਚ ਸ਼ਹੀਦ

ਪੰਜਾਬ ਪੁਲਸ ਨੇ 3 ਦਸੰਬਰ 1991 ਦੇ ਦਿਨ ਤਰਸੇਮ ਸਿੰਘ (ਪੁੱਤਰ ਦਲਬੀਰ ਸਿੰਘ, ਵਾਸੀ ਬੰਢਾਲਾ) ਤੇ ਹੀਰਾ ਸਿੰਘ (ਪੁੱਤਰ ਦਰਸ਼ਨ ਸਿੰਘ, ਵਾਸੀ ਤੁੜ ਪਿੰਡ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਹਰਮਿੰਦਰ ਸਿੰਘ ਸੁਲਤਾਨਵਿੰਡ, ਨਵਰੂਪ ਸਿੰਘ ਢੋਟੀਆਂ ਤੇ ਚੌਦਾਂ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਪੰਜਾਬ ਪੁਲੀਸ ਨੇ 3 ਦਸੰਬਰ 1992 ਦੇ ਦਿਨ ਖਾਲਿਸਤਾਨੀ ਜਰਨੈਲ ਹਰਮਿੰਦਰ ਸਿੰਘ ਸੁਲਤਾਨਵਿੰਡ, ਨਵਰੂਪ ਸਿੰਘ ਢੋਟੀਆਂ (ਪੁੱਤਰ ਕਸ਼ਮੀਰ ਸਿੰਘ, ਵਾਸੀ ਬੁਰਜ ਰਾਏਕੇ, ਨੇੜੇ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ) ਤੇ ਚੌਦਾਂ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

4 ਦਸੰਬਰ

1987: ਸੁਰਿੰਦਰ ਸਿੰਘ ਪੱਪੂ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 4 ਦਸੰਬਰ 1987 ਦੇ ਦਿਨ ਸੁਰਿੰਦਰ ਸਿੰਘ ਪੱਪੂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1987: ਪ੍ਰੋ: ਦਰਸ਼ਨ ਸਿੰਘ ਰਾਗੀ ਦੇ ਇਨਸਾਫ਼ ਮਾਰਚ ਸਬੰਧੀ 400 ਸਿੱਖ ਗ੍ਰਿਫ਼ਤਾਰ

ਅਕਾਲ ਤਖ਼ਤ ਦੇ ਮੁਖ ਸੇਵਾਦਾਰ ਪ੍ਰੋ: ਦਰਸ਼ਨ ਸਿੰਘ ਰਾਗੀ ਨੇ 4 ਅਗਸਤ 1987 ਦੇ ਦਿਨ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸਾਰੇ ਖਾੜਕੂ ਧੜਿਆਂ, ਅਕਾਲੀ ਦਲਾਂ, ਨੌਜਵਾਨ ਜਥੇਬੰਦੀਆਂ ਤੇ ਹੋਰ ਪੰਥ-ਦਰਦੀਆਂ ਦੀ ਇਕ ਕਨਵੈਨਸ਼ਨ ਬੁਲਾ ਲਈ ਸੀ। ਕਨਵੈਨਸ਼ਨ ਦੇ ਅਜੰਡੇ ਵਿਚ 'ਜੋਧਪੁਰ ਦੇ ਕੈਦੀ ਸਿੰਘਾਂ ਦੀ ਰਿਹਾਈ, ਧਰਮੀ ਫ਼ੌਜੀਆਂ ਦੀ ਬਹਾਲੀ, ਬੇਗੁਨਾਹ

ਸਿੱਖਾਂ ਦੇ ਕਤਲ ਬੰਦ ਕਰਨ' ਦੇ ਨੁਕਤਿਆਂ ਨੂੰ ਸ਼ਾਮਿਲ ਕੀਤਾ ਗਿਆ ਸੀ। ਕਨਵੈਨਸ਼ਨ ਵਿਚ ਸ਼ਾਮਿਲ ਹੋਣ ਵਾਲੇ ਹਰ ਸ਼ਖਸ ਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਕੁੰਨਾਂ ਵੱਲੋਂ ਸਕਰੀਨਿੰਗ ਕੀਤੀ ਗਈ। ਕਨਵੈਨਸ਼ਨ ਦਾ ਅਜੰਡਾ ਜੋਧਪੁਰ ਕੈਦੀਆਂ ਦੀ ਰਿਹਾਈ, ਧਰਮੀ ਫੌਜੀਆਂ ਦੀ ਬਹਾਲੀ ਤੇ ਬੇਗੁਨਾਹ ਸਿੱਖਾਂ ਦੇ ਕਤਲ ਰੋਕਣਾ ਐਲਾਣ ਕੀਤਾ ਗਿਆ ਸੀ। ਪਰ ਜਿਉਂ ਹੀ ਕਨਵੈਨਸ਼ਨ ਦੀ ਕਾਰਵਾਈ ਸ਼ੁਰੂ ਹੋਈ ਪ੍ਰੋ: ਦਰਸ਼ਨ ਸਿੰਘ ਨੇ ਬੁਲਾਰਿਆਂ ਨੂੰ ਸਿਰਫ ਤਿੰਨ ਨੁਕਤਿਆਂ 'ਤੇ ਵਿਚਾਰ ਕਰਨ ਵਾਲੇ ਆਖਿਆ। ਇਹ ਨੁਕਤੇ ਸਨ: ਪੰਥ ਦਾ ਨਿਸ਼ਾਨਾ ਕੀ ਹੈ? ਇਸ ਨੂੰ ਹਾਸਿਲ ਕਿਵੇਂ ਕੀਤਾ ਜਾਏ? ਇਸ ਜੱਦੋਜਹਿਦ ਦੀ ਅਗਵਾਈ ਕੌਣ ਕਰੇ?

ਇਸ ਕਨਵੈਨਸ਼ਨ ਵਿਚ ਵਿਚ ਫੈਡਰੇਸ਼ਨ ਦੀਆਂ ਦੋਵੇਂ ਪਾਰਟੀਆਂ, ਭਿੰਡਰਾਂਵਾਲੇ ਟਾਈਗਰਜ਼, ਬਬਰ ਖਾਲਸਾ, ਖਾਲਿਸਤਾਨ ਕਮਾਂਡੋ ਫ਼ੋਰਸ, ਖਾਲਿਸਤਾਨ ਲਿਬਰੇਸ਼ਨ ਫ਼ੋਰਸ ਤੇ ਕਈ ਹੋਰ ਸਿੱਖ ਜਥੇਬੰਦੀਆਂ ਹਾਜ਼ਿਰ ਨਹੀਂ ਸਨ। ਪਰ ਕਈ ਖਾੜਕੂ ਇਸ ਮੌਕੇ 'ਤੇ ਹਾਜ਼ਿਰ ਵੀ ਸਨ। ਇਨ੍ਹਾਂ ਵਿਚੋਂ ਕਈ ਭੇਸ ਬਦਲ ਕੇ ਪੁੱਜੇ ਹੋਏ ਸਨ। ਅਜਿਹਾ ਜਾਪਦਾ ਹੈ ਕਿ ਸਰਕਾਰ ਨੇ ਇਸ ਮੌਕੇ 'ਤੇ ਫ਼ੋਰਸਿਜ਼ ਨੂੰ ਹਟਾ ਲਿਆ ਸੀ ਤਾਂ ਜੋ ਖਾੜਕੂ ਆਗੂ ਇਸ ਮੌਕੇ 'ਤੇ ਪਹੁੰਚ ਸਕਣ ਅਤੇ ਸ਼ਾਇਦ ਪ੍ਰੋ: ਦਰਸ਼ਨ ਸਿੰਘ ਉਨ੍ਹਾਂ ਨੂੰ ਮਨਾ ਸਕੇ।

ਖਾੜਕੂ ਜਥੇਬੰਦੀਆਂ ਨੂੰ ਸਭ ਤੋਂ ਪਹਿਲਾਂ ਵਕਤ ਦਿੱਤਾ ਗਿਆ। ਉਨ੍ਹਾਂ ਸਾਰਿਆਂ ਨੇ ਇਹੀ ਆਖਿਆ ਕਿ ''ਪੰਥ ਦਾ ਨਿਸ਼ਾਨਾ ਖਾਲਿਸਤਾਨ ਪਹਿਲੋਂ ਹੀ ਮਿੱਥਿਆ ਜਾ ਚੁੱਕਾ ਹੈ। ਸੋ, ਨਵੇਂ ਐਲਾਨ ਦੀ ਕੋਈ ਜ਼ਰੂਰਤ ਨਹੀਂ।'' ਦੂਜੇ ਪਾਸੇ ਅਕਾਲੀਆਂ ਨੇ ਪੰਥ ਵਾਸਤੇ 'ਨਵੇਂ ਪ੍ਰੋਗਰਾਮ' ਦੀ ਧੁਨ ਜਾਰੀ ਰਖੀ। ਪਰ ਇਸ ਦੇ ਬਾਵਜੂਦ ਖਾੜਕੂ-ਸੁਰ ਭਾਰੀ ਰਹੀ। ਅਖ਼ੀਰ (ਪ੍ਰੋ:) ਦਰਸ਼ਨ ਸਿੰਘ ਨੇ ਮਾਈਕ ਹੱਥ ਵਿਚ ਫੜ ਕੇ ਆਖਣਾ ਸ਼ੁਰੂ ਕੀਤਾ, ''ਰਾਜ ਸ਼ਸਤਰਾਂ (ਹਥਿਆਰਾਂ) ਦੇ ਅਧੀਨ ਹੀ ਹੁੰਦਾ ਹੈ ਪਰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਸ਼ਸਤਰ ਸਮੇਂ-ਸਮੇਂ ਬਦਲਦੇ ਰਹਿੰਦੇ ਹਨ। ਜਿਸ ਵੇਲੇ ਦੀ ਗੱਲ ਖਾੜਕੂ ਕਰਦੇ ਹਨ, ਉਸ ਵੇਲੇ ਦੇ ਸ਼ਸਤਰ ਮਨੁੱਖ ਨੂੰ ਕਤਲ ਕਰਨ ਦੀ ਸਮਰਥਾ ਰਖਦੇ ਸਨ, ਪਰ ਅਜ ਸਮਾਂ ਵਿਚਾਰ ਤੇ ਵੋਟ ਦਾ ਹੈ। ਅੱਜ ਤੁਹਾਨੂੰ ਰਾਜ ਹਥਿਆਉਣ ਵਾਸਤੇ ਵਿਚਾਰ ਤੇ ਵੋਟ ਦੇ ਸ਼ਸਤਰ ਵਰਤਣੇ ਪੈਣਗੇ ਤਾਂ ਹੀ ਰਾਜ ਦੀ ਪ੍ਰਾਪਤੀ ਹੋ ਸਕਦੀ ਹੈ।'' ਇਨ੍ਹਾਂ ਲਫ਼ਜ਼ ਦਾ ਜਵਾਬ ਦੇਂਦਿਆਂ ਕੁਝ ਖਾੜਕੂਆਂ ਨੇ ਆਖਿਆ ਕਿ ਉਹ 'ਸਰਕਾਰੀਆਂ' ਦੀ ਬੋਲੀ ਬੋਲਦਾ ਹੈ।

ਕਨਵੈਨਸ਼ਨ ਦੇ ਅਖ਼ੀਰ ਵਿਚ ਅਕਾਲੀਆਂ ਨੇ ਇਕ ਮਤਾ ਪੇਸ਼ ਕੀਤਾ, ਜਿਸ ਦੇ ਲਫ਼ਜ਼ ਸਨ: ''ਸਿੱਖ ਪੰਥ ਦਾ ਨਿਸ਼ਾਨਾ ਉੱਤਰੀ ਭਾਰਤ ਵਿਚ ਅਜਿਹਾ ਇਲਾਕਾ ਤੇ ਸਿਆਸੀ ਢਾਂਚਾ ਹਾਸਿਲ ਕਰਨਾ ਹੈ, ਜਿੱਥੇ ਸਿੱਖ ਪੂਰੀ ਆਜ਼ਾਦੀ ਮਾਣ ਸਕਣ। ਇਸ ਦੇ ਹਾਸਿਲ ਕਰਨ ਵਾਸਤੇ ਅਗਵਾਈ ਅਕਾਲ ਤਖ਼ਤ ਸਾਹਿਬ ਕੋਲ ਹੋਵੇ।'' ਇਸ ਦੇ ਨਾਲ ਹੀ ਪ੍ਰੋ: ਦਰਸ਼ਨ ਸਿੰਘ ਨੇ ਖਾੜਕੂਆਂ ਨਾਲ ਰਾਬਤਾ ਕਾਇਮ ਕਰਨ ਵਾਸਤੇ ਇਕ ਕਮੇਟੀ ਵੀ ਬਣਾਈ। ਇਸ ਕਮੇਟੀ ਵਿਚ ਹੋਰਨਾਂ ਤੋਂ ਇਲਾਵਾ ਕਾਮਰੇਡ ਜਸਵੰਤ ਸਿੰਘ ਕੰਵਲ ਵੀ ਸ਼ਾਮਿਲ ਸੀ। ਖਾੜਕੂਆਂ ਨੇ ਇਸ ਕਨਵੈਨਸ਼ਨ ਦਾ ਮਤਾ 'ਪੰਜਾਬੀ ਸੂਬਾ ਵਰਗਾ' ਗਰਦਾਨ ਕੇ ਰੱਦ ਕਰ ਦਿੱਤਾ। ਸਾਰੀਆਂ ਖਾੜਕੂ ਜਥੇਬੰਦੀਆਂ: ਬਬਰ ਖਾਲਸਾ, ਪੰਥਕ ਕਮੇਟੀ, ਖਾਲਿਸਤਾਨ ਲਿਬਰੇਸ਼ਨ ਫ਼ੋਰਸ, ਖਾਲਿਸਤਾਨ ਕਮਾਂਡੋ ਫ਼ੋਰਸ, ਸਿੱਖ ਸਟੂਡੈਂਟਸ ਫੈਡਰੇਸ਼ਨ (ਗੁਰਜੀਤ ਸਿੰਘ), ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖਾਲਿਸਤਾਨ ਤੇ ਹੋਰਾਂ ਨੇ ਇਸ ਮਤੇ ਨੂੰ ਰੱਦ ਕਰ ਦਿੱਤਾ। ਉਨ੍ਹਾਂ ਆਖਿਆ ਕਿ ਸਾਡਾ ਨਿਸ਼ਾਨਾ ਸਿਰਫ਼ ਖਾਲਿਸਤਾਨ ਹੈ ਤੇ ਇਸ ਦੀ ਅਗਵਾਈ ਬੇਸ਼ਕ ਅਕਾਲ ਤਖ਼ਤ ਸਾਹਿਬ ਦੇ ਨਾਂ 'ਤੇ ਪ੍ਰੋ: ਦਰਸ਼ਨ ਸਿੰਘ ਰਾਗੀ ਕਰ ਲੈਣ।

ਜਦੋਂ ਜੁਝਾਰੂਆਂ ਨੇ ਅਖੌਤੀ ਤੌਰ 'ਤੇ ਪਾਸ ਹੋਇਆ ਮਤਾ ਰੱਦ ਕਰ ਦਿਤਾ ਅਤੇ ਜਦੋਂ ਖਾੜਕੂਆਂ ਨੇ ਪ੍ਰੋ: ਦਰਸ਼ਨ ਸਿੰਘ 'ਤੇ 'ਸਰਕਾਰੀਏ' ਦਾ ਲੇਬਲ ਲਾ ਦਿੱਤਾ ਤਾਂ ਤਿੰਨ ਦਿਨ ਮਗਰੋਂ 8

ਅਗਸਤ ਨੂੰ ਪ੍ਰੋ: ਦਰਸ਼ਨ ਸਿੰਘ ਆਪਣੇ ਘਰ ਜ਼ੀਰਕਪੁਰ, ਚਲੇ ਗਏ ਤੇ ਜਾਣ ਵੇਲੇ ਉਨ੍ਹਾਂ ਨੇ ਐਲਾਨ ਕੀਤਾ ਕਿ 'ਨੌਜਵਾਨ ਪੰਥ ਦੇ ਬੱਚੇ ਹਨ ਅਤੇ ਹੁਣ ਪੰਥ ਦੀ ਅਗਵਾਈ ਉਨ੍ਹਾਂ ਦੇ ਹੱਥ ਹੈ।'

ਖਾੜਕੂਆਂ ਮੁਤਾਬਿਕ ਗਵਰਨਰ ਸਿਧਾਰਥ ਸ਼ੰਕਰ ਰੇਅ ਨੇ ਪ੍ਰੋ: ਦਰਸ਼ਨ ਸਿੰਘ ਰਾਗੀ ਨੂੰ ਬਦਨਾਮ ਕਰਨ ਵਾਸਤੇ ਆਪਣੇ ਏਜੰਟਾਂ ਰਾਹੀਂ ਕਨਵੈਨਸ਼ਨ ਵਾਲੀ ਇਹ ਖੇਡ ਖੇਡੀ ਸੀ ਤਾਂ ਜੋ ਖਾੜਕੂਆਂ ਵਿਚ ਉਸ ਦੀ ਇਜ਼ਤ ਨੂੰ ਖੋਰਾ ਲੱਗੇ।

ਚਾਰ ਅਗਸਤ 1987 ਦੀ ਕਨਵੈਨਸ਼ਨ ਮਗਰੋਂ ਪ੍ਰੋ: ਦਰਸ਼ਨ ਨੇ ਐਲਾਨ ਕੀਤਾ ਸੀ ਕਿ ਉਹ 5 ਦਸੰਬਰ 1988 ਨੂੰ ਦਿੱਲੀ ਵਿਚ 'ਇਨਸਾਫ਼ ਮਾਰਚ' ਕਰਨਗੇ। ਇਸ ਮਕਸਦ ਵਾਸਤੇ ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਵਜੋਂ ਅਸਤੀਫ਼ਾ ਵੀ ਦੇ ਦਿਤਾ। ਪਰ ਖਾੜਕੂਆਂ ਨਾਲ ਰਿਸ਼ਤਾ ਖ਼ਰਾਬ ਹੋਣ ਮਗਰੋਂ ਹੁਣ ਭਾਰਤ ਸਰਕਾਰ ਉਨ੍ਹਾਂ ਨੂੰ ਪਰਅਮਨ ਜਲੂਸ ਕੱਢਣ ਦੀ ਇਜਾਜ਼ਤ ਵੀ ਨਹੀਂ ਸੀ ਦੇਣਾ ਚਾਹੁੰਦੀ। ਸੋ ਪ੍ਰੋ:ਦਰਸ਼ਨ ਸਿੰਘ ਨੂੰ 31 ਦਸੰਬਰ ਨੂੰ ਉਨ੍ਹਾਂ ਦੇ ਘਰ ਵਿਚ ਹੀ ਨਜ਼ਰਬੰਦ ਕਰ ਦਿਤਾ ਗਿਆ। ਪਰਕਾਸ਼ ਸਿੰਘ ਬਾਦਲ, ਜਿਸ ਨੂੰ 2 ਦਸੰਬਰ ਨੂੰ ਜਬਲਪੁਰ ਜੇਲ੍ਹ ਤੋਂ ਰਿਹਾ ਕੀਤਾ ਗਿਆ ਸੀ, ਨੂੰ ਇਸ ਮਾਰਚ ਵਿਚ ਸ਼ਾਮਿਲ ਹੋਣ ਵਾਸਤੇ ਜਾਂਦੇ ਨੂੰ 4 ਦਸੰਬਰ 1987 ਦੇ ਦਿਨ 400 ਸਾਥੀਆਂ ਸਣੇ ਗ੍ਰਿਫ਼ਤਾਰ ਕਰ ਲਿਆ।

1987: ਸੁਰਿੰਦਰ ਸਿੰਘ ਪੱਪੂ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲੀਸ 4 ਦਸੰਬਰ 1987 ਦੇ ਦਿਨ ਸੁਰਿੰਦਰ ਸਿੰਘ ਉਰਫ਼ ਪੱਪੂ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1989: ਗੁਰਨਾਮ ਸਿੰਘ ਬਬਰ ਹਕੀਮਪੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲੀਸ 4 ਦਸੰਬਰ 1989 ਦੇ ਦਿਨ ਗੁਰਨਾਮ ਸਿੰਘ ਬਬਰ (ਵਾਸੀ ਹਕੀਮਪੁਰਾ, ਜਲੰਧਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਗੋਪਾਲ ਸਿੰਘ ਮਾਣੇਕੇ, ਗੁਰਬਾਜ ਸਿੰਘ ਬਾਜ ਸ਼ਾਹਪੁਰ ਜੱਜਾਂ ਤੇ ਪਰਮਜੀਤ ਸਿੰਘ ਪੰਮਾ ਸੁਲਤਾਨਵਿੰਡ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲੀਸ ਨੇ 4 ਦਸੰਬਰ 1990 ਦੇ ਦਿਨ ਗੋਪਾਲ ਸਿੰਘ (ਪੁੱਤਰ ਬਾਘ ਸਿੰਘ, ਵਾਸੀ ਮਾਣੇਕੇ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਗੁਰਬਾਜ ਸਿੰਘ ਬਾਜ ਉਰਫ਼ ਗੁਲਜ਼ਾਰ ਸਿੰਘ (ਵਾਸੀ ਸ਼ਾਹਪੁਰ ਜੱਜਾਂ), ਪਰਮਜੀਤ ਸਿੰਘ ਪੰਮਾ (ਵਾਸੀ ਸੁਲਤਾਨਵਿੰਡ, ਅੰਮ੍ਰਿਤਸਰ) ਨੂੰ ਵੀ ਇਕ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸੁਖਦੀਪ ਸਿੰਘ ਢੋਟੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲੀਸ ਨੇ 4 ਦਸੰਬਰ 1992 ਦੇ ਦਿਨ ਸੁਖਦੀਪ ਸਿੰਘ (ਪੁੱਤਰ ਭਾਨ ਸਿੰਘ, ਵਾਸੀ ਢੋਟੀਆਂ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

5 ਦਸੰਬਰ

1700: ਮਾਤਾ ਜੀਤ ਕੌਰ ਚੜ੍ਹਾਈ ਕਰ ਗਏ

5 ਦਸੰਬਰ 1700 ਦੇ ਦਿਨ ਗੁਰੂ ਸਾਹਿਬ ਦੀ ਪਹਿਲੀ ਪਤਨੀ, ਮਾਤਾ ਜੀਤ ਕੌਰ, ਚੜ੍ਹਾਈ ਕਰ ਗਏ। ਇਸ ਵਕਤ ਉਨ੍ਹਾਂ ਦੇ ਦੋ ਨਿੱਕੇ ਬੱਚਿਆਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦੀ ਉਮਰ 4 ਸਾਲ ਅਤੇ ਫ਼ਤਹਿ ਸਿੰਘ ਦੀ ਉਮਰ ਸਿਰਫ਼ ਡੇਢ ਸਾਲ ਸੀ।

1705: ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਨਗਰ ਛੱਡਿਆ

5 ਤੇ 6 ਦਸੰਬਰ ਦੀ ਰਾਤ, ਦੋ ਘੜੀਆਂ ਰਾਤ ਗਈ (ਦਰਅਸਲ ਇਸ ਨੂੰ 6 ਦਸੰਬਰ ਕਹਿਣਾ ਵਧੇਰੇ ਠੀਕ ਹੈ ਕਿਉਂ ਕਿ ਇਹ ਅੱਧੀ ਰਾਤ ਤੋਂ ਮਗਰੋਂ ਦਾ ਸਮਾਂ ਸੀ), ਗੁਰੂ ਸਾਹਿਬ ਚੱਕ ਨਾਨਕੀ ਤੇ ਸਿਰੇ 'ਤੇ ਗੁਰਦੁਆਰਾ ਸੀਸ ਗੰਜ ਵਾਲੀ ਜਗਹ ਪਹੁੰਚੇ ਅਤੇ ਉਨ੍ਹਾਂ ਨੇ ਭਾਈ ਗੁਰਬਖ਼ਸ਼ ਦਾਸ ਨੂੰ ਇਸ ਜਗ੍ਹਾ ਦੀ ਸੇਵਾ ਸੰਭਾਲ ਦਿੱਤੀ ਅਤੇ ਆਪ ਸਿੰਘਾਂ ਨੂੰ ਨਾਲ ਲੈ ਕੇ ਕਿਲ੍ਹਾ ਅਨੰਦਗੜ੍ਹ ਆ ਗਏ। ਅਨੰਦਗੜ੍ਹ ਆ ਕੇ ਆਪ ਨੇ ਸਭ ਤੋਂ ਪਹਿਲਾਂ 90 ਸਿੰਘਾਂ ਦੇ ਇਕ ਜੱਥੇ ਦੀ ਹਿਫ਼ਾਜ਼ਤ ਵਿਚ ਮਾਤਾ ਗੁਜਰੀ, ਦੋ ਛੋਟੇ ਸਾਹਿਬਜ਼ਾਦੇ ਅਤੇ ਇਕ ਸੇਵਾਦਾਰ ਤੇ ਇਕ ਸੇਵਾਦਾਰਨੀ ਨੂੰ ਕੀਰਤਪੁਰ ਵੱਲ ਟੋਰਿਆ। ਇਸ ਮਗਰੋਂ ਔਰੰਗਜ਼ੇਬ ਦੀ ਚਿੱਠੀ ਨੂੰ ਸੰਭਾਲਿਆ, ਫਿਰ ਭਾਈ ਉਦੈ ਸਿੰਘ ਦੀ ਅਗਵਾਈ 'ਚ 50 ਸਿੰਘਾਂ ਦਾ ਜਥਾ ਰਵਾਨਾ ਕੀਤਾ ਆਪ ਵੀ ਪਿੱਛੇ ਟੁਰ ਪਏ। ਇਨ੍ਹਾਂ ਪਿੱਛੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਬੁੱਢਾ ਸਿੰਘ ਦਾ ਜਥਾ ਆ ਰਿਹਾ ਸੀ। ਇਨ੍ਹਾਂ ਪਿੱਛੇ ਭਾਈ ਜੀਵਨ ਸਿੰਘ ਤੇ ਸਭ ਤੋਂ ਪਿੱਛੇ ਭਾਈ ਬਚਿਤਰ ਸਿੰਘ ਦਾ ਜਥਾ ਸੀ। ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਹੁੰਦੇ ਹੋਏ, ਪਿੰਡ ਝੱਖੀਆਂ ਦੀ ਜੂਹ 'ਚੋਂ ਲੰਘ ਕੇ ਸਰਸਾ ਨਦੀ ਦੇ ਕੰਢੇ ਵੱਲ ਜਾਣਾ ਸੀ ਅਤੇ ਏਥੋਂ ਨਦੀ ਪਾਰ ਕਰਨੀ ਸੀ। ਗੁਰੂ ਸਾਹਿਬ ਨੇ ਪਰਿਵਾਰ ਨੂੰ ਚਮਕੌਰ ਵੱਲ ਭੇਜਣਾ ਸੀ ਅਤੇ ਆਪ ਕੋਟਲਾ ਨਿਹੰਗ (ਰੋਪੜ) ਵੱਲ ਜਾਣਾ ਸੀ।

ਅਜੇ ਗੁਰੂ ਸਾਹਿਬ ਕੀਰਤਪੁਰ ਲੰਘੇ ਹੀ ਸਨ ਕਿ ਪਿੱਛੋਂ ਪਹਾੜੀ ਤੇ ਮੁਗ਼ਲ ਫ਼ੌਜਾਂ ਨੇ ਤੀਰਾਂ ਅਤੇ ਗੋਲੀਆਂ ਨਾਲ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨੇ ਆਪਣਾ ਜਾਮਾ ਜੋੜਾ ਭਾਈ ਉਦੈ ਸਿੰਘ ਨੂੰ ਬਖ਼ਸ਼ ਕੇ ਉਸ ਨੂੰ ਸ਼ਾਹੀ ਟਿੱਬੀ ਤੇ ਤਾਇਨਾਤ ਕੀਤਾ ਤੇ ਉਸ ਨਾਲ ਪੰਜਾਹ ਸਿੰਘ ਲੜਨ ਵਾਸਤੇ ਦਿੱਤੇ। ਉਨ੍ਹਾਂ ਭਾਈ ਉਦੈ ਸਿੰਘ ਨੂੰ ਆਖਿਆ ਕਿ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਆਖਣਾ ਕਿ ਉਹ ਉੱਥੇ ਨਾ ਰੁਕਣ ਅਤੇ ਕੋਟਲਾ ਨਿਹੰਗ ਚਲੇ ਜਾਣ। ਇਸ ਮਗਰੋਂ ਆਪ ਨੇ ਮਾਤਾ ਗੁਜਰੀ, ਦੋ ਛੋਟੇ ਸਾਹਿਬਜ਼ਾਦਿਆਂ ਤੇ ਦੋ ਸੇਵਾਦਾਰਾਂ (ਦੁੱਨਾ ਸਿੰਘ ਤੇ ਬੀਬੀ ਸੁਭਿੱਖੀ) ਨਾਲ ਸਰਸਾ ਨਦੀ ਨੂੰ ਪਾਰ ਕੀਤਾ। ਇਨ੍ਹਾਂ ਪਿੱਛੇ ਆ ਰਿਹਾ ਵਹੀਰ ਵੀ ਸਰਸਾ ਪਾਰ ਕਰ ਗਿਆ। ਗੁਰੂ ਸਾਹਿਬ ਨੇ ਇਕ ਸੌ ਸਿੰਘਾਂ ਨੂੰ ਆਖਿਆ ਕਿ ਉਹ ਉੱਥੇ ਰੁਕ ਕੇ ਪਿੱਛੇ ਆ ਰਹੀਆਂ ਫ਼ੌਜਾਂ ਦਾ ਰਾਹ ਡੱਕਣ। ਹੁਣ ਤਿੰਨੇ ਜਥੇ ਦੁਸ਼ਮਣ ਦੀ ਫ਼ੌਜ ਦਾ ਰਾਹ ਰੋਕਣ ਵਾਸਤੇ ਡਟੇ ਹੋਏ ਸਨ: ਭਾਈ ਉਦੈ ਸਿੰਘ ਸ਼ਾਹੀ ਟਿੱਬੀ 'ਤੇ, ਭਾਈ ਜੀਵਨ ਸਿੰਘ ਪਿੰਡ ਝੱਖੀਆਂ ਕੋਲ ਅਤੇ ਤੀਜਾ ਜਥਾ ਸਰਸਾ ਨਦੀ ਦੇ ਦੂਜੇ ਕੰਢੇ 'ਤੇ ਸੀ। ਚੌਥਾ ਜਥਾ ਭਾਈ ਬਚਿਤਰ ਸਿੰਘ ਦਾ ਸਰਸਾ ਪਾਰ ਕੇ ਰੋਪੜ ਵੱਲ ਰਵਾਨਾ ਹੋ ਚੁੱਕਾ ਸੀ। ਥੋੜ੍ਹੇ ਚਿਰ ਵਿਚ ਮਾਤਾ ਗੁਜਰੀ, ਦੋ ਛੋਟੇ ਸਾਹਿਬਜ਼ਾਦੇ ਅਤੇ ਦੋ ਸੇਵਾਦਾਰ ਦੂਰ ਨਿਕਲ ਕੇ ਚਮਕੌਰ ਵੱਲ ਚਲੇ ਗਏ ਸਨ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ, ਭਾਈ ਬਖ਼ਸ਼ਿਸ਼ ਸਿੰਘ ਭਾਈ ਗੁਰਬਖ਼ਸ਼ੀਸ਼ ਸਿੰਘ ਅਤੇ ਕੁਝ ਹੋਰ ਸਾਥੀ ਸਿੰਘ ਕੋਟਲਾ ਨਿਹੰਗ ਵਿਚ ਪਹੁੰਚ ਚੁੱਕੇ ਸਨ।

1709: ਬੰਦਾ ਸਿੰਘ ਬਹਾਦਰ ਦਾ ਸਢੌਰਾ 'ਤੇ ਕਬਜ਼ਾ ਹੋ ਗਿਆ

ਸਰਹੰਦ ਦਾ ਵਜ਼ੀਰ ਖ਼ਾਨ ਹੀ ਨਹੀਂ ਸਢੌਰਾ ਦਾ ਹਾਕਮ ਉਸਮਾਨ ਖ਼ਾਨ ਵੀ ਬਹੁਤ ਜ਼ਾਲਮ ਸੀ। ਉਸਮਾਨ ਖ਼ਾਨ ਨੇ ਗੁਰੂ ਗੋਬਿੰਦ ਸਾਹਿਬ ਦੇ ਇਕ ਮੁਸਲਮਾਨ ਮੁਰੀਦ ਸਈਅਦ ਬਦਰੁੱਦੀਨ (ਪੀਰ ਬੁੱਧੂ ਸ਼ਾਹ) ਅਤੇ ਉਸ ਦੇ ਪਰਵਾਰ 'ਤੇ ਬੜੇ ਜ਼ੁਲਮ ਢਾਏ ਸਨ ਤੇ ਉਨ੍ਹਾਂ ਨੂੰ ਸਿੱਖਾਂ ਦਾ ਸਾਥੀ ਆਖ ਕੇ ਸ਼ਹੀਦ ਕੀਤਾ ਸੀ। ਉਸਮਾਨ ਖ਼ਾਨ 'ਤੇ ਇਹ ਵੀ ਇਲਜ਼ਾਮ ਸੀ ਕਿ ਉਹ ਗ਼ੈਰ-ਮੁਸਲਮਾਨਾਂ ਨੂੰ ਸਖ਼ਤ ਨਫ਼ਰਤ ਕਰਦਾ ਸੀ ਅਤੇ ਉਨ੍ਹਾਂ 'ਤੇ ਜ਼ੁਲਮ ਕਰਨ ਅਤੇ ਉਨ੍ਹਾਂ ਦੀਆਂ ਧੀਆਂ-ਭੈਣਾਂ ਦੀ ਅਜ਼ਮਤ ਲੁੱਟਣ ਦਾ ਕੋਈ ਮੌਕਾ ਨਹੀਂ ਸੀ ਗੁਆਉਂਦਾ। ਇਸ ਕਰ ਕੇ

ਕਪੂਰੀ 'ਤੇ ਜਿੱਤ ਤੋਂ ਮਗਰੋਂ ਬੰਦਾ ਸਿੰਘ ਨੇ ਸਢੌਰਾ ਵਲ ਕੂਚ ਕਰ ਦਿਤਾ। ਇਕ ਸੋਮੇ ਮੁਤਾਬਿਕ ਇਸ ਵੇਲੇ ਤਕ ਬੰਦਾ ਸਿੰਘ ਦੀਆਂ ਫ਼ੌਜਾਂ ਦੀ ਗਿਣਤੀ 35 ਤੋਂ 40 ਹਜ਼ਾਰ ਤਕ ਹੋ ਚੁਕੀ ਸੀ। ਜੈਪੁਰ ਰਿਆਸਤ ਦੇ ਸ਼ਾਹੀ ਰਿਕਾਰਡ ਵਿਚ ਇਹ ਗਿਣਤੀ 70 ਹਜ਼ਾਰ ਦੇ ਕਰੀਬ ਦੱਸੀ ਗਈ ਹੈ ਜੋ ਸਹੀ ਨਹੀਂ ਜਾਪਦੀ। ਹਿਸਟੋਰੀਅਨ ਹਰੀ ਰਾਮ ਗੁਪਤਾ ਮੁਤਾਬਿਕ ਇਸ ਫ਼ੌਜ ਵਿਚ ਵਿਚ ਸਿੱਖਾਂ ਤੋਂ ਇਲਾਵਾ ਕਈ ਹਿੰਦੂ ਵੀ ਸਨ, ਜਿਨ੍ਹਾਂ ਵਿਚੋਂ ਬਹੁਤੇ ਉਹੀ ਸਨ ਜੋ ਮੁਸਲਮਾਨ ਅਮੀਰਾਂ ਦੇ ਘਰਾਂ ਦੀ ਲੁੱਟ ਦੀ ਸੋਚ ਨਾਲ ਆਏ ਹੋਏ ਸਨ।

ਜਦੋਂ ਬੰਦਾ ਸਿੰਘ ਦੀਆਂ ਫ਼ੌਜਾਂ ਸਢੌਰੇ ਦੇ ਨੇੜੇ ਪਹੁੰਚੀਆਂ ਤਾਂ ਉਸਮਾਨ ਖ਼ਾਨ ਦੀਆਂ ਪਹਿਲਾਂ ਤੋਂ ਹੀ ਤਿਆਰ ਖੜੀਆਂ ਤੋਪਾਂ ਨੇ ਸਿੱਖ ਫ਼ੌਜਾਂ 'ਤੇ ਗੋਲੇ ਦਾਗਣੇ ਸ਼ੁਰੂ ਕਰ ਦਿਤੇ। ਇਸ ਨਾਲ ਕਈ ਸਿੱਖ ਸ਼ਹੀਦ ਹੋ ਗਏ ਪਰ ਇਸ ਦੇ ਬਾਵਜੂਦ ਸਿੱਖ ਫ਼ੌਜੀ ਅੱਗੇ ਵਧਦੇ ਗਏ ਅਤੇ ਸਾਰਾ ਜ਼ੋਰ ਲਾ ਕੇ ਨਗਰ ਦਾ ਦਰਵਾਜ਼ਾ ਤੋੜ ਦਿਤਾ। ਸ਼ਹਿਰ ਦੇ ਅੰਦਰ ਉਸਮਾਨ ਖ਼ਾਨ ਦੀਆਂ ਫ਼ੌਜਾਂ ਅਤੇ ਸਿੱਖ ਫ਼ੌਜਾਂ ਵਿਚਕਾਰ ਘਮਸਾਣ ਦੀ ਜੰਗ ਹੋਈ। ਇਸ ਮੌਕੇ 'ਤੇ ਪੀਰ ਬੁੱਧੂ ਸ਼ਾਹ ਦੇ ਪਰਿਵਾਰ ਵਿਚੋਂ ਕੁਝ ਸ਼ਖ਼ਸ ਸਿੱਖ ਫ਼ੌਜਾਂ ਦਾ ਸਾਥ ਦੇ ਰਹੇ ਸਨ, ਇਸ ਕਰ ਕੇ ਉਨ੍ਹਾਂ ਨੂੰ ਸ਼ਹਿਰ 'ਤੇ ਕਬਜ਼ਾ ਕਰਨ ਵਿਚ ਬਹੁਤੀ ਮੁਸ਼ਕਿਲ ਨਹੀਂ ਆਈ। ਸਢੌਰਾ ਦੇ ਕਈ ਨਵਾਬ, ਵਜ਼ੀਰ ਤੇ ਅਮੀਰ ਚਿੱਟਾ ਝੰਡਾ ਲੈ ਕੇ ਅਤੇ ਮੂੰਹ ਵਿਚ ਘਾਹ ਲੈ ਕੇ ਬੰਦਾ ਸਿੰਘ ਕੋਲ ਪੇਸ਼ ਹੋਏ ਅਤੇ ਰਹਿਮ ਦੀ ਭਿੱਖਿਆ ਮੰਗੀ। ਬੰਦਾ ਸਿੰਘ ਨੇ ਉਨ੍ਹਾਂ ਨੂੰ ਮੁਆਫ਼ ਕਰ ਦਿੱਤਾ ਪਰ ਉਨ੍ਹਾਂ ਤੋਂ ਇਹ ਵਾਅਦਾ ਲਿਆ ਕਿ ਉਹ ਅੱਗੋਂ ਤੋਂ ਸਿੱਖ ਫ਼ੌਜਾਂ ਦੇ ਵਫ਼ਾਦਾਰ ਰਹਿਣਗੇ।

ਭਾਵੇਂ ਹੋਰ ਸਾਰਿਆਂ ਨੇ ਹਥਿਆਰ ਸੁਟ ਦਿੱਤੇ ਸਨ ਪਰ ਸਢੌਰੇ ਦੇ ਹਾਕਮ ਉਸਮਾਨ ਖ਼ਾਨ ਨੇ ਆਪਣੇ ਆਪ ਨੂੰ ਕਿਲ੍ਹੇ ਦੇ ਅੰਦਰ ਬੰਦ ਕਰ ਲਿਆ। ਸਢੌਰੇ ਦਾ ਕਿਲ੍ਹਾ ਬੜਾ ਮਜ਼ਬੂਤ ਸੀ ਤੇ ਇਸ ਨੂੰ ਜਿੱਤਣਾ ਇਕ ਬੜੀ ਔਖੀ ਮੁਹਿੰਮ ਸੀ। ਇਸ ਨੂੰ ਜਿੱਤਣ ਵਾਸਤੇ ਲੰਮੇ ਅਰਸੇ ਦਾ ਘੇਰਾ ਅਤੇ ਸ਼ਹੀਦੀਆਂ ਹੋਣੀਆਂ ਸਨ। ਬੰਦਾ ਸਿੰਘ ਇਹ ਨਹੀਂ ਸੀ ਚਾਹੁੰਦਾ ਕਿਉਂ ਕਿ ਉਸ ਦੀ ਮੰਜ਼ਿਲ ਤਾਂ ਅਤੇ ਫਿਰ ਲਾਹੌਰ ਸੀ। ਇਸ ਵਾਰ ਫਿਰ ਪੀਰ ਬੁੱਧੂ ਸ਼ਾਹ ਦੇ ਮੁਰੀਦਾਂ ਨੇ ਅਹਿਮ ਰੋਲ ਅਦਾ ਕੀਤਾ। ਉਨ੍ਹਾਂ ਨੇ ਕਿਲ੍ਹੇ ਦੇ ਅੰਦਰ ਰਾਬਤਾ ਬਣਾ ਕੇ ਉਨ੍ਹਾਂ ਤੋਂ ਕਿਲ੍ਹੇ ਦਾ ਦਰਵਾਜ਼ਾ ਖੁਲ੍ਹਵਾ ਲਿਆ ਅਤੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਉਸਮਾਨ ਖ਼ਾਨ ਨੂੰ ਗ੍ਰਿਫਤਾਰ ਕਰ ਕੇ ਸਜ਼ਾਏ-ਮੌਤ ਦਿਤੀ ਗਈ। ਕਿਲ੍ਹੇ ਵਿਚੋਂ ਸਿੱਖਾਂ ਨੂੰ ਲੱਖਾਂ ਰੁਪੈ ਨਕਦ ਅਤੇ ਬਹੁਤ ਸਾਰਾ ਸੋਨਾ ਤੇ ਹੀਰੇ ਜਵਾਹਰਾਤ ਹੱਥ ਲੱਗੇ।

ਸਢੌਰੇ 'ਤੇ ਕਬਜ਼ਾ ਕਰਨ ਮਗਰੋਂ ਕੁਝ ਦਿਨ ਸਾਰੀਆਂ ਸਿੱਖ ਫ਼ੌਜਾਂ ਉੱਥੇ ਹੀ ਟਿਕੀਆਂ ਰਹੀਆਂ। ਇਕ ਦਿਨ ਜਦੋਂ ਕੁਝ ਸਿੱਖ ਘੋੜੇ ਚਰਾ ਰਹੇ ਸਨ ਤਾਂ ਇਕ ਊਠ ਦੂਰੋਂ ਭੱਜਦਾ ਆਇਆ ਤੇ ਖੇਤਾਂ 'ਚ ਵੜ ਗਿਆ। ਉਸ ਨੂੰ ਖੇਤਾਂ ਵਿਚੋਂ ਕੱਢਣ ਵਾਸਤੇ ਇਕ ਫ਼ੌਜੀ ਨੇ ਇਕ ਰਾਹਗੀਰ ਤੋਂ ਇਕ ਬਾਂਸ ਖੋਹ ਕੇ ਊਠ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਬਾਂਸ ਅੰਦਰੋਂ ਖੋਖਲਾ ਹੋਣ ਕਰ ਕੇ ਟੁੱਟ ਗਿਆ ਅਤੇ ਵਿਚੋਂ ਇਕ ਚਿੱਠੀ ਨਿਕਲ ਕੇ ਡਿੱਗ ਪਈ। ਇਹ ਚਿੱਠੀ ਸਢੌਰਾ ਦੇ ਕਿਸੇ ਵਜ਼ੀਰ-ਅਮੀਰ ਨੇ ਵਜ਼ੀਰ ਖ਼ਾਨ (ਸੂਬੇਦਾਰ ਸਰਹੰਦ) ਨੂੰ ਲਿਖੀ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਅਸੀਂ ਬੰਦਾ ਸਿੰਘ ਨੂੰ ਮਿੱਠੀਆਂ-ਮਿੱਠੀਆਂ ਗੱਲਾਂ ਵਿਚ ਫਸਾਈ ਰੱਖਾਂਗੇ। ਇਸ ਦੌਰਾਨ ਤੁਸੀਂ ਹਮਲਾ ਕਰ ਦੇਣਾ ਤੇ ਅਸੀਂ ਵੀ ਸ਼ਹਿਰ ਦੇ ਅੰਦਰ ਸਿੱਖਾਂ 'ਤੇ ਹਮਲਾ ਕਰ ਦੇਵਾਂਗੇ। ਇਸ ਨਾਲ ਜੇ ਬੰਦਾ ਸਿੰਘ ਗ੍ਰਿਫ਼ਤਾਰ ਨਾ ਵੀ ਹੋ ਸਕਿਆ ਤਾਂ ਗੜਬੜ ਵਿਚ ਸ਼ਹਿਰ ਛੱਡ ਕੇ ਜਾਨ ਬਚਾਉਣ ਵਾਸਤੇ ਦੌੜ ਜ਼ਰੂਰ ਜਾਵੇਗਾ। ਇਹ ਚਿੱਠੀ ਪੜ੍ਹ ਕੇ ਬੰਦਾ ਸਿੰਘ ਨੇ ਉਨ੍ਹਾਂ ਸ਼ਹਿਰ ਵਾਸੀਆਂ ਦਾ ਇਕ ਇਕੱਠ ਬੁਲਾਇਆ ਜਿਨ੍ਹਾਂ ਨੇ ਕਸਮਾਂ ਖਾਧੀਆਂ ਸਨ ਕਿ ਉਹ ਸਿੱਖ ਫ਼ੌਜਾਂ ਦੇ ਵਫ਼ਾਦਾਰ ਰਹਿਣਗੇ। ਇਸ ਇਕੱਠ ਵਿਚ ਬੰਦਾ ਸਿੰਘ ਨੇ ਸਵਾਲ ਕੀਤਾ ਕਿ 'ਵਾਅਦਾ ਕਰ ਕੇ ਗ਼ਦਾਰੀ ਕਰਨ ਵਾਲੇ ਨੂੰ ਕੀ ਸਜ਼ਾ ਮਿਲਣੀ ਚਾਹੀਦੀ ਹੈ?" ਸਾਰੇ ਲੋਕਾਂ ਨੇ ਜਵਾਬ

ਦਿਤਾ "ਮੌਤ"। ਇਸ ਮਗਰੋਂ ਬੰਦਾ ਸਿੰਘ ਨੇ ਰਾਹਗੀਰ ਤੋਂ ਫੜੀ ਚਿੱਠੀ ਦਿਖਾਈ। ਇਹ ਚਿੱਠੀ ਵੇਖ ਕੇ ਸਾਰੇ ਵਜ਼ੀਰ-ਅਮੀਰ ਕੰਬ ਗਏ ਅਤੇ ਗਿੜਗਿੜਾ ਕੇ ਮੁਆਫ਼ੀਆਂ ਮੰਗਣ ਲਗ ਪਏ। ਇਸ 'ਤੇ ਬੰਦਾ ਸਿੰਘ ਨੇ ਕਿਹਾ ਕਿ "ਤੁਹਾਡੇ ਵਿਚੋਂ ਜਿਹੜਾ ਵੀ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚ ਵੜ ਜਾਏਗਾ ਉਸ ਨੂੰ ਮੁਆਫ਼ ਕਰ ਦਿੱਤਾ ਜਾਏਗਾ।" ਇਸ 'ਤੇ ਸਾਰੇ ਸੌ-ਡੇਢ ਸੌ ਬੰਦੇ, ਜੋ ਅਸਲ ਮੁਜਰਿਮ ਸਨ, ਪੀਰ ਜੀ ਦੀ ਹਵੇਲੀ ਨੂੰ ਭੱਜੇ। ਇਸ ਮਗਰੋਂ ਬੰਦਾ ਸਿੰਘ ਨੇ ਹਵੇਲੀ ਨੂੰ ਬਾਹਰੋਂ ਜੰਦਰਾ ਲਵਾ ਦਿਤਾ ਅਤੇ ਹਵੇਲੀ ਨੂੰ ਅੱਗ ਲਾਉਣ ਦਾ ਹੁਕਮ ਦੇ ਦਿਤਾ। ਗ਼ਦਾਰੀ ਕਰਨ ਵਾਲੇ ਸਾਰੇ ਬੇਈਮਾਨ ਅੰਦਰ ਸੜ ਕੇ ਮਰ ਗਏ। ਇਸ ਮਗਰੋਂ ਕਿਸੇ ਨੂੰ ਵੀ, ਖ਼ੁਆਬ ਵਿਚ ਵੀ, ਗ਼ਦਾਰੀ ਕਰਨ ਦਾ ਖ਼ਿਆਲ ਨਹੀਂ ਸੀ ਆ ਸਕਦਾ। ਬੰਦਾ ਸਿੰਘ ਨੇ ਆਮ ਲੋਕਾਂ ਨੂੰ ਕਦੇ ਵੀ ਤੰਗ ਨਹੀਂ ਸੀ ਕੀਤਾ ਭਾਵੇਂ ਉਹ ਹਿੰਦੂ ਸਨ ਜਾਂ ਮੁਸਲਮਾਨ। ਉਸ ਨੇ ਤਾਂ ਸਢੌਰੇ ਵਿਚ ਮਸਜਿਦਾਂ ਤੇ ਮਜ਼ਾਰਾਂ ਨੂੰ ਵੀ ਨਹੀਂ ਸੀ ਛੇੜਿਆ। ਅੱਜ ਵੀ ਸਢੌਰਾ ਵਿਚ ਕੁਤਬੁਲ ਅਕਤਾਬ (ਸ਼ਾਹ ਅਬਦੁਲ ਵਹਾਬ) ਦੀ ਖ਼ਾਨਗਾਹ ਤੇ ਗੰਜੇ-ਇਲਮ ਵੀ ਉਵੇਂ ਹੀ ਕਾਇਮ ਹਨ ਜਿਵੇਂ ਉਹ 1709 ਵਿਚ ਖੜ੍ਹੀਆਂ ਸਨ।

ਇਹ ਘਟਨਾ 5 ਦਸੰਬਰ 1709 ਦੀ ਹੈ। ਹੁਣ ਸਢੌਰੇ 'ਤੇ ਖ਼ਾਲਸੇ ਦਾ ਨੀਲਾ ਨਿਸ਼ਾਨ ਸਾਹਿਬ ਫਹਿਰਾ ਦਿਤਾ ਗਿਆ ਅਤੇ ਸ਼ਹਿਰ ਦੇ ਇੰਤਜ਼ਾਮ ਵਾਸਤੇ ਇਕ 'ਖ਼ਾਲਸਾ ਪੰਚਾਇਤ' ਕਾਇਮ ਕਰ ਦਿਤੀ ਗਈ। ਇਨ੍ਹਾਂ ਘਟਨਾਵਾਂ ਦੀ ਖ਼ਬਰ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਟੋਡਾ ਨਗਰ ਵਿਚ ਮਿਲੀ। ਬਹਾਦਰ ਸ਼ਾਹ ਨੇ ਲਾਹੌਰ ਤੇ ਸਰਹੰਦ ਦੇ ਸੂਬੇਦਾਰਾਂ ਨੂੰ ਸਿੱਖਾਂ ਦੇ ਖ਼ਿਲਾਫ਼ ਐਕਸ਼ਨ ਲੈਣ ਵਾਸਤੇ ਖ਼ਤ ਲਿਖੇ। (ਸਿੱਖਾਂ ਦੇ ਨਿਸ਼ਾਨ ਸਾਹਿਬ ਦਾ ਰੰਗ ਗੁਰੂ ਸਾਹਿਬ ਦਾ ਦਿੱਤਾ ਨੀਲਾ ਰੰਗ ਸੀ। ਵਧੇਰੇ ਜਾਣਕਾਰੀ ਵਾਸਤੇ ਵੇਖੋ ਕਿਤਾਬ '*ਨਾਨਕਸ਼ਾਹੀ ਕੈਲੰਡਰ*')।

1966: ਫ਼ਤਹਿ ਸਿੰਘ ਨੇ ਮਰਨ ਵਰਤ ਰੱਖਣ ਤੇ ਸੜ ਮਰਨ ਦਾ ਐਲਾਨ ਕੀਤਾ

5 ਦਸੰਬਰ 1966 ਨੂੰ ਫਤਹਿ ਸਿੰਘ ਨੇ ਐਲਾਨ ਕੀਤਾ ਕਿ ਉਹ ਚੰਡੀਗੜ੍ਹ ਤੇ ਹੋਰ ਮੰਗਾਂ ਵਾਸਤੇ 17 ਦਸੰਬਰ ਨੂੰ ਮਰਨ ਵਰਤ ਰੱਖੇਗਾ ਅਤੇ 10 ਦਿਨ ਬਾਅਦ 27 ਦਸੰਬਰ ਨੂੰ ਅਗਨ ਕੁੰਡ ਵਿਚ ਆਪਣੇ ਆਪ ਨੂੰ ਸਾੜ ਲਵੇਗਾ। ਫਤਹਿ ਸਿੰਘ ਨੇ ਇਸ ਬਾਰੇ ਵਿਚ ਲਿਖਤੀ ਪ੍ਰਣ ਕੀਤਾ ਜਿਸ ਵਿਚ ਤਿੰਨ ਮੰਗਾਂ ਸਨ: 1. ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿੱਤੇ ਜਾਣ। 2. ਸਾਂਝੀਆਂ ਕੜੀਆਂ ਤੋੜੀਆਂ ਜਾਣ 3. ਭਾਖੜਾ ਤੇ ਹੋਰ ਪ੍ਰਾਜੈਕਟ ਪੰਜਾਬ ਨੂੰ ਮੋੜੇ ਜਾਣ। ਫਤਹਿ ਸਿੰਘ ਤੋਂ ਬਾਅਦ ਚੰਨਣ ਸਿੰਘ, ਉਮਰਾਨੰਗਲ, ਮਲ ਸਿੰਘ ਚੜਿਕ, ਦਲੀਪ ਸਿੰਘ ਤਲਵੰਡੀ, ਹਜ਼ਾਰਾ ਸਿੰਘ ਗਿੱਲ, ਜਗੀਰ ਸਿੰਘ ਫੱਗੂਵਾਲੀਆ ਨੇ ਵੀ ਵਰਤ ਰੱਖਣਾ ਅਤੇ ਸੜ ਮਰਨਾ ਸੀ।

1985: ਜਸਟਿਸ ਅਜੀਤ ਸਿੰਘ ਬੈਂਸ ਨੇ ਦੱਸਿਆ ਕਿ ਬਰਨਾਲਾ ਸਰਕਾਰ ਨੇ 2000 ਸਿੱਖ ਕੈਦੀਆਂ ਵਿਚੋਂ ਸਿਰਫ਼ 26 ਸਿੱਖ ਹੀ ਰਿਹਾ ਕੀਤੇ ਸਨ

ਸੁਰਜੀਤ ਬਰਨਾਲਾ ਨੇ ਸਰਕਾਰ ਬਣਨ ਮਗਰੋਂ ਗ੍ਰਿਫ਼ਤਾਰ ਸਿੱਖ ਨੌਜਵਾਨਾਂ ਦੇ ਕੇਸਾਂ ਦੀ ਘੋਖ ਵਾਸਤੇ ਜਸਟਿਸ ਅਜੀਤ ਸਿੰਘ ਬੈਂਸ ਦੀ ਅਗਵਾਈ ਵਿਚ ਇਕ ਤਿੰਨ ਮੈਂਬਰੀ ਕਮੇਟੀ ਬਣਾ ਦਿੱਤੀ। 24 ਅਕਤੂਬਰ 1985 ਇਸ ਕਮੇਟੀ ਨੇ 2000 ਸਿੱਖਾਂ ਦੀ ਰਿਹਾਈ ਦੀ ਸਿਫ਼ਾਰਸ਼ ਕੀਤੀ। ਸਿਫ਼ਾਰਸ਼ ਉੱਤੇ ਗੁਰਦਰਸ਼ਨ ਸਿੰਘ ਗਰੇਵਾਲ, ਲਾਲ ਚੰਦ ਸਭਰਵਾਲ ਅਤੇ ਪ੍ਰੋਸੀਕਿਊਸ਼ਨ ਐਡੀਸ਼ਨਲ ਡਾਇਰੈਕਟਰ ਮਿੱਢਾ (ਚਾਰ ਚੋਂ 2 ਹਿੰਦੂ) ਦੇ ਵੀ ਦਸਤਖ਼ਤ ਸਨ। ਪਰ 5 ਦਸੰਬਰ 1985 ਦੇ ਦਿਨ ਜਸਟਿਸ ਅਜੀਤ ਸਿੰਘ ਬੈਂਸ ਨੇ ਦੱਸਿਆ ਕਿ ਸੁਰਜੀਤ ਬਰਨਾਲਾ ਸਰਕਾਰ ਨੇ 922 ਸਿੱਖਾਂ ਦੀ ਰਿਹਾਈ ਕਰਨੀ ਮੰਨੀ ਸੀ ਉਨ੍ਹਾਂ ਚੋਂ 833 ਪਹਿਲੋਂ ਹੀ ਰਿਹਾ ਸਨ। 466 ਕੇਸਾਂ ਦੀ ਵਾਪਸੀ ਅਜੇ ਨਹੀਂ ਹੋਈ। 139 ਨੂੰ ਕੇਸ ਵਾਪਸ ਹੋਣ ਤੋਂ

ਪਹਿਲਾਂ ਹੀ ਸਜ਼ਾ ਹੋ ਚੁਕੀ ਹੈ। 81 ਕੇਸ ਅਦਾਲਤਾਂ ਨੇ ਵਾਪਸ ਲੈਣ ਦੀ ਇਜਾਜ਼ਤ ਨਹੀਂ ਦਿਤੀ। ਯਾਨਿ ਸਿਰਫ 26 ਸਿੱਖ ਹੀ ਰਿਹਾ ਕੀਤੇ। ਹੋਰ ਤਾਂ ਹੋਰ 224 ਸਿੱਖ ਤਾਂ ਅਜੇ ਨਜ਼ਰਬੰਦ ਸਨ।

1985: ਜਲੰਧਰ ਸਿੱਖ ਜਲੂਸ ਤੇ ਪੁਲਸ ਫ਼ਾਇਰਿੰਗ

5 ਦਸੰਬਰ 1985 ਨੂੰ ਜਲੰਧਰ 'ਚ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਬਰਨਾਲਾ ਸਰਕਾਰ ਦੇ ਖ਼ਿਲਾਫ਼ ਜਲੂਸ ਕੱਢਿਆ ਜਿਸ 'ਤੇ ਪੁਲੀਸ ਨੇ ਫ਼ਾਇਰਿੰਗ ਕੀਤੀ ਤੇ ਬਹੁਤ ਸਾਰੇ ਸਿੱਖ ਜ਼ਖ਼ਮੀ ਕਰ ਦਿੱਤੇ। ਇਸੇ ਦਿਨ ਡੀ.ਏ.ਵੀ. ਕਾਲਜ ਕੋਲ ਸਟੂਡੈਂਟਸ ਉਤੇ ਟੀਅਰ ਗੈਸ ਵੀ ਛੱਡੀ ਗਈ।

1986: ਦਿੱਲੀ ਵਿਚ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਪੁਰਬ ਦੇ ਜਲੂਸ 'ਤੇ ਪਾਬੰਦੀ ਲਾਈ; ਗੁਰਦੁਆਰਾ ਬੰਗਲਾ ਸਾਹਿਬ ਤੇ ਫ਼ਾਇਰਿੰਗ ਕਰ ਕੇ 3 ਸਿੱਖ ਸ਼ਹਦਿ ਕੀਤੇ

ਪੰਜ ਦਸੰਬਰ 1986 ਨੂੰ ਪੁਲੀਸ ਵਲੋਂ ਗੁਰੂ ਤੇਗ ਬਹਾਦਰ ਸ਼ਾਹਿਬ ਪੁਰਬ ਦੇ ਜਲੂਸ 'ਤੇ ਪਾਬੰਦੀ ਲਾ ਦਿੱਤੀ ਗਈ। ਇਹ ਤਵਾਰੀਖ਼ ਵਿਚ ਪਹਿਲੀ ਵਾਰ ਹੋਇਆ ਸੀ। ਭਾਰਤ ਦੇ ਹਾਕਮਾਂ ਨੇ ਸਾਬਿਤ ਕੀਤਾ ਕਿ ਉਹ ਗੁਰੂ ਤੇਗ਼ ਬਹਦਰ ਸਾਹਿਬ ਦੀ ਕੁਰਬਾਨੀ ਵਾਸਤੇ ਵੀ ਅਕ੍ਰਿਤਘਣ ਹਨ। ਇਸੇ ਦਿਨ ਸੀ.ਆਰ.ਪੀ.ਐਫ਼. ਦਾ ਘੇਰਾ ਤੋੜਨ ਵਾਸਤੇ ਚਲਾਏ ਟਰਕ ਹੇਠ ਤਿੰਨ ਪੁਲਸੀਏ ਰਗੜੇ ਗਏ। ਸੀ.ਆਰ.ਪੀ.ਐਫ਼. ਨੇ ਟਰੱਕ ਵਿਚੋਂ ਕਢ ਕੇ ਪਰਮਜੀਤ ਸਿੰਘ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਬੰਗਲਾ ਸਾਹਿਬ ਗੁਰਦੁਆਰੇ ਉੱਤੇ ਹਿੰਦੂਆਂ ਨੇ ਬੇਵਜਹ ਅੰਨ੍ਹੀ ਫ਼ਾਇਰਿੰਗ ਕਰ ਕੇ ਤਿੰਨ ਸਿੱਖ ਮਾਰ ਦਿੱਤੇ। ਇਹ ਸਨ: ਜਸਪਾਲ ਸਿੰਘ, ਇਕਬਾਲ ਸਿੰਘ ਸਪੁੱਤਰ ਗਿਆਨ ਸਿੰਘ (ਕਰੋਲ ਬਾਗ), ਪਰਮਜੀਤ ਸਿੰਘ ਉਰਫ਼ ਬੰਬੀ। ਬੰਬੀ, 13 ਸਾਲ ਦਾ ਬੱਚਾ, ਨਿਸ਼ਾਨ ਸਾਹਿਬ ਕੋਲ ਖੜਾ ਸੀ। ਇਨ੍ਹਾਂ ਸਾਰਿਆਂ ਨੂੰ ਗੁਰਦੁਆਰੇ ਦੇ ਅੰਦਰ ਵਲ ਗੋਲੀਆਂ ਚਲਾ ਕੇ ਮਾਰਿਆ ਗਿਆ। ਇਸ ਸਾਰੇ ਤੋਂ ਬਾਅਦ ਗੁਰਦੁਆਰੇ ਵਿਚੋਂ ਆਉਂਦੇ ਦਰਜਨਾਂ ਸਿੱਖਾਂ ਉੱਤੇ ਝੂਠੇ ਕੇਸ ਪਾ ਕੇ ਜਿਹਲ ਵਿਚ ਸੁਟ ਦਿਤਾ ਗਿਆ। ਇਸ ਦਿਨ ਇਕ ਸੌ ਚਾਲੀ ਸਿੱਖ ਫੜੇ ਗਏ।

1987: ਸੁਰਮੁੱਖ ਸਿੰਘ ਮੀਰਾ ਕੋਟ ਕਲਾਂ ਨਕਲੀ ਮੁਕਾਬਲੇ ਵਿਚ ਸ਼ਹੀਦ

5 ਦਸੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਸੁਰਮੁੱਖ ਸਿੰਘ ਬੀ.ਏ. (ਪੁੱਤਰ ਅਜੈਬ ਸਿੰਘ, ਵਾਸੀ ਮੀਰਾ ਕੋਟ ਕਲਾਂ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1988: ਸੁਰਜੀਤ ਬਰਨਾਲਾ ਵੱਲੋਂ ਅਕਾਲ ਤਖ਼ਤ 'ਤੇ ਪੇਸ਼ ਹੋਣ ਦਾ ਦਿਖਾਵਾ

ਪ੍ਰੋ: ਦਰਸ਼ਨ ਸਿੰਘ ਨੇ ਦਸੰਬਰ 1986 ਵਿਚ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲਣ ਮਗਰੋਂ ਕੋਈ ਸਾਰੇ ਸ਼੍ਰੋਮਣੀ ਅਕਾਲੀ ਦਲਾਂ ਨੂੰ ਇਕ ਕਰਨ ਦੀ ਤਕਰੀਬ ਬਣਾਈ। ਉਸ ਨੇ ਸਾਰੇ ਅਕਾਲੀ ਦਲ ਤੋੜ ਕੇ ਇਕ ਸਾਂਝਾ ਅਕਾਲੀ ਦਲ ਬਣਾਉਣ ਦਾ ਐਲਾਨ ਕਰ ਦਿਤਾ। ਉਸ ਨੇ 3 ਫ਼ਰਵਰੀ 1987 ਨੂੰ ਸਾਰੇ ਅਕਾਲੀ ਦਲਾਂ ਦੇ ਪ੍ਰਧਾਨਾਂ ਤੋਂ ਅਸਤੀਫ਼ੇ ਮੰਗ ਲਏ। ਅਗਲੇ ਦਿਨ ਬਾਬਾ ਜੋਗਿੰਦਰ ਸਿੰਘ ਤੇ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਅਸਤੀਫ਼ੇ ਦੇ ਦਿੱਤੇ ਪਰ ਸੁਰਜੀਤ ਬਰਨਾਲੇ ਨੂੰ ਅਸਤੀਫ਼ਾ ਦੇਣ ਦੀ ਬਜਾਇ ਇਕ 5 ਮੈਂਬਰੀ ਕਮੇਟੀ ਬਣਾ ਦਿੱਤੀ ਜਿਹੜੀ ਰਾਗੀ ਨੂੰ 'ਮਿਲ ਕੇ ਪੁਜ਼ੀਸ਼ਨ ਸਾਫ਼ ਕਰੇਗੀ।' ਇਸ ਪੰਜ ਮੈਂਬਰੀ ਕਮੇਟੀ ਦੇ ਨੁਮਾਇੰਦੇ ਹਰਭਜਨ ਸਿੰਘ ਸੈਂਧੂ ਨੇ ਰਾਗੀ ਨਾਲ ਗੱਲਬਾਤ ਕੀਤੀ ਤੇ ਹਥਿਆਰ ਸੁੱਟ ਦਿੱਤੇ। ਪਰ ਦਿੱਲੀ ਦੀ ਹਦਾਇਤ 'ਤੇ ਸੁਰਜੀਤ ਬਰਨਾਲਾ ਏਕਤਾ ਕਰਨ ਤੋਂ ਮੁੱਕਰ ਗਿਆ।8 ਫ਼ਰਵਰੀ ਨੂੰ

ਬਰਨਾਲੇ ਨੇ ਅਸਤੀਫ਼ਾ ਦੇਣ ਤੋਂ ਪੂਰੀ ਤਰ੍ਹਾਂ ਨਾਂਹ ਕਰ ਦਿੱਤੀ। 9 ਫਰਵਰੀ ਨੂੰ ਉਸ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਤੇ 11 ਫਰਵਰੀ ਨੂੰ ਤਖ਼ਤ 'ਤੇ ਤਲਬ ਕਰ ਲਿਆ ਗਿਆ। ਪਰ ਬਰਨਾਲੇ ਨੇ ਨਾ ਤਾਂ ਪੇਸ਼ ਹੋਣਾ ਸੀ ਤੇ ਨਾ ਹੀ ਹੋਇਆ। ਉਸ ਨੂੰ 11 ਫਰਵਰੀ ਨੂੰ ਪੰਥ ਵਿਚੋਂ 'ਖਾਰਜ' ਕਰਨ ਦਾ ਐਲਾਨ ਕਰ ਦਿੱਤਾ। 20 ਫਰਵਰੀ ਨੂੰ ਬਰਨਾਲੇ ਨੇ ਪਿੰਡ ਲੌਂਗੋਵਾਲ ਵਿਚ ਇਕ ਕਾਨਫ਼ਰੰਸ ਕਰ ਕੇ ਦੋ-ਤਿੰਨ ਲੱਖ ਬੰਦੇ ਇਕੱਠੇ ਕੀਤੇ। ਇਨ੍ਹਾਂ ਵਿਚੋਂ 95% ਹਿੰਦੂ, ਨਾਮਧਾਰੀ, ਨਿਰੰਕਾਰੀ, ਕਾਂਗਰਸੀ ਤੇ ਕਮਿਊਨਿਸਟ ਹੀ ਸ਼ਾਮਿਲ ਸਨ। ਬਰਨਾਲੇ ਦਾ ਇਹ ਐਕਸ਼ਨ ਸਿਰਫ਼ ਰਾਗੀ ਨੂੰ ਚੈਲੰਜ ਨਹੀਂ ਸੀ ਪਰ ਬਲਕਿ ਇਹ ਅਕਾਲ ਤਖ਼ਤ ਸਾਹਿਬ ਦੇ ਖ਼ਿਲਾਫ਼ ਬਗ਼ਾਵਤ ਕਰਨਾ ਸੀ। ਸਰਕਾਰੀ ਤਾਕਤ ਵਰਤ ਕੇ ਵੀ ਏਡੇ ਇਕੱਠ ਵਿਚੋਂ ਬਰਨਾਲੇ ਨੂੰ ਕੁਝ ਨਾ ਲੱਭਿਆ; ਸਿਰਫ਼ ਫ਼ਿਰਕੂ ਹਿੰਦੂਆਂ ਤੇ ਹੋਰ ਸਿੱਖ-ਦੁਸ਼ਮਣਾਂ ਤੋਂ ਸ਼ਾਬਾਸ਼ ਅਤੇ ਸਿੱਖਾਂ ਤੋਂ ਹੋਰ ਜ਼ਿਆਦਾ ਨਫ਼ਰਤ।

ਗੱਦੀ ਤੋਂ ਉਤਰਨ ਮਗਰੋਂ 5 ਦਸੰਬਰ 1988 ਦੇ ਦਿਨ ਸੁਰਜੀਤ ਬਰਨਾਲਾ ਅਕਾਲ ਤਖ਼ਤ ਸਾਹਿਬ 'ਤੇ ਦੂਜੀ ਵਾਰੀ ਫੇਰ ਪੇਸ਼ ਹੋਇਆ। ਬਰਨਾਲੇ ਨੇ ਇਸ ਸਬੰਧ ਵਿਚ ਪਹਿਲਾਂ ਹੀ ਪੂਰੀ ਤਰ੍ਹਾਂ ਗੱਲਬਾਤ ਕੀਤੀ ਹੋਈ ਸੀ। ਉਹ ਪ੍ਰੋ: ਦਰਸ਼ਨ ਸਿੰਘ ਅੱਗੇ ਸਾਂਝਾ ਅਕਾਲੀ ਦਲ ਬਣਾਉਣ ਬਾਰੇ 'ਹੁਕਮਨਾਮਾ' ਨਾ ਮੰਨਣ ਦੇ ਨੁਕਤੇ 'ਤੇ ਪੇਸ਼ ਹੋਇਆ ਸੀ ਨਾ ਕਿ 30 ਅਪ੍ਰੈਲ 1986 ਦੇ ਦਿਨ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੇ ਜੁਰਮ ਦੀ ਮੁਆਫ਼ੀ ਮੰਗਣ ਵਾਸਤੇ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਬਰਨਾਲੇ ਨੇ ਪੇਸ਼ ਹੋ ਕੇ ਕੋਈ ਗੁਨਾਹ ਨਹੀਂ ਮੰਨਿਆ ਤੇ ਸਿਰਫ਼ ਇਹੀ ਕਿਹਾ ਕਿ 'ਜੇ' ਮੈਥੋਂ ਕੋਈ ਗ਼ਲਤੀ ਹੋਈ ਹੈ ਤਾਂ ਮੈਨੂੰ ਮੁਆਫ਼ ਕਰ ਦਿੱਤਾ ਜਾਵੇ। ਉਸ ਨੇ ਤਾਂ ਅਕਾਲ ਤਖ਼ਤ ਸਾਹਿਬ ਤੋਂ ਬਗਾਵਤ ਕਰ ਕੇ ਲੌਂਗੋਵਾਲ ਪਿੰਡ ਵਿਚ ਜਲਸਾ ਕਰ ਕੇ ਚੈਲੰਜ ਕਰਨ ਦੇ ਗੁਨਾਹ ਦੀ ਵੀ ਮੁਆਫ਼ੀ ਨਾ ਮੰਗੀ।

1990: ਜੱਸਾ ਸਿੰਘ ਘੁੱਕ ਮਾਹਣੇ ਮੱਲੀਆਂ, ਅਵਤਾਰ ਸਿੰਘ ਛੋਟਾ ਬ੍ਰਹਮਾ ਤੇ ਰਣਜੀਤ ਸਿੰਘ ਰਾਣਾ (ਵਾਸੀ ਡੱਲ) ਨਕਲੀ ਮੁਕਾਬਲੇ ਵਿਚ ਸ਼ਹੀਦ

5 ਦਸੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਜੱਸਾ ਸਿੰਘ ਘੁੱਕ (ਵਾਸੀ ਮਾਹਣੇ ਮੱਲੀਆਂ), ਅਵਤਾਰ ਸਿੰਘ ਉਰਫ਼ ਛੋਟਾ ਬ੍ਰਹਮਾ, ਰਣਜੀਤ ਸਿੰਘ ਰਾਣਾ (ਵਾਸੀ ਡੱਲ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਹਰਜੀਤ ਸਿੰਘ ਲੁਧਿਆਣਾ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 5 ਦਸੰਬਰ 1992 ਦੇ ਦਿਨ ਹਰਜੀਤ ਸਿੰਘ ਉਰਫ਼ ਸਵਰਨਜੀਤ ਸਿੰਘ ਚੰਨਾ, ਵਾਸੀ ਲੁਧਿਆਣਾ ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2009: ਪ੍ਰਕਾਸ਼ ਸਿੰਘ ਬਾਦਲ ਦੀ ਪੁਲਸ ਨੇ ਲੁਧਿਆਣਾ ਵਿਚ ਦਰਸ਼ਨ ਸਿੰਘ ਨੂੰ ਸ਼ਹੀਦ ਕੀਤਾ

5 ਦਸੰਬਰ 2009 ਦੇ ਦਿਨ, ਪ੍ਰਕਾਸ਼ ਸਿੰਘ ਬਾਦਲ ਦੀ ਪੁਲਸ ਨੇ, ਲੁਧਿਆਣਾ ਵਿਚ ਨੂਰਮਹਿਲੀਏ ਆਸ਼ੂਤੋਸ਼ ਦੇ ਖ਼ਿਲਾਫ਼ ਮੁਜ਼ਾਹਰਾ ਕਰਦੇ ਇਕ ਸਿੱਖ ਨੂੰ ਪੰਜਾਬ ਪੁਲਸ ਨੇ ਬੇਵਜਹ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ।ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਬਾਦਲ ਨੇ ਇਸ ਕੇਸ ਵਿਚ ਵੀ ਪੁਲਸ ਦੀ ਪੁਸ਼ਤ ਪਨਾਹੀ ਕੀਤੀ। ਇਸ ਸਮਾਗਮ ਦਾ ਸਾਰਾ ਇੰਤਜ਼ਾਮ ਭਾਰਤੀ ਜਨਤਾ ਪਾਰਟੀ ਦੇ ਆਗੂ ਰਮੇਸ਼ ਹਾਂਡਾ ਨੇ ਕੀਤਾ ਸੀ ਤੇ ਇਸ ਵਿਚ ਸ਼ਾਮਿਲ ਹੋਣ ਵਾਲੇ ਤਕਰੀਬਨ ਸਾਰੇ ਲੋਕ ਭਾਜਪਾ ਨਾਲ ਸਬੰਧਤ ਸਨ।

2012: ਕੁੜੀ ਨੂੰ ਛੇੜਨੋਂ ਰੋਕਣ 'ਤੇ ਉਸ ਦੇ ਪੁਲਸੀਏ ਬਾਪ ਨੂੰ ਕਤਲ ਕੀਤਾ

5 ਦਸੰਬਰ 2012 ਦੇ ਦਿਨ ਬਾਦਲ ਦਲ ਦੇ ਯੂਥ ਲੀਡਰ ਰਣਜੀਤ ਸਿੰਘ ਰਾਣਾ ਛੇਹਰਟਾ ਨੇ, ਤਰਤਾਰਨ ਵਿਚ ਰੋਬਿਨਜੀਤ ਕੌਰ ਨਾਂ ਦੀ ਕੁੜੀ ਨੂੰ ਛੇੜਨ ਤੋਂ ਰੋਕਣ 'ਤੇ ਉਸ ਦੇ ਏ.ਐਸ.ਆਈ. ਬਾਪ ਰਵਿੰਦਰਪਾਲ ਸਿੰਘ ਨੂੰ ਕਤਲ ਕਰ ਦਿੱਤਾ। ਮਗਰੋਂ ਪਹਿਲੀ ਜਨਵਰੀ 2014 ਦੇ ਦਿਨ ਉਸ ਨੇ ਤੇ ਉਸ ਦੇ ਇਕ ਸਾਥੀ ਸੇਵਾ ਸਿੰਘ ਨੇ ਜੇਲ੍ਹ ਵਿਚੋਂ ਫ਼ਰਾਰ ਹੋਣ ਦੀ ਨਾਕਾਮ ਕੋਸ਼ਿਸ਼ ਵੀ ਕੀਤੀ ਸੀ। 8 ਅਗਸਤ 2014 ਦੇ ਦਿਨ ਅਦਾਲਤ ਨੇ ਉਸ ਨੂੰ ਤੇ 3 ਸਾਥੀਆਂ ਨੂੰ ਮੌਤ ਤਕ ਜੇਲ੍ਹ ਵਿਚ ਰਹਿਣ ਦੀ ਉਮਰ ਕੈਦ ਦੀ ਸਜ਼ਾ ਸੁਣਾਈ। ਦੂਜੇ ਪਾਸੇ ਬਾਦਲ ਨੇ ਕੁੜੀ ਨੂੰ ਨਾਇਬ ਤਹਿਸੀਲਦਾਰ ਵੀ ਲਾ ਦਿੱਤਾ।

6 ਦਸੰਬਰ

1705: ਸ਼ਾਹੀ ਟਿੱਬੀ, ਝੱਖੀਆਂ ਤੇ ਮਲਕਪੁਰ ਵਿਚ ਸਿੱਖਾਂ ਦੀਆਂ ਸ਼ਹੀਦੀਆਂ

5 ਤੇ 6 ਦਸੰਬਰ ਦੀ ਅੱਧੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ 500 ਸਿੱਖਾਂ ਨਾਲ ਕਿਲ੍ਹਾ ਛੱਡ ਦਿੱਤਾ ਅਤੇ ਰੋਪੜ ਵੱਲ ਚਲ ਪਏ। ਅਜੇ ਗੁਰੂ ਸਾਹਿਬ ਕੀਰਤਪੁਰ ਲੰਘੇ ਹੀ ਸਨ ਕਿ ਪਿੱਛੋਂ ਪਹਾੜੀ ਤੇ ਮੁਗ਼ਲ ਫ਼ੌਜਾਂ ਨੇ ਤੀਰਾਂ ਅਤੇ ਗੋਲੀਆਂ ਨਾਲ ਹਮਲਾ ਕਰ ਦਿੱਤਾ। ਗੁਰੂ ਸਾਹਿਬ ਨੇ ਭਾਈ ਉਦੈ ਸਿੰਘ ਨੂੰ ਸ਼ਾਹੀ ਟਿੱਬੀ ਤੇ ਤਾਇਨਾਤ ਕੀਤਾ ਤੇ ਉਸ ਨਾਲ ਪੰਜਾਹ ਸਿੰਘ ਲੜਨ ਵਾਸਤੇ ਦਿੱਤੇ। ਉਨ੍ਹਾਂ ਭਾਈ ਉਦੈ ਸਿੰਘ ਨੂੰ ਆਖਿਆ ਕਿ ਪਿੱਛੇ ਆ ਰਹੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਆਖਣਾ ਕਿ ਉਹ ਉੱਥੇ ਨਾ ਰੁਕਣ ਅਤੇ ਕੋਟਲਾ ਨਿਹੰਗ ਚਲੇ ਜਾਣ। ਇਸ ਮਗਰੋਂ ਆਪ ਨੇ ਮਾਤਾ ਗੁਜਰੀ, ਦੋ ਛੋਟੇ ਸਾਹਿਬਜ਼ਾਦਿਆਂ ਤੇ ਦੋ ਸੇਵਾਦਾਰਾਂ (ਦੁੱਨਾ ਸਿੰਘ ਤੇ ਬੀਬੀ ਸੁਭਿੱਖੀ) ਨਾਲ ਸਰਸਾ ਨਦੀ ਨੂੰ ਪਾਰ ਕੀਤਾ। ਇਨ੍ਹਾਂ ਪਿੱਛੇ ਆ ਰਿਹਾ ਵਹੀਰ ਵੀ ਸਰਸਾ ਪਾਰ ਕਰ ਗਿਆ। ਗੁਰੂ ਸਾਹਿਬ ਨੇ ਇਕ ਸੌ ਸਿੰਘਾਂ ਨੂੰ ਆਖਿਆ ਕਿ ਉਹ ਉੱਥੇ ਰੁਕ ਕੇ ਪਿੱਛੇ ਆ ਰਹੀਆਂ ਫ਼ੌਜਾਂ ਦਾ ਰਾਹ ਡੱਕਣ। ਹੁਣ ਤਿੰਨੇ ਜਥੇ ਦੁਸ਼ਮਣ ਦੀ ਫ਼ੌਜ ਦਾ ਰਾਹ ਰੋਕਣ ਵਾਸਤੇ ਡਟੇ ਹੋਏ ਸਨ: ਭਾਈ ਉਦੈ ਸਿੰਘ ਸ਼ਾਹੀ ਟਿੱਬੀ 'ਤੇ, ਭਾਈ ਜੀਵਨ ਸਿੰਘ, ਸਰਸਾ ਨਦੀ ਤੋਂ ਕੁਝ ਪਹਿਲਾਂ, ਪਿੰਡ ਝੱਖੀਆਂ ਕੋਲ ਅਤੇ ਤੀਜਾ ਜਥਾ ਸਰਸਾ ਨਦੀ ਦੇ ਦੂਜੇ ਕੰਢੇ 'ਤੇ ਸੀ। ਚੌਥਾ ਜਥਾ ਭਾਈ ਬਚਿਤ੍ਰ ਸਿੰਘ ਦਾ ਸਰਸਾ ਪਾਰ ਕੇ ਰੋਪੜ ਵੱਲ ਰਵਾਨਾ ਹੋ ਚੁੱਕਾ ਸੀ। ਥੋੜ੍ਹੇ ਚਿਰ ਵਿਚ ਮਾਤਾ ਗੁਜਰੀ, ਦੋ ਛੋਟੇ ਸਾਹਿਬਜ਼ਾਦੇ ਅਤੇ ਦੋ ਸੇਵਾਦਾਰ ਦੂਰ ਨਿਕਲ ਕੇ ਚਮਕੌਰ ਵੱਲ ਚਲੇ ਗਏ ਸਨ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ, ਭਾਈ ਬਖ਼ਸ਼ਿਸ਼ ਸਿੰਘ ਭਾਈ ਗੁਰਬਖ਼ਸ਼ੀਸ਼ ਸਿੰਘ ਅਤੇ ਕੁਝ ਹੋਰ ਸਾਥੀ ਸਿੰਘ ਕੋਟਲਾ ਨਿਹੰਗ ਪਹੁੰਚ ਚੁੱਕੇ ਸਨ।

ਪਿੱਛੋਂ ਆ ਰਹੀ ਪਹਾੜੀ ਫ਼ੌਜ ਨੇ ਪਹਿਲਾਂ ਤਾਂ ਭਾਈ ਜੀਵਨ ਸਿੰਘ ਦੇ ਜਥੇ 'ਤੇ ਹਮਲਾ ਕੀਤਾ। ਪਿੰਡ ਝੱਖੀਆਂ ਵਿਚ ਹੋਈ ਇਸ ਲੰਬੀ ਲੜਾਈ ਵਿਚ ਭਾਈ ਜੀਵਨ ਸਿੰਘ ਰੰਘੇਰਟਾ, ਬੀਬੀ ਭਿੱਖਾਂ (ਬੇਟੀ ਬਜਰ ਸਿੰਘ ਤੇ ਸਿੰਘਣੀ ਭਾਈ ਆਲਮ ਸਿੰਘ 'ਨੱਚਣਾ') ਅਤੇ ਇਕ ਸੌ ਸਿੰਘ ਸ਼ਹੀਦ ਹੋ ਗਏ। ਇਸ ਲੜਾਈ ਦਾ ਜ਼ਿਕਰ ਭੱਟ ਵਹੀ ਮੁਲਤਾਨੀ ਸਿੰਧੀ 'ਚ ਇੰਞ ਮਿਲਦਾ ਹੈ:

"ਜੀਵਨ ਸਿੰਘ ਬੇਟਾ ਅਗਿਆ ਕਾ, ਪੋਤਾ ਦੁੱਲੇ ਕਾ...ਬਾਸੀ ਦਿੱਲੀ, ਮਹੱਲਾ ਦਿਲਵਾਲੀ ਸਿੱਖਾਂ, ਸੌ ਸਿੱਖਾਂ ਕੋ ਗੈਲ ਲੈ ਸੰਮਤ ਸਤਰਾਂ ਸੈ ਬਾਸਠ ਪੌਖ ਮਾਸੇ ਸੁਦੀ ਦੂਜ ਵੀਰਵਾਰ ਕੇ ਦਿਹੁੰ ਸਰਸਾ ਨਦੀ ਤੇ ਤੀਰ ਰਾਜਾ ਅਜਮੇਰ ਚੰਦ ਬੇਟਾ ਭੀਮ ਚੰਦ ਕਾ...ਰਾਣੇ ਦੀ ਫੌਜ ਗੈਲ ਦਸ ਘਰੀ ਜੁਝ ਕੇ ਮਰਾ। ਆਗੇ ਗੁਰੂ ਭਾਣੇ ਕਾ ਖਾਵਿੰਦ ਗੁਰੂ ਕੀ ਗਤਿ ਗੁਰੂ ਜਾਨੈ। ਗੁਰੂ ਗੁਰੂ ਜਪਨਾ ਜਨਮ ਸਉਰੈਗਾ।" (ਭੱਟ ਵਹੀ ਮੁਲਤਾਨੀ ਸਿੰਧੀ)

ਦੂਜੀ ਲੜਾਈ ਸ਼ਾਹੀ ਟਿੱਬੀ 'ਤੇ ਹੋਈ। ਇਸ ਲੜਾਈ ਵਿਚ ਭਾਈ ਉਦੈ ਸਿੰਘ ਅਤੇ ਪੰਜਾਹ ਸਿੰਘ ਸ਼ਹੀਦ ਹੋ ਗਏ। ਭਾਈ ਉਦੈ ਸਿੰਘ ਨੇ ਦਸਵੇਂ ਪਾਤਸ਼ਾਹ ਵਰਗਾ ਜੋੜਾ ਜਾਮਾ

ਪਹਿਨਿਆ ਹੋਇਆ ਸੀ। ਅਜਮੇਰ ਚੰਦ ਨੇ ਭਾਈ ਉਦੈ ਸਿੰਘ ਸ਼ਹੀਦ ਹੋਏ ਵੇਖ ਕੇ ਉਸ ਦੇ ਕੱਪੜਿਆਂ ਕਰ ਕੇ ਉਸ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਸਮਝ ਲਿਆ ਅਤੇ ਉਸ ਦਾ ਸਿਰ ਕਟਵਾ ਕੇ ਰੋਪੜ ਦੇ ਨਵਾਬ ਵੱਲ ਭੇਜ ਦਿੱਤਾ ਤੇ ਰੌਲਾ ਪਾ ਦਿੱਤਾ ਕਿ 'ਅਸੀਂ ਗੁਰੂ ਨੂੰ ਮਾਰ ਲਿਆ ਹੈ।' ਇਸ ਲੜਾਈ ਨੂੰ **ਭੱਟ ਵਹੀ ਕਰਸਿੰਧੂ** ਇੰਝ ਬਿਆਨ ਕਰਦੀ ਹੈ :

"ਉਦੈ ਸਿੰਘ ਬੇਟਾ ਮਨੀ ਸਿੰਘ, ਪੋਤਾ ਮਾਈਦਾਸ ਕਾ, ਪੜਪੋਤਾ ਭੱਲੂ ਰਾਇ ਕਾ ਚੰਦਰਬੰਸੀ ਭਾਰਦੁਆਜੀ ਗੋਤਰਾ ਪੁਆਰ ਬੰਸ, ਬੀਂਝੇ ਕਾ ਬੰਝਰਉਤ ਜਲਹਾਨਾਂ...ਸੰਮਤ ਸਤਰਾਂ ਸੈ ਬਾਸਠ ਪੌਖ ਮਾਸੇ ਦਿਹੁੰ ਸਾਤ ਗਏ ਵੀਰਵਾਰ ਕੇ ਦਿਵਸ ਪਚਾਸ ਸਿੱਖਾਂ ਕੋ ਗੈਲ ਲੈ ਸ਼ਾਹੀ ਟਿੱਬੀ ਕੇ ਮਲਹਾਨ, ਪਰਗਾਨਾ ਭਰਥਗੜ ਰਾਜ ਕਹਿਲੂਰ, ਆਧ ਘਰੀ ਦਿਹੁੰ ਨਿਕਲੇ, ਰਾਜਾ ਅਜਮੇਰ ਚੰਦ ਬੇਟਾ ਭੀਮ ਚੰਦ ਕਾ, ਪੋਤਾ ਦੀਪ ਕਾ, ਪੜਪੋਤਾ ਤਾਰਾ ਚੰਦ ਕਾ ਬੰਸ ਕਲਿਆਨ ਚੰਦ ਕੀ ਚੰਦੇਲ ਗੋਤਰਾ ਰਾਣੇ ਕੀ ਫ਼ੌਜ ਗੈਲ ਬਾਰਾਂ ਘਰੀ ਜੂਝ ਕੇ ਮਰਾ ।"

ਤੀਜਾ ਜਥਾ ਭਾਈ ਬਚਿਤਰ ਸਿੰਘ ਦਾ ਰੰਘੜਾਂ ਦੀ ਫ਼ੌਜ ਨਾਲ ਮਲਕਪੁਰ (ਉਦੋਂ ਮਲਕਪੁਰ ਰੰਘੜਾਂ) ਪਿੰਡ ਦੀ ਜੂਹ ਵਿਚ ਭਿੜ ਪਿਆ। ਇੱਥੇ ਵੀ ਬੜੀ ਜ਼ਬਰਦਸਤ ਲੜਾਈ ਹੋਈ। ਇਸ ਲੜਾਈ ਵਿਚ ਸਾਰੇ ਸਿੰਘ ਸ਼ਹੀਦ ਹੋ ਗਏ। ਭਾਈ ਬਚਿਤਰ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਪਿੱਛੇ ਆ ਰਹੇ ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਮਦਨ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਭਾਈ ਬਚਿਤਰ ਸਿੰਘ ਨੂੰ ਜ਼ਖ਼ਮੀ ਪਏ ਹੋਏ ਵੇਖਿਆ ਅਤੇ ਚੁੱਕ ਕੇ ਉਥੋਂ ਛੇ ਕਿਲੋਮੀਟਰ ਦੂਰ ਪਿੰਡ ਕੋਟਲਾ ਨਿਹੰਗ ਖ਼ਾਨ ਲੈ ਆਏ।

1920: ਉਦਾਸੀਆਂ ਦੇ ਇਕ ਟੋਲੇ ਦਾ ਅਕਾਲ ਤਖ਼ਤ 'ਤੇ ਹਮਲਾ

1920 ਤਕ ਦਰਬਾਰ ਸਾਹਿਬ ਦੇ ਪੁਜਾਰੀ ਅਖੌਤੀ-ਪਛੜੀਆਂ ਜ਼ਾਤਾਂ ਦੇ ਸਿੱਖਾਂ ਦਾ ਪ੍ਰਸ਼ਾਦ ਕਬੂਲ ਨਹੀਂ ਕਰਦੇ ਸੀ। 11 ਅਕਤੂਬਰ ਰਾਤ ਜੱਲਿਆਂ ਵਾਲਾ ਬਾਗ ਵਿਚ ਹੋਏ ਇਕ ਇਕੱਠ ਵਿਚ ਮਤਾ ਪਾਸ ਹੋਇਆ ਕਿ ਅਗਲੀ ਸਵੇਰ ਨੂੰ ਅਖੌਤੀ-ਪਛੜੀਆਂ ਜ਼ਾਤਾਂ ਦੇ ਸਿੱਖ ਪ੍ਰਸ਼ਾਦ ਲੈ ਕੇ ਦਰਬਾਰ ਸਾਹਿਬ ਜਾਣ। ਉਨ੍ਹਾਂ ਦੇ ਨਾਲ ਕਈ ਸਿੱਖ ਆਗੂ ਜਾਣ ਵਾਸਤੇ ਤਿਆਰ ਹੋ ਗਏ। ਅਗਲੇ ਦਿਨ ਅਖੌਤੀ-ਪਛੜੀਆਂ ਜ਼ਾਤਾਂ ਦੇ ਕਈ ਸਿੰਘਾਂ ਨੇ ਅੰਮ੍ਰਿਤ ਛਕਿਆ। ਦੀਵਾਨ ਦੇ ਖ਼ਤਮ ਹੋਣ ਤੋਂ ਬਾਅਦ ਇਹ ਸਾਰੇ ਸਿੰਘ ਇਕੱਠੇ ਹੋ ਕੇ ਸੁੰਦਰ ਸਿੰਘ ਮਜੀਠੀਆ ਦੀ ਅਗਵਾਈ ਵਿਚ ਦਰਬਾਰ ਸਾਹਿਬ ਗਏ। ਜਿਹਾ ਕਿ ਉਮੀਦ ਸੀ ਪੁਜਾਰੀਆਂ ਨੇ ਪ੍ਰਸ਼ਾਦ ਕਬੂਲ ਨਾ ਕੀਤਾ। ਪ੍ਰੋ: ਹਰਕਿਸ਼ਨ ਸਿੰਘ ਬਾਵਾ ਨੇ ਗਲ ਵਿਚ ਪੱਲਾ ਪਾ ਕੇ ਤਿੰਨ ਵਾਰ ਪੁਜਾਰੀਆਂ ਨੂੰ ਅਰਜ਼ ਕੀਤੀ ਕਿ ਉਹ ਪ੍ਰਸ਼ਾਦ ਕਬੂਲ ਕਰ ਲੈਣ। ਪਰ ਪੁਜਾਰੀਆ ਨੇ ''ਨੱਨਾ'' ਹੀ ਫੜੀ ਰੱਖਿਆ। ਏਨੇ ਚਿਰ ਵਿਚ ਜਥੇਦਾਰ ਕਰਤਾਰ ਸਿੰਘ ਝੱਬਰ ਅਤੇ ਜਥੇਦਾਰ ਤੇਜਾ ਸਿੰਘ ਭੁੱਚਰ ਵੀ ਪੁੱਜ ਗਏ। ਹੁਣ ਸੰਗਤਾਂ ਦੀ ਗਿਣਤੀ ਬਹੁਤ ਹੋ ਚੁੱਕੀ ਸੀ। ਅਖ਼ੀਰ ਫੈਸਲਾ ਹੋਇਆ ਕਿ ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ ਜਾਏ। ਗੁਰੂ ਗ੍ਰੰਥ ਸਾਹਿਬ ਦਾ ਹੁਕਮ ਸੀ: *"ਨਿਰਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ।।ਸਤਿਗੁਰ ਕੀ ਸੇਵਾ ਉਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ।।..."* ਗੁਰੂ ਗ੍ਰੰਥ ਸਾਹਿਬ ਦਾ ਹੁਕਮ ਸੁਣ ਕੇ ਅਖ਼ੀਰ ਪੁਜਾਰੀਆਂ ਨੂੰ ਅਰਦਾਸ ਕਰਨੀ ਪਈ ਤੇ ਪ੍ਰਸ਼ਾਦ ਵਰਤਾਇਆ ਗਿਆ।

ਇਸ ਤੋਂ ਬਾਅਦ ਸੰਗਤਾਂ ਅਕਾਲ ਤਖ਼ਤ ਸਾਹਿਬ ਵਲ ਗਈਆਂ। ਸੰਗਤਾਂ ਨੂੰ ਆਉਂਦਿਆਂ ਵੇਖ ਕੇ ਪੁਜਾਰੀ ਤਖ਼ਤ ਸਾਹਿਬ ਨੂੰ ਸੁੰਞਾ ਛੱਡ ਕੇ ਚਲੇ ਗਏ। ਉਨ੍ਹਾਂ ਦੇ ਜਾਣ ਮਗਰੋਂ ਸੰਗਤਾਂ ਨੇ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ। ਅਕਾਲ ਤਖ਼ਤ ਸਾਹਿਬ 'ਤੇ ਸਿੱਖ ਆਗੂਆਂ ਦੇ ਲੈਕਚਰ ਹੋਏ। ਬਾਅਦ ਵਿਚ ਹਾਜ਼ਰ ਸੰਗਤਾਂ ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਵਾਸਤੇ 25 ਸਿੰਘਾਂ ਦੀ ਇਕ ਜਥਾ ਬਨਾਉਣ ਦਾ ਫ਼ੈਸਲਾ ਕੀਤਾ। 17 ਮੈਂਬਰਾਂ

ਨੇ ਉਸੇ ਵੇਲੇ ਆਪਣੇ ਆਪ ਨੂੰ ਸੇਵਾ ਵਾਸਤੇ ਪੇਸ਼ ਕੀਤਾ। (ਇਸ ਕਮੇਟੀ ਦੇ ਜਥੇਦਾਰ ਤੇਜਾ ਸਿੰਘ ਭੁੱਚਰ ਬਣਾਏ ਗਏ)। ਇਸ ਜਥੇ ਦੀ ਡਿਊਟੀ ਅਕਾਲ ਤਖ਼ਤ ਸਾਹਿਬ 'ਤੇ ਪਹਿਰਾ ਦੇਣਾ ਤੇ ਸੇਵਾ-ਸੰਭਾਲ ਕਰਨਾ ਸੀ। *1979 ਤੋਂ ਤੇ ਖ਼ਾਸ ਕਰ ਕੇ 1986 ਤੋਂ ਮਗਰੋਂ ਤਾਂ ਅਕਾਲ ਤਖ਼ਤ ਸਾਹਿਬ ਦੇ ''ਜਥੇਦਾਰ'' ਦਾ ਇਕ ਨਵਾਂ ਅਹੁਦਾ ਖੜਾ ਹੋ ਗਿਆ। ਇਸ ਤੋਂ ਪਹਿਲਾਂ ਸਿੱਖ ਤਾਰੀਖ਼ ਅਤੇ ਸਿੱਖ ਫ਼ਲਸਫ਼ੇ ਵਿਚ ''ਜਥੇਦਾਰ'' ਦੇ ਅਹੁਦੇ ਦਾ ਕੋਈ ਵਜੂਦ ਨਹੀਂ ਸੀ (ਵਧੇਰੇ ਜਾਣਕਾਰੀ ਵਾਸਤੇ ਪੜ੍ਹੋ ਕਿਤਾਬ 'ਸਿੱਖ ਤਵਾਰੀਖ਼ ਵਿਚ ਅਕਾਲ ਤਖ਼ਤ ਸਾਹਿਬ ਦਾ ਰੋਲ')।* ਉਂਞ ਭਾਈ ਤੇਜਾ ਸਿੰਘ ਦੇ ਜਥੇ ਨੇ ਦੋ ਮਹੀਨੇ ਬਾਅਦ ਛੁੱਟੀਆਂ ਮੰਗ ਲਈਆਂ ਸਨ ਤੇ ਕਿਹਾ ਸੀ "ਹੁਣ ਸਾਨੂੰ ਦੋ ਮਹੀਨੇ ਸੇਵਾ ਕਰਦੇ ਨੂੰ ਹੋ ਗਏ ਹਨ। ਸਾਨੂੰ ਛੁੱਟੀਆਂ ਬਖ਼ਸ਼ੋ।" ਇਸ 'ਤੇ ਉਨ੍ਹਾਂ ਦੀ ਥਾਂ ਦੀਦਾਰ ਸਿੰਘ ਮੱਟੂ ਭਾਈਕੇ ਤੇ ਉਨ੍ਹਾਂ ਦੇ ਜਥੇ ਨੂੰ ਇਹ ਸੇਵਾ ਸੌਂਪੀ ਗਈ ਸੀ।

ਇਸ ਮਗਰੋਂ ਪੁਜਾਰੀਆਂ ਨੇ ਬੁੱਢਾ ਦਲ ਦੇ ਆਗੂਆਂ ਨੂੰ ਸ਼ਹਿ ਦਿਤੀ ਕਿ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਮਿਸਲ ਸ਼ਹੀਦਾਂ (ਨਿਹੰਗਾਂ) ਕੋਲ ਹੋਇਆ ਕਰਦੀ ਸੀ, ਇਸ ਕਰ ਕੇ ਉਹ ਅਕਾਲੀਆਂ ਤੋਂ ਇਹ ਸੇਵਾ ਖੋਹਣ ਵਾਸਤੇ, ਅਕਾਲੀਆਂ ਦੇ ਖ਼ਿਲਾਫ਼ ਲੜਨ। ਉਨ੍ਹਾਂ ਨੇ ਨਿਹੰਗਾਂ ਨੂੰ ਅਕਾਲ ਤਖ਼ਤ ਸਾਹਿਬ 'ਤੇ ਕਬਜ਼ਾ ਕਰਨ ਵਾਸਤੇ ਭੜਕਾਇਆ। ਉਹ ਦੀਵਾਲੀ ਵਾਲੇ ਦਿਨ ਆਏ ਵੀ, ਪਰ ਕਿਹਰ ਸਿੰਘ ਪੱਟੀ ਨੇ ਨਿਹੰਗਾਂ ਨੂੰ ਸਮਝਾ ਕੇ ਇਸ ਗੱਲ 'ਤੇ ਰਜ਼ਾਮੰਦ ਕਰ ਲਿਆ ਕਿ ਜਦੋਂ ਤਕ ਸਾਰੇ ਸਿੱਖਾਂ ਦਾ ਸਾਂਝਾ ਇਕੱਠ ਕੋਈ ਫ਼ੈਸਲਾ ਨਹੀਂ ਕਰਦਾ, ਉਦੋਂ ਤਕ ਅਕਾਲੀਆਂ ਦਾ ਜਥਾ ਸੇਵਾ ਕਰਦਾ ਰਹੇ। *(ਇਹ ਨਿਹੰਗ ਪੰਜਾਬ 'ਤੇ ਅੰਗਰੇਜ਼ਾਂ ਦੇ ਕਬਜ਼ੇ ਵੇਲੇ ਕਿਤੇ ਨੇੜੇ ਤੇੜੇ ਵੀ ਨਜ਼ਰ ਨਹੀਂ ਆਏ ਸਨ। ਜਦ ਮਹੰਤਾਂ ਨੇ ਅਕਾਲ ਤਖ਼ਤ ਸਾਹਿਬ 'ਤੇ ਕਬਜ਼ਾ ਕੀਤਾ ਹੋਇਆ ਸੀ ਉਦੋਂ ਇਹ ਕਿਤੇ ਨਹੀਂ ਦਿੱਸੇ ਪਰ ਜਦ ਸਿੱਖਾਂ ਦੇ ਇਕ ਜਥੇ ਨੇ ਸੁੰਞੇ ਪਏ ਹੋਏ ਤਖ਼ਤ ਸਾਹਿਬ ਦੀ ਸੇਵਾ ਸੰਭਾਲੀ ਤਾਂ ਇਨ੍ਹਾਂ ਨੂੰ ਵੀ ਕਬਜ਼ਾ ਲੈਣ ਦਾ ਖ਼ੁਆਬ ਆ ਗਿਆ)।*

ਮਗਰੋਂ **6 ਦਸੰਬਰ 1920** ਦੇ ਦਿਨ ਮਹੰਤਾਂ ਨੇ ਹਿੰਦੂ ਸਾਧੂਆਂ ਦੇ ਇਕ ਟੋਲੇ ਤੋਂ ਵੀ ਹਮਲਾ ਕਰਵਾਇਆ। ਉਹ ਚਿਮਟੇ ਅਤੇ ਸੀਖਾਂ ਲੈ ਕੇ ਆਏ ਹੋਏ ਸਨ। ਉਨ੍ਹਾਂ ਨੇ ਤਖ਼ਤ ਸਾਹਿਬ ਦੇ ਸੇਵਾਦਾਰਾਂ 'ਤੇ ਹਮਲਾ ਕਰ ਦਿੱਤਾ। ਉਸ ਵੇਲੇ ਸਿਰਫ਼ 5-6 ਸੇਵਾਦਾਰ ਹੀ ਸਨ ਤੇ ਕੁਝ ਬੀਬੀਆਂ ਹਾਜ਼ਰ ਸਨ। ਏਨੇ ਚਿਰ ਵਿਚ ਹੋਰ ਸਿੱਖ ਆ ਗਏ ਤੇ ਉਨ੍ਹਾਂ ਨੇ ਇਨ੍ਹਾਂ ਸਾਧਾਂ ਦੇ ਹਮਲੇ ਦਾ ਜਵਾਬ ਦਿੱਤਾ ਤੇ ਇਨ੍ਹਾਂ ਸਾਧਾਂ ਨੂੰ ਵੀ ਛਿਤਰੌਲ ਫੇਰਿਆ। ਕੁਝ ਚਿਰ ਮਗਰੋਂ ਪੁਲੀਸ ਵੀ ਆ ਗਈ ਤੇ ਇਨ੍ਹਾਂ ਸਾਧਾਂ ਨੂੰ ਬਾਹਰ ਕੱਢ ਦਿੱਤਾ (ਪਰ ਗ੍ਰਿਫ਼ਤਾਰ ਨਹੀਂ ਕੀਤਾ)।

1992: ਅਯੁਧਿਆ ਵਿਚ ਬਾਬਰੀ ਮਸਜਿਦ ਢਾਹੀ

ਹਜ਼ਾਰਾਂ ਹਿੰਦੂ ਦਹਿਸ਼ਤਗਰਦਾਂ ਨੇ ਅਯੁਧਿਆ ਵਿਚ ਚੌਧਵੀਂ ਸਦੀ ਦੀ ਬਾਬਰੀ ਮਸਜਿਦ ਢਾਹ ਦਿੱਤੀ। ਇਸ ਮਗਰੋਂ ਸ਼ੁਰੂ ਹੋਏ ਹਿੰਦੂ-ਮੁਸਲਿਮ ਫ਼ਸਾਦ, ਜੋ ਦੋ ਮਹੀਨੇ ਚਲਦੇ ਰਹੇ, ਵਿਚ 2000 ਤੋਂ ਵਧ ਲੋਕ ਮਾਰੇ ਗਏ। ਇਸ ਮਸਜਿਦ ਦੇ ਢਾਹੁਣ ਦੀ ਲਹਿਰ ਨੂੰ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਲਾਲ ਕਿਸ਼ਨ ਅਡਵਾਨੀ, ਕਲਿਆਣ ਸਿੰਹ (ਚੀਫ਼ ਮਨਿਸਟਰ ਯੂ.ਪੀ.), ਅਟਲ ਬਿਹਾਰੀ ਵਾਜਪਾਈ, ਮੁਰਲੀ ਮਨੋਹਰ ਜੋਸ਼ੀ ਦੀ ਸਰਪਰਸਤੀ ਹਾਸਿਲ ਸੀ। 5 ਅਗਸਤ 2013 ਦੇ ਦਿਨ ਸਮਾਜਵਾਦੀ ਪਾਰਟੀ ਦੇ ਮੁਲਾਇਮ ਸਿੰਹ ਯਾਦਵ ਨੇ ਇੰਕਸ਼ਾਫ਼ ਕੀਤਾ ਕਿ ਇਸ ਐਕਸ਼ਨ ਦਾ ਭਾਰਤ ਦੇ ਰਾਸ਼ਟਰਪਤੀ ਸ਼ੰਕਰ ਦਿਆਲ ਸ਼ਰਮਾ (ਯਾਨਿ ਕਾਂਗਰਸ) ਨੂੰ ਪਹਿਲਾਂ ਹੀ ਪਤਾ ਸੀ ਪਰ ਉਨ੍ਹਾਂ ਨੇ ਇਸ ਨੂੰ ਰੋਕਣ ਵਾਸਤੇ ਕੁਝ ਵੀ ਨਾ ਕੀਤਾ।

2013: ਪੁਜਾਰੀਆਂ ਨੇ ਸਿੱਖਾਂ ਦੀ ਨਵੀਂ ਜਥੇਬੰਦੀ ਬਣਾਉਣ 'ਤੇ ਰੋਕ ਲਾਈ

6 ਦਸੰਬਰ 2013 ਦੇ ਦਿਨ ਪੰਜ ਪੁਜਾਰੀਆਂ ਨੇ ਸਿੱਖਾਂ ਦੀ ਕੋਈ ਵੀ ਨਵੀਂ ਜਥੇਬੰਦੀ ਬਣਾਉਣ 'ਤੇ ਰੋਕ ਲਾ ਦਿੱਤੀ। ਇਸ ਵਾਸਤੇ ਪਹਿਲਾਂ ਪੁਜਾਰੀਆਂ ਅਤੇ ਫਿਰ ਸ਼੍ਰੋਮਣੀ ਕਮੇਟੀ ਤੋਂ ਮਨਜ਼ੂਰੀ ਲੈਣ ਦੀ ਸ਼ਰਤ ਰਖ ਦਿੱਤੀ। ਇੰਵ ਹੀ ਉਨ੍ਹਾਂ ਨੇ ਦਿੱਲੀ ਤੇ ਸ਼੍ਰੋਮਣੀ ਗੁਰਦੁਆਰਾ ਕਮੇਟੀਆਂ ਨੂੰ ਫੇਸਬੁਕ ਤੇ ਹੋਰ ਸੋਸ਼ਲ ਸਾਈਟਾਂ 'ਤੇ ਨਿਗਰਾਨੀ ਰੱਖਣ ਵਾਸਤੇ ਕਦਮ ਚੁਕੱਣ ਵਾਸਤੇ ਵੀ ਕਿਹਾ। ਪਰ, ਇਨ੍ਹਾਂ ਬੇਹੂਦਾ ਐਲਾਨਾਂ ਨੂੰ ਕਿਸੇ ਸਿੱਖ ਨੇ ਨਾ ਮੰਨਿਆ।

7 ਦਸੰਬਰ

1705: ਚਮਕੌਰ ਵਿਚ ਸਿੱਖਾਂ ਅਤੇ ਸ਼ਾਹੀ ਫ਼ੌਜਾਂ ਵਿਚਕਾਰ ਲੜਾਈ – ਤਿੰਨ ਪਿਆਰੇ, 2 ਵੱਡੇ ਸਾਹਿਬਜ਼ਾਦੇ ਤੇ 38 ਸਿੰਘ ਸ਼ਹੀਦ ਹੋਏ

5 ਤੇ 6 ਦਸੰਬਰ ਦੀ ਰਾਤ ਨੂੰ ਅਨੰਦਪੁਰ ਵਿਚੋਂ ਨਿਕਲਣ ਮਗਰੋਂ 6-7 ਦਸੰਬਰ ਦੀ ਰਾਤ ਗੁਰੂ ਸਾਹਿਬ ਨੇ ਭਾਈ ਨਿਹੰਗ ਖ਼ਾਨ ਦੇ ਘਰ ਬਿਤਾਈ। ਪਹੁ-ਫੁੱਟਣ ਤੋਂ ਪਹਿਲਾਂ ਗੁਰੂ ਸਾਹਿਬ ਉਥੋਂ ਨਿਕਲ ਕੇ ਚਮਕੌਰ ਵੱਲ ਚਲ ਪਏ। ਗੁਰੂ ਸਾਹਿਬ ਨੂੰ ਮੁਸਲਿਮ ਇਲਾਕੇ ਵਿਚੋਂ ਲੰਘਾਉਣ ਅਤੇ ਚਮਕੌਰ ਦਾ ਰਸਤਾ ਦਿਖਾਉਣ ਵਾਸਤੇ ਨਿਹੰਗ ਖ਼ਾਨ ਦਾ ਬੇਟਾ ਆਲਮ ਖ਼ਾਨ ਗੁਰੂ ਸਾਹਿਬ ਨਾਲ ਬੂਰ ਮਾਜਰਾ ਤਕ ਗਿਆ। ਇਸ ਮਗਰੋਂ ਕੁਝ ਸਿੰਘ ਹੋਰ ਵੀ ਚਮਕੌਰ ਵਾਸਤੇ ਇਕੱਲੇ-ਇਕੱਲੇ ਚਲ ਪਏ। 7 ਤਾਰੀਖ਼ ਦੀ ਸਵੇਰ ਤੱਕ ਗੁਰੂ ਸਾਹਿਬ, ਦੋ ਵੱਡੇ ਸਾਹਿਬਜ਼ਾਦੇ ਅਤੇ 45 ਸਿੰਘ ਚਮਕੌਰ ਪਹੁੰਚ ਚੁੱਕੇ ਸਨ।

ਗੁਰੂ ਸਾਹਿਬ, ਦੋ ਸਾਹਿਬਜ਼ਾਦਿਆਂ ਅਤੇ 45 ਸਾਥੀ ਸਿੰਘਾਂ ਨੇ ਚਮਕੌਰ ਵਿਚ ਭਾਈ ਬੁੱਧੀ ਚੰਦ ਰਾਵਤ ਦੀ ਗੜ੍ਹੀ ਵਿਚ ਪੜਾਅ ਕੀਤਾ। ਦੋ ਰਾਤਾਂ ਦੇ ਉਨ੍ਹੀਂਦੇ ਅਤੇ ਲੰਬੇ ਪੈਦਲ ਸਫ਼ਰ ਦੀ ਵਜਹ ਕਰ ਕੇ ਇਹ ਸਾਰੇ ਦੇ ਸਾਰੇ ਸਿੰਘ ਥੱਕੇ ਹੋਏ ਸਨ ਇਸ ਕਰ ਕੇ ਉਹ ਸਾਰੇ ਛੇਤੀ ਹੀ ਸੌਂ ਗਏ ।

ਉਧਰ ਗੁਰੂ ਸਾਹਿਬ ਦੇ ਚਮਕੌਰ ਪੁੱਜਣ ਦੀ ਖ਼ਬਰ ਕਿਸੇ ਨੇ ਰੋਪੜ ਥਾਣੇ ਵਿਚ ਪਹੁੰਚਾ ਦਿੱਤੀ। ਉਸ ਵੇਲੇ ਰੋਪੜ ਵਿਚ ਮਲੇਰਕੋਟਲੇ ਦੀਆਂ 700 ਫ਼ੌਜਾਂ, ਨਵਾਬ ਸ਼ੇਰ ਮੁਹੰਮਦ ਖ਼ਾਨ ਦੇ ਛੋਟੇ ਭਰਾ ਨਾਹਰ ਖਾਂ ਦੀ ਅਗਵਾਈ ਵਿਚ, ਅਨੰਦਪੁਰ ਸਾਹਿਬ 'ਤੇ ਹਮਲਾ ਕਰਨ ਵਿਚ ਹਿੱਸਾ ਪਾਉਣ ਵਾਸਤੇ ਵੀ ਪੁੱਜੀਆਂ ਹੋਈਆਂ ਸਨ। ਗੁਰੂ ਜੀ ਦੇ ਚਮਕੌਰ ਵਿਚ ਹੋਣ ਦੀ ਖ਼ਬਰ ਮਿਲਦਿਆਂ ਹੀ ਉਹ 700 ਫੌਜਾਂ ਵੀ ਇਕ ਦਮ ਚਮਕੌਰ ਵੱਲ ਚੱਲ ਪਈਆਂ। ਸ਼ਾਮ ਵੇਲੇ ਸਾਰੀਆਂ ਸ਼ਾਹੀ ਫ਼ੌਜਾਂ ਚਮਕੌਰ ਪੁੱਜ ਗਈਆਂ। ਫ਼ੌਜ ਦੇ ਆਉਣ ਬਾਰੇ ਗੁਰੂ ਸਾਹਿਬ ਨੂੰ ਪਹਿਲੋਂ ਹੀ ਪਤਾ ਲੱਗ ਚੁੱਕਾ ਸੀ । ਉਸ ਵੇਲੇ ਹਾਲਾਤ ਅਜਿਹੇ ਸਨ ਕਿ ਸਿੰਘਾਂ ਦਾ ਚਮਕੌਰ ਤੋਂ ਨਿਕਲ ਜਾਣਾ ਆਸਾਨ ਨਹੀਂ ਸੀ। ਇਸ ਕਰਕੇ ਗੁਰੂ ਸਾਹਿਬ ਨੇ ਤੁਰਕ ਫ਼ੌਜ ਦਾ ਟਾਕਰਾ ਉੱਥੇ ਹੀ ਕਰਨ ਦਾ ਫ਼ੈਸਲਾ ਕੀਤਾ। ਗੁਰੂ ਸਾਹਿਬ ਦੇ ਨਾਲ ਸਿਰਫ਼ 47 ਸਿੰਘ ਸਨ ਤੇ ਦੂਜੇ ਪਾਸੇ ਤੁਰਕ ਫ਼ੌਜ ਵੱਡੀ ਗਿਣਤੀ ਵਿਚ ਸਨ। ਜ਼ਫ਼ਰਨਾਮਾ ਨਾਂ ਦੀ ਕਵਿਤਾ ਦੇ ਲੇਖਕ (ਇਸ ਕਵਿਤਾ ਦੇ ਲੇਖਕ ਗੁਰੂ ਗੋਬਿੰਦ ਸਿੰਘ ਨਹੀਂ ਹਨ) ਨੇ ਇਸ ਫ਼ੌਜ ਦੀ ਗਿਣਤੀ 10 ਲੱਖ ਲਿਖੀ ਹੈ, ਜੋ ਨਾਮੁਮਕਿਨ ਸੀ। ਉਂਵ ਚਮਕੌਰ ਸਾਹਿਬ ਵਿਚ 10 ਲੱਖ ਬੰਦੇ ਆ ਵੀ ਜਾਣ ਤਾਂ ਸਵਾਲ ਪੈਦਾ ਹੋਵੇਗਾ ਕਿ ਉਹ ਕਿੰਨੇ ਲੰਬੇ ਚੌੜੇ ਮੈਦਾਨ ਵਿਚ ਖੜੇ ਹੋਣਗੇ? ਦੂਜਾ, ਉਸ ਵੇਲੇ ਰੋਪੜ ਦੇ ਨਵਾਬ ਤੇ ਦੇ ਸੂਬੇਦਾਰ ਤਾਂ ਕੀ ਔਰੰਗਜ਼ੇਬ ਦੀ ਕੁਲ ਫ਼ੌਜ (ਮਨਸਬਦਾਰਾਂ ਦੀ ਫ਼ੌਜ ਨੂੰ ਮਿਲਾ ਕੇ ਵੀ) ਦੋ ਲੱਖ ਨਹੀਂ ਸੀ ਬਣਦੀ।

ਸਿੱਖ ਭਾਵੇਂ ਗਿਣਤੀ ਵਿਚ 47 ਸਨ ਤੇ ਮੁਗ਼ਲ ਫ਼ੌਜ ਦੀ ਗਿਣਤੀ ਬਹੁਤ ਜ਼ਿਆਦਾ ਸੀ ਪਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਚਮਕੌਰ ਦੀ ਗੜ੍ਹੀ ਦੀ ਵਿਉਂਤਬੰਦੀ ਬੜੇ ਸ਼ਾਨਦਾਰ ਤਰੀਕੇ

ਨਾਲ ਕੀਤੀ। ਉਨ੍ਹਾਂ ਨੇ 8-8 ਸਿੰਘ ਗੜ੍ਹੀ ਦੀਆਂ ਦੀਵਾਰਾਂ ਨਾਲ ਖੜੇ ਕਰ ਦਿੱਤੇ। ਭਾਈ ਧਰਮ ਸਿੰਘ ਤੇ ਭਾਈ ਆਲਿਮ ਸਿੰਘ ਨੱਚਣਾ ਨੂੰ ਹੱਲਾ-ਸ਼ੇਰੀ ਦੇਣ ਅਤੇ ਖੜਕਾ-ਦੜਕਾ ਕਰਨ ਵਾਸਤੇ ਬੀਰ-ਰਸੀ ਬੋਲਾਂ ਦੀ ਸੇਵਾ ਬਖ਼ਸ਼ੀ ਗਈ। ਭਾਈ ਦਯਾ ਸਿੰਘ, ਮੋਹਕਮ ਸਿੰਘ, ਸਾਹਿਬ ਸਿੰਘ, ਹਿੰਮਤ ਸਿੰਘ ਤੋਂ ਇਲਾਵਾ ਦੋਵੇਂ ਸਾਹਿਬਜ਼ਾਦੇ ਗੁਰੂ ਸਾਹਿਬ ਦੀ ਢਾਲ ਬਣ ਕੇ ਹਾਜ਼ਿਰ ਰਹੇ। ਗੜ੍ਹੀ ਦੇ ਦਰਵਾਜ਼ੇ ਦੀ ਰਾਖੀ ਵਾਸਤੇ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਨੂੰ ਤਾਇਨਾਤ ਕੀਤਾ ਗਿਆ। ਉਨ੍ਹਾਂ ਦੇ ਪਿੱਛੇ ਭਾਈ ਸ਼ੇਰ ਸਿੰਘ ਤੇ ਭਾਈ ਨਾਹਰ ਸਿੰਘ ਖੜੇ ਹੋਏ।

ਸਰਕਾਰੀ ਫ਼ੌਜ ਨੇ ਗੜ੍ਹੀ 'ਤੇ ਪੁੱਜਦਿਆਂ ਹੀ ਇਕ ਦਮ ਹਮਲਾ ਕਰ ਦਿੱਤਾ। ਹਜ਼ਾਰਾਂ ਸਿਪਾਹੀਆਂ ਦਾ ਹਮਲਾ ਰੋਕਣ ਵਾਸਤੇ ਸਿੰਘਾਂ ਨੇ ਇਕ ਦਮ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ। ਇਸ ਨਾਲ ਤੁਰਕ ਫ਼ੌਜ ਨੇ ਸਿੱਧਾ ਹਮਲਾ ਕਰਨਾ ਬੰਦ ਕਰ ਦਿੱਤਾ। ਕੁਝ ਚਿਰ ਰੁਕਣ ਮਗਰੋਂ ਰੋਪੜ ਦੀ ਫ਼ੌਜ ਦਾ ਮੁਖੀ ਨਾਹਰ ਖਾਂ ਤੀਰ ਕਮਾਨ ਫੜ ਕੇ ਅੱਗੇ ਵਧਿਆ। ਉਹ ਮੰਨਿਆ ਹੋਇਆ ਯੋਧਾ ਸੀ ਤੇ ਉਸ ਨੇ ਯਕੀਨਨ ਦੋ ਚਾਰ ਸਿੰਘ ਆਪਣੇ ਤੀਰਾਂ ਨਾਲ ਹੀ ਸ਼ਹੀਦ ਕਰ ਦੇਣੇ ਸਨ। ਇਸ ਗੱਲ ਨੂੰ ਭਾਂਪਦੇ ਹੋਏ ਗੁਰੂ ਸਾਹਿਬ ਨੇ ਇਕ ਤੀਰ ਸਿੱਧਾ ਨਾਹਰ ਖਾਂ ਵੱਲ ਚਲਾਇਆ। ਗੁਰੂ ਜੀ ਦੇ ਤੀਰ ਨਾਲ ਨਾਹਰ ਖਾਂ ਥਾਇਂ ਹੀ ਢੇਰੀ ਹੋ ਗਿਆ। ਨਾਹਰ ਖਾਂ ਦੇ ਮਰਨ ਨਾਲ ਤੁਰਕ ਫ਼ੌਜ ਦੇ ਹੌਸਲੇ ਟੁੱਟ ਗਏ ਤੇ ਉਹ ਪਿੱਛੇ ਹਟ ਗਈ। ਪਰ ਉਨ੍ਹਾਂ ਵਿਚੋਂ ਇਕ ਪਠਾਣ ਉਥੋਂ ਨਾ ਹਿਲਿਆ। ਉਸ ਜੋਸ਼ੀਲੇ ਪਠਾਣ ਨੇ ਵਾਰ-ਵਾਰ ਅੱਗੇ ਵਧ ਕੇ ਗੜ੍ਹੀ 'ਤੇ ਹਮਲਾ ਕੀਤਾ। ਉਸ ਉੱਤੇ ਚਲਾਏ ਕੁਝ ਤੀਰ ਬੇਅਸਰ ਰਹੇ ਤੇ ਉਹ ਗੜ੍ਹੀ ਦੇ ਦਰਵਾਜ਼ੇ ਤੱਕ ਪੁੱਜ ਗਿਆ। ਦਰਵਾਜ਼ੇ 'ਤੇ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਖੜੇ ਸਨ। ਉਨ੍ਹਾਂ ਦੋਹਾਂ ਨੇ ਉਸ ਪਠਾਣ 'ਤੇ ਕਈ ਵਾਰ ਹਮਲੇ ਕੀਤੇ ਪਰ, ਉਹ ਪਠਾਣ ਵੀ ਕੋਈ ਮੰਨਿਆ ਯੋਧਾ ਸੀ। ਉਸ ਨੇ ਕਈ ਵਾਰ ਬਚਾਏ ਤੇ ਉਲਟਾ ਕਈ ਪਰਤਵੇਂ ਵਾਰ ਉਨ੍ਹਾਂ ਦੋਹਾਂ 'ਤੇ ਕੀਤੇ। ਇਸ ਹੱਥੋ-ਹੱਥ ਲੜਾਈ ਵਿਚ ਉਹ ਪਠਾਣ ਵੀ ਮਾਰਿਆ ਗਿਆ ਅਤੇ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਵੀ ਸ਼ਹੀਦ ਹੋ ਗਏ। ਇਹ ਦੋਵੇਂ ਚਮਕੌਰ ਦੀ ਗੜ੍ਹੀ ਦੇ ਪਹਿਲੇ ਸ਼ਹੀਦ ਸਨ। ਚਮਕੌਰ ਵਿਚ ਸ਼ਹੀਦ ਹੋਣ ਵਾਲੇ 40 ਸਿੰਘ ਇਹ ਸਨ: 1.ਭਾਈ ਹਿੰਮਤ ਸਿੰਘ 2. ਭਾਈ ਮੋਹਕਮ ਸਿੰਘ 3. ਭਾਈ ਸਾਹਿਬ ਸਿੰਘ (ਤਿੰਨ ਪਿਆਰੇ) 4. ਭਾਈ ਦੇਵਾ ਸਿੰਘ 5. ਭਾਈ ਰਾਮ ਸਿੰਘ 6. ਭਾਈ ਟਹਿਲ ਸਿੰਘ 7. ਭਾਈ ਈਸ਼ਰ ਸਿੰਘ 8. ਭਾਈ ਫ਼ਤਹਿ ਸਿੰਘ (ਪੰਜ ਮੁਕਤੇ) 9. ਭਾਈ ਅਨਕ ਸਿੰਘ 10. ਭਾਈ ਅਜਬ ਸਿੰਘ 11. ਭਾਈ ਅਜਾਇਬ ਸਿੰਘ (ਭਾਈ ਮਨੀ ਸਿੰਘ ਦੇ ਤਿੰਨ ਪੁੱਤਰ) 12. ਭਾਈ ਦਾਨ ਸਿੰਘ (ਭਾਈ ਮਨੀ ਸਿੰਘ ਦਾ ਭਰਾ) 13. ਭਾਈ ਆਲਿਮ ਸਿੰਘ ਨੱਚਣਾ 14. ਭਾਈ ਵੀਰ ਸਿੰਘ (ਉਸ ਦਾ ਭਰਾ) 15. ਭਾਈ ਮੋਹਰ ਸਿੰਘ 16. ਭਾਈ ਅਮੋਲਕ ਸਿੰਘ (ਭਾਈ ਆਲਿਮ ਸਿੰਘ ਨੱਚਣਾ ਦੇ ਦੋ ਪੁੱਤਰ) 17. ਭਾਈ ਮਦਨ ਸਿੰਘ 18. ਭਾਈ ਕਾਠਾ ਸਿੰਘ 19. ਭਾਈ ਨਾਹਰ ਸਿੰਘ 20. ਭਾਈ ਸ਼ੇਰ ਸਿੰਘ 21. ਭਾਈ ਕਿਰਪਾ ਸਿੰਘ ਦੱਤ ਤੇ ਉਸ ਦਾ ਭਰਾ 22. ਭਾਈ ਸਨਮੁਖ ਸਿੰਘ 23. ਭਾਈ ਨਾਨੂੰ ਸਿੰਘ ਦਿਲਵਾਲੀ 24. ਭਾਈ ਬਖਸ਼ਿਸ਼ ਸਿੰਘ 25. ਭਾਈ ਗੁਰਬਖਸ਼ੀਸ਼ ਸਿੰਘ 26. ਭਾਈ ਮੁਕੰਦ ਸਿੰਘ 27. ਭਾਈ ਮੁਕੰਦ ਸਿੰਘ (ਦੂਜਾ) 28. ਭਾਈ ਖ਼ਜ਼ਾਨ ਸਿੰਘ 29. ਭਾਈ ਲਾਲ ਸਿੰਘ 30. ਭਾਈ ਜਵਾਹਰ ਸਿੰਘ 31. ਭਾਈ ਕੀਰਤ ਸਿੰਘ 32. ਭਾਈ ਸ਼ਾਮ ਸਿੰਘ 33. ਭਾਈ ਹੁਕਮ ਸਿੰਘ 34. ਭਾਈ ਕੇਸਰਾ ਸਿੰਘ 35. ਭਾਈ ਧੰਨਾ ਸਿੰਘ 36. ਭਾਈ ਸੁੱਖਾ ਸਿੰਘ 37. ਭਾਈ ਬੁੱਢਾ ਸਿੰਘ 38. ਭਾਈ ਅਨੰਦ ਸਿੰਘ 39. ਭਾਈ ਸੰਤ ਸਿੰਘ ਭੰਗੇਸ਼ਰੀ 40. ਭਾਈ ਸੰਗਤ ਸਿੰਘ ਅਰੋੜਾ (ਆਖ਼ਰੀ ਦੋਵੇਂ 8 ਦਸੰਬਰ ਦੀ ਸਵੇਰ ਨੂੰ ਸ਼ਹੀਦ ਹੋਏ ਸਨ)। ਰਾਤ ਨੂੰ ਨਬੀ ਖ਼ਾਨ ਅਤੇ ਗਨੀ ਖ਼ਾਨ ਗੁਰੂ ਸਾਹਿਬ ਨੂੰ ਉੱਥੋਂ ਕੱਢ ਕੇ ਲੈ ਗਏ। ਚਮਕੌਰ ਤੋਂ ਗੁਰੂ ਸਾਹਿਬ ਮਾਛੀਵਾੜਾ ਪੁੱਜੇ। ਨੋਟ: ਕੁਝ ਲੇਖਕਾਂ ਨੇ ਚਮਕੌਰ ਦੇ ਚਾਲ੍ਹੀ ਮੁਕਤਿਆਂ ਵਿਚ ਹੋਰ ਨਾਂ ਦਿੱਤੇ ਹਨ। ਇਨ੍ਹਾਂ ਵਿਚ ਭਾਈ ਸੰਤੋਖ ਸਿੰਘ,

ਗਿਆਨੀ ਗਿਆਨ ਸਿੰਘ, ਭਾਈ ਸੁਮੇਰ ਸਿੰਘ ਤੇ ਭਾਈ ਕਾਨ੍ਹ ਸਿੰਘ ਨਾਭਾ ਹਨ। ਪਰ ਭੱਟ ਵਹੀਆਂ ਦੇ ਸਬੂਤਾਂ ਨੂੰ ਸਾਹਮਣੇ ਰੱਖਿਆ ਇਹ ਸੂਚੀਆਂ ਸਹੀ ਸਾਬਿਤ ਨਹੀਂ ਹੁੰਦੀਆਂ।

1715: ਬੰਦਾ ਸਿੰਘ ਬਹਾਦਰ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਗ੍ਰਿਫ਼ਤਾਰ ਹੋਏ

ਮਾਰਚ 1715 ਵਿਚ ਜਦ ਬੰਦਾ ਸਿੰਘ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਸਾਰੇ ਪਾਸਿਓਂ ਬੁਰੀ ਤਰ੍ਹਾਂ ਘਿਰ ਗਿਆ ਤਾਂ ਉਸ ਕੋਲ ਤਕਰੀਬਨ ਪੰਜ ਕੁ ਹਜ਼ਾਰ ਫ਼ੌਜ ਸੀ। ਇਸ ਗੜ੍ਹੀ ਵਿਚ ਸਿਰਫ਼ ਹਜ਼ਾਰ-ਬਾਰ੍ਹਾਂ ਸੌ ਬੰਦੇ ਹੀ ਸਮਾ ਸਕਦੇ ਸਨ। ਜਦ ਏਨੇ ਕੁ ਸਿੱਖ ਗੜ੍ਹੀ ਵਿਚ ਵੜ ਗਏ ਤਾਂ ਬਾਕੀਆਂ ਕੋਲ ਘੇਰਾ ਚੀਰ ਕੇ ਨਿਕਲਣ ਦੀ ਕੋਸ਼ਿਸ਼ ਕਰਨ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਇਸ ਕਰ ਕੇ ਬਾਕੀ ਦੇ ਚਾਰ ਕੁ ਹਜ਼ਾਰ ਸਿੱਖਾਂ ਨੇ ਇਕ ਪਾਸੇ ਵੱਲ ਭੱਜਣਾ ਸ਼ੁਰੂ ਕਰ ਦਿਤਾ। ਪਰ ਘੇਰਾ ਚਾਰੇ ਪਾਸਿਓਂ ਪਿਆ ਹੋਣ ਕਰ ਕੇ ਇਨ੍ਹਾਂ ਵਿੱਚੋਂ ਬਹੁਤੇ ਸਿੱਖ ਮਾਰੇ ਗਏ।ਇਸ ਮੌਕੇ 'ਤੇ ਤਿੰਨ ਤੋਂ ਚਾਰ ਹਜ਼ਾਰ ਤਕ ਸਿੱਖ ਮਾਰੇ ਗਏ ਤੇ ਬਹੁਤ ਸਾਰੇ ਗ੍ਰਿਫ਼ਤਾਰ ਕਰ ਲਏ ਗਏ। ਸ਼ਹੀਦ ਸਿੱਖਾਂ ਵਿੱਚੋਂ 2 ਹਜ਼ਾਰ ਦੇ ਸਿਰ ਕੱਟ ਕੇ ਅਤੇ ਜਿਊਂਦੇ ਸਿੱਖਾਂ ਨੂੰ ਬੇੜੀਆਂ ਪਾ ਕੇ ਬਾਦਸ਼ਾਹ ਕੋਲ ਪੇਸ਼ ਕਰਨ ਵਾਸਤੇ ਦਿੱਲੀ ਟੋਰ ਦਿਤਾ ਗਿਆ।

ਜਦੋਂ ਬੰਦਾ ਸਿੰਘ ਨੇ ਆਪਣੇ ਆਪ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਬੰਦ ਕਰ ਲਿਆ ਤਾਂ ਅਬਦੁਸ ਸਮਦ ਖ਼ਾਨ ਨੇ ਗੁਰਦਾਸ ਨੰਗਲ ਨੂੰ ਘੇਰਾ ਪਾ ਲਿਆ। ਮੁਗ਼ਲਾਂ ਦੀ ਵੱਡੀ ਫ਼ੌਜ ਦੀ ਕਮਾਂਡ ਅਬਦੁਸ ਸਮਦ ਖ਼ਾਨ ਖ਼ੁਦ ਕਰ ਰਿਹਾ ਸੀ। ਸੈਫ਼-ਉਦ-ਦੀਨ ਅਹਿਮਦ ਖ਼ਾਨ (ਫ਼ੌਜਦਾਰ ਗੁਜਰਾਤ), ਇਰਾਦਤ ਮੰਦ ਖ਼ਾਨ (ਫ਼ੌਜਦਾਰ ਏਮਨਾਬਾਦ), ਨੂਰ ਮੁਹੰਮਦ ਖ਼ਾਨ (ਫ਼ੌਜਦਾਰ ਔਰੰਗਬਾਦ ਤੇ ਪਸਰੂਰ), ਸ਼ੇਖ ਮੁਹੰਮਦ ਦਾਯਮ (ਫ਼ੌਜਦਾਰ ਬਟਾਲਾ), ਸੁਹਰਾਬ ਖ਼ਾਨ (ਫ਼ੌਜਦਾਰ ਕਲਾਨੌਰ), ਹਮੀਰ ਚੰਦ ਕਟੋਚ (ਰਾਜਾ ਕਾਂਗੜਾ), ਧਰੁਵ ਦੇਵ ਜਸਰੋਟੀਏ ਦਾ ਪੁਤਰ ਹਰਿ ਦੇਵ ਵੀ ਆਪਣੀਆਂ ਫ਼ੌਜਾਂ ਲੈ ਕੇ ਆਰਿਫ਼ ਬੇਗ਼ ਖ਼ਾਨ (ਨਾਇਬ ਸੂਬੇਦਾਰ ਲਾਹੌਰ) ਦੀ ਅਗਵਾਈ ਵਿਚ ਗੁਰਦਾਸ ਨੰਗਲ ਪਹੁੰਚ ਗਏ ਸਨ)। ਇਨ੍ਹਾਂ ਸਾਰਿਆਂ ਨੇ ਪਿੰਡ ਗੁਰਦਾਸ ਨੰਗਲ ਤੋਂ ਥੋੜ੍ਹੀ ਦੂਰੀ 'ਤੇ ਮੋਰਚੇ ਪੁਟ ਲਏ। ਗੜ੍ਹੀ ਦੇ ਉੱਤਰ ਵੱਲ ਜ਼ਕਰੀਆ ਖ਼ਾਨ (ਫ਼ੌਜਦਾਰ ਜੰਮੂ) ਅਤੇ ਜ਼ੈਨ-ਉਦ-ਦੀਨ ਅਹਿਮਦ ਖ਼ਾਨ (ਸੂਬੇਦਾਰ ਸਰਹੰਦ), ਦੱਖਣ ਵੱਲ ਅਬਦੁਸ ਸਮਦ ਖ਼ਾਨ (ਸੂਬੇਦਾਰ ਲਾਹੌਰ) ਤੇ ਪੱਛਮ ਵੱਲ ਪੱਟੀ, ਐਮਨਾਬਾਦ, ਬਟਾਲਾ, ਕਲਾਨੌਰ, ਔਰੰਗਾਬਾਦ, ਗੁਜਰਾਤ ਦੇ ਫ਼ੌਜਦਾਰਾਂ ਅਤੇ ਕਾਂਗੜਾ ਤੇ ਜਸਰੋਟਾ ਦੇ ਹਿੰਦੂ ਰਾਜਿਆਂ ਦੀਆਂ ਫ਼ੌਜਾਂ ਨੇ ਮੋਰਚੇ ਸੰਭਾਲੇ ਹੋਏ ਸਨ। ਯਾਨਿ ਬੰਦਾ ਸਿੰਘ ਸਾਰੇ ਪਾਸਿਆਂ ਤੋਂ ਵੱਡੀਆਂ ਫ਼ੌਜਾਂ ਨਾਲ ਬੁਰੀ ਤਰ੍ਹਾਂ ਘਿਰਿਆ ਹੋਇਆ ਸੀ।

ਇਸ ਵੇਲੇ ਬੰਦਾ ਸਿੰਘ ਨਾਲ ਬਹੁਤ ਵੱਡੀ ਫ਼ੌਜ ਨਹੀਂ ਸੀ। ਪਰ ਇਨ੍ਹਾਂ ਸਿੱਖਾਂ ਵਾਸਤੇ ਵੀ ਗੜ੍ਹੀ ਅੰਦਰ ਕਾਫ਼ੀ ਖ਼ੁਰਾਕ ਨਹੀਂ ਸੀ। ਸਿੱਖ ਪਹਿਲਾਂ-ਪਹਿਲ ਤਾਂ ਗੜ੍ਹੀ 'ਚੋਂ ਨਿਕਲ ਕੇ ਨੇੜੇ ਦੇ ਪਿੰਡਾਂ 'ਤੇ ਹਮਲੇ ਕਰ ਕੇ ਦਾਣਾ ਅਤੇ ਡੰਗਰ ਖੋਹ ਕੇ ਗੜ੍ਹੀ ਅੰਦਰ ਲੈ ਜਾਂਦੇ ਰਹੇ। ਅਪ੍ਰੈਲ ਦੇ ਦੂਜੇ ਹਫ਼ਤੇ ਮੁਗਲ ਫ਼ੌਜਾਂ ਦੀਆਂ ਕੁਝ ਟੁਕੜੀਆਂ ਨੇ ਅੱਗੇ ਵਧ ਕੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਲੜਾਈ ਵਿਚ ਦੋਹਾਂ ਧਿਰਾਂ ਦਾ ਬੜਾ ਨੁਕਸਾਨ ਹੋਇਆ। ਇਕ ਦਿਨ ਸਿੱਖ ਫ਼ੌਜਾਂ ਨੇ ਗੜ੍ਹੀ 'ਚੋਂ ਨਿਕਲ ਕੇ ਕੋਟਲੀ ਪਿੰਡ ਵਿਚੋਂ ਲੱਕੜ ਲਿਆਉਣ ਦੀ ਕੋਸ਼ਿਸ਼ ਕੀਤੀ। ਧਰੁਵ ਦੇਵ ਜਸਰੋਟੀਏ ਦੀ ਫ਼ੌਜ ਨੇ ਉਨ੍ਹਾਂ 'ਤੇ ਹਮਲਾ ਕਰ ਦਿਤਾ। ਕਈ ਸਿੱਖ ਮਾਰੇ ਗਏ ਤੇ ਬਚੇ ਹੋਏ ਗੜ੍ਹੀ ਵਿਚ ਵਾਪਿਸ ਦੌੜ ਗਏ। ਹੁਣ ਇਹ ਰਸਤਾ ਵੀ ਬੰਦ ਹੋ ਗਿਆ। ਹੁਣ ਹਰ ਦਿਸ਼ਾ ਵਿਚ ਕਿਲ੍ਹੇ ਵਿਚੋਂ ਬਾਹਰ ਆਉਣ ਵਾਲੇ ਸਿੱਖਾਂ 'ਤੇ ਤੀਰਾਂ ਅਤੇ ਬੰਦੂਕਾਂ ਨਾਲ ਹਮਲਾ ਹੁੰਦਾ ਸੀ ਤੇ ਜੇ ਉਹ ਇਨ੍ਹਾਂ ਦੇ ਵਾਰ ਤੋਂ ਬਚ ਜਾਂਦੇ ਸਨ ਤਾਂ ਉਨ੍ਹਾਂ ਦੀ ਅਗੇ ਵਧਦੀ ਮੁਗ਼ਲ ਫ਼ੌਜਾਂ ਨਾਲ ਲੜਾਈ ਹੁੰਦੀ ਸੀ ਜਿਸ ਵਿਚ ਬਹੁਤ ਸਾਰੇ ਸਿੱਖ ਸ਼ਹੀਦ ਹੋ ਜਾਂਦੇ ਸਨ।

ਜਦ ਸਿੱਖਾਂ ਨੂੰ ਘਿਰਿਆਂ ਨੂੰ ਢਾਈ ਮਹੀਨੇ ਹੋ ਚੁਕੇ ਸਨ। *ਇਬਰਤਨਾਮਾ* ਦਾ ਲਿਖਾਰੀ ਮੁਹੰਮਦ ਕਾਸਿਮ ਜੋ ਉਸ ਵੇਲੇ ਨਾਇਬ ਸੂਬੇਦਾਰ ਆਰਿਫ਼ ਬੇਗ਼ ਖ਼ਾਨ ਦੇ ਨਾਲ ਤਾਇਨਾਤ ਸੀ, ਲਿਖਦਾ ਹੈ ਕਿ *"ਸਿੱਖ ਦਿਨ ਵਿਚ ਦੋ ਤਿੰਨ ਵਾਰ ਗੜ੍ਹੀ ਵਿਚੋਂ 40-50 ਦੇ ਟੋਲਿਆਂ ਵਿਚ ਨਿਕਲਦੇ ਸਨ ਤੇ ਆਪਣੇ ਵਾਸਤੇ ਅਤੇ ਘੋੜਿਆਂ ਵਾਸਤੇ ਦਾਣਾ ਪਾਣੀ ਲੈ ਜਾਇਆ ਕਰਦੇ ਸਨ। ਇਨ੍ਹਾਂ ਸਿੱਖਾਂ ਨੂੰ ਰੋਕਣ ਵਾਸਤੇ ਮੁਘ਼ਾਲ ਫ਼ੌਜੀ ਕੋਸ਼ਿਸ਼ ਤਾਂ ਕਰਦੇ ਸਨ ਪਰ ਅੰਦਰੋਂ ਸਿੱਖਾਂ ਦੇ ਤੀਰਾਂ ਅਤੇ ਗੋਲੀਆਂ ਦੀ ਬੌਛਾੜ ਨਾਲ ਬਹੁਤ ਸਾਰੇ ਮੁਗ਼ਲ ਫ਼ੌਜੀ ਮਾਰੇ ਜਾਂਦੇ ਸਨ। ਜਿਹੜੇ ਮੁਗ਼ਲ ਫ਼ੌਜੀ ਉਨ੍ਹਾਂ ਦੇ ਨੇੜੇ ਜਾਂਦੇ ਸਨ ਉਹ ਤਾਂ ਸਿੱਖਾਂ ਦੀਆਂ ਕਿਰਪਾਨਾਂ ਦਾ ਹੀ ਖਾਜਾ ਬਣ ਜਾਂਦੇ ਸਨ।"* ਮੁਹੰਮਦ ਕਾਸਿਮ ਹੋਰ ਲਿਖਦਾ ਹੈ ਕਿ ਮੁਗ਼ਲ ਫ਼ੌਜੀ ਇੱਥੋਂ ਤਕ ਦੁਆ ਕਰਦੇ ਰਹਿੰਦੇ ਸਨ ਕਿ: "ਹੇ ਅਲ੍ਹਾ! ਬੰਦਾ ਸਿੰਘ ਕਿਸੇ ਤਰੀਕੇ ਨਾਲ ਏਥੋਂ ਨਿਕਲ ਜਾਵੇ ਤਾਂ ਜੋ ਸਾਡੀ ਜਾਨ ਬਚ ਸਕੇ।"

ਖ਼ਾਫ਼ੀ ਖ਼ਾਨ, ਮੁਸਲਮਾਨ ਫ਼ੌਜੀਆਂ ਵਿਚ ਫੈਲੇ ਹੋਏ ਡਰ ਅਤੇ ਦਹਿਸ਼ਤ ਬਾਰੇ, ਲਿਖਦਾ ਹੈ ਕਿ "ਜੇ ਕਰ ਗੜ੍ਹੀ ਵਿੱਚੋਂ ਕੋਈ ਬਿੱਲੀ ਕੁੱਤਾ ਬਾਹਰ ਨਿਕਲਦਾ ਤਾਂ ਮੋਰ-ਚਾਲ 'ਤੇ ਨੀਅਤ ਕੀਤੇ ਹੋਏ ਸ਼ਾਹੀ ਆਦਮੀ ਇਸ ਨੂੰ ਵੀ ਜਾਦੂ ਦਾ ਕਾਰਾ ਸਮਝ ਕੇ ਦੂਰੋਂ ਹੀ ਤੀਰ ਜਾਂ ਬੰਦੂਕ ਨਾਲ ਮਾਰ ਸੁੱਟਦੇ।" ਯਾਨਿ, ਮੁਸਲਮਾਨ ਫ਼ੌਜੀ ਸਮਝਦੇ ਸਨ ਕਿ ਬੰਦਾ ਸਿੰਘ ਜਾਦੂ ਜਾਣਦਾ ਹੈ ਤੇ ਸ਼ਾਇਦ ਉਹ ਬਿੱਲੀ ਜਾਂ ਕੁੱਤਾ ਬਣ ਕੇ ਨਿਕਲ ਰਿਹਾ ਹੋਵੇ।

ਜੁਲਾਈ ਵਿਚ ਬਰਸਾਤਾਂ ਸ਼ੁਰੂ ਹੋ ਗਈਆਂ। ਹੁਣ ਮੁਗ਼ਲਾਂ ਦੀ ਮੁਹਿੰਮ ਵੀ ਠੰਡੀ ਪੈ ਗਈ। ਇਕ ਤਾਂ ਲੜਾਈ ਲੰਬੀ ਹੋਣ ਕਾਰਨ ਤੇ ਦੂਜਾ ਬਰਸਾਤਾਂ ਕਾਰਨ ਮੁਗ਼ਲ ਵੀ ਢਿੱਲੇ ਪੈ ਗਏ ਪਰ ਅਜਿਹਾ ਜਾਪਦਾ ਹੈ ਕਿ ਬੰਦਾ ਸਿੰਘ ਨੇ ਐਵੇਂ ਅੜੀ ਕਰ ਲਈ ਸੀ ਵਰਨਾ ਇਸ ਮੌਕੇ 'ਤੇ ਘੇਰਾ ਚੀਰ ਕੇ ਨਿਕਲ ਜਾਣ ਨਾਲ ਸ਼ਾਇਦ ਅੱਧੇ ਕੁ ਸਿੱਖ ਬਚ ਜਾਣੇ ਸਨ। ਇਹ ਚੁਸਾਮਾ (ਮਈ ਤੋਂ ਅਗਸਤ) ਸ਼ਾਇਦ ਬਚਣ ਦੀ ਕੋਸ਼ਿਸ਼ ਕਰਨ ਦਾ ਕੁਝ ਮੌਕਾ ਹੋ ਸਕਦਾ ਸੀ। ਪਰ ਬੰਦਾ ਸਿੰਘ ਨੇ ਅਜਿਹਾ ਨਹੀਂ ਕੀਤਾ। ਇੰਝ ਸਿੱਖ ਪੂਰੀਆਂ ਗਰਮੀਆਂ, ਪੂਰਾ ਚੁਮਾਸਾ ਤੇ ਅੱਧੀਆਂ ਸਰਦੀਆਂ (ਯਾਨਿ ਮਾਰਚ ਤੋਂ ਨੋਵੰਬਰ ਤਕ, ਤਕਰੀਬਨ 8 ਮਹੀਨੇ) ਗੜ੍ਹੀ ਵਿਚ ਰੁਕੇ ਰਹੇ। ਅਖ਼ੀਰ ਉਹੀ ਹੋਇਆ ਜਿਸ ਦਾ ਹਲ ਕੋਈ ਕਿਆਸ ਕਰ ਸਕਦਾ ਸੀ। 7 ਦਸੰਬਰ 1715 ਨੂੰ ਫ਼ੈਸਲੇ ਦਾ ਦਿਨ ਆ ਗਿਆ। ਗੁਰਦਾਸ ਨੰਗਲ ਵਿਚ ਘਿਰੇ ਸਿੱਖਾਂ ਵਿਚੋਂ ਬਹੁਤ ਸਾਰੇ ਦਸਤ-ਮਰੋੜਾਂ ਤੇ ਪੀੜਾਂ ਨਾਲ ਮਰ ਗਏ...ਜਦ ਸਾਰਾ ਘਾਹ ਮੁੱਕ ਗਿਆ ਤਾਂ ਉਨ੍ਹਾਂ ਦਰਖ਼ਤਾਂ ਦੇ ਪੱਤੇ ਇਕਠੇ ਕਰ ਲਏ। ਜਦ ਇਹ ਵੀ ਮੁਕ ਗਏ ਤਾਂ ਉਨਾਂ ਨੇ ਦਰਖ਼ਤਾਂ ਦੇ ਤਣੇ ਛਿੱਲ ਲਏ ਤੇ ਇਸ ਨੂੰ ਸੁਕਾ ਕੇ ਇਸ ਦਾ ਚੂਰਾ ਬਣਾ ਕੇ ਇਸ ਨੂੰ ਵੀ ਇੰਝ ਹੀ ਵਰਤਿਆ। ਕੁਝ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੇ ਕੁਝ ਉਹ ਸਿੱਖ ਵੀ ਵੇਖੇ ਜਿਨਾਂ ਨੇ ਆਪਣੇ ਪੱਟ ਦਾ ਮਾਸ ਕੱਟ ਕੇ ਤੇ ਉਸ ਨੂੰ ਭੁੰਨ ਕੇ ਖਾਧਾ ਸੀ।

8 ਮਹੀਨੇ ਦੇ ਘੇਰੇ ਦੌਰਾਨ ਹੁਣ ਉਨ੍ਹਾਂ ਕੋਲ ਖਾਣ ਵਾਸਤੇ ਹਵਾ ਤੋਂ ਸਿਵਾ ਕੁਝ ਵੀ ਨਹੀਂ ਸੀ। ਉਹ ਭੁੱਖ ਨਾਲ ਨਿਢਾਲ ਹੋ ਗਏ ਸਨ ਤੇ ਉਨਾਂ ਵਿਚ ਹਿੱਲਣ-ਜੁੱਲਣ ਜੋਗੀ ਸਤਿਆ ਵੀ ਨਹੀਂ ਸੀ ਰਹੀ। ਅਖ਼ੀਰ, ਜਦ ਕਈ ਦਿਨਾਂ ਤਕ ਗੜ੍ਹੀ 'ਚੋਂ ਕੋਈ ਹਿਲਜੁਲ ਨਾ ਹੋਈ ਤਾਂ ਮੁਗ਼ਲ ਫ਼ੌਜਾਂ ਦੇ ਇਕ ਹਜੂਮ ਨੇ ਇਕ ਦਮ ਹੱਲਾ ਬੋਲ ਦਿੱਤਾ। ਅੱਗੇ ਅਧਮੋਏ ਪਏ ਹੋਏ ਦੋ-ਚਾਰ ਸੌ ਸਿੱਖ ਨਜ਼ਰ ਆਏ, ਜਿਨ੍ਹਾਂ ਨੂੰ ਉਨ੍ਹਾਂ ਨੇ "ਗ੍ਰਿਫ਼ਤਾਰ" ਕਰ ਲਿਆ। ਇਨ੍ਹਾਂ ਵਿਚੋਂ ਜਿਹੜਾ ਵੀ, ਜ਼ਰਾ ਵੀ, ਹਿੱਲਿਆ ਉਸ ਨੂੰ ਉੱਥੇ ਹੀ ਕਤਲ ਕਰ ਦਿਤਾ ਗਿਆ।ਤਕਰੀਬਨ ਤਿੰਨ ਸੌ ਸਿੱਖਾਂ ਨੂੰ ਥਾਂਏ ਚੀਰ ਦਿਤਾ ਗਿਆ। ਉਨ੍ਹਾਂ ਦਾ ਖ਼ੂਨ ਏਨਾ ਵਗਿਆਂ ਕਿ ਇੰਝ ਜਾਪਦਾ ਸੀ ਕਿ ਉਹ ਖ਼ੂਨ ਦੇ ਤਲਾਅ ਵਿਚ ਤੈਰ ਰਹੇ ਸਨ। ਗ੍ਰਿਫ਼ਤਾਰੀ ਮਗਰੋਂ ਬੰਦਾ ਸਿੰਘ ਨੂੰ ਅਧਮੋਏ

ਨੂੰ ਹੀ ਉਸੇ ਵੇਲੇ ਬੇੜੀਆਂ ਅਤੇ ਸੰਗਲਾਂ ਨਾਲ ਜਕੜ ਦਿਤਾ ਗਿਆ। ਇਨ੍ਹਾਂ ਸਾਰਿਆਂ ਨੂੰ ਭਾਰੀ ਫ਼ੌਜ ਦੇ ਘੇਰੇ ਵਿਚ ਲਾਹੌਰ ਲਿਜਾਇਆ ਗਿਆ।

1988: ਕੁਲਦੀਪ ਸਿੰਘ ਜ਼ਖ਼ਮੀ ਤੋਲੇ ਨੰਗਲ ਨਕਲੀ ਮੁਕਾਬਲੇ ਵਿਚ ਸ਼ਹੀਦ

7 ਦਸੰਬਰ 1988 ਦੇ ਦਿਨ ਪੰਜਾਬ ਪੁਲਸ ਨੇ ਕੁਲਦੀਪ ਸਿੰਘ ਜ਼ਖ਼ਮੀ (ਪੁੱਤਰ ਲੱਖਾ ਸਿੰਘ, ਵਾਸੀ ਤੋਲੇ ਨੰਗਲ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਹਰਭਜਨ ਸਿੰਘ ਉਮਰਪੁਰਾ, ਜਰਨੈਲ ਸਿੰਘ ਕਿਲੀ ਬੋਦਲਾ ਅਤੇ ਉਸ ਦਾ ਮਾਸੂਮ ਗੋਦ ਚੁੱਕਿਆ ਬੱਚਾ ਗੁਰਸੇਵਕ ਸਿੰਘ ਬਬਲਾ ਨਕਲੀ ਮੁਕਾਬਲੇ ਵਿਚ ਸ਼ਹੀਦ

7 ਦਸੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਹਰਭਜਨ ਸਿੰਘ (ਵਾਸੀ ਉਮਰਪੁਰਾ, ਫਰੀਦਕੋਟ), ਜਰਨੈਲ ਸਿੰਘ (ਵਾਸੀ ਕਿਲੀ ਬੋਦਲਾ) ਅਤੇ ਉਸ ਦਾ ਮਾਸੂਮ ਗੋਦ ਚੁੱਕਿਆ ਬੱਚਾ ਗੁਰਸੇਵਕ ਸਿੰਘ ਬਬਲਾ ਨੂੰ ਨਕਲੀ ਮੁਕਾਬਲੇ ਦੇ ਨਾਂ 'ਤੇ ਸ਼ਹੀਦ ਕਰ ਦਿੱਤਾ।

1991: ਦਿਲਬਾਗ ਸਿੰਘ ਘਣੀਏਕੇ ਬਾਂਗਰ ਤੇ ਜਗਦੇਵ ਸਿੰਘ ਕਪਿਆਲ ਨਕਲੀ ਮੁਕਾਬਲੇ ਵਿਚ ਸ਼ਹੀਦ

7 ਦਸੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਦਿਲਬਾਗ ਸਿੰਘ (ਪੁੱਤਰ ਤਸਵੀਰ ਸਿੰਘ, ਵਾਸੀ ਘਣੀਏਕੇ ਬਾਂਗਰ, ਜ਼ਿਲ੍ਹਾ ਗੁਰਦਾਸਪੁਰ) ਤੇ ਜਗਦੇਵ ਸਿੰਘ (ਪੁੱਤਰ ਗੁਰਬਖ਼ਸ਼ ਸਿੰਘ, ਵਾਸੀ ਕਪਿਆਲ, ਜ਼ਿਲ੍ਹਾ ਸੰਗਰੂਰ) ਨੂੰ ਨਕਲੀ ਮੁਕਾਬਲਿਆ 'ਚ ਸ਼ਹੀਦ ਕਰ ਦਿੱਤਾ।

1992: ਜਤਿੰਦਰ ਸਿੰਘ ਮਹਿਮੂਦਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

7 ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਜਤਿੰਦਰ ਸਿੰਘ (ਪੁੱਤਰ ਦਰਬਾਰਾ ਸਿੰਘ, ਵਾਸੀ ਮਹਿਮੂਦਪੁਰਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

8 ਦਸੰਬਰ

1705: ਮਾਤਾ ਗੁਜਰੀ ਤੇ ਨਿੱਕੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਸਹੇੜੀ ਵਿਚ ਗ੍ਰਿਫ਼ਤਾਰ ਕੀਤੇ ਗਏ

ਅਨੰਦਪੁਰ ਸਾਹਿਬ ਵਿਚੋਂ ਨਿਕਲਣ ਮਗਰੋਂ ਮਾਤਾ ਗੁਜਰੀ ਤੇ ਦੋ ਨਿੱਕੇ ਸਾਹਿਬਜ਼ਾਦੇ ਕੁਝ ਸਿੰਘਾਂ ਸਣੇ ਕੀਰਤਪੁਰ ਲੰਘ ਕੇ ਸਰਸਾ ਨਦੀ ਦੇ ਕੰਢੇ 'ਤੇ ਪੁੱਜੇ। ਇੱਥੋਂ ਸਭ ਤੋਂ ਪਹਿਲਾਂ ਮਾਤਾ ਗੁਜਰੀ ਤੇ ਦੋਵੇਂ ਨਿੱਕੇ ਸਾਹਿਬਜ਼ਾਦਿਆਂ ਨੂੰ ਨਦੀ ਪਾਰ ਕਰਵਾਈ ਗਈ। ਉਨ੍ਹਾਂ ਨਾਲ ਬੀਬੀ ਸੁਭਿੱਖੀ ਅਤੇ ਭਾਈ ਦੁੱਨਾ ਸਿੰਘ ਵੀ ਸਨ। ਪਹਿਲੋਂ ਉਲੀਕੇ ਪ੍ਰੋਗਰਾਮ ਮੁਤਾਬਿਕ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੇ ਇੱਥੋਂ ਚਮਕੌਰ ਵੱਲ ਨਿਕਲਣਾ ਸੀ। ਗੁਰੂ ਜੀ ਨੇ ਵੀ ਕੋਟਲਾ ਨਿਹੰਗ ਖ਼ਾਨ ਵਿਚ ਭਾਈ ਨਿਹੰਗ ਖ਼ਾਨ ਨੂੰ ਮਿਲਣ ਮਗਰੋਂ ਉਥੇ ਹੀ ਪੁੱਜਣਾ ਸੀ। ਮਾਤਾ ਜੀ 6 ਦਸੰਬਰ ਦੀ ਸ਼ਾਮ ਵੇਲੇ ਚਮਕੌਰ ਪੁੱਜ ਗਏ ਸਨ। ਇੱਥੋਂ ਅਗਲੇ ਦਿਨ 7 ਦਸੰਬਰ ਨੂੰ ਉਨ੍ਹਾਂ ਨੂੰ ਸਹੇੜੀ ਪਿੰਡ ਦੇ ਧੁੰਮਾ ਤੇ ਦਰਬਾਰੀ (ਜੋ ਕਿਸੇ ਸਮੇਂ ਮਸੰਦ ਰਹੇ ਸਨ) ਮਾਤਾ ਜੀ ਤੇ ਬੱਚਿਆਂ ਨੂੰ ਹਿਫ਼ਾਜ਼ਤ ਵਿਚ ਰੱਖਣ ਵਾਸਤੇ ਆਪਣੇ ਨਾਲ ਸਹੇੜੀ ਪਿੰਡ ਲੈ ਗਏ। *[ਆਮ ਲੋਕਾਂ ਵਿਚ ਚਰਚਾ ਹੈ ਕਿ ਉਨ੍ਹਾਂ ਨੂੰ ਉਥੋਂ ਗੰਗੂ ਨਾਂ ਦਾ ਇਕ ਬ੍ਰਾਹਮਣ ਜੋ ਗੁਰੂ ਸਾਹਿਬ ਦੇ ਘਰ ਦਾ ਰਸੋਈਆ ਸੀ, ਸਹੇੜੀ ਲੈ ਗਿਆ ਸੀ। ਇਥੇ ਇਹ ਸਵਾਲ ਉਠਦਾ ਹੈ ਕਿ ਕੀ ਗੁਰੂ ਜੀ ਨੇ ਨੌਕਰ ਰੱਖਿਆ ਹੋਇਆ ਸੀ? ਕੀ ਸੰਗਤਾਂ ਸੇਵਾ ਨਹੀਂ ਸਨ ਕਰਦੀਆਂ? ਜਾਪਦਾ ਹੈ ਕਿ ਗੰਗੂ ਬ੍ਰਾਹਮਣ ਦਾ*

ਪਾਤਰ ਇਹ ਸਾਬਿਤ ਕਰਨ ਵਾਸਤੇ ਘੜਿਆ ਗਿਆ ਹੋਵੇਗਾ ਕਿ ਲੰਗਰ ਸਿਰਫ਼ ਬ੍ਰਾਹਮਣ ਹੀ ਤਿਆਰ ਕਰਿਆ ਕਰਦੇ ਸਨ)।

ਬਹੁਤੇ ਸੋਮਿਆਂ ਮੁਤਾਬਿਕ ਜਦ ਮਾਤਾ ਜੀ ਮਸੰਦਾਂ ਦੇ ਘਰ ਸਹੇੜੀ ਪਿੰਡ ਜਾ ਕੇ ਠਹਿਰੇ ਤਾਂ ਰਾਤ ਵੇਲੇ, ਐਨਾ ਲੰਮਾ ਸਫ਼ਰ ਪੈਦਲ ਤੈਅ ਕਰਨ ਕਰ ਕੇ, ਜਲਦੀ ਸੌਂ ਗਏ ਤੇ ਉਨ੍ਹਾਂ ਨੂੰ ਬਹੁਤ ਗੂੜ੍ਹੀ ਨੀਂਦ ਆ ਗਈ। ਇਸ ਹਾਲਤ ਵਿਚ ਮਸੰਦਾਂ ਨੇ ਮਾਤਾ ਜੀ ਦੀ ਮੋਹਰਾਂ ਵਾਲੀ ਥੈਲੀ ਚੋਰੀ ਕਰ ਲਈ। ਜਦ ਅਗਲੇ ਦਿਨ ਸਵੇਰੇ ਉਠ ਕੇ ਥੈਲੀ ਨਾ ਵੇਖ ਕੇ ਮਾਤਾ ਜੀ ਨੇ ਥੈਲੀ ਦੀ ਚੋਰੀ ਦੀ ਗੱਲ ਕੀਤੀ ਤਾਂ ਮਸੰਦਾਂ ਦੇ ਦਿਲ ਵਿਚ ਸਗੋਂ ਹੋਰ ਪਾਪ ਆ ਗਿਆ। ਉਨ੍ਹਾਂ ਨੇ ਈਨਾਮ ਹਾਸਿਲ ਕਰਨ ਵਾਸਤੇ ਮਾਤਾ ਜੀ ਤੇ ਬੱਚਿਆਂ ਨੂੰ ਮੁਗ਼ਲਾਂ ਦੇ ਹਵਾਲੇ ਕਰਨ ਦਾ ਫ਼ੈਸਲਾ ਕਰ ਲਿਆ। ਇਸ ਕਰ ਕੇ ਉਨ੍ਹਾਂ ਨੇ ਉਸ ਦਿਨ 7 ਦਸੰਬਰ ਨੂੰ ਆਪਣੇ ਨੌਕਰ ਨੂੰ ਮੋਰਿੰਡਾ ਥਾਨੇ ਭੇਜ ਕੇ ਉਥੋਂ ਸਿਪਾਹੀ ਮੰਗਵਾ ਲਏ। (ਜਿੱਥੋਂ ਤਕ ਮੇਰਾ ਵਿਚਾਰ ਹੈ ਗੰਗੂ ਇਨ੍ਹਾਂ ਮਸੰਦਾਂ ਦਾ ਰਸੋਈਆ ਹੋਵੇਗਾ ਤੇ ਉਸ ਨੂੰ ਮੋਰਿੰਡਾ ਭੇਜਿਆ ਗਿਆ ਹੋਵੇਗਾ)। ਮੋਰਿੰਡਾ ਸਹੇੜੀ ਤੋਂ 3-4 ਕਿਲੋਮੀਟਰ ਦੂਰ ਹੈ। ਅਗਲੇ ਦਿਨ 8 ਦਸੰਬਰ ਨੂੰ ਮੋਰਿੰਡਾ ਤੋਂ ਸਿਪਾਹੀ ਜਨੀ ਖ਼ਾਨ ਤੇ ਮਨੀ ਖ਼ਾਨ ਆ ਗਏ ਤੇ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫ਼ਤਾਰ ਕਰ ਕੇ ਲੈ ਗਏ। ਉਸ ਦਿਨ ਉਨ੍ਹਾਂ ਨੂੰ ਮੋਰਿੰਡਾ ਹਵਾਲਾਤ ਵਿਚ ਰੱਖਿਆ ਗਿਆ ਤੇ ਅਗਲੇ ਦਿਨ ਸਰਹੰਦ ਲਜਾਇਆ ਗਿਆ ਜਿੱਥੇ ਉਨ੍ਹਾਂ ਨੂੰ ਸੂਬੇਦਾਰ ਵਜ਼ੀਰ ਖ਼ਾਨ ਕੋਲ ਪਹੁੰਚਾ ਦਿੱਤਾ ਗਿਆ।

1705: ਗੁਰੂ ਗੋਬਿੰਦ ਸਿੰਘ ਜੀ ਜੀ ਮਾਛੀਵਾੜਾ ਪੁੱਜੇ

7 ਦਸੰਬਰ 1705 ਦੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨਬੀ ਖ਼ਾਨ ਤੇ ਗ਼ਨੀ ਖ਼ਾਨ ਦੀ ਮਦਦ ਨਾਲ ਚਮਕੌਰ ਦੀ ਗੜ੍ਹੀ ਤੋਂ ਨਿਕਲ ਕੇ ਮਾਛੀਵਾੜਾ ਚਲ ਪਏ ਤੇ 8 ਦਸੰਬਰ ਦੀ ਸਵੇਰ ਨੂੰ ਉੱਥੇ ਪੁੱਜ ਗਏ। ਉਥੇ ਜਾ ਕੇ ਪਹਿਲਾਂ ਆਪ ਗੁਲਾਬੇ ਦੇ ਬਾਗ਼ ਵਿਚ ਠਹਿਰੇ ਅਤੇ ਰਾਤ ਨੂੰ ਭਾਈ ਜੀਵਨ ਸਿੰਘ ਦੇ ਘਰ ਚਲੇ ਗਏ।

1919: ਸਿੱਖ ਲੀਗ ਜਥੇਬੰਦੀ ਕਾਇਮ ਕਰਨ ਵਾਸਤੇ ਪਹਿਲਾ ਇਕੱਠ ਹੋਇਆ

1902 ਵਿਚ ਭਾਵੇਂ ਚੀਫ਼ ਖਾਲਸਾ ਦੀਵਾਨ ਬਣ ਚੁਕਿਆ ਸੀ, ਪਰ, ਸਿੰਘ ਸਭਾਵਾਂ ਅਤੇ ਚੀਫ਼ ਖਾਲਸਾ ਦੀਵਾਨ ਦੀ ਪਾਲਿਸੀ-ਪ੍ਰੋਗਰਾਮ ਵਿਚ ਇਹ ਲਿਖਿਆ ਹੋਇਆ ਸੀ 'ਕੋਈ ਵੀ ਸਿਆਸੀ ਕਾਰਵਾਈ ਨਹੀਂ ਕੀਤੀ ਜਾਵੇਗੀ', ਇਸ ਕਰ ਕੇ ਸਿੱਖਾਂ ਦੇ ਸਿਆਸੀ ਮਸਲਿਆਂ ਵਿਚ ਇਸ ਦਾ ਕੋਈ ਵੱਡਾ ਰੋਲ ਨਹੀਂ ਸੀ। ਚੀਫ਼ ਖ਼ਾਲਸਾ ਦੀਵਾਨ ਦੀ ਕਾਇਮੀ ਤੋਂ ਮਗਰੋਂ 1907 ਵਿਚ ਕਿਸਾਨ ਲਹਿਰ ਦੌਰਾਨ ਚੀਫ਼ ਖ਼ਾਲਸਾ ਦੀਵਾਨ ਨੇ, ਦਿਖਾਵੇ ਦੇ ਤੌਰ 'ਤੇ, ਮੂੰਹ ਰੱਖਣ ਵਾਸਤੇ ਇਕ ਢਿੱਲਾ ਜਿਹਾ ਸਰਕਾਰ-ਪ੍ਰਸਤੀ ਵਾਲਾ ਮਤਾ ਪਾਸ ਕੀਤਾ ਪਰ ਇਸ ਨੂੰ ਸਿੱਖਾਂ ਨੇ ਪਸੰਦ ਨਾ ਕੀਤਾ। ਇਸ ਨੂੰ ਮਹਿਸੂਸ ਕਰ ਕੇ ਵੱਖ-ਵੱਖ ਇਲਾਕਿਆਂ ਵਿਚ ਬੈਠੇ ਰਈਸ, ਸਰਦਾਰ ਬਹਾਦਰ (ਸ਼ੁਕਾਰ ਦੇ ਐਵਾਰਡ ਲੈਣ ਵਾਲੇ ਚੌਧਰੀ), ਵਕੀਲ, ਪ੍ਰੋਫ਼ੈਸਰ ਅਤੇ ਹੋਰ ਸਰਗਰਮ ਸਿੱਖਾਂ ਨੇ ਇਕ ਜਥੇਬੰਦੀ ਕਾਇਮ ਕਰਨ ਦਾ ਚਰਚਾ ਚਲਾਇਆ। ਅਜੇ ਵੀ ਜਥੇਬੰਦੀ ਕਾਇਮ ਕਰਨ ਦੀ ਇਸ ਸੋਚ ਪਿੱਛੇ ਸਰਕਾਰ ਨਾਲ ਟਕਰਾਅ ਵਾਲੀ ਸੋਚ ਨਹੀਂ ਸੀ ਕਿਉਂਕਿ ਇਸ ਪਿੱਛੇ ਜਿਹੜੇ ਲੋਕ ਸਨ ਉਨ੍ਹਾਂ ਵਿਚੋਂ ਬਹੁਤੇ ਸਰਕਾਰ-ਪ੍ਰਸਤ, ਸਰਕਾਰ ਦੇ ਵਫ਼ਾਦਾਰ ਜਾਂ ਸਰਮਾਏਦਾਰ ਤੇ ਜਾਗੀਰਦਾਰ ਸਨ। ਅਜਿਹੇ ਲੋਕ ਕਦੇ ਵੀ ਸਰਕਾਰਾਂ ਨਾਲ ਟਕਰਾਅ ਨਹੀਂ ਕਰਿਆ ਕਰਦੇ। ਦੂਜਾ, ਇਨ੍ਹਾਂ ਲੋਕਾਂ ਦੇ ਪ੍ਰੋਗਰਾਮ ਵਿਚ ਸਰਕਾਰ ਤੋਂ ਸਹੂਲਤਾਂ, ਫ਼ਾਇਦੇ, ਅਹੁਦੇ ਅਤੇ ਮੈਂਬਰੀਆਂ ਹਾਸਲ ਕਰਨਾ ਮੁਖ ਏਜੰਡਾ ਸੀ।

ਉਸ ਵੇਲੇ ਹਿੰਦੂਆਂ ਵਾਸਤੇ ਕਾਂਗਰਸ ਅਤੇ ਮੁਸਲਮਾਨਾਂ ਵਾਸਤੇ ਮੁਸਲਿਮ ਲੀਗ ਪਹਿਲੋਂ ਹੀ ਮੌਜੂਦ ਸਨ। 30 ਮਾਰਚ 1919 ਦੇ ਦਿਨ ਸ:ਬ: ਗੱਜਣ ਸਿੰਘ, ਕੌਂਸਲ ਦੇ ਕੁਝ ਹੋਰ ਸਿੱਖ ਮੈਂਬਰ ਅਤੇ ਕੁਝ ਸਿੱਖ ਰਈਸ ਲਾਹੌਰ ਵਿਚ ਇਕੱਠੇ ਹੋਏ ਅਤੇ ਉਨ੍ਹਾਂ ਨੇ ਸਿੱਖ ਹੱਕਾਂ ਦੀ ਇਕ ਸਿਆਸੀ ਜਥੇਬੰਦੀ ਬਣਾਉਣ ਦਾ ਫ਼ੈਸਲਾ ਕੀਤਾ। 13 ਅਪ੍ਰੈਲ 1919 ਦੇ ਦਿਨ ਅੰਮ੍ਰਿਤਸਰ ਵਿਚ ਜਲ੍ਹਿਆਂ ਵਾਲਾ ਬਾਗ਼ ਵਿਚ ਜਨਰਲ ਡਾਇਰ ਨੇ 379 ਬੇਗੁਨਾਹ ਲੋਕਾਂ ਨੂੰ ਕਤਲ ਅਤੇ ਬਾਰ੍ਹਾਂ ਸੌ ਤੋਂ ਵਧ ਲੋਕਾਂ ਨੂੰ ਜ਼ਖ਼ਮੀ ਕਰ ਕੇ ਪੰਜਾਬ ਵਿਚ ਦਹਿਸ਼ਤ ਤੇ ਨਾਲ ਹੀ ਰੋਹ ਦਾ ਮਾਹੌਲ ਪੈਦਾ ਕਰ ਦਿੱਤਾ)। ਇਸ ਦੌਰਾਨ ਅਰੂੜ ਸਿੰਘ ਸਰਬਰਾਹ ਨੇ ਡਾਇਰ ਨੂੰ ਦਰਬਾਰ ਸਾਹਿਬ ਵਿਚ ਰਸਮੀ ਸਿਰੋਪਾਓ ਦਿੱਤਾ। ਇਸ ਨਾਲ ਸਿੱਖਾਂ ਵਿਚ ਇਨ੍ਹਾਂ ਰਈਸਾਂ ਤੇ ਪੁਜਾਰੀਆਂ ਵਾਸਤੇ ਨਫ਼ਰਤ ਦਾ ਮਾਹੌਲ ਬਣ ਗਿਆ। ਇਸ ਕਰ ਕੇ ਸਿਆਸੀ ਸਿੱਖ ਜਥੇਬੰਦੀ ਬਣਾਉਣ ਦੀ ਕਾਰਵਾਈ ਵਿਚ ਕੁਝ ਚਿਰ ਵਾਸਤੇ ਖੜੋਤ ਆ ਗਈ। ਸੱਤ ਮਹੀਨੇ ਦੀ ਖ਼ਾਮੋਸ਼ੀ ਮਗਰੋਂ ਨਵੰਬਰ 1919 ਦੇ ਦੂਜੇ ਹਫ਼ਤੇ ਇਹ ਸਰਗਰਮ ਸਿੱਖ ਫਿਰ ਇਕੱਠੇ ਹੋਏ ਅਤੇ ਉਨ੍ਹਾਂ ਨੇ 8 ਦਸੰਬਰ ਦੇ ਦਿਨ ਇਸ ਦਾ ਐਲਾਨ ਕਰਨ ਦਾ ਫ਼ੈਸਲਾ ਕੀਤਾ। ਮੁਸਲਮਾਨਾਂ ਦੀ 'ਮੁਸਲਿਮ ਲੀਗ' ਵਾਂਗ ਨਵੀਂ ਜਥੇਬੰਦੀ ਦਾ ਨਾਂ ਵੀ **'ਸਿੱਖ ਲੀਗ'** ਰੱਖਿਆ ਗਿਆ (ਜੋ ਮਗਰੋਂ **ਸੈਂਟਰਲ ਸਿੱਖ ਲੀਗ** ਹੋ ਗਿਆ)।

1933: ਕਨੇਡਾ ਵਿਚ 1914 ਵਿਚ ਸਿੱਖਾਂ ਨੂੰ ਸ਼ਹੀਦ ਕਰਨ ਵਾਲਾ ਬੇਲਾ ਸਿੰਘ ਜਿਆਣ ਕਤਲ ਕੀਤਾ ਗਿਆ

ਕਾਮਾਗਾਟਾਮਾਰੂ ਜਹਾਜ਼ ਦੇ ਜਾਣ ਮਗਰੋਂ ਕਨੇਡਾ ਦੇ ਅੰਗਰੇਜ਼ ਹਾਕਮ ਸਿੱਖਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਸਜ਼ਾ ਦੇਣਾ ਚਾਹੁੰਦੇ ਸਨ। ਉਨ੍ਹਾਂ ਨੂੰ ਭਾਈ ਭਾਗ ਸਿੰਘ (ਭਿੱਖੀ ਵਿੰਡ), ਭਾਈ ਬਲਵੰਤ ਸਿੰਘ (ਗ੍ਰੰਥੀ), ਭਾਈ ਬਤਨ ਸਿੰਘ (ਦਲੇਲ ਸਿੰਘ ਵਾਲਾ), ਭਾਈ ਸੁੰਦਰ ਸਿੰਘ (ਬਾੜੀਆਂ) ਤੇ ਹਰਨਾਮ ਸਿੰਘ ਸਾਹਰੀ ਵਧੇਰੇ ਚੁਭਦੇ ਸਨ। ਅੰਗਰੇਜ਼ਾਂ ਨੇ ਸਿੱਖਾਂ ਦੇ ਖ਼ਿਲਾਫ਼ ਪੁਲੀਸ ਤੇ ਖ਼ੁਫ਼ੀਆ ਮਹਿਕਮੇ ਵਿਚ ਇਕ ਸੈੱਲ ਕਾਇਮ ਕੀਤਾ ਹੋਇਆ ਸੀ ਜਿਸ ਦਾ ਇੰਚਾਰਜ ਇਕ ਅੰਗਰੇਜ਼ ਹਾਪਕਿਨਸਨ ਸੀ ਜੋ ਇੰਟੈਲੀਜੈਂਸ ਮਹਿਕਮੇ ਦਾ ਇਕ ਅਫ਼ਸਰ ਸੀ (ਉਹ ਇਕ ਹਿੰਦੂ ਮਾਂ ਤੇ ਗੋਰੇ ਬਾਪ ਤੋਂ ਹੋਣ ਕੇ ਕੁਝ-ਕੁਝ ਪੰਜਾਬੀ ਵੀ ਸਮਝ ਸਕਦਾ ਸੀ)। ਉਸ ਨੇ ਬੇਲਾ ਸਿੰਘ ਜਿਆਣ, ਬਾਬੂ ਸਿੰਘ, ਹਰਨਾਮ ਸਿੰਘ (ਮਿਲਸਾਈਡ ਗੁਰਦੁਆਰੇ ਦਾ ਇਕ ਸਾਬਕਾ ਗ੍ਰੰਥੀ ਜੋ ਬਾਬੂ ਸਿੰਘ ਦੇ ਨਾਲ ਇਕੋ ਕਮਰੇ ਵਿਚ ਰਹਿੰਦਾ ਸੀ), ਅਰਜਨ ਸਿੰਘ ਤੇ ਇਕ ਦੋ ਹੋਰ ਪੰਜਾਬੀ ਆਪਣੇ ਏਜੰਟ ਬਣਾਏ ਹੋਏ ਸਨ। 31 ਅਗਸਤ 1914 ਦੇ ਦਿਨ ਹਰਨਾਮ ਸਿੰਘ ਦੀ ਲਾਸ਼ ਮਿਲੀ; ਕਿਸੇ ਨੇ ਉਸ ਦਾ ਸਿਰ ਵੱਢ ਕੇ ਲਾਸ਼ ਜੰਗਲ ਵਿਚ ਸੁੱਟ ਦਿੱਤੀ ਸੀ (ਚਰਚਾ ਸੀ ਕਿ ਇਹ ਐਕਸ਼ਨ ਜਗਤ ਸਿੰਘ ਸੁਰਸਿੰਘ, ਸਾਜ਼ਿਸ਼ ਕੇਸ ਵਾਲਾ ਨਹੀਂ, ਦਾ ਸੀ); ਇਹ ਹਰਨਾਮ ਸਿੰਘ 17 ਅਗਸਤ ਤੋਂ ਹੀ ਗ਼ਾਇਬ ਸੀ। ਕਿਉਂ ਕਿ ਪੁਲਸ ਨੂੰ ਕਾਤਲਾਂ ਦਾ ਪਤਾ ਨਾ ਲੱਗਾ ਇਸ ਕਰ ਕੇ ਗ਼ਦਾਰਾਂ ਦੇ ਹੌਸਲੇ ਬਹੁ ਤਰ੍ਹਾਂ ਡਿਗੇ ਸਨ। ਗ਼ਦਾਰਾਂ ਦੀ ਬਦਕਿਸਮਤੀ ਕਿ 3 ਸਤੰਬਰ ਨੂੰ, ਅਪਣੇ ਹੀ ਇਕ ਦੋਸਤ, ਰਾਮ ਸਿੰਘ ਹੱਥੋਂ ਗ਼ਲਤੀ ਨਾਲ ਗੋਲੀ ਚਲ ਜਾਣ ਕਾਰਨ ਅਰਜਨ ਸਿੰਘ ਵੀ ਮਾਰਿਆ ਗਿਆ। ਹੁਣ ਬੇਲਾ ਸਿੰਘ ਸਿੱਖ ਆਗੂਆਂ 'ਤੇ ਵਾਰ ਕਰਨਾ ਚਾਹੁੰਦਾ ਸੀ।

5 ਸਤੰਬਰ ਦਿਨ ਉਸ ਦੇ ਸਸਕਾਰ ਮਗਰੋਂ ਸਿੱਖ ਗੁਰਦੁਆਰੇ ਵਿਚ ਬੈਠੇ ਸੀ ਤਾਂ ਬੇਲਾ ਸਿੰਘ ਨੇ ਭਾਗ ਸਿੰਘ (ਭਿੱਖੀ ਵਿੰਡ, ਜ਼ਿਲ੍ਹਾ ਅੰਮ੍ਰਿਤਸਰ) 'ਤੇ ਗੋਲੀਆਂ ਚਲਾਈਆਂ। ਉਸ ਦੇ ਬਚਾਅ ਵਾਸਤੇ ਬਤਨ ਸਿੰਘ (ਦਲੇਲ ਸਿੰਘ ਵਾਲਾ, ਜ਼ਿਲ੍ਹਾ ਮਾਨਸਾ) ਅੱਗੇ ਆਇਆ। ਬੇਲਾ ਸਿੰਘ ਨੇ ਉਸ 'ਤੇ ਵੀ ਫ਼ਾਇਰ ਕਰ ਦਿੱਤਾ। ਉਹ ਦੋਵੇਂ ਅਗਲੇ ਦਿਨ ਚੜ੍ਹਾਈ ਕਰ ਗਏ। ਭਾਵੇਂ

ਸਰਕਾਰ ਨੇ ਬੇਲਾ ਸਿੰਘ 'ਤੇ ਮੁਕੱਦਮਾ ਚਲਾਇਆ ਪਰ ਇਹ ਦਿਖਾਵੇ ਦੀ ਕਾਰਵਾਈ ਸੀ। ਬੇਲਾ ਸਿੰਘ ਦੇ ਹੱਕ ਵਿਚ ਮੁਕਾਮੀ ਹਿੰਦੂਆਂ ਬਾਬੂ, ਠਾਕਰ, ਸੇਵਾ, ਅਮਰ, ਨੱਥਾ, ਗੰਗੂ ਰਾਮ ਤੇ ਡਾ: ਰਘੂ ਨਾਥ ਤੋਂ ਇਲਾਵਾ ਹਾਪਕਿਨਸਨ ਸਫ਼ਾਈ ਦੇ ਗਵਾਹ ਵਜੋਂ ਪੇਸ਼ ਹੋਇਆ ਤੇ ਇਨ੍ਹਾਂ ਦੋ ਕਤਲਾਂ ਨੂੰ ਆਪਣੇ ਬਚਾਅ ਵਾਸਤੇ ਕੀਤੇ ਕਤਲ ਗਰਦਾਨਿਆ।
ਇਸ ਮਗਰੋਂ ਸਰਕਾਰ ਨੇ ਚੋਖਾ ਈਨਾਮ ਅਤੇ ਜ਼ਮੀਨ ਦੇ ਕੇ ਬੇਲਾ ਸਿੰਘ ਨੂੰ ਪੰਜਾਬ ਭੇਜ ਦਿੱਤਾ ਤੇ ਉਹ ਆਪਣੇ ਪਿੰਡ ਜਿਆਣ ਵਿਚ ਹੀ ਰਹਿਣ ਲਗ ਪਿਆ। ਏਥੇ ਵੀ ਉਸ ਨੇ ਪੁਲਸ ਨੂੰ ਬਬਰ ਅਕਾਲੀਆਂ ਦੇ ਖ਼ਿਲਾਫ਼ ਸੂਹਾਂ ਦਿਤੀਆਂ। ਉਸ ਨੂੰ ਸਰਕਾਰੀ ਹਿਫ਼ਾਜ਼ਤ ਵੀ ਦਿੱਤੀ ਗਈ ਇਸ ਕਰ ਕੇ ਸਿੱਖ ਉਸ ਨੂੰ ਸਜ਼ਾ ਨਾ ਦੇ ਸਕੇ। ਹੌਲੀ ਹੌਲੀ ਉਹ ਵੀ ਸਿੱਖਾਂ ਵੱਲੋਂ ਬੇਫ਼ਿਕਰਾ ਹੋ ਗਿਆ। ਅਖ਼ੀਰ 8 ਦਸੰਬਰ 1933 ਦੇ ਦਿਨ ਜਦ ਉਹ ਇਕੱਲਾ ਸ਼ਹਿਰੋਂ ਆ ਰਿਹਾ ਸੀ ਤਾਂ ਬਬਰਾਂ ਨੇ ਉਸ ਨੂੰ ਕਤਲ ਕਰ ਦਿੱਤਾ। ਉਸ ਦੇ ਕਤਲ ਸਬੰਧੀ ਹਰੀ ਸਿੰਘ ਸੂੰਢ ਅਤੇ ਉਸ ਦੇ ਕੁਝ ਸਾਥੀਆਂ 'ਤੇ ਮੁਕੱਦਮਾ ਚਲਾਇਆ ਗਿਆ ਪਰ ਸਬੂਤ ਨਾ ਮਿਲ ਸਕਣ ਕਰ ਕੇ ਉਹ ਬਰੀ ਹੋ ਗਏ। ਇਕ ਰਿਵਾਇਤ ਮੁਤਾਬਿਕ ਉਸ ਦਾ ਕਤਲ ਅਪਰੈਲ-ਮਈ 1934 ਵਿਚ ਹੋਇਆ ਸੀ।

1986: ਕਪੂਰਥਲਾ ਵਿਚ ਦਹਿਸ਼ਤਗਰਦਾਂ ਵੱਲੋਂ ਸਿੱਖ ਬੱਚਿਆਂ 'ਤੇ ਹਮਲੇ

ਅਠ ਦਸੰਬਰ 1986 ਦੇ ਦਿਨ ਕਪੂਰਥਲਾ ਵਿਚ ਦਹਿਸ਼ਤਗਰਦ ਹਿੰਦੂਆਂ ਨੇ ਸਿੱਖਾਂ ਦੇ ਨਿੱਕੇ-ਨਿੱਕੇ ਬੱਚਿਆਂ ਉੱਤੇ ਹਮਲਾ ਕਰ ਕੇ ਉਨ੍ਹਾਂ ਨੂੰ ਜ਼ਖ਼ਮੀ ਕੀਤਾ। ਪੁਲੀਸ ਕੋਲ ਖੜ੍ਹੀ ਤਮਾਸ਼ਾ ਵੇਖਦੀ ਰਹੀ।

1989: ਰਣਜੀਤ ਸਿੰਘ ਰਾਣਾ ਪਠਾਣ ਮਾਜਰਾ ਨਕਲੀ ਮੁਕਾਬਲੇ ਵਿਚ ਸ਼ਹੀਦ

8 ਦਸੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਰਣਜੀਤ ਸਿੰਘ ਰਾਣਾ (ਵਾਸੀ ਪਠਾਣ ਮਾਜਰਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਚਾਨਣ ਸਿੰਘ ਮੱਲੋਕੇ ਨਕਲੀ ਮੁਕਾਬਲੇ ਵਿਚ ਸ਼ਹੀਦ

8 ਦਸੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਚਾਨਣ ਸਿੰਘ (ਵਾਸੀ ਮੱਲੋਕੇ, ਫ਼ੀਰੋਜ਼ਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਅਮਰ ਸਿੰਘ ਤਲਵੰਡੀ ਨਕਲੀ ਮੁਕਾਬਲੇ ਵਿਚ ਸ਼ਹੀਦ

8 ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਅਮਰ ਸਿੰਘ (ਪੁੱਤਰ ਮੇਜਰ ਸਿੰਘ, ਵਾਸੀ ਤਲਵੰਡੀ ਦਸੌਂਦਾ ਸਿੰਘ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1993: ਕੁਲਵਿੰਦਰ ਸਿੰਘ ਫੇਰੂਮਾਨ ਨਕਲੀ ਮੁਕਾਬਲੇ ਵਿਚ ਸ਼ਹੀਦ

8 ਦਸੰਬਰ 1993 ਦੇ ਦਿਨ ਪੰਜਾਬ ਪੁਲਸ ਨੇ ਕੁਲਵਿੰਦਰ ਸਿੰਘ (ਪੁੱਤਰ ਤਾਰਾ ਸਿੰਘ, ਵਾਸੀ ਫੇਰੂਮਾਨ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2013: ਦਿੱਲੀ ਅਸੈਂਬਲੀ ਦੀਆਂ ਚੋਣਾਂ ਵਿਚ ਵਿਚੋਂ 9 ਸਿੱਖ ਜਿੱਤੇ

4 ਦਸੰਬਰ 2013 ਦੇ ਦਿਨ ਹੋਈਆਂ ਦਿੱਲੀ ਅਸੈਂਬਲੀ ਦੀਆਂ ਚੋਣਾਂ ਦੇ ਨਤੀਜੇ 8 ਦਸੰਬਰ ਨੂੰ ਐਲਾਨੇ ਗਏ; ਇਨ੍ਹਾਂ ਚੋਣਾਂ ਵਿਚ ਕੁਲ 70 ਸੀਟਾਂ ਵਿਚੋਂ 9 ਸੀਟਾਂ 'ਤੇ ਸਿੱਖ ਉਮੀਦਵਾਰ ਜਿੱਤੇ। ਇਨ੍ਹਾਂ ਵਿਚੋਂ 3 ਆਮ ਆਦਮੀ ਪਾਰਟੀ ਦੇ, 3 ਭਾਜਪਾ ਦੇ, 2 ਕਾਂਗਰਸ ਦੇ ਤੇ 1 ਬਾਦਲ ਅਕਾਲੀ ਦਲ ਦਾ ਸੀ। ਸਪੀਕਰ ਦਾ ਅਹੁਦਾ ਆਮ ਆਦਮੀ ਪਾਰਟੀ ਦੇ ਮਨਿੰਦਰ ਸਿੰਘ ਧੀਰ ਨੂੰ ਦਿੱਤਾ ਗਿਆ।

9 ਦਸੰਬਰ

1705: ਸਾਹਿਬਜ਼ਾਦਾ ਅਜੀਤ ਸਿੰਘ ਦੇ ਪੁਤਰ ਹਠੀ ਸਿੰਘ ਦਾ ਜਨਮ

ਸਾਹਿਬਜ਼ਾਦਾ ਅਜੀਤ ਸਿੰਘ ਗੁਰੂ ਗੋਬਿੰਦ ਸਿੰਘ ਦੇ ਸਪੁੱਤਰ, ਗੁਰੂ ਤੇਗ਼ ਬਹਾਦਰ ਸਾਹਿਬ ਦੇ ਪੋਤੇ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਪੜਪੋਤੇ ਸਨ। ਆਪ ਦਾ ਜਨਮ 26 ਜਨਵਰੀ 1687 ਦੇ ਦਿਨ ਪਾਉਂਟਾ ਸਾਹਿਬ ਵਿਖੇ ਹੋਇਆ ਸੀ। ਸਾਹਿਬਜ਼ਾਦਾ ਅਜੀਤ ਸਿੰਘ ਚੁਸਤ ਤੇ ਸਿਆਣਾ ਨੌਜਵਾਨ ਸੀ। ਜਿਉਂ ਹੀ ਉਨ੍ਹਾਂ ਨੇ ਜਵਾਨੀ ਦੀ ਦਹਿਲੀਜ ਵਿਚ ਪੈਰ ਰੱਖਿਆ, ਉਨ੍ਹਾਂ ਨੇ ਕੁਸ਼ਤੀ, ਘੋੜ-ਸਵਾਰੀ, ਤਲਵਾਰਬਾਜ਼ੀ ਅਤੇ ਬੰਦੂਕ ਚਲਾਉਣੀ ਸ਼ੁਰੂ ਕਰ ਦਿੱਤੀ। ਛੋਟੀ ਉਮਰ ਵਿਚ ਹੀ ਆਪ ਸ਼ਸਤਰ ਚਲਾਉਣ ਵਿਚ ਬੜੇ ਨਿਪੁੰਨ ਹੋ ਗਏ ਸਨ। 12 ਸਾਲ ਦੀ ਉਮਰ ਵਿਚ ਉਹ 23 ਮਈ 1699 ਦੇ ਦਿਨ ਇਕ ਸੌ ਸਿੰਘਾਂ ਦਾ ਜਥਾ ਲੈ ਕੇ ਨੂਹ ਪਿੰਡ ਗਏ। ਉਨ੍ਹਾਂ ਨੇ ਉਥੋਂ ਦੇ ਰੰਘੜਾਂ ਨੂੰ (ਜਿਨ੍ਹਾਂ ਨੇ ਪੋਠੋਹਾਰ ਦੀ ਸੰਗਤ ਨੂੰ ਅਨੰਦਪੁਰ ਆਉਂਦਿਆਂ ਲੁੱਟ ਲਿਆ ਸੀ) ਨੂੰ ਸਜ਼ਾ ਦਿੱਤੀ। 29 ਅਗਸਤ 1700 ਦੇ ਦਿਨ ਜਦੋਂ ਪਹਾੜੀ ਰਾਜਿਆਂ ਨੇ ਤਾਰਾਗੜ੍ਹ ਕਿਲ੍ਹੇ 'ਤੇ ਹਮਲਾ ਕੀਤਾ ਤਾਂ ਉਸ ਨੇ ਉਨ੍ਹਾਂ ਦਾ ਮੁਕਾਬਲਾ ਬੜੀ ਬਹਾਦਰੀ ਨਾਲ ਕੀਤਾ। ਅਕਤੂਬਰ ਦੇ ਪਹਿਲੇ ਹਫ਼ਤੇ ਜਦੋਂ ਪਹਾੜੀ ਫ਼ੌਜਾਂ ਨੇ ਨਿਰਮੋਹਗੜ੍ਹ 'ਤੇ ਹਮਲਾ ਕੀਤਾ ਤਾਂ ਉਨ੍ਹਾਂ ਨੇ ਸਭ ਤੋਂ ਮੋਹਰੇ ਹੋ ਕੇ ਲੜਾਈ ਲੜੀ ਅਤੇ ਬਹੁਤ ਸਾਰੇ ਪਹਾੜੀਆਂ ਨੂੰ ਮੌਤ ਦੇ ਘਾਟ ਉਤਾਰਿਆ। ਇਸੇ ਤਰ੍ਹਾਂ 15 ਮਾਰਚ 1700 ਦੇ ਦਿਨ ਉਹ ਸਿੱਖਾਂ ਦਾ ਇਕ ਜਥਾ ਲੈ ਕੇ ਬਜਰੌੜ ਪਿੰਡ ਗਏ। ਬਜਰੌੜ ਪਿੰਡ ਦੇ ਗੁਜਰਾਂ ਅਤੇ ਰੰਘੜਾਂ ਨੇ ਦੜਪ ਇਲਾਕੇ ਦੀ ਸੰਗਤ ਨੂੰ ਇਕ ਵਾਰ ਲੁੱਟ ਲਿਆ ਸੀ। ਸਾਹਿਬਜ਼ਾਦਾ ਅਜੀਤ ਸਿੰਘ ਨੇ ਉਨ੍ਹਾਂ ਲੁਟੇਰਿਆਂ ਨੂੰ ਸਖ਼ਤ ਸਜ਼ਾ ਦਿੱਤੀ। ਫਿਰ 7 ਮਾਰਚ 1703 ਦੇ ਦਿਨ ਆਪ ਭਾਈ ਉਦੈ ਸਿੰਘ ਦੇ ਨਾਲ ਇਕ ਸੌ ਸਿੰਘਾਂ ਦਾ ਜਥਾ ਲੈ ਕੇ ਪਿੰਡ ਬੱਸੀ ਕਲਾਂ ਗਏ ਅਤੇ ਉਥੋਂ ਦੇ ਹਾਕਮ ਕੋਲੋਂ ਦਵਾਰਕਾ ਦਾਸ ਬ੍ਰਾਹਮਣ ਦੀ ਪਤਨੀ ਨੂੰ ਛੁਡਾ ਕੇ ਲਿਆਂਦਾ।

ਭੱਟ ਵਹੀ ਪੂਰਬੀ ਦੱਖਣੀ ਮੁਤਾਬਿਕ ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਾਦੀ ਬੁਰਹਾਨਪੁਰ ਦੇ ਭਾਈ ਜੇਠਾ ਸਿੰਘ ਦੀ ਲੜਕੀ ਤਾਰਾ ਕੌਰ ਨਾਲ 15 ਜਨਵਰੀ 1705 ਦੇ ਦਿਨ ਹੋਈ ਸੀ ਅਤੇ ਉਸ ਦੇ ਘਰ 9 ਦਸੰਬਰ 1705 ਦੇ ਦਿਨ ਇਕ ਬੇਟੇ ਹਠੀ ਸਿੰਘ ਨੇ ਜਨਮ ਲਿਆ ਸੀ। ਸਾਹਿਬਜ਼ਾਦਾ ਅਜੀਤ ਸਿੰਘ ਸਬੰਧੀ ਭੱਟ ਵਹੀਆਂ ਵਿਚ ਹੇਠ ਲਿਖੇ ਇੰਦਰਾਜ ਮਿਲਦੇ ਹਨ:

(ੳ) ਸਾਹਿਬਜ਼ਾਦਾ ਅਜੀਤ ਸਿੰਘ ਦੇ ਵਿਆਹ ਸਬੰਧੀ:

"ਅਜੀਤ ਸਿੰਘ ਬੇਟਾ ਗੁਰੂ ਗੋਬਿੰਦ ਸਿੰਘ ਮਹਿਲ ਦਸਮੇ ਕਾ, ਪੋਤਾ ਗੁਰੂ ਤੇਗ਼ ਬਹਾਦਰ ਜੀ ਕਾ, ਪੜਪੋਤਾ ਗੁਰੂ ਹਰਿਗੋਬਿੰਦ ਜੀ ਕਾ ਬੰਸ ਗੁਰੂ ਅਰਜਨ ਜੀ ਕੀ, ਸੂਰਜਬੰਸੀ ਗੌਸਲ ਗੋਤਰਾ ਸੋਢੀ ਖਤਰੀ, ਬਾਸੀ ਅਨੰਦਪੁਰ ਪਰਗਨਾ ਕਹਿਲੂਰ ਕਾ ਬਿਵਾਹ ਤਾਰਾ ਬਾਈ ਬੇਟੀ ਜੇਠਾ ਸਿੰਘ ਸੇ ਸਾਲ ਸਤਰਾਂ ਸੈ ਇਕਾਹਟ ਮਾਘ ਸੁਦੀ ਏਕਮ ਕੇ ਦਿਵਸ ਕਿਲ੍ਹਾ ਅਨੰਦਗੜ੍ਹ ਮੇਂ ਹੁਆ। ਗੁਰੂ ਕੀ ਕੜਾਹੀ ਕੀ.... (ਭੱਟ ਵਹੀ ਪੂਰਬੀ ਦੱਖਣੀ)

(ਅ) ਸਾਹਿਬਜ਼ਾਦਾ ਅਜੀਤ ਸਿੰਘ ਦੇ ਘਰ ਬੇਟੇ ਦੇ ਜਨਮ ਸਬੰਧੀ:

ਹਠੀ ਸਿੰਘ ਬੇਟਾ ਅਜੀਤ ਸਿੰਘ ਕਾ, ਪੋਤਾ ਗੁਰੂ ਗੋਬਿੰਦ ਸਿੰਘ ਜੀ ਮਹਿਲ ਦਸਮੇਂ ਕਾ, ਪੜਪੋਤਾ ਗੁਰੂ ਤੇਗ਼ ਬਹਾਦਰ ਜੀ ਕਾ, ਬੰਸ ਗੁਰੂ ਹਰਿਗੋਬਿੰਦ ਜੀ ਕੀ, ਸੂਰਜਬੰਸੀ ਗੋਸਲ ਖੋਤਰ, ਸੋਢੀ ਖਤਰੀ, ਬਾਸੀ ਅਨੰਦਪੁਰ, ਪਰਗਨਾ ਕਹਿਲੂਰ ਸੰਤ ਸਤਰਾਂ ਸੈ ਬਾਸਠ ਪੌਖ ਮਾਸੇ ਸੁਦੀ ਪੰਚਮੀਂ ਕੇ ਦਿਹੁੰ ਆਗਰਾ ਨਗਰੀ, ਪਰਗਣਾ ਮਥੁਰਾ, ਭਾਈ ਸ਼ਰਧਾ ਸਿੰਘ ਬੇਟਾ ਮੋਹਕਮ ਦਾਸ 'ਗੁਲਾਟੀ' ਅਰੋੜਾ ਕੇ ਗ੍ਰਹਿ ਮੇਂ ਹੂਆ। ਗੁਰੂ ਕੀ ਕੜਾਹੀ ਕੀ, ਅਥਿਤ ਗਰੀਬ ਗੁਰਬੇ ਕੋ ਮਾਨਾ।(ਭੇਂਟ ਵਹੀ ਪੁਰਖੀ ਦੇਖਣੀ, ਖਾਤਾ ਹਜਾਵਤ ਆਬਿਆਨੋਂ ਕਾ)

ਹਠੀ ਸਿੰਘ ਦੇ ਸਾਹਿਬਜ਼ਾਦਾ ਅਜੀਤ ਸਿੰਘ ਦਾ ਪੁੱਤਰ ਹੋਣ ਬਾਰੇ ਕੁਰਖੇਤਰ ਵਿਚ "ਪੰਡਤ ਮਹੇਸ਼ ਦੱਤ ਪੁੱਤਰ ਪੰਡਤ ਸ਼ੰਕਰ ਦਾਸ" ਦੀ "ਵਹੀ ਸੋਢੀਆਂ" ਦੇ ਸਫ਼ਾ 605 ਤੇ ਇਹ ਇੰਦਰਾਜ ਮਿਲਦਾ ਹੈ:

"ਗੁਰੂ ਹਰਿਗੋਬਿੰਦ ਗੁਰੂ ਅਰਜਨ ਜੀ ਕਾ, ਬਾਬਾ ਗੁਰਦਿੱਤਾ ਜੀ ਬਾਬਾ ਸਾਹਿਬ ਰਾਇ ਗੁਰੂ ਹਰਿਗੋਬਿੰਦ ਜੀ ਕੇ। ਸੂਰਤ ਸਿੰਘ (ਸੂਰਜ ਮੱਲ) ਗੁਰੂ ਹਰਿਗੋਬਿੰਦ ਜੀ ਕਾ, ਗੁਰੂ ਗੋਬਿੰਦ ਸਿੰਘ ਗੁਰੂ ਤੇਗ਼ ਬਹਾਦਰ ਜੀ ਕਾ। ਹਠੀ ਸਿੰਘ ਅਜੀਤ ਸਿੰਘ ਜੀ ਕਾ। ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ, ਫਤੇ ਸਿੰਘ ਬੇਟੇ ਗੁਰੂ ਗੋਬਿੰਦ ਸਿੰਘ ਜੀ ਕੇ, ਮਾਤਾ ਗੁਜਰੀ ਮਾਈ ਗੁਰੂ ਗੋਬਿੰਦ ਸਿੰਘ ਜੀ ਕੀ। ਮਾਤਾ ਸੁੰਦਰੀ ਅਜੀਤ ਸਿੰਘ ਕੀ ਮਾਈ। ਮਾਈ ਕੁਸ਼ਾਲ ਕੌਰ ਵਡਭਾਗ ਸਿੰਘ ਜੀ ਬਹਨ ਆਈ। ਸੂਰਜ ਗ੍ਰਹਿਣ ਕੇ।"

(ਸਾਹਿਬਜ਼ਾਦਾ ਅਜੀਤ ਸਿੰਘ ਦੇ ਵਿਆਹ ਅਤੇ ਉਸ ਦੇ ਬੱਚੇ ਸਬੰਧੀ ਕੁਝ ਲੇਖਕਾਂ ਮੁਤਾਬਿਕ ਹਠੀ ਸਿੰਘ ਅਜੀਤ ਸਿੰਘ ਪਾਲਤ ਦਾ ਬੱਚਾ ਸੀ ਪਰ ਬੁਰਹਨਾਪੁਰ ਵਿਚ ਜਿੱਥੇ ਉਸ ਹਠੀ ਸਿੰਘ ਦੀ ਮੌਤ ਹੋਈ ਸੀ ਉਸ ਦੀ ਸਮਾਧ ਤੇ ਸਾਫ਼ ਲਿਖਿਆ ਹੋਇਆ ਹੈ ਕਿ ਉਹ ਗੁਰੂ ਸਾਹਿਬ ਦਾ ਸੱਕਾ ਪੋਤਾ ਸੀ)।

1985: ਹਾਈ ਕੋਰਟ ਨੇ ਸਿਮਰਨਜੀਤ ਸਿੰਘ ਮਾਨ ਨੂੰ ਰਿਹਾ ਕੀਤਾ; ਉਸ ਨੂੰ ਜੇਲ੍ਹ ਵਿਚੋਂ ਨਿਕਲਦਿਆਂ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ

ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਖੁਸ਼ਵੰਤ ਸਿੰਘ, ਡਾ: ਗੰਡਾ ਸਿੰਘ, ਭਗਤ ਪੂਰਨ ਸਿੰਘ, ਸਾਧੂ ਸਿੰਘ ਹਮਦਰਦ, ਵਗ਼ੈਰਾ ਨੇ ਪਦਮਸ਼੍ਰੀ ਦੇ ਖ਼ਿਤਾਬ ਵਾਪਿਸ ਕਰ ਦਿੱਤੇ। ਚਰਨਜੀਤ ਸਿੰਘ ਕੋਕਾ ਕੋਲਾ ਕਾਂਗਰਸ ਪਾਰਟੀ ਨੂੰ ਛੱਡ ਗਿਆ। ਦਵਿੰਦਰ ਸਿੰਘ ਗਰਚਾ ਤੇ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪਾਰਟੀ ਅਤੇ ਲੋਕ ਸਭਾ ਤੋਂ ਅਸਤੀਫ਼ੇ ਦੇ ਦਿੱਤੇ। ਸਿਰਦਾਰ ਸਿਮਰਨਜੀਤ ਸਿੰਘ ਮਾਨ ਨੇ ਡੀ.ਆਈ.ਜੀ. ਦੇ ਅਹੁਦੇ ਵਾਲੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਜ਼ੈਲ ਸਿੰਘ ਨੂੰ ਜ਼ਬਰਦਸਤ ਰੋਸ ਵਾਲੀ ਚਿਠੀ ਵੀ ਲਿਖੀ। ਅਜਿਹੇ ਰੋਸ ਹੋਰ ਵੀ ਕਈ ਸਿੱਖਾਂ ਨੇ ਜ਼ਾਹਿਰ ਕੀਤੇ ਸਨ। (ਪਰ 1947 ਵਿਚ ਵਾਰਸ ਸ਼ਾਹ ਨੂੰ ਆਵਾਜ਼ਾਂ ਮਾਰਨ ਵਾਲੀ ਅੰਮ੍ਰਿਤਾ ਪ੍ਰੀਤਮ ਤੇ ਉਸ ਵਰਗੇ ਹੋਰ ਬੇਗ਼ੈਰਤਾਂ ਦੇ ਅੰਦਰ ਦਾ ਇਨਸਾਨ ਨਾ ਜਾਗਿਆ)। ਇਸ ਮਾਹੌਲ ਵਿਚ ਸਿਰਦਾਰ ਸਿਮਰਨਜੀਤ ਸਿੰਘ ਮਾਨ ਨੇ ਵਿਦੇਸ਼ਾਂ ਵਿਚ ਜਾ ਕੇ ਲਹਿਰ ਚਲਾਉਣ ਵਾਸਤੇ ਨੈਪਾਲ ਜਾਣ ਦਾ ਫ਼ੈਸਲਾ ਕੀਤਾ ਪਰ ਉਹ ਸ. ਕਮਿੰਕਰ ਸਿੰਘ ਅਤੇ ਤਿੰਨ ਹੋਰ ਸਾਥੀਆਂ ਸਣੇ ਨੈਪਾਲ ਜਾਂਦਾ 27 ਨਵੰਬਰ 1984 ਦੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ। 9 ਦਸੰਬਰ 1985 ਨੂੰ ਪੰਜਾਬ ਹਾਈ ਕੋਰਟ ਨੇ ਸਿਮਰਨਜੀਤ ਸਿੰਘ ਮਾਨ ਦੀ ਰਿਹਾਈ ਦੇ ਹੁਕਮ ਜਾਰੀ ਕਰ ਦਿਤੇ। ਸ: ਮਾਨ ਨੂੰ ਰਿਹਾ ਕਰ ਕੇ ਉਸੇ ਵੇਲੇ ਦੋਬਾਰਾ ਗ੍ਰਿਫ਼ਤਾਰ ਕਰ ਕੇ ਨਵੇਂ ਕੇਸ ਵਿਚ ਅੜੁੰਗ ਲਿਆ ਗਿਆ। ਉਸ ਨੂੰ 5 ਸਾਲ ਮਗਰੋਂ ਲੋਕ ਸਭਾ ਚੋਣ ਜਿੱਤਣ ਮਗਰੋਂ ਹੀ ਰਿਹਾ ਕੀਤਾ ਗਿਆ।

1989: ਨਿਸ਼ਾਨ ਸਿੰਘ ਘਰਿਆਲਾ ਤੇ ਗੁਰਦੇਵ ਸਿੰਘ ਉਸਮਾਨਵਾਲਾ ਮੁਕਾਬਲੇ ਵਿਚ ਸ਼ਹੀਦ

ਨੌਂ ਦਸੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਨਿਸ਼ਾਨ ਸਿੰਘ (ਵਾਸੀ ਘਰਿਆਲਾ) ਤੇ ਗੁਰਦੇਵ ਸਿੰਘ (ਵਾਸੀ ਉਸਮਾਨਵਾਲਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਜੋਰਾ ਸਿੰਘ ਤੇ 8 ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

ਨੌਂ ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਜੋਰਾ ਸਿੰਘ ਉਰਫ਼ ਰਵਿੰਦਰ ਸਿੰਘ ਤੇ ਅੱਠ ਹੋਰ ਸਿੱਖਾਂ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

10 ਦਸੰਬਰ

1705: ਗੁਰੂ ਜੀ ਮਾਛੀਵਾੜਾ ਤੋਂ ਮਾਲਵਾ ਵਾਸਤੇ ਚੱਲ ਪਏ

ਤਿੰਨ ਦਿਨ ਮਾਛੀਵਾੜਾ ਵਿਚ ਭਾਈ ਜੀਵਨ ਸਿੰਘ ਦੇ ਘਰ ਰਹਿਣ ਮਗਰੋਂ 10 ਦਸੰਬਰ 1705 ਦੇ ਦਿਨ ਗੁਰੂ ਸਾਹਿਬ ਮੁਸਲਮਾਨਾਂ ਦੇ ਪੀਰਾਂ ਵਾਲੇ ਹਰੇ ਰੰਗ ਦੇ (ਮੁਸਲਮਾਨ ਇਨ੍ਹਾਂ ਹਰੇ ਕਪੜਿਆਂ ਨੂੰ ਨੀਲ-ਬਸਤਰ ਕਹਿੰਦੇ ਸਨ; ਨੀਲ ਦਾ ਲਫ਼ਜ਼ੀ ਮਾਅਨਾ ਹੈ 'ਰੰਗਦਾਰ' ਨਾ ਕਿ ਨੀਲਾ) ਪਹਿਣ ਕੇ ਅਜਨੇਰ ਦੇ ਕਾਜ਼ੀ ਚਰਾਗ਼ ਦੀਨ ਤੇ ਚਾਰ ਹੋਰ ਮੁਸਲਮਾਨ ਮੁਰੀਦਾਂ (ਇਨਾਇਤ ਅਲੀ ਨੂਰਪੁਰ, ਕਾਜ਼ੀ ਪੀਰ ਮੁਹੰਮਦ ਸਲੋਹ, ਸੁਬੇਗ ਸ਼ਾਹ ਹਲਵਾਰਾ ਅਤੇ ਹਸਨ ਅਲੀ ਮੋਠੂ ਮਾਜਰਾ) ਨਾਲ ਮਾਛੀਵਾੜਾ ਤੋਂ ਦੀਨਾ ਕਾਂਗੜ ਵੱਲ ਚੱਲ ਪਏ। ਆਪ ਨੇ ਪਹਿਲੀ ਰਾਤ ਅਜਨੇਰ ਵਿਚ ਬਿਤਾਈ ਇਸ ਤੇ ਬਾਅਦ ਲੱਲ, ਕਟਾਣੀ, ਰਾਮਪੁਰ, ਦੋਰਾਹਾ ਅਤੇ ਹੋਰ ਪਿੰਡਾਂ ਵਿਚੋਂ ਹੁੰਦੇ ਹੋਏ ਆਲਮਗੀਰ ਪੁੱਜੇ। ਇੱਥੇ ਆਪ ਨੇ ਆਪ ਦੇ ਨਾਲ ਆਏ ਪੰਜ ਮੁਸਲਮਾਨ ਮੁਰੀਦਾਂ ਨੂੰ ਅਲਵਿਦਾ ਆਖੀ ਅਤੇ ਆਪ ਘੋੜੇ 'ਤੇ ਸਵਾਰ ਹੋ ਕੇ ਦੀਨਾ ਕਾਂਗੜ ਪਹੁੰਚੇ।

1710: ਬਾਦਸ਼ਾਹ ਬਹਾਦਰ ਸ਼ਾਹ ਨੇ ਫ਼ੁਰਮਾਨ ਜਾਰੀ ਕੀਤਾ ਕਿ ਸਿੱਖ ਜਿੱਥੇ ਵੀ ਮਿਲੇ ਕਤਲ ਕਰ ਦਿੱਤਾ ਜਾਵੇ

ਨਵੰਬਰ 1709 ਤੋਂ ਮਈ 1710 ਤਕ ਬੰਦਾ ਸਿੰਘ ਨੇ ਪੰਜਾਬ ਦੇ ਬਹੁਤ ਸਾਰੇ ਹਿੱਸੇ 'ਤੇ ਕਬਜ਼ਾ ਕਰ ਲਿਆ ਸੀ। ਜਦ ਇਹ ਖ਼ਬਰ ਮੁਗ਼ਲਤ ਬਾਦਸ਼ਾਹ ਬਹਾਦਰ ਸ਼ਾਹ ਤਕ ਪੁੱਜੀ ਤਾਂ ਉਹ ਸਾਰੀ ਫ਼ੌਜ ਲੈ ਕੇ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਵਿਚ ਨਿਕਲ ਪਿਆ। ਨਵੰਬਰ 1710 ਦੇ ਅਖ਼ੀਰ ਤਕ ਉਸ ਨੇ ਸਿੱਖਾਂ ਤੋਂ ਬਹੁਤ ਸਾਰੇ ਇਲਾਕੇ ਵਾਪਿਸ ਲੈ ਲਏ ਸਨ। ਤਕਰੀਬਨ ਬਾਕੀ ਸਾਰੇ ਪਾਸਿਓਂ ਸਿੱਖਾਂ ਨੂੰ ਖਦੇੜਨ ਮਗਰੋਂ ਮੁਗ਼ਲ ਫ਼ੌਜਾਂ ਨੇ ਬਾਦਸ਼ਾਹ ਦੀ ਅਗਵਾਈ ਵਿਚ ਕਿਲ੍ਹਾ ਲੋਹਗੜ੍ਹ ਵਲ ਕੂਚ ਕਰ ਦਿਤਾ।29 ਨਵੰਬਰ ਬੁਧਵਾਰ ਦੇ ਦਿਨ ਬਾਦਸ਼ਾਹ, ਲੋਹਗੜ੍ਹ ਕਿਲ੍ਹੇ ਤੋਂ ਕੁਝ ਫ਼ਰਲਾਂਗ ਦੂਰ, ਸੋਮ ਨਦੀ ਦੇ ਕੰਢੇ 'ਤੇ, ਪਿੰਡ ਕਮਹੋ ਦੀ ਹੱਦ ਵਿਚ ਪੁੱਜ ਗਿਆ। ਹਾਲਾਤ ਵੇਖ ਕੇ ਉਸ ਨੇ ਹੁਕਮ ਦਿਤਾ ਕਿ ਖਾਨਖਾਨਾ ਅਤੇ ਮਹਾਬਤ ਖ਼ਾਨ ਅਗਲੇ ਦਿਨ ਸਿੱਖਾਂ ਦੇ ਪਹਾੜਾਂ 'ਤੇ ਬਣੇ ਮੋਰਚਿਆਂ ਦਾ ਜਾਇਜ਼ਾ ਲੈਣ। ਇਹੀ ਹੁਕਮ ਰਫ਼ੀਉੱਸ਼ਾਨ ਸ਼ਹਿਜ਼ਾਦਾ ਨੂੰ ਵੀ ਦਿਤਾ ਗਿਆ। 30 ਨਵੰਬਰ ਨੂੰ ਸਾਰਾ ਜਾਇਜ਼ਾ ਲੈ ਕੇ ਮੁਗ਼ਲ ਫ਼ੌਜਾਂ ਨੇ ਲੋਹਗੜ੍ਹ ਨੂੰ ਇੰਵ ਘੇਰਾ ਪਾਇਆ: (1) ਰਫ਼ੀਉੱਸ਼ਾਨ ਪਰਬਤ-ਪੱਲੇ ਤੋਂ ਇਕ ਕਿਲੋਮੀਟਰ ਹਟਵੇਂ, ਬੰਦਾ ਸਿੰਘ ਦੇ ਡੇਰੇ ਵਲ ਭੇਜਿਆ ਗਿਆ। ਉਸ ਦੇ ਨਾਲ ਬਖ਼ਸ਼ੀ-ਉਲ-ਮੁਲਕ ਜ਼ੁਲਫ਼ਿਕਾਰ ਖ਼ਾਨ ਦੀ ਡਿਊਟੀ ਲਾਈ ਗਈ। (2) ਖ਼ਾਨਖ਼ਾਨਾ ਅਤੇ ਬਖ਼ਸ਼ੀ ਮਹਾਬਤ ਖ਼ਾਨ ਤੇ ਖ਼ਾਨ ਜ਼ਮਾਨ ਬਹਾਦਰ (ਤਿੰਨੇ ਪਿਓ-ਪੁੱਤਰ) ਉਸ ਇਲਾਕੇ ਦੇ ਜਾਨੂਆਂ ਪਿੱਛੇ ਲਗ ਕੇ ਪਰਬਤ ਦੀ ਢਾਕੇ (ਕਮਰ) ਦਾਖਿਲ ਹੋਏ। (3) ਹਿੰਦੂ ਰਾਜਾ ਛਤਰਸਾਲ ਬੁੰਦੇਲਾ ਤੇ ਇਸਲਾਮ ਖ਼ਾਨ 'ਮੀਰ ਆਤਿਸ਼' ਖ਼ਾਨਖ਼ਾਨਾ ਦੀ ਮੁਹਰੈਲੀ ਫ਼ੌਜ ਬਣ ਕੇ ਅਗਾਂਹ ਵਧੇ। (4) ਹਮੀਦ-ਉਦ-ਦੀਨ ਖ਼ਾਨ, ਅਜ਼ੀਮੁੱਸ਼ਾਨ ਸ਼ਾਹ ਬਹਾਦਰ ਦੇ ਸਾਥੀ ਤੇ ਜਹਾਨ ਸ਼ਾਹ ਬਹਾਦੁਰ ਦੇ ਚਾਕਰ, ਉੱਪਰ ਜ਼ਿਕਰ ਕੀਤੇ ਤਿੰਨਾਂ ਦਲਾਂ ਦੀ ਮਦਦ ਵਾਸਤੇ, ਮਗਰ-ਮਗਰ ਟੁਰੇ। ਲੋਹਗੜ੍ਹ ਵਿਚ ਇਸ ਵੇਲੇ ਨਾ ਤਾਂ ਬਹੁਤੀ ਸਿੱਖ ਫ਼ੌਜ ਸੀ,

ਨਾ ਅਸਲਾ ਤੇ ਨਾ ਰਾਸ਼ਨ। ਸ਼ੁਰੂ-ਸ਼ੁਰੂ ਵਿਚ ਸਿੱਖਾਂ ਤੇ ਸ਼ਾਹੀ ਫ਼ੌਜਾਂ ਵਿਚ ਛੋਟੀ-ਮੋਟੀ ਜੰਗ ਚਲਦੀ ਰਹੀ। ਜਿਹੜਾ ਸਿੱਖ ਵੀ ਕਿਲ੍ਹੇ 'ਚੋਂ ਬਾਹਰ ਨਿਕਲਦਾ ਸੀ ਉਹ ਮੁਗ਼ਲ ਫ਼ੌਜਾਂ ਨਾਲ ਭਿੜ ਕੇ, ਚੰਗੀ ਜੱਦੋਜਹਿਦ ਮਗਰੋਂ, ਮਾਰਿਆ ਜਾਂਦਾ ਸੀ। ਬਹੁਤ ਸਾਰੇ ਮੁਗ਼ਲ ਫ਼ੌਜੀ ਵੀ ਮਰ ਰਹੇ ਸਨ। ਸਿੱਖ, ਅਸਲਾ ਥੋੜ੍ਹਾ ਹੋਣ ਕਰ ਕੇ, ਇਕ-ਇਕ ਕਰ ਕੇ ਗੋਲੇ ਸੁੱਟ ਰਹੇ ਸਨ। ਮੁਗ਼ਲ ਫ਼ੌਜਾਂ ਦੇ ਜਰਨੈਲਾਂ ਨੇ ਇਸ ਤੋਂ ਅੰਦਾਜ਼ਾ ਲਾ ਲਿਆ ਸੀ ਕਿ ਸਿੱਖਾਂ ਕੋਲ ਬਾਰੂਦ ਥੋੜ੍ਹਾ ਹੈ। ਉਹੀ ਗੱਲ ਹੋਈ। ਸ਼ਾਮ ਤੋਂ ਪਹਿਲਾਂ ਹੀ ਸਿੱਖਾਂ ਦਾ ਬਾਰੂਦ ਮੁੱਕ ਗਿਆ। ਹੁਣ ਉਹ ਮੋਰਚਿਆਂ ਵਿਚੋਂ ਨਿਕਲੇ ਅਤੇ ਉਨ੍ਹਾਂ ਨੇ ਮੁਗ਼ਲ ਫ਼ੌਜਾਂ 'ਤੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ। ਇੰਞ ਬਹੁਤ ਸਾਰੇ ਸਿੱਖ ਸ਼ਹੀਦ ਹੋ ਗਏ। ਇਸ ਵੇਲੇ ਬੰਦਾ ਸਿੰਘ **ਲੋਹਗੜ੍ਹ** ਕਿਲ੍ਹੇ ਤੋਂ ਉੱਪਰ, ਨਾਲ ਵਾਲੀ ਪਹਾੜੀ 'ਤੇ ਬਣੇ ਇਕ ਹੋਰ ਕਿਲ੍ਹੇ **ਸਿਤਾਰਗੜ੍ਹ** ਵਿਚ, ਬੈਠਾ ਸੀ। ਸ਼ਾਹੀ ਫ਼ੌਜ ਲੋਹਗੜ੍ਹ ਨੂੰ ਘੇਰੀ ਬੈਠੀ ਸੀ ਤੇ ਕਿਸੇ ਵੇਲੇ ਵੀ ਇਸ 'ਤੇ ਕਬਜ਼ਾ ਕਰ ਸਕਦੀ ਸੀ। ਸਿੱਖਾਂ ਨੂੰ ਹੁਣ ਅਹਿਸਾਸ ਹੋ ਗਿਆ ਸੀ ਉਨ੍ਹਾਂ ਦਾ ਭਲਾ ਕਿਲ੍ਹੇ 'ਚੋਂ ਨਿਕਲ ਜਾਣ ਵਿਚ ਹੀ ਹੈ। ਰਾਤ ਵੇਲੇ ਉਨ੍ਹਾਂ ਨੇ ਬਹੁਤ ਸਾਰਾ ਬਾਰੂਦ ਭਰ ਕੇ ਇਮਲੀ ਦੀ ਗੇਲੀ ਨਾਲ ਬਣਾਈ ਬੂੰਦਕ ਚਲਾਈ ਜਿਸ ਨਾਲ ਧਰਤੀ ਕੰਬ ਗਈ। ਇਸ ਧਮਾਕੇ ਨਾਲ ਸਾਰੇ ਸ਼ਾਹੀ ਫ਼ੌਜੀ ਡਰ ਕੇ ਲੁਕ ਗਏ। ਸਿੱਖਾਂ ਨੇ ਇਸ ਦਾ ਫ਼ਾਇਦਾ ਉਠਾਇਆ ਅਤੇ ਕਿਲ੍ਹੇ ਵਿੱਚੋਂ ਨਿਕਲ ਕੇ ਪਹਾੜਾਂ ਵਲ ਚਲੇ ਗਏ। ਇਨ੍ਹਾਂ ਵਿਚ ਹੀ ਬੰਦਾ ਸਿੰਘ ਵੀ ਸੀ। ਇਸ ਲੜਾਈ ਵਿਚ 1500 ਸਿੱਖ ਤੇ ਉਨ੍ਹਾਂ ਦੇ ਦੋ ਸਿਰਦਾਰ ਮਾਰੇ ਗਏ ਸਨ। ਜਦੋਂ ਬੰਦਾ ਸਿੰਘ ਦੇ ਬਚ ਕੇ ਨਿਕਲ ਜਾਣ ਦੀ ਖ਼ਬਰ ਬਹਾਦਰ ਸ਼ਾਹ ਨੂੰ ਮਿਲੀ ਤਾਂ ਉਹ ਬੜਾ ਗੁੱਸੇ ਵਿਚ ਆਇਆ ਅਤੇ ਉਸ ਨੇ ਕਿਹਾ *"ਮੈਨੇ ਕੁੱਤਿਆਂ ਦੇ ਘੇਰੇ 'ਚੋਂ ਗਿੱਦੜ ਬਚ ਕੇ ਨਿਕਲ ਗਿਆ?"* ਬਾਦਸ਼ਾਹ ਦੇ ਇਸ ਗੁੱਸੇ ਦਾ ਇਸ਼ਾਰਾ ਖ਼ਾਨਖ਼ਾਨਾ (ਮੁਨਾਇਮ ਖ਼ਾਨ) ਵਲ ਸੀ ਕਿਉਂ ਕਿ ਉਸ ਨੇ ਹੀ ਬਾਦਸ਼ਾਹ ਦੇ ਹੁਕਮ ਦੀ ਪਰਵਾਹ ਕੀਤੇ ਬਿਨਾਂ, ਆਪਣੀ ਮਰਜ਼ੀ ਨਾਲ, ਹੱਲਾ ਬੋਲ ਦਿਤਾ ਸੀ। ਬੰਦਾ ਸਿੰਘ ਦੇ ਬਚ ਨਿਕਲਣ ਦੇ ਅਫ਼ਸੋਸ ਵਜੋਂ ਬਾਦਸ਼ਾਹ ਨੇ ਢੋਲ, ਨਗਾਰੇ ਤੇ ਨਾਚ-ਗਾਣਾ ਬੰਦ ਕਰਵਾ ਦਿੱਤੇ ਅਤੇ ਉਹ ਅਫ਼ਸੋਸ-ਜ਼ਦਾ ਹੋ ਕੇ ਬੈਠ ਗਿਆ। ਐਤਵਾਰ, 3 ਦਸੰਬਰ 1710 ਨੂੰ, ਬਾਦਸ਼ਾਹ ਨੇ ਦਰਬਾਰ ਲਾਇਆ ਅਤੇ ਸਿੱਖਾਂ ਦੇ ਖ਼ਿਲਾਫ਼ ਲੜਾਈ ਵਿਚ ਰੋਲ ਅਦਾ ਕਰਨ ਵਾਲਿਆਂ ਨੂੰ ਈਨਾਮ ਦਿੱਤੇ: ਜਮਦਾਤ-ਉਲ-ਮੁਲਕ ਅਤੇ ਬਖ਼ਸ਼ੀ-ਉਲ-ਮੁਮਾਲਿਕ ਨੂੰ ਖਿੱਲਤ ਤੇ ਦਸਤਾਰ, ਹਮੀਦ-ਉਦ-ਖ਼ਾਨ ਨੂੰ ਕਪੜੇ ਦੇ ਚਾਰ ਥਾਨ ਦੀ ਖਿੱਲਤ, ਬਖ਼ਸ਼ੀ-ਉਲ-ਮੁਲਕ, ਮਹਾਬਤ ਖ਼ਾਨ ਅਤੇ ਇਸਲਾਮ ਖ਼ਾਨ ਬਹਾਦਰ ਨੂੰ ਸਪੈਸ਼ਲ ਖਿੱਲਤ ਤੇ ਰਾਜਾ ਉਦਿਤ ਸਿੰਹ ਨੂੰ ਵੀ ਵਧੀਆ ਖਿੱਲਤ ਦਿੱਤੀ ਗਈ। ਰਾਜਾ ਛਤਰ ਸਾਲ ਨੂੰ ਜਿਗ੍ਹਾ ਕਲਗੀ ਤੇ ਚੂੜਾਮਣੀ ਜੱਟ (ਇਹ ਹਿੰਦੂ ਜਰਨੈਲ ਚੂੜਾਮਣੀ ਜੱਟ ਉਹੀ ਸੀ ਜੋ ਬਹਾਦਰ ਸ਼ਾਹ ਦੇ ਬਾਗ਼ੀ ਭਰਾ ਤਾਰਾ ਆਜ਼ਮ ਦਾ ਸਾਥੀ ਸੀ। ਪਰ ਜਨਵਰੀ 1709 ਦੀ ਲੜਾਈ ਵਿਚ ਤਾਰਾ ਆਜ਼ਮ ਦੀ ਹਾਰ ਤੇ ਮੌਤ ਮਗਰੋਂ ਇਸ ਨੇ ਤਾਰਾ ਆਜ਼ਮ ਦਾ ਖ਼ਜ਼ਾਨਾ ਲੁੱਟ ਲਿਆ ਸੀ ਤੇ ਬਹਾਦਰ ਸ਼ਾਹ ਨਾਲ ਆ ਰਲਿਆ ਸੀ) ਨੂੰ ਹਾਥੀ ਬਖ਼ਸ਼ਿਆ ਗਿਆ। ਹਾਮਿਦ ਖ਼ਾਨ ਨੂੰ ਜੋੜਾ-ਜਾਮਾ ਭੇਟ ਕੀਤਾ ਗਿਆ। **10 ਦਸੰਬਰ 1710 ਨੂੰ ਬਾਦਸ਼ਾਹ ਨੇ ਬਖ਼ਸ਼ੀ-ਉਲ-ਮੁਮਾਲਿਕ ਮਹਾਬਤ ਖ਼ਾਨ ਨੂੰ ਹੁਕਮ ਜਾਰੀ ਕੀਤਾ ਕਿ ਉਸ (ਬਾਦਸ਼ਾਹ) ਦੇ ਨਾਂ 'ਤੇ ਸ਼ਾਹਜਹਾਨਾਬਾਦ (ਦਿੱਲੀ) ਦੇ ਆਲੇ-ਦੁਆਲੇ ਦੇ ਫ਼ੌਜਦਾਰਾਂ ਨੂੰ ਫ਼ੁਰਮਾਨ ਜਾਰੀ ਕਰੇ ਕਿ "ਜਿੱਥੇ ਵੀ ਕੋਈ ਨਾਨਕ-ਪ੍ਰਸਤ (ਸਿੱਖ) ਨਜ਼ਰ ਆਵੇ ਉਸ ਨੂੰ ਕਤਲ ਕਰ ਦਿੱਤਾ ਜਾਵੇ।"** (ਮਗਰੋਂ 26 ਮਾਰਚ 1711 ਨੂੰ ਬਾਦਸ਼ਾਹ ਨੇ ਇਹ ਹੁਕਮ ਵੀ ਜਾਰੀ ਕੀਤਾ ਕਿ ਸਿੱਖਾਂ ਨੂੰ 'ਸਿੱਖ' ਨਹੀਂ ਬਲਕਿ 'ਸਿੱਖ-ਚੋਰ' ਲਿਖਿਆ ਜਾਇਆ ਕਰੇ)।

1966: ਅਕਾਲੀ ਕਾਨਫ਼ਰੰਸ ਲੁਧਿਆਣਾ ਨੇ ਸਿੱਖ ਹੋਮਲੈਂਡ (ਸਿੱਖ ਸਟੇਟ / ਖਾਲਿਸਤਾਨ) ਦਾ ਮਤਾ ਪਾਸ ਕੀਤਾ

10-11 ਦਸੰਬਰ 1966 ਨੂੰ ਲੁਧਿਆਣੇ ਵਿਖੇ ਅਕਾਲੀ ਦਲ (ਮਾਸਟਰ) ਦੀ ਸਾਲਾਨਾ ਕਾਨਫ਼ਰੰਸ ਹੋਈ। ਇਸ ਵਿਚ ''ਸਿੱਖ ਹੋਮਲੈਂਡ'' ਦਾ ਮਤਾ ਪਾਸ ਕੀਤਾ ਗਿਆ। ਅਕਾਲੀ ਦਲ ਨੇ ਐਲਾਨ ਕੀਤਾ ਕਿ ਦਲ ਨੂੰ ਮਿਲੀ ਵੋਟ ਸਿੱਖ ਹੋਮਲੈਂਡ ਦੀ ਵੋਟ ਹੋਵੇਗੀ, ਇਸ ਤੋਂ ਇਲਾਵਾ ਹੇਠ ਲਿਖੇ ਮਤੇ ਵੀ ਪਾਸ ਹੋਏ: (1) ਸਿੱਖਾਂ ਨਾਲ ਆਜ਼ਾਦ ਭਾਰਤ 'ਚ ਕੀਤੇ ਜਾ ਰਹੇ ਵਿਤਕਰੇ ਖ਼ਤਮ ਹੋਣ (2) ਪੰਜਾਬੀ ਸੂਬੇ ਦੇ ਬਾਕੀ ਇਲਾਕੇ ਵਾਪਿਸ ਦਿਤੇ ਜਾਣ। (3) ਫਤਹਿ ਸਿੰਘ ਦੇ ਮਰਨ ਵਰਤ ਦੀ ਹਿਮਾਇਤ ਕੀਤੀ ਗਈ।

1988: ਬਲਵੰਤ ਸਿੰਘ ਖੁਖਰਾਣਾ ਨਕਲੀ ਮੁਕਾਬਲੇ ਵਿਚ ਸ਼ਹੀਦ

10 ਦਸੰਬਰ 1988 ਦੇ ਦਿਨ ਪੰਜਾਬ ਪੁਲਸ ਨੇ ਬਲਵੰਤ ਸਿੰਘ (ਭਰਾ ਭਾਈ ਕੁਲਵੰਤ ਸਿੰਘ ਖੁਖਰਾਣਾ, ਵਾਸੀ ਮੋਗਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਜਸਵੰਤ ਸਿੰਘ ਜੱਸਾ ਤੇ ਗੁਰਤੇਜ ਸਿੰਘ ਸੈਨੇਵਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

10 ਦਸੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਜਸਵੰਤ ਸਿੰਘ ਜੱਸਾ ਤੇ ਗੁਰਤੇਜ ਸਿੰਘ (ਵਾਸੀ ਸੈਨੇਵਾਲਾ, ਬਠਿੰਡਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਗੁਲਜ਼ਾਰ ਸਿੰਘ ਫੇਰੂਮਾਨ ਨਕਲੀ ਮੁਕਾਬਲੇ ਵਿਚ ਸ਼ਹੀਦ

10 ਦਸੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਗੁਲਜ਼ਾਰ ਸਿੰਘ (ਪੁੱਤਰ ਮਹਿੰਦਰ ਸਿੰਘ, ਵਾਸੀ ਧਾਂਦਰਾ, ਜ਼ਿਲ੍ਹਾ ਸੰਗਰੂਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਗੁਰਨਾਮ ਸਿੰਘ ਧਮਾਕਾ, ਨਿਰਮਲ ਸਿੰਘ ਤੇ ਨਿਸ਼ਾਨ ਸਿੰਘ ਸਿਪਾਹੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਦਸ ਦਸੰਬਰ 1992 ਨੂੰ ਪੰਜਾਬ ਪੁਲਸ ਨੇ ਗੁਰਨਾਮ ਸਿੰਘ ਧਮਾਕਾ ਤੇ ਨਿਰਮਲ ਸਿੰਘ (ਦੋਵੇਂ ਵਾਸੀ ਰਾਮ ਦੀਵਾਲੀ) ਤੇ ਨਿਸ਼ਾਨ ਸਿੰਘ ਸਿਪਾਹੀ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

11 ਦਸੰਬਰ

1773: ਸ਼ਹੀਦੀ ਮਿਸਲ ਦੇ ਕਰਮ ਸਿੰਘ ਨੇ ਨਨੌਤਾ ਤੇ ਹਮਲਾ ਕੀਤਾ

ਸ਼ਹੀਦੀ ਮਿਸਲ ਦੇ ਕਰਮ ਸਿੰਘ ਨੇ 11 ਦਸੰਬਰ 1773 ਦੇ ਦਿਨ ਨਨੌਤਾ ਤੇ ਹਮਲਾ ਕੀਤਾ ਤੇ ਲੁੱਟਿਆ ਤੇ ਫਿਟ ਜਲਾਲਾਬਾਦ ਤੇ ਜਾ ਪਏ। ਇੱਥੋਂ ਦੇ ਹਾਕਮ ਸਯਦ ਹਸਨ ਖ਼ਾਨ ਨੇ ਪੰਡਤਾਂ ਦੀ ਇਕ ਸ਼ਾਦੀ ਸ਼ੁਦਾ ਕੁੜੀ ਚੁਕ ਲਈ ਸੀ; ਸਿੱਖਾਂ ਨੇ ਹਸਨ ਖ਼ਾਨ ਨੂੰ ਮਾਰਿਆ ਅਤੇ ਸਾਰੇ ਪਿੰਡ ਨੂੰ ਉਸ ਦਾ ਸਾਥ ਦੇਣ ਬਦਲੇ ਸਜ਼ਾ ਦਿਤੀ। ਜਦ ਸਿੱਖਾਂ ਨੇ ਕੁੜੀ ਨੂੰ ਬ੍ਰਾਹਮਣਾਂ ਦੇ ਹਵਾਲੇ ਕੀਤਾ ਤਾਂ ਉਨ੍ਹਾਂ ਨੇ ਉਸ ਨੂੰ ਅਪਵਿੱਤਰ ਕਹਿ ਕੇ ਰੱਖਣ ਤੋਂ ਨਾਂਹ ਕਰ ਦਿੱਤੀ। ਇਸ 'ਤੇ ਸਿੱਖਾਂ ਨੇ ਕੁੜੀ ਤੋਂ ਖਾਣਾ ਪਕਵਾ ਕੇ ਉਨ੍ਹਾਂ ਬ੍ਰਾਹਮਣਾਂ ਨੂੰ ਖੁਆਇਆ ਅਤੇ ਕੁੜੀ ਦੇ ਪਤੀ ਨੂੰ ਚੋਖੀ ਰਕਮ ਵੀ ਦਿੱਤੀ।

1913: ਇੰਗਲੈਂਡ ਦਾ ਬਾਦਸ਼ਾਹ ਜਾਰਜ ਪੰਜਮ ਦਰਬਾਰ ਸਾਹਿਬ ਆਇਆ

ਇੰਗਲੈਂਡ ਦਾ ਬਾਦਸ਼ਾਹ ਜਾਰਜ ਪੰਜਮ 11 ਦਸੰਬਰ 1913 ਦੇ ਦਿਨ ਅੰਮ੍ਰਿਤਸਰ ਪੁਜਾ ਅਤੇ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਆਇਆ। ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਤੋਂ ਮਗਰੋਂ ਉਹ ਇੰਗਲੈਂਡ ਹੀ ਨਹੀਂ ਦੁਨੀਆਂ ਦਾ ਵੀ ਦਾ ਪਹਿਲਾ ਬਾਦਸ਼ਾਹ ਸੀ ਜੋ ਦਰਬਾਰ ਸਾਹਿਬ ਇਕ ਸ਼ਰਧਾਲੂ ਵਜੋਂ ਆਇਆ ਸੀ। (ਇਸ ਤੋਂ 84 ਸਾਲ ਮਗਰੋਂ 15 ਅਕਤੂਬਰ 1997 ਦੇ ਦਿਨ ਇੰਗਲੈਂਡ ਦੀ ਰਾਣੀ ਅਲਿਜ਼ਬੈਥ ਵੀ ਦਰਬਾਰ ਸਾਹਿਬ ਗਈ ਸੀ)।

1972: ਅਕਾਲੀ ਦਲ ਦੀਆਂ ਨੀਤੀਆਂ ਦਾ ਖਰੜਾ (ਅਨੰਦਪੁਰ ਸਾਹਿਬ ਦਾ ਮਤਾ) ਬਣਾਉਣ ਵਾਸਤੇ ਕਮੇਟੀ ਬਣੀ

11 ਦਸੰਬਰ 1972 ਦੇ ਦਿਨ ਨਵੀਂ ਲੀਡਰਸ਼ਿਪ ਨੇ ਸ਼੍ਰੋਮਣੀ ਅਕਾਲੀ ਦਲ ਦਾ ਨਵਾਂ ਮੈਨੀਫ਼ੈਸਟੋ (ਪਾਲਿਸੀ ਪ੍ਰੋਗਰਾਮ) ਬਣਾਉਣ ਵਾਸਤੇ ਇਕ ਕਮੇਟੀ ਬਣਾਈ ਸੀ। ਇਸ ਕਮੇਟੀ ਵਿਚ ਗੁਰਚਰਨ ਸਿੰਘ ਟੌਹੜਾ, ਗੁਰਮੀਤ ਸਿੰਘ ਮੁਕਤਸਰ, ਡਾ: ਭਗਤ ਸਿੰਘ, ਬਲਵੰਤ ਸਿੰਘ, ਗਿਆਨ ਸਿੰਘ ਰਾੜੇਵਾਲਾ, ਪਰੇਮ ਸਿੰਘ ਲਾਲਪੁਰਾ, ਜਸਵਿੰਦਰ ਸਿੰਘ ਬਰਾੜ, ਭਾਗ ਸਿੰਘ ਸਾਬਕ ਐਮ.ਐਲ.ਏ., ਅਮਰ ਸਿੰਘ ਅੰਬਾਲਵੀ, ਮੇਜਰ ਜਨਰਲ ਗੁਰਬਖ਼ਸ਼ ਸਿੰਘ ਬੱਧਨੀ, ਸੁਰਜੀਤ ਬਰਨਾਲਾ ਅਤੇ ਉਮਰਾਨੰਗਲ ਸ਼ਾਮਿਲ ਸਨ। ਇਸ ਕਮੇਟੀ ਨੇ ਅਕਾਲੀ ਦਲ ਦੇ ਸਿਆਸੀ, ਮਾਲੀ, ਧਾਰਮਿਕ ਤੇ ਸਮਾਜਿਕ ਪ੍ਰੋਗਰਾਮ ਬਾਰੇ ਨਵਾਂ ਮੈਨੀਫ਼ੈਸਟੋ ਤਿਆਰ ਕੀਤਾ। ਇਸ ਮੈਨੀਫ਼ੈਸਟੋ 'ਚ ਸਿਆਸੀ ਨਿਸ਼ਾਨੇ ਦੇ ਲਫ਼ਜ਼ ਸਨ: *ਪੰਥਕ ਸਿਆਸੀ ਨਿਸ਼ਾਨਾ ਨਿਸਚੇ ਤੌਰ 'ਤੇ ਦਸਮ ਪਾਤਿਸ਼ਾਹ ਦੇ ਹੁਕਮਾਂ, ਸਿੱਖ ਤਵਾਰੀਖ਼ ਦੇ ਸਫ਼ਿਆਂ ਅਤੇ ਖਾਲਸਾ ਪੰਥ ਦੇ ਮਨ ਮੰਦਰ ਵਿਚ ਉਕਰਿਆ ਚਲਿਆ ਆ ਰਿਹਾ ਹੈ, ਜਿਸ ਦਾ ਮਕਸਦ ਹੈ: ਖਾਲਸਾ ਜੀ ਦੇ ਬੋਲਬਾਲੇ। ਖਾਲਸਾ ਜੀ ਦੇ ਇਸ ਜਨਮ ਸਿੱਧ ਹੱਕ ਨੂੰ ਵਜੂਦ ਵਿਚ ਲਿਆਉਣ ਵਾਸਤੇ ਲੋੜੀਂਦੇ ਦੇਸ਼, ਕਾਲ ਅਤੇ ਸਿਆਸੀ ਆਈਨ ਨੂੰ ਬਣਾਉਣਾ ਤੇ ਕਾਇਮ ਕਰਨਾ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।*

ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਇਸ ਮੈਨੀਫ਼ੈਸਟੋ ਨੂੰ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ, ਜਿਹੜੀ ਕਿ 16-17 ਅਕਤੂਬਰ 1973 ਦੇ ਦਿਨ, ਅਨੰਦਪੁਰ ਸਾਹਿਬ ਵਿਚ ਹੋਈ ਸੀ, ਵਿਚ ਮਨਜ਼ੂਰੀ ਦਿੱਤੀ ਗਈ। ਇਸ ਕਰ ਕੇ ਇਸ ਨੂੰ "ਅਨੰਦਪੁਰ ਸਾਹਿਬ ਦਾ ਮਤਾ" ਆਖਿਆ ਜਾਣ ਲੱਗ ਪਿਆ।

1987: ਨਿਰਮਲ ਸਿੰਘ ਤੇ ਖੁਸ਼ਮਾਲ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

11 ਦਸੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਨਿਰਮਲ ਸਿੰਘ ਤੇ ਖੁਸ਼ਮਾਲ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਜਸਵੰਤ ਸਿੰਘ ਦੇਵੀਦਾਸਪੁਰਾ ਨਕਲੀ ਮੁਕਾਬਲੇ ਵਿਚ ਸ਼ਹੀਦ

11 ਦਸੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਜਸਵੰਤ ਸਿੰਘ ਉਰਫ਼ ਜੱਸਾ (ਪੁੱਤਰ ਉਜਾਗਰ ਸਿੰਘ, ਵਾਸੀ ਦੇਵੀਦਾਸਪੁਰਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਸੁਰਜੀਤ ਸਿੰਘ ਭਾਮਰੀ ਤੇ ਪੰਜਾਬ ਸਿੰਘ ਢਪਈ ਨਕਲੀ ਮੁਕਾਬਲੇ ਵਿਚ ਸ਼ਹੀਦ

11 ਦਸੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਸੁਰਜੀਤ ਸਿੰਘ (ਪੁੱਤਰ ਮਹਿੰਦਰ ਸਿੰਘ, ਵਾਸੀ ਭਾਮਰੀ, ਜ਼ਿਲ੍ਹਾ ਗੁਰਦਾਸਪੁਰ) ਤੇ ਪੰਜਾਬ ਸਿੰਘ (ਪੁੱਤਰ ਮਹਾਂ ਸਿੰਘ, ਵਾਸੀ ਢਪਈ, ਜ਼ਿਲ੍ਹਾ ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਰੇਸ਼ਮ ਸਿੰਘ ਕੋਹਾੜਕਾ ਨਕਲੀ ਮੁਕਾਬਲੇ ਵਿਚ ਸ਼ਹੀਦ

11 ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਰੇਸ਼ਮ ਸਿੰਘ (ਪੁੱਤਰ ਤਾਰਾ ਸਿੰਘ, ਵਾਸੀ ਕੋਹਾੜਕਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

12 ਦਸੰਬਰ

1705: ਨਿੱਕੇ ਸਾਹਿਬਜ਼ਾਦੇ ਨੀਹਾਂ ਵਿਚ ਚਿਣੇ ਗਏ

ਮਾਤਾ ਗੁਜਰੀ ਅਤੇ ਨਿੱਕੇ ਦੋਹਾਂ ਸਾਹਿਬਜ਼ਾਦਿਆਂ (ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ) ਨੂੰ 8 ਦਸੰਬਰ 1705 ਦੇ ਦਿਨ ਸਹੇੜੀ ਵਿਚੋਂ ਗ੍ਰਿਫ਼ਤਾਰ ਕਰ ਕੇ 9 ਦਸੰਬਰ ਦੀ ਸ਼ਾਮ ਨੂੰ ਸਰਹੰਦ ਪਹੁੰਚਾਇਆ ਗਿਆ ਸੀ ਜਿੱਥੇ ਉਨ੍ਹਾਂ ਨੂੰ ਸਰਹੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਅੱਗੇ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਉਨ੍ਹਾਂ ਨੂੰ ਕਿਲ੍ਹੇ ਦੇ ਬੁਰਜ ਵਿਚ ਕੈਦ ਕਰ ਕੇ ਅਗਲੇ ਦਿਨ ਦਰਬਾਰ ਵਿਚ ਹਾਜ਼ਰ ਕਰਨ ਦਾ ਹੁਕਮ ਦਿੱਤਾ। ਇਹ ਬੁਰਜ ਸਾਰੇ ਪਾਸਿਓਂ ਖੁਲ੍ਹਾ ਸੀ ਤੇ ਦਸੰਬਰ ਦੀਆਂ ਠੰਡੀਆਂ ਰਾਤਾਂ ਨੂੰ ਬਿਨਾਂ ਕਿਸੇ ਕਪੜੇ ਦੇ ਉਨ੍ਹਾਂ ਨੂੰ ਭੁੱਖੇ ਭਾਣੇ ਉਥੇ ਰੱਖਿਆ ਗਿਆ *(ਹੁਣ ਉਹ ਕਿਲ੍ਹਾ ਤੇ ਬੁਰਜ ਮੌਜੂਦ ਨਹੀਂ ਹਨ; ਇਸ ਕਿਲ੍ਹੇ ਦੀ ਇਕ-ਇਕ ਇੱਟ ਨੂੰ ਸਿੱਖ ਫ਼ੌਜਾਂ ਨੇ 1765 ਤੋਂ ਮਗਰੋਂ, ਨਫ਼ਰਤ ਦੀ ਨਿਸ਼ਾਨੀ ਸਮਝ ਕੇ, ਖ਼ਤਮ ਕਰ ਦਿੱਤਾ ਸੀ)।* ਅਗਲੇ ਦਿਨ ਉਨ੍ਹਾਂ ਨੂੰ ਫੇਰ ਸੂਬੇਦਾਰ ਕੋਲ ਪੇਸ਼ ਕੀਤਾ ਗਿਆ। ਵਜ਼ੀਰ ਖ਼ਾਨ ਨੇ ਉਨ੍ਹਾਂ ਨੂੰ ਕਾਜ਼ੀ ਕੋਲੋਂ ਮੁਸਲਮਾਨ ਬਣ ਜਾਣ ਦੀ ਸੂਰਤ ਵਿਚ ਰਿਹਾ ਕੁਰਨ ਦੀ ਪੇਸ਼ਕਸ਼ ਕਰਵਾਈ। ਪਰ ਉਨ੍ਹਾਂ ਵੱਲੋਂ ਨਾਂਹ ਕਰਨ 'ਤੇ ਉਨ੍ਹਾਂ ਨੂੰ ਖ਼ਤਮ ਕਰਨ ਦਾ ਹੁਕਮ ਦਿੱਤਾ।

ਆਮ ਤੌਰ 'ਤੇ ਇਹ ਪਰਚਾਰ ਕੀਤਾ ਜਾਂਦਾ ਰਿਹਾ ਹੈ ਕਿ 12 ਦਸੰਬਰ 1705 ਦੇ ਦਿਨ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਿੱਕੇ ਸਾਹਿਬਜ਼ਾਦਿਆਂ ਨੂੰ ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਨੇ ਕਤਲ ਕਰਨ ਵਾਸਤੇ ਹੁਕਮ ਦਿੱਤਾ ਤਾਂ ਮਲੇਰਕੋਟਲੇ ਦੇ ਪਠਾਣ ਹਾਕਮ ਸ਼ੇਰ ਮੁਹੰਮਦ ਖ਼ਾਨ ਨੇ ਅਖੌਤੀ "ਹਾਅ" ਦਾ ਨਾਅਰਾ ਮਾਰਿਆ ਸੀ। ਦਰਅਸਲ ਉਸ ਨੇ ਕੋਈ "ਹਾਅ" ਦਾ ਨਾਅਰਾ ਨਹੀਂ ਸੀ ਮਾਰਿਆ ਸੀ। ਘਟਨਾ ਇੰਞ ਸੀ: ਜਦ ਵਜ਼ੀਰ ਖ਼ਾਨ ਨੇ ਸਾਬਿਜ਼ਾਦਿਆਂ ਨੂੰ ਕਤਲ ਕਰਨ ਦਾ ਹੁਕਮ ਦਿੱਤਾ ਤਾਂ ਉਸ ਨੇ ਨਵਾਬ ਮਲੇਰਕੋਟਲਾ ਨੂੰ ਕਿਹਾ ਕਿ "ਤੇਰੇ ਭਰਾ ਨੂੰ ਗੁਰੂ ਗਬਿੰਦ ਸਿੰਘ ਨੇ ਚਮਕੌਰ ਦੀ ਲੜਾਈ ਵਿਚ ਮਾਰਿਆ ਸੀ; ਹੁਣ ਇਹ ਤੇਰੇ ਹਵਾਲੇ ਕਰ ਦੇਂਦਾ ਹਾਂ ਤੂੰ ਇਨ੍ਹਾਂ ਨੂੰ ਮਾਰ ਕੇ ਆਪਣੇ ਭਰਾ ਦੇ ਮਾਰਨ ਦਾ ਬਦਲਾ ਲੈ ਲੈ"; ਇਸ 'ਤੇ ਸ਼ੇਰ ਮੁਹੰਮਦ ਖ਼ਾਨ ਨੇ ਸਿਰਫ਼ ਏਨਾ ਹੀ ਕਿਹਾ ਸੀ: "ਮੈਂ ਆਪਣਾ ਬਦਲਾ ਦੁਸ਼ਮਣ ਦੇ ਮਾਸੂਮ ਬੱਚੇ ਤੋਂ ਨਹੀਂ ਬਲਕਿ ਉਸ (ਗੁਰੂ) ਤੋਂ ਹੀ ਲਵਾਂਗਾ।" ਚੇਤੇ ਰਹੇ ਕਿ ਸਾਹਿਬਜ਼ਾਦਿਆਂ ਦੇ ਕਤਲ ਦੇ ਹੁਕਮ ਦੀ ਉਸ ਨੇ ਕੋਈ ਮੁਖ਼ਾਲਫ਼ਤ ਨਹੀਂ ਕੀਤੀ ਸੀ; ਉਸ ਨੇ ਤਾਂ ਆਪਣੇ ਭਰਾ ਦੇ ਗੁਰੂ ਜੀ ਦੇ ਹੱਥੋਂ ਮਾਰੇ ਜਾਣ ਬਦਲਾ ਬੱਚਿਆਂ ਤੋਂ ਲੈਣਾ ਮਨਜ਼ੂਰ ਨਹੀਂ ਸੀ ਕੀਤਾ।

ਸ਼ੇਰ ਮੁਹੰਮਦ ਖ਼ਾਨ ਦੀ ਇਹ ਗੱਲ ਸੁਣ ਕੇ ਵਜ਼ੀਰ ਖ਼ਾਨ ਨੂੰ ਵੀ ਸ਼ਰਮ ਆਈ। ਉਸ ਨੂੰ ਵੀ ਅਹਿਸਾਸ ਹੋਇਆ ਕਿ ਗੁਰੂ ਦੇ ਮਾਸੂਮ ਬੱਚਿਆਂ ਦਾ ਕੋਈ ਕਸੂਰ ਨਹੀਂ ਹੈ ਤੇ ਉਸ ਨੇ ਉਨ੍ਹਾਂ ਨੂੰ ਛੱਡ ਦੇਣ ਦਾ ਹੁਕਮ ਦੇ ਦਿੱਤਾ। ਇਸ ਸਮੇਂ ਵਜ਼ੀਰ ਖ਼ਾਨ ਦਾ ਦੀਵਾਨ (ਵਜ਼ੀਰ) ਸੁੱਚਾ ਨੰਦ ਵੀ ਹਾਜ਼ਿਰ ਸੀ। ਉਸ ਨੇ ਵਜ਼ੀਰ ਖ਼ਾਨ ਨੂੰ ਬੱਚਿਆਂ ਨੂੰ ਛਡ ਦੇਣ ਤੋਂ ਵਰਜਿਆ ਤੇ ਕਿਹਾ ਕਿ 'ਇਹ ਸੱਪ ਦੇ ਬੱਚੇ ਹਨ ਤੇ ਸੱਪ ਦੇ ਬੱਚੇ ਵੱਡੇ ਹੋ ਕੇ ਵੀ ਸੱਪ ਹੀ ਬਣਨਗੇ; ਇਨ੍ਹਾਂ ਨੂੰ ਖ਼ਤਮ ਕਰਨਾ ਹੀ ਬੇਹਤਰ ਹੈ।' ਇਸ 'ਤੇ ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਦੇਣ ਦਾ ਹੁਕਮ ਦਿੱਤਾ ਸੀ। ਜਦ ਸਰਹੰਦ ਦੇ ਨਵਾਬ ਨੇ ਉਨ੍ਹਾਂ ਨੂੰ ਨੀਹਾਂ ਵਿਚ ਚਿਣਨ ਦਾ ਹੁਕਮ ਦਿੱਤਾ। 12 ਦਸੰਬਰ 19705 ਦੇ ਦਿਨ ਦੋਹਾਂ ਬੱਚਿਆਂ ਨੂੰ ਨੀਹਾਂ ਵਿਚ ਚਿਣ ਦਿੱਤਾ

ਗਿਆ। ਪਰ ਛੇਤੀ ਹੀ ਦੀਵਰ ਢੱਠ ਗਈ। ਉਸ ਵੇਲੇ ਤਕ ਵਜ਼ੀਰ ਖ਼ਾਨ ਉਥੋਂ ਜਾ ਚੁਕਾ ਸੀ। ਜਦ ਉਸ ਨੂੰ ਕੰਧ ਦੇ ਡਿੱਗਣ ਦੀ ਖ਼ਬਰ ਦਿੱਤੀ ਗਈ ਤਾਂ ਉਸ ਨੇ ਇਨ੍ਹਾਂ ਦੋਹਾਂ ਦੀਆਂ ਗਰਦਨਾਂ ਕੱਟ ਦੇਣ ਦਾ ਹੁਕਮ ਦੇ ਦਿੱਤਾ।

ਇਸੇ ਦਿਨ ਹੀ ਮਾਤਾ ਗੁਜਰੀ ਵੀ ਚੜ੍ਹਾਈ ਕਰ ਗਏ। ਕੁਝ ਲੇਖਕਾਂ ਨੇ ਇਹ ਲਿਖਿਆ ਹੈ ਕਿ ਬੱਚਿਆਂ ਦੀ ਮੌਤ ਦੀ ਖ਼ਬਰ ਸੁਣ ਕੇ ਮਾਤਾ ਜੀ ਨੇ ਹੀਰਾ ਚੱਟ ਲਿਆ ਤੇ ਇਕ ਹੋਰ ਸੋਮਾ ਉਨ੍ਹਾਂ ਵਲੋਂ ਬੁਰਜ ਤੋਂ ਛਲਾਂਗ ਮਾਰ ਕੇ ਖ਼ੁਦਕੁਸ਼ੀ ਕਰਨ ਬਾਰੇ ਵੀ ਲਿਖਦਾ ਹੈ। ਇਹ ਦੋਵੇਂ ਗੱਲਾਂ ਗ਼ਲਤ ਹਨ ਕਿਉਂ ਕਿ ਜੇ ਮਾਤਾ ਜੀ ਏਨੇ ਕਮਜ਼ੋਰ ਦਿਲ ਵਾਲੇ ਤੇ ਰੱਬ ਦਾ ਭਾਣਾ ਨਾ ਮੰਨਣ ਵਾਲੇ ਹੁੰਦੇ ਤਾਂ ਆਪਣੇ ਪਤੀ ਦੀ ਸ਼ਹੀਦੀ ਮਗਰੋਂ ਹੀ ਕੋਈ ਅਜਿਹਾ ਕਦਮ ਚੁਕ ਲੈਂਦੇ। ਅਜਿਹਾ ਜਾਪਦਾ ਹੈ ਕਿ ਮਾਤਾ ਗੁਜਰੀ ਜੋ ਪਿਛਲੇ ਚਾਰ ਦਿਨ ਤੋਂ ਠੰਡੇ ਬੁਰਜ ਵਿਚ ਕੈਦ ਸਨ ਤੇ ਸਰਦੀਆਂ ਦੀ ਯਖ ਠੰਡੀ ਹਵਾ ਵਿਚ ਬਿਨਾ ਕਿਸੇ ਕਪੜੇ ਤੋਂ ਰਹਿ ਰਹੇ ਹੋਣ ਅਤੇ ਭੁੱਖਣ ਭਾਣੇ ਹੋਣ ਕਰ ਕੇ ਬੁਰੀ ਤਰ੍ਹਾਂ ਨਿਢਾਲ ਹੋ ਚੁਕੇ ਸਨ, ਨੂੰ ਜ਼ਾਲਮ ਹਾਕਮਾਂ ਨੇ ਬੁਰਜ ਤੋਂ ਹੇਠਾਂ ਸੁਟ ਦਿੱਤਾ ਹੋਵੇਗਾ।

ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖ਼ਾਨ ਦੀ ਅਸਲ ਕਹਾਣੀ: ਸ਼ੇਰ ਮੁਹੰਮਦ ਖ਼ਾਨ ਸਿੱਖਾਂ ਦਾ ਕੋਈ ਹਮਦਰਦ ਨਹੀਂ ਸੀ ਬਲਕਿ ਕੱਟੜ ਦੁਸ਼ਮਣ ਸੀ। ਉਸ ਨੇ ਅਤੇ ਉਸ ਦੇ ਭਰਾਵਾਂ, ਪੁੱਤਰਾਂ ਤੇ ਭਤੀਜਿਆਂ ਨੇ ਵਾਰ-ਵਾਰ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਸਿੱਖਾਂ 'ਤੇ ਹਮਲੇ ਕੀਤੇ ਸਨ। 12 ਅਕੂਤਬਰ 1700 ਨੂੰ ਨਿਰਮੋਹਗੜ੍ਹ, 7-8 ਦਸੰਬਰ 1705 ਨੂੰ ਚਮਕੌਰ, 9-10 ਮਈ 1710 ਦੇ ਦਿਨ ਮਝੈਲ ਸਿੰਘਾਂ 'ਤੇ ਬਹਿਲੋਲਪੁਰ ਵਿਚ ਅਤੇ 12 ਮਈ 1710 ਦੇ ਦਿਨ ਚੱਪੜ-ਚਿੜੀ ਵਿਚ ਵੀ ਜ਼ਬਰਦਸਤ ਟੱਕਰ ਲਈ ਸੀ ਅਤੇ ਦੇ ਸੂਬੇਦਾਰ ਵਜ਼ੀਰ ਖ਼ਾਨ ਦੇ ਹਰ ਹੁਕਮ 'ਤੇ ਫੁਲ ਚੜ੍ਹਾਉਂਦਿਆਂ ਸਿੱਖਾਂ 'ਤੇ ਅਕਾਰਣ ਹੀ ਹਮਲੇ ਕੀਤੇ ਸਨ। ਇਨ੍ਹਾਂ ਲੜਾਈਆਂ ਵਿਚ ਉਹ ਆਪ, ਉਸ ਦੇ ਤਿੰਨ ਭਰਾ ਅਤੇ ਦੋ ਭਤੀਜੇ ਮਾਰੇ ਗਏ ਸਨ। ਇਸ ਕਰ ਕੇ ਸਿਖਾਂ ਨੂੰ ਮਲੇਰਕੋਟਲਾ ਦੇ ਪਠਾਣ ਹਾਕਮ ਵੀ ਬਹੁਤ ਚੁਭਦੇ ਸਨ ਅਤੇ ਉਹ ਉਸ ਨੂੰ ਵੀ ਸਜ਼ਾ ਦੇਣਾ ਚਾਹੁੰਦੇ ਸਨ। ਸਰਹੰਦ ਜਿੱਤਣ ਤੋਂ ਬਾਅਦ ਸਿੱਖ ਫ਼ੌਜਾਂ ਨੇ ਮਲੇਰਕੋਟਲਾ ਵਲ ਕੂਚ ਕਰ ਦਿਤਾ। ਜਦੋਂ ਮਲੇਰੀਆਂ ਨੂੰ ਪਤਾ ਲਗਾ ਕਿ ਸਿੱਖ ਫ਼ੌਜਾਂ ਮਲੇਰਕੋਟਲਾ ਵਲ ਆ ਰਹੀਆਂ ਹਨ ਤਾਂ ਉੱਥੋਂ ਦਾ ਇਕ ਸ਼ਾਹੂਕਾਰ ਕਿਸ਼ਨ ਚੰਦ ਬਾਬਾ ਬੰਦਾ ਸਿੰਘ ਨੂੰ ਮਿਲਣ ਪੁੱਜਾ। ਕਿਸ਼ਨ ਚੰਦ ਬੰਦਾ ਸਿੰਘ ਨੂੰ ਪਹਿਲਾਂ ਤੋਂ ਹੀ ਜਾਣਦਾ ਸੀ। ਉਸ ਨੇ ਬੰਦਾ ਸਿੰਘ ਨੂੰ ਅਰਜ਼ ਕੀਤੀ ਕਿ ਮਲੇਰਕੋਟਲਾ ਨੂੰ ਬਖ਼ਸ਼ ਦਿਤਾ ਜਾਵੇ। ਉਸ ਨੇ ਸ਼ਹਿਰੀਆਂ ਦੀ ਤਰਫ਼ੋਂ ਚੋਖੀ ਵੱਡੀ ਰਕਮ ਬੰਦਾ ਸਿੰਘ ਨੂੰ ਪੇਸ਼ ਕਰ ਕੇ ਸ਼ਹਿਰ ਨੂੰ ਲੁੱਟੇ ਜਾਣ ਤੋਂ ਬਚਾ ਲਿਆ। ਜੇ ਕਰ ਕਿਸ਼ਨ ਚੰਦ ਬੰਦਾ ਸਿੰਘ ਅੱਗੇ ਫ਼ਰਿਆਦੀ ਨਾ ਹੁੰਦਾ ਤਾਂ ਮਲੇਰਕੋਟਲਾ ਵੀ ਤਬਾਹ ਹੋ ਜਾਣਾ ਸੀ। ਇਸ ਤੋਂ ਮਗਰੋਂ ਵੀ ਮਲੇਰਕੋਟਲੇ ਦੇ ਹਾਕਮਾਂ ਨੇ ਅਹਿਮਦ ਸ਼ਾਹ ਦੁਰਾਨੀ ਨਾਲ ਰਲ ਕੇ 1762 ਦੇ ਘੱਲੂਘਾਰੇ ਤਕ ਸਿੱਖਾਂ ਦੇ ਖ਼ਿਲਾਫ਼ ਹਰ ਮੁਹਿੰਮ ਵਿਚ ਹਿੱਸਾ ਲਿਆ ਸੀ।

1923: ਮੁੰਡੇਰ ਦੇ ਸਾਕੇ ਵਿਚ ਦੋ ਬਬਰ ਬੰਤਾ ਸਿੰਘ ਧਾਮੀਆਂ, ਜਵਾਲਾ ਸਿੰਘ ਸ਼ਹੀਦ ਹੋ ਗਏ ਪਰ ਬਬਰ ਵਰਿਆਮ ਸਿੰਘ ਧੁੱਗਾ ਬਚ ਨਿਕਲਿਆ

ਮੁੰਡੇਰ ਦਾ ਜਗਤ ਸਿੰਘ ਬਬਰ ਅਕਾਲੀਆਂ ਨਾਲ ਨੇੜਤਾ ਰਖਦਾ ਸੀ। ਉਹ ਨੀਅਤ ਦਾ ਬੇਈਮਾਨ ਸੀ; ਇਕ ਵਾਰ ਉਸ ਨੇ ਹਜ਼ਾਰਾ ਸਿੰਘ ਨਾਂ ਦੇ ਇਕ ਸਾਥੀ ਤੋਂ ਰਿਵਾਲਵਰ ਲਿਆ ਅਤੇ ਫਿਰ ਉਸ ਨੂੰ ਕਹਿ ਦਿੱਤਾ ਕਿ ਉਹ ਚੋਰੀ ਹੋ ਗਿਆ ਹੈ; ਹਜ਼ਾਰਾ ਸਿੰਘ ਨੇ ਪੁਲਸ ਕੋਲ ਸ਼ਿਕਾਇਤ ਕੀਤੀ ਤਾਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ; ਪੁਲਸ ਦੀ ਮਾਰ ਦੌਰਾਨ ਉਸ ਨੇ ਬਬਰ ਅਕਾਲੀਆਂ ਨਾਲ ਵੀ ਆਪਣੇ ਸਬੰਧ ਮੰਨ ਲਏ ਅਤੇ ਰਿਵਾਲਵਰ ਵੀ ਬਰਾਮਦ ਕਰਵਾ ਦਿੱਤਾ। ਪੁਲਸ ਨੇ ਉਸ ਨੂੰ ਇਸ ਸ਼ਰਤ 'ਤੇ ਛੱਡ ਦਿੱਤਾ ਕਿ ਉਹ ਬਬਰਾਂ ਨੂੰ ਗ੍ਰਿਫ਼ਤਾਰ

ਕਰਵਾਏਗਾ। 12 ਦਸੰਬਰ 1923 ਦੇ ਦਿਨ ਬੰਤਾ ਸਿੰਘ ਧਾਮੀਆਂ, ਜਵਾਲਾ ਸਿੰਘ ਸ਼ਹੀਦ, ਵਰਿਆਮ ਸਿੰਘ ਧੁੱਗਾ ਤਿੰਨੇ ਚੋਟੀ ਦੇ ਬਬਰ ਉਸ ਦੇ ਘਰ ਪੁੱਜੇ। ਉਸ ਨੇ ਉਨ੍ਹਾਂ ਦੀ ਰੋਟੀ ਪਾਣੀ ਦਾ ਇੰਤਜ਼ਾਮ ਕੀਤਾ ਤੇ ਉਨ੍ਹਾਂ ਨੂੰ ਆਰਾਮ ਕਰਨ ਵਾਸਤੇ ਕਹਿ ਕੇ ਖੇਤਾਂ ਵਿਚ ਕੰਮ ਕਰਨ ਦੇ ਬਹਾਨੇ ਬਾਹਰ ਨਿਕਲ ਗਿਆ ਅਤੇ ਜਲੰਧਰ ਛਾਉਣੀ ਵਿਚ ਜਨਰਲ ਫਿਟਸ ਨੂੰ ਖ਼ਬਰ ਦੇ ਦਿੱਤੀ। ਦੁਪਹਿਰ ਤਕ ਡੀ.ਸੀ. ਜੈਕਬ ਤੇ ਸੁਪਡੈਂਟ ਪੁਲਸ ਸੈਂਕੜੇ ਅੰਗਰੇਜ਼ ਫ਼ੌਜਾਂ ਅਤੇ ਦੋ ਮਸ਼ੀਨ ਗੰਨਾਂ ਲੈ ਕੇ ਉਥੇ ਪੁੱਜ ਗਏ ਅਤੇ ਪਿੰਡ ਨੂੰ ਸਾਰੇ ਪਾਸਿਆਂ ਤੋਂ ਘੇਰਾ ਪਾ ਲਿਆ ਅਤੇ ਸਾਰੇ ਪਿੰਡ ਵਾਸੀਆਂ ਨੂੰ ਪਿੰਡ ਤੋਂ ਬਾਹਰ ਫਿਰਨੀ 'ਤੇ ਆ ਜਾਣ ਵਾਸਤੇ ਹੁਕਮ ਕੀਤਾ। ਜਦ ਭੱਜ ਦੌੜ ਦੀ ਆਵਾਜ਼ ਬਬਰਾਂ ਨੂੰ ਸੁਣਾਈ ਦਿੱਤੀ ਤਾਂ ਉਨ੍ਹਾਂ ਨੇ ਬਾਹਰ ਨਿਗਾਹ ਮਾਰੀ। ਜਦ ਉਨ੍ਹਾਂ ਸਾਰੇ ਪਿੰਡ ਨੂੰ ਫ਼ੌਜ ਦਾ ਘੇਰਾ ਪਿਆ ਵੇਖਿਆ ਤਾਂ ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਥੋੜ੍ਹਾ ਥੋੜ੍ਹਾ ਮੁਕਾਬਲਾ ਕਰ ਕੇ ਫ਼ੌਜ ਨੂੰ ਹਨੇਰਾ ਪੈਣ ਤਕ ਉਲਝਾਈ ਰੱਖਿਆ ਜਾਵੇ ਅਤੇ ਹਨੇਰੇ ਦੀ ਓਟ ਵਿਚ ਨਿਕਲਣ ਦੀ ਕੋਸ਼ਿਸ਼ ਕੀਤੀ ਜਾਵੇ। ਇਸ ਦੇ ਨਾਲ ਹੀ ਤਿੰਨੇ ਬਬਰ ਜਗਤ ਸਿੰਘ ਦੇ ਘਰ ਵਿਚੋਂ ਨਿਕਲ ਕੇ ਨਾਲ ਲਗਦੇ ਬੇਅੰਤ ਸਿੰਘ ਮਿਸਤਰੀ ਦੇ ਘਰ ਵੜ ਕੇ ਉਸ ਦੇ ਚੌਬਾਰੇ ਵਿਚ ਪਹੁੰਚ ਹਏ ਅਤੇ ਪੁਜ਼ੀਸਨਾਂ ਲੈ ਲਈਆਂ। ਡੀ.ਸੀ. ਜੈਕਬ ਨੇ ਹੱਥ ਦੇ ਸਪੀਕਰ ਤੋਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਸਾਰੇ ਪਾਸਿਓਂ ਘਿਰ ਚੁਕੇ ਹੋ ਇਸ ਵਾਸਤੇ ਆਪਣੇ ਆਪ ਨੂੰ ਫ਼ੌਜ ਦੇ ਹਵਾਲੇ ਕਰ ਦਿਓ। ਜਦ ਉਹ ਅਜੇ ਬੋਲ ਹੀ ਰਿਹਾ ਸੀ ਤਾਂ ਇਕ ਬਬਰ ਨੇ ਉਸ ਵੱਲ ਗੋਲੀ ਚਲਾਈ; ਉਹ ਬਚ ਤਾਂ ਗਿਆ ਪਰ ਉਸ ਮਗਰੋਂ ਫ਼ੌਜ ਨੇ ਉਨ੍ਹਾਂ 'ਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਬਬਰ ਰੁਕ-ਰੁਕ ਕੇ ਗੋਲੀ ਚਲਾਉਂਦੇ ਰਹੇ। ਜਦ ਫ਼ੌਜ ਨੇ ਵੇਖਿਆ ਕਿ ਕਾਮਯਾਬੀ ਨਹੀਂ ਮਿਲ ਰਹੀ ਤਾਂ ਉਸ ਨੇ ਬੇਅੰਤ ਸਿੰਘ ਮਿਸਤਰੀ ਦੇ ਮਕਾਨ ਨੂੰ ਅੱਗ ਲਾ ਦਿੱਤੀ। ਪਹਿਲਾਂ ਤਾਂ ਬਬਰਾਂ ਨੂੰ ਅੱਗ ਦਾ ਪਤਾ ਨਾ ਲੱਗਾ ਪਰ ਜਦ ਧੂੰਆਂ ਬਹੁਤ ਉੱਠਿਆ ਤਾਂ ਉਹ ਬਾਹਰ ਨਿਕਲ ਆਏ।ਬੰਤਾ ਸਿੰਘ ਧਾਮੀਆਂ ਤੇ ਜਵਾਲਾ ਸਿੰਘ ਸ਼ਹੀਦ ਮੂਹਰਲੇ ਦਰ ਵਿਚੋਂ ਨਿਕਲੇ ਅਤੇ ਨਿਕਲਦਿਆਂ ਹੀ ਮਸ਼ੀਨ ਗੰਨ ਦੇ ਫ਼ਾਇਰਾਂ ਨਾਲ ਛਲਣੀ ਹੋ ਕੇ ਸ਼ਹੀਦ ਹੋ ਗਏ। ਵਰਿਆਮ ਸਿੰਘ ਧੁੱਗਾ ਨੇ ਪਿਛਲੇ ਪਾਸੇ ਛਲਾਂਗ ਮਾਰ ਕੇ ਭੱਜਣ ਦੀ ਕੋਸ਼ਿਸ਼ ਕੀਤੀ। ਉਥੇ ਵੀ ਫ਼ੌਜੀ ਖੜੇ ਸਨ; ਵਰਿਆਮ ਸਿੰਘ ਧੁੱਗਾ ਨੇ ਉਨ੍ਹਾਂ 'ਤੇ ਫ਼ਾਇਰ ਕੀਤਾ; ਜਦ ਇਕ ਸਿਪਾਹੀ ਗੋਲੀ ਨਾਲ ਜ਼ਖ਼ਮੀ ਹੋ ਗਿਆ ਤਾਂ ਬਾਕੀ ਫ਼ੌਜੀ ਓਟ ਲੱਭਣ ਵਾਸਤੇ ਦੌੜੇ। ਏਨੇ ਵਿਚ ਵਰਿਆਮ ਸਿੰਘ ਹਨੇਰੇ ਦੀ ਓਟ ਵਿਚ ਬਚ ਕੇ ਨਿਕਲ ਗਿਆ। ਮਗਰੋਂ 8 ਜੂਨ 1924 ਨੂੰ ਉਹ ਵੀ ਠੀਕਰੀਵਾਲ ਜ਼ਿਲ੍ਹਾ ਲਾਇਲਪੁਰ ਵਿਚ ਪੁਲਸ ਨਾਲ ਲੜਦਾ ਸ਼ਹੀਦ ਹੋ ਗਿਆ।

1987: ਗੁਰਚਰਨ ਸਿੰਘ ਚੜ੍ਹਦੀ ਕਲਾ ਨਕਲੀ ਮੁਕਾਬਲੇ ਵਿਚ ਸ਼ਹੀਦ

12 ਦਸੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਗੁਰਚਰਨ ਸਿੰਘ ਉਰਫ਼ ਚੜ੍ਹਦੀ ਕਲਾ (ਰਾਜੋਵਾਲ, ਗੁਰਦਾਸਪੁਰ) ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1987: ਅਕਾਲੀਆਂ ਨੇ ਸਰਕਾਰ ਨਾਲ ਗੱਲਬਾਤ ਵਾਸਤੇ ਪਹਿਲਾਂ 5 ਨੁਕਤੇ ਮੰਨੇ ਜਾਣ ਦੀ ਸ਼ਰਤ ਰੱਖੀ

ਸਿੱਖਾਂ 'ਤੇ ਹੋ ਰਹੇ ਧੱਕੇ ਦੇ ਖ਼ਿਲਾਫ਼ ਹੁਣ ਅਖੌਤੀ ਮਾਡਰੇਟ ਸਿੱਖਾਂ (ਆਪਣੀ ਚਮੜੀ ਬਚਾਉਣ ਵਾਸਤੇ) ਨੇ ਵੀ ਜ਼ਬਾਨ ਖੋਲ੍ਹਨੀ ਸ਼ੁਰੂ ਕਰ ਦਿੱਤੀ। 12 ਦਸੰਬਰ 1987 ਦੇ ਦਿਨ ਪਰਕਾਸ਼ ਸਿੰਘ ਬਾਦਲ ਨੇ ਬਿਆਨ ਦਿਤਾ ਕਿ "ਸੈਂਟਰ ਸਿੱਖਾਂ ਵਿਚ ਆਪਣਾ ਗੁਆਚਿਆ ਵਕਾਰ ਤੇ ਇਤਬਾਰ ਬਹਾਲ ਕਰੇ।" ਉਸ ਨੇ ਸੈਂਟਰ ਨਾਲ ਗਲਬਾਤ ਵਾਸਤੇ 5 ਮੰਗਾਂ ਦੀ ਪਹਿਲੋਂ ਪੂਰਤੀ ਕਰਵਾਉਣ ਦੀ ਸ਼ਰਤ ਰਖੀ। ਇਹ ਨੁਕਤੇ ਸਨ: (1) ਪੰਜਾਬ 'ਚ ਪੂਰੀ ਆਮ ਮੁਆਫ਼ੀ ਦਾ ਐਲਾਨ ਕੀਤਾ ਜਾਵੇ (2) ਝੂਠੇ ਮੁਕਾਬਲੇ ਬੰਦ ਕੀਤੇ ਜਾਣ (3) ਦਿੱਲੀ ਤੇ ਹੋਰ

ਜਗਹਾਂ ਤੇ ਸਿੱਖਾਂ ਦੇ ਨਵੰਬਰ 84 ਦੇ ਕਾਤਲਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ (4) ਕਾਲੇ ਕਾਨੂੰਨ ਮਨਸੂਖ਼ ਕੀਤੇ ਜਾਣ (5) ਧਰਮੀ ਫ਼ੌਜੀਆਂ ਦੀ ਬਹਾਲੀ ਕੀਤੀ ਜਾਵੇ। ਬਾਦਲ ਨੇ ਵੀ ਕਿਹਾ ਕਿ ਹੁਣ ਤਕ ਸਿੱਖਾਂ ਦੀ ਕੋਈ ਵੀ ਮੰਗ ਨਹੀਂ ਮੰਨੀ ਗਈ। *(ਪਰ ਮਗਰੋਂ ਜਦ ਬਾਦਲ ਤਾਕਤ ਵਿਚ ਆਇਆ ਤਾਂ ਉਸ ਨੇ ਇਹ ਸਾਰੀਆਂ ਮੰਗਾਂ ਨਾ ਸਿਰਫ਼ ਛਡ ਹੀ ਦਿਤੀਆਂ ਬਲਕਿ ਆਪ ਵੀ ਸਿੱਖਾਂ 'ਤੇ ਜ਼ੁਲਮ ਕੀਤੇ)।*

1988: ਅਜੀਤ ਸਿੰਘ ਬਾਬਾ ਕੌਂਟਾ ਬਰਿਆਰ ਨਕਲੀ ਮੁਕਾਬਲੇ ਵਿਚ ਸ਼ਹੀਦ

12 ਦਸੰਬਰ 1988 ਦੇ ਦਿਨ ਪੰਜਾਬ ਪੁਲਸ ਨੇ ਅਜੀਤ ਸਿੰਘ ਬਾਬਾ ਉਰਫ਼ ਜੱਸਾ ਸਿੰਘ (ਵਾਸੀ ਕੌਂਟਾ ਬਰਿਆਰ, ਗੁਰਦਾਸਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਪਰਿਵਾਰ ਸਿੰਘ ਡੱਲਾ, ਗੁਰਮੇਜ ਸਿੰਘ ਸੇਲਵਾਲਾ ਤੇ ਰਾਜਵਿੰਦਰ ਸਿੰਘ ਪਾਤੜ ਨਕਲੀ ਮੁਕਾਬਲੇ ਵਿਚ ਸ਼ਹੀਦ

12 ਦਸੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਪਰਿਵਾਰ ਸਿੰਘ (ਪੁੱਤਰ ਦਲੀਪ ਸਿੰਘ, ਵਾਸੀ ਡੱਲਾ ਪਿੰਡ, ਜ਼ਿਲ੍ਹਾ ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਗੁਰਮੇਜ ਸਿੰਘ (ਵਾਸੀ ਗੇਜੀ, ਸੇਲਵਾਲਾ) ਤੇ ਰਾਜਵਿੰਦਰ ਸਿੰਘ ਪਾਤੜਾਂ, ਚੇਅਰਮੈਨ ਸੀ.ਸੀ. ਬੈਂਕ, ਪਾਤੜਾਂ ਨੂੰ ਵੀ ਇਕ ਹੋਰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

13 ਦਸੰਬਰ

1705: ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦਾ ਸਸਕਾਰ ਕੀਤਾ ਗਿਆ

13 ਦਸੰਬਰ 1705 ਦੇ ਦਿਨ ਸ਼ਹੀਦ ਮਾਤਾ ਗੁਜਰੀ ਅਤੇ ਦੋਹਾਂ ਨਿੱਕੇ ਸਾਹਿਬਜ਼ਾਦਿਆਂ ਦਾ ਸਸਕਾਰ ਸਰਹੰਦ ਕਿਲ੍ਹੇ ਅਤੇ ਆਮ-ਖ਼ਾਸ ਬਾਗ਼ ਦੇ ਵਿਚਕਾਰ (ਜਿੱਥੇ ਹੁਣ ਗੁਰਦੁਆਰਾ ਜੋਤੀ ਸਰੂਪ ਹੈ) ਕੀਤਾ ਗਿਆ। ਇਹ ਸਸਕਾਰ ਸਰਹੰਦ ਵਿਚ ਰਹਿ ਰਹੇ ਸਾਬਕਾ ਦੀਵਾਨ ਟੋਡਰ ਮੱਲ ਦੇ ਪਰਵਾਰ ਨੇ ਕੀਤਾ ਸੀ (ਇਹ ਟੋਡਰ ਮੱਲ ਅਕਬਰ ਦਾ ਵਜ਼ੀਰ ਨਹੀਂ ਸੀ; ਤਵਾਰੀਖ਼ ਵਿਚ ਸਰਹੰਦ ਦੇ ਇਸ ਟੋਡਰ ਮੱਲ ਨੂੰ 'ਟੋਡਰ ਮੱਲ ਸ਼ਾਹਜਹਾਨੀ' ਕਿਹਾ ਜਾਂਦਾ ਹੈ; ਇਸ ਦਾ ਸਮਾਂ ਬਾਦਸ਼ਾਹ ਸ਼ਾਹਜਹਾਨ ਦੇ ਰਾਜ ਦਾ ਸੀ)। ਇਕ ਸੋਮਾ ਲਿਖਦਾ ਹੈ ਕਿ ਸਸਕਾਰ ਦੀਵਾਨ ਟੋਡਰ ਮੱਲ ਨੇ ਕੀਤਾ ਸੀ ਤੇ ਸਸਕਾਰ ਕਰਨ ਵਾਸਤੇ ਉਸ ਨੇ ਸੋਨੇ ਦੀਆਂ ਮੁਹਰਾਂ ਖੜ੍ਹੀਆਂ ਕਰ ਕੇ ਜਗਹ ਲਈ ਸੀ। ਇਹ ਕਹਾਣੀ ਟੋਡਰ ਮੱਲ ਪਰਵਾਰ ਗੁਰੂ ਜੀ ਦਾ ਸ਼ਰਧਾਲੂ ਜਾਂ ਸਿੱਖਾਂ ਦਾ ਹਮਦਰਦ ਸਾਬਿਤ ਕਰਨ ਵਾਸਤੇ ਦੀਵਾਨ ਟੋਡਰ ਮੱਲ ਦੀ ਸ਼ਾਨ ਬਣਾਉਣ ਵਾਸਤੇ ਬਣਾਈ ਗਈ ਜਾਪਦੀ ਹੈ। ਦੀਵਾਨ ਟੋਡਰ ਮੱਲ 1665-66 ਵਿਚ, ਇਸ ਘਟਨਾ ਤੋਂ 40 ਸਾਲ ਪਹਿਲਾਂ, ਮਰ ਚੁਕਾ ਸੀ। ਸੋ ਇਹ ਸਸਕਾਰ ਉਸ ਦੇ ਪੁੱਤਰ ਜਾਂ ਪੋਤੇ ਨੇ ਕੀਤਾ ਹੋਵੇਗਾ। (ਦੀਵਾਨ ਟੋਡਰ ਮੱਲ ਪਰਵਾਰ ਦੀ ਯਾਦਗਾਰ, ਜਹਾਜ਼ੀ ਹਵੇਲੀ, ਅੱਜ ਵੀ ਪੁਰਾਣੇ ਸਰਹੰਦ (ਹੁਣ ਫ਼ਤਹਿਗੜ੍ਹ ਸਾਹਿਬ) ਵਿਚ, ਟੁੱਟੀ ਹਾਲਤ ਵਿਚ, ਮੌਜੂਦ ਹੈ।

ਟੋਡਰ ਮੱਲ ਕੌਣ ਸੀ?: ਮੁਗ਼ਲੀਆ ਤਵਾਰੀਖ਼ ਵਿਚ ਦੋ ਟੋਡਰ ਮੱਲ ਹੋਏ ਹਨ। ਇਕ ਟੋਡਰ ਮੱਲ ਬਾਦਸ਼ਾਹ ਅਕਬਰ ਦਾ ਕਾਬਲ ਵਜ਼ੀਰ ਸੀ ਤੇ ਦੂਜਾ ਇਹ ਸਰਹੰਦ ਵਾਲਾ ਟੋਡਰ ਮੱਲ ਜੋ ਬਾਦਸ਼ਾਹ ਸ਼ਾਹਜਹਾਨ ਦੇ ਜ਼ਮਾਨੇ ਵਿਚ ਹੋਇਆ ਸੀ; ਉਸ ਦੀ ਮੌਤ 8 ਨਵੰਬਰ 1589 ਦੇ ਦਿਨ ਹੋਈ ਸੀ। ਇਸ ਨੂੰ 'ਟੋਡਰ ਮੱਲ ਸ਼ਾਹਜਹਾਨੀ' ਵੀ ਕਿਹਾ ਜਾਂਦਾ ਹੈ। ਬਾਦਸ਼ਾਹ ਨੇ ਇਸ ਨੂੰ 'ਰਾਏ' ਦਾ ਖ਼ਿਤਾਬ ਦਿੱਤਾ ਹੋਇਆ ਸੀ। ਇਸ ਕੋਲ ਪਹਿਲਾਂ 100 ਘੋੜਸਵਾਰ ਅਤੇ 200 ਪਿਆਦਾ ਫ਼ੌਜ ਰੱਖਣ ਦਾ ਹੱਕ ਸੀ, ਜੋ ਵਧਦਾ ਵਧਦਾ 1648 ਵਿਚ 2000 ਘੋੜਸਵਾਰ

ਤੇ 4000 ਪਿਆਦਾ ਸਿਪਾਹੀਆਂ ਦਾ ਹੋ ਗਿਆ ਸੀ। ਇਸੇ ਸਾਲ ਉਸ ਨੂੰ 'ਰਾਜਾ' ਦਾ ਖ਼ਿਤਾਬ ਵੀ ਮਿਲਿਆ ਸੀ ਜੋ ਸਾਰੀ ਮੁਗ਼ਲੀਆ ਤਵਾਰੀਖ਼ ਵਿਚ ਸਿਰਫ਼ ਕੁਝ ਕੁ ਗ਼ੈਰ ਮੁਸਲਮਾਨਾਂ ਨੂੰ ਹੀ ਮਿਲਿਆ ਸੀ ਤੇ ਪੰਜਾਬ ਵਿਚ ਸਿਰਫ਼ ਇਸ ਟੋਡਰ ਮੱਲ ਨੂੰ ਹੀ ਮਿਲਿਆ ਸੀ। 1650 ਵਿਚ ਇਸ ਟੋਡਰ ਮੱਲ ਦੇ ਨਿਜ਼ਾਮ ਹੇਠ ਸਰਹੰਦ ਹੀ ਨਹੀਂ ਬਲਕਿ ਦੀਪਾਲਪੁਰ, ਜਲੰਧਰ ਤੇ ਸੁਲਤਾਨਪੁਰ ਦੇ ਸੂਬੇ ਵੀ ਸਨ। ਇਨ੍ਹਾਂ ਦੀ ਆਮਦਨ ਵਿਚੋਂ 50 ਲੱਖ ਟਕੇ ਸਾਲਾਨਾ ਉਸ ਨੂੰ ਆਪਣੇ ਵਾਸਤੇ ਮਿਲਦੇ ਸਨ। ਉਹ ਜਿਸ ਮਹਲ ਵਿਚ ਰਹਿੰਦਾ ਸੀ ਉਸ ਦਾ ਨਾਂ ਜਹਾਜ਼ੀ ਹਵੇਲੀ ਸੀ ਕਿਉਂ ਕਿ ਉਸ ਦੀ ਸ਼ਕਲ ਸਮੁੰਦਰੀ ਜਹਾਜ਼ ਵਰਗੀ ਸੀ (ਇਸ ਦੇ ਖੰਡਰ ਦਾ ਕੁਝ ਹਿੱਸਾ ਅੱਜ ਵੀ ਮੌਜੂਦ ਹੈ)। ਇਸ ਦੀ ਮੌਤ 1665-66 ਵਿਚ ਹੋਈ ਸੀ। (ਮਆਸਰ-ਉਲ-ਉਮਰਾ, ਜਿਲਦ ਦੂਜੀ, ਸਫ਼ੇ 286-87)।

1924: ਬਬਰ ਸੁੰਦਰ ਸਿੰਘ ਹਯਾਤਪੁਰੀ ਦੀ ਮੁਕੱਦਮੇ ਦੌਰਾਨ ਜੇਲ੍ਹ ਵਿਚ ਮੌਤ

ਨਾਨਕਾਣਾ ਸਾਹਿਬ ਦੇ ਸਾਕੇ ਨੇ ਜਿੱਥੇ ਆਮ ਸਿੱਖਾਂ ਵਿਚ ਰੋਸ ਪੈਦਾ ਕੀਤਾ, ਉੱਥੇ ਨੌਜਵਾਨਾਂ, ਸਾਬਕ ਗ਼ਦਰੀ ਆਗੂਆਂ ਅਤੇ ਫ਼ੌਜੀਆਂ ਵਿਚ ਜ਼ਬਰਦਸਤ ਰੋਹ ਵੀ ਪੈਦਾ ਕੀਤਾ। ਹਰ ਪਾਸੇ ਚਰਚਾ ਸੀ ਕਿ ਭਾਵੇਂ ਜ਼ਾਹਰਾ ਤੌਰ ਤੇ ਨਾਨਕਾਣਾ ਸਾਹਿਬ ਦਾ ਕਤਲੇਆਮ ਮਹੰਤ ਨਰੈਣ ਦਾਸ ਤੇ ਉਸ ਦੇ ਕਿਰਾਏ ਦੇ ਗੁੰਡਿਆਂ ਨੇ ਕੀਤਾ ਹੈ ਪਰ ਇਸ ਦੀ ਜ਼ਿੰਮੇਦਾਰ ਮਿਸਟਰ ਕਿੰਗ (ਚੀਫ਼ ਕਮਿਸ਼ਨਰ ਲਾਹੌਰ), ਮਿਸਟਰ ਕਰੀ (ਡੀ. ਸੀ. ਲਾਹੌਰ), ਮਿਸਟਰ ਬੌਰਿੰਗ (ਸੁਪਰਡੈਂਟ ਸੀ.ਆਈ.ਡੀ.) ਸੁੰਦਰ ਸਿੰਘ ਮਜੀਠਾ, ਗੱਜਣ ਸਿੰਘ ਲੁਧਿਆਣਾ, ਕਰਤਾਰ ਸਿੰਘ ਬੇਦੀ, ਬਸੰਤ ਦਾਸ ਮਾਣਕ, ਬੇਲਾ ਸਿੰਘ ਜਿਆਣ ਦੀ ਵੀ ਬਰਾਬਰ ਦੀ ਹੈ (ਸਰਕਾਰ ਹੀ ਨਹੀਂ ਅੰਗਰੇਜ਼ ਜੱਜਾਂ ਨੇ ਵੀ, ਡੇਢ ਸੌ ਸਿੱਖਾਂ ਨੂੰ ਤਸੀਹੇ ਦੇ ਕੇ ਕਤਲ ਕਰਨ ਅਤੇ ਸੜਨ ਵਾਲੇ, ਮਹੰਤ ਨਾਰਾਇਣ ਦਾਸ ਦੀ ਮਦਦ ਕੀਤੀ। ਹੋਰ ਤਾਂ ਹੋਰ ਨਰੈਣ ਦਾਸ ਨੂੰ ਜਦੋਂ ਤਿਹਾੜ ਜੇਲ੍ਹ ਦਿੱਲੀ ਭੇਜਿਆ ਗਿਆ ਤਾਂ ਉਸ ਨੂੰ ਗੋਰਿਆਂ ਵਾਲੀ ਬੈਰਕ ਵਿਚ ਰੱਖਿਆ ਗਿਆ ਤੇ 'ਏ' ਕਲਾਸ ਦੀਆਂ ਸਹੂਲਤਾਂ ਮਾਣਦਾ ਰਿਹਾ)।

ਇਸ ਸਾਕੇ ਮਗਰੋਂ ਕੁਝ ਖਾੜਕੂ ਨੌਜਵਾਨ ਆਪਸ ਵਿਚ ਮਿਲੇ ਅਤੇ ਸਾਕੇ ਦੇ ਇਨ੍ਹਾਂ ਜ਼ਿੰਮੇਦਾਰ ਸ਼ਖ਼ਸਾਂ ਨੂੰ ਸੋਧਣ (ਕਤਲ ਕਰਨ) ਦਾ ਮਤਾ ਪਾਸ ਕੀਤਾ। ਇਸ ਮੁਹਿੰਮ ਵਿਚ ਮਾਸਟਰ ਮੋਤਾ ਸਿੰਘ, ਦਲੀਪ ਸਿੰਘ (ਸਾਧੜਾ), ਕਿਸ਼ਨ ਸਿੰਘ ਗੜਗਜ (ਬਡਿੰਗ), ਤਾਰਾ ਸਿੰਘ (ਠੇਠਰ), ਬੇਲਾ ਸਿੰਘ (ਘੋਲੀਆ), ਤੋਤਾ ਸਿੰਘ (ਪਿਸ਼ਾਵਰ), ਨਰੈਣ ਸਿੰਘ (ਚਾਟੀਵਿੰਡ), ਵਤਨ ਸਿੰਘ (ਕਨੇਡੀਅਨ) ਸ਼ਾਮਿਲ ਸਨ।

ਇਸ ਮਗਰੋਂ ਭਾਈ ਕਿਸ਼ਨ ਸਿੰਘ ਗੜਗੱਜ ਨੇ ਮਫ਼ਰੂਰ (ਚਕਰਵਰਤੀ) ਰਹਿ ਕੇ 'ਚਕਰਵਰਤੀ ਜਥਾ' ਬਣਾ ਲਿਆ। ਇਸ ਜਥੇ ਦਾ ਮਕਸਦ ਪੰਥ ਦੋਖੀਆਂ ਨੂੰ ਸਜ਼ਾ ਦੇਣਾ, ਟਾਊਟਾਂ ਤੇ ਝੋਲੀ ਚੁੱਕਾਂ ਨੂੰ ਸੋਧਣਾ, ਅੰਗਰੇਜ਼ਾਂ ਦੇ ਖ਼ਿਲਾਫ਼ ਪ੍ਰਚਾਰ ਕਰਨਾ ਸੀ। ਉਨ੍ਹੀਂ ਦਿਨੀਂ ਭਾਈ ਕਿਸ਼ਨ ਸਿੰਘ ਤੋਂ ਇਲਾਵਾ ਭਾਈ ਕਰਮ ਸਿੰਘ ਦੌਲਤਪੁਰੀ ਵੀ ਅਜਿਹਾ ਹੀ ਇਕ ਵਖਰਾ ਜਥਾ ਬਣਾ ਕੇ ਕਾਰਵਾਈਆਂ ਕਰ ਰਹੇ ਸਨ। ਕੁਝ ਚਿਰ ਮਗਰੋਂ ਇਸ ਸੋਚ ਦੇ ਸਾਰੇ ਸਿੱਖ ਇਕਠੇ ਹੋ ਗਏ ਤੇ ਉਨ੍ਹਾ ਨੇ ਸਾਂਝੀਆਂ ਕਾਰਵਾਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਇਕ ਖ਼ੁਫ਼ੀਆ ਅਖ਼ਬਾਰ ਵੀ ਸ਼ੁਰੂ ਕਰ ਲਿਆ। ਇਸ ਅਖ਼ਬਾਰ ਦਾ ਐਡੀਟਰ ਕਰਮ ਸਿੰਘ ਦੌਲਤਪੁਰੀ ਸੀ। ਉਹ ਆਪਣੇ ਨਾਂ ਨਾਲ 'ਬਬਰ' ਤਖ਼ੱਲੁਸ ਲਿਖਿਆ ਕਰਦਾ ਸੀ। ਹੌਲੀ-ਹੌਲੀ ਇਨ੍ਹਾਂ ਦੇ ਜਥੇ ਦਾ ਨਾਂ **ਬਬਰ ਅਕਾਲੀ ਜਥਾ** ਮਸ਼ਹੂਰ ਹੋ ਗਿਆ। ਇਸ ਜਥੇ ਦੀ ਅਖ਼ਬਾਰ 'ਗੜਗੱਜ ਅਕਾਲੀ' ਨੇ ਬਹੁਤ ਸਾਰੇ ਖਾੜਕੂਆਂ ਨੂੰ ਆਪਣੇ ਨਾਲ ਜੋੜ ਲਿਆ। ਹੌਲੀ-ਹੌਲੀ ਇਸ ਜਥੇ ਵਿਚ ਬਹੁਤ ਸਾਰੇ ਨੌਜਵਾਨ ਸ਼ਾਮਿਲ ਹੋ ਗਏ।

ਇਸ ਜਥੇ ਦੇ ਮੁਖ ਕਾਰਕੁੰਨ ਇਹ ਸਨ: ਮਾਸਟਰ ਮੋਤਾ ਸਿੰਘ, ਕਿਸ਼ਨ ਸਿੰਘ ਗੜਗੱਜ, ਕਰਮ ਸਿੰਘ ਦੌਲਤਪੁਰੀ, ਊਧੈ ਸਿੰਘ ਰਾਮਗੜ੍ਹ ਝੁੰਗੀਆਂ, ਧੰਨਾ ਸਿੰਘ ਬਹਿਬਲਪੁਰ, ਬਿਸ਼ਨ ਸਿੰਘ ਮਾਂਗਟ, ਦਲੀਪ ਸਿੰਘ ਤੇ ਪਿਆਰਾ ਸਿੰਘ ਧਾਮੀਆਂ, ਬਾਬੂ ਸੰਤਾ ਸਿੰਘ ਨਿਧੜਕ ਹਰਿਓਂ, ਕਰਮ ਸਿੰਘ ਝਿਗੜ, ਦਲੀਪ ਸਿੰਘ ਸਾਧੜਾ, ਹਰਬਖ਼ਸ਼ ਸਿੰਘ ਜੱਸੋਵਾਲ, ਨੰਦ ਸਿੰਘ, ਕਰਮ ਸਿੰਘ ਹਰੀਪੁਰ, ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ, ਵਰਿਆਮ ਸਿੰਘ ਧੁੱਗਾ, ਜਵਾਲਾ ਸਿੰਘ, ਹਜ਼ਾਰਾ ਸਿੰਘ ਮੰਡੇਰ, ਦਲੀਪ ਸਿੰਘ ਗੋਸਲ, ਬੰਤਾ ਸਿੰਘ ਪਰਾਮਪੁਰ, ਸੁੰਦਰ ਸਿੰਘ ਮਖ਼ਸੂਸਪੁਰ, ਨੰਦ ਸਿੰਘ ਘੁੜਿਆਲ, ਮੁਨਸ਼ਾ ਸਿੰਘ ਜੋਹਲ, ਜਸਵੰਤ ਸਿੰਘ ਖੁਸਰੋਪੁਰ, ਆਤਮਾ ਸਿੰਘ ਖੁਸਰੋਪੁਰ, ਉਜਾਗਰ ਸਿੰਘ ਬਿਸਰਾਮਪੁਰ, ਸ਼ਿਵ ਸਿੰਘ ਹਰੀਪੁਰ, ਮੁਣਸ਼ਾ ਸਿੰਘ ਜੋਹਲ, ਨਿਰਵੈਰ ਸਿੰਘ, ਕਰਤਾਰ ਸਿੰਘ, ਹੁਕਮ ਸਿੰਘ, ਮਹਿੰਗਾ ਸਿੰਘ, ਊਧਮ ਸਿੰਘ ਭੁਭੰਗੀ, ਮਿਲਖਾ ਸਿੰਘ, ਠਾਕਰ ਸਿੰਘ, ਬਖ਼ਸ਼ੀਸ਼ ਸਿੰਘ, ਬੂਟਾ ਸਿੰਘ (ਸਾਰੇ ਪੰਡੋਰੀ ਨਿੱਝਰਾਂ), ਹਰਨਾਮ ਸਿੰਘ ਸਹੀਪੁਰ, ਠਾਕਰ ਸਿੰਘ, ਹਰੀ ਸਿੰਘ, ਬੰਤਾ ਸਿੰਘ (ਸਾਰੇ ਦੌਲਤਪੁਰ), ਵਰਿਆਮ ਸਿੰਘ, ਕਰਤਾਰ ਸਿੰਘ, ਰਾਮ ਸਿੰਘ (ਸਾਰੇ ਮਜਾਰਾ ਕਾਂਵਾਂ), ਰਤਨ ਸਿੰਘ ਸੀਂਗੜੀਵਾਲਾ, ਰਤਨ ਸਿੰਘ ਰੱਕੜਾਂ ਬੇਟ, ਅਰਜਨ ਸਿੰਘ ਸੂੰਢ, ਆਤਮਾ ਸਿੰਘ ਬੀਕਾ, ਬਸੰਤ ਸਿੰਘ ਰੰਧਾਵਾ, ਛਜਾ ਸਿੰਘ ਮਸਾਣੀਆਂ, ਜਗਜੀਤ ਸਿੰਘ ਕਠਾਰ, ਊਧਮ ਸਿੰਘ ਜੰਡੂ ਸਿੰਘਾ, ਦੁੱਮਣ ਸਿੰਘ ਪੰਡੋਰੀ ਮਹਾਤਮਾ, ਸ਼ਾਮ ਸਿੰਘ ਰਹਿਸੀਵਾਲ, ਅਮਰ ਸਿੰਘ ਰਾਜੋਵਾਲ, ਵਤਨ ਸਿੰਘ ਗਣੇਸ਼ਪੁਰ, ਠਾਕਰ ਸਿੰਘ ਭਾਰਟਾ, ਮਿਲਖਾ ਸਿੰਘ ਮੋਰਾਂਵਾਲੀ, ਹਰੀ ਸਿੰਘ ਖੰਡਾ ਚੋਲਾਂ, ਹਰਬੰਸ ਸਿੰਘ ਸਰਹਾਲਾ ਕਲਾਂ, ਭਗਵਾਨ ਸਿੰਘ ਫ਼ਤਹਿਪੁਰ ਕੋਠੀ, ਛੱਜਾ ਸਿੰਘ ਜਾਣਥੂ, ਦਲੇਲ ਸਿੰਘ ਮੰਨਣਹਾਨਾ, ਸਰਦੂਲ ਸਿੰਘ ਬੂੜੇਬਾਲੀ, ਬੰਤਾ ਸਿੰਘ ਬਹਿਬਲਪੁਰ, ਸੁੰਦਰ ਸਿੰਘ ਬ੍ਰਾਹਮਣ ਕੋਟ ਫ਼ਤੂਹੀ, ਸੁਰਜਨ ਸਿੰਘ ਹਿਆਤਪੁਰ ਰੁੜਕੀ, ਧਰਮ ਸਿੰਘ ਹਿਆਤਪੁਰ ਰੁੜਕੀ, ਹਰਦਿਤ ਸਿੰਘ, ਲਾਭ ਸਿੰਘ, ਕਰਮ ਸਿੰਘ, ਕਰਨ ਸਿੰਘ, ਹਰਦਿਤ ਸਿੰਘ ਦੂਜਾ (ਸਾਰੇ ਜੱਸੋਵਾਲ), ਗੁਰਬਚਨ ਸਿੰਘ ਸਾਂਧੜਾ, ਨਰੈਣ ਸਿੰਘ ਚਾਟੀਵਿੰਡ, ਗੰਗਾ ਸਿੰਘ ਲੀਲ੍ਹ ਕਲਾਂ, ਪ੍ਰਤਾਪ ਸਿੰਘ ਛਬੀਲਪੁਰ, ਮਾਨ ਸਿੰਘ ਗੋਬਿੰਦਪੁਰ, ਬਿਅੰਤ ਸਿੰਘ ਨੰਗਲ ਕਲਾਂ, ਅਮਰ ਸਿੰਘ ਧਾਲੀਵਾਲ, ਦਰਸ਼ਨ ਸਿੰਘ, ਚੰਦਾ ਸਿੰਘ, ਦਰਬਾਰਾ ਸਿੰਘ, ਧਰਮ ਸਿੰਘ, ਮੂਲਾ ਸਿੰਘ (ਸਾਰੇ ਪਲਾਹੀ), ਭਾਨ ਸਿੰਘ ਮਾਂਗਟ, ਚੈਂਚਲ ਸਿੰਘ ਸੰਗਤਪੁਰ, ਸੁਰਜਨ ਸਿੰਘ ਡੂਮੇਲੀ, ਕਰਤਾਰ ਸਿੰਘ ਗੋਂਦਪੁਰ, ਕਰਤਾਰ ਸਿੰਘ ਵੱਡੀ ਡੂਮੇਲੀ, ਦਲੀਪ ਸਿੰਘ ਮਾਣਕੋ, ਕਰਤਾਰ ਸਿੰਘ ਡੂਮੇਲੀ ਵਗ਼ੈਰਾ।

ਬਬਰ ਅਕਾਲੀਆਂ ਨੇ ਬਹੁਤ ਸਾਰੇ ਸਰਕਾਰੀ ਟਾਊਟ, ਸਰਕਾਰੀ ਸੂਹੀਏ ਜਗੀਰਦਾਰ ਤੇ ਹੋਰ ਮੁਜਰਿਮ ਕਤਲ ਕੀਤੇ। ਉਨ੍ਹਾਂ ਨੇ ਕਈ ਜਗਹ 'ਤੇ ਡਾਕੇ ਮਾਰ ਕੇ ਅਸਲਾ ਤੇ ਦੌਲਤ ਵੀ ਲੁਟੀ। 1922 ਤੋਂ 1924 ਤਕ ਬਬਰ ਅਕਾਲੀ ਲਹਿਰ ਆਪਣੇ ਸਿਖਰ 'ਤੇ ਸੀ। ਇਸ ਲਹਿਰ ਦੇ ਦੌਰਾਨ ਹੀ ਕਈ ਆਗੂ ਗ੍ਰਿਫ਼ਤਾਰ ਕਰ ਲਏ ਗਏ। ਕਰਮ ਸਿੰਘ ਦੌਲਤਪੁਰ, ਬਿਸ਼ਨ ਸਿੰਘ, ਮਹਿੰਦਰ ਸਿੰਘ ਬਬੇਲੀ 'ਚ 1 ਸਤੰਬਰ 1923 ਦੇ ਦਿਨ, ਬੰਤਾ ਸਿੰਘ ਧਾਮੀਆਂ ਤੇ ਜਵਾਲਾ ਸਿੰਘ 12 ਦਸੰਬਰ 1923 ਦੇ ਦਿਨ ਮੰਡੇਰ ਵਿਚ, ਵਰਿਆਮ ਸਿੰਘ ਧੁੱਗਾ 8 ਜੂਨ 1924 ਦੇ ਦਿਨ ਐਕਸ਼ਨ ਦੇ ਦੌਰਾਨ ਸ਼ਹੀਦ ਹੋ ਗਏ। ਧੰਨਾ ਸਿੰਘ ਬਹਿਬਲਪੁਰ ਜਦ ਘਿਰ ਗਿਆ ਤਾਂ ਉਸ ਨੇ ਬੰਬ ਦਾ ਪਿੰਨ ਖਿੱਚ ਕੇ ਕਈ ਗੋਰੇ ਤੇ ਦੇਸੀ ਪੁਲਸੀਏ ਵੀ ਮਾਰ ਦਿੱਤੇ।ਬਬਰਾਂ ਦੇ ਕੇਸ ਵਿਚ 96 ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਮੁਕਦਮਾ ਚਲਾਇਆ ਗਿਆ। ਕੇਸ ਦੌਰਾਨ ਬਬਰਾਂ ਨੇ ਪੈਰਵੀ ਕਰਨ ਤੋਂ ਨਾਂਹ ਕਰ ਦਿੱਤੀ। ਬਲਕਿ ਕਿਸ਼ਨ ਸਿੰਘ ਗੜਗੱਜ ਨੇ ਤਾਂ ਅਦਾਲਤ ਵਿਚ ਬਿਆਨ ਦੇ ਕੇ ਸ਼ਰੇਆਮ ਐਕਸ਼ਨ ਕਰਨਾ ਕਬੂਲ ਕੀਤਾ ਅਤੇ ਕਿਹਾ ਕਿ ਅਸੀਂ ਅੰਗਰੇਜ਼ੀ ਅਦਾਲਤਾਂ ਨੂੰ ਨਹੀਂ ਮੰਨਦੇ ਅਤੇ ਧਰਮ ਵਾਸਤੇ ਜਾਨਾਂ ਦੇਣ ਵਾਸਤੇ ਹਰ ਵੇਲੇ ਤਿਆਰ ਹਾਂ।

ਗ੍ਰਿਫ਼ਤਾਰ 96 ਬਬਰਾਂ ਵਿਚੋਂ 5 ਪਹਿਲੋਂ ਹੀ ਬਰੀ ਕਰ ਦਿਤੇ ਗਏ, ਬਾਕੀ 89 ਵਿਚੋਂ 6 ਨੂੰ ਫ਼ਾਂਸੀ ਤੇ 49 ਨੂੰ ਵੱਖ-ਵੱਖ ਮਿਆਦ ਦੀਆਂ ਕੈਦਾ ਦਿਤੀਆਂ ਗਈਆਂ। 34 ਬਬਰਾਂ 'ਤੇ ਕੇਸ ਸਾਬਿਤ ਨਾ ਹੋ ਸਕਿਆ ਤੇ ਉਹ ਛੱਡਣੇ ਪਏ। ਸੁੰਦਰ ਸਿੰਘ ਹਯਾਤਪੁਰ (13 ਦਸੰਬਰ 1924 ਦੇ ਦਿਨ) ਅਤੇ ਸਾਧਾ ਸਿੰਘ ਪੰਡੋਰੀ ਨਿੱਝਰਾਂ 19 ਦਸੰਬਰ 1924 ਦੇ ਦਿਨ ਮੁਕੱਦਮੇ ਦੌਰਾਨ ਜੇਲ੍ਹ ਵਿਚ ਚੜ੍ਹਾਈ ਕਰ ਗਏ ਸਨ।

1991: ਸੁਖਵਿੰਦਰ ਸਿੰਘ ਮੱਲ੍ਹੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

13 ਦਸੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਸੁਖਵਿੰਦਰ ਸਿੰਘ (ਪੁੱਤਰ ਗਿਆਨ ਸਿੰਘ ਨੰਬਰਦਾਰ, ਵਾਸੀ ਮੱਲ੍ਹੀਆਂ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਰੁਪਿੰਦਰ ਸਿੰਘ ਤਰਨਤਾਰਨ, ਊਧਮ ਸਿੰਘ, ਹਰਜਿੰਦਰ ਸਿੰਘ ਤੇ ਹਰਭਜਨ ਸਿੰਘ ਨਕਲੀ ਮੁਕਾਬਲਿਆਂ ਵਿਚ ਸ਼ਹੀਦ

13 ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਰੁਪਿੰਦਰ ਸਿੰਘ ਉਰਫ਼ ਭੂਪਿੰਦਰ ਸਿੰਘ (ਪੁੱਤਰ ਚਰਨ ਸਿੰਘ ਰੰਘੜੀਆ, ਵਾਸੀ ਜੰਡਿਆਲਾ ਰੋਡ, ਤਰਨਤਾਰਨ), ਊਧਮ ਸਿੰਘ ਉਰਫ਼ ਪਿਸਤੌਲ, ਹਰਜਿੰਦਰ ਸਿੰਘ, ਹਰਭਜਨ ਸਿੰਘ, ਪਰਮਜੀਤ ਸਿੰਘ (ਪੁੱਤਰ ਮਿਹਰ ਸਿੰਘ, ਵਾਸੀ ਪਿੰਡ ਨਾਨਕਸਰ, ਤਰਨਤਾਰਨ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

14 ਦਸੰਬਰ

1920: ਸ਼੍ਰੋਮਣੀ ਅਕਾਲੀ ਦਲ ਜਥੇਬੰਦੀ ਕਾਇਮ ਹੋਈ

ਨਵੰਬਰ ਦੇ ਤੀਜੇ ਹਫ਼ਤੇ ਪੰਜਾ ਸਾਹਿਬ ਗੁਰਦੁਆਰੇ 'ਤੇ ਕਬਜ਼ਾ ਕਰਨ ਵੇਲੇ ਕਰਤਾਰ ਸਿੰਘ ਝੱਬਰ ਨੇ ਮਹਿਸੂਸ ਕੀਤਾ ਕਿ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਤੋਂ ਮਗਰੋਂ ਇਸ ਨੂੰ ਕਾਇਮ ਰੱਖਣ ਵਾਸਤੇ ਇਕ ਪੱਕੇ ਜਥੇ ਦੀ ਜ਼ਰੂਰਤ ਹੈ। ਜਦੋਂ ਵੀ ਲੋੜ ਮਹਿਸੂਸ ਹੋਵੇ, ਇਸ ਜਥੇ ਨੂੰ ਬੁਲਾ ਲਿਆ ਜਾਵੇ। ਕਿਉਂ ਕਿ ਪੰਜਾ ਸਾਹਿਬ 'ਚ ਮਹੰਤ ਦੀ ਵਿਧਵਾ ਨੇ ਔਰਤਾਂ ਤੋਂ ਵੀ ਹਮਲਾ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ, ਇਸ ਕਰ ਕੇ ਇਸ 'ਅਕਾਲੀ ਫੌਜ' ਵਿਚ ਕੁਝ ਬੀਬੀਆਂ ਵੀ ਸ਼ਾਮਿਲ ਕੀਤੀਆਂ ਜਾਣ। ''ਪੰਚ'' ਅਖ਼ਬਾਰ ਮੁਤਾਬਿਕ ਮਾਸਟਰ ਮੋਤਾ ਸਿੰਘ ਨੇ ਇਹ ਸੁਝਾਅ ਦਿੱਤਾ ਸੀ ਕਿ ਅਖ਼ਬਾਰ 'ਚ ਅਪੀਲ ਛਾਪ ਕੇ ਇਕ 'ਗੁਰਦੁਆਰਾ ਸੇਵਕ ਦਲ' ਕਾਇਮ ਕੀਤਾ ਜਾਏ। ਇਹ ਅਪੀਲ ਇੰਞ ਸੀ:

ਗੁਰਦੁਆਰਾ ਸੇਵਕ ਦਲ: ਪੰਜ ਸੌ ਸਿੰਘਾਂ ਦੀ ਲੋੜ

''175 ਮੈਂਬਰ ਬਣਨ ਤੋਂ ਬਾਅਦ ਮਾਸਟਰ ਮੋਤਾ ਸਿੰਘ ਨੇ ਇਹ ਤਜਵੀਜ਼ ਕੀਤੀ ਹੈ ਕਿ ਕਮੇਟੀ ਦੇ ਨਾਲ ਇਕ ਗੁਰਦੁਆਰਾ ਸੇਵਕ ਦਲ ਬਣਾਇਆ ਜਾਏ, ਜਿਹੜਾ ਮਹੰਤਾਂ ਤੋਂ ਇੰਤਜ਼ਾਮ ਲਵੇ। ਇਹ ਕੁਲ 500 ਸਿੰਘ ਹੋਣ। ਇਨ੍ਹਾਂ ਵਿੱਚੋਂ 100 ਤਿਆਰ-ਬਰ-ਤਿਆਰ ਤਨਖ਼ਾਹਦਾਰ ਹੋਣ ਅਤੇ 400 ਰੀਜ਼ਰਵ ਹੋਣ, ਬਗ਼ੈਰ ਤਨਖ਼ਾਹ ਤੋਂ। ਜਿੱਥੇ ਹਾਲਤ ਵਿਗੜਦੀ ਹੋਈ ਦਿਸਦੀ ਹੋਵੇ, ਉਸ ਗੁਰਦੁਆਰੇ ਲਈ ਅਕਾਲ ਤਖ਼ਤ ਸਾਹਿਬ 'ਤੇ ਸੱਦ ਕੇ ਜਥਾ ਟੋਰ ਦਿੱਤਾ ਜਾਵੇ। ਇਹ ਡਿਊਟੀ ਇਕ ਕਮੇਟੀ ਲਵੇ, ਜੋ 175 ਵਿੱਚੋਂ 25 ਮੈਂਬਰ ਚੁਣ ਕੇ ਬਣੇ। ਇਸ ਦਲ ਦੇ ਐਕਸ਼ਨ ਦੀ ਜ਼ਿੰਮੇਵਾਰੀ ਅਸੀਂ ਲੈਂਦੇ ਹਾਂ।'' (ਪੰਚ, 24 ਨਵੰਬਰ 1920)।

26 ਨਵੰਬਰ ਦੇ ਦਿਨ ਪੰਜਾ ਸਾਹਿਬ ਦੇ ਇਕੱਠ ਵਿਚ ਇਸ ਦਾ ਮੁੱਢ ਵੀ ਬੰਨ੍ਹਿਆ ਗਿਆ ਸੀ। ਉਸੇ ਵੇਲੇ ਹੀ 50 ਸਿੰਘਾਂ ਨੇ ਆਪਣੇ ਆਪ ਨੂੰ ਪੇਸ਼ ਵੀ ਕੀਤਾ ਸੀ। ਇਸ ''ਗੁਰਦੁਆਰਾ ਸੇਵਕ ਦਲ'' ਜਾਂ ''ਅਕਾਲੀ ਦਲ'' ਦੀ ਸੈਂਟਰਲ ਬਾਡੀ ਦੀ ਕਾਇਮੀ ਵਾਸਤੇ ਇਕ ਇਕੱਠ

14 ਦਸੰਬਰ 1920 ਦੇ ਦਿਨ ਅਕਾਲ ਤਖਤ ਸਾਹਿਬ 'ਤੇ ਬੁਲਾ ਲਿਆ ਗਿਆ। ਇਸ ਇਕੱਠ ਵਿਚ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਤਜਵੀਜ਼ ਕੀਤੀ: ''ਸਮਾਂ ਸਾਨੂੰ ਮਜਬੂਰ ਕਰ ਰਿਹਾ ਹੈ ਕਿ ਗੁਰਦੁਆਰਿਆਂ ਦਾ ਸੁਧਾਰ ਝੱਟ-ਪਟ ਕੀਤਾ ਜਾਵੇ ਅਤੇ ਇਸ ਲਈ ਹਰ ਇਕ ਦੀ ਕੁਰਬਾਨੀ ਦੀ ਲੋੜ ਹੈ। ਸੋ ਇਸ ਤਰ੍ਹਾਂ ਕੀਤਾ ਜਾਵੇ ਕਿ ਅਕਾਲੀ ਦਲ ਕਾਇਮ ਕੀਤਾ ਜਾਵੇ। ਇਸ ਦੇ ਸੇਵਕ ਘੱਟੋ-ਘੱਟ ਇਕ ਮਹੀਨਾ ਸਾਲ ਵਿਚ ਪੰਥ ਨੂੰ ਅਰਪਣ ਕਰਨ। ਕੇਂਦਰ ਅੰਮ੍ਰਿਤਸਰ ਹੋਵੇ, ਜਥੇ ਹਰ ਵੇਲੇ 100 ਸਿੰਘ ਹਾਜ਼ਰ ਰਹਿਣ ਅਤੇ ਜਿੱਥੇ ਜਿਤਨੇ ਸਿੰਘ ਲੋੜ ਪਵੇ ਭੇਜੇ ਜਾਣ। ਇਲਾਕਿਆਂ ਵਿਚ ਇਸ ਦੀਆਂ ਸ਼ਾਖਾ ਬਣਾਈਆਂ ਜਾਣ।'' ਇਸ 'ਤੇ ਇਕੱਠ ਨੇ ਇਕ-ਰਾਇ ਨਾਲ ਮਤਾ ਪਾਸ ਕੀਤਾ ਕਿ 23 ਜਨਵਰੀ ਨੂੰ ਸੰਗਤਾਂ ਤਖਤ ਅਕਾਲ ਬੁੰਗੇ ਹੁੰਮ-ਹੁੰਮਾ ਕੇ ਆਉਣ ਤੇ ਜਥਾ ਕਾਇਮ ਕੀਤਾ ਜਾਵੇ।

ਇਸੇ ਖ਼ਬਰ ਹੇਠਾਂ ਜ਼ਰੂਰੀ ਅਪੀਲ 'ਚ ਕਿਹਾ ਗਿਆ ਸੀ ਕਿ ''ਜਥੇ, ਸਭਾਵਾਂ ਤੇ ਦੀਵਾਨਾਂ ਦੇ ਸੇਵਕਾਂ ਅਤੇ ਜਥੇਦਾਰਾਂ ਅੱਗੇ ਜ਼ਰੂਰੀ ਅਰਜ਼ ਹੈ ਕਿ ਉਹ ਦਰਸ਼ਨ ਦੇਣ। ਇਕ ਦਿਨ ਪਹਿਲੋਂ ਆਵਣ ਤੇ ਹੁਣ ਤਨ-ਮਨ ਤੇ ਧਨ ਦੀ ਕੁਰਬਾਨੀ ਕਰ ਕੇ ਜਨਮ ਸਫ਼ਲ ਕਰਨ।'' ਇਹ ਅਪੀਲ ਤੇਜਾ ਸਿੰਘ (ਭੁੱਚਰ) ਦੇ ਨਾਂ ਹੇਠ ਜਾਰੀ ਕੀਤੀ ਗਈ ਸੀ।

14 ਦਸੰਬਰ 1920 ਦੇ ਇਕੱਠ ਤੋਂ ਪਹਿਲਾਂ ਅਤੇ ਮਗਰੋਂ ਵੀ ਕਈ ਅਕਾਲੀ ਜਥੇ ਕਾਇਮ ਹੋਏ। ਇਨ੍ਹਾਂ ਵਿੱਚੋਂ 'ਅਕਾਲੀ ਜਥਾ ਖਰਾ ਸੌਦਾ' (ਜਥੇਦਾਰ ਕਰਤਾਰ ਸਿੰਘ ਝੱਬਰ), 'ਗੜਗਜ ਅਕਾਲੀ ਜਥਾ ਤਰਨ ਤਾਰਨ' (ਜਥੇਦਾਰ ਤੇਜਾ ਸਿੰਘ ਭੁੱਚਰ), 'ਸ਼ਹੀਦੀ ਦੀਵਾਨ ਬਾਰ ਧਾਰੋਵਾਲੀ' (ਜਥੇਦਾਰ ਸੰਗਤ ਸਿੰਘ) ਮੁਖ ਜਥੇ ਸਨ। ਹੋਰ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿਚ ਵੀ ਅਕਾਲੀ ਜਥੇ ਕਾਇਮ ਹੋਏ ਸਨ। 16 ਪੋਹ (30 ਦਸੰਬਰ) ਨੂੰ ਖਰਾ ਸੌਦਾ 'ਚ ਵੀ ਇਕ ਇਕੱਠ ਹੋਇਆ ਇਸ ਵਿਚ ਜ: ਝੱਬਰ ਨੇ ਮਤਾ ਪੇਸ਼ ਕੀਤਾ ਕਿ ਗੁਰਦੁਆਰਿਆਂ ਦੇ ਸੁਧਾਰ ਵਾਸਤੇ ਅਕਾਲੀ ਦਲ (ਜ਼ਿਲ੍ਹਾ ਸ਼ੇਖੂਪੁਰਾ) ਕਾਇਮ ਕੀਤਾ ਜਾਏ। ਲੱਖਾ ਸਿੰਘ ਨੇ ਇਸ ਦਾ ਤਾਈਦ ਕੀਤੀ। ਉਸੇ ਵੇਲੇ 31 ਸੱਜਣ ਭਰਤੀ ਹੋ ਗਏ। ਇਸ ਦਲ ਦਾ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਚੁਣਿਆ ਗਿਆ। ਮੀਤ ਜਥੇਦਾਰ ਲੱਖਾ ਸਿੰਘ, ਸੇਵਕ (ਸਕੱਤਰ) ਸੁੱਚਾ ਸਿੰਘ ਤੇ ਮੀਤ ਸੇਵਕ ਤੇਜਾ ਸਿੰਘ ਚੂਹੜਕਾਨਾ ਚੁਣੇ ਗਏ।

14 ਦਸੰਬਰ ਦੇ ਇਕੱਠ ਵਿਚ ਇਸ ''ਗੁਰਦੁਆਰਾ ਸੇਵਕ ਦਲ'' ਦੀ ਕਾਇਮੀ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ। ਇਸ ਸਬੰਧ ਵਿਚ 23 ਜਨਵਰੀ 1921 ਦੇ ਦਿਨ ਅਕਾਲ ਤਖਤ ਸਾਹਿਬ 'ਤੇ ਇਕੱਠ ਬੁਲਾਇਆ ਗਿਆ ਸੀ। ਇਸ ਵਿਚ ਜਥੇਬੰਦੀ ਦਾ ਨਾਂ ਮਨਜ਼ੂਰ ਕਰਨਾ ਸੀ ਅਤੇ ਸੇਵਕ (ਅਹੁਦੇਦਾਰ) ਚੁਣੇ ਜਾਣੇ ਸਨ। ਇਹ ਮੀਟਿੰਗ ਦੋ ਦਿਨ ਚੱਲੀ।

ਇਸ ਮੀਟਿੰਗ ਵਿਚ ਭਾਈ ਅਰਜਨ ਸਿੰਘ ਧੀਰਕੇ ਨੇ ਸੁਝਾਅ ਦਿੱਤਾ ਕਿ ਜਥੇਬੰਦੀ ਦਾ ਨਾਂ **"ਗੁਰਦੁਆਰਾ ਸੇਵਕ ਦਲ"** ਰੱਖਿਆ ਜਾਵੇ ਪਰ ਅਖ਼ੀਰ ਇਸ ਦਾ ਨਾਂ **'ਅਕਾਲੀ ਦਲ'** ਹੀ ਸਭ ਨੇ ਮਨਜ਼ੂਰ ਕੀਤਾ। ਇਸ ਦਲ ਦੇ ਪਹਿਲੇ ਜਥੇਦਾਰ ਸਰਮੁਖ ਸਿੰਘ ਝਬਾਲ ਚੁਣੇ ਗਏ। (ਮਗਰੋਂ 29 ਮਾਰਚ 1922 ਦੇ ਦਿਨ ਅਕਾਲੀ ਦਲ ਨੇ, ਆਪਣੇ ਫ਼ੈਵੇਂ ਮਤੇ ਮੁਤਾਬਿਕ, ਜਥੇਬੰਦੀ ਦਾ ਨਾਂ ''ਸ਼੍ਰੋਮਣੀ ਅਕਾਲੀ ਦਲ'' ਰੱਖ ਲਿਆ)। ਇਸ ਦੇ ਨਾਲ ਹੀ ਅਕਾਲੀ ਦਲ ਨੇ ਆਪਣਾ ਦੋ ਨੁਕਾਤੀ ਪ੍ਰੋਗਰਾਮ ਐਲਾਨਿਆ: 1. ਸਾਰੇ ਅਕਾਲੀ ਜਥਿਆਂ ਨੂੰ ਇਕੱਠੇ ਕਰ ਕੇ ਪੰਥ ਦੀ ਸੇਵਾ ਕਰਨੀ। 2. ਗੁਰਦੁਆਰਿਆਂ ਦੀ ਸੇਵਾ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਕਮ ਉੱਤੇ ਅਮਲ ਕਰਨਾ।

1985: ਦਰਬਾਰ ਸਾਹਿਬ ਵਿਚ ਫੇਰ ਪੁਲੀਸ ਦਾਖ਼ਲ ਹੋਈ

ਸੁਰਜੀਤ ਬਰਨਾਲਾ ਦੀ ਹਕੂਮਤ ਵਿਚ ਪੁਲਸ ਵਾਰ ਵਾਰ ਦਰਬਾਰ ਸਾਹਿਬ ਵਿਚ ਛਾਪੇ ਮਾਰਦੀ ਰਹੀ। 14 ਦਸੰਬਰ 1985 ਨੂੰ ਦਰਬਾਰ ਸਾਹਿਬ 'ਚ ਪੁਲੀਸ ਪੰਜਵੀਂ ਵਾਰ ਦਾਖਿਲ ਹੋਈ ਅਤੇ ਬਹੁਤ ਸਾਰੇ ਸਿੱਖ ਨੌਜਵਾਨ ਗ੍ਰਿਫ਼ਤਾਰ ਕਰ ਲਏ।

1985 ਸੀ.ਆਰ.ਪੀ.ਐਫ਼. ਨੇ ਰਣਜੀਤ ਸਿੰਘ ਨੂੰ ਬੇਵਜਹ ਕਤਲ ਕੀਤਾ

14 ਦਸੰਬਰ 1985 ਦੇ ਦਿਨ ਸੀ.ਆਰ.ਪੀ.ਐਫ਼. ਦੇ ਇਕ ਸਿਪਾਹੀ ਨੇ ਗੁੱਸੇ ਵਿਚ ਆ ਕੇ ਸਿੱਖਾਂ ਨਾਲ ਨਫ਼ਰਤ ਦੀ ਸੋਚ ਨਾਲ ਜਲੰਧਰ 'ਚ ਇਕ ਸਿੱਖ ਰਣਜੀਤ ਸਿੰਘ ਨੂੰ ਬੇਵਜਹ ਮਾਰ ਦਿੱਤਾ।

1988: ਖਾੜਕੂਆਂ ਨੇ ਪਟਿਆਲਾ ਵਿਚ ਪੁਲਸ ਦੇ ਐਸ.ਐਸ.ਪੀ. ਮਨਿੰਦਰ ਬਰਾੜ ਤੇ ਐਸ.ਪੀ. ਗਿੱਲ ਮਾਰ ਦਿੱਤੇ

14 ਦਸੰਬਰ 1988 ਦੇ ਦਿਨ ਸਵੇਰੇ ਤੜਕੇ ਵੇਲੇ ਖਾੜਕੂਆਂ ਹੱਥੋਂ ਪਟਿਆਲਾ ਦੇ ਯਾਦਵਿੰਦਰ ਸਟੇਡੀਅਮ ਵਿਚ ਐਸ.ਐਸ.ਪੀ. ਮਨਿੰਦਰ ਬਰਾੜ ਤੇ ਐਸ.ਪੀ. ਕੇ.ਆਰ.ਐਸ. ਗਿਲ ਮਾਰੇ ਗਏ। ਇਨ੍ਹਾਂ ਦੋਹਾਂ ਪੁਲਸੀਆਂ ਨੇ ਕਈ-ਕਈ ਖਾੜਕੂ ਮਾਰੇ ਹੋਏ ਸਨ। ਖਾੜਕੂਆਂ ਨੇ ਇਨ੍ਹਾਂ ਨੂੰ ਕਤਲ ਕਰਨ ਵਾਸਤੇ ਆਪਣੇ ਆਪ ਨੂੰ ਸੀਨੀਅਰ ਐਥਲੀਟ ਹੋਣ ਦਾ ਭਰਮ ਪੈਦਾ ਕੀਤਾ ਤੇ ਕਈ ਦਿਨ ਉਨ੍ਹਾਂ ਨਾਲ ਦੌੜਨ ਦੀ ਪ੍ਰੈਕਟਿਸ ਕਰਦੇ ਰਹੇ। ਜਦੋਂ ਉਨ੍ਹਾਂ ਪੁਲਸੀਆਂ ਦਾ ਇਨ੍ਹਾਂ 'ਤੇ ਯਕੀਨ ਬੱਝ ਗਿਆ ਤਾਂ ਇਨ੍ਹਾਂ ਨੇ 14 ਦਸੰਬਰ ਦੇ ਦਿਨ ਗੋਲੀਆਂ ਮਾਰ ਕੇ ਉਨ੍ਹਾਂ ਦੋਹਾਂ ਨੂੰ ਖ਼ਤਮ ਕਰ ਦਿੱਤਾ।

1990: ਅੰਗਰੇਜ ਸਿੰਘ ਸਾਂਝਣਾ, ਲਖਵਿੰਦਰ ਸਿੰਘ ਲੱਖਾ ਬਰਾੜਾ, ਅਵਤਾਰ ਸਿੰਘ ਤਾਰੀ ਸਾਂਝਣਾ ਤੇ ਸੁਰਜੀਤ ਸਿੰਘ ਜੱਜ ਰਸੂਲਪੁਰ ਚੀਮਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਚੌਦਾਂ ਦਸੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਅੰਗਰੇਜ ਸਿੰਘ (ਵਾਸੀ ਸਾਂਝਣਾ), ਲਖਵਿੰਦਰ ਸਿੰਘ ਲੱਖਾ (ਵਾਸੀ ਬਰਾੜਾ), ਅਵਤਾਰ ਸਿੰਘ ਤਾਰੀ (ਵਾਸੀ ਸਾਂਝਣਾ) ਤੇ ਸੁਰਜੀਤ ਸਿੰਘ ਜੱਜ (ਵਾਸੀ ਰਸੂਲਪੁਰ ਚੀਮਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਮੱਖਣ ਸਿੰਘ ਖਿਆਲਾ, ਨਾਰਾਇਣ ਸਿੰਘ ਢਿਲਵਾਂ, ਮਹਿਮਾ ਸਿੰਘ ਢਿਲਵਾਂ, ਸਵਰਨ ਸਿੰਘ ਸੰਮਾ ਤੇ ਹੋਰ ਨਕਲੀ ਮੁਕਾਬਲਿਆਂ ਵਿਚ ਸ਼ਹੀਦ

ਚੌਦਾਂ ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਮੱਖਣ ਸਿੰਘ ਖਿਆਲਾ, ਨਾਰਾਇਣ ਸਿੰਘ (ਪੁੱਤਰ ਬੰਤ ਸਿੰਘ, ਵਾਸੀ ਢਿਲਵਾਂ, ਜ਼ਿਲ੍ਹਾ ਸੰਗਰੂਰ), ਮਹਿਮਾ ਸਿੰਘ (ਪੁੱਤਰ ਗੁਲਜ਼ਾਰ ਸਿੰਘ, ਵਾਸੀ ਢਿਲਵਾਂ, ਜ਼ਿਲ੍ਹਾ ਸੰਗਰੂਰ), ਸਵਰਨ ਸਿੰਘ ਸੰਮਾ (ਵਾਸੀ ਕੋਟ ਮਹਿਤਾਬ, ਅੰਮ੍ਰਿਤਸਰ) ਨੂੰ ਪੁਲਸ ਨੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

2013: ਕਬੱਡੀ ਮੈਚ ਦੌਰਾਨ ਗੁਰਪ੍ਰੀਤ ਸਿੰਘ ਗੁਰੀ ਨੇ ਪ੍ਰੋਟੈਸਟ ਕੀਤਾ

14 ਦਸੰਬਰ 2013 ਦੇ ਦਿਨ, ਲੁਧਿਆਣਾ ਵਿਚ ਬਾਦਲ ਵੱਲੋਂ ਕਰਵਾਏ ਗਏ ਕਬੱਡੀ ਮੈਚ ਦੇ ਸਮਾਗਮ ਦੌਰਾਨ ਜਸਪਿੰਦਰ ਨਰੂਲਾ ਗਾ ਰਹੀ ਸੀ (ਦਰਅਸਲ ਗਾਨਾ ਪਿੱਛੋਂ ਚਲ ਰਿਹਾ ਸੀ ਤੇ ਐਵੇਂ ਮਾਈਕ ਫੜ ਕੇ ਮੂੰਹ ਹਿਲਾ ਰਹੀ ਸੀ); ਦੋਹਾਂ ਪੰਜਾਬਾਂ ਦੇ ਚੀਫ਼ ਮਨਿਸਟਰ (ਪ੍ਰਕਾਸ਼ ਸਿੰਘ ਬਾਦਲ ਤੇ ਸ਼ਹਿਬਾਜ਼ ਸ਼ਰੀਫ਼) ਉਸ ਸਮਾਗਮ ਵਿਚ ਬੈਠੇ ਹੋਏ ਸਨ। ਗੁਰਪ੍ਰੀਤ

ਸਿੰਘ ਗੁਰੀ (ਪੁੱਤਰ ਗੁਰਜੰਟ ਸਿੰਘ, ਵਾਸੀ ਹਾਂਸ ਕਲਾਂ, ਨੇੜੇ ਰਾੜਾ) ਨੇ ਸਟੇਜ 'ਤੇ ਚੜ੍ਹ ਕੇ ਮਾਈਕ ਖੋਹ ਲਿਆ ਤੇ ਬੋਲਣਾ ਸ਼ੁਰੂ ਕਰ ਦਿੱਤਾ। ਪਰ ਮਾਈਕ ਬੰਦ ਸੀ। ਪੁਲਸ ਫੜ ਕੇ ਲੈ ਗਈ ਤੇ ਕਈ ਦਿਨ ਉਸ 'ਤੇ ਤਸ਼ੱਦਦ ਕੀਤਾ। ਅਖ਼ੀਰ ਸੱਤ ਦਿਨ ਮਗਰੋਂ 21 ਦਸੰਬਰ ਦੇ ਦਿਨ ਉਸ ਨੂੰ ਜ਼ਮਾਨਤ 'ਤੇ ਰਿਹਾ ਕੀਤਾ ਗਿਆ। ਉਸ ਦੇ ਘਰੋਂ ਲਖਵਿੰਦਰ ਸਿੰਘ ਕਥਾ ਵਾਚਕ ਨੂੰ ਵੀ ਚੁਕਿਆ ਗਿਆ ਸੀ ਪਰ 17 ਦਸੰਬਰ ਨੂੰ ਰਿਹਾ ਕਰ ਦਿੱਤਾ ਗਿਆ ਸੀ। ਉਸ ਨੇ ਇਹ ਐਕਸ਼ਨ ਗੁਰਬਖ਼ਸ਼ ਸਿੰਘ ਅੰਬਾਲਾ ਦੀ ਭੁੱਖ ਹੜਤਾਲ ਸਬੰਧੀ ਪ੍ਰੋਟੈਸਟ ਵਜੋਂ ਕੀਤਾ ਸੀ, ਪਰ ਰਿਹਾਈ ਮਗਰੋਂ ਗੁਰਬਖ਼ਸ਼ ਸਿੰਘ ਨੇ ਉਸ ਦੀ ਬਾਤ ਤਕ ਨਾ ਪੁੱਛੀ।

15 ਦਸੰਬਰ

1924: ਜਥੇਦਾਰ ਫੇਰੂਮਾਨ ਦੀ ਅਗਵਾਈ ਵਿਚ ਚੌਦਵਾਂ ਜਥਾ ਜੈਤੋ ਨੂੰ ਚੱਲਿਆ

ਜੈਤੋ ਵਿਚ 'ਖੰਡਿਤ ਹੋਏ' ਅਖੰਡ ਪਾਠ ਨੂੰ ਮੁੜ ਸ਼ੁਰੂ ਕਰਨ ਵਾਸਤੇ ਚਲ ਰਹੀ ਜੱਦੋਜਹਿਦ ਦੌਰਾਨ ਸਤੰਬਰ 1923 ਤੋਂ ਚਾਰ ਮਹੀਨੇ ਤੋਂ ਵਧ ਸਮਾਂ ਜਥਿਆਂ ਵੱਲੋਂ ਜੈਤੋ ਵੱਲ ਮਾਰਚ ਕੀਤੇ ਜਾਣ ਅਤੇ ਗ੍ਰਿਫ਼ਤਾਰੀਆਂ ਦੇਣ ਦੇ ਬਾਵਜੂਦ ਜਦੋਂ ਕੋਈ ਨਤੀਜਾ ਨਾ ਨਿਕਲਿਆ ਤਾਂ ਸ਼੍ਰੋਮਣੀ ਕਮੇਟੀ ਨੇ ਜੱਦੋਜਹਿਦ ਨੂੰ ਤੇਜ਼ ਕਰਨ ਦਾ ਫ਼ੈਸਲਾ ਕੀਤਾ। ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ ਜੈਤੋ ਵਿਚ ਅਖੰਡ ਪਾਠ ਸ਼ੁਰੂ ਕਰਨ ਵਾਸਤੇ 500 ਸਿੱਖਾਂ ਦਾ ''ਸ਼ਹੀਦੀ ਜਥਾ'' ਭੇਜਿਆ ਜਾਏਗਾ। ਪਹਿਲਾ ਜਥਾ 9 ਫ਼ਰਵਰੀ ਨੂੰ ਅੰਮ੍ਰਿਤਸਰ ਤੋਂ ਚਲ ਕੇ 21 ਫ਼ਰਵਰੀ ਨੂੰ ਜੈਤੋ ਪੁੱਜਾ ਜਿਸ 'ਤੇਅੰਗਰੇਜ਼ੀ ਫ਼ੌਜਾਂ ਨੇ ਗੋਲੀਆਂ ਚਲਾ ਕੇ ਦਰਜਨਾਂ ਸਿੱਖ ਸ਼ਹੀਦ ਕਰ ਦਿੱਤੇ।ਅੰਗਰੇਜ਼ ਸਰਕਾਰ ਇਹ ਸਮਝਦੀ ਸੀ ਕਿ ਇੰਞ ਸਿੱਖਾਂ ਦਾ ਕਤਲੇਆਮ ਕਰ ਕੇ ਉਹ ਦਹਿਸ਼ਤ ਫੈਲਾ ਸਕੇਗੀ ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ 13 ਅਪ੍ਰੈਲ 1919 ਦੇ ਦਿਨ ਜਲ੍ਹਿਆਂ ਵਾਲਾ ਬਾਗ਼ ਅਤੇ 20 ਫਰਵਰੀ 1921 ਦੇ ਦਿਨ ਨਾਨਕਾਣਾ ਸਾਹਿਬ ਵਿਖੇ ਸ਼ਹੀਦੀਆਂ ਅਤੇ ਗੁਰੂ ਦਾ ਬਾਗ਼ ਵਿਚ ਵਹਿਸ਼ੀ ਕੁੱਟ-ਮਾਰ ਦੇ ਬਾਵਜੂਦ ਸਿੱਖ ਜਦੋਜਹਿਦ ਤੋਂ ਪਿੱਛੇ ਨਹੀਂ ਹਟੇ ਸਨ, ਤਾਂ ਹੁਣ ਵੀ ਕਿੱਥੇ ਰੁਕਣੇ ਸਨ। ਪਰ, ਜਾਨਸਟਨ ਦੇ ਅੰਦਰ ਦਾ ਵਹਿਸ਼ੀ ਦਰਿੰਦਾ ਇਕ ਵਾਰ ਫੇਰ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਕਰਨਾ ਚਾਹੁੰਦਾ ਸੀ। ਆਪਣੀ ਸਾਰੀ ਤਵਾਰੀਖ਼ ਵਿਚ ਸਿੱਖ ਕੌਮ ਨੇ ਕਦੇ ਅਜਿਹਾ ਚੈਲੰਜ ਬਰਦਾਸ਼ਤ ਨਹੀਂ ਕੀਤਾ ਸੀ ਤੇ ਹੁਣ ਵੀ ਅਜਿਹਾ ਹੀ ਹੋਇਆ। ਪਹਿਲੇ ਜਥੇ 'ਤੇ ਗੋਲੀ ਚੱਲਣ, ਦਰਜਨਾਂ ਸ਼ਹੀਦੀਆਂ ਅਤੇ ਬੇਹਿਸਾਬ ਸਿੱਖਾਂ ਦੇ ਜ਼ਖ਼ਮੀ ਹੋਣ ਦੇ ਬਾਵਜੂਦ ਸਿੱਖਾਂ ਵਿਚ ਜੋਸ਼ ਵੱਧਦਾ ਗਿਆ। ਸ਼੍ਰੋਮਣੀ ਕਮੇਟੀ ਨੇ ਦੂਜਾ ਜਥਾ ਭੇਜਣ ਦਾ ਐਲਾਨ ਕਰ ਦਿੱਤਾ। ਹਿੰਦੂ ਆਗੂ ਗਾਂਧੀ ਤੇ ਲਾਲਾ ਲਾਜਪਤ ਰਾਏ ਨੇ ਇਸ ਜਥੇ ਨੂੰ ਰੋਕਣ ਦੀ ਬੜੀ ਕੋਸ਼ਿਸ਼ ਕੀਤੀ ਪਰ ਸ਼੍ਰੋਮਣੀ ਕਮੇਟੀ ਨੇ ਜਥਾ ''ਹਰ ਹਾਲ ਵਿਚ'' ਭੇਜਣ ਦਾ ਐਲਾਨ ਕੀਤਾ।ਪਹਿਲੇ ਸ਼ਹੀਦੀ ਜਥੇ 'ਤੇ ਗੋਲੀ ਚਲਾਏ ਜਾਣ ਦੇ ਬਾਵਜੂਦ ਸਿੱਖਾਂ ਦੇ ਹੌਸਲੇ ਨਾ ਸਿਰਫ਼ ਬ-ਦਸਤੂਰ ਕਾਇਮ ਰਹੇ, ਸਗੋਂ ਸਿੱਖਾਂ ਵਿਚ ਰੋਹ ਤੇ ਜੋਸ਼ ਦਾ ਵਾਧਾ ਹੋਇਆ। ਸਿੱਖ ਨੌਜਵਾਨ ਤੇ ਬੱਚੇ ਅਕਸਰ ਇਹ ਗਾਉਂਦੇ ਸੁਣੇ ਜਾਂਦੇ ਸਨ: ''ਨਾਭੇ ਜ਼ਰੂਰ ਜਾਵਾਂਗਾ, ਭਾਵੇਂ ਸਿਰ ਕਟ ਜਾਵੇ ਮੇਰਾ।'' ਜਦੋਂ ਸ਼੍ਰੋਮਣੀ ਕਮੇਟੀ ਨੇ ਜੈਤੋ ਵਾਸਤੇ ਦੂਜਾ ਸ਼ਹੀਦੀ ਜਥਾ ਭੇਜਣ ਦਾ ਐਲਾਨ ਕੀਤਾ ਤਾਂ ਸੈਂਕੜੇ ਸਿੱਖ ਜਥੇ ਵਿਚ ਜਾਣ ਲਈ ਤਿਆਰ ਹੋ ਗਏ। ਜਥੇ ਵਿਚ ਜਾਣ ਦੀ ਮੰਗ ਇੰਨੀ ਜ਼ਿਆਦਾ ਸੀ ਕਿ ਦੇਰ ਨਾਲ ਪੁੱਜੇ ਸਿੱਖਾਂ ਨੂੰ ਨਿਰਾਸ਼ ਹੋ ਕੇ ਇਸ ਤੋਂ ਪਿੱਛੋਂ ਜਾਣ ਵਾਲੇ ਦੂਜੇ ਜਥਿਆਂ ਵਿਚ ਆਪਣੇ ਨਾਮ ਦਰਜ ਕਰਵਾਉਣੇ ਪਏ। ਦੂਜਾ ਪੰਜ ਸੌ ਦਾ ਜਥਾ ਅਕਾਲ ਤਖ਼ਤ ਸਾਹਿਬ ਤੋਂ 28 ਫ਼ਰਵਰੀ 1924 ਨੂੰ ਚਾਲੀ ਹਜ਼ਾਰ ਦੀ ਗਿਣਤੀ ਵਿਚ ਇਕੱਠੀ ਹੋਈ ਸੰਗਤ ਨੂੰ ਫ਼ਤਹਿ ਬੁਲਾਉਂਦਾ ਹੋਇਆ, ਗੁਰਦੁਆਰਾ ਗੰਗਸਰ ਦੇ ਰਾਹ ਪੈ ਗਿਆ। ਤੁਰਨ ਤੋਂ ਪਹਿਲੋਂ ਕਿੰਨੀਆਂ ਹੀ ਮਾਂਵਾਂ, ਭੈਣਾਂ ਅਤੇ ਸਿਰਦਾਰਨੀਆਂ ਨੇ ਆਪਣੇ

ਪਿਆਰਿਆਂ ਦੇ ਗਲਾਂ ਵਿਚ ਫੁੱਲਾਂ ਦੇ ਹਾਰ ਪਾਏ ਅਤੇ ਖ਼ੁਸ਼ੀ-ਖ਼ੁਸ਼ੀ ਉਨ੍ਹਾਂ ਨੂੰ ''ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਬਹਾਲ ਕਰਨ, ਅਤੇ ਲੋੜ ਪਵੇ ਤਾਂ ਇਸ ਦੇ ਲਈ ਜਾਨ ਵਾਰ ਦੇਣ'' ਦਾ ਪੈਗ਼ਾਮ ਦੇ ਕੇ ਤੋਰਿਆ। ਇਕ ਮਾਂ ਦਾ ਵੱਡਾ ਪੁੱਤਰ ਪਹਿਲੇ ਜਥੇ ਵਿਚ ਸ਼ਹੀਦੀ ਪਾ ਗਿਆ ਹੋਇਆ ਸੀ, ਉਸ ਨੇ ਦੂਜੇ ਪੁੱਤਰ ਨੂੰ ਹਾਰ ਪਾਉਂਦੇ ਹੋਏ ਕਿਹਾ, ''ਮੈਂ ਵੱਡੇ ਭਾਗਾਂ ਵਾਲੀ ਹੋਵਾਂਗੀ ਜੇ ਮੇਰਾ ਦੂਜਾ ਪੁੱਤਰ ਭੀ ਗੁਰੂ ਦੇ ਲੇਖੇ ਲੱਗ ਜਾਵੇ।'' ਜਥੇ ਵਿੱਚੋਂ ਕਈ ਸਿੰਘਾਂ ਨੇ ਤੁਰਨ ਤੋਂ ਪਹਿਲੋਂ ਅਕਾਲ ਤਖ਼ਤ ਸਾਹਿਬ ਨੂੰ ਇਹ ਲਿਖਤ ਦਿੱਤੀ ਕਿ ''ਜੇ ਮੈਂ ਸ਼ਹੀਦ ਹੋ ਜਾਵਾਂ ਤਾਂ ਮੇਰੀ ਸਾਰੀ ਜਾਇਦਾਦ ਗੁਰੂ ਪੰਥ ਦੇ ਅਰਪਨ ਹੋਵੇ।'' ਇਸ ਮਗਰੋਂ ਬਾਕਾਇਦਾ ਜਥੇ ਜਾਣੇ ਸ਼ੁਰੂ ਹੋ ਗਏ। ਤੀਜਾ ਜਥਾ 22 ਮਾਰਚ ਨੂੰ, ਚੌਥਾ ਜਥਾ ਅਨੰਦਪੁਰ ਸਾਹਿਬ ਤੋਂ 27 ਮਾਰਚ ਨੂੰ, ਪੰਜਵਾਂ ਲਾਇਲਪੁਰ ਤੋਂ 12 ਅਪ੍ਰੈਲ ਨੂੰ, ਛੇਵਾਂ 10 ਮਈ ਨੂੰ, ਸਤਵਾਂ ਪਹਿਲੀ ਜੂਨ ਨੂੰ ਅਤੇ ਅਠਵਾਂ ਜ਼ਿਲ੍ਹਾ ਸ਼ੇਖੂਪੁਰਾ ਦਾ 22 ਮਈ 1924 ਨੂੰ ਨੌਵਾਂ ਜਥਾ, ਜ਼ਿਲ੍ਹਾ ਅੰਮ੍ਰਿਤਸਰ ਦਾ, 25 ਜੂਨ ਨੂੰ ਇਧੋਂ ਜੈਤੋ ਵੱਲ ਤੁਰਿਆ। ਦਸਵਾਂ ਜਥਾ ਜਿਸ ਵਿਚ ਲਾਹੌਰ, ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਸਿੱਖ ਸ਼ਾਮਲ ਸਨ ਅਤੇ ਯਾਰ੍ਹਵਾਂ ਜਥਾ ਜਿਸ ਵਿਚ ਲੁਧਿਆਣਾ ਤੇ ਫ਼ਿਰੋਜ਼ਪੁਰ ਦੇ ਸਿੱਖ ਸਨ, ਇਕੱਠੇ, 13 ਜੁਲਾਈ ਨੂੰ ਅੰਮ੍ਰਿਤਸਰ ਤੋਂ ਰਵਾਨਾ ਹੋਏ।ਬਾਰ੍ਹਵਾਂ ਜਥਾ 17 ਅਗਸਤ 1924, ਤੇਰ੍ਹਵਾਂ ਜਥਾ 18 ਸਤੰਬਰ 1924, ਚੌਧਵਾਂ ਜਥਾ 15 ਦਸੰਬਰ 1924 ਨੂੰ ਚੱਲਿਆ ਜਿਸ ਦੀ ਅਗਵਾਈ ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਕੀਤੀ (ਜਥੇਦਾਰ ਫੇਰੂਮਾਨ ਬਾਅਦ ਵਿਚ ਚੰਡੀਗੜ੍ਹ ਅਤੇ ਹੋਰ ਸਿੱਖ ਮੰਗਾਂ ਵਾਸਤੇ 27 ਅਕਤੂਬਰ 1969 ਦੇ ਦਿਨ 74 ਦਿਨ ਦੀ ਭੁੱਖ ਹੜਤਾਲ ਮਗਰੋਂ ਸ਼ਹੀਦ ਹੋਏ)।

1950: ਪੰਜਾਬੀ ਸੂਬੇ ਦੇ ਖ਼ਿਲਾਫ਼ ਪ੍ਰਤਾਪ ਸਿੰਘ ਕੈਰੋਂ ਨੇ ਆਲ ਇੰਡੀਆ ਕਾਂਗਰਸ ਸਿੱਖ ਕਨਵੈਨਸ਼ਨ ਕੀਤੀ

ਜਦੋਂ ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਵਾਸਤੇ ਜੱਦੋਜਹਿਦ ਕਰਨ ਦਾ ਐਲਾਨ ਕੀਤਾ ਤਾਂ ਪ੍ਰਤਾਪ ਸਿੰਘ ਕੈਰੋਂ ਨੇ ਉਨ੍ਹਾਂ ਦਿਨਾਂ ਵਿਚ ਇਕ ''ਆਲ ਇੰਡੀਆ ਕਾਂਗਰਸ ਸਿੱਖ ਕਨਵੈਨਸ਼ਨ'' ਬੁਲਾ ਲਈ। ਅੰਮ੍ਰਿਤਸਰ ਵਿਚ 15 ਦਸੰਬਰ 1950 ਦੇ ਦਿਨ ਹੋਏ ਇਸ ਇਕੱਠ ਵਿਚ ਸਰਦੂਲ ਸਿੰਘ ਕਵੀਸ਼ਰ ਨੂੰ ਇਸ ਦਾ ਪ੍ਰਧਾਨ ਚੁਣਿਆ ਗਿਆ (ਇਹੀ ਸਰਦੂਲ ਸਿੰਘ ਕਵੀਸ਼ਰ 1920-25 ਵਿਚ ਕਿਹਾ ਕਰਦਾ ਸੀ ਕਿ ਸਿੱਖਾਂ ਨੂੰ ਗਾਂਧੀ 'ਤੇ ਇਤਬਾਰ ਨਹੀਂ ਕਰਨਾ ਚਾਹੀਦਾ)। ਇਸ ਇਕੱਠ ਵਿਚ ਇਸ ਧੜੇ ਦੇ ਸੁਰਜੀਤ ਸਿੰਘ ਮਜੀਠਾ, ਜ਼ੈਲ ਸਿੰਘ, ਨਾਗੋਕੇ, ਸਰਮੁਖ ਸਿੰਘ ਚਮਕ, ਗੁਰਦਿਆਲ ਸਿੰਘ ਢਿਲੋਂ ਅਤੇ ਸੋਹਣ ਸਿੰਘ ਜਲਾਲਉਸਮਾਂ ਨੇ ਕਾਂਗਰਸ ਤੋਂ ਲਏ ਜਾ ਰਹੇ ਫ਼ਾਇਦਿਆਂ ਦਾ ਪੂਰਾ ਬਦਲਾ ਚੁਕਾਇਆ। ਇਸ ਕਾਨਫ਼ਰੰਸ ਵਿਚ ਅਕਾਲੀ ਦਲ ਅਤੇ ਪੰਜਾਬੀ ਸੂਬੇ ਦੀ ਮੰਗ ਦਾ ਰੱਜ ਕੇ ਵਿਰੋਧ ਕੀਤਾ ਗਿਆ।

1983: ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਗੁਰੂ ਨਾਨਕ ਨਿਵਾਸ ਛੱਡ ਕੇ ਅਕਾਲ ਤਖ਼ਤ 'ਤੇ ਚਲੇ ਗਏ

1983 ਦੀ ਨਵੰਬਰ-ਦਸੰਬਰ ਵਿਚ ਦਰਬਾਰ ਸਾਹਿਬ ਦੀਆਂ ਸਰਾਵਾਂ ਵਿਚ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਜਥਾ ਅਤੇ ਬਬਰ ਖਾਲਸਾ (ਸੁਖਦੇਵ ਸਿੰਘ ਗਰੁਪ) ਦੇ ਕਈ ਕਾਰਕੁੰਨ ਰਹਿ ਰਹੇ ਸਨ। ਮੌਜੂਦਾ ਖਾੜਕੂ ਲਹਿਰ ਦੇ ਪਹਿਲੇ ਐਕਸ਼ਨ ਜਥੇਦਾਰ ਤਲਵਿੰਦਰ ਸਿੰਘ ਦੀ ਅਗਵਾਈ ਵਿਚ ਬਬਰ ਖਾਲਸਾ ਨੇ ਕੀਤੇ ਸਨ ਪਰ ਵਧੇਰੇ ਚਰਚਾ ਭਿੰਡਰਾਂਵਾਲਿਆਂ ਦਾ ਹੋਇਆ ਸੀ ਤੇ ਬਬਰ ਖਾਲਸਾ ਨੂੰ ਕੋਈ ਨਹੀਂ ਸੀ ਜਾਣਦਾ। ਇਸ ਕਰ ਕੇ ਸਿੱਖਾਂ ਵੱਲੋਂ ਖਾੜਕੂਆਂ ਵਾਸਤੇ ਆਉਣ ਵਾਲੇ ਫ਼ੰਡ ਵੀ ਭਿੰਡਰਾਂਵਾਲਿਆਂ ਨੂੰ ਹੀ ਪੁੱਜਦੇ ਸਨ।

ਬਬਰ ਖਾਲਸਾ ਦਾ ਸੁਖਦੇਵ ਸਿੰਘ ਗਰੁਪ ਇਸ ਤੋਂ ਔਖਾ ਸੀ। ਹੁਣ ਉਨ੍ਹਾਂ ਨੇ ਆਪਣੇ ਆਪ ਨੂੰ ਜ਼ਾਹਰ ਕਰਨ ਦੀ ਪਲਾਨ ਬਣਾਈ। ਉਨ੍ਹਾਂ ਨੇ ਭਿੰਡਰਾਂਵਾਲਿਆਂ ਦੇ ਖ਼ਿਲਾਫ਼ ਵੀ ਸ਼ਰੇਆਮ ਬੋਲਣਾ ਸ਼ੁਰੂ ਕਰ ਦਿੱਤਾ। ਭਾਵੇਂ ਦੋਹਾਂ ਵਿਚ ਝਗੜਾ 1982 'ਚ ਹੀ ਸ਼ੁਰੂ ਹੋ ਗਿਆ ਸੀ ਪਰ 1983 ਦੀਆਂ ਗਰਮੀਆਂ ਵਿਚ ਦੋਵੇਂ ਧੜੇ ਇਕ ਦੂਜੇ ਨੂੰ ਬਹੁਤ ਨਫ਼ਰਤ ਕਰਨ ਲੱਗ ਪਏ ਸਨ। ਇਧਰ ਦਰਬਾਰ ਸਾਹਿਬ ਕੰਪਲੈਕਸ ਵਿਚ ਦੋਹਾਂ ਵਿਚਕਾਰ 'ਆਪਣਾ ਦਬਕਾ ਕਾਇਮ ਕਰਨ' ਦੀ ਕਸ਼ਮਕਸ਼ ਵੀ ਚਲ ਰਹੀ ਸੀ। ਇਸ ਮਾਹੌਲ ਵਿਚ ਕੁਝ ਸਿਆਣਿਆਂ ਨੇ ਭਿੰਡਰਾਂਵਾਲਿਆਂ ਨੂੰ ਸਲਾਹ ਦਿੱਤੀ ਕਿ ਉਹ ਟਕਰਾਅ ਵਿਚ ਨਾ ਆਉਣ। ਇਸ ਕਰ ਕੇ ਉਹ 15 ਦਸੰਬਰ 1983 ਨੂੰ ਅਕਾਲ ਤਖ਼ਤ ਸਾਹਿਬ ਦੇ ਨਾਲ ਲਗਵੀਂ ਈਮਾਰਤ ਵਿਚ ਚਲੇ ਗਏ। ਹੁਣ ਗੁਰੂ ਨਾਨਕ ਨਿਵਾਸ 'ਤੇ ਸਿਰਫ਼ ਸੁਖਦੇਵ ਸਿੰਘ ਧੜੇ ਦਾ ਕਬਜ਼ਾ ਹੀ ਰਹਿ ਗਿਆ ਸੀ।

1987: ਅਵਤਾਰ ਸਿੰਘ ਤਾਰੀ, ਜਨਰਲ ਪਰਮਜੀਤ ਸਿੰਘ ਧਰਮੀ ਫ਼ੌਜੀ, ਜਨਰਲ ਬਘੇਲ ਸਿੰਘ, ਮਹਿੰਦਰ ਸਿੰਘ, ਹਰਜੀਤ ਸਿੰਘ, ਗੁਰਬਖ਼ਸ਼ ਸਿੰਘ ਗੁੱਚਾ, ਬਲਵੰਤ ਸਿੰਘ ਬੱਦੀ ਨਕਲੀ ਮੁਕਾਬਲੇ ਵਿਚ ਸ਼ਹੀਦ

15 ਦਸੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਅਵਤਾਰ ਸਿੰਘ ਉਰਫ਼ ਤਾਰੀ (ਵਾਸੀ ਬਛੌਤੀ, ਨੇੜੇ ਬਲਾਚੌਰ), ਦੁਸ਼ਟ ਕਮਾਂਡੋ ਫ਼ੋਰਸ ਦਾ ਲੈਫ਼ਟੀਨੈਂਟ ਜਨਰਲ ਪਰਮਜੀਤ ਸਿੰਘ ਧਰਮੀ ਫ਼ੌਜੀ (ਵਾਸੀ ਬੂਲੇਵਾਲ, ਨੇੜੇ ਬਲਾਚੌਰ), ਜਨਰਲ ਬਘੇਲ ਸਿੰਘ, ਮਹਿੰਦਰ ਸਿੰਘ, ਹਰਜੀਤ ਸਿੰਘ, ਗੁਰਬਖ਼ਸ਼ ਸਿੰਘ ਉਰਫ਼ ਗੁੱਚਾ, ਬਲਵੰਤ ਸਿੰਘ ਉਰਫ਼ ਬੱਦੀ ਤੇ ਹੋਰ ਸਿੱਖ ਨੌਜਵਾਨਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਅਮਰਜੀਤ ਸਿੰਘ ਭਾਂਬੜ ਮਨਸੂਰ ਦੇਵਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

15 ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਅਮਰਜੀਤ ਸਿੰਘ ਭਾਂਬੜ (ਵਾਸੀ ਮਨਸੂਰ ਦੇਵਾ, ਫ਼ੀਰੋਜ਼ਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਅਰੂੜ ਸਿੰਘ ਮਾਨੋਚਾਹਲ ਤੇ ਗੁਰਬੀਰ ਸਿੰਘ ਪੰਜਵੜ ਖੁਰਦ ਨਕਲੀ ਮੁਕਾਬਲਿਆਂ ਵਿਚ ਸ਼ਹੀਦ

15 ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਅਰੂੜ ਸਿੰਘ (ਪੁੱਤਰ ਭੰਮਾ ਸਿੰਘ, ਵਾਸੀ ਮਾਨੋਚਾਹਲ, ਜ਼ਿਲਹਾ ਅੰਮ੍ਰਿਤਸਰ) ਤੇ ਗੁਰਬੀਰ ਸਿੰਘ (ਪੁੱਤਰ ਸਵਰਨ ਸਿੰਘ, ਵਾਸੀ ਪੰਜਵੜ ਖੁਰਦ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

16 ਦਸੰਬਰ

1634: ਮਹਿਰਾਜ (ਬਠਿੰਡਾ) ਵਿਚ ਗੁਰੂ ਹਰਗੋਬਿੰਦ ਸਾਹਿਬ ਤੇ ਮੁਗ਼ਲ ਫ਼ੌਜਾਂ ਵਿਚ ਲੜਾਈ

28 ਅਕਤੂਬਰ 1627 ਦੇ ਦਿਨ ਮੁਗ਼ਲ ਬਾਦਸ਼ਾਹ ਜਹਾਂਗੀਰ ਦੀ ਮੌਤ ਹੋ ਗਈ ਸੀ। ਜਹਾਂਗੀਰ ਦਾ ਪੁੱਤਰ ਸ਼ਾਹਜਹਾਨ ਵੀ ਹੌਲੀ-ਹੌਲੀ ਮੁਤੱਸਬੀ ਮੁਸਲਮਾਨਾਂ ਦੇ ਅਸਰ ਹੇਠ ਆ ਗਿਆ। ਇਸ ਹਾਲਤ ਵਿਚ ਸਿੱਖਾਂ ਅਤੇ ਮੁਗ਼ਲਾਂ ਵਿਚ ਅਮਨ ਦੇ ਆਸਾਰ ਘਟਣਾ ਲਾਜ਼ਮੀ ਸੀ। ਉਸ ਨੇ ਗ਼ੈਰ-ਮੁਸਲਮਾਨਾਂ ਦੇ ਧਾਰਮਿਕ ਅਦਾਰਿਆਂ ਨੂੰ ਢਾਹੁਣਾ ਵੀ ਸ਼ੁਰੂ ਕਰ ਦਿਤਾ। ਇਨ੍ਹਾਂ ਵਿਚ ਲਾਹੌਰ ਦੇ ਡੱਬੀ ਬਜ਼ਾਰ ਵਿਚ ਬਣਿਆ ਹੋਇਆ ਬਾਉਲੀ ਸਾਹਿਬ ਵੀ ਸੀ। ਇਸ ਵੇਲੇ ਤਕ ਗੁਰੂ ਸਾਹਿਬ ਗੁਰੂ ਦਾ ਚੱਕ ਵਿਚ ਰਹਿ ਰਹੇ ਸਨ। ਗੁਰੂ ਸਾਹਿਬ ਨੇ ਆਪਣੀ ਬੇਟੀ

ਵੀਰੋ ਦਾ ਵਿਆਹ 16 ਅਪਰੈਲ 1634 ਦੇ ਦਿਨ ਦਾ ਰਖਿਆ ਹੋਇਆ ਸੀ। ਇਸ ਮੌਕੇ 'ਤੇ ਵੱਖ-ਵੱਖ ਇਲਾਕਿਆਂ ਤੋਂ ਬਹੁਤ ਸੰਗਤਾਂ ਪੁੱਜੀਆਂ ਹੋਈਆਂ ਸਨ। ਪਰ ਅਚਾਨਕ 15 ਅਪਰੈਲ ਦੇ ਦਿਨ ਮੁਗ਼ਲ ਫ਼ੌਜਾਂ ਨੇ ਮੂਮ਼ਲਾਸ ਖ਼ਾਨ ਗੋਰਖਪੁਰੀ ਦੀ ਕਮਾਂਡ ਹੇਠ ਹਮਲਾ ਕਰ ਦਿਤਾ। ਗੁਰੂ ਸਾਹਿਬ ਨੇ ਪਰਿਵਾਰ ਨੂੰ ਝਬਾਲ ਪਹੁੰਚਾਇਆ ਅਤੇ ਦੂਜੇ ਪਾਸੇ ਹਮਲੇ ਦਾ ਟਾਕਰਾ ਵੀ ਕੀਤਾ। ਇਸ ਹਮਲੇ ਵਿਚ ਬਹੁਤ ਸਾਰੇ ਸਿੰਘ ਸ਼ਹੀਦ ਹੋਏ ਪਰ ਮੈਦਾਨ ਸਿੰਘਾਂ ਦੇ ਹੱਥ ਵਿਚ ਹੀ ਰਿਹਾ। ਇਸ ਲੜਾਈ ਵਿਚ ਹੋਰਨਾਂ ਤੋਂ ਇਲਾਵਾ ਭਾਈ ਬੱਲੂ (ਦਾਦਾ ਭਾਈ ਮਨੀ ਸਿੰਘ), ਭਾਈ ਸਿੰਘਾ ਪੋਰੋਹਿਤ, ਭਾਈ ਪਿਰਾਣਾ, ਭਾਈ ਕੀਰਤ ਭੱਟ (ਜਿਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ) ਵੀ ਸ਼ਹੀਦ ਹੋਏ।

ਜੰਗ ਜਿੱਤਣ ਤੋਂ ਬਾਅਦ ਗੁਰੂ ਸਾਹਿਬ ਝਬਾਲ ਗਏ ਅਤੇ ਅਗਲੇ ਦਿਨ ਬੀਬੀ ਵੀਰੋ ਦਾ ਵਿਆਹ ਕੀਤਾ ਗਿਆ। (ਗੁਰੂ ਸਾਹਿਬ 'ਤੇ ਇਹ ਹਮਲਾ ਸ਼ਾਹਜਹਾਨ ਦੇ ਹੁਕਮ ਹੇਠ ਨਹੀਂ ਸੀ ਕੀਤਾ ਗਿਆ ਤੇ ਨਾ ਹੀ ਇਹ ਮੁਗ਼ਲਾਂ ਦਾ ਬਾਜ਼ ਗੁਰੂ ਸਾਹਿਬ ਵੱਲ ਉੱਡ ਆਉਣ ਅਤੇ ਸਿੱਖਾਂ ਵੱਲੋਂ ਬਾਜ਼ ਮੋੜਨ ਤੋਂ ਨਾਂਹ ਕਰਨ 'ਤੇ ਕੀਤਾ ਗਿਆ ਸੀ। ਇਹ ਕਹਾਣੀਆਂ ਲਾਹੌਰ ਦੇ ਮੁਸਲਮਾਨਾਂ ਨੇ ਪ੍ਰਚਾਰੀਆਂ ਹੋਣਗੀਆਂ। ਦਰਅਸਲ ਲਾਹੌਰ ਅਤੇ ਪੱਟੀ ਦੇ ਹਾਕਮ, ਗੁਰੂ ਸਾਹਿਬ ਦੀ ਵਧ ਰਹੀ ਸਿੱਖ-ਸੰਗਤ ਅਤੇ ਉਨ੍ਹਾਂ ਦੀ ਫ਼ੌਜ 'ਤੇ ਅੱਖੇ ਸਨ। ਉਨ੍ਹਾਂ ਨੂੰ ਇਹ ਪਤਾ ਸੀ ਕਿ ਸ਼ਾਹਜਹਾਨ ਨੇ ਅਜਿਹੇ ਐਕਸ਼ਨ 'ਤੇ ਕੋਈ ਇਤਰਾਜ਼ ਨਹੀਂ ਕਰਨਾ ਇਸ ਕਰ ਕੇ ਉਨ੍ਹਾਂ ਨੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ)।

ਗੁਰੂ ਸਾਹਿਬ ਮਹਿਸੂਸ ਕਰਦੇ ਸਨ ਕਿ ਬਿਨਾ ਵਜਹ ਫ਼ੌਜੀ ਲੜਾਈਆਂ ਦਾ ਕੋਈ ਫ਼ਾਇਦਾ ਨਹੀਂ ਇਸ ਕਰ ਕੇ ਇਕ ਹੋਰ ਲੜਾਈ ਤੋਂ ਬਚਣ ਵਾਸਤੇ ਉਹ ਕੁਝ ਚਿਰ ਵਾਸਤੇ ਉਤਰਾਂਖੰਡ ਦੇ ਪਹਾੜਾਂ ਦੇ ਦੌਰੇ 'ਤੇ ਚਲੇ ਗਏ। ਇਸ ਦੌਰੇ ਦੌਰਾਨ ਸ੍ਰੀਨਗਰ (ਗੜ੍ਹਵਾਲ) ਵਿਚ ਇਕ ਮਰਹੱਟਾ ਉਸਤਾਦ ਸਮਰੱਥ ਰਾਮਦਾਸ ਆਪ ਜੀ ਨੂੰ ਮਿਲਿਆ। ਉਸ ਨੇ ਗੁਰੂ ਨਾਨਕ ਸਾਹਿਬ ਬਾਰੇ ਸੁਣਿਆ ਹੋਇਆ ਸੀ। ਜਦ ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਸ਼ਾਹੀ ਲਿਬਾਸ ਵਿਚ ਵੇਖਿਆ ਤਾਂ ਉਸ ਨੇ ਪੁੱਛਿਆ ਕਿ *'ਸੁਣਿਆ ਹੈ ਕਿ ਗੁਰੂ ਨਾਨਕ ਸਾਹਿਬ ਤਾਂ ਉਦਾਸੀ ਪਹਿਰਾਵਾ ਪਹਿਣਦੇ ਸਨ ਪਰ ਤੁਸੀਂ ਤਾਂ ਸ਼ਾਹੀ ਪਹਿਰਾਵੇ ਵਿਚ ਹੋ'* ਤਾਂ ਗੁਰੂ ਸਾਹਿਬ ਨੇ ਉਸ ਨੂੰ ਜਵਾਬ ਦਿੱਤਾ ਕਿ *'ਗੁਰੂ ਨਾਨਕ ਸਾਹਿਬ ਨੇ ਮਾਇਆ ਤਿਆਗੀ ਸੀ, ਦੁਨੀਆਂ ਨਹੀਂ।'* ਇਸ 'ਤੇ ਉਹ ਫਿਰ ਕਹਿਣ ਲੱਗਾ *'ਤੁਸੀਂ ਸ਼ਸਤਰ ਕਿਉਂ ਪਹਿਣੇ ਹਨ?'* ਗੁਰੂ ਸਾਹਿਬ ਨੇ ਜਵਾਬ ਦਿੱਤਾ *'ਸ਼ਸਤਰ ਗਰੀਬ ਦੀ ਰੱਖਿਆ ਜਰਵਾਣੇ ਦੀ ਭੱਖਿਆ।'* ਇਸ 'ਤੇ ਸਮਰੱਥ ਰਾਮਦਾਸ ਬੋਲ ਉਠਿਆ *'ਇਹ ਬਾਤ ਹਮਾਰੇ ਮਨ ਭਾਵਤੀ ਹੈ।'* ਸਮਰੱਥ ਰਾਮਦਾਸ ਗੁਰੂ ਸਾਹਿਬ ਦਾ ਮੁਰੀਦ ਬਣ ਗਿਆ। ਮਗਰੋਂ ਇਸੇ ਸਮਰੱਥ ਰਾਮਦਾਸ ਨੇ ਸ਼ਿਵਾਜੀ ਮਰਹੱਟਾ ਨੂੰ ਮੁਗ਼ਲਾਂ ਨਾਲ ਟੱਕਰ ਲੈਣ ਵਾਸਤੇ ਤਿਆਰ ਕੀਤਾ। ਪਰ ਸ਼ਿਵਾਜੀ ਦੀ ਸੋਚ ਕਦੇ ਵੀ ਲੋਕ ਭਲਾਈ ਵਾਲੀ (*ਗਰੀਬ ਦੀ ਰੱਖਿਆ* ਵਾਲੀ ਸੋਚ) ਨਹੀਂ ਸੀ ਬਣ ਸਕੀ ਤੇ ਸਿਰਫ਼ ਤਾਕਤ ਹਾਸਿਲ ਕਰਨ ਤਕ ਸੀਮਤ ਸੀ। ਉਹ ਤਾਂ ਕਿਸਾਨਾਂ ਤੋਂ ਚੌਥ (ਫ਼ਸਲ ਦਾ ਚੌਥਾ ਹਿੱਸਾ) ਲੈ ਕੇ ਵੀ ਉਨ੍ਹਾਂ ਨੂੰ ਬਦਲੇ ਵਿਚ ਕੁਝ ਨਹੀਂ ਸੀ ਦੇਂਦਾ।

ਇਸ ਦੌਰੇ ਦੌਰਾਨ ਗੁਰੂ ਹਰਿਗੋਬਿੰਦ ਸਾਹਿਬ ਨਾਨਕ ਮੱਤਾ ਵੀ ਗਏ ਅਤੇ ਗੁਰੂ ਨਾਨਕ ਸਾਹਿਬ ਦੀ ਯਾਦ 'ਚ ਬਣੇ ਮੰਜੀ ਸਾਹਿਬ (ਗੁਰਦੁਆਰੇ) ਤੋਂ ਜੋਗੀਆਂ ਦਾ ਕਬਜ਼ਾ ਖ਼ਤਮ ਕਰਵਾਇਆ। ਇਸ ਮਗਰੋਂ ਆਪ ਫਿਰ ਪੰਜਾਬ ਵਾਪਿਸ ਆ ਗਏ।

ਕੁਝ ਹਫ਼ਤੇ ਗੁਰੂ ਦਾ ਚੱਕ (ਅੰਮ੍ਰਿਤਸਰ) ਰਹਿਣ ਮਗਰੋਂ, ਦਸੰਬਰ 1634 ਵਿਚ ਗੁਰੂ ਸਾਹਿਬ ਮਾਲਵੇ ਦੇ ਇਲਾਕੇ ਵਿਚ ਧਰਮ ਪਰਚਾਰ ਵਾਸਤੇ ਦੌਰੇ 'ਤੇ ਗਏ ਹੋਏ ਸਨ ਤਾਂ ਅਪ੍ਰੈਲ ਦੀ ਹਾਰ ਦਾ ਬਦਲਾ ਲੈਣ ਵਾਸਤੇ ਇਕ ਵਾਰ ਫੇਰ ਮੁਗ਼ਲ ਫ਼ੌਜਾਂ ਨੇ ਲੱਲਾ ਬੇਗ ਅਤੇ ਕਮਰ ਬੇਗ

ਦੀ ਅਗਵਾਈ ਵਿਚ ਇਕ ਵੱਡੀ ਫ਼ੌਜ ਨਾਲ ਗੁਰੂ ਸਾਹਿਬ 'ਤੇ ਹਮਲਾ ਕਰ ਦਿਤਾ। 16 ਅਤੇ 17 ਦਸੰਬਰ 1634 ਦੇ ਦਿਨ ਪਿੰਡ ਮਹਿਰਾਜ ਦੇ ਮੈਦਾਨ ਵਿਚ ਹੋਈ ਲੜਾਈ ਵਿਚ ਮੁਗ਼ਲਾਂ ਦੇ ਦੋਵੇਂ ਕਮਾਂਡਰ ਮਾਰੇ ਗਏ ਪਰ ਇਸ ਮੌਕੇ 'ਤੇ ਬਹੁਤ ਸਾਰੇ ਸਿੰਘਾਂ ਨੇ ਵੀ ਸ਼ਹੀਦੀਆਂ ਪਾਈਆਂ। ਇਨ੍ਹਾਂ ਸਾਰਿਆਂ ਦਾ ਸਸਕਾਰ ਗੁਰੂ ਸਾਹਿਬ ਨੇ ਆਪਣੇ ਹੱਥੀਂ ਕੀਤਾ।

1846: ਭਰੋਵਾਲ ਵਿਚ ਅੰਗਰੇਜ਼ਾਂ ਨੇ ਸਿੱਖਾਂ ਨਾਲ ਧੱਕੇ ਵਾਲਾ 'ਅਹਿਮਦਨਾਮਾ' ਕੀਤਾ

10 ਫ਼ਰਵਰੀ 1846 ਦੇ ਦਿਨ ਸਭਰਾਓਂ ਦੀ ਲੜਾਈ ਵਿਚ ਅੰਗਰੇਜ਼ ਬੇਈਮਾਨੀ ਨਾਲ ਜਿੱਤ ਗਏ ਤੇ ਇਸ 'ਜਿੱਤ' ਮਗਰੋਂ ਅੰਗਰੇਜ਼ਾਂ ਨੂੰ ਲਾਹੌਰ ਜਾਂਦੀ ਸੜਕ 'ਤੇ ਰੋਕਣ ਵਾਲਾ ਕੋਈ ਨਹੀਂ ਸੀ। **ਲਾਹੌਰ ਦਰਬਾਰ ਦਾ ਪ੍ਰਧਾਨ ਮੰਤਰੀ ਗ਼ਦਾਰ ਸੀ, ਫ਼ੌਜਾਂ ਦਾ ਜਰਨੈਲ ਗ਼ਦਾਰ ਸੀ ਤੇ ਇਨ੍ਹਾਂ ਤਿੰਨਾਂ ਗ਼ਦਾਰਾਂ ਗੁਲਾਬ ਸਿੰਘ ਡੋਗਰਾ, ਬ੍ਰਾਹਮਣ ਲਾਲ ਸਿੰਘ ਤੇ ਬ੍ਰਾਹਮਣ ਤੇਜਾ ਸਿੰਘ ਦਾ ਲਾਹੌਰ ਦਰਬਾਰ 'ਤੇ ਕਬਜ਼ਾ ਸੀ।** ਸੋ, 12 ਫ਼ਰਵਰੀ 1846 ਦੇ ਦਿਨ ਅੰਗਰੇਜ਼ੀ ਫ਼ੌਜ ਨੇ ਫ਼ੀਰੋਜ਼ਪੁਰ ਵੱਲੋਂ ਸਤਲੁਜ ਦਰਿਆ ਪਾਰ ਕੀਤਾ ਅਤੇ ਬਿਨਾਂ ਕਿਸੇ ਮੁਕਾਬਲੇ ਦੇ ਕਸੂਰ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ।

ਇਸ ਵੇਲੇ ਅੰਮ੍ਰਿਤਸਰ ਵਿਚ 20 ਹਜ਼ਾਰ ਤੇ ਲਾਹੌਰ ਵਿਚ 15 ਹਜ਼ਾਰ ਸਿੱਖ ਫ਼ੌਜ ਹਾਜ਼ਿਰ ਸੀ। ਇਸ ਕਰ ਕੇ ਅੰਗਰੇਜ਼ਾਂ ਨੇ ਪੰਜਾਬ 'ਤੇ ਇਕ ਦਮ ਕਬਜ਼ਾ ਨਾ ਕਰਨ ਦਾ ਫ਼ੈਸਲਾ ਕੀਤਾ। ਪਰ ਇਕ ਵੱਡੀ ਅੰਗਰੇਜ਼ ਫ਼ੌਜ ਮਹਾਰਾਜਾ ਦਲੀਪ ਸਿੰਘ ਨੂੰ ਅੱਗੇ ਲਾ ਕੇ ਲਾਹੌਰ ਪੁੱਜੀ ਅਤੇ ਮੀਆਂਮੀਰ ਛਾਵਣੀ ਵਿਚ ਡੇਰਾ ਲਾ ਲਿਆ।

9 ਮਾਰਚ 1846 ਨੂੰ ਲਾਹੌਰ ਦਰਬਾਰ ਅਤੇ ਅੰਗਰੇਜ਼ਾਂ ਵਿਚਕਾਰ 16 ਨੁਕਤਿਆਂ ਦੇ ਇਕ ਅਹਿਦਨਾਮੇ 'ਤੇ ਦਸਤਖ਼ਤ ਹੋਏ। 11 ਮਾਰਚ ਨੂੰ ਇਸ ਵਿਚ ਹੋਰ ਵਾਧਾ ਕੀਤਾ ਗਿਆ। ਮਗਰੋਂ 16 ਮਾਰਚ 11846 ਨੂੰ ਗੁਲਾਬ ਸਿੰਘ ਡੋਗਰੇ ਨਾਲ ਇਕ ਹੋਰ ਅਹਿਦਨਾਮਾ ਹੋਇਆ। ਇਨ੍ਹਾਂ ਤਿੰਨਾਂ (9, 11 ਤੇ 16 ਮਾਰਚ ਦੇ) ਅਹਿਦਨਾਮਿਆਂ ਹੇਠ:

1. ਜਲੰਧਰ ਦੋਆਬ (ਸਤਲੁਜ ਤੇ ਬਿਆਸ ਦਰਿਆ ਵਿਚਕਾਰਲਾ ਇਲਾਕਾ) ਅੰਗਰੇਜ਼ਾਂ ਨੂੰ ਜੰਗ ਦੇ ਖ਼ਰਚੇ ਵਜੋਂ ਦੇ ਦਿੱਤਾ ਗਿਆ।
2. ਲਾਹੌਰ ਦਰਬਾਰ ਨੂੰ ਡੇਢ ਕਰੋੜ ਰੁਪੈ ਜੰਗ ਦਾ ਹਰਜਾਨਾ ਵੀ ਪਾਇਆ ਗਿਆ।
 ਇਸ ਰਕਮ ਦੀ ਅਦਾਇਗੀ ਵਾਸਤੇ ਲਾਹੌਰ ਦਰਬਾਰ ਦੇ ਖ਼ਜ਼ਾਨੇ ਵਿਚ ਪੂਰੀ ਰਕਮ ਨਹੀਂ ਸੀ ਇਸ ਕਰ ਕੇ ਇਹ ਰਕਮ ਅਦਾ ਕਰਨ ਵਾਸਤੇ ਗੁਲਾਬ ਸਿੰਘ ਡੋਗਰੇ ਨੇ 68 ਲੱਖ ਰੁਪੈ ਵਿਚ ਕਸ਼ਮੀਰ ਦਾ ਸੂਬਾ 'ਖ਼ਰੀਦ' ਲਿਆ। ਇਹ ਚਰਚਾ ਸੀ ਕਿ ਗੁਲਾਬ ਸਿੰਘ ਨੇ ਇਹ ਰਕਮ ਆਪਣੇ ਕੋਲ ਪਏ ਰਾਣੀ ਚੰਦ ਕੌਰ ਦੇ ਖ਼ਜ਼ਾਨੇ ਅਤੇ ਅਤੇ ਲਾਹੌਰ ਦਰਬਾਰ ਚੋਂ ਚੋਰੀ ਕੀਤੇ ਹੋਰ ਪੈਸਿਆਂ ਵਿਚੋਂ ਅਦਾ ਕੀਤੀ ਸੀ। ਪਰ ਕਨਿੰਘਮ ਦਾ ਕਹਿਣਾ ਹੈ ਕਿ *ਇਹ ਰਕਮ ਕਦੇ ਵੀ ਅਦਾ ਨਹੀਂ ਸੀ ਕੀਤੀ ਗਈ* (ਕਨਿੰਘਮ, ਸਫ਼ਾ 288) *ਦਰਅਸਲ ਕਸ਼ਮੀਰ ਤਾਂ ਗੁਲਾਬ ਸਿੰਘ ਨੂੰ ਗ਼ਦਾਰੀ ਦੇ ਈਨਾਮ ਵਜੋਂ ਦਿੱਤਾ ਗਿਆ ਸੀ। ਉਸ ਕੋਲ ਇਸ ਦੌਲਤ ਤੋਂ ਇਲਾਵਾ ਚੰਦ ਕੌਰ ਅਤੇ ਲਾਹੌਰ ਦਰਬਾਰ ਦੇ ਇਕ ਕਰੋੜ ਤੋਂ ਵਧ ਰੁਪੈ ਤੇ ਹੋਰ ਖ਼ਜ਼ਾਨਾ ਵੀ ਮੌਜੂਦ ਸੀ ਜੋ ਉਸ ਦੀ ਨਿਜੀ ਦੌਲਤ ਬਣ ਗਿਆ ਸੀ।*
3. ਲਾਹੌਰ ਦਰਬਾਰ ਸਿਰਫ਼ 25 ਬਟਾਲੀਅਨ ਪੈਦਲ ਫ਼ੌਜ ਤੇ 12 ਹਜ਼ਾਰ ਘੋੜਸਵਾਰ ਰਖ ਸਕੇਗਾ।
4. ਅੰਗਰੇਜ਼ਾਂ ਵੱਲੋਂ ਕਬਜ਼ੇ ਵਿਚ ਲਈਆਂ ਗਈਆਂ ਤੋਪਾਂ ਤੋਂ ਇਲਾਵਾ ਉਹ 36 ਤੋਪਾਂ ਜਿਹੜੀਆਂ ਅੰਗਰੇਜ਼ਾਂ ਦੇ ਖ਼ਿਲਾਫ਼ ਵਰਤੀਆਂ ਜਾਣ ਵਾਸਤੇ ਸਭਰਾਓਂ ਲਿਜਾਈਆਂ ਗਈਆਂ ਸਨ, ਹੁਣ ਅੰਗਰੇਜ਼ਾਂ ਦੀਆਂ ਹੋ ਜਾਣਗੀਆਂ।
5. ਅੰਗਰੇਜ਼ ਫ਼ੌਜਾਂ ਲਾਹੌਰ ਦਰਬਾਰ ਦੇ ਇਲਾਕੇ ਵਿਚੋਂ ਜਦੋਂ ਚਾਹੁਣ ਲੰਘ ਸਕਣਗੀਆਂ।
6. ਲਾਹੌਰ ਦਰਬਾਰ ਕਿਸੇ ਯੂਰਪੀਨ ਨੂੰ ਅੰਗਰੇਜ਼ਾਂ ਦੀ ਮਨਜ਼ੂਰੀ ਬਿਨਾਂ ਨੌਕਰੀ 'ਤੇ ਨਹੀਂ ਰੱਖੇਗਾ।
7. ਅੰਗਰੇਜ਼ਾਂ ਅਤੇ ਲਾਹੌਰ ਦਰਬਾਰ ਵਿਚ "ਚੰਗਾ ਮਾਹੌਲ ਕਾਇਮ ਕਰਨ" (ਦਰਅਸਲ ਗ਼ਦਾਰੀ) ਦੇ ਈਨਾਮ ਵਜੋਂ ਗੁਲਾਬ ਸਿੰਘ ਨੂੰ ਜੰਮੂ ਵਿਚ ਖ਼ੁਦਮੁਖ਼ਤਿਆਰੀ ਦਿੱਤੀ ਜਾਵੇਗੀ।

ਅੰਗਰੇਜ਼ੀ ਫ਼ੌਜ ਇਕ ਸਾਲ ਵਾਸਤੇ ਲਾਹੌਰ ਵਿਚ ਰਹੇਗੀ ਤੇ ਇਸ ਦਾ ਖ਼ਰਚਾ ਲਾਹੌਰ ਦਰਬਾਰ ਦੇਵੇਗਾ। ਇਸ ਵਿਚ ਇਨ੍ਹਾਂ 8 ਤੋਂ ਇਲਾਵਾ 8 ਹੋਰ ਨਾਅਹਿਮ ਨੁਕਤੇ ਵੀ ਸਨ।

ਉਪਰ ਦੱਸੇ 8 ਅਤੇ ਹੋਰ 8, ਯਾਨਿ 16 ਨੁਕਤਿਆਂ ਵਾਲੇ ਇਸ ਅਹਿਦਨਾਮੇ 'ਤੇ ਅੰਗਰੇਜ਼ਾਂ ਵੱਲੋਂ ਫ਼ਰੈਡਰਿਕ ਕੱਰੀ, ਹੈਨਰੀ ਲਾਰੈਂਸ ਤੇ ਰਾਬਰਟ ਮਿੰਟਗੁਮਰੀ; ਅਤੇ ਸਿੱਖਾਂ ਵੱਲੋਂ ਭਾਈ ਰਾਮ ਸਿੰਘ, ਲਾਲ ਸਿੰਘ, ਤੇਜਾ ਸਿੰਘ, ਚਤਰ ਸਿੰਘ ਅਟਾਰੀ, ਰਣਜੋਧ ਸਿੰਘ ਮਜੀਠਿਆ, ਦੀਵਾਨ ਦੀਨਾ ਨਾਥ, ਫ਼ਕੀਰ ਨੂਰ-ਉਦ-ਦੀਨ ਦੇ ਦਸਤਖ਼ਤ ਸਨ। (ਪੂਰਾ ਅਹਿਦਨਾਮਾ ਵੇਖੋ: ਕਨਿੰਘਮ, ਸਫ਼ਾ 371-74)।

ਇਸ ਮਗਰੋਂ ਗਵਰਨਰ ਜਨਰਲ ਅਤੇ ਅੰਗਰੇਜ਼ੀ ਫੌਜਾਂ ਦਾ ਕਮਾਂਡਰ-ਇਨ-ਚੀਫ਼ 20 ਹਜ਼ਾਰ ਅੰਗਰੇਜ਼ੀ ਫ਼ੌਜ ਸਣੇ ਲਾਹੌਰ ਵਿਚ ਰਹੇ ਤੇ ਸਿੱਖ ਫ਼ੌਜ ਤੋੜਨ ਦੀ ਨਿਗਰਾਨੀ ਕਰਦੇ ਰਹੇ। ਇਨ੍ਹਾਂ ਲੜਾਈਆਂ ਵਿਚ ਤਿੰਨ ਵੱਡੇ ਗ਼ਦਾਰਾਂ (ਗੁਲਾਬ ਸਿੰਘ, ਤੇਜਾ ਸਿੰਘ ਤੇ ਲਾਲ ਸਿੰਘ) ਨੇ ਅੰਗਰੇਜ਼ਾਂ ਵਾਸਤੇ ਹੀ ਸਾਰਾ ਕੁਝ ਕੀਤਾ ਸੀ। ਗੁਲਾਬ ਸਿੰਘ ਜੰਮੂ ਕਸ਼ਮੀਰ ਦਾ ਰਾਜਾ ਬਣ ਗਿਆ ਸੀ। ਪਰ ਤੇਜਾ ਸਿੰਘ ਤੇ ਲਾਲ ਸਿੰਘ ਨੂੰ ਅਜਿਹੀ ਕੋਈ ਰਿਆਸਤ ਨਹੀਂ ਸੀ ਮਿਲੀ। ਲਾਲ ਸਿੰਘ ਇਸ ਕਾਰਨ ਔਖਾ ਸੀ ਤੇ ਉਸ ਨੇ ਗੁਲਾਬ ਸਿੰਘ ਨੂੰ ਰਾਜ ਦਿਤੇ ਜਾਣ ਦੇ ਰਾਹ ਵਿਚ ਰੁਕਾਵਟ ਬਣਨ ਦੀ ਕੋਸ਼ਿਸ਼ ਵੀ ਕੀਤੀ। ਨਤੀਜੇ ਵਜੋਂ ਉਸ ਨੂੰ ਪੰਜਾਬ ਚੋਂ ਜਲਾਵਤਨ ਹੋ ਕੇ ਡੇਹਰਾਦੂਨ ਜਾਣਾ ਪਿਆ।

ਲਾਲ ਸਿੰਘ ਨੂੰ ਡੇਹਰਾਦੂਨ ਜਲਾਵਤਨ ਕਰਨ ਮਗਰੋਂ ਅੰਗਰੇਜ਼ਾਂ ਨੇ ਕੋਈ ਨਵਾਂ ਪ੍ਰਾਈਮ ਮਨਿਸਟਰ ਨਾ ਬਣਨ ਦਿਤਾ ਤੇ ਉਸ ਦੇ ਥਾਂ ਇਕ "ਕੌਂਸਲ ਆਫ਼ ਰੀਜੈਂਸੀ" ਕਾਇਮ ਕਰ ਦਿਤੀ। ਇਸ ਕੌਂਸਲ ਵਿਚ ਗ਼ਦਾਰ ਤੇਜਾ ਸਿੰਘ, ਦੀਵਾਨ ਦੀਨਾ ਨਾਥ, ਫ਼ਕੀਰ ਨੂਰ-ਉਦ-ਦੀਨ ਤੇ ਸ਼ੇਰ ਸਿੰਘ ਅਟਾਰੀਵਾਲਾ ਸ਼ਾਮਿਲ ਸਨ। ਮਗਰੋਂ ਇਸ ਵਿਚ ਇਹ ਚਾਰ ਹੋਰ ਮੈਂਬਰ ਪਾਏ ਗਏ: ਅਤਰ ਸਿੰਘ ਕਾਲਿਆਂਵਾਲਾ, ਸ਼ਮਸ਼ੇਰ ਸਿੰਘ ਸੰਧਾਵਾਲੀਆ, ਰਣਜੋਧ ਸਿੰਘ ਮਜੀਠਿਆ ਤੇ ਭਾਈ ਨਿਧਾਨ ਸਿੰਘ। ਇਸ ਕੌਂਸਲ 'ਤੇ ਮੁਖ ਕੰਟਰੋਲ ਅੰਗਰੇਜ਼ ਰੈਜ਼ੀਡੈਂਟ ਹੈਨਰੀ ਲਾਰੰਸ ਦਾ ਸੀ। (ਮਾਰਚ ਮਗਰੋਂ 1848 ਵਿਚ ਲਾਰੰਸ ਦੀ ਥਾਂ ਫ਼ਰੈਡਰਿਕ ਕੱਰੀ ਆ ਗਿਆ ਸੀ)।

ਦਸੰਬਰ ਵਿਚ ਅੰਗਰੇਜ਼ਾਂ ਨੇ ਵੇਖਿਆ ਕਿ ਹੁਣ ਉਨ੍ਹਾਂ ਨੂੰ ਲਾਹੌਰ ਤੋਂ ਜਾਣਾ ਪਵੇਗਾ ਇਸ ਕਰ ਕੇ ਉਨ੍ਹਾਂ ਨੇ ਪੱਕਾ ਕਬਜ਼ਾ ਕਰਨ ਦੀ ਨੀਅਤ ਨਾਲ ਆਪਣੇ ਟਾਊਟਾਂ ਰਾਹੀਂ ਇਸ "ਕੌਂਸਲ ਆਫ਼ ਰੀਜੈਂਸੀ" ਕੋਲੋਂ 16 ਦਸੰਬਰ 1846 ਦੇ ਦਿਨ 'ਅਰਜ਼' ਕਰਵਾ ਕੇ ਇਕ ਨਵੇਂ ਅਹਿਦਨਾਮੇ 'ਤੇ ਦਸਤਖ਼ਤ ਕਰਵਾ ਲਏ। ਇਸ ਮੁਤਾਬਿਕ ਰਾਣੀ ਜਿੰਦਾਂ ਨੂੰ ਰੀਜੈਂਟ ਦੇ ਅਹੁਦੇ ਤੋਂ ਹਟਾ ਕੇ ਡੇਢ ਲਖ ਰੁਪੈ ਸਲਾਨਾ ਦੀ ਪੈਨਸ਼ਨ ਦੇ ਦਿਤੀ ਗਈ। ਹੈਨਰੀ ਲਾਰੰਸ ਹੁਣ ਲਾਹੌਰ ਸਰਕਾਰ ਦਾ ਰੀਜੈਂਟ ਬਣ ਗਿਆ। ਇਸ ਅਹਿਦਨਾਮੇ ਮੁਤਾਬਿਕ ਦਲੀਪ ਸਿੰਘ ਦੇ 16 ਸਾਲ ਦਾ ਹੋਣ ਤਕ ਅੰਗਰੇਜ਼ਾਂ ਦਾ ਕੰਟਰੋਲ ਰਹਿਣਾ ਸੀ। ਦਲੀਪ ਸਿੰਘ ਇਸ ਵੇਲੇ ਸਾਢੇ ਅੱਠ ਸਾਲ ਦਾ ਹੋ ਚੁਕਾ ਸੀ ਅਤੇ ਉਸ ਨੇ 4 ਸਤੰਬਰ 1854 ਨੂੰ 16 ਸਾਲ ਦਾ ਹੋਣਾ ਸੀ। ਉਦੋਂ ਤਕ ਅੰਗਰੇਜ਼ ਰੈਜ਼ਡੈਂਟ ਨੇ ਹੀ ਸਭ ਕੁਝ ਹੋਣਾ ਸੀ। ਹੁਣ ਅੰਗਰੇਜ਼ਾਂ ਨੇ ਪੰਜਾਬ ਨੂੰ ਪੂਰੀ ਤਰ੍ਹਾਂ ਹੜਪਣ ਵਾਸਤੇ ਆਖ਼ਰੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ।

1950: ਅੰਮ੍ਰਿਤਸਰ ਦੀ ਸਿੱਖ ਕਨਵੈਨਸ਼ਨ ਵੱਲੋਂ ਪੰਜਾਬੀ ਸੂਬਾ ਦੀ ਮੰਗ

ਪ੍ਰਤਾਪ ਸਿੰਘ ਕੈਰੋਂ ਨੇ ਹਿੰਦੂ ਆਗੂਆਂ ਨੂੰ ਖ਼ੁਸ਼ ਕਰਨ ਵਾਸਤੇ 1950 ਵਿਚ ਇਕ ''ਆਲ ਇੰਡੀਆ ਕਾਂਗਰਸ ਸਿੱਖ ਕਨਵੈਨਸ਼ਨ" ਬੁਲਾ ਲਈ। ਅੰਮ੍ਰਿਤਸਰ ਵਿਚ 15 ਦਸੰਬਰ 1950 ਦੇ ਦਿਨ ਹੋਏ ਇਸ ਇਕੱਠ ਵਿਚ ਸਰਦੂਲ ਸਿੰਘ ਕਵੀਸ਼ਰ ਨੂੰ ਇਸ ਦਾ ਪ੍ਰਧਾਨ ਚੁਣਿਆ ਗਿਆ (ਇਹੀ ਸਰਦੂਲ ਸਿੰਘ ਕਵੀਸ਼ਰ 1920-25 ਵਿਚ ਕਿਹਾ ਕਰਦਾ ਸੀ ਕਿ ਸਿੱਖਾਂ ਨੂੰ

ਗਾਂਧੀ ਅਤੇ ਕਾਂਗਰਸ 'ਤੇ ਇਤਬਾਰ ਨਹੀਂ ਕਰਨਾ ਚਾਹੀਦਾ)। ਇਸ ਇਕੱਠ ਵਿਚ ਇਸ ਧੜੇ ਦੇ ਸੁਰਜੀਤ ਸਿੰਘ ਮਜੀਠਾ, ਜ਼ੈਲ ਸਿੰਘ, ਊਧਮ ਸਿਮਘ ਤੇ ਮੋਹਨ ਸਿੰਘ ਨਾਗੋਕੇ, ਸਰਮੁਖ ਸਿੰਘ ਚਮਕ, ਗੁਰਦਿਆਲ ਸਿੰਘ ਢਿਲੋਂ ਅਤੇ ਸੋਹਣ ਸਿੰਘ ਜਲਾਲਉਸਮਾਂ ਨੇ ਕਾਂਗਰਸ ਤੋਂ ਲਏ ਜਾ ਰਹੇ ਫ਼ਾਇਦਿਆਂ ਦਾ ਪੂਰਾ ਬਦਲਾ ਚੁਕਾਇਆ। ਇਸ ਕਾਨਫ਼ਰੰਸ ਵਿਚ ਅਕਾਲੀ ਦਲ ਅਤੇ ਪੰਜਾਬੀ ਸੂਬੇ ਦੀ ਮੰਗ ਦਾ ਰੱਜ ਕੇ ਵਿਰੋਧ ਕੀਤਾ ਗਿਆ। ਅਕਾਲੀ ਦਲ ਨੇ ਇਸ ਦੇ ਜਵਾਬ ਵਿਚ 16 ਦਸੰਬਰ 1950 ਨੂੰ ਅੰਮ੍ਰਿਤਸਰ ਵਿਚ ਇਕ ਪੈਥਕ ਕਨਵੈਨਸ਼ਨ ਸੱਦ ਲਈ। ਇਸ ਵਿਚ ਮਾਸਟਰ ਤਾਰਾ ਸਿੰਘ ਨੇ ਸਿੱਖਾਂ ਨਾਲ ਵਿਤਕਰੇ ਦਾ ਜ਼ਿਕਰ ਕਰਦਿਆਂ ਪੰਜਾਬੀ ਸੂਬਾ ਦੀ ਮੰਗ ਨੂੰ ਪੇਸ਼ ਕੀਤਾ। ਇਸ ਮਗਰੋਂ ਪੰਜਾਬੀ ਸੂਬੇ ਦੀ ਜੱਦੋਜਹਿਦ ਸ਼ੁਰੂ ਹੋ ਗਈ।

1988: ਲਖਵਿੰਦਰ ਸਿੰਘ ਲੱਖਾ ਗਾਰਡਨ ਕਲੋਨੀ ਅੰਮ੍ਰਿਤਸਰ ਨਕਲੀ ਮੁਕਾਬਲੇ ਵਿਚ ਸ਼ਹੀਦ

16 ਦਸੰਬਰ 1988 ਦੇ ਦਿਨ ਪੰਜਾਬ ਪੁਲਸ ਲਖਵਿੰਦਰ ਸਿੰਘ ਲੱਖਾ (ਵਾਸੀ ਗਾਰਡਨ ਕਲੋਨੀ, ਅੰਮ੍ਰਿਤਸਰ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸੁਖਵਿੰਦਰ ਸਿੰਘ ਕਾਲਾ ਨੂਰਪੁਰ (ਗੁਰਦਾਸਪੁਰ) ਨਕਲੀ ਮੁਕਾਬਲੇ ਵਿਚ ਸ਼ਹੀਦ

16 ਦਸੰਬਰ 1990 ਦੇ ਦਿਨ ਪੰਜਾਬ ਪੁਲਸ ਸੁਖਵਿੰਦਰ ਸਿੰਘ ਕਾਲਾ (ਵਾਸੀ ਨੂਰਪੁਰ, ਗੁਰਦਾਸਪੁਰ) ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਹਰਨਾਮ ਸਿੰਘ ਬਠਿੰਡਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

16 ਦਸੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਹਰਨਾਮ ਸਿੰਘ (ਪੁੱਤਰ ਕਰਤਾਰ ਸਿੰਘ, ਵਾਸੀ ਹਾਜੀ ਗੇਟ, ਬਠਿੰਡਾ) ਨੂੰ ਪੁਲਸ ਨੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992 ਸਵਰਨ ਸਿੰਘ ਦਲੇਰ, ਸਾਹਿਬ ਸਿੰਘ ਬਬਰ, ਸੁੱਚਾ ਸਿੰਘ ਧਾਰੀਵਾਲ ਲੋਹੀਆਂ, ਡਾਕਟਰ ਸੁਖਦੇਵ ਸਿੰਘ, ਸੁਖਦੇਵ ਸਿੰਘ ਸੁੱਖਾ, ਪਿਆਰਾ ਸਿੰਘ ਸੁਲਤਾਨਵਿੰਡ, ਓਂਕਾਰ ਸਿੰਘ ਘਰਿਆਲਾ ਨਕਲੀ ਮੁਕਾਬਲਿਆਂ ਵਿਚ ਸ਼ਹੀਦ

16 ਦਸੰਬਰ 1992 ਦੇ ਦਿਨ ਪੁਲਸ ਨੇ ਸਵਰਨ ਸਿੰਘ ਦਲੇਰ, ਸਾਹਿਬ ਸਿੰਘ ਬਬਰ, ਸੁੱਚਾ ਸਿੰਘ (ਵਾਸੀ ਧਾਰੀਵਾਲ, ਲੋਹੀਆਂ), ਡਾਕਟਰ ਸੁਖਦੇਵ ਸਿੰਘ, ਸੁਖਦੇਵ ਸਿੰਘ ਉਰਫ਼ ਸੁੱਖਾ ਉਰਫ਼ ਹਾਕਮ ਸਿੰਘ (ਪੁੱਤਰ ਸੰਤਾ ਸਿੰਘ, ਵਾਸੀ ਸ਼ਹਿਜ਼ਾਦਾ), ਪਿਆਰਾ ਸਿੰਘ (ਪੁੱਤਰ ਸ਼ਿੰਗਾਰਾ ਸਿੰਘ, ਵਾਸੀ ਸੁਲਤਾਨਵਿੰਡ), ਓਂਕਾਰ ਸਿੰਘ ਉਰਫ਼ ਡਾਕਟਰ ਰਣਬੀਰ ਸਿੰਘ (ਵਾਸੀ ਘਰਿਆਲਾ) ਤੇ ਹੋਰ ਕਈ ਸਿੱਖ ਨੌਜਵਾਨਾਂ ਨੂੰ ਪੁਲਸ ਨੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

2008: ਡੇਰਾ ਨਾਨਕਸਰ ਦੇ ਘਾਲਾ ਸਿੰਘ ਤੇ 3 ਹੋਰ ਕਤਲ ਕੇਸ ਵਿਚ ਵਾਪਿਸ ਜੇਲ੍ਹ ਪੁੱਜੇ

16 ਦਸੰਬਰ 2008 ਦੇ ਦਿਨ ਡੇਰਾ ਨਾਨਕਸਰ ਦੇ ਘਾਲਾ ਸਿੰਘ ਤੇ 3 ਹੋਰ (ਕਰਨੈਲ ਸਿੰਘ, ਗੁਰਚਰਨ ਸਿੰਘ, ਮਹਿੰਦਰ ਸਿੰਘ) ਕਲੇਰਾਂ ਵਾਲੇ ਕਤਲ ਕੇਸ ਵਿਚ ਵਾਪਿਸ ਜੇਲ੍ਹ ਪੁੱਜੇ। ਉਹ ਭਦੌੜ ਵਿਚ 5 ਕਤਲਾਂ ਦੇ ਦੋਸ਼ੀ ਸਨ। ਸਜ਼ਾ ਮਗਰੋਂ ਛੇਤੀ ਹੀ ਬਾਦਲ ਸਰਕਾਰ ਨੇ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਸੀ ਪਰ ਸਬੰਧਤਾਂ ਨੇ ਹਾਈ ਕੋਰਟ ਵਿਚ ਕੇਸ ਕੀਤਾ ਤੇ ਹੁਕਮ ਹੋਇਆ ਕਿ ਉਹ ਰਿਹਾ ਨਹੀਂ ਹੋ ਸਕਦੇ। ਸੋ ਬਾਕੀ ਸਜ਼ਾ ਭੁਗਤਣ ਵਾਸਤੇ ਦੋਬਾਰਾ ਜੇਲ੍ਹ ਭੇਜੇ ਗਏ।

2013: ਸਰਸਾ ਟੋਲੇ ਦੇ ਬੰਦਿਆਂ ਨੂੰ ਮਾਰਨ ਦੀ ਸਾਜ਼ਿਸ਼ ਘੜਨ ਦੇ ਝੂਠੇ ਦੋਸ਼ ਵਿਚ 8 ਸਿੱਖ ਨੌਜਵਾਨ ਬਰੀ ਕੀਤੇ ਗਏ

16 ਦਸੰਬਰ 2013 ਦੇ ਦਿਨ ਇਕ ਅਦਾਲਤ ਨੇ ਸਰਸਾ ਟੋਲੇ ਦੇ ਬੰਦਿਆਂ ਨੂੰ ਮਾਰਨ ਦੀ ਸਾਜ਼ਿਸ਼ ਘੜਨ ਦੇ ਦੋਸ਼ ਵਿਚ 8 ਸਿੱਖ ਨੌਜਵਾਨ ਬਰੀ ਕੀਤੇ ਗਏ। 4 ਅਗਸਤ 2009 ਦੇ ਦਿਨ ਬਾਦਲ ਸਰਕਾਰ ਨੇ ਸੌਦਾ ਸਾਧ ਨੂੰ ਖ਼ੁਸ਼ ਕਰਨ ਵਾਸਤੇ ਉਨ੍ਹਾਂ 'ਤੇ ਸਾਜ਼ਸ਼ ਘੜਨ, ਨਾਜਾਇਜ਼ ਅਸਲਾ ਰੱਖਣ ਵਗ਼ੈਰਾ ਦਫ਼ਾਵਾਂ ਹੇਠ ਕੇਸ ਦਰਜ ਕੀਤਾ ਸੀ। ਇਹ ਸਨ: ਗੁਰਲਾਭ ਸਿੰਘ ਭਾਈਰੂਪਾ, ਗੁਰਪ੍ਰੀਤ ਸਿੰਘ, ਮਨਜੀਤ ਸਿੰਘ ਭਗਤਾ ਭਾਈਕਾ, ਜਗਸੀਰ ਸਿੰਘ ਤੁੰਗਵਾਲੀ, ਸਤਨਾਮ ਸਿੰਘ ਦਿਆਲਪੁਰਾ, ਕੁਲਵੀਰ ਸਿੰਘ ਮੋੜ, ਭੋਲਾ ਸਿੰਘ ਫੂਲ, ਮੱਖਣ ਸਿੰਘ ਮਸਾਓਂ।

17 ਦਸੰਬਰ

1848: ਮੁਲਤਾਨ ਦੇ ਦੀਵਾਨ ਮੂਲ ਚੰਦ ਨੇ ਹਥਿਆਰ ਸੁੱਟੇ

ਸਤੰਬਰ 1844 ਵਿਚ ਆਪਣੇ ਪਿਤਾ ਦੀ ਮੌਤ ਮਗਰੋਂ ਦੀਵਾਨ ਮੂਲ ਰਾਜ ਨੂੰ ਮੁਲਤਾਨ ਦਾ ਗਵਰਨਰ ਬਣਾਇਆ ਗਿਆ ਸੀ। 1846 ਵਿਚ ਅੰਗਰੇਜ਼ਾਂ ਦੇ ਲਾਹੌਰ ਦਰਬਾਰ 'ਤੇ ਕਬਜ਼ੇ ਮਗਰੋਂ, ਲਾਲ ਸਿੰਹ ਦੀਆਂ ਸਾਜ਼ਿਸ਼ਾਂ ਹੇਠ, ਉਸ ਦਾ ਮਾਮਲਾ 25% ਵਧਾ ਦਿਤਾ ਗਿਆ। ਉਸ ਨੇ ਬਿਨਾਂ ਕਿਸੇ ਸ਼ਿਕਾਇਤ ਤੋਂ ਇਸ ਨੂੰ ਮਨਜ਼ੂਰ ਕਰ ਲਿਆ। ਇਹ ਗਲ 29 ਅਕਤੂਬਰ 1846 ਦੀ ਹੈ। ਲਾਲ ਸਿੰਹ ਨੇ ਏਥੇ ਹੀ ਬਸ ਨਹੀਂ ਕੀਤੀ। ਹੁਣ ਉਸ ਨੇ ਮੂਲ ਰਾਜ ਦੇ ਕਈ ਹੱਕ ਖੋਹ ਲਏ ਪਰ ਉਸ ਦਾ ਇਜਾਰਾ ਨਾ ਘਟਾਇਆ। ਮੂਲ ਰਾਜ ਦੀਆਂ ਅਦਾਲਤੀ ਤਾਕਤਾਂ ਵੀ ਘਟਾ ਦਿਤੀਆਂ ਗਈਆਂ। ਇਸ ਦਾ ਨਤੀਜਾ ਇਹ ਨਿਕਲਿਆ ਕਿ ਉਹ ਮਾਮਲਾ ਨਾ ਦੇਣ ਵਾਲਿਆਂ ਦੇ ਖ਼ਿਲਾਫ਼ ਕੋਈ ਐਕਸ਼ਨ ਨਹੀਂ ਸੀ ਲੈ ਸਕਦਾ। ਅਖ਼ੀਰ ਤੰਗ ਆ ਕੇ ਉਸ ਨੇ ਦਸੰਬਰ 1847 ਵਿਚ ਅਸਤੀਫ਼ਾ ਦੇ ਦਿਤਾ। ਰੈਜ਼ੀਡੈਂਟ ਨੇ ਉਸ ਦਾ ਅਸਤੀਫ਼ਾ ਮਨਜ਼ੂਰ ਕਰ ਲਿਆ ਅਤੇ ਨਵੇਂ ਸੂਬੇਦਾਰ ਦੇ ਆਉਣ ਤਕ ਸੇਵਾ ਨਿਭਾਉਣ ਅਤੇ ਮਾਰਚ 1848 ਤਕ ਮੁਲਤਾਨ ਰੁਕਣ ਵਾਸਤੇ ਆਖ ਦਿਤਾ। ਹੁਣ ਫ਼ਰੈਡਰਿਕ ਕੱਰੀ ਲਾਹੌਰ ਵਿਚ ਨਵਾਂ ਰੈਜ਼ੀਡੈਂਟ ਬਣ ਕੇ ਆ ਗਿਆ ਸੀ। ਉਸ ਨੇ ਕਾਹਨ ਸਿੰਘ ਮਾਨ ਨੂੰ ਮੁਲਤਾਨ ਦਾ ਨਵਾਂ ਸੂਬੇਦਾਰ ਲਾ ਦਿਤਾ ਅਤੇ ਵੈਨਸ ਐਗਨਿਊ ਨੂੰ ਉਸ ਦਾ ਸਿਆਸੀ ਸਲਾਹਕਾਰ ਤੇ ਲੈਫ਼ਟੀਨੈਂਟ ਐਂਡਰਸਨ ਨੂੰ ਉਸ ਦਾ ਅਸਿਸਟੈਂਟ ਬਣਾ ਦਿਤਾ। 19 ਅਪਰੈਲ 1848 ਦੇ ਦਿਨ ਕਾਹਨ ਸਿੰਘ ਮਾਨ ਮੁਲਤਾਨ ਪੁੱਜਾ। ਦੀਵਾਨ ਮੂਲਰਾਜ ਨੇ ਸੂਬੇਦਾਰੀ ਦਾ ਚਾਰਜ ਉਸ ਨੂੰ ਸੰਭਾਲ ਦਿਤਾ।

ਜਦੋਂ ਚਾਰਜ ਲੈ ਕੇ ਕਾਹਨ ਸਿੰਘ ਤੇ ਦੋਵੇਂ ਅੰਗਰੇਜ਼ ਬਾਹਰ ਨਿਕਲ ਰਹੇ ਸਨ ਤਾਂ ਇਕ ਫ਼ੌਜੀ ਅਫ਼ਸਰ ਗੋਦੜ ਸਿੰਘ ਮਜ਼ਹਬੀ ਨੇ ਐਂਡਰਸਨ ਅਤੇ ਐਗਨਿਊ 'ਤੇ ਹਮਲਾ ਕਰ ਕੇ ਉਨ੍ਹਾਂ ਨੂੰ ਕਤਲ ਕਰ ਦਿਤਾ। ਇਹ ਕੋਈ ਅਚਾਨਕ ਘਟੀ ਘਟਨਾ ਨਹੀਂ ਸੀ। ਸਿੱਖ ਫ਼ੌਜਾਂ ਵਿਚ ਅੰਗਰੇਜ਼ਾਂ ਵੱਲੋਂ ਪੰਜਾਬ 'ਤੇ ਕਬਜ਼ਾ, ਰਾਣੀ ਜਿੰਦਾਂ ਦੀ ਬੇਇਜ਼ਤੀ ਅਤੇ ਕੈਦ, ਸਿੱਖ ਜਰਨੈਲਾਂ ਤੇ ਅਫ਼ਸਰਾਂ ਦੀਆਂ ਤਾਕਤਾਂ ਖੋਹਣਾ, ਗ਼ਦਾਰਾਂ ਨੂੰ ਅਹੁਦੇ ਅਤੇ ਸਨਮਾਨ ਬਖ਼ਸ਼ਣਾ ਬਾਰੇ ਖ਼ਬਰਾਂ ਪੁਜਦੀਆਂ ਰਹਿੰਦੀਆਂ ਸਨ ਤੇ ਉਹ ਅੰਦਰੋਂ-ਅੰਦਰੀ ਗੁੱਸੇ ਨਾਲ ਭਰੇ ਪੀਤੇ ਬੈਠੇ ਸਨ। ਦੀਵਾਨ ਮੂਲ ਰਾਜ ਦੀ ਥਾਂ ਕਾਹਨ ਸਿੰਘ ਮਾਨ, ਤੇ ਉਹ ਵੀ ਦੋ ਅੰਗਰੇਜ਼ ਅਫ਼ਸਰਾਂ ਦੀ ਨਿਗਰਾਨੀ ਹੇਠ, ਲਾਇਆ ਜਾਣਾ ਵਕਤੀ ਐਕਸ਼ਨ ਦਾ ਕਾਰਨ ਬਣਿਆ।

ਜਦੋਂ ਦੋ ਅੰਗਰੇਜ਼ ਅਫ਼ਸਰਾਂ ਦੇ ਮਰਨ ਦੀ ਖ਼ਬਰ ਫ਼ਰੈਡਰਿਕ ਕੱਰੀ ਰੈਜ਼ੀਡੈਂਟ ਕੋਲ ਪੁੱਜੀ ਤਾਂ ਪਹਿਲਾਂ ਤਾਂ ਉਸ ਨੇ ਫ਼ੌਜ ਨੂੰ ਮੁਲਤਾਨ ਜਾਣ ਦਾ ਹੁਕਮ ਦੇ ਦਿਤਾ ਪਰ ਮਗਰੋਂ ਉਸ ਨੇ ਇਰਾਦਾ ਬਦਲ ਲਿਆ ਤੇ ਇਸ ਨੂੰ ਸਿੱਖਾਂ ਤੇ ਥੋਪਣ ਦੀ ਤਰਕੀਬ ਘੜਨੀ ਸ਼ੁਰੂ ਕਰ ਦਿਤੀ। ਇਹ ਸੋਚ ਕੇ ਉਸ ਨੇ ਹਰਬਰਟ ਐਡਵਾਰਡੇਜ਼ ਨੂੰ ਬੰਨੂ ਵਿਚ ਖ਼ਤ ਭੇਜ ਕੇ ਆਖਿਆ ਕਿ ਉਹ

ਕਾਹਨ ਸਿੰਘ ਮਾਨ ਨੂੰ ਕਹੇ ਕਿ ਉਹ ਦੀਵਾਨ ਮੂਲ ਰਾਜ ਨੂੰ ਹੀ ਸੂਬੇਦਾਰ ਰਹਿਣ ਦੇਵੇ। ਮਈ 1848 ਵਿਚ ਰੈਜ਼ੀਡੈਂਟ ਨੇ ਐਡਵਾਰਡੇਜ਼ ਨੂੰ ਫ਼ੌਜ ਲੈ ਕੇ ਮੁਲਤਾਨ ਜਾਣ ਵਾਸਤੇ ਆਖ ਦਿਤਾ। ਇਸ ਵੇਲੇ ਤਕ (ਹੀਰਾ ਸਿੰਘ ਡੋਗਰਾ ਵੱਲੋਂ 1845 ਵਿਚ ਸ਼ਹੀਦ ਕੀਤੇ ਬਾਬਾ ਬੀਰ ਸਿੰਘ ਨੌਰੰਗਾਬਾਦ ਦੇ ਵਾਰਿਸ) ਭਾਈ ਮਹਾਰਾਜ ਸਿੰਘ ਵੀ ਮੁਲਤਾਨ ਪੁਜ ਚੁਕੇ ਸਨ। ਉਨ੍ਹਾਂ ਨੇ ਉੱਥੇ ਪਹੁੰਚ ਕੇ ਸਿੱਖ ਫ਼ੌਜਾਂ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿਤਾ।

ਜਦ ਮੂਲ ਰਾਜ ਨੂੰ ਐਡਵਾਰਡੇਜ਼ ਦੇ ਆਉਣ ਦਾ ਪਤਾ ਲਗਾ ਤਾਂ ਉਸ ਨੇ ਅਮਨ ਸਮਝੌਤੇ ਦੀ ਪੇਸ਼ਕਸ਼ ਕੀਤੀ। ਐਡਵਾਰਡੇਜ਼ ਨੇ ਇਹ ਪੇਸ਼ਕਸ਼ ਠੁਕਰਾ ਦਿਤੀ ਤੇ ਮੁਲਤਾਨ 'ਤੇ ਹਮਲਾ ਕਰ ਦਿਤਾ। ਪਹਿਲਾਂ ਤਾਂ ਨਿੱਕੀਆਂ ਮੋਟੀਆਂ ਝੜਪਾਂ ਹੋਈਆਂ ਪਰ 18 ਜੂਨ 1848 ਨੂੰ ਇਕ ਵੱਡੀ ਲੜਾਈ ਹੋਈ ਜਿਸ ਵਿਚ ਐਡਵਾਰਡੇਜ਼ ਨੂੰ ਜਿੱਤ ਹਾਸਿਲ ਹੋਈ। ਆਖ਼ਰੀ ਲੜਾਈ ਪਹਿਲੀ ਜੁਲਾਈ ਦੇ ਦਿਨ ਹੋਈ ਜਿਸ ਵਿਚ ਦੀਵਾਨ ਮੂਲ ਰਾਜ ਦਾ ਹਾਥੀ ਮਾਰਿਆ ਗਿਆ ਤੇ ਇਸ ਦੇ ਨਾਲ ਹੀ ਉਸ ਦੀ ਮੌਤ ਦੀ ਅਫ਼ਵਾਹ ਵੀ ਫ਼ੈਲ ਗਈ। ਇਸ ਨਾਲ ਉਸ ਦੇ ਸਾਥੀਆਂ ਦੇ ਹੌਸਲੇ ਡਿਗ ਪਏ। ਉਸ ਨੇ ਆਪਣੇ ਆਪ ਨੂੰ ਕਿਲ੍ਹੇ ਵਿਚ ਬੰਦ ਕਰ ਲਿਆ। ਅੰਗਰੇਜ਼ੀ ਫ਼ੌਜਾਂ ਨੇ ਕਿਲ੍ਹੇ ਨੂੰ ਸਾਰੇ ਪਾਸਿਓਂ ਘੇਰ ਲਿਆ। ਇਹ ਘੇਰਾ ਚਾਰ ਹਫ਼ਤੇ ਜਾਰੀ ਰਿਹਾ। ਦੀਵਾਨ ਮੂਲ ਰਾਜ ਕਾਬਲ ਤੋਂ ਦੋਸਤ ਮੁਹੰਮਦ ਖ਼ਾਨ ਦੀ ਮਦਦ ਦੀ ਆਸ ਵੀ ਰਖ ਰਿਹਾ ਸੀ। ਪਰ ਨਾ ਤਾਂ ਕਾਬਲ ਤੋਂ ਅਤੇ ਨਾ ਅਟਾਰੀ ਵਾਲਿਆਂ ਤੋਂ ਕੋਈ ਮਦਦ ਪੁੱਜ ਸਕੀ। 17 ਦਸੰਬਰ 1848 ਨੂੰ ਅੰਗਰੇਜ਼ ਫ਼ੌਜਾਂ ਨੇ ਕਿਲ੍ਹੇ 'ਤੇ ਇਕ ਜ਼ਬਰਦਸਤ ਹਮਲਾ ਕੀਤਾ ਤੇ ਅੰਦਰ ਦਾਖ਼ਿਲ ਹੋ ਗਈਆਂ। ਅਖੀਰ ਮੂਲ ਰਾਜ ਨੇ ਹਥਿਆਰ ਸੁੱਟ ਦਿਤੇ। ਦੀਵਾਨ ਮੂਲ ਰਾਜ 'ਤੇ ਅੰਗਰੇਜ਼ਾਂ ਦੇ ਕਤਲ, ਜੰਗ ਕਰਨ ਅਤੇ ਗ਼ਦਾਰੀ ਦਾ ਮੁਕਦਮਾ ਚਲਾ ਕੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ (ਜੋ ਗਵਰਨਰ ਜਨਰਲ ਨੇ ਉਮਰ ਕੈਦ ਵਿਚ ਬਦਲ ਦਿਤੀ)। ਜਨਵਰੀ 1850 ਤੱਕ ਉਸ ਨੂੰ ਲਾਹੌਰ ਕਿਲੇ ਵਿਚ ਰਖ ਕੇ ਮਗਰੋਂ ਫ਼ੋਰਟ ਵਿਲੀਅਮਜ਼ (ਕਲਕਤਾ) ਭੇਜ ਦਿਤਾ ਗਿਆ। ਪਰ ਖ਼ਰਾਬ ਸਿਹਤ ਕਾਰਨ ਉਸ ਨੂੰ ਬਨਾਰਸ ਲੈ ਆਂਦਾ ਗਿਆ ਅਤੇ ਖਾਣੇ ਵਿਚ ਹਲਕੀ ਜ਼ਹਿਰ ਦੇ ਕੇ ਉਸ ਨੂੰ ਮੌਤ ਦੇ ਮੂੰਹ ਵਿਚ ਧੱਕ ਦਿਤਾ ਗਿਆ। ਅਖ਼ੀਰ 11 ਅਗਸਤ 1851 ਦੇ ਦਿਨ, 36 ਸਾਲ ਦੀ ਉਮਰ ਵਿਚ ਉਹ ਚੜ੍ਹਾਈ ਕਰ ਗਿਆ। ਦੀਵਾਨ ਮੂਲ ਰਾਜ ਬਾਰੇ ਲਾਰਡ ਡਲਹੌਜ਼ੀ ਦਾ ਵਿਚਾਰ ਸੀ ਕਿ "ਮੂਲ ਰਾਜ ਕੋਲ ਬਗ਼ਾਵਤ ਦੀ ਅਗਵਾਈ ਕਰਨ ਵਾਸਤੇ ਨਾ ਤਾਂ ਜਿਗਰਾ ਸੀ ਤੇ ਨਾ ਹੀ ਖ਼ਾਹਿਸ਼। ਇਹ ਤਾਂ ਐਡਵਾਰਡੇਜ਼ ਦੀਆਂ ਜ਼ਿਆਦਤੀਆਂ ਸਨ ਜਿਸ ਨੇ ਸਿੱਖਾਂ ਦੇ ਕੌਮੀ ਜਜ਼ਬਾਤ ਉਸ ਦੇ ਹੱਕ ਵਿਚ ਕਰ ਦਿੱਤੇ ਸਨ।"

1986: ਕੇਵਲਜੀਤ ਸਿੰਘ ਚੌਧਰੀਵਾਲ ਤੇ ਸੁਖਦੇਵ ਸਿੰਘ ਕੋਟ ਮੌਲਵੀ ਮੁਕਾਬਲੇ ਵਿਚ ਸ਼ਹੀਦ

ਸਤਾਰਾਂ ਦਸੰਬਰ 1986 ਦੇ ਦਿਨ ਪੰਜਾਬ ਪੁਲਸ ਨੇ ਕੇਵਲਜੀਤ ਸਿੰਘ (ਪੁੱਤਰ ਫੌਜਾ ਸਿੰਘ, ਵਾਸੀ ਚੌਧਰੀਵਾਲ, ਗੁਰਦਾਸਪੁਰ) ਤੇ ਸੁਖਦੇਵ ਸਿੰਘ (ਵਾਸੀ ਕੋਟ ਮੌਲਵੀ, ਗੁਰਦਾਸਪੁਰ) ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

1987: ਬਲਬਹਾਦਰ ਸਿੰਘ ਤੇ ਮੋਹਨ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

17 ਦਸੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਬਲਬਹਾਦਰ ਸਿੰਘ ਉਰਫ਼ ਸੋਗੀ (ਬਾਘਾ ਪੁਰਾਣਾ) ਤੇ ਮੋਹਨ ਸਿੰਘ ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

1992: ਹੰਸਾ ਸਿੰਘ ਹਥੋੜਾ, ਲਾਭ ਸਿੰਘ ਊਦੋਕੇ, ਘੁੱਕਰ ਸਿੰਘ ਆਲੋਵਾਲ, ਸਰਬਜੀਤ ਸਿੰਘ, ਚਰਨ ਸਿੰਘ ਚੀਮਾ, ਬਚਿੱਤਰ ਸਿੰਘ ਕਾਲਾ, ਦਰਬਾਰਾ ਸਿੰਘ ਕਾਲਖ ਤੇ ਗੁਰਮੇਲ ਸਿੰਘ ਪੱਪੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ

17 ਦਸੰਬਰ 19992 ਦੇ ਦਿਨ ਪੰਜਾਬ ਪੁਲਸ ਨੇ ਹੰਸਾ ਸਿੰਘ ਹਥੋੜਾ, ਲਾਭ ਸਿੰਘ ਊਦੋਕੇ, ਘੁੱਕਰ ਸਿੰਘ ਆਲੋਵਾਲ, ਜਥੇਦਾਰ ਸਰਬਜੀਤ ਸਿੰਘ (ਵਾਸੀ ਸੈਦਪੁਰ), ਚਰਨ ਸਿੰਘ (ਵਾਸੀ ਚੀਮਾ), ਜਥੇਦਾਰ ਬਚਿੱਤਰ ਸਿੰਘ ਕਾਲਾ, ਦਰਬਾਰਾ ਸਿੰਘ ਕਾਲਖ ਤੇ ਗੁਰਮੇਲ ਸਿੰਘ ਪੱਪੀ ਨੂੰ ਪੁਲਸ ਨੇ ਨਕਲੀ ਮੁਕਾਬਲੇ ਬਣਾ ਕੇ ਸ਼ਹੀਦ ਕਰ ਦਿੱਤਾ।

18 ਦਸੰਬਰ

1661: ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ

ਗੁਰੂ ਗੋਬਿੰਦ ਸਾਹਿਬ ਦਾ ਜਨਮ 18 ਦਸੰਬਰ 1661 ਦੇ ਦਿਨ ਪਟਨਾ (ਬਿਹਾਰ) ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਗੁਜਰੀ ਦੇ ਘਰ ਹੋਇਆ ਸੀ। ਕਈ ਲਿਖਾਰੀ ਆਪ ਦਾ ਜਨਮ 1666 ਵਿਚ ਮੰਨਦੇ ਹਨ ਪਰ ਉਨ੍ਹਾਂ ਲੇਖਕਾਂ ਨੇ ਬਹੁਤ ਸਾਰੇ ਨਵੇਂ ਲੱਭੇ ਪੁਰਾਣੇ ਤਵਾਰੀਖ਼ੀ ਸੋਮੇ ਪੜ੍ਹੇ ਨਹੀਂ ਜਾਪਦੇ। ਇਸ ਸਬੰਧੀ ਇਕ ਇੰਦਰਾਜ ਭੱਟ ਵਹੀ ਦੱਖਣੀ-ਪੂਰਬੀ ਵਿਚ ਇੰਞ ਮਿਲਦਾ ਹੈ:

"...ਗੋਬਿੰਦ ਦਾਸ ਬੇਟਾ ਗੁਰੂ ਤੇਗ ਬਹਾਦਰ ਜੀ ਮਹੱਲ ਨਾਮਾਂ ਕਾ, ਪੋਤਾ ਗੁਰੂ ਹਰਿਗੋਬਿੰਦ ਜੀ ਕਾ...ਸੋਢੀ ਖਤਰੀ ਬਾਸੀ ਪਟਨਾ ਸ਼ਹਿਰ ਤਟ ਨਦੀ ਸੰਮਤ ਸਤਰਾਂ ਸੈ ਅਠਾਰਾਂ ਪੋਖ ਮਾਸੇ ਸੁਦੀ ਸਪਤਮੀ ਬੁਧਵਾਰ ਕੇ ਦਿਹੁੰ ਰੈਨ ਢਲੀ ਜਨਮ ਹੂਆ ਦਿਹੁੰ ਡਲੇ। ਮਾਤਾ ਨਾਨਕੀ ਜੀ ਨੇ ਗਰੀਬ ਗੁਰਬੇ ਕੋ ਦਾਨ ਦੀਆ, ਰੈਣ ਪਈ ਦੀਪਮਾਲਾ ਹੂਈ, ਬੜਾ ਕਤੂਹਲ ਹੂਆ। ਕਾਈ ਵਾਰਾ ਪਾਰ ਨਹੀਂ ਸੀ ਆਇ ਰਹਾ, ਗੁਰੂ ਗੁਰੂ ਜਪਣਾ, ਜਨਮ ਸਉਰੈਗਾ ਗੁਰੂ ਹਰ ਬਾਂਇ ਸਹਾਈ ਹੋਂਗੁ।"

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜਨਮ ਦੀਆਂ ਤਿੰਨ ਤਾਰੀਖ਼ਾਂ ਮਿਲਦੀਆਂ ਹਨ: 1666, 1661 ਤੇ 1668 (1668 ਸਿਰਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਿਤਾਬ *'ਗੁਰ ਪ੍ਰਣਾਲੀਆਂ'* ਵਿਚ ਦਾਅਵਾ ਕੀਤੀ ਗਈ ਹੈ)। ਇਨ੍ਹਾਂ ਵਿੱਚੋਂ 1666 ਨੂੰ ਅਧਾਰ ਮੰਨ ਕੇ ਕੁਝ ਲੇਖਕਾਂ ਨੇ ਗੁਰੂ ਸਾਹਿਬ ਨੂੰ ਨੌਂ ਸਾਲ ਵਿਚ ਗੁਰਗੱਦੀ ਦਿਵਾ ਦਿੱਤੀ ਸੀ ਜੋ ਸਹੀ ਨਹੀਂ ਹੈ। ਸਿੱਖ ਤਵਾਰੀਖ਼ ਦੇ ਸਭ ਤੋਂ ਪੁਰਾਣੇ ਸੋਮਿਆਂ ਵਿਚ ਕੇਸਰ ਸਿੰਘ ਛਿਬਰ ਹੈ ਜਾਂ ਭੱਟ ਵਹੀਆਂ ਹਨ। ਉਹ ਸਭ 1661 ਹੀ ਲਿਖਦੀਆਂ ਹਨ। ਅੰਗਰੇਜ਼ਾਂ ਵਿਚੋਂ ਕਨਿੰਘਮ ਵੀ ਇਹੀ ਮੰਨਦਾ ਹੈ (*ਹਿਸਟਰੀ ਆਫ਼ ਦ ਸਿੱਖਜ਼*, ਸਫ਼ਾ 74)। ਉਹ ਸਾਫ਼ ਲਿਖਦਾ ਹੈ ਕਿ 1708 ਵਿਚ ਉਨ੍ਹਾਂ ਦੀ ਉਮਰ 47 ਵਰ੍ਹੇ ਸੀ।

ਮਾਪਿਆਂ ਨੇ ਆਪ ਦਾ ਨਾਂ ਗੋਬਿੰਦ ਦਾਸ ਰੱਖਿਆ। ਗੋਬਿੰਦ ਦਾਸ ਦੇ ਬਚਪਨ ਦੇ ਪਹਿਲੇ ਸਾਢੇ ਅੱਠ ਸਾਲ ਪਟਨਾ ਵਿਚ ਹੀ ਬੀਤੇ ਸਨ। ਇਸ ਦੌਰਾਨ ਆਪ ਨੂੰ ਆਪ ਦੇ ਛੋਟੇ ਮਾਮੇ ਕਿਰਪਾਲ (ਖੰਡੇ ਦੀ ਪਾਹੁਲ ਮਗਰੋਂ ਕਿਰਪਾਲ ਸਿੰਘ), ਭਾਈ ਚਉਪਤਿ ਰਾਇ (ਚੌਪਾ ਸਿੰਘ), ਦਾਦੀ ਮਾਤਾ ਨਾਨਕੀ ਤੋਂ ਇਲਾਵਾ ਸੇਠ ਜੈਤ ਮਲ ਅਤੇ ਰਾਜਾ ਫ਼ਤਹਿ ਸ਼ਾਹ ਮੈਣੀ ਦੇ ਪਰਵਾਰਾਂ ਦਾ ਨਿੱਘਾ ਪਿਆਰ ਹਾਸਿਲ ਹੋਇਆ। ਆਪ ਨੇ ਇਸ ਸਮੇਂ ਦੌਰਾਨ ਬਿਹਾਰੀ-ਹਿੰਦੀ, ਸੰਸਕ੍ਰਿਤ ਅਤੇ ਫ਼ਾਰਸੀ ਜ਼ਬਾਨਾਂ ਪੜ੍ਹੀਆਂ ਅਤੇ ਇਸ ਦੇ ਨਾਲ-ਨਾਲ ਗੁਰਬਾਣੀ, ਫ਼ਿਲਾਸਫ਼ੀ ਅਤੇ ਇਤਿਹਾਸ ਦੀ ਵੀ ਜਾਣਕਾਰੀ ਹਾਸਿਲ ਕੀਤੀ। ਕਈਆਂ ਨੇ ਨਕਲੀ ਲਿਖਤ 'ਬਚਿਤਰ ਨਾਟਕ' ਵਿਚ ਗੋਬਿੰਦ ਰਾਏ ਲਿਖਿਆ ਹੋਣ ਕਰ ਕੇ ਗੁਰੂ ਜੀ ਦਾ ਨਾਂ ਗੋਬਿੰਦ ਰਾਏ ਨੂੰ ਹੀ ਸਹੀ ਮੰਨ ਲਿਆ ਜਦ ਕਿ ਅਸਲ ਨਾਂ ਗੋਬਿੰਦ ਦਾਸ ਸੀ।

1845: ਮੁਦਕੀ ਵਿਚ ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ ਜੰਗ ਹੋਈ

ਅੰਗਰੇਜ਼ 1830-35 ਤੋਂ ਹੀ ਪੰਜਾਬ 'ਤੇ ਕਬਜ਼ਾ ਕਰਨ ਦੀਆਂ ਤਿਆਰੀਆਂ ਕਰ ਰਹੇ ਸਨ। ਅੰਗਰੇਜ਼ੀ ਸਰਕਲਾਂ ਵਿਚ ਇਸ ਬਾਰੇ ਅਕਸਰ ਚਰਚਾ ਚਲਦਾ ਰਹਿੰਦਾ ਸੀ। 1838 ਵਿਚ ਹੈਨਰੀ ਫ਼ੇਨ ਨੇ ਬਰਤਾਨਵੀ ਸਰਕਾਰ ਨੂੰ ਇਕ ਪਲਾਨਿੰਗ ਬਣਾ ਕੇ ਵੀ ਦੇ ਦਿਤੀ ਸੀ। ਇਸ ਮੁਤਾਬਿਕ 2 ਸਾਲ ਵਿਚ ਪੰਜਾਬ 'ਤੇ ਕਬਜ਼ਾ ਕੀਤਾ ਜਾਣਾ ਸੀ। ਇਸ ਤੋਂ ਪਹਿਲਾਂ ਵੀ, ਜਿੰਨੇ ਵੀ ਅੰਗਰੇਜ਼ੀ ਅਫ਼ਸਰ, ਪੰਜਾਬ ਵਿਚ ਸੈਰ-ਸਪਾਟੇ ਵਾਸਤੇ ਜਾਂ ਰਣਜੀਤ ਸਿੰਘ ਨੂੰ ਸਰਕਾਰੀ ਨੁਮਾਇੰਦੇ ਵਜੋਂ ਮਿਲਣ ਆਉਂਦੇ ਰਹਿੰਦੇ ਸਨ, ਉਹ ਸਾਰੇ ਪੰਜਾਬ ਦੀ ਫ਼ੌਜੀ ਤਾਕਤ ਜਾਣਨ ਦੀ ਕੋਸ਼ਿਸ਼ ਕਰਦੇ ਰਹਿੰਦੇ ਸਨ।

1838 ਦੀ ਪੰਜਾਬ 'ਤੇ ਕਬਜ਼ੇ ਦੀ ਅੰਗਰੇਜ਼ੀ ਪਲਾਨ ਨੂੰ ਅਮਲ ਵਿਚ ਲਿਆਉਣ ਵਾਸਤੇ ਛੇ ਸਾਲ ਲਗ ਗਏ। ਪਰ 1844 ਵਿਚ ਇਸ ਨੂੰ ਇਕ ਵਾਰ ਫੇਰ ਅਗੇ ਪਾ ਦਿਤਾ ਗਿਆ ਕਿਉਂ ਕਿ ਅੰਗਰੇਜ਼ ਆਪਣੀ ਫ਼ੌਜ ਨੂੰ ਅਜੇ ਹੋਰ ਮਜ਼ਬੂਤ ਕਰਨਾ ਚਾਹੁੰਦੇ ਸਨ। 11 ਫ਼ਰਵਰੀ 1844 ਨੂੰ ਲਾਰਡ ਐਲਨਬੋਰੋ ਨੇ ਲਿਖਿਆ ਸੀ ਕਿ "ਮੈਨੂੰ ਨਿਝਕ ਹੋ ਕੇ ਕਬੂਲ ਕਰ ਲੈਣਾ ਚਾਹੀਦਾ ਹੈ ਕਿ ਜਦ ਮੈਂ ਆਪਣੀ ਫ਼ੌਜ ਦੀ ਹਾਲਤ ਨੂੰ ਪੂਰੀ ਤਰ੍ਹਾਂ ਵੇਖਦਾ ਹਾਂ ਮੇਰਾ ਵਿਚਾਰ ਹੈ ਕਿ (ਪੰਜਾਬ 'ਤੇ) ਹਮਲਾ ਜੇ ਕਰ ਵਧੇਰੇ ਅੱਗੇ ਨਹੀਂ ਪਾਉਣਾ ਤਾਂ ਘਟੋ-ਘਟ ਨਵੰਬਰ 1845 ਤਕ ਜ਼ਰੂਰ ਮੁਲਤਵੀ ਕਰ ਦੇਣਾ ਚਾਹੀਦਾ ਹੈ।"1845 ਦੇ ਸ਼ੁਰੂ ਵਿਚ ਲਾਰਡ ਹਾਰਡਿੰਗ ਅਤੇ ਜਨਰਲ ਗਫ਼ ਨੇ ਦਰਿਆ ਸਤਲੁਜ 'ਤੇ ਪੁਲ ਬਣਾਉਣ ਦੀ ਨੀਅਤ ਨਾਲ ਨਵੀਆਂ ਬੇੜੀਆਂ ਬਣਵਾਉਣੀਆਂ ਸ਼ੁਰੂ ਕਰ ਦਿਤੀਆਂ ਸਨ। 1845 ਦੇ ਸ਼ੁਰੂ ਵਿਚ ਲਾਰਡ ਹਾਰਡਿੰਗ ਅਤੇ ਜਨਰਲ ਗਫ਼ ਨੇ ਦਰਿਆ ਸਤਲੁਜ 'ਤੇ ਪੁਲ ਬਣਾਉਣ ਦੀ ਨੀਅਤ ਨਾਲ ਨਵੀਆਂ ਬੇੜੀਆਂ ਬਣਵਾਉਣੀਆਂ ਸ਼ੁਰੂ ਕਰ ਦਿਤੀਆਂ ਸਨ। ਲੱਭਣਾ ਸ਼ੁਰੂ ਕਰ ਦਿੱਤਾ।

ਅੰਗਰੇਜ਼ਾਂ ਨੇ ਆਪਣੇ ਏਜੰਟ ਫ਼ੌਜ ਦੇ ਮੁਖ ਜਰਨੈਲ ਬ੍ਰਾਹਮਣ ਤੇਜਾ ਸਿੰਹ ਰਾਹੀ ਸਿੱਖ ਫ਼ੌਜਾਂ ਨੂੰ ਵੀ ਭੜਕਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਲਾਹੌਰ ਵਿਚ ਇਹ ਪ੍ਰਾਪੇਗੰਡਾ ਸ਼ੁਰੂ ਕਰ ਦਿੱਤਾ ਕਿ ਅੰਗਰੇਜ਼ ਲਾਹੌਰ 'ਤੇ ਕਬਜਾ ਕਰਨ ਦੀਆਂ ਤਿਆਰੀਆਂ ਕਰੀ ਬੈਠੇ ਹਨ ਅਤੇ ਉਨ੍ਹਾਂ ਦੇ ਹਮਲੇ ਤੋਂ ਪਹਿਲਾਂ ਹੀ ਸਾਨੂੰ ਹਮਲਾ ਕਰ ਦੇਣਾ ਚਾਹੀਦਾ ਹੈ। ਨਵੰਬਰ 1845 ਵਿਚ ਸਿੱਖ ਫ਼ੌਜ ਦੇ ਮੁਖੀ ਆਗੂ ਰਣਜੀਤ ਸਿੰਘ ਦੀ ਸਮਾਧ 'ਤੇ ਇੱਕਠੇ ਹੋਏ। ਇਸ ਮੀਟਿੰਗ ਵਿਚ ਜੰਗ ਬਾਰੇ ਚਰਚਾ ਕੀਤੀ ਗਈ। ਇਸ ਮੀਟਿੰਗ ਵਿਚ ਰਾਣੀ ਜਿੰਦਾਂ ਅਤੇ ਸ਼ਾਮ ਸਿੰਘ ਅਟਾਰੀਵਾਲਾ ਨੇ ਅੰਗਰੇਜ਼ਾਂ ਨਾਲ ਲੜਾਈ ਨਾ ਕਰਨ ਦੀ ਸਲਾਹ ਦਿਤੀ। ਪਰ ਦੂਜੇ ਪਾਸੇ ਸਾਜ਼ਸ਼ੀ ਬ੍ਰਾਹਮਣ ਅਤੇ ਡੋਗਰੇ ਹਮਲੇ ਦੇ ਹੱਕ ਵਿਚ ਸਨ। ਰਾਣੀ ਜਿੰਦਾਂ ਅਤੇ ਸ਼ਾਮ ਸਿੰਘ ਅਟਾਰੀ ਦੀਆਂ ਸਲਾਹਾਂ ਨੂੰ ਨਜ਼ਰ-ਅੰਦਾਜ਼ ਕਰਵਾ ਕੇ, ਪ੍ਰਾਈਮ ਮਨਿਸਟਰ ਬ੍ਰਾਹਮਣ ਲਾਲ ਸਿੰਹ ਤੇ ਫ਼ੌਜ ਦੇ ਮੁਖੀ ਤੇਜਾ ਸਿੰਹ ਮਿਸਰ (ਬ੍ਰਾਹਮਣ) ਨੇ, ਅੰਗਰੇਜ਼ਾਂ ਨਾਲ ਜੰਗ ਸਬੰਧੀ ਸਾਰੇ ਹੱਕ ਆਪ ਹਾਸਿਲ ਕਰ ਲਏ (ਅਤੇ ਇਸ ਮਗਰੋਂ ਪੰਚਾਂ ਦੀ ਮੀਟਿੰਗ ਬੁਲਾਉਣੀ ਵੀ ਬੰਦ ਕਰ ਦਿਤੀ)।

ਉਧਰ ਅਗੰਰੇਜ਼ਾਂ ਨੇ ਵੀ 20 ਨਵੰਬਰ 1845 ਦੇ ਦਿਨ ਅੰਬਾਲਾ ਤੇ ਮੇਰਠ ਛਉਣੀਆਂ ਵਿਚ ਬੈਠੀ ਫ਼ੌਜ ਨੂੰ ਤਿਆਰ ਰਹਿਣ ਦਾ ਹੁਕਮ ਦੇ ਦਿਤਾ ਸੀ। 10 ਦਸੰਬਰ 1845 ਨੂੰ ਇਹ ਫ਼ੌਜਾਂ ਫ਼ੀਰੋਜ਼ਪੁਰ ਵਲ ਚਲ ਵੀ ਚੁਕੀਆਂ ਸਨ। ਇਸ ਦੇ ਨਾਲ ਹੀ ਲੁਧਿਆਣੇ ਵਿਚ ਅੰਗਰੇਜ਼ੀ ਫ਼ੌਜ ਦਾ ਬਰਗੇਡੀਅਰ ਵ੍ਹੀਲਰ ਵੀ ਇਕ ਵੱਡੀ ਫ਼ੌਜ ਲੈ ਕੇ ਫ਼ੀਰੋਜ਼ਪੁਰ ਵਲ ਚਲ ਪਿਆ ਸੀ। 17 ਦਸੰਬਰ 1845 ਦੀ ਸ਼ਾਮ ਨੂੰ ਅੰਗਰੇਜ਼ੀ ਫ਼ੌਜ ਮੁਦਕੀ ਵਿਚ ਪਹੁੰਚ ਚੁਕੀ ਸੀ। ਅੰਗਰੇਜ਼ਾਂ ਦੀ ਅੰਬਾਲਾ, ਲੁਧਿਆਣਾ ਤੇ ਫ਼ੀਰੋਜ਼ਪੁਰ ਵਿਚਲੀਆਂ ਫ਼ੌਜਾਂ ਦੀ ਕੁਲ ਗਿਣਤੀ ਸਤਾਰਾਂ ਹਜ਼ਾਰ ਸੀ ਤੇ ਉਨ੍ਹਾਂ ਕੋਲ 69 ਤੋਪਾਂ ਸਨ।

ਲਾਹੌਰ ਵਿਚ ਲਾਲ ਸਿੰਹ ਤੇ ਤੇਜਾ ਸਿੰਹ ਨੇ 24 ਨਵੰਬਰ 1845 ਨੂੰ ਫ਼ੌਜਾਂ ਨੂੰ ਕੂਚ ਕਰਨ ਦਾ ਹੁਕਮ ਦੇ ਦਿਤਾ ਸੀ। 12 ਦਸੰਬਰ ਨੂੰ ਇਹ ਫ਼ੌਜਾਂ ਦਰਿਆ ਪਾਰ ਕਰ ਕੇ ਲਾਹੌਰ ਦਰਬਾਰ ਦੇ ਸਤਲੁਜ ਦਰਿਆ ਦੇ ਦੂਜੇ ਪਾਸੇ (ਰਣਜੀਤ ਸਿੰਘ ਦੇ ਸਤਲੁਜ ਪਾਰਲੇ ਆਪਣੇ ਇਲਾਕੇ ਵਿਚ ਹੀ, ਅੰਗਰੇਜ਼ੀ ਇਲਾਕੇ ਵਿਚ ਨਹੀਂ) ਪਹੁੰਚ ਗਈਆਂ। ਇਨ੍ਹਾਂ ਸਿੱਖ ਫ਼ੌਜਾਂ ਵਿਚ ਗ਼ਦਾਰਾਂ ਨੇ ਇਹ ਅਫ਼ਵਾਹ ਫ਼ੈਲਾਈ ਹੋਈ ਸੀ ਕਿ ਅੰਗਰੇਜ਼ਾਂ ਨੂੰ ਹਰਾ ਕੇ ਦਿੱਲੀ 'ਤੇ ਕਬਜ਼ਾ ਕਰ ਲਿਆ ਜਾਵੇਗਾ ਅਤੇ ਇਸ ਮਗਰੋਂ ਕਲਕੱਤਾ ਕਾਬੂ ਕਰ ਕੇ ਲੰਡਨ ਵਲ ਮਾਰਚ ਕੀਤਾ ਜਾਵੇਗਾ ਤੇ ਉੱਥੇ ਹਕੂਮਤ ਕਾਇਮ ਕੀਤੀ ਜਾਵੇਗੀ।

ਅੰਗਰੇਜ਼ਾਂ ਨਾਲ ਬਣਾਈ ਪਲਾਨ ਮੁਤਾਬਿਕ ਲਾਲ ਸਿੰਹ ਨੇ (ਫ਼ੀਰੋਜ਼ਪੁਰ 'ਤੇ ਹਮਲਾ ਕਰ ਕੇ ਆਸਾਨੀ ਨਾਲ ਕਬਜ਼ਾ ਕਰਨ ਦੀ ਥਾਂ 'ਤੇ) ਮੁਦਕੀ ਵਲ ਹਮਲਾ ਕਰਵਾਇਆ। ਸਮਾਈਥ ਲਿਖਦਾ ਹੈ ਕਿ **"ਸਿੱਖ ਬੜੇ ਆਰਾਮ ਨਾਲ ਅੰਗਰੇਜ਼ਾਂ ਨੂੰ ਹਰਾ ਕੇ ਦਿੱਲੀ ਪੁਜ ਸਕਦੇ ਸਨ ਪਰ ਲਾਲ ਸਿੰਹ ਨੇ ਸਿੱਖ ਫ਼ੌਜਾਂ ਨੂੰ ਬੱਦੋਵਾਲ ਤੋਂ ਅੱਗੇ ਨਹੀਂ ਜਾਣ ਦਿਤਾ ਤੇ ਫਿਰ ਸਤਲੁਜ ਦਰਿਆ ਦੇ ਕੰਢੇ ਤਕ ਹੀ ਰੁਕਣ ਦਾ ਹੁਕਮ ਦੇ ਦਿਤਾ। ਜੇ ਸਿੱਖ ਫ਼ੌਜਾਂ ਨੂੰ ਅੱਗੇ ਜਾਣ ਦਿਤਾ ਹੁੰਦਾ ਤਾਂ ਉਹ 'ਗੇਂਦ ਵਾਂਗ ਰਿੜ੍ਹਦੀਆਂ ਜਾਂਦੀਆਂ' ਤੇ ਦਿੱਲੀ ਤਕ ਪੁੱਜ ਜਾਂਦੀਆਂ।"**

18 ਦਸੰਬਰ 1845 ਦੇ ਦਿਨ ਮੁਦਕੀ ਵਿਚ ਹੋਈ ਇਸ ਲੜਾਈ ਵਿਚ ਸਿੱਖ ਫ਼ੌਜਾਂ ਨੇ ਅੰਗਰੇਜ਼ਾਂ ਨੂੰ ਬੁਰੀ ਤਰ੍ਹਾਂ ਹਰਾਇਆ। ਇਸ ਲੜਾਈ ਵਿਚ ਗਵਰਨਰ ਜਨਰਲ ਦੇ ਦੋ ਏਅਡੀਜ਼, ਸਰ ਰਾਬਰਟ ਸੇਲ ਤੇ ਸਰ ਜੌਸਫ਼ ਮੈਕਗੈਸਕਿੱਲ, ਤੋਂ ਇਲਾਵਾ 215 ਅੰਗਰੇਜ਼ ਫ਼ੌਜੀ ਮਾਰੇ ਗਏ ਸਨ ਤੇ 657 ਜ਼ਖ਼ਮੀ ਹੋਏ ਸਨ।

1960: ਫਤਹਿ ਸਿੰਘ ਗੰਗਾਨਗਰ ਨੇ ਮਰਨ ਵਰਤ ਸ਼ੁਰੂ ਕੀਤਾ

29 ਮਈ 1960 ਦੇ ਦਿਨ ਸ਼ੁਰੂ ਹੋਏ ਪੰਜਾਬੀ ਸੂਬਾ ਮੋਰਚਾ ਵਿਚ ਅਕਤੂਬਰ ਤਕ 35 ਹਜ਼ਾਰ ਤੋਂ ਵੱਧ ਸਿੰਘ ਜੇਲ੍ਹਾਂ ਵਿਚ ਜਾ ਚੁੱਕੇ ਸਨ। ਇਨ੍ਹਾਂ ਦਿਨਾਂ ਵਿਚ ਦਰਜਨ ਦੇ ਕਰੀਬ ਸਿੱਖਾਂ ਦੀਆਂ ਸ਼ਹੀਦੀਆਂ ਤੇ ਸੈਂਕੜੇ ਸਿੱਖਾਂ ਦੇ ਜ਼ਖ਼ਮੀ ਹੋ ਜਾਣ ਮਗਰੋਂ ਮੋਰਚੇ ਦਾ ਪੈਂਤੜਾ ਬਦਲਣ ਦੀਆਂ ਗੱਲਾਂ ਚਲਣ ਲਗ ਪਈਆਂ ਸਨ। 29 ਅਕਤੂਬਰ 1960 ਦੇ ਦਿਨ ਹਰਚਰਨ ਸਿੰਘ ਹੁਡਿਆਰਾ ਨੇ ਪੰਜਾਬੀ ਸੂਬੇ ਵਾਸਤੇ ਮਰਨ ਵਰਤ ਰੱਖਣ ਦੀ ਪੇਸ਼ਕਸ਼ ਕੀਤੀ। ਦੂਜੇ ਪਾਸੇ ਕੁਝ ਨੌਜਵਾਨ ਹਥਿਆਰਬੰਦ ਜੱਦੋਜਹਿਦ ਦੀ ਹਿਮਾਇਤ ਵੀ ਕਰਨ ਲੱਗ ਪਏ ਸਨ। ਇਸ ਸਾਰੀ ਹਾਲਤ ਨੂੰ ਸਾਹਵੇਂ ਰੱਖਦਿਆਂ ਮੋਰਚੇ ਦੇ ਡਿਕਟੇਟਰ ਫਤਹਿ ਸਿੰਘ ਗੰਗਾਨਗਰ ਨੇ 29 ਅਕਤੂਬਰ ਦੇ ਦਿਨ ਮੰਜੀ ਸਾਹਿਬ ਤੋਂ ਐਲਾਨ ਕੀਤਾ ਕਿ ਮੈਂ 18 ਦਸੰਬਰ 1960 ਦੇ ਦਿਨ ਪੰਜਾਬੀ ਸੂਬੇ ਵਾਸਤੇ ਮਰਨ ਵਰਤ ਸ਼ੁਰੂ ਕਰ ਦੇਵਾਂਗਾ। ਇਸ ਦੇ ਨਾਲ ਹੀ ਫਤਹਿ ਸਿੰਘ ਨੇ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਇਕ ਚਿੱਠੀ ਲਿਖ ਕੇ 10 ਦਿਨਾਂ ਦਾ ਨੋਟਿਸ ਦਿੱਤਾ ਕਿ ਜੇ ਇਸ ਦੌਰਾਨ ਪੰਜਾਬੀ ਸੂਬਾ ਨਾ ਬਣਾਇਆ ਤਾਂ ਮੈਂ ਮਰਨ ਵਰਤ ਰੱਖਣ ਲਈ ਮਜਬੂਰ ਹੋ ਜਾਵਾਂਗਾ।

ਨਵੰਬਰ ਦੇ ਦੂਜੇ ਹਫ਼ਤੇ ਫਤਹਿ ਸਿੰਘ ਨੇ ਪੰਡਤ ਨਹਿਰੂ ਵੱਲ ਦੂਜੀ ਚਿੱਠੀ ਲਿਖੀ। ਕਿ ਮੈਂ 18 ਦਸੰਬਰ 1960 ਸਵੇਰੇ 9 ਵਜੇ ਤੋਂ ਮਰਨ ਵਰਤ ਸ਼ੁਰੂ ਕਰ ਦੇਣਾ ਹੈ।

ਐਲਾਨ ਮੁਤਾਬਿਕ 18 ਦਸੰਬਰ 1960 ਦੇ ਦਿਨ ਫਤਹਿ ਸਿੰਘ ਨੇ ਆਪਣਾ ਮਰਨ ਵਰਤ ਸ਼ੁਰੂਨ ਕਰ ਦਿੱਤਾ। ਮਰਨ ਵਰਤ ਸ਼ੁਰੂ ਕਰਨ ਵੇਲੇ ਫਤਹਿ ਸਿੰਘ ਨੇ ਇਕ ਤਕਰੀਰ ਰਿਕਾਰਡ ਕਰਵਾਈ:

''ਸਾਧ ਸੰਗਤ ਜੀ ਗੁਰੂ ਅਰਜਨ ਸਾਹਿਬ ਨੇ ਗੁਰਦੁਆਰੇ ਬਣਵਾਏ, ਬਾਉਲੀਆਂ ਬਣਵਾਈਆਂ, ਬੜੀ ਸੇਵਾ ਕੀਤੀ, ਪਰ ਉਨ੍ਹਾਂ ਦੀ ਸੇਵਾ ਤਾਂ ਹੀ ਥਾਂਏਂ ਪਈ ਜੇ ਉਨ੍ਹਾਂ ਨੂੰ ਸ਼ਹੀਦੀ ਦਾ ਸੁਭਾਗ ਸਮਾਂ ਨਸੀਬ ਹੋਇਆ। ਸੋ ਸਾਧ ਸੰਗਤ ਦੇ ਇਸ ਨਾਚੀਜ਼ ਸੇਵਕ ਨੇ ਵੀ ਗੁਰਦੁਆਰੇ ਬਣਾਏ। ਸਕੂਲ-ਕਾਲਜ ਬਣਵਾਏ, ਪੁਲ-ਸੜਕਾਂ ਬਣਵਾਈਆਂ। ਇਹ ਸੇਵਾ ਤਾਂ ਹੀ ਥਾਂਏਂ ਪਵੇਗੀ ਜੇ ਦਾਸ ਦਾ ਸਰੀਰ ਪੰਥ ਦੇ ਲੇਖੇ ਲਗ ਕੇ ਸ਼ਹੀਦ ਹੋ ਜਾਵੇ। ਦਾਸ ਦੀ ਇਕ ਹੋਰ ਵਿਚ ਇੱਛਾ ਹੈ ਕਿ ਸਾਡੇ ਸਰੀਰ ਨੂੰ ਤਿਆਗਣ ਪਿਛੋਂ ***ਸਾਡੀ*** *ਦੇਹ ਨੂੰ ਜਲ ਪਰਵਾਹ ਕੀਤਾ ਜਾਵੇ। ਸਸਕਾਰ ਨਾ ਹੋਵੇ।''*

(ਫਤਹਿ ਸਿੰਘ ਦੇ ਇਨ੍ਹਾਂ ਬੋਲਾਂ ਵਿਚ ਗੁਰੂ ਅਰਜਨ ਸਾਹਿਬ ਦੀ ਬਰਾਬਰੀ ਕਰਨ ਦੀ ਬੋਅ ਵੀ ਆਉਂਦੀ ਹੈ ਅਤੇ ਨਾਲ ਹੀ ਉਨ੍ਹਾਂ ਨੂੰ ਛੁਟਿਆਉਣ ਦੀ ਵੀ ਕਿ ਜੇ ਗੁਰੂ ਸਾਹਿਬ ਸ਼ਹੀਦ ਨਾ ਹੁੰਦੇ ਤਾਂ ਉਨ੍ਹਾਂ ਦੀ ਸੇਵਾ ਦੀ ਕੋਈ ਕੀਮਤ ਨਹੀਂ ਸੀ। ਫਤਹਿ ਸਿੰਘ ਇਸ ਵਿਚ ਆਪਣੀ ਦੇਹ ਵਾਸਤੇ ਨੂੰ 'ਮੇਰੀ' ਨਹੀਂ 'ਸਾਡੀ' ਲਫ਼ਜ਼ ਵਰਤਿਆ ਸੀ)।

1983: ਸਿੱਖ ਦੀ ਦਾੜ੍ਹੀ ਕੱਟਣ ਵਾਲਾ ਥਾਣੇਦਾਰ ਬਿੱਛੂ ਰਾਮ ਮਾਰਿਆ ਗਿਆ

18 ਦਸੰਬਰ 1983 ਦੇ ਦਿਨ ਗੁਰੂ ਹਰ ਸਹਾਇ ਕੋਲ ਜ਼ਾਲਮ ਥਾਣੇਦਾਰ ਬਿੱਛੂ ਰਾਮ ਨੂੰ ਮਾਰ ਦਿੱਤਾ ਗਿਆ। ਇਹ ਉਹੀ ਥਾਣੇਦਾਰ ਸੀ ਜਿਸ ਨੇ ਇਕ ਸਿੱਖ ਦੀ ਦਾੜ੍ਹੀ ਕੱਟ ਕੇ ਕਿਹਾ ਸੀ "ਜਾਹ ਹੁਣ ਭਿੰਡਰਾਂਵਾਲੇ ਕੋਲ ਚਲਾ ਜਾਹ। ਵੇਖਾਂਗਾ ਉਹ ਮੇਰਾ ਕੀ ਕਰਦਾ ਹੈ।" ਉਸ ਨੂੰ ਸਜ਼ਾ ਦੇਣ ਵਾਲੇ ਸਨ: ਰਸਾਲ ਸਿੰਘ ਆਰਿਫ਼ਕੇ, ਅਜਾਇਬ ਸਿੰਘ 'ਮਹਾਂਕਾਲ' ਅਤੇ ਜਰਨੈਲ ਸਿੰਘ ਬੂਹ। (ਰਸਾਲ ਸਿੰਘ ਤੇ ਅਜਾਇਬ ਸਿੰਘ ਜੂਨ 1984 ਵਿਚ ਦਰਬਾਰ ਸਾਹਿਬ ਵਿਚ ਸ਼ਹੀਦ ਹੋਏ ਤੇ ਜਰਨੈਲ ਸਿੰਘ ਦਰਬਾਰ ਸਾਹਿਬ ਤੋਂ ਬਾਹਰ ਹੋਣ ਕਰ ਕੇ ਬਚ ਗਿਆ; ਉਹ ਖਾੜਕੂ ਲਹਿਰ ਵਿਚ ਵਧ ਚੜ੍ਹ ਕੇ ਐਕਸ਼ਨ ਕਰਦਾ ਰਿਹਾ ਤੇ ਅਖ਼ੀਰ 1992 ਵਿਚ ਸ਼ਹੀਦ ਹੋ ਗਿਆ)।

1987: ਹਰਦੇਵ ਸਿੰਘ ਬੁੱਕਣਵਾਲਾ ਨਕਲੀ ਮੁਕਾਬਲੇ ਵਿਚ ਸ਼ਹੀਦ

18 ਦਸੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਹਰਦੇਵ ਸਿੰਘ (ਪੁੱਤਰ ਕਿਰਪਾਲ ਸਿੰਘ, ਵਾਸੀ ਬੁੱਕਣਵਾਲਾ, ਫਰੀਦਕੋਟ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1989: ਬਲਦੇਵ ਸਿੰਘ ਬਾਗੜੀਆਂ ਤੇ ਗੁਰਮੇਜ ਸਿੰਘ ਲੋਹਾਰ ਪੁਲਸ ਮੁਕਾਬਲੇ ਵਿਚ ਸ਼ਹੀਦ

18 ਦਸੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਬਲਦੇਵ ਸਿੰਘ ਉਰਫ਼ ਬਾਬਾ ਸੁੱਚਾ ਸਿੰਘ (ਵਾਸੀ ਬਾਗੜੀਆਂ) ਤੇ ਗੁਰਮੇਜ ਸਿੰਘ (ਵਾਸੀ ਲੋਹਾਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1992: ਭੂਪਿੰਦਰ ਸਿੰਘ ਜੰਡਿਆਲਾ ਤੇ ਅਮਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

18 ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਭੂਪਿੰਦਰ ਸਿੰਘ (ਪੁੱਤਰ ਦਲਬੀਰ ਸਿੰਘ ਸਿੱਧੂ, ਵਾਸੀ ਜੰਡਿਆਲਾ, ਜ਼ਿਲ੍ਹਾ ਜਲੰਧਰ) ਤੇ ਅਮਰ ਸਿੰਘ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤਾ।

2012: ਬਿਕਰਮਜੀਤ ਸਿੰਘ ਮਜੀਠਾ ਨੇ ਅਸੈਂਬਲੀ ਵਿਚ ਭੈਣ ਦੀ ਗਾਲ ਕੱਢੀ

ਪੰਜਾਬ ਅਸੈਂਬਲੀ ਵਿਚ ਸੁਖਬੀਰ ਬਾਦਲ ਦੇ ਸਾਲੇ ਤੇ ਪੰਜਾਬ ਸਰਕਾਰ ਦੇ ਵਜ਼ੀਰ ਬਿਕਰਮਜੀਤ ਸਿੰਘ ਮਜੀਠਾ ਨੇ ਅਸੈਂਬਲੀ ਵਿਚ ਰਾਣਾ ਗੁਰਜੀਤ ਸਿੰਘ ਨਾਲ ਕਿਸੇ ਨੁਕਤੇ 'ਤੇ ਝਗੜਾ ਕਰਦਿਆਂ ਉਸ ਨੂੰ ਭੈਣ ਦੀ ਗਾਲ੍ਹ ਕੱਢੀ ਜਿਸ ਦੀ ਬਹੁਤ ਲੋਕਾਂ ਨੇ ਨਿੰਦਾ ਕੀਤੀ।

ਮਗਰੋਂ ਕਾਂਗਰਸ ਪਾਰਟੀ ਨੇ ਇਹ ਸੀ.ਡੀ ਲੋਕਾਂ ਨੂੰ ਦਿਖਾ ਕੇ ਬਿਕਰਮਜੀਤ ਸਿੰਘ ਮਜੀਠਾ ਦੇ ਖ਼ਿਲਾਫ਼ ਬਹੁਤ ਪਰਚਾਰ ਕੀਤਾ।

2013: ਮਨਜੀਤ ਸਿੰਘ ਜੀ. ਕੇ. ਨੇ ਵਿਦੇਸ਼ੀ ਸਿੱਖਾਂ ਨੂੰ ਖਾਲਿਸਤਾਨ ਦੀ ਮੰਗ ਛੱਡ ਕੇ 'ਭਾਰਤੀ ਮੁਖ ਧਾਰਾ' ਵਿਚ ਸ਼ਾਮਿਲ ਹੋਣ ਵਾਸਤੇ ਕਿਹਾ

18 ਦਸੰਬਰ 2013 ਦੇ ਦਿਨ ਇੰਗਲੈਂਡ ਵਿਚ ਇਕ ਟੀ.ਵੀ. ਇੰਟਰਵਿਊ ਵਿਚ, ਮਨਜੀਤ ਸਿੰਘ ਜੀ.ਕੇ. (ਪ੍ਰਧਾਨ ਦਿੱਲੀ ਗੁਰਦੁਆਰਾ ਕਮੇਟੀ) ਨੇ ਵਿਦੇਸ਼ੀ ਸਿੱਖਾਂ ਨੂੰ ਖਾਲਿਸਤਾਨ ਦੀ ਮੰਗ ਛੱਡ ਕੇ 'ਭਾਰਤੀ ਮੁਖ ਧਾਰਾ' ਵਿਚ ਸ਼ਾਮਿਲ ਹੋਣ ਵਾਸਤੇ ਕਿਹਾ। ਇਸ 'ਤੇ ਖਾੜਕੂਆਂ ਨੇ ਉਸ ਨੂੰ ਧਮਕੀਆਂ ਭਰੇ ਪੈਗ਼ਾਮ ਭੇਜੇ। ਇਸ ਕਾਰਨ ਇਸ ਮਗਰੋਂ ਬਾਕੀ ਸਾਰਾ ਸਮਾਂ ਉਹ ਪੁਲਸ ਦੀ ਹਿਫ਼ਾਜ਼ਤ ਵਿਚ ਹੀ ਰਿਹਾ।

19 ਦਸੰਬਰ

1922: ਦਿੱਲੀ ਦੇ ਗੁਰਦੁਆਰੇ ਮਹੰਤ ਹਰੀ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਹੋਣ ਤੋਂ ਪਹਿਲਾਂ ਹੀ ਸਿੱਖਾਂ ਨੇ ਗੁਰਦੁਆਰਾ ਚੁਮਾਲਾ ਸਾਹਿਬ ਲਾਹੌਰ, ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ, ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਕਬਜ਼ਾ ਕਰ ਲਿਆ ਸੀ। 15-16 ਨਵੰਬਰ 1920 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਹੋ ਗਈ। ਸ਼੍ਰੋਮਣੀ ਕਮੇਟੀ ਕਾਇਮ ਹੋਣ ਦੇ ਅਗਲੇ ਦਿਨ ਹੀ ਖ਼ਬਰ ਪੁੱਜੀ ਕਿ ਗੁਰਦੁਆਰਾ ਪੰਜਾ ਸਾਹਿਬ ਦਾ ਮਹੰਤ ਮਿੱਠਾ ਸਿੰਘ ਮਰ ਗਿਆ ਹੈ। ਇਸ 'ਤੇ ਕਰਤਾਰ ਸਿੰਘ ਝੱਬਰ ਨੇ 18 ਨਵੰਬਰ ਦੇ ਦਿਨ ਕੁਝ ਸਿੰਘਾਂ ਨੂੰ ਨਾਲ ਲਿਆ ਅਤੇ ਪਿੰਡ ਹਸਨ ਅਬਦਾਲ ਵੱਲ ਚਾਲੇ ਪਾ ਦਿੱਤੇ। ਪੰਜਾ ਸਾਹਿਬ ਗੁਰਦੁਆਰੇ 'ਤੇ ਕਬਜ਼ਾ ਕਰਨ ਵੇਲੇ ਕਰਤਾਰ ਸਿੰਘ ਝੱਬਰ ਨੇ ਮਹਿਸੂਸ ਕੀਤਾ ਕਿ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਤੋਂ ਮਗਰੋਂ ਇਸ ਨੂੰ ਕਾਇਮ ਰੱਖਣ ਵਾਸਤੇ ਇਕ ਪੱਕੇ ਜਥੇ ਦੀ ਜ਼ਰੂਰਤ ਹੈ। ਇਸ ਦੇ ਨਤੀਜੇ ਵਜੋਂ 14 ਦਸੰਬਰ 1920 ਦੇ ਦਿਨ ''ਗੁਰਦੁਆਰਾ ਸੇਵਕ ਦਲ'' (ਮਗਰੋਂ ਅਕਾਲੀ ਦਲ) ਕਾਇਮ ਹੋਇਆ।

ਉਨ੍ਹੀਂ ਦਿਨ੍ਹੀਂ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ, ਗੁਰਦੁਆਰਾ ਬਾਬਾ ਅਟੱਲ ਅਤੇ ਦਰਬਾਰ ਸਾਹਿਬ ਤਰਨਤਾਰਨ ਦਾ ਸਰਬਰਾਹ ਇਕੋ ਸੀ ਜਿਸ ਕਰ ਕੇ ਇਨ੍ਹਾਂ ਸਾਰਿਆਂ ਦਾ ਇੰਤਜ਼ਾਮ ਇਕੋ ਜਗਹ ਤੋਂ ਹੁੰਦਾ ਸੀ ਪਰ ਇਨ੍ਹਾਂ ਚੌਹਾਂ ਦੇ ਪੁਜਾਰੀ ਵੱਖਰੇ-ਵੱਖਰੇ ਸਨ। ਉਨ੍ਹੀਂ ਦਿਨ੍ਹੀਂ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ, ਗੁਰਦੁਆਰਾ ਬਾਬਾ ਅਟੱਲ ਅਤੇ ਦਰਬਾਰ ਸਾਹਿਬ ਤਰਨਤਾਰਨ ਦਾ ਸਰਬਰਾਹ ਇਕੋ ਸੀ ਜਿਸ ਕਰ ਕੇ ਇਨ੍ਹਾਂ ਸਾਰਿਆਂ ਦਾ ਇੰਤਜ਼ਾਮ ਇਕੋ ਜਗਹ ਤੋਂ ਹੁੰਦਾ ਸੀ ਪਰ ਇਨ੍ਹਾਂ ਚੌਹਾਂ ਦੇ ਪੁਜਾਰੀ ਵੱਖਰੇ-ਵੱਖਰੇ ਸਨ। ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਤਾਂ ਸਿੱਖਾਂ ਨੇ ਕਬਜ਼ਾ ਕਰ ਲਿਆ ਪਰ ਤਰਨ ਤਾਰਨ ਦਾ ਇੰਤਜ਼ਾਮ ਅਜੇ ਵੀ ਇਕ ਕੁਰਪਟ ਮਹੰਤ ਦੇ ਹੱਥ ਵਿਚ ਸੀ 125 ਜਨਵਰੀ 1921 ਦੀ ਸਵੇਰ ਦੀ ਪਹਿਲੀ ਗੱਡੀ 'ਤੇ ਕੁੱਚਰ 40 ਸਿੱਖਾਂ ਨੂੰ ਲੈ ਕੇ ਤਰਨ ਤਾਰਨ ਚਲੇ ਗਏ। ਸ਼ਾਮ ਸਾਢੇ ਪੰਜ ਵਜੇ ਤਕ ਇਹ ਸਮਝੌਤਾ ਤੈਅ ਹੋ ਗਿਆ। ਰਾਤ ਸਾਢੇ ਅੱਠ ਵਜੇ ਦੋ ਪੁਜਾਰੀ ਉੱਥੇ ਆਏ ਅਤੇ ਉਨ੍ਹਾਂ ਨੇ ਸਿੱਖ ਆਗੂਆਂ ਨੂੰ ਸਮਝੌਤੇ ਦਾ ਕਾਗ਼ਜ਼ ਲਿਆਉਣ ਵਾਸਤੇ ਆਖਿਆ। ਏਨੇ ਵਿਚ ਹੀ ਇਕ ਦਸਤੀ ਬੰਬ ਉਨ੍ਹਾਂ ਕੋਲ ਆ ਡਿੱਗਾ। ਇਸ ਪਿੱਛੋਂ ਚਾਰ ਪੰਜ ਹੋਰ ਬੰਬ ਉੱਥੇ ਸੁੱਟੇ ਗਏ। ਇਸ ਨਾਲ ਕਈ ਬੰਦੇ ਜ਼ਖ਼ਮੀ ਹੋ ਗਏ। ਇਹ ਗੋਲੇ ਗੁਰਦਿੱਤ ਸਿਘ ਪੁਜਾਰੀ ਦੇ ਮਕਾਨ ਦੇ ਨਾਲ-ਨਾਲ ਦੂਜੇ ਬੁੰਗਿਆਂ ਤੋਂ ਵੀ ਸੁੱਟੇ ਗਏ ਸਨ। 10 ਵਜੇ ਪੁਲਿਸ ਪਹੁੰਚ ਗਈ ਅਤੇ ਵਾਕਿਆ

ਵੇਖਿਆ। ਪੁਲੀਸ ਨੇ ਸ਼ਰਾਬੀ ਪੁਜਾਰੀ ਵੀ ਵੇਖੇ।26 ਜਨਵਰੀ 1921 ਦੇ ਦਿਨ ਐਸ.ਪੀ. ਅੰਮ੍ਰਿਤਸਰ ਆ ਗਿਆ। ਉਸ ਨੇ ਦੋਹਾਂ ਧਿਰਾਂ ਨਾਲ ਗੱਲਬਾਤ ਕੀਤੀ। ਜ਼ਿਲ੍ਹਾ ਮਜਿਸਟਰੇਟ ਨੇ ਮੌਕੇ ਦੀ ਨਜ਼ਾਕਤ ਸਮਝਦਿਆਂ ਮਹੰਤਾਂ ਨੂੰ ਗੁਰਦੁਆਰੇ ਵਿਚ ਦਾਖ਼ਲ ਹੋਣ ਤੋਂ ਰੋਕ ਦਿੱਤਾ।

26 ਜਨਵਰੀ 1921 ਦੇ ਦਿਨ ਤਰਨ ਤਾਰਨ ਦੇ ਗੁਰਦੁਆਰੇ 'ਤੇ ਕਬਜ਼ੇ ਮਗਰੋਂ ਕੁਝ ਹੋਰ ਗੁਰਦੁਆਰੇ ਵੀ ਸਿੱਖਾਂ ਨੇ ਆਜ਼ਾਦ ਕਰਵਾਏ।ਸਭ ਤੋਂ ਪਹਿਲਾਂ ਗੁਰਦੁਆਰਾ ਖਰਾ ਸੌਦਾ ਦੇ ਦਰਸ਼ਨ ਕਰਨ ਆਈ ਸੰਗਤ ਨੇ, ਗੁਰਦੁਆਰਾ ਕੇਰ ਸਾਹਿਬ ਨੂੰ, 8 ਫਰਵਰੀ 1921 ਦੇ ਦਿਨ ਆਜ਼ਾਦ ਕਰਵਾਇਆ। 10 ਫਰਵਰੀ ਦੇ ਦਿਨ ਭਾਈ ਗੜ੍ਹੀਆ ਦੀ ਯਾਦ ਵਿਚ ਮਾਛੀ ਕੇ ਵਿਚ ਬਣੇ ਗੁਰਦੁਆਰੇ ਨੂੰ ਆਜ਼ਾਦ ਕਰਵਾਇਆ ਗਿਆ। 11 ਫਰਵਰੀ ਦੇ ਦਿਨ ਖਡੂਰ ਸਾਹਿਬ ਗੁਰਦੁਆਰਾ ਦੇ ਮਹੰਤ ਨੇ ਖਰਾ ਸੌਦਾ ਬਾਰ ਦੇ ਅਕਾਲੀ ਜਥੇ ਨਾਲ ਲਿਖਤੀ ਸਮਝੌਤਾ ਕੀਤਾ ਕਿ ਉਹ ਸ਼੍ਰੋਮਣੀ ਕਮੇਟੀ ਦੇ ਨੇਮਾਂ ਮੁਤਾਬਿਕ ਚਲੇਗਾ (ਪਰ ਨਾਨਕਾਣਾ ਸਾਹਿਬ ਦੇ ਸਾਕੇ ਮਗਰੋਂ ਉਹ ਫੇਰ ਵਿਟਰ ਗਿਆ। ਅਖ਼ੀਰ ਸਿੱਖਾਂ ਨੇ 18 ਫ਼ਰਵਰੀ 1921 ਦੇ ਦਿਨ ਗੁਰਦੁਆਰਾ ਖਡੂਰ ਸਾਹਿਬ 'ਤੇ ਵੀ ਕਬਜ਼ਾ ਕਰ ਲਿਆ।17 ਫਰਵਰੀ ਦੀ ਮੀਟਿੰਗ ਵਿਚ ਝੱਬਰ, ਲਛਮਣ ਸਿੰਘ ਤੇ ਬੂਟਾ ਸਿੰਘ ਸ਼ੇਖੂਪੁਰਾ ਨੇ ਪਲਾਨ ਬਣਾਈ ਕਿ ਬੂਟਾ ਸਿੰਘ 19 ਫਰਵਰੀ ਨੂੰ ਨਾਨਕਾਣਾ ਸਾਹਿਬ ਪੁਜ ਜਾਵੇ। ਉਸੇ ਰਾਤ ਲਛਮਣ ਸਿੰਘ ਦਾ ਜਥਾ ਚੰਦਰਕੋਟ ਪਹੁੰਚ ਜਾਵੇਗਾ। (ਚੰਦਰਕੋਟ ਨਾਨਕਾਣਾ ਸਾਹਿਬ ਤੋਂ ਕੁਝ ਕੁ ਕਿਲੋਮੀਟਰ ਹੈ)। ਦੂਜੇ ਪਾਸਿਓਂ ਝੱਬਰ ਦਾ ਜਥਾ ਆ ਜਾਵੇਗਾ ਤੇ ਦੋਵੇਂ ਜਥੇ 20 ਫਰਵਰੀ ਦੀ ਸਵੇਰ ਨੂੰ ਨਾਨਕਾਣਾ ਸਾਹਿਬ ਗੁਰਦੁਆਰੇ ਦਾ ਕਬਜ਼ਾ ਲੈ ਲੈਣਗੇ।ਉਧਰ 19 ਫਰਵਰੀ 1921 ਨੂੰ ਬਾਅਦ ਦੁਪਹਿਰ ਮਹੰਤ ਨਾਨਕਾਣਾ ਸਾਹਿਬ ਸਟੇਸ਼ਨ 'ਤੇ ਪੌਣੇ ਚਾਰ ਵਜੇ ਲਾਹੌਰ ਜਾਣ ਵਾਲੀ ਗੱਡੀ ਫੜਨ ਵਾਸਤੇ ਪਹੁੰਚ ਚੁੱਕਾ ਸੀ। ਇਸ ਮੌਕੇ 'ਤੇ ਇਕ ਮੁਸਲਮਾਨ ਔਰਤ ਉਸ ਕੋਲ ਆਈ ਤੇ ਉਸ ਨੂੰ ਦੱਸਿਆ ਕਿ ਸਿੱਖਾਂ ਦਾ ਇਕ ਜਥਾ ਬੁੱਚੀਆਣਾ ਪਹੁੰਚ ਚੁੱਕਿਆ ਹੈ। ਮਹੰਤ ਨੇ ਲਾਹੌਰ ਜਾਣ ਦਾ ਪ੍ਰੋਗਰਾਮ ਕੈਂਸਲ ਕਰ ਦਿੱਤਾ ਅਤੇ ਵਾਪਿਸ ਆ ਕੇ ਸਾਰੇ ਗੁੰਡਿਆਂ ਨੂੰ ਟਕੂਏ ਤੇ ਹੋਰ ਹਥਿਆਰ ਵੰਡ ਦਿੱਤੇ।

ਲਛਮਣ ਸਿੰਘ ਧਾਰੋਵਾਲੀ ਦਾ ਜਥਾ ਸਵੇਰੇ 6 ਵਜੇ ਗੁਰਦੁਆਰਾ ਜਨਮ ਅਸਥਾਨ ਵਿਚ ਪਹੁੰਚਿਆ ਸੀ। ਉਨ੍ਹਾਂ ਅੰਦਰ ਪਹੁੰਚ ਕੇ, ਮੱਥਾ ਟੇਕ ਕੇ, ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਕੁਝ ਚਿਰ ਕੀਰਤਨ ਜਾਰੀ ਰਿਹਾ। ਏਨੇ ਚਿਰ ਵਿਚ ਮਹੰਤ ਨੇ ਗੁੰਡਿਆਂ ਨੂੰ ਅਸਲਾ ਦੇ ਕੇ ਪੁਜ਼ੀਸ਼ਨਾਂ ਸੰਭਾਲ ਦਿੱਤੀਆਂ। ਮਹੰਤ ਨੇ ਗੁਰਦੁਆਰੇ ਦੇ ਬਾਹਰਲੇ ਦਰਵਾਜ਼ੇ ਬੰਦ ਕਰ ਦਿੱਤੇ। ਥੋੜ੍ਹੇ ਚਿਰ ਵਿਚ ਹੀ ਮਹੰਤ ਨੇ ਉਨ੍ਹਾਂ ਨੂੰ ਕਤਲੇਆਮ ਦਾ ਹੁਕਮ ਜਾਰੀ ਕਰ ਦਿੱਤਾ। ਹੁਕਮ ਮਿਲਦਿਆਂ ਹੀ ਰਾਂਝਾ, ਰਿਹਾਨਾ ਅਤੇ ਦੇ ਹੋਰ ਕਾਤਿਲਾਂ ਨੇ ਸਿੱਖਾਂ ਨੂੰ ਗੋਲੀਆਂ ਨਾਲ ਭੁੰਨਣਾ ਸ਼ੁਰੂ ਕਰ ਦਿੱਤਾ। ਜਦੋਂ ਸਾਰੇ ਸਿੱਖ ਕਤਲ ਕਰ ਦਿੱਤੇ ਗਏ ਤਾਂ ਮਹੰਤ ਨੇ ਸਾਰੀਆਂ ਲਾਸ਼ਾਂ ਇਕੱਠੀਆਂ ਕਰਨ ਦਾ ਹੁਕਮ ਦਿੱਤਾ।

20 ਫ਼ਰਵਰੀ ਸਵੇਰੇ ਕਰਤਾਰ ਸਿੰਘ ਝੱਬਰ ਜਥੇ ਸਮੇਤ ਨਾਨਕਾਣੇ ਪੁੱਜਾ।ਸ:ਬ: ਮਹਿਤਾਬ ਸਿੰਘ ਵਾਪਿਸ ਚਲੇ ਗਏ ਤੇ ਕਮਿਸ਼ਨਰ ਨੂੰ ਸਮਝਾਇਆ ਕਿ ਸਿੱਖਾਂ ਦਾ ਹੜ੍ਹ ਆ ਜਾਣ ਮਗਰੋਂ ਹਾਲਾਤ ਕੰਟਰੋਲ ਹੇਠ ਨਹੀਂ ਆ ਸਕਣਗੇ, ਇਸ ਕਰ ਕੇ ਗੁਰਦੁਆਰੇ ਦਾ ਕੰਟਰੋਲ ਸ਼੍ਰੋਮਣੀ ਕਮੇਟੀ ਨੂੰ ਦੇਣਾ ਠੀਕ ਰਹੇਗਾ। ਕੁਝ ਹੀ ਚਿਰ ਵਿਚ ਝੱਬਰ ਦਾ ਜਥਾ ਨਾਨਕਾਣਾ ਪਹੁੰਚ ਗਿਆ। ਫ਼ੌਜ ਨੇ ਉਨ੍ਹਾਂ ਨੂੰ ਡਰਾ ਧਮਕਾ ਕੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਏਨੀਆਂ ਸ਼ਹੀਦੀਆਂ ਮਗਰੋਂ ਮੌਤ ਦਾ ਡਰ ਕਿਸੇ ਸਿੱਖ ਨੂੰ ਰੋਕ ਨਹੀਂ ਸਕਦਾ ਸੀ। ਫ਼ੌਜ ਵੀ ਹਰਗਿਜ਼ ਗੋਲੀ ਚਲਾਉਣ ਜਾਂ ਕਿਸੇ ਹੋਰ ਐਕਸ਼ਨ ਲੈਣ ਦਾ ਖ਼ਤਰਾ ਮੁੱਲ ਲੈਣ ਵਾਸਤੇ ਤਿਆਰ ਨਹੀਂ ਸੀ।ਅਖ਼ੀਰ ਮੌਕੇ ਦੀ ਨਜ਼ਾਕਤ ਨੂੰ ਮਹਿਸੂਸ ਕਰਦਿਆਂ ਸਰਕਾਰ ਨੇ ਇਕ ਸੱਤ-ਮੈਂਬਰੀ ਸਿੱਖ ਕਮੇਟੀ ਨੂੰ ਗੁਰਦੁਆਰੇ ਦੀਆਂ ਚਾਬੀਆਂ ਸੌਂਪ ਦਿੱਤੀਆਂ।

ਇਸ ਮਗਰੋਂ ਕੁਝ ਮਹੰਤਾਂ ਨੇ ਅਕਲ ਕਰਦਿਆਂ ਗੁਰਦੁਆਰਿਆਂ ਨੂੰ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰਨਾ ਸ਼ੁਰੂ ਕਰ ਦਿੱਤਾ। **ਦਿੱਲੀ ਦੇ ਗੁਰਦੁਆਰੇ ਮਹੰਤ ਹਰੀ ਸਿੰਘ ਨੇ 19 ਦਸੰਬਰ 1922 ਦੇ ਦਿਨ ਸ਼ੋਮਣੀ ਕਮੇਟੀ ਨੂੰ ਸੌਂਪ ਦਿੱਤੇ। ਇਸ ਮਗਰੋਂ** ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਗੁਰਦੁਆਰਿਆਂ, ਜਿਨ੍ਹਾਂ ਉੱਤੇ ਸੋਢੀ ਪਰਿਵਾਰ ਦਾ ਕਬਜ਼ਾ ਸੀ, ਨੇ ਵੀ ਸਾਰਾ ਕੁਝ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤਾ।

1924: ਬਬਰ ਅਕਾਲੀ ਸਾਧਾ ਸਿੰਘ ਪੰਡੋਰੀ ਨਿੱਝਰਾਂ ਦੀ ਜੇਲ੍ਹ ਵਿਚ ਮੌਤ

ਨਾਨਕਾਣਾ ਸਾਹਿਬ ਦੇ ਸਾਕੇ ਨੇ ਜਿੱਥੇ ਆਮ ਸਿੱਖਾਂ ਵਿਚ ਰੋਸ ਪੈਦਾ ਕੀਤਾ, ਉੱਥੇ ਨੌਜਵਾਨਾਂ, ਸਾਬਕ ਫ਼ਦਰੀ ਆਗੂਆਂ ਅਤੇ ਫ਼ੌਜੀਆਂ ਵਿਚ ਜ਼ਬਰਦਸਤ ਰੋਹ ਵੀ ਪੈਦਾ ਕੀਤਾ।ਇਸ ਸਾਕੇ ਮਗਰੋਂ ਕੁਝ ਖਾੜਕੂ ਨੌਜਵਾਨ ਆਪਸ ਵਿਚ ਮਿਲੇ ਅਤੇ ਸਾਕੇ ਦੇ ਇਨ੍ਹਾਂ ਜ਼ਿੰਮੇਦਾਰ ਸ਼ਖ਼ਸਾਂ ਨੂੰ ਸੋਧਣ (ਕਤਲ ਕਰਨ) ਦਾ ਮਤਾ ਪਾਸ ਕੀਤਾ। ਇਸ ਮਗਰੋਂ ਭਾਈ ਕਿਸ਼ਨ ਸਿੰਘ ਗੜਗੱਜ ਨੇ 'ਚਕਰਵਰਤੀ ਜਥਾ' ਬਣਾ ਲਿਆ। ਇਸ ਜਥੇ ਦਾ ਮਕਸਦ ਪੰਥ ਦੋਖੀਆਂ ਨੂੰ ਸਜ਼ਾ ਦੇਣਾ, ਟਾਊਟਾਂ ਤੇ ਝੋਲੀ ਚੁੱਕਾਂ ਨੂੰ ਸੋਧਣਾ, ਅੰਗਰੇਜ਼ਾਂ ਦੇ ਖ਼ਿਲਾਫ਼ ਪ੍ਰਚਾਰ ਕਰਨਾ ਸੀ। ਉਨ੍ਹੀਂ ਦਿਨੀਂ ਭਾਈ ਕਿਸ਼ਨ ਸਿੰਘ ਤੋਂ ਇਲਾਵਾ ਭਾਈ ਕਰਮ ਸਿੰਘ ਦੌਲਤਪੁਰੀ ਵੀ ਅਜਿਹਾ ਹੀ ਇਕ ਵਖਰਾ ਜਥਾ ਬਣਾ ਕੇ ਕਾਰਵਾਈਆਂ ਕਰ ਰਹੇ ਸਨ। ਕੁਝ ਚਿਰ ਮਗਰੋਂ ਇਸ ਸੋਚ ਦੇ ਸਾਰੇ ਸਿੱਖ ਇਕਠੇ ਹੋ ਗਏ ਤੇ ਉਨ੍ਹਾ ਨੇ ਸਾਂਝੀਆਂ ਕਾਰਵਾਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਇਕ ਖ਼ੁਫੀਆ ਅਖ਼ਬਾਰ ਵੀ ਸ਼ੁਰੂ ਕਰ ਲਿਆ। ਇਸ ਅਖ਼ਬਾਰ ਦਾ ਐਡੀਟਰ ਕਰਮ ਸਿੰਘ ਦੌਲਤਪੁਰੀ ਸੀ। ਉਹ ਆਪਣੇ ਨਾਂ ਨਾਲ 'ਬਬਰ' ਤਖ਼ੱਲੁਸ ਲਿਖਿਆ ਕਰਦਾ ਸੀ। ਹੌਲੀ-ਹੌਲੀ ਇਨ੍ਹਾਂ ਦੇ ਜਥੇ ਦਾ ਨਾਂ **ਬਬਰ ਅਕਾਲੀ ਜਥਾ** ਮਸ਼ਹੂਰ ਹੋ ਗਿਆ। ਇਸ ਜਥੇ ਦੀ ਅਖ਼ਬਾਰ 'ਗੜਗੱਜ ਅਕਾਲੀ' ਨੇ ਬਹੁਤ ਸਾਰੇ ਖਾੜਕੂਆਂ ਨੂੰ ਆਪਣੇ ਨਾਲ ਜੋੜ ਲਿਆ। ਹੌਲੀ-ਹੌਲੀ ਇਸ ਜਥੇ ਵਿਚ ਬਹੁਤ ਸਾਰੇ ਨੌਜਵਾਨ ਸ਼ਾਮਿਲ ਹੋ ਗਏ। ਬਬਰ ਅਕਾਲੀਆਂ ਨੇ ਬਹੁਤ ਸਾਰੇ ਸਰਕਾਰੀ ਟਾਊਟ, ਸਰਕਾਰੀ ਮੁਹੀਏ ਜਗੀਰਦਾਰ ਤੇ ਹੋਰ ਮੁਜਰਿਮ ਕਤਲ ਕੀਤੇ। ਉਨ੍ਹਾਂ ਨੇ ਕਈ ਜਗਹ 'ਤੇ ਡਾਕੇ ਮਾਰ ਕੇ ਅਸਲਾ ਤੇ ਦੌਲਤ ਵੀ ਲੁਟੀ। 1922 ਤੋਂ 1924 ਤਕ ਬਬਰ ਅਕਾਲੀ ਲਹਿਰ ਆਪਣੇ ਸਿਖਰ 'ਤੇ ਸੀ। ਇਸ ਲਹਿਰ ਦੇ ਦੌਰਾਨ ਹੀ ਕਈ ਆਗੂ ਗ੍ਰਿਫ਼ਤਾਰ ਕਰ ਲਏ ਗਏ। ਕਰਮ ਸਿੰਘ ਦੌਲਤਪੁਰ, ਬਿਸ਼ਨ ਸਿੰਘ, ਮਹਿੰਦਰ ਸਿੰਘ ਬਬੇਲੀ 'ਚ 1 ਸਤੰਬਰ 1923 ਦੇ ਦਿਨ, ਬੰਤਾ ਸਿੰਘ ਧਾਮੀਆਂ ਤੇ ਜਵਾਲਾ ਸਿੰਘ 12 ਦਸੰਬਰ 1923 ਦੇ ਦਿਨ ਮੰਡੇਰ ਵਿਚ, ਵਰਿਆਮ ਸਿੰਘ ਧੁੱਗਾ 8 ਜੂਨ 1924 ਦੇ ਦਿਨ ਐਕਸ਼ਨ ਦੇ ਦੌਰਾਨ ਸ਼ਹੀਦ ਹੋ ਗਏ। ਧੰਨਾ ਸਿੰਘ ਬਹਿਬਲਪੁਰ ਜਦ ਘਿਰ ਗਿਆ ਤਾਂ ਉਸ ਨੇ ਬੰਬ ਦਾ ਪਿੰਨ ਖਿੱਚ ਕੇ ਕਈ ਗੋਰੇ ਤੇ ਦੇਸੀ ਪੁਲਸੀਏ ਵੀ ਮਾਰ ਦਿੱਤੇ।

ਬਬਰਾਂ ਦੇ ਕੇਸ ਵਿਚ 96 ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਮੁਕਦਮਾ ਚਲਾਇਆ ਗਿਆ। ਕੇਸ ਦੌਰਾਨ ਬਬਰਾਂ ਨੇ ਪੈਰਵੀ ਕਰਨ ਤੋਂ ਨਾਂਹ ਕਰ ਦਿੱਤੀ। ਬਲਕਿ ਕਿਸ਼ਨ ਸਿੰਘ ਗੜਗੱਜ ਨੇ ਤਾਂ ਅਦਾਲਤ ਵਿਚ ਬਿਆਨ ਦੇ ਕੇ ਸ਼ਰੇਆਮ ਐਕਸ਼ਨ ਕਰਨਾ ਕਬੂਲ ਕੀਤਾ ਅਤੇ ਕਿਹਾ ਕਿ ਅਸੀਂ ਅੰਗਰੇਜ਼ੀ ਅਦਾਲਤਾਂ ਨੂੰ ਨਹੀਂ ਮੰਨਦੇ ਅਤੇ ਧਰਮ ਵਾਸਤੇ ਜਾਨਾਂ ਦੇਣ ਵਾਸਤੇ ਹਰ ਵੇਲੇ ਤਿਆਰ ਹਾਂ।

ਗ੍ਰਿਫ਼ਤਾਰ ਬਬਰਾਂ ਵਿਚੋਂ ਸੁੰਦਰ ਸਿੰਘ ਹਯਾਤਪੁਰ 13 ਦਸੰਬਰ 1924 ਦੇ ਦਿਨ ਅਤੇ ਸਾਧਾ ਸਿੰਘ ਪੰਡੋਰੀ ਨਿੱਝਰਾਂ 19 ਦਸੰਬਰ 1924 ਦੇ ਦਿਨ ਮੁਕੱਦਮੇ ਦੌਰਾਨ ਜੇਲ੍ਹ ਵਿਚ ਚੜ੍ਹਾਈ ਕਰ ਗਏ।

1952: ਆਂਧਰਾ ਦਾ ਆਗੂ ਪੋਟੇ ਰੁਮੁਲੂ ਭੁੱਖ ਹੜਤਾਲ ਕਰ ਕੇ ਮਰ ਗਿਆ

ਮਈ 1952 ਵਿਚ ਪੰਜਾਬ ਵਿਚ ਭੀਮ ਸੈਨ ਸੱਚਰ ਦੀ ਫ਼ਿਰਕੂ ਹਿੰਦੂ ਅਸਰ ਵਾਲੀ ਕੈਬਨਿਟ ਬਣੀ। ਸਿੱਖਾਂ ਵਿਚ ਇਸ ਦੇ ਖ਼ਿਲਾਫ਼ ਬੜਾ ਰੋਸ ਫੈਲਿਆ। ਇਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਂਗਰਸ ਦੇ ਚਾਪਲੂਸ ਸਿੱਖਾਂ ਦੇ ਹੱਥਾਂ ਵਿਚ ਸੀ। ਇਸ ਦਾ ਪ੍ਰਧਾਨ ਊਧਮ ਸਿੰਘ ਨਾਗੋਕੇ ਸੀ। ਪੰਜ ਅਕਤੂਬਰ 1952 ਨੂੰ ਸ਼੍ਰੋਮਣੀ ਕਮੇਟੀ ਦੀ ਸਾਲਾਨਾ ਚੋਣ ਹੋਈ ਜਿਸ ਵਿਚ ਅਕਾਲੀ ਦਲ ਦੇ ਉਮੀਦਵਾਰ ਪ੍ਰੀਤਮ ਸਿੰਘ ਖੁੜੈਜ 78 ਵੋਟਾਂ ਲੈ ਕੇ ਨਾਗੋਕੇ ਗਰੁਪ ਦੇ ਮਾਸਟਰ ਨਾਹਰ ਸਿੰਘ ਨੂੰ 7 ਵੋਟਾਂ ਤੇ ਹਰਾ ਕੇ ਕਾਮਯਾਬ ਹੋਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਕਾਲੀ ਦਲ ਦੇ ਕਬਜ਼ੇ ਵਿਚ ਆਉਣ ਮਗਰੋਂ ਅਕਾਲੀ ਦਲ ਦੀ ਸਟੇਜ ਦਾ ਮਸਲਾ ਹੱਲ ਹੋ ਗਿਆ। ਹੁਣ ਪੰਜਾਬੀ ਸੂਬੇ ਦੀ ਮੰਗ ਵਧੇਰੇ ਜ਼ੋਰ ਨਾਲ ਸ਼ੁਰੂ ਹੋ ਗਈ। ਨਵੰਬਰ 1952 ਵਿਚ ਅਕਾਲੀ ਦਲ ਦੇ ਪ੍ਰਧਾਨ ਨੇ ਸਿੱਖ ਸਟੂਡੈਂਟਜ਼ ਫ਼ੈਡਰੇਸ਼ਨ ਦੀ ਕਨਵੈਨਸ਼ਨ ਵਿਚ ਬੋਲਦਿਆਂ ਪੰਜਾਬੀ ਸੂਬੇ ਦੀ ਮੰਗ ਦੁਹਰਾਈ। ਮਾਸਟਰ ਜੀ ਨੇ 30 ਦਸੰਬਰ 1952 ਦੇ ਦਿਨ ਪਟਨਾ ਸਾਹਿਬ ਵਿਖੇ ਹਿੰਦੂ ਫ਼ਿਰਕਾਪ੍ਰਸਤਾਂ 'ਤੇ ਪੰਜਾਬੀ ਸੂਬੇ ਦੀ ਹੱਕੀ ਮੰਗ ਦੀ ਨਾਜਾਇਜ਼ ਮੁਖ਼ਾਲਫ਼ਤ ਦਾ ਇਲਜ਼ਾਮ ਲਾਇਆ। ਇੰਞ ਹੌਲੀ-ਹੌਲੀ ਹਰ ਪਾਸੇ ਪੰਜਾਬੀ ਸੂਬੇ ਦੀ ਹਿਮਾਇਤ ਦਾ ਮਾਹੌਲ ਸ਼ੁਰੂ ਹੋ ਗਿਆ।

ਇਨ੍ਹਾਂ ਦਿਨਾਂ ਵਿਚ, 19 ਦਸੰਬਰ 1952 ਦੇ ਦਿਨ, ਤੇਲਗੂ ਆਗੂ ਪੋਟੀ ਸਰੀ ਰੁਮੁਲੂ, ਬੋਲੀ ਦੇ ਅਧਾਰ 'ਤੇ ਆਂਧਰਾ ਪਰਦੇਸ਼ ਦੀ ਕਾਇਮੀ ਵਾਸਤੇ, ਮਰਨ ਵਰਤ ਰੱਖ ਕੇ ਜਾਨ 'ਤੇ ਖੇਡ ਗਿਆ। ਇਸ ਨਾਲ ਆਂਧਰਾ ਸੂਬਾ ਤਾਂ ਬਣਨਾ ਹੀ ਸੀ ਪਰ ਨਾਲ ਹੀ ਪੰਜਾਬੀ ਸੂਬੇ ਦੀ ਮੰਗ ਦਾ ਬਿਗਲ ਵੀ ਵੱਜ ਗਿਆ। ਇਸ ਦਾ ਪਹਿਲਾ ਪੜਾਅ ਸੀ ਪੈਪਸੂ ਅਕਾਲੀ ਦਲ ਦੇ ਪ੍ਰਧਾਨ ਸੰਪੂਰਨ ਸਿੰਘ ਰਾਮਾ ਦਾ ਮਰਨ ਵਰਤ ਰੱਖਣ ਦਾ ਐਲਾਨ। ਸੰਪੂਰਨ ਸਿੰਘ ਨੇ ਮਰਨ ਵਰਤ ਸ਼ੁਰੂ ਕਰ ਦਿੱਤਾ ਪਰ ਕੁਝ ਦਿਨ ਮਗਰੋਂ ਸਿਹਤ ਖ਼ਰਾਬ ਹੋਣ ਦੀ ਬਿਨਾਅ ਤੇ ਛੁਡਵਾ ਦਿੱਤਾ ਗਿਆ।

1988: ਕਾਰਜ ਸਿੰਘ ਸਰਪੰਚ ਭੂਰਾ ਕੋਹਨਾ ਤੇ ਰੇਸ਼ਮ ਸਿੰਘ ਬੱਗੇ ਕੇ ਖੁਰਦ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

19 ਦਸੰਬਰ 1988 ਦੇ ਦਿਨ ਪੰਜਾਬ ਪੁਲਸ ਨੇ ਕਾਰਜ ਸਿੰਘ (ਪੁੱਤਰ ਸੂਬਾ ਸਿੰਘ, ਸਰਪੰਚ ਭੂਰਾ ਕੋਹਨਾ, ਅੰਮ੍ਰਿਤਸਰ) ਤੇ ਰੇਸ਼ਮ ਸਿੰਘ ਉਰਫ਼ ਸ਼ੇਰ ਸਿੰਘ (ਪੁੱਤਰ ਜਗੀਰ ਸਿੰਘ, ਵਾਸੀ ਬੱਗੇ ਕੇ ਖੁਰਦ, ਫ਼ੀਰੋਜ਼ਪੁਰ) ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

20 ਦਸੰਬਰ

1518: ਗੁਰੂ ਨਾਨਕ ਸਾਹਿਬ ਮੱਕਾ ਗਏ

ਗੁਰੂ ਨਾਨਕ ਸਾਹਿਬ ਆਪਣੀ ਤੀਜੀ ਉਦਾਸੀ ਦੌਰਾਨ ਮੱਕੇ ਗਏ ਸਨ। ਮੱਕੇ ਜਾਣ ਵਾਲੇ ਦੌਰੇ ਵਿਚ ਉਹ ਮੁਲਤਾਨ ਵੱਲੋਂ ਹੋ ਕੇ ਗਏ ਸੀਨ। ਜਦੋਂ ਗੁਰੂ ਸਾਹਿਬ ਮੁਲਤਾਨ ਗਏ ਤਾਂ ਉਥੋਂ ਦੇ ਪੀਰਾਂ ਫ਼ਕੀਰਾਂ ਨੇ ਗੁਰੂ ਸਾਹਿਬ ਨੂੰ ਦੁਧ ਦਾ ਨੱਕੋ-ਨੱਕ ਭਰਿਆ ਇਕ ਪਿਆਲਾ ਪੇਸ਼ ਕੀਤਾ। ਇਸ ਦਾ ਮਤਲਬ ਇਹ ਸੀ ਕਿ ਮੁਲਤਾਨ ਪਹਿਲੋਂ ਹੀ ਪੀਰਾਂ ਫ਼ਕੀਰਾਂ ਨਾਲ ਭਰਿਆ ਸ਼ਹਿਰ ਹੈ ਅਤੇ ਏਥੇ ਹੋਰ ਪੀਰ ਨਹੀਂ ਸਮਾਅ ਸਕਦਾ। ਗੁਰੂ ਨਾਨਕ ਸਾਹਿਬ ਨੇ ਇਕ ਫੁੱਲ ਦੀ ਪੱਤੀ ਉਸ ਦੁਧ ਉੱਤੇ ਟਿਕਾ ਦਿਤੀ। ਇਸ ਦਾ ਮਤਲਬ ਇਹ ਸੀ ਕਿ ਜੇ ਨੱਕੋ-ਨਕ ਭਰੇ ਦੁਧ ਦੇ ਪਿਆਲੇ 'ਤੇ ਇਕ ਫੁੱਲ ਦੀ ਪੱਤੀ ਟਿਕ ਸਕਦੀ ਹੈ ਤਾਂ ਪੀਰਾਂ ਫ਼ਕੀਰਾਂ ਦੇ ਸ਼ਹਿਰ ਵਿਚ 'ਪੀਰਾਂ ਦਾ ਪੀਰ' ਬਾਬਾ ਨਾਨਕ ਵੀ ਸੋਭ ਸਕਦਾ ਹੈ। ਮੁਲਤਾਨ ਵਿਚ ਗੁਰੂ ਨਾਨਕ

ਸਾਹਿਬ ਅਤੇ ਬਹਾਉੱਦੀਨ ਮਖ਼ਦੂਮ ਵਿਚ ਕਈ ਵਾਰ ਧਰਮ ਚਰਚਾ ਹੋਈ। ਇਸ ਮੌਕੇ 'ਤੇ ਬਹੁਤ ਸਾਰੇ ਪੀਰ-ਫ਼ਕੀਰ ਵੀ ਚਰਚਾ ਵਿਚ ਸ਼ਾਮਿਲ ਹੋ ਕੇ ਰੂਹਾਨੀ ਇਲਮ ਦਾ ਅਨੰਦ ਲਿਆ ਕਰਦੇ ਸਨ। ਕੁਝ ਦਿਨ ਗੁਰੂ ਸਾਹਿਬ ਉੱਥੇ ਰਹੇ ਅਤੇ ਫੇਰ ਅੱਗੇ ਵਲ ਟੁਰ ਪਏ।

ਮੁਲਤਾਨ ਤੋਂ ਚਲ ਕੇ ਗੁਰੂ ਸਾਹਿਬ ਉੱਚ ਨਗਰ ਵਿਚ ਰੁਕੇ। ਉੱਚ ਨਗਰ ਵੀ ਮੁਸਲਮਾਨ ਪੀਰਾਂ ਫ਼ਕੀਰਾਂ ਦਾ ਸ਼ਹਿਰ ਮੰਨਿਆ ਜਾਂਦਾ ਸੀ। ਇਸ ਨਗਰ ਵਿਚ ਸਯਦ ਜਲਾਲ ਬੁਖ਼ਾਰੀ ਦੀ ਗੱਦੀ ਦੀ ਬੜੀ ਮਾਨਤਾ ਸੀ। ਉੱਥੇ ਗੁਰੂ ਸਾਹਿਬ ਜਲਾਲ ਬੁਖ਼ਾਰੀ ਦੇ ਗੱਦੀਦਾਰ ਸ਼ੇਖ਼ ਹਾਜੀ ਅਬਦੁਲ ਗੁਫ਼ਾਰੀ ਕੋਲ ਠਹਿਰੇ। ਉਸ ਨਾਲ ਗੁਰੂ ਸਾਹਿਬ ਨੇ ਧਰਮ ਚਰਚਾ ਕੀਤੀ। ਕੁਝ ਦਿਨ ਗੁਰੂ ਸਾਹਿਬ ਉੱਥੇ ਰਹੇ ਅਤੇ ਫੇਰ ਅੱਗੇ ਚਲ ਪਏ। ਉੱਚ ਨਗਰ ਵਿੱਚ 1947 ਤਕ ਗੁਰੂ ਨਾਨਕ ਸਾਹਿਬ ਦੀਆਂ ਖੜਾਵਾਂ, ਬੈਰਾਗਨ, ਪੱਥਰ ਦੇ ਕੜੇ, ਗੁਰਜ ਤੇ ਲੱਕੜ ਦੀ ਬੇੜੀ ਪਈਆਂ ਸਨ।

ਉੱਚ ਤੋਂ ਗੁਰੂ ਸਾਹਿਬ ਭਾਰਤ ਦੇ ਅਜੋਕੇ ਗੁਜਰਾਤ ਸੂਬੇ ਦੇ ਕੱਛ ਇਲਾਕੇ ਵਿਚ ਬਸਤਾ ਬੰਦਰ ਬੰਦਰਗਾਹ 'ਤੇ ਗਏ। ਅਜ ਕਲ੍ਹ ਇਸ ਦਾ ਨਾਂ ਲਖਪਤ ਹੈ ਤੇ ਹੁਣ ਇਹ ਇਕ ਉਜੜਿਆ ਹੋਇਆ ਕਸਬਾ ਹੈ। ਇੱਥੇ ਵੀ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਇੱਥੇ ਕੁਝ ਚਿਰ ਰੁਕਣ ਮਗਰੋਂ ਗੁਰੂ ਸਾਹਿਬ ਮੱਕੇ ਜਾਣ ਵਾਸਤੇ ਅੱਗੇ ਟੁਰ ਪਏ। ਅਜਿਹਾ ਜਾਪਦਾ ਹੈ ਕਿ ਇੱਥੋਂ ਗੁਰੂ ਸਾਹਿਬ ਨੇ ਬੇੜੀ ਰਾਹੀਂ ਸਫ਼ਰ ਕੀਤਾ ਹੋਏਗਾ। ਗੁਰੂ ਸਾਹਿਬ ਦੇ ਜ਼ਮਾਨੇ ਵਿਚ ਮੱਕੇ ਜਾਣ ਵਾਸਤੇ ਸੋਨ ਮਿਆਨੀ ਤੋਂ ਮਸਕਟ ਅਤੇ ਅਸਲ ਅਸਵਦ ਤਕ ਬੇੜੀ ਦਾ ਸਫ਼ਰ ਕੀਤਾ ਜਾਂਦਾ ਸੀ। ਅਸਲ ਅਸਵਦ ਜੱਦਾ ਤੋਂ ਤਕਰੀਬਨ 20 ਕਿਲੋਮੀਟਰ ਹੈ। ਗੁਰੂ ਨਾਨਕ ਸਾਹਿਬ, ਸ਼ਾਇਦ, ਅਸਲ ਅਸਵਦ ਦੇ ਰਸਤੇ ਹੀ ਮੱਕਾ ਗਏ ਸਨ। ਗੁਰੂ ਨਾਨਕ ਸਾਹਿਬ ਦਸੰਬਰ 1518 ਵਿਚ ਮੱਕਾ ਪੁੱਜੇ ਸਨ। ਉਸ ਸਾਲ ਹੱਜ 20 ਦਸੰਬਰ ਨੂੰ ਸੀ।

ਗੁਰੂ ਨਾਨਕ ਸਾਹਿਬ ਦੀ ਮੱਕਾ ਫੇਰੀ ਬਾਰੇ ਦੋ ਸਾਖੀਆਂ ਬਹੁਤ ਮਸ਼ਹੂਰ ਹਨ। ਪਹਿਲੀ ਸਾਖੀ ਇਹ ਹੈ ਕਿ ਜਦੋਂ ਗੁਰੂ ਨਾਨਕ ਸਾਹਿਬ ਉੱਚ ਤੋਂ ਮੱਕੇ ਵਲ ਚਲੇ ਸਨ ਤਾਂ ਮੁਲਤਾਨ ਦੇ ਮਖ਼ਦੂਮ ਬਹਾਉੱਦੀਨ ਅਤੇ ਉੱਚ ਦੇ ਹਾਜੀ ਅਬਦੁਲ ਬੁਖ਼ਾਰੀ ਵੀ ਉਨ੍ਹਾਂ ਨਾਲ ਚੱਲੇ ਸਨ। ਉਹ ਦੋਵੇਂ ਖ਼ੁਸ਼ਕੀ ਦੇ ਰਸਤੇ ਤੋਂ (ਈਰਾਨ, ਈਰਾਕ ਦੇ ਰਸਤੇ) ਮੱਕੇ ਗਏ ਸਨ ਤੇ ਗੁਰੂ ਨਾਨਕ ਸਾਹਿਬ ਸਮੁੰਦਰ ਦੇ ਰਸਤੇ ਬੇੜੀ ਰਾਹੀਂ ਮੱਕੇ ਗਏ। ਬੇੜੀ ਰਾਹੀਂ ਮੱਕੇ ਦਾ ਸਫ਼ਰ ਛੇਤੀ ਤੈਅ ਹੋ ਜਾਂਦਾ ਹੈ। ਸੋ, ਗੁਰੂ ਸਾਹਿਬ ਪਹਿਲੋਂ ਪਹੁੰਚ ਗਏ ਅਤੇ ਦੋਵੇਂ ਮੁਸਲਮਾਨ ਗੱਦੀਦਾਰ ਮਗਰੋਂ ਪੁਜੇ। ਗੁਰੂ ਨਾਨਕ ਸਾਹਿਬ ਨੂੰ ਪਹਿਲੋਂ ਪੁੱਜਾ ਵੇਖ ਕੇ ਉਨ੍ਹਾਂ ਨੇ ਇਹ ਸਮਝਿਆ ਕਿ ਗੁਰੂ ਨਾਨਕ ਸਾਹਿਬ ਕਿਸੇ ਗ਼ੈਬੀ ਤਾਕਤ ਨਾਲ ਉੱਡ ਕੇ ਮੱਕੇ ਪੁਜੇ ਹਨ।

ਦੂਜੀ ਸਾਖੀ ਮੁਤਾਬਿਕ ਗੁਰੂ ਨਾਨਕ ਸਾਹਿਬ ਰਾਤ ਸੌਣ ਵੇਲੇ ਕਾਅਬੇ ਵਲ ਪੈਰ ਕਰ ਕੇ ਸੌਂ ਗਏ। ਤੜਕੇ ਜਦੋਂ ਜੀਵਣ ਨਾਂ ਦੇ ਇਕ ਹਾਜੀ ਨੇ ਗੁਰੂ ਸਾਹਿਬ ਨੂੰ ਕਾਅਬੇ ਵਲ ਪੈਰ ਕਰ ਕੇ ਸੁੱਤੇ ਵੇਖਿਆ ਤਾਂ ਉਸ ਨੇ ਪੈਰ ਨਾਲ ਗੁਰੂ ਸਾਹਿਬ ਨੂੰ ਹਿਲਾਇਆ ਅਤੇ ਆਖਿਆ ਕਿ ਤੁਸੀਂ ਰੱਬ ਦੇ ਘਰ ਵਲ ਪੈਰ ਕਰ ਕੇ ਸੁੱਤੇ ਪਏ ਹੋ। ਗੁਰੂ ਸਾਹਿਬ ਨੇ ਉਸ ਨੂੰ ਸਮਝਾਇਆ ਕਿ ਇਸਲਾਮ ਤਾਂ ਕਹਿੰਦਾ ਹੈ ਕਿ ਖ਼ੁਦਾ ਤਾਂ ਉੱਲ-ਆਲਮੀਨ (ਸਾਰੇ ਪਾਸੇ ਮੌਜੂਦ) ਹੈ। ਪਰ ਫਿਰ ਵੀ ਜੇ ਤੁਹਾਡਾ ਦਿਲ ਨਹੀਂ ਮੰਨਦਾ ਤਾਂ ਭਾਈ ਮੇਰੇ ਪੈਰ ਉਸ ਪਾਸੇ ਵਲ ਕਰ ਦੇ ਜਿਸ ਪਾਸੇ ਖ਼ੁਦਾ ਦਾ ਘਰ ਨਹੀਂ। ਇਸ ਤੇ ਜੀਵਣ ਨੇ ਗੁਰੂ ਸਾਹਿਬ ਦੇ ਪੈਰ ਫੜ ਕੇ ਸਚਮੁਚ ਦੂਜੇ ਪਾਸੇ ਕਰ ਦਿੱਤੇ। ਗੁਰੂ ਸਾਹਿਬ ਨੇ ਜੀਵਣ ਨੂੰ ਪੁਛਿਆ ਕਿ ਜਿਸ ਪਾਸੇ ਵਲ ਮੇਰੇ ਪੈਰ ਕੀਤੇ ਹਨ ਕੀ ਉਸ ਪਾਸੇ ਵੱਲ ਰਬ ਨਹੀਂ ਹੈ? ਜੀਵਣ ਕੋਲ ਕੋਈ ਜਵਾਬ ਨਹੀਂ ਸੀ। ਅਮੀਰ ਜੀਵਣ ਨੇ ਹਥਿਆਰ ਸੁਟ ਦਿਤੇ ਤੇ ਗੁਰੂ ਸਾਹਿਬ ਤੋਂ ਮੁਆਫ਼ੀ ਮੰਗੀ। ਗੁਰੂ ਸਾਹਿਬ ਨੇ ਹਾਜ਼ਰ ਲੋਕਾਂ ਨੂੰ

ਕੁਰਾਨ 'ਚੋਂ ਇਕ ਆਇਤ ਸੁਣਾ ਕੇ ਸਮਝਾਇਆ ਕਿ 'ਰੱਬ ਉਲ ਆਲਮੀਨ' (ਹਰ ਥਾਂ ਮੌਜੂਦ) ਹੈ। ਇਸ ਘਟਨਾ ਨੂੰ 'ਮੱਕਾ ਫੇਰਨਾ' ਆਖ ਕੇ ਯਾਦ ਕੀਤਾ ਜਾਂਦਾ ਹੈ।

ਇਸ ਕੌਤਕ ਮਗਰੋਂ ਲੋਕ ਗੁਰੂ ਸਾਹਿਬ ਦੇ ਦੁਆਲੇ ਜੁੜ ਗਏ ਅਤੇ ਧਰਮ ਚਰਚਾ ਕਰਨ ਲਗ ਪਏ। ਉਨ੍ਹਾਂ 'ਚੋਂ ਇਕ ਨੇ ਪੁਛਿਆ ਕਿ "ਕਿਤਾਬ" (ਫ਼ਿਲਾਸਫ਼ੀ) ਮੁਤਾਬਿਕ (ਫ਼ਲਸਫ਼ੇ ਮੁਤਾਬਿਕ) ਹਿੰਦੂ ਵੱਡਾ ਹੈ ਕਿ ਮੁਸਲਮਾਨ? ਗੁਰੂ ਨਾਨਕ ਸਾਹਿਬ ਨੇ ਆਖਿਆ ਕਿਸੇ ਵੀ ਧਰਮ ਵਾਲੇ ਮਾਂ-ਬਾਪ ਦੇ ਘਰ ਜੰਮ ਪੈਣ ਨਾਲ ਆਦਮੀ ਛੋਟਾ ਜਾਂ ਵੱਡਾ ਨਹੀਂ ਹੁੰਦਾ। ਜੋ ਇਨਸਾਨ ਸੱਚ ਦੇ ਰਸਤੇ 'ਤੇ ਚਲਦਾ ਹੈ, ਧਰਮ 'ਤੇ ਪੂਰਾ ਅਮਲ ਕਰਦਾ ਹੈ ਅਤੇ ਸੱਚ ਦੀ ਜ਼ਿੰਦਗੀ ਜੀਂਦਾ ਹੈ, ਉਹੀ ਵੱਡਾ ਹੈ। ਸਿਰਫ਼ ਬਾਹਰੀ ਪਹਿਰਾਵਾ ਰਖਣਾ ਤੇ ਕਰਮ ਕਾਂਡ ਧਰਮ ਨਹੀਂ। ਅਸਲ ਧਰਮ ਹੈ: ਸੱਚ ਦੀ ਜ਼ਿਦਗੀ ਜੀਣਾ। ਗੁਰੂ ਨਾਨਕ ਸਾਹਿਬ ਕੁਝ ਦਿਨ ਮੱਕੇ ਰਹੇ ਤੇ ਫੇਰ ਮਦੀਨੇ ਵਲ ਚਲੇ ਗਏ।

ਅੱਜ ਕਲ੍ਹ ਕੁਝ ਮੁਸਲਮਾਨਾਂ ਨੇ ਪਰਚਾਰ ਸ਼ੁਰੂ ਕੀਤਾ ਹੋਇਆ ਹੈ ਕਿ ਗੁਰੂ ਨਾਨਕ ਸਾਹਿਬ ਮੱਕੇ ਨਹੀਂ ਗਏ ਸਨ ਅਤੇ ਜੇ ਗਏ ਸਨ ਤਾਂ ਉਹ ਇਕ ਮੁਸਲਮਾਨ ਵਜੋਂ ਗਏ ਹੋਣਗੇ। ਦਰਅਸਲ ਇਹ ਲੋਕ ਅੱਜ ਦੇ ਹਿਸਾਬ ਨਾਲ ਗੱਲ ਕਰਦੇ ਹਨ। ਹੁਣ ਮੱਕਾ ਵਿਚ ਕੋਈ ਗ਼ੈਰ ਮੁਸਲਮਾਨ ਨਹੀਂ ਜਾ ਸਕਦਾ ਜਦ ਕਿ ਦੋ ਸੌ ਸਾਲ ਪਹਿਲਾਂ ਅਜਿਹੀ ਕੋਈ ਪਾਬੰਦੀ ਨਹੀਂ ਸੀ; ਉਦੋਂ ਈਸਾਈ ਵੀ ਜਾ ਚੁਕੇ ਸਨ। ਦੂਜਾ ਉਦੋਂ ਮੱਕੇ ਵਿਚ ਗ਼ੈਰ ਮੁਸਲਮਾਨਾਂ 'ਤੇ ਨਹੀਂ ਬਲਕਿ ਬੁਤ ਪੂਜਣ ਵਾਲਿਆਂ 'ਤੇ (ਉਦੋਂ ਅਰਬ ਦੇ ਬਹੁਤੇ ਲੋਕ ਬੁਤ ਪੂਜਦੇ ਹੁੰਦੇ ਸਨ) ਪਾਬੰਦੀ ਸੀ ਤੇ ਗੁਰੂ ਨਾਨਕ ਸਾਹਿਬ ਬੁੱਤ ਪੂਜਣ ਦੇ ਮੁਖ਼ਾਲਿਫ਼ ਸਨ। ਕੁਰਾਨ ਵਿਚ (ਸੂਰਾ 9, ਆਇਤ 28 ਵਿਚ, ਪੰਜਾਬੀ ਤਰਜਮਾ, ਸਫ਼ਾ 409 'ਤੇ) ਲਿਖਿਆ ਹੈ ਕਿ *"ਹੇ ਸ਼ਰਧਾਲੀਓ! ਮੁਸ਼ਰਿਕ ਲੋਕ (ਬੁਤ ਪੂਜਣ ਵਾਲੇ) ਯਕੀਨਨ ਪਲੀਤ ਹਨ (ਯਾਨਿ ਉਨ੍ਹਾਂ ਦੇ ਦਿਲ ਸੁੱਚੇ ਨਹੀਂ ਹਨ); ਇਸ ਕਰ ਕੇ ਇਸ ਸਾਲ ਤੋਂ ਮਗਰੋਂ ਉਨ੍ਹਾਂ ਨੂੰ ਪਾਕਿ ਮਸੀਤ (ਕਾਬੇ) ਵਿਚ ਨਾ ਵੜਨ ਦਿੱਤਾ ਜਾਵੇ।"* ਇਸ ਵਿਚ ਸਾਫ਼ ਜ਼ਿਕਰ ਹੈ ਕਿ "ਮਸੀਤ ਦੇ ਅੰਦਰ" ਨਾ ਵੜਨ ਦਿੱਤਾ ਜਾਵੇ। ਪਰ ਹੁਣ ਦੇ ਵਹਾਬੀਆਂ ਨੇ ਸਾਰਾ ਸ਼ਹਿਰ ਹੀ ਬੈਨ ਕਰ ਦਿੱਤਾ ਹੈ। ਇਹ ਲੋਕ ਇਹ ਵੀ ਨਹੀਂ ਜਾਣਦੇ ਕਿ ਕੁਰਾਨ ਸ਼ਰੀਫ਼ ਵਿਚ ਤਾਂ ਇਹ ਵੀ ਲਿਖਿਆ ਹੈ ਕਿ ਹਜ਼ਰਤ ਮੁਹੰਮਦ ਨੇ ਤਾਂ ਇਕਰਮਾ ਵਰਗੇ ਗ਼ੈਰ ਮੁਸਲਮਾਨ ਨੂੰ ਮੱਕੇ ਵਿਚ ਰਹਿਣ ਦੀ ਇਜਾਜ਼ਤ ਵੀ ਦਿੱਤੀ ਹੋਈ ਸੀ (ਸੂਰਤ 9, ਆਇਤ 2, ਪੰਜਾਬੀ ਤਰਜਮਾ ਸਫ਼ਾ 396)।

1983: ਸੁਖਦੇਵ ਸਿੰਘ ਬਬਰ ਨੇ 35 ਬੰਦਿਆਂ ਨੂੰ ਕਤਲ ਕਰਨਾ ਮੰਨਿਆ

1983 ਵਿਚ, ਦਰਬਾਰ ਸਾਹਿਬ ਦੀਆਂ ਸਰਾਵਾਂ ਵਿਚ, ਭਿੰਡਰਾਂਵਾਲਿਆਂ ਦਾ ਜਥਾ ਅਤੇ ਬਬਰ ਖਾਲਸਾ (ਸੁਖਦੇਵ ਸਿੰਘ ਗਰੁਪ) ਦੇ ਕਈ ਕਾਰਕੁੰਨ ਰਹਿ ਰਹੇ ਸਨ। ਮੌਜੂਦਾ ਖਾੜਕੂ ਲਹਿਰ ਦੇ ਪਹਿਲੇ ਐਕਸ਼ਨ ਬਬਰ ਖਾਲਸਾ ਨੇ, ਜਥੇਦਾਰ ਤਲਵਿੰਦਰ ਸਿੰਘ ਦੀ ਅਗਵਾਈ ਵਿਚ ਕੀਤੇ ਸਨ, ਪਰ ਵਧੇਰੇ ਚਰਚਾ ਭਿੰਡਰਾਂਵਾਲਿਆਂ ਦਾ ਹੋਇਆ ਸੀ ਤੇ ਬਬਰ ਖਾਲਸਾ ਨੂੰ ਕੋਈ ਨਹੀਂ ਸੀ ਜਾਣਦਾ। ਇਸ ਕਰ ਕੇ ਸਿੱਖਾਂ ਵੱਲੋਂ ਖਾੜਕੂਆਂ ਵਾਸਤੇ ਆਉਣ ਵਾਲੇ ਫ਼ੰਡ ਵੀ ਭਿੰਡਰਾਂਵਾਲਿਆਂ ਨੂੰ ਹੀ ਪੁੱਜਦੇ ਸਨ। ਬਬਰ ਖਾਲਸਾ ਦਾ ਸੁਖਦੇਵ ਸਿੰਘ ਗਰੁਪ ਇਸ ਤੋਂ ਔਖਾ ਸੀ। ਹੁਣ ਉਨ੍ਹਾਂ ਨੇ ਆਪਣੇ ਆਪ ਨੂੰ ਜ਼ਾਹਰ ਕਰਨ ਦੀ ਪਲਾਨ ਬਣਾਈ। ਉਨ੍ਹਾਂ

ਨੇ ਭਿੰਡਰਾਂਵਾਲਿਆਂ ਦੇ ਖ਼ਿਲਾਫ਼ ਵੀ ਬੋਲਣਾ ਸ਼ੁਰੂ ਕਰ ਦਿੱਤਾ। ਭਾਵੇਂ ਦੋਹਾਂ ਵਿਚ ਝਗੜਾ 1982 'ਚ ਹੀ ਸ਼ੁਰੂ ਹੋ ਗਿਆ ਸੀ ਪਰ 1983 ਦੀਆਂ ਗਰਮੀਆਂ ਵਿਚ ਦੋਵੇਂ ਧੜੇ ਇਕ ਦੂਜੇ ਨੂੰ ਬਹੁਤ ਨਫ਼ਰਤ ਕਰਨ ਲੱਗ ਪਏ ਸਨ। ਇਧਰ ਦਰਬਾਰ ਸਾਹਿਬ ਕੰਪਲੈਕਸ ਵਿਚ ਦੋਹਾਂ ਵਿਚਕਾਰ 'ਆਪਣਾ ਦਬਕਾ ਕਾਇਮ ਕਰਨ' ਦੀ ਕਸ਼ਮਕਸ਼ ਵੀ ਚਲ ਰਹੀ ਸੀ।

ਇਸ ਮਾਹੌਲ ਵਿਚ ਕੁਝ ਸਿਆਣਿਆਂ ਨੇ ਭਿੰਡਰਾਂਵਾਲਿਆਂ ਨੂੰ ਸਲਾਹ ਦਿੱਤੀ ਕਿ ਉਹ ਟਕਰਾਅ ਵਿਚ ਨਾ ਆਉਣ। ਇਸ ਕਰ ਕੇ ਉਹ 15 ਦਸੰਬਰ 1983 ਨੂੰ ਅਕਾਲ ਤਖ਼ਤ ਸਾਹਿਬ ਦੇ ਨਾਲ ਲਗਵੀਂ ਈਮਾਰਤ ਵਿਚ ਚਲੇ ਗਏ। ਹੁਣ ਗੁਰੂ ਨਾਨਕ ਨਿਵਾਸ 'ਤੇ ਸਿਰਫ਼ ਸੁਖਦੇਵ ਸਿੰਘ ਧੜੇ ਦਾ ਕਬਜ਼ਾ ਹੀ ਰਹਿ ਗਿਆ ਸੀ। ਪਰ ਹੁਣ ਸਿੱਖ ਨੌਜਵਾਨ ਗੁਰੂ ਨਾਨਕ ਨਿਵਾਸ ਦੀ ਥਾਂ ਭਿੰਡਰਾਂਵਾਲਿਆਂ ਕੋਲ ਅਕਾਲ ਤਖ਼ਤ ਸਹਿਬ ਅਤੇ ਉਨ੍ਹਾਂ ਦੇ ਦੀਵਾਨ ਲਾਉਣ ਵਾਲੀ ਜਗਹ ਗੁਰੂ ਰਾਮਦਾਸ ਸਾਹਿਬ ਦੀ ਛੱਤ 'ਤੇ ਜਾਣੇ ਸ਼ੁਰੂ ਹੋ ਗਏ। ਇਸ ਨੂੰ ਵੇਖ ਕੇ ਸੁਖਦੇਵ ਸਿੰਘ ਬਬਰ ਨੇ ਆਪਣੀ ਹੋਂਦ ਦਾ ਇਜ਼ਹਾਰ ਕਰਨ ਦਾ ਫ਼ੈਸਲਾ ਕਰ ਲਿਆ। ਸੁਖਦੇਵ ਸਿੰਘ ਨੇ 20 ਦਸੰਬਰ 1983 ਨੂੰ ਇਕ ਪ੍ਰੈਸ ਕਾਨਫ਼ਰੰਸ ਕਰ ਕੇ 35 ਨਿਰੰਕਾਰੀਆਂ ਅਤੇ ਜ਼ਾਲਮ ਪੁਲਸੀਆਂ ਦੇ ਕਤਲਾਂ ਦਾ ਜ਼ਿੰਮਾ ਆਪਣੀ ਜੱਥੇਬੰਦੀ ਸਿਰ ਲੈ ਲਿਆ।

ਇਸ ਵੇਲੇ ਬਬਰ ਖ਼ਾਲਸਾ ਦੇ ਫ਼ਾਊਂਡਰ ਤੇ ਮੁਖੀ ਜਥੇਦਾਰ ਤਲਵਿੰਦਰ ਸਿੰਘ ਜਰਮਨ ਦੀ ਇਕ ਜੇਲ੍ਹ ਵਿਚ ਸਨ। ਸੁਖਦੇਵ ਸਿੰਘ ਨੇ ਇਹ ਬਿਆਨ ਉਨ੍ਹਾਂ ਦੀ ਰਜ਼ਾਮੰਦੀ ਤੋਂ ਬਿਨਾਂ ਦਿੱਤਾ ਸੀ। ਕੁਝ ਚਿਰ ਮਗਰੋਂ ਬਬਰ ਖ਼ਾਲਸਾ ਦੇ ਵੀ ਦੋ ਹਿੱਸੇ ਹੋ ਗਏ। ਇਸ ਮਗਰੋਂ ਬਬਰ ਖ਼ਾਲਸਾ ਐਕਸ਼ਨਾਂ ਦੇ ਅਸਲ ਹੀਰੋ ਅਮਰਜੀਤ ਸਿੰਘ ਖੇਮਕਰਨ, ਗੁਰਨਾਮ ਸਿੰਘ ਕਾਂਸਟੇਬਲ ਤੇ ਸੁਰਜੀਤ ਸਿੰਘ ਰਾਮਪੁਰ ਬਿਸ਼ਨੋਈਆਂ ਵਗ਼ੈਰਾ ਸੁਖਦੇਵ ਸਿੰਘ ਨੂੰ ਛੱਡ ਕੇ ਬਾਬਾ ਜਰਨੈਲ ਸਿੰਘ ਦੇ ਕੈਂਪ ਵਿਚ ਸ਼ਾਮਿਲ ਹੋ ਗਏ। ਇਸ ਦੇ ਨਾਲ ਹੀ ਦੋਹਾਂ ਧੜਿਆਂ ਵਿਚ ਆਪਣੀ ਹਸਤੀ ਮੰਨਵਾਉਣ ਦੀ ਜੰਗ ਸ਼ੁਰੂ ਹੋ ਗਈ।

1991: ਕੁਲਵਿੰਦਰ ਸਿੰਘ ਓਠੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

20 ਦਸੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਕੁਲਵਿੰਦਰ ਸਿੰਘ (ਪੁੱਤਰ ਅਜਾਇਬ ਸਿੰਘ, ਵਾਸੀ ਓਠੀਆਂ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸੁਦਾਗਰ ਸਿੰਘ ਬਖ਼ਤਾਰੀ, ਬਹਾਦਰ ਸਿੰਘ ਬਖ਼ਤਾਰੀ ਤੇ ਹੀਰਾ ਸਿੰਘ ਠੱਠੀਆਂ ਨਕਲੀ ਮੁਕਾਬਲਿਆਂ ਵਿਚ ਸ਼ਹੀਦ

20 ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਸੁਦਾਗਰ ਸਿੰਘ (ਪੁੱਤਰ ਹਰੀ ਸਿੰਘ) ਤੇ ਬਹਾਦਰ ਸਿੰਘ (ਪੁੱਤਰ ਹਰੀ ਸਿੰਘ) ਦੋਵੇਂ ਵਾਸੀ ਬਖ਼ਤਾਰੀ, ਨੇੜੇ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ, ਤੇ ਹੀਰਾ ਸਿੰਘ (ਪੁੱਤਰ ਰਾਮ ਸਿੰਘ, ਵਾਸੀ ਠੱਠੀਆਂ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1993: ਬਿੱਕਰ ਸਿੰਘ ਗੁਰਬਖ਼ਸ਼ਪੁਰਾ ਤੇ ਭਗਵਾਨ ਸਿੰਘ ਕੁੰਭੜਵਾਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

20 ਦਸੰਬਰ 1993 ਦੇ ਦਿਨ ਪੰਜਾਬ ਪੁਲਸ ਨੇ ਬਿੱਕਰ ਸਿੰਘ (ਪੁੱਤਰ ਪ੍ਰਿਥੀ ਸਿੰਘ, ਵਾਸੀ ਗੁਰਬਖ਼ਸ਼ਪੁਰਾ, ਨੇੜੇ ਟਿੱਬਾ, ਜ਼ਿਲ੍ਹਾ ਸੰਗਰੂਰ, ਤੇ ਭਗਵਾਨ ਸਿੰਘ (ਪੁੱਤਰ ਚਿੰਤਨ ਸਿੰਘ, ਵਾਸੀ ਕੁੰਭੜਵਾਲ, ਜ਼ਿਲ੍ਹਾ ਸੰਗਰੂਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

2011: ਪੰਜਾਬ ਹਾਈਕੋਰਟ ਨੇ 'ਸਹਿਧਾਰੀਆਂ' ਤੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੋਟ ਪਾਉਣ ਦਾ ਹੱਕ ਖੋਹਣ ਬਾਰੇ ਨੋਟੀਫ਼ੀਕੇਸ਼ਨ ਰੱਦ ਕੀਤਾ

20 ਦਸੰਬਰ 2011 ਦੇ ਦਿਨ ਪੰਜਾਬ ਹਾਈਕੋਰਟ ਨੇ 8 ਅਕਤੂਬਰ 2003 ਦਾ 'ਸਹਿਧਾਰੀਆਂ' ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਵੋਟ ਪਾਉਣ ਦਾ ਹੱਕ ਖੋਹਣ ਬਾਰੇ ਨੋਟੀਫ਼ੀਕੇਸ਼ਨ ਰੱਦ ਕਰ ਦਿੱਤਾ। ਇਸ ਦੇ ਨਾਲ ਹੀ ਸਤੰਬਰ 2011 ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵੀ ਰੱਦ ਕਰ ਦਿੱਤੀਆਂ। 4 ਅਕਤੂਬਰ 2013 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਾਈ ਕੋਰਟ ਦੇ ਫ਼ੈਸਲੇ ਦੇ ਖ਼ਿਲਾਫ਼ ਸਪੈਸ਼ਲ ਲੀਵ ਪਟੀਸ਼ਨ ਦਾਇਰ ਕਰ ਦਿੱਤੀ।

21 ਦਸੰਬਰ

1705: ਗੁਰੂ ਗੋਬਿੰਦ ਸਿੰਘ ਸਾਹਿਬ ਦੀਨਾ ਪਿੰਡ ਪੁੱਜੇ

12 ਦਸੰਬਰ 1705 ਦੇ ਦਿਨ ਗੁਰੂ ਸਾਹਿਬ ਮੁਸਲਮਾਨਾਂ ਦੇ ਪੀਰਾਂ ਵਾਲੇ ਹਰੇ ਰੰਗ ਦੇ (ਮੁਸਲਮਾਨ ਇਨ੍ਹਾਂ ਹਰੇ ਕਪੜਿਆਂ ਨੂੰ ਨੀਲ-ਬਸਤਰ ਕਹਿੰਦੇ ਸਨ; ਨੀਲ ਦਾ ਲਫ਼ਜ਼ੀ ਮਾਅਨਾ ਨੀਲਾ ਨਹੀਂ ਬਲਕਿ 'ਰੰਗਦਾਰ' ਹੈ) ਪਹਿਣ ਕੇ ਅਜਨੇਰ ਦੇ ਕਾਜ਼ੀ ਚਰਾਗ਼ ਸ਼ਾਹ ਤੇ ਚਾਰ ਹੋਰ ਮੁਸਲਮਾਨ ਮੁਰੀਦਾਂ (ਇਨਾਇਤ ਅਲੀ ਨੂਰਪੁਰ, ਕਾਜ਼ੀ ਪੀਰ ਮੁਹੰਮਦ ਸਲੋਹ, ਸੁਬੇਗ ਸ਼ਾਹ ਹਲਵਾਰਾ ਅਤੇ ਹਸਨ ਅਲੀ ਮੋਠੂ ਮਾਜਰਾ) ਨਾਲ ਮਾਛੀਵਾੜਾ ਤੋਂ ਦੀਨਾ ਕਾਂਗੜ ਵੱਲ ਚੱਲ ਪਏ ਸਨ। ਕਿੜੀ ਪਠਾਣਾਂ, ਘੁੰਘਰਾਲੀ, ਮਾਨੂੰਪੁਰ ਵਿਚੋਂ ਹੁੰਦੇ ਆਪ ਅਜਨੇਰ ਪੁੱਜੇ ਤੇ ਕਾਜ਼ੀ ਚਰਾਗ ਸ਼ਾਹ ਦੇ ਮਹਿਮਾਨ ਬਣੇ। ਅਗਲਾ ਦਿਨ ਆਪ ਅਜਨੇਰ ਪਿੰਡ ਵਿਚ ਹੀ ਰਹੇ ਤੇ 13 ਦਸੰਬਰ ਨੂੰ ਅੱਗੇ ਚਲ ਪਏ। ਇਸ ਤੋਂ ਬਾਅਦ ਮਲਕਪੁਰ, ਲੱਲ, ਕਟਾਣੀ, ਰਾਮਪੁਰ ਹੁੰਦੇ ਦੋਰਾਹਾ ਪੁੱਜੇ ਅਤੇ ਰਾਤ ਉਥੇ ਸਰਾਂ ਵਿਚ ਬਿਤਾਈ (ਇਸ ਸਰਾਂ ਦੇ ਇਕ ਸਿਰੇ 'ਤੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ)। ਇਥੋਂ ਚਲ ਕੇ ਆਪ ਕਨੇਚ ਪਿੰਡ ਪੁੱਜੇ। ਇਥੋਂ ਚਲ ਕੇ ਹੋਰ ਪਿੰਡਾਂ ਵਿਚੋਂ ਹੁੰਦੇ ਹੋਏ 14 ਦਸੰਬਰ ਦੇ ਦਿਨ ਆਲਮਗੀਰ ਪੁੱਜੇ। ਇਕ ਰਾਤ ਇਥੇ ਰਹਿਣ ਮਗਰੋਂ ਮੋਹੀ ਪਿੰਡ ਵੱਲ ਚਲੇ ਗਏ। 15 ਦਸੰਬਰ ਦੀ ਰਾਤ ਮੋਹੀ ਵਿਚ ਰਹਿਣ ਮਗਰੋਂ ਆਪ 16 ਦਸੰਬਰ ਨੂੰ ਹੇਹਰ ਪਿੰਡ ਜਾ ਪੁੱਜੇ। ਇੱਥੋਂ ਚਲ ਕੇ 17 ਦਸੰਬਰ ਦੀ ਰਾਤ ਲੰਮੇ ਜਟਪੁਰੇ ਬਿਤਾਈ ਜਿੱਥੇ ਰਾਏ ਕਲ੍ਹਾ ਆਪ ਨੂੰ ਮਿਲਣ ਆਇਆ ਅਤੇ ਆਪਣੇ ਨਾਲ ਰਾਏਕੋਟ ਲੈ ਗਿਆ। ਉਸ ਨੇ ਆਪਣੇ ਸਾਥੀ ਨੂਰਾ ਮਾਹੀ ਨੂੰ ਸਰਹੰਦ ਭੇਜ ਕੇ ਮਾਤਾ ਗੁਜਰੀ ਅਤੇ ਬੱਚਿਆਂ ਦੀ ਸਹੀਦੀ ਦੀ ਖ਼ਬਰ ਤਸਦੀਕ ਕਰਵਾਈ। ਦੇ ਰਾਤ ਇਥੇ ਰਹਿਣ ਮਗਰੋਂ ਇਥੋਂ ਚਲ ਕੇ ਗੁਰੂ ਜੀ ਤਖ਼ਤੂਪੁਰੇ ਪੁੱਜੇ।ਇੱਥੇ ਆਪ ਨੇ ਆਪ ਦੇ ਨਾਲ ਆਏ ਪੰਜ ਮੁਸਲਮਾਨ ਮੁਰੀਦਾਂ ਨੂੰ ਅਲਵਿਦਾ ਆਖੀ ਅਤੇ ਆਪ ਘੋੜੇ 'ਤੇ ਸਵਾਰ ਹੋ ਕੇ ਅੱਗੇ ਚਲ ਪਏ। ਫਿਰ ਆਪ ਮਧੇਅ ਹੁੰਦੇ ਹੋਏ ਭਦੌੜ ਪੁੱਜੇ। 20 ਦਸੰਬਰ ਦੀ ਰਾਤ ਉਥੇ ਬਿਤਾਉਣ ਮਗਰੋਂ ਤੋਂ 21 ਦਸੰਬਰ 1705 ਦੇ ਦਿਨ ਦੀਨਾ ਪਿੰਡ ਵਿਚ ਜਾ ਠਹਿਰੇ।

1844: ਹੀਰਾ ਸਿੰਘ ਡੋਗਰਾ, ਪੰਡਤ ਜੱਲ੍ਹਾ ਖ਼ਜ਼ਾਨਾ ਲੈ ਕੇ ਜੰਮੂ ਵੱਲ ਭੱਜੇ ਜਾਂਦੇ ਮਾਰੇ ਗਏ

ਮਹਾਰਾਜਾ ਰਣਜੀਤ ਸਿੰਘ ਦੇ ਦੋ ਵੱਡੇ ਪੁੱਤਰਾਂ ਦੇ ਕਤਲ ਮਗਰੋਂ ਨਾਬਾਲਗ ਕੰਵਰ ਦਲੀਪ ਸਿੰਘ ਨੂੰ 18 ਸਤੰਬਰ 1843 ਦੇ ਦਿਨ ਗੱਦੀ 'ਤੇ ਬੈਠਿਆ ਤੇ ਹੀਰਾ ਸਿੰਘ ਡੋਗਰਾ ਉਸ ਦਾ ਵਜ਼ੀਰ ਬਣ ਗਿਆ। ਹੁਣ ਹੀਰਾ ਸਿੰਘ ਕੋਲ ਸਾਰੀ ਤਾਕਤ ਆ ਗਈ। ਉਸ ਦੇ ਚਾਚੇ **ਸੁਚੇਤ ਸਿੰਘ** ਨੇ ਵੀ ਹਕੂਮਤ ਵਿਚ ਵੱਡਾ ਹਿੱਸਾ ਮੰਗਿਆ। ਉਹ ਮਾਰਚ 1844 ਦੇ ਦੂਜੇ ਹਫ਼ਤੇ ਲਾਹੌਰ ਆ ਗਿਆ। ਉਸ ਨਾਲ 50 ਕੁ ਨਿਜੀ ਵਫ਼ਾਦਾਰ ਸਿਪਾਹੀ ਸਨ। ਬਾਕੀ ਫ਼ੌਜ ਹੀਰਾ

ਸਿੰਘ ਨੇ ਵਧੇਰੀਆਂ ਤਨਖ਼ਾਹਾਂ ਦੇ ਕੇ ਆਪਣੇ ਨਾਲ ਰਲਾ ਲਈ ਸੀ। ਹੀਰਾ ਸਿੰਘ ਨੇ ਸੁਚੇਤ ਸਿੰਘ ਨੂੰ ਪੈਗ਼ਾਮ ਭੇਜਿਆ ਕਿ ਤੂੰ ਤਾਕਤ ਹਾਸਿਲ ਨਹੀਂ ਕਰ ਸਕਦਾ, ਇਸ ਕਰ ਕੇ ਆਪਣੀ ਜਾਨ ਨਾ ਗੁਆ ਤੇ ਵਾਪਿਸ ਚਲਾ ਜਾਹ। ਪਰ, ਸੁਚੇਤ ਸਿੰਘ ਨਹੀਂ ਰੁਕਿਆ। ਅਖ਼ੀਰ ਦੋਹਾਂ ਵਿਚ ਲੜਾਈ ਹੋਈ। ਸੁਚੇਤ ਸਿੰਘ ਤੇ ਉਸ ਦੇ ਸਾਥੀ ਕੇਸਰੀ ਸਿੰਘ ਨੇ ਸਾਥੀਆਂ ਸਣੇ ਖ਼ੂਬ ਬਹਾਦਰੀ ਦਿਖਾਈ ਤੇ ਪੰਜ-ਪੰਜ, ਸੱਤ-ਸੱਤ ਫੌਜੀਆਂ ਨੂੰ ਮਾਰ ਕੇ ਅਖੀਰ ਜਾਨਾਂ ਗੁਆਈਆਂ।

ਇਸ ਮਗਰੋਂ ਹੀਰਾ ਸਿੰਘ ਨੇ ਮਹਾਰਾਜਾ ਦਲੀਪ ਸਿੰਘ ਵੱਲੋਂ ਫੁਰਮਾਨ ਦੇ ਨਾਂ 'ਤੇ ਗੁਲਾਬ ਸਿੰਘ ਡੋਗਰੇ ਨੂੰ ਵੀ ਲਾਹੌਰ ਦਰਬਾਰ ਦਾ ਮਾਮਲਾ ਭੇਜਣ ਵਾਸਤੇ ਹੁਕਮ ਭੇਜਿਆ। ਗੁਲਾਬ ਸਿੰਘ ਨੇ ਮਜਬੂਰ ਹੋ ਕੇ ਕੁਝ ਰਕਮ ਤਾਂ ਦੇ ਦਿਤੀ ਪਰ ਬਾਕੀ ਰਕਮ ਅਤੇ ਵਫ਼ਾਦਾਰੀ ਦੇ ਸਬੂਤ ਦੀ ਜ਼ਮਾਨਤ ਵਜੋਂ ਆਪਣਾ ਮੁੰਡਾ ਸੋਹਨ ਸਿੰਘ ਲਾਹੌਰ ਦਰਬਾਰ ਵਿਚ ਭੇਜ ਦਿਤਾ।

ਭਾਵੇਂ ਦਲੀਪ ਸਿੰਘ 'ਮਹਾਰਾਜਾ' ਸੀ ਤੇ ਰਾਣੀ ਜਿੰਦਾਂ ਉਸ ਦੀ ਗਾਰਡੀਅਨ ਸੀ ਪਰ ਅਸਲ ਤਾਕਤ ਹੀਰਾ ਸਿੰਘ ਡੋਗਰਾ ਅਤੇ ਉਸ ਦੇ ਵਜ਼ੀਰ ਪੰਡਤ ਜਲ੍ਹਾ ਕੋਲ ਸੀ। ਇਸ ਵੇਲੇ ਹੀਰਾ ਸਿੰਘ ਦਾ ਤਾਇਆ ਗੁਲਾਬ ਸਿੰਘ ਜੰਮੂ ਦਾ ਰਾਜਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਦੋ ਹੋਰ ਪੁਤਰ ਪਿਸ਼ੋਰਾ ਸਿੰਘ ਤੇ ਕਸ਼ਮੀਰਾ ਸਿੰਘ ਇਸ ਵੇਲੇ ਸਿਆਲਕੋਟ ਵਿਚ ਸਨ। ਗੁਲਾਬ ਸਿੰਘ ਇਨ੍ਹਾਂ ਨੂੰ ਵੀ ਖਤਮ ਕਰਨਾ ਚਾਹੁੰਦਾ ਸੀ। ਦੋਹਾਂ ਸ਼ਹਿਜ਼ਾਦਿਆਂ ਦਾ ਇਕ ਅਹਿਲਕਾਰ ਮਹਿਤਾਬ ਸਿੰਘ, ਗੁਲਾਬ ਸਿੰਘ ਡੋਗਰੇ ਨਾਲ ਮਿਲਿਆ ਹੋਇਆ ਸੀ। ਜਦੋਂ ਉਨ੍ਹਾਂ ਨੂੰ ਇਹ ਰਾਜ਼ ਪਤਾ ਲਗਾ ਤਾਂ ਉਨ੍ਹਾਂ ਉਸ ਨੂੰ ਮਰਵਾ ਦਿਤਾ। ਇਸ 'ਤੇ ਗੁਲਾਬ ਸਿੰਘ ਗੁੱਸੇ ਹੋ ਗਿਆ। ਇਸੇ ਕਰ ਕੇ ਉਹ ਇਨ੍ਹਾਂ ਨੂੰ ਕੋਈ ਡਰਾਮਾ ਰਚ ਕੇ ਖ਼ਤਮ ਕਰਨਾ ਚਾਹੁੰਦਾ ਸੀ। ਅਪਰੈਲ 1844 ਦੇ ਸ਼ੁਰੂ ਵਿਚ ਜਰਨੈਲ ਗੁਲਾਬ ਸਿੰਘ ਕਾਹਲੋਂ ਮਨਹਾਲੀਆ (ਡੋਗਰਾ ਨਹੀਂ) ਨੇ ਉਨ੍ਹਾਂ ਨੂੰ ਸਿਆਲਕੋਟ' ਚੋਂ ਨਿਕਲਣ ਵਿਚ ਮਦਦ ਕੀਤੀ। ਕਸ਼ਮੀਰਾ ਸਿੰਘ ਉੱਥੋਂ ਨਿਕਲ ਕੇ ਨੌਰੰਗਾਬਾਦ ਵਿਚ ਬਾਬਾ ਬੀਰ ਸਿੰਘ ਦੇ ਡੇਰੇ 'ਤੇ ਪਹੁੰਚ ਗਿਆ। ਉਧਰ ਅਤਰ ਸਿੰਘ ਸੰਧਾਵਾਲੀਆ ਵੀ ਕੁਰੂਕਸ਼ੇਤਰ ਤੋਂ ਮੁੜ ਆਇਆ ਸੀ ਤੇ ਉਹ ਵੀ ਬਾਬਾ ਬੀਰ ਸਿੰਘ ਦੀ ਸ਼ਰਨ ਵਿਚ ਆ ਚੁਕਾ ਸੀ। ਹਰੀ ਸਿੰਘ ਨਲਵਾ ਦਾ ਪੁਤਰ ਜਵਾਹਰ ਸਿੰਘ ਵੀ ਉਨ੍ਹੀਂ ਦਿਨੀਂ ਉੱਥੇ ਹੀ ਸੀ।

ਜਦੋਂ ਹੀਰਾ ਸਿੰਘ ਨੂੰ ਅਤਰ ਸਿੰਘ ਸੰਧਾਵਾਲੀਏ ਅਤੇ ਕੰਵਰ ਕਸ਼ਮੀਰਾ ਸਿੰਘ ਦੇ ਨੌਰੰਗਾਬਾਦ ਵਿਚ ਹੋਣ ਦਾ ਪਤਾ ਲਗਾ ਤਾਂ ਉਸ ਨੇ ਫ਼ੌਜ ਨੂੰ ਉਸ ਪਾਸੇ ਕੂਚ ਕਰਨ ਦਾ ਹੁਕਮ ਦੇ ਦਿਤਾ। ਪਹਿਲਾਂ ਉਸ ਨੇ ਬਾਬਾ ਬੀਰ ਸਿੰਘ ਨੂੰ ਪੈਗ਼ਾਮ ਭੇਜਿਆ ਕਿ ਉਹ ਅਤਰ ਸਿੰਘ ਨੂੰ ਉਸ ਦੇ ਹਵਾਲੇ ਕਰ ਦੇਵੇ। ਇਸ 'ਤੇ ਬਾਬਾ ਬੀਰ ਸਿੰਘ ਨੇ ਜਵਾਬ ਭੇਜਿਆ ਕਿ ਜੇ ਸ਼ਖ਼ਸ ਗੁਰੂ ਘਰ ਵਿਚ ਪਨਾਹ ਮੰਗ ਲਏ ਉਸ ਨੂੰ ਸ਼ਰਣ ਦਿਤੀ ਜਾਂਦੀ ਹੈ ਤੇ ਕਿਸੇ ਦੁਸ਼ਮਣ ਦੇ ਹਵਾਲੇ ਨਹੀਂ ਕੀਤਾ ਜਾਂਦਾ। ਹੁਣ ਹੀਰਾ ਸਿੰਘ ਨੇ ਡੋਗਰਾ ਯੂਨਿਟਾਂ ਅਤੇ ਆਪਣੀਆਂ ਦੂਜੀਆਂ ਵਫ਼ਾਦਾਰ ਯੂਨਿਟਾਂ ਨੂੰ ਬਾਬਾ ਬੀਰ ਸਿੰਘ ਦੇ ਡੇਰੇ 'ਤੇ ਗੋਲਾਬਾਰੀ ਕਰਨ ਵਾਸਤੇ ਕਿਹਾ। ਹੀਰਾ ਸਿੰਘ ਦਾ ਹੁਕਮ ਸੀ ਕਿ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕਰਨਾ ਤੇ ਬਸ ਕਤਲ ਕਰੀ ਜਾਣਾ ਹੈ। ਇਸ ਹੁਕਮ ਹੇਠ ਲਾਭ ਸਿੰਘ ਡੋਗਰਾ ਦੀ ਫ਼ੌਜ ਨੇ ਆਉਂਦਿਆਂ ਹੀ ਗੋਲੇ ਚਲਾਏ। ਇਨ੍ਹਾਂ ਵਿਚੋਂ ਇਕ ਗੋਲਾ ਬਾਬਾ ਬੀਰ ਸਿੰਘ ਦੀ ਲੱਤ 'ਤੇ ਲੱਗਾ ਤੇ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਜਦੋਂ ਜਰਨੈਲ ਗੁਲਾਬ ਸਿੰਘ ਨੂੰ ਬਾਬੇ ਦੇ ਜ਼ਖ਼ਮੀ ਹੋਣ ਦਾ ਪਤਾ ਲਗਾ ਤਾਂ ਉਹ ਬਾਬਾ ਜੀ ਨੂੰ ਮਿਲਣ ਆਇਆ। ਉਸ ਨੇ ਹਾਲ-ਚਾਲ ਪੁੱਛਣ ਮਗਰੋਂ ਬਾਬਾ ਜੀ ਨੂੰ ਕਿਹਾ ਕਿ ਉਹ ਅਤਰ ਸਿੰਘ ਨੂੰ ਉਨ੍ਹਾਂ ਦੇ ਹਵਾਲੇ ਕਰ ਦੇਣ। ਇਸ ਵੇਲੇ ਅਤਰ ਸਿੰਘ ਆਪ ਵੀ ਉੱਥੇ ਆ ਗਿਆ। ਗੁਲਾਬ ਸਿੰਘ ਉਸ ਵੇਲੇ ਅਜੀਤ ਸਿੰਘ ਸੰਧਾਵਾਲੀਏ ਦੇ ਘੋੜੇ 'ਤੇ ਸਵਾਰ ਸੀ। ਆਪਣੇ ਮਾਰੇ ਜਾ ਚੁਕੇ ਭਤੀਜੇ ਦਾ ਘੋੜਾ ਵੇਖ ਕੇ ਉਸ ਨੂੰ ਰੋਹ ਆ ਗਿਆ। ਉਸ ਨੇ ਆਪਣੀ ਦੋਨਾਲੀ ਬੰਦੂਕ ਚੋਂ ਇਕ ਗੋਲੀ ਜਨਰਲ ਗੁਲਾਬ ਸਿੰਘ 'ਤੇ ਚਲਾਈ, ਜਿਸ ਨਾਲ ਉਹ ਮਾਰਿਆ ਗਿਆ। ਇਸ 'ਤੇ

ਗੁਲਾਬ ਸਿੰਘ ਦੇ ਫ਼ੌਜੀਆਂ ਨੇ ਬੰਦੂਕਾਂ ਚਲਾ ਕੇ ਅਤਰ ਸਿੰਘ ਨੂੰ ਮਾਰ ਦਿਤਾ ਤੇ ਉਸ ਦਾ ਸਿਰ ਵੱਢ ਲਿਆ। ਇਸ ਮਗਰੋਂ ਉਨ੍ਹਾਂ ਨੇ ਗੋਲੀਆਂ ਮਾਰ ਕੇ ਜਵਾਹਰ ਸਿੰਘ ਨਲਵਾ, ਕੰਵਰ ਕਸ਼ਮੀਰਾ ਸਿੰਘ, ਮਹਾਰਾਜਾ ਸ਼ੇਰ ਸਿੰਘ ਦਾ ਦੀਵਾਨ ਵਿਸਾਖਾ ਸਿੰਘ ਅਤੇ ਸੈਂਕੜੇ (ਸ਼ਾਇਦ ਹਜ਼ਾਰਾਂ) ਹੋਰ ਸਿੱਖ ਮਾਰ ਦਿਤੇ। ਇਸ ਦੇ ਨਾਲ ਹੀ ਹੀਰਾ ਸਿੰਹ ਦੀ ਫ਼ੌਜ ਨੇ ਸਾਰਾ ਡੇਰਾ ਵੀ ਲੁਟ ਲਿਆ। ਇਸ ਕਤਲੇਆਮ ਵਿਚੋਂ ਕੁਝ ਲੋਕ ਬਚ ਕੇ ਨਿਕਲ ਗਏ ਅਤੇ ਦਰਿਆ ਵਲ ਦੌੜੇ। ਦਰਿਆ ਦੇ ਦੂਜੇ ਪਾਸੇ ਕਪੂਰਥਲਾ ਦੀ ਫ਼ੌਜ ਨੇ ਗੋਲਾਬਾਰੀ ਕਰ ਕੇ ਇਨ੍ਹਾਂ ਵਿਚੋਂ ਬਹੁਤੇ ਸਿੱਖ ਮਾਰ ਦਿੱਤੇ। ਇਸ ਮਗਰੋਂ ਹੀਰਾ ਸਿੰਹ ਦੀ ਫ਼ੌਜ ਅਤਰ ਸਿੰਘ ਦਾ ਸਿਰ ਲੈ ਕੇ ਹੀਰਾ ਸਿੰਹ ਕੋਲ ਲਾਹੌਰ ਪੁੱਜੀ ਤੇ ਈਨਾਮ ਹਾਸਿਲ ਕੀਤੇ। ਇਹ ਕਤਲੇਆਮ 6 ਮਈ 1845 ਦੇ ਦਿਨ ਹੋਇਆ ਸੀ।

ਜਦ ਬਾਬਾ ਬੀਰ ਸਿੰਘ, ਕੰਵਰ ਕਸ਼ਮੀਰਾ ਸਿੰਘ ਤੇ ਜਵਾਹਰ ਸਿੰਘ ਨਲਵਾ ਤੇ ਸੈਂਕੜੇ ਸਿੱਖਾਂ ਦੇ ਕਤਲ ਦੀ ਖ਼ਬਰ ਸਿੱਖ ਫ਼ੌਜੀਆਂ ਤਕ ਪਹੁੰਚੀ ਤਾਂ ਉਨ੍ਹਾਂ ਵਿਚ ਹੀਰਾ ਸਿੰਹ ਦੇ ਖ਼ਿਲਾਫ਼ ਬਹੁਤ ਗੁੱਸਾ ਫੈਲਿਆ। ਜਦ ਇਸ ਦੀ ਸੂਹ ਹੀਰਾ ਸਿੰਹ ਨੂੰ ਮਿਲੀ ਤਾਂ ਉਸ ਨੇ ਬਹੁਤ ਸਾਰੇ ਸਿੱਖ ਜਰਨੈਲ ਹਟਾ ਦਿਤੇ ਅਤੇ ਵੱਡੀ ਗਿਣਤੀ ਵਿਚ ਸਿੱਖ ਫ਼ੌਜੀਆਂ ਦੀ ਛੁੱਟੀ ਕਰ ਦਿਤੀ। ਪੰਡਤ ਜਲ੍ਹੇ ਦੀ ਸਲਾਹ 'ਤੇ ਉਸ ਨੇ ਬਹੁਤ ਸਾਰੇ ਡੋਗਰੇ, ਹਿਮਾਂਚਲੀ ਪਹਾੜੀਏ ਅਤੇ ਮੁਸਲਮਾਨ ਫ਼ੌਜ ਵਿਚ ਭਰਤੀ ਕਰ ਲਏ। ਉਸ ਨੂੰ ਡਰ ਸੀ ਕਿ ਭਲਕ ਨੂੰ ਮਸਲਾ ਉੱਠਣ 'ਤੇ ਸਿੱਖ ਫ਼ੌਜੀ ਉਸ ਨੂੰ ਮਾਰ ਵੀ ਸਕਦੇ ਹਨ। ਹਜ਼ਾਰਾਂ ਗ਼ੈਰ-ਸਿੱਖਾਂ ਨੂੰ ਫ਼ੌਜ ਵਿਚ ਭਰਤੀ ਕਰਨ ਦੇ ਬਾਵਜੂਦ ਵੀ ਹੀਰਾ ਸਿੰਹ ਸਿੱਖਾਂ ਤੋਂ ਬੁਰੀ ਤਰ੍ਹਾਂ ਡਰਦਾ ਰਹਿੰਦਾ ਸੀ।

13 ਦਸੰਬਰ 1844 ਦੇ ਦਿਨ ਪੋਹ ਮਹੀਨੇ ਦੀ ਸੰਗਰਾਂਦ ਸੀ। ਬ੍ਰਾਹਮਣਾਂ ਨੇ ਰਾਣੀ ਜਿੰਦਾਂ ਨੂੰ ਭਰਮਾ ਕੇ ਦਾਨ-ਪੁੰਨ ਕਰਵਾਉਣ ਵਾਸਤੇ ਕਿਹਾ। ਰਾਣੀ ਨੇ ਬ੍ਰਾਹਮਣਾਂ ਦੇ ਨਾਲ-ਨਾਲ ਨਿਹੰਗਾਂ, ਫਕੀਰਾਂ ਅਤੇ ਗ਼ਰੀਬ-ਗੁਰਬੇ ਨੂੰ ਲੰਗਰ ਪਾਣੀ ਛਕਾਇਆ ਅਤੇ ਥੋੜ੍ਹੀ-ਥੋੜ੍ਹੀ ਰਕਮ ਵੀ ਦਿੱਤੀ। ਇਸ ਸਾਰੇ ਦਾ ਖਰਚ ਤਕਰੀਬਨ ਪੰਜ ਹਜ਼ਾਰ ਰੁਪੈ ਆਇਆ। ਰਾਣੀ ਨੇ ਹੀਰਾ ਸਿੰਹ ਨੂੰ ਧਰਮ-ਅਰਥ ਖਾਤੇ 'ਚੋਂ ਇਹ ਰਕਮ ਦੇਣ ਵਾਸਤੇ ਆਖਿਆ। ਉਸ ਵੇਲੇ ਇਸ ਮਹਿਕਮੇ ਦਾ ਚਾਰਜ ਪੰਡਤ ਜਲ੍ਹਾ ਕੋਲ ਸੀ। ਉਸ ਨੇ ਆਖ ਭੇਜਿਆ ਕਿ ਦਾਨ ਸਿਰਫ਼ ਬ੍ਰਾਹਮਣਾਂ ਨੂੰ ਮਿਲ ਸਕਦਾ ਹੈ, ਨਿਹੰਗਾਂ ਜਾਂ ਫਕੀਰਾਂ ਨੂੰ ਨਹੀਂ। ਜਲ੍ਹੇ ਨੇ ਸਿਰਫ਼ ਦੋ ਸੌ ਰੁਪੈ ਰਾਣੀ ਨੂੰ ਭੇਜੇ। ਰਾਣੀ ਨੇ ਇਹ ਰਕਮ ਵਾਪਿਸ ਮੋੜ ਦਿਤੀ ਅਤੇ ਸਿੱਖ ਜਰਨੈਲਾਂ ਤੇ ਹੋਰ ਮੋਹਤਬਰ ਸਿੱਖਾਂ ਦਾ ਇਕੱਠ ਬੁਲਾ ਲਿਆ। ਰਾਣੀ ਨੇ ਹੱਥ ਜੋੜ ਕੇ ਇਨ੍ਹਾਂ ਨੂੰ ਮੁਖ਼ਾਤਿਬ ਹੁੰਦਿਆ ਆਖਿਆ: *"ਖਾਲਸਾ ਜੀ ਇਹ ਪਾਤਸ਼ਾਹੀ ਤੁਹਾਡੀ ਹੈ। ਤੁਸੀਂ ਹੀ ਸਾਨੂੰ ਬਖਸ਼ੀ ਹੈ। ਦਲੀਪ ਸਿੰਘ ਬਾਲਕ ਹੈ। ਇਹ ਪਹਾੜੀਏ ਰਾਜੇ ਅਤੇ ਜਲ੍ਹਾ ਦਿਲੋਂ ਸਾਨੂੰ ਮਾਰ ਦੇਣਾ ਚਾਹੁੰਦੇ ਹਨ। ਇਹ ਸਾਡਾ ਕਿਹਾ ਵੀ ਨਹੀਂ ਮੰਨਦੇ। ਸਾਡਾ-ਤੁਹਾਡਾ ਇਸ਼ਟ ਖਾਲਸਾ ਜੀ ਹੈ । ਉਸ ਦੀ ਸੇਵਾ ਪੂਜਾ ਨਹੀਂ ਕਰਨ ਦੇਂਦੇ। ਏਥੇ ਸਾਡੇ ਰਿਹਾਇਸ਼ੀ ਕਮਰਿਆਂ ਵਿਚ ਵੀ ਜ਼ੋਰੀ ਵੜ ਆਉਂਦੇ ਹਨ ਤੇ ਧੱਕਾ ਕਰਦੇ ਹਨ। ਜਾਂ ਤੁਸੀਂ ਸਾਨੂੰ ਮਾਰ ਦਿਓ ਜਾਂ ਇਨ੍ਹਾਂ ਦੀ ਕੈਦ ਚੋਂ ਕੱਢੋ।"* ਇਹ ਸੁਣ ਕੇ ਸਿੰਘਾਂ ਨੇ ਰਾਣੀ ਦੀ ਮਦਦ ਕਰਨ ਦਾ ਵਾਅਦਾ ਕੀਤਾ। ਅਗਲੇ ਪੰਜ-ਛੇ ਦਿਨ ਕਈ ਸਿੱਖ ਰਾਣੀ ਨੂੰ ਮਿਲਣ ਆਉਂਦੇ ਤੇ ਮਦਦ ਕਰਨ ਦਾ ਵਾਅਦਾ ਕਰਦੇ ਰਹੇ। ਉਨ੍ਹਾਂ ਵਿਚੋਂ ਕਈ ਤਾਂ ਰਾਣੀ ਦੀ ਰੱਖਿਆ ਵਾਸਤੇ ਉਸ 'ਤੇ ਪਹਿਰਾ ਵੀ ਦੇਣ ਲਗ ਪਏ।

ਹੀਰਾ ਸਿੰਹ ਡੋਗਰੇ ਨੂੰ ਰਾਣੀ ਜਿੰਦਾਂ ਦੇ ਇਕੱਠਾਂ ਦਾ ਪਤਾ ਲਗਾ ਤਾਂ ਉਹ ਘਬਰਾ ਗਿਆ। ਹੁਣ ਉਸ ਨੂੰ ਜਾਪਣ ਲਗ ਪਿਆ ਕਿ ਕੋਈ ਨਾ ਕੋਈ ਸਿੱਖ ਫ਼ੌਜੀ ਉਸ ਨੂੰ ਜ਼ਰੂਰ ਕਤਲ ਕਰ ਦੇਵੇਗਾ। ਇਸ ਕਰ ਕੇ ਉਸ ਨੇ ਜੰਮੂ ਨੂੰ ਭੱਜ ਜਾਣ ਦਾ ਫ਼ੈਸਲਾ ਕੀਤਾ। ਉਸ ਨੇ ਆਪਣਾ ਅਤੇ ਲਾਹੌਰ ਦਰਬਾਰ ਦੇ ਹੀਰੇ-ਜਵਾਹਰਾਤ ਤੇ ਹੋਰ ਸਾਰਾ ਖਜ਼ਾਨਾ ਇਕੱਠਾ ਕੀਤਾ

ਅਤੇ ਸੱਤ ਹਾਥੀਆਂ 'ਤੇ ਲੱਦ ਲਿਆ। 21 ਦਸੰਬਰ 1844 ਨੂੰ ਉਹ ਸਾਰੀ ਚਾਰ ਹਜ਼ਾਰ ਡੋਗਰਾ ਫ਼ੌਜ ਨਾਲ ਲਾਹੌਰ ਤੋਂ ਜੰਮੂ ਵਲ ਚਲ ਪਿਆ। ਛੇਤੀ ਹੀ ਇਸ ਦੀ ਖ਼ਬਰ ਸਿੱਖ ਜਰਨੈਲਾਂ ਨੂੰ ਮਿਲ ਗਈ। ਬਹੁਤ ਸਾਰੀ ਸਿੱਖ ਫ਼ੌਜ ਘੋੜਿਆਂ 'ਤੇ ਸਵਾਰ ਹੋ ਕੇ ਇਨ੍ਹਾਂ ਦੇ ਪਿੱਛੇ ਚਲ ਪਈ। ਰਸਤੇ ਵਿਚ ਸਿੱਖਾਂ ਅਤੇ ਡੋਗਰਿਆਂ ਵਿਚ ਖ਼ੂਬ ਲੜਾਈ ਹੋਈ। ਸਿੱਖ ਫ਼ੌਜਾਂ ਨੇ ਡੋਗਰਿਆਂ ਦੇ ਖ਼ੂਬ ਆਹੂ ਲਾਹੇ। ਬਹੁਤ ਸਾਰੇ ਡੋਗਰੇ ਮਾਰੇ ਗਏ। ਲਾਹੌਰ ਤੋਂ 35-40 ਕਿਲੋਮੀਟਰ ਦੂਰ ਤਕ ਲੜਾਈ ਹੁੰਦੀ ਗਈ। ਇੱਥੇ ਇਕ ਪਿੰਡ ਲੁਬਾਣਿਆਂ ਦਾ ਸੀ। ਸਿੱਖ ਫ਼ੌਜ ਨੇੜੇ ਪੁੱਜੀ ਵੇਖ ਕੇ, ਹੀਰਾ ਸਿੰਘ, ਪੰਡਤ ਜੱਲ੍ਹਾ, ਸੋਹਣ ਸਿੰਘ (ਪੁਤਰ ਗੁਲਾਬ ਸਿੰਘ ਡੋਗਰਾ) ਤੇ ਲਾਭ ਸਿੰਘ ਡੋਗਰਾ ਇੱਥੇ ਲੁਕ ਗਏ। ਪਰ ਕੁਝ ਚਿਰ ਮਗਰੋਂ, ਜਦ ਉਨ੍ਹਾਂ ਨੂੰ ਬਹੁਤ ਪਿਆਸ ਲਗੀ ਤਾਂ ਉਹ ਇਕ ਖੂਹ ਵਲ ਆਏ। ਸਿੱਖ ਫ਼ੌਜੀਆਂ ਦੀ ਨਿਗਾਹ ਉਨ੍ਹਾਂ ਵਲ ਪਈ ਤਾਂ ਉਨ੍ਹਾਂ ਨੇ ਇਨ੍ਹਾਂ ਤੇ ਬੰਦੂਕਾਂ ਨਾਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਨਾਲ ਹਾਥੀ ਤੇ ਬੈਠਾ ਸੋਹਣ ਸਿੰਘ ਮਾਰਿਆ ਗਿਆ। ਲਾਭ ਸਿੰਘ ਡੋਗਰੇ ਨੂੰ ਵੀ ਗੋਲੀ ਲਗੀ। ਉਹ ਘੋੜਾ ਭਜਾ ਕੇ ਜੰਮੂ ਵਲ ਚਲਾ ਗਿਆ। ਸਿੱਖ ਫ਼ੌਜਾਂ ਨੇ ਉਸ ਦਾ ਪਿੱਛਾ ਕੀਤਾ ਤੇ 7-8 ਕਿਲੋਮੀਟਰ ਦੂਰ ਜਾ ਕੇ ਉਸ ਨੂੰ ਘੇਰ ਕੇ ਮਾਰ ਦਿਤਾ। ਇਸ ਦੇ ਨਾਲ ਹੀ ਸਿੱਖ ਫੌਜੀਆਂ ਨੇ ਹੀਰਾ ਸਿੰਘ 'ਤੇ ਵੀ ਹਮਲਾ ਕੀਤਾ। ਉਸ ਨੇ ਅੱਗੋਂ ਟਾਕਰਾ ਕੀਤਾ ਪਰ ਇਕ ਸਿੱਖ ਦੇ ਨੇਜ਼ੇ ਨਾਲ ਉਹ ਵੀ ਮਾਰਿਆ ਗਿਆ। ਪੰਡਤ ਜਲ੍ਹਾ ਤਾਂ ਤਲਵਾਰ ਦੇ ਇਕ ਵਾਰ ਨਾਲ ਹੀ ਮਾਰਿਆ ਗਿਆ। ਇਨ੍ਹਾਂ ਸਾਰਿਆਂ ਦੇ ਮਰਨ ਮਗਰੋਂ ਫ਼ੌਜਾਂ ਦਰਬਾਰ ਦਾ ਸਾਰਾ ਖ਼ਜ਼ਾਨਾ ਤੇ ਹੋਰ ਸਾਰਾ ਮਾਲ-ਮੱਤਾ ਲੈ ਕੇ ਲਾਹੌਰ ਮੁੜ ਆਈਆਂ।

1845: ਫ਼ੀਰੋਜ਼ਸ਼ਾਹ ਵਿਚ ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ ਜੰਗ ਹੋਈ

ਸਿੱਖਾਂ (ਦਰਅਸਲ ਲਾਹੌਰ ਦਰਬਾਰ) ਅਤੇ ਅੰਗਰੇਜ਼ਾਂ ਵਿਚ ਦੂਜੀ ਲੜਾਈ 21 ਦਸੰਬਰ 1845 ਦੇ ਦਿਨ ਫੇਰੂ ਸ਼ਹਿਰ ਵਿਚ ਹੋਈ। ਇਸ ਲੜਾਈ ਵਿਚ ਵੀ ਲਾਲ ਸਿੰਹ ਅਤੇ ਤੇਜਾ ਸਿੰਹ ਨੇ, ਅੰਗਰੇਜ਼ਾਂ ਨਾਲ ਪਹਿਲਾਂ ਬਣੇ ਪਲਾਨ ਮੁਤਾਬਿਕ, ਸਿੱਖ ਫ਼ੌਜਾਂ ਨੂੰ ਪੂਰਾ ਅਸਲਾ ਨਾ ਦਿਤਾ, ਉਨ੍ਹਾਂ ਨੂੰ ਅੰਗਰੇਜ਼ਾਂ ਦੇ ਨਾਜ਼ੁਕ ਅਤੇ ਅਹਿਮ ਠਿਕਾਣਿਆਂ 'ਤੇ ਹਮਲਾ ਨਾ ਕਰਨ ਦਿਤਾ ਅਤੇ ਜਿਸ ਪਾਸੇ ਸਿੱਖ ਫ਼ੌਜਾਂ ਦੀ ਤਾਕਤ ਵਧੇਰੇ ਵੇਖੀ ਉੱਥੋਂ ਹੀ ਹਮਲਾ ਰੁਕਵਾ ਦਿਤਾ ਤਾਂ ਜੋ ਅੰਗਰੇਜ਼ ਫ਼ੌਜਾਂ ਦੀ ਮਦਦ ਕੀਤੀ ਜਾ ਸਕੇ। ਇਸ ਮਗਰੋਂ ਲਾਲ ਸਿੰਹ, ਕਨ੍ਹਈਆ ਲਾਲ, ਅਯੁਧਿਆ ਪ੍ਰਸ਼ਾਦ ਤੇ ਅਮਰ ਨਾਥ 6-7 ਹਜ਼ਾਰ ਸਿੱਖ ਫ਼ੌਜਾਂ ਨੂੰ ਇਕੱਲਿਆਂ ਛੱਡ ਕੇ ਮੈਦਾਨ' ਚੋਂ ਖਿਸਕ ਗਏ ਪਰ ਆਗੂ-ਹੀਣ ਸਿੱਖ ਫ਼ੌਜਾਂ ਮੈਦਾਨ ਵਿਚ ਡੱਟੀਆਂ ਰਹੀਆਂ। ਇਨ੍ਹਾਂ ਦਾ ਨਿਸ਼ਾਨਾ ਕਮਾਂਡਰ-ਹੀਣ ਸਿੱਖ ਫ਼ੌਜ ਨੂੰ ਮਰਵਾਉਣ ਦਾ ਸੀ। ਇਸ ਜੰਗ ਵਿਚ ਸਿੱਖਾਂ ਦੇ ਖ਼ਿਲਾਫ਼ ਲੜ ਰਹੇ ਅੰਗਰੇਜ਼ ਜਰਨੈਲ ਕਨਿੰਘਮ ਮੁਤਾਬਿਕ "ਲਾਲ ਸਿੰਹ ਤੇ ਤੇਜਾ ਸਿੰਹ ਦਾ ਨਿਸ਼ਾਨਾ ਇੱਕਾ-ਦੁੱਕਾ (ਸਿੱਖ ਭਵੀਜ਼ਨਾਂ) ਨੂੰ ਖਤਮ ਕਰ ਕੇ ਅੰਗਰੇਜ਼ਾਂ ਦੀ ਮਦਦ ਕਰਨਾ ਨਹੀਂ ਸੀ ਬਲਕਿ ਸਾਰੀ ਫ਼ੌਜ ਨੂੰ ਖਿੰਡਾ-ਪੁੰਡਾ ਕੇ ਖ਼ਤਮ ਕਰਨਾ ਸੀ।" ਇਹ ਦੋਵੇਂ ਬ੍ਰਾਹਮਣ ਅੰਗਰੇਜ਼ਾਂ ਨੂੰ ਜਿਤਾ ਕੇ ਉਨ੍ਹਾਂ ਹੇਠ ਵੱਡੇ ਵਜ਼ੀਰ (ਪ੍ਰਾਈਮ ਮਨਿਸਟਰ) ਬਣਨਾ ਲੋਚਦੇ ਸਨ। ਇਨ੍ਹਾਂ ਨੇ ਅੰਗਰੇਜ਼ਾਂ ਨੂੰ ਆਪਣੀ ਵਫ਼ਾਦਾਰੀ ਸਾਬਿਤ ਵੀ ਕਰ ਵਿਖਾਈ ਸੀ।

ਫੇਰੂ ਸ਼ਹਿਰ ਦੀ ਲੜਾਈ ਵਿਚ 694 ਅੰਗਰੇਜ਼ਾਂ ਮਾਰੇ ਗਏ ਸਨ ਤੇ 1721 ਜ਼ਖ਼ਮੀ ਹੋਏ ਸਨ। ਮਾਰੇ ਜਾਣ ਵਾਲਿਆਂ ਵਿਚੋਂ 103 ਅਫ਼ਸਰ ਵੀ ਸਨ ਤੇ ਇਨ੍ਹਾਂ ਵਿਚ ਉਹ ਮੇਜਰ ਬਰੋਡਫ਼ੁਟ ਵੀ ਸ਼ਾਮਿਲ ਸੀ ਜਿਸ ਨੇ ਇਸ ਜੰਗ ਦੀ ਪਹਿਲੀ ਗੋਲੀ ਚਲਾਈ ਸੀ। ਇਸ ਲੜਾਈ ਵਿਚ ਢਾਈ-ਤਿੰਨ ਹਜ਼ਾਰ ਸਿੱਖ ਵੀ ਮਾਰੇ ਗਏ ਸਨ।

ਇਸ ਲੜਾਈ ਵਿਚ ਗ਼ਦਾਰ ਬ੍ਰਾਹਮਣਾਂ ਲਾਲ ਸਿੰਘ ਤੇ ਤੇਜਾ ਸਿੰਘ ਨੇ ਅੰਗਰੇਜ਼ਾਂ ਦਾ ਪਰਾ ਸਾਥ ਦਿੱਤਾ ਪਰ ਫਿਰ ਵੀ ਅੰਗਰੇਜ਼ ਅਫ਼ਸਰ ਸਿੱਖਾਂ ਤੋਂ ਬੁਰੀ ਤਰ੍ਹਾਂ ਡਰੇ ਹੋਏ ਸਨ। ਇਸ ਜੰਗ ਦੌਰਾਨ ਪਟਿਆਲਾ, ਨਾਭਾ ਤੇ ਹੋਰ ਸਤਲੁਜ ਪਾਰਲੀਆਂ ਸਿੱਖ ਰਿਆਸਤਾਂ ਅੰਗਰੇਜ਼ਾਂ ਵੱਲੋਂ ਲਾਹੌਰ ਦਰਬਾਰ ਦੇ ਖ਼ਿਲਾਫ਼ ਲੜੀਆਂ ਸਨ। ਇੰਞ ਹੀ ਅਗਰੇਜ਼ੀ ਫ਼ੌਜ ਦੇ ਅਫ਼ਸਰ ਸਾਰੇ ਹੀ ਅੰਗਰੇਜ਼ ਸਨ ਪਰ ਉਨ੍ਹਾਂ ਹੇਠ ਲੜਨ ਵਾਲੇ ਸਿਪਾਹੀਆਂ ਵਿੱਚੋਂ ਬਹੁਤੇ ਹਿੰਦੂਸਤਾਨੀ ਹੀ ਸਨ। ਦੂਜੇ ਲਫ਼ਜ਼ਾਂ ਵਿਚ ਪੰਜਾਬ 'ਤੇ ਅੰਗਰੇਜ਼ੀ ਕਬਜ਼ਾ ਕਰਵਾਉਣ ਵਾਲੇ ਹਿੰਦੂਸਤਾਨੀ ਅਤੇ ਸਤਲੁਜ ਪਾਰ ਪੰਜਾਬੀ ਰਿਆਸਤਾਂ ਦੇ ਫ਼ੌਜੀ ਸਨ।

1981: ਜ: ਸੰਤੋਖ ਸਿੰਘ ਦਿੱਲੀ ਤੇ ਸੋਹਨ ਸਿੰਘ ਸੰਧੂ ਦੋਵੇਂ ਸ਼ੱਕੀ ਹਾਲਤਾਂ ਵਿਚ ਮਾਰੇ ਗਏ

ਦਿੱਲੀ ਦਾ ਸਿੱਖ ਆਗੂ ਜਥੇਦਾਰ ਸੰਤੋਖ ਸਿੰਘ ਇੰਦਰਾ ਗਾਂਧੀ ਦਾ ਪੱਕਾ ਵਫ਼ਾਦਾਰ ਸੀ ਤੇ ਦੋਵੇਂ ਇਕ ਦੂਜੇ ਦਾ ਪੂਰਾ ਸਾਥ ਦੇਂਦੇ ਸਨ ਤੇ ਹਰ ਸਮੇਂ ਦੂਜੇ ਦੇ ਕੰਮ ਆਉਂਦੇ ਸਨ ਪਰ 9 ਸਤੰਬਰ 1981 ਦੇ ਦਿਨ ਸੰਤੋਖ ਸਿੰਘ ਵੱਲੋਂ ਅਕਾਲ ਤਖ਼ਤ 'ਤੇ ਪੇਸ਼ ਹੋਣ 'ਤੇ ਇੰਦਰਾ ਉਸ ਨਾਲ ਨਾਰਾਜ਼ ਹੋ ਗਈ ਕਿਉਂ ਕਿ ਉਸ ਦੇ ਰੋਕਣ ਦੇ ਬਾਵਜੂਦ ਉਹ ਅੰਮ੍ਰਿਤਸਰ ਚਲਾ ਗਿਆ ਸੀ। ਇਸ ਮਗਰੋਂ ਦੋਹਾਂ ਨੇ ਇਕ ਦੂਜੇ ਨਾਲ ਬੋਲਚਾਲ ਵੀ ਬੰਦ ਕਰ ਦਿੱਤਾ। ਜਥੇਦਾਰ ਸੰਤੋਖ ਸਿੰਘ ਨੇ ਵੀ ਹੁਣ ਬਾਗ਼ੀ ਸੁਰ ਅਪਣਾ ਲਈ ਅਤੇ ਭਿੰਡਰਾਂ ਵਾਲੇ ਦੇ ਕੈਂਪ ਵਿਚ ਸ਼ਾਮਿਲ ਹੋਣ ਦਾ ਫ਼ੈਸਲਾ ਕਰ ਲਿਆ।

20 ਸਤੰਬਰ 1981 ਦੇ ਦਿਨ ਜਦ ਮਹਿਤਾ ਚੌਕ ਵਿਚ ਪੁਲਸ ਬਾਬਾ ਜਰਨੈਲ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਕਾਰ ਵਿਚ ਬਿਠਾ ਕੇ ਲਿਜਾ ਰਹੀ ਸੀ ਤਾਂ ਜਥੇਦਾਰ ਸੰਤੋਖਸਿੰਘ ਦਿੱਲੀ ਨੇ ਇਕ ਡਰਾਮਾ ਕੀਤਾ। ਉਹ ਉਸ ਕਾਰ ਦੀ ਬੌਨਟ 'ਤੇ ਬੈਠ ਗਿਆ ਅਤੇ ਕਿਹਾ ਕਿ ਉਹ ਕਾਰ ਨੂੰ ਜਾਣ ਨਹੀਂ ਦੇਵੇਗਾ। ਕੁਝ ਚਿਰ ਮਗਰੋਂ ਭਿੰਡਰਾਂਵਾਲਿਆ ਦੇ ਕਹਿਣ 'ਤੇ ਉਹ ਬੌਨਟ ਤੋਂ ਉਤਰਿਆ ਤਾਂ ਹੀ ਪੁਲਸ ਦੀ ਗੱਡੀ ਅੱਗੇ ਜਾ ਸਕੀ। ਸੰਤੋਖ ਸਿੰਘ ਇੰਦਰਾ ਗਾਂਧੀ ਦਾ ਖਾਸਮ ਖਾਸ ਸੀ ਪਰ ਕੁਝ ਚਿਰ ਤੋਂ ਦੋਹਾਂ ਵਿਚ ਫ਼ਰਕ ਆ ਗਏ ਸਨ ਅਤੇ ਸੰਤੋਖ ਸਿੰਘ ਨੇ ਬਾਗ਼ੀ ਸੁਰ ਅਖ਼ਤਿਆਰ ਕਰ ਲਈ ਹੋਈ ਸੀ। ਉਂਜ ਉਸ ਦਾ ਸੁਭਾਅ ਪਹਿਲਾਂ ਤੋਂ ਹੀ ਖਾੜਕੂ ਅਤੇ ਕੁਝ ਹੱਦ ਤਕ ਦਲੇਰਾਨਾ ਵੀ ਸੀ।

ਜਦ ਇਹ ਖ਼ਬਰਾਂ ਇੰਦਰਾ ਗਾਂਧੀ ਤਕ ਪੁੱਜੀਆਂ ਤਾਂ ਉਸ ਨੇ ਸੰਤੋਖ ਸਿੰਘ ਦਾ ਕੰਡਾ ਕੱਢਣ ਦਾ ਫ਼ੈਸਲਾ ਕਰ ਲਿਆ। 21 ਦਸੰਬਰ 1981 ਦੇ ਦਿਨ ਜਦ ਉਹ ਕਾਰ ਵਿਚ ਜਾ ਰਿਹਾ ਸੀ ਤਾਂ ਉਸ ਦੀ ਕਾਰ ਨੂੰ ਇਕ ਹੋਰ ਮੈਂਬਰ ਸੋਹਨ ਸਿੰਘ ਸੰਧੂ ਨੇ ਰੋਕਿਆ। ਪੁਲਸ ਮੁਤਾਬਿਕ ਇਸ ਮੌਕੇ 'ਤੇ ਦੋਹਾਂ ਵਿਚ ਝਗੜਾ ਹੋਇਆ ਅਤੇ ਦੋਵੇਂ ਇਕ ਦੂਜੇ ਦੀ ਗੋਲੀ ਨਾਲ ਮਰ ਗਏ। ਪਰ ਦਰਅਸਲ ਇਹ ਆਪਸੀ ਝਗੜੇ ਦਾ ਕਤਲ ਨਹੀਂ ਸੀ ਕਿਉਂ ਕਿ ਸੰਧੂ ਦੇ ਜਿਸ ਰਿਵਲਵਰ ਨਾਲ ਗੋਲੀ ਚਲਾਈ ਗਈ ਕਹੀ ਗਈ ਸੀ ਉਹ ਰਿਵਾਲਵਰ ਗ਼ਾਇਬ ਹੋ ਗਿਆ ਸੀ। ਜਥੇਦਾਰ ਦੇ ਪੁੱਤਰ ਦਾ ਅਜ ਵੀ ਦੋਸ਼ ਹੈ ਕਿ ਇਹ ਕਤਲ ਖ਼ੁਫ਼ੀਆ ਏਜੰਸੀਆਂ ਨੇ ਕਰਵਾਇਆ ਸੀ।

1988: ਹਰਜਿੰਦਰ ਸਿੰਘ ਜਿੰਦਾ ਤਲਵੰਡੀ ਭਿੰਡਰਾਂ ਨਕਲੀ ਮੁਕਾਬਲੇ ਵਿਚ ਸ਼ਹੀਦ

21 ਦਸੰਬਰ 1988 ਦੇ ਦਿਨ ਪੁਲਸ ਨੇ ਹਰਜਿੰਦਰ ਸਿੰਘ ਜਿੰਦਾ (ਪੁੱਤਰ ਨਾਜਰ ਸਿੰਘ, ਤਲਵੰਡੀ ਭਿੰਡਰਾਂ, ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1990: ਮਨਜਿੰਦਰ ਸਿੰਘ ਲਾਲੀ ਪੱਖੋਕੇ ਨਕਲੀ ਮੁਕਾਬਲੇ ਵਿਚ ਸ਼ਹੀਦ

21 ਦਸੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਮਨਜਿੰਦਰ ਸਿੰਘ ਲਾਲੀ (ਵਾਸੀ ਪੱਖੋਕੇ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1991: ਦਿਲਬਾਗ ਸਿੰਘ ਬਕਠਾਣਾ ਟੁੱਲੀਆਂ ਨਕਲੀ ਮੁਕਾਬਲੇ ਵਿਚ ਸ਼ਹੀਦ

21 ਦਸੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਦਿਲਬਾਗ ਸਿੰਘ (ਪੁੱਤਰ ਰਵੇਲ ਸਿੰਘ, ਵਾਸੀ ਬਕਠਾਣਾ ਟੁੱਲੀਆਂ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1992: ਜੋਗਿੰਦਰ ਸਿੰਘ, ਭੂਪਿੰਦਰ ਸਿੰਘ ਭਿੰਡ, ਸੁਰਜੀਤ ਸਿੰਘ ਤੇ ਚਾਰ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ

21 ਦਸੰਬਰ 1992 ਦੇ ਦਿਨ ਜੋਗਿੰਦਰ ਸਿੰਘ, ਭੂਪਿੰਦਰ ਸਿੰਘ ਭਿੰਡ, ਸੁਰਜੀਤ ਸਿੰਘ ਤੇ ਚਾਰ ਹੋਰ ਸਿੱਖਾਂ ਨੂੰ ਪੁਲਸ ਨੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤਾ।

22 ਦਸੰਬਰ

1705: ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਖ਼ਤ ਲਿਖਿਆ

ਦੀਨਾ ਕਾਂਗੜ ਬੈਠ ਕੇ 22 ਦਸੰਬਰ 1705 ਦੇ ਦਿਨ ਇਕ ਔਰੰਗਜ਼ੇਬ ਦੇ ਨਾਂ ਇਕ ਖ਼ਤ ਲਿਖਿਆ (ਜਿਸ ਜਗਹ ਗੁਰੂ ਜੀ ਨੇ ਖ਼ਤ ਲਿਖਿਆ ਸੀ ਹੁਣ ਉਸ ਜਗਹ ਦਿਆਲਪੁਰਾ ਭਾਈਕਾ ਪਿੰਡ ਵਸ ਚੁਕਾ ਹੈ)। ਗੁਰੂ ਸਾਹਿਬ ਨੇ ਇਹ ਖ਼ਤ ਦੋ ਪਿਆਰਿਆਂ, ਭਾਈ ਦਯਾ ਸਿੰਘ ਭਾਈ ਧਰਮ ਸਿੰਘ, ਨੂੰ ਦੇ ਕੇ ਔਰੰਗਜ਼ੇਬ ਤੱਕ ਪਹੁੰਚਾਉਣ ਵਾਸਤੇ ਭੇਜ ਦਿੱਤਾ।

ਖ਼ਤ ਲਿਖਣ ਦਾ ਕਾਰਨ: 'ਗੁਰੂ ਕੀਆਂ ਸਾਖੀਆਂ' ਮੁਤਾਬਿਕ ਗੁਰੂ ਜੀ ਨੂੰ ਅਨੰਦਪੁਰ ਵਿਚ 4 ਦਸੰਬਰ 1705 ਦੇ ਦਿਨ ਔਰੰਗਜ਼ੇਬ ਦਾ ਲਿਖਿਆ ਇਕ ਖ਼ਤ ਮਿਲਿਆ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਮੈਂ ਕਾਂਗੜ ਪਿੰਡ ਵਿਚ ਪਹੁੰਚਣ ਵਾਲਾ ਹਾਂ ਤੁਸੀਂ ਵੀ ਅਨੰਦਪੁਰ ਖਾਲੀ ਕਰ ਕੇ ਉਥੇ ਆ ਜਾਓ ਤੇ ਗਲਬਾਤ ਕਰਾਂਗੇ। ਦਰਅਸਲ ਇਹ ਖ਼ਤ ਜਾਅਲੀ ਸੀ ਅਤੇ ਇਸ ਨੂੰ ਸਮਾਣੇ ਦੇ ਇਕ ਪਠਾਣ ਨੇ ਔਰੰਗਜ਼ੇਬ ਦੇ ਨਾਂ 'ਤੇ ਲਿਖਿਆ ਸੀ। ਜਦ ਗੁਰੂ ਜੀ ਦੀਨਾ ਕਾਂਗੜ ਪੁੱਜੇ ਤਾਂ ਔਰੰਗਜ਼ੇਬ ਉਥੇ ਨਹੀਂ ਸੀ ਕਿਉਂ ਕਿ ਖ਼ਤ ਜਾਅਲੀ ਸੀ ਪਰ ਗੁਰੂ ਜੀ ਨੂੰ ਅਜੇ ਵੀ ਨਹੀਂ ਪਤਾ ਸੀ ਕਿ ਖ਼ਤ ਜਾਅਲੀ ਸੀ ਇਸ ਕਰ ਕੇ ਉਨ੍ਹਾਂ ਨੇ ਔਰੰਗਜ਼ੇਬ ਨੂੰ ਇਹ ਖ਼ਤ ਲਿਖਿਆ ਸੀ। ਕੁਝ ਲੋਕ *'ਜ਼ਫ਼ਰਨਾਮਾ'* ਨਾਂ ਦੀ ਇਕ ਫ਼ਾਰਸੀ ਕਵਿਤਾ ਨੂੰ ਗੁਰੂ ਜੀ ਦਾ ਉਹ ਖ਼ਤ ਕਹਿ ਦੇਂਦੇ ਹਨ ਜਿਹੜਾ ਉਨ੍ਹਾਂ ਨੇ ਔਰੰਗਜ਼ੇਬ ਨੂੰ ਲਿਖਿਆ ਸੀ; ਇਹ ਗ਼ਲਤ ਹੈ। ਦਰਅਸਲ ਉਹ ਕਵਿਤਾ ਗੁਰੂ ਜੀ ਦੀ ਲਿਖੀ ਹੋਈ ਨਹੀਂ ਤੇ ਬਾਕੀ ਅਖੌਤੀ ਦਸਮਗ੍ਰੰਥ ਵਾਂਗ ਨਕਲੀ ਹੈ। ਜੇ ਮੰਨ ਵੀ ਲਈਏ ਕਿ ਇਹ ਖ਼ਤ ਉਹੀ ਹੈ ਤਾਂ ਦੋ ਸਵਾਲ ਉਠਦੇ ਹਨ ਕਿ ਇਹ ਖ਼ਤ ਵਾਪਿਸ ਕਿਵੇਂ ਪੁੱਜ ਗਿਆ ਜਾਂ ਗੁਰੂ ਜੀ ਨੇ ਇਸ ਦੀ ਫ਼ੋਟੋ ਕਾਪੀ ਜਾਂ ਹਥ ਲਿਖਤ ਉਤਾਰਾ ਰਿਜਾਰਡ ਵਜੋਂ ਰੱਖ ਲਿਆ ਸੀ (ਤੇ ਹੱਥ ਲਿਖਤ ਰੱਖੀ ਸੀ ਤਾਂ ਉਸ ਦਾ ਅਸਲ ਕਿੱਥੇ ਹੈ?)। ਦੂਜਾ ਜੇ ਇਹ ਉਹੀ ਖ਼ਤ ਹੁੰਦਾ ਤਾਂ ਔਰੰਗਜ਼ੇਬ ਇਸ ਨੂੰ ਪੜ੍ਹ ਕੇ ਲਾਹੌਰ ਅਤੇ ਸਰਹੰਦ ਦੇ ਨਵਾਬਾਂ ਨੂੰ ਦੋ ਖ਼ਤ ਲਿਖ ਕੇ ਗੁਰੂ ਜੀ ਨੂੰ ਹਿਫ਼ਾਜ਼ਤ ਨਾਲ ਔਰੰਗਾਬਾਦ ਪਹੁੰਚਾਉਣ ਵਿਚ ਮਦਦ ਕਰਨ ਵਾਸਤੇ ਨਾ ਲਿਖਦਾ ਸਗੋਂ, ਜਿਵੇਂ ਉਸ ਦਾ ਸੁਭਾਅ ਸੀ, ਉਹ ਗੁੱਸੇ ਵਿਚ ਆਉਂਦਾ।

1932: ਲੰਡਨ ਵਿਚ ਤੀਜੀ ਗੋਲਮੇਜ਼ ਕਾਨਫ਼ਰੰਸ ਹੋਈ

1932 ਵਿਚ ਸੈਂਟਰ ਅਤੇ ਸੂਬਿਆਂ ਵਿਚ ਵਖ ਵਖ ਕੌਮਾਂ ਦੀ ਬਰਤਾਨਵੀ ਸਰਕਾਰ ਨੇ ਫ਼ਿਰਕੂ ਨੁਮਾਇੰਦਗੀ ਦੇ ਮਸਲੇ ਦਾ ਹੱਲ ਕੱਡਣ ਵਾਸਤੇ ਦੂਜੀ ਗੋਲਮੇਜ਼ ਕਾਨਫ਼ਰੰਸ 17 ਸਤੰਬਰ 1931 ਨੂੰ ਲੰਡਨ ਵਿਚ ਬੁਲਾਈ।ਕਾਂਗਰਸ ਵਲੋਂ ਇਸ ਕਾਨਫ਼ਰੰਸ ਵਿਚ ਇਕੱਲਾ ਗਾਂਧੀ ਹੀ ਹਾਜ਼ਿਰ ਸੀ। ਇਸ ਕਾਨਫ਼ਰੰਸ ਦੌਰਾਨ ਇਕ ਸਬ-ਕਮੇਟੀ ਬਣਾ ਦਿਤੀ। ਇਸ ਕਮੇਟੀ ਵਿਚ ਮੁਸਲਮਾਨ ਨੁਮਾਇੰਦਿਆਂ ਨੇ ਪੰਜਾਬ ਵਿਚ ਅੱਧੀਆਂ ਤੋਂ ਵੱਧ ਸੀਟਾਂ (ਪੂਰੀ ਅਕਸਰੀਅਤ) ਦੀ ਮੰਗ ਕੀਤੀ। ਇਸ ਦੀ ਮੁਖ਼ਾਲਫ਼ਤ ਸੰਪੂਰਨ ਸਿੰਘ (ਉਦੋਂ ਐਮ.ਪੀ.) ਨੇ ਕੀਤੀ। ਉਸ ਨੇ ਕਿਹਾ ਕਿ ''ਪੰਜਾਬ ਵਿਚ ਮੁਸਲਿਮ ਅਕਸਰੀਅਤ ਵਾਲੀ ਸਰਕਾਰ ਨਾਲ ਖ਼ਾਨਾ-ਜੰਗੀ ਫ਼ੈਲ ਜਾਵੇਗੀ ਅਤੇ ਉਹ ਬਰਤਾਨੀਆਂ ਦੀ ਵੱਡੀ ਤਾਕਤ ਦੀ ਮਦਦ ਨਾਲ ਸਿੱਖਾਂ ਨੂੰ ਖ਼ਤਮ ਕਰ ਦੇਣਗੇ ਤੇ ਧਰਤੀ ਤੋਂ ਉਨ੍ਹਾਂ ਦਾ ਨਾਮੋ-ਨਿਸ਼ਾਂ ਮਿਟਾ ਦੇਣਗੇ।...ਮੈਂ ਇਹ ਨਹੀਂ ਕਹਿੰਦਾ ਕਿ ਕਿਸੇ ਇਕ ਕੌਮ ਦੀ ਅਕਸਰੀਅਤ ਨਾ ਹੋਵੇ, ਪਰ ਦੂਜੀਆਂ ਕੌਮਾਂ ਦੀ ਪਰਵਾਹ ਕੀਤੇ ਬਿਨਾਂ ਕਿਸੇ ਇਕ ਕੌਮ ਨੂੰ ਕਾਨੂੰਨੀ ਅਕਸਰੀਅਤ ਦੇ ਦੇਣਾ, ਮੇਰੀ ਜਾਚੇ, ਆਈਨੀ ਅਸੂਲਾਂ ਦੇ ਮੁੱਢੋਂ ਹੀ ਖ਼ਿਲਾਫ਼ ਹੋਵੇਗਾ।'' ਸੰਪੂਰਨ ਸਿੰਘ ਦੇ ਇਸ ਬਿਆਨ ਤੇ ਮੁਸਲਿਮ ਡੈਲੀਗੇਟ ਤਿਲਮਿਲਾ ਉੱਠੇ। ਸਰ ਮੁਹੰਮਦ ਸ਼ਫ਼ੀ ਨੇ ਇਸ ਸਬੰਧ ਵਿਚ ਬੋਲਦਿਆਂ ਆਖਿਆ ਕਿ ''ਮੈਨੂੰ ਆਪਣੇ ਸਿੱਖ ਭਰਾਵਾਂ ਦੇ ਲਫ਼ਜ਼ਾਂ 'ਤੇ ਬੇਹਦ ਤਕਲੀਫ਼ ਹੋਈ ਹੈ। ਮੈਂ ਤਾਂ ਸੋਚਿਆ ਸੀ ਕਿ ਸਭ ਦੇ ਸਾਂਝੇ ਗੁਰੂ ਨਾਨਕ ਸਾਹਿਬ ਦੇ ਪੈਰੋਕਾਰ ਸਾਰੀਆਂ ਕੌਮਾਂ ਵਿਚ ਏਕਤਾ ਕਾਇਮ ਕਰਨ ਦਾ ਵਸੀਲਾ ਬਣਨਗੇ।'' ਇਸ ਤਰ੍ਹਾਂ ਤਿੰਨਾਂ ਕੌਮਾਂ ਵਲੋਂ ਆਪੋ-ਆਪਣੇ ਸਟੈਂਡ 'ਤੇ ਅੜੇ ਰਹਿਣ ਕਾਰਨ ਇਸ ਕਾਨਫ਼ਰੰਸ 'ਚੋਂ ਕੁਝ ਵੀ ਨਾ ਨਿਕਲ ਸਕਿਆ। ਪੰਜਾਬ ਨੂੰ ਦੋ ਹਿੱਸਿਆਂ (ਮੁਸਲਿਮ ਅਕਸਰੀਅਤ ਤੇ ਗ਼ੈਰ-ਮੁਸਲਿਮ ਅਕਸਰੀਅਤ) ਵਿਚ ਵੰਡਣ ਦੀ ਗੱਲ ਵੀ ਕਾਮਯਾਬ ਨਾ ਹੋ ਸਕੀ।

ਜਿਵੇਂ ਕਿ ਨਵੰਬਰ 1927 ਵਿਚ ਲਾਰਡ ਬੀਰਕਨਹੈੱਡ ਨੇ ਆਖਿਆ ਸੀ ਕਿ ਭਾਰਤ ਦੀਆਂ ਵੱਖ-ਵੱਖ ਕੌਮਾਂ ਆਪਣੇ ਫ਼ਿਰਕੂ ਮਸਲੇ ਦਾ ਹੱਲ ਨਹੀਂ ਕੱਢ ਸਕਦੀਆਂ, ਹੁਣ ਜ਼ਾਹਿਰਾ ਤੌਰ 'ਤੇ ਸਾਬਿਤ ਹੋ ਗਿਆ ਸੀ। ਨਤੀਜੇ ਦੇ ਤੌਰ 'ਤੇ ਰੈਮਜ਼ੇ ਮੈਕਡਾਨਲਡ ਨੂੰ ਆਪਣਾ 'ਸਾਲਸੀ' ਫ਼ੈਸਲਾ ਦੇਣ ਦੀ ਖੁਲ੍ਹ ਮਿਲ ਗਈ (ਤੇ ਇਹ 17 ਅਗਸਤ 1932 ਦੇ ਦਿਨ 'ਫ਼ਿਰਕੂ ਫ਼ੈਸਲੇ' ਦੀ ਸ਼ਕਲ ਵਿਚ ਸਾਹਮਣੇ ਆਇਆ)। ਪਰ ਮਸਲਾ ਫਿਰ ਵੀ ਹੱਲ ਨਾ ਹੋਇਆ।

ਫ਼ਿਰਕੂ ਮਸਲੇ ਦਾ ਹੱਲ ਕਰਨ ਵਾਸਤੇ ਤੀਜੀ ਗੋਲਮੇਜ਼ ਕਾਨਫ਼ਰੰਸ ਦਸੰਬਰ 1932 ਵਿਚ ਲੰਡਨ ਵਿਚ ਹੋਈ। ਸਾਰੀਆਂ ਸਿੱਖ ਜਥੇਬੰਦੀਆਂ ਨੇ ਇਸ ਦਾ ਬਾਈਕਾਟ ਕੀਤਾ। ਅੰਗਰੇਜ਼ਾਂ ਨੇ ਇਸ ਵਾਰ ਵੀ ਤਾਰਾ ਸਿੰਘ ਨਾਂ ਦਾ ਇਕ ਨਾਮਾਲੂਮ ਸਿੱਖ ਲਭ ਲਿਆ ਅਤੇ ਉਸ ਨੂੰ ਲੰਡਨ ਲੈ ਗਏ। ਇਹ ਕਾਨਫ਼ਰੰਸ 22 ਦਸੰਬਰ 1932 ਦੇ ਦਿਨ ਹੋਈ ਸੀ।

1953: ਬੋਲੀ ਦੇ ਅਧਾਰ 'ਤੇ ਸੂਬੇ ਬਣਾਉਣ ਵਾਸਤੇ ਹਦਬੰਦੀ ਕਮਿਸ਼ਨ ਬਣਿਆ

24-25 ਅਕਤੂਬਰ 1953 ਨੂੰ ਅਕਾਲੀ ਦਲ ਵੱਲੋਂ ਪੰਜਾਬੀ ਸੂਬਾ ਕਨਵੈਨਸ਼ਨ ਕੀਤੀ ਗਈ। ਇਸ ਦੀ ਪ੍ਰਧਾਨਗੀ ਜਨਰਲ ਮੋਹਨ ਸਿੰਘ ਨੇ ਕੀਤੀ ਅਤੇ ਮੁਖ ਮਹਿਮਾਨ ਡਾਕਟਰ ਲੰਕਾ ਸੁੰਦਰਮ ਸਨ। ਕਨਵੈਨਸ਼ਨ ਨੇ ਰਾਜ ਪ੍ਰਮੁਖ (ਪੈਪਸੂ) ਦੀ ਆਸਾਮੀ ਖ਼ਤਮ ਕਰਨ ਅਤੇ ਪੰਜਾਬ ਤੇ ਪੈਪਸੂ ਨੂੰ ਇਕ ਕਰਨ ਦਾ ਮਤਾ ਪਾਸ ਕੀਤਾ। ਅਕਾਲੀਆਂ ਵੱਲੋਂ ਮੋਰਚਾ ਲਾਉਣ ਦੇ ਖ਼ਤਰੇ ਨੂੰ ਸਾਹਵੇਂ ਰਖਦਿਆਂ ਭਾਰਤ ਸਰਕਾਰ ਨੇ 22 ਦਸੰਬਰ 1953 ਨੂੰ, ਸੂਬਿਆਂ ਦਾ ਹੱਦਬੰਦੀ ਕਮਿਸ਼ਨ ਬਣਾ ਦਿੱਤਾ। ਇਸ ਕਮਿਸ਼ਨ ਦੇ ਤਿੰਨ 'ਚੋਂ ਦੋ ਮੈਂਬਰ ਹਿੰਦੂ ਸਨ ਅਤੇ ਉਹ ਵੀ ਕੱਟੜ। ਇਨ੍ਹਾਂ ਵਿਚੋਂ ਦੋ (ਹਿਰਦੇ ਨਾਥ ਕੁੰਜਰੂ ਅਤੇ ਪਾਨੀਕਰ) ਤਾਂ ਬੋਲੀ ਦੇ ਅਧਾਰ 'ਤੇ

ਸੂਬਿਆਂ ਦੇ ਸ਼ਰੇਆਮ ਮੁਖ਼ਾਲਿਫ਼ ਮੰਨੇ ਜਾਂਦੇ ਸਨ। (ਇਸ ਕਮਿਸ਼ਨ ਨੇ ਆਪਣੀ ਰਿਪੋਰਟ 10 ਮਹੀਨੇ ਮਗਰੋਂ ਅਕਤੂਬਰ 1955 ਵਿਚ ਪੇਸ਼ ਕੀਤੀ ਸੀ ਅਕਾਲੀ ਦਲ ਨੇ 16 ਅਕਤੂਬਰ 55 ਦੇ ਦਿਨ ਰੱਦ ਕਰ ਦਿੱਤੀ ਸੀ)।

1989: ਧਿਆਨ ਸਿੰਘ ਮੰਡ ਨੂੰ ਲੋਕ ਸਭਾ ਵਿਚ ਕ੍ਰਿਪਾਨ ਲਿਜਾਣ ਤੋਂ ਰੋਕਿਆ ਗਿਆ

26 ਨਵੰਬਰ 1989 ਦੇ ਦਿਨ ਲੋਕ ਸਭਾ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਸਿਮਰਨਜੀਤ ਸਿੰਘ ਮਾਨ, ਧਿਆਨ ਸਿੰਘ ਮੰਡ, ਅਤਿੰਦਰਪਾਲ ਸਿੰਘ, ਬਿਮਲ ਕੌਰ, ਸੁੱਚਾ ਸਿੰਘ ਮਲੋਆ (ਬੇਅੰਤ ਸਿੰਘ ਦੀ ਸਿੰਘਣੀ ਤੇ ਪਿਤਾ), ਜਗਦੇਵ ਸਿੰਘ ਖੁੱਡੀਆਂ ਤੇ ਹੋਰ ਖਾਲਿਸਤਾਨੀ ਹਿਮਾਇਤੀਆਂ ਨੂੰ ਜ਼ਬਰਦਸਤ ਕਾਮਯਾਬੀ ਹਾਸਿਲ ਹੋਈ। ਇਨ੍ਹਾਂ ਚੋਣਾਂ ਵਿਚ ਟੌਹੜਾ-ਬਾਦਲ ਧੜੇ ਦੇ ਸਾਰੇ ਉਮੀਦਵਾਰ ਬੁਰੀ ਤਰ੍ਹਾਂ ਹਾਰ ਗਏ ਤੇ ਉਨ੍ਹਾਂ ਦੀਆਂ ਜ਼ਮਾਨਤਾਂ ਵੀ ਜ਼ਬਤ ਹੋ ਗਈਆਂ। ਖਾੜਕੂਆਂ ਦੀ ਇਹ ਜਿੱਤ ਇਕ ਇਲਾਹੀ ਮੋਅਜਜ਼ਾ (ਕ੍ਰਿਸ਼ਮਾ) ਹੀ ਸੀ, ਵਰਨਾ ਨਾ ਉਹ ਜਥੇਬੰਦ ਸਨ ਤੇ ਨਾ ਹੀ ਉਨ੍ਹਾਂ ਕੋਲ ਕਾਂਗਰਸੀਆਂ ਜਾਂ ਅਕਾਲੀਆਂ ਵਾਲੀਆਂ ਸਹੂਲਤਾਂ ਤੇ ਸੋਮੇ। 2 ਦਸੰਬਰ 1989 ਦੇ ਦਿਨ ਸਿਮਰਨਜੀਤ ਸਿੰਘ ਮਾਨ ਨੂੰ ਰਿਹਾਅ ਕਰ ਦਿੱਤਾ ਗਿਆ ਪਰ, 22 ਦਸੰਬਰ ਦੇ ਦਿਨ ਜਦੋਂ ਧਿਆਨ ਸਿੰਘ ਮੰਡ ਐਮ.ਪੀ. ਆਪਣੀ ਵੱਡੀ ਕਿਰਪਾਨ ਸਣੇ ਲੋਕ ਸਭਾ ਵਿਚ ਜਾਣ ਲਗਾ ਤਾਂ ਉਸ ਨੂੰ ਸਕਿਉਰਿਟੀ ਨੇ ਦਾਖ਼ਲੇ ਤੋਂ ਨਾਂਹ ਕਰ ਦਿੱਤੀ। ਇਸ ਦੇ ਨਾਲ ਹੀ ਮਾਨ ਨੇ ਵੀ ਕਿਰਪਾਨ ਤੋਂ ਬਿਨਾ ਪਾਰਲੀਮੈਂਟ ਵਿਚ ਜਾਣ ਤੋਂ ਇਨਕਾਰ ਕਰ ਦਿੱਤਾ।

1991: ਕੇਵਲ ਸਿੰਘ ਕਮਲਾਪੁਰਾ, ਰਣਜੀਤ ਸਿੰਘ ਕਲੇਰ ਮਾਂਗਟ, ਕੁਲਵੰਤ ਸਿੰਘ ਲਹਿਰਾ ਬੇਗਾ, ਕੁਲਦੀਪ ਸਿੰਘ ਬੋਪਾਰਾਏ ਕਲਾਂ, ਬਚਨ ਸਿੰਘ ਡੱਲਾ, ਹਰਪਾਲ ਸਿੰਘ ਭਿੰਡਰਾਂ ਨਕਲੀ ਮੁਕਾਬਲਿਆਂ ਵਿਚ ਸ਼ਹੀਦ

21 ਦਸੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਕੇਵਲ ਸਿੰਘ (ਪੁੱਤਰ ਹਜ਼ਾਰਾ ਸਿੰਘ, ਵਾਸੀ ਕਮਲਾਪੁਰਾ), ਰਣਜੀਤ ਸਿੰਘ (ਪੁੱਤਰ ਸੇਵਾ ਸਿੰਘ, ਵਾਸੀ ਕਲੇਰ ਮਾਂਗਟ, ਨੇੜੇ ਲੁੰਦੜ, ਜ਼ਿਲ੍ਹਾ ਅੰਮ੍ਰਿਤਸਰ), ਕੁਲਵੰਤ ਸਿੰਘ (ਪੁੱਤਰ ਬਚਿਤਰ ਸਿੰਘ, ਵਾਸੀ ਲਹਿਰਾ ਬੇਗਾ, ਜ਼ਿਲ੍ਹਾ ਬਠਿੰਡਾ), ਕੁਲਦੀਪ ਸਿੰਘ (ਪੁੱਤਰ ਜਰਨੈਲ ਸਿੰਘ, ਵਾਸੀ ਬੋਪਾਰਾਏ ਕਲਾਂ, ਜ਼ਿਲ੍ਹਾ ਅੰਮ੍ਰਿਤਸਰ), ਬਚਨ ਸਿੰਘ (ਪੁੱਤਰ ਮਸਤਾਨ ਸਿੰਘ, ਵਾਸੀ ਡੱਲਾ, ਜ਼ਿਲ੍ਹਾ ਲੁਧਿਆਣਾ) ਤੇ ਹਰਪਾਲ ਸਿੰਘ (ਪੁੱਤਰ ਭਗਵਾਨ ਸਿੰਘ, ਵਾਸੀ ਭਿੰਡਰਾਂ, ਜ਼ਿਲ੍ਹਾ ਸੰਗਰੂਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤਾ।

2013: 22 ਦਸੰਬਰ 2013 ਦੇ ਦਿਨ ਮਾੜੀ ਕੰਬੋਕੇ (ਜ਼ਿਲ੍ਹਾ ਤਰਨਤਾਰਨ) ਦੇ ਗੁਰਦੁਆਰੇ ਦੀ ਹਦੂਦ ਵਿਚੋਂ ਸ਼ੇਰ ਸ਼ਾਹ ਵਲੀ ਦੀ ਸਮਾਧ ਢਾਹ ਦਿੱਤੀ ਗਈ।

23 ਦਸੰਬਰ

1931: ਮਹਾਰਾਜਾ ਰਿਪਦੁਮਨ ਸਿੰਘ ਨਾਭਾ ਦੀ ਮੌਤ ਹੋਈ

ਨਾਭਾ ਦੇ ਰਾਜੇ ਰਿਪਦੁਮਨ ਸਿੰਘ ਦਾ ਜਨਮ ਹੀਰਾ ਸਿੰਘ (ਪੁਤਰ ਭਾਈ ਸੁੱਖਾ ਸਿੰਘ ਵਾਸੀ ਬਡਰੁੱਖਾਂ) ਦੇ ਘਰ 4 ਮਾਰਚ 1883 ਦੇ ਦਿਨ ਹੋਇਆ ਸੀ। ਹੀਰਾ ਸਿੰਘ (1843-25.11.1911) ਖ਼ੁਦ ਇਕ ਰਾਜੇ ਦੇ ਘਰ ਨਹੀਂ ਜੰਮਿਆ ਸੀ ਪਰ ਜਦ ਨਾਭੇ ਦਾ ਰਾਜਾ ਭਗਵਾਨ ਸਿੰਘ 17 ਫ਼ਰਵਰੀ 1864 ਦੇ ਦਿਨ ਬੇ-ਔਲਾਦਾ ਮਰ ਗਿਆ ਤਾਂ ਕਾਨੂੰਨ ਮੁਤਾਬਿਕ

ਸ਼ਰੀਕੇ ਵਿਚੋਂ ਹੀਰਾ ਸਿੰਘ ਦਾ ਹੱਕ ਬਣਦਾ ਸੀ ਸੋ ਉਸ ਨੂੰ ਤਖ਼ਤ ਦਿੱਤਾ ਗਿਆ ਸੀ। 1908 ਵਿਚ ਹੀਰਾ ਸਿੰਘ ਦੇ ਪੁੱਤਰ ਕੰਵਰ ਰਿਪਦੁਮਨ ਸਿੰਘ ਨੂੰ ਇਮਪੀਰੀਅਲ ਕੌਂਸਲ ਦਾ ਮੈਂਬਰ ਬਣਾ ਦਿੱਤਾ ਗਿਆ। ਇਹ ਦਰਜਾ ਸੈਂਟਰ ਦੇ ਵਜ਼ੀਰ ਦਾ ਹੁੰਦਾ ਸੀ।

1908 ਵਿਚ ਕੰਵਰ ਰਿਪਦੁਮਨ ਸਿੰਘ (ਮਗਰੋਂ ਮਹਾਰਾਜਾ) ਨੇ 'ਅਨੰਦ ਮੈਰਿਜ ਬਿੱਲ' ਪੇਸ਼ ਕਰ ਕੇ 'ਅਨੰਦ ਕਾਰਜ' ਨੂੰ ਕਾਨੂੰਨੀ ਦਰਜਾ ਦਿਵਾਉਣ ਦੀ ਕੋਸ਼ਿਸ਼ ਕੀਤੀ; ਉਨ੍ਹਾਂ ਕੋਲੋਂ ਇਹ ਐਕਸ਼ਨ ਕਰਵਾਉਣ ਪਿੱਛੇ ਕੰਵਰ ਦੇ ਉਸਤਾਦ ਭਾਈ ਕਾਨ੍ਹ ਸਿੰਘ ਨਾਭਾ ਦਾ ਬਹੁਤ ਰੋਲ ਸੀ। ਪਰ ਦੂਜੇ ਪਾਸੇ ਕੰਵਰ ਰਿਪਦੁਮਨ ਸਿੰਘ ਦਾ ਬਾਪ, ਨਾਭਾ ਦਾ ਰਾਜਾ ਹੀਰਾ ਸਿੰਘ, ਇਸ ਬਿੱਲ ਦਾ ਵਿਰੋਧੀ ਸੀ ਕਿਉਂਕਿ ਉਸ ਨੇ 'ਸ਼ਾਹੀ ਖ਼ੂਨ ਦੇ ਅਖੌਤੀ ਉਚਾਪਣ' ਦੇ ਭਰਮ ਹੇਠ ਆਪਣੀ ਧੀ ਰਿਪਦੁਮਨ ਕੌਰ ਦਾ ਵਿਆਹ ਧੌਲਪੁਰ ਦੇ ਹਿੰਦੂ ਰਾਜੇ ਨਾਲ ਕਰਨ ਦੀ ਗੱਲਬਾਤ ਛੇੜੀ ਹੋਈ ਸੀ (ਅਜਿਹੇ 'ਸ਼ਾਹੀ ਖ਼ੂਨ' ਦੇ ਭਰਮ ਹੇਠ ਫ਼ਰੀਦਕੋਟ, ਜੀਂਦ ਤੇ ਮਗਰੋਂ ਪਟਿਆਲਾ ਦੇ ਸਿੱਖ ਰਾਜਿਆਂ ਨੇ ਵੀ ਆਪਣੀਆਂ ਸ਼ਹਿਜ਼ਾਦੀਆਂ, ਨਿੱਕੇ-ਮੋਟੇ ਹਿੰਦੂ ਰਜਵਾੜਿਆਂ ਨਾਲ ਵਿਆਹੀਆਂ ਸਨ)। ਅਨੰਦ ਬਿੱਲ ਪੇਸ਼ ਕਰਨ ਕਰ ਕੇ ਰਾਜਾ ਹੀਰਾ ਸਿੰਘ ਨੇ ਆਪਣੇ ਪੁੱਤਰ ਰਿਪਦੁਮਨ ਸਿੰਘ ਨੂੰ ਦੂਜੇ ਸਾਲ 1909 ਵਿਚ ਇਮਪੀਰੀਅਲ ਕੌਂਸਲ ਦਾ ਮੈਂਬਰ ਨਾ ਬਣਨ ਦਿੱਤਾ। ਉਸ ਦੀ ਥਾਂ ਸ. ਸੁੰਦਰ ਸਿੰਘ ਮਜੀਠਿਆ ਇਮਪੀਰੀਅਲ ਕੌਂਸਲ ਦੇ ਮੈਂਬਰ ਬਣੇ। (ਮਗਰੋਂ ਇਹ ਅਨੰਦ ਮੈਰਿਜ ਬਿੱਲ ਪਾਸ ਕਰਵਾਉਣ ਵਿਚ ਸ. ਸੁੰਦਰ ਸਿੰਘ ਮਜੀਠਿਆ ਨੇ ਵੀ ਬੜਾ ਰੋਲ ਅਦਾ ਕੀਤਾ)।

25 ਨਵੰਬਰ 1911 ਹੀਰਾ ਸਿੰਘ ਦੀ ਮੌਤ ਮਗਰੋਂ ਰਿਪਦੁਮਨ ਸਿੰਘ ਨਾਭਾ ਰਿਆਸਤ ਦਾ ਰਾਜਾ ਬਣਿਆ। ਰਿਪਦੁਮਨ ਸਿੰਘ ਭਾਈ ਕਾਹਨ ਸਿੰਘ ਨਾਭਾ ਤੋਂ ਪੜ੍ਹਿਆ ਸੀ ਇਸ ਕਰ ਕੇ ਉਸ ਵਿਚ ਪੰਥਕ ਸੋਚ ਕੁੱਟ ਕੁੱਟ ਕੇ ਭਰੀ ਹੋਈ ਸੀ। ਉਹ ਆਪਣੇ ਉਸਤਾਦ ਨੂੰ ਏਨਾ ਪਿਆਰ ਕਰਦਾ ਸੀ ਕਿ ਜਦ ਉਹ ਰਾਜਾ ਬਣਿਆ ਅਤੇ ਉਸ ਨੇ ਪਹਿਲਾ ਹੁਕਮ ਇਹ ਜਾਰੀ ਕੀਤਾ ਕਿ ਭਾਈ ਕਾਨ੍ਹ ਸਿੰਘ ਨੂੰ ਨਾਭਾ ਹਾਈ ਕੋਰਟ ਦਾ ਜੱਜ ਲਾ ਦਿੱਤਾ।

ਜਿਸ ਵੇਲੇ ਗੁਰਦੁਆਰਾ ਲਹਿਰ ਸ਼ੁਰੂ ਹੋਈ ਤਾਂ ਅੰਗਰੇਜ਼ੀ ਸਰਕਾਰ ਨੇ ਮਹੰਤਾਂ ਦਾ ਸਾਥ ਦਿੱਤਾ ਪਰ ਦੂਜੇ ਪਾਸੇ ਸਿੱਖ ਰਾਜਿਆਂ ਨੇ ਵੀ ਅਕਾਲੀਆਂ ਦਾ ਬਿਲਕੁਲ ਸਾਥ ਨਾ ਦਿੱਤਾ। ਸਿਰਫ਼ ਨਾਭਾ ਦੇ ਮਹਾਰਾਜੇ ਰਿਪੁਦਮਨ ਸਿੰਘ ਨੇ ਅਕਾਲੀ ਲਹਿਰ ਦੀ ਪੁਰਜ਼ੋਰ ਹਮਾਇਤ ਕੀਤੀ। ਜਦੋਂ ਨਾਨਕਾਣਾ ਸਾਹਿਬ ਕਤਲੇਆਮ ਦੇ ਖ਼ਿਲਾਫ਼ ਸ਼੍ਰੋਮਣੀ ਕਮੇਟੀ ਨੇ ਰੋਸ ਦਿਨ ਮਨਾਉਣ ਹਿਤ ਕਾਲੇ ਦਸਤਾਰੇ ਸਜਾਉਣ ਦੀ ਅਪੀਲ ਜਾਰੀ ਕੀਤੀ ਤਾਂ ਮਹਾਰਾਜਾ ਨਾਭਾ ਨੇ ਤਾਂ ਆਪ ਵੀ ਕਾਲੀ ਦਸਤਾਰ ਸਜਾਈ ਅਤੇ ਨਾਨਕਾਣਾ ਸਾਹਿਬ ਸਬੰਧੀ 'ਅਰਦਾਸ ਦਿਨ' ਦੇ ਮੌਕੇ 'ਤੇ ਸਰਕਾਰੀ ਛੁੱਟੀ ਵੀ ਕੀਤੀ। ਅੰਗਰੇਜ਼ਾਂ ਨੂੰ ਇਸ ਨਾਲ ਬੜੀ ਤਕਲੀਫ਼ ਹੋਈ ਕਿਉਂ ਕਿ ਸਰਕਾਰ ਤਾਂ ਕਾਲਾ ਦਸਤਾਰਾ ਸਜਾਉਣ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਕੇ ਸਜ਼ਾਵਾਂ ਦੇ ਰਹੀ ਸੀ। ਹਾਲਾਂ ਕਿ ਨਵੰਬਰ 1920 ਵਿਚ ਜਦੋਂ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਢੱਠੀ ਦੀਵਾਰ ਮੁੜ ਉਸਾਰਨ ਵਾਸਤੇ 'ਸ਼ਹੀਦੀ ਜਥਾ' ਦਿੱਲੀ ਲਿਜਾਣ ਦੀ ਤਾਰੀਖ਼ ਦਾ ਐਲਾਨ ਹੋਇਆ ਤਾਂ ਇਸ ਮਹਾਰਾਜਾ ਨਾਭਾ ਨੇ ਵਿਚੋਲਾ ਬਣ ਕੇ ਦੀਵਾਰ ਉਸਰਵਾ ਕੇ ਸਰਕਾਰ ਨੂੰ ਮੁਸ਼ਕਲ 'ਚੋਂ ਕੱਢ ਲਿਆ ਸੀ। ਪਰ ਫਿਰ ਵੀ ਸਰਕਾਰ ਨੂੰ ਨਾਭੇ ਦਾ ਮਹਾਰਾਜਾ ਚੁਭਦਾ ਹੀ ਰਿਹਾ।

ਪਟਿਆਲੇ ਦੇ ਰਾਜੇ ਭੂਪਿੰਦਰ ਸਿੰਘ ਦੇ ਸਬੰਧ ਅੰਗਰੇਜ਼ਾਂ ਨਾਲ ਬੜੇ ਡੂੰਘੇ ਸਨ। ਉਨ੍ਹੀਂ ਦਿਨੀਂ ਦੋਹਾਂ ਰਿਆਸਤਾਂ ਵਿਚ ਝਗੜੇ ਵਾਲੇ ਨੁਕਤਿਆਂ ਬਾਰੇ ਪੜਤਾਲ ਕਰਨ ਵਾਸਤੇ

ਬਰਤਾਨਵੀ ਹਕੂਮਤ ਨੇ ਅਲਾਹਬਾਦ ਹਾਈ ਕੋਰਟ ਦੇ ਇਕ ਜੱਜ ਨੂੰ ਤਾਇਨਾਤ ਕੀਤਾ ਹੋਇਆ ਸੀ। ਇਸ ਜੱਜ ਨੇ ਚਾਰ ਮਹੀਨੇ (ਜਨਵਰੀ ਤੋਂ ਅਪ੍ਰੈਲ 1923) ਪੜਤਾਲ ਕੀਤੀ ਅਤੇ ਜੂਨ ਦੇ ਪਹਿਲੇ ਹਫ਼ਤੇ ਆਪਣੀ ਰਿਪੋਰਟ ਗਵਰਨਰ ਜਨਰਲ ਕੋਲ ਪੇਸ਼ ਕਰ ਦਿੱਤੀ। ਮਗਰੋਂ ਸਰਕਾਰ ਦੇ ਪੋਲੀਟੀਕਲ ਏਜੰਟ ਕਰਨਲ ਮਿੰਚਨ ਨੇ ਇਸ 'ਤੇ ਵਿਚਾਰ ਕਰਨ ਵਾਸਤੇ ਮਹਾਰਾਜਾ ਨਾਭਾ ਨੂੰ ਕਸੌਲੀ ਬੁਲਾਇਆ। ਦੋਵੇਂ ਜਣੇ 5 ਜੂਨ 1923 ਦੇ ਦਿਨ ਕਸੌਲੀ ਵਿਚ ਮਿਲੇ। ਕਰਨਲ ਮਿੰਚਨ ਨੇ ਮਹਾਰਾਜਾ ਨਾਭਾ ਨੂੰ ਸਲਾਹ ਦਿੱਤੀ ਕਿ ਰਿਪੋਰਟ ਨੂੰ ਮੱਦੇ-ਨਜ਼ਰ ਰੱਖਦਿਆਂ ਉਸ ਨੂੰ ਚਾਹੀਦਾ ਹੈ ਕਿ ਉਹ ਆਪ ਹੀ ਤਖ਼ਤ ਛੱਡ ਕੇ ਰਿਆਸਤ ਨੂੰ ਆਪਣੇ ਨਾਬਾਲਗ ਪੁੱਤਰ ਦੇ ਹਵਾਲੇ ਕਰ ਦੇਵੇ। ਕਸੌਲੀ ਤੋਂ ਮੁੜਨ ਮਗਰੋਂ ਮਹਾਰਾਜਾ ਨਾਭਾ ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਨੂੰ ਮਿਲੇ ਅਤੇ ਸਾਰੀ ਹਾਲਤ ਦੱਸੀ। ਉਨ੍ਹਾਂ ਦੋਹਾਂ ਨੇ ਮਹਾਰਾਜੇ ਨੂੰ ਅਸਤੀਫ਼ਾ ਦੇਣ ਤੋਂ ਰੋਕਿਆ ਅਤੇ ਸ਼੍ਰੋਮਣੀ ਕਮੇਟੀ ਵਲੋਂ ਪੂਰੀ ਮਦਦ ਦਾ ਵਾਅਦਾ ਕੀਤਾ। ਪਰ ਕਰਨਲ ਮਿੰਚਨ ਬਹੁਤ ਚਾਲਾਕ ਸ਼ਖ਼ਸ ਸੀ। ਉਸ ਨੇ ਫੇਰ ਮਹਾਰਾਜੇ ਨੂੰ ਬੁਲਾ ਕੇ ਉਸ ਨਾਲ ਮੀਟਿੰਗ ਕੀਤੀ ਅਤੇ ਅਖ਼ੀਰ 7 ਜੁਲਾਈ 1923 ਦੇ ਦਿਨ ਮਹਾਰਾਜੇ ਕੋਲੋਂ ਤਖ਼ਤ ਛੱਡਣ ਦੇ ਕਾਗਜ਼ 'ਤੇ ਦਸਤਖ਼ਤ ਕਰਵਾ ਲਏ। ਅਗਲੇ ਦਿਨ ਹੀ ਮਿੰਚਨ ਅੰਗਰੇਜ਼ ਫੌਜਾਂ ਅਤੇ ਪੂਰਾ ਫ਼ੌਜੀ ਅਮਲਾ ਅਤੇ ਗੱਡੀਆਂ ਲੈ ਕੇ ਨਾਭੇ ਪਹੁੰਚ ਗਿਆ ਤੇ ਰਿਆਸਤ ਦਾ ਨਿਜ਼ਾਮ ਸੰਭਾਲ ਲਿਆ। ਮਹਾਰਾਜਾ ਰਿਪੁਦਮਨ ਸਿੰਘ ਨੂੰ ਦੇਹਰਾਦੂਨ ਭੇਜ ਦਿੱਤਾ ਗਿਆ।

ਦੋਹਾਂ ਰਾਜਿਆਂ ਦੇ ਝਗੜੇ ਸਬੰਧੀ ਸ਼੍ਰੋਮਣੀ ਕਮੇਟੀ ਨੇ ਇਕ ਡੈਪੂਟੇਸ਼ਨ ਵੀ ਭੇਜਿਆ ਸੀ ਜਿਸ ਨੇ ਮਹਾਰਾਜਾ ਪਟਿਆਲਾ ਨਾਲ ਮੁਲਾਕਾਤ ਕੀਤੀ ਪਰ ਨਾਭਾ ਰਾਜੇ ਨੇ 'ਬੀਮਾਰ' ਹੋਣ ਕਾਰਨ ਮਿਲਣ ਤੋਂ ਇਨਕਾਰ ਕਰ ਦਿੱਤਾ (ਹਫ਼ਤਾਵਾਰ ਅਖ਼ਬਾਰ 'ਪੰਜਾਬ ਦਰਪਣ', ਤਾਰੀਖ਼ 22-29 ਜੂਨ 1923 ਮੁਤਾਬਿਕ ਐਸ.ਐਸ. ਚਰਨ ਸਿੰਘ 'ਸ਼ਹੀਦ' ਨੇ ਪੈਸੇ ਲੈ ਕੇ ਨਾਭਾ ਦੇ ਸਾਰੇ ਰਾਜ਼ ਪਟਿਆਲਾ ਰਾਜਾ ਨੂੰ ਦੱਸ ਕੇ ਗ਼ਦਾਰੀ ਕੀਤੀ ਸੀ)। ਇਸ ਦੀ ਖ਼ਬਰ 9 ਜੁਲਾਈ 1923 ਦੇ ਦਿਨ ਅੰਮਿਤਸਰ ਪੁੱਜੀ ਸੀ ਜਿਸ ਨਾਲ ਸਾਰੇ ਪਾਸੇ ਜ਼ਬਰਦਸਤ ਰੋਸ ਫੈਲ ਗਿਆ। ਇਸ ਮਗਰੋਂ ਬਹੁਤ ਵੱਡਾ ਮੋਰਚਾ ਲਗਾ ਜੋ 1925 ਤਕ ਚਲਦਾ ਰਿਹਾ।

ਦੂਜੇ ਪਾਸੇ ਰਾਜਾ ਨਾਭਾ ਨੂੰ ਜਲਾਵਤਨ ਕਰ ਕੇ ਪਹਿਲਾਂ ਡੇਹਰਾਦੂਨ ਤੇ ਮਗਰੋਂ ਦੱਖਣ ਵਿਚ ਕੋਡਾਈ ਕਨਾਲ ਵਿਚ ਭੇਜ ਦਿੱਤਾ ਗਿਆ। ਰਾਜਾ 8 ਸਾਲ ਜਲਾਵਤਨ ਰਿਹਾ। ਉਸ ਦੀ ਮੌਤ 23 ਦਸੰਬਰ 1931 ਦੇ ਦਿਨ ਉਥੇ ਹੀ ਹੋਈ। ਇਕ ਰਿਵਾਇਤ ਮੁਤਾਬਿਕ ਉਨ੍ਹਾਂ ਦੀ ਮੌਤ 12 ਦਸੰਬਰ ਨੂੰ ਹੋਈ ਸੀ।

1988: ਸੁਰਿੰਦਰ ਸਿੰਘ ਛਿੰਦਾ ਜਲਾਲ ਉਸਮਾਨ ਨਕਲੀ ਮੁਕਾਬਲੇ ਵਿਚ ਸ਼ਹੀਦ

23 ਦਸੰਬਰ 1988 ਦੇ ਦਿਨ ਪੰਜਾਬ ਪੁਲਸ ਨੇ ਸੁਰਿੰਦਰ ਸਿੰਘ ਛਿੰਦਾ (ਵਾਸੀ ਜਲਾਲ ਉਸਮਾਨ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1989: ਪਰਗਟ ਸਿੰਘ ਸੁਰ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

23 ਦਸੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਪਰਗਟ ਸਿੰਘ (ਵਾਸੀ ਸੁਰ ਸਿੰਘ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1991: ਪਰਮਜੀਤ ਸਿੰਘ ਚੀਮਾ ਸਵਾਜ਼ਪੁਰ ਨਕਲੀ ਮੁਕਾਬਲੇ ਵਿਚ ਸ਼ਹੀਦ

23 ਦਸੰਬਰ 1991 ਦੇ ਦਿਨ ਪੁਲਸ ਨੇ ਪਰਮਜੀਤ ਸਿੰਘ ਉਰਫ਼ ਕਾਲਾ (ਪੁੱਤਰ ਹਜ਼ਾਰਾ ਸਿੰਘ, ਵਾਸੀ ਚੀਮਾ ਸਵਾਜ਼ਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1992 ਲਖਵਿੰਦਰ ਸਿੰਘ ਉਰਫ਼ ਬਘਿਆੜ, ਗੁਰਮੇਜ ਸਿੰਘ ਗੇਜਾ ਤੇ ਜੋਗਾ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

23 ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਲਖਵਿੰਦਰ ਸਿੰਘ ਉਰਫ਼ ਬਘਿਆੜ, ਗੁਰਮੇਜ ਸਿੰਘ ਗੇਜਾ ਤੇ ਜੋਗਾ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

1993: ਬਲਬੀਰ ਸਿੰਘ ਇੰਦਰਗੜ੍ਹ ਨਕਲੀ ਮੁਕਾਬਲੇ ਵਿਚ ਸ਼ਹੀਦ

23 ਦਸੰਬਰ 1993 ਦੇ ਦਿਨ ਪੰਜਾਬ ਪੁਲਸ ਨੇ ਬਲਬੀਰ ਸਿੰਘ (ਪੁੱਤਰ ਭਾਗ ਸਿੰਘ, ਵਾਸੀ ਇੰਦਰਗੜ੍ਹ, ਜ਼ਿਲ੍ਹਾ ਫ਼ੀਰੋਜ਼ਪੁਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿਤਾ।

24 ਦਸੰਬਰ

1985: ਬਟਾਲਾ ਵਿਚ ਫ਼ਿਰਕੂ ਹਿੰਦੂਆਂ ਨੇ ਇਕ ਗਰੀਬ ਸਿੱਖ ਦਾ ਖੋਖਾ ਤਲਾਅ ਵਿਚ ਸੁਟਿਆ

ਸੁਰਜੀਤ ਬਰਨਾਲਾ ਦੇ ਚੀਫ਼ ਮਨਿਸਟਰ ਬਣਨ ਮਗਰੋਂ ਸਿੱਖਾਂ ਨਾਲ ਸਗੋਂ ਧੱਕਾ ਹੋਣ ਲਗ ਪਿਆ। ਦਸੰਬਰ ਵਿਚ ਤਾਂ ਹਾਲਤ ਇਹ ਹੋ ਗਈ ਸੀ ਕਿ ਫ਼ਿਰਕੂ ਹਿੰਦੂਆਂ ਨੇ ਵੀ ਸਿੱਖਾਂ 'ਤੇ ਹਮਲੇ ਸ਼ੁਰੂ ਕਰ ਦਿੱਤੇ ਸਨ। ਇਸ ਸਿਲਸਿਲੇ ਵਿਚ 24 ਦਸੰਬਰ ਨੂੰ ਦਹਿਸ਼ਤਗਰਦ ਹਿੰਦੂਆਂ ਨੇ ਬਟਾਲੇ 'ਚ ਮਾਈ ਤਲਾ ਮੰਦਰ ਦੇ ਬਾਹਰੋਂ ਇਕ ਗਰੀਬ ਸਿੱਖ ਦਾ ਖੋਖਾ ਚੁਕ ਕੇ ਤਲਾਅ ਵਿਚ ਸੁਟ ਦਿਤਾ ਗਿਆ। ਖੋਖਾ ਤਲਾਅ 'ਚ ਸੁਟੇ ਜਾਣ ਦੇ ਮਸਲੇ 'ਚ 25 ਦਸੰਬਰ ਨੂੰ ਕੁਝ ਸਿੱਖ ਵੀ ਹਿੰਦੂਆਂ ਨੂੰ ਖ਼ੁਸ਼ ਕਰਨ ਵਾਸਤੇ ਫੜ ਲਏ। ਗੁਰਦਾਸਪੁਰ 'ਚ ਜਸਵੰਤ ਸਿੰਘ ਜੱਸੀ ਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵਰਕਰ ਹਰੀਰਾਜ ਸਿੰਘ ਗ੍ਰਿਫ਼ਤਾਰ ਕਰ ਲਏ ਗਏ।

1986: ਗਿਆਨੀ ਕ੍ਰਿਪਾਲ ਸਿੰਘ ਤੇ ਹੋਰ ਗ੍ਰੰਥੀ ਨੌਕਰੀਆਂ ਤੋਂ ਕੱਢੇ ਗਏ

29 ਅਪ੍ਰੈਲ 1986 ਦੇ ਦਿਨ, ਭਿੰਡਰਾਂ-ਮਹਿਤਾ ਜਥਾ ਦੇ ਹਿਮਾਇਤੀ ਖਾੜਕੂਆਂ ਵਲੋਂ ਬਣਾਈ ਗਈ, ਪੰਜ ਮੈਂਬਰੀ 'ਪੰਥਕ ਕਮੇਟੀ' ਨੇ ਦਰਬਾਰ ਸਾਹਿਬ ਕੰਪਲੈਕਸ ਵਿਚੋਂ 'ਖਾਲਿਸਤਾਨ ਦੀ ਆਜ਼ਾਦੀ' ਦਾ ਐਲਾਨ ਕੀਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਵਲੋਂ ਇਕ ਪੰਜ-ਮੈਂਬਰੀ ਵਜ਼ਾਰਤ ਬਣਾਉਣ ਦਾ ਐਲਾਨ ਵੀ ਕੀਤਾ ਗਿਆ ਪਰ ਇਨ੍ਹਾਂ ਦੇ ਨਾਂ ਨਹੀਂ ਸਨ ਦੱਸੇ ਗਏ। ਖਾਲਿਸਤਾਨ ਦਾ ਐਲਾਨ ਕਰਦਿਆਂ ਕਿਹਾ ਗਿਆ ਕਿ ਇਸ ਮੁਲਕ ਦੀ ਰਾਜਧਾਨੀ ਦਿੱਲੀ ਹੋਵੇਗੀ। ਐਲਾਨ ਵਿਚ ਇਹ ਵੀ ਕਿਹਾ ਗਿਆ ਕਿ ''ਪੰਜਾਬ ਵਿਚ ਸਿੱਖਾਂ ਉੱਤੇ ਤਸ਼ੱਦਦ ਦਾ ਬੇਮੁਹਾਰਾ ਦੌਰ ਸ਼ੁਰੂ ਹੋ ਗਿਆ ਹੈ। ਅਣਗਿਣਤ ਸਿੱਖ ਘਰਾਂ 'ਚੋਂ ਫੜ ਕੇ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰੇ ਜਾ ਚੁੱਕੇ ਹਨ।'' ਉਨ੍ਹਾਂ ਆਖਿਆ ਕਿ ਪੁਲੀਸ ਵਲੋਂ ਮਾਰਿਆ ਗਿਆ ਹਰ ਇਕ ਸਿੱਖ ਖਾਲਿਸਤਾਨ ਦਾ ਸ਼ਹੀਦ ਹੋਵੇਗਾ। ਉਨ੍ਹਾਂ ਕਿਹਾ ਕਿ 'ਖਾਲਿਸਤਾਨ ਕਮਾਂਡੋ ਫ਼ੋਰਸ' ਖਾਲਿਸਤਾਨ ਦੀ ਫ਼ੌਜ ਦੇ ਪੂਰੇ ਵਜੋਂ ਕੰਮ ਕਰੇਗੀ। ਨਵੀਂ ਸਰਕਾਰ ਨੇ ਐਲਾਨ ਕੀਤਾ ਕਿ ਖਾਲਿਸਤਾਨ ਦੀ ਨੀਂਹ ਤਾਂ 4 ਜੂਨ 1984 ਦੇ ਦਿਨ ਸਵੇਰੇ 4 ਵਜ ਕੇ 40 ਮਿੰਟ 'ਤੇ ਰੱਖੀ ਗਈ ਸੀ।

ਖਾਲਿਸਤਾਨ ਸਰਕਾਰ ਦਾ ਐਲਾਨ ਕਰਨ ਮਗਰੋਂ ਪੰਥਕ ਕਮੇਟੀ ਦੇ ਮੈਂਬਰ ਅਤੇ ਉਨ੍ਹਾਂ ਦੇ ਸਾਥੀ ਦਰਬਾਰ ਸਾਹਿਬ ਵਿਚੋਂ ਚਲੇ ਗਏ ਤੇ ਛੇਤੀ ਹੀ ਦੂਰ-ਦੁਰਾਡੇ ਇਲਾਕਿਆਂ ਵਿਚ

ਪਹੁੰਚ ਗਏ। ਜਦੋਂ ਪੰਜਾਬ ਦੇ ਚੀਫ਼ ਮਨਿਸਟਰ ਬਰਨਾਲੇ ਨੂੰ ਖਾਲਿਸਤਾਨ ਦੇ ਐਲਾਨ ਦੀ ਖ਼ਬਰ ਮਿਲੀ ਤਾਂ ਉਸ ਨੇ ਵਜ਼ਾਰਤ ਦੀ ਮੀਟਿੰਗ ਬੁਲਾਈ। ਇਸ ਮੀਟਿੰਗ ਵਿਚ ਉਸ ਨੇ ਦਰਬਾਰ ਸਾਹਿਬ 'ਚ ਪੁਲੀਸ ਭੇਜਣ ਦੀ ਤਜਵੀਜ਼ ਰੱਖੀ। ਬਰਨਾਲੇ ਨੂੰ ਕੁਝ ਵਜ਼ੀਰਾਂ ਨੇ ਦਸਿਆ ਕਿ ਖਾਲਿਸਤਾਨ ਦਾ ਐਲਾਨ ਕਰਨ ਵਾਲੇ ਦਰਬਾਰ ਸਾਹਿਬ 'ਚੋਂ ਜਾ ਚੁੱਕੇ ਹਨ, ਇਸ ਕਰ ਇਹ ਹਰਕਤ ਨਹੀਂ ਕਰਨੀ ਚਾਹੀਦੀ। *ਪੰਜਾਬ ਪੁਲੀਸ ਦੇ ਆਈ.ਜੀ. ਰਬੈਰੋ ਨੇ ਵੀ ਬਰਨਾਲੇ ਨੂੰ ਇਹੀ ਦਸਿਆ ਸੀ।*

ਇਸੇ ਸ਼ਾਮ ਨੂੰ ਰਾਜੀਵ ਦੇ ਸੱਦਣ 'ਤੇ ਸੁਰਜੀਤ ਬਰਨਾਲਾ ਦਿੱਲੀ ਗਿਆ ਅਤੇ ਉਸ ਦੇ ਦਰਬਾਰ ਵਿਚ ਹਾਜ਼ਿਰ ਹੋ ਗਿਆ। ਰਾਜੀਵ ਨੇ ਉਸ ਨੂੰ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਸਤੇ ਹਦਾਇਤ ਦਿੱਤੀ। ਉਂਵ ਤਾਂ ਬਰਨਾਲਾ ਪਹਿਲਾਂ ਵੀ ਰਾਜੀਵ ਨੂੰ ਖੁਸ਼ ਕਰਨ ਵਾਸਤੇ ਕਈ ਵਾਰ ਦਰਬਾਰ ਸਾਹਿਬ ਵਿਚ ਪੁਲੀਸ ਭੇਜ ਚੁਕਾ ਸੀ। ਉਹ ਸੈਂਕੜੇ ਸਿੱਖ ਨੌਜਵਾਨਾਂ ਨੂੰ ਕਤਲ ਵੀ ਕਰਵਾ ਚੁੱਕਾ ਸੀ ਤੇ ਹਜ਼ਾਰਾਂ ਨੌਜਵਾਨਾਂ ਨੂੰ ਜੇਲ੍ਹਾਂ 'ਚ ਡੱਕੀ ਬੈਠਾ ਸੀ।

29 ਤਾਰੀਖ਼ ਦੀ ਰਾਤ ਨੂੰ ਜਦ ਉਸ ਨੂੰ ਰਾਜੀਵ ਨੇ ਹੁਕਮ ਦਿੱਤਾ ਕਿ ਦਰਬਾਰ 'ਤੇ ਹਮਲਾ ਕੀਤਾ ਜਾਵੇ ਤਾਂ ਉਹ ਇਕ-ਦਮ ਤਿਆਰ ਹੋ ਗਿਆ। ਦਰਅਸਲ ਰਾਜੀਵ, ਇੰਦਰਾ ਗਾਂਧੀ ਦਾ ਦਰਬਾਰ ਸਾਹਿਬ 'ਤੇ 4 ਜੂਨ 1984 ਦਾ ਫ਼ੌਜੀ ਹਮਲਾ ਜਾਇਜ਼ ਸਾਬਿਤ ਕਰਨ ਵਾਸਤੇ ਇਕ ਸਿੱਖ (ਅਕਾਲੀ ਅਖਵਾਉਣ ਵਾਲੇ) ਸੁਰਜੀਤ ਬਰਨਾਲੇ ਹੱਥੋਂ ਦਰਬਾਰ ਸਾਹਿਬ 'ਤੇ ਹਮਲਾ ਕਰਵਾਉਣਾ ਚਾਹੁੰਦਾ ਸੀ।

29-30 ਅਪ੍ਰੈਲ ਦੀ ਅੱਧੀ ਰਾਤ ਵੇਲੇ ਬਰਨਾਲੇ ਨੂੰ ਅੰਮ੍ਰਿਤਸਰ ਭੇਜਿਆ ਗਿਆ। ਉਸ ਨੂੰ ਇਕੱਲਾ ਨਹੀਂ ਭੇਜਿਆ ਗਿਆ ਤਾਂ ਜੋ ਕਿਤੇ ਕੋਈ ਸ਼ਖ਼ਸ ਉਸ ਦਾ ਇਰਾਦਾ ਹੀ ਨਾ ਬਦਲਾ ਦੇਵੇ। ਉਸ ਦੇ ਨਾਲ ਅਰੁਣ ਸਿੰਹ ਅਤੇ ਅਰਜਨ ਸਿੰਹ ਵੀ ਉਸੇ ਸਪੈਸ਼ਲ ਜਹਾਜ਼ ਵਿਚ ਭੇਜੇ ਗਏ। ਉਨ੍ਹਾਂ ਨੇ ਚਲਣ ਤੋਂ ਪਹਿਲਾਂ ਪੁਲੀਸ ਚੀਫ਼ ਰਬੈਰੋ ਨੂੰ ਵੀ ਫ਼ੋਨ ਕਰ ਕੇ ਅਗਲੀ ਸਵੇਰ, 30 ਅਪ੍ਰੈਲ ਨੂੰ, ਤੜਕੇ 2 ਵਜੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਪਹੁੰਚਣ ਦਾ ਹੁਕਮ ਕੀਤਾ। ਏਅਰਪੋਰਟ 'ਤੇ ਬਰਨਾਲੇ ਨੇ ਰਬੈਰੋ ਨੂੰ ਦਸਿਆ ਕਿ ਮੈਂ ਦਰਬਾਰ ਸਾਹਿਬ 'ਚੋਂ ਖਾੜਕੂਆਂ ਨੂੰ ਕੱਢ ਦੇਣਾ ਹੈ। ਰਬੈਰੋ ਨੇ ਬਰਨਾਲੇ ਨੂੰ ਕਿਹਾ ਕਿ ਖਾੜਕੂ ਤਾਂ ਖਾਲਿਸਤਾਨ ਦਾ ਐਲਾਨ ਕਰਨ ਮਗਰੋਂ ਨਿਕਲ ਚੁੱਕੇ ਹਨ ਤੇ ਜੇ ਕੋਈ ਇਕ ਅੱਧ ਬਚਿਆ ਵੀ ਹੈ ਤਾਂ ਉਹ ਫ਼ੌਜ ਤੇ ਪੁਲੀਸ ਦੇ ਆਉਣ ਦੀ ਖ਼ਬਰ ਮਿਲਦਿਆਂ ਹੀ ਖਿਸਕ ਜਾਵੇਗਾ। ਬਰਨਾਲੇ ਨੇ ਰਬੈਰੋ ਦੀ ਗੱਲ ਦੀ ਤਾਈਦ ਕੀਤੀ ਪਰ ਨਾਲ ਹੀ ਕਿਹਾ ਕਿ ਹਮਲਾ ਕਰਨਾ ਜ਼ਰੂਰੀ ਹੈ। ਦਿੱਲੀ ਤੋਂ ਸਪੈਸ਼ਲ ਕਮਾਂਡੋ ਥੋੜ੍ਹੀ ਹੀ ਦੇਰ ਤਕ ਅੰਮ੍ਰਿਤਸਰ ਪਹੁੰਚ ਜਾਣਗੇ।

30 ਅਪ੍ਰੈਲ 1986 ਦੇ ਦਿਨ ਸ਼ਾਮ ਦੇ 4 ਵਜ ਕੇ 50 ਮਿੰਟ 'ਤੇ ਬੀ.ਐਸ.ਐਫ਼. ਅਤੇ ਸੀ.ਆਰ.ਪੀ.ਐਫ਼. ਦੀਆਂ 25 ਕੰਪਨੀਆਂ ਅਤੇ ਪੰਜਾਬ ਪੁਲੀਸ ਦੇ ਹਜ਼ਾਰਾਂ ਸਿਪਾਹੀਆਂ ਨੇ ਫ਼ੌਜ ਦੇ ਸਪੈਸ਼ਲ ਟਰੇਨ ਕੀਤੇ ਕਮਾਂਡੋਜ਼ ਦੀ ਮਦਦ ਨਾਲ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਫ਼ੌਜ ਦੀਆਂ 7 ਕੰਪਨੀਆਂ ਗੁਰੂ ਰਾਮਦਾਸ ਸਰਾਂ ਵਾਲੇ ਪਾਸਿਓਂ ਦਾਖ਼ਿਲ ਹੋਈਆਂ। ਇਸ ਦੇ ਨਾਲ ਹੀ 6 ਕੰਪਨੀਆਂ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਦਾਖ਼ਿਲ ਹੋ ਗਈਆਂ। 12 ਹੋਰ ਕੰਪਨੀਆਂ ਨੇ ਦਰਬਾਰ ਸਾਹਿਬ ਕੰਪਲੈਕਸ ਨੂੰ ਘੇਰ ਲਿਆ।

ਕਿਉਂਕਿ ਦਰਬਾਰ ਸਾਹਿਬ ਵਿਚ ਇਕ ਵੀ ਖਾੜਕੂ ਨਹੀਂ ਸੀ, ਇਸ ਕਰ ਕੇ ਮੁਕਾਬਲਾ ਤਾਂ ਹੋਣਾ ਹੀ ਨਹੀਂ ਸੀ। ਦਾਖ਼ਿਲ ਹੁੰਦਿਆਂ ਹੀ ਫੋਰਸਿਜ਼ ਨੇ ਪਰਕਰਮਾ, ਅਕਾਲ ਤਖ਼ਤ ਸਾਹਿਬ ਅਤੇ ਇਸ ਦੇ ਆਲੇ-ਦੁਆਲੇ 200 ਸਟੱਨ ਗਰਨੇਡ ਸੁੱਟੇ, ਜਿਸ ਨਾਲ ਪਰਕਰਮਾ ਵਿਚ ਜਗਹ-ਜਗਹ 'ਤੇ ਨੁਕਸਾਨ ਹੋਇਆ। ਕਈ ਜਗਹ ਅੱਗ ਲੱਗ ਗਈ। ਦਰਬਾਰ ਸਾਹਿਬ ਵਿਚ ਕੀਰਤਨ ਬੰਦ ਹੋ ਗਿਆ। ਫ਼ੋਰਸਿਜ਼ ਨੇ ਉੱਥੇ ਹਾਜ਼ਿਰ ਸਾਰੇ 377 ਲੋਕ

ਗ੍ਰਿਫ਼ਤਾਰ ਕਰ ਲਏ। ਇਨ੍ਹਾਂ ਵਿਚ 30 ਔਰਤਾਂ, 25 ਬੰਗਲਾ ਦੇਸ਼ੀ ਮੁਸਾਫ਼ਿਰ ਅਤੇ 321 ਸਿੱਖ ਸ਼ਰਧਾਲੂ ਸਨ। ਗ੍ਰਿਫ਼ਤਾਰ ਕੀਤੇ ਲੋਕਾਂ ਵਿਚੋਂ ਸਿਰਫ਼ ਦੋ-ਚਾਰ ਸ਼ਖ਼ਸ ਹੀ ਖਾੜਕੂਆਂ ਦੇ 'ਸਾਥੀ' ਸਨ: ਉਹ ਸਨ: ਗੁਰਦੇਵ ਸਿੰਘ ਕਾਉਂਕੇ, ਜੋ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਮੁਖ ਸੇਵਾਦਾਰ ਵਜੋਂ ਸੇਵਾ ਨਿਭਾ ਰਿਹਾ ਸੀ, ਮਾਸਟਰ ਸੂਰਤ ਸਿੰਘ ਤੇ ਇਕ-ਦੋ ਹੋਰ।

ਵਜ਼ਾਰਤ ਦੀ ਮੀਟਿੰਗ ਵਿਚ ਅਕਾਲੀ ਪਾਰਟੀ ਦੇ ਹੀ ਕੁਝ ਵਜ਼ੀਰਾਂ ਵਲੋਂ ਇਸ ਐਕਸ਼ਨ ਦੀ ਮੁਖਾਲਫ਼ਤ ਦੇ ਬਾਵਜੂਦ ਬਰਨਾਲੇ ਨੇ ਰਾਜੀਵ ਗਾਂਧੀ ਨੂੰ ਖ਼ੁਸ਼ ਕਰਨ ਵਾਸਤੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਹਰਕਤ ਦੇ ਖ਼ਿਲਾਫ਼ ਹਰ ਪਾਸਿਓਂ ਜ਼ਬਰਦਸਤ ਰੋਹ ਦੀਆਂ ਆਵਾਜ਼ਾਂ ਆਈਆਂ। ਹੋਰ ਤਾਂ ਹੋਰ ਬਰਨਾਲੇ ਦੇ 27 (ਸਪੀਕਰ ਰਵੀਇੰਦਰ ਸਿੰਘ ਸਣੇ 28) ਐਮ.ਐਲ.ਏ. ਵੀ ਉਸ ਨੂੰ ਛੱਡ ਗਏ। ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਰੋਸ ਦਾ ਇਜ਼ਹਾਰ ਕਰਨ ਵਾਲੇ ਵਜ਼ੀਰ ਅਤੇ ਐਮ.ਐਲ.ਏ. ਇਹ ਸਨ: ਕੈਪਟਨ ਅਮਰਿੰਦਰ ਸਿੰਘ, ਪ੍ਰਕਾਸ਼ ਸਿੰਘ ਬਾਦਲ, ਸੁਖਜਿੰਦਰ ਸਿੰਘ, ਪ੍ਰੇਮ ਸਿੰਘ ਲਾਲਪੁਰਾ, ਸੁੱਚਾ ਸਿੰਘ ਛੋਟੇਪੁਰ, ਤਾਰਾ ਸਿੰਘ, ਬਚਿਤਰ ਸਿੰਘ, ਕਿਰਪਾਲ ਸਿੰਘ, ਹਰਦਿਆਲ ਸਿੰਘ, ਰਾਜਾ ਨਰਿੰਦਰ ਸਿੰਘ, ਜਸਦੇਵ ਸਿੰਘ ਨਥਾਣਾ, ਸੁਜਾਨ ਸਿੰਘ, ਗੁਰਦੇਵ ਸਿੰਘ ਬਾਦਲ, ਮਹਿੰਦਰ ਸਿੰਘ ਬਰਾੜ, ਗਿਆਨੀ ਅਰਜਨ ਸਿੰਘ, ਦਵਿੰਦਰ ਸਿੰਘ ਗਰਚਾ, ਸੁਖਦੇਵ ਸਿੰਘ ਲਿਬੜਾ, ਤਾਲਬ ਸਿੰਘ ਸੰਧੂ, ਕੁਲਦੀਪ ਸਿੰਘ ਵਡਾਲਾ, ਡਾ: ਰਤਨ ਸਿੰਘ, ਜਗਦੀਸ਼ ਕੌਰ। ਬਾਕੀ ਦੇ 45 ਐਮ.ਐਲ.ਏ. ਬਰਨਾਲੇ ਦੇ ਨਾਲ ਰਹੇ।

ਬਰਨਾਲੇ ਦੇ ਸਭ ਤੋਂ ਵੱਡੇ ਹਿਮਾਇਤੀ ਸਨ: ਕੈਪਟਨ ਕੰਵਲਜੀਤ (ਜੋ ਪੁਲੀਸ ਆਈ.ਜੀ. ਰਬੈਰੋ ਦਾ ਸਭ ਤੋਂ ਵਧੀਆ ਦੋਸਤ ਸੀ ਤੇ ਜਿਸ ਨੂੰ ਰਬੈਰੋ ਚੀਫ਼ ਮਨਿਸਟਰ ਬਣਿਆ ਵੇਖਣਾ ਚਾਹੁੰਦਾ ਸੀ), ਬਲਵੰਤ ਸਿੰਘ ਸੁਲਤਾਨਪੁਰੀ, ਤਾਰਾ ਸਿੰਘ ਲਾਇਲਪੁਰੀ, ਪ੍ਰਕਾਸ਼ ਸਿੰਘ ਗੜ੍ਹਦੀਵਾਲਾ, ਰਣਜੀਤ ਸਿੰਘ ਬ੍ਰਹਮਪੁਰਾ, ਹਰੀ ਸਿੰਘ ਜ਼ੀਰਾ, ਪ੍ਰੇਮ ਸਿੰਘ ਚੰਦੂਮਾਜਰਾ। ਪਰ ਬਰਨਾਲੇ ਨੂੰ ਕਮਿਊਨਿਸਟਾਂ, ਕਾਂਗਰਸ ਤੇ ਭਾਜਪਾ ਨੇ ਬਿਨਾਂ ਸ਼ਰਤ ਹਿਮਾਇਤ ਦੇ ਦਿੱਤੀ, ਜਿਸ ਨਾਲ ਉਸ ਦੀ ਸਰਕਾਰ ਬਚੀ ਰਹੀ। ਉਂਞ ਬਰਨਾਲੇ ਨੂੰ ਆਪਣੇ ਨਾਲ ਰਹਿਣ ਵਾਲੇ ਐਮ.ਐਲ.ਏਜ਼ 'ਤੇ ਵੀ ਤਸੱਲੀ ਨਹੀਂ ਸੀ। ਉਸ ਨੇ 45 ਐਮ.ਐਲ.ਏਜ਼ ਵਿਚੋਂ 29 ਵਜ਼ੀਰ, 2 ਪਾਰਲੀਮੈਂਟਰੀ ਸੈਕਟਰੀ, 6 ਕਾਰਪੋਰੇਸ਼ਨਾਂ ਦੇ ਚੇਅਰਮੈਨ ਬਣਾ ਲਏ। ਸਿਰਫ਼ 8 ਐਮ.ਐਲ.ਏ. ਬਿਨਾਂ ਵਜ਼ੀਰੀ ਜਾਂ ਹੋਰ ਅਹੁਦੇ ਤੋਂ ਸਨ।

ਦਰਬਾਰ ਸਾਹਿਬ 'ਤੇ ਹਮਲੇ ਮਗਰੋਂ ਉਸ ਨੇ 5 ਗ੍ਰੰਥੀਆਂ ਨਾਲ ਮਿਲ ਕੇ ਮੁਆਫ਼ੀ ਦਾ ਡਰਾਮਾ ਵੀ ਕੀਤਾ। ਉਸ ਨੇ ਪੰਜਾਂ ਗ੍ਰੰਥੀਆਂ ਤਕ ਪਹੁੰਚ ਕੀਤੀ ਅਤੇ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਕਾਰਨ ਹੋਈ ਆਪਣੀ ਬਦਨਾਮੀ ਤੋਂ ਛੁਟਕਾਰਾ ਪਾਉਣ ਦਾ ਰਸਤਾ ਲਭਣ ਵਿਚ ਮਦਦ ਮੰਗੀ। ਇਸ 'ਤੇ ਕਿਰਪਾਲ ਸਿੰਘ ਨੇ ਬਰਨਾਲਾ ਨੂੰ ਦਰਬਾਰ ਸਾਹਿਬ 'ਤੇ ਇਸ ਹਮਲੇ ਨੂੰ ਹਮਲਾ ਨਾ ਕਹਿ ਕੇ 'ਅਣਸੁਖਾਵੀਂ ਘਟਨਾ' ਕਰਾਰ ਦੇ ਕੇ 'ਸਪੱਸ਼ਟੀਕਰਨ' ਮੰਗਿਆ। ਸੁਰਜੀਤ ਬਰਨਾਲਾ ਨੂੰ ਗਿਆਨੀ ਕਿਰਪਾਲ ਸਿੰਘ ਵੱਲੋਂ 15 ਮਈ 1986 ਨੂੰ ਲਿਖੀ ਚਿੱਠੀ ਇੰਞ ਸੀ:

"ਪੰਜ ਸਿੰਘ ਸਾਹਿਬਾਨ ਦੀ ਇਕ ਜ਼ਰੂਰੀ ਮੀਟਿੰਗ 15-5-86 ਨੂੰ ਬੁਲਾਈ ਗਈ। ਉਸ ਵਿਚ ਸ਼ਿਕਾਇਤਾਂ ਤੇ ਸੁਝਾਵਾਂ ਉਪਰ ਦੀਰਘ ਵੀਚਾਰ ਕੀਤੀ ਗਈ। ਉਸੇ ਦਿਨ ਸੁਰਜੀਤ ਸਿੰਘ ਬਰਨਾਲਾ ਨੂੰ ਹੇਠ ਲਿਖਿਆ ਪੱਤਰ ਲਿਖਿਆ:

ਸਪੱਸ਼ਟੀਕਰਨ ਲਈ ਆਦੇਸ਼

*ਸੁਰਜੀਤ ਸਿੰਘ **ਜੀ** ਬਰਨਾਲਾ,*

*ਪਿਛਲੇ ਕੁਝ ਸਮੇਂ ਵਿਚ ਹਰਿਮੰਦਰ ਸਾਹਿਬ ਸਮੂਹ ਵਿਚ **ਕੁਝ ਅਣਸੁਖਾਵੀਆਂ ਘਟਨਾਵਾਂ ਵਾਪਰੀਆਂ** ਹਨ, ਜਿਨ੍ਹਾਂ ਬਾਰੇ ਪੰਥ ਵਿਚ ਕਾਫ਼ੀ ਵਾਦ-ਵਿਵਾਦ ਚੱਲ ਰਿਹਾ ਹੈ। ਇਨ੍ਹਾਂ ਘਟਨਾਵਾਂ ਦਾ*

ਆਪ ਨਾਲ ਸਿੱਧਾ ਸਬੰਧ ਹੈ, ਇਸ ਲਈ ਉਨ੍ਹਾਂ ਘਟਨਾਵਾਂ ਸਬੰਧੀ ਸਪੱਸ਼ਟੀਕਰਨ ਦੇਣ ਵਾਸਤੇ ਤੁਸਾਂ 17-5-86 ਨੂੰ ਸੁਬ੍ਹਾ 7 ਵਜੇ ਅਕਾਲ ਤਖ਼ਤ ਸਾਹਿਬ ਨਜ਼ਦੀਕ ਪੰਜ ਸਿੰਘ ਸਾਹਿਬਾਨ ਦੇ ਸਾਹਮਣੇ ਪੇਸ਼ ਹੋਵੋ। -ਕਿਰਪਾਲ ਸਿੰਘ"

(ਇਸ ਚਿੱਠੀ ਵਿਚ ਸੁਰਜੀਤ ਬਰਨਾਲਾ ਨੂੰ **'ਜੀ'** ਲਿਖਿਆ ਸੀ ਤੇ ਸਾਫ਼ ਨਜ਼ਰ ਆਉਂਦਾ ਹੈ ਕਿ ਇਹ ਚਿੱਠੀ ਸ਼ਰਧਾ ਨਾਲ ਲਿਖੀ ਗਈ ਸੀ; ਦੂਜਾ ਦਰਬਾਰ ਸਾਹਿਬ 'ਤੇ ਹਮਲੇ ਨੂੰ ਸਿਰਫ਼ **'ਅਣਸੁਖਾਵੀਂ ਘਟਨਾ'** ਕਿਹਾ ਸੀ)। ਮਗਰੋਂ 17 ਮਈ 1986 ਦੇ ਦਿਨ ਬਰਨਾਲਾ ਨੇ ਅਕਾਲ ਤਖ਼ਤ ਸਾਹਿਬ 'ਤੇ ਕਿਰਪਾਲ ਸਿੰਘ ਸਾਹਵੇਂ ਪੇਸ਼ ਹੋਣ ਦਾ 'ਡਰਾਮਾ' ਕੀਤਾ। ਇਸ ਡਰਾਮੇ ਨੂੰ ਟੀ.ਵੀ. ਅਤੇ ਹੋਰ ਮੀਡੀਆ ਨੇ ਬਹੁਤ ਪਬਲਿਸਟੀ ਦਿੱਤੀ। ਸੁਰਜੀਤ ਬਰਨਾਲਾ ਦੇ ਦਰਬਾਰ ਸਾਹਿਬ 'ਤੇ ਹਮਲੇ (ਜਿਸ 'ਤੇ 27 ਅਕਾਲੀ ਐਮ.ਐਲ.ਏਜ਼ ਨੇ ਰੋਸ ਵਜੋਂ ਅਸਤੀਫ਼ੇ ਦੇ ਦਿੱਤੇ ਸਨ) ਨੂੰ ਕਿਰਪਾਲ ਸਿੰਘ ਅਤੇ ਚਾਰ ਹੋਰ ਗ੍ਰੰਥੀਆਂ ਨੇ ਸਿਰਫ਼ 'ਦੁਖਦਾਈ ਤੇ ਅਫ਼ਸੋਸਨਾਕ' ਕਰਾਰ ਦਿੱਤਾ ਅਤੇ ਮਾਮੂਲੀ ਜਿਹੀ 'ਤਨਖ਼ਾਹ' ਲਾ ਕੇ ਉਸ ਨੂੰ ਬਰੀ ਕਰ ਦਿੱਤਾ। ਪੰਜਾਂ ਗ੍ਰੰਥੀਆਂ ਦਾ ਬਰਨਾਲੇ ਨਾਲ ਕੀ ਸੌਦਾ ਹੋਇਆ ਸੀ, ਅੱਜ ਤਕ ਪਤਾ ਨਹੀਂ ਲੱਗ ਸਕਿਆ, ਪਰ ਯਕੀਨਨ ਦਾਲ ਵਿਚ ਕੁਝ ਕਾਲਾ-ਕਾਲਾ ਜ਼ਰੂਰ ਸੀ (ਸ਼ਾਇਦ ਸਾਰੀ ਦਾਲ ਹੀ ਕਾਲੀ ਸੀ) ਬਰਨਾਲੇ ਨੂੰ ਲਾਈ 'ਸਜ਼ਾ' ਦਾ ਹੁਕਮ ਹੇਠ ਲਿਖਿਆ ਸੀ:

ਹੁਕਮਨਾਮਾ

*ਅੱਜ ਮਿਤੀ 17-5-86 ਨੂੰ ਸਾਡੇ ਵੱਲੋਂ ਭੇਜੇ ਆਦੇਸ਼ ਅਨੁਸਾਰ ਦਰਬਾਰ ਸਾਹਿਬ ਕੰਪਲੈਕਸ ਵਿਖੇ ਪੁਲੀਸ ਕਾਰਵਾਈ ਸਬੰਧੀ ਸਪੱਸ਼ਟੀਕਰਨ ਦੇਣ ਹਿੱਤ ਸੁਰਜੀਤ ਸਿੰਘ ਬਰਨਾਲਾ **ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਮੁੱਖ ਮੰਤਰੀ ਪੰਜਾਬ*** ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ ਸਿੰਘ ਸਾਹਿਬਾਨ ਦੇ ਸਾਹਮਣੇ ਪੇਸ਼ ਹੋਏ। ਉਨ੍ਹਾਂ ਨੇ ਆਪਣਾ ***ਲਿਖਿਆ ਸਪੱਸ਼ਟੀਕਰਨ ਪੜ੍ਹ ਕੇ ਸੁਣਾਇਆ*** ਤੇ ਸਾਨੂੰ ਦੇ ਦਿੱਤਾ। ਪੰਜ ਸਿੰਘ ਸਾਹਿਬਾਨ ਨੇ ਉਸ ਨੂੰ ਸਾਰੇ ਪੱਖਾਂ ਤੋਂ ਗਹੁ ਨਾਲ ਵਿਚਾਰਨ ਉਪਰੰਤ ਹੇਠ ਲਿਖਿਆ ਫ਼ੈਸਲਾ ਸੁਣਾਇਆ।*

*ਭਾਵੇਂ ਸੁਰਜੀਤ ਸਿੰਘ ਬਰਨਾਲਾ ਦੇ ਸਪੱਸ਼ਟੀਕਰਨ ਵਿਚ ਦੱਸਿਆ ਹੈ ਕਿ ਇਹ ਕਾਰਵਾਈ 16 ਫ਼ਰਵਰੀ, 1986 ਦੇ **ਸਰਬਤ ਖ਼ਾਲਸਾ ਸਮਾਗਮ ਦੇ ਆਦੇਸ਼ ਅਨੁਸਾਰ ਖ਼ਾਸ ਮਜਬੂਰੀਆਂ ਕਰ ਕੇ*** ਕੀਤੀ, ਪਰ ਫਿਰ ਵੀ ਸਾਡੇ ਖ਼ਿਆਲ ਅਨੁਸਾਰ ਪੁਲੀਸ ਕਾਰਵਾਈ **ਦੁਖਦਾਈ ਅਤੇ ਅਫ਼ਸੋਸਨਾਕ*** ਸੀ ਅਤੇ ਕੁਝ ਅਣਸੁਖਾਵੀਆਂ ਘਟਨਾਵਾਂ ਵੀ ਹੋਈਆਂ ਹਨ। ਇਸ ਕਰ ਕੇ ਸਾਡੇ ਵੱਲੋਂ ਸੁਰਜੀਤ ਸਿੰਘ ਬਰਨਾਲਾ ਨੂੰ **ਪਸਚਾਤਾਪ ਕਰਨ ਹਿੱਤ*** ਹੇਠ ਲਿਖੀਆਂ ਸੇਵਾਵਾਂ ਲਾਈਆਂ ਜਾਂਦੀਆਂ ਹਨ : 1. ਅਕਾਲ ਤਖ਼ਤ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਅਖੰਡ ਪਾਠ ਕਰਵਾਇਆ ਜਾਵੇ।2. ਨਿਤਨੇਮ ਤੋਂ ਇਲਾਵਾ 24 ਪਾਠ ਜਪੁਜੀ ਸਾਹਿਬ ਦੇ ਕੀਤੇ ਜਾਣ। 3. ਪੰਜ ਸੌ ਇਕ ਰੁਪਏ ਅਕਾਲ ਤਖ਼ਤ ਸਾਹਿਬ ਦੀ ਗੋਲਕ 'ਚ ਪਾਏ ਜਾਣ। 4. ਕਿਸੇ ਵੀ ਸਥਾਨਕ ਗੁਰਦੁਆਰੇ ਵਿਚ ਇਕ ਹਫ਼ਤੇ ਲਈ ਜੋੜੇ ਝਾੜਨ ਦੀ ਸੇਵਾ ਕੀਤੀ ਜਾਵੇ। 5. ਉਪਰੰਤ ਅਕਾਲ ਤਖ਼ਤ ਸਾਹਿਬ ਜੀ ਵਿਖੇ 101/- ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਲਿਆ ਕੇ ਅਰਦਾਸ ਕਰਵਾਈ ਜਾਵੇ।"*

(ਬਰਨਾਲੇ ਨੇ ਆਪਣੇ ਸਪਸ਼ਟੀਕਰਨ ਵਿਚ ਕਿਤੇ ਨਹੀਂ ਸੀ ਲਿਖਿਆ ਕਿ ਉਸ ਨੇ ਇਹ ਕਾਰਵਾਈ 16 ਫ਼ਰਵਰੀ 1986 ਦੇ ਅਕਾਲੀਆਂ ਦੇ ਅਖੌਤੀ 'ਸਰਬਤ ਖ਼ਾਲਸਾ' ਦੇ ਆਦੇਸ਼ ਮੁਤਾਬਿਕ ਕੀਤੀ ਸੀ। ਇਹ ਤਾਂ ਏਥੇ ਕਿਰਪਾਲ ਸਿੰਘ ਨੇ ਆਪ ਲਿਖ ਦਿੱਤਾ ਸੀ ਕਿਉਂ ਕਿ ਹੈ ਤਾਂ ਇਹ ਸਭ ਕੁਝ ਘਾਲਾ-ਮਾਲਾ ਹੀ ਸੀ)

ਇਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਕਾਬਲ ਸਿੰਘ ਜੀ ਤੇ ਉਸ ਦੀ ਵਾਗ-ਡੋਰ ਸੁਰਜੀਤ ਬਰਨਾਲੇ ਦੇ ਹੱਥਾਂ ਵਿਚ ਸੀ। 30 ਨਵੰਬਰ 1986 ਦੇ ਦਿਨ ਸ਼੍ਰੋਮਣੀ ਕਮੇਟੀ ਦੀ ਸਾਲਾਨਾ ਚੋਣ ਵਿਚ ਗੁਰਚਰਨ ਸਿੰਘ ਟੌਹੜਾ ਨੇ 74 ਵੋਟਾਂ ਲੈ ਕੇ ਕਾਬਲ ਸਿੰਘ ਨੂੰ 16 ਵੋਟਾਂ 'ਤੇ ਹਰਾਇਆ। ਕਾਬਲ ਸਿੰਘ ਦਾ ਨਾਂ ਅਮਰ ਸਿੰਘ ਨਲਨੀ ਨੇ ਪੇਸ਼ ਕੀਤਾ ਸੀ ਤੇ ਹਰਚਰਨ ਸਿੰਘ ਹੁਡਿਆਰੇ ਨੇ ਤਾਈਦ ਕੀਤੀ ਸੀ। ਚੋਣ ਮਗਰੋਂ ਟੌਹੜਾ ਨੇ (ਬਰਨਾਲੇ ਦੀ

ਬਣਾਈ) 'ਟਾਸਕ ਫ਼ੋਰਸ' ਨੂੰ ਖ਼ਤਮ ਕਰਨ ਅਤੇ ਦਰਬਾਰ ਸਾਹਿਬ ਵਿਚ ਬਰਨਾਲੇ ਵਲੋਂ ਪੁਲੀਸ ਹਮਲੇ ਦੀ ਨਿੰਦਾ ਦੇ ਮਤੇ ਪਾਸ ਕਰਵਾਏ। ਟਾਸਕ ਫ਼ੋਰਸ ਤੋੜਨ ਮਗਰੋਂ ਜਦੋਂ ਉਨ੍ਹਾਂ ਨੂੰ ਗੁਰੂ ਨਾਨਕ ਨਿਵਾਸ ਵਿਚ ਕਬਜ਼ਾ ਕੀਤੇ ਕਮਰੇ ਖ਼ਾਲੀ ਕਰਨ ਵਾਸਤੇ ਕਿਹਾ ਤਾਂ ਉਨ੍ਹਾਂ ਨੇ ਨਾਂਹ ਕਰ ਦਿੱਤੀ ਤੇ ਕਿਹਾ ਕਿ ਜੇ ਬਰਨਾਲਾ ਕਹੇਗਾ ਤਾਂ ਅਸੀਂ ਨਿਕਲਾਂਗੇ। ਜਦੋਂ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ 53 ਬੰਦਿਆਂ ਦੇ ਕਮਰਿਆਂ ਦੇ ਬਿਜਲੀ ਤੇ ਪਾਣੀ ਦੇ ਕੁਨੈਕਸ਼ਨ ਕਟ ਦਿੱਤੇ ਤਾਂ ਉਹ ਕਮਰਿਆਂ ਨੂੰ ਖਾਲੀ ਕਰ ਕੇ ਭੱਜ ਗਏ।

ਉਧਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ 'ਚ ਆਪਣੀ ਹਾਰ ਤੋਂ ਖਿਝ ਕੇ ਬਰਨਾਲੇ ਨੇ ਟੌਹੜਾ, ਬਾਦਲ, ਸੁਰਜਨ ਸਿੰਘ ਠੇਕੇਦਾਰ, ਸੁੱਚਾ ਸਿੰਘ ਛੋਟੇਪੁਰ, ਸੁਖਜਿੰਦਰ ਸਿੰਘ ਵਗ਼ੈਰਾ ਨੂੰ ਨੈਸ਼ਨਲ ਸਕਿਉਰਿਟੀ ਐਕਟ ਹੇਠ ਗ੍ਰਿਫ਼ਤਾਰ ਕਰ ਕੇ ਦੂਰ-ਦੁਰਾਡੇ ਇਲਾਕਿਆਂ ਵਿਚ, ਤਕਲੀਫ਼ਾਂ ਲਈ ਮਸ਼ਹੂਰ ਜੇਲ੍ਹਾਂ ਵਿਚ ਭੇਜ ਦਿੱਤਾ।
ਟੌਹੜਾ ਦੇ ਜੇਲ੍ਹ ਵਿਚ ਹੁੰਦਿਆਂ ਸ਼੍ਰੋਮਣੀ ਕਮੇਟੀ ਨੇ ਸੁਰਜੀਤ ਬਰਨਾਲਾ ਦੇ ਆਖ਼ਰੀ ਸਾਥੀ ਵੀ ਦਰਬਾਰ ਸਾਹਿਬ ਵਿਚੋਂ ਹਟਾਉਣ ਦਾ ਫ਼ੈਸਲਾ ਕਰ ਲਿਆ। 24 ਦਸੰਬਰ ਨੂੰ ਸ਼੍ਰੋਮਣੀ ਕਮੇਟੀ ਨੇ ਅਕਾਲ ਤਖਤ ਸਾਹਿਬ ਦੇ ਮੁਖ ਸੇਵਾਦਾਰ ਕਿਰਪਾਲ ਸਿੰਘ ਤੇ ਦਰਬਾਰ ਸਾਹਿਬ ਦੇ ਹੈੱਡ-ਗ੍ਰੰਥੀ ਸਾਹਿਬ ਸਿੰਘ ਨੂੰ ਉਨ੍ਹਾਂ ਦੇ ਅਹੁਦੇ ਤੋਂ ਬਰਤਰਫ਼ ਕਰ ਦਿੱਤਾ। ਬਰਨਾਲੇ ਨੂੰ ਠਿੱਠ ਕਰਨ ਵਾਸਤੇ ਸ਼੍ਰੋਮਣੀ ਕਮੇਟੀ ਨੇ 26 ਜਨਵਰੀ 1986 ਦੇ ਦਿਨ ਭਿੰਡਰਾਂ-ਮਹਿਤਾ ਜਥਾ ਵਲੋਂ ਮੰਜੀ ਸਾਹਿਬ 'ਤੇ 'ਸਰਬੱਤ ਖਾਲਸਾ' ਨਾਂ ਹੇਠ ਹੋਏ ਸਮਾਗਮ ਵਿਚ ਲਾਏ ਹੋਏ ਜਸਬੀਰ ਸਿੰਘ ਰੋਡੇ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਮੰਨ ਲਿਆ ਤੇ ਉਸ ਦੀ ਗ਼ੈਰ-ਹਾਜ਼ਰੀ ਵਿਚ ਰਾਗੀ (ਪ੍ਰੋ:) ਦਰਸ਼ਨ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ 'ਐਕਟਿੰਗ ਮੁਖ ਸੇਵਾਦਾਰ' ਬਣਾ ਦਿੱਤਾ। ਸ਼੍ਰੋਮਣੀ ਕਮੇਟੀ ਨੇ ਖਾੜਕੂਆਂ ਵਲੋਂ ਲਾਏ ਕੇਸਗੜ੍ਹ ਸਾਹਿਬ ਦੇ ਮੁਖ ਸੇਵਾਦਾਰ ਸਵਿੰਦਰ ਸਿੰਘ, ਅਕਾਲ ਤਖ਼ਤ ਸਾਹਿਬ ਦੇ ਹੈੱਡ-ਗ੍ਰੰਥੀ ਕਸ਼ਮੀਰ ਸਿੰਘ, ਦਮਦਮਾ ਸਾਹਿਬ ਦੇ ਮੁਖ ਸੇਵਾਦਾਰ ਜਸਵੰਤ ਸਿੰਘ ਤੇ ਦਰਬਾਰ ਸਾਹਿਬ ਦੇ ਹੈੱਡ-ਗ੍ਰੰਥੀ ਪੂਰਨ ਸਿੰਘ ਨੂੰ ਵੀ 'ਮਾਨਤਾ' ਦੇ ਦਿੱਤੀ। ਇਸ ਮੌਕੇ 'ਤੇ 'ਪੰਥਕ ਕਮੇਟੀ' ਨੂੰ ਮੁੜ ਜਥੇਬੰਦ ਕੀਤਾ ਗਿਆ। ਅਕਾਲ ਤਖ਼ਤ ਸਾਹਿਬ ਵਾਸਤੇ ਪੰਜ ਮੈਂਬਰੀ ਸਲਾਹਕਾਰ ਕਮੇਟੀ ਵੀ ਨਾਮਜ਼ਦ ਕੀਤੀ ਗਈ। ਇਸ ਦੇ ਮੈਂਬਰ ਸਨ: ਜਥੇਦਾਰ ਜਗਦੇਵ ਸਿੰਘ ਖੁੱਡੀਆਂ, ਮਨਜੀਤ ਸਿੰਘ ਕਲਕੱਤਾ, ਡਾ: ਹਰਿੰਦਰ ਸਿੰਘ, ਅਜਾਇਬ ਸਿੰਘ ਤੇ ਅਵਤਾਰ ਸਿੰਘ।

1987: ਤਾਰਾ ਸਿੰਘ ਸੰਗਤਪੁਰਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

24 ਦਸੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਤਾਰਾ ਸਿੰਘ (ਪੁੱਤਰ ਵਸਾਵਾ ਸਿੰਘ, ਵਾਸੀ ਸੰਗਤਪੁਰਾ, ਨੇੜੇ ਚੌਧਰੀਵਾਲਾ, ਜ਼ਿਲ੍ਹਾ ਗੁਰਦਾਸਪੁਰ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਸਤਨਾਮ ਸਿੰਘ ਕੋਟਲੀ ਕੋਰੋਟਾਨਾ ਤੇ ਜਸਵਿੰਦਰ ਸਿੰਘ ਜੱਸਾ ਵੰਝਾਂ ਵਾਲਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

24 ਦਸੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਸਤਨਾਮ ਸਿੰਘ ਚੰਡੀਗੜ੍ਹੀਆਂ (ਵਾਸੀ ਕੋਟਲੀ ਕੋਰੋਟਾਨਾ, ਅੰਮ੍ਰਿਤਸਰ) ਤੇ ਜਸਵਿੰਦਰ ਸਿੰਘ ਜੱਸਾ (ਵਾਸੀ ਵੰਝਾਂ ਵਾਲਾ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਗੁਰਮੇਲ ਸਿੰਘ ਕੋਟਲਾ ਨਿਹੰਗ ਖ਼ਾਨ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

24 ਦਸੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਗੁਰਮੇਲ ਸਿੰਘ (ਪੁੱਤਰ ਹਰੀ ਸਿੰਘ, ਵਾਸੀ ਕੋਟਲਾ ਨਿਹੰਗ ਖ਼ਾਨ, ਨੇੜੇ ਰੋਪੜ ਸ਼ਹਿਰ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਸਵਰਨ ਸਿੰਘ ਸ਼ਹੀਦ ਤੇ ਕਸ਼ਮੀਰ ਸਿੰਘ ਧੁੰਨ ਨਕਲੀ ਮੁਕਾਬਲਿਆਂ ਵਿਚ ਸ਼ਹੀਦ

24 ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਸਰਵਨ ਸਿੰਘ ਉਰਫ਼ ਸ਼ਹੀਦ ਅਤੇ ਕਸ਼ਮੀਰ ਸਿੰਘ (ਪੁੱਤਰ ਦਲੀਪ ਸਿੰਘ, ਵਾਸੀ ਧੁੰਨ, ਨੇੜੇ ਧੱਲੇਕੇ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤਾ।

2013: ਗੁਰਬਖ਼ਸ਼ ਸਿੰਘ ਅੰਬਾਲਾ ਸਾਧ ਮਾਨ ਸਿੰਘ ਪਿਹੋਵਾ, ਜਸਬੀਰ ਸਿੰਘ ਰੋਡੇ, ਹਰਨਾਮ ਸਿੰਘ ਧੁੰਮਾ ਦੇ ਟੇਟੇ ਚੜ੍ਹਿਆ ਤੇ ਮਰਨ ਵਰਤ ਛੱਡ ਦਿੱਤਾ

ਗੁਰਬਖ਼ਸ਼ ਸਿੰਘ ਅੰਬਾਲਾ (ਜਿਸ ਨੇ ਉਮਰ ਕੈਦ ਕੱਟ ਚੁਕੇ 6 ਸਿੱਖ ਕੈਦੀਆਂ ਦੀ ਰਿਹਾਈ ਵਾਸਤੇ 14 ਨਵੰਬਰ ਤੋਂ 'ਮਰਨ ਵਰਤ' ਰੱਖਿਆ ਹੋਇਆ ਸੀ) ਦੇ ਮਰਨ ਵਰਤ ਦੇ 42ਵੇਂ ਦਿਨ, ਰਾਤ ਵੇਲੇ ਸਾਧ ਮਾਨ ਸਿੰਘ ਪਿਹੋਵਾ, ਚੌਕ ਮਹਿਤਾ ਡੇਰੇ ਦਾ ਹਰਨਾਮ ਸਿੰਘ ਧੁੰਮਾ ਤੇ ਜਸਬੀਰ ਸਿੰਘ ਰੋਡੇ ਅੰਬ ਸਾਹਿਬ ਆਏ ਤੇ ਗੁਰਬਖ਼ਸ਼ ਸਿੰਘ ਨਾਲ 24 ਦਸੰਬਰ 2013 ਦੇ ਦਿਨ ਬੰਦ ਕਮਰੇ ਵਿਚ ਮੁਲਾਕਾਤ ਕੀਤੀ। ਇਸ ਮਗਰੋਂ ਗੁਰਬਖ਼ਸ਼ ਸਿੰਘ ਦਾ ਤਰੀਕਾ ਹੀ ਬਦਲ ਗਿਆ। ਅਕਾਲ ਤਖ਼ਤ ਦਾ ਮੁਖ ਸੇਵਾਦਾਰ ਗੁਰਬਚਨ ਸਿੰਘ, ਜਿਸ ਨੂੰ ਉਹ ਮਹਾਂ ਝੂਠਾ ਤੇ ਪਾਪੀ ਕਹਿ ਰਿਹਾ ਸੀ, ਉਸ ਨੂੰ ਹੁਣ ਉਹ ਗੁਰੂ ਦੀ ਆਵਾਜ਼ ਜਾਪਣ ਲਗ ਪਿਆ। ਜਿਹੜਾ ਕਹਿੰਦਾ ਸੀ ਕਿ 'ਜਾਂ ਸਿੰਘ ਰਿਹਾ ਹੋਣਗੇ ਜਾਂ ਭਾਣਾ ਵਰਤੇਗਾ', ਇਸ ਮੀਟਿੰਗ ਮਗਰੋਂ ਉਸ ਦੀ ਬੋਲੀ ਇਕ ਦਮ ਪੂਰੀ ਤਰ੍ਹਾਂ ਬਦਲ ਗਈ। ਹੁਣ ਉਸ ਨੇ 'ਮਰਨ ਵਰਤ ਐਕਸ਼ਨ ਕਮੇਟੀ' (ਕੁਲਬੀਰ ਕੌਰ ਧਾਮੀ, ਹਰਪਾਲ ਸਿੰਘ ਚੀਮਾ ਪੰਚ ਪਰਧਾਨੀ ਅਕਾਲੀ ਦਲ, ਸਤਨਾਮ ਸਿੰਘ ਪਾਊਂਟਾ ਸਾਹਿਬ ਦਲ ਖ਼ਾਲਸਾ, ਆਰ.ਪੀ. ਸਿੰਘ ਅਖੰਡ ਕੀਰਤਨੀ ਜਥਾ, ਮੋਹਕਮ ਸਿੰਘ, ਕੰਵਰ ਸਿੰਘ ਧਾਮੀ, ਗੁਰਨਾਮ ਸਿੰਘ ਸਿੱਧੂ, ਕਰਨੈਲ ਸਿੰਘ ਪੀਰ ਮੁਹੰਮਦ, ਕਸ਼ਮੀਰ ਕੌਰ, ਮਨਜੀਤ ਕੌਰ ਵਗ਼ੈਰਾ) ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰ ਦਿੱਤਾ ਅਤੇ ਉਨ੍ਹਾਂ ਦੀ ਸਲਾਹ ਤੋਂ ਬਿਨਾਂ ਫ਼ੈਸਲਾ ਕਰ ਲਿਆ।

ਹਾਲਾਂ ਕਿ ਗੁਰਬਖ਼ਸ਼ ਸਿੰਘ ਦੇ ਮਰਨ ਵਰਤ ਨੂੰ ਪੰਜਾਬ ਦੀ ਹਰ ਸ਼ਖ਼ਸੀਅਤ (ਸਣੇ ਸਿਆਸੀ ਆਗੂ, ਕਲਾਕਾਰ ਤੇ ਇਨਸਾਨੀ ਹਕੂਕ ਦੀਆਂ ਜਥੇਬੰਦੀਆਂ) ਨੇ ਭਰਪੂਰ ਹਿਮਾਇਤ ਦਿੱਤੀ ਸੀ। ਇਨ੍ਹਾਂ ਵਿਚ ਸਨ: ਸਿਮਰਨਜੀਤ ਸਿੰਘ ਮਾਨ (27 ਨਵੰਬਰ), ਪਰਮਜੀਤ ਸਿੰਘ ਸਰਨਾ ਦਿੱਲੀ (2 ਦਸੰਬਰ), ਭਗਵੰਤ ਮਾਨ ਕਲਾਕਾਰ, ਮਗਰੋਂ ਐਮ.ਪੀ. (2 ਦਸੰਬਰ), ਗਿਆਨੀ ਰਾਮ ਸਿੰਘ, ਜਥਾ ਭਿੰਡਰਾਂ- ਸੰਗਰਾਵਾਂ ਗਰੁਪ (4 ਦਸੰਬਰ), ਸਿਮਰਨਜੀਤ ਸਿੰਘ ਮਾਨ, ਬਲਜੀਤ ਸਿੰਘ ਦਾਦੂਵਾਲ, ਰਣਜੀਤ ਸਿੰਘ ਢਡਰੀਆਂ ਵਾਲਾ, ਹਰਦੀਪ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ (8 ਦਸੰਬਰ), ਪ੍ਰਿੰਸੀਪਲ ਸੁਰਿੰਦਰ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ (12 ਦਸੰਬਰ), ਚਰਨਜੀਤ ਸਿੰਘ ਚੰਨੀ ਐਮ.ਐਲ.ਏ. ਚਮਕੌਰ ਕਾਂਗਰਸ 14 ਦਸੰਬਰ), ਗੁਰਿੰਦਰਪਾਲ ਸਿੰਘ ਧਨੌਲਾ ਮਾਨ ਅਕਾਲੀ ਦਲ, ਰਾਜਬੀਰ ਸਿੰਘ ਪਡਿਆਲਾ ਕਾਂਗਰਸ, ਸਰਬਜੀਤ ਸਿੰਘ ਪੁੱਤਰ ਸ਼ਹੀਦ ਬੇਅੰਤ ਸਿੰਘ, ਕਮਿੱਕਰ ਸਿੰਘ, ਗੁਰਨਾਮ ਸਿੰਘ ਸਿੱਧੂ, ਭਗਵੰਤ ਮਾਨ (ਕਾਨਫ਼ਰੰਸ ਵਿਚ 15 ਦਸੰਬਰ), ਸਿਮਰਨਜੀਤ ਸਿੰਘ ਮਾਨ (17 ਦਸੰਬਰ), ਸਿਮਰਨਜੀਤ ਸਿੰਘ ਮਾਨ, ਰਾਮ ਸਿੰਘ, ਮੋਹਕਮ ਸਿੰਘ, ਅਮਰੀਕ ਸਿੰਘ ਅਜਨਾਲਾ, ਬਲਜੀਤ

ਸਿੰਘ ਦਾਦੂਵਾਲ (ਫਿਟ 18 ਦਸੰਬਰ),, ਸ਼ੈਰੀ ਮਾਨ ਤੇ ਬਿਨੈਪਾਲ ਬੁੱਟਰ, ਕੁਲਵਿੰਦਰ ਭੱਲਾ, ਬਬਲ ਰਾਇ ਗਾਇਕ ਤੇ ਕਲਾਕਾਰ (18 ਦਸੰਬਰ), ਬੱਬੂ ਮਾਨ, ਗੁਰਪ੍ਰੀਤ ਘੁੱਗੀ, ਸਤਿੰਦਰ ਸਰਤਾਜ ਤੇ ਹੋਰ ਗਾਇਕ ਤੇ ਕਲਾਕਾਰ (18 ਦਸੰਬਰ), ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਮਨਜੀਤ ਸਿੰਘ ਜੀ.ਕੇ., ਅਵਤਾਰ ਸਿੰਘ ਹਿਤ, ਓਂਕਾਰ ਸਿੰਘ ਥਾਪਰ, ਹਰਮੀਤ ਸਿੰਘ ਕਾਲਕਾ, ਪਰਮਜੀਤ ਸਿੰਘ ਰਾਣਾ ਧਰਮ ਪ੍ਰਚਾਰ ਕਮੇਟੀ (18 ਦਸੰਬਰ), ਆਲ ਇੰਡੀਆ ਮਿਲੀ ਕੌਂਸਲ ਦੇ ਪ੍ਰਧਾਨ ਡਾ ਅਨਵਰ ਅਹਿਮਦ ਸਦੀਕੀ, ਪੰਜਾਬ ਮੁਸਲਿਮ ਲੀਗ ਦੇ ਪ੍ਰਧਾਨ ਮਨਸੂਚਲ ਹੱਕ, ਕਲਾਕਾਰ ਰਣਬੀਰ ਰਾਣਾ, ਤਰਲੋਚਨ ਸਿੰਘ ਮਾਨ ਪ੍ਰਧਾਨ ਨੰਬਰਦਾਰਾ ਯੂਨੀਅਨ (19 ਦਸੰਬਰ), ਕੈਪਟਨ ਅਮਰਿੰਦਰ ਸਿੰਘ (19 ਦਸੰਬਰ), ਨਿਹਾਲ ਸਿੰਘ ਹਰੀਆਂ ਵੇਲਾਂ ਮੁਖੀ, ਤਰੁਣਾ ਦਲ, ਬਲਬੀਰ ਸਿੰਘ ਬੁੱਢਾ ਦਲ, ਪਰਕਾਸ਼ ਜੰਡਾਲੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ (22 ਦਸੰਬਰ), ਮਹਾਰਾਣੀ ਪ੍ਰਨੀਤ ਕੌਰ (23 ਦਸੰਬਰ) ਅਤੇ ਹੋਰ ਬੇਅੰਤ ਸ਼ਖ਼ਸ ਜਾਂ ਉਸ ਕੋਲ ਪੁੱਜੇ ਤੇ ਜਾਂ ਬਿਆਨਾਂ ਰਾਹੀਂ ਉਸ ਦੀ ਹਿਮਾਇਤ ਕੀਤੀ। 25 ਦਸੰਬਰ ਦੇ ਦਿਨ ਮਨਪ੍ਰੀਤ ਬਾਦਲ ਨੇ ਵੀ ਉਸ ਦੀ ਹਿਮਾਇਤ ਕਰ ਦਿਤੀ ਸੀ।ਪਰ ਉਹ ਪਿਹੋਵੇ ਵਾਲੇ ਸਾਧ ਮਾਨ ਸਿੰਘ, ਜਸਬੀਰ ਸਿੰਘ ਰੋਡੇ, ਹਰਨਾਮ ਸਿੰਘ ਧੁੰਮਾ ਨਾਲ ਖ਼ੁਫ਼ੀਆ ਗੱਲਬਾਤ ਕਰਨ ਮਗਰੋਂ ਸਭ ਨਾਲ ਦਗ਼ਾ ਕਰ ਕੇ ਉਨ੍ਹਾਂ ਬਾਦਲ ਦੇ ਏਜੰਟਾਂ ਦੇ ਪਿੱਛੇ ਲਗ ਗਿਆ ਤੇ ਵਰਤ ਛੱਡਣ ਵਾਸਤੇ ਤਿਆਰ ਹੋ ਗਿਆ। ਉਹ 26 ਦਸੰਬਰ ਨੂੰ ਅੰਮ੍ਰਿਤਸਰ ਗਿਆ ਤੇ ਉਥੇ ਜਾ ਕੇ ਫਿਰ ਐਲਾਨ ਕੀਤਾ ਕਿ "ਸਾਰਿਆਂ ਸਿੱਖਾਂ ਦੀ ਰਿਹਾਈ ਤੋਂ ਬਿਨਾ ਵਰਤ ਨਹੀ ਛੱਡਾਂਗਾ।" ਗੁਰਮੀਤ ਸਿੰਘ ਨੂੰ 25 ਦਸੰਬਰ ਨੂੰ ਪੈਰੋਲ 'ਤੇ ਰਿਹਾ ਕਰ ਦਿੱਤਾ ਗਿਆ ਸੀ। 27 ਦਸੰਬਰ ਦੇ ਦਿਨ ਲਖਵਿੰਦਰ ਸਿੰਘ ਨੂੰ 4 ਲੱਖ ਦੀ ਜ਼ਮਾਨਤ 'ਤੇ ਪੈਰੋਲ 'ਤੇ ਰਿਹਾ ਕਰ ਦਿੱਤਾ ਗਿਆ।ਇਸ 'ਤੇ ਗੁਰਬਖ਼ਸ਼ ਸਿੰਘ ਨੇ ਆਪਣਾ 'ਮਰਨ ਵਰਤ' ਖ਼ਤਮ ਕਰ ਦਿੱਤਾ। ਪਰ ਇਹ ਸਭ ਪੈਰੋਲ 'ਤੇ 4 ਜਾਂ 6 ਹਫ਼ਤੇ ਦੀਆਂ ਰਿਹਾਈਆਂ ਸਨ। 28 ਦਿਨ ਦੀ ਪੈਰੋਲ ਪੂਰੀ ਕਰ ਕੇ ਵਾਪਿਸ ਕਰਨ ਮਗਰੋਂ ਗੁਰਮੀਤ ਸਿੰਘ ਸ਼ੇਰਾ 23 ਜਨਵਰੀ 2014 ਦੇ ਦਿਨ ਵਾਪਿਸ ਬੁੜੈਲ ਜੇਲ੍ਹ ਪੁੱਜ ਗਿਆ। ਇੰਵ ਹੀ 28 ਦਿਨ ਦੀ ਪੈਰੋਲ ਪੂਰੀ ਕਰ ਕੇ ਵਾਪਿਸ ਕਰਨ ਮਗਰੋਂ ਸ਼ਮਸ਼ੇਰ ਸਿੰਘ ਸ਼ੇਰਾ ਅਤੇ ਲਖਵਿੰਦਰ ਸਿੰਘ 26 ਜਨਵਰੀ 2014 ਦੇ ਦਿਨ ਵਾਪਿਸ ਬੁੜੈਲ ਜੇਲ੍ਹ ਪੁੱਜ ਗਏ। ਲਾਲ ਸਿੰਘ ਅਕਾਲਗੜ੍ਹ ਵੀ 42 ਦਿਨ ਦੀ ਪੈਰੋਲ ਪੂਰੀ ਕਰ ਕੇ 2 ਫ਼ਰਵਰੀ ਦੇ ਦਿਨ ਵਾਪਿਸ ਨਾਭਾ ਜੇਲ੍ਹ ਵਿਚ ਪੁੱਜ ਗਿਆ।

25 ਦਸੰਬਰ

1772: ਭੰਗੀਆਂ ਨੇ ਅਫ਼ਗਾਨਾਂ ਨੂੰ ਹਰਾ ਕੇ ਮੁਲਤਾਨ ਜਿੱਤਿਆ

25 ਦਸੰਬਰ 1772 ਦੇ ਦਿਨ ਝੰਡਾ ਸਿੰਘ ਤੇ ਉਸ ਦੇ ਭਰਾਵਾਂ ਗੰਡਾ ਸਿੰਘ ਤੇ ਲਹਿਣਾ ਸਿੰਘ ਦੀ ਅਗਵਾਈ ਵਿਚ ਭੰਗੀ ਮਿਸਲ ਦੀਆਂ ਫ਼ੌਜਾਂ ਨੇ ਮੁਲਤਾਨ 'ਤੇ ਹਮਲਾ ਕਰ ਕੇ ਤੈਮੂਰ ਦੇ ਅਫ਼ਗਾਨ ਜਰਨੈਲਾਂ ਸ਼ੁਜਾਹ ਖ਼ਾਨ ਅਤੇ ਦੌਪਤਰਾ ਨੂੰ ਹਰਾ ਕੇ ਸ਼ਹਿਰ 'ਤੇ ਕਬਜ਼ਾ ਕਰ ਲਿਆ। ਦੀਵਾਨ ਸਿੰਘ ਚਾਚੋਵਾਲਕੀਆ ਨੂੰ ਕਿਲ੍ਹੇਦਾਰ ਤੇ ਸ਼ਹਿਰ ਦਾ ਨਾਜ਼ਮ ਥਾਪਿਆ ਗਿਆ।

1935: ਬੂਟਾ ਸਿੰਘ ਸ਼ੇਖ਼ੂਪੁਰਾ ਐਮ.ਐਲ.ਸੀ ਅਕਾਲ ਤਖ਼ਤ 'ਤੇ ਪੇਸ਼ ਹੋਇਆ

ਗੁਰਦੁਆਰਾ ਸ਼ਹੀਦ ਗੰਜ (ਸਿੰਘਣੀਆਂ) ਝੰਡਾ ਬਜ਼ਾਰ, ਲਾਹੌਰ, ਵਿਚ ਹੈ। ਇਹ ਗੁਰਦੁਆਰਾ ਉਨ੍ਹਾਂ ਸਿੰਘਣੀਆਂ ਤੇ ਭੁਝੰਗੀਆਂ ਦੀ ਸ਼ਹੀਦੀ ਦੀ ਯਾਦ ਵਿਚ ਹੈ ਜਿਨ੍ਹਾਂ ਨੂੰ ਅਠਾਰਵੀਂ ਸਦੀ ਵਿਚ ਮੀਰ ਮਨੂ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ ਸੀ। ਉਨ੍ਹੀਂ ਦਿਨੀਂ ਇੱਥੇ ਬੰਦੀ-ਖ਼ਾਨਾ ਹੁੰਦਾ ਸੀ। ਮੀਰ ਮਨੂ ਪੰਜਾਬ ਦਾ ਹਾਕਮ ਅਤੇ ਸਿੱਖਾਂ ਦਾ ਵੱਡਾ ਦੁਸ਼ਮਣ ਸੀ।

ਉਸ ਨੇ ਸਿੱਖਾਂ ਨੂੰ ਤਸੀਹੇ ਦੇਣ ਵਾਸਤੇ ਉਨ੍ਹਾਂ ਦੀਆਂ ਔਰਤਾਂ ਅਤੇ ਬੱਚੇ ਵੀ ਗ੍ਰਿਫ਼ਤਾਰ ਕਰ ਕੇ ਲੈ ਆਂਦੇ ਸਨ। ਉਨ੍ਹਾਂ ਨੂੰ ਇਸ ਬੰਦੀ ਖਾਨੇ ਵਿਚ ਰੱਖਿਆ ਜਾਂਦਾ ਸੀ। ਇਨ੍ਹਾਂ ਔਰਤਾਂ ਸਾਹਮਣੇ ਉਨ੍ਹਾਂ ਦੇ ਬੱਚੇ ਸ਼ਹੀਦ ਕੀਤੇ ਜਾਂਦੇ। ਉਨ੍ਹਾਂ ਨੂੰ ਸਵਾ-ਸਵਾ ਮਣ ਕਣਕ ਪੀਸਣੀ ਪੈਂਦੀ, ਭੁੱਖੇ ਅਤੇ ਪਿਆਸੇ ਰਹਿਣਾ ਪੈਂਦਾ। ਇਸ ਥਾਂ 'ਤੇ ਬਹੁਤ ਸਿੱਖ ਬੱਚੇ ਤੇ ਬੀਬੀਆਂ ਸ਼ਹੀਦ ਕੀਤੀਆਂ ਗਈਆਂ ਸਨ। ਇਨ੍ਹਾਂ ਵਿਚ ਭਾਈ ਮਨੀ ਸਿੰਘ ਦੀ ਸਿੰਘਣੀ ਬਸੰਤ ਕੌਰ ਵੀ ਸ਼ਾਮਿਲ ਸੀ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ 'ਤੇ ਕਬਜ਼ਾ ਕੀਤਾ ਤਾਂ ਉਸ ਨੇ ਇਸ ਬੰਦੀ-ਖਾਨੇ ਨੂੰ ਉਨ੍ਹਾਂ ਬਹਾਦਰ ਸਿੰਘਣੀਆਂ ਦੀ ਯਾਦਗਾਰ ਬਣਾ ਦਿੱਤਾ ਅਤੇ ਇਸ ਥਾਂ 'ਤੇ ਇਹ ਗੁਰਦੁਆਰਾ ਉਸਾਰ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤੋਂ ਇਹ ਗੁਰਦੁਆਰਾ ਨਿੱਕੀ ਇੱਟ ਦਾ ਸੀ। ਵਕਤ ਬੀਤਣ ਨਾਲ ਇਸ ਦੀ ਇਕ ਕੰਧ ਢੱਠ ਗਈ। ਜਦੋਂ ਇਸ ਕੰਧ ਨੂੰ ਦੁਬਾਰਾ ਬਣਾਉਣ ਲੱਗੇ ਤਾਂ ਮੁਸਲਮਾਨਾਂ ਨੇ ਰੌਲਾ ਪਾ ਦਿੱਤਾ ਕਿ ਇਸ ਗੁਰਦੁਆਰੇ ਵਿਚ ਮਸੀਤ ਹੈ। ਇਸ ਬਾਰੇ ਮੁਸਲਿਮ ਨੁਮਾਇੰਦਿਆਂ ਨੇ ਅਦਾਲਤ ਵਿਚ ਕੇਸ ਕੀਤਾ ਜਿਹੜਾ ਉਹ ਹਾਰ ਗਏ। ਹਾਰ ਤੋਂ ਚਿੜ੍ਹ ਕੇ ਮੁਸਲਮਾਨਾਂ ਨੇ ਹਾਈ ਕੋਰਟ ਵਿਚ ਅਪੀਲ ਵੀ ਕੀਤੀ ਤੇ ਨਾਲ ਹੀ ਐਜੀਟੇਸ਼ਨ ਵੀ ਸ਼ੁਰੂ ਕਰ ਦਿੱਤੀ। ਹਾਈ ਕੋਰਟ ਦੇ ਫ਼ੈਸਲੇ ਮਗਰੋਂ ਪੰਜਾਬ ਸਰਕਾਰ ਨੇ ਅਤੇ ਭਾਰਤ ਸਰਕਾਰ ਨੇ ਵੀ ਇਸ ਇਮਾਰਤ ਉੱਤੇ ਸਿੱਖਾਂ ਦਾ ਪੂਰਾ ਹੱਕ ਤਸਲੀਮ ਕਰ ਲਿਆ ਸੀ। ਇਸ ਬਾਰੇ ਪੰਜਾਬ ਸਰਕਾਰ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਤਾਰਾਂ ਵੀ ਭੇਜੀਆਂ ਕਿ ਸਿਖਾਂ ਨੂੰ ਪੂਰਾ ਹੱਕ ਹੈ ਕਿ ਉਹ ਮਸਜਿਦ ਵਰਗੇ ਨਜ਼ਰ ਆਉਂਦੇ ਢਾਂਚੇ ਨੂੰ ਡੇਗ ਲੈਣ। ਮਿਲਾਪ ਅਖ਼ਬਾਰ ਮੁਤਾਬਿਕ: *''ਹਕੂਮਤ ਪੰਜਾਬ ਨੇ ਸੂਬਾ ਕੇ ਤਮਾਮ ਕਮਿਸ਼ਨਰੋਂ ਔਰ ਡਿਪਟੀ ਕਮਿਸ਼ਨਰੋਂ ਕੇ ਨਾਮ ਤਾਰੇਂ ਤਰਸ਼ਾਲ ਕੀਂ, ਜਿਨ ਮੇਂ ਬਤਾਯਾ ਗਿਆ ਥਾ ਕਿ ਜਹਾਂ ਤਕ ਗੁਰਦੁਆਰਾ ਕੀ ਕਾਨੂੰਨੀ ਪੋਜ਼ੀਸ਼ਨ ਕਾ ਤਅੱਲਕ ਹੈ, ਤਾਜ਼ੀਰਾਤ ਹਿੰਦ ਕੀ ਦਫ਼ਾ 295 ਕਾ ਇਸ ਬਾਰੇ ਮੇਂ ਇੰਤਕਾਲ ਨਹੀਂ ਹੋ ਸਕਤਾ। ਔਰ ਹਕੂਮਤ ਹਿੰਦ ਕੇ ਕਾਨੂੰਨੀ ਅਫ਼ਸਰ ਨੇ ਭੀ ਹਕੂਮਤ ਪੰਜਾਬ ਕੀ ਰਾਏ ਤਸਦੀਕ ਕਰ ਦੀ ਹੈ। ਇਨ ਹਾਲਾਤ ਕੇ ਮੱਦੇ-ਨਜ਼ਰ ਹਕੂਮਤ ਮਸਜਿਦ ਕੇ ਗਿਰਾਨੇ ਸੇ ਸਿੱਖੋਂ ਕੋ ਰੋਕਨੇ ਕੇ ਲੀਏ ਕੋਈ ਇਕਤਦਾਮ ਨਹੀਂ ਕਰੇਗੀ।''*

ਗੁਰਦੁਆਰਾ ਸ਼ਹੀਦ ਗ਼ੰਜ ਲਾਹੌਰ ਵਿਚ ਜਦੋਂ ਮੁਸਲਮਾਨਾਂ ਨੇ ਐਜੀਟੇਸ਼ਨ ਕੀਤੀ ਤਾਂ ਸਰਕਾਰ ਨੇ ਦਫ਼ਾ 144 ਲਾ ਦਿੱਤੀ ਅਤੇ ਸਿੱਖਾਂ ਦੀ ਕਿਰਪਾਨ 'ਤੇ ਵੀ ਪਾਬੰਦੀ ਲਾ ਦਿੱਤੀ। ਇਸ ਨਾਲ ਸਿੱਖ ਜਜ਼ਬਾਤ ਭੜਕ ਪਏ। ਕੁਝ ਸਿੱਖ ਕਿਰਪਾਨ ਦੇ ਦੋਸ਼ ਵਿਚ ਗ੍ਰਿਫ਼ਤਾਰ ਵੀ ਕੀਤੇ ਗਏ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਇਕ ਸਾਂਝੀ ਮੀਟਿੰਗ ਨੇ 26 ਅਗਸਤ 1935 ਦੇ ਦਿਨ ਮੰਗ ਕੀਤੀ ਕਿ ਵੱਡੀ ਕਿਰਪਾਨ ਬਾਰੇ ਸਰਕਾਰੀ ਐਲਾਨ ਵਾਪਸ ਲਿਆ ਜਾਵੇ ਅਤੇ ਦੋ ਕਿਰਪਾਨਾਂ (ਛੋਟੀਆਂ) ਦੀ ਪਾਬੰਦੀ ਵੀ ਗ਼ਲਤ ਹੈ। ਸ਼੍ਰੋਮਣੀ ਅਕਾਲੀ ਦਲ ਵਲੋਂ ਐਲਾਨ ਕੀਤਾ ਗਿਆ ਕਿ ਕਿਰਪਾਨ ਸਬੰਧੀ ਪਾਬੰਦੀਆਂ ਸਿੱਖ ਧਰਮ ਵਿਚ ਦਖ਼ਲ ਹਨ ਤੇ ਇਸ ਦੀ ਮੁਖ਼ਾਲਫ਼ਤ ਕੀਤੀ ਜਾਵੇਗੀ। ਅਚਾਨਕ ਉਸੇ ਦਿਨ ਹੀ ਕਿਰਪਾਨ ਵਾਲੇ ਮੁਕੱਦਮਿਆਂ ਵਿਚ ਗ੍ਰਿਫ਼ਤਾਰ ਕੀਤੇ ਸਿੱਖ ਬਿਨਾਂ ਜ਼ਮਾਨਤਾਂ ਤੋਂ ਰਿਹਾ ਕਰ ਦਿੱਤੇ ਗਏ ਅਤੇ ਮੁਕੱਦਮੇ ਮੁਲਤਵੀ ਕਰ ਦਿੱਤੇ ਗਏ। ਫਿਰ 25 ਸਤੰਬਰ 1935 ਨੂੰ ਪੰਜਾਬ ਸਰਕਾਰ ਨੇ ਐਲਾਨ ਕੀਤਾ ਕਿ ਪੰਜਾਬ ਵਿਚ ਕਿਰਪਾਨ ਦੀ ਖੁਲ੍ਹ ਕਰ ਦਿੱਤੀ ਗਈ ਹੈ ਅਤੇ ਹਰ ਕੋਈ ਕਿਰਪਾਨ ਰੱਖ ਸਕਦਾ ਹੈ।

30 ਨਵੰਬਰ ਨੂੰ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬ ਦੇ ਸਬੰਧ ਵਿਚ ਹਜ਼ਾਰਾਂ ਸਿੱਖਾਂ ਨੇ ਆਲੀਸ਼ਾਨ ਜਲੂਸ ਕਢਿਆ। ਸਾਰੇ ਸ਼ਹਿਰ ਵਿਚ ਫ਼ੌਜ ਫਿਰ ਰਹੀ ਸੀ। ਇਕ ਦੋ ਥਾਂਵਾਂ ਤੇ ਇੱਟਾਂ ਪੈਣ ਤੋਂ ਸਿਵਾ ਕੋਈ ਹੋਰ ਘਟਨਾ ਨਾ ਵਾਪਰੀ। ਅਗਲੇ ਹੀ ਦਿਨ 1 ਦਸੰਬਰ 1935 ਨੂੰ ਭਾਟੀ ਦਰਵਾਜ਼ੇ (ਲਾਹੌਰ) ਦੇ ਅੰਦਰ ਸਿੱਖਾਂ ਅਤੇ ਮੁਸਲਮਾਨਾਂ ਵਿਚ ਫ਼ਸਾਦ

ਹੋਇਆ ਜਿਸ ਨੇ ਸਾਰੇ ਸ਼ਹਿਰ ਨੂੰ ਲਪੇਟ ਵਿਚ ਲੈ ਲਿਆ। ਬਹੁਤ ਸਾਰੇ ਸਿੱਖ ਅਤੇ ਮੁਸਲਮਾਨ ਜ਼ਖ਼ਮੀ ਹੋਏ। ਸਰਕਾਰ ਨੇ ਦਫ਼ਾ 144 ਲਗਾ ਦਿੱਤੀ। ਇਸ ਦੇ ਨਾਲ ਹੀ 2 ਦਸੰਬਰ ਨੂੰ ਕਿਰਪਾਨ 'ਤੇ ਫੇਰ ਪਾਬੰਦੀ ਲਾ ਦਿੱਤੀ ਗਈ।

15 ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀ ਸਾਂਝੀ ਮੀਟਿੰਗ ਨੇ ਸਰਕਾਰ ਨੂੰ ਕਿਰਪਾਨ ਤੋਂ ਪਾਬੰਦੀ ਚੁਕਣ ਦਾ ਨੋਟਿਸ ਦਿੱਤਾ। 30 ਦਸੰਬਰ ਨੂੰ ਸ਼੍ਰੋਮਣੀ ਕਮੇਟੀ ਨੇ ਕਿਰਪਾਨ ਵਾਸਤੇ ਪਹਿਲੀ ਜਨਵਰੀ ਤੋਂ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਸ਼ਹੀਦ ਗੰਜ ਦੇ ਮੋਰਚੇ ਬਾਰੇ ਕਮੇਟੀ ਵਿਚ ਸਰਮੁਖ ਸਿੰਘ ਚਮਕ, ਹਰਨਾਮ ਸਿੰਘ ਐਡਵੋਕੇਟ ਅਤੇ ਗੁਰਮੁਖ ਸਿੰਘ ਮੁਸਾਫ਼ਿਰ ਲਏ ਗਏ। ਕਿਰਪਾਨ ਦੇ ਮੋਰਚੇ ਵਾਸਤੇ ਕਮੇਟੀ ਵਿਚ ਮਾਸਟਰ ਤਾਰਾ ਸਿੰਘ, ਗਿ: ਸ਼ੇਰ ਸਿੰਘ ਅਤੇ ਜ: ਤੇਜਾ ਸਿੰਘ ਰੱਖੇ ਗਏ। ਇਸ ਕਮੇਟੀ ਨੇ ਪਹਿਲੀ ਜਨਵਰੀ ਤੋਂ ਅਕਾਲ ਤਖ਼ਤ ਸਾਹਿਬ ਤੋਂ ਜਥੇ ਭੇਜਣ ਦਾ ਐਲਾਨ ਕਰ ਦਿੱਤਾ।

ਕਿਰਪਾਨ ਤੇ ਪਾਬੰਦੀ ਵਿਰੁਧ ਮੋਰਚੇ ਵਾਸਤੇ ਪਹਿਲਾ ਜਥਾ ਪਹਿਲੀ ਜਨਵਰੀ 1936 ਨੂੰ ਭੇਜਣ ਦਾ ਫ਼ੈਸਲਾ ਕੀਤਾ ਗਿਆ। ਇਸ ਦੀ ਅਗਵਾਈ ਬੂਟਾ ਸਿੰਘ ਐਮ.ਐਲ.ਸੀ. ਕਰ ਰਹੇ ਸਨ। ਬੂਟਾ ਸਿੰਘ ਪਹਿਲੋਂ ਗੋਲਮੇਜ਼ ਕਾਨਫ਼ਰੰਸ ਵਿਚ ਪੰਥ ਦੀ ਮਰਜ਼ੀ ਦੇ ਖ਼ਿਲਾਫ਼ ਸ਼ਾਮਿਲ ਹੋਏ ਸਨ ਤੇ ਉਨ੍ਹਾਂ ਦੀ ਬਹੁਤ ਮੁਖ਼ਾਲਫ਼ਤ ਹੋਈ ਸੀ, ਪਰ 15 ਦਸੰਬਰ 1935 ਨੂੰ ਉਹ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਏ ਅਤੇ ਮੁਆਫ਼ੀ ਮੰਗ ਕੇ ਪੰਥ ਤੋਂ ਆਪਣੀ ਭੁੱਲ ਬਖ਼ਸ਼ਾਈ। ਉਨ੍ਹਾਂ ਨੂੰ ਤਨਖ਼ਾਹ ਲਾਈ ਗਈ ਜੋ ਉਨ੍ਹਾਂ ਨੇ 25 ਦਸੰਬਰ 1935 ਨੂੰ ਪੂਰੀ ਕੀਤੀ ਅਤੇ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਵਾ ਕੇ ਪੰਥਕ ਮੁਖ ਧਾਰਾ ਵਿਚ ਸ਼ਾਮਿਲ ਹੋਏ।

1987: ਅਵਤਾਰ ਸਿੰਘ ਰੂਪੋਵਾਲੀ, ਲਖਬੀਰ ਸਿੰਘ ਧੱਲੇਕੇ, ਬਲਵੰਤ ਸਿੰਘ ਤਖਾਣਵਧ, ਮਹਿੰਦਰ ਸਿੰਘ ਨੌਸ਼ਹਿਰਾ ਪੰਨੂਆਂ, ਪਰਮਜੀਤ ਸਿੰਘ ਸਿੰਘ ਕਾਲਾ, ਸਵਰਨਜੀਤ ਸਿੰਘ ਖਾਲਸਾ, ਗੁਰਚਰਨ ਸਿੰਘ ਉਰਫ਼ ਚਰਨੀ ਤੇ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ

25 ਦਸੰਬਰ 1987 ਦੇ ਦਿਨ ਪੰਜਾਬ ਪੁਲਸ ਨੇ ਅਵਤਾਰ ਸਿੰਘ ਰੂਪੋਵਾਲੀ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਮਹੀਨੇ ਵਿਚ ਹੀ ਲਖਬੀਰ ਸਿੰਘ (ਧੱਲੇਕੇ), ਬਲਵੰਤ ਸਿੰਘ (ਤਖਾਣਵਧ), ਮਹਿੰਦਰ ਸਿੰਘ (ਨੌਸ਼ਹਿਰਾ ਪੰਨੂਆਂ), ਪਰਮਜੀਤ ਸਿੰਘ ਸਿੰਘ ਕਾਲਾ, ਸਵਰਨਜੀਤ ਸਿੰਘ ਖਾਲਸਾ, ਗੁਰਚਰਨ ਸਿੰਘ ਉਰਫ਼ ਚਰਨੀ ਵੀ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ ਗਏ ਸਨ। ਇਨ੍ਹੀਂ ਦਿਨੀਂ ਹੀ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦਾ ਜਰਨੈਲ ਵਰਿੰਦਰ ਸਿੰਘ (ਦਾਖਾ) ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ ਸ਼੍ਰੋਮਣੀ ਕਮੇਟੀ ਦੇ ਆਗੂ ਮੱਲ ਸਿੰਘ ਘੁਮਾਣ ਨੇ ਧੋਖੇ ਨਾਲ ਆਪਣੇ ਘਰ ਬੁਲਾ ਕੇ ਗ੍ਰਿਫ਼ਤਾਰ ਕਰਵਾਇਆ ਸੀ (ਬਾਅਦ ਵਿਚ ਖਾੜਕੂਆਂ ਨੇ ਮੱਲ ਸਿੰਘ 'ਤੇ ਹਮਲਾ ਵੀ ਕੀਤਾ ਪਰ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਵੀ ਬਚ ਗਿਆ)।

1988: ਜਸਮਿੰਦਰ ਸਿੰਘ ਜੱਸੀ ਮਾਡਲ ਗਰਾਮ ਲੁਧਿਆਣਾ ਨਕਲੀ ਮੁਕਾਬਲੇ ਵਿਚ ਸ਼ਹੀਦ

25 ਦਸੰਬਰ 1988 ਦੇ ਦਿਨ ਪੰਜਾਬ ਪੁਲਸ ਨੇ ਜਸਮਿੰਦਰ ਸਿੰਘ ਜੱਸੀ (ਵਾਸੀ ਮਾਡਲ ਗਰਾਮ, ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992 ਲਖਵਿੰਦਰ ਸਿੰਘ ਲੱਖਾ, ਮਨਜਿੰਦਰ ਸਿੰਘ ਬੱਬੂ, ਹਰਪਾਲ ਕੌਰ, ਤਰਸੇਮ ਸਿੰਘ ਰੁੜਕਾ ਕਲਾਂ, ਗੁਰਦੇਵ ਸਿੰਘ ਕੌਂਕੇ ਕਲਾਂ, ਗੁਰਦੇਵ ਰਾਏਪੁਰ ਕਲਾਂ, ਹਰਬੰਸ ਸਿੰਘ

ਰਸੂਲਪੁਰ, ਸੁਖਦੇਵ ਸਿੰਘ ਮੁਹੰਮਦ ਖ਼ਾਨ, ਹਰਜਿੰਦਰ ਸਿੰਘ ਟਾਂਗਰਾ, ਲਖਵਿੰਦਰ ਸਿੰਘ ਛੱਜਲਵੱਢੀ, ਅਤੇ ਤਰਸੇਮ ਸਿੰਘ ਮੁੱਛਲ ਨਕਲੀ ਮੁਕਾਬਲਿਆਂ ਵਿਚ ਸ਼ਹੀਦ

25 ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਲਖਵਿੰਦਰ ਸਿੰਘ ਲੱਖਾ, ਮਨਜਿੰਦਰ ਸਿੰਘ ਬੱਬੂ, ਉਸ ਦੀ ਪਤਨੀ ਹਰਪਾਲ ਕੌਰ ਤੇ ਤਰਸੇਮ ਸਿੰਘ (ਰੁੜਕਾ ਕਲਾਂ), ਗੁਰਦੇਵ ਸਿੰਘ (ਪੁੱਤਰ ਗੁਰਦਿਆਲ ਸਿੰਘ, ਵਾਸੀ ਕੌਂਕੇ ਕਲਾਂ, ਜ਼ਿਲ੍ਹਾ ਲੁਧਿਆਣਾ), ਗੁਰਦੇਵ ਸਿੰਘ (ਪੁੱਤਰ ਸੰਤੋਖ ਸਿੰਘ, ਵਾਸੀ ਰਾਏਪੁਰ ਕਲਾਂ, ਜ਼ਿਲ੍ਹਾ ਅੰਮ੍ਰਿਤਸਰ), ਹਰਬੰਸ ਸਿੰਘ (ਪੁੱਤਰ ਸੰਤੋਖ ਸਿੰਘ, ਵਾਸੀ ਰਸੂਲਪੁਰ), ਸੁਖਦੇਵ ਸਿੰਘ (ਪੁੱਤਰ ਸੁੰਦਰ ਸਿੰਘ, ਵਾਸੀ ਪਿੰਡ ਮੁਹੰਮਦ ਖ਼ਾਨ), ਹਰਜਿੰਦਰ ਸਿੰਘ ਉਰਫ਼ ਡੋਗਰ ਸਿੰਘ (ਪੁੱਤਰ ਹਰਬੰਸ ਸਿੰਘ, ਵਾਸੀ ਟਾਂਗਰਾ) ਲਖਵਿੰਦਰ ਸਿੰਘ ਉਰਫ਼ ਬੋਹਰਾ (ਪੁੱਤਰ ਸੁਰਿੰਦਰ ਸਿੰਘ, ਵਾਸੀ ਛੱਜਲਵੱਢੀ), ਅਤੇ ਤਰਸੇਮ ਸਿੰਘ ਉਰਫ਼ ਕਾਲਾ (ਪੁੱਤਰ ਗੁਰਦਿਆਲ ਸਿੰਘ, ਵਾਸੀ ਮੁੱਛਲ) ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤੇ।

26 ਦਸੰਬਰ

1832: ਰਾਣੀ ਸਦਾ ਕੌਰ ਦੀ ਮਹਾਰਾਜਾ ਰਣਜੀਤ ਸਿੰਘ ਦੀ ਕੈਦ ਵਿਚ ਮੌਤ ਹੋਈ

ਸਦਾ ਕੌਰ ਭਾਈ ਦਸੌਂਧਾ ਸਿੰਘ ਗਿੱਲ ਦੀ ਬੇਟੀ ਸੀ ਅਤੇ ਕਨਈਆ ਮਿਸਲ ਦੇ ਸਰਦਾਰ ਗੁਰਬਖਸ਼ ਸਿੰਘ ਪੁੱਤਰ ਸ. ਜੈ ਸਿੰਘ (ਚੀਫ਼ ਕਨਈਆ ਮਿਸਲ) ਨਾਲ ਵਿਆਹੀ ਹੋਈ ਸੀ। ਸਰਦਾਰ ਗੁਰਬਖਸ਼ ਸਿੰਘ 1785 ਵਿਚ ਚੜ੍ਹਾਈ ਕਰ ਗਏ। ਫਿਰ ਜਦੋਂ ਬੀਬੀ ਸਦਾ ਕੌਰ ਦੇ ਸਹੁਰਾ ਸਾਹਿਬ ਸ. ਜੈ ਸਿੰਘ ਘਨਈਆ ਵੀ 1793 ਚਲਾਣਾ ਕਰ ਗਏ ਤਾਂ ਸਦਾ ਕੌਰ ਨੇ ਕਨਈਆ ਮਿਲਸ ਦੇ ਇਲਾਕੇ (ਬਟਾਲਾ, ਕਲਾਨੌਰ, ਕਾਦੀਆਂ, ਦੀਨਾਨਗਰ, ਮੁਕੇਰੀਆਂ) ਦਾ ਇੰਤਜ਼ਾਮ ਆਪਣੇ ਹੱਥਾਂ ਵਿੱਚ ਲੈ ਲਿਆ ਤੇ ਰਾਣੀ ਸਦਾ ਕੌਰ ਵਜੋਂ ਜਾਣੀ ਜਾਣ ਲਗ ਪਈ।

ਉਹ ਬਹੁਤ ਸੂਝਵਾਨ ਔਰਤ ਸੀ। ਹਾਲਾਂ ਕਿ ਇਸ ਦੇ ਪਤੀ ਦੀ ਮੌਤ ਰਾਮਗੜ੍ਹੀਆ ਮਿਸਲ ਅਤੇ ਸੁਕਰਚੱਕੀਆ ਮਿਸਲ ਨਾਲ ਹੋਈ ਲੜਾਈ ਵਿਚ ਹੋਈ ਸੀ ਪਰ ਇਸ ਨੇ ਦੁਸ਼ਮਣੀ ਖ਼ਤਮ ਕਰਨ ਦੀ ਸੋਚ ਨਾਲ ਆਪਣੀ ਧੀ ਮਹਿਤਾਬ ਕੌਰ ਦੀ ਸ਼ਾਦੀ ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਨਾਲ ਕਰ ਦਿੱਤੀ (ਜੋ ਬਾਅਦ ਵਿਚ ਮਹਾਰਾਜਾ ਬਣਿਆ)। ਰਾਣੀ ਸਦਾ ਕੌਰ ਨੇ ਆਪਣੀ ਜ਼ਿੰਦਗੀ ਵਿਚ ਵਿਚ ਕਈ ਲੜਾਈਆਂ ਲੜੀਆਂ ਸਨ। 1799 ਵਿਚ ਇਸ ਨੇ ਰਣਜੀਤ ਸਿੰਘ ਦੀ ਪੂਰੀ ਮਦਦ ਕੀਤੀ ਤੇ ਲਾਹੌਰ ਉੱਤੇ ਰਣਜੀਤ ਸਿੰਘ ਦਾ ਕਬਜ਼ਾ ਕਰਵਾਇਆ।

ਇਸ ਦੀ ਧੀ ਮਹਿਤਾਬ ਕੌਰ ਦੇ ਘਰ ਦੋ ਜੋੜੇ ਪੁੱਤਰ ਕੁੰਵਰ ਸ਼ੇਰ ਸਿੰਘ ਤੇ ਕੁੰਵਰ ਤਾਰਾ ਸਿੰਘ ਪੈਦਾ ਹੋਏ। ਪਰ ਲਾਹੌਰ 'ਤੇ ਕਬਜ਼ੇ ਮਗਰੋਂ ਜਦ ਰਣਜਤਿ ਸਿੰਘ ਨੇ ਕਾਫ਼ੀ ਇਲਾਕੇ ਜਿੱਤ ਲਏ ਅਤੇ 1802 ਵਿਚ ਮੋਰਾਂ ਨਾਂ ਦੀ ਇਕ ਮੁਸਲਮਾਨ ਨਾਚੀ ਨਾਲ ਵਿਆਹ ਕਰ ਲਿਆ ਤਾਂ ਉਸ ਨੇ (ਸਦਾ ਕੌਰ ਦੀ ਧੀ) ਮਹਿਤਾਬ ਕੌਰ ਨੂੰ ਨਜ਼ਰ-ਅੰਦਾਜ਼ ਕਰਨਾ ਸ਼ੁਰੂ ਕਰ ਦਿਤਾ। ਜਿਸ ਤੋਂ ਖ਼ਫ਼ਾ ਹੋ ਕੇ ਮਹਿਤਾਬ ਕੌਰ 1807 ਵਿਚ ਆਪਣੀ ਮਾਂ ਕੋਲ ਆ ਗਈ; ਉਸ ਦੇ ਦੋਵੇਂ ਪੁਤਰ ਆਪਣੀ ਨਾਨੀ ਦੇ ਘਰ ਬਟਾਲਾ ਵਿਚ ਹੀ ਪੈਦਾ ਹੋਏ। ਇਸ ਹਾਲਤ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ਤੇ ਕੰਵਰ (ਮਗਰੋਂ ਮਹਾਰਾਜਾ) ਸ਼ੇਰ ਸਿੰਘ ਤੇ ਕੰਵਰ ਤਾਰਾ ਸਿੰਘ ਦੀ ਮਾਂ ਮਹਿਤਾਬ ਕੌਰ ਬਹੁਤਾ ਚਿਰ ਜੀ ਨਾ ਸਕੀ ਤੇ 1813 ਵਿਚ ਚੜ੍ਹਾਈ ਕਰ ਗਈ।

ਰਾਣੀ ਸਦਾ ਕੌਰ ਦਾ ਦੋਹਤਾ ਕੁੰਵਰ ਸ਼ੇਰ ਸਿੰਘ ਪੁੱਤਰ ਮਹਾਰਾਜਾ ਰਣਜੀਤ ਸਿੰਘ ਬਹੁਤ ਹੀ ਜੁਆਨ ਸਜੀਲਾ, ਛਬੀਲਾ ਤੇ ਬਹਾਦੁਰ ਸੀ। ਰਾਣੀ ਨੇ ਸ਼ੇਰ ਸਿੰਘ ਨੂੰ ਸੂਬਾ ਸਰਹੱਦ ਦੇ ਇਲਾਕੇ ਵਿਚ ਉਠ ਰਹੀ ਬਗਾਵਤ ਨੂੰ ਦਬਾਉਣ ਲਈ ਭੇਜਿਆ ਸੀ ਜਿਸ ਵਿਚ ਕੰਵਰ ਸ਼ੇਰ

ਸਿੰਘ ਕਾਮਯਾਬ ਹੋਇਆ। ਮਹਾਰਾਜੇ ਨੇ ਖੁਸ਼ ਹੋ ਕੇ ਸਦਾ ਕੌਰ ਆਪਣੀ ਸੱਸ ਨੂੰ ਸੁਨੇਹਾ ਭੇਜਿਆ, "ਮੈਂ ਸ਼ੇਰ ਸਿੰਘ ਨੂੰ ਏਨੀ ਵਡੀ ਸਟੇਟ ਦਾ ਗਵਰਨਰ ਬਣਾ ਦੇਵਾਂਗਾ ਜਿੰਡੀ ਤੇਰੀ ਸਟੇਟ ਹੈ, ਤੂੰ ਆਪਣੀ ਹਕੂਮਤ ਇਸ ਨੂੰ ਸੌਂਪ ਦੇਹ।" ਇਸ ਦੇ ਜਵਾਬ ਵਿਚ ਸਦਾ ਕੌਰ ਨੇ ਕਿਹਾ, "ਕੋਈ ਨਹੀਂ, ਮੇਰੇ ਮਰਨ ਤੋਂ ਬਾਅਦ ਸਾਰੀ ਸਟੇਟ ਸ਼ੇਰ ਸਿੰਘ ਕੋਲ ਹੀ ਆਉਣੀ ਹੈ।" ਇਸ ਜਵਾਬ ਤੋਂ ਮਹਾਰਾਜਾ ਰਣਜੀਤ ਨਾਰਾਜ਼ ਹੋ ਗਿਆ। ਉਸ ਨੇ ਇਸ ਨੂੰ ਆਪਣੇ ਮਨ ਵਿਚ ਹੀ ਰੱਖਿਆ। ਕੁਝ ਚਿਰ ਮਗਰੋਂ ਉਸ ਨੇ ਰਾਣੀ ਸਦਾ ਕੌਰ ਨੂੰ ਬਹਾਨੇ ਨਾਲ ਲਾਹੌਰ ਬੁਲਾਇਆ ਤੇ ਗ੍ਰਿਫਤਾਰ ਕਰ ਲਿਆ; ਅਤੇ ਨਾਲ ਹੀ ਉਸ ਨੇ ਉਸ (ਸਦਾ ਕੌਰ) ਦੀ ਸਾਰੀ ਸਟੇਟ ਤੇ ਕਬਜ਼ਾ ਕਰ ਲਿਆ। ਇਸ ਸਦਮੇ ਨੂੰ ਸਦਾ ਕੌਰ ਸਹਿਣ ਨਾ ਕਰ ਸਕੀ ਤੇ ਕੈਦ ਵਿਚ ਹੀ 26 ਦਸੰਬਰ 1832 ਦੇ ਦਿਨ ਮਰ ਗਈ।

1982: ਸਾਬਕਾ ਸਿੱਖ ਫ਼ੌਜੀਆਂ ਦੀ ਕਨਵੈਨਸ਼ਨ ਅੰਮ੍ਰਿਤਸਰ ਵਿਚ ਹੋਈ

ਜੁਲਾਈ 1982 ਵਿਚ ਸ਼ੁਰੂ ਹੋਏ ਧਰਮ ਯੁਧ ਮੋਰਚੇ ਦੌਰਾਨ ਇਕੱਲੇ ਸਤੰਬਰ ਤੇ ਅਕਤੂਬਰ ਵਿਚ 30 ਹਜ਼ਾਰ ਤੋਂ ਵੱਧ ਸਿੱਖਾਂ ਨੇ ਗ੍ਰਿਫਤਾਰੀਆਂ ਦਿੱਤੀਆਂ। ਹੁਣ ਸਰਕਾਰ ਕੋਲ ਜੇਲ੍ਹਾਂ ਵਿਚ ਥਾਂ ਨਹੀਂ ਸੀ ਬਚੀ। ਇਸ ਦੌਰਾਨ ਸਾਬਕ ਵਜ਼ੀਰ ਸਵਰਨ ਸਿੰਘ ਨੇ ਇੰਦਰਾ ਅਤੇ ਅਕਾਲੀਆਂ ਵਿਚਕਾਰ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਨੇ ਵੀ ਇੰਦਰਾ ਉੱਤੇ 'ਬਦ-ਦਿਆਨਤੀ' ਦਾ ਇਲਜ਼ਾਮ ਲਾ ਕੇ 3 ਨਵੰਬਰ ਨੂੰ ਹਥਿਆਰ ਸੁੱਟ ਦਿੱਤੇ ਸਨ। ਇਸ 'ਤੇ 4 ਨਵੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤਾ ਕਿ ਅਕਾਲੀ ਦਲ 19 ਨਵੰਬਰ ਤੋਂ 4 ਦਸੰਬਰ 1982 ਤਕ ਦਿੱਲੀ ਵਿਚ ਹੋਣ ਵਾਲੀਆਂ ਏਸ਼ੀਅਨ ਖੇਡਾਂ ਦੌਰਾਨ ਪ੍ਰੋਟੈਸਟ ਕਰੇਗਾ। ਇਨ੍ਹਾਂ ਦਿਨਾਂ ਵਿਚ ਦਿੱਲੀ ਵਿਚ ਗ੍ਰਿਫਤਾਰੀਆਂ ਦੇਣ ਵਾਸਤੇ ਜਥੇ ਭੇਜਣ ਦਾ ਐਲਾਨ ਵੀ ਕੀਤਾ ਗਿਆ।

ਇਸ ਵੇਲੇ ਹਰਿਆਣੇ ਦਾ ਚੀਫ਼ ਮਨਿਸਟਰ ਭਜਨ ਲਾਲ ਸੀ। ਉਸ ਨੇ ਹਰਿਆਣਾ ਪੁਲੀਸ ਅਤੇ ਬੀ.ਐਸ.ਐਫ਼. ਦੀਆਂ ਬਹੁਤ ਸਾਰੀਆਂ ਬਟਾਲੀਅਨਾਂ ਸੂਬੇ ਵਿਚ ਤਾਇਨਾਤ ਕਰ ਦਿੱਤੀਆਂ। ਉਸ ਨੇ ਹਰ ਇਕ ਸੜਕ, ਜੋ ਪੰਜਾਬ ਚੋਂ ਆਉਂਦੀ ਸੀ, 'ਤੇ ਕਈ-ਕਈ ਨਾਕੇ ਲਾਉਣ ਅਤੇ ਪੰਜਾਬ 'ਚੋਂ ਹਰਿਆਣਾ ਵਿਚ ਦਾਖ਼ਿਲ ਹੋਣ ਵਾਲੇ ਹਰ ਸਿੱਖ ਨੂੰ ਰੋਕਣ ਦੇ ਹੁਕਮ ਜਾਰੀ ਕਰ ਦਿੱਤੇ।

ਇੰਞ ਹੀ ਹਰਿਆਣੇ ਵਿਚੋਂ ਜੋ ਸੜਕ ਵੀ ਦਿੱਲੀ ਵਿਚ ਹੁੰਦੀ ਸੀ 'ਤੇ ਵੀ ਨਾਕੇ ਲਾ ਦਿਤੇ ਗਏ ਤਾਂ ਜੋ ਪੰਜਾਬ ਹੀ ਨਹੀਂ ਹਰਿਆਣਾ ਵਿਚੋਂ ਵੀ ਕੋਈ ਵੀ ਸਿੱਖ ਦਿੱਲੀ ਵਿਚ ਦਾਖ਼ਿਲ ਨਾ ਹੋ ਸਕੇ। ਸਾਰੀਆਂ ਸਰਹੱਦਾਂ 'ਤੇ, ਵਿਦੇਸ਼ੀ ਮੁਲਕ ਦੀ ਇਮੀਗਰੇਸ਼ਨ ਵਾਂਗ, ਬਾਰਡਰ ਸੀਲ ਕਰ ਕੇ, ਹਰ ਕਾਰ, ਟਰੱਕ, ਬੱਸ ਤੇ ਗੱਡੀ ਨੂੰ ਰੋਕ ਕੇ ਉਸ ਵਿਚੋਂ ਹਰ ਪੱਗ ਵਾਲੇ ਸ਼ਖ਼ਸ ਨੂੰ ਉਤਾਰਿਆ ਗਿਆ, ਉਸ ਦੀ ਤਲਾਸ਼ੀ ਲਈ ਗਈ ਤੇ ਬੇਇਜ਼ਤ ਕਰ ਕੇ ਵਾਪਿਸ ਭੇਜ ਦਿਤਾ ਗਿਆ। ਇਨ੍ਹਾਂ ਬੇਇਜ਼ਤ ਹੋਣ ਵਾਲਿਆਂ ਵਿਚ ਹਾਈਕੋਰਟ ਦੇ ਜੱਜ, ਸੀਨੀਅਰ ਬਾ-ਵਰਦੀ ਫ਼ੌਜੀ ਅਫ਼ਸਰ, ਸੀਨੀਅਰ ਸਰਕਾਰੀ ਅਫ਼ਸਰ, ਵੱਡੇ-ਵੱਡੇ ਵਪਾਰੀ ਤੇ ਕਈ ਮੋਹਤਬਰ ਸ਼ਖ਼ਸੀਅਤਾਂ ਵੀ ਸਨ। ਭਜਨ ਲਾਲ ਦੇ ਇਸ ਹੁਕਮ ਨੇ ਸਾਰੇ ਸਿੱਖਾਂ ਨੂੰ ਇੰਦਰਾ ਤੇ ਭਜਨ ਲਾਲ ਦੇ ਦੁਸ਼ਮਣ ਬਣਾ ਦਿਤਾ। ਪਰ ਇਸ ਬੇਇਜ਼ਤੀ ਨੇ ਸਿੱਖਾਂ ਵਿਚ ਗ਼ੁਲਾਮ ਹੋਣ ਅਤੇ ਖਾਲਿਸਤਾਨ ਦੀ ਜੱਦੋ-ਜਹਿਦ ਦਾ ਹਿਮਾਇਤੀ ਬਣਨ ਦਾ ਅਹਿਸਾਸ ਵੀ ਬੜੀ ਸ਼ਿੱਦਤ ਨਾਲ ਭਰ ਦਿੱਤਾ। ਉਨ੍ਹਾਂ ਨੂੰ ਹੁਣ ਅਹਿਸਾਸ ਹੋਣ ਲਗ ਪਿਆ ਕਿ ਭਾਰਤ ਸਿੱਖਾਂ ਵਾਸਤੇ ਵਿਦੇਸ਼ ਹੈ ਤੇ ਉਹ ਸਿੱਖਾਂ ਨੂੰ ਦੁਸ਼ਮਣ ਸਮਝਦਾ ਹੈ। ਸਿੱਖਾਂ ਨੂੰ ਇਹ ਸਮਝਾਉਣ ਵਾਸਤੇ ਜੋ ਰੋਲ ਅਕਾਲੀ ਦਲ ਦਾ ਪ੍ਰਚਾਰ

ਨਾ ਕਰਵਾ ਸਕਿਆ ਉਹ ਸਿੱਖਾਂ ਨਾਲ ਨਫ਼ਰਤ ਕਰਨ ਵਾਲੇ ਹਰਿਆਣੇ ਦੇ ਚੀਫ਼ ਮਨਿਸਟਰ ਭਜਨ ਲਾਲ ਨੇ ਕੁਝ ਹੀ ਦਿਨਾਂ ਵਿਚ ਕਰ ਦਿਖਾਇਆ।

ਏਸ਼ੀਆਈ ਖੇਡਾਂ ਦੌਰਾਨ ਜਿਨ੍ਹਾਂ ਸਿੱਖਾਂ ਨਾਲ ਜ਼ਿਆਦਤੀ ਅਤੇ ਗੁੰਡਾਗਰਦੀ ਹੋਈ ਸੀ, ਉਨ੍ਹਾਂ ਵਿਚ ਬਹੁਤ ਸਾਰੇ ਫ਼ੌਜੀ ਅਫ਼ਸਰ ਵੀ ਸਨ। ਇਨ੍ਹਾਂ ਵਿਚੋਂ ਬਹੁਤ ਪਹਿਲਾਂ ਸਰਕਾਰ ਨਿਵਾਜ਼ ਜਾਂ ਕਾਂਗਰਸੀ ਸਨ। ਜਦੋਂ ਉਨ੍ਹਾਂ ਨੂੰ ਖ਼ੁਦ ਨੂੰ ਸੇਕ ਲੱਗਿਆ ਤਾਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਹ ਇਸ ਦੇਸ਼ ਵਿਚ ਗ਼ੁਲਾਮ ਹਨ। ਇਹ ਸੋਚ ਕੇ ਉਨ੍ਹਾਂ ਨੇ ਪੰਥ ਵੱਲ ਮੁੜਨ ਦਾ ਫ਼ੈਸਲਾ ਕੀਤਾ। ਇਨ੍ਹਾਂ ਵਿਚੋਂ ਕੁਝ 17 ਨਵੰਬਰ 1982 ਨੂੰ ਮੇਜਰ ਜਨਰਲ ਮਹਿੰਦਰ ਸਿੰਘ ਤੇ ਗੁਰਬਖਸ਼ ਸਿੰਘ ਦੀ ਕਮਾਂਡ ਹੇਠ ਹਰਚੰਦ ਸਿੰਘ ਲੌਂਗੋਵਾਲ ਕੋਲ ਆਏ ਤੇ ਦਲ ਨੂੰ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕੀਤੀ। ਇਸ 'ਤੇ ਹਰਚੰਦ ਸਿੰਘ ਲੌਂਗੋਵਾਲ ਨੇ ਸਾਬਕ ਫ਼ੌਜੀਆਂ ਦੀ ਇਕ ਕਨਵੈਨਸ਼ਨ 26 ਦਸੰਬਰ 1982 ਦੇ ਦਿਨ ਅੰਮ੍ਰਿਤਸਰ ਵਿਚ ਬੁਲਾ ਲਈ। ਇਸ ਵਿਚ ਅਕਾਲੀ ਪਾਰਟੀ ਮੁਤਾਬਿਕ 13619 (ਅਤੇ ਸਰਕਾਰ ਮੁਤਾਬਿਕ 5000) ਸਾਬਕ ਫ਼ੌਜੀ ਸ਼ਾਮਿਲ ਹੋਏ। ਇਸ ਕਨਵੈਨਸ਼ਨ ਵਿਚ ਸਾਬਕ ਫ਼ੌਜੀਆਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੁਕੰਮਲ ਹਿਮਾਇਤ ਕਰਨ ਦਾ ਮਤਾ ਪਾਸ ਕੀਤਾ।

ਇਸ ਮੌਕੇ 'ਤੇ ਇਕ ਫ਼ੌਜੀ ਜੁਗਿੰਦਰ ਸਿੰਘ ਮਾਨ ਨੇ ਇਹ ਵੀ ਮੰਗ ਕੀਤੀ ਕਿ ਭਿੰਡਰਾਂਵਾਲਿਆਂ ਨੂੰ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ (ਜਥੇਦਾਰ) ਬਣਾਇਆ ਜਾਵੇ। ਕੁਝ ਸਾਬਕ ਫ਼ੌਜੀਆਂ ਅਤੇ ਹੋਰ ਸਰਗਰਮ ਵਰਕਰਾਂ ਦਾ ਖ਼ਿਆਲ ਸੀ ਕਿ ਇਸ ਨਾਲ ਪੰਥ ਦੇ ਮਸਲਿਆਂ ਦਾ ਹੱਲ ਹੋ ਜਾਵੇਗਾ। ਇਸ ਮੰਗ ਨੇ ਅਕਾਲੀ ਪਾਰਟੀ ਤੇ ਭਿੰਡਰਾਂਵਾਲਿਆਂ ਵਿਚਕਾਰ ਇਕ ਪਾਸੇ ਅਤੇ ਭਿੰਡਰਾਂਵਾਲਿਆਂ ਅਤੇ ਅਖੰਡ ਕੀਰਤਨੀਏ ਜੱਥੇ ਤੇ ਬਬਰ ਖਾਲਸਾ ਵਿਚਕਾਰ ਦੂਜੇ ਪਾਸੇ, ਇਕ ਜ਼ਬਰਦਸਤ ਦਰਾੜ ਪੈਦਾ ਕਰ ਦਿੱਤੀ। ਕੁਝ ਲੋਕ ਜੋ ਇਸ ਦੇ ਸਖ਼ਤ ਖ਼ਿਲਾਫ਼ ਸਨ। ਉਨ੍ਹਾਂ ਦਾ ਇਤਰਾਜ਼ ਸੀ ਕਿ ਭਿੰਡਰਾਂਵਾਲੇ ਅਕਾਲ ਤਖ਼ਤ ਸਾਹਿਬ ਨਾਲੋਂ ਵੱਖਰੀ ਰਹਿਤ ਮਰਿਆਦਾ ਵਿਚ ਯਕੀਨ ਰਖਦੇ ਸਨ ਤੇ ਉਨ੍ਹਾਂ ਦੇ ਆਉਣ ਨਾਲ ਤਖ਼ਤ ਦੀ ਮਰਿਆਦਾ ਬਦਲ ਜਾਵੇਗੀ।

ਸਾਬਕ ਫ਼ੌਜੀਆਂ ਦੀ ਕਨਵੈਨਸ਼ਨ ਵਿਚ ਹੋਰਨਾਂ ਤੋਂ ਇਲਾਵਾ ਪੰਜ ਮੇਜਰ ਜਨਰਲ (**ਸੁਬੇਗ ਸਿੰਘ**, ਗੁਰਬਖਸ਼ ਸਿੰਘ, ਮਹਿੰਦਰ ਸਿੰਘ, ਦਿਲਬਾਗ ਸਿੰਘ ਅਤੇ **ਨਰਿੰਦਰ ਸਿੰਘ ਚੰਡੀਗੜ੍ਹ**), ਪੰਜ ਲੈਫ਼ਟੀਨੈਂਟ ਜਨਰਲ, ਵੀਹ ਬਰਗੇਡੀਅਰ, ਸੱਤਰ ਕਰਨਲ ਤੇ ਚਾਰ ਸੌ ਹੋਰ ਸੀਨੀਅਰ ਰੈਂਕਾਂ ਦੇ ਅਫ਼ਸਰ ਵੀ ਸ਼ਾਮਿਲ ਹੋਏ। ਮਗਰੋਂ ਮੇਜਰ ਜਨਰਲ ਸੁਬੇਗ ਸਿੰਘ ਜੀ 6 ਜੂਨ 1984 ਦੇ ਦਿਨ ਸ਼ਹੀਦ ਹੋਏ ਤੇ ਮੇਜਰ ਜਨਰਲ ਨਰਿੰਦਰ ਸਿੰਘ (ਚੰਡੀਗੜ੍ਹ) ਵੀ ਕਈ ਵਾਰ ਜੇਲ੍ਹ ਗਏ।

1992: ਸਰਦੂਲ ਸਿੰਘ ਰਾਹਲ ਚਾਹਲ, ਚੈਂਚਲ ਸਿੰਘ ਊਦੋਕੇ, ਹਰਮਿੰਦਰਪਾਲ ਸਿੰਘ, ਸੁਖਦੇਵ ਸਿੰਘ ਸੁੱਖਾ, ਰਾਕੇਸ਼ ਸਿੰਘ, ਬਾਜ਼ ਸਿੰਘ ਤੇ ਹਰਪਾਲ ਸਿੰਘ ਪਾਲਾ ਮੁਕਾਬਲਿਆਂ ਵਿਚ ਸ਼ਹੀਦ

26 ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਸਰਦੂਲ ਸਿੰਘ (ਪੁੱਤਰ ਪੂਰਨ ਸਿੰਘ, ਵਾਸੀ ਰਾਹਲ ਚਾਹਲ, ਨੇੜੇ ਸੰਗਤਪੁਰਾ, ਜ਼ਿਲ੍ਹਾ ਅੰਮ੍ਰਿਤਸਰ), ਚੈਂਚਲ ਸਿੰਘ ਊਦੋਕੇ, ਹਰਮਿੰਦਰਪਾਲ ਸਿੰਘ ਉਰਫ਼ ਡੋਗਰ, ਸੁਖਦੇਵ ਸਿੰਘ ਸੁੱਖਾ ਕੋਟ ਅਹਿਮਦ ਖ਼ਾਨ ਤੇ ਚਾਰ ਹੋਰ ਅਤੇ ਰਾਕੇਸ਼ ਸਿੰਘ, ਬਾਜ਼ ਸਿੰਘ ਤੇ ਹਰਪਾਲ ਸਿੰਘ ਪਾਲਾ ਤੇ ਹੋਰ ਸਿੱਖ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤੇ।

26 ਦਸੰਬਰ 2012: ਪੰਜਾਬ ਸਰਕਾਰ ਵੱਲੋਂ 2013 ਵਾਸਤੇ ਐਲਾਨੀਆਂ 34 ਛੁੱਟੀਆਂ ਵਿਚੋਂ ਸਿਖਾਂ ਵਾਸਤੇ ਸਿਰਫ਼ 6 ਸਨ

ਪੰਜਾਬ ਸਰਕਾਰ ਨੇ 2013 ਵਾਸਤੇ 34 ਲਾਜ਼ਮੀ ਛੁੱਟੀਆਂ ਐਲਾਨੀਆਂ। ਇਨ੍ਹਾਂ ਵਿਚੋਂ 24 ਧਾਰਮਿਕ ਛੁੱਟੀਆਂ ਸਨ ਜਿਨ੍ਹਾਂ ਵਿਚੋਂ ਹਿੰਦੂਆਂ ਦੇ ਧਾਰਮਿਕ ਤਿਉਹਾਰਾਂ ਦੀਆਂ 10 ਛੁੱਟੀਆਂ (ਸ਼ਿਵਰਾਤ੍ਰੀ, ਹੋਲੀ, ਰਾਮ ਨੌਮੀ, ਮਹਾਂਵੀਰ ਜਯੰਤੀ, ਪਰਸ਼ੂ ਰਾਮ ਜਯੰਤੀ, ਜਨਮ ਅਸ਼ਟਮੀ, ਅਗਰਸੈਨ ਜਯੰਤੀ, ਦੁਸਹਿਰਾ, ਦੀਵਾਲੀ, ਵਿਸ਼ਵਕਰਮਾ ਦਿਨ) ਸਨ ਅਤੇ ਸਿੱਖਾਂ ਦੇ ਗੁਰਪੁਰਬਾਂ ਨਾਲ ਸਬੰਧਤ ਸਿਰਫ਼ 6 (ਗੁਰੂ ਗੋਬਿੰਦ ਸਿੰਘ ਜਨਮ ਦਿਨ, ਗੁਰੂ ਅਰਜਨ ਸ਼ਹੀਦੀ ਦਿਨ, ਗੁਰੂ ਗ੍ਰੰਥ ਪ੍ਰਕਾਸ਼ ਦਿਨ, ਗੁਰੂ ਰਾਮਦਾਸ ਜਨਮ ਦਿਨ, ਗੁਰੂ ਨਾਨਕ ਜਨਮ ਦਿਨ, ਗੁਰੂ ਤੇਗ਼ ਬਹਾਦਰ ਸ਼ਹੀਦੀ ਦਿਨ) ਸਨ; ਬਾਕੀ ਧਾਰਮਿਕ ਛੁੱਟੀਆਂ ਵਿਚੋਂ ਮੁਸਲਮਾਨਾਂ ਵਾਸਤੇ 2 (ਈਦ-ਉਲ ਜ਼ੁਹਾ ਤੇ ਈਦੁਲ ਫ਼ਿਤਰ/ਬਕਰੀਦ), ਈਸਾਈਆਂ ਵਾਸਤੇ 2 (ਕ੍ਰਿਸਮਸ ਤੇ ਗੁੱਡ ਫ਼ਰਾਈ-ਡੇਅ), ਆਦਿ-ਧਰਮੀਆਂ/ਦਲਿਤਾਂ ਵਾਸਤੇ 4 (ਬਾਬਾ ਰਵਿਦਾਸ, ਬਾਲਮੀਕ ਰਿਸ਼ੀ, ਅੰਬੇਦਕਰ ਜਨਮ ਦਿਨ, ਕਬੀਰ ਜਨਮ ਦਿਨ) ਸਨ।ਪੰਜਾਬ ਦੀ ਅਬਾਦੀ ਦਾ (2001 ਦੀ ਮਰਦਮ-ਸ਼ੁਮਾਰੀ ਮੁਤਾਬਿਕ) 63 ਫ਼ੀ ਸਦੀ ਸਿੱਖ ਹਨ, 20% ਦਲਿਤ ਹਨ, ਯਾਨਿ ਅਖੌਤੀ ਸਵਰਨ ਹਿੰਦੂ ਸਿਰਫ਼ 13.5% ਹਨ), 2% ਮੁਸਲਮਾਨ, 1.20% ਇਸਾਈ, 0.16% ਜੈਨੀ ਸਨ। 2011 ਵਿਚ ਅੰਕੜੇ 2-3% ਤੋਂ ਵਧ ਫ਼ਰਕ ਨਹੀਂ ਪਏ। ਇਸ ਮੁਤਾਬਿਕ ਪੰਜਾਬ ਵਿਚ ਸਿੱਖ ਆਬਾਦੀ ਹਿੰਦੂ ਆਬਾਦੀ ਤੋਂ 5 ਗੁਣਾ ਵਧ ਹੈ।ਕਮਾਲ ਦੀ ਇਕ ਹੋਰ ਗੱਲ ਹੈ ਕਿ ਭਗਤ ਸਿੰਘ ਦੇ ਜਨਮ ਦਿਨ ਅਤੇ ਸ਼ਹੀਦੀ ਦਿਨ ਦੋਹਾਂ ਦੀ ਛੁੱਟੀ ਹੈ (ਕਿਉਂ ਕਿ ਉਹ ਆਰੀਆ ਸਮਾਜ ਨਾਲ ਸਬੰਧਤ ਸੀ)। ਇਸ ਹਿਸਾਬ ਨਾਲ ਬਾਦਲ ਸਰਕਾਰ ਵਾਸਤੇ ਭਗਤ ਸਿੰਘ ਗੁਰੂ ਅਰਜਨ ਸਾਹਿਬ ਤੇ ਗੁਰੂ ਤੇਗ਼ ਬਹਾਦਰ ਤੋਂ ਵੀ ਵੱਡਾ ਹੈ ਕਿਉਂ ਕਿ ਉਨ੍ਹਾਂ ਦੋਹਾਂ ਸ਼ਹੀਦ ਗੁਰੂਆਂ ਵਾਸਤੇ ਸਿਰਫ਼ ਇਕ-ਇਕ ਛੁੱਟੀ ਦਿੱਤੀ ਗਈ ਸੀ। ਇੰਞ ਹੀ ਹਿੰਦੂ-ਹੋਲੀ ਵਾਸਤੇ ਤਾਂ ਛੁੱਟੀ ਸੀ ਪਰ ਸਿੱਖ-ਹੋਲਾ ਮਹੱਲਾ ਵਾਸਤੇ ਛੁੱਟੀ ਨਹੀਂ ਸੀ।

2012: ਮੋਗਾ ਦਾ ਕਾਂਗਰਸੀ ਐਮ.ਐਲ.ਏ ਜੋਗਿੰਦਰ ਪਾਲ ਜੈਨ ਬਾਦਲ ਦਲ ਵਿਚ ਸ਼ਾਮਿਲ

26 ਦਸੰਬਰ 2012 ਦੇ ਦਿਨ ਮੋਗਾ ਦਾ ਕਾਂਗਰਸੀ ਐਮ.ਐਲ.ਏ ਜੋਗਿੰਦਰ ਪਾਲ ਜੈਨ, ਆਪਣੇ 'ਤੇ ਬਣੇ ਕੇਸਾਂ ਤੋਂ ਬਚਣ ਵਾਸਤੇ, ਕਾਂਗਰਸ ਪਾਰਟੀ ਛੱਡ ਕੇ ਬਾਦਲ ਅਕਾਲੀ ਦਲ ਵਿਚ ਸ਼ਾਮਿਲ ਹੋ ਗਿਆ। (ਮਗਰੋਂ ਉਸ ਨੇ ਅਸੈਂਬਲੀ ਦੀ ਸੀਟ ਤੋਂ ਅਸਤੀਫ਼ਾ ਦੇ ਕੇ ਬਾਦਲ ਦਲ ਵੱਲੋਂ 28 ਫ਼ਰਵਰੀ 2013 ਦੇ ਦਿਨ ਚੋਣ ਲੜੀ ਤੇ ਜਿੱਤ ਹਾਸਿਲ ਕੀਤੀ। ਇਸ ਮਗਰੋਂ ਤਲਵੰਡੀ ਸਾਬੋ ਦੇ ਜੀਤ ਮਹਿੰਦਰ ਸਿੰਘ ਨੇ ਵੀ ਇਹੀ ਕਾਰਵਾਈ ਦੁਹਰਾਈ)।

27 ਦਸੰਬਰ

1919: ਕਾਂਗਰਸ ਅਤੇ ਮੁਸਲਮ ਲੀਗ ਦੇ ਮੁਕਾਬਲੇ ਵਿਚ ਸਿੱਖ ਲੀਗ ਕਾਇਮ ਹੋਈ

1902 ਵਿਚ ਭਾਵੇਂ ਚੀਫ਼ ਖਾਲਸਾ ਦੀਵਾਨ ਬਣ ਚੁਕਿਆ ਸੀ, ਪਰ, ਸਿੰਘ ਸਭਾਵਾਂ ਅਤੇ ਚੀਫ਼ ਖਾਲਸਾ ਦੀਵਾਨ ਦੀ ਪਾਲਿਸੀ-ਪ੍ਰੋਗਰਾਮ ਵਿਚ ਇਹ ਲਿਖਿਆ ਹੋਇਆ ਸੀ 'ਕੋਈ ਵੀ ਸਿਆਸੀ ਕਾਰਵਾਈ ਨਹੀਂ ਕੀਤੀ ਜਾਵੇਗੀ', ਇਸ ਕਰ ਕੇ ਸਿੱਖਾਂ ਦੇ ਸਿਆਸੀ ਮਸਲਿਆਂ ਵਿਚ ਇਸ ਦਾ ਕੋਈ ਵੱਡਾ ਰੋਲ ਨਹੀਂ ਸੀ। ਚੀਫ਼ ਖ਼ਾਲਸਾ ਦੀਵਾਨ ਦੀ ਕਾਇਮੀ ਤੋਂ ਮਗਰੋਂ 1907 ਵਿਚ ਕਿਸਾਨ ਲਹਿਰ ਦੌਰਾਨ ਚੀਫ਼ ਖ਼ਾਲਸਾ ਦੀਵਾਨ ਨੇ, ਦਿਖਾਵੇ ਦੇ ਤੌਰ 'ਤੇ, ਮੂੰਹ ਰੱਖਣ ਵਾਸਤੇ ਇਕ ਢਿੱਲਾ ਜਿਹਾ ਸਰਕਾਰ-ਪ੍ਰਸਤੀ ਵਾਲਾ ਮਤਾ ਪਾਸ ਕੀਤਾ ਪਰ ਇਸ ਨੂੰ ਸਿੱਖਾਂ ਨੇ ਪਸੰਦ ਨਾ ਕੀਤਾ। ਇਸ ਨੂੰ ਮਹਿਸੂਸ ਕਰ ਕੇ ਵੱਖ-ਵੱਖ ਇਲਾਕਿਆਂ ਵਿਚ ਬੈਠੇ

ਰਈਸ, ਸਰਦਾਰ ਬਹਾਦਰ (ਸ੍ਰਕਾਰ ਦੇ ਐਵਾਰਡ ਲੈਣ ਵਾਲੇ ਚੌਧਰੀ), ਵਕੀਲ, ਪ੍ਰੋਫ਼ੈਸਰ ਅਤੇ ਹੋਰ ਸਰਗਰਮ ਸਿੱਖਾਂ ਨੇ ਇਕ ਜਥੇਬੰਦੀ ਕਾਇਮ ਕਰਨ ਦਾ ਚਰਚਾ ਚਲਾਇਆ। ਅਜੇ ਵੀ ਜਥੇਬੰਦੀ ਕਾਇਮ ਕਰਨ ਦੀ ਇਸ ਸੋਚ ਪਿੱਛੇ ਸਰਕਾਰ ਨਾਲ ਟਕਰਾਅ ਵਾਲੀ ਸੋਚ ਨਹੀਂ ਸੀ ਕਿਉਂਕਿ ਇਸ ਪਿੱਛੇ ਜਿਹੜੇ ਲੋਕ ਸਨ ਉਨ੍ਹਾਂ ਵਿਚੋਂ ਬਹੁਤੇ ਸਰਕਾਰ-ਪ੍ਰਸਤ, ਸਰਕਾਰ ਦੇ ਵਫ਼ਾਦਾਰ ਜਾਂ ਸਰਮਾਏਦਾਰ ਤੇ ਜਾਗੀਰਦਾਰ ਸਨ। ਅਜਿਹੇ ਲੋਕ ਕਦੇ ਵੀ ਸਰਕਾਰਾਂ ਨਾਲ ਟਕਰਾਅ ਨਹੀਂ ਕਰਿਆ ਕਰਦੇ। ਦੂਜਾ, ਇਨ੍ਹਾਂ ਲੋਕਾਂ ਦੇ ਪ੍ਰੋਗਰਾਮ ਵਿਚ ਸਰਕਾਰ ਤੋਂ ਸਹੂਲਤਾਂ, ਫ਼ਾਇਦੇ, ਅਹੁਦੇ ਅਤੇ ਮੈਂਬਰੀਆਂ ਹਾਸਲ ਕਰਨਾ ਮੁਖ ਏਜੰਡਾ ਸੀ।

ਉਸ ਵੇਲੇ ਹਿੰਦੂਆਂ ਵਾਸਤੇ ਕਾਂਗਰਸ ਅਤੇ ਮੁਸਲਮਾਨਾਂ ਵਾਸਤੇ ਮੁਸਲਿਮ ਲੀਗ ਪਹਿਲੋਂ ਹੀ ਮੌਜੂਦ ਸਨ। 30 ਮਾਰਚ 1919 ਦੇ ਦਿਨ ਸ:ਬ: ਗੱਜਣ ਸਿੰਘ, ਕੌਂਸਲ ਦੇ ਕੁਝ ਹੋਰ ਸਿੱਖ ਮੈਂਬਰ ਅਤੇ ਕੁਝ ਸਿੱਖ ਰਈਸ ਲਾਹੌਰ ਵਿਚ ਇਕੱਠੇ ਹੋਏ ਸਨ ਅਤੇ ਉਨ੍ਹਾਂ ਨੇ ਸਿੱਖ ਹੱਕਾਂ ਦੀ ਇਕ ਸਿਆਸੀ ਜਥੇਬੰਦੀ ਬਣਾਉਣ ਦਾ ਫ਼ੈਸਲਾ ਕੀਤਾ ਸੀ। ਪਰ, 13 ਅਪ੍ਰੈਲ 1919 ਦੇ ਦਿਨ ਅੰਮ੍ਰਿਤਸਰ ਵਿਚ ਜਲ੍ਹਿਆਂ ਵਾਲਾ ਬਾਗ਼ ਵਿਚ ਜਨਰਲ ਡਾਇਰ ਨੇ 379 ਬੇਗੁਨਾਹ ਲੋਕਾਂ ਨੂੰ ਕਤਲ ਅਤੇ ਬਾਰ੍ਹਾਂ ਸੌ ਤੋਂ ਵਧ ਲੋਕਾਂ ਨੂੰ ਜ਼ਖ਼ਮੀ ਕਰ ਕੇ ਪੰਜਾਬ ਵਿਚ ਦਹਿਸ਼ਤ ਤੇ ਨਾਲ ਹੀ ਰੋਹ ਦਾ ਮਾਹੌਲ ਪੈਦਾ ਕਰ ਦਿੱਤਾ। ਇਸ ਕਰ ਕੇ ਸਿਆਸੀ ਸਿੱਖ ਜਥੇਬੰਦੀ ਬਣਾਉਣ ਦੀ ਕਾਰਵਾਈ ਵਿਚ ਕੁਝ ਚਿਰ ਵਾਸਤੇ ਖੜੋਤ ਆ ਗਈ।

ਸੱਤ ਮਹੀਨੇ ਦੀ ਖ਼ਾਮੋਸ਼ੀ ਮਗਰੋਂ ਨਵੰਬਰ 1919 ਦੇ ਦੂਜੇ ਹਫ਼ਤੇ ਇਹ ਸਰਗਰਮ ਸਿੱਖ ਫਿਰ ਇਕੱਠੇ ਹੋਏ ਅਤੇ ਉਨ੍ਹਾਂ ਨੇ ਦਸੰਬਰ ਵਿਚ ਇਕ ਵੱਡਾ ਇਕੱਠ ਕਰ ਕੇ ਇਸ ਦਾ ਐਲਾਨ ਕਰਨ ਦਾ ਫ਼ੈਸਲਾ ਕੀਤਾ। ਮੁਸਲਮਾਨਾਂ ਦੀ 'ਮੁਸਲਿਮ ਲੀਗ' ਵਾਂਗ ਨਵੀਂ ਜਥੇਬੰਦੀ ਦਾ ਨਾਂ ਵੀ **'ਸਿੱਖ ਲੀਗ'** ਰੱਖਿਆ ਗਿਆ (ਜੋ ਮਗਰੋਂ **ਸੈਂਟਰਲ ਸਿੱਖ ਲੀਗ** ਹੋ ਗਿਆ)। ਸਿੱਖ ਲੀਗ ਦਾ ਪਹਿਲਾ ਇਜਲਾਸ 27 ਦਸੰਬਰ 1919 ਦੇ ਦਿਨ ਅੰਮ੍ਰਿਤਸਰ ਵਿਚ ਹੋਇਆ। ਇਸ ਵਿਚ ਤਕਰੀਬਨ ਬਾਰ੍ਹਾਂ ਸੌ ਸਿੱਖ ਸ਼ਾਮਿਲ ਹੋਏ।

ਇਸ ਸਮਾਗਮ ਵਿਚ ਮੋਹਨ ਦਾਸ ਕਰਮ ਚੰਦ (ਗਾਂਧੀ), ਮਦਨ ਮੋਹਨ ਮਾਵਲੀਆ, ਮਿਸਟਰ ਤਾਇਬ ਅਤੇ ਆਰ.ਸੀ. ਦਾਸ ਵੀ ਪੁੱਜੇ। ਬੇਸਮਝ ਸਿੱਖਾਂ ਨੇ ਉਨ੍ਹਾਂ ਦੇ ਆਉਣ 'ਤੇ *'ਹਮ ਘਰ ਸਾਜਨ ਆਏ'* ਸ਼ਬਦ ਗਾ ਕੇ ਗੁਰਬਾਣੀ ਦੀ ਬੇਅਦਬੀ ਕੀਤੀ। ਇਸ ਮਗਰੋਂ ਖ਼ਜ਼ਾਨ ਸਿੰਘ ਬੈਰਿਸਟਰ ਨੇ ਕਿਹਾ ਕਿ ''ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਪਣਾ ਸਿਰ ਭੇਟ ਕਰ ਕੇ ਮੁਲਕ ਦੇ ਸੰਕਟ ਦੂਰ ਕੀਤੇ ਸਨ ਤੇ ਸਾਨੂੰ ਜਾਪਦਾ ਹੈ ਪੰਡਤ (ਮਾਵਲਵੀਆ) ਜੀ ਉਨ੍ਹਾਂ ਦਾ ਕਰਜ਼ਾ ਉਤਾਰਨ ਵਾਸਤੇ ਪੰਜਾਬ ਆਏ ਹਨ ਤੇ ਸਾਨੂੰ ਭਰੋਸਾ ਹੈ ਕਿ ਆਪ ਸਿੱਖਾਂ ਦੇ ਅਧਿਕਾਰਾਂ ਨੂੰ ਮੰਨ ਕੇ ਕਾਂਗਰਸ ਵਲੋਂ ਵੀ ਸਾਨੂੰ ਸਾਡੇ ਹੱਕ ਦੁਆਣਗੇ।'' ਇਸ ਮਗਰੋਂ ਮਾਲਵੀਆ ਨੇ ਕਿਹਾ ''ਅਸੀਂ ਨੌਵੇਂ ਪਾਤਸ਼ਾਹ ਦਾ ਕਰਜ਼ਾ ਜਨਮ-ਜਨਮਾਂਤਰਾਂ ਤਕ ਨਹੀਂ ਉਤਾਰ ਸਕਦੇ। ਬਾਕੀ ਅਧਿਕਾਰਾਂ ਦੀ ਗੱਲ ਇਹ ਹੈ ਕਿ ਜੋ ਯੋਗ ਸੱਜਣ ਹਨ ਉਹ ਸਾਡੇ ਸਿਰ ਮੱਥੇ 'ਤੇ ਹਨ।'' **ਪਰ ਉਸ ਨੇ ਸਿੱਖਾਂ ਦੇ ਹੱਕਾਂ ਤੇ ਰਾਖਵੀਆਂ ਸੀਟਾਂ ਬਾਰੇ ਕੁਝ ਵੀ ਨਾ ਕਿਹਾ**। ਇਹੀ ਗਾਂਧੀ ਨੇ ਕੀਤਾ ਤੇ ਕਿਹਾ 'ਮਾਲਵੀ ਜੀ ਮੇਰੇ ਵਡੇ ਭਰਾ ਹਨ... ਜੋ ਮੇਰੇ ਵਡੇ ਭਾਈ ਜੀ ਨੇ ਕਿਹਾ ਹੈ ਉਸ ਨੂੰ ਹੀ ਮੰਨੋ।' ਇਹ ਚਲਾਕੀਆਂ ਕਰ ਕੇ ਇਹ ਹਿੰਦੂ ਆਗੂ ਚਲੇ ਗਏ ਪਰ ਸਿੱਖਾਂ ਨੇ ਆਪਣੇ ਵਖਰੇ ਹੱਕ ਲੈਣ ਵਾਸਤੇ ਜੱਦੋਜਹਿਦ ਜਾਰੀ ਰੱਖੀ। ਸਿੱਖ ਲੀਗ ਵੱਲੋਂ 11 ਜੁਲਾਈ 1920 ਦੇ ਦਿਨ ਸੇਵਾ ਰਾਮ ਸਿੰਘ, ਸ਼ਿਵਦੇਵ ਸਿੰਘ, ਸੋਹਨ ਸਿੰਘ, ਉੱਜਲ ਸਿੰਘ ਇਕ ਡੈਪੂਟੇਸ਼ਨ ਵਜੋਂ ਲੰਡਨ ਪੁੱਜੇ ਅਤੇ ਬਰਤਾਨਵੀ ਸੈਕਟਰੀ ਆਫ਼ ਸਟੇਟ ਨੂੰ ਮਿਲ ਕੇ ਪੰਜਾਬ ਕੌਂਸਲ ਵਿਚ ਸਿੱਖਾਂ ਵਾਸਤੇ 33% ਨੁਮਾਇੰਦਗੀ ਦੀ ਮੰਗ ਕੀਤੀ।

1953: ਸਿੱਖਾਂ ਨੇ ਫ਼ਤਹਿਗੜ੍ਹ ਸਾਹਿਬ ਗੁਰਦੁਆਰੇ ਵਿਚ ਪੰਡਤ ਜਵਾਹਰ ਲਾਲ ਨਹਿਰੂ ਨੂੰ ਤਕਰੀਰ ਨਾ ਕਰਨ ਦਿੱਤੀ

1952 ਵਿਚ ਭਾਰਤ ਭਰ ਵਿਚ ਆਮ ਚੋਣਾਂ ਹੋਈਆਂ। ਚੋਣਾਂ ਦੇ ਪ੍ਰਚਾਰ ਸਬੰਧੀ ਨਹਿਰੂ 4 ਫ਼ਰਵਰੀ 1952 ਦੇ ਦਿਨ ਜਦੋਂ ਪਟਿਆਲੇ ਬੋਲ ਰਿਹਾ ਸੀ ਤਾਂ ਉਸ ਦੇ ਜਲਸੇ ਵਿਚ ਕੁਝ ਨਾਅਰੇ ''ਲੈ ਕੇ ਰਹਾਂਗੇ, ਪੰਜਾਬੀ ਸੂਬਾ'' ਦੇ ਲਗਾਏ ਗਏ। ਜਿਸ ਤੋਂ ਖਿਝ ਕੇ ਜਵਾਹਰ ਲਾਲ ਨੇ ਕਿਹਾ, ''ਮੈਂ ਭਾਰਤ ਦੀ ਦੋਬਾਰਾ ਵੰਡ ਦੀ ਇਜਾਜ਼ਤ ਨਹੀਂ ਦਿਆਂਗਾ। ਹੋਰ ਮੁਸੀਬਤ ਦੀ ਇਜਾਜ਼ਤ ਨਹੀਂ ਮਿਲ ਸਕਦੀ। ਜੇ ਦੇਸ਼ ਦੇ ਕਿਸੇ ਹਿੱਸੇ ਵਿਚ ਵੀ ਮੁਸੀਬਤ ਖੜੀ ਹੋਈ ਤਾਂ ਇਹ ਪੂਰੀ ਤਾਕਤ ਨਾਲ ਦਬਾ ਦਿਆਂਗਾ।''

ਪੈਪਸੂ ਵਿਚ ਅਕਾਲੀ ਦਲ ਦੀ ਕਮਾਨ ਹੇਠਾਂ 'ਸਾਂਝਾ ਮੋਰਚਾ' ਸਰਕਾਰ ਬਣ ਗਈ। ਗਿਆਨ ਸਿੰਘ ਰਾੜੇਵਾਲਾ ਮੁਖ ਮੰਤਰੀ ਬਣਿਆ। ਗਿਆਨ ਸਿੰਘ ਨੇ ਪੈਪਸੂ ਦੀ ਹਕੂਮਤ 20 ਅਪਰੈਲ 1952 ਨੂੰ ਸੰਭਾਲੀ। ਇਸ ਹਕੂਮਤ ਨੂੰ ਕਾਂਗਰਸ ਚੱਲਣ ਨਹੀਂ ਦੇਣਾ ਚਾਹੁੰਦੀ ਸੀ।

ਪੈਪਸੂ ਵਿਚ ਗਿਆਨ ਸਿੰਘ ਰਾੜੇਵਾਲੇ ਦੇ ਖ਼ਿਲਾਫ਼ ਚੋਣ ਪਟੀਸ਼ਨ ਹੋਈ-ਹੋਈ ਸੀ। ਚਾਰ ਮਾਰਚ 1953 ਨੂੰ ਅਦਾਲਤ ਨੇ ਪੈਪਸੂ ਦੇ ਅਕਾਲੀ ਮੁਖ ਮੰਤਰੀ ਗਿਆਨ ਸਿੰਘ ਰਾੜੇਵਾਲਾ ਦੀ ਚੋਣ ਰੱਦ ਕਰ ਦਿੱਤੀ। ਇਸ ਵੇਲੇ ਵੀ 51 'ਚੋਂ 27 ਮੈਂਬਰ ਯੂਨਾਇਟਡ ਫ਼ਰੰਟ ਦੇ ਸਨ ਪਰ ਫਿਰ ਵੀ ਅਗਲੇ ਹੀ ਦਿਨ 5 ਮਾਰਚ ਨੂੰ ਪੈਪਸੂ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ।

ਇਸ ਮਗਰੋਂ ਪੈਪਸੂ ਦੀਆਂ ਨਵੀਆਂ ਚੋਣਾਂ ਦਾ ਐਲਾਨ ਹੋ ਗਿਆ। ਇਸ ਸਬੰਧ ਵਿਚ ਜਵਾਹਰ ਲਾਲ ਨਹਿਰੂ ਨੇ ਪੈਪਸੂ ਦਾ ਦੌਰਾ ਕੀਤਾ। 27 ਦਸੰਬਰ 1953 ਦੇ ਦਿਨ ਫ਼ਤਹਿਗੜ੍ਹ ਸਾਹਿਬ ਗੁਰਦਵਾਰੇ ਵਿਚ ਇਕ ਧਾਰਮਿਕ ਸਮਾਗਮ ਹੋ ਰਿਹਾ ਸੀ ਤਾਂ ਨਹਿਰੂ ਨੂੰ ਉੱਥੇ ਬੁਲਾਇਆ ਗਿਆ। ਜਦੋਂ ਨਹਿਰੂ ਉਠ ਕੇ ਬੋਲਣ ਲਗਾ ਤਾਂ ਸਿੱਖਾਂ ਨੇ ਉਸ ਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ। ਸੁਪਰਇਨਟੈਂਡੈਂਟ ਪੁਲਸ ਮਾਸਟਰ ਤਾਰਾ ਸਿੰਘ ਨੂੰ, ਜੋ ਨੇੜੇ ਹੀ ਸੀ, ਲੈਣ ਗਿਆ ਤਾਂ ਜੋ ਉਹ ਲੋਕਾਂ ਨੂੰ ਸਮਝਾਵੇ ਕਿ ਨਹਿਰੂ ਨੂੰ ਤਕਰੀਰ ਕਰਨ ਦੇਣ। ਪਰ, ਮਾਸਟਰ ਤਾਰਾ ਸਿੰਘ ਨੇ ਇਕ ਧਾਰਮਿਕ ਦੀਵਾਨ ਵਿਚ ਇਕ ਸਿਆਸੀ ਆਗੂ ਨੂੰ ਤਕਰੀਰ ਕਰਨ ਦੀ ਇਜਾਜ਼ਤ ਦੇਣ ਦੀ ਹਿਮਾਇਤ ਕਰਨ ਤੋਂ ਨਾਂਹ ਕਰ ਦਿੱਤੀ। ਉਸ ਨੇ ਕਿਹਾ ਕਿ ਕਾਂਗਰਸ ਸਿੱਖ ਦੁਸ਼ਮਣ ਜਮਾਤ ਹੈ ਅਤੇ ਇਹ ਧਾਰਮਿਕ ਸਟੇਜ ਹੈ ਜਿਥੋਂ ਸਿਆਸੀ ਆਗੂ ਨਹੀਂ ਬੋਲ ਸਕਦੇ। ਦੋ ਲੱਖ ਲੋਕਾਂ ਦੀ ਹਾਜ਼ਰੀ ਦੇ ਦੀਵਾਨ ਵਿਚ ਮਹਾਰਾਜਾ ਪਟਿਆਲਾ ਤੇ ਕਈ ਹੋਰ ਕਾਂਗਰਸੀ ਆਗੂ ਵੀ ਬੈਠੇ ਸਨ। ਅਖ਼ੀਰ ਨਹਿਰੂ ਜੀਪ ਵਿਚ ਬੈਠ ਕੇ ਚਲਾ ਗਿਆ। ਭਾਰਤ ਦੇ ਪ੍ਰਧਾਨ ਮੰਤਰੀ ਦੀ ਇਹ ਬਹੁਤ ਵੱਡੀ ਬੇਇਜ਼ਤੀ ਸੀ। ਸਿੱਖ ਨੌਜਵਾਨਾਂ ਨੇ ਇਹ ਕਾਰਵਾਈ ਇਸ ਕਰ ਕੇ ਕੀਤੀ ਸੀ ਕਿਉਂਕਿ ਨਹਿਰੂ ਇੱਥੇ ਆਉਣ ਤੋਂ ਪਹਿਲਾਂ ਕਹਿ ਆਇਆ ਸੀ ਕਿ ਫ਼ਤਹਿਗੜ੍ਹ ਸਿੱਖਾਂ ਦਾ ਕਿਲਾ ਹੈ ਤੇ ਮੈਂ ਇਸ ਨੂੰ ਜਿੱਤਣ ਜਾ ਰਿਹਾ ਹਾਂ।

1966: ਫਤਹਿ ਸਿੰਘ ਗੰਗਾਨਗਰ ਨੇ ਬਿਨਾ ਕੁਝ ਹਾਸਿਲ ਕੀਤੇ ਮਰਨ ਵਰਤ ਛੱਡਿਆ

5 ਦਸੰਬਰ 1966 ਨੂੰ ਫਤਹਿ ਸਿੰਘ ਨੇ ਐਲਾਨ ਕੀਤਾ ਕਿ ਉਹ ਚੰਡੀਗੜ੍ਹ ਤੇ ਹੋਰ ਮੰਗਾਂ ਵਾਸਤੇ 17 ਦਸੰਬਰ ਨੂੰ ਮਰਨ ਵਰਤ ਰੱਖੇਗਾ ਅਤੇ 10 ਦਿਨ ਬਾਅਦ 27 ਦਸੰਬਰ ਨੂੰ ਅਗਨ ਕੁੰਡ ਵਿਚ ਆਪਣੇ ਆਪ ਨੂੰ ਸਾੜ ਲਵੇਗਾ। ਫਤਹਿ ਸਿੰਘ ਨੇ ਇਸ ਬਾਰੇ ਵਿਚ ਲਿਖਤੀ ਪ੍ਰਣ ਕੀਤਾ ਜਿਸ ਵਿਚ ਤਿੰਨ ਮੰਗਾਂ ਸਨ: 1. ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿੱਤੇ ਜਾਣ। 2. ਸਾਂਝੀਆਂ ਕੜੀਆਂ ਤੋੜੀਆਂ ਜਾਣ 3. ਭਾਖੜਾ ਤੇ ਹੋਰ ਪ੍ਰਾਜੈਕਟ ਪੰਜਾਬ ਨੂੰ ਮੋੜੇ ਜਾਣ।

ਫਤਹਿ ਸਿੰਘ ਤੋਂ ਬਾਅਦ ਚੈਨਣ ਸਿੰਘ, ਉਮਰਾਨੰਗਲ, ਮਲ ਸਿੰਘ ਚੜਿਕ, ਦਲੀਪ ਸਿੰਘ ਤਲਵੰਡੀ, ਹਜ਼ਾਰਾ ਸਿੰਘ ਗਿੱਲ, ਜਗੀਰ ਸਿੰਘ ਫੱਗੂਵਾਲੀਆ ਨੇ ਵੀ ਵਰਤ ਰੱਖਣਾ ਅਤੇ ਸੜ ਮਰਨਾ ਸੀ। ਉਧਰ 13 ਦਸੰਬਰ ਦੇ ਦਿਨ ਯੋਗੀ ਸੂਰਯ ਦੇਵ ਨਾਂ ਦੇ ਇਕ ਫ਼ਿਰਕੂ ਹਿੰਦੂ ਨੇ ਫਤਹਿ ਸਿੰਘ ਦੀ ਮੁਖ਼ਾਲਫ਼ਤ ਵਿਚ ਵਰਤ ਰੱਖਣ ਦੀ ਧਮਕੀ ਦਿਤੀ। ਹਰਿਆਣਾ ਦੇ ਆਗੂਆਂ ਨੇ ਪੰਜਾਬ ਵਿਚਲੇ 'ਹਿੰਦੀ' ਇਲਾਕੇ ਹਰਿਆਣੇ ਨੂੰ ਦੇਣ ਦੀ ਮੰਗ ਕੀਤੀ। ਮਾਹੌਲ ਖਿੱਚੋਤਾਣ ਵਾਲਾ ਹੋ ਗਿਆ। ਇਧਰ ਇਹ ਅਫ਼ਵਾਹ ਵੀ ਫ਼ੈਲ ਗਈ ਕਿ ਫਤਹਿ ਸਿੰਘ ਕਿਸੇ ਬਹਾਨੇ ਨਾਲ ਮਰਨ ਵਰਤ ਮੁਲਤਵੀ ਕਰ ਦੇਵੇਗਾ। ਇਸ ਕਰ ਕੇ ਹਜ਼ਾਰਾ ਸਿੰਘ ਗਿੱਲ ਨੇ 16 ਦਸੰਬਰ ਨੂੰ (20 ਘੰਟੇ ਪਹਿਲਾਂ) ਹੀ ਵਰਤ ਸ਼ੁਰੂ ਕਰ ਦਿੱਤਾ। ਅਗਲੇ ਦਿਨ 17 ਦਸੰਬਰ ਨੂੰ ਸਵੇਰੇ 11 ਵਜੇ ਫਤਹਿ ਸਿੰਘ ਨੇ ਵੀ ਮਰਨ ਵਰਤ ਸ਼ੁਰੂ ਕਰ ਦਿੱਤਾ। ਇਸ ਦੇ ਨਾਲ ਹੀ ਫਤਹਿ ਸਿੰਘ ਦਾ ਵਰਤ ਖ਼ਤਮ ਕਰਵਾਉਣ ਲਈ ਕੋਸ਼ਿਸ਼ਾਂ ਵੀ ਸ਼ੁਰੂ ਹੋ ਗਈਆਂ। ਹੁਕਮ ਸਿੰਘ ਨੂੰ ਇਸ ਮਕਸਦ ਵਾਸਤੇ ਖਾਸ ਤੌਰ 'ਤੇ ਦਿੱਲੀ ਤੋਂ ਲਿਆਂਦਾ ਗਿਆ। ਪਰ ਉਸ ਦੀਆਂ ਕੋਸ਼ਿਸ਼ਾਂ ਨਾਕਾਮਯਾਬ ਹੋਈਆਂ ਤੇ ਉਹ 24 ਦਸੰਬਰ 1966 ਨੂੰ ਵਾਪਸ ਦਿੱਲੀ ਟੁਰ ਗਿਆ। ਇਸੇ ਦਿਨ ਹਰਚਰਨ ਸਿੰਘ ਹੁਡਿਆਰਾ ਨੇ ਗਿਆਨੀ ਭੂਪਿੰਦਰ ਸਿੰਘ ਨੂੰ ਬੁਲਾ ਲਿਆਂਦਾ ਅਤੇ ਦੋਹਾਂ ਅਕਾਲੀ ਦਲਾਂ ਦੇ ਆਗੂ ਇਕੱਠੇ ਹੋ ਗਏ। ਮੰਜੀ ਸਾਹਿਬ ਵਿਚ ਗਰਮ ਲੈਕਚਰ ਹੋਏ। ਮਾਹੌਲ ਵਿਗੜ ਰਿਹਾ ਸੀ। ਅਖ਼ੀਰ ਉਚੇਚਾ ਹਵਾਈ ਜਹਾਜ਼ ਲੈ ਕੇ ਉੱਤਮ ਸਿੰਘ ਦੁੱਗਲ, ਨਰਿੰਦਰ ਸਿੰਘ ਬਰਾੜ ਤੇ ਲਛਮਣ ਸਿੰਘ ਗਿੱਲ ਦਿੱਲੀ ਪਹੁੰਚੇ ਅਤੇ ਪੰਜਾਬ ਦੇ ਚੀਫ਼ ਮਨਿਸਟਰ ਗੁਰਮੁਖ ਸਿੰਘ ਮੁਸਾਫ਼ਿਰ ਨੂੰ ਮਿਲੇ। ਇੰਦਰਾ ਗਾਂਧੀ ਨਾਲ ਵਿਚਾਰਾਂ ਹੋਈਆਂ ਅਤੇ ਉਹ ਫੇਰ ਅੰਮ੍ਰਿਤਸਰ ਪਹੁੰਚ ਗਏ। ਚਾਰ ਵਜੇ ਫਤਹਿ ਸਿੰਘ ਨੇ ਸੜ ਮਰਨਾ ਸੀ। (ਪਰ ਇਹ ਨਾ ਹੋਣਾ ਸੀ ਨਾ ਹੋਇਆ)! ਫਤਹਿ ਸਿੰਘ ਨੇ ਇੰਦਰਾ ਗਾਂਧੀ ਨੂੰ ਸਾਲਸ ਮੰਨ ਕੇ ਮਰਨ ਵਰਤ ਅਤੇ ਸੜ ਮਰਨ ਦਾ ਪ੍ਰੋਗਰਾਮ ਖ਼ਤਮ ਕਰ ਦਿੱਤਾ। ਹੁਕਮ ਸਿੰਘ ਨੇ ਅਕਾਲ ਤਖ਼ਤ ਸਾਹਿਬ ਤੇ ਖੜੇ ਹੋ ਕੇ ਐਲਾਨ ਕੀਤਾ ਕਿ **ਜੇ ਪ੍ਰਧਾਨ ਮੰਤਰੀ ਨੂੰ ਚੰਡੀਗੜ੍ਹ ਵਾਸਤੇ ਸਾਲਸ ਮੰਨ ਲਿਆ ਜਾਵੇ ਅਤੇ ਪੰਜਾਬੀ ਬੋਲਦੇ ਇਲਾਕਿਆਂ ਵਾਸਤੇ ਕਮਿਸ਼ਨ ਬਣ ਜਾਵੇ ਤਾਂ ਪੰਜਾਬ ਨੂੰ ਚੰਡੀਗੜ੍ਹ ਮਿਲਣ ਦੀ ਆਸ ਹੋ ਸਕਦੀ ਹੈ। ਹੁਕਮ ਸਿੰਘ ਦੇ ਇਸ ਐਲਾਨ ਵੇਲੇ ਹਰ ਪਾਸੇ ਤੋਂ 'ਨਹੀਂ-ਨਹੀਂ' ਦੀਆਂ ਅਵਾਜ਼ਾਂ ਆਈਆਂ** ਪਰ ਫਤਹਿ ਸਿੰਘ ਦੇ ਸਾਥੀਆਂ ਨੇ ਇਸ ਮੁਖ਼ਾਲਫ਼ਤ ਦੀ ਕੋਈ ਪ੍ਰਵਾਹ ਨਹੀਂ ਕੀਤੀ। ਫਤਹਿ ਸਿੰਘ ਦਾ ਮਰਨ ਵਰਤ ਰਖਣ ਸਮੇਂ ਪ੍ਰਣ ਸੀ ਕਿ **ਚੰਡੀਗੜ੍ਹ ਪੰਜਾਬ ਨੂੰ ਮਿਲੇ, ਭਾਖੜਾ ਤੇ ਹੋਰ ਪ੍ਰਾਜੈਕਟ ਵਾਪਿਸ ਦਿੱਤੇ ਜਾਣ ਤੇ ਪੰਜਾਬੀ ਇਲਾਕੇ ਵਾਪਸ ਮਿਲਣ, ਪੰਜਾਬ ਹਰਿਆਣਾ, ਹਿਮਾਚਲ ਦੀਆਂ ਸਾਂਝੀਆਂ ਕੜੀਆਂ ਤੋੜੀਆਂ ਜਾਣ।** ਪਰ ਹੁਕਮ ਸਿੰਘ ਦੇ ਐਲਾਨ ਵਿਚ ਇਨ੍ਹਾਂ ਵਿਚੋਂ ਕੋਈ ਵੀ ਗੱਲ ਪੂਰੀ ਨਹੀਂ ਹੁੰਦੀ ਸੀ। ਫਿਰ ਵੀ 27 ਦਸੰਬਰ 1966 ਨੂੰ ਸ਼ਾਮ ਦੇ ਸਵਾ 6 ਵਜੇ (ਸੜ ਮਰਨ ਦੇ ਐਲਾਨੇ ਸਮੇਂ ਤੋਂ ਸਵਾ ਦੋ ਘੰਟੇ ਮਗਰੋਂ) ਫਤਹਿ ਸਿੰਘ ਨੇ ਅਪਣਾ ਵਰਤ ਖੋਲ੍ਹ ਦਿੱਤਾ।

ਇਸ ਮਰਨ ਵਰਤ ਸਮੇਂ ਅਕਾਲੀ ਦਲ (ਮਾਸਟਰ) ਨੇ ਫਤਹਿ ਸਿੰਘ ਦਲ ਨੂੰ ਪੂਰਾ ਮਿਲਵਰਤਣ ਦਿੱਤਾ। ਪਰ ਮਰਨ ਵਰਤ ਛੱਡਣ ਵੇਲੇ ਉਨ੍ਹਾਂ ਵਿਚੋਂ ਕੋਈ ਵੀ ਰਾਜ਼ੀ ਨਹੀਂ ਸੀ। ਹੋਰ ਤਾਂ ਹੋਰ ਫਤਹਿ ਸਿੰਘ ਅਕਾਲੀ ਦਲ ਦਾ ਗੁਰਨਾਮ ਸਿੰਘ ਵੀ ਰਾਜ਼ੀ ਨਹੀਂ ਸੀ। ਇਸ ਕਰ ਕੇ ਗੁਰਨਾਮ ਸਿੰਘ ਨੂੰ 26 ਦਸੰਬਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਅਕਾਲੀ ਦਲ (ਮਾਸਟਰ) ਨੂੰ ਤਾਂ ਪਹਿਲਾਂ ਹੀ ਯਕੀਨ ਸੀ ਕਿ ਫਤਹਿ ਸਿੰਘ ਨੇ ਕੋਈ ਨਹੀਂ ਮਰਨਾ। ਗੁਰਮੁਖ ਸਿੰਘ ਮੁਸਾਫ਼ਿਰ ਇਸ ਗੱਲ ਦੀ ਤਾਈਦ ਕਰਦੇ ਹਨ। ਜਥੇਦਾਰ ਸੰਤੋਖ ਸਿੰਘ ਦੇ ਲਫ਼ਜ਼ ਸਨ: **''ਸੰਤ ਨੇ ਕੋਈ ਨਹੀਂ ਮਰਨਾ, ਐਂਵੇ ਨਾ ਡਰਦਾ ਫਿਰ''**। 30 ਦਸੰਬਰ ਨੂੰ ਮਾਸਟਰ ਤਾਰਾ ਸਿੰਘ ਨੇ ਬਿਆਨ ਦਿੱਤਾ ਕਿ ਫਤਹਿ ਸਿੰਘ ਨੇ ਸਿੱਖੀ ਦੀ ਤੌਹੀਨ ਕੀਤੀ ਹੈ।

1985: ਜਲੰਧਰ ਵਿਚ ਸ਼ਿਵ ਸੈਨਾ ਨੇ ਸਿੱਖਾਂ 'ਤੇ ਹਮਲੇ ਕੀਤੇ

ਸਤਾਈ ਦਸੰਬਰ 1985 ਦੇ ਦਿਨ ਜਲੰਧਰ 'ਚ ਸ਼ਿਵ ਸੈਨਾ ਨੇਵਲੋਂ ਸਿਖਾਂ ਤੇ ਹਮਲੇ ਕੀਤੇ। ਪੰਜਪੀਰ ਬਾਜ਼ਾਰ ਕੋਲ ਦਵਿੰਦਰਪਾਲ ਸਿੰਘ ਤੇ ਜਸਪਾਲ ਸਿੰਘ ਚਾਵਲਾ ਨੂੰ ਤਿਰਸ਼ੂਲ ਨਾਲ ਜ਼ਖ਼ਮੀ ਕੀਤਾ ਗਿਆ। 31 ਦਸੰਬਰ ਨੂੰ ਹਮਲਾਵਰ ਹਿੰਦੂਆਂ ਨੇ ਜ਼ਖ਼ਮੀ ਹੋਏ ਜਸਪਾਲ ਸਿੰਘ ਚਾਵਲਾ ਕੋਲੋਂ 'ਮੁਆਫ਼ੀ' ਮੰਗ ਲਈ। 'ਇਹ ਸਮਝੌਤਾ' ਕਰਵਾਉਣ 'ਚ ਹਿੰਦੂ ਮਿਉਂਸਪਲ ਕਮਿਸ਼ਨਰ ਵੈਦ ਓਮ ਪਰਕਾਸ਼ ਦੱਤ ਦੇ ਨਾਲ ਸੁਰਜੀਤ ਮਿਨਹਾਸ, ਜਗਦੀਸ਼ ਸਿੰਘ, ਕੁਲਦੀਪ ਭਾਟੀਆ ਵੀ ਸ਼ਾਮਿਲ ਸਨ। ਵੈਦ ਓਮ ਪਰਕਾਸ਼ ਨੇ ਕਿਹਾ ਕਿ ਉਸ ਨੂੰ 5000 ਰੁਪੈ 'ਇਕੱਠੇ ਕਰ ਕੇ' ਮੁਆਵਜ਼ਾ ਦੇਣਗੇ ਅਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਰੈਡ ਕਰਾਸ ਤੋਂ ਵੀ 'ਦਿਵਾਵਾਂਗੇ।'

ਇੱਥੇ ਇਹ ਦਿਲਚਸਪ ਗੱਲ ਹੈ ਕਿ ਅਜਿਹੇ ਦੇਸ਼ ਵਿਚ ਪੁਲੀਸ 326 (ਜਾਂ 307 ਜਾਂ 302) ਦਾ ਕੇਸ ਵਾਪਿਸ ਨਹੀਂ ਲੈ ਸਕਦੀ ਪਰ ਹਿੰਦੂਆਂ ਦੇ ਖ਼ਿਲਾਫ਼ ਕੇਸ ਹੋਵੇ ਤਾਂ ਹੋਰ ਕਾਨੂੰਨ ਹੈ ਤੇ ਸਿੱਖਾਂ ਦੇ ਖ਼ਿਲਾਫ਼ ਹੋਵੇ ਤਾਂ ਹੋਰ ਕਾਨੂੰਨ ਹੈ। ਸਿੱਖਾਂ ਉਤੇ ਅਜਿਹੇ ਇਕ ਹਜ਼ਾਰ ਤੋਂ ਵਧ ਮੁਕਦਮੇ ਦਰਜ ਹਨ ਜਿਨ੍ਹਾਂ ਵਿਚ ਸਿਰਫ਼ 107-151, 323 ਅਤੇ ਹੋਰ ਮਾਮੂਲੀ ਦਫ਼ਾ ਲੱਗੀਆਂ ਹਨ। ਉਨ੍ਹਾਂ ਕੇਸਾਂ ਵਿਚ 'ਸਮਝੌਤਾ' ਨਹੀਂ ਹੁੰਦਾ ਕਿਉਂਕਿ ਉੱਥੇ ਸਿੱਖਾਂ ਉੱਤੇ ਮੁਕੱਦਮਾ ਹੈ।

1987: ਫ਼ਤਹਿਗੜ੍ਹ ਵਿਚ ਸ਼ਹੀਦੀ ਕਾਨਫ਼ਰੰਸ ਵਿਚ ਡਾ ਗੁਰਨਾਮ ਸਿੰਘ ਬੁਟਰ ਨੇ ਖਾਲਿਸਤਾਨ ਦਾ ਮਤਾ ਪਾਸ ਕਰਵਾਇਆ

27 ਦਸੰਬਰ 1987 ਦੇ ਦਿਨ ਫ਼ਤਹਿਗੜ੍ਹ ਸਾਹਿਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਕਾਨਫ਼ਰੰਸ ਹੋਈ। ਇਸ ਕਾਨਫ਼ਰੰਸ ਵਿਚ ਡਾ: ਗੁਰਨਾਮ ਸਿੰਘ ਬੁੱਟਰ, ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਮਾਨੋਚਾਹਲ), ਨੇ ਖਾਲਿਸਤਾਨ ਦਾ ਮਤਾ ਪਾਸ ਕਰਵਾਇਆ।ਹਾਜ਼ਰ ਸਾਰੇ ਹਾਜ਼ਰ ਸਿੱਖਾਂ ਨੇ ਇਕ-ਰਾਏ ਨਾਲ, ਹੱਥ ਖੜੇ ਕਰ ਕੇ, ਇਸ ਮਤੇ ਦੀ ਹਿਮਾਇਤ ਕੀਤੀ। ਇਸ 'ਤੇ ਸਰਕਾਰ ਨੇ ਕਈ ਅਕਾਲੀ ਆਗੂਆਂ ਦੇ ਖ਼ਿਲਾਫ਼ ਮੁਕਦਮੇ ਦਾਇਰ ਕੀਤੇ ਜਿਸ ਨਾਲ ਇਨ੍ਹਾਂ ਵਿਚੋਂ ਬਹੁਤ ਸਾਰੇ ਅਕਾਲੀ ਆਗੂ ਜੇਲ੍ਹੀਂ ਜਾਣ ਤੋਂ ਡਰਦੇ ਇਸ ਮਤੇ ਤੋਂ ਪਿੱਛੇ ਹਟ ਗਏ।

1988: ਬਗੀਚਾ ਸਿੰਘ ਅਸਲ ਉਤਾੜ ਤੇ ਅਵਤਾਰ ਸਿੰਘ ਬਹਿਕ ਵਿਲਾਇਤ ਸ਼ਾਹ (ਜ਼ੀਰਾ) ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਸਤਾਈ ਦਸੰਬਰ 1988 ਦੇ ਦਿਨ ਪੰਜਾਬ ਪੁਲਸ ਨੇ ਬਗੀਚਾ ਸਿੰਘ (ਪੁੱਤਰ ਸੂਰਤ ਸਿੰਘ ਅਸਲ ਉਤਾੜ, ਅੰਮ੍ਰਿਤਸਰ) ਤੇ ਅਵਤਾਰ ਸਿੰਘ (ਪੁੱਤਰ ਪਰਤਾਪ ਸਿੰਘ ਬਹਿਕ ਵਿਲਾਇਤ ਸ਼ਾਹ, ਜ਼ੀਰਾ, ਫ਼ੀਰੋਜ਼ਪੁਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1990: ਭੁਪਿੰਦਰ ਸਿੰਘ ਲੌਂਗੀਆ ਖਰੜ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਸਤਾਈ ਦਸੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਭੁਪਿੰਦਰ ਸਿੰਘ ਲੌਂਗੀਆ (ਵਾਸੀ ਖਰੜ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਅਣੋਖ ਸਿੰਘ ਉੱਬੋਕੇ, ਜਸਬੀਰ ਸਿੰਘ ਮਾਹਲਾਂ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਸਤਾਈ ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਅਣੋਖ ਸਿੰਘ(ਪੁੱਤਰ ਜਸਵਿੰਦਰ ਸਿੰਘ, ਵਾਸੀ ਉੱਬੋਕੇ) ਤੇ ਜਸਬੀਰ ਸਿੰਘ ਮਾਹਲਾਂ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

28 ਦਸੰਬਰ

1620: ਗੁਰੂ ਹਰਿਗੋਬਿੰਦ ਸਾਹਿਬ ਸੱਤ ਸਾਲ ਮਗਰੋਂ ਅੰਮ੍ਰਿਤਸਰ ਆਏ (ਅੰਮ੍ਰਿਤਸਰ ਵਿਚ 'ਦੀਪਮਾਲਾ' ਦੀ ਤਵਾਰੀਖ਼ ਦਾ ਸੱਚ ਕੀ ਹੈ?)

26 ਅਕਤੂਬਰ 1918 ਦੇ ਦਿਨ (ਹਿੰਦੂ ਦੀਵਾਲੀ ਤੋਂ ਇਕ ਦਿਨ ਪਹਿਲਾਂ) ਗਵਾਲੀਅਰ ਕਿਲ੍ਹੇ 'ਚੋਂ ਰਿਹਾਈ ਮਗਰੋਂ ਗੁਰੂ ਸਾਹਿਬ ਵੱਖ-ਵੱਖ ਨਗਰਾਂ 'ਚੋਂ ਹੁੰਦੇ ਹੋਏ ਗੋਇੰਦਵਾਲ ਪੁੱਜੇ। ਉਨ੍ਹੀਂ ਦਿਨੀਂ ਮੁਗਲ ਬਾਦਸ਼ਾਹ ਜਹਾਂਗੀਰ ਵੀ ਪੰਜਾਬ ਵਿਚ ਅਇਆ ਹੋਇਆ ਸੀ। ਇੱਥੇ 27 ਜਨਵਰੀ 1620 ਦੇ ਦਿਨ ਉਨ੍ਹਾਂ ਦੀ ਮੁਲਾਕਾਤ ਜਹਾਂਗੀਰ ਨਾਲ ਹੋਈ। ਇਸ ਮਗਰੋਂ 8 ਫ਼ਰਵਰੀ 1620 ਦੇ ਦਿਨ ਕਲਾਨੌਰ ਵਿਚ ਵੀ ਦੋਹਾਂ ਵਿਚਾਂ ਇਕ ਵਾਰ ਫਿਰ ਮੁਲਾਕਾਤ ਹੋਈ। ਇਸ ਮੌਕੇ 'ਤੇ ਜਹਾਂਗੀਰ ਨੇ (ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇਣ ਵਾਲੇ) ਚੰਦੂ ਨੂੰ ਸਿੱਖਾਂ ਦੇ ਹਵਾਲੇ ਕਰਨ ਦਾ ਹੁਕਮ ਜਾਰੀ ਕੀਤਾ। (ਸਿੱਖਾਂ ਨੇ ਚੰਦੂ ਨੂੰ ਗ੍ਰਿਫ਼ਤਾਰ ਕਰ ਕੇ ਮੁਨਾਸਿਬ ਸਜ਼ਾ ਦਿਤੀ)। ਇੱਥੋਂ ਜਹਾਂਗੀਰ ਅਤੇ ਗੁਰੂ ਸਾਹਿਬ, ਦੋਵੇਂ, ਲਾਹੌਰ ਗਏ ਅਤੇ ਦੋਹਾਂ ਨੇ ਇਕੱਠਿਆਂ 16 ਫ਼ਰਵਰੀ 1620 ਦੇ ਦਿਨ ਮੀਆਂ ਮੀਰ ਨਾਲ ਮੁਲਾਕਾਤ ਕੀਤੀ।

1620 ਦੀਆਂ ਗਰਮੀਆਂ ਵਿਚ ਜਹਾਂਗੀਰ ਅਤੇ ਗੁਰੂ ਸਾਹਿਬ ਇਕੱਠੇ ਕਸ਼ਮੀਰ ਦੇ ਦੌਰੇ 'ਤੇ ਗਏ। ਇਸ ਮਗਰੋਂ ਗੁਰੂ ਸਾਹਿਬ ਜਹਾਂਗੀਰ ਤੋਂ ਵਖਰੇ ਹੋ ਕੇ ਕਸ਼ਮੀਰ ਵਿਚ ਧਰਮ ਪਰਚਾਰ ਦੇ ਦੌਰੇ 'ਤੇ ਨਿਕਲ ਗਏ। ਕਸ਼ਮੀਰ ਤੋਂ ਵਾਪਸੀ ਮਗਰੋਂ ਗੁਰੂ ਸਾਹਿਬ 28 ਦਸੰਬਰ 1620 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਵੀ ਆਏ। ਰਿਹਾਈ ਮਗਰੋਂ ਗੁਰੂ ਸਾਹਿਬ ਦਾ ਅੰਮ੍ਰਿਤਸਰ ਦਾ ਇਹ ਪਹਿਲਾ ਦੌਰਾ ਸੀ। **ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਜਿਸ ਦਿਨ ਅੰਮ੍ਰਿਤਸਰ ਪੁੱਜੇ ਉਸ ਦਿਨ ਹਿੰਦੂਆਂ ਦਾ ਦੀਵਾਲੀ ਦਾ ਤਿਉਹਾਰ ਨਹੀਂ ਸੀ। ਅੰਮ੍ਰਿਤਸਰ ਵਿਚ ਦੀਵਾਲੀ, ਮਹਾਰਾਜਾ ਰਣਜੀਤ ਸਿੰਘ ਦੇ ਅੰਮ੍ਰਿਤਸਰ ਵਿਚ ਲਾਏ ਬ੍ਰਾਹਮਣ ਨਾਜ਼ਮ ਦੀ ਸਰਪਰਸਤੀ ਹੇਠ ਮਹੰਤਾਂ ਦੇ ਵੇਲੇ ਮਨਾਉਣੀ ਸ਼ੁਰੂ ਹੋਈ ਸੀ।**

ਗੁਰੂ ਹਰਗੋਬਿੰਦ ਸਾਹਿਬ ਦੇ ਅੰਮ੍ਰਿਤਸਰ ਪਹੁੰਚਣ ਸਬੰਧੀ ਇਕ ਇੰਦਰਾਜ ਭੱਟ ਵਹੀ ਤਲਾਉਂਡਾ, ਪਰਗਣਾ ਜੀਂਦ ਵਿਚ ਇੰਝ ਮਿਲਦਾ ਹੈ:

*"ਗੁਰੂ ਹਰਿਗੋਬਿੰਦ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ, **ਸੰਮਤ ਸੋਲਾਂ ਸੈ ਸਤੱਤ੍ਰਾ ਮਾਘ ਪ੍ਰਵਿਸ਼ਟੇ ਪਹਿਲੀ** ਕੇ ਦਿਹੁੰ ਹੇਹਰ ਮਗਰੀ ਸੇ ਚਲ ਕਰ ਗਾਮ ਗੁਰੂ ਕੇ ਚਕ ਪਰਗਣਾ ਨਿਝਰਆਲਾ ਆਏ। ਗੈਲੋਂ ਅਰਜਾਨੀ ਬੇਟਾ ਮੋਹਰੀ ਜੀ ਕਾ, ਮੇਹਰਬਾਨ ਬੇਟਾ ਪ੍ਰਿਥੀ ਚੰਦ ਜੀ ਕਾ, ਬਾਬਾ ਬੁਢਾ ਰਾਮਦਾਸ ਬੇਟਾ ਸੁਘੇ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਰ ਦਾਸ ਭੱਲੇ ਕਾ, ਬਲੂ ਚਾਏ ਬੇਟਾ ਮੂਲ ਚੰਦ ਜਲ੍ਹਾਨੇ ਕਾ, ਕੌਲ ਜੀ ਦਾਸ ਬੇਟਾ ਅੰਬੀਏ ਹਜਾਵਤ ਕਾ, ਹੋਰ ਸਿਖ ਫਕੀਰ ਆਏ। ਗੁਰੂ **ਜੀ ਕੇ ਆਨੇ ਕੀ ਖ਼ੁਸ਼ੀ ਮੇਂ ਦੀਪਮਾਲਾ ਕੀ ਗਈ**। ਹਰਿਮੰਦਰ ਸਾਹਿਬ ਜੀ ਮੇਂ ਦੀਆ ਬਾਤੀ ਕੀ ਸੇਵਾ ਮਿਹਰਬਾਨ ਕੀ ਲਾਈ। ਗੁਰੂ ਜੀ ਤੀਜੇ ਦਿਹੁੰ ਗੁਰੂ ਚਕ ਸੇ ਵਿਦਾ ਹੋਇ ਗੋਇੰਦਵਾਲ ਮੇਂ ਆਇ ਬਿਰਾਜੇ।"*

1711: ਬਿਲਾਸਪੁਰ ਵਿਚ ਬਹੁਤ ਸਿੱਖਾਂ ਦੀਆਂ ਸ਼ਹੀਦੀਆਂ ਹੋਈਆਂ

ਦਸੰਬਰ 1711 ਵਿਚ ਸਿੱਖ ਫ਼ੌਜਾਂ ਕਹਿਲੂਰ ਰਿਆਸਤ ਵਿਚ ਦਾਖ਼ਿਲ ਹੋ ਚੁਕੀਆਂ ਸਨ (ਇਨ੍ਹਾਂ ਵਿਚ ਬਾਬਾ ਬੰਦਾ ਸਿੰਘ ਸ਼ਾਮਿਲ ਨਹੀਂ ਸੀ)। 28 ਦਸੰਬਰ 1711 ਦੇ ਦਿਨ ਮੁਹੰਮਦ ਅਮੀਨ ਖ਼ਾਨ ਦੀਆਂ ਫ਼ੌਜਾਂ ਨੇ ਬਰਸਾਣਾ ਨਦੀ ਦੇ ਕੰਢੇ 'ਤੇ ਤੰਬੂ ਗੱਡੇ ਹੋਏ ਸਨ। ਜਦ ਸਿੱਖਾਂ ਨੂੰ ਇਸ ਦਾ ਪਤਾ ਲਗਾ ਤਾਂ ਉਨਾਂ ਨੂੰ ਮੁਗਲ ਫ਼ੌਜਾਂ 'ਤੇ ਹਮਲਾ ਕਰ ਦਿਤਾ। ਇਸ ਮੌਕੇ ਤੇ ਤੀਰਾਂ ਅਤੇ ਬੰਦੂਕਾਂ ਦੀ ਭਾਰੀ ਜੰਗ ਹੋਈ। ਇਸ ਜੰਗ ਵਿਚ ਤਕਰੀਬਨ ਪੰਜ ਸੌ ਸਿੱਖ ਸ਼ਹੀਦ ਹੋਏ। ਸ਼ਹੀਦ ਹੋਣ ਵਾਲੇ ਸਿੱਖਾਂ ਵਿਚ ਕੇਸੋ ਸਿੰਘ ਪੁਤਰ ਭਾਈ ਚਿਤਰ ਸਿੰਘ ਤੇ ਬਾਘ ਸਿੰਘ, (ਦੋਵੇਂ ਪੁਤਰ ਭਾਈ ਉਦੈ ਸਿੰਘ ਤੇ ਪੋਤੇ ਭਾਈ ਮਨੀ ਸਿੰਘ) ਵੀ ਸ਼ਾਮਿਲ ਸਨ।

ਸ਼ਾਮ ਪੈਣ ਮਗਰੋਂ ਸਿੱਖ ਦਰਿਆ ਪਾਰ ਕਰ ਕੇ ਬਿਲਾਸਪੁਰ ਵਲ ਨਿਕਲ ਗਏ। ਹਾਲਾਂ ਕਿ ਦੋਹੀਂ ਪਾਸੀਂ ਇੱਕੋ ਜਿਹਾ ਨੁਕਸਾਨ ਹੋਇਆ ਸੀ ਪਰ ਬਹਾਦਰ ਸ਼ਾਹ ਨੂੰ ਖ਼ੁਸ਼ ਕਰਨ ਵਾਸਤੇ ਇਸ ਨੂੰ ਮੁਗ਼ਲ ਫ਼ੌਜਾਂ ਦੀ ਜਿੱਤ ਦਸਿਆ ਗਿਆ। ਮੁਹੰਮਦ ਅਮੀਨ ਖ਼ਾਨ ਨੇ ਈਨਾਮ ਹਾਸਿਲ ਕਰਨ ਵਾਸਤੇ ਸ਼ਹੀਦ ਹੋਏ ਪੰਜ ਸੌ ਸਿੱਖਾਂ ਦੇ ਸਿਰ ਕਟਵਾ ਕੇ ਬਾਦਸ਼ਾਹ ਨੂੰ ਭੇਜੇ। ਬਾਦਸ਼ਾਹ ਕੋਲ ਇਹ ਸਿਰ ਜਦ 12 ਜਨਵਰੀ 1712 ਨੂੰ ਪੁੱਜੇ ਤਾਂ ਉਸ ਨੇ ਇਨ੍ਹਾਂ ਸਿਰਾਂ ਦੀ ਨੁਮਾਇਸ਼ ਲਾਉਣ ਵਾਸਤੇ ਆਖਿਆ। (ਫਿਰ 18 ਜਨਵਰੀ ਨੂੰ ਇਨ੍ਹਾਂ ਸਿਰਾਂ ਦੇ ਮੀਨਾਰ ਬਣਾਉਣ ਦੇ ਹੁਕਮ ਜਾਰੀ ਕੀਤੇ ਗਏ)। ਬਾਦਸ਼ਾਹ ਨੇ ਮੁਗ਼ਲ ਫ਼ੌਜ ਦੀ ਇਸ 'ਕਾਮਯਾਬੀ' 'ਤੇ ਮੁਜਰਾ ਕਰਵਾਉਣ ਦਾ ਹੁਕਮ ਜਾਰੀ ਕੀਤਾ। ਇਸ ਦੇ ਨਾਲ ਹੀ ਉਸ ਨੇ ਨਜੂਮੀਆਂ ਦੀ ਤਜਵੀਜ਼ ਮੁਤਾਬਿਕ ਇਕ ਘੋੜਾ, ਇਕ ਜੰਗਲੀ ਸੰਢਾ, ਇਕ ਗ਼ੁਲਾਮ, ਕੁਝ ਜੜਾਊ ਤੇ ਸੋਨੇ ਦੀਆਂ ਚੀਜ਼ਾਂ ਵਗ਼ੈਰਾ ਦਾਨ-ਪੁੰਨ ਕੀਤੀਆਂ ਅਤੇ ਇਨ੍ਹਾਂ ਚੀਜ਼ਾਂ ਦੇ ਸਿਰ-ਵਾਰਨੇ ਕਰ ਕੇ ਇਹ ਸਭ ਚੀਜ਼ਾਂ ਅਫ਼ਸਰਾਂ ਨੂੰ ਬਖ਼ਸ਼ੀਆਂ।

1929: ਸ.ਬ. ਮਹਿਤਾਬ ਸਿੰਘ ਦੀ ਕਲਕੱਤਾ ਕਨਵੈਨਸ਼ਨ ਚ ਵਾਰਨਿੰਗ ਦਿੱਤੀ: *"ਜੇ ਸਿੱਖਾਂ ਦੀ ਗੱਲ ਨਾ ਸੁਣੋਗੇ ਤਾਂ ਭਾਰਤ ਦੀਆਂ ਵੰਡੀਆਂ ਕਲਕੱਤੇ ਬਹਿ ਕੇ ਕਲਮ ਨਾਲ ਨਹੀਂ ਤਲਵਾਰ ਨਾਲ ਹੋਣਗੀਆਂ"*

ਨਹਿਰੂ ਰਿਪੋਰਟ ਵਿਚ ਸਿੱਖਾਂ ਨਾਲ ਧੱਕੇ ਮਗਰੋਂ ਬਹੁਤ ਰੌਲਾ ਪਿਆ। ਇਸ 'ਤੇ ਸੈਂਟਰਲ ਅਸੈਂਬਲੀ ਵਿਚ ਪੰਜਾਬ ਦੇ ਕੋਟੇ ਅਤੇ ਪੰਜਾਬ ਕੌਂਸਲ ਵਿਚ ਵਖ ਵਖ ਧਰਮਾਂ ਦੀ ਨੁਮਾਇੰਦਗੀ ਸਬੰਧੀ ਨਹਿਰੂ ਰਿਪੋਰਟ ਵਿਚਲੀਆਂ ਮੱਦਾਂ 'ਤੇ ਆਖ਼ਰੀ ਵਿਚਾਰਾਂ ਕਰਨ ਵਾਸਤੇ ਇਕ ਆਲ ਪਾਰਟੀਜ਼ ਕਾਨਫ਼ਰੰਸ 28 ਤੋਂ 30 ਦਸੰਬਰ 1928 ਨੂੰ ਕਲਕੱਤਾ ਵਿਚ ਹੋਈ। ਇਸ ਵਿਚ ਸ਼ਾਮਿਲ ਹੋਣ ਵਾਸਤੇ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਕਾਂਗਰਸ ਡੈਲੀਗੇਟ ਕਲਕੱਤਾ ਪੁੱਜੇ ਹੋਏ ਸਨ। ਇਸ ਮੌਕੇ 'ਤੇ ਮਾਸਟਰ ਤਾਰਾ ਸਿੰਘ ਦੀਆਂ ਕੋਸ਼ਿਸ਼ਾਂ ਨਾਲ 30-40 ਸਿੱਖ ਆਗੂ ਵੀ ਕਲੱਕਤਾ ਪੁੱਜੇ ਹੋਏ ਸਨ ਤਾਂ ਜੋ ਉਹ ਵੱਖ-ਵੱਖ ਕਾਂਗਰਸੀ ਆਗੂਆਂ ਨੂੰ ਮਿਲ ਕੇ ਸਿੱਖ ਨੁਕਤਾ-ਨਿਗਾਹ ਪੇਸ਼ ਕਰ ਸਕਣ। ਮਾਸਟਰ ਤਾਰਾ ਸਿੰਘ ਨੇ ਇਕ ਦਰਜਨ ਦੇ ਕਰੀਬ ਸੀਨੀਅਰ ਕਾਂਗਰਸੀ ਆਗੂਆਂ ਨੂੰ ਸਿੱਖਾਂ ਦੀ ਪੁਜ਼ੀਸ਼ਨ ਬਿਆਨ ਕੀਤੀ। ਨਤੀਜੇ ਦੇ ਤੌਰ 'ਤੇ ਡਾਕਟਰ ਅੰਸਾਰੀ ਨੇ ਕਬੂਲ ਕਰ ਲਿਆ ਕਿ ਸਿੱਖਾਂ ਨਾਲ ਨਹਿਰੂ ਰਿਪੋਰਟ ਵਿਚ ਬੇਇਨਸਾਫ਼ੀ ਕੀਤੀ ਗਈ ਹੈ। ਉਧਰ ਮੋਤੀ ਲਾਲ ਨਹਿਰੂ ਨੇ ਵੀ ਮੰਨ ਲਿਆ ਕਿ ਜੇ ਸਿੱਖ ਇਸ ਰਿਪੋਰਟ ਬਾਰੇ ਹਾਊਸ ਵਿਚ ਕੋਈ ਤਰਮੀਮ ਕਰਵਾਉਣ ਵਿਚ ਕਾਮਯਾਬ ਹੋ ਜਾਣ ਤਾਂ ਉਸ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

ਕਨਵੈਨਸ਼ਨ ਦੇ ਦੂਜੇ ਦਿਨ ਮੁਸਲਿਮ ਲੀਗ ਦਾ ਆਗੂ ਮੁਹੰਮਦ ਅਲੀ ਜਿਨਾਹ ਵੀ ਇੰਗਲੈਂਡ ਤੋਂ ਪਰਤ ਕੇ ਕਲਕੱਤਾ ਪੁਜ ਚੁਕਾ ਸੀ। ਉਸ ਨੇ ਮੰਗ ਕਰਨੀ ਸ਼ੁਰੂ ਕਰ ਦਿੱਤੀ ਕਿ ਮੁਸਲਮਾਨਾਂ ਨੂੰ ਪੰਜਾਬ ਵਿਚ 51 ਫ਼ੀ ਸਦੀ ਅਤੇ ਸੈਂਟਰ ਵਿਚ 33 ਫ਼ੀ ਸਦੀ ਸੀਟਾਂ ਦਿਤੀਆਂ ਜਾਣ। ਜਿਨਾਹ ਦੇ ਵਤੀਰੇ ਨੇ ਮਸਲੇ ਨੂੰ ਸਗੋਂ ਹੋਰ ਉਲਝਾ ਦਿੱਤਾ। ਕਨਵੈਨਸ਼ਨ 'ਚ ਇਸ ਮਸਲੇ ਦੇ ਹੱਲ ਵਾਸਤੇ ਨਵੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ। ਇਸ ਮਕਸਦ ਵਾਸਤੇ ਇਕ ਸਬ-ਕਮੇਟੀ ਬਣਾਈ ਗਈ। ਇਸ ਸਬ-ਕਮੇਟੀ ਵਿਚ ਮੋਤੀ ਲਾਲ, ਮਦਨ ਮੋਹਨ ਮਾਲਵੀਆ, ਤੇਜ ਬਹਾਦਰ ਸਪਰੂ, ਗਾਂਧੀ, ਮਲਿਕ ਬਰਕਤ ਅਲੀ, ਮੌਲਾਨਾ ਅਬਦੁਲ ਕਾਦਰ, ਮੌਲਾਨਾ ਆਜ਼ਾਦ, ਮੌਲਾਨਾ ਜ਼ਫ਼ਰ ਅਲੀ ਖ਼ਾਨ, ਮਾਸਟਰ ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ, ਹਰਨਾਮ ਸਿੰਘ ਐਡਵੋਕੇਟ, ਮੰਗਲ ਸਿੰਘ ਸ਼ਾਮਿਲ ਕੀਤੇ ਗਏ। ਪਰ ਇਸ ਸਬ-ਕਮੇਟੀ ਦਾ ਕੋਈ ਨਤੀਜਾ ਨਾ ਨਿਕਲ ਸਕਿਆ ਕਿਉਂਕਿ ਗਾਂਧੀ ਅਤੇ ਤੇਜ ਬਹਾਦਰ ਸਪਰੂ ਮੁਸਲਮਾਨਾਂ ਦੀ ਅਤੇ ਜਿਨਾਹ

ਸਿੱਖਾਂ ਦੀ ਕੋਈ ਪਰਵਾਹ ਨਹੀਂ ਕਰਦਾ ਸੀ। 28 ਦਸੰਬਰ 1928 ਦੀ ਇਸ ਮੀਟਿੰਗ ਵਿਚ ਕੁਝ ਚਿਰ ਬੈਠੇ ਰਹਿਣ ਮਗਰੋਂ ਜਿਨਾਹ ਵਿਚੋਂ ਹੀ ਉੱਠ ਕੇ ਚਲਾ ਗਿਆ।

ਅਗਲੇ ਦਿਨ ਜਦੋਂ ਦੋਬਾਰਾ ਮੀਟਿੰਗ ਸ਼ੁਰੂ ਹੋਈ ਤਾਂ ਜਿਨਾਹ ਨੇ ਇਕ ਖੂਬਸੂਰਤ ਤਕਰੀਰ ਕੀਤੀ ਅਤੇ ਆਪਣਾ ਕੇਸ ਬਾ-ਦਲੀਲ ਪੇਸ਼ ਕੀਤਾ। ਇਸ ਮਗਰੋਂ ਸ:ਬ: ਮਹਿਤਾਬ ਸਿੰਘ ਤੇ ਐਮ.ਆਰ. ਜੈਕਾਰ ਨੇ ਆਪਣੀ ਤਕਰੀਰ ਵਿਚ ਜਿਨਾਹ ਦੀਆਂ ਸਾਰੀਆਂ ਦਲੀਲਾਂ ਨੂੰ ਰੱਦ ਕਰ ਦਿਤਾ। ਭਾਵੇਂ ਬਹੁਤੇ ਮੈਂਬਰ ਜਿਨਾਹ ਦੇ ਮੁਖ਼ਾਲਿਫ਼ ਹੋ ਗਏ ਸਨ ਪਰ ਇਸ ਦੇ ਬਾਵਜੂਦ ਇਹ ਸਬ-ਕਮੇਟੀ ਕਿਸੇ ਸਿੱਟੇ 'ਤੇ ਨਾ ਪਹੁੰਚ ਸਕੀ।

ਅਖ਼ੀਰ, ਜਦੋਂ ਸਿੱਖ ਡੈਲੀਗੇਟਾਂ ਨੇ ਵੇਖਿਆ ਕਿ ਹਿੰਦੂ ਆਗੂ ਮੁਸਲਮਾਨਾਂ ਨੂੰ ਖ਼ੁਸ਼ ਕਰਨ ਵਾਸਤੇ ਸਿੱਖਾਂ ਨਾਲ ਬੇਇਨਸਾਫ਼ੀ ਕਰ ਰਹੇ ਹਨ ਤਾਂ ਉਨ੍ਹਾਂ ਨੇ ਆਪਸ ਵਿਚ ਮਸ਼ਵਰਾ ਕਰ ਕੇ ਇਕ ਸਾਂਝਾ ਸਟੈਂਡ ਲੈਣ ਦਾ ਫ਼ੈਸਲਾ ਕੀਤਾ। ਸ:ਬ: ਮਹਿਤਾਬ ਸਿੰਘ ਨੇ ਸੈਂਟਰਲ ਸਿੱਖ ਲੀਗ ਵਲੋਂ ਨਹਿਰੂ ਰਿਪੋਰਟ ਵਿਚ ਇਕ ਤਰਮੀਮ ਪੇਸ਼ ਕੀਤੀ ਕਿ ''ਭਾਰਤ ਦੇ ਅਗਲੇ ਆਈਨ ਵਿਚੋਂ ਫ਼ਿਰਕੂ ਵੰਡ ਹਰ ਤਰ੍ਹਾਂ ਤੇ ਹਰ ਪਾਸਿਓਂ ਉਡਾ ਦਿਤੀ ਜਾਵੇ ਤੇ ਨਹਿਰੂ ਰਿਪੋਰਟ ਵਿਚ ਇਸ ਬਿਨਾਅ ਤੇ ਅਦਲਾ ਬਦਲੀ ਕੀਤੀ ਜਾਵੇ।'' ਇਹ ਤਰਮੀਮ ਨਾ ਮੰਨੀ ਜਾਣ ਤੇ ਸੈਂਟਰਲ ਸਿੱਖ ਲੀਗ ਵਲੋਂ ਨਹਿਰੂ ਰਿਪੋਰਟ ਤੋਂ ਆਪਣੀ ਹਿਮਾਇਤ ਵਾਪਿਸ ਲੈਣ ਅਤੇ ਕਨਵੈਨਸ਼ਨ ਵਿਚ ਹੋਰ ਹਿੱਸਾ ਨਾ ਲੈਣ ਦਾ ਐਲਾਨ ਕਰ ਦਿਤਾ। ਹਰਨਾਮ ਸਿੰਘ ਐਡਵੋਕੇਟ ਨੇ ਸਿੱਖ ਡੈਲੀਗੇਟਾਂ ਵਲੋਂ ਸਾਂਝਾ ਬਿਆਨ ਆਪਣੀਆਂ ਮੰਗਾਂ ਦੇ ਬਾਰੇ ਵਿਚ ਪੜ੍ਹਿਆ ਅਤੇ ''ਬੋਲੇ ਸੋ ਨਿਹਾਲ...'' ਦੇ ਜੈਕਾਰੇ ਮਾਰਦੇ ਹੋਏ ਵਾਕ ਆਊਟ ਕਰ ਗਏ। ਜਾਣ ਤੋਂ ਪਹਿਲਾਂ ਸ:ਬ: ਮਹਿਤਾਬ ਸਿੰਘ ਨੇ ਗਾਂਧੀ ਤੇ ਜਿਨਾਹ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ ਕਿ ***''ਜੇ ਸਿੱਖਾਂ ਦੀ ਗੱਲ ਨਾ ਸੁਣੋਗੇ ਤਾਂ ਭਾਰਤ ਦੀਆਂ ਵੰਡੀਆਂ ਕਲਕੱਤੇ ਬਹਿ ਕੇ ਕਲਮ ਨਾਲ ਨਹੀਂ ਤਲਵਾਰ ਨਾਲ ਹੋਣਗੀਆਂ।''***

ਗੁਰੂ ਗ੍ਰੰਥ ਸਾਹਿਬ ਦੇ ਸਰੂਪ ਡਾਕ ਰਾਹੀਂ ਭੇਜਣ ਵਾਸਤੇ ਮਨਜ਼ੂਰੀ

28 ਦਸੰਬਰ 1944 ਦੇ ਦਿਨ ਦਰਬਾਰ ਕਮੇਟੀ ਨੇ ਇਕ ਚਿੱਠੀ (ਨੰਬਰ 4125/67) ਰਾਹੀਂ ਕਿਹਾ ਕਿ ਲੋੜ ਪੈਣ 'ਤੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਪਾਰਸਲ ਰਾਹੀਂ ਬਾਹਰ ਭੇਜੀਆਂ ਜਾ ਸਕਦੀਆਂ ਹਨ। (ਕਿਰਪਾਲ ਸਿੰਘ, 'ਪੰਥਕ ਮਤੇ' ਸਫ਼ਾ 38)।

1986: ਬ੍ਰਹਮਪੁਰਾ ਵਿਚ ਪੁਲਸ ਨੇ ਸਿੱਖਾਂ 'ਤੇ ਜ਼ੁਲਮ ਕੀਤੇ

28 ਦਸੰਬਰ 1986 ਦੇ ਦਿਨ ਅੰਮ੍ਰਿਤਸਰ ਦੇ ਪਿੰਡ ਬ੍ਰਹਮਪੁਰਾ 'ਚ ਸੀ. ਆਰ. ਪੀ. ਐਫ਼. ਨੇ ਹਮਲਾ ਕਰ ਕੇ ਸਾਰੇ ਪਿੰਡ ਉੱਤੇ ਬਹੁਤ ਜ਼ੁਲਮ ਕੀਤੇ। ਤਕਰੀਬਨ ਹਰ ਇਕ ਸਿੱਖ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਔਰਤਾਂ ਦੀ ਬੇਇਜ਼ਤੀ ਕੀਤੀ ਗਈ। ਪੰਦਰਾਂ ਸਿੱਖ ਗ੍ਰਿਫ਼ਤਾਰ ਕੀਤੇ ਗਏ। ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪਾਂ ਨੂੰ ਗੋਲੀ ਮਾਰ ਕੇ ਅੱਗ ਲਾ ਦਿਤੀ ਗਈ। ਘਟਨਾ ਤੋਂ ਪਹਿਲਾਂ ਖਾੜਕੂ ਅਵਤਾਰ ਸਿੰਘ ਬ੍ਰਹਮਪੁਰਾ ਨੇ ਸੀ.ਆਰ.ਪੀ.ਐਫ਼. ਨੂੰ ਸਪੀਕਰ ਤੇ ਚੈਲੰਜ ਕੀਤਾ ਸੀ ਪਰ ਕੋਈ ਵੀ ਉਸ ਦੇ ਨੇੜੇ ਨਾ ਆਇਆ। ਜਦੋਂ ਉਹ ਪਿੰਡ ਵਿਚੋਂ ਚਲਾ ਗਿਆ ਤਾਂ ਸੀ.ਆਰ.ਪੀ.ਐਫ਼. ਨੇ ਆਮ ਲੋਕਾਂ 'ਤੇ ਬੇਤਹਾਸ਼ਾ ਜ਼ੁਲਮ ਕੀਤਾ। **ਆਈ.ਜੀ. ਰਬੈਰੋ, ਪੰਜਾਬ ਦੇ ਵਜ਼ੀਰਾਂ ਤੇ ਹੋਰ ਕਈ ਸਿਆਸੀ ਚੌਧਰੀਆਂ ਨੇ, ਸਮੇਤ ਗਵਰਨਰ, ਇਸ ਧੱਕੇਸ਼ਾਹੀ ਤੇ ਜ਼ੁਲਮ ਮੁਆਫ਼ੀ ਮੰਗੀ। ਪਰ ਬਾਵਜੂਦ ਇਸ ਦੇ ਸੀ.ਆਰ.ਪੀ. ਦੇ ਦਹਿਸ਼ਤਗਰਦ ਸਿਪਾਹੀਆਂ ਨੂੰ ਕੋਈ ਸਜ਼ਾ ਨਹੀਂ ਦਿਤੀ ਗਈ।**

1988: ਸਮਰਾਲਾ ਦੇ ਸੁਖਦੇਵ ਸਿੰਘ ਰਾਏ, ਉਸ ਦਾ ਪੁੱਤਰ ਸੁਖਬੀਰ ਸਿੰਘ ਤੇ ਕਾਰਜ ਸਿੰਘ ਸਿਧਵਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

28 ਦਸੰਬਰ 1988 ਦੇ ਦਿਨ ਪੰਜਾਬ ਪੁਲਸ ਨੇ ਸੁਖਦੇਵ ਸਿੰਘ ਰਾਏ ਅਤੇ ਉਸ ਦਾ ਪੁੱਤਰ ਸੁਖਬੀਰ ਸਿੰਘ (ਵਾਸੀ ਸਵਰਨ ਨਾਥ, ਨੇੜੇ ਸਮਰਾਲਾ ਲੁਧਿਆਣਾ), ਅਤੇ ਕਾਰਜ ਸਿੰਘ (ਵਾਸੀ ਸਿਧਵਾ, ਖਾਲੜਾ) ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਮੁਖਤਿਆਰ ਸਿੰਘ ਲਿਹਾੜਕਾ ਤੇ ਰਵਿੰਦਰ ਸਿੰਘ ਰਮੀ ਜਲਾਲਾਬਾਦ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

28 ਦਸੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਮੁਖਤਿਆਰ ਸਿੰਘ (ਪੁੱਤਰ ਜਾਗੀਰ ਸਿੰਘ, ਵਾਸੀ ਲਿਹਾੜਕਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੰਜਾਬ ਪੁਲਸ ਨੇ ਰਵਿੰਦਰ ਸਿੰਘ ਰਮੀ ਉਰਫ਼ ਜੱਗਾ (ਵਾਸੀ ਜਲਾਲਾਬਾਦ, ਅੰਮ੍ਰਿਤਸਰ) ਨੂੰ ਵੀ ਇਕ ਹੋਰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1991: ਮੁਖਤਿਆਰ ਸਿੰਘ ਫ਼ਤਹਿਗੜ੍ਹ ਸਭਰਾ ਤੇ ਬੂਟਾ ਸਿੰਘ ਬੰਢਾਲਾ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

28 ਦਸੰਬਰ 1991 ਦੇ ਦਿਨ ਪੰਜਾਬ ਪੁਲਸ ਨੇ ਮੁਖਤਿਆਰ ਸਿੰਘ ਉਰਫ਼ ਮਾਖਾ (ਪੁੱਤਰ ਹਰੀ ਸਿੰਘ, ਵਾਸੀ ਫ਼ਤਹਿਗੜ੍ਹ ਸਭਰ) ਤੇ ਬੂਟਾ ਸਿੰਘ (ਪੁੱਤਰ ਹਰਨਾਮ ਸਿੰਘ, ਵਾਸੀ ਬੰਢਾਲਾ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

1992: ਬਬਰ ਖਾਲਸਾ ਦੇ ਜਰਨੈਲ ਭਾਈ ਧਰਮ ਸਿੰਘ ਕਾਸ਼ਤੀਵਾਲ ਸ਼ਹੀਦ

ਅਠਾਈ ਦਸੰਬਰ 1992 ਦੇ ਦਿਨ ਬਬਰ ਖਾਲਸਾ ਦੇ ਜਰਨੈਲ ਭਾਈ **ਧਰਮ ਸਿੰਘ ਕਾਸ਼ਤੀਵਾਲ** ਪੁਲੀਸ ਦੇ ਘੇਰੇ ਵਿਚ ਗਿਆ। ਜਦ ਉਸ ਨੇ ਮਹਿਸੂਸ ਕਤਿਾ ਕਿ ਉਹ ਘੇਰੇ ਵਿਚ ਬਚ ਕੇ ਨਿਕਲ ਨਹੀਂ ਸਕੇਗਾ ਅਤੇ ਜੇ ਉਹ ਗ੍ਰਿਫ਼ਤਾਰ ਹੋ ਗਿਆ ਤਾਂ ਉਸ ਨੂੰ ਪੁਲਸ ਦੇ ਜ਼ੁਲਮ ਦਾ ਸ਼ਿਕਾਰ ਹੋਣ ਮਗਰੋਂ ਵੀ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ ਜਾਵੇਗਾ ਤਾਂ ਉਸ ਨੇ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿਤੀ। ਭਾਈ ਧਰਮ ਸਿੰਘ ਕਾਸ਼ਤੀਵਾਲ ਖਾੜਕੂ ਲਹਿਰ ਦਾ ਇਕ ਵੱਡਾ ਥੰਮ੍ਹ ਸੀ। ਪਿਛਲੇ ਕੁਝ ਕੁ ਦਿਨਾਂ ਵਿਚ ਹੀ ਜਥੇਦਾਰ ਤਲਵਿੰਦਰ ਸਿੰਘ ਮੋਢੀ ਬਬਰ ਖਲਾਸਾ, ਸੁਖਦੇਵ ਸਿੰਘ ਦਾਸੂਵਾਲ ਬਬਰ ਆਗੂ, ਰਘਬੀਰ ਸਿੰਘ ਸਾਹਲੋਂ ਉਰਫ਼ ਟੈਂਕ, ਬਖ਼ਸ਼ੀਸ਼ ਸਿੰਘ ਬਲ ਹੁਕਮੀ, ਜਗਰੂਪ ਸਿੰਘ ਰੂਪਾ, ਨਿਸ਼ਾਨ ਸਿੰਘ ਮਖੂ, ਭੂਪਿੰਦਰ ਸਿੰਘ ਭਿੰਦਾ, ਹਰਮਿੰਦਰ ਸਿੰਘ ਸੁਲਤਾਨਵਿੰਡ, ਨਵਰੂਪ ਸਿੰਘ ਢੋਟੀਆਂ ਦੇ ਸ਼ਹੀਦ ਹੋਣ ਅਤੇ ਹੁਣ ਭਾਈ ਧਰਮ ਸਿੰਘ ਦੀ ਸ਼ਹੀਦੀ ਨਾਲ ਖਾੜਕੂ ਲਹਿਰ ਦਾ ਲੱਕ ਟੁੱਟ ਗਿਆ।

1994: ਨਰਿੰਦਰ ਸਿੰਘ ਦਵਾਲੀ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

28 ਦਸੰਬਰ 1994 ਦੇ ਦਿਨ ਪੰਜਾਬ ਪੁਲਸ ਨੇ ਨਰਿੰਦਰ ਸਿੰਘ ਉਰਫ਼ ਸੁਖਦੇਵ ਸਿੰਘ (ਪੁੱਤਰ ਮਿਹਰ ਸਿੰਘ, ਵਾਸੀ ਦਵਾਲੀ, ਨੇੜੇ ਜੰਡਿਆਲੀ, ਜ਼ਿਲ੍ਹਾ ਜਲੰਧਰ) ਨੂੰ ਇਕ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

2006: ਸੋਨੀਆ ਗਾਂਧੀ ਨੂੰ ਅਕਾਲ ਤਖ਼ਤ ਤੇ ਚੜ੍ਹਨ ਦੀ ਇਜਾਜ਼ਤ ਨਾ ਦਿੱਤੀ ਗਈ

28 ਦਸੰਬਰ 2006 ਦੇ ਦਿਨ ਕਾਂਗਰਸ ਦੀ ਪਰੈਜ਼ੀਡੈਂਟ ਸੋਨੀਆ ਗਾਂਧੀ (ਵਿਧਵਾ ਰਾਜੀਵ ਗਾਂਧੀ) ਅੰਮ੍ਰਿਤਸਰ ਆਈ ਅਤੇ ਦਰਬਾਰ ਸਾਹਿਬ ਵੇਖਣ ਵੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਕਿਉਂ ਕਿ ਉਸ ਦਾ ਪਤੀ ਵੀ ਦਰਬਾਰ ਸਾਹਿਬ 'ਤੇ ਹਮਲੇ ਦਾ ਜ਼ਿੰਮੇਵਾਰ ਸੀ ਇਸ ਕਰ ਕੇ ਉਸ ਨੂੰ ਅਕਾਲ ਤਖ਼ਤ ਸਾਹਿਬ ਦੀ ਈਮਾਰਤ 'ਤੇ ਚੜ੍ਹਨ ਦੀ ਇਜਾਜ਼ਤ ਨਹੀਂ ਹੋਵੇਗੀ। ਇਸ ਕਰ ਕੇ ਉਹ ਅਕਾਲ ਤਖ਼ਤ 'ਤੇ ਚੜ੍ਹੇ ਬਿਨਾ ਹੀ ਵਾਪਿਸ ਮੁੜ ਗਈ।

29 ਦਸੰਬਰ

1612: ਮੁਗ਼ਲ ਬਾਦਸ਼ਾਹ ਜਹਾਂਗੀਰ ਦਾ ਅਹਦੀਆ ਅੰਮ੍ਰਿਤਸਰ ਪੁੱਜਾ

1608 ਵਿਚ ਗੁਰੂ ਹਰਗੋਬਿੰਦ ਸਾਹਿਬ ਨੇ ਫ਼ੌਜ ਕਾਇਮ ਕਰ ਲਈ। 1609 ਦੇ ਅਖ਼ੀਰ ਵਿਚ ਹੀ ਗੁਰੂ ਸਾਹਿਬ ਨੇ ਗੁਰੂ ਦਾ ਚੱਕ ਵਿਚ ਇਕ ਕਿਲ੍ਹਾ ਬਣਾਉਣਾ ਵੀ ਸ਼ੁਰੂ ਕੀਤਾ। ਇਹ ਕਿਲ੍ਹਾ ਲਾਹੌਰ ਵੱਲੋਂ ਆਉਣ ਵਾਲੇ ਰਾਹ 'ਤੇ ਮੌਜੂਦਾ ਗੁਰਦੁਆਰਾ ਕਿਲ੍ਹਾ ਲੋਹਗੜ੍ਹ ਵਾਲੀ ਥਾਂ 'ਤੇ ਸੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਗੁਰੂ ਦਾ ਚੱਕ ਨਗਰ ਦੀ ਫ਼ਸੀਲ (ਚਾਰ ਦੀਵਾਰੀ) ਵੀ ਬਣਾ ਲਈ। 1612 ਤਕ ਕਿਲ੍ਹਾ ਅਤੇ ਚਾਰਦੀਵਾਰੀ ਦਾ ਕੰਮ ਮੁਕੰਮਲ ਹੋ ਚੁਕਾ ਸੀ। ਉਧਰ ਜਹਾਂਗੀਰ ਨੇ ਜੁਲਾਈ 1611 ਵਿਚ ਲਾਹੌਰ ਸ਼ਹਿਰ ਦੇ ਫ਼ੌਜਦਾਰ ਮੁਰਤਜ਼ਾ ਖ਼ਾਨ ਨੂੰ ਲਾਹੌਰ ਸੂਬੇ ਦਾ ਗਵਰਨਰ ਲਾ ਦਿਤਾ (ਮੁਰਤਜ਼ਾ ਖ਼ਾਨ ਪਹਿਲਾਂ ਵੀ ਜਨਵਰੀ 1608 ਤਕ ਇਸ ਅਹੁਦੇ 'ਤੇ ਰਿਹਾ ਸੀ ਪਰ ਜਨਵਰੀ 1608 ਤੋਂ ਜੁਲਾਈ 1611 ਤਕ ਕੁਤਲੀਜ ਖ਼ਾਨ ਨੂੰ ਲਾਹੌਰ ਦੀ ਸੂਬੇਦਾਰ ਸੌਂਪੀ ਗਈ ਸੀ)। ਮੁਰਤਜ਼ਾ ਖ਼ਾਨ ਇਕ ਕੱਟੜ ਮੁਸਲਮਾਨ ਸੀ। ਇਸ ਦੇ ਨਾਲ ਹੀ ਫ਼ਿਰਕੂ ਮੁਸਲਮਾਨਾਂ, ਬ੍ਰਾਹਮਣਾਂ ਤੇ ਹੋਰ ਸਿੱਖ ਦੁਸ਼ਮਣਾਂ ਨੇ ਉਸ ਦੇ ਕੰਨ ਭਰਨੇ ਸ਼ੁਰੂ ਕਰ ਦਿਤੇ। ਇਸ 'ਤੇ ਉਸ ਨੇ ਸੂਹੀਏ ਭੇਜ ਕੇ ਗੁਰੂ ਦਾ ਚੱਕ ਦੀਆਂ ਸਰਗਰਮੀਆਂ ਦੀ ਪੂਰੀ ਰਿਪੋਰਟ ਲਈ। ਮੁਰਤਜ਼ਾ ਖ਼ਾਨ ਨੇ ਆਪ ਐਕਸ਼ਨ ਲੈਣ ਦੀ ਬਜਾਇ ਇਸ ਸਬੰਧੀ ਜਹਾਂਗੀਰ ਨੂੰ ਖ਼ਬਰ ਕਰ ਦਿਤੀ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਦਿੱਲੀ ਆਉਣ ਵਾਸਤੇ ਸੰਮਨ ਜਾਰੀ ਕਰ ਦਿਤੇ।ਜਹਾਂਗੀਰ ਦਾ ਅਹਿਦੀਆ 29 ਦਸੰਬਰ 1612 ਦੇ ਦਿਨ ਅੰਮ੍ਰਿਤਸਰ ਪੁੱਜਾ।

1705: ਮੁਕਤਸਰ ਵਿਚ ਚਾਲ੍ਹੀ ਮੁਕਤਿਆਂ ਦੀਆਂ ਸ਼ਹੀਦੀਆਂ ਹੋਈਆਂ

7 ਦਸੰਬਰ 1705 ਦੀ ਰਾਤ ਨੂੰ ਚਮਕੌਰ ਤੋਂ ਨਿਕਲ ਕੇ ਗੁਰੂ ਸਾਹਿਬ ਮਾਛੀਵਾੜਾ ਪੁੱਜੇ ਤੇ ਫਿਰ ਮਾਛੀਵਾੜਾ ਤੋਂ ਆਲਮਗੀਰ ਹੁੰਦੇ ਹੋਏ ਦੀਨਾ ਪੁੱਜੇ ਜਿਥੇ ਆਪ ਨੇ 'ਔਰੰਗਜ਼ੇਬ ਨੂੰ ਖ਼ਤ ਲਿਖਿਆ। ਚਮਕੌਰ ਤੋਂ ਨਿਕਲ ਕੇ ਗੁਰੂ ਸਾਹਿਬ ਮਾਛੀਵਾੜਾ ਪੁੱਜੇ। ਫਿਰ ਮਾਛੀਵਾੜਾ ਤੋਂ ਕਿੜੀ ਪਠਾਣਾਂ, ਘੁੰਘਰਾਲੀ, ਮਾਨੂੰਪੁਰ ਹੁੰਦੇ ਹੋਏ ਅਜਨੇਰ ਪੁੱਜ ਕੇ ਹਾਜੀ ਚਰਾਗ਼ ਸ਼ਾਹ ਦੇ ਡੇਰੇ 'ਤੇ ਰਹੇ। ਅਗਲੇ ਦਿਨ ਆਪ ਨੇ ਮਲਕਪੁਰ, ਲੱਲਾਂ, ਕਟਾਣਾ, ਰਾਮਪੁਰ ਤੋਂ ਹੁੰਦੇ ਹੋਏ ਰਾਤ ਦੋਰਾਹੇ ਕੱਟੀ। ਦੋਰਾਹਾ ਤੋਂ ਕਨੇਚ ਤੇ ਆਲਮਗੀਰ ਹੁੰਦੇ ਹੋਏ ਹੇਹਰ ਪੁੱਜੇ। ਹੇਹਰ ਤੋਂ ਆਪ ਲੰਮੇ ਜਟਪੁਰੇ ਪੁੱਜੇ ਤੇ ਇਥੇ ਭਾਈ ਰਾਏ ਕਲ੍ਹਾ ਨਾਲ ਮੇਲ ਹੋਇਆ। ਇਸ ਤੋਂ ਬਾਅਦ ਆਪ ਤਖ਼ਤੂਪੁਰਾ, ਮਧੇਅ ਅਤੇ ਭਦੌੜ ਹੁੰਦੇ ਹੋਏ 20 ਦਸੰਬਰ ਨੂੰ ਦੀਨਾ ਪੁੱਜੇ ਜਿਥੇ ਅਗਲੇ ਦਿਨ ਆਪ ਨੇ ਔਰੰਗਜ਼ੇਬ ਨੂੰ ਖ਼ਤ ਲਿਖਿਆ, ਜਿਸ ਨੂੰ ਪਹੁੰਚਾਉਣ ਵਾਸਤੇ ਆਪ ਨੇ ਦਇਆ ਸਿੰਘ ਤੇ ਧਰਮ ਸਿੰਘ ਨੂੰ ਔਰੰਗਾਬਾਦ ਭੇਜ ਦਿੱਤਾ। ਦੀਨਾ-

ਕਾਂਗੜ ਤੋਂ ਚਲ ਕੇ ਆਪ ਰੁਖਾਲਾ, ਭਗਤਾ, ਵਾਂਦਰ, ਬਰਗਾੜੀ, ਬਹਿਬਲ, ਸਰਾਵਾਂ ਤੋਂ ਹੁੰਦੇ ਹੋਏ ਢਿਲਵਾਂ ਕਲਾਂ ਪੁੱਜ ਗਏ।

ਇਸ ਵੇਲੇ ਤੱਕ ਆਪ ਨਾਲ ਕਾਫ਼ੀ ਸਿੱਖ ਹੋ ਚੁੱਕੇ ਸਨ। ਇਨ੍ਹਾਂ ਵਿਚੋਂ ਤਿੰਨ ਗੁਰੂ ਸਾਹਿਬ ਦੇ ਨਾਲ ਚਮਕੌਰ ਤੋਂ ਆਏ ਸਨ ਅਤੇ ਕੁਝ ਦੀਨਾ ਵਗ਼ੈਰਾ ਤੋਂ ਰਲੇ ਸਨ। ਢਿਲਵਾਂ ਵਿਚ ਰਾਤ ਰਹਿਣ ਮਗਰੋਂ ਆਪ ਸੁਨੀਆਰ ਪਿੰਡ ਤੇ ਫਿਰ ਕੋਟਕਪੂਰਾ ਗਏ। ਇੱਥੇ ਕਪੂਰਾ ਸਿੰਘ ਨੇ ਆਪ ਨੂੰ ਆਪਣੀ ਭੈਣ ਕੋਲ ਤਲਵੰਡੀ ਸਾਬੋ ਜਾਣ ਵਾਸਤੇ ਸਲਾਹ ਦਿੱਤੀ। ਤਲਵੰਡੀ ਸਾਬੋ ਜਾਂਦਿਆਂ, 29 ਦਸੰਬਰ 1705 ਦੇ ਦਿਨ ਆਪ ਪਿੰਡ ਰੂਪੇਆਣਾ (ਰੁਪਾਣਾ) ਦੀ ਰੋਹੀ ਕੋਲ ਜਾ ਰਹੇ ਸਨ ਤਾਂ ਮਾਝੇ ਤੋਂ ਆ ਰਿਹਾ ਸਿੱਖਾਂ ਦਾ ਇਕ ਜੱਥਾ ਆਪ ਨੂੰ ਮਿਲ ਗਿਆ। (ਇਸ ਥਾਂ 'ਤੇ ਅੱਜ ਕਲ ਪਿੰਡ ਮਲ੍ਹਣ ਸੋਢੀਆਂ ਵਸ ਚੁੱਕਾ ਹੈ) ਇਹ ਸਿੱਖ ਪੱਟੀ (ਉਦੋਂ ਜ਼ਿਲ੍ਹਾ ਲਾਹੌਰ, ਹੁਣ ਜ਼ਿਲ੍ਹਾ ਅੰਮ੍ਰਿਤਸਰ) ਅਤੇ ਝਬਾਲ ਦੇ ਇਲਾਕੇ 'ਚੋਂ ਆਏ ਸਨ।

ਉਨ੍ਹੀਂ ਦਿਨੀਂ ਪੱਟੀ ਵਿਚ ਭਾਈ ਦੇਸ ਰਾਜ ਵੜੈਚ ਦੀ ਮੌਤ ਦੇ ਸਬੰਧ ਵਿਚ ਪਾਏ ਗਏ ਭੋਗ ਦੇ ਮੌਕੇ 'ਤੇ ਉਸ ਇਲਾਕੇ ਦੇ ਬਹੁਤ ਸਾਰੇ ਸਿੱਖ ਪੁੱਜੇ ਸਨ। ਇਸ ਸਮੇਂ ਕਿਸੇ ਨੇ ਉੱਥੇ ਹਾਜ਼ਰ ਸੰਗਤਾਂ ਨੂੰ ਗੁਰੂ ਸਾਹਿਬ ਦੇ ਅਨੰਦਪੁਰ ਛੱਡਣ, ਮਾਤਾ ਜੀ, ਚੌਹਾਂ ਸਾਹਿਬਜ਼ਾਦਿਆਂ ਅਤੇ ਸੈਂਕੜੇ ਸਿੱਖਾਂ ਦੀਆਂ ਸ਼ਹੀਦੀਆਂ ਬਾਰੇ ਦੱਸਿਆ। ਇਸ ਵਾਰਤਾ ਨੂੰ ਸੁਣ ਕੇ ਇਲਾਕੇ ਦੇ ਲੋਕਾਂ ਨੇ ਅਫ਼ਸੋਸ ਜ਼ਾਹਿਰ ਕੀਤਾ ਕਿ ਸਾਨੂੰ ਅਨੰਦਪੁਰ ਸਾਹਿਬ ਦੇ ਹਾਲਾਤ ਪਤਾ ਨਹੀਂ ਸਨ, ਵਰਨਾ ਅਸੀਂ ਉੱਥੇ ਜਾ ਕੇ ਗੁਰੂ ਜੀ ਦਾ ਸਾਥ ਦੇਂਦੇ। ਇਸ ਸਮੇਂ ਇਹ ਜ਼ਿਕਰ ਵੀ ਹੋਇਆ ਕਿ ਪਹਿਲਾਂ ਵੀ ਮਾਝੇ ਦੇ ਲੋਕਾਂ ਨੇ ਗੁਰੂ ਸਾਹਿਬ ਨੂੰ ਪਿੱਠ ਦਿਖਾ ਕੇ ਇਲਾਕੇ ਦੀ ਹੇਠੀ ਕਰਵਾਈ ਸੀ ਜਦੋਂ ਅਨੰਦਪੁਰ 'ਤੇ ਬਿਲਾਸਪੁਰੀ ਫ਼ੌਜ ਦੇ ਹਮਲੇ ਸਮੇਂ, 31 ਅਗਸਤ 1700 ਦੀ ਰਾਤ ਨੂੰ ਦੁਨੀ ਚੰਦ ਮਸੰਦ ਆਪਣੇ ਨਾਲ ਚਾਰ ਪੰਜ ਸਾਥੀ ਲੈ ਕੇ ਅਨੰਦਪੁਰ ਸਾਹਿਬ ਤੋਂ ਭੱਜ ਆਇਆ ਸੀ ਤੇ ਮਗਰੋਂ ਉਸ ਦੇ ਪੋਤਿਆਂ ਭਾਈ ਅਨੂਪ ਸਿੰਘ ਅਤੇ ਸਰੂਪ ਸਿੰਘ ਨੇ, ਉਸ ਦੀ ਬੁਜ਼ਦਿਲੀ ਦਾ ਧੋਣਾ ਧੋਣ ਵਾਸਤੇ ਨਿਰਮੋਹਗੜ੍ਹ ਦੀ ਲੜਾਈ ਵਿਚ 8 ਅਕਤੂਬਰ 1700 ਦੇ ਦਿਨ ਸ਼ਹੀਦੀਆਂ ਪਾਈਆਂ ਸਨ। ਇਲਾਕੇ ਦੇ ਲੋਕਾਂ ਨੇ ਵਿਚਾਰ ਕੀਤਾ ਕਿ ਗੁਰੂ ਸਾਹਿਬ ਉਸ ਵੇਲੇ (17-18 ਦਸੰਬਰ ਨੂੰ) ਮਾਲਵੇ ਵਿਚ, ਦੀਨਾ-ਕਾਂਗੜ ਦੇ ਨੇੜੇ-ਤੇੜੇ ਦੇ ਇਲਾਕੇ ਵਿਚ ਸਨ, ਸਾਨੂੰ ਜਾ ਕੇ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਉਹ ਅਨੰਦਪੁਰ ਸਾਹਿਬ ਤੋਂ ਮਾਲਵੇ ਵਲ ਗਏ ਹਨ ਤੇ ਮਾਝੇ ਵਲ ਨਹੀਂ ਆਏ। ਸਾਨੂੰ ਜਾ ਕੇ ਉਨ੍ਹਾਂ ਨੂੰ ਮਾਝੇ ਵਿਚ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਇਹ ਵੀ ਵਿਚਾਰ ਕੀਤੀ ਕਿ ਝਬਾਲ ਦੇ ਚੌਧਰੀ ਭਾਗ ਸਿੰਘ ਢਿੱਲੋਂ (ਭਾਗ ਕੌਰ ਦੇ ਵੱਡੇ ਭਰਾ), ਜੋ ਉੱਥੇ ਮਾਤਮ-ਪੁਰਸੀ ਕਰਨ ਆਏ ਹੋਏ ਸਨ, ਦੇ ਲਾਹੌਰ ਦੇ ਸੂਬੇਦਾਰ ਨਾਲ ਵਧੀਆ ਸਬੰਧ ਹਨ ਉਨ੍ਹਾਂ ਰਾਹੀਂ ਗੁਰੂ ਸਾਹਿਬ ਦਾ ਦਿਲੀ ਦਰਬਾਰ ਨਾਲ ਸਮਝੌਤਾ ਕਰਵਾਇਆ ਜਾ ਸਕਦਾ ਹੈ।

ਅਖ਼ੀਰ ਆਪਸ ਵਿਚ ਵਿਚਾਰ ਕਰ ਕੇ ਭਾਈ ਭਾਗ ਸਿੰਘ ਝਬਾਲ, ਭਾਈ ਸੁਲਤਾਨ ਸਿੰਘ ਵੜੈਚ, ਭਾਈ ਨਿਧਾਨ ਸਿੰਘ ਵੜੈਚ (ਪਤੀ ਮਾਈ ਭਾਗ ਕੌਰ), 37 ਹੋਰ ਸਿੰਘ ਅਤੇ ਮਾਈ ਭਾਗ ਕੌਰ ਗੁਰੂ ਸਾਹਿਬ ਨੂੰ ਮਿਲਣ ਵਾਸਤੇ ਮਾਲਵੇ ਵਲ ਚਲ

ਪਏ। ਇਹ ਸਾਰੇ ਸਿੰਘ ਗੁਰੂ ਸਾਹਿਬ ਦੀ ਭਾਲ ਵਿਚ, ਪੱਟੀ ਤੋਂ ਚਲ ਕੇ, ਮਖੂ ਤੇ ਜ਼ੀਰਾ ਤੋਂ ਹੁੰਦੇ ਹੋਏ, ਦੀਨਾ-ਕਾਂਗੜ ਜਾਣ ਵਾਸਤੇ ਮੋਗਾ ਵਲ ਚਲੇ ਗਏ। ਮੋਗਾ ਦੇ ਨੇੜੇ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਦੀਨਾ-ਕਾਂਗੜ ਤੋਂ ਤਲਵੰਡੀ ਸਾਬੋ ਵੱਲ ਚਲ ਚੁੱਕੇ ਹਨ ਤੇ ਉਸ ਵੇਲੇ ਰਾਮੇਆਣਾ ਤੋਂ ਰੂਪੇਆਣਾ ਦੇ ਰਸਤੇ ਵਿਚ ਸਨ। ਇਸ ਮਗਰੋਂ ਇਨ੍ਹਾਂ ਚਾਲੀ ਸਿੰਘਾਂ ਤੇ ਮਾਈ ਭਾਗ ਕੌਰ ਨੇ ਰੂਪੇਆਣਾ ਵਲ ਮੂੰਹ ਕਰ ਲਿਆ। ਰੂਪੇਆਣਾ ਪਿੰਡ ਦੀ ਰੋਹੀ ਵਿਚ (ਜਿੱਥੇ ਹੁਣ ਪਿੰਡ ਮਲ੍ਹਣ ਸੋਢੀਆਂ ਹੈ) ਗੁਰੂ ਸਾਹਿਬ ਤੇ ਇਸ ਜਥੇ ਦਾ ਮੇਲ ਹੋ ਗਿਆ। ਗੁਰੂ ਸਾਹਿਬ ਉਨ੍ਹਾਂ ਨੂੰ ਆਉਂਦਿਆਂ ਵੇਖ ਕੇ ਉੱਥੇ ਹੀ ਰੁਕ ਗਏ ਅਤੇ ਚਾਦਰਾਂ ਵਿਛਾ ਕੇ ਬੈਠ ਗਏ। ਭਾਗ ਸਿੰਘ ਨੇ ਗੁਰੂ ਜੀ ਨਾਲ ਮਾਤਾ ਜੀ, ਚੌਹਾਂ ਸਾਹਿਬਜ਼ਾਦਿਆਂ ਅਤੇ ਸਾਰੇ ਸਿੰਘਾਂ ਦੀਆਂ ਸ਼ਹੀਦੀਆਂ ਬਾਰੇ ਰਸਮੀ 'ਮਾਤਮ-ਪੁਰਸੀ' ਕੀਤੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਮਝਾਇਆ ਕਿ ਇਹ ਸਭ ਵਾਹਿਗੁਰੂ ਦੀ ਲੀਲ੍ਹਾ ਹੈ। ਮਰਨਾ ਜਾਂ ਸ਼ਹੀਦ ਹੋਣਾ ਦੁਖ ਜਾਂ ਅਫ਼ਸੋਸ ਵਾਲੀ ਗੱਲ ਨਹੀਂ ਹੁੰਦੀ। ਸਾਨੂੰ ਹਰ ਹਾਲਤ ਵਿਚ ਵਾਹਿਗੁਰੂ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ।

ਕੁਝ ਚਿਰ ਮਗਰੋਂ ਚੌਧਰੀ ਭਾਗ ਸਿੰਘ ਨੇ ਗੁਰੂ ਸਾਹਿਬ ਨੂੰ ਆਖਿਆ ਕਿ ਮੇਰੀ ਲਾਹੌਰ ਦੇ ਸੂਬੇਦਾਰ ਨਾਲ ਕਾਫ਼ੀ ਨੇੜਤਾ ਹੈ ਅਤੇ ਮੈਂ ਸੂਬੇਦਾਰ ਜਾਂ ਕਿਸੇ ਹੋਰ ਰਸੂਖ ਵਾਲੇ ਦਰਬਾਰੀ ਰਾਹੀਂ ਦਿੱਲੀ ਸਰਕਾਰ ਨਾਲ ਤੁਹਾਡਾ ਸਮਝੌਤਾ ਕਰਵਾ ਦੇਂਦਾ ਹਾਂ। ਉਸ ਦੀ ਗੱਲ ਸੁਣ ਕੇ ਗੁਰੂ ਸਾਹਿਬ ਨੇ ਜਵਾਬ ਦਿੱਤਾ: "ਤੁਸੀਂ ਹੁਣ ਸਰਕਾਰ ਨਾਲ ਸਮਝੌਤੇ ਦੀ ਗੱਲ ਕਰਦੇ ਹੋ! ਤੁਸੀਂ ਜਾਂ ਤੁਹਾਡੇ ਵਡੇਰੇ ਉਦੋਂ ਕਿੱਥੇ ਸਨ ਜਦੋਂ ਪੰਜਵੇਂ ਪਾਤਸ਼ਾਹ ਸ਼ਹੀਦ ਕੀਤੇ ਗਏ ਸਨ, ਜਦੋਂ ਛੇਵੇਂ ਪਾਤਸ਼ਾਹ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਰਖਿਆ ਸੀ, ਜਦੋਂ ਨੌਵੇਂ ਗੁਰੂ ਨੂੰ ਦਿੱਲੀ ਵਿਚ ਲਿਜਾ ਕੇ ਸ਼ਹੀਦ ਕੀਤਾ ਸੀ। ਉਸ ਵੇਲੇ ਤਾਂ ਕਿਸੇ ਸਿੱਖ ਨੇ ਨਾਂ ਨਹੀਂ ਸੀ ਲਿਆ। ਫਿਰ ਅਨੰਦਪੁਰ ਸਾਹਿਬ ਵਿਚ ਕਈ ਮਹੀਨੇ ਘੇਰਾ ਪਿਆ ਰਿਹਾ ਤਾਂ ਵੀ ਤੁਸੀਂ ਨਹੀਂ ਆਏ। ਤੁਸੀਂ ਹੁਣ ਕੀ ਲੈਣ ਆਏ ਹੋ? ਤੁਹਾਨੂੰ ਅਜਿਹੀਆਂ ਗੱਲਾਂ ਕਰਨ ਲਗਿਆਂ ਸੰਗ ਨਹੀਂ ਆਉਂਦੀ?"

ਗੁਰੂ ਸਾਹਿਬ ਦਾ ਜਵਾਬ ਸੁਣ ਕੇ ਭਾਗ ਸਿੰਘ ਆਖਣ ਲੱਗਾ: ਜੇ ਤੁਸੀਂ ਇੰਵ ਹੀ ਰਹਿਣਾ ਹੈ ਤਾਂ ਤੁਹਾਡੀ-ਸਾਡੀ ਨਿਭ ਨਹੀਂ ਸਕਦੀ। ਸਾਥੋਂ ਇਹੋ ਜਿਹੀ ਸਿੱਖੀ ਨਹੀਂ ਨਿਭਣੀ। ਫਿਰ ਅਸੀਂ ਵਾਪਿਸ ਚਲੇ ਜਾਂਦੇ ਹਾਂ। ਗੁਰੂ ਜੀ ਭਾਗ ਸਿੰਘ ਦੇ ਬੋਲ ਸੁਣ ਕੇ ਆਖਿਆ: ਅਸੀਂ ਤੁਹਾਨੂੰ ਮਦਦ ਵਾਸਤੇ ਤਾਂ ਨਹੀਂ ਬੁਲਾਇਆ। ਤੁਸੀਂ ਆਪੇ ਹੀ ਆਏ ਹੋ। ਪਰ, ਜੇ ਤੁਹਾਡੇ ਤੋਂ ਸਿੱਖੀ ਨਹੀਂ ਨਿਭ ਸਕਦੀ ਤਾਂ ਠੀਕ ਹੈ! ਲਓ, ਕਾਗ਼ਜ਼ ਤੇ ਲਿਖ ਦਿਓ ਕਿ ਸਾਡਾ ਇਲਾਕਾ ਅੱਜ ਤੋਂ ਗੁਰੂ ਦਾ ਸਿੱਖ ਨਹੀਂ ਰਿਹਾ। ਗੁਰੂ ਸਾਹਿਬ ਦੇ ਬੋਲ ਸੁਣ ਕੇ ਭਾਈ ਮਾਨ ਸਿੰਘ ਨਿਸ਼ਾਨਚੀ ਨੇ ਕਾਗ਼ਜ਼, ਕਲਮ ਤੇ ਦਵਾਤ ਕੱਢ ਕੇ ਭਾਗ ਸਿੰਘ ਦੇ ਅੱਗੇ ਰੱਖ ਦਿੱਤੀ। ਇਹ ਦੇਖ ਕੇ, ਜੋਸ਼ ਤੇ ਉਬਾਲ ਵਿਚ ਆਏ, ਚੌਧਰੀ ਭਾਗ ਸਿੰਘ ਨੇ ਕਾਗ਼ਜ਼ 'ਤੇ ਬੇਦਾਵਾ ਲਿਖ ਦਿੱਤਾ ਤੇ ਹੇਠਾਂ ਆਪਣੇ ਦਸਤਖ਼ਤ ਕਰ ਦਿੱਤੇ। ਇਸ ਮਗਰੋਂ ਦਿਲਬਾਗ ਸਿੰਘ, ਘਰਬਾਰਾ ਸਿੰਘ, ਗੰਡਾ ਸਿੰਘ ਨੇ ਵੀ ਦਸਤਖ਼ਤ ਕਰ ਦਿੱਤੇ ਪਰ ਬਾਕੀ ਸਿੰਘਾਂ ਨੇ ਦਸਤਖ਼ਤ ਨਹੀਂ ਕੀਤੇ।

ਅਜੇ ਇਹ ਗੱਲਾਂ ਚਲ ਹੀ ਰਹੀਆਂ ਸਨ ਕਿ ਇਕ ਸੂਹੀਏ ਸਿੱਖ ਨੇ ਖ਼ਬਰ ਲਿਆ ਦਿੱਤੀ ਕਿ ਸਰਹਿੰਦ ਦੀ ਫ਼ੌਜ ਇਸ ਇਲਾਕੇ ਦੇ ਨੇੜੇ ਹੀ ਆ ਪੁੱਜੀ ਹੈ। ਇਸ

'ਤੇ ਗੁਰੂ ਸਾਹਿਬ ਨੇ ਸਿੰਘਾਂ ਨੂੰ ਘੋੜਿਆਂ 'ਤੇ ਸਵਾਰ ਹੋ ਕੇ ਅੱਗੇ ਕੂਚ ਕਰਨ ਦਾ ਹੁਕਮ ਦਿੱਤਾ। ਗੁਰੂ ਸਾਹਿਬ ਨੇ ਝਬਾਲੀਆਂ ਦਾ ਬੇਦਾਵਾ ਜੇਬ੍ਹ ਵਿਚ ਪਾਇਆ ਅਤੇ ਸਾਥੀ ਸਿੰਘਾਂ ਨੂੰ ਨਾਲ ਲੈ ਕੇ ਉਥੋਂ ਚਲੇ ਗਏ।

ਗੁਰੂ ਸਾਹਿਬ ਦੇ ਜਾਣ ਮਗਰੋਂ ਮਾਈ ਭਾਗ ਕੌਰ, ਜੋ ਭਾਗ ਸਿੰਘ ਤੇ ਦਿਲਬਾਗ ਸਿੰਘ ਦੀ ਵੱਡੀ ਭੈਣ ਸੀ ਅਤੇ ਨਿਧਾਨ ਸਿੰਘ ਵਤੈਚ ਦੀ ਘਰ ਵਾਲੀ ਸੀ, ਨੇ ਇਨ੍ਹਾਂ ਚਾਲੀ ਸਿੰਘਾਂ ਵੱਲ ਮੂੰਹ ਕਰ ਕੇ ਆਖਿਆ: "ਅਜੇ ਤਾਂ ਦੁਨੀ ਚੰਦ ਧਾਲੀਵਾਲ ਅਤੇ ਉਸ ਦੇ ਸਾਥੀ ਚਾਰ-ਪੰਜ ਮਤੈਲ ਸਿੰਘਾਂ ਵੱਲੋਂ ਅਨੰਦਗੜ੍ਹ ਕਿਲ੍ਹੇ 'ਚੋਂ ਰੱਸਾ ਬੰਨ੍ਹ ਕੇ ਭੱਜਣ ਦਾ ਕਲੰਕ ਸਾਡੇ ਮੱਥੇ ਤੋਂ ਨਹੀਂ ਲੱਥਾ। ਅੱਜ ਅਸੀਂ ਗੁੱਸੇ ਵਿਚ ਆ ਕੇ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਦਿੱਤਾ ਹੈ। ਹੁਣ ਅਸੀਂ ਕਿਹੜਾ ਮੂੰਹ ਲੈ ਕੇ ਵਾਪਿਸ ਵਤਨਾਂ ਨੂੰ ਜਾਵਾਂਗੇ। ਤੁਹਾਨੂੰ ਘਰ ਗਿਆਂ ਨੂੰ ਘਰ-ਵਾਲੀਆਂ ਕੀ ਆਖਣਗੀਆਂ ਕਿ ਸਤਿਗੁਰਾਂ ਦੇ ਕਿਹੋ ਜਿਹੇ ਦਰਸ਼ਨ ਕਰ ਕੇ ਆਏ ਹੋ? ਲੋਕ ਲਾਅਨਤਾਂ ਪਾਉਣਗੇ। ਕਿਹੜਾ ਮੂੰਹ ਲੈ ਕੇ ਬਾਹਰ ਫਿਰੋਗੇ? ਉੱਠੋ ਸ਼ੇਰੋ! ਹੰਭਲਾ ਮਾਰੋ! ਗੁਰੂ ਜੀ ਬਖ਼ਸ਼ਿੰਦ ਹਨ। ਉਹ ਜ਼ਰੂਰ ਮੁਆਫ਼ ਕਰ ਦੇਣਗੇ। ਚਲੋ ਚਲੀਏ।" ਇਹ ਆਖ ਕੇ ਮਾਈ ਭਾਗ ਕੌਰ ਨੇ ਪੱਲੂ ਫੇਰਿਆ। ਮਾਈ ਦੇ ਬੋਲਾਂ ਨੇ ਉਸ ਦੇ ਛੋਟੇ ਭਰਾ ਚੌਧਰੀ ਭਾਗ ਸਿੰਘ ਨੂੰ ਵੀ ਟੁੰਬ ਹੀ ਲਿਆ ਅਤੇ ਉਸ ਨੇ ਵੀ ਬਾਕੀਆਂ ਨੂੰ ਗੁਰੂ ਜੀ ਦੇ ਪਿੱਛੇ ਜਾਣ ਵਾਸਤੇ ਆਖਿਆ। ਸਾਰੇ ਸਿੱਖ ਜੈਕਾਰਾ ਛੱਡ ਕੇ ਉਸੇ ਪਾਸੇ ਵਲ ਚਲ ਪਏ ਜਿਧਰ ਗੁਰੂ ਜੀ ਗਏ ਸਨ।

ਮਾਈ ਭਾਗ ਕੌਰ ਅਤੇ ਚਾਲ੍ਹੀ ਸਿੰਘ ਚਲਦੇ-ਚਲਦੇ ਖਿਦਰਾਣੇ ਦੀ ਢਾਬ ਦੇ ਕੰਢੇ 'ਤੇ ਪਾਣੀ ਪੀਣ ਵਾਸਤੇ ਰੁਕੇ। ਇਸ ਵੇਲੇ ਗੁਰੂ ਸਾਹਿਬ ਢਾਬ ਲੰਘ ਕੇ ਨੇੜੇ ਦੀ ਇਕ ਟਿੱਬੀ ਕੋਲ ਪੁੱਜ ਚੁਕੇ ਸਨ। (ਇਹ ਉਹੀ ਥਾਂ ਹੈ ਜਿੱਥੇ ਗੁਰਦੁਆਰਾ ਟਿੱਬੀ ਸਾਹਿਬ ਬਣਿਆ ਹੋਇਆ ਹੈ)। ਢਾਬ ਵਾਲੀ ਥਾਂ 'ਤੇ ਗੁਰਦੁਆਰਾ ਦਰਬਾਰ ਸਾਹਿਬ, ਤੰਬੂ ਸਾਹਿਬ ਅਤੇ ਅੰਗੀਠਾ ਸਾਹਿਬ ਬਣੇ ਹੋਏ ਹਨ)।

ਕੁਝ ਹੀ ਚਿਰ ਮਗਰੋਂ ਸਰਹੰਦ ਦੀ ਫ਼ੌਜ ਵੀ ਉੱਥੇ ਆ ਪੁੱਜੀ। ਇਹ ਵੀ ਚਰਚਾ ਹੈ ਕਿ ਸਰਹੰਦ ਦਾ ਸੂਬੇਦਾਰ ਵਜ਼ੀਰ ਖਾਨ ਖ਼ੁਦ ਆਪ ਫ਼ੌਜ ਦੀ ਅਗਵਾਈ ਕਰ ਰਿਹਾ ਸੀ। ਚਾਲ੍ਹੀ ਸਿੱਖਾਂ ਨੂੰ ਵੇਖ ਕੇ ਮੁਗ਼ਲ ਫ਼ੌਜ ਨੇ ਸਮਝਿਆ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਵੀ ਇਨ੍ਹਾਂ ਵਿਚ ਸ਼ਾਮਿਲ ਹਨ, ਇਸ ਕਰ ਕੇ ਉਨ੍ਹਾਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਵੇਖਦਿਆਂ-ਵੇਖਦਿਆਂ ਹੀ ਦੋਹਾਂ ਪਾਸਿਆਂ ਤੋਂ ਗੋਲੀਆਂ ਅਤੇ ਤੀਰਾਂ ਦਾ ਮੀਂਹ ਪੈਣਾ ਸ਼ੁਰੂ ਹੋ ਗਿਆ। ਪੌਣੇ ਘੰਟੇ (2 ਘੜੀਆਂ) ਮਗਰੋਂ ਜਦੋਂ ਸਿੱਖਾਂ ਕੋਲ ਤੀਰ ਤੇ ਗੋਲੀਆਂ ਮੁਕ ਗਈਆਂ ਤਾਂ ਉਨ੍ਹਾਂ ਨੇ ਕਿਰਪਾਨਾਂ ਧੂਹ ਲਈਆਂ ਅਤੇ ਦੁਸ਼ਮਣ ਦੀ ਫ਼ੌਜ 'ਤੇ ਟੁੱਟ ਪਏ। ਦੋਹੀਂ ਤਰਫ਼ੀਂ ਲੋਹੇ ਨਾਲ ਲੋਹਾ ਖੜਕਿਆ। ਚਾਲ੍ਹੀ ਸਿੱਖਾਂ ਅਤੇ ਮਾਈ ਭਾਗੋ ਨੇ ਸਰਹੰਦੀ ਫ਼ੌਜ ਦੀ ਅਜਿਹੀ ਵੱਢ-ਟੁੱਕ ਕੀਤੀ ਕਿ ਉਨ੍ਹਾਂ ਨੂੰ ਅਲ੍ਹਾ ਚੇਤੇ ਕਰਵਾ ਦਿੱਤਾ। ਇਹ ਲੜਾਈ ਕਾਫ਼ੀ ਦੇਰ ਤੱਕ ਚਲਦੀ ਰਹੀ। ਦੋਹਾਂ ਧਿਰਾਂ ਨੇ ਕੋਈ ਕਸਰ ਨਾ ਛੱਡੀ। ਅਖ਼ੀਰ ਸੈਂਕੜੇ ਮੁਗਲ ਸਿਪਾਹੀਆਂ ਨੂੰ ਮਾਰਨ ਮਗਰੋਂ ਸੈਂਤੀ ਸਿੰਘ ਸ਼ਹੀਦ ਹੋ ਗਏ ਅਤੇ ਬਾਕੀ ਦੇ ਤਿੰਨ ਸਿੰਘ ਤੇ ਮਾਈ ਭਾਗ ਕੌਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਇਹ ਚਾਰੇ ਵੀ ਜ਼ਖ਼ਮੀ ਹੋਣ ਮਗਰੋਂ ਬੇਸੁਰਤ ਜਿਹੇ ਹੋ ਕੇ ਡਿੱਗ ਚੁਕੇ ਸਨ।

ਜਦੋਂ ਵਜ਼ੀਰ ਖਾਨ ਨੇ ਵੇਖਿਆ ਕਿ ਸਾਰੇ ਸਿੱਖ ਖ਼ਤਮ ਹੋ ਚੁਕੇ ਹਨ ਤੇ ਕੋਈ

ਲੜਨ ਵਾਲਾ ਨਹੀਂ ਰਿਹਾ ਤਾਂ ਉਸ ਨੇ ਫ਼ੌਜ ਨੂੰ ਪਿੱਛੇ ਹਟਣ ਦਾ ਹੁਕਮ ਦੇ ਦਿੱਤਾ। ਉਸ ਨੂੰ ਇਹ ਵੀ ਦੱਸਿਆ ਜਾ ਚੁੱਕਾ ਸੀ ਕਿ ਉਸ ਨੂੰ ਇਸ ਤੋਂ ਅੱਗੇ ਕਿਤੇ ਪਾਣੀ ਨਹੀਂ ਮਿਲ ਸਕਣਾ ਅਤੇ ਫ਼ੌਜ ਪਿਆਸ ਨਾਲ ਮਰ ਜਾਵੇਗੀ। ਨਾਲ ਹੀ ਹੁਣ, ਉਸ ਦੇ ਖ਼ਿਆਲ ਵਿਚ, ਸਾਰੇ ਸਿੱਖ 'ਖ਼ਤਮ' ਹੋ ਚੁੱਕੇ ਸਨ ਇਸ ਕਰ ਕੇ ਉਸ ਨੇ ਫ਼ੌਜਾਂ ਪਿੱਛੇ ਮੋੜ ਲਈਆਂ। ਸ਼ਾਮ ਪੈਣ ਤੋਂ ਪਹਿਲਾਂ-ਪਹਿਲਾਂ ਸਰਹੰਦੀ ਫ਼ੌਜਾਂ ਉੱਥੋਂ ਕਾਫ਼ੀ ਦੂਰ ਨਿਕਲ ਚੁੱਕੀਆਂ ਸਨ।

ਥੋੜ੍ਹੀ ਦੇਰ ਮਗਰੋਂ ਗੁਰੂ ਸਾਹਿਬ ਟਿੱਬੀ ਤੋਂ ਚਲ ਕੇ ਖਿਦਰਾਣੇ ਦੀ ਢਾਬ (ਜਿਸ ਨੂੰ ਉਨ੍ਹਾਂ ਈਸ਼ਰਸਰ ਦਾ ਨਾਂ ਦਿੱਤਾ) ਦੇ ਕੰਢੇ 'ਤੇ ਆਏ। ਉਸ ਵੇਲੇ ਤਕ 37 ਸਿੰਘ ਸ਼ਹੀਦ ਹੋ ਚੁੱਕੇ ਸਨ ਅਤੇ ਸਿਰਫ਼ ਭਾਈ ਰਾਏ ਸਿੰਘ ਮੁਲਤਾਨੀ (ਭਰਾ ਭਾਈ ਮਨੀ ਸਿੰਘ), ਉਸ ਦਾ ਪੁੱਤਰ ਭਾਈ ਮਹਾਂ ਸਿੰਘ, ਭਾਈ ਸੁੰਦਰ ਸਿੰਘ ਬ੍ਰਾਹਮਣ (ਵਾਸੀ ਪਿੰਡ ਝੱਲੀਆਂ ਵਾਲਾ) ਅਤੇ ਮਾਈ ਭਾਗ ਕੌਰ ਸਿਸਕ ਰਹੇ ਸਨ। ਗੁਰੂ ਸਾਹਿਬ, ਭਾਈ ਮਾਨ ਸਿੰਘ ਨਿਸ਼ਾਨਚੀ ਨੂੰ ਸ਼ਹੀਦ ਹੋਏ 37 ਸਿੰਘਾਂ ਦੀਆਂ ਲਾਸ਼ਾਂ ਇਕੱਠੀਆਂ ਕਰਨ ਦੀ ਸੇਵਾ ਬਖ਼ਸ਼ੀ ਅਤੇ ਆਪ ਸਹਿਕ ਰਹੇ ਸਿੱਖਾਂ ਕੋਲ ਬੈਠ ਗਏ। ਗੁਰੂ ਸਾਹਿਬ ਨੇ ਇਨ੍ਹਾਂ ਤਿੰਨਾਂ ਅਤੇ ਮਾਈ ਭਾਗ ਕੌਰ ਦੇ ਮੂੰਹ ਵਿਚ ਪਾਣੀ ਪਾਇਆ ਪਰ ਇਨ੍ਹਾਂ ਦੇ ਜ਼ਖ਼ਮ ਬੜੇ ਡੂੰਘੇ ਸਨ। ਇਨ੍ਹਾਂ ਦੇ ਬਚਣ ਦੀ ਕੋਈ ਆਸ ਨਹੀਂ ਸੀ। ਮਾਈ ਭਾਗ ਕੌਰ ਨੂੰ ਖੱਬੇ ਪੱਟ ਵਿਚ ਗੋਲੀ ਲੱਗੀ ਹੋਈ ਸੀ ਪਰ ਬਾਕੀ ਤਿੰਨੇ ਬੜੇ ਨਿਢਾਲ ਹੋ ਚੁੱਕੇ ਸਨ। ਗੁਰੂ ਸਾਹਿਬ ਨੇ ਸ਼ਹੀਦ ਹੋਏ ਸਾਰੇ ਸਿੱਖਾਂ ਨੂੰ "ਦਸ ਹਜ਼ਾਰੀ", "ਵੀਹ ਹਜ਼ਾਰੀ", ਪੰਜਾਹ ਹਜ਼ਾਰੀ" ਆਖ ਕੇ "ਮਨਸਬ" (ਸਨਮਾਨ) ਦਿੱਤੇ।

ਇਸ ਮਗਰੋਂ ਗੁਰੂ ਸਾਹਿਬ ਨੇ ਸਹਿਕ ਰਹੇ ਤਿੰਨਾਂ ਸਿੰਘਾਂ ਨੂੰ ਪੁੱਛਿਆ ਕਿ ਤੁਹਾਨੂੰ ਕੀ ਚਾਹੀਦਾ ਹੈ ਆਪਣੇ ਮੂੰਹੋਂ ਮੰਗ ਲਓ। ਇਸ 'ਤੇ ਭਾਈ ਰਾਏ ਸਿੰਘ ਬੋਲਿਆ "ਗੁਰੂ ਜੀ ਜੇ ਆਪ ਤਰੁੱਠੇ ਹੀ ਹੋ ਤਾਂ ਤੁਸੀਂ ਭਾਈ ਭਾਗ ਸਿੰਘ ਦਾ ਲਿਖਿਆ ਸਿੱਖੀ ਤੋਂ ਪੰਚਾਇਤੀ ਬੇਦਾਵਾ ਫਾੜ ਕੇ ਸਾਨੂੰ ਸਿੱਖੀ ਦਾਨ ਬਖ਼ਸ਼ ਦਿਓ।" ਇਹ ਸੁਣ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ "ਧੰਨ ਸਿੱਖੀ! ਧੰਨ ਸਿੱਖੀ!! ਧੰਨ ਸਿੱਖੀ!!!" ਆਖਿਆ ਅਤੇ ਆਪਣੀ ਜੇਬ ਵਿਚੋਂ ਬੇਦਾਵੇ ਵਾਲਾ ਕਾਗ਼ਜ਼ ਕੱਢ ਕੇ ਫਾੜ ਦਿੱਤਾ।

ਕੁਝ ਲੇਖਕਾਂ ਨੇ ਇਹ ਬੋਲ ਰਾਏ ਸਿੰਘ ਦੇ ਪੁੱਤਰ ਮਹਾਂ ਸਿੰਘ ਤੋਂ ਅਖਵਾਏ ਹਨ। ਦਰਅਸਲ ਮਹਾਂ ਸਿੰਘ ਨੇ ਸਭ ਤੋਂ ਅਖ਼ੀਰ 'ਤੇ ਸੁਆਸ ਛੱਡੇ ਸੀ ਇਸ ਕਰ ਕੇ ਹੋ ਸਕਦਾ ਹੈ ਕਿ ਇਨ੍ਹਾਂ ਲੇਖਕਾਂ ਨੇ ਇਹ ਬੋਲ ਉਸ ਦੇ ਮੂੰਹ ਵਿਚ ਪਾ ਦਿੱਤੇ ਹੋਣ। ਇਹ ਗ਼ਲਤੀ ਸੰਤੋਖ ਸਿੰਘ ਨੇ "ਗੁਰ ਪ੍ਰਤਾਪ ਸੂਰਜ ਗ੍ਰੰਥ" ਵਿਚ ਕੀਤੀ ਸੀ ਤੇ ਬਾਕੀਆਂ ਨੇ ਤਾਂ ਉਸ ਦੀ ਨਕਲ ਕਰ ਕੇ ਹੀ ਲਿਖ ਦਿੱਤਾ ਸੀ। ਪਰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਬੇਦਾਵਾ ਕਿਸ ਨੇ ਫੜਵਾਇਆ ਸੀ। ਇਹ ਚਾਲ੍ਹੀ ਦੇ ਚਾਲ੍ਹੀ ਸਿੰਘ ਹੀ, ਆਪਣੀਆਂ ਸ਼ਹੀਦੀਆਂ ਨਾਲ ਹੀ ਬੇਦਾਵਾ ਫੜਵਾ ਗਏ ਸਨ।

ਗੁਰੂ ਸਾਹਿਬ ਨੇ ਇੰਨਾਂ ਸਿੰਘਾਂ ਦੀ ਮਰਹਮ-ਪੱਟੀ ਕਰਨ ਦੀ ਕੋਸ਼ਿਸ਼ ਕੀਤੀ ਪਰ ਕੋਈ ਫ਼ਰਕ ਨਾ ਪਿਆ। ਗੁਰੂ ਜੀ ਸਾਰੀ ਰਾਤ ਇਨ੍ਹਾਂ ਨਾਲ ਗੱਲਾਂ ਕਰਦੇ ਰਹੇ। ਅੱਧੀ ਰਾਤ ਵੇਲੇ ਭਾਈ ਸੁੰਦਰ ਸਿੰਘ ਝੱਲੀਆਂ ਵਾਲਾ ਸਾਹ ਛੱਡ ਗਿਆ। ਇਸ ਮਗਰੋਂ ਭਾਈ ਰਾਏ ਸਿੰਘ ਤੇ ਕੁਝ ਚਿਰ ਮਗਰੋਂ ਚਾਲ੍ਹੀਵਾਂ ਸਿੰਘ ਭਾਈ ਮਹਾਂ ਸਿੰਘ ਵੀ ਵਾਹਿਗੁਰੂ ਦੇ

ਕਦਮਾਂ ਵਿਚ ਜਾ ਪੁੱਜਾ। ਅਗਲੀ ਸਵੇਰ, ਮਾਘ ਦੀ ਪਹਿਲੀ ਨੂੰ, 30 ਦਸੰਬਰ 1705 ਦੇ ਦਿਨ, ਗੁਰੂ ਸਾਹਿਬ ਨੇ ਇਨ੍ਹਾਂ ਚਾਲ੍ਹੀ ਸਿੰਘਾਂ ਵਾਸਤੇ ਆਸਾ ਦੀ ਵਾਰ ਦਾ ਪਾਠ ਕਰ ਕੇ ਭੋਗ ਪਾਇਆ। ਕੁਝ ਚਿਰ ਮਗਰੋਂ ਭਾਈ ਦਾਨ ਸਿੰਘ ਖਿਦਰਾਣਾ ਪਿੰਡ ਵਿਚੋਂ ਤ੍ਰਿਹਾਵਲ (ਘਿਓ, ਮੈਦਾ, ਖੰਡ) ਲੈ ਆਇਆ। ਗੁਰੂ ਸਾਹਿਬ ਨੇ ਆਪ ਪਾਠ ਕਰ ਕੇ ਦੇਗ ਤਿਆਰ ਕਰਵਾਈ। ਸ਼ਹੀਦ ਸਿੰਘਾਂ ਦੀਆਂ ਦੇਹਾਂ ਨੂੰ ਲਕੜੀਆਂ ਦੇ ਢੇਰ 'ਤੇ ਇਕੱਠਿਆਂ ਹੀ ਰੱਖ ਦਿੱਤਾ ਗਿਆ। ਗੁਰੂ ਸਾਹਿਬ ਨੇ ਆਪ ਸੋਹਿਲਾ ਦਾ ਪਾਠ ਕੀਤਾ ਤੇ ਫਿਰ ਆਪਣੇ ਹੱਥੀਂ ਹੀ ਇਨ੍ਹਾਂ ਦੀ ਚਿਖਾ ਨੂੰ ਅੱਗ ਲਾਈ। ਸਸਕਾਰ ਮਗਰੋਂ ਗੁਰੂ ਸਾਹਿਬ ਨੇ ਹਾਜ਼ਿਰ ਸਿੰਘਾਂ ਨੂੰ ਮੁਖ਼ਾਤਿਬ ਹੁੰਦਿਆਂ ਆਖਿਆ ਕਿ ਇਨ੍ਹਾਂ ਚਾਲ੍ਹੀ ਸਿੰਘਾਂ ਨੇ ਧਰਮ ਹੇਤ ਸੀਸ ਦਿੱਤੇ ਹਨ। ਇਨ੍ਹਾਂ ਨੂੰ ਵੀ **'ਚਾਲ੍ਹੀ ਮੁਕਤੇ'** ਆਖ ਕੇ ਚੇਤੇ ਕੀਤਾ ਜਾਇਆ ਕਰੇਗਾ।

ਇਸ ਸਾਕੇ ਤੋਂ ਕੁਝ ਸਾਲ ਮਗਰੋਂ ਪਿੰਡ ਹਰੀਕੇ ਕਲਾਂ ਦੇ ਭਾਈ ਲੰਗਰ ਸਿੰਘ ਨੇ ਇਸ ਥਾਂ 'ਤੇ ਸ਼ਹੀਦਾਂ ਦੀ ਯਾਦ ਵਿਚ ਥੜ੍ਹਾ ਬਣਾਇਆ ਤੇ ਸ਼ਹੀਦ ਗੰਜ ਪਰਗਟ ਕੀਤਾ। ਉਸ ਦਿਨ (29 ਦਸੰਬਰ 1725) ਤੋਂ ਮੁਕਤਸਰ ਵਿਚ ਸ਼ਹੀਦਾਂ ਦੇ ਪਰਿਵਾਰ ਅਤੇ ਹੋਰ ਸਿੰਘ ਅਰਦਾਸ ਕਰਨ ਵਾਸਤੇ ਪੁੱਜਣ ਲਗ ਪਏ। ਹੌਲੀ-ਹੌਲੀ ਇਸ ਥਾਂ 'ਤੇ ਵੱਡਾ ਮੇਲਾ ਲੱਗਣ ਲੱਗ ਪਿਆ।

ਇਹ ਸ਼ਹੀਦੀਆਂ 29 ਦਸੰਬਰ 1705 ਦੀਆਂ ਹਨ ਪਰ ਗਿਆਨੀ ਗਿਆਨ ਸਿੰਘ ਨੇ "ਪਾਣੀ ਦੀ ਤੋਟ" ਦਾ ਭੁਲੇਖਾ ਖਾ ਕੇ ਇਸ ਘਟਨਾ ਨੂੰ ਗਰਮੀਆਂ ਵਿਚ ਲੈ ਆਂਦਾ ਤੇ ਇਕ ਗ਼ਲਤ ਤਾਰੀਖ਼ ਲਿਖ ਦਿੱਤੀ, ਜਿਸ ਨਾਲ ਕੁਝ ਬੇਸਮਝ ਲੋਕਾਂ ਨੇ ਭੁਲੇਖਾ ਖਾ ਕੇ ਇਸ ਦਿਨ ਵੀ ਦੂਜਾ ਸ਼ਹੀਦੀ ਜੋੜ ਮੇਲਾ ਲਾਉਣਾ ਸ਼ੁਰੂ ਕਰ ਦਿੱਤਾ।

ਇਸ ਸਬੰਧ ਵਿਚ ਦੂਜਾ ਭੁਲੇਖਾ ਬੇਦਾਵਾ ਪੜਵਾਉਣ ਵਾਲੇ ਸ਼ਖ਼ਸ ਬਾਰੇ ਹੈ। ਭੱਟ ਵਹੀਆਂ ਮੁਤਾਬਿਕ ਇਹ ਬੇਦਾਵਾ ਪਾੜਨ ਵਾਸਤੇ ਭਾਈ ਰਾਏ ਸਿੰਘ ਨੇ ਅਰਜ਼ ਕੀਤੀ ਸੀ ਪਰ ਇਕ-ਅੱਧ ਲੇਖਕ ਨੇ ਬੇਦਾਵਾ ਪੜਵਾਉਣ ਦਾ ਸਿਹਰਾ ਆਖ਼ਰੀ ਸਾਹ ਲੈਣ ਵਾਲੇ (ਰਾਏ ਸਿੰਘ ਦੇ ਪੁੱਤਰ) ਭਾਈ ਮਹਾਂ ਸਿੰਘ ਨੂੰ ਦੇ ਦਿੱਤਾ। ਇਸ ਲੜਾਈ ਦੇ ਖ਼ਤਮ ਹੋਣ ਮਗਰੋਂ ਭਾਈ ਸੀਤਲ ਸਿੰਘ, ਰਾਏ ਸਿੰਘ ਤੇ ਮਹਾਂ ਸਿੰਘ ਹੀ ਸਿਸਕ ਰਹੇ ਸਨ ਤੇ ਬਾਕੀ ਸ਼ਹੀਦ ਹੋ ਚੁੱਕੇ ਸਨ। ਰਾਏ ਸਿੰਘ ਨੇ ਬੇਦਾਵਾ ਪੜਵਾਇਆ ਸੀ, ਸੀਤਲ ਸਿੰਘ ਨੇ ਤਿੰਨਾਂ 'ਚੋਂ ਸਭ ਤੋਂ ਪਹਿਲਾਂ ਸਾਹ ਛੱਡੇ ਸਨ ਅਤੇ ਭਾਈ ਮਹਾਂ ਸਿੰਘ ਨੇ ਸਭ ਤੋਂ ਅਖ਼ੀਰ 'ਤੇ।

ਇਸ ਸਬੰਧੀ ਤੀਜਾ ਭੁਲੇਖਾ ਬੇਦਾਵਾ ਲਿਖਣ ਦੀ ਥਾਂ ਦਾ ਹੈ। ਇਕ ਲੇਖਕ ਨੇ ਇਹ ਬੇਦਾਵਾ ਅਨੰਦਪੁਰ ਸਾਹਿਬ ਵਿਚ ਲਿਖਿਆ ਆਖਿਆ ਸੀ। (ਬਾਕੀਆਂ ਨੇ ਮੱਖੀ ਤੇ ਮੱਖੀ ਮਾਰ ਦਿੱਤੀ)। ਅਨੰਦਪੁਰ ਸਾਹਿਬ ਦੇ ਬੇਦਾਵਾ ਲਿਖਣ ਦੀ ਗੱਲ ਬੇਦਲੀਲੀ ਹੈ। ਸਵਾਲ ਹੈ ਕਿ ਜੇ ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਹੋਇਆ ਸੀ ਤਾਂ ਇਹ 40 ਸਿੱਖ ਬੇਦਾਵਾ ਲਿਖ ਕੇ ਉੱਥੋਂ ਬਚ ਕੇ ਨਿਕਲ ਕਿਵੇਂ ਆਏ? ਕੀ ਉਹ ਪਹਾੜੀ ਜਾਂ ਮੁਗ਼ਲ ਫ਼ੌਜਾਂ ਨਾਲ ਸਮਝੌਤਾ ਕਰ ਕੇ ਜਾਂ ਰਿਸ਼ਵਤ ਦੇ ਕੇ ਆਏ ਸਨ ਜਾਂ ਕੇਸ ਕਟੱਵਾ ਕੇ, ਮੋਨੇ ਬਣ ਕੇ, ਨਿਕਲੇ ਸਨ? ਫਿਰ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਤੋਂ ਚਲਣ ਲੱਗਿਆਂ ਖ਼ਾਸ ਕਰ ਕੇ ਇਹ "ਬੇਦਾਵਾ" ਹੀ ਆਪਣੀ ਜੇਬ੍ਹ ਵਿਚ ਪਾਇਆ ਹੋਇਆ

ਸੀ? ਗੁਰੂ ਸਾਹਿਬ ਨੂੰ ਇਹ ਕਾਗ਼ਜ਼ ਖ਼ਾਸ ਤੌਰ 'ਤੇ ਸੰਭਾਲਣ ਦੀ ਕਿਹੜੀ ਖ਼ਾਸ ਲੋੜ ਸੀ? ਇਸ ਕਰ ਕੇ ਇਹ ਗੱਲ ਸਹੀ ਨਹੀਂ ਹੈ। ਹਾਂ, ਰੂਪੇਆਣਾ ਦੀ ਜੂਹ (ਮਲ੍ਹਣ ਸੋਢੀਆਂ) ਵਿਚ ਬੇਦਾਵਾ ਲਿਖਣ ਦੀ ਗੱਲ ਸਹੀ ਹੈ ਕਿਉਂਕਿ ਉਸ ਤੋਂ ਕੁਝ ਘੰਟੇ ਮਗਰੋਂ ਹੀ ਉਹ ਬੇਦਾਵਾ ਪਾੜ ਦਿੱਤਾ ਗਿਆ ਸੀ। ਏਨਾ ਚਿਰ ਗੁਰੂ ਸਾਹਿਬ ਕੋਲ ਕਾਗ਼ਜ਼ ਰਹਿ ਸਕਣਾ ਮੁਮਕਿਨ ਜਾਪਦਾ ਹੈ।

1990: ਗੁਰਚੇਤ ਸਿੰਘ ਡਾਗੋਂ ਨਕਲੀ ਮੁਕਾਬਲੇ ਵਿਚ ਸ਼ਹੀਦ

ਉਨੱਤੀ ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਗੁਰਚੇਤ ਸਿੰਘ ਡਾਗੋਂ, ਉਰਫ਼ ਫ਼ੌਜੀ (ਵਾਸੀ ਡਾਂਗੋ, ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਕੁਲਵੰਤ ਸਿੰਘ ਬੁਰਜ, ਅਮਰਜੀਤ ਸਿੰਘ ਗੱਗੋਂ, ਗੁਰਬਚਨ ਸਿੰਘ ਮੁਦਕੀ, ਗੁਰਸੇਵਕ ਸਿੰਘ ਗਾਡੀਕਾ, ਜਥੇਦਾਰ ਕਾਬਲ ਸਿੰਘ, ਇੰਦਰ ਸਿੰਘ ਧਾਰੀਵਾਲ, ਅਰੂੜ ਸਿੰਘ ਮਾਨੋਚਾਹਲ, ਰੇਸ਼ਮ ਸਿੰਘ ਕੋਹਾੜਕਾ, ਰਾਮ ਸੁਰਸਿੰਘ, ਯਾਦਵਿੰਦਰ ਸਿੰਘ ਹਰੀਕੇ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

ਉਨੱਤੀ ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਕੁਲਵੰਤ ਸਿੰਘ (ਪੁੱਤਰ ਸੱਜਣ ਸਿੰਘ, ਵਾਸੀ ਬੁਰਜ 169, ਨੇੜੇ ਰਾਜਾ ਤਾਲ, ਜ਼ਿਲ੍ਹਾ ਅੰਮ੍ਰਿਤਸਰ), ਅਮਰਜੀਤ ਸਿੰਘ (ਪੁੱਤਰ ਹਰਦਿਆਲ ਸਿੰਘ, ਵਾਸੀ ਗੱਗੋਂ, ਜ਼ਿਲ੍ਹਾ ਰੋਪੜ), ਗੁਰਬਚਨ ਸਿੰਘ ਮੁਦਕੀ, ਗੁਰਸੇਵਕ ਸਿੰਘ (ਪੁੱਤਰ ਮੇਜਰ ਸਿੰਘ, ਵਾਸੀ ਗਾਡੀਕਾ), ਜਥੇਦਾਰ ਕਾਬਲ ਸਿੰਘ, ਇੰਦਰ ਸਿੰਘ (ਪੁੱਤਰ ਜਾਗੀਰ ਸਿੰਘ, ਵਾਸੀ ਧਾਰੀਵਾਲ), ਅਰੂੜ ਸਿੰਘ (ਪੁੱਤਰ ਰਾਮ ਸਿੰਘ, ਵਾਸੀ ਮਾਨੋਚਾਹਲ), ਰੇਸ਼ਮ ਸਿੰਘ (ਪੁੱਤਰ ਤਾਰਾ ਸਿੰਘ, ਵਾਸੀ ਕੋਹਾੜਕਾ), ਰਾਮ ਸਿੰਘ (ਪੁੱਤਰ ਮੂਰਾ ਸਿੰਘ, ਵਾਸੀ ਸੁਰਸਿੰਘ), ਯਾਦਵਿੰਦਰ ਸਿੰਘ ਉਰਫ਼ ਗੋਲਡੀ (ਪੁੱਤਰ ਅਮਰੀਕ ਸਿੰਘ, ਵਾਸੀ ਹਰੀਕੇ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

30 ਦਸੰਬਰ

1920: ਗੁਰਦੁਆਰਾ ਸੱਚਾ ਸੌਦਾ ਤੇ ਪੰਥ ਦਾ ਕਬਜ਼ਾ ਹੋਇਆ ਅਤੇ ਅਕਾਲੀ ਜਥਾ ਸ਼ੇਖੂਪੁਰਾ ਦੀ ਕਾਇਮੀ ਹੋਈ

ਪੰਜਾ ਸਾਹਿਬ ਗੁਰਦੁਆਰੇ 'ਤੇ ਕਬਜ਼ਾ ਕਰਨ ਵੇਲੇ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਮਹਿਸੂਸ ਕੀਤਾ ਕਿ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਤੋਂ ਮਗਰੋਂ ਇਸ ਨੂੰ ਕਾਇਮ ਰੱਖਣ ਵਾਸਤੇ ਇਕ ਪੱਕੇ ਜਥੇ ਦੀ ਜ਼ਰੂਰਤ ਹੈ। ਜਦੋਂ ਵੀ ਲੋੜ ਮਹਿਸੂਸ ਹੋਵੇ, ਇਸ ਜਥੇ ਨੂੰ ਬੁਲਾ ਲਿਆ ਜਾਵੇ। ਕਿਉਂ ਕਿ ਪੰਜਾ ਸਾਹਿਬ 'ਚ ਮਹੰਤ ਦੀ ਵਿਧਵਾ ਨੇ ਔਰਤਾਂ ਤੋਂ ਵੀ ਹਮਲਾ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ, ਇਸ ਕਰ ਕੇ ਇਸ 'ਅਕਾਲੀ ਫੌਜ' ਵਿਚ ਕੁਝ ਬੀਬੀਆਂ ਵੀ ਸ਼ਾਮਿਲ ਕੀਤੀਆਂ ਜਾਣ। ''ਪੰਚ'' ਅਖ਼ਬਾਰ ਮੁਤਾਬਿਕ ਮਾਸਟਰ ਮੋਤਾ ਸਿੰਘ ਨੇ ਇਹ ਸੁਝਾਅ ਦਿੱਤਾ ਸੀ ਕਿ ਅਖ਼ਬਾਰ 'ਚ ਅਪੀਲ ਛਾਪ ਕੇ ਇਕ 'ਗੁਰਦੁਆਰਾ ਸੇਵਕ ਦਲ' ਕਾਇਮ ਕੀਤਾ ਜਾਏ। ਇਹ ਅਪੀਲ ਇੰਞ ਸੀ:

''ਗੁਰਦੁਆਰਾ ਸੇਵਕ ਦਲ ਪੰਜ ਸੌ ਸਿੰਘਾਂ ਦੀ ਲੋੜ

175 ਮੈਂਬਰ ਬਣਨ ਤੋਂ ਬਾਅਦ ਮਾਸਟਰ ਮੋਤਾ ਸਿੰਘ ਨੇ ਇਹ ਤਜਵੀਜ਼ ਕੀਤੀ ਹੈ ਕਿ ਕਮੇਟੀ ਦੇ ਨਾਲ ਇਕ ਗੁਰਦੁਆਰਾ ਸੇਵਕ ਦਲ ਬਣਾਇਆ ਜਾਏ, ਜਿਹੜਾ ਮਹੰਤਾਂ ਤੋਂ ਇੰਤਜ਼ਾਮ ਲਵੇ। ਇਹ ਕੁਲ 500 ਸਿੰਘ ਹੋਣ। ਇਨ੍ਹਾਂ ਵਿੱਚੋਂ 100 ਤਿਆਰ-ਬਰ-ਤਿਆਰ ਤਨਖ਼ਾਹਦਾਰ ਹੋਣ ਅਤੇ 400 ਰੀਜ਼ਰਵ

ਹੋਣ, ਬਗ਼ੈਰ ਤਨਖ਼ਾਹ ਤੋਂ। ਜਿੱਥੇ ਹਾਲਤ ਵਿਗੜਦੀ ਹੋਈ ਦਿਸਦੀ ਹੋਵੇ, ਉਸ ਗੁਰਦੁਆਰੇ ਲਈ ਅਕਾਲ ਤਖ਼ਤ ਸਾਹਿਬ 'ਤੇ ਸੱਦ ਕੇ ਜਥਾ ਟੋਰ ਦਿੱਤਾ ਜਾਵੇ। ਇਹ ਡਿਊਟੀ ਇਕ ਕਮੇਟੀ ਲਵੇ, ਜੋ 175 ਵਿੱਚੋਂ 25 ਮੈਂਬਰ ਚੁਣ ਕੇ ਬਣੇ। ਇਸ ਦਲ ਦੇ ਐਕਸ਼ਨ ਦੀ ਜ਼ਿੰਮੇਵਾਰੀ ਅਸੀਂ ਲੈਂਦੇ ਹਾਂ।''

26 ਨਵੰਬਰ ਦੇ ਦਿਨ ਪੰਜਾ ਸਾਹਿਬ ਦੇ ਇਕੱਠ ਵਿਚ ਇਸ ਦਾ ਮੁੱਢ ਵੀ ਬੰਨ੍ਹਿਆ ਗਿਆ ਸੀ। ਉਸੇ ਵੇਲੇ ਹੀ 50 ਸਿੰਘਾਂ ਨੇ ਆਪਣੇ ਆਪ ਨੂੰ ਪੇਸ਼ ਵੀ ਕੀਤਾ ਸੀ। ਇਸ ''ਗੁਰਦੁਆਰਾ ਸੇਵਕ ਦਲ'' ਜਾਂ ''ਅਕਾਲੀ ਦਲ'' ਦੀ ਸੈਂਟਰਲ ਬਾਡੀ ਦੀ ਕਾਇਮੀ ਵਾਸਤੇ ਇਕ ਇਕੱਠ 14 ਦਸੰਬਰ 1920 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਬੁਲਾ ਲਿਆ ਗਿਆ। ਇਸ ਇਕੱਠ ਵਿਚ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਤਜਵੀਜ਼ ਕੀਤੀ: ''ਸਮਾਂ ਸਾਨੂੰ ਮਜਬੂਰ ਕਰ ਰਿਹਾ ਹੈ ਕਿ ਗੁਰਦੁਆਰਿਆਂ ਦਾ ਸੁਧਾਰ ਝੱਟ-ਪਟ ਕੀਤਾ ਜਾਵੇ ਅਤੇ ਇਸ ਲਈ ਹਰ ਇਕ ਦੀ ਕੁਰਬਾਨੀ ਦੀ ਲੋੜ ਹੈ। ਸੋ ਇਸ ਤਰ੍ਹਾਂ ਕੀਤਾ ਜਾਵੇ ਕਿ ਅਕਾਲੀ ਦਲ ਕਾਇਮ ਕੀਤਾ ਜਾਵੇ। ਇਸ ਦੇ ਸੇਵਕ ਘੱਟੋ-ਘੱਟ ਇਕ ਮਹੀਨਾ ਸਾਲ ਵਿਚ ਪੰਥ ਨੂੰ ਅਰਪਣ ਕਰਨ। ਕੇਂਦਰ ਅੰਮ੍ਰਿਤਸਰ ਹੋਵੇ, ਜਿਥੇ ਹਰ ਵੇਲੇ 100 ਸਿੰਘ ਹਾਜ਼ਰ ਰਹਿਣ ਅਤੇ ਜਿੱਥੇ ਜਿਤਨੇ ਸਿੰਘ ਲੋੜ ਪਵੇ ਭੇਜੇ ਜਾਣ। ਇਲਾਕਿਆਂ ਵਿਚ ਇਸ ਦੀਆਂ ਸ਼ਾਖਾ ਬਣਾਈਆਂ ਜਾਣ।'' ਇਸ 'ਤੇ ਇਕੱਠ ਨੇ ਇਕ-ਰਾਇ ਨਾਲ ਮਤਾ ਪਾਸ ਕੀਤਾ ਕਿ 23 ਜਨਵਰੀ ਨੂੰ ਸੰਗਤਾਂ ਤਖ਼ਤ ਅਕਾਲ ਬੁੰਗੇ ਹੁੰਮ-ਹੁੰਮਾ ਕੇ ਆਉਣ ਤੇ ਜਥਾ ਕਾਇਮ ਕੀਤਾ ਜਾਵੇ।

ਇਸੇ ਖ਼ਬਰ ਹੇਠਾਂ ਜ਼ਰੂਰੀ ਅਪੀਲ 'ਚ ਕਿਹਾ ਗਿਆ ਸੀ ਕਿ ''ਜਥੇ, ਸਭਾਵਾਂ ਤੇ ਦੀਵਾਨਾਂ ਦੇ ਸੇਵਕਾਂ ਅਤੇ ਜਥੇਦਾਰਾਂ ਅੱਗੇ ਜ਼ਰੂਰੀ ਅਰਜ਼ ਹੈ ਕਿ ਉਹ ਦਰਸ਼ਨ ਦੇਣ। ਇਕ ਦਿਨ ਪਹਿਲੋਂ ਆਵਣ ਤੇ ਹੁਣ ਤਨ-ਮਨ ਤੇ ਧਨ ਦੀ ਕੁਰਬਾਨੀ ਕਰ ਕੇ ਜਨਮ ਸਫ਼ਲ ਕਰਨ।'' ਇਹ ਅਪੀਲ ਤੇਜਾ ਸਿੰਘ (ਭੁੱਚਰ) ਦੇ ਨਾਂ ਹੇਠ ਜਾਰੀ ਕੀਤੀ ਗਈ ਸੀ।

14 ਦਸੰਬਰ 1920 ਦੇ ਇਕੱਠ ਤੋਂ ਪਹਿਲਾਂ ਅਤੇ ਮਗਰੋਂ ਵੀ ਕਈ ਅਕਾਲੀ ਜਥੇ ਕਾਇਮ ਹੋਏ। ਇਨ੍ਹਾਂ ਵਿੱਚੋਂ ''ਅਕਾਲੀ ਜਥਾ ਖਰਾ ਸੌਦਾ'' (ਜਥੇਦਾਰ ਕਰਤਾਰ ਸਿੰਘ ਝੱਬਰ), ''ਗੜਗਜ ਅਕਾਲੀ ਜਥਾ ਤਰਨ ਤਾਰਨ'' (ਜਥੇਦਾਰ ਤੇਜਾ ਸਿੰਘ ਭੁੱਚਰ), ''ਸ਼ਹੀਦੀ ਦੀਵਾਨ ਬਾਰ ਧਾਰੋਵਾਲੀ'' (ਜਥੇਦਾਰ ਸੰਗਤ ਸਿੰਘ) ਮੁਖ ਜਥੇ ਸਨ। ਹੋਰ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿਚ ਵੀ ਅਕਾਲੀ ਜਥੇ ਕਾਇਮ ਹੋਏ ਸਨ।

14 ਦਸੰਬਰ ਦੇ ਇਕੱਠ ਵਿਚ ਇਸ ''ਗੁਰਦੁਆਰਾ ਸੇਵਕ ਦਲ'' ਦੀ ਕਾਇਮੀ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ। ਇਸ ਸਬੰਧ ਵਿਚ 23 ਜਨਵਰੀ 1921 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਇਕੱਠ ਬੁਲਾਇਆ ਗਿਆ ਸੀ। ਇਸ ਵਿਚ ਜਥੇਬੰਦੀ ਦਾ ਨਾਂ ਮਨਜ਼ੂਰ ਕਰਨਾ ਸੀ ਅਤੇ ਸੇਵਕ (ਅਹੁਦੇਦਾਰ) ਚੁਣੇ ਜਾਣੇ ਸਨ। ਇਹ ਮੀਟਿੰਗ ਦੋ ਦਿਨ ਚੱਲੀ।

ਇਸ ਮੀਟਿੰਗ ਵਿਚ ਭਾਈ ਅਰਜਨ ਸਿੰਘ ਧੀਰਕੇ ਨੇ ਸੁਝਾਅ ਦਿੱਤਾ ਕਿ ਜਥੇਬੰਦੀ ਦਾ ਨਾਂ ''ਗੁਰਦੁਆਰਾ ਸੇਵਕ ਦਲ'' ਰੱਖਿਆ ਜਾਵੇ ਪਰ ਅਖ਼ੀਰ ਇਸ ਦਾ ਨਾਂ 'ਅਕਾਲੀ ਦਲ' ਹੀ ਸਭ ਨੇ ਮਨਜ਼ੂਰ ਕੀਤਾ। (*ਅਕਾਲੀ ਮੋਰਚੇ ਤੇ ਝੱਬਰ*, ਸਫ਼ਾ 95)। ਇਸ ਦਲ ਦੇ ਪਹਿਲੇ ਜਥੇਦਾਰ ਸਰਮੁਖ ਸਿੰਘ ਝਬਾਲ ਚੁਣੇ ਗਏ। (*ਮਗਰੋਂ 29 ਮਾਰਚ 1922 ਦੇ ਦਿਨ ਅਕਾਲੀ ਦਲ ਨੇ, ਆਪਣੇ ਛੇਵੇਂ ਮਤੇ ਮੁਤਾਬਿਕ, ਜਥੇਬੰਦੀ ਦਾ ਨਾਂ ''ਸ਼੍ਰੋਮਣੀ ਅਕਾਲੀ ਦਲ'' ਰੱਖ ਲਿਆ*)। ਅਕਾਲੀ ਦਲ ਨੇ ਦੋ ਨੁਕਾਤੀ ਪ੍ਰੋਗਰਾਮ ਐਲਾਨਿਆ: 1. ਸਾਰੇ ਅਕਾਲੀ ਜਥਿਆਂ ਨੂੰ ਇਕੱਠੇ ਕਰ ਕੇ ਪੰਥ ਦੀ ਸੇਵਾ ਕਰਨੀ। 2. ਗੁਰਦੁਆਰਿਆਂ ਦੀ ਸੇਵਾ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਕਮ ਉੱਤੇ ਅਮਲ ਕਰਨਾ।

ਜਥੇਦਾਰ ਕਰਤਾਰ ਸਿੰਘ ਝੱਬਰ ਨੇ 16 ਪੋਹ ਸੰਮਤ 1977 (30 ਦਸੰਬਰ 1920) ਨੂੰ ਜਥੇਦਾਰ ਝੱਬਰ ਨੇ ਸਾਥੀਆਂ ਸਣੇ ਗੁਰਦੁਆਰਾ ਖਰਾ ਸੌਦਾ (ਸੱਚਾ ਸੌਦਾ) ਵਿਚ ਵੀ ਇਕ ਇਕੱਠ ਬੁਲਾਇਆ ਅਤੇ ਇਸ 'ਤੇ ਕਬਜ਼ਾ ਕਰ ਲਿਆ। ਇਸ ਮਗਰੋਂ ਜ: ਝੱਬਰ ਨੇ ਮਤਾ

ਪੇਸ਼ ਕੀਤਾ ਕਿ ਗੁਰਦੁਆਰਿਆਂ ਦੇ ਸੁਧਾਰ ਵਾਸਤੇ ਅਕਾਲੀ ਦਲ (ਜ਼ਿਲ੍ਹਾ ਸ਼ੇਖੂਪੁਰਾ) ਕਾਇਮ ਕੀਤਾ ਜਾਏ। ਲੱਖਾ ਸਿੰਘ ਨੇ ਇਸ ਦਾ ਤਾਈਦ ਕੀਤੀ। ਉਸੇ ਵੇਲੇ 31 ਸੱਜਣ ਭਰਤੀ ਹੋ ਗਏ। ਇਸ ਦਲ ਦਾ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਚੁਣਿਆ ਗਿਆ। ਮੀਤ ਜਥੇਦਾਰ ਲੱਖਾ ਸਿੰਘ, ਸੇਵਕ (ਸਕੱਤਰ) ਸੁੱਚਾ ਸਿੰਘ ਤੇ ਮੀਤ ਸੇਵਕ ਤੇਜਾ ਸਿੰਘ ਚੂਹੜਕਾਨਾ ਚੁਣੇ ਗਏ।

1989: ਜਗਤਾਰ ਸਿੰਘ ਮਹਿਮੂਦਪੁਰਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਤੀਹ ਦਸੰਬਰ 1989 ਦੇ ਦਿਨ ਪੰਜਾਬ ਪੁਲਸ ਨੇ ਜਗਤਾਰ ਸਿੰਘ ਉਰਫ਼ ਜੱਗੀ (ਪੁੱਤਰ ਕੁੰਦਨ ਸਿੰਘ, ਵਾਸੀ ਮਹਿਮੂਦਪੁਰਾ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1990: ਜਸਵੀਰ ਸਿੰਘ ਦੋਰਾਹਾ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਤੀਹ ਦਸੰਬਰ 1990 ਦੇ ਦਿਨ ਪੰਜਾਬ ਪੁਲਸ ਨੇ ਜਸਵੀਰ ਸਿੰਘ ਉਰਫ਼ ਜੱਗੀ (ਪੁੱਤਰ ਨਿਰਮਲ ਸਿੰਘ, ਵਾਸੀ ਦੋਰਾਹਾ, ਜ਼ਿਲ੍ਹਾ ਲੁਧਿਆਣਾ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

1992: ਦਲਜੀਤ ਸਿੰਘ ਖਿਆਲਾ ਤੇ ਜਗੀਰ ਸਿੰਘ ਅਵਾਨ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ

ਤੀਹ ਦਸੰਬਰ 1992 ਦੇ ਦਿਨ ਪੰਜਾਬ ਪੁਲਸ ਨੇ ਦਲਜੀਤ ਸਿੰਘ (ਪੁੱਤਰ ਕਸ਼ਮੀਰ ਸਿੰਘ, ਵਾਸੀ ਖਿਆਲਾ) ਤੇ ਜਗੀਰ ਸਿੰਘ (ਪੁੱਤਰ ਠਾਕਰ ਸਿੰਘ, ਵਾਸੀ ਅਵਾਨ ਲੱਖਾ ਸਿੰਘ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

31 ਦਸੰਬਰ

1612: ਗੁਰੂ ਹਰਗੋਬਿੰਦ ਸਾਹਿਬ ਜਹਾਂਗੀਰ ਦੇ ਅਹਿਦੀਏ ਨਾਲ ਦਿੱਲੀ ਨੂੰ ਚਲ ਪਏ

ਗੁਰੂ ਹਰਗੋਬਿੰਦ ਸਾਹਿਬ ਵੱਲੋਂ ਫ਼ੌਜ ਕਾਇਮ ਕਰਨ, ਕਿਲ੍ਹਾ ਬਣਾਉਣ ਅਤੇ ਸ਼ਹਿਰ ਦੀ ਚਾਰਦੀਵਾਰੀ ਕਰਨ ਦੀ ਸ਼ਿਕਾਇਤ ਜਹਾਂਗੀਰ ਕੋਲ ਪੁੱਜੀ ਤਾਂ ਉਸ ਨੇ ਆਪਣਾ ਅਹਿਦੀਆ ਅੰਮ੍ਰਿਤਸਰ ਭੇਜਿਆ, ਜੋ 29 ਦਸੰਬਰ 1612 ਦੇ ਦਿਨ ਉਥੇ ਪੁੱਜਾ ਤੇ ਗੁਰੂ ਜੀ ਨੂੰ ਦਿੱਲੀ ਬੁਲਾਏ ਦਾ ਪੈਗ਼ਾਮ ਦਿੱਤਾ।ਗੁਰੂ ਜੀ 31 ਦਸੰਬਰ 1612 ਦੇ ਦਿਨ ਘੋੜੇ 'ਤੇ ਸਵਾਰ ਹੋ ਕੇ ਉਸ ਦੇ ਨਾਲ ਚਲ ਪਏ। (ਉਨ੍ਹਾਂ ਨੂੰ ਜਨਵਰੀ 1613 ਵਿਚ ਗ੍ਰਿਫ਼ਤਾਰ ਕਰ ਕੇ ਗਵਾਲੀਅਰ ਕਿਲ੍ਹੇ ਵਿਚ ਭੇਜ ਦਿੱਤਾ ਗਿਆ ਜਿੱਥੇ ਉਹ ਸਾਢੇ 6 ਸਾਲ ਮਗਰੋਂ 26 ਅਕਤੂਬਰ 1619 ਦੇ ਦਿਨ ਰਿਹਾ ਹੋਏ ਸਨ)।

1665: ਗੁਰੂ ਤੇਗ਼ ਬਹਾਦਰ ਸਾਹਿਬ ਰਿਹਾ ਹੋਏ

ਚੱਕ ਨਾਨਕੀ ਵਿਚ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਘਰ ਅਤੇ ਧਰਮਸਾਲਾ ਬਣਵਾਏ। ਕੁਝ ਚਿਰ ਏਥੇ ਰਹਿ ਕੇ ਸਿੱਖਾਂ ਨੂੰ ਨਵੇਂ ਪਿੰਡ ਦੀ ਸੇਵਾ ਸੰਭਾਲਣ ਮਗਰੋਂ ਆਪ ਫਿਰ ਮਾਲਵਾ ਦੇ ਦੌਰੇ'ਤੇ ਚਲ ਪਏ। ਕੀਰਤਪੁਰ ਤੋਂ ਰੋਪੜ, ਬਨੂੜ, ਰਾਜਪੁਰਾ, ਸੈਫ਼ਾਬਾਦ, ਢੋਡਾ, ਸੁਨਾਮ, ਛਾਜਲੀ, ਲਹਿਰਾਗਾਗਾ ਵਗ਼ੈਰਾ ਵਿਚੋਂ ਹੁੰਦੇ ਹੋਏ ਆਪ ਧਮਤਾਨ ਪੁੱਜੇ। ਆਪ ਇੱਥੇ ਕਾਫ਼ੀ ਦਿਨ ਬਿਤਾਉਣਾ ਚਾਹੁੰਦੇ ਸੀ ਤਾਂ ਜੋ ਭਾਈ ਦੱਗੋ ਅਤੇ ਬਾਂਗਰ ਦੇਸ ਦੀਆਂ ਸੰਗਤਾਂ ਨੂੰ ਚੱਕ ਨਾਨਕੀ ਪਿੰਡ ਵਸਾਉਣ ਅਤੇ ਰਾਣੀ ਚੰਪਾ ਦੀ ਮਜਬੂਰੀ ਬਾਰੇ ਅਤੇ ਹਿਫ਼ਾਜ਼ਤ ਪੱਖੋਂ

ਇਕ ਪਹਾੜੀ ਡਿਫ਼ੈਂਸ ਸੈਂਟਰ ਦੀ ਲੋੜ ਬਾਰੇ ਜਾਣਕਾਰੀ ਦੇ ਕੇ, ਧਮਤਾਨ ਵਾਸਾ ਨਾ ਕਰ ਸਕਣ ਦੀ ਮਜਬੂਰੀ ਦਸ ਸਕਣ। ਸੰਗਤਾਂ ਇਸ ਨਵੀਂ ਖ਼ਬਰ 'ਤੇ ਬਹੁਤ ਉਦਾਸ ਹੋ ਗਈਆਂ। ਪਰ ਉਨ੍ਹਾਂ ਨੂੰ ਤਸੱਲੀ ਦੇਣ ਵਾਸਤੇ ਗੁਰੂ ਸਾਹਿਬ ਨੇ ਕਈ ਦਿਨ ਧਮਤਾਨ ਗੁਜ਼ਾਰੇ। 28 ਅਕਤੂਬਰ 1665 (ਹਿੰਦੂ ਦੀਵਾਲੀ ਦੇ ਦਿਨ) ਤਕ ਆਪ ਏਥੇ ਰਹੇ। ਹੁਣ ਜਦ ਗੁਰੂ ਸਾਹਿਬ ਨੇ ਚੱਕ ਨਾਨਕੀ ਜਾਣ ਦੀ ਤਿਆਰੀ ਸ਼ੁਰੂ ਕੀਤੀ ਤਾਂ ਸੰਗਤਾਂ ਨੇ ਜ਼ੋਰ ਪਾ ਕੇ ਆਪ ਨੂੰ ਕੱਤਕ ਦੀ ਪੂਰਨਮਾਸ਼ੀ ਨੂੰ, ਗੁਰੂ ਨਾਨਕ ਸਾਹਿਬ ਦੇ ਜਨਮ ਦਿਨ (ਜੋ ਉਸ ਸਾਲ 12 ਨਵੰਬਰ 1665 ਨੂੰ ਸੀ), ਉੱਥੇ ਮਨਾਉਣ ਵਾਸਤੇ ਰੋਕ ਲਿਆ। *ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਦੇ ਵੇਲੇ ਤਕ ਗੁਰੂ ਨਾਨਕ ਸਾਹਿਬ ਦੇ ਜਨਮ ਦਿਨ, ਕੱਤਕ ਦੀ ਪੂਰਨਮਾਸ਼ੀ, ਬਾਰੇ ਕੋਈ ਭੁਲੇਖਾ ਨਹੀਂ ਸੀ ਤੇ ਇਸ ਦੀ ਸ਼ੁਰੂਆਤ ਮਹਿਮਾ ਪਰਕਾਸ਼ ਦੇ ਲਿਖਾਰੀ ਨੇ ਹੀ ਕੀਤੀ ਸੀ।*

ਧਮਤਾਨ ਰਹਿੰਦਿਆਂ ਇਕ ਦਿਨ ਗੁਰੂ ਸਾਹਿਬ ਨੇਤੇ ਦੇ ਜੰਗਲ ਵਿਚ ਸ਼ਿਕਾਰ ਖੇਡਣ ਗਏ। ਇਸ ਸਮੇਂ ਆਪ ਦੇ ਨਾਲ ਭਾਈ ਦੱਗੋ ਅਤੇ ਹੋਰ ਬਹੁਤ ਸਾਰੇ ਸਿੱਖ ਵੀ ਸਨ। ਜੰਗਲ ਵਿਚ ਆਪ ਜੀ ਨੂੰ ਇਸ ਇਲਾਕੇ ਦੇ ਫ਼ੌਜਦਾਰ ਆਲਮ ਖਾਨ ਰੁਹੇਲਾ ਨੇ ਸ਼ਾਹੀ ਹੁਕਮ ਹੇਠ ਗ੍ਰਿਫ਼ਤਾਰ ਕਰ ਲਿਆ। ਔਰੰਗਜ਼ੇਬ ਦਾ ਹੁਕਮ ਸੀ ਕਿ ਮੁਸਲਮਾਨਾਂ ਤੋਂ ਇਲਾਵਾ ਕੋਈ ਵੀ ਨਾ ਤਾਂ ਹਥਿਆਰ ਰਖ ਸਕਦਾ ਸੀ ਤੇ ਨਾ ਸ਼ਿਕਾਰ ਕਰ ਸਕਦਾ ਸੀ। ਆਲਮ ਖ਼ਾਨ ਆਪ ਨੂੰ ਗ੍ਰਿਫ਼ਤਾਰ ਕਰ ਕੇ ਦਿਲੀ ਲੈ ਗਿਆ ਅਤੇ 8 ਨਵੰਬਰ 1665 ਦੇ ਦਿਨ ਔਰੰਗਜ਼ੇਬ ਅੱਗੇ ਪੇਸ਼ ਕੀਤਾ। ਇਸ ਸਬੰਧੀ ਭੱਟ ਵਹੀਆਂ ਵਿਚ ਵੀ ਜ਼ਿਕਰ ਮਿਲਦਾ ਹੈ: *"ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਹਲ ਨਾਮਾਂ ਕੌ ਗ੍ਰਾਮ ਧਮਤਾਨ ਪਰਗਨਾ ਬਾਂਗਰ ਸੇ ਆਲਮ ਖਾਨ ਰੁਹੇਲਾ ਸ਼ਾਹੀ ਹੁਕਮ ਗੈਲ ਦਿਹਲੀ ਕੌ ਲੈ ਕੇ ਆਇਆ। ਸ਼ਾਲ ਸਤਰਾਂ ਸੈ ਬਾਈਸ ਕਾਰਤਕ ਮਾਸੇ ਸ਼ੁਕਲ ਪਖੇ ਗਿਆਰਸ ਕੌ। ਸਾਥ ਦੀਵਾਨ ਮਤੀ ਦਾਸ ਸਤੀ ਦਾਸ ਆਏ ਬੇਏ ਹੀਰਾ ਨੰਦ ਛਿਬਰ ਕੇ ਗੁਆਲ ਦਾਸ ਆਇਆ ਬੇਟਾ ਛੁਟੇ ਮੱਲ ਛਿੱਬਰ ਕਾ ਗੁਰਦਾਸ ਆਇਆ ਬੇਟਾ ਕੀਰਤ ਭਟ੍ਟੀਏ ਕਾ ਸੰਗਤਾ ਆਇਆ ਬੇਟਾ ਬਿੰਨੇ ਉਪਲ ਕਾ। ਜੇਠਾ ਦਿਆਲ ਦਾਸ ਆਏ ਬੇਟੇ ਮਾਈ ਦਾਸ ਜਲਹਾਨੇ ਬਲਉਂਤ ਕੇ। ਹੋਰ ਸਿੱਖ ਫਕੀਰ ਫਤੇ ਆਏ।"* (ਭੱਟ ਵਹੀ ਜਾਦੋਬੰਸੀਆਂ ਕੀ, ਖਾਤਾ ਬਤਤੀਓ ਕਾ)।

ਔਰੰਗਜ਼ੇਬ ਨੇ ਗੁਰੂ ਸਾਹਿਬ ਤੋਂ ਹਥਿਆਰ ਰੱਖਣ ਅਤੇ ਸ਼ਿਕਾਰ ਖੇਡਣ ਦੀ ਜਵਾਬ-ਤਲਬੀ ਕਰਨ ਦੇ ਨਾਲ-ਨਾਲ ਇਸਲਾਮ ਅਤੇ ਸਿੱਖ ਧਰਮ ਬਾਰੇ ਵੀ ਚਰਚਾ ਕੀਤਾ। ਉਸ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਜੇ ਉਹ ਹਥਿਆਰਬੰਦ ਰਹਿਣਾ ਚਾਹੁੰਦੇ ਹਨ ਤਾਂ ਉਹ ਮੁਸਲਮਾਨ ਹੋ ਜਾਣ। ਗੁਰੂ ਸਾਹਿਬ ਵਲੋਂ ਮੁਸਲਮਾਨ ਬਣਨੋਂ ਨਾਂਹ ਕਰਨ 'ਤੇ ਔਰੰਗਜ਼ੇਬ ਨੇ ਗੁਰੂ ਸਾਹਿਬ ਅਤੇ ਸਿੱਖਾਂ ਨੂੰ ਸ਼ਹੀਦ ਕਰਨ ਦਾ ਹੁਕਮ ਜਾਰੀ ਕਰ ਦਿਤਾ। ਇਸ ਸਮੇਂ ਰਾਜਾ ਜੈ ਸਿੰਘ ਮਿਰਜ਼ਾ ਦਾ ਪੁਤਰ ਕੰਵਰ ਰਾਮ ਸਿੰਘ ਮਿਰਜ਼ਾ ਵੀ ਦਰਬਾਰ ਵਿਚ ਹਾਜ਼ਿਰ ਸੀ। ਉਸ ਨੇ ਔਰੰਗਜ਼ੇਬ ਨੂੰ ਅਜਿਹਾ ਕਰਨੋਂ ਵਰਜਿਆ। ਕੁਝ ਚਿਰ ਸੋਚ ਕੇ ਔਰੰਗਜ਼ੇਬ ਨੇ ਗੁਰੂ ਸਾਹਿਬ ਅਤੇ ਸਿੱਖਾਂ ਨੂੰ ਰਾਮ ਸਿੰਘ ਮਿਰਜ਼ਾ ਦੀ ਮਿਸਲ (ਹਿਰਾਸਤ) ਵਿਚ ਭੇਜ ਦਿਤਾ। ਕੰਵਰ ਰਾਮ ਸਿੰਘ ਨੇ ਗੁਰੂ ਸਾਹਿਬ ਨੂੰ 31 ਦਸੰਬਰ 1665 ਦੇ ਦਿਨ ਰਿਹਾ ਕਰ ਦਿੱਤਾ। ਇਸ ਸਬੰਧੀ ਭੱਟ ਵਹੀ ਜਾਦੋਬੰਸੀਆਂ ਕੀ ਵਿਚ ਇਹ ਇੰਦਰਾਜ ਮੌਜੂਦ ਹੈ: *"ਗੁਰੂ ਤੇਗ਼ ਬਹਾਦਰ ਜੀ ਮਹਲ ਨਾਮਾ ਕੇ ਬਾਦਸ਼ਾਹ ਔਰੰਗਜ਼ੇਬ ਨੇ ਕੰਵਰ ਰਾਮ ਸਿੰਹ ਕਛਵਾਹਾ ਬੇਟਾ ਰਾਜਾ ਜੈ ਸਿੰਹ ਮਿਰਜ਼ਾ ਕੀ ਮਿਸਲ ਮੇਂ ਨਜ਼ਰਬੰਦ ਕੀਯਾ ਜਾਨੇ ਕਾ ਹੁਕਮ ਦੀਯਾ। ਦੋ ਮਾਸ ਤੀਨ ਦਿਨ ਗੁਰੂ ਜੀ ਬੰਦ ਰਹੇ। ਸੰਮਤ ਸਤਰਾਂ ਸੈ ਬਾਈਸ ਕ੍ਰਿਸਨਾ ਪਖੇ ਪੌਸ ਮਾਘ ਕੀ ਏਕਮ ਕੋ ਮੁਕਤ ਹੁਏ।"*

ਰਾਮ ਸਿੰਘ ਮਿਰਜ਼ਾ ਨੇ ਗੁਰੂ ਸਾਹਿਬ ਨੂੰ ਰਿਹਾ ਕਰਨ ਵੇਲੇ ਔਰੰਗਜ਼ੇਬ ਦੀ ਮਨਜ਼ੂਰੀ ਨਹੀਂ ਸੀ ਲਈ।। ਇਸ ਕਰ ਕੇ ਔਰੰਗਜ਼ੇਬ ਨੇ ਰਾਮ ਸਿੰਘ ਮਿਰਜ਼ਾ ਨੂੰ ਸਜ਼ਾ ਦੇਣ ਦਾ ਫ਼ੈਸਲਾ ਕੀਤਾ। ਉਸ ਨੇ ਰਾਮ ਸਿੰਘ ਮਿਰਜ਼ਾ ਨੂੰ ਅਸਾਮ ਦੀ ਖ਼ਤਰਨਾਕ ਮੁਹਿੰਮ ਤੇ ਭੇਜਿਆ ਤੇ

ਸੋਚਿਆ ਕਿ ਜੇ ਉਹ ਉੱਥੇ ਮਾਰਿਆ ਗਿਆ ਤਾਂ ਉਸ ਨੂੰ ਸਜ਼ਾ ਮਿਲ ਜਾਵੇਗੀ ਤੇ ਜੇ ਉਹ ਅਸਾਮ ਦੇ ਰਾਜੇ ਨੂੰ ਜਿਤ ਆਇਆ ਤਾਂ ਉਸ ਦੀ ਬਾਕੀ ਸਜ਼ਾ ਦੀ ਮੁਆਫ਼ੀ ਵੀ ਹੋ ਜਾਵੇਗੀ।

1925: ਸਾਊਦੀ ਅਰਬ ਦੇ ਹਾਜੀ ਮਸਤਾਨ ਨੇ ਦਰਬਾਰ ਸਾਹਿਬ 'ਚ ਕੀਮਤੀ ਚੌਰ ਭੇਟ ਕੀਤਾ

ਗੁਰੂ ਗ੍ਰੰਥ ਸਾਹਿਬ ਦੇ ਅਦਬ ਵਾਸਤੇ ਸਿੱਖਾਂ ਨੇ ਬੜੇ-ਬੜੇ ਕੀਮਤੀ ਚੌਰ ਭੇਂਟ ਕੀਤੇ ਹੋਏ ਹਨ। ਅਜਿਹਾ ਹੀ ਇਕ ਬਹੁਤ ਹੀ ਜ਼ਿਆਦਾ ਕੀਮਤੀ ਚੌਰ ਦਰਬਾਰ ਸਾਹਿਬ ਦੇ ਤੋਸ਼ਾਖਾਨੇ (ਖ਼ਜ਼ਾਨੇ) ਵਿਚ ਪਿਆ ਹੋਇਆ ਹੈ। ਇਕ ਮੁਸਲਮਾਨ ਹਾਜੀ ਮੁਹੰਮਦ ਮਸਕੀਨ ਸ਼ਾਹ ਨੇ ਇਸ ਨੂੰ ਬਹੁਤ ਹੀ ਮਿਹਨਤ ਨਾਲ ਬਣਾਇਆ ਸੀ ਅਤੇ ਮਦੀਨਾ (ਸਾਊਦੀ ਅਰਬ) ਤੋਂ ਅੰਮ੍ਰਿਤਸਰ ਆ ਕੇ 31 ਦਸੰਬਰ 1925 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਭੇਟ ਕੀਤਾ ਸੀ। ਹਾਜੀ ਮੁਹੰਮਦ ਮਸਕੀਨ ਸ਼ਾਹ ਨੇ ਇਸ ਦੇ 145,000 ਰੇਸ਼ਿਆਂ ਨੂੰ 350 ਕਿਲੋ ਚੰਦਨ ਦੀ ਲਕੜੀ ਵਿੱਚੋਂ ਕੱਢ ਕੇ ਬਣਾਇਆ ਸੀ। ਇਸ ਨੂੰ ਬਣਾਉਣ ਲਈ ਉਸ ਨੂੰ 5 ਸਾਲ 7 ਮਹੀਨੇ ਦਾ ਸਮਾਂ ਲੱਗਾ ਸੀ। ਹਾਜ਼ੀ ਸ਼ਾਹ ਨੇ ਕੁਲ ਦੋ ਚੌਰ ਬਣਾਏ ਸਨ, ਦੂਜਾ ਉਸ ਨੇ ਮੁਸਲਮਾਨਾਂ ਦੇ ਮੁਕੱਦਸ (ਪਵਿੱਤਰ) ਥਾਂ ਮਦੀਨਾ ਵਿਖੇ ਭੇਟ ਕੀਤਾ ਸੀ। ਇਸ ਤੋਹਫ਼ੇ ਬਦਲੇ ਹਾਜੀ ਨੂੰ ਦਰਬਾਰ ਸਾਹਿਬ ਤੋਂ ਕੀਮਤੀ ਸਿਰੋਪਾ ਭੇਂਟ ਕੀਤਾ ਗਿਆ ਸੀ।

1929: ਮੋਤੀ ਲਾਲ ਨਹਿਰੂ, ਗਾਂਧੀ ਤੇ ਡਾਕਟਰ ਅੰਸਾਰੀ ਲਾਹੌਰ ਵਿਚ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਆਏ ਤੇ ਵਾਅਦਾ ਕੀਤਾ ਕਿ: *'ਕਾਂਗਰਸ ਕੋਈ ਅਜਿਹਾ ਹੱਲ ਨਹੀਂ ਮੰਨੇਗੀ ਜੋ ਸਿੱਖਾਂ, ਮੁਸਲਮਾਨਾਂ ਅਤੇ ਹੋਰ ਘਟ-ਗਿਣਤੀਆਂ ਨੂੰ ਮਨਜ਼ੂਰ ਨਾ ਹੋਵੇ।'*

1929 ਵਿਚ ਕਾਂਗਰਸ ਦਾ ਸਾਲਾਨਾ ਇਜਲਾਸ 29 ਤੋਂ 31 ਦਸੰਬਰ ਨੂੰ ਲਾਹੌਰ ਵਿਚ ਹੋਇਆ। ਇਸ ਇਜਲਾਸ ਵਿਚ ਮਾਸਟਰ ਤਾਰਾ ਸਿੰਘ ਤੋਂ ਸਿਵਾ ਇਕ ਵੀ ਅਕਾਲੀ ਸ਼ਾਮਿਲ ਨਾ ਹੋਇਆ। ਠੀਕ ਏਨ੍ਹੀਂ ਦਿਨੀਂ ਹੀ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਕਾਨਫ਼ਰੰਸ ਲਾਹੌਰ ਵਿਚ ਰਖੀ ਹੋਈ ਸੀ। ਅਕਾਲੀ ਦਲ ਵਲੋਂ ਕਾਂਗਰਸ ਦੇ ਬਾਈਕਾਟ ਦਾ ਨਤੀਜਾ ਇਹ ਨਿਕਲਿਆ ਕਿ ਅਕਾਲੀ ਕਾਨਫ਼ਰੰਸ ਦੇ ਮੁਕਾਬਲੇ ਵਿਚ ਕਾਂਗਰਸ ਦਾ ਜਲਸਾ ਬਹੁਤ ਫਿੱਕਾ ਨਜ਼ਰ ਆ ਰਿਹਾ ਸੀ। ਕਾਂਗਰਸ ਦੇ ਸੈਸ਼ਨ ਵਿਚ ਹਜ਼ਾਰਾਂ ਦੇ ਇਕੱਠ ਵਿਚ ਸਿਰਫ਼ ਇਕ ਨੀਲੀ ਪੱਗ ਅਤੇ ਅਕਾਲੀ ਦਲ ਦੇ ਸੈਸ਼ਨ ਵਿਚ ਕਾਂਗਰਸੀ ਸੈਸ਼ਨ ਤੋਂ ਕਈ ਗੁਣਾਂ ਹਾਜ਼ਰੀ ਅਤੇ ਨੀਲੀਆਂ ਪੱਗਾਂ ਦਾ ਹੜ੍ਹ ਨਜ਼ਰ ਆ ਰਿਹਾ ਸੀ। ਹੋਰ ਤਾਂ ਹੋਰ ਬਾਬਾ ਗੁਰਦਿਤ ਸਿੰਘ ਦੀ 'ਸਿੱਖ ਨੈਸ਼ਨਲਿਸਟ ਪਾਰਟੀ' ਵੀ ਸਿੱਖਾਂ ਨੂੰ ਕਾਂਗਰਸੀ ਸੈਸ਼ਨ ਵਲ ਨਾ ਲਿਜਾ ਸਕੀ ਤੇ ਬੁਰੀ ਤਰ੍ਹਾਂ ਨਾਕਾਮਯਾਬ ਹੋ ਗਈ।

ਸੈਸ਼ਨ ਤੋਂ ਕੁਝ ਦਿਨ ਪਹਿਲਾਂ ਮੋਤੀ ਲਾਲ ਤੇ ਹੋਰ ਕਾਂਗਰਸੀਆਂ ਨੇ ਪੰਜਾਬ ਦਾ ਦੌਰਾ ਕੀਤਾ ਸੀ ਅਤੇ ਸਿੱਖਾਂ ਵਿਚ ਨਹਿਰੂ ਰਿਪੋਰਟ ਦੀ ਜ਼ਬਰਦਸਤ ਮੁਖਾਲਫ਼ਤ ਵੇਖੀ ਸੀ। ਇਨ੍ਹਾਂ ਕਾਂਗਰਸੀਆਂ ਨੇ ਮਹਿਸੂਸ ਕੀਤਾ ਕਿ ਉਹ ਸਿੱਖਾਂ ਦੀ ਮਦਦ ਤੋਂ ਬਿਨਾਂ ਆਜ਼ਾਦੀ ਦੀ ਲੜਾਈ 'ਚ ਕਾਮਯਾਬ ਨਹੀਂ ਹੋ ਸਕਦੇ। ਕਾਂਗਰਸ ਦੇ ਸਮਾਗਮ ਦੇ ਆਖ਼ਰੀ ਦਿਨ 31 ਦਸੰਬਰ 1929 ਦੇ ਦਿਨ ਮੋਤੀ ਲਾਲ, ਗਾਂਧੀ ਤੇ ਡਾਕਟਰ ਅੰਸਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ (ਚਬੁਰਜੀ, ਲਾਹੌਰ) ਵਿਚ ਆਏ ਅਤੇ ਬਾਬਾ ਖੜਕ ਸਿੰਘ ਤੇ ਹੋਰ ਅਕਾਲੀ ਆਗੂਆਂ ਨੂੰ ਮਿਲੇ। ਇਨ੍ਹਾਂ ਤਿੰਨਾਂ ਨੇ ਬਾਬਾ ਖੜਕ ਸਿੰਘ ਨਾਲ ਵਾਅਦਾ ਕੀਤਾ ਕਿ ਕਾਂਗਰਸ ਨੌਆਬਾਦੀਅਤ ਦੀ ਥਾਂ 'ਪੂਰੀ ਆਜ਼ਾਦੀ' ਦਾ ਮਤਾ ਪਾਸ ਕਰੇਗੀ ਅਤੇ ਸਿੱਖਾਂ ਦੇ ਹਕੂਕ ਦਾ ਵੀ ਪੂਰਾ-ਪੂਰਾ ਖ਼ਿਆਲ ਰਖੇਗੀ। ਬਾਬਾ ਖੜਕ ਸਿੰਘ ਦੀ ਹਾਜ਼ਰੀ ਵਿਚ ਇਸ ਸਬੰਧੀ ਇਕ ਮਤਾ ਵੀ ਤਿਆਰ ਕੀਤਾ ਗਿਆ। ਇਸ ਮਤੇ ਵਿਚ ਕਿਹਾ ਗਿਆ ਸੀ: **"ਸਿੱਖਾਂ ਨੇ ਖ਼ਾਸ ਕਰ**

ਕੇ, ਅਤੇ ਮੁਸਲਮਾਨਾਂ ਤੇ ਹੋਰ ਘਟ-ਗਿਣਤੀਆਂ ਨੇ ਆਮ ਕਰ ਕੇ, ਨਹਿਰੂ ਰਿਪੋਰਟ ਵਿਚ ਫ਼ਿਰਕੂ ਮਸਲੇ ਦੇ ਹੱਲ ਦੀ ਮੁਖ਼ਾਲਫ਼ਤ ਕੀਤੀ ਹੈ; ਹੁਣ ਕਾਂਗਰਸ ਯਕੀਨ ਦਿਵਾਉਂਦੀ ਹੈ ਕਿ ਅੱਗੋਂ ਆਈਨ ਬਣਾਉਣ ਵੇਲੇ ਕਾਂਗਰਸ ਕੋਈ ਅਜਿਹਾ ਹੱਲ ਨਹੀਂ ਮੰਨੇਗੀ ਜੋ ਸਿੱਖਾਂ, ਮੁਸਲਮਾਨਾਂ ਅਤੇ ਹੋਰ ਘਟ-ਗਿਣਤੀਆਂ ਨੂੰ ਮਨਜ਼ੂਰ ਨਾ ਹੋਵੇ।"

1954: ਲੁਧਿਆਣਾ ਵਿਚ ਹਿੰਦੂਆਂ ਨੇ ਗੁਰੂ ਗੋਬਿੰਦ ਸਿੰਘ ਦੇ ਪੁਰਬ ਦੇ ਜਲੂਸ ਤੇ ਹਮਲਾ ਕੀਤਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਅਕਾਲੀ ਦਲ ਦੀ ਬੇਮਿਸਾਲ ਜਿੱਤ ਅਤੇ ਦਲ ਵੱਲੋਂ ਪੰਜਾਬੀ ਸੂਬੇ ਦੀ ਮੰਗ ਕੀਤੇ ਜਾਣ 'ਤੇ ਮਹਾਸ਼ਾ ਪ੍ਰੈੱਸ ਨੇ ਸਿੱਖਾਂ ਦੇ ਖ਼ਿਲਾਫ਼ ਘਟੀਆ ਦਰਜੇ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ ਜਿਸ ਨਾਲ ਆਮ ਹਿੰਦੂਆਂ ਦੇ ਮਨਾਂ ਵਿਚ ਸਿੱਖਾਂ ਵਾਸਤੇ ਜ਼ਹਿਰ ਭਰ ਗਈ। ਸਿੱਖ ਵਿਰੋਧੀ ਹਿੰਦੂ ਫ਼ਿਰਕਾਪ੍ਰਸਤੀ ਦਾ ਮਾਹੌਲ ਇਸ ਹੱਦ ਤਕ ਜਾ ਪੁੱਜਾ ਕਿ ਲੁਧਿਆਣੇ ਵਿਚ 31 ਦਸੰਬਰ 1954 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜਨਮ ਦਿਨ 'ਤੇ ਨਿਕਲੇ ਜਲੂਸ ਵਿਚ ਹਿੰਦੂ ਦਹਿਸ਼ਤਗਰਦਾਂ ਨੇ ਗੁੰਡਾਗਰਦੀ ਦਾ ਸ਼ਰੇਆਮ ਵਿਖਾਵਾ ਕੀਤਾ। ਜਲੂਸ ਜਦੋਂ ਘਾਹ ਮੰਡੀ ਪੁੱਜਾ ਤਾਂ ਜਲੂਸ ਵਿਚ ਸ਼ਾਮਿਲ ਕੁਝ ਲੋਕਾਂ ਨੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ ਲਗਾਏ। ਉਧਰ ਕਾਲੀ ਚਰਨ (ਜੋ ਲੁਧਿਆਣੇ ਦਾ ਸਭ ਤੋਂ ਵੱਧ ਬਦਨਾਮ ਫ਼ਿਰਕਾਪ੍ਰਸਤ ਹਿੰਦੂ ਸੀ) ਨੇ ''ਮਾਸਟਰ ਤਾਰਾ ਸਿੰਘ ਮੁਰਦਾਬਾਦ'' ਅਤੇ ''ਪੰਜਾਬੀ ਸੂਬਾ ਨਹੀਂ ਬਣੇਗਾ'' ਦੇ ਨਾਅਰੇ ਲਵਾਏ। ਇਸ ਦੇ ਨਾਲ ਹੀ ਘਾਹ ਮੰਡੀ ਤੇ ਚੌੜਾ ਬਜ਼ਾਰ 'ਚੋਂ ਜਲੂਸ ਉੱਤੇ ਇੱਟਾਂ ਵਰ੍ਹਾਈਆਂ ਗਈਆਂ। ਇਸ ਮਗਰੋਂ ਦਫ਼ਾ 144 ਲੱਗਣ ਮਗਰੋਂ ਹਿੰਦੂ ਮਹਾਂ ਸਭਾਈਆਂ ਅਤੇ ਜਨਸੰਘੀਆਂ ਦਾ ਜਲੂਸ ਨਿਕਲਿਆ।

ਅਕਾਲੀ ਦਲ ਅਤੇ ਹੋਰ ਸਿੱਖਾਂ ਨੇ ਇਸ ਗੁੰਡਾਗਰਦੀ ਵਾਸਤੇ ਇਕ ਕਮਿਸ਼ਨ ਬਨਾਉਣ ਦੀ ਮੰਗ ਕੀਤੀ। ਇਸ 'ਤੇ ਫੋਹਰਾ ਸਰਕਾਰ ਨੇ ਕਮਿਸ਼ਨ ਦਾ ਐਲਾਨ ਕਰ ਦਿੱਤਾ ਗਿਆ। ਇਸ ਕਮਿਸ਼ਨ ਅੱਗੇ ਕਾਲੀ ਚਰਨ ਨੇ ਆਪ ਮੰਨਿਆ ਕਿ ਉਸ ਨੇ ਹਥਿਆਰਬੰਦ ਬੰਦੇ ਇਕੱਠੇ ਕੀਤੇ ਸਨ ਤਾਂ ਜੋ ਨਹਿਰੂ-ਵਿਰੋਧੀ ਨਾਅਰਿਆਂ ਦਾ, ਪੁਲਸ ਦੀ ਮਦਦ ਨਾ ਮਿਲਣ 'ਤੇ, ਮੁਕਾਬਲਾ ਹੋ ਸਕੇ। ਪੁਲਸ ਦੇ ਬਿਆਨ ਅਨੁਸਾਰ ਨਹਿਰੂ ਵਿਰੁਧ ਕੋਈ ਨਾਅਰਾ ਨਹੀਂ ਸੀ ਲਗਿਆ। ਕਮਿਸ਼ਨ ਸਾਹਮਣੇ ਸਬੂਤ ਪੇਸ਼ ਹੋਏ ਕਿ ਕਾਲੀ ਚਰਨ ਨੇ ਢੰਡੋਰਾ ਪਿਟਵਾ ਕੇ ਬੰਦੇ ਇਕੱਠੇ ਕੀਤੇ ਤੇ ਇੱਟਾਂ ਰੋੜਿਆਂ ਦਾ ਇੰਤਜ਼ਾਮ ਕੀਤਾ। ਕਮਿਸ਼ਨ ਦੀ ਰਿਪੋਰਟ ਦੇ ਬਾਵਜੂਦ ਸਰਕਾਰ ਨੇ ਕੋਈ ਐਕਸ਼ਨ ਨਾ ਲਿਆ।

1959: ਗੁਰਦੁਆਰਾ ਬਿਲ ਵਿਚ ਤਰਮੀਮ ਕਰ ਕੇ ਪੈਪਸੂ ਬੋਰਡ ਨੂੰ ਸ਼ਰੋਮਣੀ ਕਮੇਟੀ ਵਿਚ ਸ਼ਾਮਿਲ ਕਰ ਦਿੱਤਾ ਗਿਆ

31 ਦਸੰਬਰ 1959 ਦੇ ਦਿਨ ਪੰਜਾਬ ਸਰਕਾਰ ਨੇ ਗੁਰਦੁਆਰਾ ਤਰਮੀਮੀ ਬਿਲ ਪਾਸ ਕਰ ਕੇ; ਸ਼੍ਰੋਮਣੀ ਕਮੇਟੀ ਨੂੰ ਪੈਪਸੂ ਬੋਰਡ ਨਾਲ ਇਕੱਠਾ ਕੀਤਾ। ਸ਼੍ਰੋਮਣੀ ਕਮੇਟੀ ਵਿਚ 176 ਗੁਰਦੁਆਰੇ ਪੈਪਸੂ ਦੇ ਨਵੇਂ ਸ਼ਾਮਿਲ ਹੋਏ। ਪਹਿਲਾਂ ਅਗਸਤ 1947 ਵਿਚ 751 ਗੁਰਦੁਆਰੇ ਸਨ ਜਿਨ੍ਹਾਂ ਵਿਚੋਂ ਵੰਡ ਮਗਰੋਂ 179 ਪਾਕਿਸਤਾਨ ਵੱਲ ਰਹਿ ਗਏ ਸਨ। ਹੁਣ 1959 ਵਿਚ ਫਿਰ 748 ਗੁਰਦੁਆਰੇ ਹੋ ਗਏ।

1986: ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਜਾਣ ਵਾਲੇ ਕੁਝ ਹੋਰ ਸਿੱਖ:

ਪੰਜਾਬ ਪੁਲਸ ਨੇ ਦਸੰਬਰ 1986 ਵਿਚ ਬਹੁਤ ਸਾਰੇ ਸਿੱਖਾਂ ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕੀਤਾ। ਇਨ੍ਹਾਂ ਵਿਚੋਂ ਕਈਆਂ ਦੀ ਸ਼ਹੀਦੀ ਦੀਆਂ ਤਾਰੀਖ਼ਾਂ ਨਹੀਂ

ਮਿਲ ਸਕੀਆਂ। ਇਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਹਨ: ਸੁਖਦੇਵ ਸਿੰਘ, ਬਲਕਾਰ ਸਿੰਘ, ਖੁਜਾਲਾ,ਬਲਦੇਵ ਸਿੰਘ ਦੇਬਾ, ਕਾਦਰਾਬਾਦ, ਗੁਰਮੀਤ ਸਿੰਘ ਤਰਸਿੱਕਾ, ਅੰਮ੍ਰਿਤਸਰ (ਮਗਰੋਂ ਉਸ ਦੇ ਭਰਾ ਮਾਸਟਰ ਅਜੀਤ ਸਿੰਘ ਤਰਸਿੱਕਾ ਨੂੰ ਵੀ 10 ਫ਼ਰਵਰੀ 1987 ਦੇ ਦਿਨ ਸ਼ਹੀਦ ਕਰ ਦਿੱਤਾ ਗਿਆ ਸੀ), ਸਤਿੰਦਰਪਾਲ ਸਿੰਘ ਬਿੱਟਾ (ਪੁੱਤਰ ਕੁਲਵੰਤ ਸਿੰਘ, ਮੰਨਣ, ਅੰਮ੍ਰਿਤਸਰ), ਜੋਗਿੰਦਰ ਸਿੰਘ (ਵਾਸੀ ਸੋਹਲ ਗੁਰਦਾਸਪੁਰ), ਮਹਿੰਦਰ ਸਿੰਘ (ਵਾਸੀ ਨੌਸ਼ਹਿਰਾ ਪੰਨੂਆਂ), ਲਖਵਿੰਦਰ ਸਿੰਘ ਬਬਰ ਅਤੇ ਸਾਹਿਬ ਸਿੰਘ ਬਬਰ (ਵਾਸੀ ਨਰੈਣਗੜ੍ਹ ਅੰਮ੍ਰਿਤਸਰ)।

1987 ਦਸੰਬਰ ਵਿਚ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਜਾਣ ਵਾਲੇ ਕੁਝ ਹੋਰ ਸਿੱਖ:

ਪੰਜਾਬ ਪੁਲਸ ਨੇ ਦਸੰਬਰ 1987 ਵਿਚ ਬਹੁਤ ਸਾਰੇ ਸਿੱਖਾਂ ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕੀਤਾ। ਇਨ੍ਹਾਂ ਵਿਚੋਂ ਕਈਆਂ ਦੀ ਸ਼ਹੀਦੀ ਦੀਆਂ ਤਾਰੀਖ਼ਾਂ ਨਹੀਂ ਮਿਲ ਸਕੀਆਂ। ਇਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਹਨ: ਲਖਵੀਰ ਸਿੰਘ (ਵਾਸੀ ਢਲੀਕਾ), ਸਵਰਨਜੀਤ ਸਿੰਘ (ਪੁੱਤਰ ਚੰਨਣ ਸਿੰਘ ਅਲਾਦੀਨਪੁਰ), ਗੁਰਭੇਜ ਸਿੰਘ ਬੰਟੀ (ਵਾਸੀ ਗੁਮਟਾਲਾ ਲੋਹਾਰਕਾ ਰੋਡ, ਅੰਮ੍ਰਿਤਸਰ), ਗੱਬਰ ਸਿੰਘ ਉਰਫ਼ ਕਾਲਾ (ਵਾਸੀ ਓਠੀਆਂ ਅੰਮ੍ਰਿਤਸਰ), ਕੇਹਰ ਸਿੰਘ ਬਬਰ (ਪੁੱਤਰ ਪਿਆਰਾ ਸਿੰਘ, ਵਾਸੀ ਭੋਮੇਵਾਲ ਨੌਸ਼ਹਿਰਾ ਮਾਗਾ ਸਿੰਘ, ਗੁਰਦਾਸਪੁਰ), ਜਰਨੈਲ ਸਿੰਘ ਬਬਰ (ਵਾਸੀ ਨੂਰਪੁਰ ਜੱਟਾਂ), ਅਮਰਜੀਤ ਸਿੰਘ ਬਿੱਟੂ ਉਰਫ਼ ਸ਼ਰਮਾ (ਵਾਸੀ 137,7 ਗਲੀ ਆਦੀਵਾਸੀਆ, ਬਾਜ਼ਾਰ ਚੂੜ ਬੇਰੀ, ਅੰਮ੍ਰਿਤਸਰ), ਚਰਨ ਸਿੰਘ (ਵਾਸੀ ਸੰਤੂਵਾਲ, ਫ਼ੀਰੋਜਪੁਰ), ਲੱਖਾ ਸਿੰਘ ਬਰਾੜ (ਵਾਸੀ ਅੰਮ੍ਰਿਤਸਰ),f ਗਆਨੀ ਦਵਿੰਦਰ ਸਿੰਘ, ਜਤਿੰਦਰਜੀਤ ਸਿੰਘ ਮੰਝਪੁਰ ਉਰਫ਼ ਨੀਲੂ (ਵਾਸੀ ਅਰਜੁਨ ਕਲੋਨੀ, ਦਸੂਹਾ), ਗੁਰਦੇਵ ਸਿੰਘ (ਵਾਸੀ ਧੀਰਪੁਰ ਨੇੜੇ ਹਮੀਰਾ), ਕਾਬਲ ਸਿੰਘ ਹੰਸ (ਵਾਸੀ ਭੁਲਰ ਨੇੜੇ ਚਵਿੰਡਾ ਦੇਵੀ), ਮਹਿੰਦਰ ਸਿੰਘ (ਵਾਸੀ ਨੌਸ਼ਹਿਰਾ ਪੰਨੂਆਂ), ਪਰਮਜੀਤ ਸਿੰਘ ਕਾਲਾ ਭਰਾ ਸੁਰਜੀਤ ਸਿੰਘ ਪੈਟਾ, ਪਰਮਜੀਤ ਸਿੰਘ ਪੰਮਾ ਪੁੱਤਰ ਮੋਹਣ ਸਿੰਘ (ਵਾਸੀ ਸੁਰ ਸਿੰਘ), ਅਮਰਜੀਤ ਸਿੰਘ ਚੱਪੀ (ਵਾਸੀ ਤਰਨ ਤਾਰਨ), ਭੁਪਿੰਦਰ ਸਿੰਘ ਲਾਲੀ (ਵਾਸੀ ਨਿੱਕਾ ਝਬਾਲ), ਭਜਨ ਸਿੰਘ (ਵਾਸੀ ਰਸੂਲਪੁਰ ਨੇੜੇ ਮਹਿਲਪੁਰ, ਹੁਸ਼ਿਆਰਪੁਰ), ਲਖਵਿੰਦਰ ਸਿੰਘ ਲੱਖਾ, ਸਤਨਾਮ ਸਿੰਘ ਮੰਡ ਉਰਫ਼ ਸੱਤਾ ਅਤੇ ਹਰਭਜਨ ਸਿੰਘ **(ਤਿੰਨੇ ਸਕੇ ਭਰਾ ਭਾਈ ਧਿਆਨ ਸਿੰਘ ਮੰਡ ਐਮ.ਪੀ.)**; ਭਾਈ ਹਰੀ ਸਿੰਘ (ਵਾਸੀ ਢਾਲੀਕੇ, ਫਰੀਦਕੋਟ), ਲੱਖਾ ਸਿੰਘ (ਵਾਸੀ ਢਾਲੀਕੇ, ਫਰੀਦਕੋਟ), ਬਾਜ ਸਿੰਘ ਸੂਰਾ (ਵਾਸੀ ਅੰਮ੍ਰਿਤਸਰ), ਬਲਬੀਰ ਸਿੰਘ ਸੂਰਾ (ਵਾਸੀ ਅੰਮ੍ਰਿਤਸਰ), ਕੁਲਵਿੰਦਰ ਸਿੰਘ ਮਿੰਟੂ (ਵਾਸੀ ਟਿੱਬਾ, ਕਪੂਰਥਲਾ), ਅਵਤਾਰ ਸਿੰਘ ਉਰਫ਼ ਸੂਬੇਦਾਰ ਸਿੰਘ, ਰਵਿੰਦਰਪਾਲ ਸਿੰਘ ਉਰਫ਼ ਗੋਗਾ, ਇਕਬਾਲ ਸਿੰਘ, ਅਜਮੇਰ ਸਿੰਘ, ਸੁਲੱਖਣ ਸਿੰਘ ਬਬਰ, ਸੁਖਵੰਤ ਸਿੰਘ ਉਰਫ਼ ਹੀਰਾ, ਸ਼ਮਸੇਰ ਸਿੰਘ ਉਰਫ਼ ਨਾਨਕਸਰੀਆ, ਰਣਜੀਤ ਸਿੰਘ ਬਬਰ, ਸਤਨਾਮ ਸਿੰਘ ਬਬਰ, ਸਵਰਣ ਸਿੰਘ ਬਬਰ, **ਬਲਬੀਰ ਕੌਰ** ਮਾਤਾ ਕਾਰਜ ਸਿੰਘ (ਵਾਸੀ ਥਾਂਦੇ ਅੰਮ੍ਰਿਤਸਰ)।

1987: ਗੁਰਦਿਆਲ ਸਿੰਘ ਸਿੰਧੀ ਨੂੰ ਖਾੜਕੂਆਂ ਨੇ ਹੂੜਪੁਣੇ ਵਿਚ ਕੁੱਟ ਕੁੱਟ ਕੇ ਮਾਰ ਦਿੱਤਾ

1987 ਵਿਚ ਦਰਬਾਰ ਸਾਹਿਬ ਵਿਚ ਬੈਠੇ ਭਿੰਡਰਾਂ-ਮਹਿਤਾ ਜਥਾ ਦੇ ਖਾੜਕੂਆਂ ਜਗੀਰ ਸਿੰਘ ਤੇ ਨਿਰਵੈਰ ਸਿੰਘ ਨੇ ਬਜ਼ੁਰਗ ਪੰਥਕ ਸੇਵਾਦਾਰ ਗੁਰਦਿਆਲ ਸਿੰਘ ਸਿੰਧੀ ਨੂੰ ਹੂੜਪੁਣੇ ਵਿਚ ਕੁੱਟ ਕੁੱਟ ਕੇ ਮਾਰ ਦਿੱਤਾ। ਉਨ੍ਹਾਂ ਉਸ ਨੂੰ ਸ਼ੱਕ ਦੀ ਬਿਨਾ 'ਤੇ ਕੁੱਟਣਾ ਸ਼ੁਰੂ ਕਰ ਦਿੱਤਾ ਸੀ ਹਾਲਾਂ ਕਿ ਉਸ ਨੇ ਖਾੜਕੂ ਲਹਿਰ ਵਿਚ ਸੰਜੀਦਾ ਰੋਲ ਅਦਾ ਕੀਤਾ ਸੀ। ਖਾੜਕੂਆਂ ਦੀ ਹੂੜ ਮੱਤ ਅਤੇ ਆਪਸੀ ਦੁਸ਼ਮਣੀ ਦੀਆਂ ਅਜਿਹੀਆਂ ਕਰਤੂਤਾਂ ਬਹੁਤ ਸਾਰੀਆਂ ਹੋਰ ਵੀ

ਹਨ। ਇਸ ਘਟਨਾ ਦੀ ਤਾਰੀਖ਼ ਤਾਂ ਨਹੀਂ ਮਿਲਦੀ; ਸ਼ਾਇਦ ਇਹ ਦਸੰਬਰ 1987 ਦੀ ਵਾਰਦਾਤ ਹੈ। ਮਹਿੰਦਰ ਸਿੰਘ ਪੱਤਰਕਾਰ ਨੇ ਆਪਣੀ ਕਿਤਾਬ 'ਨੀਂਹ ਰੱਖੀ ਗਈ' ਦੇ ਸਫ਼ਾ 238 ਤੋਂ 243 ਤਕ ਇਸ ਦਾ ਜ਼ਿਕਰ ਤਫ਼ਸੀਲ ਨਾਲ ਕੀਤਾ ਹੈ।

1988: ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਜਾਣ ਵਾਲੇ ਕੁਝ ਹੋਰ ਸਿੱਖ:

ਪੰਜਾਬ ਪੁਲਸ ਨੇ ਦਸੰਬਰ 1986 ਵਿਚ ਬਹੁਤ ਸਾਰੇ ਸਿੱਖਾਂ ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕੀਤਾ। ਇਨ੍ਹਾਂ ਵਿਚੋਂ ਕਈਆਂ ਦੀ ਸ਼ਹੀਦੀ ਦੀਆਂ ਤਾਰੀਖ਼ਾਂ ਨਹੀਂ ਮਿਲ ਸਕੀਆਂ। ਇਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਹਨ: ਪਰਮਜੀਤ ਸਿੰਘ (ਪੁੱਤਰ ਮੋਹਣ ਸਿੰਘ, ਵਾਸੀ ਸੁਰ ਸਿੰਘ ਵਾਲਾ, ਅੰਮ੍ਰਿਤਸਰ), ਬਲਵਿੰਦਰ ਸਿੰਘ (ਪੁੱਤਰ ਗੁਰਚਰਨ ਸਿੰਘ, ਵਾਸੀ ਡੇਰਾ ਸੈਦਾ, ਸੁਲਤਾਨਪੁਰ, ਕਪੂਰਥਲਾ), ਗੁਰਚਰਨ ਸਿੰਘ (ਪੁੱਤਰ ਰਘਬੀਰ ਸਿੰਘ, ਵਾਸੀ ਕੋਨ ਕਲਾ, ਪਟਿਆਲਾ), ਜੁਗਰਾਜ ਸਿੰਘ (ਵਾਸੀ ਮੱਲਣਵਾਲ, ਫ਼ੀਰੋਜ਼ਪੁਰ), ਬਲਕਾਰ ਸਿੰਘ ਉਰਫ਼ ਅਜੀਤ ਸਿੰਘ (ਵਾਸੀ ਧੋਤੀਆਂ), ਦਲਬੀਰ ਸਿੰਘ ਬੀਰਾ (ਵਾਸੀ ਕੰਗ, ਅੰਮ੍ਰਿਤਸਰ), ਚੰਨਣ ਸਿੰਘ (ਵਾਸੀ ਭੋਲੇਕੇ, ਗੁਰਦਾਸਪੁਰ), ਅਮਰਜੀਤ ਸਿੰਘ ਫ਼ੌਜੀ (ਵਾਸੀ ਸੇਖੂਪੁਰ, ਗੁਰਦਾਸਪੁਰ), ਜਸਵੰਤ ਸਿੰਘ ਮਸਤਾਨਾ ਬਬਰ (ਵਾਸੀ ਬਿਜਲੀਵਾਲਾ), ਪਰਗਟ ਸਿੰਘ (ਪੁੱਤਰ ਬਲਬੀਰ ਸਿੰਘ, ਵਾਸੀ ਠੱਠਾ, ਅੰਮ੍ਰਿਤਸਰ), ਨਿਰਮਲ ਸਿੰਘ ਨਿੰਮਾ ਉਰਫ਼ ਕੰਵਰ ਨੌਨਿਹਾਲ ਸਿੰਘ (ਵਾਸੀ ਰੁਮਾਣਾ ਚੌਂਕ, ਅੰਮ੍ਰਿਤਸਰ), ਨਿਸ਼ਾਨ ਸਿੰਘ ਕਾਵਾਂ (ਵਾਸੀ ਮੀਆਵਿੰਡ, ਅੰਮ੍ਰਿਤਸਰ), ਰਣਜੀਤ ਸਿੰਘ ਰਾਣਾ (ਵਾਸੀ ਬਿਹਾਲਾ, ਹੁਸ਼ਿਆਰਪੁਰ), ਜਗਤਾਰ ਸਿੰਘ ਢੋਲਾ (ਵਾਸੀ ਘੜਿਆਲਾ), ਰਾਜ ਸਿੰਘ (ਵਾਸੀ ਝਬਾਲ), ਜਸਬੀਰ ਸਿੰਘ (ਵਾਸੀ ਅਜਨਾਲਾ), ਦਵਿੰਦਰ ਸਿੰਘ (ਵਾਸੀ ਮਹਿਤਾ, ਅੰਮ੍ਰਿਤਸਰ), ਸੁਖਜੀਤ ਸਿੰਘ ਸੁੱਖਾ (ਵਾਸੀ ਦਿਆਲ ਭੜੰਗ), ਮਨਜੀਤ ਸਿੰਘ ਮੀਤਾ, ਗੁਰਸ਼ਰਨ ਸਿੰਘ ਬਬਰ, ਨਰਿੰਦਰਪਾਲ ਸਿੰਘ ਬਬਰ,ਨਰਿੰਦਰ ਸਿੰਘ, ਹਰਜਿੰਦਰ ਸਿੰਘ ਜਿੰਦਾ, ਹਰਜਿੰਦਰ ਸਿੰਘ (ਵਾਸੀ ਮੋਗਾ), ਰਣਜੀਤ ਸਿੰਘ ਬਬਰ,ਚਰਨਜੀਤ ਸਿੰਘ ਬਬਰ,ਬਲਦੇਵ ਸਿੰਘ ਬਬਰ, ਅਵਤਾਰ ਸਿੰਘ, ਭਰਪੂਰ ਸਿੰਘ, ਹਰਦਿਆਲ ਸਿੰਘ (ਤਿੰਨੇ ਵਾਸੀ ਬਹਿਕ ਵਲੈਤ ਸ਼ਾਹ), ਬਲਦੇਵ ਸਿੰਘ (ਵਾਸੀ ਸੰਘਰ ਕਲਾ), ਹਰਜਿੰਦਰ ਸਿੰਘ)ਭਰਾ ਗੁਰਬਚਨ ਸਿੰਘ ਮਾਨੋਚਾਹਲ), ਜਸਵਿੰਦਰ ਸਿੰਘ ਬਰਾੜ (ਪੁੱਤਰ ਤਰਸੇਮ ਸਿੰਘ, ਵਾਸੀ ਮਹਿੰਦੀਪੁਰ, ਹੁਸ਼ਿਆਰਪੁਰ)। ਮਨਜੀਤ ਸਿੰਘ (ਵਾਸੀ ਜਫਰਵਾਲ), ਭਗਵਾਨ ਸਿੰਘ ਉਰਫ਼ ਚਾਚਾ, ਰੇਸ਼ਮ ਸਿੰਘ (ਵਾਸੀ ਪੂਹਲਾ), ਅਜੀਤ ਸਿੰਘ ਉਰਫ਼ ਰਬੀਰੋ (ਵਾਸੀ ਕੋਟ ਵਰਿਆਰ ਗੁਰਦਾਸਪੁਰ), ਸੁਰਿੰਦਰ ਸਿੰਘ ਛਿੰਦਾ, 169. ਭਾਈ ਪਰਗਟ ਸਿੰਘ (ਵਾਸੀ ਠੱਠਾ ਨੇੜੇ ਘਰਿਆਲਾ), ਬਲਰਾਜ ਸਿੰਘ ਤੋਤਾ (ਵਾਸੀ ਕੋਟਲਾ ਗੁਜਰਾਂ), ਲਾਲ ਸਿੰਘ ਲਾਡੀ (ਵਾਸੀ ਕੋਟਲਾ ਗੁਜਰਾਂ)।

1989: ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਜਾਣ ਵਾਲੇ ਕੁਝ ਹੋਰ ਸਿੱਖ:

ਪੰਜਾਬ ਪੁਲਸ ਨੇ ਦਸੰਬਰ 1989 ਵਿਚ ਬਹੁਤ ਸਾਰੇ ਸਿੱਖਾਂ ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕੀਤਾ। ਇਨ੍ਹਾਂ ਵਿਚੋਂ ਕਈਆਂ ਦੀ ਸ਼ਹੀਦੀ ਦੀਆਂ ਤਾਰੀਖ਼ਾਂ ਨਹੀਂ ਮਿਲ ਸਕੀਆਂ। ਇਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਹਨ: ਅਜੀਤ ਸਿੰਘ (ਪੁੱਤਰ ਨਰੈਣ ਸਿੰਘ, ਵਾਸੀ ਕੰਤਾ, ਗੁਰਦਾਸਪੁਰ), ਰਬਿੰਦਰ ਸਿੰਘ (ਵਾਸੀ ਸੰਤ ਨਗਰ, ਗੁਰਦਾਸਪੁਰ), ਸਤਨਾਮ ਸਿੰਘ ਸੱਤਾ (ਵਾਸੀ ਸੰਤ ਨਗਰ, ਗੁਰਦਾਸਪੁਰ), ਸੁਖਦੇਵ ਸਿੰਘ ਫ਼ੌਜੀ (ਵਾਸੀ ਨੌਰੰਗਾਬਾਦ), ਗੁਰਮੇਜ ਸਿੰਘ ਉਰਫ਼ ਸ਼ੇਰ ਸਿੰਘ ਸ਼ੇਰ (ਵਾਸੀ ਦਿਆਲਪੁਰ, ਅੰਮ੍ਰਿਤਸਰ), ਲਖਬੀਰ ਸਿੰਘ (ਵਾਸੀ ਕੋਟਲੀ ਸੂਰਤ ਮੱਲੀ), ਕੁਲਵਿੰਦਰ ਸਿੰਘ ਉਰਫ਼ ਬਾਬੂ (ਵਾਸੀ ਕਿਲੀ ਬੋਦਲਾ,

ਫ਼ੀਰੋਜ਼ਪੁਰ), ਦਲਬੀਰ ਸਿੰਘ ਨੀਤੂ (ਵਾਸੀ ਮੀਆਂਕੋਟ, ਗੁਰਦਾਸਪੁਰ), ਦਰਸ਼ਨ ਸਿੰਘ (ਵਾਸੀ ਰਣਜੀਤਗੜ੍ਹ), ਹਰਵਿੰਦਰ ਸਿੰਘ (ਵਾਸੀ ਖੁਜਾਲਾ), ਜਸਪਾਲ ਸਿੰਘ ਪਾਲਾ।

1990: ਪਰਵਿੰਦਰ ਸਿੰਘ ਕੰਗ ਬਬਰ ਰੋਪੜ, ਸ਼ੇਰ ਸਿੰਘ ਆਲੋਵਾਲ, ਕਰਮ ਸਿੰਘ, ਲਹੂਕਾ, ਬਲਦੇਵ ਸਿੰਘ ਬਬਰ ਪਹਿਲੂਆਣਾ, ਰਜਵਿੰਦਰ ਸਿੰਘ ਰਾਣਾ ਫਤਿਹਗੜ੍ਹ ਸਭਰਾ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ

ਇਕੱਤੀ ਦਸੰਬਰ 1990 ਦੇ ਦਿਨ ਪੰਜਾਬ ਪੁਲੀਸ ਨੇ ਪਰਵਿੰਦਰ ਸਿੰਘ ਕੰਗ ਬਬਰ (ਵਾਸੀ ਰੋਪੜ), ਸ਼ੇਰ ਸਿੰਘ ਉਰਫ਼ ਮੁਨਸ਼ੀ (ਵਾਸੀ ਆਲੋਵਾਲ), ਕਰਮ ਸਿੰਘ, (ਵਾਸੀ ਲਹੂਕਾ), ਬਲਦੇਵ ਸਿੰਘ ਬਬਰ (ਵਾਸੀ ਪਹਿਲੂਆਣਾ), ਰਜਵਿੰਦਰ ਸਿੰਘ ਰਾਣਾ (ਵਾਸੀ ਫਤਿਹਗੜ੍ਹ ਸਭਰਾ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤਾ।

1990: ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਜਾਣ ਵਾਲੇ ਕੁਝ ਹੋਰ ਸਿੱਖ:

ਪੰਜਾਬ ਪੁਲਸ ਨੇ ਦਸੰਬਰ 1990 ਵਿਚ ਬਹੁਤ ਸਾਰੇ ਸਿੱਖਾਂ ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕੀਤਾ। ਇਨ੍ਹਾਂ ਵਿਚੋਂ ਕਈਆਂ ਦੀ ਸ਼ਹੀਦੀ ਦੀਆਂ ਤਾਰੀਖ਼ਾਂ ਨਹੀਂ ਮਿਲ ਸਕੀਆਂ। ਇਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਹਨ: ਨਿਰਮਲ ਸਿੰਘ ਨੋਹਰਾ (ਪੁੱਤਰ ਦੀਦਾਰ ਸਿੰਘ, ਵਾਸੀ ਨੋਹਰਾ, ਪਟਿਆਲਾ), ਸਾਰਜ ਸਿੰਘ (ਵਾਸੀ ਠੱਟੀ), ਬਲਕਾਰ ਸਿੰਘ ਮੰਡ, ਗੁਲਜਾਰ ਸਿੰਘ ਛੱਪੜ, ਗੁਰਮੁੱਖ ਸਿੰਘ ਗੋਰਾ, ਨਿਰਮਲ ਸਿੰਘ (ਵਾਸੀ ਬੁੰਡਾਲਾ), ਗੁਰਨਾਮ ਸਿੰਘ, ਬਲਬੀਰ ਸਿੰਘ, ਕੁਲਦੀਪ ਸਿੰਘ, ਪਰਗਟ ਸਿੰਘ,ਕੁਲਵੰਤ ਸਿੰਘ ਖੱਟਾ (ਵਾਸੀ ਅਸਲ ਉੱਤਾੜ), ਸੁਖਦੇਵ ਸਿੰਘ (ਵਾਸੀ ਰਸੂਲਪੁਰ), ਹਾਕਮ ਸਿੰਘ (ਵਾਸੀ ਦਾਸੂਵਾਲ), ਬਲਵੰਤ ਸਿੰਘ ਉਰਫ਼ ਪਰਮਜੀਤ ਸਿੰਘ ਕਾਲਾ (
ਵਾਸੀ ਪੱਬਰਾਂਲੀ ਖੁਰਦ, ਗੁਰਦਾਸਪੁਰ), ਸੁਖਦੇਵ ਸਿੰਘ ਨਿਹੰਗ, ਲਾਡੀ (ਵਾਸੀ ਮਨਿਹਾਲਾ), ਭਾਈ ਹਰਦੇਵ ਸਿੰਘ (ਵਾਸੀ ਬੁੱਕਣਵਾਲਾ), ਹਰਜਿੰਦਰ ਸਿੰਘ ਬੈਰਾਗੀ), ਜਸਵੰਤ ਸਿੰਘ ਫ਼ੌਜੀ (ਵਾਸੀ ਦੇਵੀਦਾਸਪੁਰਾ, ਅੰਮ੍ਰਿਤਸਰ), ਸੁਖਦੇਵ ਸਿੰਘ (ਵਾਸੀ ਤੁੜ), ਬਲਕਾਰ ਸਿੰਘ (ਵਾਸੀ ਸਹਿਣੀਵਾਲ), ਸੁਖਵਿੰਦਰ ਸਿੰਘ ਉਰਫ਼ ਚਾਚਾ ਮਾਨ, ਸਰਦਾਰਾ ਸਿੰਘ ਉਰਫ਼ ਸਰਦਾਰੀ ਲਾਲ, ਨਰਿੰਦਰ ਸਿੰਘ (ਵਾਸੀ ਸਠਿਆਲਾ, ਅੰਮ੍ਰਿਤਸਰ), ਮੇਜਰ ਸਿੰਘ ਸਿਪਾਹੀ (ਵਾਸੀ ਲੋਹਗੜ੍ਹ), ਚੰਦ ਸਿੰਘ (ਵਾਸੀ ਨੰਗਲ, ਫਰੀਦਕੋਟ), ਪਰਵਾਰ ਸਿੰਘ ਡੱਲਾ (ਵਾਸੀ ਨੰਗਲ, ਫਰੀਦਕੋਟ), ਕੁਲਵੰਤ ਸਿੰਘ ਕੰਤਾ ਬਬਰ (ਵਾਸੀ ਸ਼ੇਰੋ), ਬਲਰਾਜ ਸਿੰਘ ਬਿੱਲੂ ਬਬਰ (ਵਾਸੀ ਅੰਮ੍ਰਿਤਸਰ), ਜਗਦੇਵ ਸਿੰਘ ਖਾਲਸਾ (ਵਾਸੀ ਦੇਹਰੀਵਾਲ), ਬਲਵਾਨ ਸਿੰਘ (ਵਾਸੀ ਦੇਹਰੀਵਾਲ), ਰਛਪਾਲ ਸਿੰਘ ਉਰਫ਼ ਪੱਪੂ (ਵਾਸੀ ਸਰੂਵਾਲ), ਸੁਰਜੀਤ ਸਿੰਘ ਉਰਫ਼ ਸੀਤਾ (ਵਾਸੀ ਲਹੂਕੇ ਕਲਾਂ), ਭਾਈ ਬਲਦੇਵ ਸਿੰਘ (ਵਾਸੀ ਸ਼ੇਰਪੁਰ), ਇੰਦਰਜੀਤ ਸਿੰਘ (ਵਾਸੀ ਪੱਟੀ), ਪਰਗਟ ਸਿੰਘ (ਵਾਸੀ ਭੀਲੋਵਾਲ), ਕੁਲਦੀਪ ਸਿੰਘ(ਵਾਸੀ ਕੈਰੋਂ), ਇਕਬਾਲ ਸਿੰਘ ਰੌਂਤਾ, ਜਸਪਾਲ ਸਿੰਘ ਜੱਸਾ (ਵਾਸੀ ਸੰਤੂਵਾਲਾ), ਜਗਜੀਤ ਸਿੰਘ (ਵਾਸੀ ਆਕਲੀਆ), ਜਗਤਾਰ ਸਿੰਘ (ਵਾਸੀ ਨੂਸ਼ਹਿਰਾ ਪੰਨੂਆਂ), ਕੁਲਜੀਤ ਸਿੰਘ ਬਿੱਲਾ (ਵਾਸੀ ਲੁਧਿਆਣਾ), ਹਰਵਿੰਦਰ ਸਿੰਘ ਰਿੰਪੀ, ਕੋਛੜ (ਵਾਸੀ ਲੁਧਿਆਣਾ), ਰਛਪਾਲ ਸਿੰਘ ਪੱਪੂ (ਵਾਸੀ ਸਨਾਵਾਂ), ਹਰਭਜਨ ਸਿੰਘ (ਵਾਸੀ

ਸਾਨਵਾਂ, ਅੰਮ੍ਰਿਤਸਰ), ਅਵਿਨਾਸ਼ ਸਿੰਘ ਜੰਮੂ, ਸੁਰਿੰਦਰ ਸਿੰਘ ਛਿੰਦਾ (ਵਾਸੀ ਸੁਰ ਸਿੰਘ),ਜਗੀਰ ਸਿੰਘ (ਵਾਸੀ ਰਸੂਲਪੁਰ), ਕੁਲਵੰਤ ਸਿੰਘ ਖੁਰਾਣਾ।

1992: ਇੰਦਰਜੀਤ ਸਿੰਘ ਬਾਸਰਕੇ, ਇੰਦਰਜੀਤ ਸਿੰਘ ਸਖੀਰਾ, ਗੁਰਪ੍ਰੀਤ ਸਿੰਘ ਗੋਵਿੰਦਪੁਰਾ, ਕੁਲਦੀਪ ਸਿੰਘ, ਜਸਪਾਲ ਸਿੰਘ ਜੁਗਨੂੰ ਸੰਗਰੂਰ, ਪ੍ਰਗਟ ਮਸੀਹ ਮੁਕਾਬਲਿਆਂ ਵਿਚ ਸ਼ਹੀਦ

ਇਕੱਤੀ ਦਸੰਬਰ 1992 ਦੇ ਦਿਨ ਪੰਜਾਬ ਪੁਲੀਸ ਨੇ ਇੰਦਰਜੀਤ ਸਿੰਘ ਬਬਰ ਬਾਸਰਕੇ, ਇੰਦਰਜੀਤ ਸਿੰਘ (ਪੁੱਤਰ ਗੁਰਨਾਮ ਸਿੰਘ, ਵਾਸੀ ਸਖੀਰਾ), ਗੁਰਪ੍ਰੀਤ ਸਿੰਘ (ਪੁੱਤਰ ਗੁਰਬਖ਼ਸ਼ ਸਿੰਘ, ਵਾਸੀ ਗੋਵਿੰਦਪੁਰਾ), ਕੁਲਦੀਪ ਸਿੰਘ, ਜਸਪਾਲ ਸਿੰਘ ਉਰਫ਼ ਜੁਗਨੂੰ (ਵਾਸੀ ਸੰਗਰੂਰ) ਤੇ ਕਈ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿਤੇ।

1998: ਭਾਈ ਰਣਜੀਤ ਸਿੰਘ ਨੇ ਬਾਦਲ-ਟੌਹੜਾ ਝਗੜੇ ਬਾਰੇ 'ਹੁਕਮਨਾਮਾ' ਜਾਰੀ ਕੀਤਾ

ਦਸੰਬਰ 1998 ਵਿਚ ਜਦ ਬਾਦਲ ਨੇ ਗੁਰਚਰਨ ਸਿੰਘ ਟੌਹੜਾ ਨੂੰ ਅਕਾਲੀ ਦਲ ਵਿਚੋਂ ਕੱਢਣ ਵਾਸਤੇ 'ਮੋਰਚਾ' ਲਾ ਲਿਆ ਤਾਂ ਟੌਹੜਾ ਨੇ ਭਾਈ ਰਣਜੀਤ ਸਿੰਘ ਤੋਂ ਮਦਦ ਮੰਗੀ। ਭਾਈ ਰਣਜੀਤ ਸਿੰਘ ਨੇ ਬਾਦਲ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ। ਪਰ ਜਦੋਂ ਭਾਈ ਰਣਜੀਤ ਸਿੰਘ ਨੇ ਇਹ ਵੇਖਿਆ ਕਿ ਟੌਹੜਾ ਵਲੋਂ ਸ਼ਰੇਆਮ ਅਤੇ ਬਿਨਾਂ ਸ਼ਰਤ ਮੁਆਫ਼ੀ ਮੰਗਣ ਅਤੇ ਫ਼ਤਹਿਗੜ੍ਹ ਸਾਹਿਬ ਕਾਨਫ਼ਰੰਸ ਵਿਚ ਏਕਤਾ ਦੀਆਂ ਗੱਲਾਂ ਕਰਨ ਦੇ ਬਾਵਜੂਦ ਬਾਦਲ ਧੜਾ ਧਿੰਙੋਜ਼ੋਰੀ ਕਰਨ 'ਤੇ ਤੁਲਿਆ ਹੋਇਆ ਹੈ ਤਾਂ ਉਸ ਨੇ 31 ਦਸੰਬਰ 1998 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਇਕ 'ਹੁਕਮਨਾਮਾ' ਜਾਰੀ ਕਰ ਕੇ 15 ਅਪ੍ਰੈਲ ਤਕ ਟੌਹੜਾ ਦੇ ਖ਼ਿਲਾਫ਼ ਕੋਈ ਕਾਰਵਾਈ ਕਰਨ ਤੋਂ ਰੋਕ ਦਿੱਤਾ। ਇਸ 'ਹੁਕਮਨਾਮੇ' (*ਨੰਬਰ 1782/ਓ/98*) ਵਿਚ ਕਿਹਾ ਗਿਆ ਸੀ:

"ਹੁਕਮਨਾਮਾ

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵਲਾਇ।।
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ।।

ਅੱਜ ਮਿਤੀ 31 ਦਸੰਬਰ 1998 ਨੂੰ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ ਸ: ਪਰਕਾਸ਼ ਸਿੰਘ ਬਾਦਲ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਵਾਦ-ਵਿਵਾਦ ਨੂੰ ਨਿਪਟਾਉਣ ਸਬੰਧੀ ਦੇਸ਼-ਵਿਦੇਸ਼ ਤੋਂ ਆਈਆਂ ਸੈਂਕੜੇ ਪੱਤਰਕਾਵਾਂ 'ਤੇ ਵਿਚਾਰ ਹੋਈ ਅਤੇ ਵਾਦ-ਵਿਵਾਦ ਦੇ ਸ਼ੁਰੂ ਤੋਂ ਅੱਜ ਤਕ ਦੇ ਹਾਲਾਤ ਨੂੰ ਵੀ ਗੰਭੀਰਤਾ ਨਾਲ ਵਿਚਾਰਿਆ ਗਿਆ। ਉਪਰੰਤ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਿਰਮੌਰ ਲੀਡਰਾਂ ਦੇ ਆਪਸੀ ਹਿਤ ਸੁਰੱਖਿਅਤ ਰੱਖਣ ਦੀ ਬਜਾਏ ਕੌਮ ਦੇ ਹਿਤਾਂ ਨੂੰ ਸੁਰੱਖਿਅਤ ਕੀਤਾ ਜਾਵੇ ਤਾਂ ਜੋ ਖਾਲਸਾ ਪੰਥ ਦੀ ਤੀਜੀ ਸ਼ਤਾਬਦੀ ਸਿੱਖ ਕੌਮ ਚੜ੍ਹਦੀ ਕਲਾ ਅਤੇ ਉਤਸ਼ਾਹ ਨਾਲ ਮਨਾ ਸਕੇ, ਕਿਉਂਕਿ ਗੁਰੂ ਰੂਪ ਸੰਗਤ ਦੀ ਸੋਚ ਵੀ ਕੁਝ ਇਸੇ ਤਰ੍ਹਾਂ ਉਭਰ ਕੇ ਕੁਝ ਦਿਨਾਂ ਵਿਚ ਸਾਹਮਣੇ ਆਈ ਹੈ।

ਖਾਲਸੇ ਦੇ ਤਿੰਨ ਸੌ ਸਾਲਾਂ ਦੇ ਇਸ ਮਹਾਨ ਇਤਿਹਾਸਕ ਦਿਹਾੜੇ ਨੂੰ ਇਸ ਹਾਲਾਤ ਵਿਚ ਮਨਾਉਣ ਲਈ ਪੰਜਾਬ ਦੀ ਰਾਜਨੀਤੀ 'ਤੇ ਛਾਏ ਹੋਏ ਕਾਲੇ ਬੱਦਲ ਹਟਾਏ ਜਾਣ ਤੋਂ ਬਿਨਾਂ ਇਹ 300 ਸਾਲਾ ਸ਼ਤਾਬਦੀ ਮਨਾਉਣੀ ਅਸੰਭਵ ਜਾਪਦੀ ਹੈ।

ਅਸੀਂ ਸਿੱਖ ਸੰਗਤ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਅਕਾਲੀ ਹਾਈ ਕਮਾਨ ਨੂੰ ਇਹ ਆਦੇਸ਼ ਦਿੰਦੇ ਹਾਂ ਕਿ ਮਿਤੀ 15 ਅਪ੍ਰੈਲ 1999 ਤਕ ਕੋਈ ਵੀ ਧਿਰ ਇਕ ਦੂਜੇ ਦਾ ਕੋਈ ਵੀ ਨੁਕਸਾਨ ਨਾ ਕਰੇ। ਬਲਕਿ ਆਪਣੇ-ਆਪਣੇ ਅਹੁਦਿਆਂ 'ਤੇ ਇਸੇ ਤਰ੍ਹਾਂ ਬਣੇ ਰਹਿ ਕੇ 300 ਸਾਲਾ ਸ਼ਤਾਬਦੀ ਸਬੰਧੀ ਦਿੱਤੇ ਪ੍ਰੋਗਰਾਮਾਂ ਨੂੰ ਸਿਰੇ ਚਾੜ੍ਹਨ।

ਜ਼ਾਬਤਾ ਕਮੇਟੀ ਨੂੰ ਇਹ ਆਦੇਸ਼ ਦਿੱਤਾ ਜਾਂਦਾ ਹੈ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਦਿੱਤੇ ਗਏ ਕਾਰਨ ਦੱਸੋ ਨੋਟਿਸ ਦੇ ਜੁਆਬ ਨੂੰ ਲਿਫ਼ਾਫ਼ੇ ਵਿਚ ਸੀਲਬੰਦ ਕਰ ਕੇ ਰੱਖਿਆ ਜਾਵੇ। ਮਿਤੀ 15 ਅਪ੍ਰੈਲ 1999 ਤੋਂ ਬਾਅਦ ਅਕਾਲੀ ਦਲ ਦੇ ਸੰਵਿਧਾਨ ਤੇ ਪੰਥਕ ਰਵਾਇਤਾਂ ਨੂੰ ਧਿਆਨ ਵਿਚ ਰੱਖਦਿਆਂ ਜ਼ਾਬਤਾ ਕਮੇਟੀ ਇਸ ਕਾਰਨ ਦੱਸੋ ਨੋਟਿਸ ਦੇ ਜੁਆਬ 'ਤੇ ਵਿਚਾਰ ਕਰ ਸਕਦੀ ਹੈ। ਅਸੀਂ ਆਸ ਕਰਦੇ ਹਾਂ ਕਿ ਅਕਾਲੀ ਹਾਈਕਮਾਨ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਕਦਰ ਕਰਦੀ ਹੋਈ, ਇਸ ਆਦੇਸ਼ 'ਤੇ ਅਮਲ ਕਰੇਗੀ।"

ਇਸ 'ਹੁਕਮਨਾਮੇ' ਹੇਠਾਂ ਰਣਜੀਤ ਸਿੰਘ, ਮੋਹਣ ਸਿੰਘ, ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ ਦੇ ਦਸਤਖ਼ਤ ਸਨ।



Books with mark # are out of print

English:

- Akal Takht Sāhib (1980, 1995)
- Who Are The Sikhs? *Mini* (1991) #
- The Sikhs' Struggle for Sovereignity (1992)
- The Sikh Reference Book (1997)
- Who Are The Sikhs ? (2000, enlarged edition 2007, reprinted 2010)
- The Sikh Culture (2002)
- Anandpur Sāhib (2003)
- **Encyclopedia of Jalandhar (2004)**
- Guru Granth Sāhib, a *tract* (2004)
- **Dictionary of Sikh Philosophy** (2005)
- Nitnaym & Other Baanis (2009)
- Spiritual Manifesto of the World : Guru Granth Sāhib (2010)
- Complete Sikh History (1469-2009, in 5 volumes) forthcoming in Sep. 2010

Punjabi:

- ਸਿੱਖ ਪੰਥ ਦਾ ਮੁਕੰਮਲ ਇਤਿਹਾਸ (5 ਜਿਲਦਾਂ ਵਿਚ)
- ਇਤਿਹਾਸ ਵਿਚ ਅੱਜ ਦਾ ਦਿਨ (2 ਜਿਲਦਾਂ ਵਿਚ)
- ਅਕਾਲ ਤਖ਼ਤ ਸਾਹਿਬ
- ਸਿੱਖ ਫ਼ਿਲਾਸਫ਼ੀ ਦੀ ਡਿਕਸ਼ਨਰੀ
- ਸ਼ਰੋਮਣੀ ਅਕਾਲੀ ਦਲ ਦਾ ਇਤਿਹਾਸ
- ਸਿੱਖ ਕੌਣ ਹਨ
- 1955 ਦਾ ਪੰਜਾਬੀ ਸੂਬਾ ਮੋਰਚਾ (400 ਤਸਵੀਰਾਂ ਸਣੇ)
- ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ
- ਅਨੰਦਪੁਰ ਸਾਹਿਬ ਦਾ ਇਤਿਹਾਸ
- ਕੀਰਤਪੁਰ ਸਾਹਿਬ ਦਾ ਇਤਿਹਾਸ
- ਗੁਰੂ ਦੇ ਸ਼ੇਰ
- ਸਿੱਖ ਫ਼ਿਲਾਸਫ਼ੀ ਕੀ ਹੈ ਤੇ ਹੋਰ ਲੇਖ
- ਮਾਤਾ ਗੁਜਰੀ ਚਾਰ ਸਹਿਬਜ਼ਾਦੇ ਚਾਲ੍ਹੀ ਮੁਕਤੇ
- ਭਾਈ ਮਨੀ ਸਿੰਘ ਤੇ ਉਨ੍ਹਾਂ ਦਾ ਪਰਵਾਰ
- ਮਹਾਨ ਸਿੱਖ ਜਰਨੈਲ ਬੰਦਾ ਸਿੰਘ ਬਹਾਦਰ
- ਸਿੱਖ ਸ਼ਹਾਦਤਾਂ ਦੇ ਘੱਲੂਘਾਰੇ
- ਨਾਨਕਸ਼ਾਹੀ ਕੈਲੰਡਰ ਤੇ ਹੋਰ ਲੇਖ
- 100 ਸਿੱਖ ਸ਼ਖ਼ਸੀਅਤਾਂ
- ਨਿਤਨੇਮ, ਸਧਨੀ ਸਾਹਿਬ (ਪੰਜਾਬੀ ਵਿਚ ਟੀਕਾ)
- ਸਿੱਖ ਇਤਿਹਾਸ ਵਿਚ ਅੱਜ ਦਾ ਦਿਨ (2 ਜਿਲਦਾਂ)
- ਦਮਦਮੀ ਟਕਸਾਲ
- ਦਸਮ ਗ੍ਰੰਥ (ਛਪਾਈ ਅਧੀਨ)

ਟਰੈਕਟ

- ਮੱਖਣ ਸ਼ਾਹ ਲੁਬਾਣਾ ਤੇ ਪ੍ਰਵਾਰ
- ਕਿਲ੍ਹਾ ਲੋਹਗੜ੍ਹ
- ਮਾਸਟਰ ਤਾਰਾ ਸਿੰਘ
- ਗੁਰਦੁਆਰਾ ਆਲਮਗੀਰ ਦਾ ਇਤਿਹਾਸ

Hindi:

- Emergency Ke Atiyachar (1977) #
- Anandpur Sāhib (2000) *SGPC*
- Sikh Sabhayachaar (2003) *Delhi SGPC*
- Sikh Kaun Hain ? (2005)

Urdu:

- Sikh Culture (2007)

Danish:

- Hvem Er Sikherne? (1994) #

Dutch:

- Wie Zinj De Sikh ? (1994) #

French:

- Qui Sont Les Sikhs ? (2001)

Spanish

- Quiénes Son Los Sikhs? (2006)

Norwegian

- Hvem Er Sikhene (2007)

Tracts

English

- Anandpur Sāhib & Keeratpur Sāhib (1998) *SGPC*

Hindi

- Anandpur Sāhib Aur Keeratpur Sāhib (1998) *SGPC*

CD ROM (English): **The Sikh Encyclopedia**

Audio CDs (Punjabi):

1. Guru Nanak Sahib (2 CDs) 2. Guru Angad Sahib to Guru Arjan Sahib
3. Guru Hargobind Sahib to Guru Harkrishan Sahib 4. Guru Tegh Bahadur Sahib
5. Guru Gobind Singh Sahib